ਕਵੀ ਚੂੜਾਮਣੀ ਭਾਈ ਸੰਤੋਖ ਸਿੰਘ ਜੀ ਰਚਿਤ

# ਸ੍ਰੀ ਗੁਰਪ੍ਰਤਾਪ

# ਸੂਰਜ ਗ੍ਰੰਥ

## ਸਟੀਕ

ਭਾਗ ਸਤਵਾਂ

ਡਾ. ਅਜੀਤ ਸਿੰਘ ਔਲਖ

# ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

## ਸਟੀਕ

ਜਿਲਦ ਸਤਵੀਂ

ੴ ਸਤਿਗੁਰ ਪ੍ਰਸਾਦਿ ॥

ਕਵੀ ਚੂੜਾਮਣੀ ਭਾਈ ਸੰਤੋਖ ਸਿੰਘ ਜੀ ਰਚਿਤ

# ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

## ਸਟੀਕ

### ਜਿਲਦ ਸਤਵੀਂ

ਗੁਰ-ਇਤਿਹਾਸ ਸ੍ਰੀ ਗੁਰੂ ਹਰਿਰਾਏ ਸਾਹਿਬ ਜੀ

ਗੁਰ-ਇਤਿਹਾਸ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ

ਡਾ: ਅਜੀਤ ਸਿੰਘ ਔਲਖ

ਪ੍ਰਕਾਸ਼ਕ

ਭਾ. ਚਤਰ ਸਿੰਘ ਜੀਵਨ ਸਿੰਘ

ਅੰਮ੍ਰਿਤਸਰ

© ਪ੍ਰਕਾਸ਼ਕ

Sri Gur Partap Suraj Granth (Vol. 7th)

Lives of Sri Guru Har Raae Sahib Ji & Sri Guru Harkrishan Sahib Ji

Translated by Dr. Ajit Singh Aulakh.

ISBN 81-7601-726-4

ਪਹਿਲੀ ਐਡੀਸ਼ਨ ਅਕਤੂਬਰ 2005

ਭੇਟਾ : 500-00

ਪ੍ਰਕਾਸ਼ਕ

**ਭਾ. ਚਤਰ ਸਿੰਘ ਜੀਵਨ ਸਿੰਘ**

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ (ਇੰਡੀਆ)

ਫ਼ੋਨ /ਫੈਕਸ : 91-183-2542346, 2547974, 2557973

E.mail : csjs@vsnl.com, csjsexports@vsnl.com

Website : www.csjs.com

(Printed in India)

*ਪ੍ਰਿੰਟਰ: ਜੀਵਨ ਪ੍ਰਿੰਟਰਜ਼, ਅੰਮ੍ਰਿਤਸਰ। ਫ਼ੋਨ: 2705003, 5095774*

# ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ
# ਜਿਲਦ ਸਤਵੀਂ

## ਤਤਕਰਾ

### ਸ੍ਰੀ ਗੁਰ-ਇਤਿਹਾਸ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ
### ਸ੍ਰੀ ਗੁਰ-ਇਤਿਹਾਸ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ


| ਪ੍ਰਸੰਗ | ਅਧਿਆਇ | ਪੰਨਾ |
|---|---|---|
| **ਸ੍ਰੀ ਗੁਰ-ਇਤਿਹਾਸ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ** | | |
| **ਅਠਵੀਂ ਰਾਸ** | | |
| ਭਾਈ ਭਗਤੂ, ਭਾਈ ਫੇਰੂ | ੬੦ | ੧੧ |
| **ਨੌਵੀਂ ਰਾਸ** | | |
| ਮੰਗਲਾਚਰਣ, ਸ੍ਰੀ ਗੁਰੂ ਹਰਿਰਾਇ ਜੀ ਨਿੱਤ ਕਰਮ | ੧ | ੧੯ |
| ਬਾਦਸ਼ਾਹੀ ਲੋੜ, ਹਰਜ਼ | ੨ | ੨੭ |
| ਬ੍ਰਿੱਧਾ ਪ੍ਰੇਮਣ ਦਾ ਪ੍ਰਸ਼ਾਦਿ ਛਕਿਆ | ੩ | ੩੭ |
| ਅਜਗਰ ਮੁਕਤ | ੪ | ੪੪ |
| ਭਾਈ ਗੋਂਦੇ ਦਾ ਧਿਆਨ ਮਗਨ ਚਰਨੀਂ ਲਿਵਲੀਨ ਹੋਣਾ | ੫ | ੫੨ |
| ਸਿੱਖਾਂ ਨੂੰ ਉਪਦੇਸ਼ | ੬ | ੫੮ |
| ਰਾਜੇ ਹਾਥੀ ਮੰਗਣ ਆਏ | ੭ | ੬੫ |
| ਭਗਤ ਭਗਵਾਨ | ੮ | ੭੧ |
| ਸ਼ਾਹਜਹਾਂ ਬੀਮਾਰ ਤੇ ਸ਼ਹਿਜ਼ਾਦੇ ਆਕੀ | ੯ | ੭੮ |
| ਸ਼ੁਜਾ ਮੁਹੰਮਦ 'ਤੇ ਚੜ੍ਹਾਈ | ੧੦ | ੮੪ |
| ਮੁਰਾਦਬਖ਼ਸ਼ ਨਾਲ ਜੰਗ | ੧੧ | ੮੯ |
| ਦਾਰਾਸ਼ਕੋਹ ਤੇ ਔਰੰਗਜ਼ੇਬ | ੧੨ | ੯੪ |
| ਸ਼ਾਹਜਹਾਂ ਨਜ਼ਰਬੰਦ, ਦਾਰਾ ਨੱਸ ਗਿਆ | ੧੩ | ੧੦੧ |
| ਦਾਰੇ ਦਾ ਸ਼ੋਕ ਨਾਮਾ | ੧੪ | ੧੦੭ |
| ਗੁਰੂ ਜੀ ਗੋਇੰਦਵਾਲ ਤੇ ਖਡੂਰ ਸਾਹਿਬ ਆਏ | ੧੫ | ੧੧੩ |
| ਦਾਰਾ ਤੇ ਗੁਰੂ ਜੀ ਦਾ ਮੇਲ | ੧੬ | ੧੧੯ |

| ਪ੍ਰਸੰਗ | ਅਧਿਆਇ | ਪੰਨਾ |
|---|---|---|
| ਦਾਰਾਸ਼ਕੋਹ ਨੂੰ ਉਪਦੇਸ਼ | ੧੭ | ੧੨੪ |
| ਦਾਰਾ ਵਿਦਾ, ਨੌਰੰਗੇ ਨਾਲ ਜੰਗ | ੧੮ | ੧੩੦ |
| ਦਾਰਾਸ਼ਕੋਹ ਨੂੰ ਤਕੀਏ ਵਿਚੋਂ ਫੜਨਾ | ੧੯ | ੧੩੯ |
| ਦਾਰਾਸ਼ਕੋਹ ਨੂੰ ਕਤਲ ਕਰਨਾ | ੨੦ | ੧੪੫ |
| ਸੰਤ ਸਰਮਦ ਦੀ ਕਥਾ | ੨੧ | ੧੫੦ |
| ਸਰਮਦ ਦਾ ਸ਼ਰ੍ਹਾ ਨੂੰ ਨਾ ਮੰਨਣਾ | ੨੨ | ੧੫੬ |
| ਸਰਮਦ ਕਤਲ | ੨੩ | ੧੬੧ |
| ਔਰੰਗਜ਼ੇਬ ਦਾ ਵੇਸ਼ਵਾ ਤੇ ਸੂਫ਼ੀ ਫ਼ਕੀਰਾਂ ਨਾਲ ਸਲੂਕ | ੨੪ | ੧੬੭ |
| ਬੇਨਵਾ ਫ਼ਕੀਰ | ੨੫ | ੧੭੩ |
| ਮਥੁਰਾ ਦੀ ਤਬਾਹੀ | ੨੬ | ੧੭੮ |
| ਜੈਪੁਰ ਦੀ ਤਬਾਹੀ | ੨੭ | ੧੮੪ |
| ਪੁਸ਼ਕਰ ਦੀ ਤਬਾਹੀ | ੨੮ | ੧੯੦ |
| ਪੁਸ਼ਕਰ ਤੀਰਥ ਦਾ ਕ੍ਰੋਧ ਵਿਚ ਆਉਣਾ | ੨੯ | ੧੯੫ |
| ਅਜਮੇਰ ਦੇ ਮਜੌਰਾਂ ਦੀ ਦਲਾਕੀ | ੩੦ | ੨੦੨ |
| ਕਾਂਸ਼ੀ ਦੇ ਮੰਦਰਾਂ ਦੀ ਤਬਾਹੀ | ੩੧ | ੨੦੭ |
| ਹਿੰਦੂਆਂ ਦੀ ਗਿਰਾਵਟ | ੩੨ | ੨੧੩ |
| ਮੁੱਲਾਂ, ਕਾਜ਼ੀਆਂ ਦਾ ਨੁਰੰਗੇ ਨੂੰ ਪ੍ਰੇਰਨਾ | ੩੩ | ੨੧੮ |
| ਔਰੰਗਜ਼ੇਬ ਦੀ ਸਤਿਗੁਰਾਂ ਨੂੰ ਚਿੱਠੀ | ੩੪ | ੨੨੪ |
| ਔਰੰਗਜ਼ੇਬ ਦਾ ਦੂਤ ਸਤਿਗੁਰੂ ਜੀ ਪਾਸ ਆਇਆ | ੩੫ | ੨੩੧ |
| ਦਿੱਲੀ ਜਾਣ ਹਿਤ ਵਿਚਾਰ | ੩੬ | ੨੩੭ |
| ਸ੍ਰੀ ਰਾਮਰਾਇ ਦਿੱਲੀ ਪੁੱਜੇ | ੩੭ | ੨੪੨ |
| ਸ੍ਰੀ ਰਾਮਰਾਇ ਨੇ ਮੋਇਆ ਬੱਕਰਾ ਜਿਵਾਇਆ | ੩੮ | ੨੪੮ |
| ਜ਼ਹਿਰੀਲੀ ਪੋਸ਼ਾਕ ਪਾਈ, ਖਾਣੇ ਤੋਂ ਫੁੱਲ ਬਣਾਏ | ੩੯ | ੨੫੫ |
| ਖੂਹ ਤੇ ਬੈਠਣਾ, ਮੱਕੇ ਤੋਂ ਫਲ | ੪੦ | ੨੬੧ |
| ਹਿਤੂ ਬੇਗਮ, ਪਦਮਨੀ | ੪੧ | ੨੬੭ |
| ਦੋ ਚੰਦ ਦਿਖਾਏ, ਤੋਸ਼ੇਖਾਨੇ ਦੀ ਗਿਣਤੀ | ੪੨ | ੨੭੩ |

| ਪ੍ਰਸੰਗ | ਅਧਿਆਇ | ਪੰਨਾ |
|---|---|---|
| ਸ਼ੇਰ ਸ਼ਿਕਾਰ, ਬਾਜ਼ ਦਾ ਪੂਰਬ ਜਨਮ | ੪੩ | ੨੭੮ |
| ਕਲਪ ਬ੍ਰਿਛ ਦੇ ਫਲ, ਕੇਸ ਕਾਲੇ ਕੀਤੇ, ਜਮਨਾ ਦਰਿਆ ਉੱਤੇ ਤੁਰੇ | ੪੪ | ੨੮੪ |
| ਗੜੇ ਬੰਦ ਕੀਤੇ, ਮਸਤ ਹਾਥੀ 'ਤੇ ਚੜ੍ਹੇ | ੪੫ | ੨੯੧ |
| ਨਿੰਦਕ ਦੀ ਜ਼ਬਾਨ ਬੰਦ, ਦਿਨੇ ਤਾਰੇ, ਬਾਜ਼ੀ ਜਿੱਤੀ | ੪੬ | ੨੯੬ |
| ਹੈਜ਼ੇ ਦੀ ਬਿਮਾਰੀ ਹਟਾਈ, ਬਦਲਾਂ ਦੀ ਛਾਂ ਕੀਤੀ | ੪੭ | ੩੦੩ |
| ਪ੍ਰਸੂਤ ਪੀੜ ਦੂਰ ਕੀਤੀ, ਉਜ਼ਬਕ ਪਹਿਲਵਾਨ ਛੁਹਾਇਆ | ੪੮ | ੩੦੮ |
| ਅਲਾਵਦੀਨ ਦੀ ਮੌਤ ਦੱਸੀ, ਸੁਪਨਾ ਸੁਣਾਇਆ, ਬੇੜੀ ਜੋੜੀ, ਸੁਲੇਮਾਨੀ ਸੁਰਮਾ | ੪੯ | ੩੧੪ |
| ਗਊ ਜਿਵਾਈ, ਤਸਬੀ ਦਾ ਚੋਰ, ਮੋਤੀ ਦਿੱਤਾ | ੫੦ | ੩੨੦ |
| ਖਾਧਾ ਹੋਇਆ ਦੱਸਿਆ, ਛੇ ਰੁੱਤਾਂ ਦੇ ਮੇਵੇ ਇਕੱਠੇ ਕੀਤੇ, ਅੱਗ 'ਤੇ ਬਾਗ਼ | ੫੧ | ੩੨੬ |
| ਠੰਡੀ ਹਵਾ ਚਲਾਈ, ਸਮਾਧੀ, ਦਰਿਆਈ ਘੋੜਾ ਦਿੱਤਾ | ੫੨ | ੩੩੧ |
| ਭੂਮੀ ਉੱਚੀ ਕੀਤੀ, ਕੱਪੜੇ ਹੇਠੋਂ ਪੱਤਰੇ ਕੱਢੇ | ੫੩ | ੩੩੮ |
| ਦਰਵਾਜ਼ਿਆਂ ਦੇ ਤਾਲੇ ਖੋਲ੍ਹੇ, ਸ਼ਰਾਬ ਮਾਸ | ੫੪ | ੩੪੩ |
| ਕਹਾਰਾਂ ਤੋਂ ਬਿਨਾਂ ਪਾਲਕੀ ਚਲਾਈ | ੫੫ | ੩੪੯ |
| ਰਾਮਰਾਇ ਜੀ ਦੀ ਸਖ਼ਾਵਤ, ਬਾਦਸ਼ਾਹਾਂ ਦਾ ਬਾਦਸ਼ਾਹ | ੫੬ | ੩੫੫ |
| ਮਿੱਟੀ ਮੁਸਲਮਾਨ ਕੀ | ੫੭ | ੩੬੧ |
| ਸ੍ਰੀ ਗੁਰੂ ਹਰਿਰਾਇ ਜੀ ਨੇ ਪੁੱਤ੍ਰ ਤਿਆਗਣਾ | ੫੮ | ੩੬੮ |
| ਦੋਵੇਂ ਪੁੱਤਰ ਕਿਵੇਂ ਪਰਖੇ ਸਨ ? | ੫੯ | ੩੭੪ |
| ਸ੍ਰੀ ਰਾਮਰਾਇ ਲਾਹੌਰ ਵਲ ਗਿਆ | ੬੦ | ੩੮੦ |


## ਦਸਵੀਂ ਰਾਸ


| | | |
|---|---|---|
| ਮੰਗਲਾਚਰਨ, ਸ੍ਰੀ ਗੁਰੂ ਹਰਿਰਾਇ ਜੀ ਕਰਤਾਰਪੁਰ ਆਏ | ੧ | ੩੮੮ |
| ਕਰਤਾਰਪੁਰ ਵਸਾਉਣ ਦੀ ਕਥਾ | ੨ | ੩੯੪ |
| ਕਰਤਾਰਪੁਰ ਦੀ ਕਥਾ | ੩ | ੪੦੦ |
| ਭਾਈ ਭਗਤੂ | ੪ | ੪੦੭ |
| ਕੋੜੇ ਤੇ ਮਰ੍ਹਾਜ ਗੋਤ ਦੇ ਕਿਸਾਨ | ੫ | ੪੧੪ |
| ਮਰ੍ਹਾਜ ਗੋਤ ਅਤੇ ਕੋੜੇ ਗੋਤ ਦੇ ਕਿਸਾਨ | ੬ | ੪੧੯ |
| ਮਰ੍ਹਾਜ ਤੇ ਕੋੜੇ ਕਿਸਾਨ | ੭ | ੪੨੫ |

| ਪ੍ਰਸੰਗ | ਅਧਿਆਇ | ਪੰਨਾ |
|---|---|---|
| ਜੈਤ ਪਿਰਾਣਾ ਬੱਧ | ੮ | ੪੩੧ |
| ਮਰ੍ਹਾਜ ਕਿਆਂ ਦਾ ਵੱਸਣਾ | ੯ | ੪੩੭ |
| ਗੋਰਾ ਜਨਮ, ਭਗਤੂ ਦੀ ਨਵੀਂ ਵਿਆਹੁਤਾ ਦਾ ਹਾਲ, ਜੱਸੇ ਦੀ ਬੋਲੀ | ੧੦ | ੪੪੫ |
| ਜੱਸੇ ਦੀ ਮੌਤ, ਗੋਰੇ ਨੂੰ ੧੦੧ ਸ੍ਰਾਪ, ਕੀਰਤਪੁਰ ਪੁੱਜੇ | ੧੧ | ੪੫੨ |
| ਸ੍ਰੀ ਗੁਰੂ ਜੀ ਦਾ ਨਿੱਤ ਦਾ ਕਾਰਜ | ੧੨ | ੪੫੮ |
| ਗੁਰੂ ਜੀ ਦਾ ਡੇਰਾ ਤੁਰਕਾਂ ਦੇ ਘੇਰੇ ਵਿਚ | ੧੩ | ੪੬੪ |
| ਗੋਰੇ ਦਾ ਤੁਰਕਾਂ ਨਾਲ ਯੁੱਧ | ੧੪ | ੪੭੦ |
| ਗੋਰੇ ਦੇ ਸ੍ਰਾਪ ਬਖ਼ਸ਼ੇ | ੧੫ | ੪੭੬ |
| ਕਰਤਾਰ ਪੁਰ ਨਿਵਾਸ, ਬ੍ਰਾਹਮਣ ਪੁੱਤ੍ਰ ਮੋਇਆ | ੧੬ | ੪੮੨ |
| ਬ੍ਰਾਹਮਣ ਦਾ ਪੁੱਤ੍ਰ ਜਿਵਾਇਆ | ੧੭ | ੪੮੭ |
| ਸ਼ਕਰ ਗੰਗ ਲੱਗਣ ਦੀ ਕਥਾ | ੧੮ | ੪੯੩ |
| ਰਾਮਰਾਇ ਬਾਬਤ ਧੀਰਮਲ ਦਾ ਗੁਰੂ ਜੀ ਨੂੰ ਕਹਿਣਾ | ੧੯ | ੫੦੦ |
| ਗੁਰੂ ਜੀ ਦਾ ਉੱਤਰ, ਵਾਪਸ ਕੀਰਤਪੁਰਿ ਆਉਣਾ | ੨੦ | ੫੦੫ |
| ਗੁਰਬਾਣੀ ਮਹਿਮਾ, ਸਿੱਖੀ ਜਹਾਜ਼ ਪਾਟ ਗਿਆ ਹੈ | ੨੧ | ੫੧੧ |
| ਪੌਰਾਣਕ ਪ੍ਰਸੰਗ-ਧੁੰਧ ਤੇ ਉਤੰਕ ਰਿਖੀ ਦੀ ਕਥਾ | ੨੨ | ੫੧੯ |
| ਧੁੰਧੂ ਦੈਂਤ ਨਾਲ ਜੰਗ ਦੀ ਤਿਆਰੀ | ੨੩ | ੫੨੫ |
| ਧੁੰਧੂ ਦੈਂਤ ਦੀ ਬੱਧ ਕਥਾ | ੨੪ | ੫੨੯ |
| ਗਾਲਵ ਦੇ ਛੇ ਸੈ ਘੋੜਾ ਪ੍ਰਾਪਤ ਕਰਨ ਦੀ ਕਥਾ | ੨੫ | ੫੩੬ |
| ਗਾਲਵ ਦੀ ਭੇਟਾ, ਰਾਜਾ ਜਜਾਤੀ | ੨੬ | ੫੪੨ |
| ਸ੍ਰੀ ਹਰਿਕ੍ਰਿਸ਼ਨ ਜੀ ਨੂੰ ਗੁਰਗੱਦੀ, ਸ੍ਰੀ ਗੁਰੂ ਹਰਿਰਾਇ ਜੀ ਬੈਕੁੰਠ ਗਮਨ | ੨੭ | ੫੪੮ |


ਸ੍ਰੀ ਗੁਰ-ਇਤਿਹਾਸ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਸਮਾਪਤ ਹੋਇਆ

## ਸ੍ਰੀ ਗੁਰ-ਇਤਿਹਾਸ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ


| ਪ੍ਰਸੰਗ | ਅਧਿਆਇ | ਪੰਨਾ |
|---|---|---|
| ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਤਖ਼ਤ 'ਤੇ ਬੈਠੇ | ੨੮ | ੫੫੭ |
| ਮਸੰਦਾਂ ਨੇ ਸ੍ਰੀ ਰਾਮਰਾਇ ਜੀ ਨੂੰ ਸਮਝਾਉਣਾ | ੨੯ | ੫੬੩ |
| ਗੁਰੂ ਹਰਿਕ੍ਰਿਸ਼ਨ ਜੀ ਦਾ ਪ੍ਰਤਾਪ ਤੇ ਰਾਮਰਾਇ ਦੀ ਈਰਖਾ | ੩੦ | ੫੬੯ |
| ਸ੍ਰੀ ਰਾਮਰਾਇ ਦਾ ਬਾਦਸ਼ਾਹ ਨੂੰ ਮਿਲਣਾ | ੩੧ | ੫੭੫ |

| ਪ੍ਰਸੰਗ | ਅਧਿਆਇ | ਪੰਨਾ |
|---|---|---|
| ਬਾਦਸ਼ਾਹ ਦਾ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੂੰ ਬੁਲਾਉਣ ਬਾਰੇ ਵਿਚਾਰ ਕਰਨਾ | ੩੨ | ੫੮੧ |
| ਸਤਿਗੁਰੂ ਜੀ ਨੂੰ ਲੈਣ ਜੈ ਸਿੰਘ ਦਾ ਦੂਤ ਗਿਆ | ੩੩ | ੫੮੭ |
| ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਪਾਸ ਰਾਜਾ ਜੈ ਸਿੰਘ ਦਾ ਪਰਧਾਨ ਪੁੱਜਾ | ੩੪ | ੫੯੨ |
| ਪਰਧਾਨ ਗੁਰੂ ਜੀ ਪਾਸ | ੩੫ | ੫੯੮ |
| ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦਾ ਦਿੱਲੀ ਨੂੰ ਜਾਣਾ | ੩੬ | ੬੦੩ |
| ਸੰਗਤਾਂ ਦੇ ਮੇਲੇ | ੩੭ | ੬੦੯ |
| ਝੀਵਰ ਤੋਂ ਗੀਤਾ ਦੇ ਅਰਥ | ੩੮ | ੬੧੫ |
| ਗੁਰੂ ਜੀ ਦਿੱਲੀ ਪੁੱਜੇ | ੩੯ | ੬੨੧ |
| ਦਿੱਲੀ ਵਿਖੇ ਨਿਵਾਸ | ੪੦ | ੬੨੭ |
| ਗੁਰੂ ਜੀ ਦੀ ਮਹਿਮਾ ਸੁਣਕੇ ਰਾਮਰਾਇ ਦੀ ਈਰਖਾ | ੪੧ | ੬੩੩ |
| ਗੁਰੂ ਜੀ ਦੀ ਰਾਮਰਾਇ ਬਾਰੇ ਭਵਿੱਖਬਾਣੀ | ੪੨ | ੬੩੯ |
| ਸ਼ਹਿਜ਼ਾਦਾ ਭੇਟਾ ਲੈਕੇ ਆਇਆ | ੪੩ | ੬੪੫ |
| ਜੈ ਸਿੰਘ ਦੀ ਪਟਰਾਣੀ ਪ੍ਰੀਖਿਆ | ੪੪ | ੬੫੧ |
| ਜੈ ਸਿੰਘ ਗੁਰੂ ਜੀ ਨੂੰ ਲੈਣ ਆਇਆ | ੪੫ | ੬੫੭ |
| ਪਟਰਾਣੀ ਪਛਾਣੀ | ੪੬ | ੬੬੨ |
| ਰਾਜਾ ਸਿੱਖ ਹੋਇਆ | ੪੭ | ੬੬੮ |
| ਸ਼ਹਿਰ ਤੋਂ ਬਾਹਰ ਡੇਰਾ ਲੈ ਜਾਣਾ | ੪੮ | ੬੭੪ |
| ਸਰੀਰ ਨੂੰ ਖੇਚਲ | ੪੯ | ੬੮੦ |
| ਸੀਤਲਾ ਨਿਕਲੀ | ੫੦ | ੬੮੬ |
| ਸੰਗਤਾਂ ਨੂੰ ਉਪਦੇਸ਼ | ੫੧ | ੬੯੨ |
| ਸੰਗਤ ਨੂੰ ਉਪਦੇਸ਼ | ੫੨ | ੬੯੮ |
| ਸੱਚਖੰਡ ਚਲੇ ਗਏ | ੫੩ | ੭੦੪ |
| ਸਰੀਰ ਦਾ ਸਸਕਾਰ | ੫੪ | ੭੦੯ |
| ਸੰਗਤਿ ਵਿੱਚ ਵਿਚਾਰ | ੫੫ | ੭੧੬ |
| ਮਸੰਦਾਂ ਦਾ ਜੋਰ, ਗੁਰੂ ਜੀ ਦੀ ਭਾਲ | ੫੬ | ੭੨੧ |


❖❖❖

ੴ ਸਤਿਗੁਰ ਪ੍ਰਸਾਦਿ॥

# ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਜਿਲਦ ਸਤਵੀਂ

ਸ੍ਰੀ ਗੁਰ-ਇਤਿਹਾਸ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ

ਅਠਵੀਂ ਰਾਸ

## ਅਧਿਆਇ ਸੱਠਵਾਂ

ਭਾਈ ਭਗਤੂ, ਭਾਈ ਫੇਰੂ

ਦੋਹਰਾ- ਸਾਹਿਬ ਭਾਨੇ ਨਰ ਪਠ੍ਯੋ ਅਪਨੋ ਪੁੱਤ੍ਰ ਹਕਾਰਿ।
ਸ੍ਰਵਣ ਨਾਮ ਤਿਸ ਕੋ ਅਹੈ ਬ੍ਰਿਧ ਕੇ ਬੰਸ ਉਦਾਰ॥ ੧॥

ਭਾਨੇ ਸਾਹਿਬ ਨੇ ਇਕ ਮਨੁੱਖ ਨੂੰ ਭੇਜ ਕੇ ਆਪਣੇ ਪੁੱਤਰ ਨੂੰ ਬੁਲਾ ਲਿਆ। ਉਸਦਾ ਨਾਮ ਸ੍ਰਵਣ ਹੈ, ਜਿਹੜਾ ਬਾਬਾ ਬੁੱਢਾ ਜੀ ਦੀ ਉੱਤਮ ਵੰਸ਼ ਵਿਚੋਂ ਹੈ॥੧॥

ਚੌਪਈ- ਕੀਰਤਪੁਰਿ ਮਹਿਂ ਸੋ ਚਲਿ ਆਯੋ। ਗੁਰ ਜਸੁ ਭਲੇ ਭਾਖਿ ਸਮੁਝਾਯੋ।
ਸ੍ਰੀ ਹਰਿਰਾਇ ਬਾਂਹੁ ਪਕਰਾਈ। 'ਅਪਨੇ ਨਿਕਟਿ ਰਖਹੁ ਸੁਖਦਾਈ' ॥੨॥

ਉਹ ਕੀਰਤਪੁਰ ਚੱਲ ਕੇ ਆ ਗਿਆ, ਉਸ ਨੂੰ ਗੁਰੂ ਜੱਸ ਭਲੀ ਪ੍ਰਕਾਰ ਕਹਿ ਕੇ ਸਮਝਾਇਆ। ਸ੍ਰੀ ਹਰਿਰਾਇ ਜੀ ਨੂੰ ਉਸ ਦੀ ਬਾਂਹ ਫੜਾਈ ਤੇ ਕਿਹਾ, "ਹੇ ਸੁਖ ਦਾਤੇ! ਇਸ ਨੂੰ ਆਪਣੇ ਪਾਸ ਰੱਖੋ"॥੨॥

ਆਪ ਕਰੀ ਭਾਨੇ ਪਗ ਨਮੋ। ਗੁਰ ਤੇ ਬਿਦਾ ਹੋਇ ਤਿਹ ਸਮੋ।
ਪਹੁੰਚ੍ਯੋ ਅਪਨ ਗ੍ਰਾਮ ਰਮਦਾਸ। ਕੇਤਿਕ ਸਮੋ ਸਦਨ ਮਹਿਂ ਬਾਸਿ॥੩॥

ਭਾਨੇ ਸਾਹਿਬ ਨੇ ਗੁਰੂ ਜੀ ਦੇ ਚਰਨਾਂ ਤੇ ਨਮਸਕਾਰ ਕੀਤੀ ਤੇ ਉਸ ਸਮੇਂ ਹੀ ਉਨ੍ਹਾਂ ਤੋਂ ਵਿਦਾਇਗੀ ਲੈ ਲਈ। ਆਪਣੇ ਪਿੰਡ ਰਮਦਾਸ ਪਹੁੰਚ ਗਿਆ। ਕਾਫ਼ੀ ਸਮਾਂ ਆਪਣੇ ਘਰ ਵਿਚ ਵਸਦਾ ਰਿਹਾ॥੩॥

ਤਨ ਕੋ ਤਜਾਗਿ ਗੁਰੂਪੁਰਿ ਗਯੋ। ਬ੍ਰਹਮ ਗਜਾਨ ਕੋ ਜਿਹ ਸੁਖ ਭਯੋ।
ਕੀਰਤਪੁਰਿ ਮਹਿਂ ਸ੍ਰੀ ਹਰਿਰਾਇ। ਰਹੇ ਬਿਰਾਜਤਿ ਗੁਰਤਾ ਪਾਇ॥੪॥

ਫਿਰ ਸਰੀਰ ਛੱਡ ਕੇ ਗੁਰੂ ਜੀ ਦੀ ਪੁਰੀ ਵਿਚ ਚਲਾ ਗਿਆ, ਜਿਸ ਨੇ ਬ੍ਰਹਮ ਗਿਆਨ ਦਾ ਸੁੱਖ ਪਾਇਆ। ਸ੍ਰੀ ਗੁਰੂ ਹਰਿਰਾਇ ਜੀ ਗੁਰਤਾ ਪਾ ਕੇ ਕੀਰਤਪੁਰ ਵਿਚ ਹੀ ਬਿਰਾਜਤ ਰਹੇ॥੪॥

ਸੂਰਜਮਲ ਰਹਿ ਨਿਕਟਿ ਸਦੀਵਾ। ਕਹੇ ਪਿਤਾ ਕੇ ਕਰਿ ਮਨ ਨੀਵਾ।
ਕੇਤਿਕ ਮਾਸ ਬਿਤੀਤੇ ਜਬੈ। ਮਰਵਾਹੀ ਤਨ ਤਜਾਗਯੋ ਤਬੈ॥੫॥

ਸੂਰਜ ਮਲ ਸਦਾ ਪਾਸ ਰਹਿੰਦਾ ਸੀ। ਆਪਣੇ ਪਿਤਾ ਜੀ ਦੇ ਕਹਿਣ ਅਨੁਸਾਰ ਮਨ ਨੂੰ ਨੀਵਾਂ ਕਰਕੇ ਰੱਖਦਾ ਸੀ। ਕਈ ਮਹੀਨੇ ਜਦ ਬੀਤ ਗਏ ਤਦ ਮਾਤਾ ਮਰਵਾਹੀ ਜੀ ਵੀ ਤਨ ਤਿਆਗ ਕੇ ਗੁਰਪੁਰੀ ਸਿਧਾਰ ਗਏ॥੫॥

**ਜਥਾ ਜੋਗ ਤਿਹ ਕੋ ਸਸਕਾਰਾ। ਕਰਮ ਕਰਾਇ ਪੁੱਤ੍ਰ ਤਬਿ ਸਾਰਾ।**
**ਦੀਨਸਿ ਦਾਨ ਅਧਿਕ ਤਿਸ ਕਾਲਾ। ਸਾਧ ਦਿਜਨਿ ਤ੍ਰਿਪਤਾਵਤਿ ਜਾਲਾ॥੬॥**

ਯਥਾ ਜੋਗ ਉਨ੍ਹਾਂ ਦਾ ਸਸਕਾਰ ਕੀਤਾ, ਉਨ੍ਹਾਂ ਦੇ ਪੁੱਤਰ ਨੇ ਗੁਰਮਰਯਾਦਾ ਅਨੁਸਾਰ ਸਾਰੇ ਕਰਮ ਕਰਵਾਏ ਤੇ ਉਸ ਸਮੇਂ ਬਹੁਤ ਦਾਨ ਦਿੱਤਾ। ਬਹੁਤ ਸਾਧੂਆਂ ਅਤੇ ਬ੍ਰਾਹਮਣਾਂ ਨੂੰ ਭੋਜਨ ਖਵਾ ਕੇ ਤ੍ਰਿਪਤ ਕੀਤਾ॥੬॥

**ਜੇ ਨਹਿਂ ਆਏ ਸਿੱਖਜ ਮਸੰਦ। ਪੁਨ ਸੁਧ ਸੁਨਿ ਸ੍ਰੀ ਹਰਿਗੋਵਿੰਦ।**
**ਕੇਤਿਕ ਸੰਮਤਿ ਮਹਿਂ ਚਲਿ ਆਵਤਿ। ਖਸ਼ਟ ਮਾਸ ਮਹਿਂ ਕੋ ਦਰਸਾਵਤਿ॥੭॥**

ਜਿਹੜੇ ਸਿੱਖ ਅਤੇ ਮਸੰਦ ਨਹੀਂ ਆਏ ਸਨ, ਉਹ ਬਾਅਦ ਵਿਚ ਸ੍ਰੀ ਗੁਰੂ ਹਰਿਗੋਬਿੰਦ ਜੀ ਬਾਰੇ ਖ਼ਬਰ ਸੁਣ ਕੇ ਆਏ। ਕਈ ਸਾਲ ਪਿੱਛੋਂ ਚਲ ਕੇ ਆਉਂਦੇ ਸਨ, ਕਈ ਛੇ ਮਹੀਨਿਆਂ ਬਾਅਦ ਆ ਕੇ ਦਰਸ਼ਨ ਕਰਦੇ ਸਨ॥੭॥

**ਸੋ ਸਭਿ ਲਏ ਅਕੋਰਨਿ ਆਏ। ਭਗਤੂ ਬਹਿਲੋ ਸਿਖ ਸਮੁਦਾਏ।**
**ਨਿਜ ਨਿਜ ਸੰਗਤ ਕੋ ਸੰਗ ਲਯਾਇ। ਪੂਜੇ ਚਰਨ ਗੁਰੂ ਹਰਿਰਾਇ॥੮॥**

ਉਹ ਸਾਰੇ ਉਪਹਾਰ ਲੈ ਕੇ ਆਏ। ਭਗਤੂ ਬਹਿਲੋ ਬਹੁਤ ਸਿੱਖ ਸੰਗਤ ਇਕੱਠੀ ਕਰਕੇ ਲੈ ਕੇ ਆਏ ਤੇ ਆਪਣੀ ਆਪਣੀ ਸੰਗਤ ਨੂੰ ਨਾਲ ਲਿਆਏ। ਉਨ੍ਹਾਂ ਨੇ ਆ ਕੇ ਗੁਰੂ ਹਰਿਰਾਇ ਜੀ ਦੇ ਚਰਨਾਂ ਦੀ ਪੂਜਾ ਕੀਤੀ॥੮॥

**ਵੈਸਾਖੀ ਅਰੁ ਦੀਪਕ ਮਾਲਾ। ਆਨਿ ਮਿਲਹਿਂ ਕੀਰਤ ਪੁਰਿ ਜਾਲਾ।**
**ਮਨੋ ਕਾਮਨਾ ਚਹੈ ਸੁ ਪਾਵੈ। ਕਰਾਮਾਤ ਕਾਮਲ ਦਰਸਾਵੈਂ॥੯॥**

ਵੈਸਾਖੀ ਅਤੇ ਦੀਵਾਲੀ 'ਤੇ ਇਕੱਠੇ ਹੋ ਕੇ ਕੀਰਤਪੁਰ ਆ ਕੇ ਮਿਲਦੇ ਸਨ। ਜੋ ਮਨੋਂ ਕਾਮਨਾਵਾਂ ਚਾਹੁੰਦੇ ਸਨ, ਪਾਉਂਦੇ ਸਨ, ਗੁਰੂ ਜੀ ਕਾਮਲ ਕਰਾਮਾਤ ਦਰਸਾਉਂਦੇ ਸਨ॥੯॥

**ਸੂਰਜਮਲ ਪ੍ਰਾਪਤਿ ਸੁਖ ਰਾਸਾ। ਬੈਠਹਿ ਬਿਕਸਿ ਭਤੀਜੇ ਪਾਸਾ।**
**ਚਹੈ ਸੁ ਪਾਵੈ ਵਸਤੁ ਮਹਾਨਾ। ਮਿਲਯੋ ਕਰਤਿ ਆਪਨੀ ਗੁਜ਼ਰਾਨਾ॥੧੦॥**

ਸੂਰਜ ਮਲ ਨੂੰ ਸੁੱਖਾਂ ਦੀ ਰਾਸ ਪ੍ਰਾਪਤ ਸੀ, ਭਤੀਜੇ ਪਾਸ ਬੈਠ ਕੇ ਬਹੁਤ ਪ੍ਰਸੰਨ ਹੁੰਦਾ ਸੀ। ਜੋ ਚਾਹੁੰਦਾ ਸੀ, ਉਹੀ ਮਹਾਨ ਵਸਤੂ ਪ੍ਰਾਪਤ ਕਰ ਲੈਂਦਾ ਸੀ। ਗੁਰੂ ਜੀ ਨਾਲ ਮਿਲ ਕੇ ਆਪਣਾ ਗੁਜ਼ਾਰਾ ਕਰਦਾ ਸੀ॥੧੦॥

**ਜਿਮ ਸ੍ਰੀ ਹਰਿਗੋਬਿੰਦ ਢਿਗ ਆਵੈਂ। ਤਿਮ ਚਹੁੰਦਿਸ਼ਿ ਤੇ ਸਿਖ ਉਮਡਾਵੈਂ।**
**ਕੇਤਿਕ ਚਿਤ ਮਹਿਂ ਚਿਤਵਤਿ ਬਾਤੀ। ਪਰਖਨਿ ਹਿਤ ਅਜ਼ਮਤ ਬੱਖਯਾਤੀ॥੧੧॥**

ਜਿਵੇਂ ਸ੍ਰੀ ਗੁਰੂ ਹਰਿਗੋਬਿੰਦ ਜੀ ਪਾਸ ਸਿੱਖ ਆਉਂਦੇ ਸਨ। ਉਸ ਤਰ੍ਹਾਂ ਚਾਰੇ ਪਾਸਿਆਂ ਤੋਂ ਸਿੱਖ ਉਮਡ ਕੇ ਆਉਂਦੇ ਸਨ। ਸੂਰਜ ਮਲ ਚਿੱਤ ਵਿਚ ਕਈ ਗੱਲਾਂ ਵੀਚਾਰਦਾ ਸੀ। ਗੁਰੂ ਜੀ ਦੀ ਪ੍ਰਗਟ ਕਰਾਮਾਤ ਨੂੰ ਪਰਖਣਾ ਚਾਹੁੰਦਾ ਸੀ॥੧੧॥

**ਕਰਾਮਾਤ ਰਤਨਾਕਰ ਭਰਜੋ। ਕਿਮ ਸੋ ਦੁਰਹਿ ਤਰਨਿ ਜਨੁ ਚਰਜੋ।**
**ਚਹੁਚੱਕਨਿ ਸੰਸੈ ਜੁ ਅੰਧੇਰਾ। ਕਰਜੋ ਦੂਰ ਨਹਿਂ ਲਾਗੀ ਦੇਰਾ॥੧੨॥**

ਕਰਾਮਾਤਾਂ ਦਾ ਸਾਗਰ ਭਰਿਆ ਸੀ। ਉਹ ਕਿਵੇਂ ਲੁਕ ਸਕਦੀਆਂ ਸਨ ਜਿਹੜੀਆਂ ਸੂਰਜ ਵਾਂਗ ਚੜ੍ਹੀਆਂ ਸਨ। ਚਾਰ ਚਕਾਂ ਵਿਚ ਸ਼ੰਕਿਆਂ ਦਾ ਜੋ ਹਨ੍ਹੇਰਾ ਸੀ, ਉਹ ਦੂਰ ਕੀਤਾ, ਕੁਝ ਵੀ ਦੇਰ ਨਾ ਲੱਗੀ॥੧੨॥

ਭਗਤੂ ਰਹੈ ਨਿਕਟਿ ਹਿਤ ਧਰੈ। ਪ੍ਰੇਮ ਸਹਿਤ ਦਰਸ਼ਨ ਕੋ ਕਰੈ।
ਬ੍ਰਿੱਧ ਭਯੋ ਬਹੁ ਬੈਸ ਬਿਹਾਈ। ਚਹੈ ਗੁਰੂ ਢਿਗ ਸੇਵ ਕਮਾਈ॥ ੧੩॥

ਭਗਤੂ ਹਿਤ ਧਾਰ ਕੇ ਪਾਸ ਰਹਿੰਦਾ ਸੀ। ਬੜੇ ਪ੍ਰੇਮ ਨਾਲ ਦਰਸ਼ਨ ਕਰਦਾ ਸੀ। ਬਹੁਤ ਬ੍ਰਿਧ ਹੋ ਗਿਆ ਸੀ, ਬੜੀ ਉਮਰ ਬਿਤਾਈ ਸੀ, ਉਹ ਗੁਰੂ ਜੀ ਪਾਸ ਹੀ ਸੇਵਾ ਕਮਾਉਣੀ ਚਾਹੁੰਦਾ ਸੀ॥੧੩॥

ਬੀਤ ਗਯੋ ਕੇਤਿਕ ਜਬਿ ਸਮੋਂ। ਰਹੈ ਨਿਕਟਿ ਦਰਸਹਿ ਕਰਿ ਨਮੋ।
ਇਕ ਦਿਨ ਹਾਥ ਜੋਰ ਕਰਿ ਕਹਯੋ। 'ਸੇਵਾ ਬਖਸ਼ੋ ਮੈਂ ਚਿਤ ਚਹਯੋ॥ ੧੪॥

ਕਾਫੀ ਸਮਾਂ ਬੀਤ ਜਾਣ 'ਤੇ ਵੀ ਉਹ ਗੁਰੂ ਜੀ ਪਾਸ ਰਹਿੰਦਾ ਸੀ ਤੇ ਬੰਦਨਾ ਕਰਕੇ ਦਰਸ਼ਨ ਕਰਦਾ ਸੀ। ਇਕ ਦਿਨ ਹੱਥ ਜੋੜ ਕੇ ਕਹਿਣ ਲੱਗਾ, "ਸੇਵਾ ਬਖਸ਼ੋ, ਮੈਂ ਚਿੱਤ ਵਿਚ ਚਾਹੁੰਦਾ ਹਾਂ॥੧੪॥

ਬਿਨ ਸੇਵਾ ਤੇ ਬੈਸ ਅਕਾਰਥ। ਮੈਂ ਨ ਬਿਤਾਵੋਂ ਕਰੋਂ ਸਕਾਰਥ।
ਨਿਸ ਦਿਨ ਬੈਠਯੋ ਭੀ ਬਿਤ ਜਾਵੈ। ਸਫਲ ਤਿਨੌਂ ਗੁਰ ਸੇਵ ਕਮਾਵੈ॥ ੧੫॥

ਸੇਵਾ ਤੋਂ ਬਗ਼ੈਰ ਉਮਰ ਅਕਾਰਥ ਹੈ, ਮੈਂ ਆਪਣੀ ਉਮਰ ਇਸ ਤਰ੍ਹਾਂ ਬਤੀਤ ਨਹੀਂ ਕਰਾਂਗਾ, ਇਸ ਨੂੰ ਸਕਾਰਥ ਕਰਾਂਗਾ। ਰਾਤ ਦਿਨ ਬੈਠਿਆਂ ਵੀ ਬੀਤ ਜਾਂਦੇ ਹਨ। ਉਨ੍ਹਾਂ ਦਾ ਹੀ ਜੀਵਨ ਸਫਲ ਹੈ, ਜਿਹੜੇ ਗੁਰੂ ਦੀ ਸੇਵਾ ਦੀ ਕਮਾਈ ਕਰਦੇ ਹਨ॥੧੫॥

ਮਨ ਕੋ ਰਾਖਨ ਸਦ ਗੁਰਸਾਥ। ਗੁਰ ਸੇਵਾ ਮਹਿ ਪਗ ਅਰੁ ਹਾਥ।
ਤਿਨ ਕੀ ਬਯ ਸਕਾਰਥੀ ਹੋਵੈ। ਜਨਮ ਜਨਮ ਕੀ ਮਲ ਕੋ ਧੋਵੈ॥ ੧੬॥

ਮਨ ਨੂੰ ਸਦਾ ਹੀ ਗੁਰੂ ਜੀ ਦੀ ਸੇਵਾ ਵਿਚ ਰੱਖਦੇ ਹਨ ਅਤੇ ਗੁਰੂ ਜੀ ਦੀ ਸੇਵਾ ਵਿਚ ਹੀ ਆਪਣੇ ਹੱਥ ਪੈਰ ਲਾਉਂਦੇ ਹਨ, ਉਨ੍ਹਾਂ ਦੀ ਉਮਰ ਸਕਾਰਥੀ ਹੋ ਜਾਂਦੀ ਹੈ। ਉਹ ਜਨਮਾਂ-ਜਨਮਾਂ ਦੀ ਮੈਲ ਨੂੰ ਧੋ ਲੈਂਦੇ ਹਨ" ॥੧੬॥

ਸ੍ਰੀ ਹਰਿਰਾਇ ਬ੍ਰਿੱਧ ਕੋ ਦੇਖਿ। ਹਰਖਤਿ ਕਰਹਿਂ ਬਿਲਾਸ ਬਿਸ਼ੇਖ।
'ਅਬਿ ਸਹੇਰਬੋ ਚਰਖਾ ਚਹੀਅਹਿ। ਜਿਸ ਤੇ ਬਿਰਧਾਪਨ ਨਿਰਬਹੀਅਹਿ' ॥੧੭॥

ਸ੍ਰੀ ਗੁਰੂ ਹਰਿਰਾਇ ਜੀ ਨੇ ਬਜ਼ੁਰਗ ਨੂੰ ਵੇਖ ਕੇ ਹਾਸੇ ਨਾਲ ਬਚਨ ਕੀਤਾ, "ਹੁਣ ਤਾਂ ਚਰਖਾ ਸਹੇੜਨਾ ਚਾਹੀਦਾ ਹੈ, ਭਾਵ ਵਿਆਹ ਕਰਵਾ ਲਵੇ, ਜਿਸ ਨਾਲ ਬੁਢਾਪੇ ਦਾ ਨਿਰਬਾਹ ਕਰ ਲਵੇ" ॥੧੭॥

ਬਿਗਸਤਿ ਦੇਖਿ ਕਹੈ ਬੰਦਿ ਹਾਥਾ। 'ਸਭਿ ਹੁਇ ਰਾਵਰਿ ਮਰਜ਼ੀ ਸਾਥਾ।
ਨਿਫਲ ਨ ਬਾਕ ਗੁਰੂ ਕੋ ਹੋਇ। ਕਿਸ ਹਿਤ ਨਿਕਸਹਿ, ਸਾਚੋ ਸੋਇ॥ ੧੮॥

ਪ੍ਰਸੰਨ ਹੋਏ ਵੇਖ ਕੇ ਭਾਈ ਭਗਤੂ ਨੇ ਹੱਥ ਜੋੜ ਕੇ ਕਿਹਾ, "ਸਭ ਆਪ ਜੀ ਦੀ ਮਰਜ਼ੀ ਅਨੁਸਾਰ ਹੁੰਦਾ ਹੈ। ਗੁਰੂ ਜੀ ਦਾ ਵਾਕ ਕਦੇ ਵੀ ਅਸਫਲ ਨਹੀਂ ਜਾਂਦਾ। ਜਿਸ ਵਾਸਤੇ ਵੀ ਨਿਕਲੇ, ਸੱਚਾ ਹੀ ਹੁੰਦਾ ਹੈ॥੧੮॥

ਅਬਿ ਸੇਵਾ ਨਿਜ ਘਰ ਕੀ ਦੀਜੈ। ਸਫਲ ਸ਼ਰੀਰ ਹਮਾਰੋ ਕੀਜੈ।
ਕਹਯੋ ਗੁਰੂ 'ਸੇਵਾ ਸਭਿ ਕਰੀ। ਅਧਿਕ ਸਫਲਤਾ ਨਿਜ ਤਨ ਧਰੀ॥ ੧੯॥

ਹੁਣ ਆਪਣੇ ਘਰ ਦੀ ਸੇਵਾ ਬਖਸ਼ੋ। ਤੇ ਸਾਡੇ ਸਰੀਰ ਨੂੰ ਸਫਲ ਕਰੋ।" ਗੁਰੂ ਜੀ ਨੇ ਕਿਹਾ, "ਤੂੰ ਸਭ ਸੇਵਾ ਕਰ ਲਈ ਹੈ, ਆਪਣੇ ਸਰੀਰ ਉਪਰ ਤੁਸੀਂ ਬਹੁਤ ਸਫਲਤਾ ਧਾਰਨ ਕੀਤੀ ਹੈ॥੧੯॥

ਸਿੱਖਨਿ ਬਿਖੈ ਰੀਤਿ ਨਿਤਿ ਪਾਵਨਿ। ਰਿਦੈ ਮਨੋਰਥ ਕਰਹੁ ਉਠਾਵਨ।
ਕ੍ਰਿਖੀ ਕਰਾਵੋ ਗੁਰ ਘਰ ਕੇਰੀ। ਕਾਮੇ ਰਾਖਿ ਸਿੱਖ ਇਸ ਬੇਰੀ॥ ੨੦॥

ਸਿੱਖਾਂ ਵਿਚ ਰੀਤੀ ਸਦਾ ਪਵਿੱਤਰ ਹੈ। ਹਿਰਦੇ ਵਿਚ ਮਨੋਰਥ ਉਠਾਵੇ। ਗੁਰੂ ਘਰ ਦੀ ਖੇਤੀ ਕਰਾਵੇ, ਇਸ ਵਾਰ ਸਿੱਖ ਕਾਮੇ ਰੱਖ ਲਵੇ ॥੨੦॥

ਅਪਰ ਸੇਵ ਲਾਇਕ ਨਹਿਂ ਤੇਰੇ। ਜ਼ਿਮੀਦਾਰ ਤੁਮ ਜਨਮ ਭਲੇਰੇ।
ਯਾ ਤੇ ਕ੍ਰਿਖਿ ਕੀ ਟਹਿਲ ਬਤਾਈ। ਸਿਖ ਬਿਸਾਲ ਤੁਮ, ਲੇਹੁ ਕਮਾਈ ॥੨੧॥

ਹੋਰ ਕੋਈ ਸੇਵਾ ਤੁਹਾਡੇ ਲਾਇਕ ਨਹੀਂ ਹੈ, ਤੁਸੀਂ ਜਨਮ ਤੋਂ ਭਲੇ ਜ਼ਿਮੀਂਦਾਰ ਹੋ, ਇਸ ਕਰਕੇ ਤੁਹਾਨੂੰ ਖੇਤੀ ਦੀ ਸੇਵਾ ਦੱਸੀ ਹੈ। ਤੁਸੀਂ ਉੱਤਮ ਸਿੱਖ ਹੋ, ਕਮਾਈ ਕਰ ਲਵੋ" ॥੨੧॥

ਸੁਨਿ ਭਗਤੂ ਕੀਨੀ ਪਗ ਨਮੋ। ਉੱਦਮ ਕੋ ਧਾਰਜੋ ਤਿਹ ਸਮੋ।
ਬ੍ਰਿਖਭ ਸੁ ਕਾਮੇ ਕਰੇ ਤਿਆਰੀ। ਨੀਕੇ ਅਵਿਨੀ ਜਾਇ ਸੁਧਾਰੀ ॥ ੨੨ ॥

ਇਹ ਸੁਣ ਕੇ ਭਗਤੂ ਨੇ ਚਰਨ ਕੰਵਲਾਂ 'ਤੇ ਨਮਸਕਾਰ ਕੀਤੀ ਤੇ ਉਸ ਸਮੇਂ ਉੱਦਮ ਨੂੰ ਧਾਰਨ ਕੀਤਾ। ਬਲਦ ਅਤੇ ਸ੍ਰੇਸ਼ਟ ਕਾਮੇ ਤਿਆਰ ਕੀਤੇ ਤੇ ਜਾ ਕੇ ਧਰਤੀ ਨੂੰ ਚੰਗੀ ਤਰ੍ਹਾਂ ਸੁਧਾਰਿਆ ॥੨੨॥

ਬੀਜਜੋ ਬੀਜ ਆਪਨੇ ਕਰ ਤੇ। ਉਗੀ ਸਘਨ, ਪੁਨ ਬਹੁ ਪ੍ਰਤਿਪਰਤੇ।
ਬਾਰ ਕਰਨ, ਅਰੁ ਦੈਬੋ ਵਾਰਿ। ਬਾਰ ਬਾਰ ਸਭਿ ਕਰਨਿ ਸੰਭਾਰਿ ॥ ੨੩ ॥

ਆਪਣੇ ਹੱਥਾਂ ਨਾਲ ਬੀਜ ਬੀਜਿਆ, ਫ਼ਸਲ ਬੜੀ ਸੰਘਣੀ ਉੱਗੀ ਤੇ ਫਿਰ ਚੰਗੀ ਤਰ੍ਹਾਂ ਪਾਲਣਾ ਕਰਦੇ ਰਹੇ, ਵਾੜ ਕਰਦੇ ਸਨ ਤੇ ਪਾਣੀ ਦਿੰਦੇ ਸਨ ਤੇ ਬਾਰ-ਬਾਰ ਸਾਰੀ ਫ਼ਸਲ ਦੀ ਸੰਭਾਲ ਕਰਦੇ ਸਨ।

ਬੈਠਜੋ ਨਿਸ ਬਾਸੁਰ ਰਖਵਾਰੀ। ਕਰੀ ਪਕਾਵਨ ਭਲੀ ਪ੍ਰਕਾਰੀ।
ਪੁਨ ਕਾਮੇ ਬਾਢਨਿ ਕੋ ਲਾਏ। ਭੋਜਨ ਲੇ ਤਿਨ ਕੇ ਢਿਗ ਜਾਏ ॥ ੨੪ ॥

ਦਿਨ ਰਾਤ ਰਾਖੀ ਕਰਨ ਬੈਠਦਾ ਸੀ ਤੇ ਭਲੀ ਪ੍ਰਕਾਰ ਫ਼ਸਲ ਪਕਾ ਲਈ। ਫਿਰ ਕਾਮੇ ਫ਼ਸਲ ਕਟੇਣ ਵਾਸਤੇ ਲਾਏ ਤੇ ਭੋਜਨ ਲੈ ਕੇ ਉਨ੍ਹਾਂ ਪਾਸ ਜਾਂਦਾ ਸੀ ॥੨੪॥

ਗੁਰ ਕੀ ਦੇਗ ਬਿਖੈ ਤੇ ਲੇਯ। ਵਹਿਰ ਜਾਇ ਸਭਿਹਿਨਿ ਕੋ ਦੇਯ।
ਇਕ ਦਿਨ ਲੇ ਕਰਿ ਆਪ ਅਹਾਰ। ਗਯੋ, ਕਰਹਿਂ ਕਾਮੇ ਜਹਿਂ ਕਾਰ ॥ ੨੫ ॥

ਗੁਰੂ ਜੀ ਦੇ ਲੰਗਰ ਵਿਚੋਂ ਭੋਜਨ ਲੈ ਕੇ ਜਾਂਦਾ ਸੀ, ਤੇ ਖੇਤਾਂ ਵਿਚ ਬਾਹਰ ਜਾ ਕੇ ਸਭ ਨੂੰ ਦਿੰਦਾ ਸੀ। ਇਕ ਦਿਨ ਆਪ ਭੋਜਨ ਲੈ ਕੇ ਉਥੇ ਗਿਆ, ਜਿਥੇ ਕਾਮੇ ਕੰਮ ਕਰ ਰਹੇ ਸਨ ॥੨੫॥

ਖੇਤ ਡੋਰ ਪਰ ਸਰਬ ਹਕਾਰੇ। ਪਾਂਤਿ ਬਿਠਾਇ ਸੁ ਦੀਨਿ ਅਹਾਰੇ।
ਸਭਿ ਹੂੰ ਲੈ ਕਰਿ ਨਿਜ ਨਿਜ ਹਾਥਾ। ਹੇਰਤਿ ਬੋਲੇ ਭਗਤੂ ਸਾਥਾ ॥ ੨੬ ॥

ਖੇਤ ਦੇ ਬੰਨੇ 'ਤੇ ਸਭ ਨੂੰ ਬੁਲਾਇਆ ਤੇ ਪੰਗਤ ਵਿਚ ਬਿਠਾ ਸਭ ਨੂੰ ਭੋਜਨ ਦਿੱਤਾ। ਸਾਰਿਆਂ ਨੇ ਭੋਜਨ ਨੂੰ ਆਪਣੇ-ਆਪਣੇ ਹੱਥਾਂ ਵਿਚ ਲੈ ਲਿਆ। ਫਿਰ ਭੋਜਨ ਨੂੰ ਵੇਖ ਕੇ ਭਾਈ ਭਗਤੂ ਨੂੰ ਕਹਿਣ ਲੱਗੇ ॥੨੬॥

'ਭਾਈ ਸਾਹਿਬ ! ਕਰਹੁ ਬਿਚਾਰਾ। ਘ੍ਰਿਤ ਅਧਿਕ ਬਿਨ ਆਨਿ ਅਹਾਰਾ।
ਸਗਰੇ ਬਾਸਰ ਕਾਰ ਕਮਾਵੈਂ। ਬਿਨ ਖਾਏ ਅੰਧੇ ਹੁਇ ਜਾਵੈਂ ॥ ੨੭ ॥

"ਭਾਈ ਸਾਹਿਬ ! ਤੁਸੀਂ ਵਿਚਾਰ ਕਰੋ, ਘਿਉ ਤੋਂ ਬਗ਼ੈਰ ਭੋਜਨ ਲੈ ਕੇ ਆਉਂਦੇ ਹੋ। ਸਾਰਾ ਦਿਨ ਅਸੀਂ ਕਾਰ ਕਮਾਉਂਦੇ ਹਾਂ, ਘਿਉ ਖਾਣ ਬਗ਼ੈਰ ਅਸੀਂ ਅੰਨ੍ਹੇ ਹੋ ਜਾਵਾਂਗੇ ॥੨੭॥

ਇਕ ਇਕ ਪ੍ਰਤਿ ਪਾਇਆ ਘ੍ਰਿਤ ਹੋਇ। ਕਰਤਿ ਕਿਰਤ ਮਹਿਂ ਬਲ ਦੇ ਸੋਇ।
ਸੁਸ਼ਕ ਰੋਟਕਾ ਦੀਨਸਿ ਆਨਿ। ਕਹੁ ਭਾਈ ! ਕਿਮ ਕਰਿ ਹੈਂ ਖਾਨਾ ॥੨੮॥

ਜੇ ਹਰ ਇਕ ਨੂੰ ਘਿਉ ਪਾਇਆ ਹੋਵੇ ਤਾਂ ਕਿਰਤ ਕਰਦਿਆਂ ਉਹ ਘਿਉ ਬਲ ਦੇਵੇਗਾ। ਸੁੱਕੀਆਂ ਰੋਟੀਆਂ ਲਿਆ ਕੇ ਦੇ ਦਿੰਦੇ ਹੋ। ਹੇ ਭਾਈ ਜੀ ! ਕਹੋ, ਕਿਵੇਂ ਭੋਜਨ ਖਾ ਲਈਏ॥੨੮॥

ਸੁਨੀ ਜਥਾਰਥ ਗਿਰਾ ਅਲਾਈ। ਇਤ ਉਭ ਭਗਤੂ ਦ੍ਰਿਸ਼ਟਿ ਲਗਾਈ।
ਨਿਕਟਿ ਜਾਤ ਇਕ ਤਹਾਂ ਬਪਾਰੀ। ਲਵਨ ਮਿਰਚ ਗੁੜ ਆਦਿਕ ਧਾਰੀ॥੨੯॥

ਜਦ ਭਾਈ ਜੀ ਨੇ ਸੱਚੀ ਗੱਲ ਸੁਣੀ ਤਾਂ ਏਧਰ ਓਧਰ ਦ੍ਰਿਸ਼ਟੀ ਲਗਾਈ। ਨੇੜੇ ਹੀ ਉਥੇ ਇਕ ਵਪਾਰੀ ਜਾ ਰਿਹਾ ਸੀ, ਜਿਸ ਨੇ ਲੂਣ, ਮਿਰਚ, ਗੁੜ ਆਦਿ ਚੁਕਿਆ ਹੋਇਆ ਸੀ॥੨੯॥

ਇਕ ਕੁੱਪੀ ਕਰ ਮਹਿਂ ਲਰਕਾਈ। ਭਰੀ ਹੁਤੀ ਘ੍ਰਿਤ ਸੋਂ ਤਹਿਂ ਜਾਈ।
ਪਿਖਿ ਭਗਤੂ ਤਿਹ ਨਿਕਟਿ ਹਕਾਰਾ। 'ਉਰੇ ਆਉ ਜੇ ਕਰਹਿਂ ਵਪਾਰਾ' ॥੩੦॥

ਇਕ ਕੁੱਪੀ ਉਸ ਹੱਥ ਵਿਚ ਲਮਕਾਈ ਹੋਈ ਸੀ ਜਿਹੜੀ ਘਿਉ ਦੇ ਨਾਲ ਭਰੀ ਹੋਈ ਸੀ। ਭਾਈ ਭਗਤੂ ਨੇ ਉਸ ਨੂੰ ਵੇਖ ਕੇ ਆਪਣੇ ਪਾਸ ਬੁਲਾਇਆ ਤੇ ਕਿਹਾ, "ਸਾਡੇ ਪਾਸ ਆਉ ਤਾਂਕਿ ਤੁਹਾਡੇ ਨਾਲ ਵਪਾਰ ਕਰੀਏ"॥੩੦॥

ਸੁਨਤਿ ਵਪਾਰੀ ਚਲਿ ਢਿਗ ਆਯੋ। ਵੱਖਰ ਅਪਨਾ ਤਰੇ ਟਿਕਾਯੋ:-
'ਚਹੋ ਸੁ ਲੇਹੁ ਮੋਲ ਮੁਝ ਦੀਜੈ। ਨਿਜ ਕਾਰਜ ਤੁਮ ਸਾਰਨ ਕੀਜੈ' ॥ ੩੧॥

ਇਹ ਸੁਣ ਕੇ ਵਪਾਰੀ ਪਾਸ ਆ ਗਿਆ ਤੇ ਆਪਣਾ ਸਾਮਾਨ ਜ਼ਮੀਨ 'ਤੇ ਟਿਕਾ ਦਿੱਤਾ। ਉਹ ਕਹਿਣ ਲੱਗਾ, "ਜੋ ਚਾਹੋ ਲੈ ਲਵੋ, ਮੈਨੂੰ ਇਨ੍ਹਾਂ ਵਸਤਾਂ ਦਾ ਮੁੱਲ ਦੇ ਦੇਵੋ ਤੇ ਆਪਣਾ ਤੁਸੀਂ ਕਾਰਜ ਸਾਰ ਲਵੋ"॥੩੧॥

ਤਬਿ ਭਗਤੂ ਇਮ ਬਾਕ ਉਚਾਰਾ। 'ਗੁਰ ਕਾਮੇ ਇਹ ਕਰਤਿ ਅਹਾਰਾ।
ਚਹੈਂ ਘ੍ਰਿਤ ਕੇ ਸੰਗ ਸੁ ਖੈਬੇ। ਦਿਹੁ ਇਨ ਕੋ, ਧਨ ਕੀਜੈ ਲੈਬੇ' ॥ ੩੨॥

ਤਦ ਭਾਈ ਭਗਤੂ ਨੇ ਇੰਞ ਬਚਨ ਕੀਤਾ, "ਗੁਰੂ ਜੀ ਦੇ ਇਹ ਕਾਮੇ ਭੋਜਨ ਕਰਦੇ ਹਨ, ਚਾਹੁੰਦੇ ਹਨ ਕਿ ਘਿਉ ਦੇ ਨਾਲ ਰੋਟੀਆਂ ਖਾਈਏ। ਇਨ੍ਹਾਂ ਨੂੰ ਘਿਉ ਦੇਵੋ ਤੇ ਧਨ ਲੈ ਲਵੋ"॥੩੨॥

ਤਬਿ ਕੁਪੀ ਧਰਿ ਦੀਨਿ ਅਗਾਰੀ। ਇਕ ਇਕ ਪਲੀ ਭਰੀ ਕਰ ਧਾਰੀ।
ਸਭਿ ਕੋ ਦਈ, ਖਾਇ ਹਰਖਾਏ। ਲੈ ਲੈ ਘ੍ਰਿਤ ਅਧਿਕ ਤ੍ਰਿਪਤਾਏ॥ ੩੩॥

ਤਦ ਉਸ ਵਪਾਰੀ ਨੇ ਘਿਉ ਦੀ ਕੁੱਪੀ ਅੱਗੇ ਧਰ ਦਿੱਤੀ ਤੇ ਇਕ-ਇਕ ਪਲੀ ਭਰ ਕੇ ਸਾਰਿਆਂ ਨੂੰ ਦਿੱਤੀ ਤੇ ਸਾਰੇ ਭੋਜਨ ਖਾ ਕੇ ਬਹੁਤ ਪ੍ਰਸੰਨ ਹੋਏ, ਘਿਉ ਲੈ ਲੈ ਕੇ ਬਹੁਤ ਤ੍ਰਿਪਤ ਹੋ ਗਏ॥੩੩॥

ਕੁੱਪੀ ਵਿਖੇ ਕੁਛਕ ਰਹਿ ਗਯੋ। ਬਹੁਰ ਵਪਾਰੀ ਗਮਨਤਿ ਭਯੋ।
'ਸੌਦਾ ਆਜ ਬੇਚਿ ਮੈਂ ਆਊਂ। ਅਗਲੇ ਦਿਵਸ ਮੋਲ ਮੈਂ ਪਾਊਂ' ॥ ੩੪॥

ਕੁੱਪੀ ਵਿਚ ਥੋੜ੍ਹਾ ਜਿਹਾ ਘਿਉ ਰਹਿ ਗਿਆ, ਫਿਰ ਵਪਾਰੀ ਚਲਾ ਗਿਆ ਤੇ ਕਹਿੰਦਾ ਗਿਆ, "ਅੱਜ ਦਾ ਸੌਦਾ ਮੈਂ ਵੇਚ ਕੇ ਆਵਾਂਗਾ, ਅਗਲੇ ਦਿਨ ਮੈਂ ਮੁੱਲ ਲੈ ਲਵਾਂਗਾ"॥੩੪॥

ਸੰਧਯਾ ਲਗਿ ਫਿਰਿ ਕੈ ਘਰ ਗਯੋ। ਕਿਲਕ ਭੀਤ ਮਹਿਂ ਸੋ ਲਖਿ ਲਯੋ।
ਕੁੱਪੀ ਤਾਂਹਿ ਸਾਥ ਲਰਕਾਈ। ਚਿਤ ਮਹਿਂ ਇਮ ਬਿਚਾਰਿ ਠਹਿਰਾਈ॥ ੩੫॥

ਸ਼ਾਮ ਤਕ ਸੌਦਾ ਵੇਚ ਕੇ ਘਰ ਗਿਆ। ਕੰਧ ਨਾਲ ਇਕ ਕਿੱਲੀ ਵੇਖੀ ਤਾਂ ਕੁੱਪੀ ਉਸ ਕਿੱਲੀ ਨਾਲ ਲਟਕਾ ਦਿੱਤੀ। ਚਿੱਤ ਵਿਚ ਇੰਝ ਵਿਚਾਰ ਠਹਿਰਾਈ॥੩੫॥

ਤੋਲਯੋ ਹੁਤੋ ਪ੍ਰਥਮ ਘ੍ਰਿਤ ਮੇਰਾ। ਭਗਤੂ ਲੀਨਿ ਜਿਤਿਕ ਤਿਸ ਬੇਰਾ।
ਉਠਿ ਪ੍ਰਭਾਤਿ ਕੋ ਤੋਲਨਿ ਕਰਿਕੈ। ਜਿਤੋ ਲਿਯੋ ਸੋ ਲੇਊਂ ਬਿਚਰਿ ਕੈ॥ ੩੬॥

ਮੇਰਾ ਇਹ ਘਿਉ ਪਹਿਲਾਂ ਹੀ ਤੋਲਿਆ ਹੋਇਆ ਹੈ, ਭਾਈ ਭਗਤੂ ਨੇ ਜਿਹੜਾ ਉਸ ਸਮੇਂ ਲਿਆ ਸੀ, ਸਵੇਰੇ ਉਠ ਕੇ ਇਸ ਨੂੰ ਤੋਲ ਕੇ ਜਿੰਨਾ ਉਸ ਲਿਆ ਸੀ, ਉਸ ਦਾ ਮੁੱਲ ਉਥੇ ਜਾ ਕੇ ਲੈ ਲਵਾਂਗਾ॥੩੬॥

ਇਮਿ ਗਿਨਿ ਮਨ ਮਹਿਂ ਸੁਪਤਯੋ ਰਾਤੀ। ਉਠਤਿ ਭਯੋ ਹੋਈ ਜਬਿ ਪ੍ਰਾਤੀ।
ਕੁੱਪੀ ਤੋਲਨ ਹੇਤੁ ਉਤਾਰੀ। ਤਿਹ ਮੁਖ ਖੋਲਯੋ ਜਬਹਿ ਨਿਹਾਰੀ॥ ੩੭॥

ਇਸ ਤਰ੍ਹਾਂ ਮਨ ਵਿਚ ਗਿਣ ਕੇ ਰਾਤ ਨੂੰ ਸੌਂ ਗਿਆ, ਜਦ ਸਵੇਰ ਹੋਈ ਤਾਂ ਉੱਠ ਪਿਆ। ਕੁੱਪੀ ਨੂੰ ਤੋਲਣ ਵਾਸਤੇ ਹੇਠਾਂ ਲਾਹਿਆ, ਉਸ ਦਾ ਮੂੰਹ ਖੋਲ੍ਹ ਕੇ ਜਦ ਵੇਖਿਆ॥੩੭॥

ਭਰੀ ਹੁਤੀ ਜੇਤਿਕ ਤਬਿ ਦੀਨੋ। ਗੁਰ ਕੇ ਸਿੱਖਜਨਿ ਖਾਇ ਸੁ ਲੀਨੋ।
ਤਿਤਿਕ ਭਰੀ ਮੁਖ ਲੌ ਤਿਨ ਹੇਰੀ। ਰਹੀ ਬ੍ਰੱਧਿ ਬਿਸਮਾਇ ਬਡੇਰੀ॥ ੩੮॥

ਕੁੱਪੀ ਓਨੀ ਹੀ ਭਰੀ ਹੋਈ ਸੀ, ਜਿੰਨੀ ਗੁਰੂ ਜੀ ਦੇ ਸਿੱਖਾਂ ਨੂੰ ਘਿਉ ਦੇਣ ਤੋਂ ਪਹਿਲਾਂ ਸੀ, ਜਿਹੜਾ ਗੁਰੂ ਜੀ ਦੇ ਸਿੱਖਾਂ ਨੇ ਖਾ ਲਿਆ ਸੀ। ਓਨੀ ਹੀ ਮੂੰਹ ਤਕ ਭਰੀ ਵੇਖੀ, ਇਹ ਵੇਖ ਕੇ ਉਸ ਦੀ ਬੁੱਧੀ ਬਹੁਤ ਹੈਰਾਨ ਰਹਿ ਗਈ॥੩੮॥

ਇਹ ਕਹਾ ਭਯੋ ਨ ਜਾਨਯੋ ਜਾਇ। ਤਹਾਂ ਘ੍ਰਿਤ ਲੀਨੋ ਤਿਨ ਖਾਇ।
ਹੁਤੋ ਅਲਪ ਹੀ ਸੋ ਮੈਂ ਆਨਯੋ। ਭਯੋ ਤਿਤੋ ਕੁਛ ਜਾਇ ਨ ਜਾਨਯੋ॥ ੩੯॥

ਇਹ ਕੀ ਹੋ ਗਿਆ ਹੈ, ਇਹ ਜਾਣਿਆ ਨਹੀਂ ਜਾਂਦਾ, ਉਥੇ ਉਨ੍ਹਾਂ ਘਿਉ ਖਾ ਲਿਆ ਸੀ, ਥੋੜਾ ਰਹਿ ਗਿਆ ਸੀ, ਉਹ ਮੈਂ ਲੈ ਆਇਆ ਸੀ, ਪਰ ਓਨੇ ਦਾ ਓਨਾ ਰਹਿ ਗਿਆ ਹੈ, ਕੁਝ ਭੇਦ ਜਾਣਿਆ ਨਹੀਂ ਜਾਂਦਾ॥੩੯॥

ਰਹਯੋ ਬਿਚਾਰਤਿ ਕੇਤਿਕ ਸਮੋ। ਲਖਯੋ ਪ੍ਰਤਾਪ ਕਰਤਿ ਭਾ ਨਮੋ।
ਭਗਤੂ ਨਿਕਟਿ ਗਯੋ ਤਤਕਾਲਾ। ਗਹੇ ਚਰਨ ਕਹਿ ਬਿਨੈ ਬਿਸਾਲਾ॥ ੪੦॥

ਕਾਫ਼ੀ ਸਮੇਂ ਤਕ ਵਿਚਾਰ ਕਰਦਾ ਰਿਹਾ, ਭਗਤੂ ਦੇ ਪ੍ਰਤਾਪ ਨੂੰ ਸਮਝਿਆ ਤੇ ਬੰਦਨਾ ਕੀਤੀ। ਤੁਰਤ ਭਗਤੂ ਦੇ ਪਾਸ ਗਿਆ ਤੇ ਚਰਨ ਫੜ ਕੇ ਸਨਿਮਰ ਬੇਨਤੀ ਕੀਤੀ॥੪੦॥

'ਮੈਂ ਰਾਵਰ ਕੀ ਸ਼ਰਣ ਪਹੂਚਾ। ਤੁਮ ਗਹੀਰ ਆਸ਼ੈ ਮਤਿ ਊਚਾ।
ਅਨੁਰਾਗਯੋ ਮੈਂ ਤਯਾਗਯੋ ਨਾਂਹੀ। ਕਰਹੁ ਸਿੱਖ ਰਾਖਹੁ ਨਿਜ ਪਾਂਹੀ' ॥ ੪੧॥

"ਮੈਂ ਆਪ ਜੀ ਦੀ ਸ਼ਰਨ ਵਿਚ ਆਇਆ ਹਾਂ, ਤੁਸੀਂ ਡੂੰਘੇ ਆਸ਼ੇ ਅਤੇ ਉੱਚੀ ਮੱਤ ਵਾਲੇ ਹੋ। ਮੈਨੂੰ ਤੁਹਾਡੇ ਨਾਲ ਪ੍ਰੇਮ ਹੋ ਗਿਆ ਹੈ, ਹੁਣ ਮੈਨੂੰ ਛੱਡਣਾ ਨਹੀਂ, ਆਪਣਾ ਸਿੱਖ ਬਣਾ ਕੇ ਆਪਣੇ ਪਾਸ ਰੱਖੋ॥੪੦॥

ਸੁਨਿ ਕਰਿ ਭਗਤੂ ਬਾਕ ਉਚਾਰਾ। 'ਸ੍ਰੀ ਸਤਿਗੁਰ ਹੈ ਪੁਰਖ ਉਦਾਰਾ।
ਮਹਾਂਰਾਜ ਰਾਜਨ ਕੇ ਰਾਜਾ। ਰਾਜਤਿ ਤੀਨ ਲੋਕ ਸਿਰਤਾਜਾ॥ ੪੨॥

ਇਹ ਸੁਣ ਕੇ ਭਾਈ ਭਗਤੂ ਨੇ ਬਚਨ ਕੀਤਾ, "ਸ੍ਰੀ ਸਤਿਗੁਰੂ ਜੀ ਉੱਤਮ ਪੁਰਖ ਹਨ। ਮਹਾਰਾਜ ਰਾਜਿਆਂ ਦੇ ਰਾਜਾ ਹਨ, ਉਹ ਤਿੰਨਾਂ ਲੋਕਾਂ ਦੇ ਸਿਰਤਾਜ ਪ੍ਰਕਾਸ਼ ਰਹੇ ਹਨ॥੪੨॥

ਤਿਨ ਕੇ ਹਮ ਸਮਾਨ ਪਰਧਾਨ। ਸਮ ਸੈਨਪ ਕੇ ਸੁਭਟ ਮਹਾਨ।
ਸਤਿਗੁਰ ਅਛਤ ਨ ਉਚਿਤ ਹਮਾਰੇ। ਸਿੱਖ ਬਨਾਇ ਤੁਹਿ ਕਰਹਿਂ ਉਧਾਰੇ॥੪੩॥

ਤਿਸ ਮਹਾਰਾਜੇ ਦੇ ਅਸੀਂ ਮੰਤਰੀਆਂ ਵਰਗੇ ਹਾਂ, ਇਕ ਮਹਾਨ ਸੂਰਮਿਆਂ ਦੇ ਸੈਨਾਪਤੀ ਵਾਂਗ ਹਾਂ। ਸਿੱਖ ਬਣਾਉਣਾ ਸਤਿਗੁਰੂ ਜੀ ਵਾਸਤੇ ਜੋਗ ਹੈ, ਸਾਡੇ ਵਾਸਤੇ ਇਹ ਉਚਿਤ ਨਹੀਂ ਹੈ, ਉਹ ਤੈਨੂੰ ਸਿੱਖ ਬਣਾ ਕੇ ਤੇਰਾ ਉਧਾਰ ਕਰਨਗੇ॥੪੩॥

ਜਾਹੁ ਸ਼ਰਨ ਅਬਿ ਸ੍ਰੀ ਹਰਿਰਾਇ। ਕਰਹਿਂ ਸੇਖ ਨਿਜ ਦਾਸ ਬਨਾਇ'।
ਸੁਨਿ ਕਰ ਜੋਰਤਿ ਬਾਕ ਬਖਾਨਾ। 'ਮੈਂ ਅਬਿ ਇਕ ਰਾਵਰ ਕੋ ਜਾਨਾ॥ ੪੪॥

ਹੁਣੇ ਹੀ ਸ੍ਰੀ ਗੁਰੂ ਹਰਿਰਾਇ ਜੀ ਦੀ ਸ਼ਰਨ ਵਿਚ ਚਲੇ ਜਾਵੋ, ਆਪਣਾ ਸੇਵਕ ਬਣਾ ਕੇ ਤੁਹਾਡਾ ਕਲਿਆਣ ਕਰ ਦੇਣਗੇ।" ਇਹ ਸੁਣ ਕੇ ਵਪਾਰੀ ਨੇ ਹੱਥ ਜੋੜ ਕੇ ਕਿਹਾ, "ਮੈਂ ਤਾਂ ਹੁਣ ਇਕ ਆਪ ਨੂੰ ਹੀ ਜਾਣਿਆ ਹੈ॥੪੪॥

ਸਤਿਗੁਰ ਨਿਕਟਿ ਚਲਹੁ ਲੇ ਸਾਥ। ਧਰੌਂ ਚਰਨ ਕਮਲਨਿ ਪਰ ਮਾਥ।
ਕਹਿ ਕਰਿ ਤਿਨ ਕੋ ਸਿੱਖ ਬਨਾਵਹੁ। ਜਨਮ ਜਨਮ ਕੋ ਕਸ਼ਟ ਮਿਟਾਵਹੁ ॥੪੫॥

ਸਤਿਗੁਰੂ ਜੀ ਦੇ ਪਾਸ ਮੈਨੂੰ ਨਾਲ ਲੈ ਕੇ ਚਲੋ, ਮੈਂ ਉਨ੍ਹਾਂ ਦੇ ਚਰਨਕੰਵਲਾਂ 'ਤੇ ਮੱਥਾ ਰੱਖਾਂਗਾ। ਉਨ੍ਹਾਂ ਨੂੰ ਕਹਿ ਕੇ ਮੈਨੂੰ ਸਿੱਖ ਬਣਾਵੋ ਤੇ ਜਨਮ-ਜਨਮ ਦੇ ਕਸ਼ਟ ਮਿਟਾਵੋ" ॥੪੫॥

ਭਯੋ ਦਯਾਲ ਭਗਤੂ ਤਿਸ ਕਾਲ। ਲੇ ਕਰਿ ਚਲਯੋ ਆਪਨੇ ਨਾਲ।
ਜਹਾਂ ਬਿਰਾਜਤਿ ਸ੍ਰੀ ਹਰਿਰਾਇ। ਪਹੁਚੇ, ਬੈਠੇ ਸੀਸ ਨਿਵਾਇ॥ ੪੬॥

ਉਸ ਸਮੇਂ ਭਗਤੂ ਬਹੁਤ ਦਿਆਲੂ ਹੋ ਗਿਆ ਤੇ ਵਪਾਰੀ ਨੂੰ ਆਪਣੇ ਨਾਲ ਲੈ ਕੇ ਚਲ ਪਿਆ। ਜਿਥੇ ਗੁਰੂ ਹਰਿਰਾਇ ਜੀ ਬਿਰਾਜ ਰਹੇ ਸਨ, ਉਥੇ ਪਹੁੰਚ ਕੇ ਸਿਰ ਨਿਵਾ ਕੇ ਬੈਠ ਗਏ॥੪੬॥

ਬਿਹਸ ਬਦਨ ਤੇ ਗੁਰੂ ਉਚਾਰੀ। 'ਆਵਹੁ ਭਾਈ! ਪਰਉਪਕਾਰੀ!।
ਆਨਯੋ ਕੌਨ ਆਪਨੇ ਸੰਗ?। ਕਯੋਂ ਨ ਅਜਾਇਬ ਰੰਗਯੋ ਰੰਗ?' ॥ ੪੭॥

ਗੁਰੂ ਜੀ ਨੇ ਮੁਖ ਤੋਂ ਮੁਸਕਰਾ ਕੇ ਕਿਹਾ, "ਭਾਈ ਪਰਉਪਕਾਰੀ ਜੀ! ਆਪਣੇ ਨਾਲ ਕਿਸ ਨੂੰ ਲਿਆਏ ਹੋ? ਇਸ ਨੂੰ ਆਪਣੇ ਅਜੀਬ ਰੰਗ ਵਿਚ ਕਿਉਂ ਨਹੀਂ ਰੰਗਿਆ ਹੈ? ॥੪੭॥

ਤਬਿ ਭਗਤੂ ਕਰ ਬੰਦਿ ਬਖਾਨਾ। 'ਜਹਾਂ ਬਿਰਾਜਤਿ ਚੰਦ ਮਹਾਨਾ।
ਕਹਾਂ ਸ਼ਕਤਿ ਪਰਕਾਸ਼ਹਿ ਤਾਰਾ। ਏਵ ਜਥੋਚਿਤ ਰਿਦੈ ਬਿਚਾਰਾ॥ ੪੮॥

ਫਿਰ ਭਾਈ ਭਗਤੂ ਨੇ ਹੱਥ ਜੋੜ ਕੇ ਕਿਹਾ, "ਜਿਥੇ ਮਹਾਨ ਚੰਦ ਬਿਰਾਜਤ ਹੋਵੇ, ਉਥੇ ਤਾਰੇ ਵਿਚ ਪ੍ਰਕਾਸ਼ ਕਰਨ ਦੀ ਸ਼ਕਤੀ ਕਿਥੇ ਹੁੰਦੀ ਹੈ। ਇਸ ਤਰ੍ਹਾਂ ਯਥਾਚਿਤ ਹਿਰਦੇ ਵਿਚ ਵਿਚਾਰਿਆ ਹੈ॥੪੮॥

ਦਿਹੁ ਚਰਨਾਮ੍ਰਿਤ ਸਿੱਖ ਕਰੀਜੈ। ਗੁਰਮਤਿ ਉਪਦੇਸ਼ਹੁ ਸੁਖ ਦੀਜੈ।
ਚਲਿ ਆਯੋ ਹ੍ਵੈਕੈ ਸ਼ਰਧਾਲੂ। ਤੁਮ ਕ੍ਰਿਪਾਲ ਕਰਿ ਦੇਹੁ ਨਿਹਾਲੂ॥ ੪੯॥

ਇਸ ਨੂੰ ਚਰਨਾਮ੍ਰਿਤ ਦੇ ਕੇ ਆਪਣਾ ਸਿੱਖ ਬਣਾਵੋ, ਗੁਰਮਤਿ ਦਾ ਉਪਦੇਸ਼ ਦੇ ਕੇ ਸੁੱਖ ਦੇਵੋ। ਇਹ ਤੁਹਾਡਾ ਸ਼ਰਧਾਲੂ ਹੋ ਕੇ ਚੱਲ ਕੇ ਆਇਆ ਹੈ। ਤੁਸੀਂ ਕ੍ਰਿਪਾ ਕਰਕੇ ਇਸ ਨੂੰ ਨਿਹਾਲ ਕਰ ਦੇਵੋ" ॥੪੯॥

ਤਬਿ ਸਤਿਗੁਰ ਅਨਵਾਇ ਸੁ ਜਲ ਕੋ। ਕਰੇ ਪਖਾਰਨਿ ਚਰਨ ਕਮਲ ਕੋ।
ਕ੍ਰਿਪਾ ਸਹਿਤ ਹੁਇ ਪਾਹੁਲ ਦੀਨਿ। 'ਕਹਾਂ ਨਾਮ ਤੁਹਿ?' ਬੂਝਨ ਕੀਨਿ॥੫੦॥

ਤਦ ਸਤਿਗੁਰੂ ਜੀ ਨੇ ਸ੍ਰੇਸ਼ਟ ਜਲ ਮੰਗਵਾਇਆ ਤੇ ਆਪਣੇ ਚਰਨ ਕੰਵਲਾਂ ਨੂੰ ਧੋਤਾ। ਕਿਰਪਾ ਸਹਿਤ ਹੋ ਕੇ ਪਾਹੁਲ ਦਿੱਤੀ, "ਤੁਹਾਡਾ ਕੀ ਨਾਂ ਹੈ?" ਉਸ ਨੂੰ ਪੁਛਿਆ॥੫੦॥

ਬੋਲਯੋ 'ਸੁਨੀਅਹਿ ਕਰੁਨਾ ਧਾਮ! ਪਿਤ ਰਾਖਯੋ ਮਮ ਸੰਗਤ ਨਾਮ।
ਲਵਨ ਘ੍ਰਿਤਾਦਿ ਉਠਾਵਨਿ ਕਰੌਂ। ਇਕ ਦੁਇ ਗ੍ਰਾਮਨ ਫੇਰਾ ਫਿਰੌਂ॥ ੫੧॥

ਉਹ ਬੋਲਿਆ, "ਹੇ ਕਿਰਪਾ ਦੇ ਘਰ ! ਸੁਣੋ, ਮੇਰੇ ਪਿਤਾ ਜੀ ਨੇ ਮੇਰਾ ਨਾਂ ਸੰਗਤ ਰੱਖਿਆ ਸੀ। ਲੂਣ ਘਿਉ ਚੁਕੀ ਫਿਰਦਾ ਹਾਂ, ਇਕ ਦੋ ਪਿੰਡਾਂ ਵਿਚ ਫੇਰੀ ਲਾਉਂਦਾ ਫਿਰਦਾ ਹਾਂ॥੫੧॥

ਇਮ ਫਿਰਿਤੇ ਮਮ ਜੀਵਾ ਹੋਇ। ਬਿਤੀ ਆਰਬਲ ਪੂਰਬ ਜੋਇ'।
ਸੁਨਿ ਬੋਲੇ ਸਤਿਗੁਰ ਹਰਿਰਾਇ। 'ਅਬਿ ਤੇ ਹੁਇ ਫੇਰੂ ਤੁਵ ਨਾਇ॥ ੫੨॥

ਇਸ ਤਰ੍ਹਾਂ ਫਿਰਨ ਨਾਲ ਮੇਰੀ ਰੋਟੀ ਰੋਜ਼ੀ ਤੁਰਦੀ ਹੈ, ਪਹਿਲੀ ਸਾਰੀ ਉਮਰ ਇਸ ਤਰ੍ਹਾਂ ਬੀਤੀ ਹੈ।" ਇਹ ਸੁਣ ਕੇ ਸਤਿਗੁਰੂ ਹਰਿਰਾਇ ਜੀ ਬੋਲੇ, "ਹੁਣ ਤੇਰਾ ਨਾਂ ਫੇਰੂ ਹੋਵੇਗਾ॥੫੨॥

ਫੇਰਾ ਕਰਤਿ ਮਿਲੵੋ ਹਰਿਜਨ ਕੋ। ਪਰੵੋ ਸ਼ਰਨ ਕਰਿ ਸੂਧਾ ਮਨ ਕੋ।
ਅਬਿ ਸਭਿ ਤਜਿ ਕਰਿ ਦੇਗ ਚਲਾਵਹੁ। ਸੱਤਿਨਾਮ ਸਿਮਰਹੁ ਗੁਨ ਗਾਵਹੁ॥੫੩॥

ਫੇਰਾ ਕਰਦਾ ਤੂੰ ਹਰੀ ਦੇ ਮਨੁੱਖ ਨੂੰ ਮਿਲਿਆ ਹੈਂ ਤੇ ਸ਼ੁੱਧ ਮਨ ਕਰਕੇ ਉਨ੍ਹਾਂ ਦੀ ਸ਼ਰਨੀਂ ਪਿਆ ਹੈਂ। ਹੁਣ ਸਾਰੇ ਕੰਮ ਛੱਡ ਕੇ ਲੰਗਰ ਚਲਾਵੇਂ ਤੇ ਸਤਿਨਾਮ ਸਿਮਰ ਕੇ ਪ੍ਰਭੂ ਦੇ ਗੁਣ ਗਾਵੇਂ॥੫੩॥

ਤੇ ਪਰ ਭਗਤੂ ਕੋ ਉਪਕਾਰ। ਇਨ ਕੇ ਪਗ ਪਰ ਸਿਰ ਕੋ ਧਾਰਿ।
ਜੋ ਚੇਲੇ ਤੁਵ ਬਨਹਿਂ ਵਿਸ਼ੇਸ਼। ਸੋ ਮਾਨਹਿਂ ਇਸ ਬੰਸ ਹਮੇਸ਼'॥ ੫੪॥

ਤੇਰੇ ਉੱਤੇ ਭਾਈ ਭਗਤੂ ਨੇ ਉਪਕਾਰ ਕੀਤਾ ਹੈ, ਇਨ੍ਹਾਂ ਦੇ ਚਰਨਾਂ ਉੱਤੇ ਆਪਣਾ ਸਿਰ ਨਿਵਾਉ, ਜਿਹੜੇ ਤੇਰੇ ਵਿਸ਼ੇਸ਼ ਚੇਲੇ ਬਣਨਗੇ, ਉਹ ਸਾਰੇ ਹਮੇਸ਼ਾਂ ਇਸ ਵੰਸ਼ ਨੂੰ ਮੰਨਣਗੇ"॥੫੪॥

ਸੁਨਿ ਸਤਿਗੁਰ ਤੇ ਭਯੋ ਨਿਹਾਲ। ਕਦਮ ਪਦਮ ਸਮ ਧਰਿ ਕਰਿ ਭਾਲ।
ਪੁਨ ਭਗਤੂ ਪਦਬੰਦਨ ਕੀਨਿ। ਭਯੋ ਨਾਮ ਫੇਰੂ ਜਗ ਚੀਨ॥ ੫੫॥

ਸਤਿਗੁਰੂ ਜੀ ਤੋਂ ਇਹ ਸੁਣ ਕੇ ਨਿਹਾਲ ਹੋ ਗਿਆ ਤੇ ਗੁਰੂ ਜੀ ਦੇ ਚਰਨ ਕੰਵਲਾਂ 'ਤੇ ਮੱਥਾ ਰਖਿਆ। ਫਿਰ ਭਾਈ ਭਗਤੂ ਦੇ ਚਰਨਾਂ 'ਤੇ ਵੀ ਬੰਦਨਾ ਕੀਤੀ। ਉਸ ਦਾ ਨਾਮ ਫੇਰੂ ਹੋ ਗਿਆ, ਸਾਰੇ ਜੱਗ ਨੇ ਇਸ ਨਾਂ ਨਾਲ ਜਾਣਿਆ॥੫੫॥

ਕਾਰ ਦੇਗ ਕੀ ਲਈ ਸੰਭਾਲਿ। ਕਰਿਬੇ ਲਗੵੋ ਅਹਾਰ ਬਿਸਾਲ।
ਅਧਿਕ ਭਾਉ ਤੇ ਸਭਿ ਕੋ ਦੇਤਿ। ਤ੍ਰਿਪਤਾਵੈ ਬਹੁ ਖੁਸ਼ੀਯਨਿ ਲੇਤਿ॥ ੫੬॥

ਲੰਗਰ ਦੀ ਸੇਵਾ ਸੰਭਾਲ ਲਈ ਤੇ ਵਿਸ਼ਾਲ ਭੋਜਨ ਤਿਆਰ ਕਰਨ ਲੱਗਾ। ਬਹੁਤ ਪ੍ਰੇਮ ਨਾਲ ਸਭ ਨੂੰ ਭੋਜਨ ਦਿੰਦਾ ਸੀ ਤੇ ਹਰ ਇਕ ਨੂੰ ਤ੍ਰਿਪਤ ਕਰਕੇ ਬਹੁਤ ਖੁਸ਼ੀਆਂ ਲੈਂਦਾ ਸੀ॥੫੬॥

ਅਬਿ ਲਗਿ ਜਹਿਂ ਸਮਾਧਿ ਤਿਸ ਕੇਰੀ। ਚਲਹਿ ਦੇਗ ਦਿਨ ਰੈਨਿ ਬਡੇਰੀ।
ਚੇਲੇ ਅਨਗਿਨ ਤਿਸਕੇ ਭਏ। ਅਨਿਕ ਥਾਨ ਮਹਿਂ ਫੈਲਤਿ ਭਏ॥ ੫੭॥

ਹੁਣ ਤਕ ਜਿਥੇ ਉਸ ਦੀ ਸਮਾਧ ਹੈ, ਉਥੇ ਦਿਨ ਰਾਤ ਲੰਗਰ ਚਲਦਾ ਹੈ। ਉਸ ਦੇ ਬਹੁਤ ਚੇਲੇ ਹੋਏ ਹਨ, ਅਨੇਕ ਥਾਵਾਂ 'ਤੇ ਉਹ ਫੈਲੇ ਹੋਏ ਹਨ॥੫੭॥

ਦਸਮੇ ਪਾਤਸ਼ਾਹੁ ਲਗਿ ਜੀਵਾ। ਧਨੀ ਬਿਸਾਲ ਦੇਗ ਕੋ ਥੀਵਾ।
ਕੁਛ ਪ੍ਰਸੰਗ ਆਗੇ ਇਸ ਕਹੌਂ। ਜਿਸ ਬਿਧਿ ਸੁਨਿ ਸੰਤਨਿ ਤੇ ਲਹੌਂ॥ ੫੮॥

ਦਸਮੇ ਪਾਤਸ਼ਾਹ ਤਕ ਜੀਉਂਦਾ ਰਿਹਾ, ਵੱਡਾ ਧਨੀ ਸੀ ਤੇ ਵਿਸ਼ਾਲ ਲੰਗਰ ਲਾਉਂਦਾ ਸੀ। ਇਸ ਦਾ ਪ੍ਰਸੰਗ ਕੁਝ ਅੱਗੇ ਜਾ ਕੇ ਕਹਾਂਗਾ, ਜਿਸ ਪ੍ਰਕਾਰ ਸੰਤਾਂ ਤੋਂ ਸੁਣ ਲਵਾਂਗਾ॥੫੮॥

*ਅਠਵੀਂ ਰਾਸ ਦਾ ਸੱਠਵਾਂ ਅਧਿਆਇ ਸਮਾਪਤ ਹੋਇਆ॥੬੦॥*

*ਅਠਵੀਂ ਰਾਸ ਸਮਾਪਤ ਹੋਈ॥*

ੴ ਸਤਿਗੁਰ ਪ੍ਰਸਾਦਿ॥

## ਨੌਂਵੀਂ ਰਾਸ

# ਅਧਿਆਇ ਪਹਿਲਾ

### ਮੰਗਲਾਚਰਣ: ਸ੍ਰੀ ਗੁਰੂ ਹਰਿਰਾਇ ਜੀ ਨਿੱਤ ਕਰਮ

*੧. ਇਸ਼ਟ ਦੇਵ-ਸ੍ਰੀ ਅਕਾਲ ਪੁਰਖ ਦਾ ਮੰਗਲ*

ਸ੍ਵੈਯਾ- ਸ੍ਰੀ ਪੁਰਸ਼ੋਤਮ ਪੂਰਨ ਹੈ, ਪਰਮਾਤਮ ਪਾਲਕ, ਲੇਪ ਨ ਮਾਯਾ।
ਸ੍ਰੀ ਪਰਮੇਸ਼ੁਰ, ਮਾਧਵ, ਪਾਵਨ, ਪੋਖਕ, ਪ੍ਰੇਰਕ, ਪਾਰ ਨ ਪਾਯਾ।
ਜੈ ਕਰਿਤਾ ਜਗਦੀਸ਼, ਜਜੇ ਜਗ ਜੀਵਨ, ਜੋਨਿ ਬਿਨਾ, ਜਸ ਛਾਯਾ।
ਸ੍ਰੀ ਪਤਿ, ਜੋਤਿ ਸਰੂਪ ਅਨੂਪਮ, ਭੂਪਨ ਭੂਪ, ਨਮੋ ਹਰਿਰਾਯਾ॥ ੧॥

ਸ੍ਰੀ ਅਕਾਲ ਪੁਰਖ ਸਰਬ ਪੂਰਨ ਹੈ, ਉਹ ਜੀਵਾਂ ਦਾ ਪਾਲਕ ਪਰਮਾਤਮਾ ਹੈ। ਉਹ ਮਾਇਆ ਕਰਕੇ ਲਿਪਾਇਮਾਨ ਨਹੀਂ ਹੈ। ਉਹੀ ਪਰਮ ਈਸ਼ਵਰ ਹੈ, ਮਾਇਆ ਦਾ ਪਤੀ ਹੈ, ਪਵਿੱਤਰ ਹੈ, ਪੋਖਕ ਹੈ ਤੇ ਪ੍ਰੇਰਕ ਹੈ, ਜਿਸ ਦਾ ਅੰਤ ਕਿਸੇ ਨਹੀਂ ਪਾਇਆ ਹੈ। ਉਸ ਜਗਤ ਦੇ ਈਸ਼ਵਰ ਦੀ ਜੈ ਹੋਵੇ, ਜੋ ਸਾਰੇ ਸੰਸਾਰ ਦਾ ਕਰਤਾਪੁਰਖ ਹੈ, ਜਿਸ ਨੂੰ ਸਾਰਾ ਜਗ ਪੂਜਦਾ ਹੈ, ਉਹੀ ਜਗਤ ਦਾ ਜੀਵਨ ਹੈ ਅਤੇ ਉਹੀ ਜਨਮ ਮਰਨ ਤੋਂ ਰਹਿਤ ਹੈ ਅਤੇ ਉਸਦਾ ਜੱਸ ਸਾਰੇ ਸੰਸਾਰ ਵਿਚ ਫੈਲਿਆ ਹੋਇਆ ਹੈ। ਉਹ ਸਰਬ ਸ਼ੋਭਾ ਦਾ ਸਵਾਮੀ ਹੈ, ਸਰੂਪ ਉਸਦਾ ਅਨੂਪਮ ਪ੍ਰਕਾਸ਼ ਹੈ। ਉਹ ਰਾਜਿਆਂ ਦਾ ਰਾਜਾ ਹੈ, ਐਸੇ ਪ੍ਰਕਾਸ਼-ਮਈ ਹਰੀ ਨੂੰ ਮੇਰੀ ਨਮਸਕਾਰ ਪ੍ਰਵਾਨ ਹੋਵੇ॥੧॥

*੨. ਕਵਿ-ਸੰਕੇਤ ਮਰਯਾਦਾ ਦਾ ਮੰਗਲ*

ਸ੍ਰੀ ਮੁਖ ਪੰਕਜ ਕੀ ਸਮ ਹੈ, ਜਗ ਬਯਾਪਕ ਹੋਇ ਬਨੀ ਗਨ ਬਾਨੀ।
ਨੌ ਨਿਧਿ ਦਾ ਸਿਧਿ ਦਾ ਸ਼ੁਧਿ ਦੇਤਿ, ਨਿਕੇਤ ਕ੍ਰਿਪਾ, ਸੁਖ ਹੇਤੁ ਮਹਾਨੀ।
ਦੇਵਨ ਕੇ ਗਨ ਮਾਨਤਿ ਹੈਂ, ਜਸੁ ਠਾਨਤਿ ਹੈਂ, ਬਰਦਾਇਕ ਜਾਨੀ।
ਸਾਰਸੁਤੀ! ਕਰ ਬੇਣਵਤੀ! ਮੁਝ ਦੇਹੁ ਮਤੀ, ਪਦ ਬੰਦਨ ਠਾਨੀ॥੨॥

ਜਿਸ ਦਾ ਸ਼ੋਭਾ ਵਾਲਾ ਮੁੱਖ ਕੰਵਲ ਵਰਗਾ ਹੈ ਅਤੇ ਜੋ ਬਾਣੀ ਰੂਪ ਹੋ ਕੇ ਸਾਰੇ ਜਗਤ ਵਿਚ ਵਿਆਪਕ ਹੋ ਰਹੀ ਹੈ। ਨੌਂ ਨਿਧੀਆਂ ਅਠਾਰਾਂ ਸਿੱਧੀਆਂ ਤੇ ਉੱਜਲਤਾ ਦੀ ਦਾਤੀ ਹੈ, ਕ੍ਰਿਪਾ ਦਾ ਘਰ ਤੇ ਸੁਖਾਂ ਦਾ ਮਹਾਨ ਕਾਰਨ ਹੈ। ਜਿਸ ਨੂੰ ਦੇਵਤੇ ਵਰ ਦਾਤੀ ਜਾਣ ਕੇ ਮੰਨਦੇ ਹਨ ਤੇ ਜੱਸ ਕਰਦੇ ਹਨ। ਹੇ ਹੱਥਾਂ ਵਿਚ ਵੀਣਾ ਧਾਰਨ ਕਰਨ ਵਾਲੀ ਸਰਸਵਤੀ ਮਾਤਾ ਜੀ! ਮੈਨੂੰ ਸ੍ਰੇਸ਼ਟ ਬੁੱਧੀ ਬਖਸ਼ੋ, ਮੈਂ ਤੇਰੇ ਚਰਨਾਂ 'ਤੇ ਬੰਦਨਾ ਕਰਦਾ ਹਾਂ॥੨॥

*੩. ਇਸ਼ਟ ਗੁਰੂ-ਸ੍ਰੀ ਗੁਰੂ ਨਾਨਕ ਦੇਵ ਜੀ ਦਾ ਮੰਗਲ*

ਦੋਹਰਾ- ਪਾਰ ਬ੍ਰਹਮ, ਕਰਤਾ ਪੁਰਖ, ਸ੍ਰੀ ਨਾਨਕ ਅਵਤਾਰ।
ਦਾਸਨ ਬ੍ਰਿੰਦ ਅਨੰਦ ਦੇ ਤਿਨ ਪਦ ਬੰਧਨ ਧਾਰਿ॥ ੩॥

ਸ੍ਰੀ ਗੁਰੂ ਨਾਨਕ ਦੇਵ ਜੀ ਪਾਰਬ੍ਰਹਮ ਕਰਤਾਪੁਰਖ ਵਾਹਿਗੁਰੂ ਦੇ ਅਵਤਾਰ ਹਨ ਅਤੇ ਸਮੂਹ ਅਨੰਦ ਦੇ ਦਾਤੇ ਹਨ, ਉਨ੍ਹਾਂ ਦੇ ਚਰਨ ਕੰਵਲਾਂ 'ਤੇ ਮੈਂ ਨਮਸਕਾਰ ਕਰਦਾ ਹਾਂ॥੩॥

੪. ਇਸ਼ ਗੁਰੂ-ਸ੍ਰੀ ਗੁਰੂ ਅੰਗਦ ਦੇਵ ਜੀ ਦਾ ਮੰਗਲ

ਸ੍ਰੀ ਅੰਗਦ ਦੂਸਰ ਗੁਰੂ ਦਰਸ਼ਨ ਤੇ ਸੁਖ ਦੇਤਿ।
ਚਰਨ ਸਰੋਜਨਿ ਬੰਦਨਾਂ ਆਨੰਦ ਕ੍ਰਿਪਾ ਨਿਕੇਤ॥ ੪॥

ਦੂਸਰੀ ਪਾਤਸ਼ਾਹੀ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਚਰਨ ਕੰਵਲਾਂ 'ਤੇ ਮੈਂ ਨਮਸਕਾਰਾ ਕਰਦਾ ਹਾਂ, ਜਿਹੜੇ ਦਰਸ਼ਨ ਕਰਨ ਨਾਲ ਹੀ ਸੁਖ ਦੇ ਦਿੰਦੇ ਹਨ ਤੇ ਜੋ ਅਨੰਦ ਤੇ ਕਿਰਪਾ ਦੇ ਘਰ ਹਨ॥੪॥

੫. ਇਸ਼ ਗੁਰੂ-ਸ੍ਰੀ ਗੁਰੂ ਅਮਰਦਾਸ ਜੀ ਦਾ ਮੰਗਲ

ਅਧਿਕ ਬ੍ਰਿਧ ਸੇਵਨ ਲਗੇ, ਅਧਿਕ ਬ੍ਰਿੱਧ ਕਰਿ ਸੇਵ॥
ਬੰਦੌਂ ਜੋ ਬ੍ਰਿਧ ਅਧਿਕ ਹ੍ਵੈ ਭਏ ਜਗਤ ਗੁਰਦੇਵ॥ ੫॥

ਸ੍ਰੀ ਗੁਰੂ ਅਮਰਦਾਸ ਜੀ ਬਹੁਤ ਬ੍ਰਿਧ ਅਵਸਥਾ ਵਿਚ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸੇਵਾ ਕਰਨ ਲੱਗੇ ਤੇ ਫਿਰ ਵੱਧ ਤੋਂ ਵੱਧ ਸੇਵਾ ਕੀਤੀ, ਤਿਸ ਸਤਿਗੁਰੂ ਜੀ ਨੂੰ ਮੈਂ ਨਮਸਕਾਰ ਕਰਦਾ ਹਾਂ ਜੋ ਜਗਤ ਦੇ ਮਹਾਨ ਗੁਰੂ ਹੋਏ ਹਨ॥੫॥

੬. ਇਸ਼ ਗੁਰੂ-ਸ੍ਰੀ ਗੁਰੂ ਰਾਮ ਦਾਸ ਜੀ ਦਾ ਮੰਗਲ

ਰਾਮ ਰਾਮ ਇਕ ਨਾਮ ਹੈ ਭਏ ਬਿਸ਼ੇਸ਼ਨ ਦੋਇ।
ਰਾਜਾ ਭਗਤਿ ਸਰੂਪ ਤੇ ਚੰਦ ਦਾਸ ਲਖਿ ਸੋਇ॥ ੬॥

ਸ੍ਰੀ ਗੁਰੂ ਰਾਮਦਾਸ ਅਤੇ ਸ੍ਰੀ ਰਾਮ ਚੰਦਰ ਦੇ ਨਾਵਾਂ ਵਿਚ ਨਾਮ 'ਰਾਮ' 'ਰਾਮ' ਹਨ, ਪਰ ਅੱਗੇ ਇਸ ਰਾਮ ਨਾਮ ਨਾਲ ਦੋ ਵਿਸ਼ੇਸ਼ਣ ਉਨ੍ਹਾਂ ਦੇ ਆਪਣੇ ਸਰੂਪ ਤੋਂ ਪਏ ਹਨ। ਰਾਜ ਸਰੂਪ ਹੋਣ ਕਰਕੇ ਸ੍ਰੀ ਰਾਮਚੰਦਰ ਦੇ ਨਾਮ ਦੇ ਪਿੱਛੇ ਰਜੋਗੁਣੀ ਵਿਸ਼ੇਸ਼ਣ ਚੰਦ ਪਿਆ ਹੈ ਤੇ ਗੁਰੂ ਜੀ ਭਗਤ ਸਰੂਪ ਹੋਣ ਕਰਕੇ ਉਨ੍ਹਾਂ ਦੇ ਪਿੱਛੇ ਸਤੋਗੁਣੀ ਵਿਸ਼ੇਸ਼ਣ ਦਾਸ ਪਦ ਲੱਗਾ ਹੈ॥੬॥

੭. ਇਸ਼ ਗੁਰੂ-ਸ੍ਰੀ ਗੁਰੂ ਅਰਜਨ ਦੇਵ ਜੀ ਦਾ ਮੰਗਲ

ਤਾਂਹਿ ਬਾਨ ਬਾਨੀ ਇਨਹੁ ਛੇਦਤਿ ਲੱਛ ਬਿਕਾਰ।
ਨਾਮ ਦੋਇ ਇਕ ਰੂਪ ਜਿਨ ਸ੍ਰੀ ਅਰਜੁਨ ਸੁਖਕਾਰ॥ ੭॥

ਸ੍ਰੀ ਅਰਜਨ ਦੇ ਤੀਰ ਤੇ ਗੁਰੂ ਅਰਜਨ ਦੇਵ ਜੀ ਦੀ ਬਾਣੀ ਦੋਵੇਂ ਅਮੋਘ ਹਨ। ਅਰਜਨ ਦੇ ਤੀਰ ਨਿਸ਼ਾਨੇ ਨੂੰ ਵਿੰਨ੍ਹ ਸੁੱਟਦੇ ਸਨ ਤੇ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਕਾਰਾਂ ਨੂੰ ਵਿੰਨ੍ਹ ਦਿੰਦੀ ਹੈ। ਨਾਮ ਤਾਂ ਦੋਵਾਂ ਦਾ ਅਰਜਨ ਹੈ, ਪਰ ਵਜੂਦ ਦੋ ਹਨ॥੭॥

੮. ਇਸ਼ ਗੁਰੂ-ਸ੍ਰੀ ਗੁਰੂ ਹਰਿ ਗੋਬਿੰਦ ਜੀ ਦਾ ਮੰਗਲ

ਮਹਾਬੀਰ, ਅਗਨੀ, ਮਨਹੁਂ, ਅਰਿ ਬਨ, ਜਾਰਤਿ ਬ੍ਰਿੰਦ।
ਜੋਤਿ ਨਾਮ ਤੇ ਏਕ ਹੈ, ਤਨ ਜੁਗ ਹਰਿਗੋਬਿੰਦ॥ ੮॥

ਮਹਾਂਬਲੀ ਸ੍ਰੀ ਗੁਰੂ ਹਰਿਗੋਬਿੰਦ ਜੀ ਤੇ ਅਗਨੀ ਮਾਨੋਂ ਇਕ ਸਮਾਨ ਹਨ, ਕਿਉਂਕਿ ਗੁਰੂ ਜੀ ਵੈਰੀਆਂ ਦੇ ਸਮੂਹ ਨੂੰ ਤੇ ਅਗਨੀ ਵਣ ਸਮੂਹ ਨੂੰ ਸਾੜਦੇ ਹਨ, ਦੋਹਾਂ ਦੀ ਜੋਤ ਨਾਮ ਤੇ ਇਕ ਹੈ ਪਰ ਸਰੂਪ ਦੋ ਹਨ॥੮॥

੯. ਇਸ਼ ਗੁਰੂ-ਸ੍ਰੀ ਗੁਰੂ ਹਰਿਰਾਇ ਜੀ ਦਾ ਮੰਗਲ

ਹਰੀ ਰਾਇ ਸਭਿ ਸੁਰਨਿ ਕੋ ਸੋ ਸਰੂਪ ਹਰੀਰਾਇ।
ਜਗ ਗੁਰਤਾ ਇਹੁ ਅਧਿਕਤਾ ਬੰਦੌਂ ਪੰਕਜ ਪਾਇ॥ ੯॥

ਇੰਦਰ ਕੇਵਲ ਦੇਵਤਿਆਂ ਅਤੇ ਗੁਪਤਾਂ ਦੇ ਰਾਜੇ ਹਨ, ਪਰ ਸ੍ਰੀ ਹਰਿਰਾਇ ਜੀ ਜਗਤ ਦੇ ਗੁਰੂ ਹਨ, ਮੈਂ ਜਗਤ ਗੁਰੂ ਦੇ ਚਰਨ ਕੰਵਲਾਂ 'ਤੇ ਨਮਸਕਾਰ ਕਰਦਾ ਹਾਂ॥ ੯॥

*੧੦. ਇਸ਼ ਗੁਰੂ-ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਦਾ ਮੰਗਲ*

ਨਾਮ ਏਕ ਅਰੁ ਜੋਤਿ ਇਕੁ ਇਸ ਤੇ ਪਰਹਿ ਪਛਾਨ।
ਕਹੈ ਨਾਮ ਇਕ ਬਾਰ ਦ੍ਵੈ ਗੁਰ, ਹਰਿ ਕ੍ਰਿਸ਼ਨ ਸੁਜਾਨ॥ ੧੦॥

ਅੱਠਵੇਂ ਗੁਰੂ ਜੀ ਅਤੇ ਦਵਾਪਰ ਦੇ ਅਵਤਾਰ ਕ੍ਰਿਸ਼ਨ ਦਾ ਨਾਮ ਵੀ ਇਕ ਹੈ ਅਤੇ ਜੋਤ ਵੀ ਇਕ ਹੈ, ਪਰ ਸ੍ਰੇਸ਼ਟ ਲੋਕ ਇਹ ਸਮਝ ਸਕਦੇ ਹਨ ਕਿ ਗੁਰੂ ਜੀ ਦੇ ਨਾਮ ਨੂੰ ਦੋ ਕ੍ਰਿਸ਼ਨ ਲਗਦੇ ਹਨ, ਕਿਉਂਕਿ ਹਰਿ ਦੇ ਅਰਥ ਵੀ ਕ੍ਰਿਸ਼ਨ ਹਨ, ਉਨ੍ਹਾਂ ਦਾ ਨਾਂ ਕ੍ਰਿਸ਼ਨ ਹੈ। ਕ੍ਰਿਸ਼ਨ ਕ੍ਰਿਸ਼ਨ ਭਾਵ ਕ੍ਰਿਸ਼ਨ ਦਾ ਵਰਗ ਹੈ, ਇਸ ਕਰਕੇ ਗੁਰੂ ਜੀ ਦਾ ਨਾਂ ਕ੍ਰਿਸ਼ਨ ਤੋਂ ਵੱਡਾ ਹੈ॥੧੦॥

*੧੧ ਇਸ਼ ਗੁਰੂ-ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਮੰਗਲ*

ਤੇਗ ਬਹਾਦਰ ਸਤਿਗੁਰੂ ਸਾਦਰ ਸਿਮਰੇ ਜੋਇ।
ਹਾਦਰ ਦੇਰ ਬਿਹੀਨ ਹੁਇਂ, ਬੰਦੌਂ ਤਿਨ ਪਦ ਦੋਇ॥ ੧੧॥

ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਜੋ ਆਦਰ ਨਾਲ ਯਾਦ ਕਰਦਾ ਹੈ, ਉਸ ਪਾਸ ਆਪ ਕਿਸੇ ਦੇਰ ਤੋਂ ਬਗੈਰ ਹਾਜ਼ਰ ਹੋ ਜਾਂਦੇ ਸਨ, ਉਨ੍ਹਾਂ ਦੇ ਦੋਹਾਂ ਚਰਨਾਂ 'ਤੇ ਮੇਰੀ ਨਮਸਕਾਰ ਹੈ॥੧੧॥

*੧੨. ਇਸ਼ ਗੁਰੂ-ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਮੰਗਲ*

ਨਾਮ ਪਿਤਾਮੋ ਕੋ ਲੀਯੋ ਹਰਿ ਪਦ ਮ੍ਰਿਗਪਤਿ ਜਾਨਿ।
ਆਗਲ ਪਦ ਪਾਛੇ ਕਹੇ ਗੋਬਿੰਦ ਸਿੰਘ ਬਖਾਨਿ॥ ੧੨॥

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਿਤਾਮੇ ਸ੍ਰੀ ਗੁਰੂ ਹਰਿਗੋਬਿੰਦ ਦਾ ਨਾਮ ਲਿਆਂ ਹੀ ਪਦ ਗੋਬਿੰਦ ਸਿੰਘ ਉਚਾਰਨ ਹੋ ਜਾਂਦਾ ਹੈ। ਜੇ ਅਸੀਂ ਪਹਿਲਾ ਪਦ ਹਰਿ ਬਾਅਦ ਵਿਚ ਕਹਿ ਦੇਈਏ ਕਿਉਂਕਿ ਪਦ ਹਰਿ ਦੇ ਅਰਥ ਵੀ 'ਸਿੰਘ' ਹੀ ਹਨ॥੧੨॥

*੧੩. ਸਮਸਤ ਗੁਰ ਮੰਗਲ*

ਨਵਮੀ ਬਰਨੌਂ ਰਾਸਿ ਅਬਿ, ਸਭਿ ਸਤਿਗੁਰੂ ਮਨਾਇ।
ਬੀਸਹੁਂ ਪਦ ਅਰਬਿੰਦ ਕੋ ਬਾਰ ਬਾਰ ਸਿਰ ਨਜਾਇ॥ ੧੩॥

ਸਾਰੇ ਸਤਿਗੁਰਾਂ ਨੂੰ ਮਨਾ ਕੇ ਤੇ ਉਨ੍ਹਾਂ ਦੇ ਸ੍ਰੇਸ਼ਟ ਚਰਨਾਂ ਕੰਵਲਾਂ 'ਤੇ ਬਾਰ-ਬਾਰ ਸਿਰ ਨਿਵਾ ਕੇ ਹੁਣ ਸ੍ਰੀ ਗੁਰੂ ਸੂਰਜ ਪ੍ਰਕਾਸ਼ ਦੀ ਨੌਵੀਂ ਰਾਸ ਦਾ ਕਥਨ ਕਰਦਾ ਹਾਂ॥੧੩॥

*ਮੰਗਲਾਚਰਣ ਸਮਾਪਤ*

## *ਸ੍ਰੀ ਗੁਰੂ ਹਰਿਰਾਇ ਜੀ ਨਿੱਤ ਕਰਮ*

ਦੋਹਰਾ- ਕਥਾ ਗੁਰੂ ਹਰਿਰਾਇ ਕੀ ਸੁਨਿ ਸ਼੍ਰੋਤਾ ਸਵਧਾਨ!
ਪਾਵਨ ਪੁੰਨ ਉਪਾਵਨੀ ਗਨ ਪਾਪਨ ਕੀ ਹਾਨ॥ ੧੪॥

ਹੇ ਪਿਆਰੇ ਸ੍ਰੋਤਾ ਜੀ! ਸ੍ਰੀ ਗੁਰੂ ਹਰਿਰਾਇ ਜੀ ਦੀ ਕਥਾ ਸਾਵਧਾਨ ਹੋ ਕੇ ਸੁਣੋ। ਇਹ ਕਥਾ ਪਵਿੱਤਰ ਹੈ, ਪੁੰਨ ਉਪਜਾਉਣ ਵਾਲੀ ਹੈ ਅਤੇ ਸਾਰੇ ਪਾਪਾਂ ਦਾ ਨਾਸ਼ ਕਰਨ ਵਾਲੀ ਹੈ॥੧੪॥

ਸ੍ਰੀ ਸਤਿਗੁਰ ਹਰਿਰਾਇ ਜੀ ਬੈਠੇ ਤਖਤ ਸੁਹਾਇ।
ਪਦ ਸਾਚੇ ਪਤਿਸ਼ਾਹ ਕੋ ਤਿਨਹੀ ਕੋ ਬਨਿਆਇ॥ ੧੫॥

ਸ੍ਰੀ ਗੁਰੂ ਹਰਿਰਾਇ ਜੀ ਤਖ਼ਤ 'ਤੇ ਬੈਠੇ ਸ਼ੋਭ ਰਹੇ ਹਨ, ਕਿਉਂਕਿ ਸੱਚੇ ਪਾਤਸ਼ਾਹ ਦੀ ਪਦਵੀ ਉਨ੍ਹਾਂ ਨੂੰ ਹੀ ਬਣ ਆਉਂਦੀ ਹੈ, ਭਾਵ ਇਨ੍ਹਾਂ ਦੇ ਹੀ ਜੋਗ ਹੈ॥੧੫॥

ਸ੍ਵੈਯਾ- ਜਾਮਨਿ ਜਾਮ ਰਹੇ ਜਬਿ, ਜਾਗਤਿ, ਸੋਚ ਕਰੈਂ ਪੁਨ ਨੀਰ ਸ਼ਨਾਨੈਂ।
ਗਾਗਰ ਏਕ ਸੌ ਏਕ ਕੇ ਸੰਗ ਮਲੈਂ ਨਿਜ ਅੰਕ ਕੋ, ਸੇਵਕ ਆਨੈਂ।
ਆਸਨ ਪੈ ਥਿਰ ਹੋਇ ਅਗਾਧ ਬਿਲੋਚਨ ਮੂੰਦਿ ਸਮਾਧਿ ਕੋ ਠਾਨੈਂ।
ਆਨੰਦ ਰੂਪ ਅਨੂਪ ਬਿਖੈ ਨਿਜ ਬ੍ਰਿੱਤਿ ਟਿਕਾਇ ਥਿਰੈਂ ਇਕ ਥਾਨੈਂ॥੧੬॥

ਜਦ ਇਕ ਪਹਿਰ ਰਾਤ ਰਹਿ ਜਾਂਦੀ ਹੈ ਤਾਂ ਜਾਗ ਪੈਂਦੇ ਹਨ ਤੇ ਸੋਚ ਕਰਕੇ ਫਿਰ ਪਾਣੀ ਨਾਲ ਇਸ਼ਨਾਨ ਕਰਦੇ ਹਨ, ਸੇਵਕ ਇਕ ਸੌ ਇਕ ਪਾਣੀ ਦੀਆਂ ਗਾਗਰਾਂ ਲਿਆਉਂਦੇ ਹਨ ਤੇ ਸਰੀਰ ਨੂੰ ਚੰਗੀ ਤਰ੍ਹਾਂ ਮਲ ਕੇ ਇਕ ਸੌ ਇਕ ਗਾਗਰ ਪਾਣੀ ਨਾਲ ਇਸ਼ਨਾਨ ਕਰਦੇ ਸਨ। ਆਸਣ 'ਤੇ ਬੈਠ ਕੇ ਨੈਣ ਬੰਦ ਕਰਕੇ ਅਗਾਧ ਸਮਾਧੀ ਲਾ ਲੈਂਦੇ ਹਨ ਤੇ ਅਨੂਪਮ ਅਨੰਦ ਰੂਪ ਵਿਖੇ ਆਪਣੀ ਬ੍ਰਿਤੀ ਟਿਕਾ ਕੇ ਇਕ ਥਾਂ ਸਥਿਰ ਹੋ ਜਾਂਦੇ ਹਨ॥੧੬॥

ਬੈਠੇ ਅਡੋਲ ਰਹੈਂ ਗੁਰ ਪੂਰਨ ਆਤਮ ਬ੍ਰਹਮ ਸਮਾਧਿ ਲਗਾਏ।
ਬਾਹਰ ਗਾਇਕ ਗਾਵਤਿ ਹੈਂ ਸਤਿਨਾਮ ਮਹਾਤਮ ਕੋ ਸੁਖਦਾਏ।
ਬਾਦਤ ਬਾਜਤਿ ਤਾਲ ਮਿਲਾਵਤਿ ਪ੍ਰੇਮ ਵਧੇ ਸੁਨਿਬੇ ਚਿਤ ਲਾਏ।
ਸੇਵਕ ਬੈਠਿ ਸੁਨੈਂ ਸਮੁਦਾਇ ਸੁ ਵਾਹਿਗੁਰੂ ਮੁਖ ਜਾਪੁ ਅਲਾਏਂ॥੧੭॥

ਪੂਰਨ ਗੁਰੂ ਜੀ ਆਤਮ-ਬ੍ਰਹਮ ਵਿਚ ਸਮਾਧੀ ਲਾ ਕੇ ਅਡੋਲ ਬੈਠੇ ਰਹਿੰਦੇ ਹਨ। ਬਾਹਰ ਗਾਇਕ ਸੁਖਦਾਇਕ ਸਤਿਨਾਮ ਦੇ ਮਹਾਤਮ ਨੂੰ ਗਾਉਂਦੇ ਹਨ। ਸਾਜ਼ ਵਜਾ ਕੇ ਤਾਲ ਮਿਲਾਉਂਦੇ ਹਨ ਤੇ ਚਿੱਤ ਲਾ ਕੇ ਸੁਣਨ ਨਾਲ ਪ੍ਰੇਮ ਵੱਧਦਾ ਹੈ। ਸੇਵਕ ਇਕੱਠੇ ਹੋ ਕੇ ਸੁਣਦੇ ਹਨ ਤੇ ਮੁੱਖ ਤੋਂ ਵਾਹਿਗੁਰੂ ਦਾ ਜਾਪ ਕਰਦੇ ਹਨ॥੧੭॥

ਅੰਮ੍ਰਿਤ ਵੇਲ ਤੇ ਹੋਤਿ ਪ੍ਰਭਾਤਿ ਸਮਾਧਿ ਛੁਟੇ ਦ੍ਰਿਗ ਕੋ ਬਿਕਸਾਏਂ।
ਚੰਦਨ ਕੁੰਕਮ ਸੋ ਘਨਸਾਰ ਮਿਲਾਇ ਘਸਾਇ ਕੈ ਸੇਵਕ ਲਜਾਏਂ।
ਭਾਲ ਪੈ ਸੁੰਦਰ ਟੀਕੋ ਲਗਾਇ ਮਹਾਂ ਦੁਤਿ ਪਾਇ ਮਨੋ ਜਲਜਾਏ।
ਸੁੰਦਰ ਸੂਖਮ ਚੀਰ ਸ਼ਰੀਰ ਤਬੈ ਪਹਿਰੈਂ ਗੁਰ ਅੰਗ ਸਜਾਏਂ॥ ੧੮॥

ਅੰਮ੍ਰਿਤ ਵੇਲੇ ਤੋਂ ਦਿਨ ਚੜ੍ਹ ਜਾਂਦਾ ਸੀ ਤਾਂ ਸਮਾਧੀ ਖੁਲ੍ਹ ਜਾਂਦੀ ਹੈ ਤੇ ਨੈਣ ਖਿੜ ਜਾਂਦੇ ਹਨ ਤਾਂ ਸੇਵਕ ਚੰਦਨ ਕੇਸਰ ਨੂੰ ਘਸਾ ਕੇ ਕਪੂਰ ਨਾਲ ਮਿਲਾ ਕੇ ਲਿਆਉਂਦੇ ਹਨ। ਉਸ ਦਾ ਮੱਥੇ ਵਿਚ ਸੁੰਦਰ ਟਿਕਾ ਲਾਉਂਦੇ ਹਨ, ਜਿਹੜਾ ਏਨੀ ਸ਼ੋਭਾ ਪਾਉਂਦਾ ਹੈ ਮਾਨੋਂ ਕੰਵਲ ਦਾ ਫੁੱਲ ਹੋਵੇ, ਫਿਰ ਸੁੰਦਰ ਨਰਮ ਕੱਪੜੇ ਪਾ ਕੇ ਗੁਰੂ ਜੀ ਆਪਣੇ ਅੰਗਾਂ ਨੂੰ ਸਜਾਉਂਦੇ ਹਨ॥੧੮॥

ਕਬਿੱਤ- ਏਕ ਸਤ ਏਕ ਪਾਟ ਜਾਮੇ ਕੋ ਬਨਾਇ ਠਾਟ ਸੂਖਮ ਅਧਿਕ ਅੰਗ ਸੁੰਦਰ ਸਜਾਵਈ।
ਪਾਗ ਪਰ ਜਿਗਾ ਲਗੇ ਜਬਰ ਜਵਾਹਰ ਸੌਂ, ਸ਼ੋਭੈ ਮੁਖ ਮੰਡਲ ਤੇ ਕੁੰਡਲ ਝੁਲਾਵਈ।
ਕੰਚਨ ਕੇ ਕੰਕਨ ਜਰਾਊ ਜ਼ੇਬ ਜਾਗ ਰਹੀ, ਫੂਲਮਾਲ ਕੰਠ ਮੈਂ ਬਿਸਾਲ ਛਬਿ ਪਾਵਈ।
ਅਤਰ ਸੁਗੰਧਿ ਲਾਇ ਦੀਨਨਿ ਕੋ ਬੰਧੁ ਪੁਨ ਚੋਆ ਅਰੁ ਚੰਦਨ ਤੇ ਅੰਗ ਮਹਿਕਾਵਈ॥੧੯॥

ਇਕ ਸੇ ਇਕ ਕਲੀਆਂ ਵਾਲਾ ਜਾਮਾ ਬਣਾਉਂਦੇ ਹਨ, ਜਿਹੜਾ ਬਹੁਤ ਸੂਖਮ ਕੱਪੜੇ ਦਾ ਹੁੰਦਾ ਹੈ ਤੇ ਉਸ ਨਾਲ ਆਪਣੇ ਸਰੀਰ ਨੂੰ ਸੁੰਦਰ ਸਜਾਉਂਦੇ ਹਨ। ਪੱਗੜੀ ਉਤੇ ਹੀਰੇ ਜਵਾਹਰਾਤ ਨਾਲ ਜੜੀ ਕਲਗੀ ਲਗਾਉਂਦੇ ਹਨ, ਜਿਹੜੀ ਮੁਖ 'ਤੇ ਸੁੰਦਰ ਸੋਭਦੀ ਹੈ ਤੇ ਕੰਨਾਂ ਵਿਚ ਕੁੰਡਲ ਲਮਕਦੇ ਹਨ। ਹੱਥਾਂ ਵਿਚ ਸੋਨੇ ਦੇ ਜੜਾਊ ਕੰਗਣ ਪਾਏ ਹਨ, ਜਿਨ੍ਹਾਂ ਦੀ ਸ਼ੋਭਾ ਬੜੀ ਫੱਬ ਰਹੀ ਹੈ। ਗਲ੍ਹ ਵਿਚ ਫੁੱਲਾਂ ਦਾ ਹਾਰ ਵੀ ਵਿਸਾਲ ਛਵੀ ਪਾ ਰਿਹਾ ਹੈ। ਦੀਨ ਬੰਧੂ ਗੁਰੂ ਜੀ ਨੇ ਇਤਰ ਦੀ ਸੁਗੰਧੀ ਲਾਈ ਹੋਈ ਹੈ ਤੇ ਗੁਲਾਬ ਦਾ ਇਤਰ ਅਤੇ ਚੰਦਨ ਮਲ ਕੇ ਆਪਣੇ ਅੰਗਾਂ ਨੂੰ ਬੜਾ ਮਹਿਕਾਇਆ ਹੋਇਆ ਹੈ॥੧੯॥

**ਉੱਠਿਕੈ ਚਲਤਿ ਜਬਿ ਜਾਮੇ ਕੋ ਸਮੇਟੇ ਤਬਿ, ਬਾਕ ਜੋ ਪਿਤਾਮੇ ਕਹਜੋ ਫੂਲ ਟੂਟ ਜਾਨਿ ਤੇ।**
**ਉਮਰ ਪ੍ਰਜੰਤ ਸੋਊ ਨੇਮ ਕੋ ਨਿਬਾਹਜੋ ਆਪ, ਛੋਰਿ ਕਰਿ ਚੀਰ ਨਹੀਂ ਕਬਿਹੂੰ ਪਜਾਨਤੇ।**
**ਹੋਤਿ ਹੀ ਪ੍ਰਭਾਤਿ ਆਇ ਬੈਠਤਿ ਦਿਵਾਨ ਵਿਖੈ, ਬਾਜਤਿ ਰਬਾਬ ਸੇ ਮ੍ਰਿਦੰਗ ਧੁਨਿ ਠਾਨਿਤੇ।**
**ਸੁਨੈਂ ਮੋਨ ਠਾਨਿਤੇ, ਮਹਾਨ ਸੁਖ ਮਾਨਿਤੇ, ਕਸ਼ਟ ਗਨ ਹਾਨਿਤੇ, ਸੁ ਉਧਰੈਂ ਜਹਾਨ ਤੇ ॥੨੦॥**

ਜਦ ਉਠ ਕੇ ਚਲਦੇ ਹਨ ਤਾਂ ਜਾਮੇ ਨੂੰ ਸਮੇਟ ਲੈਂਦੇ ਹਨ, ਜਿਹੜੇ ਬਚਨ ਪਿਤਾਮਾ ਨੇ ਫੁੱਲ ਟੁੱਟ ਜਾਣ 'ਤੇ ਕਹੇ ਸਨ, ਉਸ ਅਨੁਸਾਰ ਹੀ ਚਲਦੇ ਹਨ। ਸਾਰੀ ਉਮਰ ਉਸ ਨੇਮ ਨੂੰ ਹੀ ਨਿਭਾਹਿਆ, ਕਦੀ ਵੀ ਜਾਮੇ ਨੂੰ ਖੁਲ੍ਹਾ ਛੱਡ ਕੇ ਨਹੀਂ ਚਲਦੇ ਹਨ। ਸਵੇਰ ਹੁੰਦਿਆਂ ਹੀ ਦੀਵਾਨ ਵਿਚ ਆ ਬੈਠਦੇ ਹਨ, ਰਬਾਬ ਤੇ ਮ੍ਰਿਦੰਗ ਸੁੰਦਰ ਧੁਨੀਆਂ ਅਨੁਸਾਰ ਵੱਜਦੇ ਹਨ। ਚੁੱਪ ਰਹਿ ਕੇ ਸੁਣਦੇ ਹਨ ਤੇ ਮਹਾਨ ਸੁਖ ਮੰਨਦੇ ਹਨ, ਸੇਵਕਾਂ ਦੇ ਕਸ਼ਟਾਂ ਨੂੰ ਦੂਰ ਕਰਦੇ ਹਨ ਤੇ ਸੰਸਾਰ ਤੋਂ ਉਨ੍ਹਾਂ ਦਾ ਉਧਾਰ ਕਰਦੇ ਹਨ॥ ੨੦॥

**ਗੁਰੂ ਕੇ ਦਰਸ ਹੇਤੁ ਆਂਇ ਤਿਹ ਸਮੈ ਸਿਖ, ਦੇਖਿਬੇ ਤੇ ਭਗਤਿ ਅੰਕੂਰ ਹੋਇ ਆਵਈ।**
**ਪ੍ਰੇਮ ਸੋਂ ਪ੍ਰਤੀਤ ਕਰਿ ਦਰਸੈਂ ਹਜ਼ੂਰ ਕੋਊ, ਤਾਤਕਾਲ ਫਲ ਮਨ ਬਾਂਛਿਤਿ ਕੋ ਪਾਵਈ।**
**ਬੈਠੇ ਰਹੈਂ ਕੇਤੇ ਕਾਲ ਸ੍ਰੀ ਗੁਰੂ ਕ੍ਰਿਪਾਲ ਮਹਾਂ, ਸੰਗਤਿ ਨਿਹਾਲ ਕਰੈਂ ਦਰਸ ਦਿਖਾਵਈਂ।**
**ਦਾਸ ਉਰ ਭਾਵਈਂ ਅਨੰਦ ਉਪਜਾਵਈਂ, ਬਦਨ ਬਿਕਸਾਵਈਂ ਸੁਛਬਿ ਤੇ ਸੁਹਾਵਈਂ॥੨੧॥**

ਉਸ ਸਮੇਂ ਸਿੱਖ ਗੁਰੂ ਜੀ ਦੇ ਦਰਸ਼ਨਾਂ ਵਾਸਤੇ ਆਉਂਦੇ ਹਨ ਤੇ ਦਰਸ਼ਨ ਕਰਕੇ ਭਗਤੀ ਦੀ ਕਰੂੰਬਲ ਫੁੱਟਦੀ ਹੈ। ਜਿਹੜੇ ਪ੍ਰੇਮ ਅਤੇ ਵਿਸ਼ਵਾਸ ਕਰਕੇ ਦਰਸ਼ਨ ਕਰਦੇ ਹਨ, ਉਹ ਤੁਰਤ ਮੂੰਹ ਮੰਗੀਆਂ ਮੁਰਾਦਾਂ ਪਾਉਂਦੇ ਹਨ। ਕ੍ਰਿਪਾਲੂ ਗੁਰੂ ਜੀ ਕਾਫ਼ੀ ਸਮਾਂ ਬੈਠੇ ਰਹਿੰਦੇ ਹਨ, ਸੰਗਤਾਂ ਨੂੰ ਦਰਸ਼ਨ ਦੇ ਕੇ ਨਿਹਾਲ ਕਰਦੇ ਹਨ। ਸੇਵਕਾਂ ਨੂੰ ਮਨ-ਭਾਉਂਦਾ ਅਨੰਦ ਉਪਜਾਉਂਦੇ ਹਨ। ਜਦ ਮੁਖ ਤੋਂ ਮੁਸਕਰਾਉਂਦੇ ਹਨ ਤਾਂ ਸ੍ਰੇਸ਼ਟ ਸ਼ੋਭਾ ਸੁਭਾਇਮਾਨ ਹੁੰਦੀ ਹੈ॥੨੧॥

**ਚਰਨ ਕਮਲ ਸੰਗ ਆਰਤੀ ਕੋ ਗਾਵੈਂ ਜਬਿ, ਕੀਰਤਨ ਭੋਗ ਤੇ ਕਰਤਿ ਅਰਦਾਸ ਕੋ।**
**ਸੂਪਕਾਰ ਆਇ ਕੈ ਅਗਾਰੀ ਥਿਰ ਹੋਇ ਪੁਨ 'ਦੇਗ ਭਈ ਤਜਾਰ' ਕਰੈ ਬਾਕਨਿ ਪ੍ਰਕਾਸ਼ ਕੋ।**
**ਆਇਸੁ ਲੇ ਗੁਰੂ ਹਰਿਰਾਇ ਕੀ ਸਿਧਾਵੈ ਫੇਰ, ਆਨਤਿ ਹਕਾਰਿ ਸਿਖ ਸੰਗਤਿ ਸੇ ਦਾਸ ਕੋ।**
**ਲੰਗਰ ਮੈਂ ਜਾਇ ਸਮੁਦਾਇ ਕੋ ਮਿਲਾਇ ਕਰਿ, ਭੋਜਨ ਕੋ ਖਾਇ ਤ੍ਰਿਪਤਾਇ ਸਾਦ ਰਾਸ ਕੋ॥੨੨॥**

ਪ੍ਰਭੂ ਜੀ ਦੇ ਚਰਨ ਕੰਵਲਾਂ ਨਾਲ ਲੱਗ ਕੇ ਆਰਤੀ ਗਾਉਂਦੇ ਹਨ ਤੇ ਕੀਰਤਨ ਦਾ ਭੋਗ ਪੈਣ ਤੇ ਅਰਦਾਸ ਕਰਦੇ ਹਨ। ਫਿਰ ਰਸੋਈਆ ਆ ਕੇ ਅੱਗੇ ਖਲੋ ਜਾਂਦਾ ਹੈ ਤੇ ਕਹਿੰਦਾ ਹੈ 'ਲੰਗਰ ਤਿਆਰ ਹੈ'। ਗੁਰੂ ਜੀ ਦੀ ਆਗਿਆ ਲੈ ਕੇ ਚਲਾ ਜਾਂਦਾ ਹੈ। ਫਿਰ ਸੇਵਕ ਸਿੱਖ ਸੰਗਤ ਨੂੰ ਬੁਲਾ ਲੈਂਦੇ ਹਨ। ਸਾਰੇ ਇਕੱਠੇ ਹੋ ਕੇ ਲੰਗਰ ਵਿਚ ਜਾਂਦੇ ਹਨ ਤੇ ਸਵਾਦੀ ਭੋਜਨ ਖਾ ਕੇ ਤ੍ਰਿਪਤ ਹੋ ਜਾਂਦੇ ਹਨ॥ ੨੨॥

**ਜੈਸੇ ਉਡ ਮੰਡਲ ਮੈਂ ਚੰਦ੍ਰਮਾ ਬਿਰਾਜੈ ਬਹੁ ਤੈਸੇ ਦੁਤਿ ਹੋਤਿ ਗਨ ਸੰਗਤਾਂ ਪ੍ਰਵਾਰ ਤੇ।**
**ਚੌਕੇ ਕੀ ਮ੍ਰਿਜਾਦ ਸੰਗ, ਅਸਨ ਪੁਨੀਤ ਬਨੈ, ਸ੍ਵਾਦਲ ਬਿਸਾਲ ਹੋਇ ਅਨਿਕ ਪ੍ਰਕਾਰ ਤੇ।**

ਆਮਿਖ ਨ ਪਰੈ ਦੇਗ, ਸਗਰੇ ਬਰਜ ਦੀਨਿ 'ਭਖੈ ਨਹਿੰ ਕੋਊ' ਗੁਰ ਆਇਸੁ ਕੋ ਧਾਰਤੇ।
ਬਾਬੇ ਗੁਰਦਿੱਤੇ ਤਨ ਤਜਾਗ ਕੀਨਿ ਜਬਿ ਹੀ ਤੇ ਨੇਮ ਧਾਰਿ ਤਬਿ ਤੇ ਰਹੈਂ ਸੁ ਐਸੀ ਢਾਰ ਤੇ॥੨੩॥

ਜਿਵੇਂ ਤਾਰਾ ਮੰਡਲ ਵਿਚ ਚੰਦਰਮਾਂ ਬਿਰਾਜਦਾ ਹੈ, ਇਸ ਤਰ੍ਹਾਂ ਸਿੱਖ ਸੰਗਤਾਂ ਦੇ ਪ੍ਰਵਾਰ ਵਿਚ ਬਿਰਾਜ ਕੇ ਸ਼ੋਭਾ ਪਾਉਂਦੇ ਹਨ। ਚੌਕੇ ਦੀ ਮਰਯਾਦਾ ਅਨੁਸਾਰ ਪਵਿੱਤਰ ਭੋਜਨ ਤਿਆਰ ਹੁੰਦਾ ਹੈ, ਜਿਹੜਾ ਅਨੇਕ ਪ੍ਰਕਾਰ ਨਾਲ ਬੜਾ ਸਵਾਦੀ ਹੁੰਦਾ ਹੈ। ਲੰਗਰ ਵਿਚ ਮਾਸ ਨਹੀਂ ਬਣਦਾ, ਸਾਰਿਆਂ ਨੂੰ ਵਰਜ ਦਿੱਤਾ ਹੈ, ਗੁਰੂ ਜੀ ਦੀ ਆਗਿਆ ਪਾ ਕੇ ਕੋਈ ਵੀ ਨਹੀਂ ਖਾਂਦਾ। ਜਦ ਤੋਂ ਬਾਬਾ ਗੁਰਦਿੱਤਾ ਜੀ ਸਰੀਰ ਛੱਡ ਗਏ ਹਨ ਤਦ ਤੋਂ ਨੇਮ ਧਾਰ ਕੇ ਇਸ ਤਰ੍ਹਾਂ ਰਹਿੰਦੇ ਹਨ॥੨੩॥

ਦੋਹਰਾ- ਬ੍ਰਹਮਚਰਜ ਕੀ ਜੁਗਤਿ ਮਹਿ ਰਹੈਂ ਬਿਸਾਲ ਕ੍ਰਿਪਾਲੁ।
ਅਚਿ ਅਹਾਰ ਕਰਿ ਦੇਗ ਤੇ, ਪ੍ਰਿਥਕ ਹੋਇਂ ਤਿਸ ਕਾਲ॥ ੨੪॥

ਵੱਡੇ ਕ੍ਰਿਪਾਲੂ ਗੁਰੂ ਜੀ ਬ੍ਰਹਮਚਰਜ ਦੀ ਯੁਕਤੀ ਵਿਚ ਰਹਿੰਦੇ ਹਨ। ਲੰਗਰ ਵਿਚ ਭੋਜਨ ਛੱਕ ਕੇ, ਉਸ ਸਮੇਂ ਵੱਖ ਹੋ ਜਾਂਦੇ ਹਨ॥੨੪॥

ਸ੍ਵੈਯਾ- ਪੌਢਿ ਰਹੈਂ ਸੁਭ ਸੇਜ ਪੈ ਫੇਰ ਕਰੈਂ ਸੁਖ ਸੈਨ ਗੁਰੂ ਹਰਿਰਾਏ।
ਫੇਰ ਢਰੇ ਦਿਨ ਊਠਤਿ ਹੈਂ ਤਬਿ, ਆਯੁਧ ਲੇਤਿ ਸਮੀਪ ਮੰਗਾਏ।
ਕੰਚਨ ਮੂਠ ਦਿਪੈ ਸ਼ਮਸ਼ੇਰ ਗਰੇ ਪਹਿਰੈਂ ਸਮ ਸ਼ੇਰ ਸੁਹਾਏ।
ਹੀਰੇ ਸਮੂਹ ਜਰੇ ਮੁਕਤਾ, ਭਰਿ ਤੀਰਨਿ ਸੰਗ ਨਿਖੰਗ ਲਗਾਏ॥ ੨੫॥

ਗੁਰੂ ਹਰਿਰਾਇ ਜੀ ਫਿਰ ਬਿਸਤਰੇ 'ਤੇ ਲੰਮੇ ਪੈ ਕੇ ਆਰਾਮ ਕਰਦੇ ਹਨ। ਦਿਨ ਢਲੇ ਫਿਰ ਉੱਠ ਪੈਂਦੇ ਹਨ ਤੇ ਸ਼ਸਤਰ ਆਪਣੇ ਪਾਸ ਮੰਗਵਾ ਲੈਂਦੇ ਹਨ। ਫਿਰ ਸੋਨੇ ਦੀ ਮੁੱਠੀ ਵਾਲੀ ਕ੍ਰਿਪਾਨ ਗਲ਼ ਵਿਚ ਪਾ ਕੇ ਸ਼ੇਰ ਵਾਂਗ ਸ਼ੋਭਦੇ ਹਨ। ਹੀਰੇ ਮੋਤੀਆਂ ਨਾਲ ਜੜੇ ਭਥਿਆਂ ਨੂੰ ਤੀਰਾਂ ਨਾਲ ਭਰ ਕੇ ਪਹਿਨਦੇ ਹਨ॥੨੫॥

ਹਾਥ ਸਰਾਸਨ ਧਾਰਿ ਕਠੋਰ, ਕਸੇ ਕਟਿ ਕੋ ਘਰ ਪੌਰ ਮੈਂ ਆਵੈਂ।
ਚੰਚਲ ਅੰਗ ਤਰੰਗ ਅਰੂਢਤਿ ਜਾਤਿ ਸ਼ਿਕਾਰ ਬਿਸਾਲ ਕੁਦਾਵੈਂ।
ਕਾਨਨ ਕੇ ਪਸੁ ਬ੍ਰਿੰਦ ਬਿਹੰਗਮ ਆਇਸੁ ਦੀਨਿ ਨਹੀਂ ਤਿਨ ਘਾਵੈਂ।
ਦੇ ਕਰਿ ਖੇਦ ਗਹੈਂ ਗਨ ਜੀਵਤਿ, ਲਜਾਵਤਿ ਪਾਲਨ ਕੋ ਕਰ ਲਾਵੈਂ॥੨੬॥

ਫਿਰ ਹੱਥ ਵਿਚ ਸਖਤ ਧਨੁੱਸ਼ ਧਾਰਨ ਕਰਦੇ ਹਨ। ਕਮਰ ਕੱਸਾ ਕਰਕੇ ਫਿਰ ਘਰ ਦੇ ਦਰਵਾਜ਼ੇ ਵਿਚ ਆਉਂਦੇ ਹਨ। ਚੰਚਲ ਅੰਗਾਂ ਵਾਲੇ ਘੋੜੇ ਦੀ ਸਵਾਰੀ ਕਰਦੇ ਹਨ ਤੇ ਘੋੜੇ ਨੂੰ ਟਪਾਉਂਦੇ ਹੋਏ ਸ਼ਿਕਾਰ ਖੇਡਣ ਚਲੇ ਜਾਂਦੇ ਹਨ। ਜੰਗਲ ਦੇ ਪਸ਼ੂਆਂ ਪੰਛੀਆਂ ਬਾਰੇ ਆਗਿਆ ਕੀਤੀ ਹੋਈ ਹੈ, ਕਿ ਕੋਈ ਵੀ ਉਨ੍ਹਾਂ ਨੂੰ ਨਾ ਮਾਰੇ। ਉਨ੍ਹਾਂ ਨੂੰ ਰੋਕ ਕੇ ਫੜ ਲੈਂਦੇ ਹਨ ਤੇ ਪਾਲਣ ਵਾਸਤੇ ਲੈ ਆਉਂਦੇ ਹਨ॥੨੬॥

ਸੰਗ ਚਢੈਂ ਭਟ ਆਯੁਧ ਕੋ ਧਰਿ, ਬ੍ਰਿੰਦ ਚਮੂ ਮਹਿ ਰਾਜਤਿ ਹੈਂ।
ਬੋਲਤਿ ਅੱਗ੍ਰ ਨਕੀਬ ਚਲੈਂ ਬਡਿ ਧੁਕਤਿ ਦੁੰਦਭਿ ਬਾਜਤਿ ਹੈਂ।
ਕਾਨਨ ਤੇ ਗਹਿ ਜੀਵਨ ਕੋ ਗ੍ਰਿਹ ਲਜਾਇ ਤਿਨੈ ਸੁਖ ਸਾਜਤਿ ਹੈਂ।
ਬਾਘ, ਬਿਲਾਉ, ਸਸੇ, ਮ੍ਰਿਗ, ਰੋਝ, ਝੰਖਾਰਨਿ ਬ੍ਰਿੰਦ ਜਿ ਭਾਜਤਿ ਹੈਂ॥੨੭॥

ਉਨ੍ਹਾਂ ਦੇ ਨਾਲ ਸੂਰਮੇ ਵੀ ਹਥਿਆਰ ਪਹਿਣ ਕੇ ਘੋੜਿਆਂ 'ਤੇ ਚੜ੍ਹ ਕੇ ਜਾਂਦੇ ਹਨ, ਵੱਡੀ ਸੈਨਾ ਦੇ ਵਿਚ ਬੜੇ ਸ਼ੋਭਦੇ ਹਨ। ਅੱਗੇ-ਅੱਗੇ ਨਕੀਬ ਬੋਲਦੇ ਜਾਂਦੇ ਹਨ ਤੇ ਵੱਡੇ-ਵੱਡੇ ਢੋਲ ਨਗਾਰੇ ਵੱਜਦੇ ਹਨ। ਜੰਗਲ ਵਿਚ ਜੀਵਾਂ ਨੂੰ ਫੜ ਕੇ ਘਰ

ਲਿਆਉਂਦੇ ਹਨ ਤੇ ਉਨ੍ਹਾਂ ਨੂੰ ਸੁਖ ਦੇ ਕੇ ਪਾਲਦੇ ਹਨ। ਬਾਘ, ਬਿੱਲੇ, ਸਹੇ, ਹਿਰਨ, ਬਾਰਾਂ ਸਿੰਘੇ ਜਿਹੜੇ ਵੱਡੀ ਗਿਣਤੀ ਵਿਚ ਹਨ, ਭੱਜ ਜਾਂਦੇ ਹਨ॥੨੭॥

ਸੂਰ ਤੁਰੰਗ ਭਜਾਵਤਿ ਹੈਂ ਪਸੁ ਬ੍ਰਿੰਦ ਹਰਾਵਤਿ ਧਾਇ ਗਹੈਂ।
ਆਨਤਿ ਹੈਂ ਗ੍ਰਿਹ ਮੈਂ ਪ੍ਰਤਿਪਾਲਤਿ ਖਾਨ ਕੋ ਦੇਤਿ ਜਿਤੋ ਜਿ ਚਹੈਂ।
ਏਕਠੇ ਹੋਇ ਹਜ਼ਾਰਨਿ ਲਾਖਨਿ ਭੀਰ ਮਹਾਂ ਜਿਸ ਥਾਨ ਰਹੈ।
ਆਪ ਗਹੈਂ ਕਿਤਨੇਕ ਤਹਾਂ ਬਲਵਾਨ ਕਿਕਾਨ ਪਲਾਇ ਲਹੈਂ॥ ੨੮॥

ਸੂਰਮੇ ਘੋੜਿਆਂ ਨੂੰ ਭਜਾਉਂਦੇ ਹਨ ਤੇ ਬਹੁਤ ਪਸ਼ੂਆਂ ਨੂੰ ਥਕਾ ਕੇ ਫੜ ਲੈਂਦੇ ਹਨ। ਘਰ ਵਿਚ ਲਿਆ ਕੇ ਉਨ੍ਹਾਂ ਦੀ ਪਾਲਣਾ ਕਰਦੇ ਹਨ ਤੇ ਜੋ ਵੀ ਕੁਝ ਚਾਹੁੰਦਾ ਹੈ, ਉਸ ਨੂੰ ਖਾਣ ਵਾਸਤੇ ਦਿੰਦੇ ਹਨ। ਹਜ਼ਾਰਾਂ ਤੇ ਲੱਖਾਂ ਦੀ ਗਿਣਤੀ ਵਿਚ ਜਾਨਵਰ ਇਕੱਠੇ ਕੀਤੇ ਹੋਏ ਹਨ ਤੇ ਜਿਥੇ ਉਹ ਰਹਿੰਦੇ ਹਨ, ਉਥੇ ਬਹੁਤ ਭੀੜ ਹੋ ਗਈ ਹੈ। ਬਲਵਾਨ ਘੋੜਿਆਂ ਨੂੰ ਭਜਾ ਕੇ ਕਈ ਪਸ਼ੂਆਂ ਨੂੰ ਆਪ ਵੀ ਫੜਿਆ ਹੈ॥੨੮॥

ਕਾਨਨ ਤੇ ਪੁਨ ਆਇ ਬਿਰਾਜਤਿ ਕੇਤਿਕ ਕਾਲ ਕਥਾ ਕਰਿਵਾਵੈਂ।
ਸੰਗਤਿ ਸੰਗਮ ਮੈਂ ਬਹੁ ਸ਼ੋਭਤਿ ਆਇ ਰਬਾਬੀ ਸੁ ਰਾਗਨਿ ਗਾਵੈਂ।
ਚੌਰ ਢੁਰੈਂ ਜੁਗ ਓਰ ਤੇ ਊਪਰ, ਸਾਧ ਔ ਸਿੱਧ ਅਨੇਕ ਹੀ ਆਵੈਂ।
ਮਾਨਹੁ ਅੰਮ੍ਰਿਤ ਕੋ ਬਰਖੈਂ ਹਰਖੈਂ ਗੁਰਵਾਕ ਸੁਨੈਂ ਮਨ ਭਾਵੈਂ॥ ੨੯॥

ਜੰਗਲ ਵਿਚੋਂ ਆ ਕੇ ਫਿਰ ਬਿਰਾਜ ਜਾਂਦੇ ਹਨ ਤੇ ਕਾਫ਼ੀ ਸਮਾਂ ਕਥਾ ਕਰਵਾਉਂਦੇ ਹਨ। ਸੰਗਤ ਦੇ ਮੇਲ ਵਿਚ ਬਹੁਤ ਸ਼ੋਭਾ ਪਾਉਂਦੇ ਹਨ। ਰਬਾਬੀ ਆ ਕੇ ਰਾਗਾਂ ਵਿਚ ਸ਼ਬਦਾਂ ਦਾ ਗਾਇਨ ਕਰਦੇ ਹਨ। ਦੋਵੀਂ ਪਾਸੀਂ ਚੌਰ ਫਿਰਦਾ ਹੈ ਤੇ ਅਨੇਕਾਂ ਸਾਧ ਅਤੇ ਸਿੱਧ ਆਉਂਦੇ ਹਨ, ਮਾਨੋਂ ਅੰਮ੍ਰਿਤ ਦੀ ਵਰਸ਼ਾ ਹੁੰਦੀ ਹੈ। ਗੁਰਵਾਕ ਸੁਣ ਕੇ ਪ੍ਰਸੰਨ ਹੁੰਦੇ ਹਨ॥੨੯॥

ਦੇਸ਼ ਬਿਦੇਸ਼ਨਿ ਤੇ ਮਿਲਿ ਸੰਗਤਿ ਬ੍ਰਿੰਦ ਉਪਾਇਨ ਲਜਾਵਤਿ ਹੈਂ।
ਆਨਿ ਪਿਖੈਂ ਸੁਖ ਖਾਨ ਮਹਾਨ ਕੋ ਪ੍ਰੇਮ ਕਰੇ ਅਰਪਾਵਤਿ ਹੈਂ।
ਮੇਵਰੋ ਹੋਹਿ ਖਰੋ ਤਬਿ ਅੱਗ੍ਰ ਕਰੈ ਅਰਦਾਸ ਸੁਨਾਵਤਿ ਹੈਂ।
ਲੋਚਨ ਜਯੋਂ ਦਲ ਪੰਕਜ ਕੇ ਸਭਿ ਹੂੰ ਪਰ ਦ੍ਰਿਸ਼ਟਿ ਚਲਾਵਤਿ ਹੈਂ॥ ੩੦॥

ਦੇਸ਼ਾਂ ਵਿਦੇਸ਼ਾਂ ਤੋਂ ਸੰਗਤਾਂ ਇਕੱਠੀਆਂ ਹੋ ਕੇ ਉਪਹਾਰ ਲੈ ਕੇ ਆਉਂਦੀਆਂ ਹਨ। ਆ ਕੇ ਖਾਣ ਪੀਣ ਦਾ ਮਹਾਨ ਸੁੱਖ ਵੇਖਦੀਆਂ ਹਨ ਤੇ ਪ੍ਰੇਮ ਦੇ ਨਾਲ ਉਪਹਾਰ ਅਰਪਣ ਕਰਦੀਆਂ ਹਨ। ਅਰਦਾਸੀਆ ਫਿਰ ਅੱਗੇ ਖੜਾ ਹੋ ਕੇ ਅਰਦਾਸ ਸੁਣਾਉਂਦਾ ਹੈ। ਨੈਣ ਮਾਨੋਂ ਕੰਵਲ ਦੇ ਪੱਤੇ ਹਨ, ਉਹ ਸਾਰਿਆਂ ਉੱਤੇ ਆਪਣੀ ਦ੍ਰਿਸ਼ਟੀ ਪਾਉਂਦੇ ਹਨ॥੩੦॥

ਕਬਿੱਤ-ਬ੍ਰਿਤਿ ਹੈ ਅਚਲ ਚਿੱਤ, ਨਿੱਤ ਸੋ ਸਿੰਘਾਸਨ ਹੈ ਸੱਤਿਨਾਮ ਛੱਤ੍ਰ ਝੂਲੈ ਸਹਿਜ ਸੁਭਾਇ ਸੋਂ।
ਬ੍ਰਹਮ ਗਜਾਨ ਸੀਸ ਪੈ ਮੁਕਟ ਸੁ ਬਿਰਾਜ ਰਹਯੋ, ਸੁਜਸੁ ਪ੍ਰਮੇਸੁਰ ਕੋ ਚਵਰ ਢੁਰਾਇ ਸੋ।
ਆਗਜਾ ਹੈ ਭਗਤਿ ਫਿਰੈ ਸਗਰੇ ਜਗਤ ਬੀਚ, ਅਗਤਿਨਿ ਗਤਿ ਦੇਨਿ ਪਰਮ ਪਸਾਇ ਸੋਂ।
ਸਾਰੇ ਸਦਗੁਨ ਸੰਗ ਬਾਹਿਨੀ ਬਿਸਾਲ ਬਲਿ ਮਹਾਰਾਜ ਰਾਜ ਰਾਜੈਂ ਗੁਰੂ ਹਰਿਰਾਇ ਸੋ॥੩੧॥

ਚਿੱਤ ਦੀ ਬ੍ਰਿਤੀ ਜੋ ਅਚਲ ਹੈ, ਇਹ ਨਿਤ ਸਿੰਘਾਸਣ ਹੈ ਤੇ ਸਤਿਨਾਮ ਦਾ ਸਹਿਜ ਸੁਭਾਵ ਛੱਤਰ ਝੁਲਦਾ ਹੈ। ਬ੍ਰਹਮ ਗਿਆਨ ਸਿਰ ਉੱਤੇ ਮੁਕਟ ਵਾਂਗ ਬਿਰਾਜ ਰਿਹਾ ਹੈ ਅਤੇ ਸ੍ਰੇਸ਼ਟ ਜੱਸ ਪ੍ਰਮੇਸ਼ਰ ਨੂੰ ਚੌਰ ਕਰ ਰਿਹਾ ਹੈ। ਸਾਰੇ ਸੰਸਾਰ ਵਿਚ

ਜਿਹੜੀ ਭਗਤੀ ਫੈਲ ਰਹੀ ਹੈ, ਇਹ ਉਨ੍ਹਾਂ ਦੀ ਆਗਿਆ ਅਨੁਸਾਰ ਹੈ। ਨਿਗੁੱਤਿਆਂ ਨੂੰ ਗੱਤ ਦੇਣੀ ਮਹਾਨ ਬਖਸ਼ੀਸ਼ ਹੈ। ਸਾਰੇ ਚੰਗੇ ਗੁਣਾਂ ਵਾਲੀ ਨਾਲ ਫ਼ੌਜ ਹੈ। ਵਿਸ਼ਾਲ ਬਲ ਵਾਲੇ ਰਾਜਿਆਂ ਦੇ ਮਹਾਰਾਜੇ ਸ੍ਰੀ ਗੁਰੂ ਹਰਿਰਾਇ ਜੀ ਸ਼ੋਭ ਰਹੇ ਹਨ॥੩੧॥

ਸ੍ਵੈਯਾ- ਸਾਰਬਿਭੌਮ ਯਥਾ ਪਹਿਰੈ ਨਵ ਪੋਸ਼ਿਸ਼ ਕੋ ਕਰਿ ਤਜਾਗ ਪੁਰਾਨੀ।
ਤਯੋਂ ਪ੍ਰਭੁ ਸਾਤਮ ਰੂਪ ਧਰਜੋ ਇਕ ਜੋਤਿ ਮਹਾਂ, ਸਗਰੇ ਜਗ ਜਾਨੀ।
ਸੇਵਕ ਕੋਟਿ ਨਿਹਾਲ ਕਰ ਗਿਨਤੀ ਕਛੁ ਨਾਂਹਿ, ਨਹੀਂ ਇਹ ਛਾਨੀ।
ਸ੍ਰੀ ਹਰਿਰਾਇ ਸਹਾਇ ਸਦਾ ਜਮ ਤੇ ਛੁਟਕਾਇ ਸੁ ਦੇਂ ਨਿਰਬਾਨੀ॥੩੨॥

ਜਿਵੇਂ ਚਕਰਵਰਤੀ ਰਾਜਾ ਪੁਰਾਣੀ ਪੁਸ਼ਾਕ ਲਾਹ ਕੇ ਨਵੀਂ ਪਹਿਨ ਲੈਂਦਾ ਹੈ, ਉਸ ਤਰ੍ਹਾਂ ਹੀ ਸਤਵੇਂ ਪਾਤਸ਼ਾਹ ਇਕ ਪ੍ਰਭੂ ਦੀ ਮਹਾਨ ਜੋਤ ਹਨ, ਇਹ ਸਾਰੇ ਜੱਗ ਨੇ ਜਾਣ ਲਿਆ ਹੈ। ਕਰੋੜਾਂ ਹੀ ਸੇਵਕਾਂ ਨੂੰ ਨਿਹਾਲ ਕੀਤਾ ਹੈ ਜਿਨ੍ਹਾਂ ਦੀ ਕੁਝ ਗਿਣਤੀ ਨਹੀਂ, ਇਹ ਗੱਲ ਛੁਪੀ ਹੋਈ ਨਹੀਂ ਹੈ। ਗੁਰੂ ਹਰਿਰਾਇ ਜੀ ਸਦਾ ਆਪਣੇ ਸੇਵਕਾਂ ਦੇ ਸਹਾਇਕ ਬਣਦੇ ਹਨ ਤੇ ਜਮਾਂ ਤੋਂ ਛੁਟਕਾਰਾ ਦਿਵਾ ਮੁਕਤੀ ਬਖ਼ਸ਼ਦੇ ਹਨ॥੩੨॥

ਜਯੋਂ ਇਕ ਰਾਸ ਕੋ ਸੂਰਜ ਭੋਗਿ ਕੈ ਸਯੰਦਨ ਤਜਾਗ ਲਹੈ ਥਿਤਿ ਆਦੀ।
ਔਰ ਅਰੂਢਿ ਕੈ ਭੂਰ ਅੰਧੇਰ ਕੋ ਦੂਰ ਕਰੈ ਹੁਇ ਜੀਵਨ ਸ਼ਾਦੀ।
ਤਯੋਂ ਗੁਰ ਸਾਤਵੋਂ ਬੈਠਿ ਸ਼ੁਭਜੋ, ਦੁਤਿ ਦੇਵਨ ਕੋ ਗੁਰਤਾ ਬਰ ਗਾਦੀ।
ਸ੍ਰੀ ਸਤਿਨਾਮ ਪ੍ਰਕਾਸ਼ ਧਰੈ ਸੁਖ ਗਜਾਨ ਕੋ ਦੇ ਜਗ ਕੀਨਿ ਅਬਾਦੀ॥੩੩॥

ਜਿਵੇਂ ਸੂਰਜ ਹਰ ਮਹੀਨੇ ਰਾਸ ਬਦਲਦਾ ਹੈ ਤੇ ਥਿੱਤਾਂ ਦਾ ਹਿਸਾਬ ਪਹਿਲੀ ਤੋਂ ਸ਼ੁਰੂ ਹੋ ਜਾਂਦਾ ਹੈ, ਪਰ ਸੂਰਜ ਉਹੋ ਰਹਿੰਦਾ ਹੈ ਤੇ ਹਨ੍ਹੇਰਾ ਦੂਰ ਕਰਨ ਦਾ ਉਹੋ ਕੰਮ ਕਰਦਾ ਹੈ, ਉਸ ਤਰ੍ਹਾਂ ਹੀ ਗੁਰੂ ਜੋਤੀ ਇਕੋ ਹੈ, ਉਸ ਦਾ ਕੰਮ ਹੈ ਅਗਿਆਨਤਾ ਰੂਪੀ ਹਨੇਰੇ ਨੂੰ ਦੂਰ ਕਰਨਾ, ਪਰ ਹਰ ਗੁਰੂ ਸਾਹਿਬ ਦਾ ਜੀਵਨ ਨਵੇਂ ਸਿਰੇ ਆਰੰਭ ਹੁੰਦਾ ਹੈ। ਇਹ ਗੁਰੂ ਸਾਹਿਬਾਨ ਦੇ ਵੱਖ-ਵੱਖ ਹੋਣ ਦਾ ਲਖਾਇਕ ਨਹੀਂ, ਪਰ ਇਹ ਨਿਸ਼ਚਿਤ ਹੈ ਕਿ ਗੁਰੂ ਜੋਤ ਇਕੋ ਹੈ ਕੇਵਲ ਜਾਮਾ ਬਦਲਦਾ ਹੈ, ਤੇ ਸਾਰੇ ਗੁਰੂ ਸਾਹਿਬਾਨ ਦਾ ਕੰਮ ਵੀ ਇਕੋ ਹੈ। ਜਿਵੇਂ ਸੂਰਜ ਇਕ ਰਾਸ ਭੋਗ ਕੇ ਰੱਥ ਤਿਆਗ ਕੇ ਆਪਣੀ ਪਹਿਲੀ ਥਿੱਤ ਪ੍ਰਾਪਤ ਕਰ ਲਵੇ ਤੇ ਫਿਰ ਦੂਸਰੇ ਰੱਥ ਵਿਚ ਚੜ੍ਹ ਕੇ ਹਨ੍ਹੇਰੇ ਨੂੰ ਦੂਰ ਕਰਨ ਲਈ ਜੀਵਨ ਫਿਰ ਖ਼ੁਸ਼ੀਆਂ ਭਰਿਆ ਹੋ ਜਾਵੇ, ਇਸ ਤਰ੍ਹਾਂ ਸਤਵੇਂ ਗੁਰੂ ਜੀ ਸ਼ੁਭ-ਗੱਦੀ 'ਤੇ ਬੈਠ ਕੇ ਸ਼ੋਭ ਰਹੇ ਹਨ ਤੇ ਸਤਿਨਾਮ ਦਾ ਪ੍ਰਕਾਸ਼ ਕਰਕੇ ਸੁਖ ਤੇ ਗਿਆਨ ਦੇ ਕੇ ਜਗਤ ਨੂੰ ਆਬਾਦ ਕਰ ਰਹੇ ਹਨ॥੩੩॥

ਸੰਗਤਿ ਕੋ ਉਪਦੇਸ਼ਤਿ ਹੈਂ 'ਸਤਿਨਾਮ ਭਜੋ, ਭਗਤੀ ਉਰਧਾਰੋ।
ਮਾਨੁਖ ਦੇਹਿ ਦੁਲੰਭ ਲਹੋ ਬਿਸ਼ਿਆਨਿ ਬਿਖੈ ਇਸ ਕੋ ਨਹਿਂ ਹਾਰੋ।
ਕੂਰ ਪਦਾਰਥ ਜਾਨਿ ਅਕਾਰਥ, ਸ੍ਵਾਰਥ ਆਪਨੋ ਨੀਕ ਬਿਚਾਰੋ।
ਗਜਾਨ ਕੋ ਪਾਇ,ਨਿਧਾਨ ਲਹੋ ਜਗ,ਆਪ ਤਰੇ ਪਿਤਰਾਨਿ ਕੋ ਤਾਰੋ॥੩੪॥

ਸੰਗਤ ਨੂੰ ਉਪਦੇਸ਼ ਦਿੰਦੇ ਹਨ "ਸਤਿਨਾਮ ਦਾ ਭਜਨ ਕਰੋ ਤੇ ਭਗਤੀ ਨੂੰ ਹਿਰਦੇ ਵਿਚ ਧਾਰਨ ਕਰੋ। ਮਨੁੱਖਾ ਸਰੀਰ ਦੁਰਲੱਭ ਹੈ, ਵਿਸ਼ਿਆਂ ਵਿਚ ਪੈ ਕੇ ਇਸ ਨੂੰ ਨਾ ਗਵਾਓ। ਦੁਨੀਆਵੀ ਪਦਾਰਥਾਂ ਨੂੰ ਝੂਠੇ ਤੇ ਅਕਾਰਥ ਜਾਣੋ ਤੇ ਆਪਣੇ ਸਵਾਰਥ ਬਾਰੇ ਚੰਗੀ ਤਰ੍ਹਾਂ ਵਿਚਾਰ ਕਰੋ। ਗਿਆਨ ਨੂੰ ਪਾ ਕੇ ਇਸ ਜਗਤ ਨੂੰ ਖ਼ਜ਼ਾਨਾ ਸਮਝੋ। ਆਪ ਤਰੋ ਤੇ ਆਪਣੇ ਵਡੇਰਿਆਂ ਨੂੰ ਤਾਰੋ'॥੩੪॥

ਦੋਹਰਾ- ਸੁਨਹਿ ਮਾਨਿ ਉਪਦੇਸ਼ ਜੋ ਚਲਹਿ ਗੁਰੂ ਅਨੁਸਾਰ।
ਸਦਾ ਸਹਾਇਕ ਤਿਸੀ ਕੇ ਗਨ ਬੰਧਨ ਦੇਂ ਟਾਰਿ॥ ੩੫॥

ਜਿਹੜੇ ਗੁਰੂ ਜੀ ਦਾ ਉਪਦੇਸ਼ ਸੁਣ ਕੇ ਮੰਨ ਲੈਂਦੇ ਹਨ ਅਤੇ ਗੁਰੂ ਜੀ ਦੀ ਆਗਿਆ ਅਨੁਸਾਰ ਚਲਦੇ ਹਨ, ਗੁਰੂ ਜੀ ਸਦਾ ਉਨ੍ਹਾਂ ਦੀ ਸਹਾਇਤਾ ਕਰਦੇ ਹਨ ਤੇ ਉਨ੍ਹਾਂ ਦੇ ਸਾਰੇ ਬੰਧਨ ਕੱਟ ਦਿੰਦੇ ਹਨ॥੩੫॥

ਦਰਸ਼ਨ ਕਰਿਬੇ ਅਘ ਮਿਟੈਂ ਉਰ ਉੱਜਲ ਹੁਇ ਜਾਇ।
ਬਚਨ ਸੁਨਹਿ ਲਹਿ ਗਜਾਨ ਕੋ ਧੰਨ ਗੁਰੂ ਹਰਿਰਾਇ॥ ੩੬॥

ਗੁਰੂ ਜੀ ਦੇ ਦਰਸ਼ਨ ਕਰਨ ਨਾਲ ਪਾਪ ਦੂਰ ਹੋ ਜਾਂਦੇ ਹਨ ਤੇ ਹਿਰਦਾ ਉੱਜਲ ਹੋ ਜਾਂਦਾ ਹੈ। ਬਚਨ ਸੁਣਨ ਨਾਲ ਗਿਆਨ ਪ੍ਰਾਪਤ ਕਰਦੇ ਹਨ, ਧੰਨ ਸ੍ਰੀ ਗੁਰੂ ਹਰਿਰਾਇ ਜੀ ਹਨ॥੩੬॥

ਪ੍ਰੇਮ ਭਗਤਿ ਬੈਰਾਗ ਦ੍ਰਿੜ ਕਰਨਿ ਜੋਗ ਬ੍ਰਹਮ ਗਜਾਨ।
ਬਰਤਾਵਤਿ ਹੈਂ ਜਗਤ ਮਹਿਂ ਸਤਿਗੁਰ ਕ੍ਰਿਪਾ ਨਿਧਾਨ॥ ੩੭॥

ਕਿਰਪਾ ਨਿਧਾਨ ਸਤਿਗੁਰੂ ਜੀ ਪ੍ਰੇਮ-ਭਗਤੀ ਅਤੇ ਵੈਰਾਗ ਦ੍ਰਿੜ ਕਰਵਾਉਣ ਵਾਸਤੇ ਜਗਤ ਵਿਚ ਜੋਗ ਬ੍ਰਹਮ-ਗਿਆਨ ਵਰਤਾਉਂਦੇ ਹਨ॥੩੭॥

ਬਡੇ ਭਾਗ ਜਿਨ ਕੇ ਹੁਤੇ ਸ਼ਰਨ ਪਰੇ ਗੁਰ ਚਰਨ।
ਕੋਟਿ ਜਨਮ ਭਰਮਤਿ ਹੁਤੇ ਮਿਟੇ ਜਨਮ ਤਿਨ ਮਰਨ॥ ੩੮॥

ਜਿਨ੍ਹਾਂ ਦੇ ਵੱਡੇ ਭਾਗ ਹੁੰਦੇ ਹਨ, ਉਹ ਗੁਰੂ ਜੀ ਦੇ ਚਰਨ ਕੰਵਲਾਂ ਦੀ ਸ਼ਰਨ ਵਿਚ ਆਉਂਦੇ ਹਨ। ਕਰੋੜਾਂ ਜਨਮਾਂ ਤੋਂ ਜਿਹੜੇ ਭਟਕਦੇ ਫਿਰਦੇ ਹਨ, ਉਨ੍ਹਾਂ ਦਾ ਜਨਮ-ਮਰਨ ਖਤਮ ਹੋ ਜਾਂਦਾ ਹੈ॥੩੮॥

*ਨੌਵੀਂ ਰਾਸ ਦਾ ਪਹਿਲਾ ਅਧਿਆਇ ਸਮਾਪਤ ਹੋਇਆ॥੧॥*

## ਅਧਿਆਇ ਦੂਸਰਾ

*ਬਾਦਸ਼ਾਹੀ ਲੌੜ, ਹਰਜ਼*

*ਨਿਸ਼ਾਨੀਛੰਦ-* ਸ਼ੋਭਾ ਸ੍ਰੀ ਸਤਿਗੁਰੂ ਕੀ ਜਗ ਭੀ ਬਿਸਤਾਰੇ।
ਸਰਬ ਸਿੱਧਿ ਨੌ ਨਿੱਧਿ ਜੇ ਠਾਢੀ ਰਹਿਂ ਦ੍ਵਾਰੇ।
ਹਿੰਦੂ ਤੁਰਕ ਤਰੀਫ ਕਰਿ ਮਿਲਿ ਕੈ ਹਰਖਾਵੈਂ।
ਰਿਦੇ ਕਰਹਿਂ ਜਿਮ ਕਾਮਨਾ ਸੋ ਤੂਰਨ ਪਾਵੈਂ॥ ੧॥

ਸਤਿਗੁਰੂ ਹਰਿਰਾਇ ਜੀ ਦੀ ਸ਼ੋਭਾ ਜਗਤ ਵਿਚ ਬਹੁਤ ਫੈਲ ਗਈ। ਸਾਰੀਆਂ ਸਿੱਧੀਆਂ ਅਤੇ ਨਿੱਧੀਆਂ ਉਨ੍ਹਾਂ ਦੇ ਦੁਆਰ 'ਤੇ ਖੜੀਆਂ ਰਹਿੰਦੀਆਂ ਸਨ। ਹਿੰਦੂ ਤੁਰਕ ਬੜੀਆਂ ਸਿਫਤਾਂ ਕਰਕੇ ਪ੍ਰਸੰਨ ਹੋ ਕੇ ਮਿਲਦੇ ਸਨ। ਹਿਰਦੇ ਵਿਚ ਜਿਹੜੀ ਵੀ ਕਾਮਨਾ ਕਰਦੇ ਸਨ, ਤੁਰਤ ਪਾ ਲੈਂਦੇ ਸਨ॥੧॥

ਸਤਿਗੁਰ ਦਾਤਾ ਨਾਮ ਕਾ ਉਪਦੇਸ਼ ਦ੍ਰਿੜੰਤਾ।
ਆਨਿ ਆਨਿ ਦਰਸ਼ਹਿਂ ਬਹੁਤ ਜੋ ਚਹਿਂ ਸੁ ਲਭੰਤਾ।

ਸ਼ਾਹੁਜਹਾਂ ਦਿੱਲੀ ਬਿਖੈ ਬਡ ਰਾਜ ਕਮਾਵੈ।
ਤਿਸ ਕੇ ਨਿਕਟਿ ਤਰੀਫ ਗੁਰ ਕਹਿ ਬਹੁਤ ਸੁਨਾਵੈਂ॥ ੨ ॥

ਦਾਤਾਰ ਸਤਿਗੁਰੂ ਜੀ ਨਾਮ ਦਾ ਉਪਦੇਸ਼ ਦ੍ਰਿੜ ਕਰਵਾਉਂਦੇ ਸਨ। ਸੰਗਤਾਂ ਆ ਆ ਕੇ ਦਰਸ਼ਨ ਕਰਦੀਆਂ ਸਨ ਤੇ ਜੋ ਚਾਹੁੰਦੀਆਂ ਸਨ, ਪ੍ਰਾਪਤ ਕਰ ਲੈਂਦੀਆਂ ਸਨ। ਸ਼ਾਹਜਹਾਂ ਦਿੱਲੀ ਵਿਖੇ ਰਾਜ ਕਰਦਾ ਸੀ। ਉਸ ਦੇ ਪਾਸ ਬਹੁਤ ਲੋਕ ਗੁਰੂ ਜੀ ਦੀਆਂ ਸਿਫਤਾਂ ਸੁਣਾਉਂਦੇ ਸਨ ॥੨॥

ਚਾਰ ਪੁੱਤ੍ਰ ਤਿਸਕੇ ਭਏ ਬਡ ਦਾਰ ਸ਼ਕੋਹਾ।
ਵਲੀਅਹਿਦ ਕੀਨੋ ਤਿਸੈ, ਬਹੁ ਠਾਨਸਿ ਮੋਹਾ।
ਸ਼ੁਜਾਮੁਹਿੰਮਦ ਦੂਸਰੋ, ਹੈ ਤ੍ਰਿਤੀ ਨੁਰੰਗਾ।
ਚੌਥੇ ਹੁਤੋ ਮੁਰਾਦ ਬਖਸ਼, ਰਾਖੇ ਨਿਜ ਸੰਗਾ॥ ੩ ॥

ਬਾਦਸ਼ਾਹ ਦੇ ਚਾਰ ਪੁੱਤਰ ਸਨ, ਸਭ ਤੋਂ ਵੱਡੇ ਦਾ ਨਾਂ ਦਾਰਾ ਸ਼ਕੋਹ ਸੀ, ਉਸ ਨੂੰ ਉਸ ਨੇ ਯੁਵਰਾਜ ਬਣਾ ਲਿਆ ਤੇ ਉਸ ਨਾਲ ਬਹੁਤ ਪਿਆਰ ਕਰਦਾ ਸੀ। ਦੂਸਰੇ ਪੁੱਤਰ ਦਾ ਨਾਂ ਸ਼ੁਜਾ ਮੁਹੰਮਦ ਤੇ ਤੀਸਰੇ ਦਾ ਨਾਂ ਨੁਰੰਗਾ ਸੀ ਚੌਥਾ ਮੁਰਾਦ ਬਖ਼ਸ਼ ਸੀ, ਜਿਸ ਨੂੰ ਆਪਣੇ ਪਾਸ ਹੀ ਰਖਦਾ ਸੀ॥੩॥

ਦਾਰ ਸ਼ਕੋਹ ਬਿਸਾਲ ਸੋਂ ਕਰਿ ਕੈ ਉਰ ਦ੍ਰੋਹਾ।
ਨੌਰੰਗ ਨੇ ਤਿਹ ਬੁਰਾ ਕਿਯ ਮਨ ਧਾਰਯੋ ਕ੍ਰੋਹਾ।
ਸ਼ੇਰ ਮੁੱਛ ਕਤਰਾਇ ਕੈ ਚਾਵਰ ਮਹਿਂ ਪਾਈ।
ਕਹਿ ਕੈ ਤਿਸ ਕੇ ਦਾਸ ਕੋ ਕਰਿ ਦਗ਼ਾ ਖੁਲਾਈ॥ ੪ ॥

ਦਾਰਾ ਸ਼ਕੋਹ ਨਾਲ ਦਿਲ ਵਿਚ ਵਿਸ਼ਾਲ ਧ੍ਰੋਹ ਕਰਕੇ, ਨੌਰੰਗੇ ਨੇ ਮਨ ਵਿਚ ਕ੍ਰੋਧ ਧਾਰ ਕੇ ਉਸ ਨਾਲ ਬਹੁਤ ਬੁਰਾ ਕੀਤਾ। ਸ਼ੇਰ ਦੀ ਮੁੱਛ ਕੱਟ ਕੇ ਚੌਲਾਂ ਦੇ ਵਿਚ ਪਾ ਦਿੱਤੀ, ਤੇ ਉਸ ਦੇ ਨੌਕਰ ਨੂੰ ਕਹਿ ਕੇ ਧੋਖਾ ਕਰਕੇ ਦਾਰਾ ਸ਼ਕੋਹ ਨੂੰ ਖੁਵਾ ਦਿੱਤੀ॥੪॥

ਭਯੋ ਬਡੋ ਬੀਮਾਰੀ ਤਬਿ ਹੋਇ ਨ ਉਪਚਾਰੇ।
ਹੁਤੇ ਨਜੂਮਿ ਹਕੀਮ ਜੇ ਕਰਿ ਕਰਿ ਸਭਿ ਹਾਰੇ।
ਦਿਨਪ੍ਰਤਿ ਦੁਰਬਲ ਹੋਤਿ ਸੋ ਨਹਿਂ ਮਿਟਹਿ ਬਿਮਾਰੀ।
ਸ਼ਾਹਜਹਾਂ ਚਿੰਤਾ ਮਹਾਂ ਉਰ ਪ੍ਰੀਤਿ ਉਚਾਰੀ॥ ੫ ॥

ਉਸ ਨਾਲ ਦਾਰਾ ਸ਼ਕੋਹ ਨੂੰ ਬਹੁਤ ਵੱਡੀ ਬਿਮਾਰੀ ਲੱਗ ਗਈ, ਜਿਸ ਦਾ ਕੋਈ ਇਲਾਜ ਨਹੀਂ ਸੀ। ਜਿੰਨੇ ਵੀ ਨਜੂਮੀ ਅਤੇ ਹਕੀਮ ਸਨ ਸਭ ਇਲਾਜ ਕਰ ਕਰ ਕੇ ਹਾਰ ਗਏ। ਦਾਰਾ ਸ਼ਕੋਹ ਪ੍ਰਤਿ ਦਿਨ ਕਮਜ਼ੋਰ ਹੋ ਰਿਹਾ ਸੀ ਤੇ ਬੀਮਾਰੀ ਦੂਰ ਨਹੀਂ ਸੀ ਹੁੰਦੀ। ਆਪਣੇ ਦਿਲ ਵਿਚ ਵੱਡੇ ਪੁੱਤਰ ਵਾਸਤੇ ਬਹੁਤ ਪ੍ਰੀਤ ਹੋਣ ਕਰਕੇ ਸ਼ਾਹਜਹਾਨ ਬੜਾ ਫਿਕਰਮੰਦ ਸੀ॥੫॥

ਗਨ ਹਕੀਮ ਪਤਿਸ਼ਾਹੁ ਕੇ ਨਹਿਂ ਚਲਜੋ ਉਪਾਈ।
ਤਬਿ ਸਭਿਹੂੰਨਿ ਬਿਚਾਰਿਕੇ ਇਮ ਗਿਰਾ ਅਲਾਈ।
'ਹਰੜ ਆਇ ਬਡਿ ਤੋਲ ਕੀ ਚੌਦੈਂ ਸਿਰਸਾਹੀ।
ਇਕ ਮਾਸੇ ਕੋ ਲੌਂਗ ਹੁਇ ਅਨਵਾਵਹੁ ਪਾਹੀ॥ ੬ ॥

ਬਾਦਸ਼ਾਹ ਦੇ ਅਨੇਕਾਂ ਹਕੀਮਾਂ ਪਾਸੋਂ ਵੀ ਉਪਾਅ ਨਾ ਚਲਿਆ ਤਦ ਸਾਰਿਆਂ ਨੇ ਵਿਚਾਰ ਕਰਕੇ ਇਸ ਤਰ੍ਹਾਂ ਕਿਹਾ, "ਇਕ ਵੱਡੇ ਤੋਲ ਦੀ ਹਰੜ ਹੋਵੇ ਜਿਸ ਦਾ ਭਾਰ ਅਠਾਈ ਤੋਲੇ ਹੋਵੇ ਤੇ ਇਕ ਲੌਂਗ ਹੋਵੇ ਜਿਸ ਦਾ ਭਾਰ ਇਕ ਮਾਸਾ ਹੋਵੇ, ਇਹ ਦੋਵੇਂ ਚੀਜ਼ਾਂ ਆਪਣੇ ਪਾਸ ਮੰਗਵਾਵੇ ॥੬॥

ਇਸ ਅੰਤਰ ਮੁਛ ਸ਼ੇਰ ਕੀ ਬਾਹਰ ਨਿਕਸੈ ਹੈ।
ਤਬਹਿ ਬਿਮਾਰੀ ਜਾਇ ਹੈ ਜਬਿ ਤਿਸ ਕੋ ਖੈ ਹੈ।
ਜੇ ਹਕੀਮ ਹਿਕਮਤਿ ਮਹਤ ਸੋ ਸਕਲ ਕਹੰਤੇ।
ਸ਼ਾਹਜਹਾਂ ਸੁਨਿ ਕੈ ਪਠੈ ਨਿਜ ਦਾਸ ਤੁਰੰਤੇ॥ ੭॥

ਇਨ੍ਹਾਂ ਦੇ ਅੰਦਰ ਜਾਣ ਨਾਲ ਸ਼ੇਰ ਦੀ ਮੁੱਛ ਬਾਹਰ ਨਿਕਲ ਜਾਵੇਗੀ। ਤਦ ਹੀ ਬੀਮਾਰੀ ਜਾਵੇਗੀ ਜਦ ਇਹ ਚੀਜ਼ਾਂ ਖਾਣਗੇ।" ਜਿਹੜੇ ਹਕੀਮ ਹਿਕਮਤ ਵਿਚ ਬੜੇ ਮਾਹਰ ਸਨ, ਉਹ ਸਾਰੇ ਕਹਿੰਦੇ ਸਨ। ਸ਼ਾਹਜਹਾਨ ਨੇ ਇਹ ਸੁਣ ਕੇ ਆਪਣੇ ਸੇਵਕਾਂ ਨੂੰ ਤੁਰਤ ਐਸੀ ਹਰੜ ਅਤੇ ਲੌਂਗ ਲਿਆਉਣ ਵਾਸਤੇ ਭੇਜਿਆ ॥੭॥

ਜਹਾਂ ਜਹਾਂ ਇਹ ਉਪਜਤੀ ਤਹਿਂ ਲਗਿ ਨਰ ਧਾਏ।
ਲੌਂਗ ਹਰੜ ਏਤੀ ਬਡੀ ਸੋ ਕਹੂੰ ਨ ਪਾਏ।
ਬਹੁਤ ਵਿਲਾਇਤ ਮੈਂ ਫਿਰੇ ਪਰਬਤ ਬਨ ਹੇਰੇ।
ਕਰਹਿਂ ਵਪਾਰ ਜਹਾਜ ਕੇ ਜੇ ਫਿਰਤਿ ਘਨੇਰੇ॥ ੮॥

ਜਿਥੇ-ਜਿਥੇ ਇਹ ਚੀਜ਼ਾਂ ਪੈਦਾ ਹੁੰਦੀਆਂ ਸਨ, ਉਥੋਂ-ਉਥੋਂ ਤਕ ਮਨੁੱਖ ਭੱਜੇ ਗਏ, ਪਰ ਏਡੀ ਵੱਡੀ ਹਰੜ ਜਾਂ ਲੌਂਗ ਕਿਸੇ ਥਾਂ ਤੋਂ ਵੀ ਨਾ ਮਿਲਿਆ। ਵਿਦੇਸ਼ਾਂ ਵਿਚ ਵੀ ਬਹੁਤ ਫਿਰੇ ਤੇ ਸਾਰੇ ਪਹਾੜ ਗਾਹ ਮਾਰੇ। ਜਿਹੜੇ ਜਹਾਜ਼ਾਂ 'ਤੇ ਵਪਾਰ ਕਰਦੇ ਸਨ ਤੇ ਬਹੁਤ ਦੂਰ ਤਕ ਫਿਰਦੇ ਸਨ, ਉਨ੍ਹਾਂ ਪਾਸੋਂ ਵੀ ਪੁੱਛਿਆ ॥੮॥

ਅਵਨੀ ਮੰਡਲ ਮਹਿਂ ਫਿਰੇ ਕਿਤ ਹਾਥ ਨ ਆਈ।
ਸ਼ਾਹਜਹਾਂ ਕੋ ਹੋਤਿ ਨਿਤ ਅਤਿਸ਼ੈ ਦੁਚਿਤਾਈ।
ਹੋਤਿ ਵਜ਼ੀਰ ਜੁ ਸ਼ਾਹ ਕੋ ਗੁਰ ਸਿੱਖਨ ਪਾਸੇ।
'ਕਰਾਮਾਤ ਸਾਹਿਬ ਗੁਰੂ' ਸੁਨਿ ਭਯੋ ਹੁਲਾਸੇ॥ ੯॥

ਸਾਰੀ ਧਰਤੀ 'ਤੇ ਫਿਰੇ, ਪਰ ਕਿਸੇ ਥਾਂ ਤੋਂ ਵੀ ਐਸੀ ਹਰੜ ਜਾਂ ਲੌਂਗ ਹੱਥ ਨਾ ਆਇਆ। ਸ਼ਾਹਜਹਾਂ ਨਿਤ ਬੜੀ ਦੁਚਿੱਤੀ ਵਿਚ ਪਿਆ ਰਹਿੰਦਾ ਸੀ। ਬਾਦਸ਼ਾਹ ਦਾ ਜੋ ਵਜ਼ੀਰ ਸੀ ਉਸ ਨੇ ਗੁਰਸਿੱਖਾਂ ਪਾਸੋਂ ਸੁਣਿਆ "ਗੁਰੂ ਜੀ ਵੱਡੀ ਕਰਾਮਾਤ ਵਾਲੇ ਹਨ' ਇਹ ਸੁਣ ਕੇ ਵਜ਼ੀਰ ਪ੍ਰਸੰਨ ਹੋਇਆ ॥੯॥

'ਸ੍ਰੀ ਗੁਰ ਹਰਿਗੋਬਿੰਦ ਜੀ ਤਿਨ ਸੰਗ ਲਰਾਈ।
ਕਰਤਿ ਰਹਜੋ ਬਹੁ ਸ਼ਾਹ ਜੋ ਕਜੋਂਹੁ ਨ ਬਨਿ ਆਈ।
ਸੋ ਤਨ ਤਜਿ ਬੈਕੁੰਠ ਗੇ ਅਬਿ ਤਿਨ ਕੋ ਪੋਤਾ।
ਗੁਰਤਾ ਗਾਦੀ ਪਰ ਟਿਕਜੋ ਬਡ ਅਜ਼ਮਤਿ ਪੋਤਾ॥ ੧੦॥

ਸਿੱਖਾਂ ਨੇ ਵਜ਼ੀਰ ਨੂੰ ਦੱਸਿਆ, "ਸ੍ਰੀ ਗੁਰੂ ਹਰਿਗੋਬਿੰਦ ਜੀ ਤੇ ਬਾਦਸ਼ਾਹ ਦੀ ਲੜਾਈ ਰਹੀ ਹੈ, ਬਾਦਸ਼ਾਹ ਬਹੁਤ ਲੜਾਈ ਕਰਦਾ ਰਿਹਾ ਹੈ ਤੇ ਕਦੀ ਵੀ ਉਨ੍ਹਾਂ ਦੀ ਆਪਸ ਵਿਚ ਬਣੀ ਨਹੀਂ ਸੀ। ਉਹ ਗੁਰੂ ਜੀ ਸਰੀਰ ਛੱਡ ਕੇ ਬੈਕੁੰਠ ਚਲੇ ਗਏ ਹਨ ਅਤੇ ਹੁਣ ਉਨ੍ਹਾਂ ਦਾ ਪੋਤਾ ਗੁਰਗੱਦੀ 'ਤੇ ਬੈਠਾ ਹੈ ਜੋ ਵੱਡੀ ਕਰਾਮਾਤ ਦਾ ਜਹਾਜ਼ ਹੈ ॥੧੦॥

ਅਸ ਅਨਮੋਲੀ ਵਸਤੁ ਬਡ ਤਿਨ ਕੇ ਕਰ ਆਵੈ।
ਸੇਵਕ ਹੁਇ ਜਾਚਨ ਕਰੇ ਕਹਿ ਬਿਨੈ ਪਠਾਵੈ'।
ਇਮ ਵਜ਼ੀਰ ਨੇ ਸੁਨਜੋ ਜਬਿ ਨਿਸ਼ਚੈ ਉਰ ਕੀਨਾ।
'ਠੀਕ ਬਾਤ ਨੀਕੀ ਅਹੈ:-ਪੈ ਹੈ ਦੁਖ ਹੀਨਾ'॥ ੧੧॥

ਐਸੀ ਅਨਮੋਲ ਵਸਤੂ ਉਨ੍ਹਾਂ ਦੇ ਹੀ ਹੱਥ ਆ ਸਕਦੀ ਹੈ, ਸੇਵਕ ਹੋ ਕੇ ਮੰਗਣ ਅਤੇ ਕਿਸੇ ਮਨੁੱਖ ਨੂੰ ਬੇਨਤੀ ਸਹਿਤ ਭੇਜਣ।'' ਜਦ ਵਜ਼ੀਰ ਨੇ ਇਸ ਤਰ੍ਹਾਂ ਸੁਣਿਆ ਤਾਂ ਉਸ ਨੇ ਹਿਰਦੇ ਵਿਚ ਨਿਸ਼ਚਾ ਕਰ ਲਿਆ, ''ਠੀਕ ਗੱਲ ਚੰਗੀ ਕਹੀ ਹੈ, ਹਰਜ਼ ਆਦਿ ਪਾਵਾਂਗੇ ਤਾਂ ਦੁਖ ਦੂਰ ਹੋ ਜਾਵੇਗਾ''॥੧੧॥

ਤਬਿ ਵਜ਼ੀਰ ਢਿਗ ਸ਼ਾਹ ਕੇ ਹ੍ਵੈ ਅਰਜ਼ ਸੁਨਾਈ।
'ਸ੍ਰੀ ਗੁਰ ਹਰਿਗੋਬਿੰਦ ਕੀ ਬੈਠਜੋ ਅਬਿ ਥਾਈਂ।
ਪੋਤਾ ਸ੍ਰੀ ਹਰਿਰਾਇ ਜੀ ਬਡ ਅਜ਼ਮਤ ਵੰਤਾ।
ਸ੍ਰੀ ਗੁਰ ਘਰ ਨਿਰਵੈਰ ਹੈ ਦੀਨਨਿ ਦੁਖ ਹੰਤਾ॥ ੧੨॥

ਤਦ ਵਜ਼ੀਰ ਨੇ ਬਾਦਸ਼ਾਹ ਪਾਸ ਜਾ ਕੇ ਬੇਨਤੀ ਸੁਣਾਈ, ''ਜਿਹੜੇ ਗੁਰੂ ਹਰਿਗੋਬਿੰਦ ਜੀ ਦੇ ਸਥਾਨ 'ਤੇ ਹੁਣ ਬੈਠੇ ਹਨ, ਉਹ ਉਨ੍ਹਾਂ ਦੇ ਪੋਤੇ ਸ੍ਰੀ ਹਰਿਰਾਇ ਜੀ ਹਨ, ਜਿਹੜੇ ਵੱਡੀ ਕਰਾਮਾਤ ਵਾਲੇ ਹਨ। ਗੁਰੂ ਘਰ ਨਿਰਵੈਰ ਹੈ, ਉਹ ਗ਼ਰੀਬਾਂ ਦੇ ਦੁੱਖਾਂ ਨੂੰ ਦੂਰ ਕਰਦਾ ਹੈ''॥੧੨॥

ਤਿਨ ਕੇ ਢਿਗ ਇਹੁ ਵਸਤੁ ਹੈ, ਜਾਚਹੁ ਤਿਨ ਪਾਹੀ।
ਬਿਨਤੀ ਜੁਤਿ ਲਿਖਿ ਭੇਜੀਏ ਤਜਿ ਰਿਸ ਉਰ ਮਾਂਹੀ'।
ਸ਼ਾਹੁਜਹਾਂ ਹਰਖਜੋ ਸੁਨਤਿ ਲਿਖਿ ਅਰਜ਼ ਪਠਾਈ।
'ਹਮ ਪਰ ਤੁਮਰੇ ਬਡੇ ਨਿਤ ਬਹੁ ਕਰਤਿ ਭਲਾਈ॥ ੧੩॥

ਇਹ ਵਸਤਾਂ ਉਨ੍ਹਾਂ ਦੇ ਪਾਸ ਹਨ, ਉਨ੍ਹਾਂ ਪਾਸੋਂ ਜਾ ਕੇ ਮੰਗੋ। ਦਿਲ ਵਿਚੋਂ ਹਰ ਪ੍ਰਕਾਰ ਰੋਸ ਨੂੰ ਛੱਡ ਕੇ ਬੇਨਤੀ ਸਹਿਤ ਉਨ੍ਹਾਂ ਨੂੰ ਚਿੱਠੀ ਲਿਖ ਕੇ ਭੇਜੋ।'' ਸ਼ਾਹਜਹਾਨ ਇਹ ਸੁਣ ਕੇ ਪ੍ਰਸੰਨ ਹੋਇਆ ਤੇ ਬੇਨਤੀ ਭਰਪੂਰ ਚਿੱਠੀ ਲਿਖੀ, ''ਸਾਡੇ ਉੱਤੇ ਤੁਹਾਡੇ ਵਡੇਰੇ ਸਦਾ ਹੀ ਭਲਾਈ ਕਰਦੇ ਰਹੇ ਹਨ॥੧੩॥

ਸ੍ਰੀ ਨਾਨਕ ਬਾਬਰ ਮਿਲੇ, ਬਖਸ਼ੀ ਬਡਿਆਈ।
ਅੰਗਦ ਗੁਰੂ ਹੁਮਾਉ ਸੋਂ ਮੈਂ ਸੁਨੀ ਭਲਾਈ।
ਅਕਬਰ ਸ੍ਰੀ ਗੁਰ ਅਮਰ ਸੋਂ ਮਿਲਿ ਕਾਰਜ ਸਾਰੇ।
ਜਹਾਂਗੀਰ ਅਰਜਨ ਗੁਰੂ ਮਿਲਿ ਬਚਨ ਉਚਾਰੇ॥ ੧੪॥

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਾਬਰ ਨੂੰ ਮਿਲ ਕੇ ਵਡਿਆਈ ਬਖਸ਼ੀ ਸੀ। ਮੈਂ ਸੁਣਿਆ ਹੈ ਕਿ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਹੁਮਾਯੂੰ ਦੀ ਭਲਾਈ ਕੀਤੀ ਸੀ। ਅਕਬਰ ਨੇ ਸ੍ਰੀ ਗੁਰੂ ਅਮਰਦਾਸ ਜੀ ਨੂੰ ਮਿਲ ਕੇ ਆਪਣਾ ਕਾਰਜ ਸਾਰਿਆ ਸੀ। ਸ੍ਰੀ ਅਰਜਨ ਦੇਵ ਜੀ ਨੇ ਜਹਾਂਗੀਰ ਨੂੰ ਮਿਲ ਕੇ ਬਚਨ ਉਚਾਰਨ ਕੀਤੇ ਸਨ॥੧੪॥

ਸ੍ਰੀ ਗੁਰ ਹਰਿਗੋਬਿੰਦ ਸੋਂ ਮਮ ਬਾਦ ਭਯੋ ਹੈ।
ਲੋਕਨਿ ਪਰਿਕੈ ਬੀਚ ਕੋ ਬਹੁ ਬੀਚ ਕਿਯੋ ਹੈ।

ਤਊ ਨ ਮੈਂ ਓਰਕ ਕਰਜੋ ਬਡਿ ਬੈਰ ਪਰਜੋ ਹੈ।
ਅਬਿ ਮੇਰੋ ਕਾਰਜ ਇਹੀ ਬਡ ਆਨਿ ਪਰਜੋ ਹੈ॥ ੧੫॥

ਸ੍ਰੀ ਗੁਰੂ ਹਰਿਗੋਬਿੰਦ ਨਾਲ ਮੇਰਾ ਝਗੜਾ ਹੋਇਆ ਹੈ। ਲੋਕਾਂ ਨੇ ਵਿਚ ਪੈ ਕੇ ਬਹੁਤ ਫ਼ਰਕ ਪਾ ਦਿੱਤਾ ਸੀ। ਭਾਵੇਂ ਬਹੁਤਾ ਵੈਰ ਪੈ ਗਿਆ ਸੀ ਤਦ ਵੀ ਮੈਂ ਵੈਰ ਦਾ ਓੜਕ ਨਹੀਂ ਸੀ ਕੀਤਾ। ਹੁਣ ਇਹ ਮੈਨੂੰ ਵੱਡਾ ਕੰਮ ਆ ਪਿਆ ਹੈ॥੧੫॥

ਸੁਤ ਮੇਰੋ ਬੀਮਾਰ ਹੈ ਤੁਮ ਢਿਗ ਉਪਚਾਰੇ।
ਦੁਲਭ ਵਸਤੁ ਖੋਜੀ ਘਨੀ ਨਹਿਂ ਪਾਇ ਉਦਾਰੇ।
ਇੱਤਜਾਦਿਕ ਲਿਖਿ ਕਰਿ ਪਠੀ ਭੇਜਜੋ ਉਮਰਾਊ।
ਤੂਰਨ ਪੰਥ ਉਲੰਘਿ ਕੈ ਕੀਰਤਪੁਰਿ ਥਾਊਂ॥ ੧੬॥

ਮੇਰਾ ਪੁੱਤਰ ਬੀਮਾਰ ਹੈ, ਉਸ ਦਾ ਇਲਾਜ ਤੁਹਾਡੇ ਪਾਸ ਹੈ। ਦੁਰਲਭ ਵਸਤੂ ਦੀ ਬਹੁਤ ਖੋਜ ਕੀਤੀ ਹੈ, ਪਰ ਕਿਸੇ ਸਥਾਨ ਤੋਂ ਵੀ ਉਹ ਉੱਤਮ ਵਸਤੂ ਨਹੀਂ ਮਿਲੀ''। ਇਤਿਆਦਿ ਚਿੱਠੀ ਲਿਖ ਕੇ ਇਕ ਉਮਰਾਵ ਦੇ ਹੱਥ ਭੇਜ ਦਿੱਤੀ। ਉਹ ਤੁਰਤ ਚਲ ਕੇ ਕੀਰਤਪੁਰ ਪਹੁੰਚ ਗਿਆ॥੧੬॥

ਆਇ ਕਰਜੋ ਡੇਰਾ ਤਬਹਿ ਨਿਸ ਪੂਰੀ ਬਿਤਾਈ।
ਦਿਨ ਅਗਲੇ ਲਾਗੀ ਸਭਾ ਗੁਰ ਬੀਚ ਸੁਹਾਈ।
ਆਇ ਕਰੀ ਪਦ ਬੰਦਨਾ ਦੀਨਸਿ ਪਰਵਾਨਾ।
ਕਰਜੋ ਸੁਨਾਵਨਿ ਸਕਲ ਪਠਿ ਗੁਰ ਕੇ ਅਗਵਾਨਾ॥ ੧੭॥

ਆ ਕੇ ਕੀਰਤਪੁਰ ਆਪਣਾ ਡੇਰਾ ਕੀਤਾ ਤੇ ਰਾਤ ਗੁਜ਼ਾਰੀ। ਅਗਲੇ ਦਿਨ ਜਿਥੇ ਗੁਰੂ ਜੀ ਦੀ ਸਭਾ ਲੱਗੀ ਸੀ, ਉੱਥੇ ਗੁਰੂ ਜੀ ਬੈਠੇ ਸ਼ੋਭ ਰਹੇ ਸਨ। ਉਸ ਹਾਕਮ ਨੇ ਆ ਕੇ ਗੁਰੂ ਜੀ ਨੂੰ ਬੰਦਨਾ ਕੀਤੀ ਤੇ ਚਿੱਠੀ ਦਿੱਤੀ ਤੇ ਗੁਰੂ ਜੀ ਦੇ ਸਾਹਮਣੇ ਖੜੇ ਹੋ ਕੇ ਸਾਰੀ ਚਿੱਠੀ ਪੜ੍ਹ ਕੇ ਸੁਣਾਈ॥੧੭॥

'ਹਰੜ ਏਕ ਬਡ ਤੋਲ ਕੀ ਚੌਦਹਿ ਸਿਰਸਾਹੀ।
ਇਕ ਮਾਸੇ ਕੋ ਲੌਂਗ ਹੁਇ ਸੋ ਸੁਨਿ ਤੁਮ ਪਾਹੀ।
ਇਕ ਗਜ ਮੋਤੀ ਭੇਜੀਏ ਤਿਹ ਦੇਖਨਿ ਚਾਹੂ'।
ਅਪਰ ਭਨੀ ਬਿਨਤੀ ਬਹੁਤ ਸੁਨਿ ਗੁਰ ਸ਼੍ਰੁਤਿ ਮਾਂਹੂ॥ ੧੮॥

''ਇਕ ਵੱਡੇ ਤੋਲ ਦੀ ਹਰੜ ਚਾਹੀਦੀ ਹੈ, ਜਿਸ ਦਾ ਭਾਰ ਅਠਾਈ ਤੋਲੇ ਹੋਵੇ ਤੇ ਇਕ ਮਾਸੇ ਦਾ ਲੌਂਗ ਹੋਵੇ, ਇਹ ਸੁਣਿਆ ਹੈ ਕਿ ਇਹ ਵਸਤਾਂ ਤੁਹਾਡੇ ਪਾਸ ਹਨ। ਇਕ ਵੱਡਾ ਗਜ ਮੋਤੀ ਵੀ ਭੇਜ ਦਿਉ, ਉਸ ਨੂੰ ਵੇਖਣਾ ਚਾਹੁੰਦੇ ਹਨ। ਹੋਰ ਵੀ ਕਈ ਬੇਨਤੀਆਂ ਕੀਤੀਆਂ ਜਿਨ੍ਹਾਂ ਨੂੰ ਗੁਰੂ ਜੀ ਨੇ ਆਪਣੇ ਕੰਨਾਂ ਨਾਲ ਸੁਣਿਆ॥੧੮॥

*ਨੋਟ : ਗਜ ਮੋਤੀ, ਇਕ ਵੱਡਾ ਮੋਤੀ ਹੁੰਦਾ ਹੈ ਜਿਸ ਨੂੰ ਹਾਥੀ ਦੇ ਸਿਰ ਵਿਚੋਂ ਨਿਕਲਿਆ ਮੰਨਿਆ ਜਾਂਦਾ ਹੈ।*

ਸੁਨਿ ਕੈ ਸ੍ਰੀ ਹਰਿਰਾਇ ਤਬਿ ਥੋਰੇ ਮੁਸਕਾਏ।
ਚਮਕਤਿ ਹੈਂ ਸੁੰਦਰ ਦਸਨ ਕੌਤਕ ਦਰਸਾਏ।
ਬੋਲੇ ਸਭਿਨਿ ਸੁਨਾਇਕੈ 'ਤੁਰਕੇਸੁਰ ਭਾਰੋ।
ਇਮ ਜੇ ਪ੍ਰੀਤਿ ਪ੍ਰਤੀਤਿ ਹੈ ਤਿਸ ਰਿਦੈ ਮਝਾਰੋ॥ ੧੯॥

ਇਹ ਸੁਣ ਕੇ ਸ੍ਰੀ ਹਰਿਰਾਇ ਜੀ ਥੋੜ੍ਹੇ ਮੁਸਕਰਾਏ। ਸੁੰਦਰ ਦੰਦ ਬਹੁਤ ਚਮਕਦੇ ਸਨ, ਉਨ੍ਹਾਂ ਵਿਚੋਂ ਕਈ ਨਜ਼ਰੀਂ ਆਏ। ਸਾਰਿਆਂ ਨੂੰ ਸੁਣਾ ਕੇ ਬੋਲੇ, "ਤੁਰਕ ਬਹੁਤ ਵੱਡਾ ਬਾਦਸ਼ਾਹ ਹੈ, ਜੇ ਉਸ ਦੇ ਹਿਰਦੇ ਵਿਚ ਸਾਡੇ ਪ੍ਰਤਿ ਐਸੀ ਪ੍ਰਤੀਤ ਹੈ॥੧੯॥

ਉਚਿਤ ਦੇਨਿ ਵਸਤੂ ਦੁਲਭ ਪੁਨ ਸੁਤ ਬੀਮਾਰੀ।
ਹੁਇ ਲਚਾਰ ਜਾਚਨ ਕਰੀ ਸ਼ਰਧਾ ਉਰ ਧਾਰੀ।
ਦਾਰਸ਼ਕੋਹ ਸੁ ਭਲੋ ਹੈ ਪਰਮੇਸ਼ੁਰ ਪਜਾਰੋ।
ਸੰਤ ਸੰਗ ਅਭਿਲਾਖਤੋ ਪਰਹਰਹਿ ਬਿਕਾਰੋ'॥ ੨੦॥

ਤਾਂ ਐਸੀ ਦੁਰਲਭ ਵਸਤੂ ਦੇਣੀ ਬਣਦੀ ਹੈ। ਫਿਰ ਪੁੱਤਰ ਬੀਮਾਰ ਹੈ, ਲਾਚਾਰ ਹੋ ਕੇ ਸ਼ਰਧਾ ਧਾਰ ਕੇ ਮੰਗੀ ਹੈ। ਦਾਰਾ ਸ਼ਕੋਹ ਭਲਾ ਆਦਮੀ ਹੈ ਤੇ ਪਰਮੇਸ਼ਰ ਦਾ ਪਿਆਰਾ ਹੈ। ਸੰਤ ਸੰਗ ਦੀ ਅਭਿਲਾਸ਼ਾ ਕਰਕੇ ਵਿਕਾਰ ਨੂੰ ਦੂਰ ਕਰਦਾ ਹੈ"॥੨੦॥

ਏਤੇ ਕਾਰਣ ਜਾਨਿਕੈ ਤੀਨੋ ਮੰਗਵਾਏ।
ਕੋਸ਼ਪ ਕੋ ਆਗਜਾ ਕਰੀ 'ਆਨਹੁ ਇਸ ਥਾਏਂ।
ਸਗਰੀ ਸਭਾ ਦਿਖਾਈਏ ਤੋਲਹੁ ਪੁਨ ਦੀਜੈ।
ਸ਼ਾਹਜਹਾਂ ਪਤਿਸ਼ਾਹ ਕੋ ਕਾਰਜ ਇਹੁ ਕੀਜੈ'॥ ੨੧॥

ਐਸਾ ਕਾਰਨ ਜਾਣਕੇ ਤਿੰਨੇ ਵਸਤਾਂ ਮੰਗਵਾਈਆਂ, ਖਜ਼ਾਨਚੀ ਨੂੰ ਆਗਿਆ ਕੀਤੀ, "ਇਸ ਥਾਂ ਲੈ ਆਵੇ। ਸਾਰੀ ਸਭਾ ਨੂੰ ਵਿਖਾਲ ਕੇ ਫਿਰ ਤੋਲ ਕੇ ਦੇਵੇ, ਸ਼ਾਹਜਹਾਨ ਬਾਦਸ਼ਾਹ ਦਾ ਇਹ ਕਾਰਜ ਪੂਰਾ ਕਰੋ"॥੨੧॥

ਜਾਇ ਨਿਕਾਸੀ ਕੋਸ਼ਪਤਿ ਆਨੀ ਗੁਰ ਪਾਹੀ।
ਪੂਰਬ ਤੋਲੀ ਹਰੜ ਤਬਿ . ਚੌਦਹ ਸਿਰਸਾਹੀ।
ਪੂਰਨ ਮਾਸੇ ਕੋ ਭਯੋ ਸੋ ਲੌਂਗ ਬਿਸਾਲਾ।
ਮਨਹੁਂ ਪ੍ਰਥਮ ਹੀ ਤੋਲਿ ਕੈ ਲਾਗੇ ਤਰੁਡਾਲਾ॥ ੨੨॥

ਖਜ਼ਾਨਚੀ ਉਹ ਵਸਤਾਂ ਕੱਢ ਕੇ ਗੁਰੂ ਜੀ ਦੇ ਪਾਸ ਲੈ ਆਇਆ। ਫਿਰ ਹਰੜ ਨੂੰ ਤੋਲਿਆ ਗਿਆ। ਉਹ ਪੂਰੀ ਅਠਾਈ ਤੋਲੇ ਦੀ ਸੀ। ਫਿਰ ਵੱਡੇ ਲੌਂਗ ਨੂੰ ਤੋਲਿਆ ਉਹ ਪੂਰਾ ਮਾਸੇ ਦਾ ਸੀ, ਮਾਨੋਂ ਜਿਵੇਂ ਪਹਿਲਾਂ ਹੀ ਤੋਲ ਕੇ ਬ੍ਰਿਛਾਂ ਦੀਆਂ ਟਾਹਣੀਆਂ ਨੂੰ ਲੱਗੇ ਸਨ॥੨੨॥

ਗਜ ਮੋਤੀ ਦਿਪਤਹਿ ਬਡੋ ਨਹਿਂ ਆਨ ਸਮਾਨਾ।
ਬੂਝਨਿ ਹਿਤ ਸਭਿ ਸਭਾ ਨੇ ਇਮ ਬਾਕ ਬਖਾਨਾ।
'ਸ੍ਰੀ ਗੁਰੂ ਜੀ! ਗੁਨ ਇਨਹੁ ਕੇ ਕਹਿ ਬਾਕ ਸੁਨਾਵਹੁ।
ਵਸਤੁ ਅਮੋਲਕ ਅਦਭੁਤੰ ਸਭਿ ਬੀਚ ਬਤਾਵੋ'॥ ੨੩॥

ਹਾਥੀ ਦਾ ਮੋਤੀ ਬਹੁਤ ਚਮਕ ਰਿਹਾ ਸੀ, ਉਸ ਵਰਗਾ ਕੋਈ ਹੋਰ ਮੋਤੀ ਨਹੀਂ ਸੀ। ਇਸ ਬਾਰੇ ਜਾਣਨ ਵਾਸਤੇ ਸਾਰੀ ਸਭਾ ਨੇ ਇਸ ਤਰ੍ਹਾਂ ਕਿਹਾ, "ਹੇ ਸ੍ਰੀ ਗੁਰੂ ਜੀ! ਇਨ੍ਹਾਂ ਦੇ ਗੁਣਾਂ ਬਾਰੇ ਕਹਿ ਕੇ ਬਚਨ ਸੁਣਾਵੋ, ਇਹ ਸਭ ਵਸਤਾਂ ਬੜੀਆਂ ਅਮੋਲਕ ਅਤੇ ਦੁਰਲਭ ਹਨ, ਸਾਰਿਆਂ ਨੂੰ ਇਨ੍ਹਾਂ ਬਾਰੇ ਦੱਸੋ"॥੨੩॥

ਸ੍ਰੀ ਸਤਿਗੁਰ ਗੁਨ ਤਿਨਹੁ ਕੇ ਬਿਚ ਸਭਾ ਬਖਾਨੇ।
'ਉਦਰ ਰੋਗ ਜੇਤਿਕ ਅਹੈਂ ਨਰ ਕੀ ਛੁਧ ਹਾਨੇ।
ਪਚਹਿ ਨਹੀਂ ਨਿਸ਼ਠੁਰ ਵਸਤੁ ਦੁਖ ਦੇਤਿ ਘਨੇਰਾ।
ਦਿਵਸ ਮਾਸਕੈ ਬਰਸ ਕੋ ਰੁਜ ਟਿਕਜੋ ਬਡੇਰਾ॥ ੨੪॥

ਸਤਿਗੁਰੂ ਜੀ ਨੇ ਸਾਰੀ ਸਭਾ ਦੇ ਵਿਚ ਉਨ੍ਹਾਂ ਵਸਤਾਂ ਦੇ ਗੁਣ ਬਿਆਨ ਕੀਤੇ, ''ਜਿੰਨੇ ਵੀ ਪੇਟ ਦੇ ਰੋਗ ਹਨ, ਜਿਹੜੇ ਮਨੁੱਖ ਦੀ ਭੁੱਖ ਨੂੰ ਖ਼ਤਮ ਕਰ ਦਿੰਦੇ ਹਨ। ਕੋਈ ਦੁਖਦਾਇਕ ਵਸਤੂ ਜਿਹੜੀ ਪਚਦੀ ਨਹੀਂ ਤੇ ਬਹੁਤ ਦੁਖ ਦਿੰਦੀ ਹੈ। ਜੇ ਕਈ ਦਿਨਾਂ, ਮਹੀਨਿਆਂ ਅਤੇ ਸਾਲਾਂ ਦਾ ਵੱਡਾ ਰੋਗ ਲੱਗਾ ਹੋਵੇ॥੨੪॥

ਸੋ ਰੋਗੀ ਲੇ ਹਾਥ ਮਹੁ ਲਾਗਹਿਂ ਅਤਿਸਾਰਾ।
ਸਰਬ ਉਦਰ ਤੇ ਝਰ ਪਰਹਿ ਕੁਛ ਹੋਇ ਨ ਬਾਰਾ।
ਜਬਿ ਲਗਿ ਅੰਤਰ ਕਸਰ ਹੈ ਤਬਿ ਲਗਿ ਕਰ ਧਾਰੈ।
ਹੁਇ ਅਰੋਗ ਜਾਗਹਿ ਛੁਧਾ ਸੰਕਟ ਨਿਰਵਾਰੈ॥ ੨੫॥

ਉਹ ਰੋਗੀ ਜਦ ਇਸ ਨੂੰ ਹੱਥ ਵਿਚ ਲਵੇਗਾ ਤਾਂ ਉਸਨੂੰ ਦਸਤ ਲੱਗ ਜਾਣਗੇ ਤੇ ਉਸ ਦੇ ਪੇਟ ਵਿਚੋਂ ਸਭ ਕੁਝ ਬਾਹਰ ਨਿਕਲ ਜਾਵੇਗਾ ਤੇ ਇਸ ਵਿਚ ਕੋਈ ਦੇਰ ਨਹੀਂ ਲਗੇਗੀ। ਜਦ ਤਕ ਅੰਦਰ ਕਸਰ ਹੈ ਤਦ ਤਕ ਹੱਥ ਵਿਚ ਧਾਰਨ ਕਰ ਛੱਡੇ, ਉਹ ਅਰੋਗ ਹੋ ਜਾਵੇਗਾ, ਭੁੱਖ ਲੱਗੇਗੀ ਤੇ ਦੁਖ ਦੂਰ ਹੋ ਜਾਵੇਗਾ॥੨੫॥

ਤਜਹਿ ਹਾਥਤੇ, ਤਿਹ ਸਮੈ ਅਤਿਸਾਰ ਮਿਟੰਤੇ।
ਜਬਹਿ ਧਨੰਤਰ ਨਿਕਸਿਓ ਜਲ ਨਿਧੀ ਮਥੰਤੇ।
ਇਸੀ ਜਾਤਿ ਕੀ ਹਰੜ ਕਰ ਆਨੀ ਨਿਜ ਸਾਥਾ।
ਅਪਰ ਜਲਊਕਾ ਰੁਧਰਪਾ ਗਹਿ ਦੂਸਰ ਹਾਥਾ॥ ੨੬॥

ਜਦ ਹੱਥ ਤੋਂ ਛੱਡ ਦੇਵੇਗਾ, ਉਸੇ ਵੇਲੇ ਦਸਤ ਬੰਦ ਹੋ ਜਾਣਗੇ। ਜਦ ਧਨੰਤਰ ਵੈਦ ਸਮੁੰਦਰ ਰਿੜਕਣ ਨਾਲ ਬਾਹਰ ਨਿਕਲਿਆ ਸੀ, ਇਸੇ ਪ੍ਰਕਾਰ ਦੀ ਹਰੜ ਉਹ ਆਪਣੇ ਨਾਲ ਹੱਥ ਵਿਚ ਫੜ ਕੇ ਲਿਆਇਆ ਸੀ ਤੇ ਦੂਸਰੇ ਹੱਥ ਵਿਚ ਉਸ ਨੇ ਲਹੂ ਪੀਣੀ ਜੋਕ ਫੜੀ ਹੋਈ ਸੀ॥੨੬॥

ਜਗ ਮਹਿਂ ਰੋਗ ਅਨੇਕ ਜੇ ਹੈਂ ਮੂਲ ਸਿ ਜੋਈ।
ਉਦਰ ਰੁਧਿਰ ਤੇ ਉਪਜਤੇ ਤਿਨ ਕੇ ਹਿਤ ਸੋਈ।
ਰੁਜ ਕੀ ਜਰ ਦ੍ਵੈ ਹਰਨ ਕੋ ਦੋਨਹੁ ਉਪਚਾਰਾ।
ਲਜਾਇ ਜਗਤ ਮਹਿਂ ਬਿਦਤ ਕਿਯ ਬੁਧਿ ਬੈਦ ਉਦਾਰਾ॥ ੨੭॥

ਜਗਤ ਵਿਚ ਜਿੰਨੇ ਵੀ ਅਨੇਕਾਂ ਰੋਗ ਹਨ, ਉਨ੍ਹਾਂ ਦਾ ਜਿਹੜਾ ਮੂਲ ਹੈ, ਸਾਰੇ ਪੇਟ ਵਿਚ ਹੀ ਪੈਦਾ ਹੁੰਦੇ ਹਨ, ਉਨ੍ਹਾਂ ਵਾਸਤੇ ਇਹ ਲਾਭਕਾਰੀ ਹੈ। ਰੋਗ ਨੂੰ ਜੜ੍ਹ ਵਿਚੋਂ ਕੱਢਣ ਲਈ ਇਹ ਦੋਵੇਂ ਇਲਾਜ ਹਨ। ਉੱਤਮ ਅਤੇ ਬੁਧੀਮਾਨ ਵੈਦ ਨੇ ਇਨ੍ਹਾਂ ਨੂੰ ਲਿਆ ਕੇ ਜਗਤ ਵਿਚ ਪ੍ਰਗਟ ਕੀਤਾ॥੨੭॥

ਬਾਇ ਸੀਤ ਕੇ ਮਿਲਤਿ ਹੀ ਹੋਵਤਿ ਸੰਪਾਤਾ।
ਇਸ ਤੇ ਆਦਿਕ ਰੁਜ ਅਪਰ ਉਪਜਹਿਂ ਉਤਪਾਤਾ।

ਗਹੇ ਲੌਂਗ ਇਸ ਕਰ ਜਬੈ ਸਭਿ ਹੂੰ ਮਿਟਿ ਜਾਵੈਂ।
ਸੀਤਬਾਇ ਕੇ ਦੂਖ ਕਿਤੇ ਸਗਰੇ ਬਿਨਸਾਵੈਂ॥ ੨੮॥

ਕਫ, ਵਾਤ, ਪਿਤ ਦਾ ਇਕੱਠਾ ਵਿਗਾੜ ਨਿਪਾਤ ਹੈ, ਇਸ ਤੋਂ ਕਈ ਹੋਰ ਰੋਗ ਪੈਦਾ ਹੋ ਕੇ, ਦੁਖ ਦਿੰਦੇ ਹਨ। ਜਦ ਲੌਂਗ ਨੂੰ ਹੱਥ ਵਿਚ ਫੜੀਦਾ ਹੈ ਤਾਂ ਸਭ ਰੋਗ ਮਿਟ ਜਾਂਦੇ ਹਨ। ਠੰਡ, ਵਾਈ ਦੇ ਸਾਰੇ ਦੁੱਖਾਂ ਨੂੰ ਦੂਰ ਕਰਦਾ ਹੈ॥੨੮॥

ਤੀਸਰ ਗਜਮੁਕਤਾ ਮਹਾਂ ਇਸ ਕੇ ਸਮ ਆਨਾ।
ਨਹੀਂ ਕਹੀਂ ਇਸ ਦੇਸ਼ ਮਹਿ ਦੁਤਿ ਦਮਕ ਮਹਾਨਾ।
ਰੁਚਿਰ ਗੁਲਾਈ ਇਸ ਬਨੀ ਲੋਲਕ ਮਹਿ ਪਾਵੈਂ।
ਸ਼ੋਭਾ ਭੂਖਨ ਕੀ ਕਰਹਿ ਤਨ ਬਿਖੈ ਸੁਹਾਵੈ॥ ੨੯॥

ਤੀਸਰਾ ਗਜਮੁਕਤਾ ਇਕ ਮਹਾਨ ਦਾਰੂ ਹੈ, ਇਸ ਵਰਗਾ ਹੋਰ ਕੋਈ ਨਹੀਂ। ਇਸ ਦੇਸ਼ ਵਿਚ ਕਿਤੇ ਵੀ ਇਸ ਤੋਂ ਮਹਾਨ ਹੋਰ ਕਿਸੇ ਦੀ ਚਮਕ ਨਹੀਂ। ਇਸ ਦੀ ਸੁੰਦਰ ਗੁਲਾਈ ਬਣੀ ਹੈ। ਨੱਥ ਵਾਂਗ ਇਸ ਨੂੰ ਪਾ ਲਵੇ। ਸਾਰੇ ਗਹਿਣਿਆਂ ਦੀ ਇਹ ਸ਼ੋਭਾ ਵਧਾ ਦਿੰਦਾ ਹੈ ਤੇ ਤਨ 'ਤੇ ਬਹੁਤ ਸੁਹਾਵਣਾ ਲੱਗਦਾ ਹੈ॥੨੯॥

ਤੀਨਹੁੰ ਦੁਰਲਭ ਵਸਤੁ ਹੈਂ ਨਹਿ ਪ੍ਰਾਪਤਿ ਸ਼ਾਹੂ।
ਅਪਰ ਕਹਾਂ ਤੇ ਲੇਇ ਇਨ ਖੋਜਹੁ ਕਿਤ ਜਾਹੂ।
ਸ੍ਰੀ ਨਾਨਕ ਕੋ ਘਰ ਮਹਾਂ, ਜਹਿ ਕਮੀ ਨ ਕਾਹੂ।
ਕਰਹਿ ਜੁ ਪ੍ਰੀਤਿ ਪ੍ਰਤੀਤ ਧਰ ਇੱਛਤ ਲੇ ਪਾਹੂ॥ ੩੦॥

ਤਿੰਨੇ ਹੀ ਵਸਤਾਂ ਦੁਰਲੱਭ ਹਨ, ਬਾਦਸ਼ਾਹ ਨੂੰ ਪ੍ਰਾਪਤ ਨਹੀਂ ਹੋਈਆਂ ਹਨ। ਹੋਰ ਇਹ ਕਿਸੇ ਸਥਾਨ ਤੋਂ ਵੀ ਨਹੀਂ ਮਿਲਦੀਆਂ, ਕਿਤੇ ਵੀ ਜਾ ਕੇ ਇਨ੍ਹਾਂ ਦੀ ਭਾਲ ਕਰ ਲੈਣ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਵੱਡਾ ਘਰ ਹੈ, ਉਥੇ ਕਿਸੇ ਚੀਜ਼ ਦੀ ਘਾਟ ਨਹੀਂ ਹੈ। ਜਿਹੜਾ ਭਰੋਸਾ ਧਾਰ ਕੇ ਪ੍ਰੀਤ ਕਰਦਾ ਹੈ, ਉਹ ਇਨ੍ਹਾਂ ਨੂੰ ਪਾ ਲੈਂਦਾ ਹੈ'' ॥੩੦॥

ਇਮ ਕਹਿ ਗੁਨ, ਉਮਰਾਵ ਕੋ ਤਤਛਿਨ ਤ੍ਰੈ ਦੀਨੀ।
ਮਹਿਮਾ ਸਤਿਗੁਰ ਕੀ ਸਭਿਨਿ ਪੀਨੀ ਅਤਿ ਚੀਨੀ।
ਹ੍ਵੈ ਪ੍ਰਸੰਨ ਗਮਨਯੋ ਤਬਹਿ ਦਿੱਲੀ ਮਹਿ ਆਯੋ।
ਸ਼ਾਹਜਹਾਂ ਕੋ ਤਬਿ ਦਈ ਦੇਖਤਿ ਹਰਖਾਯੋ॥ ੩੧॥

ਇਸ ਤਰ੍ਹਾਂ ਗੁਣ ਕਹਿ ਕੇ ਤਿੰਨ ਵਸਤਾਂ ਤੁਰਤ ਬਾਦਸ਼ਾਹ ਦੇ ਅਮੀਰ ਨੂੰ ਦੇ ਦਿੱਤੀਆਂ। ਸਾਰਿਆਂ ਨੇ ਸਤਿਗੁਰੂ ਜੀ ਦੀ ਮਹਾਨ ਮਹਿਮਾ ਨੂੰ ਜਾਣਿਆ। ਉਹ ਅਮੀਰ ਪ੍ਰਸੰਨ ਹੋ ਕੇ ਚਲੇ ਗਿਆ ਤੇ ਦਿੱਲੀ ਪਹੁੰਚ ਗਿਆ। ਜਦ ਸ਼ਾਹਜਹਾਂ ਨੂੰ ਜਾ ਕੇ ਉਹ ਦੁਰਲੱਭ ਵਸਤਾਂ ਦਿੱਤੀਆਂ ਤਾਂ ਉਹ ਬਹੁਤ ਪ੍ਰਸੰਨ ਹੋਇਆ॥੩੧॥

ਦੁਰਲਭ ਪਾਇ ਪਦਾਰਥਨਿ ਢਿਗ ਦਾਰਸ਼ਕੋਹਾ।
ਜਾਨਯੋ-ਅਬਿ ਇਹ ਜੀਵਿ ਹੈ ਰੁਜ ਨਾਸ਼ਨ ਹੋਹਾ।
ਇਕ ਤੋ ਪੁੱਤ੍ਰ ਸਨੇਹ ਤੇ ਪੁਨ ਦੁਰਲਭ ਪਾਏ।
ਸ਼ਾਹਜਹਾਂ ਕੇ ਮੋਦ ਬਡਿ ਕਛੁ ਕਹਯੋ ਨ ਜਾਏ॥ ੩੨॥

ਦੁਰਲੱਭ ਵਸਤਾਂ ਲੈ ਕੇ ਸ਼ਾਹਜਹਾਂ ਦਾਰਾ ਸ਼ਕੋਹ ਪਾਸ ਗਿਆ। ਉਹ ਸਮਝ ਗਿਆ ਕਿ ਹੁਣ ਦਾਰਾ ਸ਼ਕੋਹ ਜੀਉਂਦਾ ਰਹੇਗਾ ਤੇ ਰੋਗ ਦੂਰ ਹੋ ਜਾਵੇਗਾ। ਇਕ ਤਾਂ ਪੁੱਤਰ ਨਾਲ ਪਿਆਰ ਸੀ, ਦੂਸਰਾ ਦੁਰਲੱਭ ਵਸਤਾਂ ਪਾਈਆਂ, ਸ਼ਾਹਜਹਾਂ ਦੀ ਏਨੀ ਖ਼ੁਸ਼ੀ ਵਧੀ ਕਿ ਕੁਝ ਕਿਹਾ ਨਹੀਂ ਸੀ ਜਾਂਦਾ॥੩੨॥

ਮਨ ਮਹਿਂ ਲਗਯੋ ਬਿਚਾਰਨੇ ਕਹਿ ਸਭਿਨਿ ਸੁਨਾਵੈ।
'ਮੁਝਕੋ ਬਡ ਅਫਸੋਸ ਹੈ ਕੁਛ ਕਹਯੋ ਨ ਜਾਵੈ।
ਅਵਨੀ ਮੰਡਲ ਕੋ ਪਤੀ ਮਮ ਆਗਯਾ ਸਾਰੇ।
ਕਿਤ ਤੇ ਨਹਿਂ ਪ੍ਰਾਪਤਿ ਭਈ ਖੋਜਤਿ ਨਰ ਹਾਰੇ॥ ੩੩॥

ਮਨ ਵਿਚ ਵਿਚਾਰਨ ਲੱਗਾ ਤੇ ਸਾਰਿਆਂ ਨੂੰ ਕਹਿ ਕੇ ਸੁਣਾਉਂਦਾ ਹੈ, "ਮੈਨੂੰ ਬੜਾ ਅਫ਼ਸੋਸ ਹੈ ਕੁਝ ਕਿਹਾ ਨਹੀਂ ਜਾਂਦਾ। ਮੈਂ ਸਾਰੀ ਧਰਤੀ ਦਾ ਮਾਲਕ ਹਾਂ, ਸਾਰੇ ਮੇਰੀ ਆਗਿਆ ਅਧੀਨ ਹਨ, ਕਿਸੇ ਪਾਸੋਂ ਵੀ ਇਹ ਚੀਜ਼ਾਂ ਪ੍ਰਾਪਤ ਨਹੀਂ ਹੋਈਆਂ, ਸਾਰੇ ਮਨੁੱਖ ਲੱਭਦੇ ਹਾਰ ਗਏ ਹਨ॥੩੩॥

ਕਾਦਰ ਬੇਪਰਵਾਹ ਬਡ ਹਿੰਦੂ ਘਰਿ ਸੋਈ।
ਜਾਚੇ ਮੁਝ ਪ੍ਰਾਪਤਿ ਭਈ, ਨਤੁ ਪਾਇ ਨ ਕੋਈ'।
ਇਮ ਕਹਿ ਹਿਰਸ ਬਿਸਾਲ ਕਰਿ ਲੇ ਦੀਰਘ ਸ੍ਵਾਸਾ।
ਤੂਸ਼ਨਿ ਕਰੇ ਬਿਸੂਰਤੋ ਜਨੁ ਚਿੰਤਾ ਗ੍ਰਾਸਾ॥ ੩੪॥

ਕਾਦਰ ਵੱਡਾ ਬੇਪ੍ਰਵਾਹ ਹੈ, ਇਕ ਹਿੰਦੂ ਘਰ ਵਿਚੋਂ ਮੰਗਣ ਨਾਲ ਮੈਨੂੰ ਪ੍ਰਾਪਤ ਹੋ ਗਈਆਂ ਹਨ, ਨਹੀਂ ਤਾਂ ਕੋਈ ਵੀ ਇਹ ਚੀਜ਼ਾਂ ਪਾ ਨਹੀਂ ਸਕਿਆ।" ਇਸ ਤਰ੍ਹਾਂ ਕਹਿ ਕੇ ਪ੍ਰਾਪਤੀ ਦੀ ਬਹੁਤ ਚਾਹਤ ਕਰਕੇ ਲੰਮੇ-ਲੰਮੇ ਸਾਹ ਲੈਂਦਾ ਹੈ ਤੇ ਘਬਰਾਇਆ ਹੋਇਆ ਚੁਪ ਹੋ ਗਿਆ ਮਾਨੋਂ ਵੱਡੀ ਚਿੰਤਾ ਵਿਚ ਫਸ ਗਿਆ ਸੀ॥੩੪॥

ਗਯਾਨੀ ਦਾਰਸ਼ਕੋਹ ਨੇ ਲਖਿ ਹਿਰਸ ਮਹਾਨਾ।
ਕਹਯੋ ਪਿਦਰ ਸੋਂ 'ਦੂਰ ਕਰਿ ਅਫਸੋਸ ਜੁ ਠਾਨਾ।
ਰਬ ਕੀ ਜ਼ਾਤਿ ਫਕੀਰ ਸੋ ਬੇਖਾਹਸ਼ ਭਾਰੇ।
ਕਰਾਮਾਤ ਜ਼ਾਹਰ ਜਿਨਹੁ ਜਗ ਬਿਦਤੀ ਸਾਰੇ॥ ੩੫॥

ਗਿਆਨਵਾਨ ਦਾਰਾ ਸ਼ਕੋਹ ਨੇ ਆਪਣੇ ਪਿਤਾ ਵਿਚ ਮਹਾਨ ਚਾਹਤ ਵੇਖ ਕੇ ਕਿਹਾ, "ਪਿਤਾ ਜੀ, ਅਫ਼ਸੋਸ ਨੂੰ ਦੂਰ ਕਰੋ ਜੋ ਤੁਸੀਂ ਧਾਰਨ ਕੀਤਾ ਹੈ। ਉਹ ਰੱਬ ਦੀ ਜ਼ਾਤ ਲਾਲਚ ਰਹਿਤ ਭਾਰੀ ਫ਼ਕੀਰ ਹਨ, ਜਿਨ੍ਹਾਂ ਦੀ ਜ਼ਾਹਰਾ ਕਰਾਮਾਤ ਸਾਰੇ ਜੱਗ ਵਿਚ ਪ੍ਰਗਟ ਹੈ॥੩੫॥

ਸ੍ਰੀ ਗੁਰ ਨਾਨਕਸ਼ਾਹ ਕੇ ਘਰ ਮਹਦ ਮਹਾਨਾ।
ਲਾਖਹੁੰ ਅਜ਼ਮਤਿ ਜੁਤਿ ਕਰੇ ਦੇ ਗਯਾਨ ਨਿਧਾਨਾ।
ਕਾਮਲ ਆਪ ਖ਼ੁਦਾਇ ਕੈ ਨਹਿਂ ਸੰਸਾ ਕੀਜੈ।
ਕਰਨ ਜੋਗ ਹੈ ਬੰਦਗੀ ਹਿਰਸੀ ਨ ਬਨੀਜੈ॥ ੩੬॥

ਸ੍ਰੀ ਗੁਰੂ ਨਾਨਕਸ਼ਾਹ ਦੇ ਘਰ ਵਿਚ ਮਹਾਨ ਆਨੰਦ ਹੈ। ਲੱਖਾਂ ਕਰਾਮਾਤਾਂ ਸਹਿਤ ਹਨ ਤੇ ਗਿਆਨ ਦੇ ਖ਼ਜ਼ਾਨੇ ਹਨ। ਉਹ ਖ਼ੁਦਾ ਦੇ ਕਾਮਲ ਫ਼ਕੀਰ ਹਨ, ਇਸ ਵਿਚ ਕੋਈ ਸ਼ੰਕਾ ਨਾ ਕਰੋ, ਉਹ ਬੰਦਨਾ ਕਰਨਯੋਗ ਹਨ, ਲਾਲਚੀ ਨਾ ਬਣੋ॥੩੬॥

ਤੁਮ ਭੀ ਸਭਿ ਬਿਧਿ ਤੇ ਤਿਨਹੁੰ ਜਾਨਤਿ ਬਡਿਆਈ।
ਹਮਰੇ ਬਡਿਅਨਿ ਸੰਗ ਮਿਲਿ ਬਹੁ ਕਰੀ ਭਲਾਈ।
ਸੁਨਿ ਕੈ ਸੁਤ ਤੇ ਸ਼ਾਹੁ ਨੇ ਪੁਨ ਬਾਕ ਬਖਾਨਾ।
'ਜਿਨ ਕੇ ਹਿਰਸ ਨ ਹੀਯਰੇ ਸੇ ਅਹੈਂ ਮਹਾਨਾ॥ ੩੭॥

ਤੁਸੀਂ ਵੀ ਸਾਰੀਆਂ ਵਿਧੀਆਂ ਅਨੁਸਾਰ ਉਨ੍ਹਾਂ ਦੀ ਵਡਿਆਈ ਜਾਣਦੇ ਹੋ। ਸਾਡੇ ਵੱਡਿਆਂ ਨਾਲ ਮਿਲ ਕੇ ਉਨ੍ਹਾਂ ਬਹੁਤ ਭਲਾਈ ਕੀਤੀ ਹੈ।'' ਆਪਣੇ ਪੁੱਤਰ ਪਾਸੋਂ ਇਸ ਤਰ੍ਹਾਂ ਸੁਣ ਕੇ ਫਿਰ ਬਾਦਸ਼ਾਹ ਨੇ ਕਿਹਾ, ''ਜਿਨ੍ਹਾਂ ਦੇ ਹਿਰਦੇ ਵਿਚ ਲਾਲਚ ਨਹੀਂ ਹੈ, ਉਹ ਮਹਾਨ ਪੁਰਸ਼ ਹਨ॥੩੭॥

ਜਿਨ ਪਰ ਫਜ਼ਲ ਅਲਾਹ ਕੋ ਦੇ ਸਿਦਕ ਸਬੂਰੀ।
ਹਿਰਸ ਬਖੀਲੀ ਤਿਸ ਰਿਦੈ ਕਰਿ ਦੈ ਸਭਿ ਦੂਰੀ।
ਦੁਨੀਆਂ ਹਿਰਸ ਹਵਾਇ ਹੈ ਨਹਿ ਮਿਟਹਿ ਕਦਾਈ।
ਪ੍ਰੀਤਿ ਪ੍ਰਤੀਤ ਖੁਦਾਇ ਕੀ ਸੇ ਪਾਕ ਸਦਾਈ॥ ੩੮॥

ਜਿਨ੍ਹਾਂ ਉੱਤੇ ਅਲਾਹ ਦੀ ਮਿਹਰ ਹੈ ਉਨ੍ਹਾਂ ਨੂੰ ਸਿਦਕ ਅਤੇ ਸੰਤੋਖ ਬਖਸ਼ਦਾ ਹੈ, ਉਨ੍ਹਾਂ ਦੇ ਹਿਰਦਿਆਂ ਵਿਚੋਂ ਲਾਲਚ ਨਿੰਦਿਆ ਚੁਗਲੀ ਸਭ ਦੂਰ ਕਰ ਦਿੰਦਾ ਹੈ। ਦੁਨੀਆਂ ਲਾਲਚ ਤੇ ਕਾਮਨਾ ਨਾਲ ਭਰੀ ਪਈ ਹੈ ਤੇ ਇਹ ਦੋਵੇਂ ਕਦੇ ਵੀ ਦੂਰ ਨਹੀਂ ਹੁੰਦੀਆਂ। ਜਿਨ੍ਹਾਂ ਦਾ ਖੁਦਾ ਉੱਤੇ ਭਰੋਸਾ ਅਤੇ ਪ੍ਰੀਤ ਹੈ ਉਹ ਸਦਾ ਹੀ ਪਾਕ ਪਵਿੱਤਰ ਹਨ॥੩੮॥

ਜਾਨੌਂ ਨੀਕੀ ਰੀਤਿ ਸੋਂ ਗੁਰ ਕੀ ਬਡਿਆਈ।
ਤਊ ਹਿਰਸ ਹੰਕਾਰ ਤੇ ਹੁਇ ਹੈ ਦੁਖਦਾਈ।
ਅਬਿ ਨ ਕਰੌਂ ਕਬਿ ਮੈਂ ਰਿਦੈ, ਉਤਰੌਂ ਨਹਿ ਪੂਰਾ।
ਮੈਂ ਮਾਨੁਖ ਅੱਗਜਾਨ ਜੁਤਿ ਸੋ ਅਲਹ ਜ਼ਹੂਰਾ' ॥ ੩੯॥

ਜਿਹੜੀ ਗੁਰੂ ਦੀ ਵਡਿਆਈ ਹੈ, ਇਸ ਨੂੰ ਚੰਗੀ ਰੀਤੀ ਨਾਲ ਜਾਣੋ, ਫਿਰ ਵੀ ਲਾਲਚ ਹੰਕਾਰ ਕਰਨਾ ਦੁਖਦਾਇਕ ਹੋਵੇਗਾ। ਹੁਣ ਮੈਂ ਕਦੇ ਵੀ ਹਿਰਦੇ ਵਿਚ ਲਾਲਚ ਤੇ ਹੰਕਾਰ ਨਹੀਂ ਕਰਾਂਗਾ, ਮੈਂ ਕਦੀ ਵੀ ਪੂਰਾ ਨਹੀਂ ਉਤਰ ਸਕਦਾ ਕਿਉਂਕਿ ਮੈਂ ਅਗਿਆਨਤਾ ਸਹਿਤ ਮਨੁੱਖ ਹਾਂ ਤੇ ਉਹ ਪਰਮੇਸ਼ਰ ਦਾ ਸਰੂਪ ਹਨ' ॥੩੯॥

ਅਦਲਮਤੀ ਉਰ ਧਾਰਿ ਕੈ ਤਬਿ ਹਿਰਸ ਮਿਟਾਈ।
ਲੇ ਸ਼੍ਰੀ ਨਾਨਕ ਨਾਮ ਕੋ ਨਿਜ ਗ੍ਰੀਵ ਨਿਵਾਈ।
ਤਬਿ ਹਕੀਮ ਹਿਕਮਤਿ ਮਹਦ ਨਿਜ ਨਿਕਟਿ ਹਕਾਰੇ।
ਲੌਂਗ ਹਰੜ ਦੀਨਸਿ ਦੋਊ ਅਚਰਜ ਪਿਖਿ ਧਾਰੇ॥ ੪੦॥

ਬਾਦਸ਼ਾਹ ਨੇ ਨਿਆਂ ਵਾਲੀ ਬੁਧੀ ਹਿਰਦੇ ਵਿਚ ਧਾਰ ਕੇ ਤਦ ਲਾਲਚ ਨੂੰ ਦੂਰ ਕੀਤਾ ਤੇ ਗੁਰੂ ਨਾਨਕ ਦੇਵ ਜੀ ਦਾ ਨਾਂ ਲੈ ਕੇ ਆਪਣਾ ਸਿਰ ਨਿਵਾਇਆ। ਤਦ ਵੱਡੇ-ਵੱਡੇ ਹਕੀਮ ਜਿਹੜੇ ਹਿਕਮਤ ਦੇ ਮਾਹਰ ਸਨ, ਉਨ੍ਹਾਂ ਨੂੰ ਪਾਸ ਬੁਲਾਇਆ, ਲੌਂਗ ਤੇ ਹਰੜ ਦੋਵੇਂ ਹੀ ਦੇ ਦਿੱਤੇ, ਜਿਨ੍ਹਾਂ ਨੂੰ ਵੇਖ ਕੇ ਉਹ ਬਹੁਤ ਹੈਰਾਨ ਹੋਏ॥੪੦॥

ਬਹੁ ਤਰੀਫ ਸਭਿ ਨੇ ਕਰੀ 'ਦੁਰਲਭ ਬਹੁ ਪਾਈ'।
ਹਿਕਮਤਿ ਦਾਰਸ਼ਕੋਹ ਕੀ ਤਬਿਹੂੰ ਕਰਿਵਾਈ।

ਭਯੋ ਅਰੁਜਿ ਤਤਕਾਲ ਹੀ ਕਰਿ ਖੁਸ਼ੀ ਬਿਸਾਲਾ।
ਮੰਗਲ ਨਾਨਾ ਬਿਧਿਨ ਕੇ ਉਪਜੇ ਦਰਹਾਲਾ॥ ੪੧॥

ਸਾਰਿਆਂ ਨੇ ਬਹੁਤ ਸਿਫਤ ਕੀਤੀ, "ਬਹੁਤ ਦੁਰਲੱਭ ਵਸਤਾਂ ਪਾਈਆਂ ਹਨ।" ਤਦ ਦਾਰਾ ਸ਼ਕੋਹ ਦਾ ਇਲਾਜ ਕੀਤਾ, ਤੁਰਤ ਰਾਜ਼ੀ ਹੋ ਗਿਆ ਅਤੇ ਬਹੁਤ ਖੁਸ਼ੀ ਮਨਾਈ। ਛੇਤੀ ਹੀ ਕਈ ਪ੍ਰਕਾਰ ਦੀਆਂ ਖੁਸ਼ੀਆਂ ਅਤੇ ਮੰਗਲ ਮਨਾਏ ਗਏ॥੪੧॥

ਚੌਪਈ- 'ਸਤਿਗੁਰ ਕੇ ਘਰ ਕੋ ਧਨ ਧੰਨ। ਸ਼ਾਹੁ ਆਦਿ ਸਭਿ ਕਹੈਂ ਪ੍ਰਸੰਨ।
ਰਾਜ ਜੋਗ ਜੋ ਕਰਤਿ ਹਮੇਸ਼ਾ। ਸਗਰੇ ਜਗ ਮਹਿਂ ਵਿਦਤ ਵਿਸ਼ੇਸ਼ਾ॥੪੨॥

"ਸਤਿਗੁਰੂ ਜੀ ਦਾ ਘਰ ਧੰਨ-ਧੰਨ ਹੈ" ਬਾਦਸ਼ਾਹ ਆਦਿ ਸਭ ਪ੍ਰਸੰਨ ਹੋ ਕੇ ਕਹਿੰਦੇ ਸਨ। ਜਿਹੜੇ ਹਮੇਸ਼ਾ ਰਾਜ ਜੋਗ ਕਰਦੇ ਹਨ, ਉਹ ਸਾਰੇ ਜਗ ਵਿਚ ਵਿਸ਼ੇਸ਼ ਤੌਰ ਤੇ ਪ੍ਰਗਟ ਹਨ॥੪੨॥

*ਨੌਵੀਂ ਰਾਸ ਦਾ ਦੂਸਰਾ ਅਧਿਆਇ ਸਮਾਪਤ ਹੋਇਆ॥੨॥*

## ਅਧਿਆਇ ਤੀਸਰਾ

*ਬਿਰਧਾ ਪ੍ਰੇਮਣ ਦਾ ਪ੍ਰਸ਼ਾਦਿ ਛਕਿਆ*

ਸੈਯਾ ਛੰਦ- ਇਮ ਸ਼੍ਰੀ ਸਤਿਗੁਰ ਮਹਿਦ ਪ੍ਰਤਾਪੰ ਜਗਤ ਬਿਖੈ ਹੋਵਤਿ ਬਿਸਤਾਰ।
ਆਵਹਿ ਦੇਸ਼ ਬਿਦੇਸ਼ਨਿ ਸੰਗਤਿ ਦਰਸ਼ਨ ਕਰਿ ਅਰਪਹਿ ਉਪਹਾਰ।
ਮਨ ਬਾਂਛਤਿ ਸਿਖ ਪਾਵਤਿ ਹੈਂ ਫਲ ਖਰੇ ਅੱਗ੍ਰ ਅਰਦਾਸ ਉਚਾਰਿ।
ਕੀਰਤਪੁਰਿ ਮਹਿਂ ਭੀਰ ਹੋਤਿ ਨਿਤ ਅਰਜ਼ ਗੁਜ਼ਾਰਹਿ ਮਿਲੇ ਹਜ਼ਾਰ॥੧॥

ਇਸ ਤਰ੍ਹਾਂ ਸਤਿਗੁਰੂ ਜੀ ਦਾ ਜਗਤ ਵਿਚ ਵੱਡਾ ਪ੍ਰਤਾਪ ਪ੍ਰਗਟ ਹੋਇਆ। ਦੇਸ਼ਾਂ ਵਿਦੇਸ਼ਾਂ ਤੋਂ ਸੰਗਤ ਆਉਂਦੀ ਸੀ ਤੇ ਦਰਸ਼ਨ ਕਰਕੇ ਉਪਹਾਰ ਅਰਪਣ ਕਰਦੀ ਸੀ। ਸਿੱਖ ਮੂੰਹ ਮੰਗੀਆਂ ਮੁਰਾਦਾਂ ਪਾਉਂਦੇ ਸਨ ਤੇ ਅੱਗੇ ਖੜੇ ਹੋ ਕੇ ਬੇਨਤੀਆਂ ਉਚਾਰਨ ਕਰਦੇ ਸਨ। ਕੀਰਤਪੁਰ ਵਿਚ ਸਦਾ ਭੀੜ ਹੁੰਦੀ ਸੀ, ਹਜ਼ਾਰਾਂ ਹੀ ਮਿਲ ਕੇ ਬੇਨਤੀਆਂ ਕਰਦੇ ਸਨ॥੧॥

ਇਕ ਬਿਰਧਾ ਸ਼ਰਧਾ ਸਤਿਗੁਰ ਕੀ ਪ੍ਰੇਮਾ ਭਗਤਿ ਰਿਦੈ ਲਿਵਲਾਇ।
ਧਰਹਿ ਧਜਾਨ ਨਿਸ ਦਿਨ ਗੁਰਮੂਰਤਿ ਚਿਤ ਮਹਿਂ ਚਿਤਵਤਿ ਬਲ ਬਲਿ ਜਾਇ।
ਘਰ ਤੇ ਨਿਰਧਨ ਅਸਨ ਨ ਪਾਵਹਿ ਚਹਹਿ:- ਕਰਵਿ ਗੁਰ ਸੇਵ ਬਨਾਇ।
ਮਮ ਕਰ ਤੇ ਕਿਸ ਬਿਧਿ ਬਨਿ ਆਵਹਿ ਤਬਹਿ ਸਫਲਤਾ ਮੈਂ ਨਿਜ ਪਾਇ॥੨॥

ਇਕ ਬਿਰਧ ਇਸਤਰੀ ਨੇ ਸਤਿਗੁਰੂ ਜੀ ਵਿਚ ਸ਼ਰਧਾ ਧਾਰ ਕੇ ਹਿਰਦੇ ਵਿਚ ਪ੍ਰੇਮ-ਭਗਤੀ ਦੀ ਲਿਵ ਲਗਾਈ ਸੀ। ਉਹ ਦਿਨ ਰਾਤ ਗੁਰੂ ਜੀ ਦੀ ਸੂਰਤ ਵਿਚ ਧਿਆਨ ਧਾਰਨ ਕਰਦੀ ਸੀ ਤੇ ਚਿੱਤ ਵਿਚ ਯਾਦ ਕਰਕੇ ਬਲਿਹਾਰ ਜਾਂਦੀ ਸੀ। ਘਰ ਵਿਚ ਬਹੁਤ ਗ਼ਰੀਬੀ ਸੀ, ਭੋਜਨ ਵੀ ਪ੍ਰਾਪਤ ਨਹੀਂ ਸੀ ਹੁੰਦਾ ਪਰ ਦਿਲ ਵਿਚ ਪ੍ਰੇਮ ਸੀ। ਗੁਰੂ ਜੀ ਦੀ ਆਪਣੇ ਹੱਥੀਂ ਸੇਵਾ

ਕਰਨਾ ਚਾਹੁੰਦੀ ਸੀ। ਸੋਚਦੀ ਸੀ ਕਿ ਮੇਰੇ ਹੱਥਾਂ ਤੋਂ ਕਿਸ ਵਿਧੀ ਨਾਲ ਬਣ ਆਵੇ ਤਦ ਹੀ ਮੈਂ ਆਪਣਾ ਜੀਵਨ ਸਫਲ ਪਾਵਾਂਗੀ॥੨॥

ਇਕ ਦਿਨ ਧਰਮ ਕਿਰਤਿ ਕੁਛ ਕਰਿ ਕੇ ਟਕਾ ਏਕ ਮਿਹਨਤਿ ਕੋ ਲੀਨਿ।
ਅਸਨ ਸਮਿੱਗ੍ਰੀ ਕਰੀ ਖਰੀਦਨ ਨਿਜ ਗ੍ਰਿਹ ਆਇ ਲੀਪਬੋ ਕੀਨਿ।
ਅਪਨੇ ਬਸਤ੍ਰ ਪਖਾਰਨਿ ਕਰਿ ਕੈ ਜਲ ਮੱਜਨ ਤੇ ਹ੍ਵੈ ਮਲ ਹੀਨ।
ਸਭਿ ਬਿਧਿ ਸੁਚਿ ਤੇ ਇਕਠੀ ਕਰਿਕੈ ਰਿਦੇ ਪ੍ਰੇਮ ਪਰਵਾਹ ਪ੍ਰਬੀਨ॥ ੩॥

ਇਕ ਦਿਨ ਕੁਝ ਧਰਮ ਕਿਰਤ ਕਰਕੇ ਇਕ ਟਕਾ ਮਿਹਨਤ ਦਾ ਲਿਆ। ਭੋਜਨ ਦੀ ਸਮੱਗਰੀ ਖਰੀਦੀ ਤੇ ਆਪਣੇ ਘਰ ਵਿਚ ਆ ਕੇ ਲਿਪਾਈ ਕੀਤੀ। ਆਪਣੇ ਕਪੜੇ ਧੋ ਕੇ ਜਲ ਵਿਚ ਇਸ਼ਨਾਨ ਕਰਕੇ ਮੈਲ-ਹੀਣ ਹੋ ਗਈ। ਸਭ ਵਿਧੀਆਂ ਨਾਲ ਸੁੱਚਮਤਾ ਇਕੱਠੀ ਕਰਕੇ ਦਿਲ ਵਿਚ ਸ੍ਰੇਸ਼ਟ ਪ੍ਰੇਮ ਦਾ ਪ੍ਰਵਾਹ ਚਲ ਪਿਆ॥੩॥

ਦੋਇ ਰੋਟਿਕਾ ਕਰੀ ਪਕਾਵਨ ਘ੍ਰਿਤ ਅਰੁ ਸਿਤਾ ਊਪਰੇ ਪਾਇ।
ਨੀਕੀ ਬਿਧਿ ਸੋਂ ਕਰਿ ਤਿਆਰ ਤਿਹ ਬਾਸਨ ਮਹਿਂ ਧਰਿ ਕਰਿ ਹਿਤ ਲਾਇ।
ਛਾਦਿ ਰੁਮਾਲ ਸਾਥ ਕਰ ਧਰਿ ਕੈ ਨਿਕਸੀ ਘਰ ਤੇ ਵਹਿਰ ਸਿਧਾਇ।
ਕਿਮ ਪਹੁਚੋਂ ਮੈਂ ਨਿਕਟਿ ਗੁਰੂ ਕੇ ਮਨ ਮਹਿਂ ਗਿਨਤੀ ਕੋ ਉਪਜਾਇ॥ ੪॥

ਦੋ ਰੋਟੀਆਂ ਪਕਾਈਆਂ ਤੇ ਘਿਉ ਤੇ ਖੰਡ ਉਪਰ ਪਾਈ। ਚੰਗੀ ਵਿਧੀ ਨਾਲ ਤਿਆਰ ਕਰਕੇ ਉਨ੍ਹਾਂ ਨੂੰ ਬਰਤਨ ਦੇ ਵਿਚ ਬੜੇ ਪ੍ਰੇਮ ਨਾਲ ਧਰ ਲਿਆ। ਉਨ੍ਹਾਂ ਨੂੰ ਰੁਮਾਲ ਦੇ ਨਾਲ ਢੱਕ ਕੇ ਤੇ ਹੱਥ ਉੱਤੇ ਰੱਖ ਕੇ ਘਰ ਵਿਚੋਂ ਬਾਹਰ ਨਿਕਲ ਕੇ ਚਲ ਪਈ। ਮੈਂ ਗੁਰੂ ਜੀ ਪਾਸ ਕਿਵੇਂ ਪਹੁੰਚਾਂ, ਮਨ ਵਿਚ ਗਿਣਤੀਆਂ ਕਰਦੀ ਸੀ॥੪॥

'ਕਿਮਿ ਮੇਰੇ ਕਰ ਤੇ ਲੈ ਅਚਵਹਿਂ ਲੋਕ ਹਜ਼ਾਰਨ ਕੀ ਜਹਿਂ ਭੀਰ।
ਚਿਰੰਕਾਲ ਕੀ ਮੇਰੀ ਚਿਤਵਨ ਸੇਵੋਂ ਸਤਿਗੁਰ ਕੇ ਹੁਇ ਤੀਰ।
ਅੰਤਰਜਾਮੀ ਪੂਰਹਿਂ ਕਾਮਨਾ ਜਥਾ ਭੀਲਨੀ ਕੀ ਰਘੁਬੀਰ।
ਪ੍ਰੇਮ ਪਰਖਨਾ ਹੈ ਗੁਰ ਹਰਿ ਕੇ, ਤੰਦੁਲ ਲਏ ਸੁਦਾਮੇ ਚੀਰ'॥ ੫॥

"ਮੇਰੇ ਹੱਥੋਂ ਰੋਟੀ ਲੈ ਕੇ ਕਿਵੇਂ ਖਾ ਲੈਣਗੇ, ਜਿਥੇ ਹਜ਼ਾਰਾਂ ਲੋਕਾਂ ਦੀ ਭੀੜ ਲੱਗੀ ਹੈ। ਬੜੀ ਦੇਰ ਦੀ ਮੇਰੀ ਖਾਹਸ਼ ਹੈ ਕਿ ਸਤਿਗੁਰੂ ਜੀ ਦੇ ਨੇੜੇ ਜਾ ਕੇ ਉਨ੍ਹਾਂ ਦੀ ਸੇਵਾ ਕਰਾਂ। ਹੇ ਅੰਤਰਜਾਮੀ ਸਤਿਗੁਰੂ ਜੀ! ਮੇਰੀ ਕਾਮਨਾ ਪੂਰੀ ਕਰੋ ਜਿਵੇਂ ਰਾਮਚੰਦਰ ਜੀ ਨੇ ਭੀਲਣੀ ਦੀ ਖਾਹਸ਼ ਪੂਰੀ ਕੀਤੀ ਸੀ। ਗੁਰੂ ਹਰਿਰਾਇ ਜੀ ਨੂੰ ਪ੍ਰੇਮ ਦੀ ਪਛਾਣ ਹੈ ਜਿਵੇਂ ਸ੍ਰੀ ਕ੍ਰਿਸ਼ਨ ਨੇ ਸੁਦਾਮੇ ਦੇ ਪੱਲੇ ਵਿਚੋਂ ਚਾਵਲ ਲੈ ਲਏ ਸਨ"॥੫॥

ਇਮ ਗਿਨਤੀ ਬਿਨਤੀ ਕੀ ਠਾਨਤਿ ਸਤਿਗੁਰ ਨੇ ਜਾਨੀ ਸਭਿ ਬਾਤ।
ਭਏ ਅਰੂਢਿ ਅਖੇਰ ਕਰਜੋ ਮਿਸਿ, ਤੁਰਨ ਤੇ ਤਿਸ ਮਾਰਗ ਜਾਤਿ।
ਚਢੇ ਸੰਗ ਅਸਵਾਰ ਸੈਂਕਰੇ ਆਯੁਧ ਗਹੇ ਆਇ ਪਸ਼ਚਾਤ।
ਚੰਚਲ ਕਰਤਿ ਤੁਰੰਗ ਕੁਦਾਵਤਿ ਅਤਿ ਸ਼ੋਭਾ ਧਾਰਤਿ ਅਵਿਦਾਤ॥ ੬॥

ਇਸ ਤਰ੍ਹਾਂ ਗਿਣਤੀਆਂ ਮਿਣਤੀਆਂ ਕਰਦੀ ਸੀ। ਸਤਿਗੁਰੂ ਜੀ ਨੇ ਸਾਰੀ ਗੱਲ ਜਾਣ ਲਈ। ਘੋੜੇ 'ਤੇ ਚੜ੍ਹ ਕੇ ਸ਼ਿਕਾਰ ਖੇਡਣ ਚਲ ਪਏ ਤੇ ਉਸ ਦੇ ਘਰ ਵੱਲ ਚਲੇ ਗਏ। ਸੈਂਕੜੇ ਅਸਵਾਰ ਸ਼ਸਤਰ-ਬੱਧ ਹੋ ਕੇ ਗੁਰੂ ਜੀ ਦੇ ਪਿੱਛੇ ਆ ਗਏ। ਬੜੀ ਚੰਚਲਤਾ ਕਰਦੇ ਸਨ ਤੇ ਘੋੜਿਆਂ ਨੂੰ ਕੁਦਵਾਉਂਦੇ ਸਨ ਤੇ ਬੜੀ ਵੱਡੀ ਸ਼ੋਭਾ ਪਾ ਰਹੇ ਸਨ॥੬॥

ਤਜਾਗ ਸੁ ਪੰਥ ਖਰੀ ਹੁਇ ਇਕ ਥਲ, ਮਨ ਤੇ ਚਰਨ ਬੰਦਨਾ ਕੀਨਿ।
ਜਾਤਿ ਵਹਿਰ ਕਿਮਿ ਅਚਵਹਿਂ ਮੁਝ ਤੇ ਭਈ ਬਿਫਲ ਸੇਵਾ ਉਰ ਚੀਨ।
ਹੁਇ ਬਲਿਹਾਰ ਸਰੂਪ ਬਿਲੋਕਤਿ ਸੰਮਤ ਬੀਸਕ ਬੈਸ ਨਵੀਨ।
ਬਿਰਧਾ ਸਿਖਨੀ ਸ਼ਰਧਾ ਅਧਿਕਤਿ ਖਰੀ ਭਾਉ ਤੇ ਭੋਜਨ ਲੀਨਿ॥ ੭॥

ਬ੍ਰਿਧ ਇਸਤਰੀ ਰਾਹ ਛੱਡ ਕੇ ਇਕ ਥਾਂ ਖੜੀ ਹੋ ਗਈ ਤੇ ਮਨ ਵਿਚ ਚਰਨ ਬੰਧਨਾ ਕੀਤੀ। ਹਿਰਦੇ ਵਿਚ ਇਹ ਜਾਣਿਆ ਕਿ ਸਭ ਅਸਵਾਰਾਂ ਨੂੰ ਛੱਡ ਕੇ ਮੈਥੋਂ ਕਿਵੇਂ ਭੋਜਨ ਛੱਕ ਲੈਣਗੇ? ਮੇਰੀ ਸੇਵਾ ਅਸਫਲ ਹੋਈ ਹੈ। ਸਰੂਪ ਵੇਖ ਕੇ ਬਲਿਹਾਰ ਜਾਵਾਂਗੀ। ਵੀਹਾਂ ਕੁ ਸਾਲਾਂ ਦੀ ਚੜ੍ਹਦੀ ਉਮਰ ਹੈ। ਬਿਰਧ ਸਿੱਖਣੀ ਜਿਸ ਵਿਚ ਬਹੁਤ ਸ਼ਰਧਾ ਹੈ, ਭੋਜਨ ਲੈ ਕੇ ਬੜੇ ਪ੍ਰੇਮ ਨਾਲ ਖੜੀ ਹੈ॥੭॥

ਗਨ ਅਸਵਾਰ ਭਜਾਵਤਿ ਆਵਤਿ ਮਗ ਕੀ ਧੂਰਿ ਉਠੀ ਤਿਸ ਬਾਰਿ।
ਕਹਿ ਸਤਿਗੁਰ ਨੇ ਸਗਲ ਟਿਕਾਏ 'ਰਹਹੁ ਅਟਕ ਨਹਿਂ ਆਉ ਅਗਾਰਿ'।
ਫੇਰਿ ਤੁਰੰਗ, ਨਿਕਟਿ ਤਿਸ ਗਮਨੇ ਅੰਤਰਜਾਮੀ ਕਰਜੋ ਉਚਾਰ।
'ਹਮ ਕੋ ਛੁਧਾ ਭਈ ਦਿਹੁ ਮਾਈ! ਤਜਾਰ ਅਹਾਰ ਜੁ ਤੈਂ ਕਰ ਧਾਰਿ॥ ੮॥

ਬਹੁਤ ਅਸਵਾਰ ਘੋੜੇ ਭਜਾਈ ਜਾ ਰਹੇ ਸਨ ਤੇ ਉਸ ਸਮੇਂ ਰਾਹ ਦੇ ਵਿਚ ਬਹੁਤ ਧੂੜ ਉਡੀ। ਸਤਿਗੁਰੂ ਜੀ ਨੇ ਕਹਿ ਕੇ ਸਭ ਨੂੰ ਰੋਕਿਆ, "ਏਥੇ ਰੁਕ ਜਾਵੋ, ਅੱਗੇ ਨਾ ਆਵੋ।" ਘੋੜੇ ਨੂੰ ਫੇਰ ਕੇ ਉਸ ਬਿਰਧ ਇਸਤਰੀ ਪਾਸ ਪਹੁੰਚੇ, ਫਿਰ ਅੰਤਰਜਾਮੀ ਗੁਰੂ ਜੀ ਨੇ ਪਾਸ ਜਾ ਕੇ ਕਿਹਾ, "ਸਾਨੂੰ ਬੜੀ ਭੁੱਖ ਲੱਗੀ ਹੈ, ਮਾਤਾ ਜੀ! ਭੋਜਨ ਦੇਵੋ, ਜਿਹੜਾ ਤੂੰ ਤਿਆਰ ਕਰਕੇ ਹੱਥ 'ਤੇ ਚੁੱਕ ਕੇ ਲਿਆਂਦਾ ਹੈ॥੮॥

ਪੁਨ ਅਖੇਰ ਕੋ ਬਾਹਰ ਗਮਨੈਂ ਤਹਾਂ ਛੁਧਤਿ ਹੁਇ ਲਗਹਿ ਬਿਲੰਬ'।
ਸੁਨਿ ਕੈ ਹਰਖੀ ਸੁਧਾ ਸੁ ਬਰਖੀ, ਪਰਖੀ ਪ੍ਰੀਤਿ, ਨਹੀਂ ਲੇ ਅੰਬ।
ਹਾਥ ਪਖਾਰਨਿ ਬਿਨ ਲਿਯ ਭੋਜਨ, ਅਚਵਤਿ ਸਤਿਗੁਰ ਸਿੱਖਜ ਅਲੰਬ।
'ਬਡੋ ਸ੍ਵਾਦ ਇਸ ਮਹਿਂ' ਕਹਿ ਖਾਵਤਿ ਕਰਹਿ ਬਿਲੋਕਨ ਸੈਨ ਕਦੰਬ॥ ੯॥

ਫਿਰ ਸ਼ਿਕਾਰ ਖੇਡਣ ਲਈ ਬਾਹਰ ਜਾਵਾਂਗੇ, ਉਥੇ ਜਾ ਕੇ ਬਹੁਤ ਭੁੱਖ ਲਗੇਗੀ।" ਬ੍ਰਿਧ ਮਾਤਾ ਸੁਣ ਕੇ ਬਹੁਤ ਪ੍ਰਸੰਨ ਹੋਈ ਜਿਵੇਂ ਅੰਮ੍ਰਿਤ ਵਰਸ਼ਾ ਹੋਈ ਹੋਵੇ, ਪ੍ਰੀਤ ਪਰਖੀ ਹੈ, ਪਾਣੀ ਨਹੀਂ ਲਿਆ ਹੈ, ਹੱਥ ਧੋਣ ਤੋਂ ਬਗੈਰ ਹੀ ਸਤਿਗੁਰੂ ਜੀ ਨੇ ਭੋਜਨ ਲੈ ਲਿਆ ਤੇ ਸਿੱਖ ਦੇ ਪ੍ਰੇਮ ਦੇ ਆਸਰੇ ਭੋਜਨ ਛੱਕਣ ਲੱਗੇ, "ਇਸ ਭੋਜਨ ਵਿਚ ਬੜੇ ਸਵਾਦ ਭਰੇ ਹਨ।" ਇਹ ਕਹਿ ਕੇ ਭੋਜਨ ਖਾ ਰਹੇ ਸਨ ਤੇ ਸਾਰੀ ਸੈਨਾ ਖਲੋਤੀ ਵੇਖ ਰਹੀ ਸੀ॥੯॥

ਬਿਰਧਾ, ਅਚਵਤਿ ਗੁਰ ਕੋ ਪਿਖਿ ਕਰਿ, ਬਿਨਤੀ ਕਰਤਿ ਅਨੇਕ ਪ੍ਰਕਾਰ।
'ਮੈਂ ਅਨਾਥ ਦਾਸੀ ਪ੍ਰਭੁ ਤੇਰੀ ਮਮ ਸ਼ਰਧਾ ਰਾਖੀ ਇਸ ਬਾਰ।
ਕਰਮਾ ਬਾਈ ਕਰੀ ਖੀਚਰੀ ਜਿਮ ਅਚਵੀ ਤੁਮ ਰੂਪ ਮੁਰਾਰਿ।
ਕਰਤਿ ਰਹੀ ਮੈਂ ਜਤਨ ਦੋਇ ਦਿਨ ਤੁਮ ਹਿਤ ਆਨਜੋ ਤਜਾਰ ਅਹਾਰ॥੧੦॥

ਬਿਰਧ ਇਸਤਰੀ ਗੁਰੂ ਜੀ ਨੂੰ ਭੋਜਨ ਛਕਦਿਆਂ ਨੂੰ ਵੇਖ ਕੇ ਅਨੇਕ ਪ੍ਰਕਾਰ ਬੇਨਤੀਆਂ ਕਰਦੀ ਸੀ, "ਹੇ ਪ੍ਰਭੂ ਜੀ! ਮੈਂ ਅਨਾਥ ਤੁਹਾਡੀ ਦਾਸੀ ਹਾਂ, ਮੇਰੀ ਸ਼ਰਧਾ ਨੂੰ ਤੁਸੀਂ ਇਸ ਵਾਰ ਰੱਖਿਆ ਹੈ। ਕਰਮਾ ਬਾਈ ਭਗਤਣੀ ਤੁਹਾਨੂੰ ਰੋਜ਼ ਖਿਚੜੀ ਖਵਾਇਆ ਕਰਦੀ ਸੀ ਜਿਹੜੀ ਤੁਸੀਂ ਕ੍ਰਿਸ਼ਨ ਮੁਰਾਰੀ ਦੇ ਰੂਪ ਵਿਚ ਖਾਧੀ ਸੀ। ਮੈਂ ਦੋ ਦਿਨ ਯਤਨ ਕਰਦੀ ਰਹੀ ਹਾਂ, ਤੁਹਾਡੇ ਵਾਸਤੇ ਭੋਜਨ ਤਿਆਰ ਕਰਕੇ ਲਿਆਈ ਹਾਂ॥੧੦॥

ਪੂਰਨ ਪ੍ਰੇਮ ਕਰਯੋ ਕਰਿ ਕਰੁਨਾ ਦੀਨ ਬੰਧੁ ਯਾਂਤੇ ਤੁਮ ਨਾਇ।
ਨਹਿਂ ਅਭਿਮਾਨੀ ਕੇ ਤੁਮ ਗਮਨਹੁ, ਗਏ ਬਿਦਰ ਘਰ ਭੋਜਨ ਖਾਇ।
ਨਿਜ ਦਾਸਨ ਕੀ ਪੂਰਹੁ ਭਾਵਨਾ ਯਾਂਤੇ ਵਤਸਲ ਭਗਤ ਕਹਾਇ।
ਦੀਨ ਦਯਾਲ ਕੀ ਬਾਨ ਤੁਮਾਰੀ ਹੈ ਨਿਸ਼ਚੈ ਮੇਰੋ ਇਸਿ ਭਾਇ'॥ ੧੧॥

ਤੁਸੀਂ ਕਿਰਪਾ ਕਰਕੇ ਪੂਰਨ ਪ੍ਰੇਮ ਕੀਤਾ ਹੈ, ਇਸ ਕਰਕੇ ਹੀ ਤੁਹਾਨੂੰ ਦੀਨ ਬੰਧੂ ਕਹਿੰਦੇ ਹਨ। ਤੁਸੀਂ ਅਭਿਮਾਨੀ ਦੇ ਘਰ ਨਹੀਂ ਜਾਂਦੇ ਹੋ, ਬਿਦਰ ਦੇ ਘਰ ਭੋਜਨ ਖਾਣ ਗਏ ਸੀ। ਆਪਣੇ ਦਾਸਾਂ ਦੀਆਂ ਭਾਵਨਾਵਾਂ ਪੂਰੀਆਂ ਕਰਦੇ ਹੋ, ਇਸ ਕਰਕੇ ਭਗਤ ਵਛਲ ਕਹਾਉਂਦੇ ਹੋ, ਦੀਨ ਦਿਆਲ ਦੀ ਤੁਹਾਡੀ ਬਾਣ ਹੈ, ਮੇਰਾ ਇਸ ਪ੍ਰਕਾਰ ਨਿਸ਼ਚਾ ਹੈ"॥੧੧॥

ਘ੍ਰਿਤ ਸਿਤਾ ਜੁਤਿ ਦੋਨਿ ਰੋਟਿਕਾ ਮਹਾਂ ਛੁਧਤਿ ਜਿਮ ਕੀਨਸਿ ਖਾਨ।
ਤ੍ਰਿਪਤ ਹੋਇ ਇਮ, ਦੇ ਕਰਿ ਬਰ ਕੋ ਸਤਿਗੁਰ ਆਗੈ ਕੀਨਿ ਪਯਾਨ।
ਸਿਖ ਸੇਵਕ ਸਭਿ ਸੂਰ ਸੰਗ ਕੇ ਦੇਖਿ ਦੇਖਿ ਭੇ ਬਿਸਮ ਮਹਾਨ॥ ੧੨॥

ਦੋਵੇਂ ਰੋਟੀਆਂ ਘਿਉ ਖੰਡ ਸਮੇਤ ਸਨ, ਗੁਰੂ ਜੀ ਨੇ ਉਨ੍ਹਾਂ ਨੂੰ ਇਸ ਤਰ੍ਹਾਂ ਖਾਧਾ ਜਿਵੇਂ ਬਹੁਤ ਭੁੱਖੇ ਹੋਣ। ਇਸ ਤਰ੍ਹਾਂ ਤ੍ਰਿਪਤ ਹੋ ਗਏ ਤੇ ਵਰ ਦੇ ਕੇ ਸਤਿਗੁਰੂ ਜੀ ਅੱਗੇ ਚਲ ਪਏ। ਸਿੱਖ ਸੇਵਕ ਸਭ ਸੂਰਮੇ ਨਾਲ ਸਨ, ਉਹ ਵੇਖ-ਵੇਖ ਕੇ ਬਹੁਤ ਹੈਰਾਨ ਹੋਏ॥੧੨॥

ਸ਼ੰਕਮਾਨ ਮਨ ਹ੍ਵੈ ਕਰਿ ਸਗਰੇ ਮਿਲਿ ਕਰ ਜੋਰਿ ਕਰੀ ਅਰਦਾਸ।
'ਸ੍ਰੀ ਸਤਿਗੁਰ ਇਸ ਬਿਰਧਾ ਢਿਗ ਤੇ ਲੇ ਅਹਾਰ ਕੀਨੇ ਮੁਖ ਗ੍ਰਾਸ।
ਜਲ ਸੋਂ ਹਾਥ ਨ ਕਰੇ ਪਖਾਰਨਿ ਕਰੀ ਨ ਚੁਰੀ ਨੀਰ ਨਹਿਂ ਪਾਸ।
ਚਢੇ ਤੁਰੰਗ ਪਰ ਕੀਨਸਿ ਅਚਵਨ ਇਹੁ ਕਜਾ ਕਾਰਨ ਕਰਹੁ ਪ੍ਰਕਾਸ਼॥ ੧੩॥

ਮਨ ਵਿਚ ਸ਼ੰਕਾਮਈ ਹੋ ਕੇ ਸਾਰੇ ਸੂਰਮਿਆਂ ਨੇ ਹੱਥ ਜੋੜ ਕੇ ਬੇਨਤੀ ਕੀਤੀ, "ਹੇ ਸਤਿਗੁਰੂ ਜੀ! ਇਸ ਬਿਰਧ ਪਾਸੋਂ ਤੁਸੀਂ ਭੋਜਨ ਲੈ ਕੇ ਮੂੰਹ ਨਾਲ ਖਾਧਾ ਹੈ। ਖਾਣ ਤੋਂ ਪਹਿਲਾਂ ਤੁਸੀਂ ਜਲ ਨਾਲ ਹੱਥ ਵੀ ਨਹੀਂ ਧੋਤੇ ਤੇ ਪਾਣੀ ਪਾਸ ਨਾ ਹੋਣ ਕਰਕੇ ਤੁਸੀਂ ਚੁਲੀ ਵੀ ਨਹੀਂ ਕੀਤੀ, ਘੋੜੇ 'ਤੇ ਚੜ੍ਹਿਆਂ ਹੀ ਭੋਜਨ ਖਾਧਾ ਹੈ, ਇਸ ਦਾ ਕੀ ਕਾਰਨ ਹੈ? ਇਸ ਬਾਰੇ ਚਾਨਣਾ ਪਾਵੋ॥੧੩॥

ਨਵਤਨ ਜੁਗਤਿ ਆਪਨੇ ਕੀਨਸਿ ਨਹਿਂ ਪੂਰਬ ਹੋਈ ਇਹ ਰੀਤਿ।
ਸੁਚਿ ਸੋਂ ਕਰਤਿ ਅਹਾਰ ਆਪ ਤੁਮ ਅੰਤਰ ਚੌਕੇ ਪਰਮ ਪੁਨੀਤਿ।
ਸਭਿ ਕੋ ਮਨ ਸ਼ੰਕਤਿ, ਹੇ ਪ੍ਰਭੁ ਜੀ! ਕਰਹਿਂ ਬਿਚਾਰਨਿ ਬਿਸਮਤਿ ਚੀਤਿ'।
ਸੁਨਿ ਸਭਿ ਤੇ ਸਤਿਗੁਰ ਮੁਸਕਾਨੇ ਨਹੀਂ ਬਖਾਨੇ ਬਚਨ ਬਿਨੀਤਿ॥ ੧੪॥

ਨਵੀਂ ਜੁਗਤੀ ਆਪ ਨੇ ਕੀਤੀ ਹੈ, ਪਹਿਲਾਂ, ਇਹ ਰੀਤ ਕਦੇ ਵੀ ਨਹੀਂ ਹੋਈ। ਸਦਾ ਹੱਥ ਸੁਚੇ ਕਰਕੇ ਭੋਜਨ ਛੱਕਦੇ ਅਤੇ ਚੌਂਕੇ ਵਿਚ ਪਰਮ ਪਵਿੱਤਰਤਾ ਰੱਖਦੇ ਹੋ। ਸਾਰਿਆਂ ਦੇ ਮਨ ਵਿਚ ਸ਼ੰਕਾ ਹੈ, ਹੇ ਪ੍ਰਭੂ ਜੀ! ਅਸੀਂ ਹੈਰਾਨ ਹੋਏ ਚਿੱਤ ਵਿਚ ਵਿਚਾਰ ਕਰ ਰਹੇ ਹਾਂ"। ਸਾਰਿਆਂ ਪਾਸੋਂ ਸੁਣਕੇ ਸਤਿਗੁਰੂ ਜੀ ਮੁਸਕਰਾਏ ਤੇ ਬੇਨਤੀ ਸੁਣ ਕੇ ਕੋਈ ਬਚਨ ਨਾ ਕਹੇ ਭਾਵ ਚੁੱਪ ਰਹੇ॥੧੪॥

ਕਛੂ ਨ ਉੱਤਰ ਕਿਸ ਕੋ ਦੀਨਸਿ ਗਏ ਖੇਲਿਬੇ ਵਹਿਰ ਸ਼ਿਕਾਰ।
ਪਕਰਯੋ ਮਿਰਗ ਹਰਾਇ ਦੂਰ ਲਗਿ ਦਾਸਨ ਦਯੋ ਰਜੂ ਗਰ ਡਾਰਿ।

ਪੁਨ ਹਟਿ ਕਰਿ ਨਿਜ ਗ੍ਰਿਹ ਕੋ ਆਏ ਸੈਨ ਸਮੂਹ ਤੁਰੰਗ ਅਸਵਾਰ।
ਮੰਗਲ ਭਏ ਅਨੰਦ ਬਿਲੰਦੇ ਬੈਠੇ ਸਤਿਗੁਰ ਸਭਾ ਮਝਾਰ॥ ੧੫॥

ਕਿਸੇ ਨੂੰ ਵੀ ਕੋਈ ਉੱਤਰ ਨਾ ਦਿੱਤਾ ਤੇ ਬਾਹਰ ਸ਼ਿਕਾਰ ਖੇਡਣ ਚਲੇ ਗਏ। ਦੂਰ ਤਕ ਭਜਾ ਕੇ ਤੇ ਥਕਾ ਕੇ ਇਕ ਹਿਰਨ ਨੂੰ ਫੜਿਆ ਤੇ ਸੇਵਕਾਂ ਨੇ ਫੜ ਕੇ ਗਲ਼ ਵਿਚ ਰਸਾ ਪਾ ਲਿਆ। ਫਿਰ ਵਾਪਸ ਮੁੜ ਕੇ ਆਪਣੇ ਘਰ ਨੂੰ ਆ ਗਏ। ਸਾਰੀ ਸੈਨਾ ਆਪਣੇ ਘੋੜਿਆਂ 'ਤੇ ਅਸਵਾਰ ਸੀ। ਬਹੁਤ ਅਨੰਦ ਮੰਗਲ ਹੋਏ, ਸਤਿਗੁਰੂ ਜੀ ਸਭਾ ਦੇ ਵਿਚ ਬੈਠੇ ਸਨ॥੧੫॥

ਭਈ ਜਾਮਨੀ ਨਿਜ ਨਿਜ ਡੇਰਨਿ ਸਿਖ ਸੇਵਕ ਸਭਿ ਕੀਨਿ ਬਿਚਾਰ।
ਸਮੇਂ ਸ਼ਿਕਾਰ ਚਢਨਿ ਕੇ ਸਤਿਗੁਰ ਹੋਇ ਛੁਧਤਿ ਕੋ ਚਹਤਿ ਅਹਾਰ।
ਸੁਚ ਸੰਜਮ ਬਿਨ ਅਚਵਨ ਕੀਨਸਿ ਲੇ ਬਿਰਧਾ ਤੇ ਨਿਜ ਕਰ ਧਾਰਿ।
ਇਮ ਚਿਤਵਨ ਕਰਿ ਅਗਲੇ ਦਿਨ ਮਹਿਂ ਸਿੱਖਜਨਿ ਕਰਜੋ ਅਸਨ ਕੋ ਤਯਾਰ॥੧੬॥

ਰਾਤ ਪੈ ਗਈ ਤਾਂ ਸਿੱਖ ਸੇਵਕ ਆਪਣੇ-ਆਪਣੇ ਡੇਰਿਆਂ ਵਿਚ ਜਾ ਕੇ ਸਾਰੇ ਹੀ ਵੀਚਾਰ ਕਰਦੇ ਸਨ। ਸ਼ਿਕਾਰ ਚੜ੍ਹਨ ਸਮੇਂ ਸਤਿਗੁਰੂ ਜੀ ਭੁੱਖੇ ਹੋ ਗਏ, ਤੇ ਕੁਝ ਭੋਜਨ ਖਾਣਾ ਚਾਹੁੰਦੇ ਸਨ। ਸੁੱਚ ਅਤੇ ਸੰਜਮ ਬਗ਼ੈਰ ਭੋਜਨ ਛੱਕ ਲਿਆ ਤੇ ਬਿਰਧ ਇਸਤਰੀ ਪਾਸੋਂ ਲੈ ਕੇ ਆਪਣੇ ਹੱਥਾਂ ਉਤੇ ਧਾਰਨ ਕਰ ਲਿਆ। ਇਸ ਤਰ੍ਹਾਂ ਸੋਚ ਕੇ ਅਗਲੇ ਦਿਨ ਸਿੱਖਾਂ ਨੇ ਭੋਜਨ ਤਿਆਰ ਕੀਤਾ॥੧੬॥

ਚਢੇ ਅਖੇਰ ਪੰਥ ਮੈਂ ਗਮਨੇ ਤਬਿ ਸੇਵਕ ਹ੍ਵੈ ਕਰਿ ਅਗਵਾਇ।
ਕਰ ਧਰਿ ਅਸਨ ਬਿਨੈ ਬਹੁ ਠਾਨੀ, 'ਪ੍ਰਭੁ ਜੀ! ਲੀਜੈ ਭੋਜਨ ਖਾਇ।
ਹੋਹਿ ਆਪ ਕੋ ਛੁਧਾ ਸਮੈਂ ਇਸ ਯਾਂਤੇ ਹਮ ਆਨਜੋ ਕਰਿ ਭਾਇ।
ਮਧੁਰ ਸਲਵਨ ਅਨੇਕ ਪ੍ਰਕਾਰਨਿ ਰੁਚਿ ਸੋਂ ਅਚਹੁ ਹੋਹੁ ਤ੍ਰਿਪਤਾਇ'॥੧੭॥

ਸ਼ਿਕਾਰ ਖੇਡਣ ਵਾਸਤੇ ਘੋੜੇ 'ਤੇ ਚੜ੍ਹ ਕੇ ਚਲ ਪਏ, ਤਦ ਸੇਵਕ ਰਾਹ ਵਿਚ ਅੱਗੇ ਹੋ ਕੇ ਮਿਲੇ ਤੇ ਹੱਥਾਂ ਵਿਚ ਭੋਜਨ ਧਾਰ ਕੇ ਬਹੁਤ ਬੇਨਤੀ ਕੀਤੀ, "ਪ੍ਰਭੂ ਜੀ ਭੋਜਨ ਛੱਕ ਲਵੋ, ਆਪ ਜੀ ਦਾ ਭੁੱਖ ਦਾ ਸਮਾਂ ਹੋ ਗਿਆ ਹੈ, ਇਸ ਕਰਕੇ ਅਸੀਂ ਬੜੇ ਪ੍ਰੇਮ ਕਰਕੇ ਭੋਜਨ ਨਾਲ ਲਿਆਂਦਾ ਹੈ। ਮਿੱਠੇ ਅਤੇ ਲੂਣ ਵਾਲੇ ਕਈ ਪ੍ਰਕਾਰ ਦੇ ਭੋਜਨ ਤਿਆਰ ਕੀਤੇ ਹਨ, ਆਪਣੀ ਰੁਚੀ ਅਨੁਸਾਰ ਭੋਜਨ ਛੱਕ ਕੇ ਤ੍ਰਿਪਤ ਹੋਵੋ॥੧੭॥

ਸੁਨਿ ਸਤਿਗੁਰ ਹਰਿਰਾਇ ਬਖਾਨਜੋ 'ਬੇ ਮਿਰਜਾਦ ਬਨਾਇ ਅਹਾਰ।
ਚਢੇ ਜਾਤਿ ਅਬਿ ਘੋਰੇ ਊਪਰ ਕੌਨ ਸਮੇ ਤੁਮ ਕਰਜੋ ਬਿਚਾਰ।
ਸੁਚ ਤੇ ਹੋਇ ਪੁਨੀਤ ਅਸਨ ਜਬਿ ਉਚਿਤ ਅਚਨ ਕੇ ਤਬਿ ਨਿਰਧਾਰ।
ਅਬਿ ਕੈਸੇ ਇਹ ਖਾਇ ਤ੍ਰਿਪਤਿ ਹ੍ਵੈਂ ਮਾਰਗ ਮੈਂ ਗਮਨਤਿ ਇਸ ਬਾਰ'॥੧੮॥

ਇਹ ਸੁਣ ਕੇ ਸਤਿਗੁਰੂ ਹਰਿਰਾਇ ਜੀ ਨੇ ਕਿਹਾ, "ਮਰਯਾਦਾ ਰਹਿਤ ਭੋਜਨ ਕਿਉਂ ਤਿਆਰ ਕੀਤਾ ਹੈ ? ਘੋੜੇ ਦੇ ਉਪਰ ਚੜ੍ਹੇ ਜਾ ਰਹੇ ਹਾਂ ਇਹ ਕਿਸ ਸਮੇਂ ਤੁਸੀਂ ਭੋਜਨ ਛਕਾਉਣ ਦਾ ਵਿਚਾਰ ਬਣਾਇਆ ਹੈ ? ਸੁੱਚਮ ਨਾਲ ਜਦ ਪਵਿੱਤਰ ਭੋਜਨ ਹੋਵੇ, ਤਦ ਹੀ ਭੋਜਨ ਛੱਕਣ ਨੂੰ ਉਚਿਤ ਨਿਰਧਾਰਤ ਕਰੋ। ਰਾਹ ਵਿਚ ਇਸ ਸਮੇਂ ਚਲੇ ਜਾ ਰਹੇ ਹਾਂ, ਹੁਣ ਭੋਜਨ ਖਾ ਕੇ ਕਿਵੇਂ ਤ੍ਰਿਪਤ ਹੋਵਾਂਗੇ'॥੧੮॥

ਹਾਥ ਜੋਰਿ ਸਿਖ ਸੰਗਤਿ ਸਗਰੇ ਸ਼ੰਕਤਿ ਪ੍ਰਥਮ ਕੀਨਿ ਅਰਦਾਸ।
'ਬਿਰਧਾ ਤੇ ਤੁਮ ਲੀਨਸਿ ਭੋਜਨ ਤਬਿ ਤੋ ਨਹੀਂ ਹੁਤੋ ਜਲ ਪਾਸ।

ਚਢੇ ਤੁਰੰਗ ਮਹਾਂ ਰੁਚਿ ਤੇ ਅਚਿ, ਕਰੀ ਨ ਚੁਰੀ, ਹੇਰਿ ਹਮ ਤਾਸ।
ਜਾਨੀ ਛੁਧਾ ਹੋਇ ਹੈ ਇਸ ਛਿਨ, ਕਰਜੋ ਤਜਾਰ ਉਰ ਧਾਰਿ ਹੁਲਾਸ॥੧੯॥

ਹੱਥ ਜੋੜ ਕੇ ਸਿੱਖ ਸੰਗਤ ਨੇ ਸ਼ੰਕਾਗ੍ਰਸਤ ਹੋ ਕੇ ਪਹਿਲਾਂ ਬੇਨਤੀ ਕੀਤੀ, "ਬਿਰਧ ਇਸਤਰੀ ਪਾਸੋਂ ਤੁਸੀਂ ਭੋਜਨ ਲੈ ਕੇ ਖਾਧਾ ਸੀ ਉਸ ਸਮੇਂ ਤਾਂ ਤੁਹਾਡੇ ਪਾਸ ਜਲ ਵੀ ਨਹੀਂ ਸੀ। ਘੋੜੇ ਉਤੇ ਚੜ੍ਹਿਆਂ ਹੀ ਬੜੇ ਪ੍ਰੇਮ ਨਾਲ ਭੋਜਨ ਛਕਿਆ ਸੀ ਤੇ ਚੂਲੀ ਵੀ ਨਹੀਂ ਕੀਤੀ ਸੀ। ਉਸ ਤਰ੍ਹਾਂ ਵੇਖ ਕੇ ਅਸੀਂ ਜਾਣਿਆ ਹੈ ਕਿ ਇਸ ਸਮੇਂ ਆਪ ਜੀ ਨੂੰ ਭੁੱਖ ਲੱਗੀ ਹੋਵੇਗੀ ਇਸ ਲਈ ਹਿਰਦੇ ਵਿਚ ਪ੍ਰਸੰਨਤਾ ਧਾਰ ਕੇ ਅਸੀਂ ਭੋਜਨ ਤਿਆਰ ਕੀਤਾ ਹੈ॥੧੯॥"

ਸੋ ਕਿਮ ਅਚਜੋ, ਰੁਚਯੋ ਚਿਤ ਉਚਿਤੈ, ਇਹ ਕਜੋਂ ਨਹਿਂ ਅਚਵਹੁ ਹਿਤ ਧਾਰਿ ?।
ਇਹ ਸ਼ੰਕਾ ਹੈ ਸਭਿ ਕੇ ਮਨ ਮਹਿਂ, ਉੱਤਰ ਦੀਜਹਿ ਕਰਹੁ ਉਚਾਰਿ।
ਹਮਰੇ ਚਿਤ ਸ਼ਾਂਤੀ ਹੁਇ ਤਬਿ ਹੀ, ਨਾਂਹਿ ਤ ਕੁਛ ਕੁਛ ਕਰਹਿਂ ਬਿਚਾਰ।
ਜਾਨਹੁ ਦਾਸ, ਪ੍ਰਕਾਸ਼ਹੁ ਆਸ਼ਯ, ਸਭਿ ਕੇ ਹਿਰਦੇ ਹੁਇ ਨਿਰਧਾਰ॥੨੦॥

ਉਹ ਭੋਜਨ ਕਿਵੇਂ ਛਕਿਆ ਸੀ ? ਤੇ ਚਿੱਤ ਵਿਚ ਰੁਚੀ ਅਨੁਸਾਰ ਉਚਿਤ ਜਾਣਿਆ ਸੀ ਤੇ ਇਸ ਨੂੰ ਪਿਆਰ ਧਾਰਨ ਕਰਕੇ ਕਿਉਂ ਨਹੀਂ ਛੱਕਦੇ ਹੋ ? ਸਾਰਿਆਂ ਦੇ ਮਨ ਵਿਚ ਇਹ ਸ਼ੰਕਾ ਹੈ, ਇਸ ਲਈ ਆਪਣਾ ਉਤਰ ਉਚਾਰਨ ਕਰੋ। ਸਾਡੇ ਚਿੱਤ ਵਿਚ ਤਦ ਹੀ ਸ਼ਾਂਤੀ ਹੋਵੇਗੀ। ਨਹੀਂ ਤਾਂ ਕੁਝ ਕੁਝ ਵਿਚਾਰ ਕਰਾਂਗੇ। ਦਾਸ ਜਾਣ ਕੇ ਅਸਲ ਆਸ਼ੇ 'ਤੇ ਚਾਨਣ ਪਾਓ ਤਾਂਕਿ ਸਾਰਿਆਂ ਦੇ ਹਿਰਦਿਆਂ ਵਿਚ ਸ਼ੰਕਾ ਨਵਿਰਤ ਹੋ ਜਾਵੇ"॥੨੦॥

ਸ੍ਰੀ ਹਰਿਰਾਇ ਭਨਜੋ 'ਸੁਨਿ ਸਿੱਖਹੁ! ਬਿਰਧਾ ਕਰਜੋ ਪੁਨੀਤ ਅਹਾਰ।
ਮਨ ਸੁਧ ਭਗਤਿ ਭਾਇ ਸੰਜੁਗਤੈ ਨਿੰਮ੍ਰਿਭੂਤ ਉਰ ਪ੍ਰੀਤੀ ਧਾਰਿ।
ਕਰਿ ਮਿਹਨਤਿ ਨਿਜ ਕਰ ਤੇ ਹਿਤ ਕਰਿ ਸਗਰੇ ਦਿਵਸ ਵਿਖੇ ਸ਼ੁਭ ਕਾਰ।
ਤਿਸ ਤੇ ਅੰਨ ਮੋਲ ਕਰਿ ਆਨਜੋ ਅਤਿ ਪਵਿੱਤ੍ਰ ਹੁਇ ਸਭਿ ਕਰਿ ਕਾਰਿ॥੨੧॥

ਸ੍ਰੀ ਗੁਰੂ ਹਰਿਰਾਇ ਜੀ ਨੇ ਕਿਹਾ, "ਹੇ ਸਿੱਖੋ! ਸੁਣੋ, ਬਿਰਧ ਇਸਤਰੀ ਨੇ ਪਵਿੱਤਰ ਭੋਜਨ ਤਿਆਰ ਕੀਤਾ ਸੀ। ਮਨ ਨੂੰ ਸ਼ੁੱਧ ਕਰਕੇ ਭਗਤੀ ਭਾਵਨਾ ਸਹਿਤ ਹੋ ਕੇ ਹਿਰਦੇ ਵਿਚ ਪ੍ਰੇਮ ਧਾਰ ਕੇ ਅਤੇ ਮਨ ਵਿਚ ਨੀਵਿਆਂ ਹੋ ਕੇ ਭੋਜਨ ਬਣਾਇਆ ਸੀ। ਆਪਣੇ ਹੱਥਾਂ ਨਾਲ ਸਾਰਾ ਦਿਨ ਮਿਹਨਤ ਕਰਕੇ ਕਮਾਈ ਕੀਤੀ ਸੀ। ਉਸ ਕਮਾਈ ਨਾਲ ਅਨਾਜ ਮੁੱਲ ਲਿਆਈ ਸੀ, ਹੱਥਾਂ ਦੀ ਕਾਰ ਕਰਨ ਨਾਲ ਸਭ ਕੁਝ ਪਵਿੱਤਰ ਹੋ ਗਿਆ ਸੀ॥੨੧॥

ਨਹਿਂ ਖੈਬੇ ਕਹੁ ਲਾਲਚ ਹਮਰੇ ਰੇਰੌਂ ਪ੍ਰੇਮ ਜਹਾਂ ਅਧਿਕਾਇ।
ਪ੍ਰੇਮ ਭਗਤਿ ਤੇ ਸ੍ਵਾਦ ਹੋਹਿ ਮੁਝ ਅਚੌਂ ਪਹੁਚਿ ਕੈ ਹੁਇ ਜਿਸ ਥਾਇ।
ਲਾਜ ਨ ਆਇ ਅਕਰਨ ਕਰੌਂ ਤਹਿਂ, ਧਰੌਂ ਪ੍ਰੀਤਿ ਕੇ ਬਸਿ ਸਤਿ ਭਾਇ।
ਇਹੀ ਸਨਾਤਨ ਧਰਮ ਸੁਭਾਇਕ ਸਗਲ ਜੁਗਨਿ ਮਹਿਂ ਕਰਤੋ ਆਇ॥੨੨॥

ਜਿਥੇ ਬਹੁਤ ਜ਼ਿਆਦਾ ਪ੍ਰੇਮ ਹੋਵੇ, ਉਥੇ ਅਸੀਂ ਖਾਣ ਵਾਸਤੇ ਲਲਚਾ ਜਾਂਦੇ ਹਾਂ ਤੇ ਕਿਸੇ ਤਰ੍ਹਾਂ ਵੀ ਛੱਡ ਨਹੀਂ ਸਕਦੇ। ਪ੍ਰੇਮ ਭਗਤੀ ਨਾਲ ਭੋਜਨ ਬਹੁਤ ਸਵਾਦੀ ਹੋ ਜਾਂਦਾ ਹੈ ਤੇ ਉਥੇ ਮੈਂ ਆਪ ਪਹੁੰਚ ਕੇ ਭੋਜਨ ਛੱਕਦਾ ਹਾਂ। ਨਾ ਕਰਨ ਯੋਗ ਨੂੰ ਵੀ ਕਰਨ ਵਿਚ ਫਿਰ ਲਾਜ ਨਹੀਂ ਸਮਝਦਾ ਹਾਂ ਤੇ ਸੱਚੇ ਪ੍ਰੇਮ ਦੇ ਵੱਸ ਹੋ ਕੇ ਬੜਾ ਪ੍ਰੇਮ ਧਾਰ ਭੋਜਨ ਛੱਕਦਾ ਹਾਂ। ਇਸ ਤਰ੍ਹਾਂ ਸੁਭਾਵਕ ਹੀ ਆਦਿ ਤੋਂ ਸਭ ਜੁਗਾਂ ਵਿਚ ਕਰਦਾ ਆਇਆ ਹਾਂ॥੨੨॥

ਤ੍ਰੇਤੇ ਜੁਗ ਮਹਿਂ ਤਿਸ ਕੇ ਆਸ਼੍ਰਮ ਪਹੁਚੰਜੋ ਬਦਰੀ ਫਲ ਕੋ ਖਾਨ।
ਜਾਤਿ ਭੀਲਨੀ ਪੁਨ ਤ੍ਰਿਯ ਕੋ ਤਨੁ ਮਹਾਂ ਸ੍ਵਾਦਿ ਤੇ ਮੈਂ ਸੁਖ ਠਾਨਿ।

ਪ੍ਰੇਮੀ ਕੈ ਮਿਰਜਾਦ ਨਹੀਂ ਕੋ, ਕਰਨ ਅਕਰਨੋ ਨਹਿਂ ਪਹਿਚਾਨਿ।
ਬੇਦ ਰੀਤਿ ਅਰ ਲੌਕਿਕ ਤਜਿ ਕੈ ਬਰਤਹੁਂ ਮੈਂ ਅਰੁ ਪ੍ਰੇਮੀ ਜਾਨੀ॥ ੨੩ ॥

ਤ੍ਰੇਤੇ ਜੁਗ ਵਿਚ ਭੀਲਨੀ ਦੇ ਬੇਰ ਖਾਣ ਵਾਸਤੇ ਉਸ ਦੇ ਆਸ਼੍ਰਮ ਵਿਚ ਪਹੁੰਚਿਆ ਸੀ। ਭੀਲਨੀ ਜਾਤ ਦੀ ਇਸਤਰੀ ਦੇ ਮਹਾਂ ਸਵਾਦੀ ਫਲ ਬੜਾ ਸੁਖ ਪਾ ਕੇ ਖਾਧੇ ਸਨ। ਪ੍ਰੇਮ ਦੀ ਕੋਈ ਮਰਯਾਦਾ ਨਹੀਂ ਹੁੰਦੀ, ਕਰਨਯੋਗ ਜਾਂ ਨਾ ਕਰਨਯੋਗ ਨਹੀਂ ਪਹਿਚਾਣਦੇ ਹਾਂ। ਸ਼ਾਸਤਰਾਂ ਵਿਚ ਲਿਖੀ ਹੋਈ ਜਾਂ ਲੌਕਿਕ ਰੀਤ ਛੱਡ ਕੇ ਫਿਰ ਪ੍ਰੇਮ ਜਾਣ ਕੇ ਵਰਤਾਰਾ ਕਰਦੇ ਹਾਂ॥੨੩॥

ਪ੍ਰੀਤਿ ਪ੍ਰਤੀਤ ਮੋਹਿ ਕੋ ਪਜਾਰੀ, ਕ੍ਰਿਆ ਪ੍ਰੇਮ ਕੀ ਨਜਾਰੀ ਸਾਰ।
ਪ੍ਰੇਮ ਸ੍ਵਾਦ ਤੇ ਪ੍ਰੀਤਮ ਤ੍ਰਿਪਤੈ ਅਪਰ ਸ੍ਵਾਦ ਸਭਿ ਦੇਤਿ ਨਿਵਾਰ।
ਧੰਨਾ ਜਾਟ ਛਾਛ ਤਿਨ ਪਜਾਈ, ਨਾਮਦੇਵ ਕੋ ਦੂਧ ਸੁ ਧਾਰਿ।
ਦੁਰਜੋਧਨ ਆਦਿਕ ਹੰਕਾਰੀ, ਤਜਾਗ ਸਭਿਨਿ ਗੇ ਬਿਦਰ ਅਗਾਰ' ॥ ੨੪ ॥

ਮੈਨੂੰ ਪ੍ਰੇਮ ਅਤੇ ਸਿਦਕ ਪਿਆਰਾ ਹੈ, ਪ੍ਰੇਮ ਦੀ ਕ੍ਰਿਆ ਦੀ ਵਖਰੀ ਸਾਰ ਹੈ। ਪ੍ਰੇਮ ਸਵਾਦ ਨਾਲ ਪ੍ਰੀਤਮ ਤ੍ਰਿਪਤ ਹੋ ਜਾਂਦਾ ਹੈ ਤੇ ਹੋਰ ਸਾਰੇ ਸਵਾਦਾਂ ਨੂੰ ਛੱਡ ਦਿੰਦਾ ਹੈ। ਧੰਨੇ ਜੱਟ ਨੇ ਲੱਸੀ ਪਿਆਈ ਤੇ ਨਾਮਦੇਵ ਪਾਸੋਂ ਦੁੱਧ ਪੀਤਾ। ਦੁਰਯੋਧਨ ਆਦਿ ਹੰਕਾਰੀਆਂ ਨੂੰ ਛੱਡ ਕੇ ਬਿਦਰ ਦੇ ਘਰ ਚਲੇ ਗਏ'' ॥੨੪॥

ਪ੍ਰੇਮ ਕਹਾਨੀ ਗੁਰੂ ਬਖਾਨੀ, ਸਿੱਖਨਿ ਮਾਨੀ ਮਹਿਮਾ ਤਾਂਹਿ।
ਸੁਨਿ ਸਗਰੇ ਪਗ ਪੰਕਜ ਬੰਦਹਿਂ 'ਤੁਮਰੇ ਚਲਿਤ ਲਖੇ ਨਹਿਂ ਜਾਹਿਂ।
ਖੇਲ ਆਪ ਕੇ ਅਚਰਜ ਦੀਰਘ, ਦੇਖਤਿ ਸੁਨਤਿ ਸਕਲ ਬਿਸਮਾਹਿਂ'।
'ਸ੍ਰੀ ਨਾਨਕ ਤਜਿ ਉੱਤਮ ਜਾਤਿਨਿ ਜਾਇ ਬਸੇ ਲਾਲੋ ਘਰ ਮਾਂਹਿ' ॥ ੨੫ ॥

ਗੁਰੂ ਜੀ ਨੇ ਪ੍ਰੇਮ ਦੀ ਕਹਾਣੀ ਬਿਆਨ ਕੀਤੀ, ਸਿੱਖਾਂ ਨੇ ਫਿਰ ਗੁਰੂ ਜੀ ਦੀ ਮਹਿਮਾ ਨੂੰ ਮੰਨਿਆ, ਇਹ ਸੁਣ ਕੇ ਸਾਰਿਆਂ ਨੇ ਚਰਨ ਕੰਵਲਾਂ 'ਤੇ ਬੰਦਨਾ ਕੀਤੀ ਤੇ ਕਿਹਾ, ''ਤੁਹਾਡੇ ਚਰਿਤਰ ਜਾਣੇ ਨਹੀਂ ਜਾ ਸਕਦੇ। ਆਪ ਜੀ ਦੀ ਵੱਡੀ ਅਸਚਰਜ ਖੇਡ ਹੈ, ਵੇਖ ਸੁਣ ਕੇ ਸਾਰੇ ਹੈਰਾਨ ਰਹਿ ਜਾਂਦੇ ਹਨ।'' ''ਸ੍ਰੀ ਗੁਰੂ ਨਾਨਕ ਦੇਵ ਜੀ ਸਾਰੀਆਂ ਉੱਚੀਆਂ ਜਾਤੀਆਂ ਨੂੰ ਛੱਡ ਕੇ ਨੀਵੀਂ ਜਾਤ ਵਾਲੇ ਭਾਈ ਲਾਲੋ ਦੇ ਘਰ ਜਾ ਕੇ ਠਹਿਰੇ ਸਨ'' ॥੨੫॥

ਸੁਨਿ ਸਤਿਗੁਰ ਤੇ ਸੰਗਤਿ ਸਗਰੀ ਪਗੇ ਪ੍ਰੇਮ ਰਸ ਗੁਰ ਕੇ ਸੋਇ।
ਪ੍ਰੇਮ ਭਗਤ ਕਰ ਜੋਰਤਿ ਜਾਚਤਿ 'ਕ੍ਰਿਪਾ ਕਰਹੁ ਸ਼ੁਭ ਮਗ ਦਿਹੁ ਜੋਇ।
ਹਲਤਿ ਪਲਤਿ ਅਵਿਲੰਬ ਆਪ ਕੇ ਰੱਛਹੁ ਸਦਾ ਸਹਾਇਕ ਹੋਇ।
ਲਾਜ ਬਿਰਦ ਕੀ ਸਦਾ ਸੰਭਾਰਹੁ ਸਿੱਖਜ ਨਾਮ ਭਾਖਹਿਂ ਸਭਿ ਕੋਇ' ॥ ੨੬ ॥

ਸਾਰੀ ਸੰਗਤ ਸਤਿਗੁਰੂ ਜੀ ਪਾਸੋਂ ਸੁਣ ਕੇ ਗੁਰੂ ਜੀ ਦੇ ਪ੍ਰੇਮ ਦੇ ਰਸ ਵਿਚ ਭਿੱਜ ਗਈ। ਹੱਥ ਜੋੜ ਕੇ ਪ੍ਰੇਮ ਭਗਤੀ ਮੰਗਦੀ ਸੀ, ''ਕਿਰਪਾ ਕਰਕੇ ਜਿਹੜਾ ਸ਼ੁਭ ਮਾਰਗ ਹੈ ਉਹ ਦੇਵੋ, ਲੋਕ ਪਰਲੋਕ ਆਪ ਜੀ ਦੇ ਆਸਰੇ ਹੈ, ਸਦਾ ਸਹਾਇਕ ਹੋ ਕੇ ਸਾਡੀ ਰੱਖਿਆ ਕਰੋ। ਆਪਣੇ ਬਿਰਦ ਦੀ ਲਾਜ ਸਦਾ ਸੰਭਾਲੋ, ਸਭ ਸਿੱਖ ਨਾਮ ਦਾ ਜਾਪ ਕਰਨ'' ॥੨੬॥

ਸੁਨਿ ਗੁਰ ਕ੍ਰਿਪਾ ਕਰੀ ਮਗ ਗਮਨੇ ਗਏ ਅਖੇਰ ਮਹਾਂ ਬਨ ਮਾਂਹਿ।
ਨਿਕਸਜੋ ਮ੍ਰਿਗ ਸੁ ਕ੍ਰਿਸ਼ਨ ਪੀਠ ਜਿਸ ਸ੍ਰਿੰਗ ਬਿਸਾਲ ਬਧੇ ਸਿਰ ਜਾਂਹਿ।
ਅਪਰਨ ਕੋ ਤਜਿ ਤਿਸ ਕੇ ਪੀਛੇ ਕਰਜੋ ਪਲਾਵਨ ਜਵ ਤੇ ਵਾਹਿ।
ਕੂਦਤਿ, ਕਰਤਿ ਚੌਂਕਰੀ ਚੌਂਕ੍ਰਿਤ, ਸ੍ਰੀ ਹਰਿਰਾਇ ਰਹੇ ਹਰਖਾਹਿ॥ ੨੭ ॥

ਇਹ ਸੁਣ ਕੇ ਗੁਰੂ ਜੀ ਨੇ ਕਿਰਪਾ ਕੀਤੀ, ਤੇ ਮਹਾਨ ਜੰਗਲ ਵਿਚ ਸ਼ਿਕਾਰ ਖੇਡਣ ਚਲੇ ਗਏ। ਉਥੇ ਜੰਗਲ ਵਿਚੋਂ ਇਕ ਹੀਰਾ ਮ੍ਰਿਗ ਨਿਕਲਿਆ, ਜਿਸ ਦੇ ਸਿਰ ਦੇ ਸਿੰਗ ਬਹੁਤ ਵਧੇ ਹੋਏ ਸਨ। ਹੋਰਨਾਂ ਨੂੰ ਛੱਡ ਕੇ ਉਸ ਦੇ ਪਿੱਛੇ ਬੜੀ ਤੇਜ਼ ਚਾਲ ਨਾਲ ਘੋੜਾ ਲਾਇਆ। ਮ੍ਰਿਗ ਬੜੀ ਉੱਚੀ-ਉੱਚੀ ਕੁਦਦਾ ਸੀ, ਚੌਂਕੜੀਆਂ ਭਰ ਕੇ ਹੈਰਾਨ ਕਰਦਾ ਸੀ, ਸ੍ਰੀ ਗੁਰੂ ਹਰਿਰਾਇ ਜੀ ਵੇਖ ਕੇ ਬਹੁਤ ਪ੍ਰਸੰਨ ਹੋਏ॥੨੭॥

ਤੁਰੰਗ ਧਵਾਇ ਗਏ ਪਸ਼ਚਾਤੀ ਅਧਿਕ ਦੂਰ ਲਗਿ ਲੀਨਿ ਹਰਾਇ।
ਹੋਇ ਬਰੋਬਰ ਗਹਿ ਬਿਖਾਨਕ ਰਾਖਜੋ ਤਿਸ ਹੀ ਥਲ ਅਟਕਾਇ।
ਆਇ ਸੇਵਕਨਿ ਰੱਜੂ ਪਾਈ ਗ੍ਰਿਹ ਕੋ ਹਟੇ ਗੁਰੂ ਹਰਿਰਾਇ।
ਅਪਰ ਸਮੇਂ ਗਹਿ ਕੇਤਿਕ ਆਨੇ ਬਨ ਪਸੁਗਨ ਮਹਿ ਦਿਯੇ ਮਿਲਾਇ॥ ੨੮॥

ਘੋੜਾ ਭਜਾ ਕੇ ਬਹੁਤ ਦੂਰ ਤਕ ਪਿੱਛੇ ਜਾ ਕੇ ਹਿਰਨ ਨੂੰ ਹਰਾ ਦਿੱਤਾ ਤੇ ਬਰਾਬਰ ਹੋ ਕੇ ਸਿੰਗਾਂ ਤੋਂ ਫੜ ਕੇ ਉਸ ਥਾਂ ਹੀ ਰੋਕ ਲਿਆ। ਸੇਵਕਾਂ ਨੇ ਆ ਕੇ ਰੱਸਾ ਪਾ ਲਿਆ ਤੇ ਗੁਰੂ ਹਰਿਰਾਇ ਜੀ ਵਾਪਸ ਮੁੜ ਕੇ ਆਪਣੇ ਘਰ ਨੂੰ ਆ ਗਏ। ਪਹਿਲਾਂ ਵੀ ਵਣ ਵਿਚੋਂ ਕਾਫੀ ਗਿਣਤੀ ਵਿਚ ਹਿਰਨ ਲਿਆਂਦੇ ਹੋਏ ਸਨ, ਉਨ੍ਹਾਂ ਸਮੂਹ ਪਸ਼ੂਆਂ ਵਿਚ ਉਸ ਨੂੰ ਵੀ ਰਲਾ ਦਿੱਤਾ॥੨੮॥

ਦੋਹਰਾ- ਖਾਨ ਪਾਨ ਸਭਿਹੂੰਨਿ ਕੀ ਨਿਤ ਸੁਧ ਸਤਿਗੁਰ ਲੇਤਿ।
ਕਿਤਿਕ ਕਾਲ ਦੇਖਹਿਂ ਤਿਨਹਿਂ ਬਿਗਸਹਿਂ ਕ੍ਰਿਪਾ ਨਿਕੇਤ॥ ੨੯॥

ਸਾਰੇ ਜਾਨਵਰਾਂ ਦੇ ਖਾਣ ਪੀਣ ਦੀ ਖਬਰ ਗੁਰੂ ਜੀ ਆਪ ਰੱਖਦੇ ਸਨ। ਕਿਰਪਾ ਦੇ ਘਰ ਭਾਵ ਗੁਰੂ ਜੀ ਉਨ੍ਹਾਂ ਨੂੰ ਕਾਫੀ ਸਮਾਂ ਵੇਖ ਕੇ ਪ੍ਰਸੰਨ ਹੁੰਦੇ ਸਨ॥੨੯॥

*ਨੌਵੀਂ ਰਾਸ ਦਾ ਤੀਸਰਾ ਅਧਿਆਇ ਸਮਾਪਤ ਹੋਇਆ॥੩॥*

## ਅਧਿਆਇ ਚੌਥਾ

### ਅਜਗਰ ਮੁਕਤ

ਦੋਹਰਾ- ਇਕ ਦਿਨ ਬੈਠੇ ਸਭਾ ਮਹਿਂ ਸ੍ਰੀ ਸਤਿਗੁਰ ਹਰਿਰਾਇ।
ਸੰਗਤਿ ਦਰਸ਼ਨ ਕੋ ਕਰਹਿ ਮਨ ਬਾਂਛਿਤ ਫਲ ਪਾਇ॥ ੧॥

ਇਕ ਦਿਨ ਸਤਿਗੁਰੂ ਹਰਿਰਾਇ ਜੀ ਸਭਾ ਵਿਚ ਬੈਠੇ ਸਨ, ਸੰਗਤਾਂ ਦਰਸ਼ਨ ਕਰਕੇ ਮਨ-ਇੱਛਿਤ ਫਲ ਪ੍ਰਾਪਤ ਕਰ ਰਹੀਆਂ ਸਨ॥੧॥

ਸ੍ਵੈਯਾ ਛੰਦ- ਦੇਸ਼ ਬਿਦੇਸ਼ ਬਿਸ਼ੇਸ਼ ਸੰਗਤਾਂ ਦਰਸ ਅਸ਼ੇਸ਼ ਕਰਤਿ ਹੈਂ ਆਇ।
ਜਹਿਂ ਕਹਿਂ ਸੁਜਸੁ ਬਿਸਦ ਜਗ ਪੂਰਨ ਮਨਹੁਂ ਚਾਂਦਨੀ ਬਡਿ ਦਿਪਤਾਇ।
ਕਰਾਮਾਤ ਸਾਹਿਬ ਉਪਕਾਰੀ ਜਥਾ ਬਚਨ ਕਹਿਂ ਤਿਮ ਹੁਇ ਜਾਇ।
ਰਿਸਿ ਪ੍ਰਸੰਨਤਾ ਸਫਲ ਤੁਰਤ ਜਿਨ ਦੇਂ ਬਰ ਸ੍ਰਾਪ ਨਹੀਂ ਨਿਫਲਾਇ॥੨॥

ਦੇਸ਼ਾਂ ਵਿਦੇਸ਼ਾਂ ਵਿਚੋਂ ਵਿਸ਼ੇਸ਼ ਤੌਰ ਤੇ ਸੰਗਤਾਂ ਦਰਸ਼ਨ ਕਰਨ ਵਾਸਤੇ ਆਉਂਦੀਆਂ ਸਨ। ਜਿਥੇ ਕਿਥੇ ਸਾਰੇ ਜੱਗ ਵਿਚ ਸ੍ਰੇਸ਼ਟ ਜੱਸ ਫੈਲਿਆ ਹੋਇਆ ਸੀ, ਮਾਨੋਂ ਚਾਨਣ ਦਾ ਵੱਡਾ ਪ੍ਰਕਾਸ਼ ਹੋ ਰਿਹਾ ਸੀ। ਉਪਕਾਰੀ ਗੁਰੂ ਜੀ ਵੱਡੀ ਕਰਾਮਾਤ ਵਾਲੇ

ਸਨ। ਜਿਵੇਂ ਬਚਨ ਕਰਦੇ ਸਨ, ਉਸ ਤਰ੍ਹਾਂ ਹੀ ਹੋ ਜਾਂਦਾ ਸੀ। ਗੁੱਸੇ ਵਿਚ ਆ ਕੇ ਜਾਂ ਪ੍ਰਸੰਨ ਹੋ ਕੇ ਵਰ ਸਰਾਪ ਦਿੰਦੇ ਸਨ ਤਾਂ ਉਹ ਖਾਲੀ ਨਹੀਂ ਸੀ ਜਾਂਦਾ॥੨॥

ਚੌਰ ਫੁਰਤਿ ਦੁਹੁੰਦਿਸ਼ਿ ਛਬਿ ਪਾਵਤਿ ਚੋਆ ਅਤਰ ਗੰਧ ਮਹਿਕਾਰ।
ਇਕ ਸੌ ਇਕ ਪਟ ਜਾਮਾ ਗਰ ਮਹਿਂ ਅੰਗ ਬਿਭੂਖਨ ਭੂਖਤਿ ਚਾਰੁ।
ਕਰਹਿਂ ਸਿੱਖ ਅਰਦਾਸ ਅਗੇਰੇ ਕ੍ਰਿਪਾ ਭਰੇ ਦ੍ਰਿਗ ਲੇਤਿ ਨਿਹਾਰ।
ਆਯੁਧ ਗਹੇ ਸਥਿਤ ਗਨ ਯੋਧਾ ਚਹੂੰ ਕੋਦਿ ਗੁਰ ਕੇ ਪਰਵਾਰ॥ ੩॥

ਦੋਵੇਂ ਪਾਸੇ ਚੌਰ ਫਿਰਦਾ ਸੀ ਤੇ ਬੜੀ ਸ਼ੋਭਾ ਪਾਉਂਦੇ ਸਨ, ਚੰਦਨ ਅਤੇ ਗੁਲਾਬ ਦੇ ਇਤਰ ਦੀ ਸੁਗੰਧੀ ਮਹਿਕਦੀ ਸੀ। ਇਕ ਸੌ ਇਕ ਪਲਿਆਂ ਵਾਲਾ ਜਾਮਾ ਪਹਿਨਦੇ ਸਨ ਤੇ ਅੰਗਾਂ ਉਤੇ ਸੁੰਦਰ ਗਹਿਣੇ ਸ਼ੋਭਦੇ ਸਨ। ਜਦ ਸਿੱਖ ਅੱਗੇ ਹੋ ਕੇ ਅਰਦਾਸ ਕਰਦੇ ਸਨ ਤਦ ਕ੍ਰਿਪਾ-ਦ੍ਰਿਸ਼ਟੀ ਨਾਲ ਵੇਖ ਲੈਂਦੇ ਸਨ। ਚਾਰੇ ਕੋਨਿਆਂ 'ਤੇ ਸ਼ਸਤਰ ਫੜੀ ਬੈਠੇ ਹੋਏ ਯੋਧੇ, ਗੁਰੂ ਜੀ ਦਾ ਇਕ ਪਰਵਾਰ ਹੀ ਸਨ॥੩॥

ਇਕ ਸਿਖ ਹਾਥ ਜੋਰਿ ਕਰਿ ਬੋਲਯੋ 'ਸ੍ਰੀ ਸਤਿਗੁਰ ਤੁਮ ਨਾਥਿ ਅਨਾਥ।
ਕਿਵ ਸੇਵਾ ਰਾਵਰ ਕੀ ਕਰਿ ਹੈ ਜੋ ਨਿਰਧਨ ਸਿਖ ਪਾਇ ਨ ਆਥਿ?
ਹੋਇ ਦਾਰਿਦੀ ਕਰੇ ਜਤਨ ਭੀ ਤਊ ਨ ਪ੍ਰਾਪਤਿ ਕਿਤ ਧਨ ਹਾਥਿ।
ਸੋ ਕਯਾ ਕਰੈ ਪ੍ਰਸੰਨ ਕਰਨਿ ਕੋ ਜਿਸ ਤੇ ਹੋਵੈ ਜਨਮ ਸਕਾਥ?'॥ ੪॥

ਇਕ ਸਿੱਖ ਹੱਥ ਜੋੜ ਕੇ ਬੋਲਿਆ, 'ਹੇ ਸਤਿਗੁਰੂ ਜੀ, ਤੁਸੀਂ ਅਨਾਥਾਂ ਦੇ ਨਾਥ ਹੋ। ਆਪ ਜੀ ਦੀ ਕਿਵੇਂ ਸੇਵਾ ਕੀਤੀ ਜਾਵੇ ਜੋ ਨਿਰਧਨ ਸਿੱਖ ਧਨ ਨਾ ਪਾਵੇ, ਬਹੁਤ ਗ਼ਰੀਬ ਹੋ ਜਾਵੇ ਤੇ ਬਹੁਤ ਯਤਨ ਕਰਨ 'ਤੇ ਵੀ ਕਿਸੇ ਤਰ੍ਹਾਂ ਧਨ ਹੱਥ ਨਾ ਲੱਗੇ, ਫਿਰ ਆਪ ਜੀ ਨੂੰ ਪ੍ਰਸੰਨ ਕਰਨ ਵਾਸਤੇ ਕੀ ਕਰੇ ਜਿਸ ਨਾਲ ਉਸ ਦਾ ਜਨਮ ਸਫਲ ਹੋ ਜਾਵੇ?"॥੪॥

ਸ੍ਰੀ ਹਰਿਰਾਇ ਸਭਾ ਮਹਿਂ ਬੋਲੇ 'ਮੋ ਸੋ ਪ੍ਰੇਮ ਕਰਤਿ ਸਿਖ ਦਾਸ।
ਸੋ ਮੁਝ ਕੋ ਪ੍ਰਿਯ ਨਿਸ ਦਿਨ ਸਿਮਰੈ ਜਿਨ ਕੇ ਉਰ ਮੈਂ ਸ਼ਬਦ ਪ੍ਰਕਾਸ਼।
ਅੰਨ ਦਰਬ ਧਰਿ ਸ਼ਰਧਾ ਅਰਪਹਿ ਤਿਨ ਕੇ ਦਾਰਿਦ ਹੋਤਿ ਬਿਨਾਸ਼।
ਇਸ ਪਰ ਇਕ ਇਤਿਹਾਸ ਸੁਨੀਜਹਿ ਭਯੋ ਜਥਾ ਉਰ ਧਾਰਹੁ ਤਾਸ॥ ੫॥

ਸ੍ਰੀ ਗੁਰੂ ਹਰਿਰਾਇ ਜੀ ਸਭਾ ਵਿਚ ਬੋਲੇ, "ਜਿਹੜੇ ਸਿੱਖ ਸੇਵਕ ਮੈਨੂੰ ਪ੍ਰੇਮ ਕਰਦੇ ਹਨ, ਉਹ ਮੈਨੂੰ ਪਿਆਰੇ ਹਨ। ਜਿਨ੍ਹਾਂ ਦੇ ਹਿਰਦੇ ਵਿਚ ਸ਼ਬਦ ਦਾ ਪ੍ਰਕਾਸ਼ ਹੈ, ਉਹ ਦਿਨ ਰਾਤ ਸਿਮਰਨ ਕਰਦੇ ਹਨ। ਜਿਹੜਾ ਅਨਾਜ ਅਤੇ ਧਨ ਸ਼ਰਧਾ ਨਾਲ ਅਰਪਣ ਕਰਦਾ ਹੈ ਉਨ੍ਹਾਂ ਦਾ ਸਾਰਾ ਦਲਿਦਰ ਅਤੇ ਗ਼ਰੀਬੀ ਦੂਰ ਹੋ ਜਾਂਦੀ ਹੈ। ਇਸ ਬਾਰੇ ਇਕ ਕਥਾ ਸੁਣੋ, ਜਿਵੇਂ ਘਟਨਾ ਵਾਪਰੀ ਉਸ ਤਰ੍ਹਾਂ ਦਿਲ ਵਿਚ ਧਾਰਨ ਕਰੋ॥੫॥

ਇਕ ਪੁਰਿ ਮਹਿਂ ਸਿਖ ਬਸਹਿ ਸੁ ਨਿਰਧਨ ਅੰਨ ਦਰਬ ਘਰ ਮਹਿਂ ਕੁਛ ਨਾਂਹਿ।
ਨੀਠ ਨੀਠ ਕਰਿ ਉਦਰ ਪੂਰਨਾ, ਦਾਰਿਦ ਕੋ ਦੁਖ ਸਦਾ ਸਹਾਹਿ।
ਖਿਰਾ ਖਿਰੀ ਜੋਰਾ ਤਿਸ ਗ੍ਰਿਹ ਰਹਿ ਪ੍ਰਥਮ ਜਨਮ ਸਿਖ ਸਿਖਨੀ ਆਹਿ।
ਸਹਿਤ ਗਯਾਨ ਕੇ ਗੁਰੂ ਮਹਾਤਮ ਕਿਸੂ ਕਰਮ ਤੇ ਖਗ ਤਨ ਵਾਹਿ॥ ੬॥

ਇਕ ਨਗਰ ਵਿਚ ਇਕ ਸਿੱਖ ਰਹਿੰਦਾ ਸੀ, ਉਹ ਬਹੁਤ ਗ਼ਰੀਬ ਸੀ। ਅਨਾਜ, ਧਨ ਆਦਿ ਘਰ ਵਿਚ ਕੁਝ ਵੀ ਨਹੀਂ

ਸੀ। ਮਸਾਂ-ਮਸਾਂ ਪੇਟ ਪੂਜਾ ਕਰਦਾ ਸੀ ਤੇ ਸਦਾ ਹੀ ਗ਼ਰੀਬੀ ਦਾ ਦੁਖ ਬਰਦਾਸ਼ਤ ਕਰਦਾ ਸੀ। ਉਸ ਦੇ ਘਰ ਇਕ ਚਿੜੇ ਚਿੜੀ ਦਾ ਜੋੜਾ ਰਹਿੰਦਾ ਸੀ, ਜਿਹੜੇ ਪਿਛਲੇ ਜਨਮ ਵਿਚ ਸਿੱਖ ਸਿੱਖਣੀ ਸਨ। ਉਨ੍ਹਾਂ ਨੇ ਕਿਸੇ ਸ਼ੁਭ ਕਰਮ ਕਰਕੇ ਗੁਰੂ ਮਹਾਤਮ ਦੇ ਗਿਆਨ ਸਹਿਤ ਪੰਛੀ ਜਨਮ ਪ੍ਰਾਪਤ ਕੀਤਾ ਸੀ॥੬॥

ਨਿਰਧਨ ਅਪਦਾ ਤਿਸ ਕੇ ਦੇਖਤਿ ਅਤਿ ਚਿੰਤਾ ਚਿਤ ਮਹਿਂ ਬਿਲਖਾਇਂ।
ਰਿਦੇ ਬਿਚਾਰਤਿ ਬਿਪਤਾ ਹਰਿਬੇ ਚਿਰਾ ਚਿਰੀ ਤਬਿ ਕੀਨਿ ਸਹਾਇ।
ਤਿਸ ਗ੍ਰਿਹ ਤੇ ਲੈ ਅੰਨ ਚੁੰਚ ਭਰ ਗੁਰ ਅਹਾਰ ਮੈਂ ਆਨਿ ਮਿਲਾਇਂ।
ਕਿਤਿਕ ਦਿਵਸ ਮਹਿਂ ਭਈ ਸੰਪਦਾ ਧਨ ਅਰੁ ਅੰਨ ਭਯੋ ਸਮੁਦਾਇ॥ ੭॥

ਉਨ੍ਹਾਂ ਦੀ ਗ਼ਰੀਬੀ ਦੀ ਬਿਪਤਾ ਵੇਖ ਕੇ ਚਿੱਤ ਵਿਚ ਅਤੀ ਚਿੰਤਿਤ ਹੋ ਕੇ ਦੁਖੀ ਹੁੰਦੇ ਸਨ। ਹਿਰਦੇ ਵਿਚ ਉਨ੍ਹਾਂ ਦੀ ਬਿਪਤਾ ਦੂਰ ਕਰਨ ਵਾਸਤੇ ਸੋਚਦੇ ਸਨ। ਚਿੜੇ ਚਿੜੀ ਨੇ ਫਿਰ ਉਨ੍ਹਾਂ ਦੀ ਸਹਾਇਤਾ ਕੀਤੀ। ਉਸ ਘਰ ਵਿਚੋਂ ਉਨ੍ਹਾਂ ਚੁੰਝ ਭਰ ਅਨਾਜ ਲਿਆ ਤੇ ਗੁਰੂ ਜੀ ਦੇ ਲੰਗਰ ਵਿਚ ਲਿਆ ਕੇ ਮਿਲਾ ਦਿੱਤਾ। ਕੁਝ ਦਿਨਾਂ ਵਿਚ ਅੰਨ ਅਤੇ ਧਨ ਘਰ ਵਿਚ ਬਹੁਤ ਹੋ ਗਿਆ॥੭॥

ਕਰਿ ਮਿਹਨਤ ਕੋ ਆਨਿ ਮਜੂਰੀ ਤਿਸ ਤੇ ਅੰਨ ਲਜਾਇ ਗ੍ਰਿਹ ਮਾਂਹਿ।
ਸੁਸ਼ਕ ਕਰਨ ਕੋ ਪਾਇ ਅਜਰ ਮਹਿਂ, ਕੂਟਹਿ ਪੀਸਹਿ, ਪੁਨ ਸੋ ਖਾਹਿ।
ਤਹਿਂ ਤੇ ਚੁੰਚ ਬਿਖੈ ਕੁਛ ਲੇ ਕਰਿ ਮਮ ਸੰਗਤਿ ਕੇ ਲੰਗਰ ਪਾਹਿ।
ਸਿੱਖਜਨਿ ਜੁਤਿ ਮੈਂ ਭੋਜਨ ਕਰਿਹੌਂ ਯਾਂਤੇ ਭਯੋ ਪੁੰਨ ਅਧਿਕਾਹਿ॥ ੮॥

ਮਿਹਨਤ ਅਤੇ ਮਜ਼ਦੂਰੀ ਕਰਕੇ ਅਨਾਜ ਘਰ ਵਿਚ ਲਿਆਏ ਤੇ ਸੁਕਾਉਣ ਵਾਸਤੇ ਵਿਹੜੇ ਵਿਚ ਸੁਕਣੇ ਪਾ ਦਿੱਤਾ ਤੇ ਕੁੱਟ ਪੀਹ ਕੇ ਫਿਰ ਖਾਂਦੇ। ਉਸ ਵਿਚੋਂ ਕੁਝ ਅਨਾਜ ਚੁੰਝ ਵਿਚ ਭਰ ਕੇ ਚਿੜੇ ਚਿੜੀ ਨੇ ਸੰਗਤ ਦੇ ਲੰਗਰ ਵਿਚ ਪਾ ਦਿੱਤਾ। ਸਿੱਖਾਂ ਸਹਿਤ ਮੈਂ ਭੋਜਨ ਕਰਦਾ ਹਾਂ, ਇਸ ਕਰਕੇ ਜ਼ਿਆਦਾ ਪੁੰਨ ਹੋਇਆ॥੮॥

ਇਹ ਉਪਕਾਰ ਭਯੋ ਦਿਨ ਕੇਤਿਕ ਭਈ ਸੰਪਦਾ ਤਿਸ ਗ੍ਰਿਹ ਆਇ।
ਬਹੁ ਧਨ ਅੰਨ ਭਏ ਤੇ ਤਿਸ ਨੇ ਛਪਰੀ ਤੋਰਿ ਆਪਨੀ ਥਾਇਂ।
ਸੁੰਦਰ ਘਰ ਚਿਨਾਇ ਕਰਿ ਕੀਨਸਿ ਬਸਹਿ ਤਹਾਂ ਆਨੰਦ ਉਪਜਾਇ।
ਚਿਰੀ ਚਿਰਾ ਤਬਿ ਅਪਰ ਥਾਨ ਮਹਿਂ ਕੀਨਿ ਆਲੁਨਾ ਬ੍ਰਿੱਛ ਬਸਾਇ॥ ੯॥

ਇਹ ਉਪਕਾਰ ਕਈ ਦਿਨ ਚਲਦਾ ਰਿਹਾ। ਉਸ ਘਰ ਵਿਚ ਫਿਰ ਬਹੁਤ ਦੌਲਤ ਆ ਗਈ। ਬਹੁਤ ਧਨ ਤੇ ਅੰਨ ਆ ਗਿਆ ਤੇ ਉਸ ਸਿੱਖ ਨੇ ਆਪਣੀ ਛਪਰੀ ਤੋੜ ਕੇ ਇਕ ਸੁੰਦਰ ਘਰ ਬਣਵਾ ਲਿਆ ਤੇ ਉਥੇ ਬੜੇ ਆਨੰਦ ਸਹਿਤ ਵਸਣ ਲੱਗੇ। ਚਿੜੀ ਚਿੜੇ ਨੇ ਫਿਰ ਹੋਰ ਥਾਂ 'ਤੇ ਜਾ ਕੇ ਇਕ ਬ੍ਰਿਛ ਵਿਚ ਆਪਣਾ ਆਲ੍ਹਣਾ ਬਣਾ ਲਿਆ॥੯॥

ਤਬਿ ਹੀ ਤੇ ਸੰਪਦ ਤਿਸ ਗ੍ਰਿਹ ਕੀ ਸਨੈ ਸਨੈ ਹੋਈ ਬਿਨਸਾਇ।
ਲੰਗਰ ਅੰਸ਼ ਪਰਨ ਤੇ ਹਟਿ ਗੀ ਤਿਸ ਕੋ ਫਲ ਕੈਸੇ ਪੁਨ ਪਾਇਂ।
ਭਯੋ ਅਧੀਨ ਦਾਰਿਦੀ ਹ੍ਵੈ ਕਰਿ ਆਇ ਪਰਯੋ ਹਮਰੀ ਸ਼ਰਨਾਇ।
ਹੇ ਪ੍ਰਭੁ ! ਤੁਮ ਬਿਨ ਕੋਇ ਨ ਰੱਖਜਕ ਕਰਹੁ ਕ੍ਰਿਪਾ ਅਬਿ ਬਨਹੁ ਸਹਾਇ॥੧੦॥

ਤਦ ਤੋਂ ਹੀ ਉਸ ਘਰ ਦੀ ਦੌਲਤ ਹੌਲੀ-ਹੌਲੀ ਖਤਮ ਹੋਣ ਲੱਗੀ ਕਿਉਂਕਿ ਲੰਗਰ ਵਿਚ ਰਾਸ਼ੀ ਪੈਣ ਤੋਂ ਹਟ ਗਈ, ਉਸ ਦਾ ਫਲ ਫਿਰ ਕਿਥੋਂ ਪਾਉਂਦੇ। ਫਿਰ ਗ਼ਰੀਬ ਹੋ ਕੇ ਸਾਡੀ ਸ਼ਰਨ ਵਿਚ ਆ ਪਿਆ। ਕਹਿਣ ਲੱਗਾ, "ਹੇ ਪ੍ਰਭੂ ! ਤੁਹਾਡੇ ਬਗ਼ੈਰ ਕੋਈ ਵੀ ਰਖਵਾਲਾ ਨਹੀਂ ਹੈ, ਕਿਰਪਾ ਕਰਕੇ ਹੁਣ ਸਾਡੇ ਸਹਾਇਕ ਬਣੋ॥੧੦॥

ਸਿੱਖ ਤੁਮਾਰੇ ਨਾਮ ਜਗਤ ਕਹਿਂ ਇਸ ਕੀ ਲਾਜ ਆਪ ਕੋ ਹੋਇ।
ਦਾਰਿਦ ਤੇ ਸੰਪਤਿ ਬਡ ਬਿਰਧੀ ਅਬਹਿ ਬਿਨਾਸ਼ਵਾਨ ਬਨਿ ਸੋਇ।
ਅਪਦਾ ਆਨਿ ਪਰੀ ਨਿਰਵਾਰਹੁ ਅਸ ਸਮਰਥ ਜੁਤਿ ਅਪਰ ਨ ਕੋਇ।
ਜਥਾ ਚਹਹੁ ਤੁਮ ਤਥਾ ਰਚਹੁ ਪ੍ਰਭੁ ! ਰਾਖਹੁ ਕਿਸੇ, ਕਿਸੇ ਦਿਹੁ ਖੋਇ॥ ੧੧ ॥

ਸਾਰੇ ਜਗਤ ਵਿਚ ਸਿੱਖ ਤੁਹਾਡਾ ਨਾਂ ਲੈਂਦੇ ਹਨ, ਇਸ ਦੀ ਆਪ ਜੀ ਨੂੰ ਲਾਜ ਹੈ। ਗ਼ਰੀਬੀ ਤੋਂ ਸੰਪਤੀ ਬਹੁਤ ਵਧੀ ਸੀ ਪਰ ਹੁਣ ਉਹ ਸਾਰੀ ਵਿਨਾਸ਼ ਹੋ ਗਈ ਹੈ। ਬਿਪਤਾ ਆ ਪਈ ਹੈ, ਇਸ ਦਾ ਨਿਰਬਾਹ ਕਰੋ। ਤੁਸੀਂ ਸਮਰੱਥਾ ਸਹਿਤ ਹੋ, ਤੁਹਾਡੇ ਵਰਗਾ ਹੋਰ ਕੋਈ ਨਹੀਂ ਹੈ। ਹੇ ਪ੍ਰਭੂ ਜੀ ! ਜਿਵੇਂ ਤੁਸੀਂ ਚਾਹੁੰਦੇ ਹੋ ਉਸ ਤਰ੍ਹਾਂ ਹੀ ਕਰਦੇ ਹੋ, ਕਿਸੇ ਨੂੰ ਰੱਖ ਲੈਂਦੇ ਹੋ ਤੇ ਕਿਸੇ ਨੂੰ ਮਾਰ ਦਿੰਦੇ ਹੋ॥੧੧॥

ਬਿਨਤੀ ਸੁਨਿ ਹਮ ਨੇ ਸਮੁਝਾਯਹੁ ਹੋਨਿ ਸੰਪਦਾ ਕਾਰਨ ਜੋਇ।
ਗੁਰ ਕੀ ਦੇਗ ਅੰਸ ਤਵ ਘਰ ਤੇ ਲਜਾਵਤਿ ਚਿਰਾ ਚਿਰੀ ਜੋ ਦੋਇ।
ਸਤਿਸੰਗਤਿ ਅਚਵਨ ਤੇ ਜਾਨਹੁ ਤੋਹਿ ਸੰਪਦਾ ਪ੍ਰਾਪਤਿ ਸੋਇ।
ਛਪਰੀ ਤੋਰਿ ਗਏ ਸੇ ਅਨਤੈ ਨਹਿਂ ਅਬਿ ਕੁਨਕਾ ਆਵਨ ਹੋਇ॥ ੧੨ ॥

ਬੇਨਤੀ ਸੁਣ ਕੇ ਅਸੀਂ ਸਮਝਾਇਆ ਜਿਵੇਂ ਸੰਪਤੀ ਵੱਧਣ ਦਾ ਕਾਰਨ ਸੀ। ਤੁਹਾਡੇ ਘਰ ਤੋਂ ਇਕ ਚਿੜਾ ਤੇ ਚਿੜੀ ਕੁਝ ਅਨਾਜ ਗੁਰੂ ਦੇ ਲੰਗਰ ਵਾਸਤੇ ਲਿਆਉਂਦੇ ਸਨ। ਸਤਿਸੰਗਤ ਦੇ ਖਾਣ ਨਾਲ ਸਮਝੋ ਤੁਹਾਨੂੰ ਧਨ ਦੌਲਤ ਪ੍ਰਾਪਤ ਹੋਇਆ ਸੀ। ਤੁਸੀਂ ਛੱਪਰ ਤੋੜ ਲਿਆ, ਚਿੜਾ ਚਿੜੀ ਕਿਸੇ ਹੋਰ ਥਾਂ ਚਲੇ ਗਏ, ਹੁਣ ਅੰਨ ਦਾ ਕਿਣਕਾ ਵੀ ਲੰਗਰ ਵਿਚ ਨਹੀਂ ਆਉਂਦਾ ਹੈ॥੧੨॥

ਜਿਸ ਕੇ ਚਾਹ ਸੰਪਦਾ ਹੋਵਹਿ ਸਤਿ ਸੰਗਤਿ ਭੋਜਨ ਅਚਵਾਇ।
ਜਥਾ ਸ਼ਕਤਿ ਥੋਰੇ ਮਹਿਂ ਥੋਰੋ, ਦੇਕਰਿ ਸੇਵਹਿ ਪ੍ਰੇਮ ਉਪਾਇ।
ਤਿਸ ਕੇ ਜਾਇਂ ਸਹਾਇ ਕਰੌਂ ਮੈਂ ਦਾਰਿਦ ਦੁਖਦਾ ਸਭਿ ਬਿਨਸਾਇ।
ਸੋ ਤੂੰ ਕਰਿ ਅਬਿ, ਅੰਨ ਔਰ ਧਨ ਹੋਇ ਅਧਿਕ, ਸੁਖ ਕੋ ਲਿਹੁ ਪਾਇ॥ ੧੩ ॥

ਜਿਸ ਨੂੰ ਇਹ ਚਾਹ ਹੋਵੇ ਕਿ ਮੇਰੇ ਘਰ ਬਹੁਤ ਦੌਲਤ ਹੋਵੇ, ਉਹ ਸਤਿਸੰਗਤ ਨੂੰ ਭੋਜਨ ਖਵਾਏ। ਜਥਾ ਸ਼ਕਤੀ ਬੇਸ਼ਕ ਥੋੜ੍ਹੇ ਤੋਂ ਵੀ ਥੋੜ੍ਹਾ ਹੋਵੇ, ਲੰਗਰ ਵਿਚ ਦੇ ਕੇ ਪ੍ਰੇਮ ਸਹਿਤ ਸੇਵਾ ਕਰੇ। ਉਸ ਦੀ ਮੈਂ ਜਾ ਕੇ ਸਹਾਇਤਾ ਕਰਦਾ ਹਾਂ ਤੇ ਗ਼ਰੀਬੀ ਬਿਪਤਾ ਸਭ ਕੁਝ ਮਿਟਾ ਦਿੰਦਾ ਹਾਂ। ਇਸ ਕਰਕੇ ਤੂੰ ਹੁਣ ਇਸ ਤਰ੍ਹਾਂ ਕਰ: ਅੰਨ ਤੇ ਧੰਨ ਬਹੁਤ ਹੋਵੇਗਾ, ਤੇ ਸੁਖ ਪ੍ਰਾਪਤ ਕਰ ਲਵੇਂ॥੧੩॥

ਯਾਂਤੇ ਕਿਰਤ ਧਰਮ ਕੀ ਕਰਿਕੈ ਨਿਜ ਅਹਾਰ ਤੇ ਅੰਸ ਚੁਥਾਇ।
ਜੋ ਹੁਇ ਰੰਕ ਸੁ ਅਰਪੈ ਗੁਰ ਹਿਤ, ਦਿਨ ਪ੍ਰਤਿ ਸੰਪਦ ਗ੍ਰਿਹ ਬਿਰਧਾਇ।
ਹੈ ਸਰੂਪ ਮੋਰੋ ਸਤਿ ਸੰਗਤਿ ਸੋ ਅਚਂਵਹਿ ਮੁਝ ਕੋ ਪਹੁੰਚਾਇ।
ਹਲਤਿ ਪਲਤਿ ਸੁਧਰਹਿ ਤਿਸ ਸਿਖ ਕੇ ਕਰਿ ਭੋਜਨ ਕੋ ਸਿਖ ਅਚਵਾਇ ॥੧੪ ॥

ਇਸ ਕਰਕੇ ਧਰਮ ਦੀ ਕਿਰਤ ਕਰਕੇ, ਆਪਣੇ ਭੋਜਨ ਦਾ ਜਿਹੜਾ ਚੌਥਾ ਹਿੱਸਾ ਹੋਵੇ, ਜਿਹੜਾ ਗ਼ਰੀਬ ਹੋਵੇ ਉਹ ਗੁਰੂ ਵਾਸਤੇ ਅਰਪਣ ਕਰੇ, ਦਿਨ ਪ੍ਰਤੀ ਦਿਨ ਘਰ ਵਿਚ ਦੌਲਤ ਵਧਦੀ ਜਾਵੇਗੀ। ਮੇਰਾ ਸਰੂਪ ਸਤਿਸੰਗਤ ਜਿਹੜੀ ਭੋਜਨ ਖਾਇਗੀ, ਉਹ ਮੈਨੂੰ ਹੀ ਪਹੁੰਚ ਜਾਵੇਗਾ। ਉਸ ਸਿੱਖ ਦਾ ਲੋਕ ਪ੍ਰਲੋਕ ਸੁਧਰ ਜਾਂਦਾ ਹੈ, ਜਿਹੜਾ ਭੋਜਨ ਤਿਆਰ ਕਰਕੇ ਸਿੱਖਾਂ ਨੂੰ ਛਕਾਉਂਦਾ ਹੈ' ॥੧੪॥

ਸਭਾ ਬਿਖੈ ਗੁਰ ਸਭਿਨਿ ਸੁਨਾਈ 'ਕਰਹੁ ਸਦਾ ਇਸ ਬਿਧਿ ਕੀ ਕਾਰ।
ਜੋ ਮੁਝ ਅਰਪਹਿ ਸ਼ਰਧਾ ਉਰਧਾਰਿ, ਹੋਇ ਸਹੰਸ ਗੁਨਾ ਬਿਸਥਾਰ।
ਥੋਰੋ ਬਹੁਤ ਬਿਚਾਰ ਨ ਕਾਈ ਜਥਾ ਸ਼ਕਤਿ ਅਰੁ ਪ੍ਰੇਮ ਮਝਾਰ।
ਇਸ ਮਹਿਂ ਭਲੋ ਆਪਨੋ ਜਾਨੈ ਤਿਹ ਪ੍ਰਾਪਤਿ ਜਿਹ ਭਾਗ ਉਦਾਰ' ॥ ੧੫ ॥

ਸਭਾ ਵਿਚ ਗੁਰੂ ਜੀ ਨੇ ਸਭ ਨੂੰ ਸੁਣਾਇਆ, "ਸਦਾ ਇਸ ਤਰ੍ਹਾਂ ਕਾਰ ਕਰੋ। ਜਿਹੜਾ ਮੈਨੂੰ ਹਿਰਦੇ ਵਿਚ ਸ਼ਰਧਾ ਧਾਰ ਕੇ ਅਰਪਣ ਕਰਦਾ ਹੈ, ਉਸ ਦਾ ਸੈਂਕੜੇ ਗੁਣਾ ਵਿਸਥਾਰ ਹੁੰਦਾ ਹੈ। ਥੋੜ੍ਹੇ ਬਹੁਤੇ ਦੀ ਕੋਈ ਵਿਚਾਰ ਨਹੀਂ ਹੈ ਯਥਾ ਸ਼ਕਤੀ ਅਤੇ ਪ੍ਰੇਮ ਨਾਲ ਅਰਪਣ ਕਰੋ। ਇਸ ਵਿਚ ਆਪਣਾ ਭਲਾ ਜਾਣੋ, ਇਹ ਕੁਝ ਉਨ੍ਹਾਂ ਨੂੰ ਪ੍ਰਾਪਤ ਹੁੰਦਾ ਹੈ, ਜਿਨ੍ਹਾਂ ਦੇ ਵੱਡੇ ਭਾਗ ਹਨ" ॥੧੫॥

ਸੁਨਿ ਕੈ ਸਭਾ ਧਰੀ ਉਰ ਸ਼ਰਧਾ 'ਧੰਨ ਧੰਨ ਸਤਿਗੁਰ ਹਰਿਰਾਇ'।
ਜੇ ਕਰਿ ਅਰਪਹਿ ਅਲਪ ਭਾਉ ਜੁਤਿ ਤਿਸ ਕੋ ਦੇਤਿ ਸਮ੍ਰਿੱਧ ਬਨਾਇ।
ਜਥਾ ਸ਼ਕਤਿ ਤਥਿ ਗੁਰ ਕੇ ਲੰਗਰ ਲਜਾਵਤਿ ਹੈਂ ਬਹੁ ਚਿਤ ਕਰਿ ਚਾਇ।
ਥੋਰੇ ਦੇਨਿ, ਲੇਨਿ ਅਤਿ ਬਹੁਤੇ ਅਸ ਬਿਵਹਾਰ ਤਜਯੋ ਕਿਮ ਜਾਇ ॥ ੧੬ ॥

ਇਹ ਸੁਣ ਕੇ ਸਾਰੀ ਸਭਾ ਨੇ ਹਿਰਦੇ ਵਿਚ ਸ਼ਰਧਾ ਧਾਰਨ ਕਰ ਲਈ ਤੇ ਕਿਹਾ, "ਸਤਿਗੁਰੂ ਹਰਿਰਾਇ ਜੀ ਧੰਨ ਹਨ।" ਜੇ ਕੋਈ ਥੋੜ੍ਹੇ ਵੀ ਪ੍ਰੇਮ ਸਹਿਤ ਅਰਪਣ ਕਰਦੇ ਹਨ, ਉਸ ਨੂੰ ਬਹੁਤ ਧਨਵਾਨ ਬਣਾ ਦਿੰਦੇ ਹਨ। ਯਥਾ ਸ਼ਕਤੀ ਅਨੁਸਾਰ ਜਿਹੜੇ ਗੁਰੂ ਜੀ ਦੇ ਲੰਗਰ ਵਾਸਤੇ ਅਨਾਜ ਲਿਆਉਂਦੇ ਹਨ ਅਤੇ ਚਿੱਤ ਵਿਚ ਬਹੁਤ ਪ੍ਰਸੰਨ ਹੁੰਦੇ ਹਨ ਉਹ ਥੋੜ੍ਹਾ ਦੇ ਕੇ ਬਹੁਤਾ ਲੈਂਦੇ ਹਨ, ਐਸੇ ਵਪਾਰ ਨੂੰ ਫਿਰ ਕਿਵੇਂ ਛੱਡਿਆ ਜਾ ਸਕਦਾ ਹੈ ॥੧੬॥

ਬਹੁ ਪ੍ਰਸੰਨਤਾ ਸੰਗਤਿ ਮਾਂਹੀ ਅਪਨੇ ਭਾਗ ਬਡੇ ਸਭਿ ਜਾਨਿ।
ਲੋਚਨ ਗੋਚਰ ਤੀਨ ਲੋਕ ਪਤਿ ਪੁਨ ਸਿੱਛਜਾ ਸੁਭ ਕਰਹਿਂ ਬਖਾਨ।
ਸੇਵਕ ਲਖਹਿਂ ਕ੍ਰਿਪਾਨਿਧਿ ਹਮਕੋ, ਹੁਇ ਪ੍ਰਸੰਨ ਉਪਦੇਸ਼ਤਿ ਦਾਨ।
ਦਰਸਹਿਂ ਚਰਨ ਸਪਰਸਹਿਂ ਹਰਖਹਿਂ ਪਰਖਹਿਂ ਅਪਨੀ ਲਬਧਿ ਮਹਾਨ ॥ ੧੭ ॥

ਸੰਗਤ ਵਿਚ ਬਹੁਤ ਪ੍ਰਸੰਨਤਾ ਹੋਈ ਤੇ ਸਾਰਿਆਂ ਨੇ ਆਪਣੇ ਵੱਡੇ ਭਾਗ ਜਾਣੇ। ਤਿੰਨਾਂ ਲੋਕਾਂ ਦੇ ਮਾਲਕ ਨੇ ਸਭ ਉਤੇ ਸ਼ੁਭ-ਦ੍ਰਿਸ਼ਟੀ ਪਾ ਕੇ ਫਿਰ ਉਨ੍ਹਾਂ ਨੂੰ ਸ਼ੁਭ ਸਿਖਿਆ ਦਿੱਤੀ। ਸੇਵਕ ਸਮਝਦੇ ਸਨ ਸਾਡੇ 'ਤੇ ਵੱਡੀ ਕਿਰਪਾ ਕੀਤੀ ਹੈ, ਪ੍ਰਸੰਨ ਹੋ ਕੇ ਸਾਨੂੰ ਉਪਦੇਸ਼ ਦਾ ਦਾਨ ਦਿੱਤਾ ਹੈ। ਦਰਸ਼ਨ ਕਰਕੇ ਚਰਨ ਸਪਰਸ਼ ਕਰਦੇ ਸਨ ਤੇ ਆਪਣੀ ਸ੍ਰੇਸ਼ਟ ਪਰਾਲਬਧ ਜਾਣ ਕੇ ਪ੍ਰਸੰਨ ਹੁੰਦੇ ਸਨ ॥੧੭॥

ਪੁਨ ਅਗਲੇ ਦਿਨ ਸਤਿਗੁਰ ਪੂਰਨ ਬਸਤ੍ਰ ਸ਼ਸਤ੍ਰ ਨਿਜ ਦੇਹਿ ਸਜਾਇ।
ਅੰਗ ਬਿਭੂਖਨ ਭੂਖਤਿ ਸੁੰਦਰ ਕਮਲ ਪੱਤ੍ਰ ਲੋਚਨ ਬਿਕਸਾਇ।
ਭੁਜ ਪ੍ਰਲੰਬ ਕਰ ਧਰਯੋ ਸਰਾਸਨ ਬਹੁਰ ਕੰਧ ਧਰਿ ਲੀਨਿ ਟਿਕਾਇ।
ਮੁਕਤਾ ਹੀਰਨਿ ਜਰਯੋ ਜਰਾਉ ਤੀਖਨ ਤੀਰ ਨਿਖੰਗ ਸਹਾਇ ॥ ੧੮ ॥

ਫਿਰ ਅਗਲੇ ਦਿਨ ਸਤਿਗੁਰੂ ਜੀ ਨੇ ਆਪਣੇ ਪੂਰਨ ਵਸਤਰ ਸ਼ਸਤਰ ਆਪਣੇ ਸਰੀਰ 'ਤੇ ਸਜਾ ਲਏ। ਸਰੀਰ ਦੇ ਅੰਗਾਂ 'ਤੇ ਗਹਿਣੇ ਬਹੁਤ ਸੱਜ ਰਹੇ ਸਨ ਤੇ ਨੈਣ ਕੰਵਲ ਪੱਤਰ ਵਾਂਗ ਖਿੜੇ ਸਨ। ਧਨੁੱਖ, ਜਿਹੜਾ ਹੇਠਾਂ ਬਾਂਹ ਵਿਚ ਲਮਕਾਇਆ ਸੀ, ਫਿਰ ਉਸ ਨੂੰ ਮੋਢੇ 'ਤੇ ਟਿਕਾ ਲਿਆ। ਹੀਰੇ ਮੋਤੀਆਂ ਨਾਲ ਜੜ੍ਹੇ ਹੋਏ ਤਿੱਖੇ ਤੀਰ ਭੱਥੇ ਵਿਚ ਸ਼ੋਭ ਰਹੇ ਸਨ ॥੧੮॥

ਕਟਿ ਸ਼ਮਸ਼ੇਰ ਮੁਸ਼ਟ ਜਿਸ ਹਾਟਕ, ਰੇਸ਼ਮ ਜ਼ਰੀ ਗਾਤਰਾ ਪਾਇ।
ਆਇਸ ਕਰਿ ਕੈ ਅਸ੍ਵ ਮੰਗਾਇਵ ਧਰਤਿ ਚਪਲਤਾ ਜਤਿ ਛਿਤਿ ਪਾਇ।
ਹੀਰੇ ਜਰੇ ਅੱਗ੍ਰ ਮਹਿੰ ਜਿਸ ਕੇ ਸੁੰਦਰ ਜ਼ੀਨ ਜ਼ਰੀ ਦਿਪਤਾਇ।
ਭਏ ਅਰੂਢ ਰਾਢ ਗਨ ਜਿਨ ਕੇ ਗਹੀ ਬਾਗ ਗਮਨੇ ਅਗੁਵਾਇ॥ ੧੯॥

ਕਮਰ 'ਤੇ ਤਲਵਾਰ ਲਮਕਦੀ ਹੈ, ਜਿਸ ਦੀ ਮੁੱਠੀ ਸੋਨੇ ਦੀ ਹੈ ਤੇ ਰੇਸ਼ਮ ਤੇ ਜ਼ਰੀ ਦਾ ਬਣਿਆ ਹੋਇਆ ਗਾਤਰਾ ਪਾਇਆ ਹੈ। ਆਗਿਆ ਕਰਕੇ ਘੋੜਾ ਮੰਗਵਾਇਆ, ਜਿਹੜਾ ਧਰਤੀ 'ਤੇ ਬੜੀ ਚੰਚਲਤਾ ਵਿਖਾਉਂਦਾ ਹੈ। ਜਿਸ ਦੇ ਅੱਗੇ ਹੀਰੇ ਜੜ੍ਹੇ ਹੋਏ ਹਨ ਤੇ ਸੁੰਦਰ ਕਾਠੀ ਬਹੁਤ ਚਮਕਦੀ ਹੈ। ਉਸ ਘੋੜੇ ਉੱਤੇ ਸਵਾਰ ਹੋ ਗਏ ਜਿਸ ਨੂੰ ਸੁੰਦਰ ਗਹਿਣੇ ਪਹਿਨਾਏ ਹੋਏ ਸਨ ਤੇ ਵਾਗ ਫੜ ਕੇ ਅੱਗੇ ਚਲ ਪਏ॥੧੯॥

ਕਹਿ ਮੁਖ ਸਬਦ ਤੇਜ ਅਸੁ ਕੀਨਸਿ, ਪਦ ਲਘੁਤਾ ਤੇ ਕਦਿਤਿ ਬਿਸਾਲ।
ਜਨੁ ਘਨ ਸੁਨਿ ਸੁਨਿ ਮਨ ਗਨਿ ਮੁਦ ਕਰਿ ਗ੍ਰੀਵ ਮੋਰਿ ਕਰਿ ਮੋਰ ਉਤਾਲ।
ਨਾਚਤਿ ਜਾਤਿ ਸੁਭਤਿ ਅਤਿ ਸ਼ੋਭਾ ਗਰ ਕੰਚਨ ਚੌਂਕੀ ਇਸ ਢਾਲ।
ਮਨਹੁਂ ਚੰਚਲਾ ਥਰਕਨਿ ਤੇ ਥਿਰ ਲਪਤ ਰਹੀ ਇਕ ਥਲ ਹਿਤ ਨਾਲ॥੨੦॥

ਮੁੱਖ ਤੋਂ ਸ਼ਬਦ ਕਹਿ ਕੇ ਤੇਜ਼ ਕੀਤਾ ਜੋ ਨਿੱਕੇ-ਨਿੱਕੇ ਕਦਮ ਪੁੱਟ ਪੁੱਟ ਕੇ ਕੁੱਦਦਾ ਜਾਂਦਾ ਹੈ। ਮਾਨੋਂ ਬੱਦਲ ਦੇ ਸ਼ਬਦ ਨੂੰ ਸੁਣ ਸੁਣ ਕੇ ਮਨ ਵਿਚ ਅਨੰਦ ਪ੍ਰਤੀਤ ਕਰਕੇ ਮੋਰ ਛੇਤੀ ਨਾਲ ਗਰਦਨ ਮੋੜਦਾ ਹੈ। ਨੱਚਦਾ ਜਾਂਦਾ ਹੈ ਤੇ ਬਹੁਤ ਸ਼ੋਭਾ ਪਾ ਰਿਹਾ ਹੈ ਤੇ ਗਲ੍ਹ ਵਿਚ ਸੋਨੇ ਦੀ ਚੌਂਕੀ ਪਾਈ ਹੈ। ਮਾਨੋਂ ਬਿਜਲੀ ਥਿਰਕਣ ਤੋਂ ਟਿਕ ਕੇ ਪ੍ਰੇਮ ਨਾਲ ਇਕ ਥਾਂ ਲਿਪਟ ਗਈ ਹੈ॥੨੦॥

ਕਾਨਨ ਗਮਨੇ ਹਿਤ ਅਖੇਰ ਕੇ ਸਕਲ ਬਾਹਨੀ ਸ਼ਸਤ੍ਰ ਸਜਾਇ।
ਚਢੇ ਤੁਰੰਗ ਕੁਰੰਗਨਿ ਸਮ ਸੇ ਬ੍ਰਿੰਦ ਭਏ ਪਸ਼ਚਾਤ ਧਵਾਇ।
ਸਘਨ ਬ੍ਰਿਛਨਿ ਮਹਿਂ ਸੈਲ ਸਮੀਪਹਿ ਨਿਕਸਹਿਂ ਬਨ ਪਸ਼ੂ ਲੇਤਿ ਗਹਾਇ।
ਇਤ ਉਤ ਬਿਚਰਤਿ, ਜਿਤ ਕਿਤ ਦੇਖਤਿ ਸ਼ੂਕਰ ਸਸੇ ਰੋਝ ਗਨ ਧਾਇ॥੨੧॥

ਸ਼ਿਕਾਰ ਖੇਡਣ ਵਾਸਤੇ ਜੰਗਲ ਵਿਚ ਚਲੇ ਗਏ ਤੇ ਸਾਰੀ ਸ਼ਸਤਰਧਾਰੀ ਸੈਨਾ ਨਾਲ ਲੈ ਲਈ। ਹਿਰਨਾਂ ਵਰਗੇ ਘੋੜਿਆਂ 'ਤੇ ਚੜ੍ਹੇ ਸਨ, ਸਾਰੇ ਇਕੱਠੇ ਕਰਕੇ ਪਿੱਛੇ ਭਜਾਏ। ਸਾਰੇ ਬ੍ਰਿਛਾਂ ਦੇ ਪਾਸ ਗਏ ਤੇ ਜੰਗਲ ਵਿਚੋਂ ਜਿਹੜਾ ਵੀ ਪਸ਼ੂ ਨਿਕਲਦਾ ਸੀ ਉਸ ਨੂੰ ਫੜ ਲੈਂਦੇ ਸਨ। ਏਧਰ ਓਧਰ ਫਿਰਦੇ ਸਨ ਤੇ ਜਿਥੇ ਕਿਥੇ ਵੇਖਦੇ ਸਨ, ਸੂਰਾਂ, ਖ਼ਰਗੋਸ਼ਾਂ ਅਤੇ ਬਾਰਾਂਸਿੰਗਿਆਂ ਦੇ ਮਗਰ ਘੋੜਿਆਂ ਨੂੰ ਲਾਉਂਦੇ ਸਨ॥੨੧॥

ਨਿਕਟਿ ਨਿਕਟਿ ਪਰਬਤ ਕੇ ਗਮਨਤਿ ਖਗ ਮ੍ਰਿਗ ਤ੍ਰਾਸਤਿ ਜਾਤਿ ਪਲਾਇ।
ਚਮੂੰ ਚਲਹਿ ਪਸ਼ਚਾਤ ਬ੍ਰਿੰਦ ਸ਼ਭ ਆਗੈ ਸਰਪ ਚਲਯੋ ਇਕ ਆਇ।
ਅਜਗਰ ਸੰਗਜਾ ਕਹੈਂ ਲੋਕ ਜਿਸ ਬਹੁ ਪਪੀਲਕਾ ਕਾਟਤਿ ਖਾਇਂ।
ਪਟਕਤਿ ਪੁੰਛ,ਸੁ ਫਟਕਤਿ ਫਨ ਕੋ, ਤੜਫਤਿ, ਲਿਟਤਿ ਬਿਕੁਲ ਅਕੁਲਾਇ॥੨੨॥

ਪਹਾੜ ਦੇ ਨੇੜੇ-ਨੇੜੇ ਜਾਂਦੇ ਸਨ ਤੇ ਪੰਛੀ ਅਤੇ ਹਿਰਨ ਡਰ ਕੇ ਭੱਜ ਜਾਂਦੇ ਸਨ। ਜਦ ਸਾਰਿਆਂ ਦੇ ਪਿੱਛੇ ਗੁਰੂ ਜੀ ਦੀ ਸੈਨਾ ਜਾ ਰਹੀ ਸੀ ਤਾਂ ਅੱਗੋਂ ਇਕ ਸੱਪ ਚਲ ਕੇ ਆਇਆ। ਉਸ ਸੱਪ ਨੂੰ ਬਹੁਤ ਵੱਡੇ ਆਕਾਰ ਦਾ ਹੋਣ ਕਰਕੇ ਅਜਗਰ ਕਹਿੰਦੇ ਹਨ। ਉਸ ਨੂੰ ਬਹੁਤ ਕੀੜੀਆਂ ਕੱਟ ਕੱਟ ਕੇ ਖਾ ਰਹੀਆਂ ਸਨ। ਉਹ ਪੂਛ ਨੂੰ ਧਰਤੀ 'ਤੇ ਪਟਕਾਉਂਦਾ ਸੀ ਤੇ ਫਨ ਨਾਲ ਫੁਰਕਾਰੇ ਮਾਰਦਾ ਸੀ, ਬਹੁਤ ਤੜਫਦਾ ਸੀ ਤੇ ਲੇਟਦਾ ਹੋਇਆ ਬਹੁਤ ਵਿਆਕੁਲ ਹੋਇਆ ਸੀ॥੨੨॥

ਬਡੋ ਲੰਬੁ ਅਰੁ ਮੋਟੇ ਤਨ ਕੋ ਪ੍ਰਾਪਤ ਜਿਸ ਕੋ ਕਸ਼ਟ ਬਿਸ਼ਾਲ।
ਕਾਟਤਿ ਕੀਟੀ ਉਲਟ ਪਲਟ ਹੈ ਭਏ ਦੇਹਿ ਮੈਂ ਛਿੱਦ੍ਰ ਕਰਾਲ।
ਕੁਛ ਨ ਉਪਾਉ ਬਚਾਉ ਹੋਨਿ ਕੋ ਲਾਖਹੁਂ ਖਾਇਂ ਮਹਾਂ ਬਿਕਰਾਲ।
ਸ੍ਰੀ ਹਰਿਰਾਇ ਬਿਲੋਕਨ ਕੀਨਸਿ ਕ੍ਰਿਪਾ ਧਾਰ ਕਰਿ ਧਨੁਖ ਸੰਭਾਲਿ॥੨੩॥

ਸੱਪ ਬਹੁਤ ਲੰਮਾ ਅਤੇ ਮੋਟਾ ਸੀ ਅਤੇ ਜਿਸ ਨੂੰ ਵਿਸ਼ਾਲ ਕਸ਼ਟ ਪ੍ਰਾਪਤ ਸੀ। ਕੀੜੀਆਂ ਉਸ ਨੂੰ ਕਟਦੀਆਂ ਸਨ ਤੇ ਬਾਰ-ਬਾਰ ਉਹ ਉਲਟ ਪਲਟ ਹੋ ਰਿਹਾ ਸੀ। ਉਸ ਦੇ ਸਰੀਰ ਵਿਚ ਵਿਕਰਾਲ ਛੇਕ ਹੋਏ ਹੋਏ ਸਨ। ਬਚਾਅ ਦਾ ਕੋਈ ਵੀ ਉਪਾਅ ਨਹੀਂ ਸੀ ਤੇ ਲੱਖਾਂ ਕੀੜੀਆਂ ਉਸ ਨੂੰ ਖਾ ਰਹੀਆਂ ਸਨ, ਜਿਹੜਾ ਮਹਾਨ ਵਿਆਕੁਲ ਸੀ। ਸ੍ਰੀ ਗੁਰੂ ਹਰਿਰਾਇ ਜੀ ਨੇ ਉਸ ਵੱਡੇ ਸੱਪ ਨੂੰ ਆਪਣੀ ਧਨੁੱਖ ਸੰਭਾਲ ਕੇ ਕਿਰਪਾ ਧਾਰ ਕੇ ਵੇਖਿਆ॥੨੩॥

ਤਰਕਸ਼ ਤੇ ਸਰ ਕਰਯੋ ਨਿਕਾਸਨਿ ਅਰਧ ਸੁ ਚੰਦ੍ਰਾਕਾਰ ਮਹਾਨ।
ਜੇਹ ਬਿਖੈ ਆਰੋਪਨ ਕਰਿ ਦਿੜ੍ਹ ਹਾਥ ਤਾਨ ਤੇ ਕੇਤਿਕ ਤਾਨਿ।
ਸ੍ਰੀ ਹਰਿਰਾਇ ਸੁ ਬਾਨ ਪ੍ਰਹਾਰਯੋ ਕਾਟਿ ਦੀਨਿ ਸਿਰ ਕੀਨਸਿ ਹਾਨ।
ਮ੍ਰਿਤਕ ਭਯੋ ਸੁਭਗਤਿ ਕੋ ਪ੍ਰਾਪਤਿ ਗਮਨਯੋ ਉਰਧ ਅਰੂਢਿ ਬਿਮਾਨ॥੨੪॥

ਉਨ੍ਹਾਂ ਆਪਣੇ ਧਨੁੱਖ ਵਿਚੋਂ ਤੀਰ ਕਢਿਆ, ਜਿਹੜਾ ਬੜਾ ਚੋੜਾ ਅਤੇ ਅੱਧੇ ਚੰਦ ਦੇ ਆਕਾਰ ਵਾਲਾ ਸੀ। ਸ੍ਰੀ ਗੁਰੂ ਹਰਿਰਾਇ ਜੀ ਨੇ ਉਸ ਤੀਰ ਨੂੰ ਚਿਲੇ 'ਤੇ ਚੜ੍ਹਾਇਆ ਤੇ ਹੱਥ ਦੇ ਜ਼ੋਰ ਨਾਲ ਕੁਝ ਖਿੱਚ ਕੇ ਤੀਰ ਨੂੰ ਛੱਡ ਕੇ ਉਸ ਸੱਪ ਦਾ ਸਿਰ ਕੱਟ ਕੇ ਉਸ ਨੂੰ ਮਾਰ ਦਿੱਤਾ। ਉਹ ਉਥੇ ਮਰਿਆ ਪਿਆ ਸੀ। ਉਸ ਨੇ ਸੁਭ ਗਤੀ ਪ੍ਰਾਪਤ ਕੀਤੀ ਤੇ ਵਿਮਾਨ 'ਤੇ ਚੜ੍ਹ ਕੇ ਸਵਰਗਾਂ ਵਿਚ ਚਲਾ ਗਿਆ॥੨੪॥

ਕੌਤਕ ਦੇਖਿ ਚਮੂੰ ਚਿਤ ਚੱਕ੍ਰਿਤਿ ਬੂਝਤਿ ਭਏ ਗੁਰਨਿ ਕੇ ਪਾਸ।
'ਕੌਨ ਹੁਤੋ, ਪ੍ਰਭੁ! ਕਰਹੁ ਬਤਾਵਨ, ਕੌਨ ਪਾਪ ਕੋ ਫਲ ਭਾ ਤਾਸ?।
ਆਮਿਖ ਕਾਟਿ ਕਾਟ ਕਰਿ ਕੀਟੀ ਕੀਨੇ ਛਿੱਦ੍ਰ ਪਾਇ ਦੁਖ ਰਾਸਿ।
ਤਰਫਤਿ ਕੋ ਬਿਲੋਕ ਕਰਿ ਕਰੁਨਾ ਆਪ ਬਾਨ ਤੇ ਕਰਯੋ ਬਿਨਾਸ਼'॥੨੫॥

ਗੁਰੂ ਜੀ ਦਾ ਇਹ ਕੌਤਕ ਵੇਖ ਕੇ ਸਾਰੀ ਸੈਨਾ ਚਿੱਤ ਵਿਚ ਬਹੁਤ ਹੈਰਾਨ ਹੋਈ ਤੇ ਗੁਰੂ ਜੀ ਪਾਸੋਂ ਪੁੱਛਣ ਲੱਗੇ, "ਹੇ ਪ੍ਰਭੂ ਜੀ! ਇਹ ਕੌਣ ਸੀ? ਇਹ ਸਾਨੂੰ ਦੱਸੋ, ਕਿਹੜੇ ਪਾਪਾਂ ਦਾ ਉਸ ਨੇ ਇਹ ਫਲ ਪਾਇਆ ਸੀ? ਕੀੜੀਆਂ ਨੇ ਉਸ ਦਾ ਮਾਸ ਖਾ ਖਾ ਕੇ ਉਸ ਦੇ ਸਰੀਰ ਵਿਚ ਮੋਰੀਆਂ ਕਰ ਦਿੱਤੀਆਂ ਤੇ ਉਸ ਨੇ ਬਹੁਤ ਦੁਖ ਪਾਇਆ। ਤੜਫਦੇ ਨੂੰ ਵੇਖ ਕੇ ਤੁਸੀਂ ਕਿਰਪਾ ਕਰਕੇ ਤੀਰ ਮਾਰ ਕੇ ਮਾਰ ਦਿੱਤਾ ਹੈ"॥੨੫॥

ਸੁਨਿ ਅਰਦਾਸ ਸੇਵਕਨਿ ਕੇਰੀ ਸਰਬ ਬ੍ਰਿਤੰਤ ਗੁਰੂ ਸਮੁਝਾਇ।
'ਪ੍ਰਥਮ ਜਨਮ ਮੈਂ ਪੰਡਿਤ ਦਿਜ ਇਹੁ ਗੁਰੂ ਕਹਾਵਤਿ ਨਰ ਸਮੁਝਾਇ।
ਅਹੰਕਾਰ ਤੇ ਅਫਰਯੋ ਨਿਤਪ੍ਰਤਿ ਸਭਿਹਿਨਿ ਕੋ ਉਪਦੇਸ਼ ਬਤਾਇ।
ਮਤਿ ਬਿਦਾਂਤ, ਕੋ ਭਾਉ ਭਗਤਿ ਤਜਿ, ਕਰਤਿ ਪਖੰਡ ਰਹਯੋ ਅਧਿਕਾਇ॥੨੬॥

ਆਪਣੇ ਸੇਵਕਾਂ ਦੀ ਬੇਨਤੀ ਸੁਣ ਕੇ ਗੁਰੂ ਜੀ ਨੇ ਉਨ੍ਹਾਂ ਨੂੰ ਸਾਰਾ ਬ੍ਰਿਤਾਂਤ ਸੁਣਾਇਆ, "ਪਿਛਲੇ ਜਨਮ ਵਿਚ ਇਹ ਸੱਪ ਬ੍ਰਾਹਮਣ ਪੰਡਿਤ ਸੀ ਤੇ ਆਪਣੇ ਆਪ ਨੂੰ ਗੁਰੂ ਕਹਾ ਕੇ ਮਨੁੱਖਾਂ ਨੂੰ ਸਿੱਖਿਆ ਦਿੰਦਾ ਸੀ। ਅਹੰਕਾਰ ਨਾਲ ਆਫਰਿਆ ਸੀ ਤੇ ਰੋਜ਼ ਆਪਣੇ ਚੇਲਿਆਂ ਨੂੰ ਉਪਦੇਸ਼ ਦਿੰਦਾ ਸੀ। ਵਿਦਾਂਤ ਮੱਤ ਤੇ ਪ੍ਰੇਮ ਭਗਤੀ ਨੂੰ ਛੱਡ ਕੇ ਬਹੁਤ ਪ੍ਰਕਾਰ ਦੇ ਪਖੰਡ ਕਰਦਾ ਰਿਹਾ॥੨੬॥

'ਅਹੰਬ੍ਰਹਮ' ਕੋ ਬਦਨ ਬਖਾਨੈ, ਰਿਦੈ ਨ ਲੇਸ਼ ਭਯੋ ਪਰਿਵੇਸ਼।
ਸੁਤ ਬਨਿਤਾ ਸੋਂ ਪ੍ਰੀਤਿ ਨਿਬਾਹਕ, ਸਭਿ ਤੇ ਧਨ ਲੇ ਕੀਨਿ ਵਿਸ਼ੇਸ਼।
ਸੰਤਨਿ ਆਗੈ ਨਿੰਮ੍ਰਿ ਹੋਇ ਨਹਿਂ, ਅਭਿਮਾਨੀ ਮਨ ਰਹੈ ਹਮੇਸ਼।
'ਮੈਂ ਹੌਂ ਸਭਿ ਤੇ ਬਡੋ' ਬਿਚਾਰਤਿ, 'ਮੈਂ ਬਿੱਦਜਾ ਪਠਿ ਲੀਨਿ ਅਸ਼ੇਸ਼॥ ੨੭॥

ਮੁਖ ਤੋਂ ਕਹਿੰਦਾ ਸੀ, "ਮੈਂ ਬ੍ਰਹਮ ਹਾਂ" ਪਰ ਬ੍ਰਹਮ ਨੇ ਹਿਰਦੇ ਵਿਚ ਰਾਈ ਭਰ ਵੀ ਪ੍ਰਵੇਸ਼ ਨਹੀਂ ਸੀ ਕੀਤਾ। ਆਪਣੇ ਪੁੱਤਰ ਇਸਤਰੀ ਆਦਿ ਪਰਿਵਾਰ ਨੂੰ ਪ੍ਰੇਮ ਕਰਦਾ ਸੀ ਤੇ ਸਾਰਿਆਂ ਚੇਲਿਆਂ ਪਾਸੋਂ ਧਨ ਲੈਂਦਾ ਸੀ। ਸੰਤਾਂ ਅੱਗੇ ਸਨਿਮਰ ਨਹੀਂ ਸੀ ਹੁੰਦਾ ਤੇ ਸਦਾ ਹੀ ਮਨ ਘੁਮੰਡ ਤੇ ਹੰਕਾਰ ਨਾਲ ਭਰਿਆ ਰਹਿੰਦਾ ਸੀ। ਆਪਣੇ ਮਨ ਵਿਚ ਸਮਝਦਾ ਸੀ, "ਮੈਂ ਸਭ ਨਾਲੋਂ ਵੱਡਾ ਹਾਂ, ਮੈਂ ਬਹੁਤ ਵਿਦਿਆ ਪੜ੍ਹ ਕੇ ਰੱਖੀ ਹੈ॥੨੭॥

ਅਪਰ ਲੋਕ ਬਿੱਦਜਾ ਨਹਿਂ ਜਾਨੈਂ, ਤਿਨ ਸੋਂ ਨਿੰਮ੍ਰਿ ਬਨੌਂ ਕਿਸ ਭਾਇ।
ਲਘੁ ਮਤਿ ਹੈ, ਆਸ਼ੈ ਨਹਿਂ ਜਾਨਤਿ, ਮੈਂ ਸਭਿਹਿਨਿ ਕੋ ਪੰਥ ਬਤਾਇ'।
ਸਿੱਖ ਕਰੈ ਬਹੁ, ਸੇਵ ਨ ਠਾਨੈ 'ਅਹੰਬ੍ਰਹਮ' ਸੋ ਬਚਨ ਅਲਾਇ।
ਨਿਸ਼ਚਾ ਨਹੀਂ ਰਿਦੇ ਮਹਿਂ ਜਿਸ ਕੇ ਭਾਉ ਭਗਤਿ ਮਹਿਂ, ਮੰਦ ਸੁਭਾਇ॥ ੨੮॥

ਹੋਰ ਲੋਕ ਵਿਦਿਆ ਨਹੀਂ ਜਾਣਦੇ ਹਨ, ਉਨ੍ਹਾਂ ਅੱਗੇ ਮੈਂ ਕਿਸ ਪ੍ਰਕਾਰ ਨੀਵਾਂ ਹੋਵਾਂ, ਉਨ੍ਹਾਂ ਦੀ ਛੋਟੀ ਬੁਧੀ ਹੈ ਤੇ ਉਹ ਅਸਲ ਆਸ਼ੇ ਨੂੰ ਜਾਣਦੇ ਨਹੀਂ ਹਨ, ਮੈਂ ਸਾਰਿਆਂ ਨੂੰ ਮਾਰਗ ਦੱਸਦਾ ਹਾਂ।" ਬਹੁਤ ਲੋਕ ਆਪਣੇ ਚੇਲੇ ਬਣਾ ਲਏ ਪਰ ਸਿਮਰਨ ਨਹੀਂ ਸੀ ਕਰਦਾ, ਇਹੋ ਕਹੀ ਜਾਂਦਾ ਸੀ, "ਮੈਂ ਬ੍ਰਹਮ ਹਾਂ।" ਹਿਰਦੇ ਵਿਚ ਨਿਸ਼ਚਾ ਨਹੀਂ ਸੀ, ਜਿਸ ਨਾਲ ਪ੍ਰੇਮ ਭਗਤੀ ਪੈਦਾ ਹੁੰਦੀ, ਬਹੁਤ ਮਾੜਾ ਸੁਭਾਉ ਸੀ॥੨੮॥

ਭਯੋ ਕਾਲ ਬਸਿ ਅਹੰਕਾਰ ਜੁਤਿ, ਸਰਪ ਜੂਨਿ ਪਾਈ ਬਿਕਰਾਲ।
ਸਿੱਖਜਨਿ ਕੀ ਗਤਿ ਕਰਿ ਨ ਸਕ੍ਯੋ ਕੁਛ ਸੋ ਪਪੀਲਕਾ ਹ੍ਵੈ ਕਰਿ ਜਾਲ।
ਜਿਨ ਤੇ ਧਨ ਲਿਯ ਭਲੋ ਨਹੀਂ ਕਿਯ, ਸੋ ਕਾਟਤਿ ਹੈਂ ਮਾਸ ਕਰਾਲ।
ਭੱਖਨ ਕਰਤਿ ਦੇਤਿ ਬਡ ਸੰਕਟ ਪਲਟੋ ਅਪਨੋ ਦੇਤਿ ਬਿਸ਼ਾਲ॥ ੨੯॥

ਇਸ ਅਹੰਕਾਰ ਸਹਿਤ ਹੀ ਮਰ ਗਿਆ ਤੇ ਵਿਕਰਾਲ ਸੱਪ ਦੀ ਜੂਨ ਪਾਈ। ਆਪਣੇ ਸੇਵਕਾਂ ਦੀ ਗਤੀ ਨਾ ਕਰ ਸਕਿਆ, ਜਿਨ੍ਹਾਂ ਫਿਰ ਕੀੜੀਆਂ ਦਾ ਜਨਮ ਧਾਰਨ ਕੀਤਾ। ਜਿਨ੍ਹਾਂ ਪਾਸੋਂ ਧਨ ਲਿਆ ਸੀ, ਪਰ ਉਨ੍ਹਾਂ ਦਾ ਭਲਾ ਨਹੀਂ ਸੀ ਕੀਤਾ, ਉਹ ਚੇਲੇ ਫਿਰ ਕੀੜੀਆਂ ਬਣ ਕੇ ਉਸ ਦਾ ਮਾਸ ਖਾ ਰਹੇ ਸਨ। ਮਾਸ ਖਾ ਕੇ ਬਹੁਤ ਦੁੱਖ ਦਿੰਦੇ ਸਨ ਤੇ ਆਪਣਾ ਵਿਸ਼ਾਲ ਬਦਲਾ ਲੈ ਰਹੇ ਸਨ॥੨੯॥

ਮ੍ਰਿਤਕ ਹੋਤਿ ਅਬਿ ਦੁਖ ਕਰਾਲ ਤੇ, ਮੇਰੋ ਦਰਸ਼ਨ ਪਾਵਨ ਕੀਨਿ।
ਸ਼ੁਭ ਗਤਿ ਕੋ ਇਹ ਪ੍ਰਾਪਤਿ ਹੋਵਾ, ਪੂਰਬ ਜਨਮ ਭਏ ਅਘ ਹੀਨ।
ਬਿਨਾ ਗਜਾਨ ਜਗ ਗੁਰੂ ਕਹਾਵਤਿ ਸੰਕਟ ਘੋਰ ਲਹੈ ਸੁਖ ਛੀਨ।
ਕਾਚੇ ਗੁਰੂ ਕੇ ਸਿਖ ਹ੍ਵੈਂ ਜਗ ਮੈਂ ਮਾਨੁਖ ਜਨਮੁ ਬਾਦ ਤਿਨ ਚੀਨ॥ ੩੦॥

ਹੁਣ ਮਰ ਕੇ ਵਿਕਰਾਲ ਦੁਖ ਤੋਂ ਛੁਟਕਾਰਾ ਪਾ ਗਿਆ ਹੈ ਤੇ ਮੇਰੇ ਪਵਿੱਤਰ ਦਰਸ਼ਨ ਕਰਨ ਕਰਕੇ, ਇਸ ਨੇ ਸ਼ੁਭ ਗਤੀ ਪ੍ਰਾਪਤ ਕਰ ਲਈ ਹੈ। ਪਿਛਲੇ ਜਨਮ ਦੇ ਸਾਰੇ ਪਾਪ ਦੂਰ ਹੋ ਗਏ ਹਨ। ਬਿਨਾਂ ਗਿਆਨ ਤੋਂ ਜਗਤ ਵਿਚ ਗੁਰੂ ਕਹਾਉਂਦਾ ਸੀ। ਸੁਖ ਰਹਿਤ ਹੋ ਕੇ ਬਹੁਤ ਘੋਰ ਦੁਖ ਪ੍ਰਾਪਤ ਕੀਤੇ ਹਨ। ਜਿਹੜੇ ਕੱਚੇ ਗੁਰੂ ਦੇ ਸਿੱਖ ਬਣਦੇ ਹਨ, ਉਹ ਬਾਅਦ ਵਿਚ ਮਨੁੱਖਾ ਜਨਮ ਵੇਖਦੇ ਹਨ॥੩੦॥

ਸਹਿਤ ਸਿੱਖ ਕੇ ਗੁਰੂ ਗਜਾਨ ਬਿਨ, ਸੰਕਟ ਘੋਰ ਅੰਤ ਕੋ ਪਾਇ।
ਤਾਂਤੇ ਭੋ ਸੰਗਤਿ! ਸਭਿ ਸੁਨੀਅਹਿ, ਪੂਜਾ ਅੰਸ ਨ ਲਿਹੁ ਕਬਿ ਖਾਇ।
ਹੋਇ ਦੁਖ਼ਦ, ਕੋ ਬਨਹਿ ਸਹਾਇ ਨ, ਬਹੁਤ ਬਿਸੂਰਹਿ ਜਮ ਬਸਿ ਪਾਇ।
ਧਰਮ ਕਿਰਤਿ ਕਰਿ ਸੰਤਨਿ ਸੇਵਹਿ ਤਿਸ ਕੋ ਮੈਂ ਸਭਿ ਥਾਨ ਸਹਾਇ' ॥ ੩੧ ॥

ਗਿਆਨ ਬਗ਼ੈਰ ਗੁਰੂ ਆਪਣੇ ਸਿੱਖਾਂ ਸਹਿਤ ਅੰਤ ਵਿਚ ਬਹੁਤ ਦੁਖ ਪਾਉਂਦਾ ਹੈ। ਇਸ ਕਰਕੇ ਹੇ ਸਿੱਖ ਸੰਗਤ ! ਸਾਰੇ ਸੁਣੋ, ਪੂਜਾ ਦਾ ਧਨ ਲੈ ਕੇ ਕਦੀ ਨਾ ਖਾਵੋ। ਦੁਖੀ ਹੋਵੋਗੇ, ਕੋਈ ਵੀ ਸਹਾਇਕ ਨਹੀਂ ਬਣੇਗਾ, ਬਹੁਤ ਦੁਖੀ ਹੋ ਕੇ ਜਮਾਂ ਦੇ ਵੱਸ ਪੈ ਜਾਵੋਗੇ। ਜਿਹੜਾ ਧਰਮ ਦੀ ਕਿਰਤ ਕਰਕੇ ਸੰਤਾਂ ਦੀ ਸੇਵਾ ਕਰਦਾ ਹੈ, ਉਸ ਦੀ ਮੈਂ ਸਭ ਥਾਂ ਸਹਾਇਤਾ ਕਰਦਾ ਹਾਂ" ॥੩੧॥

ਦੋਹਰਾ- ਦੇ ਕਰਿ ਇਸ ਉਪਦੇਸ਼ ਕੋ ਕਾਨਨ ਤੇ ਗ੍ਰਿਹ ਆਇ।
ਸਭਿ ਬਿਸਮੇ ਹੁਇ ਕਹਤਿ ਭੇ 'ਧੰਨ ਗੁਰੂ, ਹਰਿਰਾਇ' ॥ ੩੨ ॥

ਇਹ ਉਪਦੇਸ਼ ਦੇ ਕੇ ਜੰਗਲ ਤੋਂ ਘਰ ਆ ਗਏ। ਸਾਰੇ ਸਿੱਖ ਹੈਰਾਨ ਹੋ ਕੇ ਕਹਿ ਰਹੇ ਸਨ, "ਸ੍ਰੀ ਗੁਰੂ ਹਰਿਰਾਇ ਜੀ ਧੰਨ ਹਨ" ॥੩੨॥

*ਨੌਵੀਂ ਰਾਸ ਦਾ ਚੌਥਾ ਅਧਿਆਇ ਸਮਾਪਤ ਹੋਇਆ ॥੪॥*

## *ਅਧਿਆਇ ਪੰਜਵਾਂ*

*ਭਾਈ ਗੋਂਦੇ ਦਾ ਧਿਆਨ ਮਗਨ ਚਰਨੀ ਲਿਵਲੀਨ ਹੋਣਾ*

ਦੋਹਰਾ- ਭਾਈ ਗੋਂਦਾ ਗੁਰ ਭਗਤ ਗੁਰ ਮੂਰਤਿ ਕੋ ਧਜਾਨ।
ਦਰਸਹਿ ਦਰਸ਼ਨ ਰਿਦੇ ਮਹਿਂ ਸਦਾ ਨੇਮ ਇਮ ਜਾਨਿ॥ ੧॥

ਭਾਈ ਗੋਂਦਾ ਗੁਰੂ ਜੀ ਦਾ ਭਗਤ ਹੈ ਤੇ ਗੁਰੂ ਜੀ ਦੀ ਮੂਰਤ ਵਿਚ ਉਹ ਧਿਆਨ ਲਗਾਉਂਦਾ ਹੈ, ਸਦਾ ਨੇਮ ਨਾਲ ਉਹ ਗੁਰੂ ਜੀ ਦੇ ਦਰਸ਼ਨ ਕਰਦਾ ਹੈ॥੧॥

ਚੌਪਈ- ਸ੍ਰੀ ਸਤਿਗੁਰ ਪੂਰਨ ਹਰਿਰਾਇ। ਕਿਤਿਕ ਸਮੋ ਢਿਗ ਸੇਵ ਕਮਾਇ।
ਭਏ ਪ੍ਰਸੰਨ ਏਕ ਦਿਨ ਹੇਰਾ। ਕਹਜੋ ਬਾਕ ਸ੍ਰੀ ਮੁਖ ਤਿਸ ਬੇਰਾ॥ ੨ ॥

ਪੂਰਨ ਸਤਿਗੁਰੂ ਸ੍ਰੀ ਹਰਿਰਾਇ ਜੀ ਦੇ ਪਾਸ ਰਹਿ ਕੇ ਕਾਫੀ ਸਮਾਂ ਸੇਵਾ ਕਰਦਾ ਸੀ। ਇਕ ਦਿਨ ਗੁਰੂ ਜੀ ਨੇ ਪ੍ਰਸੰਨ ਹੋਕੇ ਵੇਖਿਆ ਤੇ ਉਸ ਸਮੇਂ ਗੁਰੂ ਜੀ ਨੇ ਬਚਨ ਕੀਤਾ॥੨॥

'ਕਾਬਲ ਕੇਰ ਵਲਾਇਤ ਜੋਇ। ਤਹਿਂ ਕੀ ਸੰਗਤਿ ਸਿਖ ਸਭਿ ਕੋਇ।
ਤਹਾਂ ਰਹਹੁ ਸਭਿ ਕੀ ਸੁਧ ਲੇਹੁ। ਸਿੱਖੀ ਕੋ ਉਪਦੇਸ਼ ਕਰੇਹੁ॥ ੩ ॥

"ਵਿਦੇਸ਼ ਵਿਚ ਜਿਹੜਾ ਕਾਬਲ ਨਾਮੀ ਸ਼ਹਿਰ ਹੈ, ਉਥੇ ਦੀ ਸਾਰੀ ਸੰਗਤ ਸਿੱਖ ਹੈ। ਜਾ ਕੇ ਉਥੇ ਰਹਿ ਕੇ ਉਨ੍ਹਾਂ ਸਭ ਦੀ ਖ਼ਬਰ-ਸਾਰ ਲਵੋ ਤੇ ਉਨ੍ਹਾਂ ਨੂੰ ਸਿੱਖੀ ਦਾ ਉਪਦੇਸ਼ ਦੇਵੋ॥੩॥

ਤਹਿੰ ਕੀ ਜੋ ਗੁਰ ਕਾਰ ਅਸ਼ੇਸ਼। ਕਰਹੁ ਸਕੇਲਨਿ ਸਗਰੇ ਦੇਸ਼।
ਸੰਤ, ਅਥਿਤ, ਸਿੱਖਜਨਿ ਅਚਵਾਵਹੁ। ਗੁਰ ਕੀ ਦੇਗ ਬਿਸਾਲ ਚਲਾਵਹੁ॥੪॥

ਉਥੋਂ ਦੀ ਜਿਹੜੀ ਗੁਰੂ ਜੀ ਦੀ ਕਾਰ ਭੇਂਟ ਹੈ, ਉਹ ਸਾਰੇ ਦੇਸ਼ ਦੀ ਇਕੱਠੀ ਕਰੋ ਤੇ ਸੰਤਾਂ, ਪ੍ਰਾਹੁਣਿਆਂ ਤੇ ਸਿੱਖਾਂ ਨੂੰ ਭੋਜਨ ਛਕਾਓ ਤੇ ਗੁਰੂ ਜੀ ਦਾ ਵਿਸ਼ਾਲ ਲੰਗਰ ਚਲਾਓ॥੪॥

ਸੋ ਮੁਜਰੇ ਸਗਰੀ ਪਰ ਜਾਇ। ਅਪਰ ਦੇਗ ਜੇਤਿਕ ਸਮੁਦਾਇ।
ਸਕਲ ਹਜ਼ੂਰ ਪਠਾਵਨ ਕਰੋ। ਸਿਖ ਸੰਗਤਿ ਤੇ ਜੇਤਿਕ ਧਰੋ॥ ੫॥

ਇਹ ਸਾਰਾ ਕਾਰਜ ਸਫਲ ਹੋ ਜਾਵੇਗਾ, ਇਸ ਤੋਂ ਬਾਅਦ ਲੰਗਰ ਦਾ ਖਰਚਾ ਕਰਕੇ ਜਿਹੜਾ ਧਨ ਬਚ ਜਾਵੇ ਉਹ ਸਾਰਾ ਸਾਨੂੰ ਭੇਜ ਦੇਵੇ, ਜਿੰਨਾ ਸਿੱਖ ਸੰਗਤ ਤੋਂ ਵੀ ਪ੍ਰਾਪਤ ਕਰੋ"॥੫॥

ਸੁਨਿ ਆਗਜਾ ਕੋ ਹੁਇ ਕਰਿ ਬਿਦਾ। ਬੰਦਨ ਕਰਿ ਗਮਨਜੋ ਸੋ ਤਦਾ।
ਜਾਇ ਵਲਾਇਤ ਮੈਂ ਤਬਿ ਰਹਜੋ। ਸਭਿ ਸੰਗਤ ਤੇ ਧਨ ਕੋ ਲਹਜੋ॥ ੬॥

ਇਹ ਸੁਣ ਕੇ ਆਗਿਆ ਲੈ ਕੇ ਵਿਦਾ ਹੋ ਗਿਆ ਤੇ ਬੰਦਨਾ ਕਰਕੇ ਉਸੇ ਵੇਲੇ ਚਲੇ ਗਿਆ। ਫਿਰ ਜਾ ਕੇ ਕਾਬਲ ਵਿਚ ਰਿਹਾ ਤੇ ਸਾਰੀ ਸੰਗਤ ਪਾਸੋਂ ਧਨ ਪ੍ਰਾਪਤ ਕੀਤਾ॥੬॥

ਸਿੱਖ ਅਥਿੱਤਨਿ ਜਿਤਿਕ ਅਚਾਵਹਿ। ਸੋ ਸਗਰੀ ਗੁਰ ਮੁਜਰੇ ਪਾਵਹਿ।
ਧਰਮਸਾਲ ਕਾਬਲ ਮਹਿੰ ਕੀਨਸਿ। ਤਹਿੰ ਕੋ ਛੁਧਿਤ ਰਹਨਿ ਨਹਿੰ ਦੀਨਸਿ॥੭॥

ਸਿੱਖਾਂ ਅਤੇ ਅਤਿਥੀਆਂ ਨੂੰ ਭੋਜਨ ਛਕਾਉਂਦਾ ਸੀ ਤੇ ਬਾਕੀ ਸਭ ਗੁਰੂ ਜੀ ਦੇ ਖਾਤੇ ਵਿਚ ਪਾ ਦਿੰਦਾ ਸੀ। ਕਾਬਲ ਵਿਚ ਇਕ ਧਰਮਸ਼ਾਲਾ ਬਣਾਈ ਜਿਥੇ ਕਿਸੇ ਨੂੰ ਭੁਖਾ ਨਹੀਂ ਸੀ ਰਹਿਣ ਦਿੰਦਾ॥੭॥

ਸਤਿਗੁਰ ਪ੍ਰੇਮ ਕਰੇ ਨਿਤ ਮਾਤਾ। ਸੱਤਿਨਾਮ ਸਿਮਰਤਿ ਸੁਖਦਾਤਾ।
ਧਜਾਨ ਪਰਾਯਨ ਰਹਿ ਅਧਿਕਾਈ। ਬਹੁ ਚਿਰ ਰਾਖਹਿ ਬ੍ਰਿੱਤਿ ਟਿਕਾਈ॥੮॥

ਸਤਿਗੁਰੂ ਜੀ ਨਾਲ ਪ੍ਰੇਮ ਕਰਨ ਵਿਚ ਸਦਾ ਮਸਤ ਰਹਿੰਦਾ ਸੀ, ਸੁਖ ਦੇਣ ਵਾਲੇ ਸਤਿਨਾਮ ਦਾ ਸਿਮਰਨ ਕਰਦਾ ਸੀ। ਗੁਰੂ ਜੀ ਵਿਚ ਧਿਆਨ ਲਾ ਕੇ ਰਖਦਾ ਸੀ ਤੇ ਬਹੁਤ ਦੇਰ ਤਕ ਧਿਆਨ ਵਿਚ ਬ੍ਰਿਤੀ ਟਿਕਾ ਕੇ ਰਖਦਾ ਸੀ॥੮॥

ਪ੍ਰੇਮ ਭਗਤਿ ਤਿਸ ਕੀ ਬਡਿ ਜਾਣੀ। ਸ੍ਰੀ ਸਤਿਗੁਰ ਕੇ ਮਨ ਮਹਿੰ ਭਾਣੀ।
ਸਭਾ ਮਾਂਹਿ ਸ੍ਰੀ ਬਦਨ ਬਖਾਣੀ। 'ਗੋਂਦਾ ਸੇਵਤਿ ਪ੍ਰੀਤਿ ਮਹਾਣੀ॥ ੯॥

ਉਸ ਦੀ ਜਦ ਵੱਡੀ ਪ੍ਰੇਮ-ਭਗਤੀ ਜਾਣੀ ਤਾਂ ਸਤਿਗੁਰੂ ਜੀ ਦੇ ਮਨ ਵਿਚ ਉਸ ਦੀ ਸ਼ਰਧਾ ਭਾ ਗਈ। ਗੁਰੂ ਜੀ ਨੇ ਸਭਾ ਵਿਚ ਆਪਣੇ ਮੁਖ ਤੋਂ ਕਿਹਾ, "ਗੋਂਦਾ ਮਹਾਨ ਪ੍ਰੀਤ ਲਾ ਕੇ ਸੇਵਾ ਕਰਦਾ ਹੈ॥੯॥

ਦਿਨ ਪ੍ਰਤਿ ਧਰੈ ਧਜਾਨ ਗੁਰੁ ਮੂਰਤਿ। ਅੰਗ ਪ੍ਰਤਜੰਗ ਜਥਾ ਸੁਭ ਸੂਰਤਿ।
ਨੇਮ ਕਰਤਿ ਸੋ ਜਿਤਿਕ ਸਮੇਂ ਕੋ। ਧਰੈ ਧਜਾਨ ਗੁਰ ਚਰਨਨਿ ਮੈਂ ਕੋ'॥੧੦॥

ਉਹ ਪ੍ਰਤੀ ਦਿਨ ਗੁਰੂ ਮੂਰਤ ਵਿਚ ਧਿਆਨ ਲਾਉਂਦਾ ਹੈ, ਅੰਗ ਪ੍ਰਤੀ ਅੰਗ ਵੈਸੀ ਸੁਭ ਸੂਰਤ ਹੋ ਗਈ ਹੈ। ਜਿੰਨਾ ਸਮਾਂ ਵੀ ਨੇਮ ਕਰਦਾ ਹੈ, ਗੁਰੂ ਚਰਨਾਂ ਵਿਚ ਧਿਆਨ ਧਾਰੀ ਰਖਦਾ ਹੈ'॥੧੦॥

ਇਕ ਦਿਨ ਗੋਂਦੇ ਮੱਜਨ ਠਾਨਾ। ਪ੍ਰਥਮੈ ਸ੍ਰੀ ਜਪੁ ਪਾਠ ਬਖਾਨਾ।
ਪੁਨ ਸਤਿਗੁਰ ਕੋ ਲਾਯਹੁ ਧਜਾਨਾ। ਬਢਜੋ ਅਨੰਦ ਬ੍ਰਿਤੀ ਠਹਿਰਾਨਾ॥੧੧॥

ਇਕ ਦਿਨ ਗੋਂਦੇ ਨੇ ਇਸ਼ਨਾਨ ਕੀਤਾ। ਪਹਿਲਾਂ ਜਪੁਜੀ ਸਾਹਿਬ ਦਾ ਪਾਠ ਕੀਤਾ, ਫਿਰ ਸਤਿਗੁਰੂ ਵੱਲ ਧਿਆਨ ਲਾ ਲਿਆ ਤੇ ਬੜੇ ਅਨੰਦ ਵਿਚ ਬ੍ਰਿਤੀ ਠਹਿਰਾ ਲਈ॥੧੧॥

ਧ੍ਯਾਨ ਬਿਖੈ ਗੁਰ ਕੇ ਨਿਜ ਹਾਥ। ਪਦ ਅਰਬਿੰਦ ਗਹੇ ਰਤਿ ਸਾਥ।
ਇਸ ਅਨੰਦ ਮੈਂ ਲੈ ਹੁਇ ਗਯੋ। ਨਿਰ ਬਿਕਲਪ ਸਮਾਧਿ ਥਿਤ ਠਯੋ॥੧੨॥

ਧਿਆਨ ਵਿਚ ਹੀ ਆਪਣੇ ਹੱਥਾਂ ਨਾਲ ਬੜੇ ਪ੍ਰੇਮ ਨਾਲ ਗੁਰੂ ਜੀ ਦੇ ਚਰਨ ਕੰਵਲ ਫੜ ਲਏ। ਇਸ ਅਨੰਦ ਵਿਚ ਇਸ ਤਰ੍ਹਾਂ ਖਹਿ ਗਿਆ ਤੇ ਅਜਿਹੀ ਸਮਾਧੀ ਲੱਗ ਗਈ ਕਿ ਜਿਸ ਵਿਚ ਗਿਆਨ ਭੇਦ ਮਿਟ ਗਿਆ ਤੇ ਅਨੇਕਤਾ ਦਾ ਖਿਆਲ ਖਤਮ ਹੋ ਗਿਆ॥੧੨॥

ਨਹਿਂ ਸਰੀਰ ਕੀ ਸੁਧ ਕੁਛ ਰਹੀ। ਨਿਸ਼ਚਲਤਾ ਐਸੀ ਤਿਨ ਗਹੀ।
ਸੁਨਹਿ ਨ ਦੇਖਹਿ; ਪਰਸ ਨ ਜਾਨੈ। ਰਸਨਾ, ਘ੍ਰਾਨ ਬਿਸ਼ਯ ਨਹਿਂ ਮਾਨੈ॥੧੩॥

ਆਪਣੇ ਸਰੀਰ ਦੀ ਵੀ ਕੋਈ ਸੋਝੀ ਨਾ ਰਹੀ। ਐਸੀ ਨਿਸ਼ਚਲਤਾ ਉਸ ਨੇ ਫੜੀ ਕਿ ਨਾ ਕੁਝ ਸੁਣਦਾ ਸੀ, ਨਾ ਕੁਝ ਵੇਖਦਾ ਸੀ ਤੇ ਨਾ ਕੁਝ ਸਪਰਸ਼ ਹੀ ਜਾਣਦਾ ਸੀ। ਰਸ, ਸੁੰਘਣ ਦੀ ਸ਼ਕਤੀ ਅਤੇ ਵਿਸ਼ਿਆਂ ਨੂੰ ਕੁਝ ਨਹੀਂ ਸੀ ਮੰਨਦਾ॥੧੩॥

ਟਿਕੀ ਬ੍ਰਿਤਿ ਮਹਿਂ ਭਯੋ ਅਨੰਦ। ਕਰ ਮਹਿਂ ਗਹਿ ਗੁਰ ਪਦ ਅਰਬਿੰਦ।
ਅਚਲ ਹੋਇ ਕਰਿ ਬੈਠ੍ਯੋ ਰਹ੍ਯੋ। ਅਪਰ ਨ ਕਿਨਹੂੰ ਤਿਨ ਕੁਛ ਕਹ੍ਯੋ॥੧੪॥

ਬ੍ਰਿਤੀ ਟਿਕ ਜਾਣ ਨਾਲ ਬਹੁਤ ਅਨੰਦ ਆਇਆ, ਹੱਥ ਨਾਲ ਗੁਰੂ ਜੀ ਦੇ ਚਰਨ ਕੰਵਲ ਫੜੇ ਸਨ। ਅਚਲ ਹੋ ਕੇ ਬੈਠਾ ਰਿਹਾ, ਹੋਰ ਕਿਸੇ ਨੂੰ ਉਸ ਕੁਝ ਨਾ ਕਿਹਾ॥੧੪॥

ਗੁਰ ਦਰਸ਼ਨ ਮਹਿਂ ਗਯੋ ਸਮਾਇ। ਸਾਗਰ ਬਿਖੈ ਬੂੰਦ ਕੇ ਭਾਇ।
ਸ੍ਰੀ ਕੀਰਤਿਪੁਰਿ ਗੁਰ ਹਰਿਰਾਇ। ਸਿੰਘਾਸਨ ਪਰ ਥਿਰੇ ਸੁਹਾਇ॥੧੫॥

ਗੁਰੂ ਜੀ ਦੇ ਦਰਸ਼ਨਾਂ ਵਿਚ ਸਮਾ ਗਿਆ ਜਿਵੇਂ ਸਾਗਰ ਦੇ ਨਾਲ ਬੂੰਦ ਮਿਲ ਜਾਂਦੀ ਹੈ। ਸ੍ਰੀ ਗੁਰੂ ਹਰਿਰਾਇ ਜੀ ਕੀਰਤਪੁਰ ਵਿਖੇ ਆਪਣੇ ਸਿੰਘਾਸਣ 'ਤੇ ਬੈਠੇ ਸੋਭ ਰਹੇ ਸਨ॥੧੫॥

ਦੋਨੋਂ ਚਰਨ ਇਕੱਤ੍ਰਹਿ ਕਰੇ। ਬੈਠਿ ਰਹੇ ਨਹਿਂ ਹਲਿਬੋ ਧਰੇ।
ਭਈ ਭੋਰ ਤੇ ਨਿਸ਼ਚਲ ਭਏ। ਜਬਿ ਦੁਇ ਜਾਮ ਬੀਤ ਦਿਨ ਗਏ॥੧੬॥

ਦੋਵੇਂ ਚਰਨ ਉਨ੍ਹਾਂ ਇਕੱਠੇ ਕੀਤੇ ਹੋਏ ਸਨ, ਬੈਠੇ ਰਹੇ ਤੇ ਹਿਲਦੇ ਨਹੀਂ ਸਨ। ਸਵੇਰ ਤੋਂ ਹੀ ਨਿਸ਼ਚਲ ਬੈਠੇ ਹੋਏ ਸਨ। ਜਦ ਦਿਨ ਦੋ ਪਹਿਰ ਬੀਤ ਗਿਆ॥੧੬॥

ਗੁਹਜ ਬਾਤ ਨਹਿਂ ਕਿਨਹੂੰ ਜਾਨੀ। ਥਿਰੇ ਸਮੀਪ ਮੋਨਤਾ ਠਾਨੀ।
ਤ੍ਯਾਰ ਅਹਾਰ ਅਨੇਕ ਪ੍ਰਕਾਰੇ। ਆਨਿ ਰਸੋਈਆ ਖਰੋ ਅਗਾਰੇ॥੧੭॥

ਤਾਂ ਗੁਪਤ ਗੱਲ ਕਿਸੇ ਨੇ ਨਾ ਜਾਣੀ, ਚੁੱਪ ਧਾਰ ਕੇ ਪਾਸ ਬੈਠੇ ਰਹੇ। ਅਨੇਕ ਪ੍ਰਕਾਰ ਦੇ ਭੋਜਨ ਤਿਆਰ ਹੋਏ ਤੇ ਰਸੋਈਆ ਆ ਕੇ ਗੁਰੂ ਜੀ ਦੇ ਅੱਗੇ ਖੜਾ ਹੋ ਗਿਆ॥੧੭॥

ਹਾਥ ਜੋਰਿ ਅਰਦਾਸ ਬਖਾਨੀ। ਗੁਰ ਮਹਾਂਰਾਜ ਨ ਬੋਲੇ ਬਾਨੀ।
ਪਿਖਿ ਸੁਭਾਇ ਕੋ ਬਿਸਮੈ ਹੋਏ। ਸਤਿਗੁਰ ਕਿਸ ਕੀ ਦਿਸ਼ਿ ਨਹਿਂ ਜੋਏ॥੧੮॥

ਹੱਥ ਜੋੜ ਕੇ ਉਸ ਬੇਨਤੀ ਕੀਤੀ, ਪਰ ਗੁਰੂ ਮਹਾਰਾਜ ਕੁਝ ਵੀ ਨਾ ਬੋਲੇ। ਉਹ ਗੁਰੂ ਜੀ ਦੇ ਅਜਿਹੇ ਸੁਭਾਅ ਨੂੰ ਵੇਖਕੇ ਬਹੁਤ ਹੈਰਾਨ ਹੋਇਆ। ਸਤਿਗੁਰੂ ਜੀ ਕਿਸੇ ਪਾਸੇ ਵੀ ਨਹੀਂ ਵੇਖ ਰਹੇ ਹਨ॥੧੮॥

ਲੀਲ੍ਹਾ ਮਹਾਂ ਪ੍ਰੇਮ ਕੀ ਸ੍ਵਾਮੀ। ਕੌਨ ਲਖੈ ਬਿਨ ਅੰਤਰਜਾਮੀ।
ਦੁਇ ਘਟਿਕਾ ਬਿਤ ਗਏ ਪਿਛਾਰੀ। ਪੁਨ ਸੇਵਕ ਅਰਦਾਸ ਉਚਾਰੀ॥ ੧੯॥

ਸਵਾਮੀ ਦੇ ਪ੍ਰੇਮ ਦੀ ਮਹਾਨ ਲੀਲ੍ਹਾ ਹੈ, ਅੰਤਰਜਾਮੀ ਤੋਂ ਬਗੈਰ ਕੌਣ ਸਮਝ ਸਕਦਾ ਹੈ। ਦੋ ਘੜੀਆਂ ਬਾਅਦ ਵਿਚ ਹੋਰ ਬੀਤ ਗਈਆਂ, ਫਿਰ ਸੇਵਕ ਨੇ ਬੇਨਤੀ ਉਚਾਰਨ ਕੀਤੀ॥੧੯॥

ਸਤਿਗੁਰ ਨਹੀਂ ਕਹ੍ਯੋ ਕਛੁ ਫੇਰੇ। ਬੈਠਿ ਰਹੇ ਸਭਿ ਬਿਸਮ ਬਡੇਰੇ।
ਚਤੁਰ ਘਟੀ ਬੀਤੇ ਪੁਨ ਦਾਸ। ਹਾਥ ਜੋਰਿ ਕੀਨਿਸਿ ਅਰਦਾਸ॥ ੨੦॥

ਸਤਿਗੁਰ ਜੀ ਨੇ ਫਿਰ ਵੀ ਕੁਝ ਨਾ ਕਿਹਾ, ਬੈਠੇ ਰਹੇ। ਸਭ ਵੇਖ ਕੇ ਬਹੁਤ ਹੈਰਾਨ ਹੋਏ। ਚਾਰ ਘੜੀਆਂ ਜਦ ਹੋਰ ਬੀਤ ਗਈਆਂ, ਫਿਰ ਸੇਵਕ ਨੇ ਹੱਥ ਜੋੜ ਕੇ ਬੇਨਤੀ ਕੀਤੀ॥੨੦॥

'ਸਿੱਧ ਅੰਨ ਸਭਿ ਸੀਤਲ ਭਯੋ। ਰਾਵਰਿ ਬਿਨ ਕਿਨਹੂੰ ਨਹਿੰ ਖਯੋ।
ਹੁਕਮ ਆਪ ਕੋ ਹੋਇ ਸੁ ਕਰੈਂ। ਬਰਤਹਿ ਦੇਗ ਕਿਧੋਂ ਇਮ ਧਰੈਂ॥ ੨੧॥

"ਤਿਆਰ ਕੀਤਾ ਹੋਇਆ ਭੋਜਨ ਸਭ ਠੰਡਾ ਹੋ ਗਿਆ ਹੈ, ਆਪ ਜੀ ਦੇ ਬਗੈਰ ਕਿਸੇ ਵੀ ਨਹੀਂ ਖਾਧਾ ਹੈ। ਜੋ ਵੀ ਆਪ ਜੀ ਦਾ ਹੁਕਮ ਹੋਵੇ ਸੋ ਕਰੀਏ। ਲੰਗਰ ਵਰਤਾਈਏ ਜਾਂ ਇਸ ਤਰ੍ਹਾਂ ਹੀ ਪਿਆ ਰਹਿਣ ਦੇਈਏ"॥੨੧॥

ਸੁਨਿ ਗੁਰ ਤੂਸ਼ਨਿ ਕਰਿ ਤਿਸ ਕਾਲਾ। ਰਹੇ ਸਿੰਘਾਸਨ ਅਚਲ ਕ੍ਰਿਪਾਲਾ।
ਦੋਇ ਘਟੀ ਦਿਨ ਰਹ੍ਯੋ ਸੁ ਜਾਇ। ਕਹ੍ਯੋ ਬਹੁਰ ਸੇਵਕ ਸਮੁਦਾਇ॥ ੨੨॥

ਗੁਰੂ ਜੀ ਸੁਣ ਕੇ ਉਸ ਸਮੇਂ ਚੁਪ ਬੈਠੇ ਰਹੇ। ਕਿਰਪਾਲੂ ਗੁਰੂ ਜੀ ਸਿੰਘਾਸਣ 'ਤੇ ਅਚਲ ਬੈਠੇ ਸਨ। ਜਦ ਦੋ ਘੜੀਆਂ ਦਿਨ ਰਹਿ ਗਿਆ ਤਾਂ ਸੇਵਕਾਂ ਨੇ ਇਕੱਠੇ ਹੋ ਕੇ ਫਿਰ ਕਿਹਾ॥੨੨॥

'ਗੁਰੂ ਗਰੀਬ ਨਿਵਾਜ ਕ੍ਰਿਪਾਲਾ! ਲੀਲ੍ਹਾ ਤੁਮਰੀ ਅਧਿਕ ਬਿਸਾਲਾ।
ਹਮ ਅਲਪੱਗ ਜੀਵ ਕਜਾ ਜਾਨੈਂ। ਬਿਨਾ ਆਪ ਕੇ ਕਰੇ ਬਖਾਨੈ॥ ੨੩॥

"ਹੇ ਗਰੀਬ ਨਿਵਾਜ ਕ੍ਰਿਪਾਲੂ ਗੁਰੂ ਜੀ! ਤੁਹਾਡੀ ਲੀਲ੍ਹਾ ਬਹੁਤ ਵਿਸ਼ਾਲ ਹੈ। ਅਸੀਂ ਥੋੜ੍ਹੀ ਮੱਤ ਵਾਲੇ ਜੀਵ ਕੀ ਜਾਣਦੇ ਹਾਂ, ਜਿਹੜੇ ਆਪ ਜੀ ਬਗੈਰ ਕੁਝ ਕਹਿ ਸਕੀਏ॥੨੩॥

ਸਰਬ ਦਯੋਸ ਬੈਠ੍ਯੋ ਸੁ ਬਿਤਾਯੋ। ਰਾਵਰ ਨੇ ਪਗ ਨਹੀਂ ਹਿਲਾਯੋ।
ਦੇਗ ਬਿਖੈ ਭੋਜਨ ਸਭਿ ਤਜਾਰ। ਧਰ੍ਯੋ ਰਹ੍ਯੋ ਸੋ ਤਿਸੀ ਪ੍ਰਕਾਰ॥ ੨੪॥

ਸਾਰਾ ਦਿਨ ਬੈਠਿਆਂ ਬਤੀਤ ਕੀਤਾ ਹੈ, ਆਪ ਜੀ ਨੇ ਆਪਣੇ ਚਰਨਾਂ ਨੂੰ ਨਹੀਂ ਹਿਲਾਇਆ ਹੈ। ਲੰਗਰ ਵਿਚ ਸਭ ਭੋਜਨ ਤਿਆਰ ਹੈ, ਉਹ ਉਸ ਪ੍ਰਕਾਰ ਹੀ ਧਰਿਆ ਪਿਆ ਹੈ॥੨੪॥

ਸਿੱਖਜਨਿ ਕੇਰ ਸੰਦੇਹ ਮਹਾਨਾ। ਕਜਾ ਕਾਰਨ ਭਾ ਕਰਹੁ ਬਖਾਨਾ।
ਦਾਸਨਿ ਕੀ ਸੁਨਿ ਕੈ ਅਰਦਾਸ। ਬਿਕਸਤਿ ਮੁਖਿ ਤੇ ਕੀਨਿ ਪ੍ਰਕਾਸ਼॥ ੨੫॥

ਸਿੱਖਾਂ ਨੂੰ ਮਹਾਨ ਸੰਦੇਹ ਹੈ, ਕੀ ਕਾਰਨ ਹੈ ਕਿ ਕੁਝ ਬੋਲਦੇ ਨਹੀਂ ਹੋ।" ਸੇਵਕਾਂ ਦੀ ਅਰਦਾਸ ਸੁਣ ਕੇ ਮੁਸਕਰਾ ਕੇ ਬਚਨ ਕੀਤੇ॥੨੫॥

'ਕਾਬਲ ਮਹਿਂ ਗੋਂਦਾ ਸਿਖ ਰਹੇ! ਧਰੇ ਧਜਾਨ ਦੋਨੋ ਪਦ ਗਹੇ।
ਕਿਸ ਬਿਧਿ ਤਿਸ ਤੇ ਚਰਨ ਛੁਟਾਵੋਂ। ਬਿਨਾ ਛੁਟੇ ਕਿਮ ਲੰਗਰ ਜਾਵੋਂ॥ ੨੬॥

ਕਾਬਲ ਵਿਚ ਗੋਂਦਾ ਨਾਮੀ ਸਿੱਖ ਰਹਿੰਦਾ ਹੈ, ਉਸ ਦੋਹਾਂ ਚਰਨਾਂ ਨੂੰ ਫੜ ਕੇ ਧਿਆਨ ਲਾਇਆ ਹੋਇਆ ਹੈ। ਕਿਸ ਵਿਧੀ ਨਾਲ ਉਸ ਪਾਸੋਂ ਚਰਨ ਛੁਡਾਵਾਂ, ਤੇ ਚਰਨਾਂ ਨੂੰ ਛੁਡਾਉਣ ਤੋਂ ਬਗੈਰ ਲੰਗਰ ਵਿਚ ਕਿਵੇਂ ਜਾਵਾਂਗਾ ? ॥੨੬॥

ਰਹਜੋ ਉਡੀਕਤਿ ਛੋਰਹਿ ਮੋਹੀ। ਦਿਢ ਗਹਿ ਰਾਖਜੋ ਤਜਾਗ ਨ ਹੇਹੀ।
ਜਬਿ ਸੰਧਜਾ ਹੋਈ ਦਿਨ ਗਯੋ। ਤਬਿ ਗੋਂਦਾ ਜਾਗਤਿ ਤਹਿਂ ਭਯੋ॥ ੨੭॥

ਮੈਂ ਇਹ ਉਡੀਕਦਾ ਰਿਹਾ ਹਾਂ ਕਿ ਮੇਰੇ ਚਰਨਾਂ ਨੂੰ ਛੱਡੇ, ਉਸ ਨੇ ਪੱਕੀ ਤਰ੍ਹਾਂ ਫੜੇ ਹਨ, ਛੱਡਦਾ ਨਹੀਂ ਹੈ।'' ਜਦ ਸ਼ਾਮ ਹੋ ਗਈ ਤੇ ਸਾਰਾ ਦਿਨ ਚਲਾ ਗਿਆ, ਤਦ ਗੋਂਦਾ ਉਥੇ ਜਾਗ ਪਿਆ॥੨੭॥

ਛੂਟੀ ਸਮਾਧਿ ਦੇਹਿ ਸੁਧ ਹੋਈ। ਤਜੇ ਚਰਨ ਗੁਰ ਕੇ ਤਬਿ ਦੋਈ।
ਉਠਿ ਕਰਿ ਗਮਨੇ ਸ੍ਰੀ ਹਰਿਰਾਇ। ਸਦਾ ਪ੍ਰੇਮ ਬਸਿ ਜਿਨਹੁਂ ਸੁਭਾਇ॥੨੮॥

ਸਮਾਧੀ ਖੁਲ੍ਹ ਗਈ, ਸਰੀਰ ਨੂੰ ਸੋਝੀ ਆ ਗਈ। ਗੁਰੂ ਜੀ ਦੇ ਫਿਰ ਦੋਵੇਂ ਚਰਨ ਕੰਵਲ ਛੱਡ ਦਿੱਤੇ। ਗੁਰੂ ਹਰਿਰਾਇ ਜੀ ਉੱਠ ਕੇ ਫਿਰ ਚਲ ਪਏ, ਜਿਨ੍ਹਾਂ ਦਾ ਸਦਾ ਹੀ ਪ੍ਰੇਮ ਦੇ ਵੱਸ ਵਿਚ ਰਹਿਣ ਦਾ ਸੁਭਾਅ ਹੈ॥੨੮॥

ਸਿਖ ਬਿਸਮਾਦ ਰਹੇ ਸੁਨਿ ਦੇਖਿ। ਜਾਨਜੋ ਸਿਖ ਕੋ ਪ੍ਰੇਮ ਵਿਸ਼ੇਖ।
ਕ੍ਰਿਪਾਸਿੰਧੁ ਲੰਗਰ ਮਹਿਂ ਆਏ। ਭੋਜਨ ਅਨਿਕ ਪ੍ਰਕਾਰ ਬ੍ਰਤਾਏ॥ ੨੯॥

ਸੁਣ ਕੇ ਅਤੇ ਵੇਖ ਕੇ ਸਿੱਖ ਬਹੁਤ ਹੈਰਾਨ ਹੋਏ। ਉਨ੍ਹਾਂ ਸਿੱਖ ਦਾ ਵਿਸ਼ੇਸ਼ ਪ੍ਰੇਮ ਜਾਣਿਆ। ਕਿਰਪਾ ਦੇ ਸਾਗਰ ਭਾਵ ਗੁਰੂ ਜੀ ਫਿਰ ਲੰਗਰ ਵਿਚ ਆਏ ਤੇ ਅਨੇਕ ਪ੍ਰਕਾਰ ਦੇ ਭੋਜਨ ਵਰਤਾਏ ਗਏ॥੨੯॥

ਸੰਗਤਿ, ਸੇਵਕ, ਸਿੱਖਜਨਿ, ਸੂਰਨਿ। ਕਰਜੋ ਅਹਾਰ ਛੁਧਿਤ ਸੰਪੂਰਨ।
ਸੁਨਿ ਸਤਿਗੁਰ ਤੇ ਸਰਬ ਬ੍ਰਿਤਾਂਤ। ਸਭਿ ਸੰਗਤਿ ਜਾਨਜੋ ਬੱਖਜਾਤ॥ ੩੦॥

ਸੰਗਤ, ਸੇਵਕਾਂ, ਸਿੱਖਾਂ ਅਤੇ ਸੂਰਮਿਆਂ ਨੇ ਭੋਜਨ ਛੱਕ ਕੇ ਭੁੱਖ ਦੂਰ ਕੀਤੀ। ਸਤਿਗੁਰੂ ਜੀ ਪਾਸੋਂ ਪੂਰਨ ਬ੍ਰਿਤਾਂਤ ਸੁਣ ਕੇ ਸਾਰੀ ਸੰਗਤ ਨੇ ਪ੍ਰਗਟ ਰੂਪ ਵਿਚ ਜਾਣਿਆ॥੩੦॥

ਨਿਰਨੈ ਕਰੈਂ ਜਿ ਗੋਂਦਾ ਆਵੈ। ਮਿਲਿ ਬੂਝੈਂ ਸੋ ਸਕਲ ਬਤਾਵੈ।
ਕੇਤਿਕ ਦਜੋਸ ਬਹੁਰ ਬਿਤਿ ਗਏ। ਗੋਂਦਾ ਬਡ ਸੰਗਤਿ ਸੰਗ ਲਏ॥ ੩੧॥

ਸਾਰੇ ਸੋਚਦੇ ਸਨ ਜੇ ਗੋਂਦਾ ਆਵੇ ਤਾਂ ਇਸ ਦਾ ਨਿਰਣਾ ਕਰੀਏ। ਉਸ ਨੂੰ ਮਿਲ ਕੇ ਪੁੱਛੀਏ ਤੇ ਉਹ ਸਾਰਾ ਹਾਲ ਦਸੇ। ਕਈ ਦਿਨ ਹੋਰ ਬੀਤ ਗਏ ਤਾਂ ਗੋਂਦਾ ਵੱਡੀ ਸੰਗਤ ਲੈ ਕੇ ਆਇਆ॥੩੧॥

ਜਿਤੇ ਵਿਲਾਇਤ ਕੇ ਸਿਖ ਬ੍ਰਿੰਦ। ਲੇ ਕਰਿ ਅਪਨੇ ਸੰਗ ਬਿਲੰਦ।
ਚਲਿ ਕਾਬਲ ਤੇ ਦਰਸ਼ਨ ਕਾਰਨ। ਆਵਤਿ ਕਰਤੇ ਸ਼ਬਦ ਉਚਾਰਨ॥ ੩੨॥

ਜਿੰਨੇ ਵਿਦੇਸ਼ ਦੇ ਸਿੱਖ ਸਮੂਹ ਸਨ, ਉਨ੍ਹਾਂ ਸਭ ਨੂੰ ਆਪਣੇ ਨਾਲ ਲੈ ਕੇ ਕਾਬਲ ਤੋਂ ਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਚੱਲ ਪਏ ਤਾਂ ਰਾਹ ਵਿਚ ਸ਼ਬਦ ਪੜ੍ਹਦੇ ਆਉਂਦੇ ਸਨ॥੩੨॥

ਪ੍ਰੇਮ ਭਰੇ ਬਹੁ ਆਇ ਪਹੂਚੇ। ਸਤਿਗੁਰ ਪ੍ਰੇਮ ਜਿਨਹੁਂ ਮਨ ਰੂਚੇ।
ਕੀਰਤਿਪੁਰਿ ਮਹਿਂ ਆਨਿ ਪ੍ਰਵੇਸ਼ੇ। ਸੰਗਤਿ ਬ੍ਰਿੰਦ ਅਕੋਰ ਵਿਸ਼ੇਸ਼ੇ॥ ੩੩॥

ਬਹੁਤ ਪ੍ਰੇਮ ਦੇ ਭਰੇ ਹੋਏ ਆ ਪਹੁੰਚੇ, ਜਿਨ੍ਹਾਂ ਦੇ ਮਨ ਵਿਚ ਸਤਿਗੁਰੂ ਵਾਸਤੇ ਅਥਾਹ ਪਿਆਰ ਸੀ। ਕੀਰਤਪੁਰ ਵਿਚ ਆ ਪ੍ਰਵੇਸ਼ ਕੀਤਾ। ਵੱਡੀ ਗਿਣਤੀ ਵਿਚ ਸੰਗਤ ਸੀ, ਜਿਹੜੀ ਵਿਸ਼ੇਸ਼ ਉਪਹਾਰ ਲੈ ਕੇ ਆਈ ਸੀ॥੩੩॥

ਸ੍ਰੀ ਸਤਿਗੁਰ ਥਿਤ ਸਭਾ ਮਝਾਰੇ। ਦਰਸ਼ਨ ਕਰਜੋ ਆਨਿ ਸਿਖ ਸਾਰੇ।
ਢੁਰਤਿ ਚਮਰ ਦੁਇ ਦਿਸ਼ਿ ਬਹੁ ਸੇਤ। ਉਡਹਿ ਮਰਾਲ ਤਥਾ ਛਬਿ ਦੇਤਿ॥੩੪॥

ਸਤਿਗੁਰੂ ਜੀ ਉਸ ਸਮੇਂ ਸਭਾ ਦੇ ਵਿਚ ਬੈਠੇ ਸਨ। ਸਾਰੇ ਸਿੱਖਾਂ ਨੇ ਆ ਕੇ ਦਰਸ਼ਨ ਕੀਤੇ। ਸਫ਼ੈਦ ਚੌਰ ਦੋਵੇਂ ਪਾਸੇ ਫਿਰ ਰਿਹਾ ਸੀ, ਮਾਨੋਂ ਹੰਸ ਉਡਾਰੀਆਂ ਮਾਰ ਰਿਹਾ ਸੀ, ਐਸਾ ਸ਼ੋਭਨੀਕ ਲੱਗ ਰਿਹਾ ਸੀ॥੩੪॥

ਗਾਇਂ ਰਬਾਬੀ ਰਾਗ ਅਨੇਕ। ਸੁੰਦਰ ਸ਼ਬਦ ਬਿਸਾਲ ਬਿਬੇਕ।
ਜੋਧਾ ਬ੍ਰਿੰਦ ਸਭਾ ਸਭਿ ਭਰੀ। ਛਰੀਦਾਰ ਕੰਚਨ ਕੀ ਜਰੀ॥ ੩੫॥

ਰਬਾਬੀ ਅਨੇਕ ਪ੍ਰਕਾਰ ਦੇ ਰਾਗ ਗਾ ਰਹੇ ਸਨ। ਸੁੰਦਰ ਸ਼ਬਦ ਵਿਸ਼ਾਲ ਗਿਆਨ ਭਰਪੂਰ ਸਨ। ਬਹੁਤ ਜੋਧੇ ਬੈਠੇ ਸਨ ਤੇ ਸਭਾ ਭਰੀ ਪਈ ਸੀ। ਚੋਬਦਾਰ ਸੋਨੇ ਦੀ ਮੁੱਠੀ ਵਾਲੀ ਸੋਟੀ ਲੈ ਕੇ ਖੜਾ ਸੀ॥੩੫॥

ਕਰਤਿ ਮੇਵਰੇ ਸਿਖ ਅਰਦਾਸ। ਪੁਰਹਿਂ ਕਾਮਨਾ ਸਤਿਗੁਰ ਪਾਸ।
ਕਾਬਲ ਕੀ ਸੰਗਤਿ ਤਿਸ ਕਾਲ। ਦਰਸਤਿ ਭੇ ਧਰਿ ਭੇਟ ਬਿਸਾਲ॥ ੩੬॥

ਅਰਦਾਸੀਏ ਸਿੱਖ ਅਰਦਾਸ ਕਰ ਰਹੇ ਸਨ। ਸੇਵਕ ਸਤਿਗੁਰੂ ਜੀ ਪਾਸ ਆ ਕੇ ਕਾਮਨਾਵਾਂ ਪੂਰੀਆਂ ਕਰ ਰਹੇ ਸਨ। ਕਾਬਲ ਦੀ ਸੰਗਤ ਉਸ ਸਮੇਂ ਵਿਸ਼ਾਲ ਭੇਟਾਵਾਂ ਧਰ ਕੇ ਦਰਸ਼ਨ ਕਰ ਰਹੀ ਸੀ॥੩੬॥

ਗੋਂਦਾ ਮੁੱਖਜ ਜਿਨਹੁਂ ਕੇ ਮਾਂਹਿ। ਆਇ ਮਿਲੇ ਬੈਠੇ ਪੁਨ ਪਾਹਿ।
ਖੁਸ਼ੀ ਕ੍ਰਿਪਾਲ ਸਰਬ ਪਰ ਕਰੀ। ਰਿਦੇ ਕਾਮਨਾ ਜਸ ਜਸ ਪੁਰੀ॥ ੩੭॥

ਗੋਂਦਾ ਉਨ੍ਹਾਂ ਵਿਚ ਸਭ ਦਾ ਮੁਖੀ ਸੀ। ਉਹ ਆ ਕੇ ਗੁਰੂ ਜੀ ਨੂੰ ਮਿਲਿਆ ਅਤੇ ਪਾਸ ਬੈਠ ਗਿਆ। ਕ੍ਰਿਪਾਲੂ ਗੁਰੂ ਜੀ ਨੇ ਸਭ ਉੱਤੇ ਆਪਣੀ ਖੁਸ਼ੀ ਕੀਤੀ ਤੇ ਸਾਰਿਆਂ ਦੇ ਹਿਰਦਿਆਂ ਦੀਆਂ ਕਾਮਨਾਵਾਂ ਪੂਰੀਆਂ ਕੀਤੀਆਂ॥੩੭॥

ਤਬਿ ਸਿੱਖਜਨ ਸੋ ਬਾਤ ਚਲਾਈ। 'ਕਿਮ ਸਮਾਧਿ ਗੋਂਦੇ ਸੁ ਲਗਾਈ?'
ਸੁਨਿ ਕਾਬਲ ਕੇ ਸਿੱਖਜ ਅਲਾਵੈਂ। ਜੋ ਤਿਸ ਕੇ ਨਿਤ ਪਾਸ ਰਹਾਵੈਂ॥ ੩੮॥

ਤਦ ਸਿੱਖਾਂ ਨੇ ਉਹ ਗੱਲ ਚਲਾਈ, "ਕਿਵੇਂ ਗੋਂਦੇ ਸਮਾਧੀ ਲਾਈ ਸੀ।" ਇਹ ਸੁਣ ਕੇ ਕਾਬਲ ਦੇ ਉਨ੍ਹਾਂ ਸਿੱਖਾਂ ਨੇ ਜਿਹੜੇ ਸਦਾ ਗੋਂਦੇ ਦੇ ਪਾਸ ਰਹਿੰਦੇ ਸਨ, ਕਿਹਾ॥੩੮॥

'ਇਕ ਦਿਨ ਬੈਠਜੋ ਕਰਿ ਇਸ਼ਨਾਨ। ਮੁੰਦਿ ਬਿਲੋਚਨ ਲਾਯਹੁ ਧਜਾਨ।
ਸਭਿ ਦਿਨ ਬੀਤ ਗਯੋ ਥਿਤ ਬੈਸਾ। ਨਹਿਂ ਸੁਧਿ ਤਨ ਕੀ ਲਘੁ, ਗਿਰ ਜੈਸਾ॥੩੯॥

"ਇਕ ਦਿਨ ਗੋਂਦਾ ਇਸ਼ਨਾਨ ਕਰਕੇ ਬੈਠ ਗਿਆ, ਅੱਖਾਂ ਬੰਦ ਕਰਕੇ ਧਿਆਨ ਲਾ ਲਿਆ। ਬੈਠੇ-ਬੈਠੇ ਸਾਰਾ ਦਿਨ ਬੀਤ ਗਿਆ, ਸਰੀਰ ਦੀ ਕੁਝ ਵੀ ਸੋਝੀ ਨਾ ਰਹੀ ਤੇ ਇਸ ਤਰ੍ਹਾਂ ਅਚੱਲ ਬੈਠਾ ਰਿਹਾ ਜਿਵੇਂ ਪਰਬਤ ਹੋਵੇ॥੩੯॥

ਨਹੀਂ ਕਹਜੋ ਕਿਸ ਨੇ ਇਹ ਭਾਂਤੀ। ਬਿਨ ਅਹਾਰ ਇੰਦ੍ਰੈ ਮਨ ਸ਼ਾਂਤੀ।
ਸੂਰਜ ਅਸਤ ਭਯੋ ਤਿਸ ਕਾਲ। ਤਬਿ ਹੋਯੋ ਤਨ ਸੁਧ ਕੇ ਨਾਲ॥ ੪੦॥

ਕਿਸੇ ਨੂੰ ਵੀ ਕਿਸੇ ਪ੍ਰਕਾਰ ਕੁਝ ਨਾ ਕਿਹਾ। ਭੋਜਨ ਦੇ ਬਗੈਰ ਬੈਠਾ ਰਿਹਾ ਤੇ ਇੰਦਰੀਆਂ ਤੇ ਮਨ ਸ਼ਾਂਤ ਰਿਹਾ। ਜਿਸ ਸਮੇਂ ਸੂਰਜ ਡੁੱਬ ਗਿਆ, ਤਦ ਇਸ ਨੂੰ ਆਪਣੇ ਸਰੀਰ ਦੀ ਸੋਝੀ ਆਈ॥੪੦॥

ਇਮ ਹੋਈ ਇਕ ਦਿਨ ਧ੍ਰਮਸਾਲ। ਚਾਰਹੁ ਜਾਮ ਸਮਾਧਿ ਬਿਸਾਲ।
ਤੁਮ ਕਿਮ ਬੂਝਤਿ ਦੇਹੁ ਸੁਨਾਈ?। ਕਿਸ ਪ੍ਰਕਾਰ ਸੁਧ ਇਹ ਠਾਂ ਆਈ'॥੪੧॥

ਇਸ ਤਰ੍ਹਾਂ ਇਕ ਦਿਨ ਧਰਮਸਾਲਾ ਦੇ ਵਿਚ ਹੋਇਆ। ਚਾਰ ਪਹਿਰ ਵੱਡੀ ਸਮਾਧੀ ਲੱਗੀ। ਤੁਸੀਂ ਕਿਵੇਂ ਪੁੱਛਦੇ ਹੋ, ਸਾਨੂੰ ਦੱਸੋ? ਇਸ ਥਾਂ ਇਹ ਖਬਰ ਕਿਵੇਂ ਪਹੁੰਚ ਗਈ ਹੈ?"॥੪੧॥

ਸੁਨਿ ਕੈ ਤਿਨ ਸਭਿ ਕਹ੍ਯੋ ਬ੍ਰਿਤਾਂਤ। ਜਿਮ ਸਤਿਗੁਰ ਕੀਨਸਿ ਬੱਖ੍ਯਾਤ।
'ਚਾਰ ਜਾਮ ਬੈਠੇ ਹੀ ਰਹੇ। ਕਹਿਤ ਭਏ 'ਹਮਰੇ ਪਦ ਗਹੇ॥ ੪੨॥

ਇਹ ਸੁਣ ਕੇ ਉਨਾਂ ਨੇ ਸਾਰਾ ਬ੍ਰਿਤਾਂਤ ਸੁਣਾਇਆ ਜਿਵੇਂ ਸਤਿਗੁਰੂ ਜੀ ਨੇ ਪ੍ਰਗਟ ਕੀਤਾ ਸੀ, "ਗੁਰੂ ਜੀ ਚਾਰ ਪਹਿਰ ਬੈਠੇ ਹੀ ਰਹੇ, ਕਹਿੰਦੇ ਸਨ, ਗੋਂਦੇ ਨੇ ਸਾਡੇ ਚਰਨ ਫੜੇ ਹਨ॥੪੨॥

ਕਿਮ ਲੰਗਰ ਮਹਿਂ ਕਰਹਿਂ ਪਯਾਨਾ। ਥਿਰੇ ਸਿੰਘਾਸਨ ਕ੍ਰਿਪਾ ਨਿਧਾਨਾ।
ਸੁਨਿ ਦੁਹਿਦਿਸ਼ਿ ਕੇ ਸਭਿ ਬਿਰਤਾਂਤ। ਬਿਸਮੈ ਹੋਏ ਲਖਿ ਸਿੱਧਾਂਤ॥ ੪੩॥

ਲੰਗਰ ਵਿਚ ਕਿਵੇਂ ਚਲ ਕੇ ਜਾਈਏ, ਕਿਰਪਾ ਨਿਧਾਨ ਗੁਰੂ ਜੀ ਸਿੰਘਾਸਣ 'ਤੇ ਹੀ ਬੈਠੇ ਰਹੇ।" ਦੋਵਾਂ ਪਾਸਿਆਂ ਦਾ ਸਾਰਾ ਬ੍ਰਿਤਾਂਤ ਸੁਣ ਕੇ ਤੇ ਅਸਲ ਗੱਲ ਨੂੰ ਸਮਝ ਕੇ ਸਾਰੇ ਬਹੁਤ ਹੈਰਾਨ ਹੋਏ॥੪੩॥

'ਸਤਿਗੁਰ ਮਹਿਮਾ ਮਹਾਂ ਮਹਾਨੇ। ਕਯਾ ਅਲਪੱਗਯ ਜੀਵ ਹਮ ਜਾਨੇਂ।
ਭਾਈ ਗੋਂਦੇ ਕੀ ਬਡਿਆਈ। ਭਈ ਅਧਿਕ ਸ੍ਰੀ ਮੁਖ ਤੇ ਗਾਈ॥ ੪੪॥

"ਸਤਿਗੁਰੂ ਜੀ ਦੀ ਮਹਿਮਾ ਬਹੁਤ ਮਹਾਨ ਹੈ, ਅਸੀਂ ਥੋੜ੍ਹੀ ਮੱਤ ਵਾਲੇ ਜੀਵ ਕੀ ਜਾਣ ਸਕਦੇ ਹਾਂ।" ਭਾਈ ਗੋਂਦੇ ਦੀ ਬਹੁਤ ਵਡਿਆਈ ਗੁਰੂ ਜੀ ਨੇ ਆਪਣੇ ਮੁਖ ਤੋਂ ਕਹੀ॥੪੪॥

ਪ੍ਰੇਮ ਅਧੀਨ ਪ੍ਰਮੇਸੁਰ ਜਾਨਾ। ਨਿਤ ਪ੍ਰੇਮੀ ਕੇ ਬਸੀ ਮਹਾਨਾ।
ਅਸ ਪ੍ਰਭੁ ਕੋ ਜੋ ਮਨਹੁ ਬਿਸਾਰੇ। ਮਾਨੁਖ ਜਨਮ ਜਗਤ ਸੇ ਹਾਰੇ॥ ੪੫॥

ਉਨ੍ਹਾਂ ਨੇ ਪ੍ਰਮੇਸ਼ਰ ਨੂੰ ਪ੍ਰੇਮ ਅਧੀਨ ਜਾਣਿਆ, ਨਿਤ ਪ੍ਰਭੂ ਪ੍ਰੇਮ ਦੇ ਵੱਸ ਵਿਚ ਰਹਿੰਦਾ ਹੈ। ਐਸੇ ਪ੍ਰਭੂ ਨੂੰ ਜਿਹੜਾ ਮਨ ਤੋਂ ਵਿਸਾਰੇ, ਉਹ ਮਨੁੱਖ ਜਗਤ ਤੋਂ ਮਨੁੱਖਾ ਜਨਮ ਹਾਰ ਜਾਂਦਾ ਹੈ॥੪੫॥

*ਨੌਵੀਂ ਰਾਸ ਦਾ ਪੰਜਵਾਂ ਅਧਿਆਇ ਸਮਾਪਤ ਹੋਇਆ॥੫॥*

## ਅਧਿਆਇ ਛੇਵਾਂ

### ਸਿੱਖਾਂ ਨੂੰ ਉਪਦੇਸ਼

ਦੋਹਰਾ- ਸ੍ਰੀ ਸਤਿਗੁਰ ਹਰਿਰਾਇ ਜੀ ਸਿੱਖਨਿ ਦੇਂ ਉਪਦੇਸ਼।
'ਗੁਰ ਨਮਿੱਤ ਲੰਗਰ ਕਰਹੁ ਹੁਇ ਕੱਲ੍ਯਾਨ ਵਿਸ਼ੇਸ਼'॥ ੧॥

ਸ੍ਰੀ ਸਤਿਗੁਰੂ ਹਰਿਰਾਇ ਜੀ ਸਿੱਖਾਂ ਨੂੰ ਉਪਦੇਸ਼ ਦਿੰਦੇ ਸਨ ਤੇ ਫੁਰਮਾਉਂਦੇ ਸਨ, "ਗੁਰੂ ਵਾਸਤੇ ਲੰਗਰ ਲਗਾਵੋ, ਤੁਹਾਡਾ ਵਿਸ਼ੇਸ਼ ਕਲਿਆਣ ਹੋਵੇਗਾ"॥੧॥

ਚੌਪਈ- ਇਮ ਸਤਿਗੁਰ ਤੇ ਸੁਨਿ ਸਿਖ ਜਾਵੈਂ। ਨਿਜ ਨਿਜ ਗ੍ਰਿਹ ਲੰਗਰ ਵਰਤਾਵੈਂ।
ਭੂਖਾ ਰਹਨਿ ਨ ਕੋਈ ਪਾਇ। ਸਤਿ ਸੰਗਤਿ ਕੋ ਦੇਂ ਤ੍ਰਿਪਤਾਇ॥ ੨॥

ਇਸ ਤਰ੍ਹਾਂ ਸਤਿਗੁਰੂ ਜੀ ਪਾਸੋਂ ਸੁਣ ਕੇ ਸਿੱਖ ਜਾਂਦੇ ਸਨ, ਤੇ ਆਪਣੇ-ਆਪਣੇ ਘਰ ਵਿਚ ਜਾ ਕੇ ਲੰਗਰ ਵਰਤਾਉਂਦੇ ਸਨ। ਭੁੱਖਾ ਕੋਈ ਵੀ ਨਹੀਂ ਸੀ ਰਹਿੰਦਾ। ਸਤਿਸੰਗਤ ਨੂੰ ਲੰਗਰ ਛਕਾ ਤ੍ਰਿਪਤ ਕਰਦੇ ਸਨ॥੨॥

ਪੁਰਿ ਗ੍ਰਾਮਨਿ ਮਹਿ ਗੁਰ ਸਿਖ ਜਹਾਂ। ਛੁਧਿਤ ਸੁ ਭੋਜਨ ਪ੍ਰਾਪਤਿ ਤਹਾਂ।
ਨਿਰਧਨ, ਰੰਕ, ਅਨਾਥ ਮਹਾਨੇ। ਅੰਗ ਭੰਗ ਹੁਇ, ਮਿਲੈ ਨ ਖਾਨੇ॥ ੩॥

ਸ਼ਹਿਰਾਂ ਪਿੰਡਾਂ ਵਿਚ ਜਿਥੇ ਜਿਥੇ ਗੁਰਸਿੱਖ ਰਹਿੰਦੇ ਸਨ, ਭੁੱਖੇ ਨੂੰ ਉਥੇ ਭੋਜਨ ਪ੍ਰਾਪਤ ਹੁੰਦਾ ਸੀ। ਜਿਹੜੇ ਨਿਰਧਨ, ਗ਼ਰੀਬ ਅਤੇ ਮਹਾਨ ਅਨਾਥ ਸਨ ਜਾਂ ਜਿਨ੍ਹਾਂ ਦੇ ਅੰਗ ਟੁੱਟੇ ਭੱਜੇ ਸਨ, ਉਨ੍ਹਾਂ ਸਭ ਨੂੰ ਭੋਜਨ ਮਿਲਦਾ ਸੀ॥੩॥

ਸੋ ਸਗਰੇ ਪੁਰਿ ਗ੍ਰਾਮ ਮਝਾਰਾ। ਗੁਰ ਸਿੱਖਨਿ ਕੇ ਕਰਹਿਂ ਅਹਾਰਾ।
ਜਿਨ ਕੇ ਬਹੁ ਧਨ ਗ੍ਰਿਹ ਮੈਂ ਨਾਂਹੀ। ਸੋ ਮਿਲਿ ਕਰਿ ਕੈ ਆਪਸਿ ਮਾਂਹੀ॥ ੪॥

ਇਸ ਲਈ ਸਾਰੇ ਪਿੰਡਾਂ ਅਤੇ ਨਗਰਾਂ ਵਿਚ, ਗੁਰਸਿੱਖਾਂ ਦੇ ਘਰ ਭੋਜਨ ਛਕਦੇ ਸਨ। ਜਿਨ੍ਹਾਂ ਦੇ ਘਰ ਵਿਚ ਬਹੁਤਾ ਧਨ ਨਹੀਂ ਸੀ ਉਹ ਆਪਸ ਵਿਚ ਰਲ ਜਾਂਦੇ ਸਨ॥੪॥

ਇਕ ਥਲ ਦੇਗ ਗੁਰੂ ਹਿਤ ਕਰੈਂ। ਛੁਧਿਤ ਹੋਤਿ ਸੋ ਉਦਰ ਸੁ ਭਰੈਂ।
ਗੁਰਸਿਖ ਗੁਰ ਸਿੱਖਜਨਿ ਪੈ ਜਾਇ। ਤਿਹ ਸਨਮਾਨਹਿਂ ਕਰਿ ਬਹੁ ਭਾਇ॥੫॥

ਇਕੱਠੇ ਹੋ ਕੇ ਇਕ ਥਾਂ ਗੁਰੂ ਜੀ ਵਾਸਤੇ ਲੰਗਰ ਲਗਾ ਦਿੰਦੇ ਸਨ। ਜਿਹੜੇ ਭੁੱਖੇ ਹੁੰਦੇ ਸਨ, ਉਹ ਢਿੱਡ ਭਰਦੇ ਸਨ। ਗੁਰਸਿੱਖ, ਗੁਰਸਿੱਖਾਂ ਪਾਸ ਜਾ ਕੇ ਬਹੁਤ ਪ੍ਰੇਮ ਕਰਕੇ ਉਨ੍ਹਾਂ ਦਾ ਸਨਮਾਨ ਕਰਦੇ ਸਨ॥੫॥

ਦੇ ਭੋਜਨ ਕੋ ਤਿਹ ਤ੍ਰਿਪਤਾਵੈਂ। ਭੂਖਾ ਸਿਖ ਕੋ ਰਹਨਿ ਨ ਪਾਵੈ।
ਪ੍ਰੀਤਿ ਧਾਰਿ ਗੁਰ ਸਿੱਖਜਨਿ ਸੇਵੈਂ। ਸਾਦਰ ਸਤਿਸੰਗਤਿ ਮਿਲਿ ਜੇਵੈਂ॥ ੬॥

ਉਨ੍ਹਾਂ ਨੂੰ ਭੋਜਨ ਦੇ ਕੇ ਤ੍ਰਿਪਤ ਕਰਦੇ ਸਨ, ਕੋਈ ਵੀ ਭੁੱਖਾ ਨਹੀਂ ਸੀ ਰਹਿ ਜਾਂਦਾ। ਪ੍ਰੀਤ ਧਾਰ ਕੇ ਗੁਰਸਿੱਖਾਂ ਦੀ ਸੇਵਾ ਕਰਦੇ ਸਨ, ਬੜੇ ਅਦਬ ਨਾਲ ਸਿੱਖ ਸੰਗਤ ਵਿਚ ਮਿਲਦੇ ਸਨ॥੬॥

ਇਹ ਸਭਿ ਦਿਸ਼ਿ ਤੇ ਸਤਿਗੁਰ ਪਾਸ। ਆਨਿ ਆਨਿ ਠਾਨਹਿਂ ਅਰਦਾਸ।
'ਅਮੁਕੇ ਪੁਰਿ ਮੈਂ ਅਮੁਕੇ ਗ੍ਰਾਮੂ। ਚਲਹਿ ਦੇਗ ਅਮੁਕੇ ਸਿਖ ਧਾਮੂ'॥ ੭॥

ਇਹ ਸਾਰੇ ਗੁਰਸਿੱਖ ਸਭ ਪਾਸਿਆਂ ਤੋਂ ਚੱਲ ਕੇ ਗੁਰੂ ਜੀ ਪਾਸ ਆਉਂਦੇ ਸਨ ਤੇ ਆ ਆ ਕੇ ਬੇਨਤੀ ਕਰਦੇ ਸਨ, "ਫਲਾਣੇ ਨਗਰ ਵਿਚ ਫਲਾਣੇ ਪਿੰਡ ਵਿਚ ਫਲਾਣੇ ਸਿੱਖ ਦੇ ਘਰ ਲੰਗਰ ਚਲਦਾ ਹੈ"॥੭॥

ਸੁਨਿ ਸੁਨਿ ਸਤਿਗੁਰ ਹੋਇਂ ਪ੍ਰਸੰਨ। ਨਿਜ ਸਿੱਖਜਨਿ ਕੋ ਭਾਖਹਿਂ 'ਧੰਨ'।
ਦੇਗ ਗੁਰੂ ਕੀ ਬਹੁਤ ਸਥਾਨ। ਪੁਰਿ ਪੁਰਿ ਮਹਿਂ ਮਹਿਮਾ ਮਹੀਆਨ॥ ੮॥

ਸਤਿਗੁਰੂ ਜੀ ਸੁਣ ਸੁਣ ਕੇ ਪ੍ਰਸੰਨ ਹੁੰਦੇ ਸਨ ਤੇ ਆਪਣੇ ਸਿੱਖਾਂ ਨੂੰ 'ਧੰਨ' ਕਹਿੰਦੇ ਸਨ। ਗੁਰੂ ਜੀ ਦਾ ਲੰਗਰ ਬਹੁਤ ਸਥਾਨਾਂ ਤੇ ਚਲਦਾ ਹੈ, ਨਗਰ-ਨਗਰ ਵਿਚ ਮਹਾਨ ਮਹਿਮਾ ਹੋ ਰਹੀ ਸੀ॥੮॥

ਸੁਜਸੁ ਹੋਇ ਸ੍ਰੀ ਸਤਿਗੁਰ ਕੇਰਾ। ਊਚ ਨੀਚ ਬਹੁ ਦੇਸ਼ ਘਨੇਰਾ।
ਜੋ ਦਰਸ਼ਨ ਗੁਰ ਕੇ ਚਲਿ ਆਵੈ। ਹੁਇ ਕ੍ਰਿਪਾਲ ਉਪਦੇਸ਼ ਦ੍ਰਿੜਾਵੈਂ॥ ੯॥

ਸ੍ਰੀ ਸਤਿਗੁਰੂ ਜੀ ਦਾ ਸ੍ਰੇਸ਼ਟ ਜੱਸ ਹੋ ਰਿਹਾ ਸੀ, ਦੇਸ਼ ਦੇ ਅਮੀਰ ਗ਼ਰੀਬ ਸਭ ਬਹੁਤ ਉਪਮਾ ਕਰਦੇ ਸਨ। ਜਿਹੜਾ ਗੁਰੂ ਜੀ ਦੇ ਦਰਸ਼ਨਾਂ ਨੂੰ ਚਲ ਕੇ ਆਉਂਦਾ ਸੀ, ਗੁਰੂ ਕ੍ਰਿਪਾਲੂ ਹੋ ਕੇ ਉਪਦੇਸ਼ ਦ੍ਰਿੜ੍ਹ ਕਰਵਾਉਂਦੇ ਸਨ॥੯॥

'ਮਮ ਸਿਖ ਹੋਇ ਜੁ, ਸੇਵਾ ਕਰੇ। ਨੀਵੇਂ ਮਨ ਭਗਤੀ ਕੋ ਧਰੇ।
ਪਰਉਪਕਾਰ ਸਦਾ ਉਰ ਧਾਰੇ। ਕਿਸਹੂੰ ਕੀ ਨਹਿਂ ਨਿੰਦ ਉਚਾਰੇ॥ ੧੦॥

'ਜਿਹੜਾ ਮੇਰਾ ਸਿੱਖ ਹੋਵੇ, ਉਹ ਸੇਵਾ ਕਰੇ ਤੇ ਨੀਵਾਂ ਮਨ ਕਰਕੇ ਭਗਤੀ ਧਾਰਨ ਕਰੇ। ਸਦਾ ਹੀ ਹਿਰਦੇ ਵਿਚ ਪਰਉਪਕਾਰ ਨੂੰ ਧਾਰਨ ਕਰੇ ਤੇ ਕਿਸੇ ਦੀ ਵੀ ਨਿੰਦਿਆ ਨਾ ਕਰੇ॥੧੦॥

ਸੱਤਿਨਾਮ ਕੋ ਨਹੀਂ ਬਿਸਾਰੇ। ਉਠਤਿ ਬੈਠਤਿ ਰਿਦੇ ਸੰਭਾਰੇ।
ਕਿਰਤ ਧਰਮ ਕੀ ਸਦਾ ਕਮਾਵੈ। ਸੇਵੈ ਸਿੱਖਨਿ ਕੋ ਤ੍ਰਿਪਤਾਵੈ॥ ੧੧॥

ਸਤਿਨਾਮ ਨੂੰ ਕਦੇ ਵੀ ਵਿਸਾਰੇ ਨਹੀਂ। ਉਠਦਾ, ਬੈਠਦਾ ਹਿਰਦੇ ਵਿਚ ਸੰਭਾਲ ਕੇ ਰੱਖੇ। ਸਦਾ ਧਰਮ ਦੀ ਕਿਰਤ ਕਮਾਵੇ ਤੇ ਸਿੱਖਾਂ ਦੀ ਸੇਵਾ ਕਰਕੇ ਉਨ੍ਹਾਂ ਨੂੰ ਤ੍ਰਿਪਤ ਕਰੇ'॥੧੧॥

ਏਕ ਬੇਰ ਬੈਸਾਖੀ ਮੇਲੇ। ਦੇਸ਼ ਦੇਸ਼ ਕੇ ਸਿੱਖ ਸਕੇਲੇ।
ਗੁਰਸਿੱਖਨਿ ਚਿਤ ਚਾਉ ਬਿਸਾਲੇ। ਚਲਿ ਆਏ ਮਿਲ ਕਰਿ ਹਿਤ ਨਾਲੇ॥੧੨॥

ਇਕ ਵਾਰ ਵੈਸਾਖੀ ਦੇ ਮੇਲੇ 'ਤੇ ਦੇਸਾਂ ਵਿਦੇਸ਼ਾਂ ਵਿਚੋਂ ਸਿੱਖ ਇਕੱਠੇ ਹੋਏ। ਗੁਰਸਿੱਖਾਂ ਦੇ ਚਿੱਤ ਵਿਚ ਬੜਾ ਚਾਅ ਭਰਿਆ ਸੀ, ਉਹ ਬੜੇ ਪਿਆਰ ਨਾਲ ਚੱਲ ਕੇ ਆਏ॥੧੨॥

ਜਥਾਜੋਗ ਉਪਹਾਰਨਿ ਲੀਨੇ। ਆਇ ਸਭਿਨਿ ਗੁਰ ਦਰਸ਼ਨ ਕੀਨੇ।
ਹੇਰਿ ਹੇਰਿ ਉਰ ਭਯੋ ਅਨੰਦ। ਗਨ ਚਕੋਰ ਜਿਮ ਪੂਰਨ ਚੰਦ॥ ੧੩॥

ਯਥਾ ਯੋਗ ਉਨ੍ਹਾਂ ਨੇ ਉਪਹਾਰ ਲਏ, ਆ ਕੇ ਸਾਰਿਆਂ ਨੇ ਗੁਰੂ ਜੀ ਦੇ ਦਰਸ਼ਨ ਕੀਤੇ। ਦਰਸ਼ਨ ਕਰ ਕਰ ਕੇ ਬੜੇ ਅਨੰਦਿਤ ਹੋਏ, ਜਿਵੇਂ ਚਕੋਰਾਂ ਪੂਰਨਮਾਸ਼ੀ ਦੇ ਚੰਦ ਨੂੰ ਵੇਖ ਕੇ ਪ੍ਰਸੰਨ ਹੁੰਦੀਆਂ ਹਨ॥੧੩॥

ਸਤਿਗੁਰ ਸੂਰਜ ਨਦਰੀ ਆਏ। ਲੋਚਨ ਕਮਲ ਸਭਿਨਿ ਬਿਕਸਾਏ।
ਜਿਮ ਚਾਤ੍ਰਿਕ ਹੁਇ ਅਧਿਕ ਤ੍ਰਿਖਾਏ। ਬੂੰਦ ਗੁਰੂ ਦਰਸ਼ਨ ਤ੍ਰਿਪਤਾਏ॥੧੪॥

ਸਤਿਗੁਰੂ ਜੀ ਸੂਰਜ ਵਾਂਗ ਨਜ਼ਰੀਂ ਆਏ। ਉਨ੍ਹਾਂ ਨੂੰ ਵੇਖ ਕੇ ਸਾਰਿਆਂ ਦੇ ਕੰਵਲ ਨੈਣ ਖਿੜ ਗਏ। ਜਿਵੇਂ ਚਾਤ੍ਰਿਕਾਂ ਨੂੰ ਬਹੁਤ ਪਿਆਸ ਲੱਗੀ ਹੋਈ ਸੀ। ਗੁਰੂ ਜੀ ਦੇ ਦਰਸ਼ਨਾਂ ਦੀ ਸਵਾਂਤ ਬੂੰਦ ਪਾ ਕੇ ਉਹ ਤ੍ਰਿਪਤ ਹੋ ਗਏ॥੧੪॥

ਜਿਸ ਪ੍ਰਕਾਰ ਮ੍ਰਿਗ ਤ੍ਰਿਸ਼ਨਾ ਧਾਏ। ਸੁਧਾ ਸਮੁੰਦ੍ਰ ਮਿਲਜੋ ਹਰਖਾਏ।
ਮਨਹੁ ਭੌਰ ਗਨ ਭ੍ਰਮਤਿ ਬਿਲੰਦ। ਭਏ ਸਥਿਰ ਪਿਖਿ ਪਗ ਅਰਬਿੰਦ॥੧੫॥

ਜਿਸ ਪ੍ਰਕਾਰ ਹਿਰਨ ਰੇਤ ਦੇ ਢੇਰਾਂ ਨੂੰ ਪਾਣੀ ਸਮਝ ਕੇ ਪੀਣ ਵਾਸਤੇ ਦੌੜਦਾ ਆਇਆ ਹੋਵੇ ਤੇ ਅੱਗੋਂ ਅੰਮ੍ਰਿਤ ਦਾ ਸਾਗਰ ਮਿਲਣ ਕਾਰਨ ਪ੍ਰਸੰਨ ਹੋ ਗਿਆ ਹੋਵੇ। ਮਾਨੋਂ ਭੌਰਾ ਕਾਫ਼ੀ ਸਮੇਂ ਤੋਂ ਭਟਕਦਾ ਫਿਰਦਾ ਹੋਵੇ ਤੇ ਚਰਨ ਕੰਵਲਾਂ ਨੂੰ ਵੇਖਕੇ ਠਹਿਰ ਗਿਆ ਹੋਵੇ॥੧੫॥

ਦਰਸ਼ਨ ਕਰਿ, ਦੈ ਕਰਿ ਉਪਹਾਰ। ਹਾਥ ਜੋਰਿ ਪਗ ਬੰਦਨ ਧਾਰਿ।
ਬੈਠੇ ਸ੍ਰੀ ਸਤਿਗੁਰ ਪਰਵਾਰਜੋ। ਜਥਾ ਚੰਦ੍ਰਮਾ ਉਡ ਦਿਸ਼ਿ ਚਾਰਜੋ॥ ੧੬॥

ਦਰਸ਼ਨ ਕਰਕੇ, ਉਪਹਾਰ ਭੇਟ ਕਰਕੇ, ਹੱਥ ਜੋੜ ਕੇ ਚਰਨ ਕੰਵਲਾਂ 'ਤੇ ਬੰਦਨਾ ਕਰਦੇ ਸਨ। ਸਤਿਗੁਰੂ ਜੀ ਸਭ ਸਿੱਖਾਂ ਦੇ ਪਰਿਵਾਰ ਵਿਚ ਘਿਰੇ ਹੋਏ ਇੰਝ ਬੈਠੇ ਸਨ, ਮਾਨੋਂ ਚਾਰੇ ਪਾਸਿਆਂ ਤੋਂ ਤਾਰਿਆਂ ਨਾਲ ਘੇਰਿਆ ਹੋਇਆ ਚੰਦ੍ਰਮਾਂ ਸ਼ੋਭ ਰਿਹਾ ਹੋਵੇ॥੧੬॥

ਬਹੁ ਸਿੱਖਨਿ ਤਬਿ ਬਾਤ ਚਲਾਈ। 'ਅਮਕੇ ਸਿੱਖਨਿ ਦੇਗ ਬਨਾਈ।
ਬਹੁ ਸੰਗਤਿ ਕੀ ਸੇਵਾ ਕਰਿਹੀ। ਦੇਤਿ ਅਹਾਰ ਭਾਉ ਕੋ ਧਰਿਹੀ॥ ੧੭॥

ਬਹੁਤ ਸਿੱਖਾਂ ਨੇ ਫਿਰ ਗੱਲ ਚਲਾਈ, ''ਫਲਾਣੇ ਸਿੱਖ ਨੇ ਲੰਗਰ ਲਾਇਆ ਹੈ। ਬਹੁਤ ਸਿੱਖਾਂ ਦੀ ਸੇਵਾ ਕਰ ਰਿਹਾ ਹੈ ਅਤੇ ਬੜਾ ਪ੍ਰੇਮ ਧਾਰਨ ਕਰਕੇ ਭੋਜਨ ਦੇ ਰਿਹਾ ਹੈ॥੧੭॥

ਪੁਰਿ ਗ੍ਰਾਮਨਿ ਸਤਿਗੁਰ ਜਸੁ ਭਯੋ। ਨਿਤ ਲੰਗਰ ਕੋ ਸਿੱਖਜਨਿ ਦਯੋ।
ਰਾਵਰ ਕੋ ਉਪਦੇਸ਼ ਕਮਾਵੈਂ। ਗੁਰ ਕੇ ਪ੍ਰੇਮ ਅਹਾਰ ਅਚਾਵੈਂ ॥ ੧੮॥

ਪਿੰਡਾਂ ਸ਼ਹਿਰਾਂ ਵਿਚ ਸਤਿਗੁਰੂ ਜੀ ਦਾ ਬਹੁਤ ਜੱਸ ਹੋਇਆ ਹੈ, ਨਿੱਤ ਸਿੱਖਾਂ ਨੂੰ ਲੰਗਰ ਛਕਾਉਂਦਾ ਹੈ। ਆਪ ਜੀ ਦੇ ਉਪਦੇਸ਼ ਨੂੰ ਕਮਾਉਂਦਾ ਹੈ, ਗੁਰੂ ਜੀ ਦੇ ਪ੍ਰੇਮ ਵਿਚ ਭੋਜਨ ਖਵਾਉਂਦਾ ਹੈ॥੧੮॥

ਸ੍ਰੀ ਹਰਿਰਾਇ ਬਾਕ ਜਬਿ ਸੁਨਯੋ। ਸਭਾ ਮਝਾਰ ਸਭਿਨਿ ਸੋਂ ਭਨਯੋ।
'ਸਿੱਖ ਕੌਨ ਸੋ ਹਮੈ ਬਤਾਵਹੁ। ਦੇਗ ਦੇਤਿ, ਤਿਨ ਕੋ ਦਿਖਰਾਵਹੁ॥ ੧੯॥

ਸ੍ਰੀ ਹਰਿਰਾਇ ਜੀ ਨੇ ਜਦ ਇਹ ਬਚਨ ਸੁਣੇ ਤਾਂ ਸਭਾ ਦੇ ਵਿਚ ਸਭ ਨੂੰ ਕਿਹਾ, "ਉਹ ਸਿੱਖ ਕੌਣ ਹਨ, ਉਸ ਬਾਰੇ ਸਾਨੂੰ ਦੱਸੋ, ਜਿਹੜੇ ਲੰਗਰ ਲਾਉਂਦੇ ਹਨ, ਉਨ੍ਹਾਂ ਸਿੱਖਾਂ ਨੂੰ ਸਾਨੂੰ ਵਿਖਾਓ॥੧੯॥

ਸੇਵ ਭਗਤਿ ਕੀ ਜੁਗਤਿ ਬਿਸਾਲਾ। ਹਮ ਬੂਝਹਿਂ ਤਿਨ ਕੋ ਇਸ ਕਾਲਾ'।
ਤਬਹਿ ਸਿੱਖ ਉਠਿ ਕਰਿ ਦੁਇ ਫਿਰੇ। ਜਹਿਂ ਜਹਿਂ ਬੈਠੇ ਦੇਖਨਿ ਕਰੇ॥੨੦॥

ਸੇਵਾ ਭਗਤੀ ਦੀ ਸ੍ਰੇਸ਼ਟ ਜੁਗਤੀ ਹੈ, ਅਸੀਂ ਇਸ ਸਮੇਂ ਉਨ੍ਹਾਂ ਬਾਰੇ ਪੁੱਛਣਾ ਚਾਹੁੰਦੇ ਹਾਂ।" ਤਦ ਦੋਵੇਂ ਸਿੱਖ ਉਠ ਕੇ ਸਾਰੇ ਸਿੱਖਾਂ ਵਿਚ ਫਿਰੇ, ਜਿਥੇ ਜਿਥੇ ਉਹ ਸਿੱਖ ਬੈਠੇ ਸੀ, ਵੇਖੇ॥੨੦॥

ਕਰਿ ਇਕੱਤ੍ਰ ਗੁਰ ਢਿਗ ਲੇ ਆਏ। ਖਰੇ ਸਮੁਖ ਨਿਜ ਸੀਸ ਨਿਵਾਏ।
ਸ੍ਰੀ ਹਰਿਰਾਇ ਹੇਰਿ ਤਿਨ ਓਰੇ। ਖਰੇ ਅਗਾਰੀ ਜੁਗ ਕਰ ਜੋਰੇ॥ ੨੧॥

ਉਨ੍ਹਾਂ ਨੂੰ ਇਕੱਠੇ ਕਰਕੇ ਗੁਰੂ ਜੀ ਪਾਸ ਲੈ ਆਏ, ਉਹ ਸਿਰ ਨਿਵਾ ਕੇ ਗੁਰੂ ਜੀ ਦੇ ਸਾਹਮਣੇ ਖੜੇ ਹੋ ਗਏ। ਸ੍ਰੀ ਗੁਰੂ ਹਰਿਰਾਇ ਜੀ ਨੇ ਉਨ੍ਹਾਂ ਵੱਲ ਵੇਖਿਆ, ਉਹ ਦੋਵੇਂ ਹੱਥ ਜੋੜ ਕੇ ਅੱਗੇ ਖੜੇ ਸਨ॥੨੧॥

ਬੂਝਨਿ ਕਰੇ 'ਕੌਨ ਬਿਧਿ ਸੇਵਾ? ਤੁਮ ਨੇ ਕੀਨਸਿ ਹਿਤ ਗੁਰਦੇਵਾ?'
ਤਬਿ ਸਿੱਖਜਨਿ ਸਭਿ ਭੇਦ ਸੁਨਾਯੋ। 'ਦਯਾ ਧਾਰ ਜੋ ਸਿਖ ਚਲਿ ਆਯੋ॥੨੨॥

ਉਨ੍ਹਾਂ ਨੂੰ ਪੁਛਿਆ, "ਤੁਸੀਂ ਕਿਸ ਵਿਧੀ ਅਨੁਸਾਰ ਸੇਵਾ ਕੀਤੀ ਹੈ, ਤੁਸੀਂ ਗੁਰੂ ਜੀ ਦੇ ਹਿਤ ਨੂੰ ਪਾਲਿਆ ਹੈ?" ਤਦ ਉਨ੍ਹਾਂ ਸਿੱਖਾਂ ਨੇ ਭੇਦ ਸੁਣਾਇਆ, "ਦਇਆ ਧਾਰ ਕੇ ਜੋ ਸਿੱਖ ਚਲ ਕੇ ਸਾਡੇ ਪਾਸ ਆਉਂਦਾ ਹੈ॥੨੨॥

ਤਿਸ ਕੋ ਭੋਜਨ ਦੇ ਤ੍ਰਿਪਤਾਇਵ। ਸਭਿਨਿ ਪਿਛਾਰੀ ਤੇ ਹਮ ਖਾਇਵ।
ਜਿਤਿਕ ਅਤਿੱਥਿ ਕ੍ਰਿਪਾ ਕਰਿ ਆਵੈਂ। ਲੰਗਰ ਤੇ ਅਹਾਰ ਸਭਿ ਖਾਵੈਂ' ॥੨੩॥

ਉਸ ਸਿੱਖ ਨੂੰ ਭੋਜਨ ਦੇ ਕੇ ਅਸੀਂ ਤ੍ਰਿਪਤ ਕਰਦੇ ਹਾਂ, ਸਭ ਤੋਂ ਬਾਅਦ ਵਿਚ ਅਸੀਂ ਭੋਜਨ ਖਾਂਦੇ ਹਾਂ। ਜਿੰਨੇ ਵੀ ਅਤਿਥੀ ਕਿਰਪਾ ਕਰਕੇ ਆਉਂਦੇ ਹਨ, ਉਹ ਸਾਰੇ ਲੰਗਰ ਤੋਂ ਭੋਜਨ ਛੱਕਦੇ ਹਨ" ॥੨੩॥

ਨਿਜ ਸੇਵਾ ਕਰਤੇ ਜਿਮ ਰਹੇ। ਅਪਨੇ ਕਰਮ ਸਮੂਹਨਿ ਕਹੇ।
ਸੁਨਤਿ ਖਿਮਾਂ ਕਰਿ ਰਹੇ ਗੁਸਾਈਂ। ਨਹਿਂ ਸ੍ਰੀ ਮੁਖ ਤੇ ਕਛੂ ਅਲਾਈ॥ ੨੪॥

ਜਿਵੇਂ ਜਿਵੇਂ ਉਹ ਸੇਵਾ ਕਰਦੇ ਰਹੇ, ਆਪਣੇ ਸਾਰੇ ਕਰਮ ਉਨ੍ਹਾਂ ਨੇ ਕਹਿ ਕੇ ਸੁਣਾਏ। ਇਹ ਸੁਣ ਕੇ ਮਾਲਕ ਗੁਰੂ ਜੀ ਖਿਮਾ ਧਾਰ ਕੇ ਚੁੱਪ ਰਹੇ ਤੇ ਆਪਣੇ ਮੁੱਖ ਤੋਂ ਕੁਝ ਵੀ ਨਾ ਕਿਹਾ॥੨੪॥

ਤਬਿ ਸੰਗਤਿ ਸਭਿ ਕੀਨਸਿ ਬਿਨਤੀ। 'ਰਹੀ ਪ੍ਰਭੂ ਜੀ ਹਮ ਉਰ ਗਿਨਤੀ।
ਜਥਾ ਆਪ ਕੀ ਆਗਜਾ ਹੋਇ। ਤਥਾ ਕਰੈਂ ਸੁਨਿ ਕੈ ਸਭਿ ਕੋਇ' ॥ ੨੫॥

ਤਦ ਸਾਰੀ ਸੰਗਤ ਨੇ ਬੇਨਤੀ ਕੀਤੀ, "ਹੇ ਪ੍ਰਭੂ ਜੀ! ਸਾਡੇ ਹਿਰਦੇ ਵਿਚ ਕੁਝ ਸੰਦੇਹ ਰਹਿ ਗਿਆ ਹੈ। ਜਿਵੇਂ ਆਪ ਜੀ ਦੀ ਆਗਿਆ ਹੋਵੇ ਸਾਰੇ ਆਪ ਜੀ ਪਾਸੋਂ ਸੁਣ ਕੇ ਉਸੇ ਤਰ੍ਹਾਂ ਕਰੀਏ" ॥੨੫॥

ਤਬਿ ਸ੍ਰੀ ਮੁਖ ਤੇ ਸਤਿਗੁਰ ਬੋਲੇ। ਜਗਤ ਭਗਤਿ ਕੀ ਰੀਤਿ ਅਮੋਲੇ।
'ਸੁਨਹੁ ਸਿੱਖਜ ! ਤੁਮ ਅਤਿ ਪ੍ਰਿਯ ਮੋਰੇ। ਕਰਨਿ ਪ੍ਰੇਮ ਕੀ ਨਿਤ ਉਰ ਲੋਰੇ ॥੨੬॥

ਤਦ ਸ੍ਰੀ ਸਤਿਗੁਰੂ ਜੀ ਸੁਣ ਕੇ ਮੁੱਖ ਤੋਂ ਬੋਲੇ, ਜਿਵੇਂ ਜਗਤ ਵਿਚ ਭਗਤੀ ਦੀ ਅਮੋਲਕ ਰੀਤ ਹੈ, "ਹੇ ਸਿੱਖੋ ! ਸਿਖਿਆ ਸੁਣੋ, ਤੁਸੀਂ ਮੇਰੇ ਬਹੁਤ ਪਿਆਰੇ ਹੋ, ਪ੍ਰੇਮ ਕਰਨਾ ਨਿਤ ਚਿੱਤ ਵਿਚ ਚਾਹੁੰਦੇ ਹੋ॥੨੬॥

ਯਾਂਤੇ ਸੁਭ ਉਪਦੇਸ਼ ਬਤਾਵੋਂ। ਜਮ ਸੰਕਟਿ ਤੇ ਤੁਮਹਿ ਛੁਟਾਵੋਂ।
ਨਿਸ ਦਿਨ ਚਿਤਵਨ ਚਿਤਵਤਿ ਚਿਤ ਮੈਂ। ਮਮ ਸਿਖ ਪ੍ਰਾਪਤਿ ਹੁਇ ਸੁਭ ਗਤਿ ਮੈਂ॥੨੭॥

ਇਸ ਕਰਕੇ ਤੁਹਾਨੂੰ ਸੁਭ ਉਪਦੇਸ ਦੱਸਦੇ ਹਾਂ, ਤੇ ਜਮ ਦੇ ਸੰਕਟ ਤੋਂ ਤੁਹਾਨੂੰ ਛੁਡਾਉਂਦੇ ਹਾਂ। ਦਿਨ ਰਾਤ ਚਿੱਤ ਵਿਚ ਸੋਚਦੇ ਰਹਿੰਦੇ ਹਾਂ ਕਿ ਮੇਰੇ ਸਿੱਖਾਂ ਨੂੰ ਚੰਗੀ ਸੁਭ ਗਤੀ ਪ੍ਰਾਪਤ ਹੋਵੇ॥੨੭॥

ਸਮੇਂ ਚੁਕੇ ਤੇ ਜੋ ਸਿਖ ਆਇਵ। ਤਿਹ ਭੀ ਕਿਨਹੁੰ ਅਹਾਰ ਖੁਲਾਇਵ ?
ਇਸ ਕੋ ਫਲ ਉੱਤਮ ਇਹ ਜਾਨੋ। ਅੰਨ ਦਾਨ ਸਮ ਦਾਨ ਨ ਮਾਨੋ' ॥੨੮॥

ਸਮਾਂ ਬੀਤ ਜਾਣ ਦੇ ਬਾਅਦ ਜੇ ਕੋਈ ਸਿੱਖ ਆਇਆ ਹੋਵੇ, ਤਦ ਵੀ ਉਸ ਨੂੰ ਫਿਰ ਕਿਸੇ ਸਿੱਖ ਨੇ ਭੋਜਨ ਖੁਵਾਇਆ ਹੋਵੇ ? ਇਸ ਦਾ ਫਲ ਉੱਤਮ ਇਸ ਤਰ੍ਹਾਂ ਜਾਣੋ, ਅਨਾਜ ਦਾਨ ਬਰਾਬਰ ਹੋਰ ਕੋਈ ਦਾਨ ਨਾ ਮੰਨੋ" ॥੨੮॥

ਸੁਨਿ ਸਿਖ ਬੂਝਤਿ 'ਇਹੁ ਕਿਮ ਲਹੀਐ ? ਸਮੋ ਚੁਕਜੋ ਕਿਹ ਕੋ ਪ੍ਰਭੁ ! ਕਹੀਐ।
ਇਸ ਕੋ ਜਾਨਿ ਕਰਹਿਂ ਪੁਨ ਤੈਸੇ। ਹਿਤ ਕੋ ਕਰਨਿ ਆਪ ਕੋ ਜੈਸੇ' ॥੨੯॥

ਇਹ ਸੁਣ ਕੇ ਸਿੱਖਾਂ ਨੇ ਪੁੱਛਿਆ, "ਹੇ ਪ੍ਰਭੂ ! ਇਹ ਕਿਵੇਂ ਜਾਣੀਏ, ਸਮਾਂ ਬੀਤ ਗਿਆ ਹੈ ਕਿਸ ਨੂੰ ਕਹੀਦਾ ਹੈ ? ਇਸ ਨੂੰ ਜਾਣ ਕੇ ਫਿਰ ਉਸ ਤਰ੍ਹਾਂ ਕਰੀਏ, ਜਿਵੇਂ ਆਪ ਜੀ ਨੂੰ ਸਾਡਾ ਹਿਤ ਕਰਨ ਦਾ ਸੰਕਲਪ ਫੁਰਿਆ ਹੈ" ॥੨੯॥

ਦੋਹਰਾ- ਫੁਰਮਾਇਵ ਸ੍ਰੀ ਬਦਨ ਤੇ 'ਬੀਤਜੋ ਸਮੋ ਅਹਾਰ।
ਛੁਧਿਤ ਸਿੱਖਜ ਆਯੋ ਤਬਹਿ, ਤ੍ਰਿਪਤਾਵਹਿ ਕਰਿ ਤਜਾਰ॥ ੩੦॥

ਸ੍ਰੀ ਗੁਰੂ ਜੀ ਨੇ ਆਪਣੇ ਮੁਖ ਤੋਂ ਫੁਰਮਾਇਆ, "ਭੋਜਨ ਦਾ ਸਮਾਂ ਬੀਤ ਗਿਆ ਹੋਵੇ, ਉਸ ਸਮੇਂ ਕੋਈ ਭੁੱਖਾ ਸਿੱਖ ਆਵੇ, ਉਸ ਨੂੰ ਨਵੇਂ ਸਿਰੇ ਭੋਜਨ ਤਿਆਰ ਕਰਕੇ ਛਕਾਵੇ॥੩੦॥

ਚੌਪਈ-ਅਸ ਸੇਵਾ ਮਹਿਂ ਪ੍ਰੇਮ ਬਿਸਾਲ। ਕਰੈ ਤਜਾਰ ਪੁਨ ਦੇ ਹਿਤ ਨਾਲ।
ਚੁਕੇ ਸਮੈ ਅਤਿਥਿ ਸਿਖ ਆਵੈ। ਭਾਉਭਗਤਿ ਸੋਂ ਤਿਸ ਤ੍ਰਿਪਤਾਵੈ ॥੩੧॥

ਐਸੀ ਸੇਵਾ ਵਿਚ ਉੱਤਮ ਪ੍ਰੇਮ ਹੈ, ਭੋਜਨ ਤਿਆਰ ਕਰੋ ਤੇ ਪ੍ਰੇਮ ਨਾਲ ਛਕਾਓ। ਬੀਤ ਗਏ ਸਮੇਂ ਜਿਹੜਾ ਅਤਿਥੀ ਆਵੇ, ਪ੍ਰੇਮ ਭਗਤੀ ਨਾਲ ਉਸ ਨੂੰ ਭੋਜਨ ਦੇ ਕੇ ਤ੍ਰਿਪਤ ਕਰੋ॥੩੧॥

ਅਸ ਸੇਵਾ ਮੈਂ ਕਰੋਂ ਪ੍ਰਮਾਨ। ਮੁਝ ਕੋ ਤ੍ਰਿਪਤਿ ਸੁ ਕਰੈ ਮਹਾਨ।
ਅਤਿ ਪ੍ਰਸੰਨ ਮੈਂ ਤਿਸ ਪਰ ਹੋਵੋਂ। ਜਨਮ ਮਰਨ ਕੇ ਸੰਕਟ ਖੋਵੋਂ॥ ੩੨॥

ਐਸੀ ਸੇਵਾ ਮੈਂ ਪ੍ਰਵਾਨ ਕਰਦਾ ਹਾਂ, ਐਸੀ ਸੇਵਾ ਮੈਨੂੰ ਮਹਾਨ ਤ੍ਰਿਪਤ ਕਰਦੀ ਹੈ। ਮੈਂ ਅਜਿਹੇ ਸਿੱਖ ਉੱਤੇ ਬਹੁਤ ਪ੍ਰਸੰਨ ਹੁੰਦਾ ਹਾਂ ਤੇ ਉਸ ਸਿੱਖ ਦੇ ਜਨਮ ਮਰਨ ਦੇ ਦੁਖ ਦੂਰ ਕਰ ਦਿੰਦਾ ਹਾਂ॥੩੨॥

ਹਲਤਿ ਪਲਤਿ ਮੈਂ ਰਹੋਂ ਸਹਾਇਕ। ਰੱਛੋਂ ਦੇ ਕਰ ਬਿਘਨ ਨਸਾਇਕ।
ਇਮ ਸੇਵਤਿ ਸਿਮਰਤਿ ਹਰਿਨਾਮੂ। ਸਤਿਸੰਗਤ ਤੇ ਪਾਵਨ ਧਾਮੂ॥ ੩੩॥

ਲੋਕ ਪ੍ਰਲੋਕ ਵਿਚ ਸਹਾਇਤਾ ਕਰਦਾ ਹਾਂ ਤੇ ਸਾਰੇ ਵਿਘਨਾਂ ਨੂੰ ਦੂਰ ਕਰਕੇ ਰੱਖਿਆ ਕਰਦਾ ਹਾਂ। ਇੰਝ ਸੇਵਾ ਕਰਦਿਆਂ ਹਰੀ ਦੇ ਨਾਮ ਦਾ ਸਿਮਰਨ ਕਰਨ ਨਾਲ ਸਤਿਸੰਗਤ ਮਿਲਣ ਨਾਲ ਘਰ ਪਵਿੱਤਰ ਹੁੰਦਾ ਹੈ॥੩੩॥

ਸੋਈ ਸਿੱਖ ਮੋਹਿ ਕੋ ਪਜਾਰੋ। ਸ੍ਵਾਸ ਸ੍ਵਾਸ ਮੈਂ ਸਦਾ ਸਮਾਰੋਂ।
ਬਸੀ ਰਹੌਂ ਤਿਸ ਕੇ ਸੰਗ ਹੋਇ। ਪ੍ਰੇਮ ਫਾਸ ਤੇ ਐਂਚਤਿ ਜੋਇ॥ ੩੪॥

ਉਹੀ ਸਿੱਖ ਮੈਨੂੰ ਪਿਆਰਾ ਹੈ। ਮੈਂ ਸਵਾਸ-ਸਵਾਸ ਸਦਾ ਉਸ ਨੂੰ ਸੰਭਾਲਦਾ ਹਾਂ। ਉਸ ਦੇ ਨਾਲ ਹੋ ਕੇ ਵਸਿਆ ਰਹਿੰਦਾ ਹਾਂ ਜਿਹੜਾ ਪ੍ਰੇਮ ਫਾਹੀ ਨਾਲ ਖਿਚਿਆ ਗਿਆ ਹੈ'॥੩੪॥

ਸੁਨਿ ਸੰਗਤਿ ਕੀਨੀ ਅਰਦਾਸ। 'ਇਹ ਸਭਿ ਬਿਧਿ ਹੈ ਰਾਵਰਿ ਪਾਸ।
ਜਿਸ ਪਰ ਕਰਹੁ ਕ੍ਰਿਪਾ ਜਨ ਜਾਨਿ। ਤਿਸ ਕਉ ਦੇਤੇ ਸੇਵਾ ਦਾਨ॥ ੩੫॥

ਸੰਗਤ ਨੇ ਇਹ ਸੁਣ ਕੇ ਬੇਨਤੀ ਕੀਤੀ, "ਇਹ ਸਾਰੀ ਵਿਧੀ ਆਪ ਜੀ ਪਾਸ ਹੈ। ਜਿਸ ਉਪਰ ਸੇਵਕ ਜਾਣ ਕੇ ਕਿਰਪਾ ਕਰਦੇ ਹੋ, ਉਸ ਨੂੰ ਤੁਸੀਂ ਸੇਵਾ ਦਾ ਦਾਨ ਬਖਸ਼ਦੇ ਹੋ॥੩੫॥

ਹਮ ਅਲਪੱਗ ਜੀਵ ਤੁਮ ਸ਼ਰਨੀ। ਕ੍ਰਿਪਾ ਆਪ ਕੀ ਸੰਕਟ ਟਰਨੀ।
ਗਿਰਾ ਗੁਰੂ ਭਵ ਸਾਗਰ ਤਰਨੀ। ਮਥਨ ਗਜਾਨ ਅਗਨੀ ਕਹੁ ਅਰਨੀ॥ ੩੬॥

ਅਸੀਂ ਥੋੜ੍ਹੀ ਬੁੱਧੀ ਵਾਲੇ ਜੀਵ ਤੁਹਾਡੀ ਸ਼ਰਨ ਆਏ ਹਾਂ, ਆਪ ਜੀ ਦੀ ਕਿਰਪਾ ਸੰਕਟਾਂ ਨੂੰ ਦੂਰ ਕਰਨ ਵਾਲੀ ਹੈ। ਆਪ ਜੀ ਦੇ ਬਚਨ ਭਵਸਾਗਰ ਤਰਨ ਵਾਸਤੇ ਬੇੜੀ ਰੂਪ ਹਨ। ਗਿਆਨ ਅਗਨੀ ਪ੍ਰਗਟ ਕਰਨ ਲਈ ਗੁਰਬਾਣੀ ਪੜ੍ਹਨਾ ਵਿਚਾਰਨਾ ਆਦਿ ਆਰਣੀ ਮੰਥਨ ਸਮਾਨ ਹੈ॥੩੬॥

*ਨੋਟ : ਆਰਣੀ ਇਕ ਪ੍ਰਕਾਰ ਦਾ ਲੱਕੜ ਦਾ ਜੰਤਰ ਹੈ, ਜਿਸ ਨੂੰ ਯੱਗ ਅਗਨੀ ਵਾਸਤੇ ਵਰਤਦੇ ਹਨ। ਇਸ ਦੇ ਦੋ ਭਾਗ ਹੁੰਦੇ ਹਨ— ਇਕ ਦਾ ਨਾਂ ਅਧਰਾ ਤੇ ਦੂਸਰੇ ਨੂੰ ਉੱਤ੍ਰਾ ਕਹਿੰਦੇ ਹਨ। ਅਧਰਾ ਵਿਚ ਇਕ ਛੇਕ ਹੁੰਦਾ ਹੈ। ਉਸ ਉੱਤੇ ਉੱਤਰਾ ਖੜੀ ਕਰਕੇ ਰੱਸੀ ਨਾਲ ਰਿੜਕਦੇ ਹਨ, ਮਧਾਣੀ ਵਾਂਗ ਰੱਸੀ ਨੂੰ ਬੜੀ ਤੇਜ਼ੀ ਨਾਲ ਘੁਮਾਉਂਦੇ ਹਨ, ਜਿਸ ਨਾਲ ਅੱਗ ਨਿਕਲਦੀ ਹੈ।*

ਸੱਤਜਨਾਮ ਸਿਮਰਨ ਜਨੁ ਪਰਨੀ। ਤਿਸ ਨਿਪਜਾਵਨਿ ਕੋ ਸ਼ੁਭ ਧਰਨੀ।
ਤਿਹ ਲਖਿ ਅਰਥ,ਕਰੀ ਜਿਨ ਕਰਨੀ। ਰਾਗ ਦ੍ਵੈਖ ਅਘ ਜਤਿ ਤਿਨ ਦਰਨੀ॥੩੭॥

ਸਤਿਨਾਮ ਦਾ ਸਿਮਰਨ ਮਾਨੋਂ ਬ੍ਰਿਛ ਹੈ, ਗੁਰਬਾਣੀ ਨਾਮ ਸਿਮਰਨ ਰੂਪ ਬ੍ਰਿਛ ਨੂੰ ਉਪਜਾਉਣ ਵਾਸਤੇ ਸ਼ੁਭ ਧਰਤੀ ਹੈ। ਤਿਸ ਬਾਣੀ ਦੇ ਅਰਥ ਜਾਣ ਕੇ ਜਿਨ੍ਹਾਂ ਚੰਗੀ ਕਰਨੀ ਕੀਤੀ ਹੈ, ਗੁਰਬਾਣੀ ਉਨ੍ਹਾਂ ਦੇ ਮੋਹ, ਈਰਖਾ, ਪਾਪਾਂ ਸਮੇਤ ਸਭ ਦਾ ਨਾਸ਼ ਕਰਨ ਵਾਲੀ ਹੈ॥੩੭॥

ਗੁਰਬਾਨੀ ਬਰ ਜਨ ਆਚਰਨੀ। ਰਿਦੇ ਬਿਕਾਰਨਿ ਤਿਨ ਕੇ ਛਰਨੀ।
ਪ੍ਰੇਮ ਪ੍ਰਮੇਸਰ ਕੀ ਇਹ ਘਰਨੀ। ਮਿਲੀ ਰਹੈ ਨਿਤ ਸਵਰਨ ਬਰਨੀ॥ ੩੮॥

ਗੁਰਬਾਣੀ ਸ੍ਰੇਸ਼ਟ ਪੁਰਸ਼ਾਂ ਦੇ ਧਾਰਨ ਕਰਨ ਯੋਗ ਹੈ। ਗੁਰਬਾਣੀ ਹਿਰਦੇ ਦੇ ਵਿਕਾਰਾਂ ਨੂੰ ਛਲ ਲੈਣ ਵਾਲੀ ਹੈ, ਪ੍ਰਭੂ ਨਾਲ ਪ੍ਰੇਮ ਨੂੰ ਇਹ ਪੈਦਾ ਕਰਨ ਵਾਲੀ ਹੈ। ਜੋ ਗੁਰਬਾਣੀ ਪੜ੍ਹਦੇ ਹਨ, ਉਹ ਉੱਚੀਆਂ ਭਾਵਨਾਵਾਂ ਨਾਲ ਮਿਲ ਕੇ ਸਦਾ ਪ੍ਰਭੂ ਨਾਲ ਜੁੜੇ ਰਹਿੰਦੇ ਹਨ॥੩੮॥

ਨਿਜ ਦਾਸਨ ਕੀ ਕੈਵਲ ਕਰਨੀ। ਸਿੰਘਨਿ ਸਮ ਹੈ ਤ੍ਰਿਸ਼ਨਾ ਕਰਨੀ।
ਮਹਦ ਅਬਿੱਦਜਾ ਚੰਚਲ ਹਰਨੀ। ਕਰਿ ਨਿਜ ਬਲ ਕੋ ਤਤਛਿਨ ਹਰਨੀ'॥੩੯॥

ਆਪਣੇ ਸੇਵਕਾਂ ਦੀ ਇਹ ਮੁਕਤੀ ਦਾਤੀ ਹੈ, ਤ੍ਰਿਸ਼ਨਾ ਰੂਪੀ ਹੱਥਣੀ ਵਾਸਤੇ ਇਹ ਸ਼ੇਰਨੀ ਵਾਂਗ ਹੈ। ਅਵਿਦਿਆ ਹਿਰਨੀ ਵਾਂਗ ਬੜੀ ਚੰਚਲ ਹੈ। ਉਸ ਹਿਰਨੀ ਨੂੰ ਇਹ ਸ਼ੇਰਨੀ ਰੂਪ ਗੁਰਬਾਣੀ ਆਪਣੇ ਬਲ ਸਦਕਾ ਝਟਪਟ ਕਾਬੂ ਕਰ ਲੈਂਦੀ ਹੈ'॥੩੯॥

ਸੁਭ ਬਾਨੀ ਕੀ ਸੁਨੀ ਪ੍ਰਸੰਸਾ। ਜੋ ਦਾਸਨਿ ਕੇ ਨਾਸ਼ਨਿ ਸੰਸਾ।
ਸੰਗਤਿ ਪਰ ਪ੍ਰਸੰਨ ਗੁਰ ਹੋਏ। ਕ੍ਰਿਪਾ ਦ੍ਰਿਸ਼ਟਿ ਸੋਂ ਸਗਰੇ ਜੋਏ॥ ੪੦॥

ਸਿੱਖਾਂ ਨੇ ਸ਼ੁਭ ਬਾਣੀ ਦੀ ਪ੍ਰਸੰਸਾ ਸੁਣੀ, ਜਿਹੜੀ ਸੇਵਕਾਂ ਦੇ ਸ਼ੰਕਿਆਂ ਨੂੰ ਦੂਰ ਕਰਨ ਵਾਲੀ ਸੀ। ਗੁਰੂ ਜੀ ਸੰਗਤ ਉੱਤੇ ਬਹੁਤ ਪ੍ਰਸੰਨ ਹੋਏ ਤੇ ਕ੍ਰਿਪਾ ਦ੍ਰਿਸ਼ਟੀ ਨਾਲ ਉਨ੍ਹਾਂ ਸਭ ਵਲ ਵੇਖਿਆ॥੪੦॥

ਭਗਤਿ ਅੰਕੁਰ ਸਭਿਨਿ ਕੇ ਉਗਜੋ। ਤਜਿ ਬਿਖ਼ਿਯਨਿ ਮਨ ਸਿਮਰਨ ਲਗਜੋ।
ਕਰੇ ਕ੍ਰਿਤਾਰਥ ਸੁਭ ਮਗ ਪਾਇ। ਲਖੀ ਗੁਰੂ ਮਹਿਮਾ ਅਧਿਕਾਇ॥ ੪੧॥

ਭਗਤੀ ਦਾ ਅੰਕੁਰ ਸਭ ਵਿਚ ਫੁਟ ਪਿਆ, ਵਿਸ਼ਿਆਂ ਨੂੰ ਛੱਡ ਕੇ ਮਨ ਸਿਮਰਨ ਵਿਚ ਲੱਗ ਗਿਆ, ਸ਼ੁਭ ਮਾਰਗ ਪਾ ਕੇ ਸਭ ਨੂੰ ਕ੍ਰਿਤਾਰਥ ਕੀਤਾ, ਸਾਰਿਆਂ ਨੇ ਗੁਰੂ ਜੀ ਦੀ ਅਧਿਕ ਮਹਿਮਾ ਜਾਣੀ॥੪੧॥

ਲਾਖਹੁਂ ਸਿਖਜਨਿ ਸੁਭ ਗਤਿ ਪਾਈ। ਕਹਿਂ ਲਗ ਕਥਹਿਂ ਗੁਰੂ ਵਡਿਆਈ।
ਇਸ ਪ੍ਰਕਾਰ ਨਿਤ ਕਰਤਿ ਬਿਲਾਸੇ। ਸ੍ਰੀ ਸਤਿਗੁਰ ਹਰਿਰਾਇ ਪ੍ਰਕਾਸ਼ੇ॥ ੪੨॥

ਲੱਖਾਂ ਸਿੱਖਾਂ ਨੇ ਸ਼ੁਭ ਗਤੀ ਪ੍ਰਾਪਤ ਕੀਤੀ, ਕਿਥੋਂ ਤਕ ਮੈਂ ਗੁਰੂ ਜੀ ਦੀ ਵਡਿਆਈ ਬਿਆਨ ਕਰਾਂ। ਇਸ ਪ੍ਰਕਾਰ ਨਿਤ ਵਿਲਾਸ ਕਰਦੇ ਹਨ। ਸ੍ਰੀ ਸਤਿਗੁਰੂ ਹਰਿਰਾਇ ਜੀ ਦਾ ਪ੍ਰਕਾਸ਼ ਸਾਰੇ ਜਗਮਗਾ ਰਿਹਾ ਹੈ॥੪੨॥

ਕਰਹਿਂ ਚੇਸ਼ਟਾ ਕਿਸ ਬਿਧਿ ਕੋਇ। ਸਭਿ ਬਿਧਿ ਸਿੱਖਜਨਿ ਕੀ ਸ੍ਰੇਯ ਹੋਇ।
ਨਿਤਪ੍ਰਤਿ ਸੰਗਤਿ ਆਇ ਹਜ਼ਾਰਨਿ। ਦੇਂ ਉਪਹਾਰ ਲਗਾਇ ਅੰਬਾਰਨਿ॥ ੪੩॥

ਜਿਸ ਕਿਸੇ ਪ੍ਰਕਾਰ ਵੀ ਕੋਈ ਕੁਝ ਪਾਉਣਾ ਚਾਹੁੰਦਾ ਹੈ, ਸਭ ਵਿਧੀਆਂ ਨਾਲ ਸਿੱਖਾਂ ਨੂੰ ਮੁਕਤੀ ਪ੍ਰਾਪਤ ਹੁੰਦੀ ਹੈ। ਰੋਜ਼ ਹਜ਼ਾਰਾਂ ਦੀ ਗਿਣਤੀ ਵਿਚ ਸੰਗਤ ਆਉਂਦੀ ਹੈ ਤੇ ਉਪਹਾਰ ਦੇ ਦੇ ਕੇ ਉਹ ਢੇਰ ਲਾ ਦਿੰਦੀ ਹੈ॥੪੩॥

ਬਡ ਮੇਲਾ ਵੈਸਾਖੀ ਹੋਵਾ। ਪੁਰਹਿਂ ਕਾਮਨਾ ਸਤਿਗੁਰ ਜੋਵਾ।
ਕੀਰਤਪੁਰਿ ਬਹੁ ਡੇਰੇ ਪਰੇ। ਬਡਭਾਗੀ ਗੁਰ ਦਰਸ਼ਨ ਕਰੇ॥ ੪੪॥

ਵੈਸਾਖੀ ਦਾ ਬਹੁਤ ਵੱਡਾ ਮੇਲਾ ਲੱਗਾ, ਸਤਿਗੁਰੂ ਜੀ ਹਰ ਇਕ ਦੀ ਕਾਮਨਾ ਪੂਰੀ ਕਰਦੇ ਸਨ। ਕੀਰਤਪੁਰ ਵਿਚ ਬਹੁਤ ਡੇਰੇ ਲੱਗੇ ਸਨ। ਵੱਡੇ ਭਾਗਾਂ ਵਾਲੇ ਜੀਵ ਗੁਰੂ ਜੀ ਦੇ ਦਰਸ਼ਨ ਕਰਦੇ ਸਨ॥੪੪॥

ਜੈ ਜੈ ਕਾਰ ਸੰਗਤਾਂ ਕਰਿਹੀਂ। 'ਧੰਨ ਗੁਰੂ ਹਰਿਰਾਇ' ਉਚਰਿਹੀਂ।
ਜਿਸ ਕੋ ਬਾਕ ਜਥਾ ਹੋਇ ਜਾਇ। ਸੋ ਨਰ ਤਤਛਿਨ ਫਲ ਕੋ ਪਾਇ॥ ੪੫॥

ਸੰਗਤਾਂ ਜੈ ਜੈ ਕਾਰ ਕਰ ਰਹੀਆਂ ਸਨ ਤੇ 'ਧੰਨ ਗੁਰੂ ਹਰਿਰਾਇ ਜੀ' ਉਚਾਰਨ ਕਰ ਰਹੀਆਂ ਸਨ। ਜਿਨ੍ਹਾਂ ਦਾ ਕਿਹਾ ਹਰ ਬਚਨ ਪੂਰਾ ਹੋ ਜਾਂਦਾ ਹੈ, ਮਨੁੱਖ ਉਨ੍ਹਾਂ ਦੇ ਦਰਸ਼ਨ ਕਰਕੇ ਤੁਰਤ ਫਲ ਪ੍ਰਾਪਤ ਕਰਦੇ ਹਨ॥੪੫॥

*ਨੌਵੀਂ ਰਾਸ ਦਾ ਛੇਵਾਂ ਅਧਿਆਇ ਸਮਾਪਤ ਹੋਇਆ॥੬॥*

# ਅਧਿਆਇ ਸਤਵਾਂ

## ਰਾਜੇ ਹਾਥੀ ਮੰਗਣ ਆਏ

ਦੋਹਰਾ- ਸ੍ਰੀ ਸਤਿਗੁਰ ਹਰਿਰਾਏ ਜੀ ਭਗਤਿ ਮੁਕਤਿ ਦੇਂ ਦਾਨ।
ਨਿਤ ਅਨੇਕ ਹੀ ਹੋਤਿ ਹੈਂ ਸਿੱਖ ਸਹਿਤ ਕੱਲਜਾਨ॥ ੧॥

ਸ੍ਰੀ ਸਤਿਗੁਰੂ ਹਰਿਰਾਇ ਜੀ ਭਗਤੀ ਅਤੇ ਮੁਕਤੀ ਦਾ ਦਾਨ ਕਰਦੇ ਹਨ, ਨਿਤ ਅਨੇਕ ਹੀ ਸਿੱਖਾਂ ਦਾ ਭਗਤੀ, ਮੁਕਤੀ ਸਹਿਤ ਕਲਿਆਣ ਹੁੰਦਾ ਹੈ॥੧॥

ਚੌਪਈ- ਦੇਸ਼ ਬਿਦੇਸ਼ਨਿ ਬ੍ਰਿੰਦ ਅਕੋਰ। ਅਰਪਤਿ ਕਹਿ ਬਿਨਤੀ ਕਰ ਜੋਰਿ।
'ਸ੍ਰੀ ਸਤਿਗੁਰ ਜੀ ਕਾਰਜ ਮੋਹ। ਸਿੱਧ ਭਯੋ ਹਤਿ ਬਿਘਨ ਸੰਦੇਹੁ॥੨॥

ਦੇਸ਼ਾਂ ਵਿਦੇਸ਼ਾਂ ਵਿਚੋਂ ਸਿੱਖ ਬਹੁਤ ਉਪਹਾਰ ਲੈ ਕੇ ਆਉਂਦੇ ਹਨ, ਅਰਪਣ ਕਰਕੇ ਹੱਥ ਜੋੜ ਕੇ ਬੇਨਤੀ ਕਰਦੇ ਹਨ, "ਸ੍ਰੀ ਸਤਿਗੁਰੂ ਜੀ, ਮੇਰਾ ਕਾਰਜ ਸਭ ਵਿਘਨਾਂ ਅਤੇ ਸ਼ੰਕਿਆਂ ਨੂੰ ਦੂਰ ਕਰਕੇ ਸਿੱਧ ਹੋ ਗਿਆ ਹੈ॥੨॥

ਰਾਵਰ ਕੀ ਕਰੁਨਾ ਬਲ ਪਾਇ। ਤਤਛਿਨ ਹੋਏ ਮੋਹਿ ਸਹਾਇ'।
ਕੋਇਕ ਕਹਤਿ 'ਪੁੱਤ੍ਰ ਮੁਝ ਦੀਨਸਿ। ਪ੍ਰਥਮ ਅਕੋਰ ਇਹੀ ਕਹਿ ਲੀਨਸਿ' ॥੩॥

ਆਪ ਜੀ ਦੀ ਕਿਰਪਾ ਸਦਕਾ ਬਲ ਪਾਇਆ ਹੈ, ਤੁਸੀਂ ਤੁਰਤ ਮੇਰੀ ਸਹਾਇਤਾ ਕੀਤੀ ਹੈ।" ਕੋਈ ਕਹਿੰਦਾ ਸੀ, "ਮੈਨੂੰ ਪੁੱਤਰ ਦੀ ਦਾਤ ਬਖਸ਼ੀ ਹੈ, ਪੁੱਤਰ ਪ੍ਰਾਪਤੀ ਲਈ ਇਹ ਭੇਟਾ ਮੈਂ ਪਹਿਲਾਂ ਕਹਿ ਲਈ ਸੀ ਕਿ ਮੈਂ ਗੁਰੂ ਜੀ ਨੂੰ ਇਹ ਉਪਹਾਰ ਭੇਟ ਕਰਾਂਗਾ" ॥੩॥

ਕੋ ਭਾਖਤਿ 'ਮਮ ਦਾਰਿਦ ਖੋਵਾ। ਇਹ ਦਸਵੰਧ ਆਪ ਕੋ ਹੋਵਾ'।
ਕੇਚਿਤ ਕਹਤਿ 'ਪੁਰਹੁ ਮਮ ਆਸ। ਜਾਂਤੇ ਮੈਂ ਆਨਜੋ ਧਨ ਪਾਸ' ॥੪॥

ਕੋਈ ਕਹਿੰਦਾ ਸੀ, "ਮੇਰੀ ਗ਼ਰੀਬੀ ਨੂੰ ਦੂਰ ਕੀਤਾ ਹੈ, ਇਹ ਦਸਵੰਧ ਹੁਣ ਆਪ ਦਾ ਹੋਇਆ ਹੈ।" ਕੋਈ ਕਹਿੰਦਾ ਹੈ, "ਮੇਰੀ ਆਸ ਪੂਰੀ ਕਰੋ, ਇਸ ਕਰਕੇ ਮੈਂ ਆਪ ਜੀ ਦੇ ਪਾਸ ਧਨ ਲੈ ਕੇ ਆਇਆ ਹਾਂ" ॥੪॥

ਇੱਤਜਾਦਿਕ ਕਹਿਂ ਬਿਨੈ ਹਜ਼ਾਰਨਿ। ਆਨਿ ਚਢਾਵਤਿ ਹੈਂ ਉਪਹਾਰਨਿ।
ਘਟਿ ਘਟਿ ਕੀ ਲਖਿ ਅੰਤਰਜਾਮੀ। ਪੁਰਹਿਂ ਕਾਮਨਾ ਸਿੱਖਜਨਿ,ਸ੍ਵਾਮੀ॥੫॥

ਇੱਤਆਦਿ ਹਜ਼ਾਰਾਂ ਬੇਨਤੀਆਂ ਕਰਦੇ ਸਨ, ਆ ਕੇ ਬਹੁਤ ਉਪਹਾਰ ਚੜ੍ਹਾਉਂਦੇ ਸਨ। ਅੰਤਰਜਾਮੀ ਗੁਰੂ ਜੀ ਸਭ ਦੇ ਦਿਲਾਂ ਦੀਆਂ ਜਾਣਦੇ ਸਨ, ਇਸ ਕਰਕੇ ਸਵਾਮੀ ਪ੍ਰਭੂ ਜੀ ਸਭ ਦੀਆਂ ਕਾਮਨਾਵਾਂ ਪੂਰੀਆਂ ਕਰਦੇ ਸਨ॥੫॥

ਕੇਤਿਕ ਨਰ ਪਰਲੋਕ ਸਿਧਾਰਨਿ। ਉਪਹਾਰਨਿ ਅਰਪਾਇਂ ਹਜ਼ਾਰਨਿ।
ਰਿਦੇ ਸ਼ੁੱਧ ਹਿਤ, ਦਰਸ਼ਨ ਦੇਖੈਂ। ਦੁਖਦ ਬਿਕਾਰਨਿ ਹਰਹਿਂ ਅਸ਼ੇਖੈ॥੬॥

ਕਈਆਂ ਮਨੁੱਖਾਂ ਨੇ ਪ੍ਰਲੋਕ ਜਾਣਾ ਹੁੰਦਾ ਸੀ, ਉਹ ਹਜ਼ਾਰਾਂ ਦੇ ਉਪਹਾਰ ਅਰਪਣ ਕਰਦੇ ਸਨ। ਹਿਰਦੇ ਨੂੰ ਸ਼ੁੱਧ ਕਰਨ ਵਾਸਤੇ ਉਹ ਦਰਸ਼ਨ ਕਰਦੇ ਸਨ ਤੇ ਦੁੱਖ ਵਿਕਾਰਾਂ ਨੂੰ ਦੂਰ ਕਰਦੇ ਸਨ॥੬॥

ਦੂਰ ਦੇਸ਼ ਤੇ ਇਕ ਗਜ ਆਇਵ। ਕਾਂਹੂ ਨ੍ਰਿਪ ਨੇ ਭੇਟ ਚਢਾਇਵ।
ਸੁੰਦਰ ਮਹਾਂ ਬਿਸਦ ਜਿਸ ਰੰਗ। ਗੁਨ ਸਮੁਦਾਇਨਿ ਸਹਿਤ ਮਤੰਗ॥ ੭॥

ਦੂਰ ਦੇਸ ਤੋਂ ਇਕ ਹਾਥੀ ਆਇਆ, ਕਿਸੇ ਰਾਜੇ ਨੇ ਗੁਰੂ ਜੀ ਨੂੰ ਭੇਟਾ ਵਜੋਂ ਚੜ੍ਹਾਇਆ। ਸੁੰਦਰ ਮਹਾਨ ਸਫੈਦ ਜਿਸ ਦਾ ਰੰਗ ਸੀ, ਉਹ ਹਾਥੀ ਬਹੁਤ ਗੁਣਾਂ ਸਹਿਤ ਸੀ॥੭॥

ਸਤਿਗੁਰ ਨਿਕਟਿ ਰਹੈ ਬਲਵੰਤਾ। ਤਿਸ ਗਜ ਕੋ ਭਾ ਬਿਦਤਿ ਬ੍ਰਿਤੰਤਾ।
ਜਹਿਂ ਕਹਿਂ ਸੁਨਜੋ ਗੁਨਜੋ ਗੁਨ ਨੀਕੋ। ਕੇਚਤਿ ਆਵਹਿਂ ਪਿਖਿਨਿ ਤਿਸੀ ਕੋ॥੮॥

ਉਹ ਬਲਵਾਨ ਹਾਥੀ ਸਤਿਗੁਰੂ ਜੀ ਦੇ ਪਾਸ ਹੀ ਰਹਿੰਦਾ ਸੀ, ਉਸ ਹਾਥੀ ਦਾ ਬ੍ਰਿਤਾਂਤ ਸਾਰੇ ਇਲਾਕੇ ਵਿਚ ਪ੍ਰਗਟ ਹੋ ਗਿਆ। ਜਿਥੇ ਕਿਥੇ ਉਸ ਦੇ ਚੰਗੇ ਗੁਣਾਂ ਬਾਰੇ ਵੀਚਾਰਿਆ ਅਤੇ ਸੁਣਿਆ ਗਿਆ, ਉਥੋਂ ਕਈ ਲੋਕ ਉਸ ਨੂੰ ਵੇਖਣ ਵਾਸਤੇ ਆਉਂਦੇ ਸਨ॥੮॥

ਬਿਚ ਕਹਿਲੂਰ, ਹੁਤੋ ਬਡਰਾਜਾ। ਰਹੈ ਸੰਗ ਬਹੁ ਸੈਨ ਸਮਾਜਾ।
ਦੁਤਿਯ ਹੰਡੂਰੀ ਮਿਲਜੋ ਨਰਿੰਦ। ਕਰਤਿ ਪਰਸਪਰ ਅਨੰਦ ਬਿਲੰਦ॥ ੯॥

ਕਹਿਲੂਰ ਵਿਚ ਇਕ ਵੱਡਾ ਰਾਜਾ ਸੀ, ਉਹ ਬਹੁਤ ਸੈਨਾ ਅਤੇ ਸਾਜ਼-ਸਾਮਾਨ ਸਹਿਤ ਰਹਿੰਦਾ ਸੀ। ਦੂਸਰਾ ਉਸ ਨੂੰ ਹੰਡੂਰ ਦਾ ਰਾਜਾ ਮਿਲ ਪਿਆ, ਉਹ ਦੋਵੇਂ ਆਪਸ ਵਿਚ ਬੜਾ ਆਨੰਦ ਮੰਗਲ ਕਰਦੇ ਸਨ॥੯॥

'ਸ੍ਰੀ ਗੁਰ ਬਸਹਿਂ ਹਮਾਰੇ ਦੇਸ਼। ਤਿਨ ਕੇ ਨਿਕਟਿ ਮਤੰਗ ਵਿਸ਼ੇਸ਼।
ਨਹੀਂ ਆਪ ਤੇ ਦੇਵਹਿ ਕੋਊ। ਚਢਿ ਕੈ ਚਲਹੁ ਮਾਂਗ ਲੇਂ ਸੋਊ॥ ੧੦॥

ਉਹ ਕਹਿਣ ਲੱਗੇ, "ਸ੍ਰੀ ਗੁਰੂ ਸਾਡੇ ਦੇਸ਼ ਵਿਚ ਵੱਸਦੇ ਹਨ, ਉਨ੍ਹਾਂ ਦੇ ਪਾਸ ਇਕ ਵਿਸ਼ੇਸ਼ ਹਾਥੀ ਹੈ। ਆਪਣੇ ਆਪ ਕੋਈ ਨਹੀਂ ਦੇਵੇਗਾ, ਘੋੜਿਆਂ 'ਤੇ ਚੜ੍ਹ ਕੇ ਚਲਦੇ ਹਾਂ ਤੇ ਉਸ ਹਾਥੀ ਨੂੰ ਮੰਗ ਲੈਂਦੇ ਹਾਂ॥੧੦॥

ਭੇਟ ਹਜ਼ਾਰਹੁਂ ਨਿਤਪ੍ਰਤਿ ਆਵੈ। ਮੇਲਾ ਭਰਜੋ ਰਹੈ ਅਰਪਾਵੈ।
ਅਬਿ ਲਗਿ ਤਿਨ ਤੇ ਕਛੂ ਨ ਲੀਨੋ। ਹਮਰੇ ਦੇਸ਼ ਬਾਸ ਚਿਰ ਕੀਨੋ॥ ੧੧॥

ਉਨ੍ਹਾਂ ਨੂੰ ਹਜ਼ਾਰਾਂ ਰੁਪਈਆਂ ਦੀਆਂ ਭੇਟਾਵਾਂ ਨਿਤ ਆਉਂਦੀਆਂ ਰਹਿੰਦੀਆਂ ਹਨ। ਹਰ ਵੇਲੇ ਮੇਲਾ ਭਰਿਆ ਰਹਿੰਦਾ ਹੈ ਤੇ ਲੋਕ ਭੇਟਾਵਾਂ ਅਰਪਣ ਕਰਦੇ ਹਨ। ਹੁਣ ਤਕ ਅਸੀਂ ਉਨ੍ਹਾਂ ਪਾਸੋਂ ਕੁਝ ਨਹੀਂ ਲਿਆ ਹੈ, ਬੜੇ ਚਿਰ ਤੋਂ ਉਹ ਸਾਡੇ ਦੇਸ਼ ਵਿਚ ਵਸ ਰਹੇ ਹਨ"॥੧੧॥

ਇਮ ਮਸਲਤ ਜੁਗ ਰਾਜੇ ਕਰਿ ਕੈ। ਮੰਦਮਤੀ ਲਾਲਚ ਕੋ ਧਰਿ ਕੈ।
ਸੈਨ ਸਕੇਲਿ ਦਿਖਾਵਨਿ ਕਾਰਨ। ਲੇ ਕਰਿ ਚਢੇ, ਨ ਕੀਨਿ ਬਿਚਾਰਨ॥੧੨॥

ਇਸ ਤਰ੍ਹਾਂ ਦੋਵੇਂ ਰਾਜੇ ਸਲਾਹ ਕਰਕੇ, ਮਾੜੀ ਮਤ ਵਾਲੇ ਲਾਲਚ ਨੂੰ ਧਾਰਨ ਕਰਕੇ, ਗੁਰੂ ਜੀ ਨੂੰ ਸੈਨਾ ਵਿਖਾਉਣ ਵਾਸਤੇ ਸੈਨਾ ਸਮੇਤ ਘੋੜਿਆਂ 'ਤੇ ਚੜ੍ਹ ਪਏ ਤੇ ਕੁਝ ਵਿਚਾਰ ਨਾ ਕੀਤੀ॥੧੨॥

ਦਰਸ਼ਨ ਕੇ ਮਿਸਿ ਕਰਿ ਚਲਿ ਆਏ। ਕੀਰਤਿਪੁਰਿ ਪਹੁਚੇ ਹਰਖਾਏ।
ਨਿਸ ਮਹਿਂ ਡੇਰਾ ਕਰਜੋ ਸੁ ਬਾਸੇ। ਖਾਨ ਪਾਨ ਗੁਰ ਪਠਜੋ ਸੁ ਪਾਸੇ॥੧੩॥

ਦਰਸ਼ਨਾਂ ਦਾ ਬਹਾਨਾ ਕਰਕੇ ਚਲ ਕੇ ਆ ਗਏ ਤੇ ਪ੍ਰਸੰਨ ਹੋ ਕੇ ਕੀਰਤਪੁਰ ਪਹੁੰਚ ਗਏ। ਰਾਤ ਸਮੇਂ ਉਥੇ ਡੇਰਾ ਕੀਤਾ ਤੇ ਠਹਿਰ ਗਏ। ਖਾਣ ਪੀਣ ਦਾ ਸਾਮਾਨ ਗੁਰੂ ਜੀ ਨੇ ਆਪਣੇ ਪਾਸੋਂ ਭੇਜਿਆ॥੧੩॥

ਉਠੇ ਪ੍ਰਾਤਿ ਕੋ ਕਰਿ ਇਸ਼ਨਾਨਾ। ਬਸਤ੍ਰ ਸ਼ਸਤ੍ਰ ਜੁਤਿ ਹ੍ਵੈ ਸਵਧਾਨਾ।
ਦਰਸ਼ਨ ਹਿਤ ਸ੍ਰੀ ਗੁਰ ਢਿਗ ਆਏ। ਸੁਭਟ ਸੰਗ ਬਡ ਭੀਰ ਸੁ ਲਜਾਏ ॥੧੪॥

ਸਵੇਰੇ ਉਠ ਕੇ ਉਨ੍ਹਾਂ ਇਸ਼ਨਾਨ ਕੀਤਾ ਤੇ ਵਸਤਰ ਸ਼ਸਤਰ ਪਹਿਨ ਕੇ ਸਾਵਧਾਨ ਹੋ ਗਏ। ਫਿਰ ਦਰਸ਼ਨਾਂ ਵਾਸਤੇ ਗੁਰੂ ਜੀ ਪਾਸ ਸੂਰਮਿਆਂ ਸਹਿਤ ਬਹੁਤ ਭੀੜ ਨਾਲ ਲੈ ਕੇ ਆਏ ॥੧੪॥

ਆਗੈ ਸਤਿਗੁਰ ਵਹਿਰ ਨਿਕਸਿ ਕੈ। ਸਭਾ ਲਗਾਈ ਮਹਾ ਫਰਸ਼ ਕੈ।
ਜੋਧਾ ਸਨਧ-ਬੱਧ ਹੁਇ ਸਾਰੇ। ਬਸਤ੍ਰ ਸ਼ਸਤ੍ਰ ਭੂਖਨ ਤਨ ਧਾਰੇ ॥ ੧੫ ॥

ਅੱਗੇ ਸਤਿਗੁਰੂ ਜੀ ਨੇ ਬਾਹਰ ਨਿਕਲ ਕੇ ਵਿਛਾਉਣੇ ਵਿਛਾ ਕੇ ਵੱਡਾ ਫਰਸ਼ ਤਿਆਰ ਕੀਤਾ ਸੀ ਤੇ ਉਸ ਉੱਤੇ ਸਭਾ ਲਗਾਈ ਹੋਈ ਸੀ। ਉਨ੍ਹਾਂ ਦੇ ਸਾਰੇ ਯੋਧੇ ਹਥਿਆਰ-ਬੱਧ ਸਨ, ਉਨ੍ਹਾਂ ਨੇ ਸਰੀਰ 'ਤੇ ਵਸਤਰ ਸ਼ਸਤਰ ਅਤੇ ਗਹਿਣੇ ਪਹਿਣੇ ਹੋਏ ਸਨ ॥੧੫॥

ਸਿਪਰ ਕ੍ਰਿਪਾਨੈ ਕੰਚਨ ਖਚੇ। ਧਨੁ ਇਖਧੀ ਸੁੰਦਰ ਬਿਧਿ ਰਚੇ।
ਸ਼ਬਦ ਰਬਾਬੀ ਗਾਵਤਿ ਰਾਗੇ। ਜਿਨ ਕੋ ਸੁਨਿ ਗੁਰ ਗੁਨ ਅਨੁਰਾਗੇ ॥ ੧੬ ॥

ਢਾਲਾਂ ਅਤੇ ਕ੍ਰਿਪਾਨਾਂ ਸੋਨੇ ਜੜੀਆਂ ਸਨ। ਧਨੁੱਖ ਅਤੇ ਭੱਥੇ ਸੁੰਦਰ ਵਿਧੀ ਨਾਲ ਬਣਾਏ ਗਏ ਸਨ। ਰਬਾਬੀ ਰਾਗਾਂ ਵਿਚ ਸ਼ਬਦ ਗਾ ਰਹੇ ਸਨ, ਜਿਸ ਬਾਣੀ ਨੂੰ ਸੁਣ ਕੇ ਗੁਰੂ ਜੀ ਪ੍ਰੇਮ ਦੇ ਰੰਗ ਵਿਚ ਰੰਗੇ ਗਏ ਸਨ ॥੧੬॥

ਖਰੇ ਨਕੀਬ ਅਵਾਜ ਪ੍ਰਕਾਸ਼ਤਿ। ਗੁਰੂ ਸੁਜਸੁ ਤੇ ਰਿਦਾ ਹੁਲਾਸਤਿ।
ਚੋਬਦਾਰ ਕੋ ਗਨ ਹੈ ਖਰੋ। ਕੰਚਨ ਦੰਡ ਸੁਹਾਵਤ ਖਰੋ ॥ ੧੭ ॥

ਸੇਵਾਦਾਰ ਖੜਾ ਹੋਇਆ ਬੋਲ ਰਿਹਾ ਸੀ, ਗੁਰੂ ਜੀ ਦਾ ਜੱਸ ਕਰ ਕੇ ਉਸਦਾ ਹਿਰਦਾ ਪ੍ਰਸੰਨ ਹੋ ਰਿਹਾ ਸੀ। ਚੋਬਦਾਰਾਂ ਦਾ ਸਮੂਹ ਵੀ ਖੜਾ ਸੀ, ਸੋਨੇ ਦੇ ਡੰਡੇ ਜਿਹੜੇ ਉਨ੍ਹਾਂ ਫੜੇ ਸਨ, ਬੜੇ ਸ਼ੋਭ ਰਹੇ ਸਨ ॥੧੭॥

ਖਰੇ ਮੇਵਰੇ ਭੂਖਨ ਸਨੇ। ਸਿੱਖਜਨਿ ਕੀ ਅਰਦਾਸਨਿ ਭਨੇ।
ਕੇਤਿਕ ਮਖ਼ਮਲ ਫਰਸ਼ ਕਰਾਵਾ। ਚਹੂੰ ਓਰ ਤੇ ਰੁਚਿਰ ਸੁਹਾਵਾ ॥ ੧੮ ॥

ਅਰਦਾਸੀਏ ਵੀ ਗਹਿਣਿਆਂ ਸਮੇਤ ਖੜੇ ਸਨ। ਉਹ ਸਿੱਖਾਂ ਵਲੋਂ ਦਿਤੀ ਭੇਟਾ ਦੀਆਂ ਅਰਦਾਸਾਂ ਕਰਦੇ ਸਨ। ਬਹੁਤ ਵੱਡਾ ਮਖ਼ਮਲ ਦਾ ਫਰਸ਼ ਵਿਛਾਇਆ ਹੋਇਆ ਸੀ, ਜਿਹੜੇ ਚਾਰੋਂ ਪਾਸੇ ਬਹੁਤ ਸੁੰਦਰ ਸ਼ੋਭ ਰਿਹਾ ਸੀ ॥੧੮॥

ਬਹੁਤ ਮੋਲ ਕੇ ਬਿਛੇ ਗਲੀਚੇ। ਚੋਆ ਅਤਰ ਸੁਗੰਧਿ ਉਲੀਚੇ।
ਚਹੁੰਦਿਸ਼ਿ ਤੇ ਮਹਿਕਾਰ ਉਠੰਤੀ। ਜ਼ਰੀਦਾਰ ਗਾਦੀ ਦੁਤਿਵੰਤੀ ॥ ੧੯ ॥

ਬਹੁਤ ਕੀਮਤੀ ਗਲੀਚੇ ਵਿਛੇ ਹੋਏ ਸਨ, ਚੰਦਨ ਚੋਆ ਇਤਰ ਆਦਿ ਦੀਆਂ ਸੁਗੰਧੀਆਂ ਦਾ ਛਿੜਕਾਅ ਕੀਤਾ ਹੋਇਆ ਸੀ। ਚਾਰੇ ਪਾਸੇ ਮਹਿਕ ਉੱਠਦੀ ਸੀ, ਜ਼ਰੀਦਾਰ ਗੱਦੀ ਬਹੁਤ ਚਮਕ ਰਹੀ ਸੀ ॥੧੯॥

ਬਡ ਉਪਧਾਨੁ ਧਰੇ ਇਕ ਓਰੇ। ਗੁੰਫੇ ਜ਼ਰੀ ਸੁ ਰੇਸ਼ਮ ਡੋਰੇ।
ਬੈਠੇ ਬੀਚ ਗੁਰੂ ਹਰਿਰਾਇ। ਕੋ ਉਪਮਾ ਕਵਿ ਕਹੈ ਬਨਾਇ ॥ ੨੦ ॥

ਵੱਡਾ ਸਿਰਹਾਣਾ ਇਕ ਪਾਸੇ ਧਰਿਆ ਹੋਇਆ ਸੀ, ਜਿਸ ਨੂੰ ਜ਼ਰੀ ਦੇ ਗੁੰਡੇ ਰੇਸ਼ਮ ਦੀਆਂ ਡੋਰਾਂ ਨਾਲ ਬੰਨ੍ਹੇ ਹੋਏ ਸਨ। ਵਿਚਕਾਰ ਗੁਰੂ ਹਰਿਰਾਇ ਜੀ ਬੈਠੇ ਹੋਏ ਸਨ, ਉਨ੍ਹਾਂ ਦੀ ਉਪਮਾ ਵਿਚ ਕਵੀ ਕਵਿਤਾਵਾਂ ਬਣਾ ਕੇ ਪੜ੍ਹ ਰਹੇ ਸਨ ॥੨੦॥

ਸ਼ੱਕ੍ਰ ਸਹਤਿ ਸੁਰ ਗਨ ਪਰਵਾਰਤਿ। ਬੈਠੇ ਬਿਸ਼ਨੁ ਮਨਹੁੰ ਦੁਤਿ ਧਾਰਤਿ।
ਇਕ ਸੌ ਏਕ ਪਾਟ ਗਰ ਜਾਮਾ। ਬਹੁ ਸੂਖਮ ਸ਼ੋਭਤਿ ਅਭਿਰਾਮਾ ॥ ੨੧ ॥

ਜਿਵੇਂ ਇੰਦਰ ਆਪਣੇ ਦੇਵਤਿਆਂ ਦੇ ਪਰਿਵਾਰ ਸਹਿਤ ਬੈਠੇ ਹੋਣ, ਮਾਨੋਂ ਵਿਸ਼ਨੂੰ ਨੇ ਸ਼ੋਭਾ ਧਾਰਨ ਕੀਤੀ ਹੋਵੇ। ਇਕ ਸੌ ਇਕ ਕਲੀਆਂ ਵਾਲਾ ਜਾਮਾ ਪਾਇਆ ਹੋਇਆ ਸੀ, ਉਹ ਬੜਾ ਸੂਖਮ ਸੀ ਤੇ ਬੜਾ ਸੁੰਦਰ ਸੋਭ ਰਿਹਾ ਸੀ॥੨੧॥

ਕੁੰਡਲ ਕਰਨ ਦਿਪਤ ਹੈਂ ਮੋਤੀ। ਕਟਕ ਜਰਾਉ ਜੋਤਿ ਉਦੋਤੀ।
ਨਵਰਤਨੇ ਸਹਿਤਿ ਇਸ ਭਾਂਤੀ। ਨਵ ਗ੍ਰੈਹ ਬੈਠੇ ਕਰਿ ਜਨੁ ਪਾਂਤੀ॥ ੨੨॥

ਕੰਨਾਂ ਵਿਚ ਕੁੰਡਲ ਪਾਏ ਹੋਏ ਹਨ, ਜਿਨ੍ਹਾਂ ਦੇ ਮੋਤੀ ਚਮਕ ਰਹੇ ਹਨ। ਜੜਾਊ ਕੜੇ ਪਾਏ ਹੋਏ ਹਨ, ਜਿਨ੍ਹਾਂ ਦੀ ਜੋਤੀ ਬਹੁਤ ਪ੍ਰਕਾਸ਼ਮਈ ਹੈ। ਨੌ ਰਤਨਾਂ ਨਾਲ ਜੜੀਆਂ ਹੋਈਆਂ ਮਾਲਾਵਾਂ ਇਸ ਤਰ੍ਹਾਂ ਲੱਗ ਰਹੀਆਂ ਹਨ, ਮਾਨੋਂ ਨੌਂ ਗ੍ਰਹਿ ਇਕ ਪੰਗਤੀ ਵਿਚ ਬੈਠੇ ਹੋਏ ਹੋਣ॥੨੨॥

ਮੁਕਤਾ ਮਾਲ ਅਮੋਲ ਬਿਸਾਲਾ। ਸੁਰਸਰਿ ਜਲ ਧਾਰਾ ਜਨੁ ਚਾਲਾ।
ਪਾਗ ਪੇਚ ਬਾਂਧੇ ਬਿਚ ਖਰੀ। ਊਪਰਿ ਜਿਗਾ ਜਰਾਉਨਿ ਜਰੀ॥ ੨੩॥

ਮੋਤੀਆਂ ਦੀ ਮਾਲਾ ਬੜੀ ਅਮੋਲਕ ਹੈ, ਮਾਨੋਂ ਗੰਗਾ ਨਦੀ ਦੇ ਜਲ ਦੀ ਧਾਰਾ ਚਲ ਰਹੀ ਹੋਵੇ। ਸਿਰ 'ਤੇ ਸੁੰਦਰ ਪੱਗ ਬੱਧੀ ਹੋਈ ਹੈ ਤੇ ਉਪਰ ਹੀਰੇ ਮੋਤੀਆਂ ਨਾਲ ਜੜੀ ਜਿਗ੍ਹਾ ਅਤੇ ਕਲਗੀ ਹੈ॥੨੩॥

ਸਬਜ਼ੇ ਸਭਿ ਜੇ ਹੀਰਨ ਸੰਗ। ਸਸਿ ਡਕਰੇ ਜਨੁ ਉੱਜਲ ਰੰਗ।
ਚਮਰ ਚਾਰੁ ਊਪਰ ਕੋ ਫਿਰਿਹੀ। ਬਿਸਦ ਮਰਾਲਨਿ ਕੇ ਸਮਸਰ ਹੀ॥ ੨੪॥

ਜਿਸ ਵਿਚ ਚੰਦ ਦੀਆਂ ਟੁਕੜੀਆਂ ਵਾਂਗ ਉੱਜਲ ਹੀਰਿਆਂ ਨਾਲ ਸਾਰੇ ਪੰਨੇ ਜੜੇ ਹੋਏ ਹਨ। ਸੋਨੇ ਦਾ ਚੌਰ ਉੱਤੇ ਫਿਰ ਰਿਹਾ ਹੈ ਜਿਹੜਾ ਇੰਝ ਲੱਗਦਾ ਹੈ ਜਿਵੇਂ ਸਫੈਦ ਹੰਸ ਉਡਾਰੀਆਂ ਮਾਰ ਰਿਹਾ ਹੋਵੇ॥੨੪॥

ਸਿਪਰ ਖੜਗ ਗੁਰ ਧਾਰਨਿ ਕਰਜੋ। ਨਿਕਟਿ ਸਰਾਸਨ ਇਖਧੀ ਧਰਜੋ।
ਇਤ ਰਾਜੇ ਦੋਨਹੁੰ ਮਿਲਿ ਕਰਿ ਕੈ। ਆਵਤਿ ਭੇ ਮਸਲਤ ਕੋ ਧਰਿ ਕੈ॥੨੫॥

ਗੁਰੂ ਜੀ ਨੇ ਢਾਲ ਤੇ ਕਿਰਪਾਨ ਧਾਰਨ ਕੀਤੀ ਹੋਈ ਹੈ, ਨੇੜੇ ਹੀ ਧਨੁੱਖ ਅਤੇ ਤੀਰਾਂ ਦੇ ਭੱਥੇ ਧਰੇ ਹੋਏ ਹਨ। ਏਧਰ ਉਹ ਦੋਵੇਂ ਰਾਜੇ ਆਪਸ ਵਿਚ ਸਲਾਹ ਕਰਕੇ ਆ ਗਏ॥੨੫॥

ਜੇ ਕਰਿ ਜਾਚਜੋ ਦੇਹਿਂ ਨ ਹਾਥੀ। ਸੁਭਟ ਸੈਨ ਬਡ ਦੋਨੋ ਸਾਥੀ।
ਬਲ ਕਰਿ ਛੀਨ ਲੇਹਿਂ ਲੇ ਚਲਿ ਹੈਂ। ਕਹਾਂ ਗੁਰੂ ਕਜਾ ਹਮਰੇ ਤੁਲ ਹੈ॥੨੬॥

ਉਨ੍ਹਾਂ ਸਲਾਹ ਕੀਤੀ ਸੀ ਕਿ ਜੇਕਰ ਗੁਰੂ ਜੀ ਮੰਗਣ ਨਾਲ ਹਾਥੀ ਨਹੀਂ ਦੇਣਗੇ ਤਾਂ ਸਾਡੇ ਦੋਵਾਂ ਪਾਸ ਸੂਰਮਿਆਂ ਦੀ ਬਹੁਤ ਵੱਡੀ ਸੈਨਾ ਹੈ। ਤਾਕਤ ਨਾਲ ਖੋਹ ਲਵਾਂਗੇ ਤੇ ਹਾਥੀ ਲੈ ਜਾਵਾਂਗੇ। ਗੁਰੂ ਕੌਣ ਹੈ ਜਿਹੜਾ ਸਾਡੀ ਬਰਾਬਰੀ ਕਰ ਲਵੇਗਾ॥੨੬॥

ਇਹ ਬੁਧਿ ਕਰਿ ਭੂਪਤਿ ਅੱਗਜਾਨੀ। ਆਏ ਨਿਕਟਿ ਰਾਜ ਮਦ ਮਾਨੀ।
ਅੰਤਰਜਾਮੀ ਸ੍ਰੀ ਹਰਿਰਾਇ। ਜਾਨੀ ਸਭਿ ਜੋ ਮਤਿ ਠਹਿਰਾਇ॥ ੨੭॥

ਇਹ ਸਲਾਹ ਕਰਕੇ ਦੋਵੇਂ ਮੂਰਖ ਰਾਜੇ, ਜਿਹੜੇ ਆਪਣੇ ਰਾਜ ਦੇ ਨਸ਼ੇ ਵਿਚ ਮਸਤ ਸਨ, ਗੁਰੂ ਜੀ ਦੇ ਪਾਸ ਆਏ। ਅੰਤਰਜਾਮੀ ਸ੍ਰੀ ਹਰਿਰਾਇ ਜੀ ਨੇ ਸਾਰੀ ਗੱਲ ਜਾਣ ਲਈ ਜੋ ਉਨ੍ਹਾਂ ਆਪਣੀ ਬੁੱਧੀ ਵਿਚ ਠਹਿਰਾਈ ਹੋਈ ਸੀ॥੨੭॥

ਨਾਸ਼ ਕਰੈਂ ਇਨ ਕੋ ਹੰਕਾਰ। ਬੇਮੁਖ ਮਤਿ ਕੇ ਅੰਧ ਗੁਬਾਰ।
ਇਮ ਸਤਿਗੁਰ ਨੇ ਮਤਿ ਠਹਿਰਾਈ। ਤਬਿ ਨ੍ਰਿਪ ਆਏ ਭਟ ਸਮੁਦਾਈ॥੨੮॥

ਗੁਰੂ ਜੀ ਨੇ ਸੋਚਿਆ ਕਿ ਇਨ੍ਹਾਂ ਦਾ ਹੰਕਾਰ ਦੂਰ ਕਰਦੇ ਹਾਂ। ਇਹ ਬੇਮੁਖ ਮੱਤ ਦੇ ਅੰਨ੍ਹੇ ਹੰਕਾਰੀ ਹਨ। ਇਸ ਤਰ੍ਹਾਂ

ਸਤਿਗੁਰੂ ਜੀ ਨੇ ਵਿਚਾਰ ਬਣਾਈ। ਤਦ ਰਾਜੇ ਆਪਣੇ ਸੂਰਮਿਆਂ ਸਹਿਤ ਆ ਗਏ॥੨੮॥

ਪਦ ਅਰਬਿੰਦ ਬੰਦਨਾ ਕਰਿਕੈ। ਬੈਠੇ ਨਿਕਟਿ ਹਰਖ ਹੰ ਕਰਿ ਕੈ।
ਭਟ ਸਭਿ ਸਚਿਵ ਪਹਾਰ ਪਤੀ ਕੇ। ਕਰਿ ਕਰਿ ਨਮੋ ਸਭਾ ਥਿਤ ਨੀਕੇ॥੨੯॥

ਚਰਨ ਕੰਵਲਾਂ 'ਤੇ ਬੰਦਨਾ ਕਰਕੇ ਤੇ ਹੰਕਾਰ ਵਿਚ ਭਰੇ ਪਾਸ ਬੈਠ ਗਏ। ਸਾਰੇ ਸੂਰਮੇ ਅਤੇ ਪਹਾੜੀ ਰਾਜਿਆਂ ਦੇ ਵਜ਼ੀਰ ਨਮਸਕਾਰ ਕਰ ਕਰ ਕੇ ਚੰਗੀ ਤਰ੍ਹਾਂ ਬੈਠ ਗਏ॥੨੯॥

ਕੁਸ਼ਲ ਪ੍ਰਸ਼ਨ ਕਰਿ ਸ੍ਰੀ ਹਰਿਰਾਇ। ਕਿਤਿਕ ਬਾਰਤਾ ਅਪਰ ਚਲਾਇ।
ਬਹੁਰ ਕਹ੍ਯੋ 'ਮੱਲਜਨਿ ਕੋ ਘੁਰਿਬੋ। ਭੋ ਭੂਪਤਿ ! ਤੁਮ ਕਰਹੁ ਨਿਹਰਿਬੋ' ॥੩੦॥

ਸ੍ਰੀ ਗੁਰੂ ਹਰਿਰਾਇ ਜੀ ਨੇ ਸੁਖ ਸਾਂਦ ਪੁੱਛੀ ਤੇ ਕਈ ਹੋਰ ਗੱਲਾਂ ਵੀ ਚਲਾਈਆਂ। ਫਿਰ ਕਿਹਾ, "ਪਹਿਲਵਾਨਾਂ ਦਾ ਘੋਲ ਹੋਣ ਵਾਲਾ ਹੈ, ਹੇ ਰਾਜਾਨ ! ਤੁਸੀਂ ਵੀ ਵੇਖੋ" ॥੩੦॥

ਇਮ ਕਹਿ ਸ੍ਰੀ ਗੁਰ ਮੱਲਜ ਬੁਲਾਏ। ਸੁਨਤਿ ਹੁਕਮ ਕੋ ਸੋ ਚਲਿ ਆਏ।
ਜਿਨ ਕੇ ਤਨ ਦੀਰਘ ਬਲ ਭਾਰੇ। ਨ੍ਰਿਪਨਿ ਕਬਹੁੰ ਅਸ ਨਹੀਂ ਨਿਹਾਰੇ॥੩੧॥

ਇਸ ਤਰ੍ਹਾਂ ਕਹਿ ਕੇ ਗੁਰੂ ਜੀ ਨੇ ਪਹਿਲਵਾਨਾਂ ਨੂੰ ਬੁਲਾਇਆ। ਹੁਕਮ ਸੁਣ ਕੇ ਉਹ ਚਲ ਕੇ ਆ ਗਏ, ਜਿਨ੍ਹਾਂ ਦੇ ਸਰੀਰ ਬਹੁਤ ਵੱਡੇ ਸਨ ਅਤੇ ਉਹ ਬੜੇ ਬਲਵਾਨ ਸਨ। ਉਨ੍ਹਾਂ ਰਾਜਿਆਂ ਨੇ ਅਜਿਹੇ ਪਹਿਲਵਾਨ ਪਹਿਲਾਂ ਕਿਤੇ ਨਹੀਂ ਸਨ ਵੇਖੇ॥੩੧॥

ਕਿਸ ਕੋ ਮੱਲ ਭਿਰੈ ਅਬਿ ਆਇ। ਪ੍ਰਾਨ ਹਾਨਿ ਕਰਿ ਦੇਤਿ ਗਿਰਾਇ।
ਡਰਤਿ ਨ ਸਨਮੁਖ ਹੋਵਹਿ ਕੋਈ। ਕੁਸ਼ਤੀ ਕਰਤਿ ਪਰਸਪਰ ਦੋਈ॥ ੩੨॥

ਕਿਸੇ ਦਾ ਪਹਿਲਵਾਨ ਆ ਕੇ ਇਨ੍ਹਾਂ ਨਾਲ ਘੁਲੇ ਤਾਂ ਉਸ ਦੇ ਪ੍ਰਾਣ ਕੱਢ ਕੇ ਡੇਗ ਦੇਣਗੇ। ਡਰਦਾ ਕੋਈ ਸਾਹਮਣੇ ਨਹੀਂ ਹੁੰਦਾ, ਇਸ ਲਈ ਇਹ ਹੁਣ ਦੋਵੇਂ ਹੀ ਆਪਸ ਵਿਚ ਕੁਸ਼ਤੀ ਲੜਨ ਲਈ ਤਿਆਰ ਹੋ ਗਏ ਹਨ॥੩੨॥

ਆਨਿ ਤਿਨਹੁੰ ਅਭਿਬੰਦਨ ਠਾਨੀ। ਦੇਖਿ ਦੁਹਨਿ ਦਿਸ਼ ਗੁਰੂ ਬਖਾਨੀ।
'ਭਿਰਹੁ ਪਰਸਪਰ ਨ੍ਰਿਪਨਿ ਦਿਖਾਵਹੁ। ਜ਼ੋਰ ਆਪਨੋ ਸਕਲ ਜਨਾਵਹੁ' ॥੩੩॥

ਉਨ੍ਹਾਂ ਨੇ ਆ ਕੇ ਗੁਰੂ ਜੀ ਨੂੰ ਬੰਦਨਾ ਕੀਤੀ ਤੇ ਦੋਵਾਂ ਵਲ ਵੇਖ ਕੇ ਗੁਰੂ ਜੀ ਨੇ ਕਿਹਾ, "ਆਪਸ ਵਿਚ ਭਿੜ ਕੇ ਇਨ੍ਹਾਂ ਰਾਜਿਆਂ ਨੂੰ ਵਿਖਾਵੋ, ਆਪਣਾ ਸਾਰਾ ਜ਼ੋਰ ਪ੍ਰਗਟ ਕਰੋ" ॥੩੩॥

ਹੁਕਮ ਪਾਇ ਕਰਿ ਬੰਦਨ ਦੋਊ। ਭਿਰੇ, ਬਿਲੋਕਤਿ ਹੈ ਸਭਿ ਕੋਊ।
ਭੁਜਨਿ ਠੋਕਤੇ ਸ਼ਬਦ ਉਠਾਵੈਂ। ਨਰਨ ਪਹਾਰੀ ਰਿਦੇ ਡਰਾਵੈਂ॥ ੩੪॥

ਹੁਕਮ ਸੁਣ ਕੇ ਦੋਵਾਂ ਨੇ ਬੰਦਨਾ ਕੀਤੀ ਤੇ ਫਿਰ ਭਿੜ ਪਏ। ਭਿੜਦਿਆਂ ਨੂੰ ਸਾਰੇ ਵੇਖ ਰਹੇ ਸਨ। ਬਾਹਾਂ ਠੋਕਦੇ, ਆਵਾਜ਼ਾਂ ਕੱਢਦੇ ਸਨ, ਪਹਾੜੀ ਮਨੁੱਖ ਵੇਖ-ਵੇਖ ਹਿਰਦੇ ਵਿਚ ਬਹੁਤ ਡਰ ਰਹੇ ਸਨ॥੩੪॥

ਊਪਰ ਤਰੇ ਦਾਵ ਬਹੁ ਕਰੈਂ। ਧਰਤੀ ਗਰਤ ਭਯੋ ਜਿਤ ਫਿਰੈਂ।
ਇਤ ਉਤ ਹੋਤਿ ਅੰਕ ਭਰਿ ਪਰੈਂ। ਕਬਿ ਊਪਰਿ ਕਬਿ ਹੋਵਸਿ ਤਰੈ॥ ੩੫॥

ਉਪਰ ਥੱਲੇ ਬਹੁਤ ਦਾਅ ਲਾਉਂਦੇ ਸਨ। ਜਿੱਥੇ ਫਿਰਦੇ ਸਨ, ਉਥੇ ਧਰਤੀ 'ਤੇ ਟੋਏ ਪੈ ਜਾਂਦੇ ਸਨ। ਏਧਰ ਓਧਰ ਜੱਫੇ ਭਰਦੇ ਸਨ। ਕਦੀ ਉਪਰ ਹੁੰਦੇ ਸਨ ਤੇ ਕਦੇ ਥੱਲੇ ਹੁੰਦੇ ਸਨ॥੩੫॥

ਭਖ ਭਯਾਨਕ ਭੂਰ ਭਏ ਹੈਂ। ਮਹਾਂ ਓਜ ਤੇ ਤੇਜ ਤਏ ਹੈਂ।
ਦ੍ਵੈ ਘਟਿਕਾ ਲਗਿ ਆਪਸ ਮਾਂਹੀ। ਭਿਰਤਿ ਦਾਵ ਨਾਨਾ ਦਿਖਰਾਹੀਂ॥ ੩੬॥

ਭਿਆਨਕ ਰੂਪ ਵਿਚ ਭਖ ਕੇ ਇਕ ਦੂਸਰੇ ਨੂੰ ਪੈ ਗਏ। ਮਹਾਨ ਸ਼ਕਤੀਸ਼ਾਲੀ ਹੋਣ ਕਰਕੇ ਤੇਜ ਨਾਲ ਬਹੁਤ ਭਖ ਉਠੇ। ਦੋ ਘੜੀਆਂ ਤਕ ਆਪਸ ਵਿਚ ਭਿੜਦੇ ਰਹੇ ਤੇ ਭਿੜਦਿਆਂ ਉਨ੍ਹਾਂ ਕਈ ਪ੍ਰਕਾਰ ਦੇ ਦਾਅ ਵਿਖਾਏ॥੩੬॥

ਦੋਨੋ ਸਮ ਬਲ ਧਾਰਤਿ ਰਹੇ। ਨਿਕਟਿ ਬੁਲਾਇ ਗੁਰੂ ਬਚ ਕਹੇ।
'ਅਪਰ ਮੱਲ ਨਹਿਂ ਥਿਰਹਿ ਅਗਾਰੀ। ਹੇਰਤਿ, ਰਹੇ ਤ੍ਰਾਸ ਕਰਿ ਭਾਰੀ॥ ੩੭॥

ਦੋਵੇਂ ਬਰਾਬਰ ਦਾ ਬਲ ਧਾਰਨ ਕਰਦੇ ਰਹੇ, ਫਿਰ ਗੁਰੂ ਜੀ ਨੇ ਪਾਸ ਬੁਲਾ ਕੇ ਬਚਨ ਕਹੇ, "ਹੋਰ ਕੋਈ ਪਹਿਲਵਾਨ ਤੁਹਾਡੇ ਅੱਗੇ ਠਹਿਰ ਨਹੀਂ ਸਕਦਾ, ਬਹੁਤ ਡਰ ਧਾਰਨ ਕਰਕੇ ਤੁਹਾਨੂੰ ਵੇਖਦੇ ਰਹੇ ਹਨ॥੩੭॥

ਤੁਮ ਸਮ ਹੋ, ਕਮ ਬਲ ਨਹਿ ਕੋਊ। ਦੇਖੇ ਸਭਿਨਿ ਭਿਰਤਿ ਅਬਿਦੋਊ।
ਨਿਰਨੇ ਕਰਿ ਨਿਜ ਬਲ ਕੋ ਕਹੀਅਹਿ। ਕਿਤਿਕ ਧਰਤਿ ਹੋ,ਹਮ ਤਿਸ ਲਹੀਅਹਿ' ॥੩੮॥

ਤੁਸੀਂ ਬਰਾਬਰ ਦੇ ਸ਼ਕਤੀਸ਼ਾਲੀ ਹੋ। ਕਿਸੇ ਵਿਚ ਵੀ ਘੱਟ ਬਲ ਨਹੀਂ ਹੈ। ਹੁਣ ਤੁਹਾਨੂੰ ਦੋਹਾਂ ਨੂੰ ਭਿੜਦਿਆਂ ਸਾਰਿਆਂ ਨੇ ਵੇਖਿਆ ਹੈ। ਨਿਰਨੇ ਕਰਕੇ ਆਪਣੀ ਸ਼ਕਤੀ ਬਾਰੇ ਕਹੋ, ਕਿ ਤੁਹਾਡੇ ਅੰਦਰ ਕਿੰਨੀ ਸ਼ਕਤੀ ਹੈ, ਅਸੀਂ ਉਸ ਨੂੰ ਜਾਣੀਏ" ॥੩੮॥

ਹਾਥ ਜੋਰਿ ਬੋਲੇ ਤਿਹ ਸਮੈ। 'ਕ੍ਰਿਪਾ ਆਪ ਕੀ ਕੋ ਬਲ ਹਮੈਂ।
ਕੂਰ ਨ ਕਹੈਂ ਸਭਾ ਮਹਿਂ ਅਬੈ। ਨਿਜ ਬਲ ਸ਼ਕਤਿ ਸੁਨਾਵਤਿ ਸਬੈ॥ ੩੯॥

ਹੱਥ ਜੋੜ ਕੇ ਉਸ ਸਮੇਂ ਬੋਲੇ, "ਤੁਹਾਡੀ ਕ੍ਰਿਪਾ ਸਦਕਾ ਹੀ ਸਾਡੇ ਵਿਚ ਬਲ ਹੈ, ਅਸੀਂ ਹੁਣ ਸਾਰਿਆਂ ਵਿਚ ਝੂਠ ਨਹੀਂ ਕਹਿੰਦੇ ਹਾਂ, ਹੁਣ ਆਪਣਾ ਬਲ ਅਤੇ ਸ਼ਕਤੀ ਬਾਰੇ ਸਭ ਕੁਝ ਸੁਣਾਉਂਦੇ ਹਾਂ॥੩੯॥

ਤੁਮ ਢਿਗ ਰਾਜੇ ਜੇ ਇਨ ਰਾਜ। ਸਕਲ ਬਾਹਨੀ ਸਹਤ ਸਮਾਜ।
ਇਨ ਦੋਇਨਿ ਕੇ ਸੈਨ ਉਠਾਇ। ਨਿਜ ਹਾਥਨਿ ਤੇ ਦੇ ਉਲਟਾਇ॥ ੪੦॥

ਤੁਹਾਡੇ ਪਾਸੇ ਜਿਹੜੇ ਇਨ੍ਹਾਂ ਰਾਜਾਂ ਦੇ ਰਾਜੇ ਬੈਠੇ ਹਨ, ਸਾਰੀ ਸੈਨਾ ਅਤੇ ਸਾਜ਼ੋ-ਸਾਮਾਨ ਸਹਿਤ, ਇਨ੍ਹਾਂ ਦੋਹਾਂ ਦੀਆਂ ਸੈਨਾਵਾਂ ਨੂੰ ਚੁੱਕ ਕੇ ਉਠਾ ਲਵਾਂਗੇ ਤੇ ਆਪਣੇ ਹੱਥਾਂ ਨਾਲ ਉਲਟਾ ਦੇਵਾਂਗੇ॥੪੦॥

ਗਿਰ ਕਹਿਲੂਰ ਹੰਡੂਰਨਿ ਜੋਇ। ਦੋ ਹਮ ਕਰੈਂ ਉਚਾਵਨਿ ਦੋਇ।
ਕਹਹੁ ਪਰਸਪਰ ਦੇਹਿਂ ਭਿਰਾਇ। ਚੂਰਨਿ ਹੋਇ ਪਰਹਿਂ ਧਰ ਜਾਇ॥ ੪੧॥

ਇਹ ਜਿਹੜੇ ਕਹਿਲੂਰ ਅਤੇ ਹੰਡੂਰ ਦੇ ਦੋ ਪਹਾੜ ਹਨ, ਅਸੀਂ ਦੋਵੇਂ ਉਨ੍ਹਾਂ ਦੋਹਾਂ ਪਹਾੜਾਂ ਨੂੰ ਚੁੱਕ ਸਕਦੇ ਹਾਂ। ਜੇ ਕਹੋ ਤਾਂ ਅਸੀਂ ਦੋਵਾਂ ਪਹਾੜਾਂ ਨੂੰ ਆਪਸ ਵਿਚ ਟਕਰਾਅ ਦੇਈਏ ਤੇ ਉਹ ਪਹਾੜ ਧਰਤੀ ਉੱਤੇ ਚੂਰਾ-ਚੂਰਾ ਹੋ ਕੇ ਡਿੱਗ ਪੈਣਗੇ॥੪੧॥

ਹੁਕਮ ਆਪ ਕਰਿਬੇ ਕੀ ਦੇਰਿ। ਕਹੋ ਕਰਹਿਂ, ਨਹਿਂ ਬਿਲਮਹਿਂ ਫੇਰਿ।
ਕਹਜੋ ਹਮਾਰੋ ਕੂਰ ਨ ਜਾਨਹੁ। ਲਖਹੁ ਕੂਰ, ਪਤੀਆਵਨ ਠਾਨਹੁ' ॥ ੪੨॥

ਤੁਹਾਡਾ ਹੁਕਮ ਕਰਨ ਦੀ ਦੇਰ ਹੈ, ਫਿਰ ਅਸੀਂ ਕੋਈ ਦੇਰੀ ਨਹੀਂ ਕਰਾਂਗੇ। ਸਾਡਾ ਕਿਹਾ ਝੂਠਾ ਨਾ ਜਾਣੋ, ਜੇ ਝੂਠ ਸਮਝਦੇ ਹੋ ਤਾਂ ਪਰਖ ਕਰ ਲਵੋ" ॥੪੨॥

ਸੁਨਿ ਤਿਨ ਤੇ ਰਾਜੇ ਉਰ ਡਰੇ। ਮਹਾਂ ਤ੍ਰਾਸ ਤੇ ਕੰਪਾ ਧਰੇ।
ਹਮਰੇ ਮਨ ਕੀ ਗੁਰ ਨੇ ਜਾਨੀ। ਯਾਂਤੇ ਇਹ ਲੀਲ੍ਹਾ ਅਬਿ ਠਾਨੀ॥ ੪੩॥

ਉਨ੍ਹਾਂ ਪਾਸੋਂ ਇਹ ਸੁਣ ਕੇ ਦੋਵੇਂ ਰਾਜੇ ਹਿਰਦੇ ਵਿਚ ਬਹੁਤ ਡਰ ਗਏ ਅਤੇ ਡਰ ਕੇ ਕੰਬਣ ਲੱਗ ਪਏ। ਸੋਚਣ ਲੱਗੇ ਕਿ ਗੁਰੂ ਜੀ ਨੇ ਸਾਡੇ ਦਿਲ ਦੀ ਗੱਲ ਜਾਣ ਲਈ ਹੈ, ਇਸ ਕਰਕੇ ਹੀ ਇਹ ਲੀਲ੍ਹਾ ਕੀਤੀ ਹੈ॥੪੩॥

ਕਰਾਮਾਤ ਸਾਹਿਬ ਬਡ ਜਾਨੇ। ਰਾਜ ਹੰਕਾਰ ਆਪਨੋ ਹਾਨੇ।
ਉਠਿ ਦੋਨਹੁ ਤਬਿ ਚਰਨੀ ਪਰੇ। ਨਿਰ ਹੰਕਾਰ ਬਿਨੈ ਬਹੁ ਕਰੇ॥ ੪੪॥

ਗੁਰੂ ਜੀ ਨੂੰ ਵੱਡੀ ਕਰਾਮਾਤ ਦਾ ਸਾਹਿਬ ਜਾਣਿਆ ਤੇ ਉਨ੍ਹਾਂ ਦਾ ਆਪਣੇ-ਆਪਣੇ ਰਾਜ ਦਾ ਹੰਕਾਰ ਦੂਰ ਹੋ ਗਿਆ। ਉਠ ਕੇ ਫਿਰ ਦੋਵੇਂ ਚਰਨਕੰਵਲਾਂ 'ਤੇ ਢਹਿ ਪਏ। ਹੰਕਾਰ ਰਹਿਤ ਹੋ ਕੇ ਬਹੁਤ ਬੇਨਤੀਆਂ ਕੀਤੀਆਂ॥੪੪॥

'ਹਮ ਅੱਗਜਾਤ ਰਾਜ ਹੰਕਾਰੀ। ਬੁੱਧੀ ਭੂਲਨਹਾਰ ਹਮਾਰੀ।
ਬਖਸ਼ ਲੇਹੁ ਪ੍ਰਭੁ ਕਰੁਨਾ ਕਰਿਕੈ। ਦਾਸ ਆਪਨੇ ਰਿਦੇ ਬਿਚਰਿਕੈ' ॥ ੪੫॥

"ਅਸੀਂ ਅਗਿਆਨੀ ਰਾਜ ਦਾ ਹੰਕਾਰ ਕਰਦੇ ਸਾਂ, ਸਾਡੀ ਬੁੱਧੀ ਭੁਲਣਹਾਰ ਹੈ। ਹੇ ਪ੍ਰਭੂ ਜੀ! ਕਿਰਪਾ ਕਰਕੇ ਬਖਸ਼ ਲਵੋ, ਸਾਨੂੰ ਆਪਣੇ ਹਿਰਦੇ ਵਿਚ ਦਾਸ ਜਾਣੋ" ॥੪੫॥

ਬਿਕਸੇ ਸਤਿਗੁਰੁ ਪਿਖੇ ਨਰੇਸ਼। ਕ੍ਰਿਪਾ ਠਾਨਿ ਕੀਨਸਿ ਉਪਦੇਸ਼।
'ਗੁਰ ਘਰ ਸੋਂ ਹੰਕਾਰ ਨ ਕਰੀਅਹਿ। ਨਹੀਂ ਆਪ ਕੋ ਅਧਿਕ ਬਿਚਰੀਅਹਿ' ॥੪੬॥

ਸਤਿਗੁਰੂ ਜੀ ਉਨ੍ਹਾਂ ਰਾਜਿਆਂ ਨੂੰ ਵੇਖ ਕੇ ਮੁਸਕਰਾਏ ਤੇ ਕਿਰਪਾ ਧਾਰ ਕੇ ਉਨ੍ਹਾਂ ਨੂੰ ਉਪਦੇਸ਼ ਦਿੱਤਾ, "ਗੁਰੂ ਘਰ ਨਾਲ ਹੰਕਾਰ ਨਾ ਕਰੋ ਤੇ ਆਪਣੇ ਆਪ ਨੂੰ ਵੱਡਾ ਨਾ ਸਮਝੋ" ॥੪੬॥

ਦੋਹਰਾ- ਸੁਨਿ ਸਤਿਗੁਰ ਉਪਦੇਸ਼ ਕੋ ਨੰਮ੍ਰਿ ਤੇਜ ਹੰਕਾਰ।
ਬਿਦਾ ਹੋਇ ਗਮਨੇ ਸਦਨ ਰਾਜੇ ਜੁਗਮ ਉਦਾਰ॥ ੪੭॥

ਸਤਿਗੁਰੂ ਜੀ ਦੇ ਉਪਦੇਸ਼ ਨੂੰ ਸੁਣ ਕੇ ਦੋਵੇਂ ਰਾਜੇ ਹੰਕਾਰ ਦੇ ਤੇਜ ਨੂੰ ਛੱਡ ਕੇ ਨੀਵੇਂ ਹੋ ਗਏ ਤੇ ਦੋਵੇਂ ਆਪਣੇ ਘਰਾਂ ਨੂੰ ਚਲੇ ਗਏ॥੪੭॥

*ਨੌਵੀਂ ਰਾਸ ਦਾ ਸਤਵਾਂ ਅਧਿਆਇ ਸਮਾਪਤ ਹੋਇਆ॥੭॥*

## ਅਧਿਆਇ ਅਠਵਾਂ

### ਭਗਤ ਭਗਵਾਨ

ਦੋਹਰਾ- ਸੰਨਜਾਸੀ 'ਭਗਵਾਨ ਗਿਰ' ਬਿਚਰਜੋ ਦੇਸ਼ ਬਿਦੇਸ਼।
ਆਵਤਿ ਭਯੋ ਪੰਜਾਬ ਮਹਿਂ ਜਿਸ ਕੇ ਭਾਗ ਵਿਸ਼ੇਸ਼॥ ੧॥

ਸੰਨਿਆਸੀ 'ਭਗਵਾਨ ਗਿਰ' ਦੇਸ਼ਾਂ ਵਿਦੇਸ਼ਾਂ ਵਿਚ ਫਿਰਦਾ ਰਹਿੰਦਾ ਸੀ, ਉਹ ਵੱਡੇ ਭਾਗਾਂ ਵਾਲਾ ਪੰਜਾਬ ਵਿਚ ਆਇਆ॥੧॥

ਚੌਪਈ- ਜਹਿਂ ਕਹਿਂ ਮਹਿਮਾ ਸਤਿਗੁਰ ਕੇਰੀ। ਸਭਿਹਿਨਿ ਤੇ ਸੁਨਿ ਸ਼ੋਨ ਘਨੇਰੀ।
ਮਨ ਅਨੁਰਾਗ ਜਾਗਿਬੇ ਲਾਗਾ। ਦਰਸ਼ਨ ਚਾਹਤਿ ਭਾ ਵਡਭਾਗਾ॥੨॥

ਜਿਥੇ ਕਿਥੇ ਸਤਿਗੁਰੂ ਜੀ ਦੀ ਬਹੁਤ ਮਹਿਮਾ ਸੀ, ਸਭ ਪਾਸੋਂ ਵੱਡੀ ਸ਼ੋਭਾ ਆਪਣੇ ਕੰਨਾਂ ਨਾਲ ਸੁਣ ਕੇ, ਮਨ ਵਿਚ ਪ੍ਰੇਮ ਜਾਗਣ ਲੱਗਾ, ਵੱਡੇ ਭਾਗਾਂ ਵਾਲਾ ਗੁਰੂ ਜੀ ਦੇ ਦਰਸ਼ਨ ਕਰਨਾ ਚਾਹੁੰਦਾ ਸੀ॥੨॥

ਸੰਨਜਾਸੀ ਕੇ ਪੰਥ ਮਝਾਰਾ। ਧਨ ਕੁਲ ਕੋ ਅਭਿਮਾਨ ਨਿਵਾਰਾ।
ਧਰ ਲਾਲਸ ਦਰਸ਼ਨ ਕੋ ਆਵਾ। ਰਿਦੇ ਮਨੋਰਥ ਏਵ ਉਠਾਵਾ॥ ੩॥

ਸੰਨਿਆਸੀ ਦੇ ਪੰਥ ਵਿਚ ਹੋਣ ਦਾ ਅਤੇ ਧਨ ਤੇ ਕੁਲ ਦੇ ਅਭਿਮਾਨ ਨੂੰ ਦੂਰ ਕੀਤਾ। ਲਾਲਸਾ ਧਰ ਕੇ ਦਰਸ਼ਨਾਂ ਨੂੰ ਆਇਆ ਤੇ ਹਿਰਦੇ ਵਿਚ ਇਸ ਤਰ੍ਹਾਂ ਮਨੋਰਥ ਧਾਰਨ ਕੀਤਾ॥੩॥

ਜੇ ਕਰਿ ਪਰਮੇਸ਼ੁਰ ਅਵਤਾਰੂ। ਅਵਨੀ ਪਰਿ ਠਾਨਤਿ ਬਿਵਹਾਰੂ।
ਤੌ ਮੁਝ ਕੋ ਦਰਸ਼ਨ ਇਮ ਦੇਵੈਂ। ਰੂਪ ਚਤੁਰ ਭੁਜ ਕੋ ਧਰਿ ਲੇਵੈਂ॥ ੪॥

ਜੇਕਰ ਉਹ ਪਰਮੇਸ਼ਰ ਦਾ ਅਵਤਾਰ ਹਨ ਤੇ ਧਰਤੀ 'ਤੇ ਮਨੁੱਖਾ ਸਰੀਰ ਧਾਰ ਕੇ ਵਿਵਹਾਰ ਕਰ ਰਹੇ ਹਨ ਤਾਂ ਮੈਨੂੰ ਚਤੁਰਭੁਜ ਦੇ ਰੂਪ ਵਿਚ ਦਰਸ਼ਨ ਦੇਣ॥ ੪॥

ਮੈਂ ਪੁਨ ਬਨੌਂ ਸਿੱਖ ਇਨ ਕੇਰਾ। ਜਿਨ ਕੋ ਪਸਰਜੋ ਜਸੁ ਬਹੁਤੇਰਾ।
ਸਤਿਗੁਰ ਅੰਤਰਜਾਮੀ ਜਾਨਾ। ਬਨੇ ਚਤੁਰਭੁਜ ਰੂਪ ਸੁਜਾਨਾ॥ ੫॥

ਮੈਂ ਫਿਰ ਉਨ੍ਹਾਂ ਦਾ ਸਿੱਖ ਬਣ ਜਾਵਾਂਗਾ, ਜਿਨ੍ਹਾਂ ਦਾ ਜੱਸ ਬਹੁਤ ਫੈਲਿਆ ਹੋਇਆ ਹੈ। ਅੰਤਰਜਾਮੀ ਸਤਿਗੁਰੂ ਜੀ ਨੇ ਸਭ ਕੁਝ ਜਾਣ ਲਿਆ ਅਤੇ ਚਤੁਰਭੁਜ ਦਾ ਰੂਪ ਧਾਰਨ ਕਰ ਲਿਆ॥ ੫॥

ਸ਼ਜਾਮਲ ਅਲਸੀ ਕੁਸਮ ਮਨੋ ਹੈ। ਦ੍ਰਿਗ ਬਿਸਾਲ ਦਲ ਕਮਲ ਬਨੇ ਹੈ।
ਸੰਖ ਗਦਾ ਧਰਿ ਪਦਮ ਚੱਕ੍ਰ ਕੋ। ਮੁਖ ਮੰਡਲ ਸੁਠ ਭ੍ਰਿਕੁਟਿ ਬੱਕ੍ਰ ਕੋ॥ ੬॥

ਅਲਸੀ ਦੇ ਫੁੱਲ ਵਰਗਾ ਸਿਆਮ ਰੰਗ ਧਾਰਨ ਕਰ ਲਿਆ, ਵੱਡੇ-ਵੱਡੇ ਨੈਣ ਮਾਨੋਂ ਕੰਵਲ ਦੀਆਂ ਪੱਤੀਆਂ ਬਣੀਆਂ ਹਨ। ਸੰਖ, ਗਦਾ ਅਤੇ ਪਦਮ ਚੱਕਰ ਧਾਰਨ ਕਰ ਲਿਆ। ਮੁੱਖ ਮੰਡਲ ਸੁੰਦਰ ਬਣਾ ਲਿਆ ਤੇ ਭਰਵੱਟੇ ਟੇਢੇ ਕਰ ਲਏ॥੬॥

ਪੀਤਾਂਬਰ ਸ਼ੋਭਤਿ ਬਨਮਾਲਾ। ਕੋਕਵਿ ਬਰਨ ਸਕੈ ਦੁਤਿ ਜਾਲਾ।
ਕ੍ਰਿਪਾ ਭਰੇ ਦ੍ਵੈ ਨੈਨ ਰਸੀਲੇ। ਮੁਸਕਾਵਤਿ ਮੁਖ ਮੰਦ ਛਬੀਲੇ॥ ੭॥

ਪੀਲੇ ਵਸਤਰਾਂ 'ਤੇ ਵਜੰਤਮਾਲਾ ਸ਼ੋਭ ਰਹੀ ਸੀ, ਕਾਲਾ ਰੰਗ ਬੜੀ ਸ਼ੋਭਾ ਪਾ ਰਿਹਾ ਸੀ। ਕਿਰਪਾ ਭਰੇ ਦੋ ਰਸੀਲੇ ਨੈਣ ਸਨ ਤੇ ਛੈਲ ਛਬੀਲੇ ਮੁੱਖ ਤੋਂ ਥੋੜ੍ਹਾ ਮੁਸਕਰਾਉਂਦੇ ਸਨ॥੭॥

ਸਰਿਤਾਪਤਿ ਸੁੰਦਰਤਾ ਸਾਰ। ਸ਼ੇਸ਼ ਸਾਰਦਾ ਪਾਇਂ ਨ ਪਾਰ।
ਆਇ ਕਰਜੋ ਦਰਸ਼ਨ ਜਬਿ ਐਸੇ। ਅਨੰਦ ਨਿਮਗਾਮ ਨ ਤਨ ਸੁਧਿ ਕੈਸੇ॥੮॥

ਸ੍ਰੇਸ਼ਟ ਸੁੰਦਰਤਾ ਦੇ ਸਮੁੰਦਰ ਸਨ। ਸ਼ੇਸ਼ ਨਾਗ ਤੇ ਸ਼ਾਰਦਾ ਉਨ੍ਹਾਂ ਦਾ ਪਾਰ ਨਹੀਂ ਸੀ ਪਾ ਸਕਦੇ। ਜਦ ਭਗਵਾਨ ਗਿਰ ਨੇ ਇਸ ਤਰ੍ਹਾਂ ਦੇ ਸਰੂਪ ਦੇ ਦਰਸ਼ਨ ਕੀਤੇ ਤਾਂ ਅਨੰਦ ਨਾਲ ਭਰ ਗਿਆ ਤੇ ਸਰੀਰ ਦੀ ਸੋਝੀ ਨਾ ਰਹੀ॥੮॥

ਕਿਤਿਕ ਸਮੇ ਮੈਂ ਜਬਿ ਸੁਧਿ ਪਾਈ। ਪਰਜੋ ਦੰਡਵਤ ਗੁਰੁ ਅਗੁਵਾਈ।
'ਸ਼ਰਨਿ ਸ਼ਰਨਿ ਰਾਖਹੁ ਦੇ ਹਾਥਿ। ਮੁਝ ਅਨਾਥ ਕੋ ਕਰਹੁ ਸਨਾਥ॥ ੯॥

ਕੁਝ ਸਮੇਂ ਬਾਅਦ ਜਦ ਸੁੱਧ ਆਈ ਤਾਂ ਡੰਡੌਤ ਬੰਦਨਾ ਕਰਕੇ ਗੁਰੂ ਜੀ ਦੇ ਅੱਗੇ ਲੇਟ ਗਿਆ ਅਤੇ ਬੋਲਿਆ, "ਮੈਂ ਤੁਹਾਡੀ ਸ਼ਰਨ ਵਿਚ ਹਾਂ, ਹੱਥ ਦੇ ਕੇ ਰੱਖ ਲਵੋ, ਮੈਨੂੰ ਅਨਾਥ ਨੂੰ ਸਨਾਥ ਕਰੋ"॥੯॥

ਸਿੱਖਜ ਆਪਨੋ ਕੀਜਹਿ ਸ੍ਵਾਮੀ। ਤੀਨ ਲੋਕਪਤਿ ਅੰਤਰਜਾਮੀ!
ਦੀਨ ਦਜਾਲ ਹੈ ਬਿਰਦ ਤੁਮਾਰਾ। ਭਵਸਾਗਰ ਤੇ ਲੇਹੁ ਉਧਾਰਾ॥ ੧੦॥

ਹੇ ਸਵਾਮੀ ਜੀ! ਮੈਨੂੰ ਆਪਣਾ ਸਿੱਖ ਬਣਾ ਲਵੋ। ਤੁਸੀਂ ਤਿੰਨਾਂ ਲੋਕਾਂ ਦੇ ਮਾਲਕ ਅਤੇ ਅੰਤਰਜਾਮੀ ਹੋ। ਦੀਨ ਦਿਆਲ ਹੋਣਾ ਤੁਹਾਡਾ ਬਿਰਦ ਹੈ, ਭਵਸਾਗਰ ਤੋਂ ਪਾਰ ਕਰਕੇ ਉਧਾਰ ਕਰਦੇ ਹੋ" ॥੧੦॥

ਭੇਸ ਪਲਟਿ ਗੁਰ ਵਾਕ ਸੁਨਾਯੋ। 'ਹਰਿ ਦਰਸ਼ਨ ਤੁਮ ਇਹ ਠਾਂ ਪਾਯੋ।
ਸਿਰੀਚੰਦ ਗੁਰੁ ਨਾਨਕ ਨੰਦ। ਤਿਨ ਅਨੁਕੰਪਾ ਕੀਨਿ ਬਿਲੰਦ॥ ੧੧॥

ਗੁਰੂ ਜੀ ਨੇ ਭੇਸ ਬਦਲ ਕੇ ਬਚਨ ਕੀਤੇ, "ਹਰੀ ਦੇ ਦਰਸ਼ਨ ਤੁਸੀਂ ਇਸ ਥਾਂ ਪਾਏ ਹਨ। ਬਾਬਾ ਸਿਰੀ ਚੰਦ ਜੀ ਜਿਹੜੇ ਗੁਰੂ ਨਾਨਕ ਦੇਵ ਜੀ ਦੇ ਸਪੁੱਤਰ ਹਨ, ਉਨ੍ਹਾਂ ਨੇ ਬਹੁਤ ਵੱਡੀ ਕਿਰਪਾ ਕੀਤੀ ਹੈ॥੧੧॥

ਮਿਹਰ ਚੰਦ ਪਰ ਸੋ ਅਬਿ ਤਹਾਂ। ਬੇਦੀ ਬੰਸ਼ ਵਿਖੇ ਜਸੁ ਮਹਾਂ।
ਤਿਹ ਕੋ ਮਿਲਹੁ ਸੁ ਪੂਰਹਿ ਆਸਾ। ਦਰਸਹੁ ਜਾਇ ਧਰਹੁ ਬਿੱਸ੍ਵਾਸਾ॥ ੧੨॥

ਹੁਣ ਬਾਬਾ ਮਿਹਰ ਚੰਦ ਉਨ੍ਹਾਂ ਦੇ ਸਥਾਨ 'ਤੇ ਬੈਠੇ ਹਨ, ਜਿਨ੍ਹਾਂ ਦਾ ਬੇਦੀ ਵੰਸ਼ ਵਿਚ ਮਹਾਨ ਜੱਸ ਹੈ, ਉਨ੍ਹਾਂ ਨੂੰ ਮਿਲੋ, ਉਹ ਤੁਹਾਡੀ ਆਸ ਪੂਰੀ ਕਰਨਗੇ, ਵਿਸ਼ਵਾਸ ਕਰਕੇ ਉਨ੍ਹਾਂ ਦੇ ਜਾ ਕੇ ਦਰਸ਼ਨ ਕਰੋ॥੧੨॥

ਇਹ ਠਾਂ ਉਹ ਠਾਂ ਭੇਦ ਨ ਕੋਊ। ਏਕਹਿ ਰੂਪ ਜਾਨਿਯੇ ਦੋਊ'।
ਤਬਿ ਭਗਵਾਨ ਦੇਹੁਰੇ ਗਯੋ। ਮਿਹਰਚੰਦ ਪਗ ਪਰਸਤਿ ਭਯੋ॥ ੧੩॥

ਇਸ ਥਾਂ ਅਤੇ ਉਸ ਥਾਂ ਵਿਚ ਕੋਈ ਭੇਦ ਨਹੀਂ ਹੈ, ਦੋਹਾਂ ਨੂੰ ਇਕੋ ਰੂਪ ਜਾਣੋ। ਫਿਰ ਭਗਵਾਨ ਗਿਰ ਗੁਰੂ ਨਾਨਕ ਜੀ ਦੇ ਦੇਹੁਰੇ ਗਿਆ ਤੇ ਮਿਹਰ ਚੰਦ ਦੇ ਚਰਨਾਂ 'ਤੇ ਮੱਥਾ ਟੇਕਿਆ॥੧੩॥

ਮਿਲਿ ਕਰਿ ਭੇਸ ਉਦਾਸੀ ਲੀਨਿ। ਸੱਤਜ ਨਾਮ ਕੋ ਮੰਤ੍ਰ ਸੁ ਦੀਨਿ।
'ਭਗਤ ਭਗਵਾਨ' ਨਾਮ ਤਬਿ ਧਰਯੋ। ਲੇ ਆਗਯਾ ਪੁਨ ਜਗ ਮੈਂ ਫਿਰਯੋ॥੧੪॥

ਉਨ੍ਹਾਂ ਨੂੰ ਮਿਲ ਕੇ ਉਦਾਸੀ ਭੇਸ ਧਾਰਨ ਕਰ ਲਿਆ, ਸਤਿਨਾਮ ਦਾ ਉਨ੍ਹਾਂ ਮੰਤਰ ਦਿੱਤਾ 'ਭਗਤ ਭਗਵਾਨ' ਉਸ ਦਾ ਨਾਮ ਧਰ ਦਿੱਤਾ, ਆਗਿਆ ਲੈ ਕੇ ਫਿਰ ਜਗ ਵਿਚ ਫਿਰਿਆ॥੧੪॥

ਬਿਚਰਤਿ ਜਿਸੀ ਦੇਸ਼ ਕੋ ਜਾਇ। ਗੁਰ ਮਾਰਗ ਉਪਦੇਸ਼ ਦ੍ਰਿੜ੍ਹਾਇ।
ਰੁਚਿ ਕਰਿ ਲੋਕ ਮਿਲਹਿਂ ਤਿਸ ਨਾਂਹੀ। ਦੇਖਤਿ ਅਚਰਜ ਹ੍ਵੈ ਮਨ ਮਾਂਹੀ॥੧੫॥

ਜਿਸ ਦੇਸ਼ ਵਿਚ ਵੀ ਫਿਰਦਾ ਜਾਂਦਾ ਸੀ, ਗੁਰੂ ਮਾਰਗ ਦਾ ਉਪਦੇਸ਼ ਦ੍ਰਿੜ੍ਹ ਕਰਵਾਉਂਦਾ ਸੀ। ਲੋਕ ਰੁਚੀ ਕਰਕੇ ਉਸ ਨੂੰ ਮਿਲਦੇ ਨਹੀਂ ਸਨ, ਇਹ ਵੇਖ ਕੇ ਮਨ ਵਿਚ ਬਹੁਤ ਹੈਰਾਨ ਹੋਇਆ॥੧੫॥

ਬਹੁਤ ਸਥਾਨ ਫਿਰਯੋ ਅਕੁਲਾਯੋ। ਬਾਬੇ ਮਿਹਰ ਚੰਦ ਢਿਗ ਆਯੋ।
ਜਗਤ ਬ੍ਰਿਤੰਤ ਸੁਨਾਵਨਿ ਕੀਨਿ। 'ਨਹਿਂ ਉਪਦੇਸ਼ ਮੋਹਿ ਕਿਸ ਲੀਨਿ॥੧੬॥

ਬਹੁਤ ਸਥਾਨ ਫਿਰ ਕੇ ਵਿਆਕੁਲ ਹੋ ਗਿਆ ਤੇ ਫਿਰ ਬਾਬੇ ਮਿਹਰ ਚੰਦ ਪਾਸ ਆਇਆ। ਜਗਤ ਦੇ ਵਿਰਤਾਂਤ ਬਾਰੇ ਉਨ੍ਹਾਂ ਨੂੰ ਸੁਣਾਇਆ ਤੇ ਕਿਹਾ, "ਮੇਰੇ ਪਾਸੋਂ ਉਪਦੇਸ਼ ਕੋਈ ਵੀ ਨਹੀਂ ਲੈਂਦਾ।" ॥੧੬॥

ਸਤਿਗੁਰ ਕੀ ਮਹਿਮਾ ਕੋ ਜਾਨੈਂ। ਗੁਰਬਾਣੀ ਪਰ ਨਿਸ਼ਚਾ ਠਾਨੈਂ।
ਮਿਹਰਚੰਦ ਤਬਿ ਕਹਯੋ ਸੁਨਾਇ। 'ਭਗਤ ਭਗਵਾਨ ਗਮਹੁ ਤਿਸ ਥਾਇਂ॥੧੭॥

ਸਾਰੇ ਸਤਿਗੁਰੂ ਜੀ ਦੀ ਮਹਿਮਾ ਨੂੰ ਜਾਣਦੇ ਹਨ ਤੇ ਗੁਰਬਾਣੀ 'ਤੇ ਨਿਸ਼ਚਾ ਕਰਦੇ ਹਨ। ਮਿਹਰ ਚੰਦ ਨੇ ਫਿਰ ਸੁਣਾ ਕੇ ਕਿਹਾ, "ਹੇ ਭਗਤ ਭਗਵਾਨ! ਹੁਣ ਉਸ ਸਥਾਨ 'ਤੇ ਹੀ ਜਾਵੋ॥੧੭॥

ਜਿਨ ਢਿਗ ਗੁਰਤਾ ਰਹੇ ਪ੍ਰਕਾਸ਼। ਸੋ ਪੂਰਹਿੰਗੇ ਤੁਮਰੀ ਆਸ।
ਤਖਤ ਹੁਕਮ ਲੇ ਕਾਰਜ ਕੀਜੈ। ਤਬਿ ਉਪਦੇਸ਼ ਜਗਤ ਕਉ ਦੀਜੈ॥ ੧੮॥

ਜਿਥੇ ਗੁਰਤਾ ਦਾ ਪ੍ਰਕਾਸ਼ ਹੈ, ਉਹ ਹੀ ਤੁਹਾਡੀ ਆਸ ਪੂਰੀ ਕਰਨਗੇ। ਤਖ਼ਤ ਤੋਂ ਹੁਕਮ ਲੈ ਕੇ ਕਾਰਜ ਕਰੋ, ਤਦ ਜਗਤ ਨੂੰ ਉਪਦੇਸ਼ ਦੇਵੋ॥੧੮॥

ਬਹੁਰੋ ਕਰੈਂ ਪ੍ਰਤੀਤ ਤੁਮਾਰੀ। ਨਰ ਮਾਨਹਿਂ ਜਿਮ ਕਰੋ ਉਚਾਰੀ।
ਪ੍ਰਿਥਮ ਪਿਖੀ ਤੈਂ ਮਹਿਮਾ ਭਾਰੀ। ਕਯੋਂ ਨਹਿਂ ਸ਼ਰਧਾ ਉਰ ਮਹਿਂ ਧਾਰੀ ?' ॥੧੯॥

ਫਿਰ ਸਾਰੇ ਤੁਹਾਡੀ ਪ੍ਰਤੀਤ ਕਰਨਗੇ, ਮਨੁੱਖ ਉਸ ਤਰ੍ਹਾਂ ਹੀ ਮੰਨਣਗੇ ਜਿਵੇਂ ਤੁਸੀਂ ਉਚਾਰਨ ਕਰੋਗੇ। ਪਹਿਲਾਂ ਹੀ ਤੁਸਾਂ ਉਨ੍ਹਾਂ ਦੀ ਭਾਰੀ ਮਹਿਮਾ ਵੇਖੀ ਹੈ, ਉਸ ਸਮੇਂ ਹਿਰਦੇ ਵਿਚ ਕਿਉਂ ਸ਼ਰਧਾ ਨਾ ਧਾਰਨ ਕੀਤੀ ?" ॥੧੯॥

ਸੁਨਿ ਪੁਨ ਗਮਨਯੋ ਤਹਿਂ ਭਗਵਾਨ। ਚਾਹਯੋ ਸਤਿਗੁਰ ਦਰਸ ਮਹਾਨ।
ਬਹੁਤ ਬਿਸੂਰਤ:-ਮੈਂ ਬਡ ਭੂਲਾ। ਨਹੀਂ ਰਹਯੋ ਗੁਰ ਕੇ ਅਨੁਕੂਲਾ॥ ੨੦॥

ਇਹ ਸੁਣ ਕੇ ਫਿਰ ਭਗਤ ਭਗਵਾਨ ਉਥੇ ਗਿਆ, ਸਤਿਗੁਰੂ ਜੀ ਦੇ ਮਹਾਨ ਦਰਸ਼ਨ ਕਰਨਾ ਚਾਹੁੰਦਾ ਸੀ। ਚਿਹਰਾ ਬਹੁਤ ਘਬਰਾਇਆ ਸੀ ਸੋਚਦਾ ਸੀ ਮੈਂ ਬਹੁਤ ਭੁਲਿਆ ਹਾਂ, ਮੈਂ ਗੁਰੂ ਜੀ ਦੇ ਅਨੁਸਾਰ ਨਹੀਂ ਰਿਹਾ ਹਾਂ॥੨੦॥

ਗੁਰ ਕੇ ਬਚਨ, ਭੇਖ ਮੈਂ ਪਾਇਵ। ਪੁਨ ਦਰਸ਼ਨ ਕੋ ਨਹੀਂ ਸਿਧਾਇਵ।
ਸਕਲ ਘਟਨਿ ਕੇ ਅੰਤਰਜਾਮੀ। ਮੋਹਿ ਪਤਿਤ ਕੋ ਜਾਨਸਿ ਖਾਮੀ॥ ੨੧॥

ਗੁਰੂ ਜੀ ਦੇ ਬਚਨਾਂ ਨਾਲ ਭੇਖ ਮੈਂ ਪਾ ਲਿਆ ਹੈ, ਫਿਰ ਦੁਬਾਰਾ ਦਰਸ਼ਨ ਕਰਨ ਨਾ ਗਿਆ। ਉਹ ਅੰਤਰਜਾਮੀ ਸਭ ਦੇ ਦਿਲਾਂ ਦੀ ਜਾਣਦੇ ਹਨ, ਮੇਰੇ ਪਾਪੀ ਵਿਚ ਕੋਈ ਖ਼ਾਮੀ ਜਾਣੀ ਹੈ॥੨੧॥

ਹਰਿ ਬਨਿ ਦਰਸ਼ਨ ਮੋਹਿ ਦਿਖਾਇਵ। ਕੋਟਿ ਜਨਮ ਕੇ ਪਾਪ ਮਿਟਾਇਵ।
ਮੈਂ ਨਹਿਂ ਲਖਯੋ, ਭਯੋ ਅਪਰਾਧੀ। ਰਹਯੋ ਸਮੀਪ ਨ, ਸੇਵ ਨ ਸਾਧੀ॥ ੨੨॥

ਵਿਸ਼ਨੂੰ ਬਣ ਕੇ ਮੈਨੂੰ ਦਰਸ਼ਨ ਦਿੱਤੇ ਤੇ ਕਰੋੜਾਂ ਜਨਮਾਂ ਦੇ ਪਾਪ ਮਿਟਾ ਦਿੱਤੇ। ਮੈਂ ਸਮਝਿਆ ਨਹੀਂ, ਇਸ ਲਈ ਉਨ੍ਹਾਂ ਦਾ ਅਪਰਾਧੀ ਹੋ ਗਿਆ ਹਾਂ, ਉਨ੍ਹਾਂ ਦੇ ਪਾਸ ਨਾ ਰਿਹਾ ਤੇ ਸੇਵਾ ਦੀ ਸਾਧਨਾ ਨਾ ਕੀਤੀ॥੨੨॥

ਸਤਿਗੁਰ ਨੇ ਮੁਹਿ ਅਪਨੋ ਕੀਨਿ। ਕਰਯੋ ਸੁ ਦਰਸ਼ਨ ਭਾ ਬੁਧ ਹੀਨ।
ਅਪਨਿ ਆਪ ਕੇ ਅਧਿਕ ਧਿਕਾਰਤਿ। ਗੁਰ ਪੂਰਨ ਕੇ ਗੁਨ ਬੀਚਾਰਤਿ॥ ੨੩॥

ਸਤਿਗੁਰੂ ਜੀ ਨੇ ਮੈਨੂੰ ਆਪਣਾ ਬਣਾਇਆ ਤੇ ਬੁਧੀ ਰਹਿਤ ਹੋ ਕੇ ਉਨ੍ਹਾਂ ਦੇ ਦਰਸ਼ਨ ਕੀਤੇ। ਆਪਣੇ ਆਪ ਨੂੰ ਬਹੁਤ ਧਿਰਕਾਰਦਾ ਸੀ ਤੇ ਪੂਰਨ ਗੁਰੂ ਜੀ ਦੇ ਗੁਣ ਵੀਚਾਰਦਾ ਸੀ॥੨੩॥

ਉਮਗਯੋ ਪ੍ਰੇਮ ਦ੍ਰਿਗਨਿ ਜਲ ਛਾਵਾ। ਗਦਗਦ ਗਿਰਾ ਅਧਿਕ ਬਿਕੁਲਾਵਾ।
ਪ੍ਰੇਮ ਬਿਬਸਿ ਹੁਇ ਮਗ ਨਹਿਂ ਬੂਝੈ। ਜਹਿਂ ਕਹਿਂ ਗੁਰ ਮੂਰਤਿ ਹੀ ਸੂਝੈ॥ ੨੪॥

ਬਹੁਤ ਪ੍ਰੇਮ ਪ੍ਰਗਟ ਹੋਇਆ, ਨੈਣਾਂ ਵਿਚ ਜਲ ਛਾ ਗਿਆ। ਗਲਾ ਭਰ ਆਇਆ ਤੇ ਬਹੁਤ ਵਿਆਕੁਲ ਹੋ ਗਿਆ। ਪ੍ਰੇਮ ਵਿਚ ਬੇਵੱਸ ਹੋਏ ਨੂੰ ਰਾਹ ਨਹੀਂ ਸੀ ਲਭਦਾ, ਜਿਥੇ ਕਿਥੇ ਗੁਰੂ ਜੀ ਦੀ ਮੂਰਤ ਹੀ ਨਜ਼ਰੀਂ ਆਉਂਦੀ ਸੀ॥੨੪॥

ਕਬਹੂੰ ਊਚੇ ਬੋਲਤਿ ਦੋਰੇ। ਕਬਹੂੰ ਰੁਦਤਿ ਬੈਠਿ ਬਨਿ ਬੋਰੇ।
ਚਲਯੋ ਨ ਜਾਇ, ਥਿਰਯੋ ਨਹਿਂ ਜਾਈ। ਮੋਨ ਨ ਰਹੈ, ਨ ਬੋਲਿ ਸਕਾਈ॥੨੫॥

ਕਦੀ ਉੱਚੀ ਬੋਲ ਕੇ ਭੱਜਦਾ ਸੀ, ਕਦੀ ਕਮਲਾ ਹੋ ਕੇ ਬਨ ਵਿਚ ਬੈਠ ਕੇ ਰੋਂਦਾ ਸੀ। ਚਲਿਆ ਨਹੀਂ ਸੀ ਜਾਂਦਾ ਤੇ ਖਲੋਇਆ ਵੀ ਨਹੀਂ ਸੀ ਜਾਂਦਾ, ਨਾ ਮੋਨ ਰਹਿ ਸਕਦਾ ਸੀ, ਨਾ ਹੀ ਬੋਲ ਸਕਦਾ ਸੀ॥੨੫॥

ਕਬਿ ਘੂੰਮਤਿ ਜਿਮ ਅਮਲੀ ਹੋਇ। ਸੁਧ ਸ਼ਰੀਰ ਕੀ ਬਿਸਰਜੋ ਸੋਇ।
ਪੰਥ ਨ ਸੂਝੈ ਦ੍ਰਿਗ ਜਲ ਰੁਕਜੋ। ਮਹਾਂ ਪ੍ਰੇਮ ਤੇ ਇੰਦ੍ਰੈ ਥਕਜੋ॥ ੨੬॥

ਕਦੀ ਇਸ ਤਰ੍ਹਾਂ ਘੁੰਮਦਾ ਸੀ, ਜਿਵੇਂ ਅਮਲੀ ਹੋਵੇ, ਸਰੀਰ ਦੀ ਸੁੱਧ ਸਾਰੀ ਵਿਸਰ ਗਈ। ਰਾਹ ਨਹੀਂ ਸੀ ਲੱਭਦਾ ਤੇ ਨੈਣਾਂ ਵਿਚ ਜਲ ਰੁਕ ਗਿਆ, ਮਹਾਂ ਪ੍ਰੇਮ ਨਾਲ ਇੰਦਰੀਆਂ ਥੱਕ ਗਈਆਂ॥੨੬॥

ਇਮ ਬਜਾਕੁਲ ਬਹੁ ਦਿਨ ਮੈਂ ਆਵਾ। ਜਹਿਂ ਸਤਿਗੁਰ ਕੇ ਥਾਨ ਸੁਹਾਵਾ।
ਪ੍ਰੇਮ ਮਗਨ ਹੁਇ ਦ੍ਵਾਰੇ ਆਇਵ। ਚਰਨ ਧੂਰਿ ਲੇ ਮਸਤਕ ਲਾਇਵ॥ ੨੭॥

ਇਸ ਤਰ੍ਹਾਂ ਵਿਆਕੁਲ ਹੋਇਆ ਬਹੁਤ ਦਿਨਾਂ ਬਾਅਦ ਉਥੇ ਆਇਆ, ਜਿਥੇ ਸਤਿਗੁਰੂ ਜੀ ਦਾ ਸਥਾਨ ਸ਼ੋਭ ਰਿਹਾ ਸੀ। ਪ੍ਰੇਮ ਵਿਚ ਮਗਨ ਹੋ ਕੇ ਦਰਵਾਜ਼ੇ 'ਤੇ ਆਇਆ ਤੇ ਚਰਨ ਧੂੜ ਲੈ ਕੇ ਮੱਥੇ 'ਤੇ ਲਾਈ॥੨੭॥

ਅੰਤਰ ਜਾਇ ਦਰਸ ਜਬਿ ਪਾਵਾ। ਭਯੋ ਮੁਕਤਿ, ਸਤਿਗੁਰੂ ਬੁਲਾਵਾ।
'ਆਗੇ ਆਉ ਭਗਤਿ ਭਗਵਾਨ। ਅਬਿ ਤੇ ਦਰਗਹਿ ਭਾ ਪਰਵਾਨ' ॥ ੨੮॥

ਅੰਦਰ ਜਾ ਕੇ ਜਦ ਗੁਰੂ ਜੀ ਦੇ ਦਰਸ਼ਨ ਕੀਤੇ ਤਾਂ ਮੁਕਤ ਹੋ ਗਿਆ ਤੇ ਸਤਿਗੁਰੂ ਜੀ ਨੇ ਬੁਲਾ ਕੇ ਕਿਹਾ, "ਹੇ ਭਗਤ ਭਗਵਾਨ ! ਅੱਗੇ ਆਉ, ਹੁਣ ਤੂੰ ਦਰਗਾਹ ਵਿਚ ਪਰਵਾਨ ਹੋ ਗਿਆ ਹੈਂ" ॥੨੮॥

ਸੁਨਿ ਗੁਰ ਤੇ ਚਰਨਨਿ ਪਰਿ ਰਹਜੋ। ਇੰਦ੍ਰੈ ਥਕਤਿ ਜਾਤਿ ਨਹਿਂ ਕਹਜੋ।
ਪੂਰਨ ਪ੍ਰੇਮ ਹੇਰਿ ਕਰਿ ਤਾਸ। ਦਿਯੋ ਰਿਦੈ ਹਰਿਨਾਮ ਪ੍ਰਕਾਸ਼॥ ੨੯॥

ਗੁਰੂ ਜੀ ਪਾਸੋਂ ਇਹ ਸੁਣ ਕੇ ਉਨ੍ਹਾਂ ਦੇ ਚਰਨਾਂ 'ਤੇ ਢਹਿ ਪਿਆ। ਸਰੀਰ ਦੇ ਸਾਰੇ ਅੰਗ ਥੱਕੇ ਹੋਏ ਸਨ, ਇਸ ਕਰਕੇ ਕੁਝ ਕਿਹਾ ਨਹੀਂ ਸੀ ਜਾਂਦਾ। ਉਸ ਦਾ ਪੂਰਨ ਪ੍ਰੇਮ ਵੇਖ ਕੇ, ਗੁਰੂ ਜੀ ਨੇ ਉਸ ਦੇ ਹਿਰਦੇ ਵਿਚ ਹਰੀ ਦੇ ਨਾਮ ਦਾ ਪ੍ਰਕਾਸ਼ ਕਰ ਦਿੱਤਾ॥੨੯॥

ਕ੍ਰਿਪਾ ਧਾਰਿ ਨਿਜ ਹਾਥ ਲਗਾਯੋ। ਸਿਰ ਉਠਾਇਕੈ ਬਾਕ ਸੁਨਾਯੋ।
'ਅਬਿ ਤੁਮ ਗਮਨਹੁ ਪੂਰਬ ਦੇਸ਼। ਮਮ ਬਚ ਤੇ ਤਹਿਂ ਦਿਹੁ ਉਪਦੇਸ਼॥ ੩੦॥

ਕਿਰਪਾ ਧਾਰ ਕੇ ਉਸ ਦੇ ਸਿਰ 'ਤੇ ਆਪਣਾ ਹੱਥ ਰੱਖਿਆ ਤੇ ਉਸ ਦਾ ਸਿਰ ਉਪਰ ਚੁੱਕ ਕੇ ਬਚਨ ਕੀਤਾ, "ਹੁਣ ਤੂੰ ਪੂਰਬ ਦੇਸ਼ ਵਿਚ ਜਾ, ਮੇਰੀ ਆਗਿਆ ਨਾਲ ਉਥੋਂ ਦੇ ਵਸਨੀਕਾਂ ਨੂੰ ਉਪਦੇਸ਼ ਦੇਵੇ॥੩੦॥

ਸੁਨਤਿ ਬਾਕ ਕੋ ਸਗਰੇ ਧਾਰਹਿਂ। ਮਿਲਹਿਂ ਜਿ ਤੁਮਹਿਂ ਅਦੇਸ਼ ਉਚਾਰਹਿਂ।
ਗੁਰ ਆਗਜਾ ਕੋ ਲੇ ਤਬਿ ਗਯੋ। ਪੂਰਬ ਕੋ ਉਪਦੇਸ਼ਨਿ ਕਯੋ॥ ੩੧॥

ਤੇਰੇ ਬਚਨਾਂ ਨੂੰ ਸੁਣ ਕੇ ਸਾਰੇ ਅਪਨਾਉਣਗੇ, ਜਿਹੜੇ ਵੀ ਤੈਨੂੰ ਮਿਲਣਗੇ ਉਹ ਨਮਸਕਾਰ ਕਹਿਣਗੇ।" ਗੁਰੂ ਜੀ ਦੀ ਆਗਿਆ ਲੈ ਕੇ ਫਿਰ ਚਲਾ ਗਿਆ ਤੇ ਪੂਰਬ ਦੇ ਲੋਕਾਂ ਨੂੰ ਉਪਦੇਸ਼ ਦਿੱਤਾ॥੩੧॥

ਭਯੋ ਪ੍ਰਕਾਸ਼ ਰਿਦੇ ਹਰਿ ਹਰੇ। ਜੋ ਦੇਖੈ ਸੋ ਚਰਨੀ ਪਰੇ।
ਜਹਾਂ ਠਹਿਰ ਤਰਕਟੀ ਬਨਾਵੈ। ਧਜਾਨ ਗੁਰ ਹਰਿਰਾਇ ਲਗਾਵੈ॥ ੩੨॥

ਹਿਰਦੇ ਵਿਚ ਪ੍ਰਭੂ ਦਾ ਪ੍ਰਕਾਸ਼ ਹੋ ਗਿਆ। ਜਿਹੜਾ ਵੀ ਵੇਖਦਾ ਸੀ, ਚਰਨੀਂ ਪੈ ਜਾਂਦਾ ਸੀ। ਜਿਥੇ ਵੀ ਠਹਿਰਦਾ ਸੀ,

ਉਥੇ ਹੀ ਕੁਟੀਆ ਬਣਾ ਲੈਂਦਾ ਸੀ। ਉਥੇ ਬੈਠ ਕੇ ਗੁਰੂ ਹਰਿਰਾਇ ਜੀ ਵਿਚ ਧਿਆਨ ਲਗਾਉਂਦਾ ਸੀ॥੩੨॥

ਏਵ ਭਗਤ ਭਗਵਾਨ ਬਿਸਾਲਾ। ਕੀਨਸਿ ਪੂਰਬ ਦੇਸ਼ ਨਿਹਾਲਾ।
ਨਰਨਿ ਹਜ਼ਾਰਨਿ ਕੀ ਕੱਲਜਾਨ। ਕਰਤਿ ਭਯੋ ਦੇ ਨਾਮ ਸੁ ਦਾਨ॥ ੩੩॥

ਇਸ ਤਰ੍ਹਾਂ ਭਗਤ ਭਗਵਾਨ ਨੇ ਪੂਰਬ ਦੇਸ਼ ਨੂੰ ਨਿਹਾਲ ਕਰ ਦਿੱਤਾ। ਹਜ਼ਾਰਾਂ ਮਨੁੱਖਾਂ ਦਾ ਕਲਿਆਣ ਕੀਤਾ ਤੇ ਸਾਰਿਆਂ ਨੂੰ ਨਾਮਦਾਨ ਦਿੱਤਾ॥੩੩॥

ਕਿਸੂ ਦੇਸ਼ ਤੇ ਸੰਗਤਿ ਆਈ। ਬੰਦਨ ਕਰੀ ਭੇਟ ਅਰਪਾਈ।
ਕੇਤਿਕ ਦਿਨ ਰਹਿ ਬੈਠੇ ਪਾਸ। ਕਰਤਿ ਭਏ ਪੁਨ ਇਮ ਅਰਦਾਸ॥ ੩੪॥

ਕਿਸੇ ਦੇਸ਼ ਤੋਂ ਸੰਗਤ ਆਈ ਤੇ ਉਨ੍ਹਾਂ ਬੰਦਨਾਂ ਕਰਕੇ ਭੇਟਾ ਅਰਪਣ ਕੀਤੀ। ਕਈ ਦਿਨ ਗੁਰੂ ਜੀ ਦੇ ਪਾਸ ਰਹੇ। ਫਿਰ ਉਨ੍ਹਾਂ ਇਸ ਤਰ੍ਹਾਂ ਬੇਨਤੀ ਕੀਤੀ॥੩੪॥

'ਨਾਮ ਧਰੀਕ ਸਿੱਖ ਸਤਿਗੁਰ ਕੇ। ਕਰਉ ਬਿਨਾਸਨਿ ਸੰਸੇ ਉਰ ਕੇ।
ਪਾਠ ਕਰੈਂ ਹਮ ਨਿਤ ਗੁਰਬਾਨੀ। ਅਰਥ ਪ੍ਰਮਾਰਥ ਰੀਤਿ ਨ ਜਾਨੀ॥ ੩੫॥

''ਅਸੀਂ ਨਾਮ ਧਾਰਨ ਵਾਲੇ ਸਤਿਗੁਰੂ ਜੀ ਦੇ ਸਿੱਖ ਹਾਂ, ਸਾਡੇ ਦਿਲ ਦੇ ਸ਼ੰਕਿਆਂ ਨੂੰ ਦੂਰ ਕਰੋ। ਅਸੀਂ ਨਿਤ ਗੁਰਬਾਣੀ ਦਾ ਪਾਠ ਕਰਦੇ ਹਾਂ, ਪਰ ਪਰਮਾਰਥ ਨੂੰ ਦੱਸਣ ਵਾਲੀ ਗੁਰਬਾਣੀ ਦੇ ਅਰਥਾਂ ਦੀ ਰੀਤੀ ਦੀ ਸਮਝ ਨਹੀਂ ਆਉਂਦੀ॥੩੫॥

ਜੋ ਮਾਰਗ ਗੁਰ ਸ਼ਬਦ ਬਤਾਇਵ। ਸੋ ਹਮ ਤੇ ਨਹਿੰ ਜਾਇ ਕਮਾਇਵ।
ਪਾਠ ਕਰਨ ਕੋ ਨੇਮ ਨਿਬਾਹੈਂ। ਪਢੈਂ ਸਦਾ ਬਾਨੀ ਅਵਗਾਹੈਂ॥ ੩੬॥

ਜਿਹੜਾ ਮਾਰਗ ਗੁਰੂ ਜੀ ਦਾ ਸ਼ਬਦ ਦੱਸਦਾ ਹੈ, ਉਹ ਸਾਡੇ ਪਾਸੋਂ ਕਮਾਇਆ ਨਹੀਂ ਜਾਂਦਾ। ਪਾਠ ਕਰਨ ਦਾ ਨੇਮ ਨਿਭਾਉਂਦੇ ਹਾਂ, ਸਦਾ ਬਾਣੀ ਪੜ੍ਹਦੇ ਅਤੇ ਗਾਉਂਦੇ ਹਾਂ॥੩੬॥

ਕਯਾ ਹੋਵੈ ਗਤਿ ਅੰਤ ਹਮਾਰੀ। ਇਹ ਸੰਦੇਹ ਨਿਤ ਰਿਦੇ ਮਝਾਰੀ।
ਅਸ ਉੱਤਰ ਬੂਝੈਂ ਅਤਿ ਬਾਢੇ। ਕਹਿ ਸਭਿ ਹਾਥ ਜੋਰਿ ਭੇ ਠਾਢੇ॥ ੩੭॥

ਅੰਤ ਸਾਡੀ ਕਿਹੜੀ ਗਤੀ ਹੋਵੇਗੀ, ਇਹ ਸ਼ੰਕਾ ਸਦਾ ਸਾਡੇ ਹਿਰਦੇ ਵਿਚ ਰਹਿੰਦੀ ਹੈ। ਐਸਾ ਉੱਤਰ ਪੁੱਛਣ ਦਾ ਬਹੁਤ ਪ੍ਰੇਮ ਵਧਿਆ ਹੈ।'' ਇਸ ਤਰ੍ਹਾਂ ਕਹਿ ਕੇ ਸਭ ਹੱਥ ਜੋੜ ਕੇ ਖੜੇ ਹੋ ਗਏ॥੩੭॥

ਸ੍ਰੀ ਹਰਿਰਾਇ ਕਛੂ ਨਹਿੰ ਕਹਯੋ। ਸਭਿ ਕੇ ਮਨ ਮੈਂ ਸੰਸੈ ਰਹਯੋ।
ਤਿਹ ਛਿਨ ਹੋਇ ਤੁਰੰਗ ਅਸਵਾਰ। ਗਮਨੇ ਬਾਹਰ ਹੇਤੁ ਸ਼ਿਕਾਰ॥ ੩੮॥

ਸ੍ਰੀ ਗੁਰੂ ਹਰਿਰਾਇ ਜੀ ਨੇ ਕੁਝ ਨਾ ਕਿਹਾ ਤੇ ਸਾਰਿਆਂ ਦੇ ਮਨ ਵਿਚ ਸ਼ੰਕਾ ਰਹਿ ਗਿਆ। ਉਸੇ ਵੇਲੇ ਗੁਰੂ ਜੀ ਘੋੜੇ 'ਤੇ ਸਵਾਰ ਹੋ ਗਏ ਤੇ ਸੰਗਤ ਸਹਿਤ ਬਾਹਰ ਜੰਗਲ ਵਲ ਸ਼ਿਕਾਰ ਖੇਡਣ ਚੱਲ ਪਏ॥੩੮॥

ਬਰਖਾ ਹੋਇ ਹਟੀ ਤਿਸ ਕਾਲਾ। ਸੂਰਜ ਨਿਕਸਯੋ ਦਯੋਤ ਬਿਸਾਲਾ।
ਮਗ ਮਹੁਂ ਹਂਡੀ ਪੁਰਾਤਨ ਹੇਰੀ। ਤਹਾਂ ਠੀਕਰੀ ਚਮਕ ਘਨੇਰੀ॥ ੩੯॥

ਉਸ ਸਮੇਂ ਬਾਰਸ਼ ਹੋ ਕੇ ਹਟੀ ਸੀ, ਬਦਲਾਂ ਵਿਚੋਂ ਸੂਰਜ ਨਿਕਲਿਆ ਤਾਂ ਬਹੁਤ ਪ੍ਰਕਾਸ਼ ਹੋਇਆ। ਰਾਹ ਵਿਚ ਇਕ ਪੁਰਾਣਾ ਟੁੱਟਾ ਹੋਇਆ ਮਿੱਟੀ ਦਾ ਕੁੱਜਾ ਵੇਖਿਆ। ਜਿਸ ਦੀਆਂ ਠੀਕਰੀਆਂ ਬਹੁਤ ਚਮਕ ਰਹੀਆਂ ਸਨ॥੩੯॥

ਘ੍ਰਿਤ ਬਾਸਨ ਕੀ ਫੂਟੀ ਪਰੀ। ਥਿਤ ਹੁਇ ਗੁਰੂ ਮੰਗਾਵਨਿ ਕਰੀ।
ਨਿਜ ਕਰ ਮਹਿਂ ਧਰਿ ਬਾਕ ਬਖਾਨਾ। 'ਬਾਨੀ ਪਾਠ ਪ੍ਰਸ਼ਨ ਤੁਮ ਠਾਨਾ॥ ੪੦॥

ਘਿਉ ਵਾਲਾ ਭਾਂਡਾ ਟੁੱਟਾ ਪਿਆ ਸੀ। ਗੁਰੂ ਜੀ ਨੇ ਖੜੇ ਹੋ ਕੇ ਉਹ ਠੀਕਰੀਆਂ ਮੰਗਵਾਈਆਂ ਤੇ ਆਪਣੇ ਹੱਥ ਵਿਚ ਫੜ ਕੇ ਬਚਨ ਕੀਤਾ, "ਬਾਣੀ ਦੇ ਪਾਠ ਦਾ ਤੁਸੀਂ ਪ੍ਰਸ਼ਨ ਕੀਤਾ ਹੈ॥੪੦॥

ਤਿਸ ਕੋ ਉੱਤਰ ਲੀਜਹਿ ਸਾਰੇ। ਜੋ ਗੁਰ ਸ਼ਬਦ ਕਮਾਵਹਿਂ ਪਜਾਰੇ।
ਸੋ ਜਨੁ ਭੁਗਤਿ ਮੁਕਤਿ ਸੁਖ ਪਾਵੈਂ। ਚਲਹਿਂ ਪੰਥ, ਜੋ ਸ਼ਬਦ ਬਤਾਵੈ॥ ੪੧ ॥

ਉਸ ਦਾ ਉੱਤਰ ਹੁਣ ਲੈ ਲਵੋ। ਜਿਹੜਾ ਪਿਆਰ ਨਾਲ ਗੁਰ ਸ਼ਬਦ ਦੀ ਕਮਾਈ ਕਰਦਾ ਹੈ, ਉਹ ਮਨੁੱਖ ਭੁਗਤੀ ਮੁਕਤੀ ਪਾ ਕੇ ਸੁਖ ਪ੍ਰਾਪਤ ਕਰਦਾ ਹੈ ਤੇ ਜੋ ਸ਼ਬਦ ਗਿਆਨ ਦੱਸਦਾ ਹੈ ਉਸ ਮਾਰਗ ਤੇ ਹੀ ਚਲਦਾ ਹੈ॥੪੧॥

ਪਾਠ ਸਧਾਰਨਿ ਜੋ ਨਿਤ ਕਰੇ। ਨੇਮ ਨਿਬਾਹਨਿ ਮੈਂ ਅਨੁਸਰੇ।
ਪਾਠ ਪ੍ਰਤਾਪ ਕਰੈ ਗਤਿ ਐਸੀ। ਸੁਨਹੁ ਸ੍ਰੋਨ ਹਮ ਭਾਖਹਿਂ ਜੈਸੀ॥ ੪੨ ॥

ਜਿਹੜੇ ਵਿਅਕਤੀ ਨਿਤ ਸਾਧਾਰਣ ਪਾਠ ਕਰਦੇ ਹਨ, ਉਹ ਨੇਮ ਨਿਬਾਹੁਣ ਦੇ ਅਨੁਸਾਰ ਚਲਦੇ ਹਨ। ਪਾਠ ਦੇ ਪ੍ਰਤਾਪ ਨਾਲ ਐਸੀ ਗਤੀ ਪ੍ਰਾਪਤ ਕਰਦੇ ਹਨ, ਕੰਨਾਂ ਨਾਲ ਸੁਣੋ ਜਿਵੇਂ ਅਸੀਂ ਕਹੀਏ॥੪੨॥

ਜਿਮ ਠਿਕਰੀ ਬਹੁ ਬਰਖ ਬਿਤਾਈ। ਲਗੇ ਤੇਜ ਨਿਕਸੀ ਚਿਕਨਾਈ।
ਤਿਮ ਜੇ ਪਠਹਿਂ ਨੇਮ ਗੁਰਬਾਨੀ। ਅੰਤ ਦੇਤਿ ਕੱਲਜਾਨ ਮਹਾਨੀ॥ ੪੩ ॥

ਜਿਵੇਂ ਠੀਕਰੀਆਂ ਨੇ ਬਹੁਤ ਸਾਲ ਬਤੀਤ ਕੀਤੇ ਹਨ ਤੇ ਸੂਰਜ ਦਾ ਤੇਜ ਲਗਣ ਨਾਲ ਇਸ ਦੀ ਚਿਕਨਾਈ ਨਿਕਲੀ ਹੈ, ਉਸ ਤਰ੍ਹਾਂ ਹੀ ਜਿਹੜੇ ਗੁਰਬਾਣੀ ਨੇਮ ਨਾਲ ਪੜ੍ਹਦੇ ਹਨ, ਉਨ੍ਹਾਂ ਨੂੰ ਅੰਤ ਵਿਚ ਇਹ ਮਹਾਨ ਮੁਕਤੀ ਬਖ਼ਸ਼ਦੀ ਹੈ॥੪੩॥

ਰਹੀ ਚਿਕਨਤਾ ਠੀਕਰਿ ਮਾਂਹਿ। ਤਜੋਂ ਬਾਨੀ ਗੁਨ ਰਹਿ ਮਨ ਤਾਂਹਿ।
ਅੰਤਕਾਲ ਫਲ ਕਰਹਿ ਪ੍ਰਕਾਸ਼ੇ। ਜਥਾ ਕੁਸਮ ਤਿਲ ਪਾਇ ਸੁ ਬਾਸੇ॥ ੪੪ ॥

ਜਿਵੇਂ ਠੀਕਰੀਆਂ ਵਿਚ ਚਿਕਨਾਈ ਰਹੀ ਹੈ, ਉਸ ਤਰ੍ਹਾਂ ਬਾਣੀ ਦਾ ਗੁਣ ਮਨ ਵਿਚ ਰਹਿੰਦਾ ਹੈ। ਅੰਤਕਾਲ ਫਲ ਪ੍ਰਕਾਸ਼ ਕਰਦੀ ਹੈ। ਜਿਵੇਂ ਤਿਲਾਂ ਵਿਚ ਜੇ ਹਰ ਰੋਜ਼ ਗੁਲਾਬ ਚੰਬੇਲੀ ਆਦਿ ਫੁਲ ਪਾਉਂਦੇ ਰਹੀਏ ਤਾਂ ਕੁਝ ਦਿਨਾਂ ਪਿਛੋਂ ਤਿਲ ਖ਼ੁਸ਼ਬੂਦਾਰ ਹੋ ਜਾਂਦੇ ਹਨ। ਉਨ੍ਹਾਂ ਤੋਂ ਕੱਢਿਆ ਤੇਲ ਫੁਲੇਲ ਕਹਾਉਂਦਾ ਹੈ। ਜਿਸ ਫੁੱਲ ਦਾ ਤਿਲਾਂ ਨੇ ਸੰਗ ਕੀਤਾ ਹੋਵੇ ਉਸ ਦੀ ਖ਼ੁਸ਼ਬੂ ਤਿਲਾਂ ਵਿਚ ਆ ਜਾਂਦੀ ਹੈ॥੪੪॥

ਪਾਠਕ ਕੀ ਸਹਾਇਤਾ ਕਰਿਹੀ। ਅੰਤਕਾਲ ਪੀੜਾ ਪਰਹਰਿਹੀ'।
ਗੁਰ ਮੁਖ ਤੇ ਸਿੱਖਜਨਿ ਸੁਨਿ ਕਰਿ ਕੈ। ਦਈ ਪ੍ਰਦੱਛਨ ਚਹੁੰ ਦਿਸ਼ਿ ਫਿਰ ਕੈ॥੪੫॥

ਪਾਠ ਕਰਨ ਵਾਲੇ ਦੀ ਬਾਣੀ ਸਹਾਇਤਾ ਕਰਦੀ ਹੈ ਤੇ ਅੰਤਕਾਲ ਦੀ ਪੀੜ ਦੂਰ ਕਰਦੀ ਹੈ।" ਗੁਰੂ ਜੀ ਦੇ ਮੁੱਖ ਤੋਂ ਆਪਣੇ ਪ੍ਰਸ਼ਨ ਦਾ ਉੱਤਰ ਸੁਣ ਕੇ ਸਿੱਖਾਂ ਨੇ ਗੁਰੂ ਜੀ ਦੇ ਚਾਰ ਚੁਫੇਰੇ ਘੁੰਮ ਕੇ ਪਰਿਕਰਮਾਂ ਕੀਤੀਆਂ॥੪੫॥

ਸਭਿ ਕੇ ਰਿਦੈ ਵਧੀ ਸੁ ਪ੍ਰਤੀਤ। ਬਾਨੀ ਪਢਿਬੇ ਕੀ ਬਡ ਪ੍ਰੀਤਿ।
ਸਤਿਗੁਰ ਕੇ ਪਗ ਪੰਕਜ ਬੰਦੇ। ਜਾਨਿ ਆਪਨੇ ਭਾਗ ਬਿਲੰਦੇ॥ ੪੬ ॥

ਸਾਰਿਆਂ ਦੇ ਹਿਰਦੇ ਵਿਚ ਪ੍ਰਤੀਤ ਵਧੀ, ਬਾਣੀ ਪੜ੍ਹਨ ਵਾਸਤੇ ਵੱਡੀ ਪ੍ਰੀਤ ਉਤਪੰਨ ਹੋਈ। ਸਤਿਗੁਰੂ ਜੀ ਦੇ ਚਰਨ ਕੰਵਲਾਂ 'ਤੇ ਬੰਦਨਾ ਕੀਤੀ ਤੇ ਆਪਣੇ ਵੱਡੇ ਭਾਗ ਜਾਣੇ॥੪੬॥

ਗੁਰ ਬਾਨੀ ਜਾਨੀ ਸੁਖ ਕਾਰਨ। ਗੁਰਬਾਨੀ ਬਹੁ ਪਤਿਤ ਉਧਾਰਨ।
ਗੁਰਬਾਨੀ ਪਢਿ ਕਰਿ ਗਤਿ ਲਹੈਂ। ਜਜੋਂ ਕਜੋਂ ਪਢਨਿ ਸਦਾ ਚਿਤ ਚਹੈਂ॥੪੭॥

ਗੁਰਬਾਣੀ ਸੁਖਾਂ ਦਾ ਕਾਰਨ ਜਾਣੀ, ਗੁਰਬਾਣੀ ਬਹੁਤ ਪਾਪੀਆਂ ਦਾ ਉਧਾਰ ਕਰਨ ਵਾਲੀ ਹੈ। ਗੁਰਬਾਣੀ ਪੜ੍ਹ ਕੇ ਗਤੀ ਪ੍ਰਾਪਤ ਹੁੰਦੀ ਹੈ ਜਿਵੇਂ ਕਿਵੇਂ ਸਦਾ ਪੜ੍ਹਨ ਨੂੰ ਚਿੱਤ ਚਾਹੁੰਦਾ ਹੈ॥੪੭॥

ਅਰਥ ਸਮੁਝਿ, ਕੈ ਸਮੁਝੇ ਬਿਨਾ। ਬਿਨਾ ਪ੍ਰੇਮ, ਕੈ ਪ੍ਰੇਮ ਸੁ ਘਨਾ।
ਪਠਨਿ ਨੇਮ ਗੁਰਬਾਨੀ ਕਰੈਂ। ਘਟਿਕਾ, ਜਾਮ ਕਿ ਨਿਸ ਦਿਨ ਰਰੈਂ॥ ੪੮॥

ਅਰਥ ਸਮਝ ਕੇ ਜਾਂ ਸਮਝੇ ਬਿਨਾਂ, ਬਿਨਾਂ ਪ੍ਰੇਮ ਜਾਂ ਬਹੁਤ ਪ੍ਰੇਮ ਕਰਕੇ ਗੁਰਬਾਣੀ ਪੜ੍ਹਨ ਦਾ ਨੇਮ ਧਾਰਨ ਕਰੇ, ਘੜੀ, ਪਹਿਰ ਜਾਂ ਦਿਨ ਰਾਤ ਪੜ੍ਹਦਾ ਰਹੇ॥੪੮॥

ਚਲਿ ਆਏ ਪੁਨ ਖੇਲ ਸ਼ਿਕਾਰੇ। ਦਖਤਿ ਪਾਲਤਿ ਮ੍ਰਿਗਨਿ ਹਜ਼ਾਰੇ।
ਦੇ ਉਪਦੇਸ਼ ਕਰਤਿ ਕੱਲਜਾਨੇ। ਪਰਉਪਕਾਰ ਸਦਾ ਗੁਰ ਠਾਨੇ॥ ੪੯॥

ਉਥੋਂ ਚਲ ਕੇ ਫਿਰ ਸ਼ਿਕਾਰ ਖੇਡਣ ਆ ਗਏ। ਹਜ਼ਾਰਾਂ ਹਿਰਨਾਂ ਦੀ ਪਾਲਣਾ ਕਰਦੇ ਸਨ। ਉਪਦੇਸ਼ ਦੇ ਕੇ ਕਲਿਆਣ ਕਰਦੇ ਸਨ, ਗੁਰੂ ਜੀ ਸਦਾ ਹੀ ਪਰਉਪਕਾਰ ਕਰਦੇ ਸਨ॥੪੯॥

*ਨੌਵੀਂ ਰਾਸ ਦਾ ਅਠਵਾਂ ਅਧਿਆਇ ਸਮਾਪਤ ਹੋਇਆ॥੮॥*

## *ਅਧਿਆਇ ਨੌਂਵਾਂ*

*ਸ਼ਾਹਜਹਾਂ ਬੀਮਾਰ ਤੇ ਸ਼ਹਿਜ਼ਾਦੇ ਆਕੀ*

ਦੋਹਰਾ- ਅਬਿ ਤੁਰਕਨ ਕੀ ਬਾਰਤਾ ਕਛੁਕ ਸੁਨਹੁ ਬੁਧਿਵਾਨ।
ਕਰੇ ਖੋਟ ਸਤਿਗੁਰਨਿ ਸੋਂ ਯਾਂਤੇ ਕਰੌਂ ਬਖਾਨ॥ ੧॥

ਹੇ ਬੁਧੀਵਾਨ! ਹੁਣ ਤੁਰਕਾਂ ਦੀ ਵਾਰਤਾ ਸੁਣੋ। ਉਹ ਸਤਿਗੁਰੂ ਜੀ ਨਾਲ ਖੋਟ ਕਰਦੇ ਸਨ, ਇਸ ਕਰਕੇ ਉਨ੍ਹਾਂ ਦੀ ਕਹਾਣੀ ਬਿਆਨ ਕਰਦਾ ਹਾਂ॥੧॥

ਬਿਨਾ ਕਹੇ ਸੁ ਪ੍ਰਸੰਗ ਕੋ ਸੁਨਿਤੇ ਸੰਸੈ ਹੋਇ।
ਯਾਂਤੇ ਸੁਨੀਏ ਬਿਤੀ ਜਿਮ ਗੁਰ ਸੋਂ ਬਾਦਤ ਸੋਇ॥ ੨॥

ਉਸ ਪ੍ਰਸੰਗ ਨੂੰ ਕਹਿਣ ਬਗੈਰ, ਸੁਣਨ ਸਮੇਂ ਸ਼ੰਕਾ ਹੋਵੇਗਾ, ਇਸ ਕਰਕੇ ਉਸ ਤਰ੍ਹਾਂ ਸੁਣੋ ਜਿਵੇਂ ਹੋਈ ਬੀਤੀ ਤੇ ਜਿਵੇਂ ਉਹ ਗੁਰੂ ਜੀ ਨਾਲ ਝਗੜਾ ਕਰਦੇ ਸਨ॥੨॥

ਸ਼ਾਹੁਜਹਾਂ ਤੁਰਕੇਸ਼ ਕੇ ਸੁਤ ਉਪਜਤਿ ਭੇ ਚਾਰ।
ਕਰਤਿ ਰਾਜ ਸਭਿ ਦੇਸ਼ ਕੋ ਬਧਯੋ ਸਮਾਜ ਉਦਾਰ॥ ੩॥

ਤੁਰਕ ਬਾਦਸ਼ਾਹ ਸ਼ਾਹਜਹਾਂ ਦੇ ਘਰ ਚਾਰ ਪੁੱਤਰ ਪੈਦਾ ਹੋਏ। ਸਾਰੇ ਦੇਸ਼ 'ਤੇ ਉਹ ਰਾਜ ਕਰਦਾ ਸੀ ਤੇ ਸਾਜ਼ੋ-ਸਾਮਾਨ ਬਹੁਤ ਵਧਿਆ ਸੀ॥੩॥

ਚੌਪਈ- ਚੱਕ੍ਰਵਰਤਿ ਇਮ ਰਾਜ ਭਯੋ ਹੈ। ਚਾਰ ਚੱਕ ਇਕ ਹੁਕਮ ਥਿਯੋ ਹੈ।
ਜਹਿਂ ਤਹਿਂ ਦੇਸ਼ਨਿ ਬਿਖੇ ਅਸ਼ੇਸ਼। ਦੋਹੀ ਸੁਨਿਤੇ ਤ੍ਰਾਸ ਵਿਸ਼ੇਖ॥ ੪॥

ਇਸ ਤਰ੍ਹਾਂ ਉਸਦਾ ਚੱਕਰਵਰਤੀ ਰਾਜ ਹੋਇਆ ਹੈ, ਚਾਰੇ ਚੱਕ ਇਕ ਹੁਕਮ ਥੱਲੇ ਖੜੇ ਹਨ। ਜਿਥੇ ਕਿਥੇ ਸਾਰੇ ਦੇਸ਼ਾਂ ਵਿਚ ਉਸ ਦਾ ਹੁਕਮ ਸੁਣਿਆ ਜਾਂਦਾ ਹੈ ਤੇ ਉਸ ਦਾ ਵਿਸ਼ੇਸ਼ ਤੌਰ ਤੇ ਬਹੁਤ ਡਰ ਛਾਇਆ ਹੋਇਆ ਹੈ॥੪॥

ਜਿਤੇ ਨ੍ਰਿਪਤਿ ਸਭਿ ਆਗਜਾ ਕਾਰੀ। ਹਾਥ ਜੋਰਿ ਹੁਇਂ ਖਰੇ ਅਗਾਰੀ।
ਰਜਪੂਤਨਿ ਤਨੁਜਾ ਕੇ ਡੋਰੇ। ਸੁਨਿ ਸੁੰਦਰ ਲੇਵਤਿ ਕਰਿ ਜੋਰੇ॥ ੫॥

ਜਿੰਨੇ ਵੀ ਰਾਜੇ ਹਨ ਸਭ ਆਗਿਆਕਾਰੀ ਹਨ ਤੇ ਹੱਥ ਜੋੜ ਕੇ ਅੱਗੇ ਆ ਖਲੋਂਦੇ ਹਨ। ਰਾਜਪੂਤਾਂ ਦੀਆਂ ਕੁੜੀਆਂ ਦੀ ਸੁੰਦਰਤਾ ਬਾਰੇ ਜਦ ਸੁਣਦੇ ਹਨ ਤਾਂ ਉਨ੍ਹਾਂ ਦੇ ਡੋਲੇ ਜ਼ਬਰਦਸਤੀ ਵਿਆਹ ਲਿਆਉਂਦੇ ਹਨ॥੫॥

ਹਿੰਦਵਾਇਨਿ ਕੋ ਮਹਾਂ ਕਲੰਕ। ਜਥਾ ਅੰਕ ਲਾਗਜੋ ਸੁ ਮਯੰਕ।
ਜਿਨ ਤੇ ਭਯੋ ਉਪਾਇ ਨ ਕੋਏ। ਧੀਰ ਸੂਰਤਾ ਛੋਰਿ ਖਲੋਏ॥ ੬॥

ਹਿੰਦੂਆਂ ਨੂੰ ਇਹ ਮਹਾਂ ਕਲੰਕ ਲੱਗਾ ਸੀ, ਜਿਵੇਂ ਚੰਦ੍ਰਮਾ ਨੂੰ ਗ੍ਰਹਿਣ ਲੱਗਾ ਹੋਵੇ। ਜਿਨ੍ਹਾਂ ਪਾਸੋਂ ਕੋਈ ਉਪਾਅ ਨਾ ਹੋ ਸਕਿਆ ਉਹ ਧੀਰਜ ਅਤੇ ਸੂਰਬੀਰਤਾ ਛੱਡ ਕੇ ਖਲੋ ਗਏ॥੬॥

ਤੁਰਕ ਅਧੀਨ ਹੋਇ ਕਰਿ ਸਾਰੇ। ਆਇਂ ਛਿੱਪ੍ਰ, ਜਬਿ ਲੇਤਿ ਹਕਾਰੇ।
ਜਹਾਂ ਪਠਾਵਹਿਂ ਤਹਿਂ ਚਲਿ ਜਾਂਹੀ। ਸ਼ਕਤਿ ਹੀਨ ਹੁਇ ਰਹਿਂ ਅਗਵਾਹੀ॥੭॥

ਸਾਰੇ ਤੁਰਕ ਬਾਦਸ਼ਾਹ ਦੇ ਅਧੀਨ ਹੋ ਗਏ ਤੇ ਉਹ ਜਦ ਵੀ ਉਨ੍ਹਾਂ ਨੂੰ ਬੁਲਾਉਂਦਾ ਸੀ ਤਾਂ ਤੁਰਤ ਆ ਹਾਜ਼ਰ ਹੁੰਦੇ ਸਨ। ਜਿਥੇ ਵੀ ਭੇਜਦਾ ਸੀ ਉਥੇ ਹੀ ਚਲੇ ਜਾਂਦੇ ਸਨ। ਸ਼ਕਤੀਹੀਣ ਹੋ ਕੇ ਅੱਗੇ-ਅੱਗੇ ਰਹਿੰਦੇ ਸਨ॥੭॥

ਕਿਸ ਪਰ ਕਿਮ ਜੇ ਰਿਸ ਹੁਇ ਜਾਏ। ਬਿਕਟ ਮੁਹਿੰਮ ਪਠਹਿਂ ਮਰਿਵਾਏ।
ਤਨਕ ਹੁਕਮ ਜੋ ਮੋਰਨਿ ਕਰਿਹੀ। ਲਰਹਿਂ, ਕਰਹਿਂ ਅਪਨੇ ਅਨੁਸਰਹੀ॥ ੮॥

ਬਾਦਸ਼ਾਹ ਕਿਸੇ ਉੱਤੇ ਜੇ ਗੁੱਸੇ ਹੋ ਜਾਂਦਾ ਸੀ ਤਾਂ ਕਰੜੀ ਮੁਹਿੰਮ ਭੇਜ ਕੇ ਮਰਵਾ ਦਿੰਦਾ ਸੀ। ਰਤਾ ਭਰ ਵੀ ਜਿਹੜਾ ਹੁਕਮ ਅਦੂਲੀ ਕਰਦਾ ਸੀ, ਉਸ ਨਾਲ ਲੜਾਈ ਕਰਕੇ ਉਸ ਨੂੰ ਆਪਣੇ ਅਧੀਨ ਕਰ ਲੈਂਦਾ ਸੀ॥੮॥

ਪੋਸ਼ਿਸ਼ ਜ਼ਹਿਰ ਅਜ਼ਾਹਰ ਲਾਇ। ਰਿਸ ਕਰਿ ਕਿਸ ਕਹੁ ਦੇਂ ਪਹਿਰਾਇ।
ਕਰਹਿਂ ਸੰਘਾਰ, ਨ ਜੀਵਤਿ ਛੋਰਹਿਂ। ਹੁਇ ਮਵਾਸ ਚੜ੍ਹ ਤਿਸ ਕੋ ਤੋਰਹਿਂ॥੯॥

ਪੋਸ਼ਾਕਾਂ ਨੂੰ ਗੁੱਝੀ ਜ਼ਹਿਰ ਲਾ ਦਿੰਦੇ ਸਨ ਤੇ ਗੁੱਸੇ ਵਿਚ ਆ ਕੇ ਕਿਸੇ ਨੂੰ ਵੀ ਪਵਾ ਦਿੰਦੇ ਸਨ। ਮਾਰ ਦਿੰਦੇ ਸਨ, ਜੀਊਂਦਾ ਨਹੀਂ ਸੀ ਛੱਡਦੇ। ਜਿਹੜਾ ਆਕੀ ਹੋ ਜਾਂਦਾ ਸੀ, ਉਸ ਨੂੰ ਤਬਾਹ ਕਰ ਦਿੰਦੇ ਸਨ॥੯॥

ਸੈਨਾ ਕੋਸ਼ ਦੁਰਗ ਬਡ ਭਾਰੇ। ਜਿਨ ਕੋ ਪੱਜਤਿ ਨਹੀਂ ਸ਼ੁਮਾਰੇ।
ਸਭਿ ਦੇਸ਼ਨਿ ਕੋ ਦਰਬ ਬਿਸਾਲਾ। ਦਿੱਲੀ ਆਨਿ ਭਰਹਿਂ ਨਰ ਹਾਲਾ॥੧੦॥

ਬਹੁਤ ਵੱਡੀ ਸੈਨਾ, ਧਨ ਅਤੇ ਵੱਡੇ ਵੱਡੇ ਭਾਰੀ ਕਿਲ੍ਹੇ ਸਨ, ਜਿਨ੍ਹਾਂ ਦੀ ਕੋਈ ਗਿਣਤੀ ਹੀ ਨਹੀਂ ਸੀ। ਸਾਰੇ ਦੇਸ਼ਾਂ ਦਾ ਵਿਸ਼ਾਲ ਧਨ ਮਨੁੱਖ ਮਾਲੀਏ ਵਜੋਂ ਦਿਲੀ ਆ ਕੇ ਭਰਦੇ ਸਨ॥੧੦॥

ਬੀਰ ਸ਼ਸਤ੍ਰ ਧਾਰੀ ਮਹਿਪਾਲਾ। ਜੇ ਰਜਪੂਤ ਕਹਾਇਂ ਬਿਸਾਲਾ।
ਤਿਨ ਕੀ ਭਈ ਦਸ਼ਾ ਜਬਿ ਐਸੇ। ਸੁਤਾ ਦੇਨਿ ਲੌ ਬਰਨੀ ਜੈਸੇ॥ ੧੧॥

ਸੂਰਬੀਰ ਸ਼ਸਤਰਧਾਰੀ ਰਾਜੇ ਜਿਹੜੇ ਆਪਣੇ ਆਪ ਨੂੰ ਵੱਡੇ ਰਾਜਪੂਤ ਕਹਾਉਂਦੇ ਸਨ, ਜਦ ਉਨ੍ਹਾਂ ਦੀ ਹੀ ਐਸੀ ਭੈੜੀ ਦਸ਼ਾ ਹੋ ਗਈ ਕਿ ਇਸ ਤਰ੍ਹਾਂ ਪੁੱਤਰੀ ਦੇ ਦਿੰਦੇ ਸੀ ਜਿਵੇਂ ਪੂਜ ਦਿੱਤੀ ਹੋਵੇ॥੧੧॥

ਅਪਰ ਹਿੰਦੁਵਨਿ ਕੀ ਕਜਾ ਗਿਨਤੀ। ਤੁਰਕਨਿ ਅੱਗ੍ਰ ਕਰਹਿਂ ਸਭਿ ਬਿਨਤੀ।
ਛੀਨ ਧਰਮ ਦਿਨ ਪ੍ਰਤਿ ਬਡ ਹੋਵਾ। ਸਮੁਖ ਦੁਸ਼ਟ ਕੇ ਕੋ ਨ ਖਰੋਵਾ॥੧੨॥

ਹੋਰ ਹਿੰਦੂ ਕਿਹੜੀ ਗਿਣਤੀ ਵਿਚ ਆਉਂਦੇ ਸਨ, ਸਾਰੇ ਤੁਰਕਾਂ ਅੱਗੇ ਬੇਨਤੀਆਂ ਕਰਦੇ ਸਨ। ਧਰਮ ਖੋਹ ਕੇ ਦਿਨ ਪ੍ਰਤੀ ਦਿਨ ਵੱਡਾ ਹੋ ਰਿਹਾ ਸੀ ਤੇ ਦੁਸ਼ਟ ਦੇ ਸਾਹਮਣੇ ਕੋਈ ਵੀ ਨਹੀਂ ਸੀ ਖਲੌਂਦਾ॥੧੨॥

ਰਾਜ ਕਰਜੋ ਚਿਰ ਕਾਲ ਬਿਸਾਲਾ। ਬਲੀ ਭਯੋ, ਪੂਰਬ ਤਪ ਘਾਲਾ।
ਜੇਠੋ ਨੰਦਨ ਦਾਰਸ਼ਕੋਹਾ। ਸ਼ਾਹੁਜਹਾਂ ਕੋ ਤਿਹ ਸੰਗ ਮੋਹਾ॥ ੧੩॥

ਬਹੁਤ ਲੰਮੇ ਸਮੇਂ ਤੱਕ ਰਾਜ ਕੀਤਾ, ਪਿਛਲੇ ਜਨਮ ਦੇ ਤਪ ਦੀ ਕਮਾਈ ਕਾਰਨ ਬਹੁਤ ਸ਼ਕਤੀਸ਼ਾਲੀ ਹੋ ਗਿਆ। ਵੱਡੇ ਪੁੱਤਰ ਦਾ ਨਾਂ ਦਾਰਾ ਸ਼ਕੋਹ ਸੀ, ਸ਼ਾਹਜਹਾਂ ਦਾ ਉਸ ਨਾਲ ਬਹੁਤ ਪਿਆਰ ਸੀ॥੧੩॥

ਜਾਨਜੋ ਨੇਕ ਨਿਕਟਿ ਸੋ ਰਾਖਾ। ਤਖਤ ਬਿਠਾਵੋਂ ਇਸ, ਅਭਿਲਾਖਾ।
ਵਲੀਅਹਿਦ ਕੀਨਿਸ ਤਿਸ ਤਾਈਂ। ਸ਼ੁਭ ਗੁਨ ਪੂਰਨ ਉਚਿਤ ਬਡਾਈ॥੧੪॥

ਉਸ ਨੂੰ ਨੇਕ ਜਾਣਕੇ ਪਾਸ ਹੀ ਰਖਿਆ। ਉਸ ਦੀ ਇਹ ਅਭਿਲਾਸ਼ਾ ਸੀ ਕਿ ਇਸ ਨੂੰ ਤਖ਼ਤ ਉੱਤੇ ਬਿਠਾਵਾਂਗਾ। ਉਸ ਨੂੰ ਆਪਣਾ ਯੁਵਰਾਜ ਬਣਾ ਲਿਆ। ਉਹ ਸ਼ੁਭ ਗੁਣ ਭਰਪੂਰ ਉਚਿਤ ਵਡਿਆਈ ਯੋਗ ਸੀ॥੧੪॥

ਦੁਤਿਯ ਪੁੱਤ੍ਰ ਤਿਸ ਤੇ ਲਘੁ ਜਾਨਾ। ਨਾਮ ਮੁਹੰਮਦਸ਼ੁਜਹ ਬਖਾਨਾ।
ਤਿਸ ਕੋ ਦੇਸ਼ ਅਸ਼ੇਸ਼ ਬੰਗਾਲਾ। ਦੀਨਿ ਪਠਾਇ ਕੀਨਿ ਮਹਿਪਾਲਾ॥ ੧੫॥

ਦੂਸਰਾ ਪੁੱਤਰ ਉਸ ਤੋਂ ਛੋਟਾ ਜਾਣਿਆ, ਉਸ ਦਾ ਨਾਂ ਸ਼ੁਜਹ ਮੁਹੰਮਦ ਸੀ। ਉਸ ਨੂੰ ਬੰਗਾਲ ਦਾ ਹਾਕਮ ਬਣਾਇਆ ਸੀ। ਕਈ ਰਾਜੇ ਉਸ ਦੇ ਅਧੀਨ ਸਨ॥੧੫॥

ਪੁੱਤ੍ਰ ਤੀਸਰੋ ਹੁਤੋ ਨੁਰੰਗਾ। ਦੁਰਮਤਿ ਲਖਹਿ ਸ਼ਾਹੁ ਮਨ ਭੰਗਾ।
ਤਿਸ ਕੋ ਦੀਨਸਿ ਦੱਖਣ ਦੇਸ਼। ਤਹਾਂ ਪਹੁਂਚਿ ਕਰਿ ਬਨਜੋ ਨਰੇਸ਼॥ ੧੬॥

ਤੀਸਰੇ ਪੁੱਤਰ ਦਾ ਨਾਂ ਨੁਰੰਗਾ ਸੀ, ਉਸਦੀ ਖੋਟੀ ਬੁੱਧੀ ਕਰਕੇ ਬਾਦਸ਼ਾਹ ਦਾ ਮਨ ਉਸ ਵਲੋਂ ਢਹਿ ਗਿਆ ਸੀ। ਉਸ ਨੂੰ ਦੱਖਣ ਦਾ ਦੇਸ਼ ਦਿੱਤਾ ਸੀ, ਜਿੱਥੇ ਪਹੁੰਚ ਕੇ ਉਹ ਉਸ ਇਲਾਕੇ ਦਾ ਹਾਕਮ ਬਣ ਗਿਆ॥੧੬॥

ਚਤੁਰਥ ਸ਼ਾਹੁਜਹਾਂ ਕੋ ਢੋਟਾ। ਨਾਮ ਮੁਰਾਦਬਖਸ਼ ਸੋ ਛੋਟਾ।
ਦਿਯੋ ਦੇਸ਼ ਇਸ ਕੋ ਗੁਜਰਾਤ। ਕੀਨਸਿ ਰਾਜ ਤਹਾਂ ਬੱਖਜਾਤ॥ ੧੭॥

ਸ਼ਾਹਜਹਾਂ ਦੇ ਚੌਥੇ ਪੁੱਤਰ ਦਾ ਨਾਂ ਮੁਰਾਦ ਬਖ਼ਸ਼ ਸੀ, ਜਿਹੜਾ ਸਭ ਤੋਂ ਛੋਟਾ ਸੀ। ਇਸ ਨੂੰ ਗੁਜਰਾਤ ਦਾ ਦੇਸ਼ ਦਿੱਤਾ ਸੀ। ਉੱਥੇ ਇਹ ਪ੍ਰਗਟ ਰੂਪ ਵਿਚ ਹਕੂਮਤ ਕਰਦਾ ਸੀ॥੧੭॥

ਅਪਨੇ ਅਪਨੇ ਜਾਇ ਟਿਕਾਨੇ। ਕਰੇ ਭੋਗ ਜੈਸੇ ਮਨ ਭਾਨੇ।
ਕਿਤੇ ਬਰਖ ਬੀਤੇ ਇਸ ਰੀਤਿ। ਸੈਨ ਦਰਬ ਕਹੁ ਸੰਚਤਿ ਨੀਤਿ॥ ੧੮॥

ਆਪਣੇ-ਆਪਣੇ ਟਿਕਾਣੇ ਤੇ ਜਾ ਕੇ ਮਨ-ਭਾਉਂਦਾ ਭੋਗ ਵਿਲਾਸ ਕਰਦੇ ਸਨ। ਇਸ ਰੀਤੀ ਨਾਲ ਕਾਫ਼ੀ ਸਾਲ ਬੀਤ ਗਏ, ਨਿਤ ਸੈਨਾ ਅਤੇ ਧਨ ਇਕੱਠਾ ਕਰਦੇ ਸਨ॥੧੮॥

ਤਖਤ ਬੈਠਿਬੇ ਸਰਬ ਲੁਭਾਵੈਂ। ਨਿਜ ਸਥਾਨ ਥਿਤ ਦਾਵ ਤਕਾਵੈਂ।
ਯਾਂਤੇ ਫਿਕਰ ਕਰਤਿ ਰਹਿਂ ਭਾਰੀ। ਸੰਚਹਿਂ ਦਰਬ ਚਮੂੰ ਕਰਿ ਤਜਾਰੀ॥ ੧੯॥

ਸਾਰੇ ਹੀ ਤਖ਼ਤ 'ਤੇ ਬੈਠਣ ਦਾ ਲੋਭ ਕਰਦੇ ਸਨ। ਆਪਣੇ-ਆਪਣੇ ਅਸਥਾਨ 'ਤੇ ਬੈਠੇ ਦਾਅ ਤਕਦੇ ਸਨ। ਇਸ ਕਰਕੇ ਭਾਰੀ ਫ਼ਿਕਰ ਕਰਦੇ ਰਹਿੰਦੇ ਸਨ। ਧਨ ਅਤੇ ਫ਼ੌਜ ਇਕੱਠੀ ਕਰਕੇ ਆਪਣੀ-ਆਪਣੀ ਤਿਆਰੀ ਕਰਦੇ ਰਹਿੰਦੇ ਸਨ॥੧੯॥

ਨਿਜ ਨਿਜ ਦੇਸ਼ ਅਵਾਸਨਿ ਬਾਸੇ। ਮਨ ਭਾਵਤਿ ਸਭਿ ਕਰਤਿ ਬਿਲਾਸੇ।
ਸ਼ਾਹੁਜਹਾਂ ਰਹਿ ਦਿੱਲੀ ਮਾਂਹਿ। ਦਾਰਸ਼ਕੋਹ ਰਖ੍ਯੋ ਸੁਤ ਪਾਹਿ॥ ੨੦॥

ਆਪਣੇ-ਆਪਣੇ ਦੇਸ਼ ਵਿਚ ਮਹਿਲਾਂ ਵਿਚ ਵੱਸਦੇ ਸਨ। ਸਾਰੇ ਮਨਭਾਉਂਦੇ ਅਨੰਦ ਵਿਲਾਸ ਕਰਦੇ ਸਨ। ਸ਼ਾਹਜਹਾਂ ਦਿੱਲੀ ਵਿਚ ਰਹਿੰਦਾ ਸੀ, ਆਪਣੇ ਪੁੱਤਰ ਦਾਰਾਸ਼ਕੋਹ ਨੂੰ ਆਪਣੇ ਪਾਸ ਹੀ ਰਖਿਆ ਸੀ॥੨੦॥

ਚਿਰੰਕਾਲ ਜਬਿ ਬੀਤ ਗਯੋ ਹੈ। ਸ਼ਾਹਜਹਾਂ ਤਨ ਰੋਗ ਭਯੋ ਹੈ।
ਦਿਨ ਪ੍ਰਤਿ ਪ੍ਰਬਲ ਬਧੀ ਬੀਮਾਰੀ। ਜੋ ਕਿਸਹੂੰ ਤੇ ਜਾਇ ਨ ਟਾਰੀ॥ ੨੧॥

ਜਦ ਕਾਫੀ ਸਮਾਂ ਬੀਤ ਗਿਆ ਤਾਂ ਸ਼ਾਹਜਹਾਂ ਦਾ ਸਰੀਰ ਰੋਗੀ ਹੋ ਗਿਆ। ਦਿਨ ਪ੍ਰਤੀ ਦਿਨ ਬਿਮਾਰੀ ਬਹੁਤ ਵੱਧ ਗਈ, ਜਿਹੜੀ ਕਿਸੇ ਪਾਸੋਂ ਵੀ ਟਾਲੀ ਨਹੀਂ ਸੀ ਜਾਂਦੀ॥੨੧॥

ਸੂਬੇ ਅਰੁ ਉਮਰਾਉ ਬਡੇਰੇ। ਰੋਕੇ ਸਕਲ ਹੋਤਿ ਨਹਿਂ ਨੇਰੇ।
ਜੇ ਸਮੀਪ ਨਿਤ ਆਵਤਿ ਜਾਤਿ। ਸਭਿ ਕੋ ਬਰਜਜੋ ਰਹਤਿ ਇਕਾਂਤ॥ ੨੨॥

ਸੂਬਿਆਂ ਅਤੇ ਸਾਰੇ ਉਮਰਾਵ ਨਾਲ ਮਿਲਣਾ ਬੰਦ ਕਰ ਦਿੱਤਾ, ਕੋਈ ਵੀ ਪਾਸ ਨਹੀਂ ਸੀ ਜਾਂਦਾ। ਜਿਹੜੇ ਨੇੜੇ ਸਨ, ਉਹ ਨਿਤ ਆਉਂਦੇ ਜਾਂਦੇ ਸਨ, ਪਰ ਸਭ ਨੂੰ ਵਰਜ ਕੇ ਇਕਾਂਤ ਵਿਚ ਰਹਿੰਦਾ ਸੀ॥੨੨॥

ਬ੍ਯਾਕੁਲ ਕੀਨਸਿ ਰੋਗ ਮਹਾਂਨੇ। ਕਛੂ ਨ ਆਛੋ ਮਨ ਮਹਿਂ ਮਾਨੇ।
ਬਡੋ ਪੁੱਤ੍ਰ ਇਕ ਪਹੁੰਚੈ ਤਾਸ। ਕੈ ਹਕੀਮ ਦੇ ਔਖਧਿ ਰਾਸ॥ ੨੩॥

ਰੋਗ ਨੇ ਮਹਾਨ ਵਿਆਕੁਲ ਕਰ ਦਿੱਤਾ, ਮਨ ਵਿਚ ਕੁਝ ਵੀ ਚੰਗਾ ਨਹੀਂ ਸੀ ਮੰਨਦਾ। ਇਕ ਵੱਡਾ ਪੁੱਤਰ ਹੀ ਪਾਸ ਪਹੁੰਚਦਾ ਸੀ ਜਾਂ ਹਕੀਮ ਬਹੁਤ ਦਵਾਈਆਂ ਦਿੰਦੇ ਸਨ॥੨੩॥

ਬਹਿਰ ਬਾਤ ਪਸਰੀ ਬਿਪਰੀਤ। 'ਸ਼ਾਹੁ ਜਿਯਨਿ ਮਹਿਂ ਸੰਸੈ ਚੀਤਿ।
ਘਨੇ ਦਿਵਸ ਦੇਖ੍ਯੋ ਨਹਿਂ ਕਾਹੀ। ਯਾਂਤੇ ਲਖੀਯਤਿ ਜੀਵਤਿ ਨਾਂਹੀ॥ ੨੪॥

ਬਾਹਰ ਇਕ ਉਲਟੀ ਗੱਲ ਫੈਲ ਗਈ, "ਬਾਦਸ਼ਾਹ ਦੇ ਜੀਉਂਦੇ ਹੋਣ ਵਿਚ ਸ਼ੱਕ ਹੈ। ਕਈਆਂ ਦਿਨਾਂ ਤੋਂ ਵੇਖਿਆ ਨਹੀਂ ਹੈ, ਇਸ ਕਰਕੇ ਜਾਪਦਾ ਹੈ, ਉਹ ਜੀਉਂਦਾ ਨਹੀਂ ਹੈ॥੨੪॥

ਕਰ੍ਯੋ ਛੁਪਾਵਨ ਪੁੱਤ੍ਰ ਬਡੇਰੇ। ਬੰਦ ਬਸਤੁ ਕਰਿ ਕੈ ਸਭਿ ਕੇਰੇ'।
ਕਰਤਿ ਦਲੀਲ ਅਨੇਕ ਪ੍ਰਕਾਰਾ। ਲੋਕਨਿ ਬਿਖੇ ਰੌਰ ਪ੍ਰਸਤਾਰਾ॥ ੨੫॥

ਵੱਡੇ ਪੁੱਤਰ ਨੇ ਇਸ ਗੱਲ ਨੂੰ ਛੁਪਾ ਕੇ ਰੱਖਿਆ ਹੈ, ਸਭ ਪ੍ਰਕਾਰ ਦੇ ਬੰਦੋਬਸਤ ਕਰ ਰਿਹਾ ਹੈ।" ਅਨੇਕ ਪ੍ਰਕਾਰ ਦੀਆਂ ਦਲੀਲਾਂ ਦਿੰਦੇ ਸਨ। ਲੋਕਾਂ ਵਿਚ ਰੌਲਾ ਪੈ ਗਿਆ॥੨੫॥

ਦੇਸ਼ ਦੇਸ਼ ਮਹਿਂ ਸੁਧ ਬਿਸਤਰੀ। ਮਰ੍ਯੋ ਸ਼ਾਹੁ, ਪਰ ਤੂਸ਼ਨਿ ਕਰੀ।
ਸੁਨਿ ਕਰਿ ਚੋਰ ਧਾਰਵੀ ਬਲੀ। ਲੂਟਨਿ ਲਗੇ ਦੇਸ਼ ਬਿਧਿ ਭਲੀ॥ ੨੬॥

ਦੇਸ-ਦੇਸ਼ ਵਿਚ ਇਹ ਖ਼ਬਰ ਫੈਲ ਗਈ, ਬਾਦਸ਼ਾਹ ਮਰ ਗਿਆ ਹੈ, ਪਰ ਚੁਪ ਧਾਰ ਰੱਖੀ ਹੈ। ਇਹ ਸੁਣ ਕੇ ਬਲਵਾਨ ਚੋਰ ਧਾੜਵੀ ਦੇਸ਼ ਨੂੰ ਭਲੀ ਪ੍ਰਕਾਰ ਲੁੱਟਣ ਲੱਗੇ॥੨੬॥

ਨਿਬਲਨਿ ਬਲਵਾਨ ਬਡੇਰੇ। ਹਤਹਿਂ ਪ੍ਰਾਨ ਲੇ ਦਰਬ ਘਨੇਰੇ।
ਮਚ੍ਯੋ ਫਤੂਰ ਦੂਰ ਅਰੁ ਨੇਰੇ। ਨਾਸ਼ ਹੋਨਿ ਲਗਿ ਦੇਸ਼ ਚੁਫੇਰੇ॥ ੨੭॥

ਬਲਹੀਣਾਂ ਨੂੰ ਵੱਡੇ ਬਲਵਾਨ ਮਾਰ ਕੇ ਧਨ ਖੋਹਣ ਲੱਗੇ। ਦੂਰ ਅਤੇ ਨੇੜੇ ਸਾਰੇ ਫਤੂਰ ਮੱਚ ਗਿਆ, ਚਾਰ ਚੁਫੇਰੇ ਦੇਸ਼ ਨਾਸ਼ ਹੋਣ ਲੱਗਾ॥੧੭॥

ਦਾਰਸ਼ਕੋਹੁ ਤਬੈ ਇਮ ਜਾਨਾ। ਕਬਜ਼ਾ ਕਰਨਿ ਆਪਨੋ ਠਾਨਾ।
ਜੋ ਖਤ ਪੱਤ੍ਰ ਵਹਿਰ ਕੇ ਆਵੈਂ। ਆਪ ਸੁ ਲੈਬੇ ਲਗ੍ਯੋ ਪੜ੍ਹਾਵੈ॥ ੨੮॥

ਦਾਰਾਸ਼ਕੋਹ ਨੇ ਜਦੋਂ ਇਸ ਤਰ੍ਹਾਂ ਜਾਣਿਆ ਤਾਂ ਆਪਣਾ ਕਬਜ਼ਾ ਜਮਾਉਣ ਬਾਰੇ ਸੋਚਣ ਲੱਗਾ। ਜਿਹੜਾ ਵੀ ਚਿੱਠੀ ਪੱਤਰ ਬਾਹਰ ਤੋਂ ਆਉਂਦਾ ਸੀ, ਆਪ ਲੈ ਕੇ ਪੜ੍ਹਵਾਉਂਦਾ ਸੀ॥੨੮॥

ਸਮੁਝਹਿ ਸੁਨਹਿ, ਹੁਕਮ ਕੋ ਦੇਤਿ। ਕਿਸਹੂੰ ਗਹੈ ਕੈਦ ਕਰਿ ਲੇਤਿ।
ਕੇਤਿਕ ਕੋ ਕਰਤੋ ਬਖਸ਼ੀਸ਼। ਆਇ ਵਕੀਲ ਨਿਵਾਵਹਿਂ ਸੀਸ॥ ੨੯॥

ਸਮਝ ਸੋਚ ਕੇ ਹੁਕਮ ਦਿੰਦਾ ਸੀ, ਕਿਸੇ ਨੂੰ ਫੜ ਕੇ ਕੈਦ ਕਰ ਲੈਂਦਾ ਸੀ, ਕਈਆਂ ਨੂੰ ਬਖਸ਼ੀਸ਼ਾਂ ਦਿੰਦਾ ਸੀ ਤੇ ਵਕੀਲ ਆ ਕੇ ਸਿਰ ਨਿਵਾਉਂਦੇ ਸਨ॥੨੯॥

ਕਾਰ ਗੁਜ਼ਾਰ ਹੋਤਿ ਭਾ ਸੋਈ। ਤਿਸੇ ਸਲਾਮ ਸਭਿਨਿ ਕੋ ਹੋਈ।
ਸ਼ਾਹੁਜਹਾਂ ਕੋ ਬਿਨਾ ਬਿਲੋਕੇ। ਨਿਕਟਿ ਜਾਨਿ ਕੋ ਜਬਿ ਕੇ ਰੋਕੇ॥ ੩੦॥

ਆਪੇ ਹੀ ਸਭ ਪ੍ਰਕਾਰ ਦੇ ਕੰਮ ਚਲਾਉਣ ਵਾਲਾ ਹੋ ਗਿਆ। ਸਾਰੇ ਉਸ ਨੂੰ ਸਲਾਮ ਕਰਦੇ ਸਨ। ਸ਼ਾਹਜਹਾਂ ਨੂੰ ਵੇਖਣ ਅਤੇ ਨੇੜੇ ਜਾਣ ਤੋਂ ਸਭ ਨੂੰ ਰੋਕਿਆ॥੩੦॥

ਨਹੀਂ ਯਕੀਨ ਲੋਕ ਉਰ ਲਹੈਂ। ਸ਼ਾਹੁਜਹਾਂ ਜੀਵਤਿ ਅਬਿ ਅਹੈ।
ਜ਼ਿੰਦਾ ਹੀ ਮੁਰਦਾ ਭਯੋ ਜਾਨੈ। ਘਰ ਅੰਤਰ ਹੈ-ਕਹੀ ਨ ਮਾਨੈ॥ ੩੧॥

ਲੋਕਾਂ ਨੂੰ ਹਿਰਦੇ ਵਿਚ ਯਕੀਨ ਨਹੀਂ ਆਉਂਦਾ ਹੈ ਕਿ ਸ਼ਾਹਜਹਾਂ ਹੁਣ ਜੀਉਂਦਾ ਹੈ ਕਿ ਨਹੀਂ। ਉਹ ਜਾਣਦੇ ਸਨ ਕਿ ਜੀਉਂਦਾ ਹੀ ਮੁਰਦਾ ਹੋ ਗਿਆ ਹੈ, ਘਰ ਅੰਦਰ ਹੈ, ਕੋਈ ਵੀ ਕਹੇ ਨੂੰ ਨਹੀਂ ਮੰਨਦਾ ਸੀ॥੩੧॥

ਯਾਂਤੇ ਪਰਯੋ ਦੇਸ਼ ਮੈਂ ਰੋਰਾ। ਸੂਬੇ ਸਭਿ ਆਕੀ ਨਿਜ ਠੋਰਾ।
ਛੀਨਿ ਛੀਨਿ ਧਨ, ਧੁਜਨੀ ਰਾਖੀ। ਕਰਹਿਂ ਜੰਗ ਇਮ ਭੇ ਅਭਿਲਾਖੀ॥ ੩੨॥

ਇਸ ਕਰਕੇ ਦੇਸ਼ ਵਿਚ ਰੌਲਾ ਪੈ ਗਿਆ, ਸਾਰੇ ਸੂਬੇ ਆਪਣੀ-ਆਪਣੀ ਥਾਂ ਆਕੀ ਹੋ ਗਏ। ਧਨ ਖੋਹ ਖੋਹ ਕੇ ਉਨ੍ਹਾਂ ਸੈਨਾ ਰੱਖ ਲਈ, ਜੰਗ ਕਰਾਂਗੇ, ਇਸ ਤਰ੍ਹਾਂ ਉਨ੍ਹਾਂ ਦੀ ਅਭਿਲਾਸ਼ਾ ਸੀ॥੩੨॥

ਪੰਥ ਚਲਨ ਤੇ ਨਰ ਹਟਿ ਰਹੇ। ਲੇਤਿ ਖਸੋਟਿ ਫਿਰਤਿ ਜੇ ਲਹੇ।
ਇਸ ਪ੍ਰਕਾਰ ਜਬਿ ਭਾ ਅੰਧਕਾਰਾ। ਕੋ ਨਹਿਂ ਸੁਨਿ ਹੈ ਕਿਨਹੂ ਪੁਕਾਰਾ॥ ੩੩॥

ਲੋਕ ਰਾਹ ਚਲਣ ਤੋਂ ਹਟ ਗਏ, ਜਿਹੜੇ ਫਿਰਦੇ ਵੇਖਦੇ ਸਨ, ਉਨ੍ਹਾਂ ਨੂੰ ਲੁੱਟ ਲੈਂਦੇ ਸਨ। ਇਸ ਪ੍ਰਕਾਰ ਜਦ ਅੰਧਕਾਰ ਫੈਲ ਗਿਆ, ਕੋਈ ਨਹੀਂ ਸੀ ਸੁਣਦਾ ਕਿ ਕੌਣ ਪੁਕਾਰ ਕਰਦਾ ਹੈ॥੩੩॥

ਸਭਿ ਦੇਸ਼ਨਿ ਮੈਂ ਗਯੋ ਪ੍ਰਸੰਗ। ਸੁਨਤਿ ਸ਼ਜ਼ਾਦੇ ਭਏ ਨਿਸ਼ੰਗ।
ਹੁਤੋ ਮੁਰਾਦ ਬਖ਼ਸ਼ ਜੋ ਤਾਤ। ਤਿਸ ਕਾਇਮ ਕੀਨਸਿ ਗੁਜਰਾਤ॥ ੩੪॥

ਸਾਰੇ ਦੇਸ਼ਾਂ ਵਿਚ ਇਹ ਖ਼ਬਰ ਪਹੁੰਚ ਗਈ। ਸ਼ਹਿਜ਼ਾਦੇ ਇਹ ਸੁਣ ਕੇ ਆਕੀ ਹੋ ਗਏ। ਜਿਹੜਾ ਮੁਰਾਦ ਬਖ਼ਸ਼ ਛੋਟਾ ਪੁੱਤਰ ਸੀ ਉਸ ਨੇ ਗੁਜਰਾਤ ਵਿਚ ਆਪਣੀ ਫੌਜ ਕਾਇਮ ਕੀਤੀ॥੩੪॥

ਕਾਰ ਦਾਰ, ਬੇਗਮ ਕ ਤਹਾਂ। ਗਹਿ ਲੀਨਸਿ ਛੀਨਸਿ ਧਨ ਮਹਾਂ।
ਕਹਿ ਕਰਿ ਅਧਿਕ ਮਾਰ ਕਰਿਵਾਈ। ਗਾਡਯੋ ਕਾਢਿ ਦਿਯੋ ਅਗੁਵਾਈ ॥੩੫॥

ਉਹ ਉਥੇ ਬੇਗਮ ਦਾ ਕਾਰ ਮੁਖਤਾਰ ਸੀ, ਉਸ ਨੇ ਬੇਗਮ ਨੂੰ ਕੈਦ ਕਰ ਲਿਆ ਤੇ ਸਭ ਧਨ ਖੋਹ ਲਿਆ। ਫਿਰ ਕਹਿ ਕੇ ਉਸ ਦੀ ਬਹੁਤ ਮਾਰ ਕੁਟਵਾਈ ਕਰਵਾਈ, ਉਸ ਨੇ ਗਡਿਆ ਹੋਇਆ ਧਨ ਵੀ ਕੱਢ ਕੇ ਦੇ ਦਿੱਤਾ ॥੩੫॥

ਬੇ ਤਕਸੀਰ ਜੁ ਅਪਨਿ ਦਿਵਾਨ। ਤਿਸ ਕੋ ਹਤਯੋ ਪ੍ਰਾਨ ਕਰਿ ਹਾਨ।
ਨਿਜ ਕਬਜ਼ੇ ਮਹਿਂ ਸਭਿ ਕੁਛ ਕਰਯੋ। ਨਿਕਟਿ ਨਿਕਟਿ ਜੋ ਦੇਸ਼ ਨਿਹਰਯੋ ॥੩੬॥

ਜੋ ਉਸ ਦਾ ਬੇਕਸੂਰ ਦੀਵਾਨ ਸੀ, ਉਸ ਨੂੰ ਮਾਰ ਦਿੱਤਾ। ਨੇੜੇ-ਨੇੜੇ ਜਿਹੜੇ ਵੀ ਦੇਸ਼ ਵੇਖੇ, ਸਭ ਨੂੰ ਆਪਣੇ ਕਬਜ਼ੇ ਵਿਚ ਕਰ ਲਿਆ ॥੩੬॥

ਲੂਟਿ ਸਰਬ ਕੋ ਗਰਦ ਮਿਲਾਯੋ। ਲਸ਼ਕਰ ਲਰਿਬੇ ਹੇਤੁ ਬਨਾਯੋ।
ਤੋਪ ਤੁਪਕ ਬਾਰੂਦ ਸੁ ਗੋਰੇ। ਸ਼ਸਤ੍ਰ ਬੰਦ ਬਹੁ ਦੀਨਸਿ ਘੋਰੇ ॥ ੩੭॥

ਸਾਰਿਆਂ ਨੂੰ ਲੁੱਟ ਕੇ ਮਿੱਟੀ ਵਿਚ ਮਿਲਾ ਦਿੱਤਾ ਤੇ ਲੜਾਈ ਵਾਸਤੇ ਲਸ਼ਕਰ ਤਿਆਰ ਕੀਤਾ। ਤੋਪਾਂ, ਬੰਦੂਕਾਂ, ਬਾਰੂਦ ਦੇ ਗੋਲਿਆਂ ਨਾਲ ਫ਼ੌਜ ਨੂੰ ਸ਼ਸਤਰਬੰਧ ਕਰਕੇ ਉਨ੍ਹਾਂ ਨੂੰ ਘੋੜੇ ਦਿੱਤੇ ॥੩੭॥

ਨਿਜ ਸੁਭਟਨਿ ਬਖਸ਼ੀਸ਼ ਕਰੀ ਹੈ। ਕੰਕਨ ਜਿਗਾ ਜਰਾਵ ਜਰੀ ਹੈ।
ਜਬਿ ਇਹ ਗਾਢੋ ਭਯੋ ਬਿਸਾਲ। ਇਮ ਸੁਨਿ ਕੈ ਜੋ ਹੁਤੋ ਬੰਗਾਲੇ ॥ ੩੮॥

ਆਪਣੇ ਸੂਰਮਿਆਂ ਨੂੰ ਬਖਸ਼ਿਸ਼ਾਂ ਕੀਤੀਆਂ , ਕੰਗਨ, ਜਿਗ੍ਹਾ ਤੇ ਜੜਾਊ ਗਹਿਣਿਆਂ ਦੀ ਬਖਸ਼ਿਸ਼ ਕੀਤੀ। ਜਦ ਇਹ ਬੜਾ ਬਲੀ ਹੋ ਗਿਆ, ਤਾਂ ਇਹ ਸੁਣ ਕੇ ਜਿਹੜਾ ਬੰਗਾਲ ਦਾ ਸੂਬੇਦਾਰ ਸੀ ॥੩੮॥

ਤਿਸੀ ਰੀਤਿ ਤਿਸਨੇ ਤਹਿਂ ਕੀਨੋ। ਨਿਕਟਿ ਜੁ ਦੇਸ਼ ਛੀਨ ਕਰਿ ਲੀਨੋ।
ਧਨ ਦਿਲੇਸ਼ ਕੋ ਹੁਤੋ ਜੁ ਨੇਰੇ। ਲੀਨਿ ਖਸੋਟ ਪਾਇ ਕਰਿ ਘੇਰੇ ॥ ੩੯॥

ਉਸ ਨੇ ਵੀ ਉਸੇ ਤਰ੍ਹਾਂ ਕੀਤਾ। ਨੇੜੇ ਤੇੜੇ ਜਿੰਨਾ ਵੀ ਇਲਾਕਾ ਸੀ, ਸਭ ਖੋਹ ਲਿਆ। ਦਿਲੀ ਦੇ ਬਾਦਸ਼ਾਹ ਦਾ ਜਿਹੜਾ ਨੇੜੇ ਤੇੜੇ ਧਨ ਸੀ, ਉਹ ਘੇਰਾ ਪਾ ਕੇ ਸਭ ਲੁੱਟ ਲਿਆ ॥੩੯॥

ਬੰਦੁਬਸਤ ਕਰਿ ਲੇ ਧਨੁ ਰਾਸੀ। ਪਟਨੇ ਹੁਇ ਪੁਨ ਆਵਾ ਕਾਸ਼ੀ।
ਕਬਜ਼ਾ ਅਪਨ ਕਰਯੋ ਤਹਿਂ ਸਾਰੇ। ਆਨ ਜੁ ਮਿਲੇ ਤਿਨਹਿ ਸਤਿਕਾਰੇ ॥੪੦॥

ਸਾਰਾ ਬੰਦੋਬਸਤ ਕਰਕੇ ਤੇ ਧਨ ਦੀ ਰਾਸ਼ੀ ਲੈ ਕੇ ਪਟਨੇ ਹੋ ਕੇ ਫਿਰ ਕਾਂਸ਼ੀ ਆ ਗਿਆ। ਉਥੇ ਸਾਰੇ ਆਪਣਾ ਕਬਜ਼ਾ ਕਰ ਲਿਆ। ਜਿਹੜਾ ਆ ਕੇ ਮਿਲਦਾ ਸੀ, ਉਸ ਦਾ ਸਤਿਕਾਰ ਕਰਦਾ ਸੀ ॥੪੦॥

ਸ਼ਸਤ੍ਰ ਸੁਭਟ ਘੋਰਾ ਗਜ ਭਾਰੇ। ਦੇ ਕਰਿ ਦਰਬ ਸਰਬ ਸ਼ਿੰਗਾਰੇ।
ਜ਼ੋਰ ਸ਼ੋਰ ਅਪਨੋ ਦਿਖਰਾਯੋ। ਕਾਸ਼ੀ ਲਗਿ ਸਭਿ ਰਾਜ ਦਬਾਯੋ ॥ ੪੧॥

ਜਿਹੜੇ ਸ਼ਸਤਰ, ਸੂਰਮੇ, ਘੋੜੇ ਅਤੇ ਭਾਰੀ ਹਾਥੀ ਸਨ, ਉਸ ਨੇ ਧਨ ਦੇ ਕੇ ਸਾਰਿਆਂ ਨੂੰ ਸ਼ਿੰਗਾਰ ਲਿਆ। ਆਪਣਾ ਬੜਾ ਜ਼ੋਰ ਸ਼ੋਰ ਵਿਖਾਇਆ, ਕਾਂਸ਼ੀ ਤਕ ਸਭ ਰਾਜ 'ਤੇ ਕਬਜ਼ਾ ਕਰ ਲਿਆ ॥੪੧॥

ਹਰਖ ਮੁਹੰਮਦ ਸ਼ੁਜਾ ਬਿਲੰਦ। ਸੈਨ ਸਕੇਲਨਿ ਕੀਨਸਿ ਬ੍ਰਿੰਦ।
ਅਪਰ ਦੇਸ਼ ਮਹਿਂ ਰੌਰਾ ਮਹਾਂ। ਲੂਟਹਿਂ ਬਲੀ ਨ੍ਰਿਬਲ ਜਹਿਂ ਕਹਾਂ ॥ ੪੨॥

ਸ਼ੁਜਾ ਮੁਹੰਮਦ ਬਹੁਤ ਪ੍ਰਸੰਨ ਹੋ ਗਿਆ। ਉਸ ਨੇ ਬਹੁਤ ਸੈਨਾ ਇਕੱਠੀ ਕਰ ਲਈ। ਸਾਰੇ ਦੇਸ਼ ਵਿਚ ਮਹਾਨ ਰੌਲਾ ਮਚਿਆ ਹੋਇਆ ਸੀ। ਜਿਥੇ ਕਿਥੇ ਬਲਵਾਨਾਂ ਨੇ ਨਿਰਬਲਾਂ ਨੂੰ ਲੁੱਟ ਲਿਆ॥੪੨॥

*ਨੌਵੀਂ ਰਾਸ ਦਾ ਨੌਵਾਂ ਅਧਿਆਇ ਸਮਾਪਤ ਹੋਇਆ॥੯॥*

## ਅਧਿਆਇ ਦਸਵਾਂ

### *ਸ਼ੁਜਾ ਮੁਹੰਮਦ 'ਤੇ ਚੜ੍ਹਾਈ*

ਦੋਹਰਾ- ਪਰਯੋ ਰੌਰ ਸਭਿ ਠੌਰ ਮਹਿਂ ਮਗ ਅਟਕੇ ਚਹੁੰ ਓਰ।
ਨਰ ਨਾਰੀ ਮਹਿਂ ਤ੍ਰਾਸ ਭਾ ਜਥਾ ਪੋਤਜਲ ਘੋਰ ॥ ੧॥

ਸਭ ਪਾਸੇ ਰੌਲਾ ਪੈ ਗਿਆ। ਚਾਰੇ ਪਾਸੇ ਰਾਹ ਬੰਦ ਹੋ ਗਏ। ਇਸਤਰੀ ਮਰਦਾਂ ਵਿਚ ਬੜਾ ਡਰ ਛਾ ਗਿਆ, ਜਿਵੇਂ ਭਿਆਨਕ ਜਲ ਵਿਚ ਜਹਾਜ਼ ਘਿਰਿਆ ਹੁੰਦਾ ਹੈ॥੧॥

ਚੌਪਈ- ਦਾਰਸ਼ਕੋਹ ਸੁਨੀ ਸੁਧਿ ਸਾਰੀ। ਸ਼ਾਹੁਜਹਾਂ ਕੇ ਤੀਰ ਉਚਾਰੀ।
'ਗਰਦਸ਼ ਕੀਨਸਿ ਦੇਸ਼ ਅਸ਼ੇਸ਼। ਗ੍ਰਾਮ ਨਗਰ ਭੇ ਦੁਖੀ ਵਿਸ਼ੇਸ਼॥ ੨॥

ਦਾਰਾਸ਼ਕੋਹ ਨੇ ਇਸ ਬਾਰੇ ਸੁਣਿਆ ਤਾਂ ਸ਼ਾਹੁਜਹਾਂ ਪਾਸ ਜਾ ਕੇ ਕਿਹਾ, "ਦੇਸ਼ ਵਿਚ ਬਹੁਤ ਰੌਲਾ ਮਚ ਗਿਆ ਹੈ, ਪਿੰਡ ਨਗਰ ਵਿਸ਼ੇਸ਼ ਤੌਰ 'ਤੇ ਦੁਖੀ ਹਨ॥੨॥

ਸ਼ਹਜ਼ਾਦਨਿ ਬਡ ਧੂਮ ਮਚਾਈ। ਸਰਕਸ਼ ਹੁਇ ਆਫ਼ਾਤ ਉਠਾਈ।
ਨਿਕਸਹੁ ਵਹਿਰ ਕਰਹੁ ਕੁਛ ਗਮਨ। ਇਤ ਉਤ ਦੇਖਤਿ ਹ੍ਵੈ ਹੈਂ ਦਮਨ॥੩॥

ਸ਼ਹਿਜ਼ਾਦਿਆਂ ਨੇ ਵੱਡੀ ਧੂਮ ਮਚਾਈ ਹੋਈ ਹੈ, ਆਕੀ ਹੋ ਕੇ ਬੜੀ ਆਫ਼ਤ ਉਠਾਈ ਹੈ। ਬਾਹਰ ਨਿਕਲੋ ਤੇ ਕੁਝ ਚਲੋ ਫਿਰੋ, ਏਧਰ ਓਧਰ ਵੇਖਣ ਨਾਲ ਸਾਰੇ ਦੱਬ ਜਾਣਗੇ॥੩॥

ਨਾਂਹਿ ਤ ਲਸ਼ਕਰ ਪਰੇ ਪਠਾਵਹਿਂ। ਬੰਧਹਿ ਜ਼ਾਲਮਨਿ, ਹਤਹਿਂ, ਪਲਾਵਹਿਂ।
ਆਫ਼ਤਾਬ ਸਮ ਉਦੇ ਨ ਹੋਵਹਿਂ। ਸੁਖ ਪ੍ਰਕਾਸ਼ ਕਹੁ ਕਿਮ ਜਗ ਜੋਵਹਿ ?॥੪॥

ਨਹੀਂ ਤਾਂ ਅਸੀਂ ਲਸ਼ਕਰ ਨੂੰ ਓਧਰ ਭੇਜੀਏ, ਜ਼ਾਲਮਾਂ ਨੂੰ ਬੰਨ੍ਹਣ, ਮਾਰਨ ਤੇ ਭਜਾਉਣ। ਤੁਸੀਂ ਸੂਰਜ ਵਾਂਗ ਚੜ੍ਹਦੇ ਨਹੀਂ ਭਾਵ ਦਰਸ਼ਨ ਨਹੀਂ ਦਿੰਦੇ ਹੋ। ਜਗ ਫਿਰ ਸੁੱਖ ਦਾ ਪ੍ਰਕਾਸ਼ ਕਿਵੇਂ ਵੇਖੇ ?॥੪॥

ਚੋਰ, ਉਲੂਕ ਸ਼੍ਰਿੰਗਾਲ ਅੰਧੇਰਾ। ਦਬਕਹਿਂ ਦੁਸ਼ਟ ਦੇਖਿ ਇਕ ਬੇਰਾ।
ਸ਼ਾਹੁਜਹਾਂ ਸੁਨਿਕੈ ਸੁਤ ਬਾਤਿ। ਭਯੋ ਲਚਾਰ, ਮੋਨ ਪਛੁਤਾਤਿ॥ ੫॥

ਚੋਰ, ਉਲੂ ਅਤੇ ਗਿੱਦੜ ਹਨ੍ਹੇਰਾ ਮੰਗਦੇ ਹਨ, ਦੁਸ਼ਟ ਇਕ ਵਾਰ ਵੇਖ ਕੇ ਦੱਬ ਜਾਣਗੇ।" ਸ਼ਾਹਜਹਾਂ ਆਪਣੇ ਪੁੱਤਰ ਦੀ ਗੱਲ ਸੁਣ ਕੇ ਲਾਚਾਰ ਹੋ ਗਿਆ, ਚੁਪ ਰਹਿ ਕੇ ਪਛਤਾਉਂਦਾ ਸੀ॥੫॥

ਤਨ ਮਹਿਂ ਰੁਜ, ਉਤ ਰਾਜ ਬਿਨਾਸ਼ੇ। ਦੋਨਹੁਂ ਕਠਨ ਪਰੀ ਗਰ ਫਾਸੇ।
ਸਲਿਤਾ ਸੋਚ ਬਿਖੈ ਮਨ ਬਹਿਊ। ਨਹਿਂ ਅਲੰਬ ਥਿਰਤਾ ਕਿਤ ਲਹਿਊ॥੬॥

ਸਰੀਰ ਬੀਮਾਰ ਹੈ ਤੇ ਰਾਜ ਦਾ ਨਾਸ਼ ਹੋ ਰਿਹਾ ਹੈ, ਦੋਵੇਂ ਗਲ ਵਿਚ ਕਠਨ ਫਾਂਸੀਆਂ ਪਈਆਂ ਹਨ। ਸੋਚਾਂ ਦੀ ਨਦੀ ਵਿਚ ਮਨ ਵਹਿ ਗਿਆ। ਕੋਈ ਆਸਰਾ ਨਹੀਂ ਦਿਸਦਾ, ਸਥਿਰਤਾ ਕਿਵੇਂ ਪ੍ਰਾਪਤ ਹੋਵੇ॥੬॥

ਸੁਖ ਦੁਖ ਸਦਾ ਰਹੈਂ ਸਭਿ ਸਾਥ। ਕਹਾਂ ਰੰਕ ਅਰੁ ਅਵਿਨੀ ਨਾਥਿ।
ਗਿਨਤੀ ਠਾਨਤਿ ਰਾਤਿ ਬਿਤਾਈ। ਹਠ ਤੇ ਨਿਜ ਤਜਾਰੀ ਕਰਵਾਈ॥੭॥

ਸੁੱਖ ਦੁੱਖ ਸਦਾ ਨਾਲ ਰਹਿੰਦੇ ਹਨ, ਬੇਸ਼ਕ ਉਹ ਇਕ ਗ਼ਰੀਬ ਵਿਅਕਤੀ ਹੋਵੇ ਜਾਂ ਇਸ ਧਰਤੀ ਦਾ ਸਵਾਮੀ ਹੋਵੇ। ਗਿਣਤੀਆਂ ਗਿਣਦਿਆਂ ਰਾਤ ਬਤੀਤ ਕੀਤੀ ਤੇ ਫਿਰ ਹੱਠ ਨਾਲ ਆਪਣੀ ਤਿਆਰੀ ਕਰਵਾਈ॥੭॥

ਸ੍ਰੀ ਜਮਨਾ ਜਲ ਮਹਿਂ ਕਲ ਤਰਨੀ। ਦਿਢਿ ਸੁੰਦਰ ਚਿੱਤ੍ਰਤਿ ਬਹੁ ਬਰਨੀ।
ਤਿਸ ਪਰ ਜਾਇ ਪ੍ਰਯੰਕ ਟਿਕਾਵਾ। ਘਟਾ ਟੋਪ ਊਪਰ ਕਰਿ ਛਾਵਾ॥੮॥

ਜਮਨਾ ਨਦੀ ਦੇ ਜਲ ਵਿਚ ਇਕ ਬੇੜੀ ਲਈ, ਜਿਹੜੀ ਬੜੀ ਮਜ਼ਬੂਤ ਸੀ ਅਤੇ ਭਿੰਨ-ਭਿੰਨ ਰੰਗਾਂ ਦੀ ਜਿਸ ਵਿਚ ਚਿੱਤਰਕਾਰੀ ਹੋਈ ਹੋਈ ਸੀ। ਉਸ ਵਿਚ ਜਾ ਕੇ ਆਪਣਾ ਪਲੰਘ ਟਿਕਾ ਲਿਆ ਤੇ ਬਦਲਾਂ ਨੇ ਚਾਰੇ ਪਾਸੇ ਉਮੱਡ ਕੇ ਟੋਪ ਤੁਲ ਆਕਾਰ ਧਾਰ ਕੇ ਛਾਂ ਕਰ ਦਿੱਤੀ॥੮॥

ਸਨੇ ਸਨੇ ਤਿਹ ਛੋਰਿ ਚਲਾਵਾ। ਤੀਰ ਤੀਰ ਬਡਿ ਕਟਕ ਸਿਧਾਵਾ।
ਜਹਾਂ ਅਕਬਰਾਬਾਦ ਸਥਾਨ। ਜਾਇ ਪਹੂੰਚੇ ਕਰਤਿ ਪਯਾਨ॥ ੯॥

ਬੇੜੀ ਹੋਲੀ-ਹੋਲੀ ਕਿਨਾਰੇ ਨੂੰ ਛੱਡ ਕੇ ਚੱਲ ਪਈ, ਨਾਲ-ਨਾਲ ਬਹੁਤ ਫ਼ੌਜ ਚਲ ਪਈ। ਜਿਥੇ ਅਕਬਰਾਬਾਦ ਸਥਾਨ ਹੈ, ਚਲਦੇ-ਚਲਦੇ ਉਥੇ ਜਾ ਪਹੁੰਚੇ॥੯॥

ਕਰਯੋ ਨਿਵੇਸ ਅਸ਼ੇਸ਼ ਸ ਸੈਨਾ। ਖਾਨ ਪਾਨ ਕਰਿ ਸੁਪਤੇ ਰੈਨਾ।
ਸਭਿ ਰਜਪੂਤ ਭੂਪ ਚਲਿ ਆਏ। ਲਾਖਹੁਂ ਧੁਜਨੀ ਭੀ ਇਕ ਥਾਏਂ॥ ੧੦॥

ਸੈਨਾ ਨੇ ਉਥੇ ਜਾ ਕੇ ਨਿਵਾਸ ਕੀਤਾ, ਖਾ ਪੀ ਕੇ ਰਾਤ ਨੂੰ ਸੌਂ ਗਏ। ਸਭ ਰਾਜਪੂਤ ਰਾਜੇ ਚਲ ਕੇ ਆਏ, ਲੱਖਾਂ ਦੀ ਗਿਣਤੀ ਵਿਚ ਸੈਨਾ ਵੀ ਇਕ ਥਾਂ ਇਕੱਠੀ ਹੋਈ॥੧੦॥

ਤੋਪ, ਜੰਬੂਰੇ, ਬ੍ਰਿੰਦ ਜੰਜੈਲ। ਛੁਟਤਿ ਬਿਦਾਰਹਿਂ ਜੇ ਬਡ ਸੈਲ।
ਤਹਿਂ ਭੀ ਨਹਿ ਯਕੀਨ ਨਰ ਕਰੈਂ। ਸ਼ਾਹੁ ਜਹਾਂ ਕੋ ਨਹੀਂ ਨਿਹਰੈਂ॥ ੧੧॥

ਤੋਪਾਂ, ਜੰਬੂਰੇ ਅਤੇ ਭਾਰੀਆਂ ਅਤੇ ਲੰਮੀਆਂ ਬੰਦੂਕਾਂ ਜਿਹੜੀਆਂ ਚਲਣ ਨਾਲ ਵੱਡੇ-ਵੱਡੇ ਪਹਾੜਾਂ ਨੂੰ ਤੋੜ ਦਿੰਦੀਆਂ ਸਨ, ਨਾਲ ਲਈਆਂ ਸਨ। ਫਿਰ ਵੀ ਲੋਕੀਂ ਬਾਦਸ਼ਾਹ ਬਾਰੇ ਯਕੀਨ ਨਹੀਂ ਸਨ ਕਰ ਰਹੇ, ਕਿਉਂਕਿ ਉਹ ਸ਼ਾਹ ਜਹਾਨ ਨੂੰ ਨਹੀਂ ਵੇਖ ਰਹੇ ਸਨ॥੧੧॥

ਕਰਯੋ ਦਿਖਾਵਾ ਨਵਕਾ ਮਾਂਹਿ। ਮਰਯੋ ਸ਼ਾਹ ਜੀਵਤਿ ਹੁਇ ਨਾਂਹਿ।
ਦੇਖਾ ਦੇਖੀ ਨ੍ਰਿਪ ਉਮਰਾਵ। ਥਿਰੇ ਸਾਥ ਸਭਿ ਤਿਸ ਹੀ ਥਾਵ॥ ੧੨॥

ਉਹ ਕਹਿੰਦੇ ਸਨ ਕਿ ਬੇੜੀ ਵਿਚ ਵਿਖਾਵਾ ਹੀ ਕੀਤਾ ਹੈ। ਬਾਦਸ਼ਾਹ ਮਰ ਗਿਆ ਹੈ, ਜੀਉਂਦਾ ਨਹੀਂ ਹੋ ਸਕਦਾ। ਵੇਖਾ-ਵੇਖੀ ਰਾਜੇ ਅਤੇ ਉਮਰਾਵ ਉਸ ਥਾਂ ਆ ਕੇ ਨਾਲ ਠਹਿਰੇ ਹੋਏ ਹਨ॥੧੨॥

ਪੁਨ ਜਸੂਸ ਸੁਧ ਦੇਸ਼ਨਿ ਲਜਾਏ। 'ਮੁਹੰਮਦਸ਼ੁਜਾ ਪ੍ਰਾਚਿ ਦਿਸ਼ਿ ਰਾਏ।
ਬੰਗਾਲਾ ਜੁਤਿ ਦੇਸ਼ ਘਨੇਰੇ। ਕਬਜ਼ਾ ਕਰਿ ਦਿਢਿ ਭਯੋ ਬਡੇਰੇ॥ ੧੩॥

ਫਿਰ ਜਸੂਸ ਦੇਸ਼ਾਂ ਦੀਆਂ ਖ਼ਬਰਾਂ ਲਿਆਏ, ਸੁਜਾ ਮੁਹੰਮਦ ਪੂਰਬੀ ਪਾਸੇ ਦਾ ਰਾਜਾ ਹੈ। ਬੰਗਾਲ ਸਹਿਤ, ਦੇਸ਼ ਦੇ ਬਹੁਤ ਵੱਡੇ ਭਾਗ 'ਤੇ ਕਬਜ਼ਾ ਕਰਕੇ ਬਹੁਤ ਵੱਡੀ ਤਾਕਤ ਧਾਰਨ ਕਰ ਲਈ ਹੈ॥੧੩॥

ਪਟਨੇ ਤੇ ਕਾਸ਼ੀ ਚਲਿ ਆਯੋ। ਲਸ਼ਕਰ ਜੰਗੀ ਸੰਗ ਸੁਹਾਯੋ।
ਜੰਗ ਅਰਾਦਾ ਕਰਤਿ ਬਿਲੰਦ। ਛੀਨ ਲੀਨਿ ਧਨ ਕੀਨਸਿ ਬ੍ਰਿੰਦ ॥ ੧੪ ॥

ਪਟਨੇ ਤੋਂ ਕਾਂਸ਼ੀ ਚਲ ਕੇ ਆ ਗਿਆ ਹੈ, ਬਹੁਤ ਜੰਗੀ ਲਸ਼ਕਰ ਨਾਲ ਸੋਭ ਰਿਹਾ ਹੈ। ਜੰਗ ਲੜਨ ਦੀ ਬੜੀ ਚਾਹਤ ਰੱਖਦਾ ਹੈ, ਧਨ ਖੋਹ-ਖੋਹ ਕੇ ਬਹੁਤ ਇਕੱਠਾ ਕੀਤਾ ਹੈ॥੧੪॥

ਦਾਰਸ਼ਕੋਹ ਸੁਨਤਿ ਰਿਸ ਭਰਯੋ। ਨਿਜ ਮਸਲਤਿ ਕਰਿ ਮਸਲਤ ਢਰਯੋ।
ਜੈ ਸਿੰਘ ਭੂਪ ਹੁਤੋ ਕਛਵਾਹਾ। ਤਿਹ ਬੁਲਾਇ ਸਾਦਰ ਬਚ ਪ੍ਰਾਹਾ॥ ੧੫ ॥

ਦਾਰਾਸ਼ਕੋਹ ਇਹ ਸੁਣ ਕੇ ਗੁੱਸੇ ਨਾਲ ਭਰ ਗਿਆ। ਆਪਣੇ ਸਲਾਹਕਾਰਾਂ ਨਾਲ ਆਪ ਸਲਾਹ ਕਰਨ ਲੱਗਾ। ਜੈ ਸਿੰਘ ਕਛਵਾਹ ਦਾ ਰਾਜਾ ਸੀ, ਉਸ ਨੂੰ ਬੁਲਾ ਕੇ ਆਦਰ ਨਾਲ ਬਚਨ ਕੀਤਾ॥੧੫॥

'ਲਸ਼ਕਰ ਲਿਹੁ ਤਮਾਮ ਪਤਿਸ਼ਾਹੀ। ਤੋਪ ਜੰਬੂਰਨਿ ਜੇਤਿਕ ਚਾਹੀ।
ਫੀਲ ਤੁਰੰਗ ਸੰਗ ਨਿਜ ਲੈਕੇ। ਮੋਹਿ ਪੁੱਤ੍ਰ ਲਿਹੁ ਸਾਥ ਮਿਲੈਕੈ॥ ੧੬ ॥

"ਸਾਰਾ ਬਾਦਸ਼ਾਹੀ ਲਸ਼ਕਰ ਲਵੋ ਤੇ ਤੋਪ ਜੰਬੂਰੇ ਜਿੰਨੇ ਵੀ ਚਾਹੀਦੇ ਹਨ, ਲੈ ਲਵੋ। ਹਾਥੀ ਘੋੜੇ ਆਪਣੇ ਨਾਲ ਲੈ ਕੇ ਮੇਰੇ ਪੁੱਤਰ ਨੂੰ ਆਪਣੇ ਨਾਲ ਮਿਲਾ ਲਵੋ॥੧੬॥

ਜਾਹੁ ਮੁਹੰਮਦਸੁਜਾ ਸਮੀਪ। ਬਰਜਹੁ ਤਿਹ ਫਤੂਰ, ਅਵਨੀਪ!
ਜੈ ਸਿੰਘ ਜੈ ਕਰਤਾ ਰਣ ਭਾਰੀ। ਇਸ ਕਾਰਨ ਤੇ ਪਠਯੋ ਬਿਚਾਰੀ' ॥ ੧੭ ॥

ਸੁਜਾ ਮੁਹੰਮਦ ਦੇ ਪਾਸ ਜਾਵੋ ਤੇ ਹੇ ਰਾਜਾ! ਉਸ ਨੂੰ ਫਤੂਰ ਕਰਨ ਤੋਂ ਰੋਕੋ। ਤੁਹਾਡਾ ਨਾਂ ਜੈ ਸਿੰਘ ਹੈ ਤੇ ਤੁਸੀਂ ਰਣਖੇਤਰ ਵਿਚ ਸਦਾ ਭਾਰੀ ਜੈ ਪ੍ਰਾਪਤ ਕਰਦੇ ਹੋ, ਇਸ ਕਾਰਨ ਵਿਚਾਰ ਕੇ ਤੁਹਾਨੂੰ ਭੇਜ ਰਹੇ ਹਾਂ"॥੧੭॥

ਇਮ ਸੁਨਿ ਚਢਯੋ ਬਜਾਇ ਨਗਾਰਾ। ਲਸ਼ਕਰ ਚਲਯੋ ਸੰਗ ਜਿਸ ਭਾਰਾ।
ਗੋਰੇ ਬਹੁ ਬਰੂਦ ਲੇ ਸਾਥ। ਗਮਨ ਕੀਓ ਜੈ ਸਿੰਘ ਨਰ ਨਾਥ॥ ੧੮ ॥

ਇਹ ਸੁਣ ਕੇ ਜੈ ਸਿੰਘ ਨੇ ਨਗਾਰਾ ਵਜਾ ਕੇ ਚੜ੍ਹਾਈ ਕਰ ਦਿੱਤੀ ਤੇ ਭਾਰੀ ਲਸ਼ਕਰ ਉਸ ਦੇ ਨਾਲ ਚਲ ਪਿਆ। ਗੋਲਾ ਬਾਰੂਦ ਬਹੁਤ ਨਾਲ ਲੈ ਲਿਆ ਤੇ ਰਾਜਾ ਜੈ ਸਿੰਘ ਰਵਾਨਾ ਹੋ ਗਿਆ॥੧੮॥

ਮਾਰਗ ਸ਼ੀਘ੍ਰ ਉਲੰਘਿ ਕਰਿ ਗਏ। ਰਣ ਮੁਕਾਬਲੇ ਲਸ਼ਕਰ ਭਏ।
ਨਹਿੰ ਸੁਚੇਤ ਹੁਇ ਜੰਗ ਮਝਾਰੇ। ਗ਼ਾਫਲ, ਗਰਵ ਗਰਬ ਕਹੁ ਧਾਰੇ॥ ੧੯ ॥

ਛੇਤੀ ਹੀ ਸਾਰਾ ਮਾਰਗ ਲੰਘ ਕੇ ਚਲੇ ਗਏ ਤੇ ਲਸ਼ਕਰ ਮੁਕਾਬਲੇ ਵਾਸਤੇ ਪਹੁੰਚ ਗਿਆ। ਸੁਜਾ ਮੁਹੰਮਦ ਜੰਗ ਵਾਸਤੇ ਸੁਚੇਤ ਨਾ ਹੋਇਆ। ਬੇਖ਼ਬਰ ਆਲਸੀ, ਅਹੰਕਾਰ ਧਾਰ ਕੇ ਬੈਠਾ ਹੋਇਆ ਸੀ॥੧੯॥

ਕਾਸ਼ੀ ਨਿਕਟਿ ਬਹਾਦਰ ਪੁਰਾ। ਤਹਾਂ ਮੁਹੰਮਦ ਸੁਜਾ ਉਤਰਾ।
ਤਬਿ ਜਸੂਸ ਸੁਧ ਹੇਤ ਪਠਾਏ। ਆਇ ਤਿਨਹੁਂ ਅਸ ਘਾਤ ਬਤਾਏ॥ ੨੦ ॥

ਕਾਂਸ਼ੀ ਦੇ ਲਾਗੇ ਇਕ ਬਹਾਦਰਪੁਰਾ ਸਥਾਨ ਹੈ, ਉਥੇ ਸੁਜਾ ਮੁਹੰਮਦ ਨੇ ਉਤਾਰਾ ਕੀਤਾ ਹੋਇਆ ਸੀ। ਤਦ ਜੈ ਸਿੰਘ ਨੇ ਜਾਸੂਸ ਖ਼ਬਰ ਲੈਣ ਵਾਸਤੇ ਭੇਜੇ। ਉਨ੍ਹਾਂ ਨੇ ਆ ਕੇ ਖ਼ਬਰ ਦਿੱਤੀ॥੨੦॥

'ਸੁਪਤਿ ਪਰਜੋ ਅਬਿ ਨਹੀਂ ਸੁਚੇਤ'। ਜੈ ਸਿੰਘ ਚਢਜੋ ਜੁੱਧ ਕੇ ਹੇਤੁ।
ਜਾਇ ਪਰਜੋ ਡੇਰੇ ਪਰ ਭਾਰੋ। ਤੋਪ ਤੁਪਕ ਤੀਰਨਿ ਤਰਵਾਰੋ॥ ੨੧॥

"ਸ਼ੁਜਾ ਮੁਹੰਮਦ ਸੁੱਤਾ ਪਿਆ ਹੈ ਤੇ ਹੁਣ ਸੁਚੇਤ ਨਹੀਂ ਹੈ" ਇਹ ਸੁਣ ਕੇ ਜੈ ਸਿੰਘ ਨੇ ਉਸੇ ਵੇਲੇ ਯੁੱਧ ਵਾਸਤੇ ਚੜ੍ਹਾਈ ਕਰ ਦਿੱਤੀ ਤੇ ਤੋਪਾਂ, ਬੰਦੂਕਾਂ, ਤੀਰਾਂ ਅਤੇ ਤਲਵਾਰਾਂ ਸਣੇ ਭਾਰੀ ਫ਼ੌਜਾਂ ਲੈ ਕੇ ਉਸ ਦੇ ਡੇਰੇ 'ਤੇ ਜਾ ਪਿਆ॥੨੧॥

ਭਯੋ ਜੁੱਧ ਘਮਸਾਨ ਘਨੇਰਾ। ਕਟੇ ਬੀਰ ਸ਼੍ਰੋਣਿਤ ਛਿਤ ਗੇਰਾ।
ਗਜ ਬਾਜੀ ਬਹੁ ਤਰਫਤਿ ਗਿਰੇ। ਚਟਪਟ ਸੁਭਟ ਸੁ ਕਟਿ ਕਟਿ ਮਰੇ॥ ੨੨॥

ਬੜਾ ਘਮਸਾਣ ਦਾ ਯੁੱਧ ਹੋਇਆ। ਬਹੁਤ ਸੂਰਮੇ ਕੱਟੇ ਗਏ ਤੇ ਉਨ੍ਹਾਂ ਦਾ ਖ਼ੂਨ ਧਰਤੀ ਉੱਤੇ ਡਿੱਗਾ। ਬਹੁਤ ਹਾਥੀ ਤੇ ਘੋੜੇ ਤੜਫਦੇ ਹੋਏ ਡਿੱਗ ਪਏ। ਤੁਰਤ ਸੂਰਬੀਰ ਕੱਟ-ਕੱਟ ਮਰ ਗਏ॥੨੨॥

ਹਲਾਹਲੀ ਬਡ ਰੌਰ ਮਚਾਵਾ। ਸੁਨਤਿ ਸ਼ਾਹੁ ਫਰਜ਼ੰਦ ਡਰਾਵਾ।
ਚੜ੍ਹਿ ਤਰਨੀ ਪਰ ਚਲਜੋ ਪਲਾਈ। ਨਹੀਂ ਸੰਭਾਰਜੋ ਕਰੀ ਲਰਾਈ॥ ੨੩॥

ਹਲਾਹਲੀ ਬਹੁਤ ਰੌਲਾ ਮਚਾਇਆ। ਇਹ ਸੁਣ ਕੇ ਬਾਦਸ਼ਾਹ ਦਾ ਪੁੱਤਰ ਭਾਵ ਸ਼ੁਜਾ ਮੁਹੰਮਦ ਡਰ ਗਿਆ। ਬੇੜੀ 'ਤੇ ਚੜ੍ਹ ਕੇ ਦੌੜ ਗਿਆ, ਆਪਣੇ ਆਪ ਨੂੰ ਸੰਭਾਲ ਨਾ ਸਕਿਆ ਤੇ ਲੜਾਈ ਨਾ ਕੀਤੀ॥੨੩॥

ਸ਼ਹਿਰ ਮੁੰਗੇਰ ਪਹੂਚਜੋ ਜਾਇ। ਡੇਰਾ ਲੁਟਤਿ ਭਯੋ ਸਮੁਦਾਇ।
ਅਧਿਕ ਤ੍ਰਾਸ ਪਾਯੋ ਮਨ ਮਾਂਹੀ। ਤਹਿਂ ਭੀ ਠਹਿਰ ਸਕਜੋ ਸੋ ਨਾਂਹੀ॥ ੨੪॥

ਸ਼ੁਜਾ ਮੁਹੰਮਦ ਮੁੰਗੇਰ ਸ਼ਹਿਰ ਪਹੁੰਚ ਗਿਆ। ਉਸ ਦਾ ਸਾਰਾ ਡੇਰਾ ਲੁੱਟ ਲਿਆ। ਉਹ ਮਨ ਵਿਚ ਬਹੁਤ ਡਰ ਗਿਆ, ਉਥੇ ਵੀ ਉਹ ਠਹਿਰ ਨਾ ਸਕਿਆ॥੨੪॥

ਗਯੋ ਬੰਗਾਲੇ ਕੀ ਦਿਸ਼ਿ ਦੌਰਿ। ਜਾਇ ਸੰਭਾਰੀ ਪੂਰਬ ਠੌਰ।
ਤਹਾਂ ਜਾਇ ਕੀਨਸਿ ਤਕਰਾਈ। ਸਭਿ ਸੈਨਾ ਪੁਨ ਭਲੇ ਬਨਾਈ॥ ੨੫॥

ਬੰਗਾਲ ਵਾਲੇ ਪਾਸੇ ਦੌੜ ਗਿਆ ਤੇ ਆਪਣੇ ਪਹਿਲੇ ਸਥਾਨ ਨੂੰ ਜਾ ਸੰਭਾਲਿਆ। ਉਥੇ ਜਾ ਕੇ ਤਕੜਾਈ ਕੀਤੀ, ਫਿਰ ਸਾਰੀ ਸੈਨਾ ਭਲੀ ਪ੍ਰਕਾਰ ਬਣਾ ਲਈ॥੨੫॥

ਪਟਣਾ ਨਗਰ ਮੁੰਗੇਰ ਮਹਾਨਾ। ਜੈ ਸਿੰਘ ਤਹਾਂ ਬਿਠਾਯੋ ਥਾਨਾ।
ਸਰਬ ਨਰਨਿ ਕੋ ਧੀਰਜ ਦੀਨਾ। ਬਿਜੈ ਲੀਨਿ ਕਾਰਜ ਸਭਿ ਕੀਨਾ॥ ੨੬॥

ਪਟਨਾ ਅਤੇ ਮੁੰਗੇਰ ਮਹਾਨ ਨਗਰ ਹਨ। ਜੈ ਸਿੰਘ ਨੇ ਉਨ੍ਹਾਂ ਨਗਰਾਂ ਵਿਚ ਥਾਣਾ ਬਿਠਾ ਦਿੱਤਾ। ਸਭ ਮਨੁੱਖਾਂ ਨੂੰ ਧੀਰਜ ਦਿੱਤਾ ਤੇ ਸਾਰੇ ਕਾਰਜ ਕਰਕੇ ਵਿਜੈ ਪ੍ਰਾਪਤ ਕੀਤੀ॥੨੬॥

ਸ਼ੁਜਾਮੁਹੰਮਦ ਕੇ ਉਮਰਾਵ। ਗਹੇ ਕਿਤਿਕ ਨਹਿਂ ਭਾਜਨਿ ਪਾਵ।
ਤਿਨਹੁਂ ਸਮੇਤ ਫਤੇ ਕੀ ਬਾਤ। ਲਿਖਿ ਭੇਜੀ ਜੈ ਸਿੰਘ ਬੱਖਜਾਤ॥ ੨੭॥

ਸ਼ੁਜਾ ਮੁਹੰਮਦ ਦੇ ਕਈ ਉਮਰਾਵ ਫੜ ਲਏ, ਜਿਹੜੇ ਭੱਜ ਨਹੀਂ ਸਨ ਸਕੇ। ਉਨ੍ਹਾਂ ਸਮੇਤ ਫ਼ਤਹਿ ਦੀ ਗੱਲ ਜੈ ਸਿੰਘ ਨੇ ਪ੍ਰਗਟ ਰੂਪ ਵਿਚ ਲਿਖ ਕੇ ਭੇਜ ਦਿੱਤੀ॥੨੭॥

ਤੁਰਨਗਾਮੀ ਦਏ ਪਠਾਇ। ਪਹੁੰਚਤਿ ਭਏ ਸ਼ਾਹੁ ਜਿਸ ਥਾਇਂ।
ਸੁਨਤਿ ਫਤੇ ਸੁਧਿ ਦਾਰਸ਼ਕੋਹੁ। ਅਧਿਕ ਪ੍ਰਸੰਨ ਰਿਦੇ ਮਹਿਂ ਹੋਹੁ॥ ੨੮॥

ਛੇਤੀ ਹੀ ਹਲਕਾਰੇ ਭੇਜ ਦਿੱਤੇ, ਉਹ ਉਥੇ ਪਹੁੰਚ ਗਏ ਜਿਥੇ ਬਾਦਸ਼ਾਹ ਠਹਿਰਿਆ ਹੋਇਆ ਸੀ। ਜਦ ਦਾਰਾਸ਼ਕੋਹ ਨੇ ਫ਼ਤਹਿ ਦੀ ਖ਼ਬਰ ਸੁਣੀ, ਤਾਂ ਉਹ ਹਿਰਦੇ ਵਿਚ ਬਹੁਤ ਪ੍ਰਸੰਨ ਹੋਇਆ॥੨੮॥

ਜੋ ਪਕਰੇ ਸੋ ਨਿਕਟਿ ਬੁਲਾਇ। ਤਿਨ ਕੋ ਹਾਸ ਕਰਤਿ ਬਿਗਸਾਇ।
'ਕਹਾਂ ਮੁਹੰਮਦਸ਼ੁਜਾ ਤੁਮਾਰਾ। ਭਾਜਿ ਗਯੋ ਪਟ ਲਾਜ ਉਤਾਰਾ॥ ੨੯॥

ਜਿਹੜੇ ਫੜੇ ਸਨ, ਉਨ੍ਹਾਂ ਨੂੰ ਪਾਸ ਬੁਲਾਇਆ। ਉਨ੍ਹਾਂ ਨਾਲ ਹਾਸਾ ਠੱਠਾ ਕਰਕੇ ਪ੍ਰਸੰਨ ਹੋ ਰਿਹਾ ਸੀ, "ਤੁਹਾਡਾ ਸ਼ੁਜਾ ਮੁਹੰਮਦ ਕਿਥੇ ਹੈ ? ਸ਼ਰਮ ਗਵਾ ਕੇ ਭੱਜ ਗਿਆ ਹੈ॥੨੯॥

ਜਿਸ ਐਸੇ ਕੇ ਤੁਮ ਉਮਰਾਵ। ਭਈ ਦਸ਼ਾ ਡਰ ਪ੍ਰਾਨ ਬਚਾਵ।
ਅਬਿ ਤੁਮ ਜਾਹੁ ਬੰਗਾਲੇ ਫੇਰ। ਦੇਹੁ ਮੁਮਾਰਖ ਜੀਵਤਿ ਹੇਰਿ॥ ੩੦॥

ਐਸੇ ਸੂਰਮੇ ਦੇ ਤੁਸੀਂ ਅਮੀਰ ਹੋ, ਜਿਸ ਦੀ ਐਸੀ ਹਾਲਤ ਹੋਈ ਹੈ ਕਿ ਜਾਨ ਬਚਾਉਂਦਾ ਡਰਦਾ ਭੱਜ ਗਿਆ ਹੈ। ਹੁਣ ਤੁਸੀਂ ਫਿਰ ਬੰਗਾਲ ਵਿਚ ਜਾਵੋ ਤੇ ਉਸ ਨੂੰ ਜੀਉਂਦਾ ਵੇਖ ਕੇ ਮੁਬਾਰਕਾਂ ਦੇਵੋ॥੩੦॥

ਪੁਨਹਿ ਨ ਕਰਹੁ ਕਾਮ ਕਬਿ ਐਸੇ। ਪਾਉਂ ਕੁਹਾਰੀ ਮਾਰਨ ਜੈਸੇ'।
ਅਸ ਕਹਿ ਤਿਨ ਕਉ ਦੀਨਸਿ ਛੋਰਿ। ਗਮਨੇ ਤੁਰਤ ਬੰਗਾਲੇ ਓਰ॥ ੩੧॥

ਫਿਰ ਕਦੀ ਅਜਿਹਾ ਕੰਮ ਨਾ ਕਰੋ, ਜਿਵੇਂ ਤੁਸੀਂ ਆਪਣੇ ਪੈਰ ਵਿਚ ਆਪ ਕੁਹਾੜੀ ਮਾਰੀ ਹੈ।" ਇਸ ਤਰ੍ਹਾਂ ਕਹਿ ਕੇ ਉਨ੍ਹਾਂ ਨੂੰ ਛੱਡ ਦਿੱਤਾ ਤੇ ਉਹ ਤੁਰਤ ਬੰਗਾਲ ਵੱਲ ਚਲੇ ਗਏ॥੩੧॥

ਜਾਇ ਤਾਂਹਿ ਕੋ ਖ਼ਬਰ ਬਤਾਈ। 'ਇਮ ਭਾਖਤਿ ਤੇਰੋ ਬਡ ਭਾਈ।
ਕਰਜੋ ਕੁਕਾਜ ਨਿਲਾਜ ਬਿਸਾਲੇ। ਇਮ ਪੁਨ ਨਹੀਂ ਕਰਹੁ ਕਿਸ ਕਾਲੇ' ॥੩੨॥

ਜਾ ਕੇ ਉਸ ਨੂੰ ਸਾਰੀ ਖ਼ਬਰ ਦੱਸੀ, "ਇਸ ਤਰ੍ਹਾਂ ਤੁਹਾਡੇ ਵੱਡੇ ਭਰਾ ਕਹਿੰਦੇ ਹਨ ਕਿ ਬੜਾ ਮਾੜਾ ਕੰਮ ਕੀਤਾ ਹੈ ਤੇ ਬੜਾ ਬੇਸ਼ਰਮ ਹੈ, ਉਸ ਨੂੰ ਕਹੋ ਕਿ ਦੁਬਾਰਾ ਇਸ ਤਰ੍ਹਾਂ ਕਦੀ ਵੀ ਨਾ ਕਰੇ" ॥੩੨॥

ਪੁਨਹਿ ਪਠਾਯੋ ਲਿਖਿ ਪਰਵਾਨਾ। 'ਜੈ ਸਿੰਘ! ਸਮੁਖ ਰਹੋ ਤਿਸ ਥਾਨਾ।
ਬੰਦੁਬਸਤ ਇਸ ਦੇਸ਼ਨਿ ਕਰਹੁ। ਉਤਰਹੁ ਤਹਾਂ ਕਾਲ ਕੁਛ ਥਿਰਹੁ'। ੩੩॥

ਫਿਰ ਜੈ ਸਿੰਘ ਵਲ ਇਕ ਪਰਵਾਨਾ ਲਿਖ ਕੇ ਭੇਜਿਆ, "ਜੈ ਸਿੰਘ ਜੀ ! ਉਸ ਸਥਾਨ ਦੇ ਸਾਹਮਣੇ ਰਹੋ ਤੇ ਇਸ ਦੇਸ਼ ਦਾ ਬੰਦੋਬਸਤ ਕਰੋ, ਫਿਰ ਉਥੇ ਕੁਝ ਸਮਾਂ ਠਹਿਰ ਕੇ ਵਾਪਸ ਆ ਜਾਵੋ" ॥੩੩॥

ਇਸ ਪ੍ਰਕਾਰ ਕਰਿ ਕੈ ਤਿਸ ਦੇਸ਼। ਹੋਤਿ ਭਯੋ ਸੁ ਪ੍ਰਸੰਗ ਅਸ਼ੇਸ਼।
ਰਹਜੋ ਅਕਬਰਾਬਾਦ ਮਝਾਰ। ਆਗੇ ਅਪਰ ਸੁਨਹੁਂ ਬਿਸਥਾਰ॥ ੩੪॥

ਉਸ ਦੇਸ਼ ਵਿਚ ਇਸ ਤਰ੍ਹਾਂ ਪ੍ਰਬੰਧ ਕਰਕੇ, ਜਿਹੜਾ ਕਿ ਵਿਸ਼ੇਸ਼ ਪ੍ਰਸੰਗ ਹੋਇਆ ਹੈ। ਅਕਬਰਾਬਾਦ ਵਿਚ ਹੀ ਰਹੇ, ਹੁਣ ਅੱਗੇ ਹੋਰ ਵਿਸਥਾਰ ਸੁਣੋ॥੩੪॥

*ਨੌਵੀਂ ਰਾਸ ਦਾ ਦਸਵਾਂ ਅਧਿਆਇ ਸਮਾਪਤ ਹੋਇਆ॥੧੦॥*

❖❖❖

# ਅਧਿਆਇ ਗਿਆਰਵਾਂ

## ਮੁਰਾਦਬਖ਼ਸ਼ ਨਾਲ ਜੰਗ

ਦੋਹਰਾ- ਦੱਖਨ ਅਰੁ ਗੁਜਰਾਤ ਹਿਤ ਕਰਿ ਬਿਚਾਰ ਮਨ ਮਾਹਿ।
ਹੁਤੇ ਜੋਧਪੁਰ ਕੋ ਨ੍ਰਿਪਤਿ ਤਿਸ ਬੁਲਾਇ ਕਰਿ ਪਾਹਿ॥ ੧॥

ਦੱਖਣ ਅਤੇ ਗੁਜਰਾਤ ਵਾਸਤੇ ਮਨ ਵਿਚ ਵਿਚਾਰ ਕਰਕੇ, ਇਕ ਜੋਧਪੁਰ ਦਾ ਰਾਜਾ ਸੀ, ਉਸ ਨੂੰ ਆਪਣੇ ਪਾਸ ਬੁਲਾ ਲਿਆ॥੧॥

ਚੌਪਈ- ਸਾਦਰ ਕਹਜੋ ਦੇਖਿ ਸ਼ੁਭ ਨੈਨ। 'ਭੋ ਜਸਵੰਤ ਸਿੰਘ! ਸੁਨਿ ਬੈਨ।
ਕਰਹੁ ਕਾਜ ਗੁਜਰਾਤ ਸਿਧਾਰਹੁ। ਜੋ ਅਨੁਸਾਰਿ ਨ ਹੋਇ ਸੰਘਾਰਹੁ॥੨॥

ਸ਼ੁਭ ਦ੍ਰਿਸ਼ਟੀ ਨਾਲ ਵੇਖ ਕੇ ਉਸ ਦਾ ਬੜਾ ਆਦਰ ਕੀਤਾ ਤੇ ਫਿਰ ਕਿਹਾ, "ਹੇ ਜਸਵੰਤ ਸਿੰਘ! ਮੇਰੇ ਬਚਨ ਸੁਣੋ, ਸਾਡੇ ਕਾਰਜ ਵਾਸਤੇ ਗੁਜਰਾਤ ਜਾਵੋ, ਜਿਹੜਾ ਸਾਡੀ ਆਗਿਆ ਅਨੁਸਾਰ ਨਾ ਹੋਵੇ, ਉਸ ਨੂੰ ਮਾਰ ਦੇਵੋ॥੨॥

ਜੋਧਾ ਮਹਾਂ ਬਲੀ ਤੂੰ ਅਹੈਂ। ਰਜਪੂਤਨਿ ਮੈਂ ਬਿਦਤਜੋ ਰਹੈਂ।
ਦੱਖਣ ਦਿਸ਼ ਤੇ ਕਰਿ ਤਕਰਾਈ। ਰੋਕਹੁ ਸੈਨ ਜਿ ਨੌਰੰਗ ਆਈ॥੩॥

ਤੂੰ ਵੱਡਾ ਮਹਾਂਬਲੀ ਯੋਧਾ ਹੈਂ, ਰਾਜਪੂਤਾਂ ਵਿਚ ਤੇਰੀ ਬਹਾਦਰੀ ਪ੍ਰਸਿੱਧ ਹੈ। ਦੱਖਣ ਵਾਲੇ ਪਾਸੇ ਸਖ਼ਤੀ ਕਰੋ ਤੇ ਨੌਰੰਗੇ ਦੀ ਜਿਹੜੀ ਸੈਨਾ ਵੱਧ ਕੇ ਆ ਰਹੀ ਹੈ ਉਸ ਨੂੰ ਰੋਕੋ॥੩॥

ਜੇ ਨੌਰੰਗ ਰਹਿ ਅਪਨੇ ਦੇਸ਼। ਜਾਹੁ ਮੁਰਾਦਬਖਸ਼ ਕੇ ਪੇਸ਼।
ਤਿਸ ਕੋ ਲਰਿਕੈ ਦੇਹੁ ਨਿਕਾਸਿ। ਕੈ ਗਹਿ ਲਜਾਵਹੁ ਹਮਰੇ ਪਾਸ'॥੪॥

ਜੇ ਨੌਰੰਗਾ ਆਪਣੇ ਦੇਸ਼ ਰਹੇ ਤਾਂ ਮੁਰਾਦਬਖ਼ਸ਼ ਦੇ ਸਾਹਮਣੇ ਜਾਵੋ, ਉਸ ਨਾਲ ਲੜਾਈ ਕਰ ਕੇ ਕੱਢ ਦੇਵੋ ਜਾਂ ਫੜ ਕੇ ਸਾਡੇ ਪਾਸ ਲੈ ਆਵੋ'॥੪॥

ਇਮ ਕਹਿ ਬਹੁਤ ਕਰੀ ਬਖਸ਼ੀਸ਼। ਹਰਖਿਤ ਹੁਇ ਕਰਿ ਦਿੱਲੀ ਈਸ਼।
ਗਜ ਅਰੁ ਤੁਰੰਗ ਦਰਬ ਕੋ ਦੀਨਿ। ਜਰੇ ਜਵਾਹਰ ਕੰਚਨ ਭੀਨ॥੫॥

ਇਸ ਤਰ੍ਹਾਂ ਕਹਿ ਕੇ ਦਿੱਲੀ ਦੇ ਬਾਦਸ਼ਾਹ ਨੇ ਪ੍ਰਸੰਨ ਹੋ ਕੇ ਬਹੁਤ ਬਖ਼ਸ਼ੀਸ਼ ਦਿੱਤੀ। ਹਾਥੀ ਘੋੜੇ ਅਤੇ ਬਹੁਤ ਧਨ ਦਿੱਤਾ। ਹੀਰੇ ਜਵਾਹਰਾਤ ਨਾਲ ਜੜੇ ਸੋਨੇ ਦੇ ਬਹੁਤ ਗਹਿਣੇ ਦਿੱਤੇ॥੫॥

ਮਹਾਂਰਾਜ ਕੋ ਕੀਨਿ ਖ਼ਿਤਾਬ। ਲਿਏ ਭੂਪ ਤਬਿ ਸਾਥ ਅਦਾਬ।
ਅਪਨੋ ਕਾਸਮ ਖਾਂ ਉਮਰਾਵ। ਦੀਯੋ ਸੰਗ ਕਰਿ ਲਰਨਿ ਬਨਾਵ॥੬॥

ਉਸ ਨੂੰ ਮਹਾਰਾਜੇ ਦਾ ਖ਼ਿਤਾਬ ਦਿੱਤਾ ਤੇ ਉਸ ਨੇ ਬੜੇ ਅਦਬ ਨਾਲ ਹੋਰ ਰਾਜੇ ਆਪਣੇ ਨਾਲ ਲੈ ਲਏ। ਆਪਣਾ ਕਾਸਮ ਖ਼ਾਂ ਉਮਰਾਵ ਨਾਲ ਦਿੱਤਾ ਤਾਂਕਿ ਬਣਾ ਕੇ ਲੜਾਈ ਕਰਨ॥੬॥

ਤੋਪ, ਤੁਪਕ, ਜੰਬੂਰ, ਜੰਜੈਲ। ਚਲੈਂ ਸੰਗ ਕੁੰਚਰ ਜਨੁ ਸੈਲ।
ਮਹਾਂ ਬਾਹਨੀ ਓਰੜ ਚਲੀ। ਮਨਹੁੰ ਲੌਹ ਘਟ ਬਡ ਕਲਮਲੀ॥ ੭॥

ਤੋਪਾਂ, ਬੰਦੂਕਾਂ, ਜੰਬੂਰੇ ਅਤੇ ਲੰਮੀਆਂ ਤੇ ਭਾਰੀਆਂ ਬੰਦੂਕਾਂ ਦਿੱਤੀਆਂ। ਨਾਲ ਹਾਥੀ ਇੰਝ ਚਲ ਪਏ ਮਾਨੋਂ ਪਹਾੜ ਹੋਣ। ਬਹੁਤ ਵੱਡੀ ਸੈਨਾ ਉੱਮਡਕੇ ਚਲ ਪਈ, ਮਾਨੋਂ ਕਾਲੀਆਂ ਘਟਾਂ ਬੜੀਆਂ ਕਾਹਲੀਆਂ ਹੋਈਆਂ ਚਲ ਰਹੀਆਂ ਹੋਣ॥੭॥

ਪ੍ਰਥਮ ਮਾਲਵੇ ਮਹਿਂ ਚਲਿ ਗਏ। ਦੁਰਗ ਉਜੈਨ ਆਇ ਦਿਢ ਕਏ।
ਪੁਨਹਿ ਨਰਬਦਾ ਕੋ ਦਰੀਆਉ। ਬੰਦੁਬਸਤ ਕੋ ਕੀਨਿ ਬਨਾਉ॥ ੮॥

ਪਹਿਲਾਂ ਮਾਲਵੇ ਦੇਸ ਵਿਚ ਚਲ ਕੇ ਗਏ, ਉਜੈਨ ਦੇ ਕਿਲ੍ਹੇ ਆ ਕੇ ਦ੍ਰਿੜ੍ਹ ਕੀਤੇ, ਫਿਰ ਨਰਬਦਾ ਦਰਿਆ ਦਾ ਚੰਗੀ ਤਰ੍ਹਾਂ ਬਣਾ ਕੇ ਬੰਦੋਬਸਤ ਕੀਤਾ॥੮॥

ਮਾਰਗ ਘਾਟ ਰੋਕਿਬੋ ਕੀਨੇ। ਬ੍ਰਿੰਦ ਸੈਨ ਕਹੁ ਡੇਰਾ ਦੀਨੇ।
ਕਾਸਮ ਖਾਂ ਤਿਸ ਹੀ ਥਲ ਛੋਰਾ। ਚਲਜੋ ਮੁਰਾਦ ਬਖਸ਼ ਕੀ ਓਰਾ॥ ੯॥

ਘਾਟ ਦੇ ਮਾਰਗ ਨੂੰ ਰੋਕਿਆ, ਫਿਰ ਸੈਨਾ ਨੇ ਉਥੇ ਡੇਰਾ ਕੀਤਾ। ਕਾਸਮ ਖ਼ਾਂ ਨੂੰ ਉਸ ਸਥਾਨ ਹੀ ਛੱਡ ਦਿੱਤਾ ਤੇ ਆਪ ਰਾਜਾ ਜਸਵੰਤ ਸਿੰਘ ਮੁਰਾਦ ਬਖ਼ਸ਼ ਵੱਲ ਚਲ ਪਿਆ॥੯॥

ਬੀਜਾਪੁਰ ਮਹਿਂ ਆਦਲ ਖਾਨ। ਹੁਤੋ ਮਵਾਸਿ ਦੁਰਗ ਬਡ ਥਾਨ।
ਨਿਕਸਿ ਮਿਲਜੋ ਸਾਹਸ ਕੋ ਛੋਰਿ। ਦੀਏ ਰਜਤਪਣ ਆਨਿ ਅਕੋਰ॥ ੧੦॥

ਬੀਜਾਪੁਰ ਵਿਚ ਆਦਲ ਖ਼ਾਨ ਰਹਿੰਦਾ ਸੀ, ਉਥੇ ਪਨਾਹ ਵਾਸਤੇ ਬੜਾ ਵੱਡਾ ਕਿਲ੍ਹਾ ਸੀ। ਉਹ ਹੱਠ ਛੱਡ ਕੇ ਬਾਹਰ ਨਿਕਲ ਕੇ ਮਿਲਿਆ, ਕੁਝ ਧਨ ਉਪਹਾਰ ਵਜੋਂ ਦਿੱਤਾ॥੧੦॥

ਦੋਹਰਾ- ਜਸਵੰਤ ਸਿੰਘ ਪਤਿ ਜੋਧਪੁਰਿ ਰਿਦੇ ਬਿਖੇ ਹਰਖਾਇਂ।
ਲਿਖਿ ਕੈ ਖ਼ਤ ਪਠਵਨਿ ਕਰਜੋ ਸ਼ਾਹਜਹਾਂ ਜਿਸ ਥਾਇਂ॥ ੧੧॥

ਜੋਧਪੁਰ ਦਾ ਰਾਜਾ ਜਸਵੰਤ ਸਿੰਘ ਹਿਰਦੇ ਵਿਚ ਬਹੁਤ ਪ੍ਰਸੰਨ ਹੋਇਆ। ਜਿਥੇ ਬਾਦਸ਼ਾਹ ਸ਼ਾਹਜਹਾਨ ਸੀ, ਉਥੇ ਖ਼ਤ ਲਿਖ ਕੇ ਭੇਜਿਆ॥੧੧॥

ਚੌਪਈ- ਸੁਨਿ ਕੈ ਸੁਧਿ ਸਗਰੀ ਬਿਗਸਾਈ। ਸ਼ਾਹਿਜਹਾਂ ਤਬਿ ਇਮ ਠਹਿਰਾਈ।
'ਇਹਾਂ ਆਗਰੇ ਨਗਰ ਮਝਾਰੇ। ਹਵਾ ਮਾਫਕਤਿ ਨਹੀਂ ਹਮਾਰੇ॥ ੧੨॥

ਖ਼ਬਰ ਸੁਣ ਕੇ ਸਾਰੇ ਹੀ ਬਹੁਤ ਪ੍ਰਸੰਨ ਹੋਏ। ਸ਼ਾਹਜਹਾਂ ਨੇ ਫਿਰ ਦਿਲ ਵਿਚ ਇਸ ਤਰ੍ਹਾਂ ਧਾਰਨ ਕੀਤਾ, "ਏਥੇ ਆਗਰੇ ਨਗਰ ਵਿਚ ਹਵਾ ਸਾਡੇ ਅਨੁਕੂਲ ਨਹੀਂ ਹੈ"॥੧੨॥

ਯਾਂਤੇ ਦਿੱਲੀ ਚਲਿਬੋ ਬਨਿ ਹੈ। ਬਧਤਿ ਜਾਤਿ ਬੀਮਾਰੀ ਤਨ ਹੈ।
ਦਾਰਸ਼ਕੋਹ ਫਰੇਬਨਿ ਭਨਿ ਕੈ। ਕਰੇ ਟਿਕਾਵਨ ਕੇਤਿਕ ਦਿਨ ਕੈ॥ ੧੩॥

ਇਸ ਕਰਕੇ ਹੁਣ ਦਿੱਲੀ ਚਲਣਾ ਬਣਦਾ ਹੈ। ਸਰੀਰ ਦੀ ਬੀਮਾਰੀ ਵਧਦੀ ਜਾਂਦੀ ਹੈ"। ਦਾਰਾਸ਼ਕੋਹ ਨੇ ਕਈ ਪ੍ਰਕਾਰ ਦੇ ਫ਼ਰੇਬ ਕਰਕੇ ਉਸ ਨੂੰ ਕਈ ਦਿਨ ਹੋਰ ਆਗਰੇ ਟਿਕਾ ਲਿਆ॥੧੩॥

ਪੁਨਹਿ ਦਜੋਸ ਇਕ ਕੀਨਸਿ ਤਜਾਰੀ। ਗਮਨਜੋ ਰਜਧਾਨੀ ਨਿਜ ਪਜਾਰੀ।
ਸਨੇ ਸਨੇ ਜਮੁਨਾ ਜਲ ਮਾਂਹੂ। ਨਵਕਾ ਪਰ ਚੜ੍ਹਿ ਕਰਿ ਨਰਨਾਹੂ॥ ੧੪॥

ਫਿਰ ਇਕ ਦਿਨ ਸ਼ਾਹਜਹਾਂ ਨੇ ਤਿਆਰੀ ਕਰ ਲਈ ਤੇ ਆਪਣੀ ਪਿਆਰੀ ਰਾਜਧਾਨੀ ਵਿਚ ਚਲਾ ਗਿਆ। ਹੌਲੀ-ਹੌਲੀ ਜਮਨਾ ਦੇ ਜਲ ਵਿਚ ਬੇੜੀ ਵਿਚ ਚੜ੍ਹ ਕੇ ਚਲ ਪਿਆ॥੧੪॥

ਸਨੇ ਸਨੇ ਗਮਨੇ ਦਿਨ ਤੀਨ। ਕਿਤਿਕ ਕੋਸ ਪਰ ਡੇਰਾ ਕੀਨਿ।
ਇਤਨੇ ਮਹਿਂ ਸੁਧਿ ਪਹੁੰਚੀ ਆਇ। 'ਲਰਜੋ ਮੁਰਾਦਬਖ਼ਸ਼ ਬਲ ਪਾਇ॥ ੧੫॥

ਹੌਲੀ-ਹੌਲੀ ਤਿੰਨ ਦਿਨ ਬੀਤ ਗਏ। ਕੁਝ ਕੋਹਾਂ 'ਤੇ ਡੇਰਾ ਕਰ ਲਿਆ। ਏਨੇ ਵਿਚ ਇਹ ਖ਼ਬਰ ਪਹੁੰਚ ਗਈ, "ਮੁਰਾਦ ਬਖ਼ਸ਼ ਬੜੀ ਤਾਕਤ ਨਾਲ ਲੜਿਆ ਹੈ॥੧੫॥

ਜਸਵੰਤ ਸਿੰਘ ਭਾਜ ਕਰਿ ਗਯੋ। ਸਿਵਰ ਲੁਟਿਬੋ ਤਿਸ ਨੇ ਕਿਯੋ।
ਦਾਰਸ਼ਕੋਹ ਸੁਨੀ ਜਬਿ ਕਾਨ। ਛੁਟਿ ਕਮਾਨ ਜਨੁ ਲਾਗਜੋ ਬਾਨ ॥ ੧੬॥

ਜਸਵੰਤ ਸਿੰਘ ਭੱਜ ਗਿਆ ਹੈ, ਉਸ ਨੇ ਉਸ ਦੇ ਡੇਰੇ ਨੂੰ ਵੀ ਲੁਟ ਲਿਆ ਹੈ। ਜਦ ਦਾਰਾਸ਼ਕੋਹ ਨੇ ਆਪਣੇ ਕੰਨਾਂ ਨਾਲ ਸੁਣਿਆ ਤਾਂ ਜਿਵੇਂ ਕਮਾਨ ਵਿਚੋਂ ਨਿਕਲ ਕੇ ਉਸ ਦੇ ਤੀਰ ਵੱਜਾ ਹੋਵੇ॥੧੬॥

ਪੁਨ ਬੂਝਜੋ ਹਲਕਾਰਨਿ ਸਾਥ। 'ਕਿਮ ਕਿਯ ਜੰਗ ਜੋਧਪੁਰਿ ਨਾਥ?।
ਕਿਤ ਪਲਾਇਕੈ ਗਮਨਜੋ ਸੋਊ?। ਕਹਾਂ ਸ਼ਜ਼ਾਦੇ ਹੈਂ ਅਬਿ ਦੋਊ?' ॥ ੧੭॥

ਫਿਰ ਹਰਕਾਰੇ ਨੂੰ ਪੁੱਛਿਆ, "ਜੋਧਪੁਰ ਦੇ ਰਾਜੇ ਨੇ ਕਿਵੇਂ ਜੰਗ ਕੀਤੀ? ਭੱਜ ਕੇ ਉਹ ਕਿੱਥੇ ਗਿਆ ਹੈ? ਉਹ ਦੋਵੇਂ ਸ਼ਹਿਜ਼ਾਦੇ ਹੁਣ ਕਿੱਥੇ ਹਨ?"॥੧੭॥

ਸੁਨਤਿ ਚਾਰ ਨੇ ਸਕਲ ਸੁਨਾਈ। ਜਿਸ ਪ੍ਰਕਾਰ ਤਹਿਂ ਪਰੀ ਲਰਾਈ।
'ਦੋਨੋ ਦਲ ਮੁਕਾਬਲੇ ਹੋਏ। ਬਰਖਤਿ ਲੋਹ ਮਨਹੁ ਘਨ ਦੋਏ॥ ੧੮॥

ਇਹ ਸੁਣ ਕੇ ਏਲਚੀ ਨੇ ਸਾਰੀ ਗੱਲ ਸੁਣਾਈ, ਜਿਸ ਪ੍ਰਕਾਰ ਉਥੇ ਲੜਾਈ ਹੋਈ ਸੀ, "ਦੋਵਾਂ ਦਲਾਂ ਦੇ ਮੁਕਾਬਲੇ ਹੋਏ, ਲੋਹੇ ਦੀ ਬਹੁਤ ਵਰਸਾ ਹੋਈ, ਮਾਨੋਂ ਦੋ ਬਦਲ ਹੋਣ॥੧੮॥

ਤੋਪਨ ਕੀ ਪੰਕਤਿ ਕਰਿ ਠਾਂਢੀ। ਗੋਰਨਿ ਮਾਰ ਕਰੀ ਦਲ ਗਾਢੀ।
ਤੁਪਕ, ਤੀਰ, ਤੋਮਰ, ਤਰਵਾਰੈਂ। ਤਕਿ ਤਕਿ ਤਨ ਬੀਰਨਿ ਸੰਘਾਰੈਂ॥ ੧੯॥

ਤੋਪਾਂ ਦੀ ਕਤਾਰ ਖੜੀ ਕਰ ਦਿੱਤੀ। ਗੋਲੀਆਂ ਮਾਰ ਕੇ ਦਲ ਨੂੰ ਰੋਕ ਲਿਆ। ਬੰਦੂਕਾਂ, ਤੀਰ, ਨੇਜ਼ੇ ਅਤੇ ਤਲਵਾਰਾਂ ਸੂਰਮਿਆਂ ਨੂੰ ਤਕ ਤਕ ਕੇ ਮਾਰਦੇ ਸਨ॥੧੯॥

ਹਲਾਹਲੀ ਬੋਲਤਿ ਲਲਕਾਰਹਿਂ। ਸਮੁਖ ਸ਼ਸਤ੍ਰ ਖਾਵਹਿਂ ਅਰ ਮਾਰਹਿਂ।
ਕਿਤਿਕ ਕਾਲ ਕੀ ਭਈ ਲਰਾਈ। ਜਸਵੰਤ ਪਰਜੋ ਰਿਪੁਨਿ ਪਰ ਧਾਈ॥੨੦॥

ਹਲਾ ਹਲੀ ਬੋਲ ਕੇ ਲਲਕਾਰੇ ਮਾਰਦੇ ਸਨ। ਸਾਹਮਣੇ ਹੋ ਕੇ ਸ਼ਸਤਰ ਖਾਂਦੇ ਅਤੇ ਮਾਰਦੇ ਸਨ। ਕਾਫ਼ੀ ਸਮੇਂ ਤਕ ਲੜਾਈ ਹੁੰਦੀ ਰਹੀ, ਜਸਵੰਤ ਸਿੰਘ ਦੁਸ਼ਮਣ ਉੱਤੇ ਧਾਵਾ ਕਰਕੇ ਪੈ ਗਿਆ॥੨੦॥

ਖੈਂਚਿ ਮਜਾਨ ਤੇ ਤੀਖ੍ਰ ਸਰੋਹੀ। ਰੁੰਡ ਮੁੰਡ ਕੀਨੇ ਨਿਜ ਦ੍ਰੋਹੀ।
ਜਿਤ ਜਿਤ ਧਾਵਹਿ ਹੇਲਾ ਮੇਲਾ। ਲਸ਼ਕਰ ਲਰਿਤੇ ਅਧਿਕ ਧਕੇਲਾ॥ ੨੧॥

ਉਸ ਝਟ ਮਿਆਨ ਵਿਚੋਂ ਸਰੋਹੀ ਤਲਵਾਰ ਕੱਢੀ ਤੇ ਆਪਣੇ ਵਿਰੋਧੀਆਂ ਨੂੰ ਰੁੰਡ ਮੁੰਡ ਕਰ ਦਿੱਤਾ। ਜਿਥੇ-ਜਿਥੇ ਹੱਲਾ ਕਰਕੇ ਜਾਂਦਾ ਸੀ, ਲੜਦੇ ਹੋਏ ਲਸ਼ਕਰ ਨੂੰ ਬਹੁਤ ਅੱਗੇ ਧੱਕ ਦਿੰਦਾ ਸੀ॥੨੧॥

ਗਿਰੇ ਤੁਰੰਗ ਬੀਰ ਰਣ ਮਾਰੇ। ਮੁਗ਼ਲਖਾਨ ਜਜੋਂ ਪਰੇ ਮੁਨਾਰੇ।
ਕੜਾ ਕੜੀ ਕਰਵਾਰਨਿ ਮਾਚੀ। ਸ਼੍ਰੋਣਤ ਬਹਜੋ ਧੂਲਿ ਛਿਤਿ ਰਾਚੀ॥ ੨੨॥

ਰਣਖੇਤਰ ਵਿਚ ਬਹੁਤ ਘੋੜੇ ਅਤੇ ਸੂਰਬੀਰ ਡਿੱਗ ਕੇ ਮਰ ਗਏ। ਮੁਗ਼ਲ ਅਤੇ ਖ਼ਾਨ ਮੁਨਾਰਿਆਂ ਵਾਂਗ ਡਿੱਗੇ ਪਏ ਸਨ। ਕੜ ਕੜ ਕਰਦੀ ਤਲਵਾਰਾਂ ਦੀ ਮਾਰ ਮਚੀ। ਸੂਰਮਿਆਂ ਦਾ ਖ਼ੂਨ ਬਹਿ ਕੇ ਧਰਤੀ 'ਤੇ ਧੂੜ ਨਾਲ ਰਚ ਗਿਆ॥੨੨॥

ਫੌਜ ਮੁਰਾਦਬਖਸ਼ ਕੀ ਸਾਰੀ। ਕਰੀ ਪਲਾਵਨਿ ਰਣ ਇਕ ਬਾਰੀ।
ਫਿਰੇ ਹੋਇ ਕਾਇਰ ਬਡ ਬੀਰਾ। ਲਰਤਿ ਲਰਾਈ ਧਰਹਿਂ ਨ ਧੀਰਾ॥ ੨੩॥

ਮੁਰਾਦ ਬਖ਼ਸ਼ ਦੀ ਸਾਰੀ ਫ਼ੌਜ, ਰਣ ਵਿਚੋਂ ਇਕ ਵਾਰ ਭੱਜ ਗਈ। ਵੱਡੇ-ਵੱਡੇ ਸੂਰਮੇ ਕਾਇਰ ਹੋ ਕੇ ਫਿਰ ਰਹੇ ਸਨ, ਲੜਾਈ ਲੜਨ ਵਾਸਤੇ ਧੀਰਜ ਨਹੀਂ ਸਨ ਧਾਰਨ ਕਰਦੇ॥੨੩॥

ਲਖਜੋ ਮੁਰਾਦਬਖਸ਼ ਇਮ ਜੰਗ। ਗਿਰੇ ਅਨੇਕ ਕਟੇ ਜਿਨ ਅੰਗ।
ਦਿਸ਼ ਤੋਪਨਿ ਕੀ ਪਹੁੰਚਜੋ ਜਾਇ। ਸਾਹਸ ਧਾਰਿ ਜੁੱਧ ਮਹਿਂ ਆਇ॥ ੨੪॥

ਜਦ ਮੁਰਾਦ ਬਖ਼ਸ਼ ਨੇ ਇਸ ਤਰ੍ਹਾਂ ਜੰਗ ਵੇਖੀ, ਕਿ ਬਹੁਤ ਸੂਰਮੇ ਡਿੱਗੇ ਪਏ ਹਨ, ਜਿਨ੍ਹਾਂ ਦੇ ਅੰਗ ਕੱਟੇ ਗਏ ਹਨ। ਫਿਰ ਤੋਪਾਂ ਵਾਲੇ ਪਾਸੇ ਜਾ ਪਹੁੰਚਿਆ ਤੇ ਹੌਸਲਾ ਧਾਰ ਕੇ ਫਿਰ ਯੁੱਧ ਵਿਚ ਆ ਗਿਆ॥੨੪॥

ਸਭਿ ਰਜਪੂਤ ਰੁ ਸੈਨ ਤੁਮਾਰੀ। ਲੂਟਤਿ ਮਾਰਤਿ ਜਾਤਿ ਅਗਾਰੀ।
ਤੋਪੈਂ ਕਰੀ ਬਰੋਬਰ ਸਬੈ। ਅਨਿਕ ਘਾਤਨੀ ਛੋਰੀ ਤਬੈ॥ ੨੫॥

ਤੁਹਾਡੀ ਸਾਰੀ ਰਾਜਪੂਤ ਸੈਨਾ ਲੁੱਟਦੀ ਮਾਰਦੀ ਅੱਗੇ ਜਾ ਰਹੀ ਸੀ। ਤੋਪਾਂ ਨੇ ਸਭ ਨੂੰ ਬਰਾਬਰ ਕਰ ਦਿੱਤਾ, ਅਨੇਕਾਂ ਨੂੰ ਮਾਰਨ ਵਾਲੀਆਂ ਤੋਪਾਂ ਜਦ ਛੱਡੀਆਂ॥੨੫॥

ਦੁਹੂੰ ਦਿਸ਼ਿ ਤੇ ਤੋਪੈਂ ਧਮਕਾਈਂ। ਅਵਨੀ ਰਨ ਕੀ ਸਰਬ ਹਿਲਾਈ।
ਮਹਾਂ ਸ਼ਬਦ ਜਨੁ ਨਭ ਪਟਿ ਗਿਰਾ। ਕੈ ਕਜਾਮਤਿ ਕੋ ਦਿਨ ਤਬਿ ਕਰਾ॥੨੬॥

ਦੋਵਾਂ ਪਾਸਿਆਂ ਤੋਂ ਤੋਪਾਂ ਚਲਾਈਆਂ ਤੇ ਯੁੱਧਭੂਮੀ ਦੀ ਸਾਰੀ ਧਰਤੀ ਹਿਲਾ ਦਿੱਤੀ। ਬਹੁਤ ਉੱਚੀ ਆਵਾਜ਼ ਹੋਈ, ਮਾਨੋਂ ਆਕਾਸ਼ ਪਾਟ ਕੇ ਡਿੱਗ ਪਿਆ ਹੋਵੇ, ਜਾਂ ਉਹ ਦਿਨ ਕਿਆਮਤ ਵਰਗਾ ਕਰ ਦਿੱਤਾ॥੨੬॥

ਬਧੇ ਜਾਤਿ ਰਜਪੂਤ ਸੁ ਜੇਤੇ। ਗੋਰੇ ਲਗੇ ਉਡੇ ਸਭਿ ਤੇਤੇ।
ਜੇ ਅਭੀਤ ਜੋਧਾ ਤਿਸ ਥਾਇਂ। ਭਏ ਘਾਤਿ ਨਹਿਂ ਦੇਖਨਿ ਪਾਇਂ॥ ੨੭॥

ਜਿਹੜੇ ਰਾਜਪੂਤ ਅੱਗੇ ਵਧੀ ਜਾਂਦੇ ਸਨ, ਜਿੰਨਿਆਂ ਨੂੰ ਗੋਲੇ ਲੱਗੇ ਸਾਰੇ ਉਡ ਗਏ। ਜਿਹੜੇ ਉਥੇ ਸੂਰਬੀਰ ਯੋਧੇ ਸਨ, ਉਹ ਸਾਰੇ ਮਾਰੇ ਗਏ, ਕਿਤੇ ਦਿਖਾਈ ਨਹੀਂ ਸੀ ਦਿੰਦੇ॥੨੭॥

ਤਿਨਹੁਂ ਸੰਘਾਰਿ ਭਏ ਪਸ਼ਚਾਤੀ। ਧਰਧਰਾਤਿ ਕਾਤੁਰ ਨਰ ਛਾਤੀ।
ਮਰੇ ਜੰਗ ਤੇ ਪਰਹਿ ਨ ਰੋਕੇ। ਭਾਜਤਿ ਲਾਜ ਤਜੀ ਅਵਿਲੋਕੇ॥ ੨੮॥

ਉਨ੍ਹਾਂ ਨੂੰ ਮਾਰ ਕੇ ਜਿਹੜੇ ਪਿੱਛੇ ਰਹਿ ਗਏ ਸਨ, ਉਨ੍ਹਾਂ ਮਨੁੱਖਾਂ ਦੀਆਂ ਛਾਤੀਆਂ ਧੜਕਣ ਲੱਗੀਆਂ। ਜੰਗ ਵਿਚ ਮਾਰੇ ਜਾਵਾਂਗੇ, ਇਸ ਲਈ ਰੁਕਦੇ ਨਹੀਂ ਸੀ, ਕਈ ਲਾਜ ਛੱਡਕੇ ਭੱਜਦੇ ਵੇਖੇ॥੨੮॥

ਜਸਵੰਤ ਕਰਤਿ ਜਤਨ ਗਾ ਹਾਰਿ। ਭਾਜੇ ਸੈ ਨ ਹਟੇ ਤਿਸ ਬਾਰਿ।
ਦੇਖਿ ਬਾਹਨੀ ਕੇਰਿ ਹਵਾਲ। ਨਿਜ ਜੀਵਨ ਮਹਿਂ ਤ੍ਰਾਸ ਬਿਸਾਲ॥ ੨੯॥

ਜਸਵੰਤ ਸਿੰਘ ਨੇ ਬਹੁਤ ਯਤਨ ਕੀਤਾ, ਪਰ ਹਾਰ ਗਿਆ, ਜਿਹੜੇ ਭੱਜਦੇ ਸਨ, ਉਸ ਸਮੇਂ ਉਹ ਰੋਕੇ ਨਹੀਂ ਸੀ ਜਾ ਸਕਦੇ। ਆਪਣੀ ਸੈਨਾ ਦਾ ਇਹ ਹਾਲ ਵੇਖ ਕੇ, ਜਸਵੰਤ ਸਿੰਘ ਵੀ ਬਹੁਤ ਡਰ ਗਿਆ॥੨੯॥

ਧੀਰਜ ਤਜਾਗਿ ਪਲਾਯਨਿ ਹੋਵਾ। ਜਸਵੰਤ ਰਨ ਮਹਿਂ ਨਹੀਂ ਖਲੋਵਾ।
ਕਿਯੋ ਮੁਰਾਦਬਖ਼ਸ਼ ਤਬਿ ਹੇਲਾ। ਮਾਰਹੁ ਧਰਹੁ ਰੌਰ ਬਹੁ ਮੇਲਾ॥ ੩੦॥

ਧੀਰਜ ਛੱਡ ਕੇ ਉਹ ਵੀ ਭੱਜ ਉਠਿਆ ਤੇ ਉਹ ਰਣ ਵਿਚ ਨਹੀਂ ਖਲੋਤਾ। ਫਿਰ ਮੁਰਾਦ ਬਖ਼ਸ਼ ਨੇ ਹੱਲਾ ਕੀਤਾ, "ਮਾਰੋ, ਧਰੋ" ਬਹੁਤ ਰੌਲਾ ਪਾਇਆ॥੩੦॥

ਸਿਵਰ ਬਿਖੈ ਭੀ ਥਿਰ ਨਹਿਂ ਰਹਜੋ। ਪਾਛੇ ਆਵਤਿ ਹੇਲਾ ਲਹਜੋ।
ਕਟਤਿ ਜਾਤਿ ਜੇ ਰਹਿਤ ਪਿਛਾਰੀ। ਪਾਇ ਨ ਜਮੇ ਜਤਨ ਕਿਯ ਭਾਰੀ॥੩੧॥

ਆਪਣੇ ਡੇਰੇ ਵਿਚ ਖੜਾ ਨਾ ਰਿਹਾ, ਮੁਰਾਦ ਬਖ਼ਸ਼ ਹੱਲਾ ਕਰਕੇ ਪਿੱਛੇ ਆਉਂਦਾ ਵੇਖਿਆ। ਜੇ ਉਹ ਪਿੱਛੇ ਰਹਿੰਦਾ ਤਾਂ ਕਟਿਆ ਜਾਂਦਾ, ਉਸ ਨੇ ਬਹੁਤ ਯਤਨ ਕੀਤੇ, ਪਰ ਪੈਰ ਨਹੀਂ ਸੀ ਜੰਮਦੇ॥੩੧॥

ਰਜਪੂਤਨਿ ਜਬਿ ਡੇਰਾ ਛੂਟਜੋ। ਆਨਿ ਮੁਰਾਦਬਖ਼ਸ਼ ਸਭਿ ਲੂਟਜੋ।
ਰਹਜੋ ਠਹਿਰ, ਨਹਿਂ ਗਯੋ ਅਗਾਰੀ। ਉਤਰਿ ਪਰਜੋ ਤਹਿਂ ਹਰਖਜੋ ਭਾਰੀ॥੩੨॥

ਰਾਜਪੂਤਾਂ ਪਾਸੋਂ ਜਦ ਡੇਰਾ ਹੱਥੋਂ ਨਿਕਲ ਗਿਆ ਤਾਂ ਮੁਰਾਦ ਬਖ਼ਸ਼ ਨੇ ਆ ਕੇ ਸਾਰਾ ਡੇਰਾ ਲੁੱਟ ਲਿਆ। ਉਹ ਉਥੇ ਹੀ ਠਹਿਰ ਗਿਆ ਅੱਗੇ ਨਾ ਗਿਆ ਤੇ ਉਥੇ ਬਹੁਤ ਪ੍ਰਸੰਨ ਹੋ ਕੇ ਉਤਰ ਪਿਆ॥੩੨॥

ਫਤੇ ਹੋਨਿ ਕਹੁ ਦਿਯੋ ਨਗਾਰਾ। ਸ਼ਲਖੈਂ ਕਰਿਵਾਇਵ ਬਹੁ ਬਾਰਾ।
ਸੁਭਟਨਿ ਕਹੁ ਦੀਨਸਿ ਬਖਸ਼ੀਸ਼। ਪੇਸ਼ ਖੁਦਾਇ ਨਿਵਾਇਵ ਸੀਸ॥ ੩੩॥

ਫ਼ਤਹਿ ਦਾ ਫਿਰ ਉਸ ਨਗਾਰਾ ਵਜਾਇਆ ਤੇ ਕਈ ਵਾਰ ਇਕੱਠੀਆਂ ਬੰਦੂਕਾਂ ਚਲਾਈਆਂ। ਆਪਣੇ ਸੂਰਮਿਆਂ ਨੂੰ ਉਸ ਬਖਸ਼ੀਸ਼ਾਂ ਦਿੱਤੀਆਂ ਤੇ ਖ਼ੁਦਾ ਦੇ ਸਾਹਮਣੇ ਆਪਣਾ ਸਿਰ ਨਿਵਾਇਆ॥੩੩॥

ਇਹ ਸਭਿ ਸੁਨਿ ਕੈ ਨੌਰੰਗ ਧਾਇਵ। ਇਤ ਆਵਨ ਕਹੁ ਕੂਚ ਕਰਾਇਵ।
ਚਮੂੰ ਜ਼ੋਰ ਬਹੁ ਤੋਪਨਿ ਤਜਾਰੀ। ਸਰਬ ਸਮਾਜ ਕੀਨਿ ਜਿਨਿ ਭਾਰੀ॥ ੩੪॥

ਇਹ ਸਭ ਸੁਣ ਕੇ ਨੌਰੰਗੇ ਨੇ ਧਾਵਾ ਬੋਲ ਦਿੱਤਾ ਹੈ ਤੇ ਏਧਰ ਆਉਣ ਵਾਸਤੇ ਆਪਣੀ ਫੌਜ ਦਾ ਕੂਚ ਕਰਵਾਇਆ। ਬਹੁਤ ਫ਼ੌਜ ਇਕੱਠੀ ਕੀਤੀ ਹੈ ਅਤੇ ਬਹੁਤ ਤੋਪਾਂ ਤਿਆਰ ਕੀਤੀਆਂ ਹਨ। ਉਸਨੇ ਪਹਿਲਾਂ ਹੀ ਸਭ ਪ੍ਰਕਾਰ ਦਾ ਬਹੁਤ ਸਾਰੇ ਸਾਮਾਨ ਤਿਆਰ ਕਰ ਰਖਿਆ ਹੈ॥੩੪॥

ਲੇਹਾ ਦੇਹ ਸ਼ੀਘ੍ਰ ਹੀ ਆਵਤਿ। ਕਰਿ ਬਖਸ਼ੀਸ਼ਨਿ ਸੁਭਟ ਬਧਾਵਤਿ।
ਕੇਤਿਕ ਦਿਨ ਮੈਂ ਪਹੁੰਚਜੋ ਜਾਨਹੁ। ਰਾਵਰਿ ਕਰਹੁ ਜੀਅ ਜਿਮ ਠਾਨਹੁ॥੩੫॥

ਲੈ ਦੇ ਕਰਦਾ ਹੋਇਆ ਛੇਤੀ ਹੀ ਏਧਰ ਆ ਰਿਹਾ ਹੈ, ਬਖਸ਼ੀਸ਼ਾਂ ਦੇ-ਦੇ ਸੂਰਮਿਆਂ ਨੂੰ ਬਹੁਤ ਵਧਾਇਆ ਹੈ। ਕੁਝ ਦਿਨਾਂ ਵਿਚ ਪਹੁੰਚਿਆ ਜਾਣੋ, ਆਪ ਜੀ ਉਸ ਤਰ੍ਹਾਂ ਕਰੋ, ਜਿਵੇਂ ਆਪ ਜੀ ਦੀ ਮਰਜ਼ੀ ਹੈ"॥੩੫॥

ਸੁਧਿ ਸੁਨਿ ਦਾਰਸ਼ਕੋਹ ਸਚਿੰਤਾ। ਪਦਰ ਸਮੀਪ ਬਖਾਨਿ ਬ੍ਰਿਤੰਤਾ।
ਨੌਰੰਗ ਦਿਸ਼ਿ ਤੇ ਤ੍ਰਾਸ ਮਹਾਨੇ। ਸੁਤ ਪਿਤ ਚਿਤ ਮਹਿਂ ਨਿਤ ਅਤਿ ਠਾਨੇ॥੩੬॥

ਇਹ ਖ਼ਬਰ ਸੁਣ ਕੇ ਦਾਰਾਸ਼ਕੋਹ ਫ਼ਿਕਰਮੰਦ ਹੋ ਗਿਆ। ਬਾਪ ਦੇ ਨੇੜੇ ਹੋ ਕੇ ਉਸ ਸਾਰੀ ਗੱਲ ਬਿਆਨ ਕੀਤੀ। ਨੌਰੰਗੇ ਵਾਲੇ ਪਾਸੋਂ ਦੋਵੇਂ ਪਿਉ ਪੁੱਤਰ ਸਦਾ ਹੀ ਬੜਾ ਡਰ ਅਨੁਭਵ ਕਰਦੇ ਰਹਿੰਦੇ ਹਨ॥੩੬॥

'ਸੋ ਅਬਿ ਹਾਦਰ ਬਿਦਤੇ ਹੋਵਾ। ਤਿਹ ਮੇਟੈਂ ਕਿਮ, ਜਤਨ ਨ ਜੋਵਾ।
ਡੇਰਾ ਹਟਹਿ ਆਗਰੇ ਹੋਹਿ'। ਇਮ ਠਹਿਰਾਇਵ ਦਾਰਸ਼ਕੋਹੁ॥ ੩੭॥

"ਉਹ ਤਾਂ ਹੁਣ ਨੇੜੇ ਆਇਆ ਹੀ ਦਿੱਸਦਾ ਹੈ, ਉਸ ਨੂੰ ਕਿਵੇਂ ਖ਼ਤਮ ਕਰੀਏ, ਕੋਈ ਯਤਨ ਦਿਖਾਈ ਨਹੀਂ ਦੇ ਰਿਹਾ ਹੈ। ਡੇਰਾ ਹਟਾ ਕੇ ਆਗਰੇ ਲੈ ਜਾਈਏ।" ਦਾਰਾਸ਼ਕੋਹ ਨੇ ਇਸ ਤਰ੍ਹਾਂ ਫੈਸਲਾ ਕੀਤਾ॥੩੭॥

ਸ਼ਾਹਜਹਾਂ ਕੇ ਮਨ ਨਹਿਂ ਭਾਈ। ਤਊ ਪੁੱਤ੍ਰ ਹਿਤ ਕਹਿ ਨ ਸਕਾਈ।
ਹਟੇ ਅਕਬਰਾਬਾਦ ਨਗਰ ਕੋ। ਤੋਪਾਦਿਕ ਲੇ ਚਮੂੰ ਸਗਰ ਕੋ॥ ੩੮॥

ਇਹ ਗੱਲ ਸ਼ਾਹਜਹਾਂ ਦੇ ਮਨ ਨੂੰ ਚੰਗੀ ਨਹੀਂ ਸੀ ਲਗਦੀ, ਫਿਰ ਵੀ ਆਪਣੇ ਪੁੱਤਰ ਵਾਸਤੇ ਨਾ ਨਹੀਂ ਕਹਿ ਸਕਿਆ। ਵਾਪਸ ਅਕਬਰਾਬਾਦ ਨਗਰ ਨੂੰ ਚਲੇ ਗਏ, ਤੋਪਾਂ ਆਦਿ ਸਾਰੀ ਫ਼ੌਜ ਨੂੰ ਨਾਲ ਲੈ ਲਿਆ॥੩੮॥

ਤੀਨ ਦਿਵਸ ਮਹਿਂ ਪੁਨਿ ਚਲਿ ਆਏ। ਟਿਕੇ ਆਗਰੇ ਸਿਵਰ ਲਗਾਏ।
ਮੌਜੂਦਾਤਿ ਲੀਨਿ ਸਭਿਹਿਨਿ ਕੀ। ਕਰਿ ਬਖਸ਼ੀਸ਼ ਜਰਾਉ ਸੁ ਧਨ ਕੀ॥ ੩੯॥

ਤਿੰਨਾਂ ਦਿਨਾਂ ਵਿਚ ਫਿਰ ਚਲ ਕੇ ਆ ਗਏ ਤੇ ਆਗਰੇ ਵਿਚ ਤੰਬੂ ਲਾ ਕੇ ਟਿਕ ਗਏ। ਸਾਰਿਆਂ ਦੀ ਹਾਜ਼ਰੀ ਲਾਈ ਗਈ ਤੇ ਜੜਾਊ ਗਹਿਣਿਆਂ ਅਤੇ ਧਨ ਦੀਆਂ ਬਖ਼ਸ਼ੀਸ਼ਾਂ ਵੰਡੀਆਂ॥੩੯॥

ਜਿਸ ਪਹਿ ਜੋ ਨਹਿਂ ਸੋ ਤਿਹ ਦੀਨਸਿ। ਆਰਾਸਤ ਲਸ਼ਕਰਿ ਸਭਿ ਕੀਨਸਿ।
ਮਿਲੇ ਆਨਿ ਜੇਤਿਕ ਉਮਰਾਵ। ਨਿਜ ਨਿਜ ਲੇ ਕਰਿ ਸੰਗ ਪ੍ਰਭਾਵ॥ ੪੦॥

ਜਿਸ ਪਾਸ ਜਿਹੜੀ ਚੀਜ਼ ਨਹੀਂ ਸੀ, ਉਹ ਉਸ ਨੂੰ ਦਿੱਤੀ, ਸਾਰੇ ਲਸ਼ਕਰ ਨੂੰ ਤਿਆਰ-ਬਰ-ਤਿਆਰ ਕੀਤਾ। ਜਿੰਨੇ ਉਮਰਾਵ ਸਨ, ਸਾਰੇ ਆਪਣੇ-ਆਪਣੇ ਸਾਜ਼ੋ-ਸਾਮਾਨ ਨੂੰ ਲੈ ਕੇ ਆ ਮਿਲੇ॥੪੦॥

*ਨੌਵੀਂ ਰਾਸ ਦਾ ਗਿਆਰ੍ਹਵਾਂ ਅਧਿਆਇ ਸਮਾਪਤ ਹੋਇਆ॥੧੧॥*

## ਅਧਿਆਇ ਬਾਰ੍ਹਵਾਂ

### ਦਾਰਾਸ਼ਕੋਹ ਤੇ ਔਰੰਗਜ਼ੇਬ

ਦੋਹਰਾ- ਸ਼ਾਹਜਹਾਂ ਕੋ ਕਹਤਿ ਭਾ 'ਇਮ ਆਵਤਿ ਮਨ ਮੋਹਿ।
ਰੋਕਹੁੰ ਨਵਰੰਗ ਭ੍ਰਾਤ ਕਹੁ ਚਢਿ ਕਰਿ ਆਗੇ ਹੋਹਿ'॥ ੧॥

ਦਾਰਾਸ਼ਕੋਹ ਸ਼ਾਹਜਹਾਂ ਨੂੰ ਕਹਿਣ ਲੱਗਾ, "ਮੇਰੇ ਮਨ ਵਿਚ ਇਸ ਤਰ੍ਹਾਂ ਆਉਂਦੀ ਹੈ ਕਿ ਆਪਣੇ ਨੌਰੰਗੇ ਭਰਾ ਨੂੰ ਮੈਂ ਘੋੜੇ 'ਤੇ ਚੜ੍ਹ ਕੇ ਅੱਗੇ ਹੋ ਕੇ ਰੋਕਾਂ"॥੧॥

ਚੌਪਈ- ਸੁਤ ਕੋ ਸਮੁਝਾਵਨਿ ਹਿਤ ਕਹਜੋ। 'ਨੌਰੰਗ ਦੁਰਬੁੱਧੀ ਬਡ ਲਹਜੋ।
ਕੁਟਿਲ ਮਹਾਂ ਹਠ ਕਰਨਿ ਅਰੂਢਾ। ਛਲ ਬਲ ਬਿਖੈ ਅਧਿਕ ਮਤਿ ਮੂਢਾ॥੨॥

ਪੁੱਤਰ ਨੂੰ ਸਮਝਾਉਣ ਹਿਤ ਸ਼ਾਹਜਹਾਂ ਨੇ ਕਿਹਾ, "ਨੌਰੰਗੇ ਨੇ ਵੱਡੀ ਭੈੜੀ ਬੁੱਧੀ ਪਾਈ ਹੈ, ਉਹ ਮਹਾਨ ਕੁਟਿਲ ਅਤੇ ਹਠ ਕਰਨ ਵਿਚ ਵੀ ਜ਼ਿਦੀ ਹੈ, ਵਲ-ਛਲ ਵਿਚ ਉਸ ਦੀ ਬੁੱਧੀ ਮਹਾਂ ਮੂੜ੍ਹ ਹੈ॥੨॥

ਤੋਹਿ ਸੁਭਾਵ ਸਰਲ ਮ੍ਰਿਦੁ ਰੂਰਾ। ਤਿਹ ਸੰਗ ਉਤਰਿ ਸਕਹਿਂ ਨਹਿਂ ਪੂਰਾ।
ਯਾਂਤੇ ਟਰੇ ਰਹੋ ਨਹਿਂ ਜਾਹੂ। ਆਇ ਤ ਆਵਨ ਦਿਹੁ ਉਤ ਰਾਹੂ' ॥ ੩ ॥

ਤੇਰਾ ਸੁਭਾਵ ਬੜਾ ਸਰਲ ਅਤੇ ਮਿੱਠਾ ਹੈ, ਤੇਰੇ ਨਾਲ ਉਹ ਪੂਰੀ ਤਰ੍ਹਾਂ ਉਤਰ ਨਹੀਂ ਸਕੇਗਾ। ਇਸ ਕਰਕੇ ਟਲੇ ਰਹੋ, ਨਾ ਜਾਵੋ, ਆਇ ਤਾਂ ਰਾਹ ਉੱਤੇ ਆਉਣ ਦੇਵੋ'' ॥੩॥

ਦਾਰਸ਼ਕੋਹ ਸੁਨਿਤਿ ਨਹਿਂ ਮਾਨੀ। ਪਦਰ ਸਾਥ ਇਮ ਭਾਖਤਿ ਬਾਨੀ।
'ਇਹਾਂ ਆਇ ਜੇ ਕਰਹਿ ਕੁਚਾਲਾ। ਪੁਨਹਿ ਚਲਹਿ ਕਜਾ ਬਸ ਤਿਸ ਨਾਲਾ ॥੪ ॥

ਦਾਰਾਸ਼ਕੋਹ ਨੇ ਸੁਣ ਕੇ ਨਾ ਮੰਨੀ ਤੇ ਆਪਣੇ ਬਾਪ ਨੂੰ ਫਿਰ ਕਹਿਣ ਲੱਗਾ, ''ਏਥੇ ਆ ਕੇ ਜੇ ਕੋਈ ਭੈੜਾ ਚਾਲਾ ਕਰੇਗਾ, ਫਿਰ ਉਸ ਦੇ ਨਾਲ ਕੀ ਵੱਸ ਚਲਦਾ ਹੈ॥੪॥

ਅਬਿ ਮੈਂ ਜਾਇ ਅਗਾਰੀ ਤਹਾਂ। ਰੋਕਵਿ ਚੰਬਲ ਸਲਿਤਾ ਜਹਾਂ।
ਸ਼ਾਹੁ ਜਹਾਂ ਸੁਨਿ ਰਹਜੋ ਹਟਾਇ। ਦਾਰਸ਼ਕੋਹ ਨ ਮਨ ਮੈਂ ਲਜਾਹਿ॥ ੫ ॥

ਹੁਣ ਅੱਗੇ ਜਾ ਕੇ ਉਸ ਨੂੰ ਉਥੇ ਰੋਕਾਂਗਾ ਜਿਥੇ ਚੰਬਲ ਨਦੀ ਦਾ ਕਿਨਾਰਾ ਹੈ।'' ਸ਼ਾਹਜਹਾਂ ਸੁਣ ਕੇ ਉਸ ਨੂੰ ਰੋਕਦਾ ਰਿਹਾ, ਪਰ ਦਾਰਾਸ਼ਕੋਹ ਉਸ ਨੂੰ ਮਨ ਵਿਚ ਨਾ ਲਿਆਇਆ॥੫॥

ਬਜਵਾਇਵ ਕਹਿ ਕੂਚ ਨਗਾਰਾ। ਸਭਿ ਉਮਰਾਵਨਿ ਕਰਿ ਕੈ ਤਜਾਰਾ।
ਗਜ ਬਾਜਨਿ ਪਰ ਪਾਖਰ ਡਾਰੀ। ਪੈਦਲ ਜੁਗਤਿ ਬਾਹਨੀ ਭਾਰੀ॥ ੬ ॥

ਕਹਿ ਕੇ ਕੂਚ ਦਾ ਨਗਾਰਾ ਵਜਾਇਆ ਤੇ ਉਮਰਾਵ ਨੂੰ ਤਿਆਰ ਕਰਵਾਇਆ। ਹਾਥੀਆਂ, ਘੋੜਿਆਂ 'ਤੇ ਕਾਠੀਆਂ ਪਾਈਆਂ, ਨਾਲ ਬਹੁਤ ਪੈਦਲ ਸੈਨਾ ਲੈ ਲਈ॥੬॥

ਚਲਜੋ ਉਮਡ ਕਰਿ ਲਸ਼ਕਰ ਐਸੇ। ਕਜਾਮਤ ਮਹਿਂ ਸਲਿਤਾਪਤਿ ਜੈਸੇ।
ਤੋਪ ਨਕਰ ਜਨੁ ਬਦਨ ਪਸਾਰਾ। ਤੋਮਰ ਗਨ ਪੰਨਗ ਆਕਾਰਾ॥ ੭ ॥

ਸਾਰਾ ਲਸ਼ਕਰ ਉੱਮਡ ਕੇ ਇਸ ਤਰ੍ਹਾਂ ਚਲ ਪਿਆ, ਜਿਵੇਂ ਕਿਆਮਤ ਵਾਲੇ ਦਿਨ ਸਮੁੰਦਰ ਚੜ੍ਹਿਆ ਆ ਰਿਹਾ ਹੋਵੇ। ਤੋਪਾਂ ਨੇ ਜਿਵੇਂ ਤੰਦੂਆਂ ਵਾਂਗ ਮੂੰਹ ਅੱਡਿਆ ਹੋਵੇ, ਤੇ ਨੇਜ਼ੇ ਮਾਨੋਂ ਸੱਪਾਂ ਦੇ ਸਰੂਪ ਹਨ॥੭॥

ਕਹਾਂ ਲਗੇ ਬਰਨੌਂ ਬਿਧਿ ਸਾਰੀ। ਸਨੈ ਸਨੈ ਚਲਿ ਪੰਥ ਮਝਾਰੀ।
ਚੰਬਲ ਸਲਿਤਾ ਕੂਲ ਬਿਸਾਲਾ। ਤਹਾਂ ਪਹੁੰਚਿ ਡੇਰਾ ਸਭਿ ਘਾਲਾ॥ ੮ ॥

ਕਿਥੋਂ ਤਕ ਸਾਰੀਆਂ ਵਿਧੀਆਂ ਰਾਹੀਂ ਵਰਣਨ ਕਰਾਂ, ਹੌਲੀ-ਹੌਲੀ ਰਾਹ ਵਿਚ ਚਲ ਰਹੇ ਸਨ। ਚੰਬਲ ਨਦੀ ਦਾ ਕਿਨਾਰਾ ਬੜਾ ਵਿਸ਼ਾਲ ਸੀ। ਉਥੇ ਪਹੁੰਚ ਕੇ ਸਭ ਨੇ ਡੇਰਾ ਕਰ ਲਿਆ॥੮॥

ਨਿਜ ਬਸਿ ਨਵਕਾ ਕਰਿ ਤਕਰਾਈ। ਪਾਇ ਆਬ ਢਿਗ ਧ੍ਵਜਨੀ ਛਾਈ।
ਬੰਦੁ ਬਸਤ ਸਲਿਤਾ ਕਹੁ ਠਾਨਜੋ। ਰੋਕਹਿਂ ਇਹਾਂ ਨ ਦੇਂ ਤਿਸ ਜਾਨਜੋ॥ ੯ ॥

ਤਕੜਾਈ ਕਰਕੇ ਸਭ ਬੇੜੀਆਂ ਆਪਣੇ ਵੱਸ ਕਰ ਲਈਆਂ। ਪਾਣੀ ਦੇ ਲਾਗੇ ਸਾਰੀ ਸੈਨਾ ਟਿਕ ਗਈ। ਨਦੀ ਦਾ ਸਾਰਾ ਬੰਦੋਬਸਤ ਕਰ ਲਿਆ ਤੇ ਸੋਚਿਆ ਕਿ ਉਸ ਨੂੰ ਏਥੇ ਰੋਕਾਂਗੇ, ਅੱਗੇ ਨਹੀਂ ਜਾਣ ਦੇਵਾਂਗੇ॥੯॥

ਇਮ ਤਹਿਂ ਰਹਜੋ ਠਾਨਿ ਤਕਰਾਈ। ਰਿਤੁ ਗ੍ਰੀਖਮ ਕੀ ਬਹੁ ਤਪਤਾਈ।
ਦੁਸਹਾ ਉਮਰਾਵਨਿ ਕਹੁ ਤੇਈ। ਰਹਤ ਸਰਦ ਖਾਨਹਿਂ ਮਹਿਂ ਜੇਈ॥ ੧੦ ॥

ਇਸ ਤਰ੍ਹਾਂ ਉਥੇ ਬੜੀ ਤਕੜਾਈ ਧਾਰ ਕੇ ਰੁਕ ਗਏ। ਗਰਮੀ ਦੀ ਰੁਤ ਹੋਣ ਕਰਕੇ ਬਹੁਤ ਤੌਂਪਸ਼ ਸੀ। ਉਮਰਾਵ ਨੂੰ ਉਸ ਰੁਤ ਵਿਚ ਰਹਿਣਾ ਬਹੁਤ ਕਠਨ ਸੀ, ਜਿਹੜੇ ਸਦਾ ਸਰਦਖਾਨਿਆਂ ਵਿਚ ਰਹਿੰਦੇ ਸਨ॥੧੦॥

ਦੁਖੀ ਹੋਇ ਬਸ ਚਲਹਿ ਨ ਕੋਈ। ਤਊ ਰਿਦੇ ਮਹਿਂ ਇਰਖਤਿ ਹੋਈ।
ਇਮ ਇਨ ਡੇਰਾ ਕੀਨਸਿ ਤਹਿਂ ਜਬਿ। ਰਹਜੋ ਆਗਰੇ ਸ਼ਾਹਿ ਜਹਾਂ ਤਬਿ॥੧੧॥

ਉਹ ਬਹੁਤ ਦੁਖੀ ਹੋਏ, ਪਰ ਵੱਸ ਕੁਝ ਨਹੀਂ ਸੀ ਚਲਦਾ, ਫਿਰ ਵੀ ਹਿਰਦੇ ਵਿਚ ਜੰਗ ਦੀ ਉਡੀਕ ਸੀ। ਇਸ ਤਰ੍ਹਾਂ ਜਦ ਡੇਰੇ ਤੋਂ ਬਗੈਰ ਉਥੇ ਰਹੇ ਤਾਂ ਸ਼ਾਹਜਹਾਂ ਉਸ ਸਮੇਂ ਆਗਰੇ ਵਿਚ ਹੀ ਰਿਹਾ॥੧੧॥

ਆਗੇ ਤਿਨ ਕਹੁ ਸੁਨਹੁ ਪ੍ਰਸੰਗ। ਮਿਲਜੋ ਮੁਰਾਦ ਬਖਸ਼ ਨੌਰੰਗ।
ਏਕ ਹੋਇ ਕਰਿ ਧੁਜਨੀ ਪ੍ਰੇਰੀ। ਲਰਿਬੇ ਕੀ ਦਿਢ ਸੌਜ ਘਨੇਰੀ॥ ੧੨॥

ਅੱਗੇ ਹੁਣ ਉਨ੍ਹਾਂ ਦਾ ਵੀ ਪ੍ਰਸੰਗ ਸੁਣੋ। ਨੌਰੰਗਾ, ਮੁਰਾਦ ਬਖਸ਼ ਨੂੰ ਜਾ ਮਿਲਿਆ। ਇਕ ਹੋ ਕੇ ਸਾਰੀ ਸੈਨਾ ਇਕੱਠੀ ਕਰਕੇ ਨਾਲ ਲੈ ਲਈ, ਲੜਨ ਵਾਸਤੇ ਉਨ੍ਹਾਂ ਪਾਸ ਬਹੁਤ ਸਮੱਗਰੀ ਸੀ॥੧੨॥

ਤੋਪ ਤੁਪਕ ਰਹਕਲਾ ਜੰਜੈਲ। ਬ੍ਰਿੰਦ ਜਮੂਰੇ ਤੋਰਹਿਂ ਸੈਲ।
ਗਜ ਬਾਜੀ ਆਸੂਦੇ ਕ਼ਰਿਕੈ। ਸਭਿ ਜੋਧਾਨਿ ਧੀਰ ਕਹੁ ਧਰਿਕੈ॥ ੧੩॥

ਤੋਪਾਂ, ਬੰਦੂਕਾਂ ਅਤੇ ਵੱਡੀਆਂ-ਵੱਡੀਆਂ ਬੰਦੂਕਾਂ ਤੇ ਬੇਅੰਤ ਜੰਮੂਰੇ ਸਨ ਜਿਹੜੇ ਪਹਾੜਾਂ ਨੂੰ ਵੀ ਉਡਾ ਸਕਦੇ ਸਨ। ਹਾਥੀ ਘੋੜੇ ਬਹੁਤ ਬਲਵਾਨ ਸਨ ਤੇ ਸਾਰੇ ਜੋਧਿਆਂ ਨੇ ਹੌਸਲੇ ਧਾਰਨ ਕੀਤੇ ਹੋਏ ਸਨ॥੧੩॥

ਸਨੇ ਸਨੇ ਗਮਨਤਿ ਜਬਿ ਆਏ। ਸਲਿਤਾ ਕੀ ਸੁਧ ਕੋ ਸੁਨਿ ਪਾਏ।
ਫਿਕਰਵੰਦ ਬਹੁਤੇ ਹੁਇ ਰਹੇ। ਉਤਰਨਿ ਘਾਟ ਕਹੂੰ ਨਹਿਂ ਲਹੇ॥ ੧੪॥

ਹੌਲੀ-ਹੌਲੀ ਚਲਦੇ ਜਦ ਆਏ ਤਾਂ ਨਦੀ ਦੀ ਖ਼ਬਰ ਬਾਰੇ ਉਨ੍ਹਾਂ ਸੁਣਿਆ। ਬੜੇ ਫ਼ਿਕਰਮੰਦ ਹੋਏ, ਘਾਟ ਵਿਚ ਉਤਰਨ ਵਾਸਤੇ ਕੋਈ ਥਾਂ ਨਹੀਂ ਸੀ ਲਭਦਾ॥੧੪॥

ਅਨਿਕ ਜਤਨ ਠਾਨਤਿ ਮਨਿ ਮਾਂਹਿ। ਉਤਰਨਿ ਸਲਿਤਾ ਪਾਵਤਿ ਨਾਂਹਿ।
ਬਸਨ ਹਾਰ ਤਿਹ ਗ੍ਰਾਮ ਜੁ ਨੇਰੇ। ਕਰੇ ਹਕਾਰਨ ਸੁਮਤਿ ਜਿ ਹੇਰੇ॥ ੧੫॥

ਮਨ ਵਿਚ ਅਨੇਕ ਯਤਨ ਧਾਰਨ ਕਰਦੇ ਸਨ, ਪਰ ਨਦੀ ਵਿਚ ਉਤਰਨ ਦਾ ਹੌਸਲਾ ਨਹੀਂ ਸਨ ਕਰਦੇ। ਜਿਹੜੇ ਲਾਗੇ ਪਿੰਡ ਵਸਦੇ ਸਨ ਉਨ੍ਹਾਂ ਵਿਚੋਂ ਚੰਗੀ ਬੁੱਧੀ ਵਾਲੇ ਮਨੁੱਖਾਂ ਨੂੰ ਉਨ੍ਹਾਂ ਬੁਲਾਇਆ॥੧੫॥

ਤਿਨ ਸੋਂ ਬੂਝਨ ਕੀਨਸਿ ਰਾਹੂ। ਬਖਸ਼ਜੋ ਦਰਬ ਅਧਿਕ ਨਰਨਾਹੂ।
ਤਿਨਹੁਂ ਖੋਜਿ ਕੈ ਆਨਿ ਜਨਾਇਵ। 'ਬੀਸ ਕੋਸ ਇਸ ਤੇ ਮਗ ਪਾਇਵ॥੧੬॥

ਉਨ੍ਹਾਂ ਪਾਸੋਂ ਉਨ੍ਹਾਂ ਨੇ ਰਾਹ ਪੁੱਛਿਆ ਤੇ ਉਨ੍ਹਾਂ ਨੂੰ ਕਾਫ਼ੀ ਧਨ ਬਖਸ਼ਿਆ। ਉਨ੍ਹਾਂ ਖੋਜ ਕੇ ਦੱਸ ਦਿੱਤਾ, "ਏਥੋਂ ਵੀਹ ਕੋਹ 'ਤੇ ਰਸਤਾ ਪਾਵੋਗੇ॥੧੬॥

ਬਿਨ ਤਰਨੀ ਤੁਮ ਚਢੇ ਚਢਾਏ। ਹੋਵਹੁ ਪਾਰ ਨਹੀਂ ਬਿਲਮਾਏ'।
ਸੁਨਿ ਹਰਖਜੋ ਨੌਰੰਗ ਚਢਿ ਪਰਜੋ। ਤਹਾਂ ਨਦੀ ਕੋ ਜਾਇ ਉਤਰਜੋ॥੧੭॥

ਬੇੜੀਆਂ ਤੋਂ ਬਗੈਰ ਹੀ ਤੁਸੀਂ ਚੜ੍ਹੇ ਚੜ੍ਹਾਏ ਪਾਰ ਹੋ ਜਾਵੋਗੇ, ਕੋਈ ਦੇਰ ਨਹੀਂ ਲਗੇਗੀ।" ਇਹ ਸੁਣ ਕੇ ਨੌਰੰਗਾ ਬਹੁਤ ਪ੍ਰਸੰਨ ਹੋਇਆ 'ਤੇ ਉਸ ਸਥਾਨ ਤੇ ਜਾ ਕੇ ਨਦੀ ਦੇ ਪਾਸ ਉਤਾਰਾ ਕਰ ਲਿਆ॥੧੭॥

ਸੈਨਾ ਸਭਿ ਸੁਖੈਨ ਉਤਰਾਈ। ਤੋਪ ਰਹਕਲਾ ਲੀਨਿ ਲੰਘਾਈ।
ਆਇ ਉਰਾਰ ਸਿਵਰ ਕਹੁ ਘਾਲਾ। ਨਿਸ ਦਿਨ ਰਹੇ ਸੁਚੇਤ ਬਿਸਾਲਾ॥੧੮॥

ਸਾਰੀ ਸੈਨਾ ਸੌਖੇ ਹੀ ਪਾਰ ਕਰਵਾ ਲਈ। ਵੱਡੀਆਂ ਤੋਪਾਂ ਤੇ ਹਲਕੀਆਂ ਤੋਪਾਂ (ਰਹਕਲਾ) ਵੀ ਪਾਰ ਕਰਵਾ ਲਈਆਂ। ਪਾਰ ਲੰਘ ਕੇ ਡੇਰਾ ਲਾ ਲਿਆ ਤੇ ਦਿਨ ਰਾਤ ਬਹੁਤ ਸੁਚੇਤ ਰਹੇ॥੧੮॥

ਦਾਰਸ਼ਕੋਹ ਜਬਹਿ ਸੁਧਿ ਪਾਈ। ਬੈਠਜੋ ਰਹਜੋ ਬਹੁਤ ਬਿਸਮਾਈ।
ਸਭਿ ਉਮਰਾਵ ਸਮੀਪ ਹਕਾਰੇ। ਲਰਨ ਹੇਤੁ ਮਸਲਤ ਕਹੁ ਧਾਰੇ॥ ੧੯॥

ਦਾਰਾਸ਼ਕੋਹ ਨੇ ਜਦ ਇਹ ਖ਼ਬਰ ਸੁਣੀ ਤਾਂ ਬਹੁਤ ਹੈਰਾਨ ਹੋ ਕੇ ਬੈਠਿਆ ਰਿਹਾ। ਸਾਰੇ ਉਮਰਾਵ ਨੂੰ ਪਾਸ ਬੁਲਾਇਆ ਤੇ ਲੜਾਈ ਵਾਸਤੇ ਸਲਾਹ ਕੀਤੀ॥੧੯॥

ਭਈ ਭੋਰ ਕਰਿ ਕੂਚ ਨਗਾਰਾ। ਚਢਜੋ ਬਜਾਇ ਬੰਬ ਬਲ ਭਾਰਾ।
ਤੁਰੰਗ ਬਾਹਨੀ ਪੈਦਲ ਸਾਰੀ। ਤੋਪ ਤੁਪਕ ਕੀ ਕਰਿ ਬਹੁ ਤਜਾਰੀ॥ ੨੦॥

ਸਵੇਰ ਹੋਣ 'ਤੇ ਕੂਚ ਦਾ ਨਗਾਰਾ ਵਜਾ ਦਿੱਤਾ, ਬਹੁਤ ਭਾਰੀ ਨਗਾਰਾ ਵਜਾ ਕੇ ਸਵਾਰ ਹੋ ਗਏ। ਘੋੜ ਸਵਾਰ ਫੌਜਾਂ ਤੇ ਪੈਦਲ ਫੌਜਾਂ ਤੋਪਾਂ ਬੰਦੂਕਾਂ ਦੀ ਬਹੁਤ ਤਿਆਰੀ ਕਰਕੇ ਚਲ ਪਈਆਂ॥੨੦॥

ਦਲ ਮੁਕਾਬਲੇ ਦੋਨੋ ਹੋਏ। ਬਾਂਧੇ ਪੰਗਤਿ ਬਿਥਰਿ ਖਰੋਏ।
ਰਚੀ ਜਮੂਰਨਿ ਕੀ ਬਹੁ ਸੈਨਾ। ਸ਼ਸਤ੍ਰ ਹਤਨਿ ਹਿਤ ਸ਼ੱਤ੍ਰਨਿ ਸੈਨਾ॥ ੨੧॥

ਦੋਵੇਂ ਦਲ ਮੁਕਾਬਲੇ 'ਤੇ ਹੋ ਗਏ, ਕਤਾਰਾਂ ਬੰਨ੍ਹ ਕੇ ਖਿਲਰ ਕੇ ਖਲੋ ਗਏ। ਜਮੂਰਿਆਂ ਦੀ ਬਹੁਤ ਸੈਨਾ ਤਿਆਰ ਕੀਤੀ। ਵੈਰੀਆਂ ਦੀ ਸੈਨਾਂ ਨੂੰ ਮਾਰਨ ਵਾਸਤੇ ਬਹੁਤ ਸ਼ਸਤਰ ਲਏ॥੨੧॥

ਕਈ ਹਜ਼ਾਰ ਤੋਪ ਕਰਿ ਖਰੀ। ਛੋਟੀ ਬਡੀ ਬਰੋਬਰ ਕਰੀ।
ਹਾਥਿਨਿ ਕੇ ਹੋਦਨਿ ਪਰ ਰਾਇ। ਗਾਢੇ ਹੋਇ ਚਢੇ ਉਮਰਾਇ॥ ੨੨॥

ਕਈ ਹਜ਼ਾਰ ਤੋਪਾਂ ਖੜੀਆਂ ਕੀਤੀਆਂ, ਛੋਟੀਆਂ ਵੱਡੀਆਂ ਸਭ ਬਰਾਬਰ ਕੀਤੀਆਂ। ਹਾਥੀਆਂ ਦੇ ਹੌਦਿਆਂ 'ਤੇ ਰਾਜੇ ਚੜ੍ਹੇ ਸਨ ਤੇ ਉਮਰਾਵ ਵੀ ਬੈਠੇ ਹੋਏ ਸਨ॥੨੨॥

ਤੇਜ਼ ਤੁਰੰਗ ਤੁਰਾਏ ਤਾਜੀ। ਫਾਂਦਤਿ ਮਨਹੁਂ ਪਾਇ ਨਟ ਬਾਜ਼ੀ।
ਪੈਦਲ ਦਿਢ ਪਿਖਿ ਤ੍ਰਾਸ ਗ਼ਨੀਮ। ਜੋ ਨੌਕਰ ਪੁਸ਼ਤੈਨਿ ਕਦੀਮ॥ ੨੩॥

ਸੂਰਬੀਰ ਤੇਜ਼ ਘੋੜਿਆਂ ਨੂੰ ਤੋਰਦੇ ਸਨ ਤੇ ਉਨ੍ਹਾਂ ਨੂੰ ਇਸ ਤਰ੍ਹਾਂ ਟਪਾਉਂਦੇ ਸਨ, ਮਾਨੋਂ ਨਟ ਬਾਜ਼ੀ ਪਾ ਰਿਹਾ ਹੋਵੇ। ਪੈਦਲ ਵੈਰੀ ਦਾ ਡਰ ਮੰਨ ਕੇ ਡਰੇ ਹੋਏ ਸਨ, ਜਿਹੜੇ ਕਿ ਕਈਆਂ ਪੁਸ਼ਤਾਂ ਤੋਂ ਬਾਦਸ਼ਾਹਾਂ ਦੇ ਨੌਕਰ ਸਨ॥੨੩॥

ਨਿਜ ਨਿਜ ਮਿਸਲ ਸਕੇਲਿ ਕਠੋਰ। ਗਹਿ ਗਹਿ ਸ਼ਸਤ ਕਰੇ ਰਨ ਰੌਰ।
ਦੁੰਦਭਿ, ਢੋਲ, ਪਣਵ ਸਮੁਦਾਏ। ਪੂਰਜੋ ਸ਼ਬਦ ਗਗਨ ਗਰਜਾਏ॥ ੨੪॥

ਹਰ ਇਕ ਨੇ ਆਪਣੇ-ਆਪਣੇ ਟੋਲੇ ਇਕੱਠੇ ਕਰ ਲਏ, ਸ਼ਸਤਰ ਫੜ ਫੜ ਕੇ ਰਣਖੇਤਰ ਵਿਚ ਰੌਲਾ ਪਾਉਂਦੇ ਸਨ। ਨਗਾਰਾ, ਢੋਲ ਅਤੇ ਪਣਵ ਇਕੱਠੇ ਵੱਜ ਰਹੇ ਸਨ। ਫਿਰ ਐਸੀ ਉੱਚੀ ਆਵਾਜ਼ ਵਿਚ ਨਾਦ ਉਠਿਆ ਕਿ ਆਕਾਸ਼ ਗੱਜ ਉਠਿਆ॥੨੪॥

ਇਸੀ ਰੀਤਿ ਨੌਰੰਗ ਬਡ ਮਾਨੀ। ਦਿਢ ਰਚਨਾ ਧੁਜਨੀ ਸਭਿ ਠਾਨੀ।
ਉਮਰਾਵਨਿ ਕਹੁ ਕਰਿ ਕਰਿ ਗਾਢੇ। ਸੈਨਾ ਸਹਿਤ ਜਮੂਰੇ ਠਾਢੇ॥ ੨੫॥

ਇਹੀ ਰੀਤੀ ਵੱਡੇ ਹੰਕਾਰੀ ਨੌਰੰਗੇ ਨੇ ਕੀਤੀ, ਉਸ ਆਪਣੀ ਸਾਰੀ ਸੈਨਾ ਨੂੰ ਦ੍ਰਿੜ੍ਹ ਢੰਗ ਨਾਲ ਖੜਿਆਂ ਕੀਤਾ। ਆਪਣੇ ਉਮਰਾਵ ਨੂੰ ਕਹਿ ਕਹਿ ਕੇ ਖੜੇ ਕੀਤਾ, ਸੈਨਾ ਸਹਿਤ ਜਮੂਰੇ ਖੜੇ ਕੀਤੇ॥੨੫॥

ਲਰਨ ਲਗੇ ਦੋਨਹੁੰ ਦਲ ਐਸੇ। ਗਰਜਤਿ ਭਰੇ ਮਹਾਂ ਘਨ ਜੈਸੇ।
ਗੋਰੀ ਅਰੁ ਗੋਰਨਿ ਕੀ ਮਾਰ। ਬਰਖਾ ਕਰਕਾ ਕੀ ਇਕਸਾਰ॥ ੨੬॥

ਦੋਵੇਂ ਦਲ ਇਸ ਤਰ੍ਹਾਂ ਲੜਨ ਲੱਗੇ, ਜਿਵੇਂ ਬਦਲ ਬਹੁਤ ਉੱਚੀ ਗੱਜਦੇ ਹੋਣ। ਗੋਲੀਆਂ ਅਤੇ ਗੋਲਿਆਂ ਦੀ ਮਾਰ ਇੰਝ ਹੋ ਰਹੀ ਸੀ ਜਿਵੇਂ ਇਕਸਾਰ ਗੜਿਆਂ ਦੀ ਬਰਖਾ ਹੋ ਰਹੀ ਹੋਵੇ॥੨੬॥

ਆਤਸ਼ ਅਰੁ ਬਰੂਦ ਕੇ ਮੇਲ। ਧੂਮ ਧਾਰ ਪਰਸਤਿ ਨਭ ਗੈਲ।
ਮਨਹੁ ਘਟਾ ਬਡ ਸ਼ੋਰ ਉਠਾਵਹਿ। ਜਹਿਂ ਕਹਿਂ ਅਵਿਨਿ ਗਗਨ ਕਹੁ ਛਾਵਹਿ॥੨੭॥

ਅੱਗ ਅਤੇ ਧੂਏਂ ਦੇ ਮੇਲ ਨਾਲ ਧੂੰਏਂ ਦੀ ਧਾਰਾ ਅਕਾਸ਼ ਤਕ ਫੈਲ ਗਈ ਸੀ। ਮਾਨੋਂ ਵੱਡੀ ਘਟਾ ਉੱਠ ਕੇ ਸ਼ੋਰ ਮਚਾ ਰਹੀ ਸੀ। ਜਿਥੇ ਕਿਥੇ ਪ੍ਰਿਥਵੀ ਤੇ ਆਕਾਸ਼ 'ਤੇ ਧੂਆਂ ਛਾਇਆ ਹੋਇਆ ਸੀ॥੨੭॥

ਤੋਪ ਤੁਫੰਗ ਮਹਾਂ ਕਰਕੰਤੀ। ਬਾਰ ਬਾਰ ਜਨੁ ਗਾਜ ਗਿਰੰਤੀ।
ਧੌਂਸੇ ਧੁੰਕਾਰਤਿ ਚਹੁੰ ਓਰੀ। ਜਨੁ ਘਨ ਗਰਜਹਿ ਘੁਮਡਤਿ ਘੋਰੀ॥ ੨੮॥

ਤੋਪਾਂ ਤੇ ਬੰਦੂਕਾਂ ਬਹੁਤ ਕੜਕਦੀਆਂ ਸਨ, ਬਾਰ-ਬਾਰ ਜਿਵੇਂ ਬਿਜਲੀ ਡਿੱਗ ਰਹੀ ਸੀ। ਚਾਰੇ ਪਾਸੇ ਧੌਂਸੇ ਧੁੰਕਾਰਾਂ ਪਾ ਰਹੇ ਸਨ, ਜਿਵੇਂ ਬੱਦਲ ਭਾਰੀ ਅਵਾਜ਼ ਵਿਚ ਗੱਜਦਾ ਹੈ॥੨੮॥

ਸੁਭਟ ਗਿਰਹਿਂ ਘਾਇਲ ਤਰਫੰਤੇ। ਸ਼੍ਰੋਣਿਤ ਬਮਤੇ ਕਿਤਿਕ ਮਰੰਤੇ।
ਗੋਰੇ ਲਗਹਿਂ ਉਡਹਿਂ ਨਰ ਬਾਜੀ। ਦੁਹਿਦਿਸ਼ਿ ਭਿਰਹਿ ਸੈਨ, ਨਹਿਂ ਭਾਜੀ॥੨੯॥

ਸੂਰਬੀਰ ਡਿੱਗਦੇ ਸਨ ਤੇ ਘਾਇਲ ਹੋ ਕੇ ਤੜਫਦੇ ਸਨ, ਲਹੂ ਦੇ ਨਿਕਲਦਿਆਂ ਹੀ ਕਈ ਸੂਰਮੇ ਮਰ ਜਾਂਦੇ ਸਨ। ਗੋਲੀ ਲੱਗਣ ਨਾਲ ਮਨੁੱਖ ਤੇ ਘੋੜੇ ਉੱਡ ਜਾਂਦੇ ਸਨ। ਦੋਵੀਂ ਪਾਸੀਂ ਸੈਨਾ ਭਿੜ ਰਹੀ ਸੀ, ਕੋਈ ਵੀ ਭਜਿਆ ਨਹੀਂ ਸੀ॥੨੯॥

ਗੁਲਕਾ ਲਾਗੇ ਫੂਟਹਿਂ ਅੰਗਾ। ਟੂਟਹਿਂ ਅਸਤੀ, ਸ਼੍ਰੋਣਤ ਰੰਗਾ।
ਤੋਪ ਤੁਪਕ ਆਦਿਕ ਗਰਜੰਤਿ। ਮਾਰ ਮਾਰ ਜਨੁ ਸੁਭਟ ਭਜੰਤਿ ॥ ੩੦॥

ਗੋਲੀ ਲੱਗਣ ਨਾਲ ਅੰਗ ਪਾਟ ਜਾਂਦੇ ਸਨ, ਹੱਡੀਆਂ ਟੁੱਟ ਜਾਂਦੀਆਂ ਸਨ ਤੇ ਉਨ੍ਹਾਂ ਦਾ ਲਹੂ ਵਰਗਾ ਰੰਗ ਹੋ ਜਾਂਦਾ ਸੀ। ਤੋਪਾਂ ਬੰਦੂਕਾਂ ਆਦਿ ਗੱਜਦੀਆਂ ਸਨ, ਮਾਰ ਮਾਰ ਮਾਨੋਂ ਸੂਰਮਿਆਂ ਨੂੰ ਭੱਜਾ ਰਹੀਆਂ ਸਨ॥੩੦॥

ਕਰਤਿ ਹਿਰੇਖਾ ਬਾਜੀ ਘਨੇ। ਗਜ ਚਿੰਘਾਰਤਿ ਤ੍ਰਾਸਨ ਸਨੇ।
ਆਮਿਖ ਸ਼੍ਰੋਣਿਤ ਕਰਦਮ ਹੋਵਾ। ਪਰੇ ਮ੍ਰਿਤਕ ਭੀਖਨ ਥਲ ਜੋਵਾ॥ ੩੧॥

ਬਹੁਤ ਘੋੜੇ ਹਿਣਕ ਰਹੇ ਸਨ ਤੇ ਹਾਥੀ ਡਰ ਸਹਿਤ ਚਿੰਘਾੜ ਰਹੇ ਸਨ। ਮਾਸ ਅਤੇ ਲਹੂ ਦਾ ਗਾਰਾ ਬਣਿਆ ਹੋਇਆ ਸੀ ਜਿਹੜੇ ਮਰੇ ਹੋਏ ਸਨ, ਉਹ ਭਿਆਨਕ ਸਥਾਨ ਉੱਤੇ ਪਏ ਹੋਏ ਸਨ॥੩੧॥

ਜਾਇ ਪਰਹਿਂ ਗਨ ਕਰਿ ਕਰਿ ਹੇਲਾ। ਜ੍ਵਾਲਾਬਮਣੀ ਤਜਿ ਤਿਸ ਬਲਾ।
ਮੁੰਡ ਤੁੰਡ ਫੋਰਤਿ ਇਮ ਗੋਰੀ। ਮਨਹੁੰ ਗੁਲੇਲਨਿ ਹੰਡੀਅਨਿ ਫੋਰੀ॥ ੩੨॥

ਕਈ ਹਲਾ ਕਰ ਕਰਕੇ ਜਾ ਪੈਂਦੇ ਸਨ, ਅੱਗ ਛੱਡਣ ਵਾਲੀਆਂ ਬੰਦੂਕਾਂ ਨੂੰ ਚਲਾਉਂਦੇ ਸਨ। ਗੋਲੀਆਂ ਮੂੰਹ ਅਤੇ ਸਿਰ ਨੂੰ ਇਸ ਤਰ੍ਹਾਂ ਤੋੜਦੀਆਂ ਸਨ ਮਾਨੋਂ ਗੁਲੇਲ ਵੱਜ ਕੇ ਤੌੜੀ ਟੁੱਟ ਗਈ ਹੋਵੇ॥੩੨॥

ਦੁਹੂੰਦਿਸ਼ਿ ਤੋਪਨਿ ਚਲਹਿ ਹਜ਼ਾਰੋਂ। ਅਵਿਨੀ ਕੰਪਤਿ ਜਨੁ ਡਰ ਭਾਰੋ।
ਪਰਜੋ ਸ਼ਬਦ ਕੋ ਰੌਰ ਮਹਾਨਾ। ਕਹੀ ਬਾਤ ਜਨੁ ਸੁਨਿਯ ਨ ਕਾਨਾ॥ ੩੩॥

ਦੋਵੀਂ ਪਾਸੀ ਹਜ਼ਾਰਾਂ ਬੰਦੂਕਾਂ ਚਲ ਰਹੀਆਂ ਸਨ, ਮਾਨੋਂ ਭਾਰੀ ਡਰ ਕਰਕੇ ਧਰਤੀ ਕੰਬ ਰਹੀ ਸੀ। ਵੱਖ-ਵੱਖ ਆਵਾਜ਼ਾਂ ਨਿਕਲਣ ਕਾਰਨ ਵੱਡਾ ਰੌਲਾ ਮਚਿਆ ਹੋਇਆ ਸੀ, ਕਿਸੇ ਦੀ ਗੱਲ ਕੰਨ ਨਾਲ ਸੁਣੀ ਨਹੀਂ ਸੀ ਜਾਂਦੀ॥੩੩॥

ਅੰਧ ਧੁੰਧ ਬਾਰੂਦ ਉਠਾਯੋ। ਧੂਮ ਧੂਮ ਜੁਤਿ ਚਹੁੰਦਿਸ਼ਿ ਛਾਯੋ॥
ਮਨਹੁ ਮੇਘ ਸਗਰੇ ਇਕ ਥਾਇਂ। ਛਿਤ ਪਰ ਫਿਰਿ ਛਾਏ ਇਕ ਭਾਇ॥ ੩੪॥

ਅੰਧਾ-ਧੁੰਦ ਬਾਰੂਦ ਚੁਕਿਆ ਹੋਇਆ ਸੀ, ਧੂੰਆਂ ਰੌਲੇ ਸਮੇਤ ਚਾਰੇ ਪਾਸੇ ਛਾਇਆ ਹੋਇਆ ਸੀ। ਮਾਨੋਂ ਸਾਰੇ ਬਦਲ ਇਕ ਥਾਂ ਇਕੱਠੇ ਹੋ ਕੇ ਫਿਰ ਧਰਤੀ ਉਤੇ ਇਕਸਾਰ ਛਾ ਗਏ ਸਨ॥੩੪॥

ਭੁਯੰਗ ਪ੍ਰਯਾਤ ਛੰਦ-ਬਡੇ ਬੀਰ ਬਾਂਕੇ ਕਰੈਂ ਜੁੱਧ ਸੁੱਧੰ। ਬਧਯੋ ਬੰਧੁਬੈਰੰ ਬਲੀ ਬੋਲਿ ਕ੍ਰੱਧੰ।
ਧਹਾਧਾਹਿ ਤੋਪੈਂ ਛੁਟੈਂ ਬ੍ਰਿੰਦ ਗੋਰੇ। ਪਲੀਤੇ ਧੁਖੈਂ ਤ੍ਰਾਸ ਤੇ ਦੌਰ ਘੋਰੇ॥੩੫॥

ਵੱਡੇ ਬਾਂਕੇ ਸੂਰਬੀਰ ਯੁੱਧ ਕਰ ਰਹੇ ਸਨ, ਭਰਾਵਾਂ ਦਾ ਵੈਰ ਬਹੁਤ ਵਧਿਆ ਹੋਇਆ ਸੀ ਤੇ ਸੂਰਬੀਰ ਬੜੇ ਕ੍ਰੋਧ ਵਿਚ ਆ ਕੇ ਬੋਲ ਰਹੇ ਸਨ। ਧਾਹ ਧਾਹ ਕਰਦੀਆਂ ਤੋਪਾਂ ਛੁੱਟਦੀਆਂ ਸਨ ਤੇ ਬਹੁਤ ਗੋਲੇ ਸੁੱਟਦੀਆਂ ਸਨ। ਜਦ ਪਲੀਤੇ ਧੁੱਖਦੇ ਸਨ ਤਾਂ ਡਰ ਕੇ ਘੋੜੇ ਦੌੜ ਜਾਂਦੇ ਸਨ॥੩੫॥

ਭਜੇ ਜਾਹਿ ਐਸੇ ਨ ਥਾਂਭੇ ਥੰਭੇ ਹੈਂ। ਮਹਾਂ ਨਾਦ ਤੇ ਛੋਭ ਕੁੰਡੀ ਛੁਭੇ ਹੈਂ।
ਕਿਤੇ ਧੀਰ ਛੋਰੀ ਭਏ ਭੀਰੁ ਭਾਰੀ। ਭਜੇ ਜਾਤਿ ਮਾਰੇ, ਨ ਹੋਸ਼ੰ ਸੰਭਾਰੀ॥੩੬॥

ਇਸ ਤਰ੍ਹਾਂ ਭੱਜੇ ਜਾਂਦੇ ਸਨ ਕਿ ਠਹਿਰਾਉਣ ਨਾਲ ਵੀ ਖਲੋਂਦੇ ਨਹੀਂ ਸਨ। ਘੋੜੇ ਜ਼ਿਆਦਾ ਰੌਲਾ ਕਰਕੇ ਘਬਰਾਏ ਹੋਏ ਹਨ ਤੇ ਉਤੋਂ ਲਗਾਮ ਦੀ ਖਿੱਚ ਨਾਲ ਹੋਰ ਦੁੱਖੀ ਹੁੰਦੇ ਹਨ, ਕਿਉਂਕਿ ਘੋੜੇ ਨੂੰ ਖੜਾ ਕਰਨ ਵਾਸਤੇ ਲਗਾਮ ਖਿਚਣੀ ਪੈਂਦੀ ਹੈ। ਕਿਤੇ ਧੀਰਜ ਛੱਡ ਕੇ ਭਾਰੀ ਭੀੜ ਹੋਈ ਹੈ, ਡਰ ਦੇ ਮਾਰੇ ਭੱਜੇ ਜਾਂਦੇ ਹਨ ਤੇ ਹੋਸ਼ ਨਹੀਂ ਸੰਭਾਲਦੇ ਹਨ॥੩੬॥

ਮਰੇ ਸੂਰ ਕੇਈ ਮਹਾਂ ਰੌਰੰ ਮਾਚਾ। ਬਹਯੋ ਸ੍ਰੋਣ ਐਸੇ ਰਜੰ ਰੰਗ ਰਾਚਾ।
ਪਰੇ ਬੀਰ ਚੀਰੰ ਭਯੋ ਲਾਲ ਰੰਗੀ। ਉਡੇ ਸੰਗ ਗੋਰਾਨਿ ਜੋਧਾਨਿ ਅੰਗੀ॥੩੭॥

ਕਈ ਸੂਰਮੇ ਮਾਰੇ ਗਏ ਹਨ ਤੇ ਮਹਾਨ ਰੌਲਾ ਮਚਿਆ ਹੈ, ਖੂਨ ਇਸ ਤਰ੍ਹਾਂ ਵਹਿ ਰਿਹਾ ਹੈ ਤੇ ਧੂੜ ਉਸ ਦੇ ਰੰਗ ਵਿਚ ਰੰਗੀ ਗਈ ਹੈ। ਸੂਰਮਿਆਂ ਦੇ ਕਪੜੇ ਲਾਲ ਰੰਗ ਦੇ ਹੋ ਗਏ ਹਨ ਤੇ ਜੋਧਿਆਂ ਦੇ ਅੰਗ ਗੋਲੀਆਂ ਨਾਲ ਉੱਡ ਗਏ ਹਨ॥੩੭॥

ਕਿਤੇ ਘਾਇ ਘਾਏ ਘਨੇ ਘੋਰ ਘੂਮੀ। ਝਟਾਪੱਟ ਜੂਝੇ ਜੁਝਾਰੇ ਤ ਝੂਮੀ।
ਉਲੱਥੇ ਪਲੱਥੇ ਫੁਲੱਥੇ ਖਿਲਾਰੀ। ਹਥਾਵੱਥ ਹੋਏ ਮਥੇ ਸ਼ੀਘ੍ਰ ਚਾਰੀ॥੩੮॥

ਕਿਤੇ ਬਹੁਤ ਜ਼ਖਮੀ ਹੋਏ ਹਨ ਤੇ ਘੋਰ ਰੂਪ ਵਿਚ ਘੁੰਮਦੇ ਹਨ। ਕਈ ਸੂਰਮੇ ਝਟਪਟ ਝੂਮਕੇ ਮਰ ਜਾਂਦੇ ਹਨ। ਜਿਵੇਂ ਗਤਕੇ ਦੇ ਖਿਡਾਰੀ ਉੱਥਲ ਪੁੱਥਲ ਹੋ ਕੇ ਕਲਾਬਾਜ਼ੀਆਂ ਲਾਉਂਦੇ ਹਨ ਇਸ ਤਰ੍ਹਾਂ ਹੀ ਛੇਤੀ ਚਲ ਕੇ ਹਥਾ ਵੱਥ ਹੋ ਕੇ ਮੱਥ ਸਿਟਦੇ ਹਨ॥੩੮॥

ਜਮੂਰੇਨਿ ਗੋਰੇਨਿ ਸੂਰੇ ਖਪਾਏ। ਪ੍ਰਲੈ ਕਾਲ ਜੈਸੇ ਗਿਰੇ ਭੂਮ ਛਾਏ।
ਮਨੋ ਲਾਗ ਦਾਵਾ ਬਨੰ ਬੰਸ ਕੇਰਾ। ਪਤੰਗਾਨਿ ਜੋਧਾ ਅਪੇ ਆਪਿ ਗੇਰਾ॥੩੯॥

ਜਮੂਰਿਆਂ ਦੀਆਂ ਗੋਲੀਆਂ ਨੇ ਸੂਰਮਿਆਂ ਨੂੰ ਤਬਾਹ ਕਰ ਦਿੱਤਾ, ਪ੍ਰਲੋ ਦੇ ਸਮੇਂ ਵਾਂਗ ਡਿੱਗ ਕੇ ਭੂਮੀ ਉਤੇ ਛਾਏ ਹੋਏ

ਹਨ। ਮਾਨੋਂ ਦਾਵਾਨਲ ਅਗਨੀ ਨੇ ਲੱਗ ਕੇ ਬਾਂਸਾਂ ਦੇ ਜੰਗਲ ਨੂੰ ਸਾੜ ਕੇ ਸੁੱਟ ਦਿੱਤਾ ਹੋਵੇ। ਸੂਰਮਿਆਂ ਰੂਪੀ ਪਤੰਗਿਆਂ ਨੇ ਆਪਣੇ ਆਪ ਨੂੰ ਅੱਗ ਵਿਚ ਡੇਗ ਲਿਆ ਹੈ॥੩੯॥

ਛੁਟੇ ਜਾਤਿ ਹਾਥੀ ਗਏ ਟੂਟੇ ਹੋਦਾ। ਮਨੋ ਹੈ ਵਪਾਰੀ ਚਲੇ ਬੇਚਿ ਸੌਦਾ।
ਮਹਾਂ ਨਾਦ ਹੋਯੋ ਦਿਸ਼ਾ ਪੂਰ ਸਾਰੀ। ਭਯੋ ਅੰਧਕਾਰੰ ਉਡੇ ਧੂਰ ਭਾਰੀ॥੪੦॥

ਹਾਥੀ ਛੁੱਟ ਕੇ ਜਾ ਰਹੇ ਹਨ ਤੇ ਉਨ੍ਹਾਂ ਦੇ ਹੋਦੇ ਟੁੱਟ ਗਏ ਹਨ, ਮਾਨੋਂ ਵਪਾਰੀ ਸੌਦਾ ਵੇਚ ਕੇ ਚਲੇ ਹਨ। ਸਾਰੀਆਂ ਦਿਸ਼ਾਵਾਂ ਵਿਚ ਵੱਡਾ ਨਾਦ ਵਜਿਆ ਹੋਇਆ ਹੈ। ਭਾਰੀ ਧੂੜ ਉਡਣ ਨਾਲ ਬਹੁਤ ਹਨ੍ਹੇਰਾ ਛਾ ਗਿਆ ਹੈ॥੪੦॥

ਕਈ ਲਾਖ ਜੋਧਾ ਜੁਟੇ ਅੰਗ ਮਾਂਹੀ। ਹਜ਼ਾਰੋਂ ਮਰੇ ਘਾਇ ਘੂਮੇ ਤਹਾਂ ਹੀ।
ਪਰੀ ਮਾਰ ਐਸੀ ਭਯੋ ਮੇਲ ਸ਼ੱਤ੍ਰੰ। ਸੁਭੇ ਸ਼ਸਤ੍ਰ ਅਸਤ੍ਰੰ ਮਹਾਂ ਰੰਗ ਚਿੱਤ੍ਰੰ॥੪੧॥

ਕਈ ਲੱਖ ਯੋਧੇ ਆਪਸ ਵਿਚ ਜੱਫੋ-ਜੱਫੀ ਹੋਏ ਜੁਟੇ ਹੋਏ ਹਨ। ਹਜ਼ਾਰਾਂ ਮਰ ਗਏ ਹਨ ਤੇ ਕਈ ਘਾਇਲ ਹੋ ਕੇ ਉਥੇ ਹੀ ਘੁੰਮਦੇ ਹਨ। ਜਦ ਵੈਰੀਆਂ ਦਾ ਆਪਸ ਵਿਚ ਮੇਲ ਹੋਇਆ ਤਾਂ ਬਹੁਤ ਬੁਰੀ ਤਰ੍ਹਾਂ ਮਾਰੋ-ਮਾਰ ਹੋਈ। ਅਸਤਰ ਸ਼ਸਤਰ ਮਹਾਨ ਲਹੂ ਦੇ ਰੰਗ ਨਾਲ ਚਿਤਰੇ ਹੋਏ ਬਹੁਤ ਸ਼ੋਭ ਰਹੇ ਹਨ॥੪੧॥

ਬਧੇ ਟੋਲ ਬੋਲੈਂ ਉਪਾਯੰ ਕਰੰਤੇ। ਤਜੈਂ ਏਕ ਬਾਰੀ ਤੁਫੰਗੰ ਹਨੰਤੇ।
ਕ੍ਰਿਪਾਨੈਂ ਲਈ ਐਚਿ ਮਜਾਨੈਂ ਤਰੰਗੀ। ਮਨੋ ਚਮਕਤੀ ਚਾਰੁ ਸ਼ਜਾਮੰ ਭੁਜੰਗੀ॥੪੨॥

ਟੋਲੇ ਬਣ ਬਣ ਕੇ ਵਿਚਾਰ ਕਰਦੇ ਹਨ ਅਤੇ ਇਕੋ ਵਾਰ ਬੰਦੂਕਾਂ ਛੱਡ ਕੇ ਵੈਰੀ ਨੂੰ ਮਾਰ ਦਿੰਦੇ ਹਨ। ਛੇਤੀ ਨਾਲ ਮਿਆਨਾਂ ਵਿਚੋਂ ਤਲਵਾਰਾਂ ਖਿਚ ਲਈਆਂ, ਜਿਹੜੀਆਂ ਕਾਲੇ ਸੱਪਾਂ ਵਾਂਗ ਸੁੰਦਰ ਚਮਕਦੀਆਂ ਹਨ॥੪੨॥

ਮਿਲੇ ਆਪ ਮਾਂਹੀ ਸੁ ਢਾਲੰ ਢਮੰਕੇ। ਤਕਾ ਤੱਕ ਤਾੜੈਂ ਸੁ ਤੇਗੰ ਤਮੰਕੇ।
ਕਟੈਂ ਗ੍ਰੀਵ, ਬਾਹੁ, ਮਿਟੈਂ ਪੈਰ ਨਾਂਹੀ। ਅਧੋ ਆਧ ਚੀਰੇ ਪਰੇ ਭੂਮ ਮਾਂਹੀ॥੪੩॥

ਆਪਸ ਵਿਚ ਮਿਲ ਕੇ ਢਾਲਾਂ ਨੂੰ ਢਾਲਾਂ ਮਾਰ ਕੇ ਖੜਕਾਉਂਦੇ ਹਨ, ਫਿਰ ਬੜੇ ਜੋਸ਼ ਨਾਲ ਤਲਵਾਰਾਂ ਨੂੰ ਮਾਰਦੇ ਹਨ। ਬਾਹਾਂ ਤੇ ਗਲ ਕੱਟੇ ਜਾਂਦੇ ਹਨ, ਮਿੱਟ ਜਾਂਦੇ ਹਨ, ਪਰ ਇਕ ਪੈਰ ਵੀ ਪਿੱਛੇ ਨਹੀਂ ਹੱਟਦੇ। ਅੱਧੋ-ਅਧ ਚੀਰੇ ਧਰਤੀ 'ਤੇ ਡਿੱਗੇ ਪਏ ਹਨ॥੪੩॥

ਕਥੈ ਕੌਨ ਕੇਤੋ ਭਯੋ ਜੁੱਧ ਘੋਰੰ। ਸੁਨੈ ਨਾਂਹਿ ਦੀਸੈ ਮਚਯੋ ਸ਼ੋਰ ਜ਼ੋਰੰ।
ਗਿਨੇ ਕੌਨ ਏਤੇ ਮਰੇ ਜੰਗ ਮਾਂਹੀ। ਕਿਤੇ ਘਾਇ ਬੋਲੈਂ ਭਕਾਭੱਕ ਤਾਂਹੀ॥੪੪॥

ਕੌਣ ਵਰਣਨ ਕਰੇ ਕਿ ਕਿੰਨਾ ਭਿਆਨਕ ਯੁੱਧ ਹੋਇਆ। ਨਾ ਕੁਝ ਸੁਣਦਾ ਤੇ ਨਾ ਕੁਝ ਦਿਸਦਾ ਸੀ, ਅਜਿਹਾ ਜ਼ੋਰਦਾਰ ਸ਼ੋਰ ਮਚਿਆ ਹੋਇਆ ਸੀ। ਉਨ੍ਹਾਂ ਦੀ ਕੌਣ ਗਿਣਤੀ ਕਰੇ ਜਿਹੜੇ ਜੰਗ ਵਿਚ ਮਰ ਗਏ ਸਨ। ਕਿਤੇ ਜ਼ਖ਼ਮ ਭਕਾਭਕ ਕਰਕੇ ਬੋਲਦੇ ਸਨ॥੪੪॥

*ਨੌਵੀਂ ਰਾਸ ਦਾ ਬਾਰ੍ਹਵਾਂ ਅਧਿਆਇ ਸਮਾਪਤ ਹੋਇਆ॥੧੨॥*

❖❖❖

# ਅਧਿਆਇ ਤੇਰ੍ਹਵਾਂ

### ਸ਼ਾਹਜਹਾਂ ਨਜ਼ਰਬੰਦ, ਦਾਰਾ ਨੱਸ ਗਿਆ

ਦੋਹਰਾ- ਮਚਯੋ ਜੰਗ ਭੀਖਨ ਮਹਾਂ ਤਬਿ ਹਾਂਡੇ ਰਾਠੌਰ।
ਪਰੇ ਨੁਰੰਗੇ ਸੈਨ ਪਰ ਰੌਰ ਮਚਾਇਵ ਦੌਰ॥ ੧॥

ਮਹਾਂਨ ਵਿਕਰਾਲ ਜੰਗ ਮਚਿਆ, ਤਦ ਹਾਂਡੇ ਅਤੇ ਰਾਠੌਰ ਭੱਜ ਕੇ ਰੌਲਾ ਪਾਉਂਦੇ ਨੌਰੰਗੇ ਦੀ ਸੈਨਾਂ 'ਤੇ ਟੁੱਟ ਕੇ ਪੈ ਗਏ॥੧॥

ਚੌਪਈ- ਰਾਮਸਿੰਘ ਆਦਿਕ ਜੇ ਹਾਂਡੇ। ਭਿਰੇ ਜੁੱਧ ਜਨੁ ਰਨ ਥੰਭ ਗਾਡੇ।
ਕਤਲ ਕਰਤਿ ਨੌਰੰਗ ਕੀ ਸੈਨਾ। ਚਲੀ ਸਰੋਹੀ ਬਾਢ ਸੁ ਪੈਨਾ॥ ੨॥

ਰਾਮ ਸਿੰਘ ਆਦਿ ਜਿਹੜੇ ਹਾਂਡੇ ਸਨ, ਯੁੱਧ ਵਿਚ ਇਸ ਤਰ੍ਹਾਂ ਭਿੜ ਪਏ, ਮਾਨੋਂ ਰਣਖੇਤਰ ਵਿਚ ਖੰਭੇ ਗੱਡੇ ਹੋਣ। ਉਹ ਨੌਰੰਗੇ ਦੀ ਸੈਨਾ ਨੂੰ ਕਤਲ ਕਰ ਰਹੇ ਸਨ ਤੇ ਤਿਖੀ ਧਾਰ ਵਾਲੀਆਂ ਸਰੋਹੀ ਤਲਵਾਰਾਂ ਬਹੁਤ ਚਲੀਆਂ॥੨॥

ਨ੍ਰਿਭੈ ਬੀਰ ਡੋਲੇ ਰਣ ਮਾਂਹੂ। ਖੇਲਹਿਂ ਗਨ ਚਾਚਰ ਚਿਤ ਚਾਹੂ।
ਤੁਪਕੈਂ ਚਲਤਿ ਰੁਚਿਰ ਪਿਚਕਾਰੀ। ਸ਼੍ਰੋਣਤਿ ਭਿਗਤਿ ਰੰਗ ਬਹੁ ਡਾਰੀ॥੩॥

ਨਿਰਭੈ ਸੂਰਬੀਰ ਵੀ ਰਣ ਵਿਚ ਡੋਲ ਗਏ ਸਨ, ਮਾਨੋਂ ਉਹ ਚਿਤ ਵਿਚ ਪ੍ਰਸੰਨ ਹੋ ਕੇ ਹੋਲੀ ਖੇਡ ਰਹੇ ਸਨ। ਬੰਦੂਕਾਂ ਚਲਦੀਆਂ ਸਨ, ਮਾਨੋਂ ਸੁੰਦਰ ਪਿਚਕਾਰੀਆਂ ਚਲ ਰਹੀਆਂ ਸਨ, ਖ਼ੂਨ ਨਾਲ ਸੂਰਮੇ ਇੰਝ ਭਿੱਜ ਜਾਂਦੇ ਸਨ, ਮਾਨੋਂ ਬਹੁਤ ਰੰਗ ਪਾਇਆ ਹੋਵੇ॥੩॥

ਚਲਹਿਂ ਜਬੂਰਨਿ ਕੇ ਗਨ ਗੋਰੇ। ਸੋ ਕੁਮਕੁਮੇਂ ਲਰਤਿ ਦੁਹੁਂ ਓਰੇ।
ਮਾਰ ਮਾਰ ਕਰਿ ਗੀਤਨਿ ਗਾਵਹਿਂ। ਬਾਦਿਤ ਬਾਜਤਿ ਉਮਗ ਬਢਾਵਹਿਂ॥੪॥

ਜੰਬੂਰਿਆਂ ਵਿਚੋਂ ਨਿਕਲ ਨਿਕਲ ਬਹੁਤ ਗੋਲੀਆਂ ਚਲ ਰਹੀਆਂ ਸਨ, ਮਾਨੋਂ ਲਾਖ ਜਾਂ ਕਾਗ਼ਜ਼ ਦੇ ਬਣੇ ਖੋਲ ਗੁਲਾਲ ਨਾਲ ਭਰੇ ਚਲ ਰਹੇ ਸਨ। ਮਾਰ ਮਾਰ ਕੇ ਗੀਤ ਗਾਉਂਦੇ ਸਨ ਤੇ ਵੱਜ ਰਹੇ ਵਾਜੇ ਉਤਸ਼ਾਹ ਵਧਾ ਰਹੇ ਸਨ॥੪॥

ਤਬਿ ਨੁਰੰਗ ਕੋ ਲਸ਼ਕਰ ਭਾਗਾ। ਨਹੀਂ ਰਠੌਰਨਿ ਕੋ ਲਿਯ ਆਗਾ।
ਕਾਤੁਰ ਹੋਇ ਪੀਠ ਦਿਖਰਾਈ। ਤਮਕ ਤੇਗ ਕੀ ਸਹਿ ਨ ਸਕਾਈ॥੫॥

ਫਿਰ ਨੌਰੰਗੇ ਦਾ ਲਸ਼ਕਰ ਭੱਜ ਉਠਿਆ, ਉਹ ਰਾਠੌਰਾਂ ਦੇ ਅੱਗੇ ਟਿੱਕ ਨਹੀਂ ਰਹੇ ਸਨ। ਕਾਇਰ ਹੋ ਕੇ ਉਨ੍ਹਾਂ ਪਿੱਠ ਵਿਖਾਈ, ਤਲਵਾਰਾਂ ਦੀ ਜੋਸ਼ ਭਰੀ ਮਾਰ ਸਹਿ ਨਾ ਸਕੇ॥੫॥

ਛੋਰ੍ਹ ਲਾਜ ਭਾਜੇ ਜਬਿ ਹੇਰੇ। ਨੌਰੰਗ ਪਹੁੰਚਿ ਤੋਪ ਗਨ ਨੇਰੇ।
ਭਰਿ ਬਰੂਦ ਛਰਰੇ ਛੁਟਵਾਏ। ਦਈ ਦਲੇਰੀ ਸੁ ਦਿਲ ਬਧਾਏ॥ ੬॥

ਲਾਜ ਛੱਡ ਕੇ ਜਦ ਆਪਣੇ ਫੌਜੀ ਭੱਜਦੇ ਵੇਖੇ ਤਾਂ ਨੌਰੰਗਾ ਤੋਪਾਂ ਦੇ ਨੇੜੇ ਜਾ ਪਹੁੰਚਿਆ। ਬਾਰੂਦ ਭਰ ਕੇ ਛੱਰੇ ਛੁਟਵਾਏ ਤੇ ਸੂਰਮਿਆਂ ਨੂੰ ਦਲੇਰੀ ਦੇ ਕੇ ਉਨ੍ਹਾਂ ਦੇ ਦਿਲ ਵਧਾਏ॥੬॥

ਜਬਹਿ ਤੋਪਖਾਨਾ ਬਡ ਛੂਟਜੋ। ਰਾਠੌਰਨਿ ਕਹੁ ਕਰ ਜਨੁ ਟੂਟਜੋ।
ਰਾਮਸਿੰਘ ਆਦਿਕ ਮਰਿ ਗਏ। ਅਪਰ ਸੁਭਟ ਸਮੁਦਾਯਨ ਹਏ॥ ੭॥

ਜਦ ਵੱਡਾ ਤੋਪਖਾਨਾ ਚਲਿਆ ਤਾਂ ਰਾਠੌਰਾਂ ਦਾ ਕੜ ਮਾਨੋਂ ਟੁੱਟ ਗਿਆ। ਰਾਮ ਸਿੰਘ ਆਦਿ ਮਾਰੇ ਗਏ, ਹੋਰ ਸਮੂਹ ਸੂਰਮੇ ਮਾਰੇ ਗਏ॥੭॥

ਰਹਿ ਗਏ ਦਿੱਲੀ ਕੇ ਉਮਰਾਵ। ਸਰਦ ਘਰਨਿ ਜੇ ਬੈਠਹਿਂ ਛਾਵ।
ਸਭਾ ਬਿਖੇ ਜੇ ਬਨਿ ਠਨਿ ਆਵਹਿਂ। ਜੋ ਸੰਕਟ ਕੁਛ ਸਹਿ ਨ ਸਕਾਵਹਿਂ॥ ੮॥

ਕੇਵਲ ਦਿੱਲੀ ਦੇ ਉਮਰਾਵ ਰਹਿ ਗਏ, ਜਿਹੜੇ ਸਰਦਖਾਨਿਆਂ ਦੀ ਛਾਂ ਵਿਚ ਬੈਠੇ ਰਹਿੰਦੇ ਸਨ। ਸਭਾ ਵਿਚ ਜਿਹੜੇ ਬਣ ਠਣ ਕੇ ਆਉਂਦੇ ਸਨ, ਜਿਹੜੇ ਕਿਸੇ ਪ੍ਰਕਾਰ ਦਾ ਵੀ ਸੰਕਟ ਸਹਿ ਨਹੀਂ ਸਨ ਸਕਦੇ॥੮॥

ਕਿਤਿਕ ਨੁਰੰਗੇ ਕੇ ਢਬਦਾਰ। ਸੋ ਕੈਸੇ ਠਹਿਰੈਂ ਬਿਚ ਰਾਰ।
ਪਾਸਾ ਕਰਨਿ ਲਗੇ ਜਬਿ ਸੋਇ। ਧੀਰਜ ਤਬਿ ਕਰਿ ਸਕਿਹੈ ਕੋਇ॥ ੯॥

ਇਨ੍ਹਾਂ ਵਿਚ ਕਈ ਤਾਂ ਨੌਰੰਗੇ ਦੇ ਪੱਖੀ ਸਨ, ਉਹ ਇਸ ਜੰਗ ਵਿਚ ਕਿਵੇਂ ਠਹਿਰ ਸਕਦੇ ਸਨ। ਜਦ ਉਹ ਹੀ ਪਾਸੇ ਹਟਣ ਲੱਗੇ ਤਾਂ ਫਿਰ ਦੂਸਰੇ ਕਿਵੇਂ ਧੀਰਜ ਕਰ ਸਕਦੇ ਸਨ॥੯॥

ਲਸ਼ਕਰ ਹਟਜੋ ਨੁਰੰਗੇ ਕੇਰਾ। ਜਬਹਿ ਸਿਥਲ ਸ਼ੱਤ੍ਰੂ ਦਲ ਹੇਰਾ।
ਮਾਰ ਮਾਰ ਕਰਿ ਛੁਟੀ ਤੁਫੰਗ। ਪਰੇ ਦੌਰਿ ਸਨਮੁਖ ਬਿਚ ਜੰਗ॥ ੧੦॥

ਨੌਰੰਗੇ ਦਾ ਲਸ਼ਕਰ ਪਿੱਛੇ ਹੱਟ ਗਿਆ, ਜਦ ਉਨ੍ਹਾਂ ਨੇ ਵੈਰੀ ਦੇ ਦਲ ਨੂੰ ਢਿੱਲਾ ਹੁੰਦਿਆਂ ਵੇਖਿਆ। ਮਾਰ-ਮਾਰ ਕਰਦੀਆਂ ਬੰਦੂਕਾਂ ਚਲੀਆਂ, ਤਾਂ ਜੰਗ ਵਿਚ ਸਾਹਮਣੇ ਹੋ ਕੇ ਦੌੜ ਪਏ॥੧੦॥

ਭਾਜ ਪਰੀ ਧੁਜਨੀ ਗਨ ਇਤ ਕੋ। ਠਹਿਰ ਨ ਸਕੀ ਧੀਰ ਤਜਿ ਚਿਤ ਕੋ।
ਕੇਤਿਕ ਨੌਰੰਗੇ ਢਿਗ ਮਿਲੇ। ਸੰਘਰ ਬਿਖੇ ਹੋਤਿ ਨਹਿਂ ਖਲੇ॥ ੧੧॥

ਏਨੀ ਦੇਰ ਨੂੰ ਬਹੁਤ ਸੈਨਾ ਭੱਜ ਉੱਠੀ, ਚਿਤ ਦਾ ਧੀਰਜ ਛੱਡ ਕੇ ਕੋਈ ਵੀ ਠਹਿਰ ਨਾ ਸਕਿਆ। ਕਈ ਨੌਰੰਗੇ ਨਾਲ ਜਾ ਮਿਲੇ, ਉਹ ਸੰਘਰਸ਼ ਵਿਚ ਖੜੇ ਨਹੀਂ ਸੀ ਹੁੰਦੇ॥੧੧॥

ਇਮ ਕੁਸੂਤ ਪਿਖਿ ਦਾਰਸ਼ਕੋਹ। ਭੇਦ ਸੈਨ ਕੋ ਜਾਨਜੋ ਦ੍ਰੋਹ।
ਅਸ ਨ ਹੋਹਿ ਮੁਝਿ ਦਿਹਿਂ ਪਕਰਾਈ। ਇਹ ਨੁਰੰਗ ਹੈ ਦੁਸ਼ਟ ਬਡਾਈ॥੧੨॥

ਇੰਝ ਬੁਰੀ ਸਥਿਤੀ ਵੇਖ ਕੇ ਦਾਰਾਸ਼ਕੋਹ, ਸੈਨਾ ਦੇ ਧ੍ਰੋਹ ਦੇ ਭੇਤ ਨੂੰ ਜਾਣ ਗਿਆ। ਉਸ ਮਨ ਵਿਚ ਸੋਚਿਆ, "ਐਸਾ ਨਾ ਹੋਵੇ ਕਿ ਮੈਨੂੰ ਫੜਵਾ ਦੇਣ ਤੇ ਇਹ ਨੌਰੰਗਾ ਵੱਡਾ ਦੁਸ਼ਟ ਹੈ"॥੧੨॥

ਇੱਤਜਾਦਿਕ ਗਨ ਤਰਕ ਬਿਚਾਰਿ। ਸਰਲ ਸੁਭਾਵ ਤ੍ਰਾਸ ਕੋ ਧਾਰਿ।
ਚਲਜੋ ਭਾਜ ਡੇਰੇ ਲਗਿ ਆਇਵ। ਤਹਿਂ ਕੁਛ ਅਪਨੀ ਵਸਤੁ ਸੰਭਾਇਵ॥੧੩॥

ਇੱਤਆਦਿ ਕਈ ਪ੍ਰਕਾਰ ਦੇ ਤਰਕ ਵਿਚਾਰ ਕੇ, ਉਹ ਸਰਲ ਸੁਭਾਵ ਦਾ ਸੀ, ਇਸ ਲਈ ਡਰ ਕੇ ਉਹ ਡੇਰੇ ਵਲ ਭੱਜ ਕੇ ਆ ਗਿਆ। ਉਥੇ ਆ ਕੇ ਉਸ ਆਪਣੀਆਂ ਕੁਝ ਵਸਤਾਂ ਸੰਭਾਲੀਆਂ॥੧੩॥

ਤੁਰਤ ਤਹਾਂ ਤੇ ਆਗੇ ਚਲਜੋ। ਨਗਰ ਆਗਰੇ ਭੀ ਨਹਿਂ ਮਿਲਜੋ।
ਦਿੱਲੀ ਦਿਸ਼ਿ ਕੋ ਮੁਖ ਕਰਿ ਦੌਰਾ। ਸਭਿ ਕੁਛ ਤਜਜੋ, ਹੁਤੋ ਜਿਹ ਠੌਰਾ॥੧੪॥

ਤੁਰਤ ਉਥੋਂ ਅੱਗੇ ਚਲੇ ਗਿਆ, ਆਗਰੇ ਨਗਰ ਵਿਚ ਜਾ ਕੇ ਵੀ ਕਿਸੇ ਨੂੰ ਨਾ ਮਿਲਿਆ। ਦਿੱਲੀ ਵਾਲੇ ਪਾਸੇ ਮੂੰਹ ਕਰਕੇ ਭੱਜਿਆ। ਉਥੇ ਵੀ ਜੋ ਕੁਝ ਸੀ, ਸਭ ਕੁਝ ਛੱਡ ਦਿੱਤਾ॥੧੪॥

ਦ੍ਵਾਦਸ਼ ਸੰਗ ਸਊਰ ਸੁ ਆਏ। ਬਡ ਮੰਜ਼ਲ ਕਰਤੇ ਸ਼੍ਰਮ ਪਾਏ।
ਦੇਖਹੁ ਸ੍ਰੀ ਪਰਮੇਸੁਰ ਭਾਨੋ। ਜੋ ਸਮਾਜ ਮਹਿਂ ਮਹਿਦ ਮਹਾਨੋ॥ ੧੫॥

ਬਾਰਾਂ ਸੂਰਬੀਰ ਜਿਹੜੇ ਨਾਲ ਆਏ ਸਨ, ਵੱਡੀ ਮੰਜ਼ਲ ਕਰਦੇ ਉਹ ਥੱਕ ਗਏ। ਪਰਮੇਸ਼ਰ ਦਾ ਭਾਣਾ ਵੇਖੋ, ਜਿਹੜਾ ਸਮਾਜ ਵਿਚ ਸਭ ਤੋਂ ਮਹਾਨ ਵਿਅਕਤੀ ਸੀ॥੧੫॥

ਇਕ ਦਿਨ ਮਹਿਂ ਤਿਸ ਅਸ ਗਤਿ ਹੋਈ। ਨਿਕਟਿ ਤਜਾਗ ਗਮਨੇ ਸਭਿ ਕੋਈ।
ਦਿੱਲੀ ਦੁਰਗ ਮਝਾਰ ਪ੍ਰਵੇਸ਼ਾ॥ ਅਤ ਚਿੰਤਾਤੁਰ ਤਜਜੋ ਅਸ਼ੇਸ਼ਾ॥ ੧੬॥

ਇਕ ਦਿਨ ਵਿਚ ਉਸ ਦੀ ਅਜਿਹੀ ਹਾਲਤ ਹੋ ਗਈ, ਸਾਰੇ ਹੀ ਨੇੜੇ ਦੇ ਸਾਥ ਛੱਡ ਕੇ ਚਲੇ ਗਏ। ਦਿੱਲੀ ਕਿਲ੍ਹੇ ਦੇ ਵਿਚ ਪ੍ਰਵੇਸ਼ ਕੀਤਾ, ਅਤਿ ਚਿੰਤਾਤੁਰ ਹੋ ਕੇ ਬਾਕੀ ਸਭ ਕੁਝ ਛੱਡ ਦਿੱਤਾ॥੧੬॥

ਉਤ ਨੌਰੰਗ ਕਰਿ ਫਤੇ ਲਰਾਈ। ਅਨਿਕ ਦੁੰਦਭੀ ਮਹਦ ਬਜਾਈ।
ਦਾਰਸ਼ਕੋਹ ਸਿਵਰ ਜਹਿਂ ਘਾਲਾ। ਆਇ ਠਾਢਿ ਤਹਿਂ ਹਰਖ ਬਿਸਾਲਾ॥੧੭॥

ਓਧਰ ਨੌਰੰਗੇ ਨੇ ਜੰਗ ਫਤਹਿ ਕਰਕੇ, ਬਹੁਤ ਉੱਚੀ ਨਗਾਰੇ ਵਜਾਏ। ਦਾਰਾਸ਼ਕੋਹ ਜਿਸ ਥਾਂ ਡੇਰਾ ਲਾਇਆ ਹੋਇਆ ਸੀ, ਉਥੇ ਖੜੇ ਹੋ ਕੇ ਬਹੁਤ ਪ੍ਰਸੰਨ ਹੋਇਆ॥੧੭॥

ਸਕਲ ਸਮਾਜ ਸਕੇਲਜੋ ਤਹਾਂ। ਭਈ ਨਿਸਾ ਕਰਿ ਬਾਸਾ ਰਹਾ।
ਉਮਰਾਵਨਿ ਕਹੁ ਦੇ ਬਖਸ਼ੀਸ਼। ਹੀਰਨਿ ਮੁਕਤਾਗਨ ਦਿਪਤੀ ਸੁ॥ ੧੮॥

ਉਥੇ ਸਾਰਾ ਸਾਂਝੇ ਸਾਮਾਨ ਇਕੱਠਾ ਕੀਤਾ, ਰਾਤ ਪਈ ਤਾਂ ਉਥੇ ਵਿਸ਼ਰਾਮ ਕੀਤਾ। ਆਪਣੇ ਉਮਰਾਵਾਂ ਨੂੰ ਬਖਸ਼ੀਸ਼ਾਂ ਦਿੱਤੀਆਂ, ਹੀਰੇ ਮੋਤੀ ਸ੍ਰੇਸ਼ਟ ਚਮਕ ਰਹੇ ਸਨ॥੧੮॥

ਤਾਂਤੇ ਕਰਜੋ ਨੁਰੰਗੇ ਕੂਚ। ਨਗਰ ਆਗਰੇ ਆਨਿ ਪਹੂਚ।
ਸਭਿ ਉਮਰਾਵ ਮਿਲੇ ਸੰਗ ਆਇ। ਭੈ ਅਨੁਸਾਰਿ ਜ਼ੋਰ ਇਸ ਪਾਇ॥ ੧੯॥

ਉਥੋਂ ਨੌਰੰਗੇ ਨੇ ਕੂਚ ਕੀਤਾ ਤੇ ਆਗਰੇ ਨਗਰ ਵਿਚ ਆ ਪਹੁੰਚਿਆ। ਸਾਰੇ ਉਮਰਾਵ ਮਿਲ ਕੇ ਨੌਰੰਗੇ ਪਾਸ ਆਏ, ਉਸ ਦੇ ਬਲ ਨੂੰ ਉਹ ਜਾਣ ਗਏ ਸਨ॥੧੯॥

ਸ਼ਾਹਿਜਹਾਂ ਤਹਿਂ ਪਰਜੋ ਬਿਮਾਰੀ। ਨਜ਼ਰ ਬੰਦ ਕੀਨਸਿ ਦਲ ਭਾਰੀ।
ਪਿਤਾ ਜਾਨਿ ਨਹਿਂ ਰਾਖਿ ਬਡਾਈ। ਕਰਜੋ ਕੈਦ ਉਰ ਬਡ ਦੁਸ਼ਟਾਈ॥੨੦॥

ਸ਼ਾਹਜਹਾਂ ਉਥੇ ਬੀਮਾਰ ਪਿਆ ਸੀ, ਭਾਰੀ ਦਲ ਨਾਲ ਨੌਰੰਗੇ ਨੇ ਉਸ ਨੂੰ ਨਜ਼ਰਬੰਦ ਕਰ ਦਿੱਤਾ। ਪਿਤਾ ਜਾਣ ਕੇ ਉਸ ਦੀ ਵਡਿਆਈ ਨਾ ਰੱਖੀ, ਕੈਦ ਕਰ ਲਿਆ, ਹਿਰਦੇ ਵਿਚ ਬੜੀ ਦੁਸ਼ਟਤਾ ਭਰੀ ਸੀ॥੨੦॥

ਪੁਨ ਕੁਪੇਚ ਚਿਤਵਜੋ ਮਤਿ ਮੰਦ। 'ਭ੍ਰਾਤ ਮੁਰਾਦਬਖ਼ਸ਼ ਦਲ ਬ੍ਰਿੰਦ।
ਦਾਰਸ਼ਕੋਹ ਸੰਗ ਇਕ ਹੋਇ। ਬਿਗਰ ਪਰਹਿਂ ਨਹਿਂ ਮੁਝ ਸੌਂ ਦੋਇ'॥ ੨੧॥

ਮਾੜੀ ਮਤ ਵਾਲੇ ਨੇ ਫਿਰ ਭੈੜੀ ਚਾਲ ਸੋਚੀ। "ਭਰਾ ਮੁਰਾਦ ਬਖ਼ਸ਼ ਪਾਸ ਸੈਨਾ ਦਾ ਬਹੁਤ ਵੱਡਾ ਦਲ ਸੀ। ਉਸ ਨੇ ਸੋਚਿਆ ਜੇ ਇਹ ਦਾਰਾਸ਼ਕੋਹ ਨਾਲ ਮਿਲ ਕੇ ਇਕ ਹੋ ਗਏ ਤਾਂ ਦੋਵੇਂ ਮਿਲ ਕੇ ਮੇਰੇ ਨਾਲ ਵਿਗਾੜ ਪੈਣਗੇ"॥੨੧॥

ਕਪਟ ਠਾਨਿ ਤਿਸ ਕੋ ਗਹਿ ਲਯੋ। ਜੋ ਇਸ ਕੇਰ ਸਹਾਇਕ ਭਯੋ।
ਦੋਨਹੁ ਗਹਿ ਲੀਨਸਿ ਕਰਿ ਗਾਢੇ। ਸ਼ਸਤ੍ਰ ਗਹੇ ਗਨ ਭਟ ਰਹਿਂ ਠਾਂਢੇ॥੨੨॥

ਕਪਟ ਧਾਰ ਕੇ ਉਸ ਨੂੰ ਫੜ ਲਿਆ, ਜਿਹੜਾ ਭਰਾ ਮੁਰਾਦ ਬਖਸ਼ ਉਸ ਦਾ ਸਹਾਇਕ ਬਣਿਆ ਸੀ। ਦੋਵਾਂ ਨੂੰ ਤਕੜਾਈ ਕਰਕੇ ਫੜ ਲਿਆ, ਤੇ ਸ਼ਸਤਰ ਫੜੀ ਸੂਰਮੇ ਖੜੇ ਰਹੇ॥੨੨॥

*ਨੋਟ : ਜੋ ਭਰਾ ਮੁਰਾਦ ਬਖਸ਼ ਔਰੰਗਜ਼ੇਬ ਦਾ ਸਾਥੀ ਬਣਿਆ ਸੀ, ਉਸ ਨੂੰ ਫੜ ਲਿਆ। ਅਸਲ ਵਿਚ ਔਰੰਗਜ਼ੇਬ ਭਰਾ ਨੂੰ ਇਹ ਕਹਿੰਦਾ ਆਇਆ ਸੀ ਕਿ ਤੈਨੂੰ ਤਖਤ 'ਤੇ ਬਿਠਾ ਕੇ ਮੈਂ ਤਾਂ ਮੱਕੇ ਚਲੇ ਜਾਣਾ ਹੈ, ਮੈਂ ਸਾਰਾ ਜੰਗ ਤੇਰੇ ਵਾਸਤੇ ਕਰ ਰਿਹਾ ਹਾਂ, ਪਰ ਅਸਲ ਵਿਚ ਚਾਲ ਇਹ ਸੀ ਕਿ ਉਸ ਦੀ ਫੌਜ ਨੂੰ ਰਲਾ ਕੇ ਦੂਣੀ ਤਾਕਤ ਬਣਾ ਕੇ ਦਾਰਾਸ਼ਕੋਹ ਨੂੰ ਜਿੱਤਣਾ ਚਾਹੁੰਦਾ ਸੀ। ਸ਼ਾਹਜਹਾਂ ਨੂੰ ਆਗਰੇ ਵਿਚ ਕੈਦ ਕੀਤਾ ਤੇ ਮੁਰਾਦ ਨੂੰ ਦਿੱਲੀ ਜਾ ਕੇ ਕੈਦ ਕੀਤਾ ਸੀ।*

ਨਿਜ ਅਨੁਸਾਰ ਕਰੇ ਦਲ ਤੀਨੋ। ਪੁਨਹਿਂ ਕੂਚ ਦਲ ਕਰਿ ਕਰਿ ਦੀਨੋ।
ਦਿੱਲੀ ਕੇ ਸਨਮੁਖ ਹੁਇ ਗਮਨਾ। ਪਤਿਸ਼ਾਹਨਿ ਕੇ ਜਹਿਂ ਬਹੁ ਭਵਨਾ॥੨੩॥

ਤਿੰਨੇ ਦਲ ਆਪਣੀ ਆਗਿਆ ਅਨੁਸਾਰ ਕਰ ਲਏ ਭਾਵ ਆਪਣਾ, ਮੁਰਾਦ ਅਤੇ ਦਾਰਾ ਦੇ ਦਲ ਆਪਣੇ ਨਾਲ ਮਿਲਾ ਲਏ। ਦਿੱਲੀ ਵਾਲੇ ਪਾਸੇ ਚੱਲ ਪਏ, ਜਿਥੇ ਬਾਦਸ਼ਾਹਾਂ ਦੇ ਬਹੁਤ ਮਹਿਲ ਸਨ॥੨੩॥

ਦਾਰਸ਼ਕੋਹ ਸਕੇਲੀ ਸੈਨ। ਯਾਂਤੇ ਤ੍ਰਾਸ ਧਾਰਿ ਦਿਨ ਰੈਨ।
ਸ਼ੀਘ੍ਰ ਬਾਹਨੀ ਕਰਿ ਸਮੁਦਾਈ। ਦਿੱਲੀ ਗਹੋਂ ਜਾਇ ਬਡ ਭਾਈ॥੨੪॥

ਦਾਰਾਸ਼ਕੋਹ ਨੇ ਸੈਨਾ ਇਕੱਠੀ ਕੀਤੀ ਹੋਵੇਗੀ, ਇਸ ਕਰਕੇ ਨੌਰੰਗਾ ਦਿਨ ਰਾਤ ਡਰ ਧਾਰਨ ਕਰੀ ਰਖਦਾ ਸੀ। ਛੇਤੀ ਹੀ ਉਸ ਸਾਰੀ ਸੈਨਾ ਇਕੱਠੀ ਕੀਤੀ ਤੇ ਇਹ ਸੋਚਿਆ ਕਿ ਦਿੱਲੀ ਜਾ ਕੇ ਵੱਡੇ ਭਰਾ ਨੂੰ ਫੜਾਂਗਾ॥੨੪॥

ਦਾਰਸ਼ਕੋਹ ਸੁਨਜੋ ਕਰਿ ਤ੍ਰਾਸਾ। ਜਿਹ ਉਮਰਾਵਨਿ ਨਹਿਂ ਭਰਵਾਸਾ।
ਨਹੀਂ ਗਹਾਇ ਦੇਹਿਂ ਮਿਲ ਸਾਰੇ। ਯਾਂਤੇ ਨਿਕਸਿ ਚਲਜੋ ਡਰ ਧਾਰੇ॥੨੫॥

ਦਾਰਾ ਸ਼ਕੋਹ ਨੇ ਜਦ ਔਰੰਗਜ਼ੇਬ ਦੇ ਆਉਣ ਬਾਰੇ ਸੁਣਿਆ ਤਾਂ ਉਹ ਬਹੁਤ ਡਰ ਗਿਆ, ਉਸ ਨੂੰ ਆਪਣੇ ਉਮਰਾਵ 'ਤੇ ਭਰੋਸਾ ਨਹੀਂ ਸੀ, "ਇਹ ਸਾਰੇ ਮਿਲ ਕੇ ਮੈਨੂੰ ਫੜਾ ਹੀ ਨਾ ਦੇਣ।" ਇਸ ਲਈ ਡਰ ਧਾਰ ਕੇ ਨਿਕਲ ਚਲਿਆ॥੨੫॥

ਬ੍ਰਿੰਦ ਜਵਾਹਰ ਜ਼ਾਹਰ ਜੋਤਿ। ਚਹੁੰਦਿਸ਼ਿ ਮੈਂ ਪ੍ਰਕਾਸ਼ ਜਿਨ ਹੋਤਿ।
ਸਰਬ ਨਿਕਾਸਿ ਸੰਗ ਲੇ ਚਲਜੋ। ਪੰਚ ਹਜ਼ਾਰ ਸੁਭਟ ਗਨ ਮਿਲਜੋ॥੨੬॥

ਬਹੁਤ ਹੀਰੇ ਜਵਾਹਰਾਤ, ਜਿਨ੍ਹਾਂ ਦੀ ਜੋਤੀ ਚਾਰੇ ਪਾਸੇ ਪ੍ਰਕਾਸ਼ ਕਰਦੀ ਸੀ, ਸਾਰੇ ਕੱਢ ਕੇ ਨਾਲ ਲੈ ਕੇ ਚੱਲ ਪਿਆ, ਪੰਜ ਹਜ਼ਾਰ ਸੂਰਮੇਂ ਨਾਲ ਮਿਲ ਗਏ॥੨੬॥

ਕਰੇ ਕੂਚ ਗੰਗਾ ਦਿਸ਼ਿ ਗਯੋ। ਤਹਾਂ ਜਾਇ ਕੁਛ ਠਹਿਰਤਿ ਭਯੋ।
ਗਿਰਨ ਬਿਖੈ 'ਸ੍ਰੀ ਨਗਰ' ਸੁ ਪੁਰਿ ਹੈ। ਤਹਿਂ ਪਹੁੰਚਨਿ ਕੋ ਇੱਛਾ ਧਰਿ ਹੈ॥੨੭॥

ਕੂਚ ਕਰਕੇ ਗੰਗਾ ਵਾਲੇ ਪਾਸੇ ਚਲਾ ਗਿਆ, ਉਥੇ ਜਾ ਕੇ ਕੁਝ ਦੇਰ ਠਹਿਰਿਆ ਪਹਾੜਾਂ ਵਿਚ ਜਿਹੜਾ 'ਸ੍ਰੀ ਨਗਰ' ਸ਼ਹਿਰ ਹੈ, ਉਥੇ ਪਹੁੰਚਣ ਦੀ ਇੱਛਾ ਧਾਰਨ ਕੀਤੀ ਸੀ॥੨੭॥

ਲੇ ਸੈਨਾ ਤਹਿ ਜਾਇ ਪਹੂਚੇ। ਦੁਰਗ ਚੁਗਿਰਦੇ ਗਿਰ ਗਨ ਊਚੇ।
ਕਿਤਿਕ ਕਾਲ ਤਹਿਂ ਕਰਿ ਕੈ ਬਾਸ। ਸੁਖ ਸੋਂ ਰਹਜੋ ਛੋਰਿ ਉਰ ਤ੍ਰਾਸ॥੨੮॥

ਸੈਨਾ ਲੈ ਕੇ ਉਥੇ ਜਾ ਪਹੁੰਚੇ। ਉਸ ਨਗਰ ਦੇ ਚਾਰੇ ਪਾਸੇ ਉੱਚੇ ਪਹਾੜ ਕਿਲ੍ਹੇ ਵਾਂਗ ਖੜੇ ਸਨ। ਉਥੇ ਕਾਫ਼ੀ ਸਮਾਂ ਸੁਖ ਨਾਲ ਰਿਹਾ ਤੇ ਹਿਰਦੇ ਵਿਚਲਾ ਸਾਰਾ ਡਰ ਛੱਡ ਦਿੱਤਾ॥੨੮॥

ਸ੍ਰੀ ਨਗਰੇਸੁਰ ਤਬੈ ਬਿਚਾਰਾ। ਬਰਾਬਾਦ ਹੁਇ ਦੇਸ਼ ਹਮਾਰਾ।
ਕ੍ਰਿਖੀ ਉਜਾਰਹਿਂ ਫਿਰ ਕਰਿ ਸਾਰੇ। ਉਜਰਿ ਜਾਹਿਂ ਦਿਨ ਕਿਤਿਕ ਮਝਾਰੇ ॥੨੯॥

ਨਗਰ ਦੇ ਰਾਜੇ ਨੇ ਫਿਰ ਵਿਚਾਰ ਕੀਤੀ ਕਿ ਸਾਡਾ ਸਾਰਾ ਦੇਸ਼ ਬਰਬਾਦ ਹੋ ਜਾਵੇਗਾ। ਇਹ ਸਾਰੇ ਫਿਰ ਕੇ ਖੇਤੀ ਉਜਾੜ ਦੇਣਗੇ। ਕੁਝ ਸਮੇਂ ਵਿਚ ਹੀ ਸਾਡਾ ਦੇਸ਼ ਉੱਜੜ ਜਾਵੇਗਾ॥੨੯॥

ਪੰਚ ਹਜ਼ਾਰ ਤੁਰੰਗਮ ਪਰਜੋ। ਗਜ ਸਮੁਦਾਇ ਸੁ ਆਨਿ ਉਤਰਜੋ।
ਪ੍ਰਜਾ ਭਈ ਸਭਿ ਰੀਤਿ ਦੁਖਾਰੀ। ਕੇਤਿਕ ਹੋਏ ਗ੍ਰਾਮ ਉਜਾਰੀ॥ ੩੦॥

ਪੰਜ ਹਜ਼ਾਰ ਉਥੇ ਘੋੜਾ ਖੜਾ ਸੀ ਤੇ ਬਹੁਤ ਹਾਥੀਆਂ ਨੇ ਆ ਕੇ ਉਤਾਰਾ ਕੀਤਾ ਸੀ। ਪਰਜਾ ਸਭ ਰੀਤੀਆਂ ਨਾਲ ਬਹੁਤੀ ਦੁੱਖੀ ਹੋਈ, ਕਈ ਪਿੰਡ ਉਜੜ ਗਏ ਸਨ॥੩੦॥

ਇਮ ਬਿਚਾਰਿ ਗਿਰਪਤਿ ਨੇ ਕਹਜੋ। ਦਾਰਸ਼ਕੋਹ ਸੁਨਜੋ, ਮਨ ਲਹਜੋ।
ਨਹਿਂ ਹੋਵਹਿ ਇਸ ਥਾਨ ਗੁਜ਼ਾਰਾ। ਉਤਰਨ ਚਾਹਜੋ ਦੇਸ਼ ਮਝਾਰਾ॥ ੩੧॥

ਇਸ ਤਰ੍ਹਾਂ ਵਿਚਾਰ ਕੇ ਪਹਾੜੀ ਰਾਜੇ ਨੇ ਕਿਹਾ। ਦਾਰਾਸ਼ਕੋਹ ਨੇ ਜਦ ਸੁਣਿਆ ਤਾਂ ਉਹ ਮੰਨ ਗਿਆ। ਇਸ ਥਾਂ ਗੁਜ਼ਾਰਾ ਨਹੀਂ ਹੋਵੇਗਾ ਤੇ ਫਿਰ ਮੈਦਾਨੀ ਖੇਤਰ ਵਿਚ ਉਤਰਨਾ ਚਾਹਿਆ॥੩੧॥

ਸਿਵਰ ਕੂਚ ਤੇ ਕੀਅਸਿ ਪਯਾਨਾ। ਸਨੇ ਸਨੇ ਚਲਿ ਮਗ ਗਿਰ ਥਾਨਾ।
ਕਿਤਿਕ ਦਿਵਸ ਮਹਿਂ ਚਲਿ ਕਰਿ ਆਵਾ। ਸ੍ਰੀ ਕੀਰਤਪੁਰਿ ਜਹਾਂ ਸੁਹਾਵਾ॥੩੨॥

ਡੇਰਾ ਕੂਚ ਕਰਕੇ ਚਲ ਪਏ, ਹੋਲੀ-ਹੋਲੀ ਪਹਾੜੀ ਰਸਤੇ ਚਲਦੇ ਆਏ। ਕਈ ਦਿਨਾਂ ਵਿਚ ਚਲ ਕੇ ਉਥੇ ਆ ਗਏ ਜਿਥੇ ਕੀਰਤਪੁਰ ਨਗਰ ਸ਼ੋਭਾ ਪਾ ਰਿਹਾ ਸੀ॥੩੨॥

ਸ੍ਰੀ ਹਰਿਰਾਇ ਹੁਤੇ ਜਿਸ ਮਾਂਹੀ। ਅਨਿਕ ਸੰਗਤਾਂ ਜਹਿਂ ਚਲਿ ਜਾਹੀਂ।
ਮਨੋ ਕਾਮਨਾ ਪੂਰਨ ਹੋਇ। ਦਰਸ਼ਨ ਕਰਹਿ ਆਨਿ ਸਭਿ ਕੋਇ॥ ੩੩॥

ਜਿਸ ਸਥਾਨ ਵਿਖੇ ਸ੍ਰੀ ਗੁਰੂ ਹਰਿਰਾਇ ਜੀ ਰਹਿੰਦੇ ਸਨ, ਜਿਥੇ ਅਨੇਕਾਂ ਸੰਗਤਾਂ ਚਲ ਕੇ ਜਾਂਦੀਆਂ ਸਨ। ਜਿਨ੍ਹਾਂ ਦੀਆਂ ਮਨੋਕਾਮਨਾਵਾਂ ਪੂਰੀਆਂ ਹੁੰਦੀਆਂ ਸਨ, ਉਹ ਸਾਰੇ ਆ ਕੇ ਗੁਰੂ ਜੀ ਦੇ ਦਰਸ਼ਨ ਕਰਦੇ ਸਨ॥੩੩॥

ਘਨੀ ਭੀਰ ਨਿਤਪ੍ਰਤਿ ਤਹਿਂ ਹੋਵੈ। ਆਇ ਜਾਇ ਗੁਰ ਦਰਸ਼ਨ ਜੋਵੈਂ।
ਅਨਿਕ ਆਨਿ ਉਪਹਾਰ ਚੜ੍ਹਾਵੈਂ। ਦਰਬ ਜਵਾਹਰ ਜੇ ਦੁਤਿ ਪਾਵੈਂ॥ ੩੪॥

ਸਦਾ ਹੀ ਉਥੇ ਬਹੁਤ ਭੀੜ ਲੱਗੀ ਰਹਿੰਦੀ ਸੀ ਤੇ ਆਉਂਦੇ ਜਾਂਦੇ ਗੁਰੂ ਜੀ ਦੇ ਦਰਸ਼ਨ ਕਰਦੇ ਸਨ। ਅਨੇਕਾਂ ਦੀ ਗਿਣਤੀ ਵਿਚ ਉਪਹਾਰ ਲਿਆ ਕੇ ਚੜ੍ਹਾਉਂਦੇ ਸਨ, ਧਨ ਅਤੇ ਹੀਰੇ ਜਵਾਹਰਾਤ ਜਿਹੜੇ ਬਹੁਤ ਚਮਕਦੇ ਸਨ॥੩੪॥

ਸ਼ਸਤ੍ਰ ਬਸਤ੍ਰ ਬਹੁ ਮੋਲੇ ਆਨੈਂ। ਧਰਿ ਧਰਿ ਦਰਸੈਂ ਗੁਰ ਪਗ ਮਾਨੈਂ।
ਦਾਰਸ਼ਕੋਹ ਪਹੂੰਚਜੋ ਆਇ। ਪਿਖਿ ਸੁੰਦਰ ਥਲ ਸਿਵਰ ਲਗਾਇ॥ ੩੫॥

ਬਹੁਤ ਕੀਮਤੀ ਸ਼ਸਤਰ ਅਤੇ ਬਸਤਰ ਲਿਆਉਂਦੇ ਸਨ, ਗੁਰੂ ਜੀ ਅੱਗੇ ਅਰਪਣ ਕਰਕੇ ਦਰਸ਼ਨ ਕਰਦੇ ਸਨ ਤੇ ਫਿਰ ਚਰਨਕੰਵਲਾਂ 'ਤੇ ਬੰਦਨਾ ਕਰਦੇ ਸਨ। ਦਾਰਾਸ਼ਕੋਹ ਉਥੇ ਆ ਪੁਹੰਚਿਆ ਤੇ ਸੁੰਦਰ ਥਾਂ ਵੇਖ ਕੇ ਤੰਬੂ ਲਾ ਲਏ॥੩੫॥

ਤੰਬੂ ਸ਼ਮਿਆਨੇ ਗਨ ਤਾਨੇ। ਝੰਡਾ ਗਾਡਜੋ ਊਚ ਮਹਾਨੇ।
ਸਕਲ ਬਾਹਨੀ ਡੇਰਾ ਕੀਨਸਿ। ਛਾਯਾ ਜਲ ਕੋ ਸੁਖ ਜਹਿਂ ਚੀਨਸਿ॥ ੩੬॥

ਤੰਬੂ ਸ਼ਾਮਿਆਨੇ ਬਹੁਤ ਤਾਣੇ ਹੋਏ ਸਨ ਤੇ ਇਕ ਬਹੁਤ ਉੱਚਾ ਝੰਡਾ ਗਡਿਆ ਹੋਇਆ ਸੀ। ਦਾਰਾਸ਼ਕੋਹ ਦੀ ਸਾਰੀ ਫ਼ੌਜ ਨੇ ਓਥੇ ਡੇਰਾ ਕੀਤਾ, ਜਿਥੇ ਉਨ੍ਹਾਂ ਛਾਂ ਅਤੇ ਜਲ ਦਾ ਸੁਖ ਵੇਖਿਆ॥੩੬॥

ਸ਼ਾਹਿਜਹਾਂ ਸੁਤ ਬੈਠਜੋ ਤਬੈ। ਕੀਰਤਪੁਰਿ ਕੋ ਪਿਖਿ ਕੈ ਤਬੈ।
ਬੂਝਨਿ ਲਗਜੋ ਨਿਕਟਿ ਉਮਰਾਵ। 'ਕੌਨ ਬਸੈ ? ਪਤਿ ਕੋ ਇਸ ਥਾਂਵ ?' ॥੩੭॥

ਦਾਰਾਸ਼ਕੋਹ ਤਦ ਉਥੇ ਬੈਠ ਗਿਆ, ਫਿਰ ਕੀਰਤਪੁਰ ਨੂੰ ਵੇਖ ਕੇ ਉਹ ਉਮਰਾਵ ਪਾਸੋਂ ਪੁੱਛਣ ਲੱਗਾ ਜਿਹੜੇ ਉਸ ਪਾਸ ਬੈਠੇ ਸਨ, "ਏਥੇ ਕੌਣ ਰਹਿੰਦਾ ਹੈ ? ਇਸ ਥਾਂ ਦਾ ਕੌਣ ਮਾਲਕ ਹੈ?" ॥੩੭॥

ਵਲੀਅਹਿਦ ਤੇ ਸੁਨਿ ਕਰਿ ਕਾਨ। ਹੁਤੋ ਸੰਗ ਕੋ ਸਿਖ ਤਿਸ ਥਾਨ।
ਸਰਬ ਬਾਰਤਾ ਭਾਖਿ ਸੁਨਾਈ। 'ਪ੍ਰਥਮ ਭਏ ਗੁਰ ਨਾਨਕ ਰਾਈ॥ ੩੮॥

ਦਾਰਾਸ਼ਕੋਹ ਦੀ ਗੱਲ ਆਪਣੇ ਕੰਨ ਨਾਲ ਸੁਣ ਕੇ, ਉਸ ਸਮੇਂ ਇਕ ਸਿੱਖ ਉਸ ਥਾਂ ਮੌਜੂਦ ਸੀ। ਉਸ ਨੇ ਸਾਰੀ ਵਾਰਤਾ ਕਹਿ ਕੇ ਸੁਣਾਈ। ਸਭ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਹੋਏ ਹਨ॥੩੮॥

ਪੀਰ ਮੀਰ ਸਿਧਿ ਸਾਧਿਕ ਜੇਤੇ। ਅਜ਼ਮਤ ਬਲ ਨੰਮ੍ਰੀ ਕਿਯ ਤੇਤੇ।
ਐਸੋ ਭਯੋ ਨ ਜਗ ਮੈਂ ਕੋਈ। ਮਿਲਿ ਕਰਿ ਨੰਮ੍ਰ ਹੋਇ ਨਹਿਂ ਜੋਈ॥ ੩੯॥

ਪੀਰ ਮੀਰ ਸਿਧ ਸਾਧ ਆਦਿ ਜਿੰਨੇ ਵੀ ਸਨ, ਆਪਣੀ ਕਰਾਮਾਤੀ ਸ਼ਕਤੀ ਨਾਲ ਸਭ ਨੂੰ ਸਨਿਮਰ ਕਰ ਲਿਆ ਸੀ। ਜਗਤ ਵਿਚ ਐਸਾ ਕੋਈ ਨਹੀਂ ਹੋਇਆ ਹੈ, ਜੋ ਉਨ੍ਹਾਂ ਨੂੰ ਮਿਲਕੇ ਉਨ੍ਹਾਂ ਦੇ ਅਧੀਨ ਨਹੀਂ ਹੋਇਆ॥੩੯॥

ਬਿਦਤਿ ਭਯੋ ਦਸ ਚਾਰ ਤਬਕ ਮਹਿਂ। ਸੱਤਿਨਾਮ ਉਪਦੇਸ਼ ਸਬਕ ਮਹਿਂ।
ਮਿਲਿ ਮਿਲਿ ਕਰਾਮਾਤ ਜਿਨਿ ਪਾਈ। ਤੇ ਭੀ ਯਾ ਜਗ ਗਿਨੇ ਨ ਜਾਈਂ॥੪੦॥

ਜਿਹੜੇ ਚੌਦਾਂ ਤਬਕਾਂ ਵਿਚ ਪ੍ਰਗਟ ਸਨ, ਸਭ ਨੂੰ ਸਤਿਨਾਮ ਦਾ ਉਪਦੇਸ਼ ਦਿੱਤਾ। ਜਿਨ੍ਹਾਂ ਨੇ ਮਿਲ ਮਿਲ ਕੇ ਉਨ੍ਹਾਂ ਪਾਸੋਂ ਕਰਾਮਾਤ ਪਾਈ, ਉਨ੍ਹਾਂ ਦੀ ਗਿਣਤੀ ਵੀ ਇਸ ਜੱਗ ਵਿਚ ਗਿਣੀ ਨਹੀਂ ਜਾਂਦੀ॥੪੦॥

ਤਿਹ ਗਾਦੀ ਪਰ ਸਪਤਮ ਥਾਨ। ਸ੍ਰੀ ਹਰਿਰਾਇ ਬਿਰਾਜਤਿ ਜਾਨਿ।
ਸ੍ਰੀ ਗੁਰ ਹਰਿਗੁਬਿੰਦ ਬਲ ਧਾਮਾ। ਮਹਾਂ ਸੁਭਟ ਇਨ ਕੇਰਿ ਪਿਤਾਮਾ॥੪੧॥

ਉਨ੍ਹਾਂ ਦੀ ਗੱਦੀ ਉੱਤੇ ਹੁਣ ਸੱਤਵੇਂ ਥਾਂ ਸ੍ਰੀ ਗੁਰੂ ਹਰਿਰਾਇ ਜੀ ਬਿਰਾਜ ਰਹੇ ਹਨ। ਇਨ੍ਹਾਂ ਦੇ ਪਿਤਾਮਾ ਜੀ ਸ੍ਰੀ ਗੁਰੂ ਹਰਿਗੋਬਿੰਦ ਜੀ ਸ਼ਕਤੀ ਦੇ ਘਰ ਸਨ ਤੇ ਮਹਾਨ ਸੂਰਬੀਰ ਸਨ॥੪੧॥

ਤੋਹਿ ਪਿਦਰ ਸੋਂ ਬਿਗਰਿ ਪਰੇ ਹੈਂ। ਚਾਰ ਬਾਰ ਕਰਿ ਓਜ ਲਰੇ ਹੈਂ।
ਲੱਲਾ, ਕੰਬਰ ਲਸ਼ਕਰ ਸਨੇ। ਜੰਗਲ ਬਿਖੇ ਜੰਗ ਕਰਿ ਹਨੇ॥ ੪੨॥

ਉਹ ਤੁਹਾਡੇ ਪਿਤਾ ਜੀ ਨਾਲ ਵਿਗੜ ਪਏ ਸਨ, ਚਾਰ ਵਾਰ ਸ਼ਕਤੀ ਧਾਰ ਕੇ ਲੜੇ ਹਨ। ਲੱਲਾ ਕੰਵਰ ਬੇਗ ਲਸ਼ਕਰ ਸਮੇਤ, ਮਾਲਵੇ ਵਿਚ ਜੰਗ ਕਰਕੇ ਮਾਰੇ ਸਨ॥੪੨॥

ਅਬਹਿ ਬਿਰਾਜਤਿ ਤਿਨ ਕੋ ਪੋਤਾ। ਬ੍ਰਹਮਗਜਾਨ ਅਰੁ ਅਜ਼ਮਤ ਪੋਤਾ।
ਜਿਨ ਮਿਲਿਨੇ ਕਹੁ ਫਲ ਹੁਇ ਭਾਰਾ। ਕ੍ਰਿਪਾ ਦ੍ਰਿਸ਼ਟਿ ਤੇ ਹੈ ਨ ਸੰਸਾਰਾ॥੪੩॥

ਹੁਣ ਉਨ੍ਹਾਂ ਦੇ ਪੋਤੇ ਗੱਦੀ 'ਤੇ ਬਿਰਾਜਮਾਨ ਹਨ ਜਿਹੜੇ ਬ੍ਰਹਮ ਗਿਆਨ ਅਤੇ ਕਰਾਮਾਤ ਸਹਿਤ ਹਨ। ਜਿਨ੍ਹਾਂ ਨੂੰ ਮਿਲਣ ਦਾ ਭਾਰੀ ਫਲ ਪ੍ਰਾਪਤ ਹੁੰਦਾ ਹੈ, ਉਨ੍ਹਾਂ ਦੀ ਕ੍ਰਿਪਾ ਦ੍ਰਿਸ਼ਟੀ ਨਾਲ ਜਨਮ-ਮਰਨ ਨਹੀਂ ਹੁੰਦਾ ਹੈ॥੪੩॥

ਤਿਨ ਕੇ ਦਰਸ਼ਨ ਕਉ ਬਡਭਾਗੇ। ਪੁਰਹਿਂ ਕਾਮ, ਆਵਹਿਂ ਅਨੁਰਾਗੇ।
ਦੇਸ਼ ਬਿਦੇਸ਼ਨਿ ਸਾਗਰ ਦੀਪ। ਆਇਂ ਸਮੀਪਹਿਂ ਰੰਕ ਮਹੀਪ॥ ੪੪॥

ਵੱਡੇ ਭਾਗਾਂ ਵਾਲਿਆਂ ਨੂੰ ਉਨ੍ਹਾਂ ਦੇ ਦਰਸ਼ਨ ਹੁੰਦੇ ਹਨ। ਜਿਹੜੇ ਉਨ੍ਹਾਂ ਪਾਸ ਆਉਂਦੇ ਹਨ, ਉਨ੍ਹਾਂ ਦੀਆਂ ਬੜੇ ਪ੍ਰੇਮ ਨਾਲ ਕਾਮਨਾਵਾਂ ਪੂਰੀਆਂ ਕਰਦੇ ਹਨ। ਦੇਸ਼, ਵਿਦੇਸ਼, ਸਾਗਰ ਅਤੇ ਦੀਪ ਦੇ ਰਾਜੇ ਅਤੇ ਰੰਕ ਗੁਰੂ ਜੀ ਦੇ ਪਾਸ ਆਉਂਦੇ ਹਨ॥੪੪॥

ਅਨਿਕ ਉਪਾਇਨ ਕਹੁ ਅਰਪਾਵਹਿਂ। ਅਬਿ ਸਤਿਗੁਰ ਇਸ ਪੁਰਿ ਦਰਸਾਵਹਿਂ।
ਦਾਰਸ਼ਕੋਹ ਪ੍ਰਸ਼ੰਸ਼ਾ ਸੁਨ ਕੈ। ਹਰਖ ਭਰਯੋ ਉਰ, ਨਿਜ ਭਲ ਗੁਨਿ ਕੈ॥ ੪੫॥

ਅਨੇਕ ਪ੍ਰਕਾਰ ਦੇ ਉਪਹਾਰ ਅਰਪਣ ਕਰਦੇ ਹਨ, ਹੁਣ ਸਤਿਗੁਰੂ ਜੀ ਇਸ ਨਗਰ ਵਿਚ ਦਰਸ਼ਨ ਦਿੰਦੇ ਹਨ।'' ਦਾਰਾਸ਼ਕੋਹ ਗੁਰੂ ਜੀ ਦੀ ਪ੍ਰਸੰਸਾ ਸੁਣ ਕੇ, ਹਿਰਦੇ ਵਿਚ ਬਹੁਤ ਪ੍ਰਸੰਨ ਹੋਇਆ, ਜਦ ਉਸ ਗੁਰੂ ਜੀ ਦੇ ਭਲੇ ਗੁਣਾਂ ਬਾਰੇ ਸੁਣਿਆ॥੪੫॥

*ਨੌਵੀਂ ਰਾਸ ਦਾ ਤੇਰ੍ਹਵਾਂ ਅਧਿਆਇ ਸਮਾਪਤ ਹੋਇਆ॥੧੩॥*

## ਅਧਿਆਇ ਚੌਦ੍ਹਵਾਂ

ਦਾਰੇ ਦਾ ਸ਼ੋਕ ਨਾਮਾ

ਦੋਹਰਾ- ਪ੍ਰਥਮੈ ਦਾਰਸ਼ਕੋਹ ਕੋ ਦੇਉਂ ਪ੍ਰਸੰਗ ਸੁਨਾਇ।
ਲਿਖ੍ਯੋ ਪਠ੍ਯੋ ਖ਼ਤ ਸੁਧ ਲਈ ਜਿਸ ਬਿਧਿ ਸ੍ਰੀ ਹਰਿਰਾਇ॥ ੧॥

ਪਹਿਲਾਂ ਦਾਰਾਸ਼ਕੋਹ ਦਾ ਪ੍ਰਸੰਗ ਸੁਣਾ ਦਿੰਦਾ ਹਾਂ, ਸ੍ਰੀ ਹਰਿਰਾਇ ਜੀ ਨੇ ਚਿੱਠੀ ਲਿਖਕੇ ਜਿਵੇਂ ਉਸ ਦੀ ਖ਼ਬਰ ਲਈ ਸੀ॥੧॥

ਚੌਪਈ- ਦਾਰਸ਼ਕੋਹ ਮਹਾਂ ਸਤਿਸੰਗੀ। ਪਰਮੇਸ਼ੁਰ ਪਦ ਪ੍ਰੀਤਿ ਉਮੰਗੀ।
ਮੀਆਂ ਮੀਰ ਪੀਰ ਇਕ ਪੂਰੋ। ਆਤਮਗਜਾਨ ਲਹੇ ਮਨ ਰੂਰੋ॥ ੨॥

ਦਾਰਾਸ਼ਕੋਹ ਮਹਾਨ ਸਤਿਸੰਗੀ ਸੀ, ਪ੍ਰਮੇਸ਼ਰ ਪਦਵੀ ਨਾਲ ਉਸ ਦੀ ਬੜੀ ਉਤਸ਼ਾਹ ਸਹਿਤ ਪ੍ਰੀਤ ਸੀ। ਇਕ ਮੀਆਂ ਮੀਰ ਪੂਰਨ ਫ਼ਕੀਰ ਹੋਇਆ ਹੈ, ਉਸ ਨੇ ਮਨ ਵਿਚ ਸੁੰਦਰ ਆਤਮ ਗਿਆਨ ਪ੍ਰਾਪਤ ਕੀਤਾ ਸੀ॥੨॥

ਤਿਸਕੋ ਖਾਦਮ ਦਾਰਸ਼ਕੋਹੁ। ਬ੍ਰਹਮ ਗਜਾਨ ਅਭਿਲਾਖੀ ਹੋਹੁ।
ਕਰੀ ਪੀਰ ਨੇ ਕ੍ਰਿਪਾ ਸੁਨਾਇਵ। ਰੂਪ ਆਤਮਾ ਕੇਰਿ ਜਨਾਇਵ॥ ੩॥

ਦਾਰਾਸ਼ਕੋਹ ਉਸ ਦਾ ਮੁਰੀਦ ਸੀ ਤੇ ਬ੍ਰਹਮ ਗਿਆਨ ਦਾ ਅਭਿਲਾਸ਼ੀ ਹੋਇਆ ਸੀ। ਪੀਰ ਨੇ ਸੁਣ ਕੇ ਕਿਰਪਾ ਕੀਤੀ ਤੇ ਆਤਮ ਸਰੂਪ ਦੀ ਸੋਝੀ ਕਰਵਾ ਦਿੱਤੀ॥੩॥

ਪਤਿਸ਼ਾਹਿਤ ਮਹਿਂ ਰੀਤਿ ਫਕੀਰੀ। ਮਿਹਰ ਪੀਰ ਕੀ ਮੀਰੀ ਪੀਰੀ।
ਕਰਹਿ ਬਿਚਾਰਨ ਨਿਸ ਦਿਨ ਆਤਮ। ਮਿਲਿ ਸੰਤਨਿ ਖੋਜਹਿ ਪਰਮਾਤਮ॥੪॥

ਬਾਦਸ਼ਾਹਾਂ ਵਿਚ ਫ਼ਕੀਰੀ ਦੀ ਰੀਤ ਸੀ, ਪੀਰ ਦੀ ਮਿਹਰ ਨਾਲ ਮੀਰੀ ਪੀਰੀ ਆ ਗਈ। ਦਿਨ ਰਾਤ ਆਤਮ ਸਰੂਪ 'ਤੇ ਵਿਚਾਰ ਕਰਦਾ ਸੀ ਤੇ ਸੰਤਾਂ ਨੂੰ ਮਿਲ ਕੇ ਪਰਮਾਤਮਾ ਦੀ ਖੋਜ ਕਰਦਾ ਸੀ॥੪॥

ਜਹਿਂ ਕਹਿਂ ਉੱਤਮ ਸੁਨਿ ਕੈ ਸੰਤ। ਕਰਹਿ ਮੇਲ, ਚਰਚਾ ਭਗਵੰਤ।
ਪਿਤ ਨੇ ਕਹਿ ਬਹੁ ਬਾਰ ਸੁਨਾਵਾ। ਬਰਿਆਈ ਕਰਿ ਤਖਤ ਬਿਠਾਵਾ॥ ੫॥

ਜਿਥੇ ਕਿਥੇ ਉੱਤਮ ਸੰਤਾਂ ਬਾਰੇ ਸੁਣ ਕੇ, ਮਿਲਾਪ ਕਰਦਾ ਸੀ ਤੇ ਪ੍ਰਭੂ ਉੱਤੇ ਚਰਚਾ ਕਰਦਾ ਸੀ। ਪਿਤਾ ਨੇ ਬਹੁਤ ਵਾਰ ਸੁਣਾਇਆ, ਜ਼ਬਰਦਸਤੀ ਕਰਕੇ ਤਖ਼ਤ 'ਤੇ ਬਿਠਾਵਾਂਗਾ॥੫॥

ਤਊ ਮੇਲ ਸੰਤਨਿ ਸੋਂ ਰਾਖੇ। ਬ੍ਰਹਮਗਜਾਨ ਨਿਸ਼ਚੈ ਅਭਿਲਾਖੇ।
ਮੀਆਂ ਮੀਰ ਨਿਕਟਿ ਇਕ ਦਿਨ ਮੈਂ। ਬੈਠਜੋ ਹੁਤੋ ਪ੍ਰੇਮ ਬਹੁ ਮਨ ਮੈਂ॥ ੬॥

ਫਿਰ ਵੀ ਸੰਤਾਂ ਨਾਲ ਮੇਲ ਰਖਦਾ ਸੀ, ਨਿਸ਼ਚੇ ਰੂਪ ਵਿਚ ਬ੍ਰਹਮ ਗਿਆਨ ਦੀ ਅਭਿਲਾਸ਼ਾ ਕਰਦਾ ਸੀ। ਇਕ ਦਿਨ ਸਾਈਂ ਮੀਆਂ ਮੀਰ ਦੇ ਪਾਸ ਬੈਠਾ ਸੀ ਤੇ ਮਨ ਬਹੁਤ ਪ੍ਰੇਮ ਨਾਲ ਭਰਿਆ ਸੀ॥੬॥

ਅਪਰ ਸੰਤ ਕੇਤਿਕ ਤਹਿਂ ਬੈਸੇ। ਚਰਚਾ ਕਰਹਿਂ ਗਜਾਨ ਲਹਿਂ ਜੈਸੇ।
ਕਰੀ ਬਾਰਤਾ ਕਾਹੂੰ ਸੰਤ। 'ਸ੍ਰੀ ਨਾਨਕ ਸਤਿਗੁਰ ਭਗਵੰਤ॥ ੭॥

ਹੋਰ ਸੰਤ ਵੀ ਉਥੇ ਕਈ ਬੈਠੇ ਸਨ। ਇਸ ਤਰ੍ਹਾਂ ਚਰਚਾ ਕਰ ਰਹੇ ਸਨ, ਜਿਵੇਂ ਗਿਆਨ ਪ੍ਰਾਪਤ ਕਰ ਰਹੇ ਸਨ। ਕਿਸੇ ਸੰਤ ਨੇ ਗੱਲ ਕੀਤੀ, "ਸ੍ਰੀ ਗੁਰੂ ਨਾਨਕ ਸਤਿਗੁਰੂ ਜੀ ਆਪ ਭਗਵੰਤ ਸਨ॥੭॥

ਨਰਨਿ ਉਧਾਰਨਿ ਕਰੇ ਹਜ਼ਾਰੋਂ। ਗਿਨਤੀ ਕਰੇ ਨ ਆਇ ਸ਼ੁਮਾਰੋ।
ਕ੍ਰਿਪਾ ਦ੍ਰਿਸ਼ਟਿ ਤ ਰੂਪ ਦਿਖਾਵੈਂ। ਜਨਮ ਮਰਨ ਕੋ ਕਸ਼ਟ ਮਿਟਾਵੈਂ॥ ੮॥

ਉਨ੍ਹਾਂ ਹਜ਼ਾਰਾਂ ਮਨੁੱਖਾਂ ਦਾ ਉਧਾਰ ਕੀਤਾ ਹੈ, ਗਿਣਤੀ ਕਰਨ ਨਾਲ ਕੋਈ ਸ਼ੁਮਾਰ ਨਹੀਂ ਪਾਇਆ ਜਾਂਦਾ। ਕਿਰਪਾ ਦ੍ਰਿਸ਼ਟੀ ਨਾਲ ਜਿਸ ਨੂੰ ਦਰਸ਼ਨ ਦਿੰਦੇ ਸਨ, ਉਸ ਦਾ ਜਨਮ ਮਰਨ ਦਾ ਕਸ਼ਟ ਮਿੱਟ ਜਾਂਦਾ ਸੀ॥੮॥

ਪੁਨ ਤਿਨ ਕੇ ਗਾਦੀ ਪਰ ਪਾਛੇ। ਗਿਨਹਿ ਕੌਨ ਗੁਨ ਜੇਤਿਕ ਆਛੇ।
ਅਬਿ ਸੋਹਤਿ ਸਤਿਗੁਰ ਹਰਿਰਾਇ। ਦੀਨ ਬੰਧੁ ਸਿਖ ਬੰਧ ਮਿਟਾਇ॥ ੯॥

ਫਿਰ ਉਨ੍ਹਾਂ ਦੇ ਬਾਅਦ ਜਿਹੜੇ ਉਨ੍ਹਾਂ ਦੀ ਗੱਦੀ 'ਤੇ ਬੈਠੇ ਹਨ, ਉਨ੍ਹਾਂ ਵਿਚ ਵੀ ਏਨੇ ਗੁਣ ਹਨ ਕਿ ਗਿਣੇ ਨਹੀਂ ਜਾ ਸਕਦੇ। ਇਸ ਸਮੇਂ ਸ੍ਰੀ ਗੁਰੂ ਹਰਿਰਾਇ ਜੀ ਉਨ੍ਹਾਂ ਦੀ ਗੱਦੀ 'ਤੇ ਸੋਭ ਰਹੇ ਹਨ। ਦੀਨਾਂ ਬੰਧੂ ਸਿੱਖਾਂ ਦੇ ਬੰਧਨ ਮਿਟਾਉਂਦੇ ਹਨ॥੯॥

ਬ੍ਰਹਮ ਗਜਾਨ ਕੇ ਹੈਂ ਬਡ ਦਾਨੀ। ਬ੍ਰਿਤੀ ਸਮਾਨ ਲਾਭ ਅਰੁ ਹਾਨੀ'।
ਮੀਆਂ ਮੀਰ ਤਬਹਿ ਸੁਨਿ ਕਹਜੋ। 'ਸੋ ਤੋ ਤਨ ਖੁਦਾਇ ਕੋ ਅਹਜੋ॥ ੧੦॥

ਬ੍ਰਹਮ ਗਿਆਨ ਦੇ ਵੱਡੇ ਦਾਨੀ ਹਨ, ਹਾਣ-ਲਾਭ ਪ੍ਰਤੀ ਉਨ੍ਹਾਂ ਦੀ ਬ੍ਰਿਤੀ ਸਮਾਨ ਹੈ। ਮੀਆਂ ਮੀਰ ਨੇ ਤਦ ਸੁਣ ਕੇ ਕਿਹਾ, "ਉਨ੍ਹਾਂ ਦਾ ਤਾਂ ਸਰੀਰ ਖ਼ੁਦਾ ਦਾ ਹੈ"॥੧੦॥

ਕਰਿਬੇ ਲੋਕਨਿ ਕੀ ਕੱਲਜਾਨ। ਧਰਿ ਸਰੂਪ ਭੇ ਬਿਦਤਿ ਜਹਾਨ।
ਸ੍ਰੀ ਹਰਿਗੋਬਿੰਦ ਤਿਨਹੁ ਪਿਤਾਮਾ। ਆਯੁਧ ਧਰਿ ਕੀਨੇ ਸੰਗ੍ਰਾਮਾ॥ ੧੧॥

ਉਹ ਲੋਕਾਂ ਦਾ ਕਲਿਆਣ ਕਰਦੇ ਹਨ, ਮਨੁੱਖ ਸਰੂਪ ਧਾਰ ਕੇ ਜਗ 'ਤੇ ਪ੍ਰਗਟ ਹਨ। ਸ੍ਰੀ ਹਰਿਗੋਬਿੰਦ ਜੀ ਉਨ੍ਹਾਂ ਦੇ ਪਿਤਾਮਾ ਸਨ, ਉਨ੍ਹਾਂ ਸ਼ਸਤਰ ਧਾਰਨ ਕਰਕੇ ਬੜੇ ਯੁੱਧ ਕੀਤੇ ਸਨ॥੧੧॥

ਮੁਲਾਕਾਤ ਤਿਨ ਸਾਥ ਹਮਾਰੀ। ਭਈ ਹੁਤੀ ਸੁਖ ਕਰਨੇ ਹਾਰੀ।
ਬੰਧੇ ਸ਼ਰ੍ਹਾ ਤੁਰਕ ਮਤਿਮੰਦ। ਤਰਕਤਿ ਕੀਨੋ ਸ਼ੋਰ ਬਿਲੰਦ॥ ੧੨॥

ਉਨ੍ਹਾਂ ਨਾਲ ਸਾਡੀ ਮੁਲਾਕਾਤ ਹੁੰਦੀ ਰਹਿੰਦੀ ਸੀ, ਜਿਹੜੀ ਬਹੁਤ ਹੀ ਸੁਖਕਾਰੀ ਸਨ। ਤੁਰਕ ਮਾੜੀ ਮਤ ਵਾਲੇ ਸ਼ਰ੍ਹਾ ਵਿਚ ਬੱਝੇ ਹਨ, ਤਰਕ ਕਰਕੇ ਉਨ੍ਹਾਂ ਬਹੁਤ ਸ਼ੋਰ ਮਚਾਇਆ॥੧੨॥

ਪਾਕ ਅਲਹਿ ਕੀ ਮੂਰਤਿ ਅਹੈਂ। ਜਿਨਕੇ ਗੁਨ ਕੋ ਪਾਰ ਨ ਲਹੈਂ।
ਦਰਸ਼ਨ ਉਚਿਤ ਸਦਾ ਤਿਨ ਕੇਰਾ। ਸਿਮਰੇ ਨਾਮ ਅਨੰਦ ਬਡੇਰਾ॥ ੧੩॥

ਉਹ ਅਲਾਹ ਪਾਕ ਦੀ ਮੂਰਤੀ ਹਨ, ਜਿਨ੍ਹਾਂ ਦੇ ਗੁਣਾਂ ਦਾ ਕੋਈ ਪਾਰ ਨਹੀਂ ਪਾ ਸਕਦਾ। ਉਨ੍ਹਾਂ ਦੇ ਦਰਸ਼ਨ ਕਰਨੇ ਸਦਾ ਉਚਿਤ ਹਨ ਤੇ ਨਾਮ ਸਿਮਰਨ ਨਾਲ ਅਨੰਦ ਬਹੁਤ ਵਧਦਾ ਹੈ'॥੧੩॥

ਸੁਨਜੋ ਸੁਜਸੁ ਅਸ ਦਾਰਸ਼ਕੋਹੁ। ਚਿਤਵਤਿ ਕਿਮ ਦਰਸ਼ਨ ਤਿਨ ਹੋਹੁ।
ਪਾਤਿਸ਼ਾਹਿ ਕੇ ਕਾਜ ਬਡੇਰੇ। ਪੁਨ ਦੁਸ਼ਮਨ ਹੁਇ ਰਹੇ ਘਨੇਰੇ॥ ੧੪॥

ਜਦ ਦਾਰਾਸ਼ਕੋਹ ਨੇ ਅਜਿਹਾ ਸ੍ਰੇਸ਼ਟ ਜਸ ਸੁਣਿਆ ਤਾਂ ਮਨ ਵਿਚ ਸੋਚਦਾ ਸੀ ਕਿ ਉਨ੍ਹਾਂ ਦੇ ਦਰਸ਼ਨ ਕਿਵੇਂ ਹੋਣ। ਬਾਦਸ਼ਾਹਾਂ ਦੇ ਵੱਡੇ ਕੰਮ ਹਨ, ਫਿਰ ਬਹੁਤ ਲੋਕ ਦੁਸ਼ਮਣ ਬਣੇ ਰਹਿੰਦੇ ਹਨ॥੧੪॥

ਯਾਂਤੇ ਅਵਸਰ ਮਿਲਨਿ ਨ ਭਯੋ। ਰਿਦੇ ਪ੍ਰੇਮ ਦਿਨ ਪ੍ਰਤਿ ਬਿਰਧਯੋ।
ਖਤ ਮਹਿ ਲਿਖਿ ਕਰਿ ਪ੍ਰੇਮ ਪਠਾਇਵ। ਮਿਲਿਨਿ ਸ਼ੋਕ ਨਾਮਾ ਉਪਜਾਇਵ॥੧੫॥

ਇਸ ਕਰਕੇ ਦਰਸ਼ਨ ਕਰਨ ਦਾ ਮੌਕਾ ਨਹੀਂ ਮਿਲਿਆ ਹੈ, ਪਰ ਹਿਰਦੇ ਵਿਚ ਪ੍ਰੀਤ ਦਿਨ ਪ੍ਰਤੀ ਦਿਨ ਵਧਦੀ ਰਹੀ ਹੈ। ਮਿਲਾਪ ਦੀ ਰੁਚੀ ਉਪਜਾਉਣ ਵਾਲੀ ਪ੍ਰੇਮ ਪੱਤ੍ਰਕਾ ਸ੍ਰੀ ਹਰਿਰਾਇ ਜੀ ਨੂੰ ਲਿਖੀ॥੧੫॥

ਸ੍ਰੀ ਹਰਿਰਾਇ ਨਿਕਟਿ ਪਹੁਚਾਯਹੁ। ਕਾਸਦ ਗਯੋ ਬੰਦਗੀ ਗਾਯਹੁ।
ਸ੍ਰੀ ਗੁਰ ਸੁਨਤਿ ਭਏ ਖੁਲਵਾਇ। ਪ੍ਰੇਮ ਸ਼ੌਕਨਾਮਾ ਜੁ ਪਢਾਇ॥ ੧੬॥

ਸ੍ਰੀ ਹਰਿਰਾਇ ਦੇ ਪਾਸ ਪਹੁੰਚਾ ਦਿੱਤੀ। ਹਲਕਾਰਾ ਚਿਠੀ ਦੇ ਕੇ ਬੰਦਨਾ ਕਰਕੇ ਚਲਾ ਗਿਆ। ਸ੍ਰੀ ਗੁਰੂ ਜੀ ਨੇ ਸੁਣ ਕੇ ਚਿੱਠੀ ਖੁਲ੍ਹਵਾਈ ਤੇ ਪਿਆਰ ਭਰੀ ਪ੍ਰੇਮ ਪੱਤ੍ਰਕਾ ਪੜ੍ਹਾਈ॥੧੬॥

ਬੈਂਤ-'ਵਲਾਇਤ ਵਲੀ ਅਹਿਲ ਆਰਫ ਕਮਾਲ। ਜਿਨ੍ਹੋਂ ਕੇ ਮਿਲੇ ਰੱਬ ਪਾਈਅਹਿ ਜਮਾਲ।
ਆਰਫ ਫਕਰ ਰੱਬ ਕੀ ਪਾਕ ਜ਼ਾਤ। ਜਿਨ੍ਹੋਂ ਕੀ ਮਿਹਰ ਸੰਗ ਹੋਯਹਿ ਨਿਜਾਤ॥੧੭॥

"ਮੁਲਕਾਂ ਦੇ ਮਾਲਕ ਆਪ ਪੂਰਨ ਗਿਆਨਵਾਨ ਹੋ, ਜਿਨ੍ਹਾਂ ਨੂੰ ਮਿਲਣ ਨਾਲ ਰੱਬ ਦਾ ਦੀਦਾਰ ਹੁੰਦਾ ਹੈ। ਤਤਵੇਤਾ ਸੰਤ ਰੱਬ ਦਾ ਪਵਿੱਤਰ ਸਰੂਪ ਹੈ, ਜਿਨ੍ਹਾਂ ਦੀ ਕਿਰਪਾ ਨਾਲ ਮੁਕਤੀ ਪ੍ਰਾਪਤ ਹੁੰਦੀ ਹੈ॥੧੭॥

ਕਾਦਰ ਪਿਖਿਨਿ ਇਕ ਸ਼ਕਲ ਦਰਮਿਯਾਂ। ਜਿਨ੍ਹੋ ਪੈ ਮਿਹਰ ਤੁਮ ਤਿਨ੍ਹੋ ਇਹੁ ਲਿਯਾਂ।
ਮਿਲੋਂ ਆਪ ਕੇ ਸੰਗ ਅੱਲਹੁ ਕਰਮ। ਹਾਸਲ ਮੁਰਾਦੈਂ, ਮਿਟਾਵੋ ਭਰਮ॥ ੧੮॥

ਸਾਰਿਆਂ ਵਿਚ ਇਕ ਕਾਦਰ ਦੀ ਸੂਰਤ ਦਾ ਵੇਖਣਾ, ਜਿਨ੍ਹਾਂ ਉੱਤੇ ਤੁਸੀਂ ਆਪਣੀ ਮਿਹਰ ਕਰਦੇ ਹੋ, ਤਿਨ੍ਹਾਂ ਨੂੰ ਇਹ ਪ੍ਰਾਪਤ ਹੁੰਦਾ ਹੈ। ਪਰਮਾਤਮਾ ਦੀ ਕਿਰਪਾ ਨਾਲ ਮੈਂ ਆਪ ਜੀ ਨੂੰ ਮਿਲਾਂਗਾ, ਜਿਸ ਨਾਲ ਮੇਰੀ ਮੁਰਾਦ ਹਾਸਲ ਹੋਵੇ ਤੇ ਭਰਮ ਭੁਲੇਖੇ ਦੂਰ ਹੋਣ॥੧੮॥

ਮਿਲਿਨਿ ਸ਼ੋਕ ਮੋਕੋ ਬਿਲੋਕੋਂ ਦਰਸ। ਲਗੋਂ ਆਨਿ ਕਦਮਨਿ ਹੁਵੈ ਦਿਲ ਹਰਸ਼।
ਨ ਔਸਰ ਮਿਲੈ ਪਾਤਸ਼ਾਹਤਿ ਜੰਜਾਲ। ਸੁ ਮਾਹੀ ਮਨਿੰਦੇ ਫਸੇ ਮਜਾਨ ਜਾਲ॥੧੯॥

ਆਪ ਜੀ ਦੇ ਦਰਸ਼ਨ ਕਰਨ ਦੀ ਮੇਰੇ ਦਿਲ ਵਿਚ ਬੜੀ ਚਾਹ ਹੈ। ਆ ਕੇ ਆਪ ਜੀ ਦੇ ਚਰਨਕੰਵਲਾਂ ਨਾਲ ਲੱਗ ਜਾਵਾਂ ਤੇ ਮੇਰਾ ਦਿਲ ਪ੍ਰਸੰਨ ਹੋ ਜਾਵੇ। ਬਾਦਸ਼ਾਹੀ ਜੰਜਾਲਾਂ ਤੋਂ ਵਿਹਲ ਨਹੀਂ ਮਿਲਦੀ। ਸੋ ਮੱਛੀ ਵਾਂਗ ਜਾਲ ਵਿਚ ਫਸਿਆ ਹੋਇਆ ਹਾਂ॥੧੯॥

ਮੁਰਸ਼ਦ ਮੀਆਂ ਮੀਰ ਮੋਹੂ ਕਹਾ। ਸੁਨੀਦਮ ਸਿਫਤ ਬਡ ਸੁ ਦੀਦਨ ਚਹਾ।
ਸ਼ਬੋ ਰੋਜ਼ ਦੀਦਾਰ ਕੋ ਸ਼ੌਕ ਹੈ। ਜੋ ਤਾਲਬ ਫਕਰ ਕਾ ਤਿਸ਼ੇ ਜ਼ੌਕ ਹੈ॥੨੦॥

ਮੇਰੇ ਮੁਰਸ਼ਦ ਮੀਆਂ ਮੀਰ ਹਨ, ਉਨ੍ਹਾਂ ਪਾਸੋਂ ਮੈਂ ਤੁਹਾਡੀ ਬਹੁਤ ਸਿਫਤ ਸੁਣੀ ਹੈ, ਇਸ ਕਰਕੇ ਦਰਸ਼ਨ ਕਰਨੇ ਚਾਹੁੰਦਾ ਹਾਂ। ਰਾਤ ਦਿਨ ਦੀਦਾਰ ਦਾ ਸ਼ੌਕ ਹੈ। ਜੋ ਫ਼ਕੀਰੀ ਦਾ ਚਾਹਵਾਨ ਹੁੰਦਾ ਹੈ, ਉਸ ਨੂੰ ਦੀਦਾਰ ਦੇ ਸਵਾਦ ਦਾ ਪਤਾ ਹੁੰਦਾ ਹੈ॥੨੦॥

ਮਿਹਰ ਕੀ ਨਜ਼ਰ ਆਪ ਰਾਖੋ ਕਮਾਲ। ਕਿ ਖਾਹਸ਼ ਭਈ ਮੋਹਿ ਦਰਸ਼ਨ ਜਮਾਲ।
ਪਦਰ ਬਾਦਸ਼ਾਹੀ ਦਈ ਬਹੁ ਕਹੀ। ਦਿਲੇ ਮੇ ਫਜ਼ੀਹਤ ਕੀ ਖਾਹਿਸ਼ ਨਹੀਂ॥੨੧॥

ਆਪ ਕਮਾਲ ਦੀ ਮਿਹਰ ਦੀ ਨਜ਼ਰ ਰਖਦੇ ਹੋ, ਜਮਾਲ ਵਾਲੇ ਦਰਸ਼ਨਾਂ ਦੀ ਮੈਨੂੰ ਇੱਛਾ ਹੋਈ ਹੈ। ਪਿਤਾ ਜੀ ਨੇ ਬਹੁਤ ਕਹਿ ਕੇ ਬਾਦਸ਼ਾਹੀ ਦਿੱਤੀ ਹੈ, ਪਰ ਮੇਰੇ ਦਿਲ ਵਿਚ ਇਸ ਬਾਦਸ਼ਾਹਿਤ ਦੀ ਚਾਹ ਨਹੀਂ ਹੈ॥੨੧॥

ਕਿ ਲਾਚਾਰ ਹੋ ਕਰਿ ਸੁ ਕੀਨੀ ਕਬੂਲ। ਪਦਰ ਕੋ ਹੁਕਮ ਮੈਂ ਨ ਕਰਿ ਸਕ ਅਦੂਲ।
ਕਰੋ ਮਿਹਰ ਸਾਹਿਬ ਮਦਦ ਆਪ ਏਹੁ। ਕਿ ਦੋਜ਼ਖ਼ ਅਗਨਿ ਸੇ ਮੁਝੇ ਰਾਖਿ ਲੇਹੁ॥੨੨॥

ਬਹੁਤ ਲਾਚਾਰ ਹੋ ਕੇ ਉਹ ਕਬੂਲ ਕੀਤੀ ਹੈ, ਮੈਂ ਆਪਣੇ ਪਿਤਾ ਜੀ ਦੀ ਹੁਕਮ ਅਦੂਲੀ ਨਹੀਂ ਕਰ ਸਕਦਾ ਹਾਂ। ਹੇ ਸਾਹਿਬ! ਆਪ ਮਿਹਰ ਕਰਕੇ ਮੇਰੀ ਇਹ ਮਦਦ ਕਰੋ ਅਤੇ ਦੋਜ਼ਖ਼ ਦੀ ਅੱਗ ਤੋਂ ਮੈਨੂੰ ਬਚਾ ਲਵੋ॥੨੨॥

ਦੋਹਰਾ- ਸ਼੍ਰੀ ਸਤਿਗੁਰ ਹਰਿਰਾਇ ਜੀ ਸੁਨਿ ਕਰਿ ਭਏ ਕ੍ਰਿਪਾਲ।
ਤਿਸ ਆਸ਼ੈ ਕੋ ਜਾਨਿ ਕਰਿ: ਸੰਤਨਿ ਪ੍ਰੇਮ ਬਿਸਾਲ॥ ੨੩॥

ਸ੍ਰੀ ਸਤਿਗੁਰੂ ਹਰਿਰਾਇ ਜੀ ਇਹ ਚਿੱਠੀ ਸੁਣ ਕੇ ਬਹੁਤ ਕ੍ਰਿਪਾਲੂ ਹੋ ਗਏ। ਉਸ ਦੇ ਆਸ਼ੇ ਨੂੰ ਜਾਣ ਲਿਆ ਕਿ ਉਸ ਦਾ ਸੰਤਾਂ ਨਾਲ ਵਿਸ਼ਾਲ ਪ੍ਰੇਮ ਹੈ॥੨੩॥

ਪਰਮੇਸ਼ੁਰ ਪ੍ਰਾਪਤਿ ਬਿਖੈ ਦਿਲ ਮੇਂ ਸ਼ੌਕ ਬਿਲੰਦ।
ਤਬਿ ਲਿਖਵਾਇ ਜਬਾਬ ਦਿਯ ਕਹਿ ਕਰਿ ਬਾਕ ਮਨਿੰਦ॥ ੨੪॥

ਪਰਮੇਸ਼ਰ ਨੂੰ ਪ੍ਰਾਪਤ ਕਰਨ ਵਾਸਤੇ ਦਿਲ ਵਿਚ ਬਹੁਤ ਵੱਡਾ ਸ਼ੌਕ ਹੈ। ਫਿਰ ਕਹਿ ਕੇ ਉਸ ਵਰਗਾ ਜਵਾਬ ਲਿਖਵਾ ਦਿੱਤਾ॥੨੪॥

ਬੈਂਤ-'ਤੁਮ ਪਰ ਫਜ਼ਲ ਰੱਬ ਕਾਦਰ ਭਯਾ। ਕਿ ਮੁਰਸ਼ਿਦ ਜੁ ਆਰਫ਼ ਕਰੀ ਹੈ ਦਯਾ।
ਬਡੀ ਬਾਦਸ਼ਾਹੀ ਲਈ ਕੀ ਨ ਸ਼ੌਕ। ਲਖਯੋ ਆਪ ਮੇਂ ਆਪਨ ਆਪਾ ਸੁ ਜ਼ੌਕ॥੨੫॥

ਤੁਹਾਡੇ ਉੱਤੇ ਕਾਦਰ ਪ੍ਰਭੂ ਦੀ ਮਿਹਰ ਹੋਈ ਹੈ, ਕਿ ਪੂਰਨ ਮੁਰਸ਼ਿਦ ਨੇ ਤੁਹਾਡੇ ਉੱਤੇ ਦਇਆ ਕੀਤੀ ਹੈ। ਵੱਡੀ ਬਾਦਸ਼ਾਹੀ ਲੈਣ ਦਾ ਸ਼ੌਕ ਨਹੀਂ ਹੈ, ਪਰ ਆਪਣੇ ਆਪ ਨਿਜ ਸਰੂਪ ਦਾ ਸੁਆਦ ਸਮਝ ਲਿਆ ਹੈ॥੨੫॥

ਤੁਮੈ ਖ਼ੌਫ ਦੋਜ਼ਕ ਨਹੀਂ, ਜਾਨਿ ਲੇਹੁ। ਕਿ ਪੀਰਾਂ ਫਕੀਰਾਂ ਸੋਂ ਲਾਗਯ ਸਨੇਹੁ।
ਜੁ ਗ਼ਾਫਲ ਬਡੇ ਬਾਦਸ਼ਾਹੀ ਸੁ ਪਾਇ। ਪਰੈਂ ਬੀਚ ਦੋਜ਼ਕ ਨ ਲਾਗੈ ਹਵਾਇ॥੨੬॥

ਇਹ ਚੰਗੀ ਤਰ੍ਹਾਂ ਜਾਣ ਲਵੋ, ਤੁਹਾਨੂੰ ਦੋਜ਼ਖ਼ ਜਾਣ ਦਾ ਕੋਈ ਖੌਫ ਨਹੀਂ ਹੈ, ਕਿਉਂਕਿ ਤੁਹਾਡਾ ਪੀਰਾਂ ਫ਼ਕੀਰਾਂ ਨਾਲ ਪਿਆਰ ਹੈ। ਜਿਹੜੇ ਗ਼ਾਫ਼ਲ ਹਨ ਉਹ ਵੱਡੀ ਬਾਦਸ਼ਾਹੀ ਪਾਉਂਦੇ ਹਨ, ਪਰ ਉਹ ਦੋਜ਼ਖ਼ ਪਾਉਂਦੇ ਹਨ ਜਿਥੇ ਹਵਾ ਤਕ ਨਹੀਂ ਲੱਗਦੀ॥੨੬॥

ਖ਼ਤਰਾ ਨ ਕੀਜੈ ਪਤੀਜੈ ਸਦੀਵ। ਨ ਦੋਜ਼ਖ ਬਹਿਸ਼ਤੈ, ਭਯੋ ਏਕ ਸੀਵ।
ਕਰੋ ਦੀਨਕੀ ਬਾਦਸ਼ਾਹੀ ਅਟੱਲ। ਹਜ਼ਾਰੋਂ ਜੁਗੋ ਮੇਂ ਰਹੋਗੇ ਅਚੱਲ॥ ੨੭॥

ਕਿਸੇ ਪ੍ਰਕਾਰ ਦਾ ਖ਼ਤਰਾ ਨਾ ਸਮਝੋ, ਸਦਾ ਸਿਦਕ ਰੱਖੋ, ਤੁਸੀਂ ਹੁਣ ਦੋਜ਼ਖ਼ਾਂ ਬਹਿਸ਼ਤਾਂ ਤੋਂ ਬਹੁਤ ਉੱਚੇ ਹੋ ਗਏ ਹੋ, ਹੁਣ ਤੁਸੀਂ ਇਕ ਕਲਿਆਣ ਰੂਪ ਹੋ ਗਏ ਹੋ। ਧਰਮ ਦੀ ਅਟੱਲ ਬਾਦਸ਼ਾਹੀ ਕਰੋ, ਹਜ਼ਾਰਾਂ ਜੁੱਗਾਂ ਵਿਚ ਅਚੱਲ ਰਹੋਗੇ॥੨੭॥

ਬਡੇ ਭਾਗ ਜਾਗੇ ਪਗਜੇ ਪ੍ਰੇਮ ਰੰਗ। ਜੁ ਮੌਲਾ ਮਿਲਜੋ ਬੇ ਨਮੂਨਾ ਬਿਰੰਗ।
ਸਦਾ ਆਫਰੀਂ ਜੋ ਕਮਾਈ ਤੈਂ ਕੀਨਿ। ਮੁਰਸ਼ਦਨਿ ਮਿਲਿ ਕੈ ਲੀਯੋ ਰੂਪ ਚੀਨ॥੨੮॥

ਵੱਡੇ ਭਾਗ ਜਾਗੇ ਹਨ, ਜਿਹੜੇ ਪ੍ਰੇਮ ਦੇ ਰੰਗ ਵਿਚ ਭਿੱਜ ਗਏ ਹੋ, ਅਦੁੱਤੀ ਤੇ ਅਰੂਪ ਮੌਲਾ ਮਿਲਿਆ ਹੈ। ਜੋ ਤੁਸੀਂ ਕਮਾਈ ਕੀਤੀ ਹੈ, ਉਸ ਉੱਤੇ ਸਦਾ ਸ਼ਾਬਾਸ਼ ! ਮੁਰਸ਼ਦ ਨੂੰ ਮਿਲ ਕੇ ਤੁਸੀਂ ਆਪਣੇ ਰੂਪ ਨੂੰ ਪਹਿਚਾਣ ਲਿਆ ਹੈ॥੨੮॥

ਰਹੋ ਅਨੰਦ ਮਾਤੇ ਨਹੀਂ ਖੌਫ ਕੋਇ। ਭਈ ਖੈਰ ਤੁਮਰੀ ਜਿਤਾ ਜਨਮ ਜੋਇ।
ਖ਼ਲਕ ਚਿਹਲਬਾਜ਼ੀ ਨ ਕੀਨਾ ਸਨੇਹੁ। ਫਨਾਹ,ਚੰਦਰੋਜ਼ਾ,ਨ ਕਾਇਮ ਰਹੇਹੁ॥੨੯॥

ਅਨੰਦ ਵਿਚ ਮਸਤ ਰਹੋ, ਕੋਈ ਡਰ ਨਹੀਂ ਹੈ, ਤੁਹਾਡਾ ਜੀਵਨ ਸਫਲ ਹੋ ਗਿਆ ਹੈ ਤੇ ਤੁਸੀਂ ਇਸ ਜਨਮ ਨੂੰ ਜਿੱਤ ਲਿਆ ਹੈ। ਇਹ ਦੁਨੀਆਂ ਤਿਲਕਣਬਾਜ਼ੀ ਹੈ, ਤੁਸੀਂ ਕਿਸੇ ਵਸਤੂ ਨਾਲ ਪ੍ਰੇਮ ਨਹੀਂ ਕੀਤਾ ਹੈ। ਇਹ ਜ਼ਿੰਦਗੀ ਕੁਝ ਦਿਨਾਂ ਵਿਚ ਖ਼ਤਮ ਹੋ ਜਾਣੀ ਹੈ, ਇਹ ਸਦਾ ਕਾਇਮ ਨਹੀਂ ਰਹਿਣੀ ਹੈ॥੨੯॥

ਚੌਪਈ- ਸ੍ਰੀ ਸਤਿਗੁਰ ਲਿਖਿ ਪਠਜੋ ਜਬਾਬ। ਦਾਰਸ਼ਕੋਹੁ ਸੁ ਗਯੋ ਸ਼ਿਤਾਬ।
ਪਢਿ ਕਰਿ ਮਹਾਂ ਅਨੰਦ ਕੋ ਪਾਯਹੁ। ਮਨਹੁੰ ਰੰਕ ਸੁਰਤਰੁ ਕਰ ਆਯਹੁ॥੩੦॥

ਸ੍ਰੀ ਸਤਿਗੁਰੂ ਜੀ ਨੇ ਲਿਖ ਕੇ ਜਵਾਬ ਭੇਜ ਦਿੱਤਾ। ਸੇਵਕ ਛੇਤੀ ਹੀ ਦਾਰਾਸ਼ਕੋਹ ਪਾਸ ਪਹੁੰਚ ਗਿਆ। ਦਾਰਾਸ਼ਕੋਹ ਨੇ ਉੱਤਰ ਪੜ੍ਹ ਕੇ ਮਹਾਨ ਆਨੰਦ ਪਾਇਆ। ਮਾਨੋਂ ਗ਼ਰੀਬ ਦੇ ਹੱਥ ਵਿਚ ਕਲਪ ਬ੍ਰਿਛ ਆ ਗਿਆ ਹੋਵੇ॥੩੦॥

ਜਿਨ ਕੇ ਬਚਨ ਸਦਾ ਹੈਂ ਸਾਚੇ। ਹਮਰੇ ਬਡਿਅਨਿ ਸੰਗ ਉਬਾਚੇ।
ਭਏ ਤਥਾ ਨਹਿਂ ਮਿਟਹਿਂ ਕਦਾਈ। ਜਗ ਮਹਿਂ ਨਰ ਲਾਖਹੁਂ ਪਤਿਆਈ॥੩੧॥

ਜਿਨ੍ਹਾਂ ਦੇ ਬਚਨ ਸਦਾ ਸੱਚੇ ਹੁੰਦੇ ਹਨ, ਇਨ੍ਹਾਂ ਸਾਡੇ ਵੱਡਿਆਂ ਨੂੰ ਵੀ ਸਮਝਾਇਆ ਹੈ। ਉਸ ਤਰ੍ਹਾਂ ਦੇ ਹੀ ਰਹੇ ਹਨ, ਪਿੱਛੇ ਨਹੀਂ ਹਟੇ ਹਨ, ਅਸੀਂ ਜਗਤ ਵਿਚ ਲੱਖਾਂ ਲੋਕਾਂ ਨੂੰ ਪਰਖ ਕੇ ਵੇਖਿਆ ਹੈ॥੩੧॥

ਦੀਨਸਿ ਦੀਨ ਸਲਤਨਤ ਮੋਹੂ। ਅਵਚਲ ਪਦ ਮਹਿਂ ਪ੍ਰਾਪਤਿ ਹੋਹੂ।
ਅਬਿ ਨਿਸ਼ਚਾ ਪ੍ਰਾਪਤਿ ਮਨ ਮੇਰੇ। ਸਤਿਗੁਰ ਬਾਕ ਭਨੇ ਜਿਸ ਬੇਰੇ॥੩੨॥

ਮੈਨੂੰ ਧਰਮ ਦੀ ਬਾਦਸ਼ਾਹੀ ਦਿੱਤੀ ਹੈ, ਮੈਨੂੰ ਅਬਚਲ ਪਦਵੀ ਪ੍ਰਾਪਤ ਹੋਵੇਗੀ। ਹੁਣ ਮੇਰੇ ਮਨ ਵਿਚ ਨਿਸ਼ਚਾ ਆ ਗਿਆ ਹੈ, ਜਿਸ ਸਮੇਂ ਸਤਿਗੁਰੂ ਜੀ ਨੇ ਇਹ ਬਚਨ ਕਹੇ ਹਨ॥੩੨॥

ਭਯੋ ਰੋਗ ਜਬਿ ਮਮ ਤਨ ਮਾਂਹੀ। ਪਠੀ ਹਰੜ ਚੋਦਹਿ ਸਿਰਸਾਹੀ।
ਲੌਂਗੁ ਰੁ ਮੁਕਤਾ ਦੀਨਸਿ ਐਸੇ। ਖੋਜਿਯ ਜਗ ਪਈਅਹਿ ਨਹਿਂ ਤੈਸੇ॥੩੩॥

ਜਦ ਮੇਰੇ ਸਰੀਰ ਨੂੰ ਰੋਗ ਲੱਗਾ ਸੀ, ਇਨ੍ਹਾਂ ਨੇ ਅਠਾਈ ਤੋਲਿਆਂ ਦੀ ਹਰੜ ਭੇਜੀ ਸੀ। ਇਕ ਐਸਾ ਕੀਮਤੀ ਲੌਂਗ ਭੇਜਿਆ ਸੀ ਜਿਸ ਵਰਗਾ ਸਾਰੇ ਜਗ ਵਿਚ ਵੀ ਭਾਲਣ ਨਾਲ ਨਹੀਂ ਮਿਲ ਸਕਦਾ॥੩੩॥

ਜਿਨ ਕੀ ਸਤਿ ਕੀਰਤਿ ਦਿਸ਼ਿ ਚਾਰੀ। ਸੰਤ ਮਹੰਤਨਿ ਮਹਿਂ ਬਿਸਤਾਰੀ।
ਜਹਿਂ ਕਹਿਂ ਸੁਨੀ ਨ ਛਾਨੀ ਅਹੈ। ਬ੍ਰਹਮ ਗਜਾਨੀ ਜਿਨ ਕੋ ਜਸੁ ਕਹੈਂ॥ ੩੪॥

ਜਿਨ੍ਹਾਂ ਦੀ ਸੱਚੀ ਕੀਰਤੀ ਚਾਰੇ ਪਾਸੇ ਫੈਲੀ ਹੋਈ ਹੈ ਤੇ ਸੰਤਾਂ ਮਹੰਤਾਂ ਵਿਚ ਵੀ ਪਸਰੀ ਹੋਈ ਹੈ। ਜਿਥੇ-ਕਿਥੇ ਇਹ ਸੁਣੀ ਜਾਂਦੀ ਹੈ, ਕਿਤੇ ਵੀ ਛੁਪੀ ਹੋਈ ਨਹੀਂ ਹੈ, ਬ੍ਰਹਮ ਗਿਆਨੀ ਵੀ ਜਿਸ ਦਾ ਜਸ ਕਹਿੰਦੇ ਹਨ॥੩੪॥

ਮੌਲਾ ਪਾਕ ਮਿਹਰ ਜਬਿ ਧਰੈ। ਤਬਿ ਸਤਿਗੁਰ ਕੋ ਦਰਸ਼ਨ ਕਰੈਂ।
ਇਮ ਚਿਤਵਤਿ ਬੀਤਯੋ ਚਿਰਕਾਲ। ਬਹੁਰ ਜੰਗ ਭਾ ਨੌਰੰਗ ਨਾਲ॥ ੩੫॥

ਮੌਲਾ ਪਾਕ ਜਦ ਮਿਹਰ ਕਰਨਗੇ ਤਦ ਸਤਿਗੁਰੂ ਜੀ ਦੇ ਦਰਸ਼ਨ ਕਰਾਂਗੇ। ਇਸ ਤਰ੍ਹਾਂ ਸੋਚਦਿਆਂ ਕਾਫ਼ੀ ਸਮਾਂ ਬੀਤ ਗਿਆ, ਫਿਰ ਨੌਰੰਗੇ ਨਾਲ ਜੰਗ ਹੋ ਗਈ॥੩੫॥

ਸਿਰੀ ਨਗਰ ਤੇ ਚਲਿ ਕਰਿ ਆਯਹੁ। ਕੀਰਤਿ ਪੁਰਿ ਮੈਂ ਡੇਰਾ ਛਾਯਹੁ।
ਪੂਰਬਲੇ ਪ੍ਰਸੰਗ ਚਿਤ ਆਏ। ਮਿਲੌਂ ਅਬਹਿ ਸਤਿਗੁਰ ਜਿਸ ਥਾਏਂ॥ ੩੬॥

ਸਿਰੀਨਗਰ ਤੋਂ ਚਲ ਕੇ ਆਇਆ ਤੇ ਆ ਕੇ ਕੀਰਤਪੁਰ ਵਿਚ ਡੇਰਾ ਲਾ ਲਿਆ। ਪਹਿਲੇ ਸਾਰੇ ਪ੍ਰਸੰਗ ਯਾਦ ਆਏ, ਹੁਣ ਸਤਿਗੁਰੂ ਜੀ ਨੂੰ ਮਿਲਦਾ ਹਾਂ ਜਿਸ ਥਾਂ ਵੀ ਹਨ॥੩੬॥

ਸ੍ਰੀ ਹਰਿਰਾਇ ਸਿੱਖ ਜੋ ਤਹਾਂ। ਤਿਨਹਿ ਬੁਲਾਇ ਬੂਝਿਬੇ ਚਹਾ।
'ਕੌਨ ਦੇਸ਼ ਅਬਿ ਗੁਰੂ ਬਿਰਾਜੇਂ?। ਕਬਿਕੇ ਗਏ ਸਮੇਤ ਸਮਾਜੇ?॥ ੩੭॥

ਸ੍ਰੀ ਹਰਿਰਾਇ ਜੀ ਦਾ ਜਿਹੜਾ ਸਿੱਖ ਉਥੇ ਮੌਜੂਦ ਸੀ, ਉਸ ਨੂੰ ਬੁਲਾ ਕੇ ਪੁੱਛਣਾ ਚਾਹਿਆ, "ਹੁਣ ਗੁਰੂ ਜੀ ਕਿਸ ਦੇਸ਼ ਵਿਚ ਬਿਰਾਜੇ ਹਨ? ਉਹ ਕਦ ਦੇ ਆਪਣੇ ਸੇਵਕਾਂ ਸਮੇਤ ਗਏ ਹਨ?॥੩੭॥

ਹਮਰੋ ਮੇਲ ਹੋਹਿ ਕੈ ਨਾਂਹੀ? ਕਹਹੁ ਸਕਲ, ਸੁਧਿ ਹੁਇ ਤੁਮ ਪਾਹੀ'।
ਤਬਿ ਸਿੱਖਨਿ ਸਭਿ ਕਹਯੋ ਸੁਝਾਈ। 'ਬਿਤੇ ਦਿਵਸ ਕੁਛ, ਗੁਰੂ ਚਢਾਈ॥੨੮॥

ਸਾਡਾ ਮੇਲ ਹੋਵੇਗਾ ਕਿ ਨਹੀਂ? ਸਭ ਕੁਝ ਦੱਸੋ, ਤੁਹਾਡੇ ਪਾਸ ਪੂਰੀ ਜਾਣਕਾਰੀ ਹੋਵੇਗੀ।" ਤਦ ਸਿੱਖਾਂ ਨੇ ਸਭ ਕੁਝ ਕਹਿ ਕੇ ਸਮਝਾਇਆ, "ਪਿਛਲੇ ਕੁਝ ਦਿਨਾਂ ਤੋਂ ਗੁਰੂ ਜੀ ਨੇ ਬਿਆਸਾ ਦਰਿਆ ਦੇ ਕਿਨਾਰੇ ਗੋਇੰਦਵਾਲ ਵਾਲੇ ਪਾਸੇ ਚੜ੍ਹਾਈ ਕੀਤੀ ਹੈ॥੩੮॥

ਤੀਰ ਬਿਪਾਸਾ ਗੋਇੰਦਵਾਲ। ਮਾਝੇ ਦੇਸ਼ ਗਏ ਗੁਰ ਦਯਾਲੁ।
ਆਪ ਮਿਲਿਨਿ ਕੀ ਲਾਲਸ ਧਰੋ। ਨਰ ਪਰਧਾਨ ਪਠਾਵਨਿ ਕਰੋ॥ ੩੯॥

ਗੋਇੰਦਵਾਲ ਦਰਿਆ ਬਿਆਸ ਦੇ ਕਿਨਾਰੇ ਹੈ, ਦਿਆਲੂ ਗੁਰੂ ਜੀ ਮਾਝੇ ਦੇਸ਼ ਵਿਚ ਗਏ ਹਨ। ਜੇ ਆਪ ਮਿਲਣ ਦੀ ਲਾਲਸਾ ਧਾਰਨ ਕਰਦੇ ਹੋ ਤਾਂ ਕਿਸੇ ਪ੍ਰਮੁੱਖ ਵਿਅਕਤੀ ਨੂੰ ਉਨ੍ਹਾਂ ਪਾਸ ਭੇਜੋ॥੩੯॥

ਅਭਿਲਾਖਾ ਸੋ ਕਹੈ ਤੁਮਾਰੀ। ਸੁਧ ਪਾਵਹਿਂ ਜਬਿ ਗੁਰੂ ਅਗਾਰੀ।
ਰਹੈਂ ਟਿਕੇ, ਨਹਿਂ ਇਤ ਉਤ ਹੋਇਂ। ਪ੍ਰੇਮ ਆਪ ਕੋ ਪਰਖਹਿਂ ਸੋਇ'॥ ੪੦॥

ਉਹ ਤੁਹਾਡੀ ਅਭਿਲਾਖਾ ਉਨ੍ਹਾਂ ਨੂੰ ਜਾ ਕੇ ਦੱਸੇ। ਜਦ ਗੁਰੂ ਜੀ ਅੱਗੇ ਜਾ ਕੇ ਇਸ ਬਾਰੇ ਜਾਣਕਾਰੀ ਪ੍ਰਾਪਤ ਕਰਨਗੇ ਤਾਂ ਉਥੇ ਹੀ ਟਿਕੇ ਰਹਿਣਗੇ, ਏਧਰ ਓਧਰ ਨਹੀਂ ਜਾਣਗੇ, ਉਹ ਆਪ ਜੀ ਦੇ ਪ੍ਰੇਮ ਦੀ ਪਰਖ ਕਰਨਗੇ"॥੪੦॥

ਦਾਰਸ਼ਕੋਹ ਸੁਨੀ ਸਿਖ ਬਾਨੀ। ਕੀਨਿ ਸਰਾਹਨਿ, ਨੀਕੇ ਮਾਨੀ।
ਮੁੱਖਜ ਪਾਸ ਕੋ ਮਨੁਖ ਪਠਾਵਾ। ਸਕਲ ਹਕੀਕਤ ਕੋ ਸਮੁਝਾਵਾ॥ ੪੧॥

ਜਦ ਦਾਰਾਸ਼ਕੋਹ ਨੇ ਸਿੱਖ ਦੀ ਗੱਲ ਸੁਣੀ ਤਾਂ ਉਸ ਦੀ ਸ਼ਲਾਘਾ ਕੀਤੀ ਤੇ ਉਸ ਦੀ ਸਲਾਹ ਨੂੰ ਚੰਗਾ ਮੰਨਿਆ। ਆਪਣੇ ਪਾਸ ਰਹਿਣ ਵਾਲਾ ਇਕ ਮੁਖੀ ਪੁਰਸ਼ ਭੇਜਿਆ ਤੇ ਉਸ ਨੂੰ ਸਾਰੀ ਗੱਲ ਸਮਝਾ ਦਿੱਤੀ॥੪੧॥

'ਕ੍ਰਿਪਾ ਠਾਨਿ ਦਰਸ਼ਨ ਇਕ ਬਾਰੀ। ਮੋਕਹੁ ਦੇਹੁ, ਲਾਲਸਾ ਧਾਰੀ'।
ਤੂਰਨ ਗਮਨਜੋ ਗੁਰ ਢਿਗ ਗਯੋ। ਸਕਲ ਪ੍ਰਸੰਗ ਸੁਨਾਵਤਿ ਭਯੋ॥ ੪੨॥

"ਕਿਰਪਾ ਕਰਕੇ ਇਕ ਵਾਰ ਦਰਸ਼ਨ ਦੇਵੋ, ਮੈਂ ਬਹੁਤ ਵੱਡੀ ਲਾਲਸਾ ਧਾਰਨ ਕੀਤੀ ਹੋਈ ਹੈ।" ਉਹ ਮਨੁੱਖ ਤੁਰਤ ਚਲਾ ਗਿਆ ਤੇ ਗੁਰੂ ਜੀ ਪਾਸ ਪਹੁੰਚ ਗਿਆ ਤੇ ਗੁਰੂ ਜੀ ਨੂੰ ਉਸ ਸਾਰਾ ਪ੍ਰਸੰਗ ਸੁਣਾਇਆ॥੪੨॥

*ਨੌਵੀਂ ਰਾਸ ਦਾ ਚੌਦ੍ਹਵਾਂ ਅਧਿਆਇ ਸਮਾਪਤ ਹੋਇਆ॥੧੪॥*

## ਅਧਿਆਇ ਪੰਦਰ੍ਹਵਾਂ

*ਗੁਰੂ ਜੀ ਗੋਇੰਦਵਾਲ ਤੇ ਖਡੂਰ ਸਾਹਿਬ ਆਏ*

ਦੋਹਰਾ- ਸ੍ਰੀ ਸਤਿਗੁਰ ਹਰਿਰਾਇ ਜੀ ਕੀਰਤਿਪੁਰਿ ਕੋ ਛੋਰਿ।
ਨਿਜ ਬਡਿਅਨਿ ਗੁਰ ਥਾਨ ਕੋ ਦੇਖਨਿ ਮਾਝੇ ਓਰ॥ ੧॥

ਸ੍ਰੀ ਸਤਿਗੁਰੂ ਹਰਿਰਾਇ ਜੀ ਕੀਰਤਪੁਰ ਨੂੰ ਛੱਡ ਕੇ ਆਪਣੇ ਵੱਡੇ ਗੁਰੂ ਸਾਹਿਬਾਨ ਦੇ ਸਥਾਨ ਵੇਖਣ ਵਾਸਤੇ ਮਾਝੇ ਵਲ ਗਏ॥੧॥

ਚੌਪਈ- ਪਤਿਸ਼ਾਹਿਤ ਮੈਂ ਰੌਰਾ ਪਰੇ। ਸ਼ਾਹਿਜਹਾਂ ਕੇ ਸੁਤ ਜਬਿ ਲਰੇ।
ਸ੍ਰੀ ਸਤਿਗੁਰ ਸਤੁੱਦ੍ਰਵ ਕੋ ਤਰਿ ਕੈ। ਸੈਨਾ ਸੰਗ ਸਕੇਲਨਿ ਕਰਿ ਕੈ॥੨॥

ਬਾਦਸ਼ਾਹੀ ਦਾ ਰੌਲਾ ਪਿਆ ਹੋਇਆ ਸੀ, ਜਦ ਸ਼ਾਹਜਹਾਂ ਦੇ ਪੁੱਤਰ ਆਪਸ ਵਿਚ ਲੜਦੇ ਸਨ। ਸ੍ਰੀ ਸਤਿਗੁਰੂ ਹਰਿਰਾਇ ਜੀ ਸਤਲੁਜ ਨੂੰ ਪਾਰ ਕਰਕੇ ਆਪਣੀ ਸਾਰੀ ਸੈਨਾ ਇਕੱਠੀ ਕਰਕੇ ਨਾਲ ਲੈ ਕੇ ਚਲ ਪਏ॥੨॥

ਦੇਸ਼ ਦੁਆਬਾ ਉਲੰਘੇ ਸਾਰੇ। ਬਾਜਤਿ ਦੁੰਦਤਿ ਜਾਤਿ ਅਗਾਰੇ।
ਜ਼ਰੀ ਬਾਦਲੇ ਚਾਰੁ ਨਿਸ਼ਾਨ। ਫਹਿਰਤਿ ਆਗੇ, ਚਲਹਿਂ ਕਿਕਾਨ॥੩॥

ਦੁਆਬਾ ਦੇਸ਼ ਸਾਰਾ ਪਾਰ ਕੀਤਾ, ਨਗਾਰੇ ਵੱਜਦੇ ਅੱਗੇ ਜਾ ਰਹੇ ਸਨ। ਜ਼ਰੀ ਦੇ ਕੱਪੜੇ ਦਾ ਬਣਿਆ ਹੋਇਆ ਸੁੰਦਰ ਨਿਸ਼ਾਨ ਸਾਹਿਬ ਅੱਗੇ ਅੱਗੇ ਝੂਲਦਾ ਜਾ ਰਿਹਾ ਸੀ॥੩॥

ਕਬਿ ਸਤਿਗੁਰ ਸਿਵਕਾ ਚਢਿ ਚਾਲੈਂ। ਕਬਹੁਂ ਤੁਰੰਗ ਅਰੂਢਿ ਬਿਸਾਲੈਂ।
ਕਬਿ ਮਤੰਗ ਪਰ ਹੁਇਂ ਅਸਵਾਰ। ਸੰਗ ਵਾਹਿਨੀ ਕਿਤਿਕ ਹਜ਼ਾਰ॥੪॥

ਕਦੀ ਸਤਿਗੁਰੂ ਜੀ ਪਾਲਕੀ 'ਤੇ ਚੜ੍ਹਕੇ ਚਲਦੇ ਸਨ, ਕਦੀ ਵੱਡੇ ਭਾਰੇ ਘੋੜੇ 'ਤੇ ਸਵਾਰ ਹੋ ਜਾਂਦੇ ਸਨ। ਕਦੀ ਹਾਥੀ 'ਤੇ ਸਵਾਰ ਹੋ ਜਾਂਦੇ ਸਨ ਤੇ ਨਾਲ ਹਜ਼ਾਰਾਂ ਦੀ ਗਿਣਤੀ ਵਿਚ ਸੈਨਾ ਸੀ॥੪॥

ਸੁਭਟ ਕੁਦਾਵਤਿ ਚਲਹਿਂ ਤੁਰੰਗ। ਗੁਰੂ ਦਿਖਾਵਹਿਂ ਮਨਹੁਂ ਕੁਰੰਗ।
ਇਮ ਗਮਨਤਿ ਗੇ ਪਾਸ ਬਿਪਾਸਾ। ਸਿੰਧੁ ਗਾਮਨੀ ਸੁਜਲ ਬਿਲਾਸਾ॥ ੫॥

ਸੂਰਬੀਰ ਘੋੜਿਆਂ ਨੂੰ ਟਪਾਉਂਦੇ ਜਾ ਰਹੇ ਸਨ, ਗੁਰੂ ਜੀ ਨੂੰ ਵਿਖਾਉਂਦੇ ਸਨ, ਮਾਨੋਂ ਘੋੜੇ ਨਹੀਂ ਹਿਰਨ ਨੱਚ ਰਹੇ ਸਨ। ਇਸ ਤਰ੍ਹਾਂ ਚਲਦੇ ਬਿਆਸ ਨਦੀ ਦੇ ਪਾਸ ਪਹੁੰਚ ਗਏ, ਜਿਹੜੀ ਸਮੁੰਦਰ ਵਿਚ ਜਾਣ ਵਾਲੀ ਅਨੰਦਦਾਇਕ ਸ੍ਰੇਸ਼ਟ ਜਲ ਵਾਲੀ ਨਦੀ ਹੈ॥੫॥

ਨੌਕਾ ਕਰੀ ਸਕੇਲਨਿ ਸਾਰੀ। ਚਢਿ ਸੈਨਾ ਗਨ ਉਤਰੀ ਪਾਰੀ।
ਅਹੈ ਤੀਰ ਪਰ ਗੋਇੰਦਵਾਲ। ਜਾਇ ਪਹੂੰਚੇ ਗੁਰੂ ਕ੍ਰਿਪਾਲ॥ ੬॥

ਸਾਰੀਆਂ ਬੇੜੀਆਂ ਇਕੱਠੀਆਂ ਕੀਤੀਆਂ, ਸਾਰੀ ਸੈਨਾ ਚੜ੍ਹ ਕੇ ਪਾਰ ਉਤਰ ਗਈ। ਉਥੇ ਹੀ ਦਰਿਆ ਦੇ ਕਿਨਾਰੇ ਗੋਇੰਦਵਾਲ ਸੀ ਜਿਥੇ ਕ੍ਰਿਪਾਲੂ ਗੁਰੂ ਜੀ ਪਹੁੰਚੇ॥੬॥

ਨਮੋ ਕਰੀ ਦੂਰਹਿ ਤੇ ਹੇਰਿ। ਗਏ ਬਾਪਕਾ ਪਰ ਗੁਰ ਫੇਰ।
ਕਰਿ ਪੂਜਾ ਕੋ ਨੀਰ ਸ਼ਨਾਨੇ। ਅੰਮ੍ਰਿਤ ਜਲ ਪੁਨ ਕੀਨਸਿ ਪਾਨੇ॥ ੭॥

ਗੋਇੰਦਵਾਲ ਨੂੰ ਦੂਰ ਤੋਂ ਹੀ ਵੇਖ ਕੇ ਨਮਸਕਾਰ ਕੀਤੀ। ਗੁਰੂ ਜੀ ਫਿਰ ਬਾਉਲੀ ਦੇ ਪਾਸ ਗਏ। ਪੂਜਾ ਕਰਕੇ ਇਸ਼ਨਾਨ ਕੀਤਾ, ਫਿਰ ਅੰਮ੍ਰਿਤ ਜਲ ਪੀਤਾ॥੭॥

ਸ੍ਰੀ ਮੁਖ ਸਾਥ ਮਹਾਤਮ ਕਹਾ। 'ਮੁਕਤਿ ਸਥਾਨ ਕਹਜੋ ਗੁਰ ਮਹਾਂ'।
ਸ੍ਰੀ ਗੁਰ ਅਮਰ ਜੁ ਸੰਤਤਿ ਸਾਰੀ। ਜਹਿਂ ਕਹਿਂ ਤੇ ਨਿਜ ਨਿਕਟਿ ਹਕਾਰੀ॥੮॥

ਸ੍ਰੀ ਗੁਰੂ ਜੀ ਨੇ ਆਪਣੇ ਮੁਖ ਦੇ ਨਾਲ ਬਾਉਲੀ ਸਾਹਿਬ ਦਾ ਮਹਾਤਮ ਕਿਹਾ, "ਗੁਰੂ ਜੀ ਨੇ ਇਸ ਨੂੰ ਵੱਡਾ ਮੁਕਤੀ ਸਥਾਨ ਕਿਹਾ ਹੈ।" ਫਿਰ ਸ੍ਰੀ ਗੁਰੂ ਅਮਰਦਾਸ ਜੀ ਦੀ ਸਾਰੀ ਸੰਤਾਨ, ਜਿਥੇ ਕਿਥੇ ਕਹਿ ਕੇ ਆਪਣੇ ਪਾਸ ਬੁਲਾਈ॥੮॥

ਸਿੱਖ ਆਇ ਕਰਿ ਬੰਦਨ ਭਲੇ। ਸ੍ਰੀ ਹਰਿਰਾਇ ਸੰਗ ਸਭਿ ਮਿਲੇ।
ਕਿਰਤਨ ਕੋ ਕਰਿਵਾਇ ਅਗਾਰੇ। ਸਨੇ ਸਨੇ ਗੁਰ ਪੁਰੀ ਪਧਾਰੇ॥ ੯॥

ਸਿੱਖ ਆਕੇ ਬੰਦਨਾ ਕਰਦੇ ਸਨ, ਸ੍ਰੀ ਗੁਰੂ ਹਰਿਰਾਇ ਜੀ ਨੂੰ ਸਾਰੇ ਆ ਕੇ ਮਿਲੇ। ਗੁਰੂ ਜੀ ਨੇ ਆਪਣੇ ਸਾਹਮਣੇ ਕੀਰਤਨ ਕਰਵਾਇਆ ਤੇ ਹੋਲੀ-ਹੋਲੀ ਗੁਰੂ ਜੀ ਦੀ ਨਗਰੀ ਵਿਚ ਚਲੇ ਗਏ॥੯॥

ਪ੍ਰੇਮ ਕਰੇ ਸੁਨਿਤੇ ਗੁਰਬਾਨੀ। ਭੱਲਜਨਿ ਕੀ ਕੁਲ ਬਸੈ ਮਹਾਨੀ।
ਸ੍ਰੀ ਗੁਰੂ ਅਮਰਦਾਸ ਚੋਬਾਰੇ। ਜਹਾਂ ਬਸੇ ਬਹੁ ਬਰਖ ਗੁਜ਼ਾਰੇ॥ ੧੦॥

ਜਿਹੜੇ ਪ੍ਰੇਮ ਨਾਲ ਗੁਰਬਾਣੀ ਸੁਣਦੇ ਸਨ, ਭਲਿਆਂ ਦੀ ਉਥੇ ਮਹਾਨ ਕੁਲ ਵੱਸਦੀ ਸੀ। ਫਿਰ ਸ੍ਰੀ ਗੁਰੂ ਅਮਰਦਾਸ ਜੀ ਦਾ ਚੁਬਾਰਾ ਵੇਖਣ ਗਏ ਜਿਥੇ ਗੁਰੂ ਅਮਰਦਾਸ ਜੀ ਨੇ ਰਹਿ ਕੇ ਬਹੁਤ ਸਾਲ ਗੁਜ਼ਾਰੇ ਸਨ॥੧੦॥

ਤਹਾਂ ਗਏ ਸਤਿਗੁਰ ਹਰਿਰਾਇ। ਪ੍ਰਥਮ ਸੁਪਾਨ ਥਾਨ ਸਿਰ ਨਜਾਇ।
ਚਰਨ ਧੂਰਿ ਮਸਤਕ ਪਰ ਲਾਈ। ਮਹਿਮਾ ਮਹਾਂ ਬਖਾਨਿ ਸੁਨਾਈ॥ ੧੧॥

ਉਥੇ ਸਤਿਗੁਰੂ ਹਰਿਰਾਇ ਜੀ ਗਏ। ਪਹਿਲਾਂ ਪੌੜੀਆਂ ਵਾਲੀ ਥਾਂ 'ਤੇ ਸਿਰ ਨਿਵਾਇਆ ਤੇ ਚਰਨ ਧੂੜ ਮੱਥੇ ਨੂੰ ਲਾਈ ਤੇ ਫਿਰ ਮਹਾਨ ਮਹਿਮਾ ਕਹਿ ਕੇ ਸੁਣਾਈ॥੧੧॥

'ਸ੍ਰੀ ਸਤਿਗੁਰੂ ਅਮਰ ਇਸ ਥਾਨ। ਇਹ ਰਜ ਕਰਤਿ ਪੁਨੀਤ ਮਹਾਨ।
ਭਏ ਸਥਿਤ ਆਗੈ ਚੌਬਾਰੇ। ਦੀਪ ਸੁ ਧੂਪ ਕੁਸਮ ਬਿਸਤਾਰੇ॥ ੧੨॥

'ਸ੍ਰੀ ਸਤਿਗੁਰੂ ਅਮਰਦਾਸ ਜੀ ਨੇ ਇਸ ਸਥਾਨ ਦੀ ਧੂੜ ਨੂੰ ਮਹਾਨ ਪਵਿੱਤਰ ਕੀਤਾ ਹੈ। ਫਿਰ ਚੁਬਾਰੇ ਦੇ ਅੱਗੇ ਬੈਠ ਗਏ, ਦੀਪਕ ਜਗਾਇਆ ਗਿਆ, ਧੂਪ ਧੁਖਾਇਆ ਗਿਆ ਅਤੇ ਫੁੱਲ ਵਿਛਾਏ ਗਏ॥੧੨॥

ਸੰਗਤਿ ਮੇਲ ਭਯੋ ਬਡਿ ਆਇ। ਭਈ ਭੀਰ ਬਹੁ, ਥਾਇਂ ਨ ਪਾਇ।
ਬੈਠਿ ਗਏ ਸਤਿਗੁਰ ਦ੍ਰਿਢ ਆਸਨ। ਹੋਤਿ ਅਖੰਡ ਕੀਰਤਨ ਭਾਸ਼ਨ॥ ੧੩॥

ਬਹੁਤ ਸੰਗਤ ਮਿਲਣ ਵਾਸਤੇ ਆਈ। ਬਹੁਤ ਭੀੜ ਹੋ ਗਈ, ਬੈਠਣ ਵਾਸਤੇ ਥਾਂ ਨਹੀਂ ਸੀ ਲੱਭਦਾ। ਸਤਿਗੁਰੂ ਜੀ ਦ੍ਰਿੜ੍ਹ ਆਸਣ ਲਾ ਕੇ ਬੈਠ ਗਏ। ਅਖੰਡ ਕੀਰਤਨ ਤੇ ਕਥਾ ਦਾ ਪ੍ਰਵਾਹ ਚਲ ਰਿਹਾ ਸੀ॥੧੩॥

ਭਾਂਤਿ ਭਾਂਤਿ ਕੀ ਬਹੁ ਮਠਿਆਈ। ਕਰਜੋ ਤਿਹਾਵਲ ਨਰ ਸਮੁਦਾਈ।
ਨੀਕੀ ਰੀਤਿ ਸਭਿਨਿ ਬਰਤਾਯੋ। ਤੂਸ਼ਨਿ ਧਰੇ ਸ਼ਬਦ ਮਨ ਲਾਯੋ॥ ੧੪॥

ਬਹੁਤ ਪ੍ਰਕਾਰ ਦੀ ਮਠਿਆਈ ਮੰਗਵਾਈ ਗਈ, ਸੰਗਤਾਂ ਨੇ ਇਕੱਠੇ ਹੋ ਕੇ ਕੜਾਹ ਪ੍ਰਸ਼ਾਦ ਤਿਆਰ ਕੀਤਾ। ਚੰਗੀ ਰੀਤ ਨਾਲ ਸਭ ਨੂੰ ਵਰਤਾਇਆ। ਸਾਰਿਆਂ ਨੇ ਚੁਪ ਧਾਰਨ ਕਰਕੇ ਸ਼ਬਦ ਨੂੰ ਮਨ ਵਿਚ ਵਸਾਇਆ॥੧੪॥

ਸ੍ਰੀ ਗੁਰ ਅਮਰ ਜੁ ਸੰਤਤਿ ਆਈ। ਇਕਠੀ ਹੁਇ ਸਭਿ ਮਿਲਿ ਸਮੁਦਾਈ।
ਗੁਰ ਨੇ ਨਿਜ ਗਰ ਸੰਗ ਲਗਾਈ। ਕਰਿ ਆਦਰ ਨਿਜ ਨਿਕਟਿ ਬਿਠਾਈ॥੧੫॥

ਸ੍ਰੀ ਗੁਰੂ ਅਮਰਦਾਸ ਜੀ ਦੀ ਜਿਹੜੀ ਸੰਤਾਨ ਆਈ, ਸਾਰੇ ਇਕੱਠੇ ਹੋ ਕੇ ਮਿਲ ਕੇ ਆਏ। ਗੁਰੂ ਜੀ ਨੇ ਉਨ੍ਹਾਂ ਨੂੰ ਆਪਣੇ ਗਲ ਨਾਲ ਲਾਇਆ ਤੇ ਬੜਾ ਆਦਰ ਕਰਕੇ ਉਨ੍ਹਾਂ ਨੂੰ ਆਪਣੇ ਪਾਸ ਬਿਠਾਇਆ॥੧੫॥

ਕੁਸ਼ਲ ਪ੍ਰਸ਼ਨ ਸਭਿਹਿਨਿ ਸੰਗ ਕੀਨੇ। ਸੂਖਮ ਬਸਤ੍ਰ ਪਹਿਰਿਬੇ ਦੀਨੇ।
ਸਭਿਹਿਨਿ ਕੋ ਪੋਸ਼ਿਸ਼ ਪਹਿਰਾਈ। ਦਰਬ ਮੰਗਾਇ ਦਿਯੇ ਸਮੁਦਾਈ॥ ੧੬॥

ਸਰਿਆਂ ਨੂੰ ਸੁਖਸਾਂਦ ਅਤੇ ਅਨੰਦ ਕੁਸ਼ਲਤਾ ਬਾਰੇ ਪੁੱਛਿਆ ਅਤੇ ਸੁੰਦਰ ਵਸਤਰ ਪਹਿਣਨ ਵਾਸਤੇ ਦਿੱਤੇ। ਸਾਰਿਆਂ ਨੂੰ ਪੋਸ਼ਾਕਾਂ ਪਹਿਨਾਈਆਂ ਤੇ ਸਭ ਨੂੰ ਧਨ ਮੰਗਵਾ ਕੇ ਦਿੱਤਾ ॥ ੧੬॥

ਕਰਿ ਸੰਤੁਸ਼ਟ ਅਧਿਕ ਸਨਮਾਨੇ। ਨਮੋ ਠਾਨਿ ਕਰਿ ਪੁਨਿ ਤਿਸ ਥਾਨੇ।
ਵਹਿਰ ਆਇ ਡੇਰੇ ਮਹਿਂ ਗਏ। ਖਾਨ ਪਾਨ ਕਰਿ ਪੁਨ ਸੁਪਤਏ॥ ੧੭॥

ਸੰਤੁਸ਼ਟ ਕਰਕੇ ਬਹੁਤ ਸਨਮਾਨ ਕੀਤਾ, ਨਮਸਕਾਰ ਕਰਕੇ ਫਿਰ ਉਸ ਥਾਂ ਬੈਠ ਗਏ। ਬਾਹਰ ਆ ਕੇ ਡੇਰੇ ਵਿਚ ਗਏ, ਖਾ ਪੀ ਕੇ ਫਿਰ ਸੌਂ ਗਏ॥੧੭॥

ਜਾਮ ਜਾਮਨੀ ਤੇ ਪੁਨ ਜਾਗੇ। ਸਗਰੀ ਸੌਚ ਕਰਿਨਿ ਗੁਰ ਲਾਗੇ।
ਨੀਰ ਬਾਵਲੀ ਕੋ ਮੰਗਵਾਏ। ਇਕ ਸੌ ਇਕ ਗਾਗਰ ਭਰਿ ਲਯਾਏ॥ ੧੮॥

ਪਹਿਰ ਰਾਤ ਰਹਿੰਦਿਆਂ ਜਾਗ ਪਏ ਤੇ ਸਭ ਪ੍ਰਕਾਰ ਦੀ ਸੋਚ ਗੁਰੂ ਜੀ ਕਰਨ ਲੱਗੇ। ਬਾਉਲੀ ਦਾ ਜਲ ਮੰਗਵਾਇਆ ਤੇ ਸੇਵਕ ਇਕ ਸੌ ਇਕ ਗਾਗਰਾਂ ਭਰ ਕੇ ਲੈ ਆਏ॥੧੮॥

ਤਿਨ ਸਭਿ ਸੋਂ ਗੁਰ ਕੀਨਿ ਸ਼ਨਾਨ। ਹੁਇ ਏਕਾਕੀ ਠਾਨਜੋ ਧਜਾਨ।
ਨਿਜ ਸਰੂਪ ਮਹਿਂ ਬ੍ਰਿਤੀ ਟਿਕਾਈ। ਆਨੰਦ ਮਗਨ ਭਏ ਗੋਸਾਈਂ॥ ੧੯॥

ਉਨ੍ਹਾਂ ਸਭ ਨਾਲ ਗੁਰੂ ਜੀ ਨੇ ਇਸ਼ਨਾਨ ਕੀਤਾ ਤੇ ਇਕਾਂਤ ਵਿਚ ਬੈਠ ਕੇ ਆਪਣੇ ਸਰੂਪ ਵਿਚ ਧਿਆਨ ਲਗਾ ਲਿਆ।

ਬ੍ਰਿਤੀ ਟਿਕਾ ਕੇ ਮਾਲਕ ਗੁਰੂ ਜੀ ਆਨੰਦ ਮਗਨ ਹੋ ਗਏ॥੧੯॥

ਪ੍ਰਾਤਿ ਹੋਤਿ ਬਿਕਸੇ ਦ੍ਰਿਗ ਕੁੰਜ। ਨਮੋ ਕਰੀ ਮਿਲਿ ਸੇਵਕ ਪੁੰਜ।<br>
ਇਕ ਸੋ ਏਕ ਪਾਟ ਕੋ ਜਾਮਾ। ਸੂਖਮ ਬਹੁਤ ਸੇਤ ਅਭਿਰਾਮਾ॥ ੨੦॥

ਸਵੇਰ ਹੁੰਦਿਆਂ ਹੀ ਕੰਵਲ ਨੈਨ ਖਿੜ ਗਏ ਤੇ ਸੇਵਕਾਂ ਨੇ ਮਿਲ ਕੇ ਨਮਸਕਾਰ ਕੀਤੀ। ਇਕ ਸੋ ਇਕ ਪਲਿਆਂ ਵਾਲਾ ਜਾਮਾ ਲਿਆ ਜਿਹੜਾ ਬੜਾ ਸੁੰਦਰ, ਸੂਖਮ ਅਤੇ ਸਫੈਦ ਸੀ॥੨੦॥

ਪਹਿਰਨਿ ਤਨ ਮਹਿਂ ਤਬਿਹੂੰ ਕਰਜੋ। ਸਿਪਰ ਖੜਗ ਕੋ ਆਗੈ ਧਰਜੋ।<br>
ਤਰਕਸ਼ ਧਨੁ ਜੁਤਿ ਸ਼ਸਤ੍ਰ ਬਿਸਾਲਾ। ਧਾਰਨ ਕਰੇ ਚਾਰੁ ਸਭਿ ਦਜਾਲਾ॥੨੧॥

ਉਸ ਨੂੰ ਸਰੀਰ 'ਤੇ ਧਾਰਨ ਕਰ ਲਿਆ। ਤਲਵਾਰ ਢਾਲ ਨੂੰ ਅੱਗੇ ਧਰ ਦਿੱਤਾ, ਤੀਰਾਂ ਦੇ ਭੱਥਿਆਂ ਅਤੇ ਧਨੁੱਖ ਸਮੇਤ ਵਿਸ਼ਾਲ ਸ਼ਸਤਰ ਸਨ। ਦਿਆਲੂ ਗੁਰੂ ਜੀ ਨੇ ਫਿਰ ਸੁੰਦਰ ਸ਼ਸਤਰ ਧਾਰਨ ਕਰ ਲਏ॥੨੧॥

ਤਹਿਂ ਤੇ ਪੁਰਿ ਦਿਸ਼ਿ ਸੀਸ ਨਿਵਾਯਹੁ। ਸ੍ਰੀ ਗੁਰ ਅਮਰ ਨਾਮ ਸਿਮਰਾਯਹੁ।<br>
ਅਸੁ ਅਰੂਢਿ ਹੁਇ ਚਲੇ ਅਗਾਰੀ। ਦੁੰਦਭਿ ਬਜਜੋ ਭਈ ਧੁਨਿ ਭਾਰੀ॥੨੨॥

ਉਥੋਂ ਹੀ ਨਗਰ ਵਾਲੇ ਪਾਸੇ ਸਿਰ ਨਿਵਾਇਆ ਤੇ ਗੁਰੂ ਅਮਰਦਾਸ ਜੀ ਦੇ ਨਾਮ ਦਾ ਸਿਮਰਨ ਕੀਤਾ। ਘੋੜੇ 'ਤੇ ਸਵਾਰ ਹੋ ਕੇ ਅੱਗੇ ਚਲ ਪਏ। ਨਗਾਰੇ ਦੀ ਬੜੀ ਉੱਚੀ ਆਵਾਜ਼ ਵਿਚ ਗਰਜ ਹੋਈ॥੨੨॥

ਕਛੁ ਤੋਪਨਿ ਕੀ ਸ਼ਲਖ ਚਲਾਈ। ਚਲਜੋ ਨਕੀਬ ਬੁਲਤਿ ਅਗਵਾਈ।<br>
ਚਲੇ ਤੁਰੰਗਮ ਭਟ ਗਮਨੰਤੇ। ਖੁਰ ਮੋਂ ਅਵਿਨੀ ਸ਼ਬਦ ਉਠੰਤੇ॥ ੨੩॥

ਕੁਝ ਬੰਦੂਕਾਂ ਵੀ ਚਲਾਈਆਂ ਗਈਆਂ ਤੇ ਨਕੀਬ ਅੱਗੇ ਅੱਗੇ ਬੋਲਦਾ ਚਲਿਆ ਜਾ ਰਿਹਾ ਸੀ। ਘੋੜੇ ਅਤੇ ਸੂਰਬੀਰ ਚੱਲ ਪਏ. ਜਦ ਧਰਤੀ ਉੱਤੇ ਘੋੜਿਆਂ ਦੇ ਖੁਰ ਪੈਂਦੇ ਸਨ ਤਾਂ ਬੜੀ ਉੱਚੀ ਆਵਾਜ਼ ਉੱਠਦੀ ਸੀ॥੨੩॥

ਉਲੰਘੇ ਪੰਥ ਸਗਲ ਤਤਕਾਲ। ਪਹੁੰਚੇ ਜਾਇ ਖਡੂਰ ਕ੍ਰਿਪਾਲ।<br>
ਗ੍ਰਾਮ ਵਹਿਰ ਡੇਰਾ ਕਰਿਵਾਇ। ਉਤਰੀ ਸੈਨ ਥਿਰੀ ਸਮੁਦਾਇ॥ ੨੪॥

ਤੁਰਤ ਸਾਰਾ ਪੈਂਡਾ ਪਾਰ ਕਰ ਕੇ ਕ੍ਰਿਪਾਲੂ ਗੁਰੂ ਜੀ ਖਡੂਰ ਸਾਹਿਬ ਪਹੁੰਚ ਗਏ। ਪਿੰਡ ਦੇ ਬਾਹਰ ਡੇਰਾ ਕਰਵਾਇਆ, ਸਾਰੀ ਸੈਨਾ ਉਤਾਰਾ ਕਰਕੇ ਬੈਠ ਗਈ॥੨੪॥

ਆਪ ਉਤਰ ਕਰਿ ਸ੍ਰੀ ਹਰਿਰਾਇ। ਗਏ ਗੁਰੂ ਅੰਗਦ ਕੀ ਥਾਇਂ।<br>
ਦੁਖ ਸੁਖ ਤੇ ਜੋ ਨਿਤ ਨਿਰਬਾਨ। ਮੁਕਤਿ ਰੂਪ ਸ੍ਰੀ ਗੁਰੁ ਭਗਵਾਨ॥ ੨੫॥

ਸ੍ਰੀ ਗੁਰੂ ਹਰਿਰਾਇ ਜੀ ਆਪ ਉਤਰ ਕੇ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਸਥਾਨ 'ਤੇ ਗਏ, ਜਿਹੜੇ ਦੁਖ ਸੁਖ ਤੋਂ ਸਦਾ ਅਤੀਤ ਰਹਿੰਦੇ ਹਨ। ਸ੍ਰੀ ਗੁਰੂ ਭਗਵਾਨ ਜੀ ਮੁਕਤੀ ਦਾ ਰੂਪ ਹਨ॥੨੫॥

ਪ੍ਰਥਮੈ ਜਾਇ ਪ੍ਰਦਖਨਾ ਕਰੀ। ਕਰ ਸੋਂ ਲਈ ਧੂਰਿ ਸਿਰ ਧਰੀ।<br>
ਦੀਪਕ ਬ੍ਰਿੰਦ ਘ੍ਰਿਤ ਕੇ ਬਾਰੇ। ਧੂਪ ਧੁਖਾਇ ਸੁਗੰਧਿਤ ਸਾਰੇ॥ ੨੬॥

ਪਹਿਲਾਂ ਜਾ ਕੇ ਉਸ ਅਸਥਾਨ ਦੀਆਂ ਪਰਿਕਰਮਾਂ ਕੀਤੀਆਂ, ਫਿਰ ਹੱਥ ਨਾਲ ਉਸ ਸਥਾਨ ਦੀ ਧੂੜ ਲੈ ਕੇ ਸਿਰ 'ਤੇ ਧਾਰਨ ਕੀਤੀ। ਘਿਉ ਦੇ ਬਹੁਤ ਦੀਵੇ ਬਾਲੇ ਗਏ ਤੇ ਧੂਪ ਧੁਖਾ ਕੇ ਸਾਰੇ ਥਾਂ ਨੂੰ ਸੁਗੰਧਤ ਕਰ ਦਿੱਤਾ ਗਿਆ॥੨੬॥

ਸੁਮਨਸ ਮਾਲਾ ਤਹਿਂ ਲਰਕਾਈ। ਪੂਜਨ ਕਰੇ ਸੁ ਗ੍ਰੀਵ ਨਿਵਾਈ।<br>
ਸਨਮਾਨਤਿ ਗੁਰ ਅੰਗਦ ਅੰਸ। ਕਰੀ ਹਕਾਰਨਿ ਮਹਾਂ ਪ੍ਰਸ਼ੰਸ਼॥ ੨੭॥

ਫੁੱਲਾਂ ਦੇ ਹਾਰ ਉਥੇ ਲਟਕਾ ਦਿੱਤੇ ਤੇ ਸਿਰ ਨਿਵਾ ਕੇ ਉਸ ਸਥਾਨ ਦੀ ਪੂਜਾ ਕੀਤੀ। ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸੰਤਾਨ ਨੂੰ ਸਨਮਾਨਿਤ ਕੀਤਾ ਤੇ ਉਨ੍ਹਾਂ ਨੂੰ ਬੁਲਾ ਕੇ ਮਹਾਨ ਪ੍ਰਸੰਸਾ ਕੀਤੀ॥੨੭॥

ਉਠਿ ਕਰਿ ਸਗਰੇ ਗਰੇ ਲਗਾਏ। ਪ੍ਰਥਮੇ ਦਯੋ ਦਰਬ ਸਮੁਦਾਏ।
ਭਾਉ ਭਗਤਿ ਸਭਿ ਕੀ ਬਹੁ ਕੀਨਿ। ਪੋਸ਼ਿਸ਼ ਬਹੁ ਪਹਿਰਨਿ ਕੋ ਦੀਨਿ॥ ੨੮॥

ਆਪ ਉਠ ਕੇ ਸਾਰਿਆਂ ਨੂੰ ਆਪਣੇ ਗਲ ਨਾਲ ਲਾਇਆ। ਪਹਿਲਾਂ ਉਨ੍ਹਾਂ ਨੂੰ ਕਾਫੀ ਧਨ ਦਿੱਤਾ। ਪ੍ਰੇਮ ਭਗਤੀ ਸਭ ਦੀ ਬਹੁਤ ਕੀਤੀ ਤੇ ਪਹਿਨਣ ਵਾਸਤੇ ਬਹੁਤ ਪੁਸ਼ਾਕਾਂ ਦਿੱਤੀਆਂ॥੨੮॥

ਕੁਸ਼ਲ ਪੂਛ ਕਰਿ ਕੈ ਸਨਮਾਨਾ। ਬਹੁਰ ਮੰਗਾਯੋ ਬਹੁ ਪਕਵਾਨਾ।
ਸਭਿਹਿਨਿ ਕੋ ਬੈਠਾਇ ਅਚਾਵਾ। ਪਰਮ ਪ੍ਰਸੰਨ ਹੋਇ ਤਿਨ ਖਾਵਾ॥ ੨੯॥

ਸੁਖ ਸਾਂਦ ਪੁੱਛ ਕੇ ਉਨ੍ਹਾਂ ਦਾ ਸਨਮਾਨ ਕੀਤਾ, ਫਿਰ ਬਹੁਤ ਪਕਵਾਨ ਮੰਗਵਾਏ ਤੇ ਸਾਰਿਆਂ ਨੂੰ ਬਿਠਾ ਕੇ ਖਵਾਏ। ਉਨ੍ਹਾਂ ਨੇ ਬਹੁਤ ਪ੍ਰਸੰਨ ਹੋ ਕੇ ਭੋਜਨ ਸੇਵਨ ਕੀਤਾ॥੨੯॥

ਪੁਨ ਤਿਨ ਕੋ ਸਗਰੋ ਬਿਵਹਾਰ। ਬੂਝਨ ਕੀਨਸਿ ਸਰਬ ਪ੍ਰਕਾਰ।
ਸਗਰੀ ਸੰਗਤਿ ਜੇਤਿਕ ਆਈ। ਸਭਿਨਿ ਦੇਗ ਤੇ ਭੋਜਨ ਖਾਈ॥ ੩੦॥

ਫਿਰ ਉਨ੍ਹਾਂ ਦੇ ਸਾਰੇ ਕਾਰੋਬਾਰ ਬਾਰੇ ਗੁਰੂ ਜੀ ਨੇ ਸਰਬ ਪ੍ਰਕਾਰ ਪੁੱਛਿਆ। ਸਾਰੀ ਸੰਗਤ ਜਿੰਨੀ ਵੀ ਆਈ ਸੀ, ਸਾਰਿਆਂ ਨੇ ਲੰਗਰ ਤੋਂ ਭੋਜਨ ਛਕਿਆ॥੩੦॥

ਜਾਮ ਜਾਮਨੀ ਲਗਿ ਸਭਿ ਪੋਸੇ। ਦਾਨ ਮਾਨ ਦੇ ਕਰਿ ਸੰਤੋਸੇ।
ਭੂਮਾਸਨ ਪਰ ਸ੍ਰੀ ਹਰਿਰਾਇ। ਖਾਨ ਪਾਨ ਕਰਿ ਕੈ ਤਿਸ ਥਾਇਂ॥ ੩੧॥

ਪਹਿਰ ਰਾਤ ਤਕ ਸਭ ਨੂੰ ਤ੍ਰਿਪਤ ਕੀਤਾ ਤੇ ਦਾਨ ਮਾਨ ਦੇ ਕੇ ਸੰਤੁਸ਼ਟ ਕੀਤਾ। ਗੁਰੂ ਹਰਿਰਾਇ ਜੀ ਨੇ ਉਸ ਸਥਾਨ ਵਿਖੇ ਹੀ ਖਾ ਪੀ ਕੇ ਭੂਮੀ 'ਤੇ ਹੀ ਆਸਣ ਲਗਾ ਲਿਆ॥੩੧॥

ਸ੍ਰੀ ਅੰਗਦ ਇਸਥਾਨ ਅਗਾਰੀ। ਬੈਠੇ ਸਗਰੀ ਨਿਸਾ ਗੁਜ਼ਾਰੀ।
ਕਿਰਤਨ ਭਜਨ ਅਖੰਡ ਭਯੋ ਹੈ। ਬਹੁ ਸੰਗਤਿ ਕੋ ਮੇਲ ਥਿਯੋ ਹੈ॥ ੩੨॥

ਸ੍ਰੀ ਗੁਰੂ ਅੰਗਦ ਦੇਵ ਜੀ ਦੇ ਅਸਥਾਨ ਅੱਗੇ ਬੈਠ ਕੇ ਹੀ ਸਾਰੀ ਰਾਤ ਗੁਜ਼ਾਰੀ। ਅਖੰਡ ਭਜਨ ਕੀਰਤਨ ਚਲਿਆ, ਬਹੁਤ ਸੰਗਤ ਦਾ ਮੇਲ ਉਥੇ ਇਕੱਠਾ ਹੋਇਆ॥੩੨॥

ਇਕ ਸਿਮਰਨ ਦੂਜੇ ਗੁਰ ਦਰਸ਼ਨ। ਕਰਹਿਂ ਸਿੱਖ ਸੰਗਤਿ ਉਰ ਹਰਸ਼ਨ।
ਰਹੀ ਜਾਮਨੀ ਜਬਿਹੂੰ ਜਾਮ। ਉਠੇ ਗੁਰੂ ਆਨੰਦ ਕੇ ਧਾਮ॥ ੩੩॥

ਇਕ ਸਿਮਰਨ ਕਰਦੇ ਸਨ, ਦੂਸਰੇ ਗੁਰੂ ਜੀ ਦੇ ਦਰਸ਼ਨ ਕਰਦੇ ਸਨ ਤੇ ਸਿੱਖ ਸੰਗਤ ਹਿਰਦੇ ਵਿਚ ਬਹੁਤ ਪ੍ਰਸੰਨ ਹੁੰਦੀ ਸੀ। ਜਦ ਇਕ ਪਹਿਰ ਰਾਤ ਰਹਿ ਗਈ ਤਾਂ ਅਨੰਦ ਦੇ ਘਰ ਭਾਵ ਗੁਰੂ ਜੀ ਉੱਠ ਪਏ॥੩੩॥

ਨਿਤ ਕੀ ਕ੍ਰਿਯਾ ਕਰੀ ਇਸ਼ਨਾਨੇ। ਇਕ ਸੌ ਇਕ ਗਾਗਰ ਜਲ ਆਨੇ।
ਹੋਤਿ ਪ੍ਰਭਾਤਿ ਚਢਨਿ ਕੀ ਤਜਾਰੀ। ਸੈਨਾ ਕੋ ਸ੍ਰੀ ਗੁਰੂ ਉਚਾਰੀ॥ ੩੪॥

ਨਿਤ ਦੀ ਕ੍ਰਿਆ ਕਰਕੇ ਇਸ਼ਨਾਨ ਕੀਤਾ ਤੇ ਇਕ ਸੌ ਇਕ ਜਲ ਦੀਆਂ ਗਾਗਰਾਂ ਮੰਗਵਾਈਆਂ। ਪ੍ਰਭਾਤ ਹੋਣ 'ਤੇ ਗੁਰੂ ਜੀ ਨੇ ਆਪਣੀ ਸੈਨਾ ਨੂੰ ਘੋੜਿਆਂ 'ਤੇ ਚੜ੍ਹਨ ਦੀ ਤਿਆਰੀ ਬਾਰੇ ਕਹਿ ਦਿੱਤਾ॥੩੪॥

ਜ਼ੀਨ ਤੁਰੰਗਨਿ ਪਾਵਨਿ ਲਾਗੇ। ਭਟ ਭੇ ਸਨਧ ਪਹਿਰਿ ਤਨ ਬਾਗੇ।
ਕਰਿ ਤਜਾਰੀ ਗੁਰ ਭਏ ਅਰੂਢਿ। ਕੌਨ ਲਖੈ ਜਿਨ ਆਸ਼ੈ ਗੂਢ॥ ੩੫॥

ਸਾਰੇ ਘੋੜਿਆਂ 'ਤੇ ਕਾਠੀਆਂ ਪਾਉਣ ਲਗੇ, ਸੂਰਮੇ ਪੁਸ਼ਾਕੇ ਪਹਿਨ ਕੇ ਤਿਆਰ ਹੋ ਗਏ। ਗੁਰੂ ਜੀ ਵੀ ਤਿਆਰ ਹੋ ਕੇ ਘੋੜੇ 'ਤੇ ਚੜ੍ਹ ਗਏ ਜਿਨ੍ਹਾਂ ਦੇ ਆਸ਼ੇ ਡੂੰਘੇ ਹੁੰਦੇ ਹਨ, ਉਨ੍ਹਾਂ ਨੂੰ ਕੌਣ ਸਮਝ ਸਕਦਾ ਹੈ॥ ੩੫॥

ਦਾਰੇ ਕੀ ਉਰ ਪ੍ਰੀਤਿ ਬਿਚਾਰੀ। ਹਟਿਬੇ ਤਯਾਰ ਕਰੀ ਅਸਵਾਰੀ।
ਇਤਨੇ ਮਹਿਂ ਸਊਰ ਚਲਿ ਆਯੋ। ਨਿਕਟਿ ਹੋਇ ਕਰਿ ਸੀਸ ਨਿਵਾਯੋ॥ ੩੬॥

ਹਿਰਦੇ ਵਿਚ ਦਾਰੇ ਦੀ ਪ੍ਰੀਤ ਨੂੰ ਵਿਚਾਰਿਆ, ਥੋੜ੍ਹਾ ਹੱਟ ਕੇ ਅਸਵਾਰੀ ਤਿਆਰ ਕੀਤੀ। ਏਨੇ ਵਿਚ ਇਕ ਸਵਾਰ ਚਲ ਕੇ ਆ ਗਿਆ, ਨੇੜੇ ਹੋ ਕੇ ਉਸ ਸਿਰ ਨਿਵਾਇਆ॥੩੬॥

ਦਿਯੋ ਸ਼ੋਕ ਨਾਮਾ ਤਿਨ ਫੇਰਿ। ਲਿਖਯੋ ਭਾਉ ਤੇ ਪ੍ਰੇਮ ਘਨੇਰ।
'ਤੁਮ ਦਰਸ਼ਨ ਕੋ ਚਿਤ ਉਮਗਾਯੋ। ਚਾਹਤਿ ਰਹਯੋ ਨ ਅਵਸਰ ਪਾਯੋ॥ ੩੭॥

ਉਸ ਨੇ ਫਿਰ ਦਾਰੇ ਦਾ ਸੰਦੇਸ਼ ਦਿੱਤਾ, ਜਿਸ ਵਿਚ ਬਹੁਤ ਸ਼ਰਧਾ ਅਤੇ ਪਿਆਰ ਲਿਖਿਆ ਹੋਇਆ ਸੀ, "ਤੁਹਾਡੇ ਦਰਸ਼ਨਾਂ ਵਾਸਤੇ ਚਿਤ ਵਿਚ ਬੜਾ ਉਤਸ਼ਾਹ ਜਾਗਿਆ ਹੈ, ਬਹੁਤ ਦੇਰ ਦਾ ਚਾਹੁੰਦਾ ਰਿਹਾ ਹਾਂ ਪਰ ਮੌਕਾ ਨਹੀਂ ਮਿਲ ਸਕਿਆ॥੩੭॥

ਮੈਂ ਅਬਿ ਆਵਤਿ ਹੌਂ ਇਸ ਦੇਸ਼। ਦਿਹੁ ਦਰਸ਼ਨ ਮਨ ਪ੍ਰੇਮ ਬਿਸ਼ੇਸ਼।
ਘਾਟ ਬਿਪਾਸਾ ਮੈਂ ਚਲਿ ਆਯੋ। ਨਹੀਂ ਬਿਲਮ ਮੁਝ ਕੋ ਲਖਿ ਪਾਯੋ॥ ੩੮॥

ਮੈਂ ਹੁਣ ਤੁਹਾਡੇ ਵਾਲੇ ਪਾਸੇ ਆ ਰਿਹਾ ਹਾਂ, ਹੁਣ ਦਰਸ਼ਨ ਦੇਵੋ, ਮੇਰੇ ਵਿਚ ਵਿਸ਼ੇਸ਼ ਪ੍ਰੇਮ ਉਤਪੰਨ ਹੋਇਆ ਹੈ। ਮੈਂ ਬਿਆਸਾ ਨਦੀ ਦੇ ਕਿਨਾਰੇ ਚੱਲ ਕੇ ਆ ਗਿਆ ਹਾਂ। ਹੁਣ ਬਹੁਤੀ ਦੇਰ ਨਹੀਂ ਜਦ ਤੁਸੀਂ ਮੈਨੂੰ ਤਕ ਪਾਉਗੇ॥੩੮॥

ਇਤ ਉਤ ਕਿਤੇ ਦੂਰ ਜੇ ਹੋਹੂ। ਕ੍ਰਿਪਾ ਧਾਰਿ ਦਿਹੁ ਦਰਸ਼ਨ ਮੋਹੂ।
ਲਾਰ ਲਗਯੋ ਨੌਰੰਗ ਕੋ ਲਸ਼ਕਰ। ਆਵਤਿ ਉਮਡਯੋ ਜਯੋਂ ਬਡ ਜਲਧਰ॥੩੯॥

ਏਧਰ ਓਧਰ ਜੇਕਰ ਕਿਤੇ ਦੂਰ ਵੀ ਹੋਵੋ, ਕਿਰਪਾ ਧਾਰ ਕੇ ਮੈਨੂੰ ਦਰਸ਼ਨ ਦੇਵੋ। ਮੇਰੇ ਪਿਛੇ ਕਤਾਰ ਬੰਨ੍ਹੀ ਨੌਰੰਗੇ ਦਾ ਲਸ਼ਕਰ ਲੱਗਾ ਹੈ। ਇਸ ਤਰ੍ਹਾਂ ਉਮਡ ਕੇ ਆ ਰਿਹਾ ਹੈ ਜਿਵੇਂ ਮਹਾਂ ਸਾਗਰ ਚੜ੍ਹਕੇ ਆ ਰਿਹਾ ਹੋਵੇ॥੩੯॥

ਨਾਂਹਿ ਤ ਮੈਂ ਆਵਤਿ ਜਿਤ ਹੋਤੇ। ਤੁਮ ਦਰਸ਼ਨ ਤੇ ਅਨੰਦ ਉਦੋਤੇ'।
ਸੁਨਯੋ ਸ਼ੋਕਨਾਮਾ ਹਟਿ ਚਲੇ। ਗੋਇਦਵਾਲ ਪੰਥ ਜੋ ਭਲੇ॥ ੪੦॥

ਨਹੀਂ ਤਾਂ ਮੈਂ ਉਥੇ ਆਉਂਦਾ ਹਾਂ ਜਿਥੇ ਤੁਸੀਂ ਠਹਿਰੇ ਹੋ। ਤੁਹਾਡੇ ਦਰਸ਼ਨਾਂ ਵਿਚ ਵੱਡਾ ਆਨੰਦ ਹੈ।" ਜਦ ਸ਼ੋਕ ਨਾਮਾ ਸੁਣਿਆ ਤਾਂ ਗੁਰੂ ਜੀ ਵਾਪਸ ਚਲ ਪਏ, ਗੋਇੰਦਵਾਲ ਦਾ ਜੋ ਭਲਾ ਰਾਹ ਸੀ॥੪੦॥

ਦਾਰਸ਼ਕੋਹ ਜੁ ਦੂਤ ਪਠਾਵਾ। ਗਮਨਤਿ ਬੂਝਨਿ ਹੇਤੁ ਅਲਾਵਾ।
'ਕਿਹ ਥਲ ਵਲੀਅਹਦ ਕੋ ਛੋਰਿ ?। ਆਇ ਪਹੁੰਚਯੋ ਹਮਰੀ ਓਰ ?'॥ ੪੧॥

ਦਾਰਾਸ਼ਕੋਹ ਨੇ ਜਿਹੜਾ ਦੂਤ ਭੇਜਿਆ ਸੀ, ਚੱਲਣ ਲੱਗੇ ਉਸ ਨੂੰ ਪੁੱਛਣ ਵਾਸਤੇ ਬੋਲੇ, "ਦਾਰਾਸ਼ਕੋਹ ਨੂੰ ਕਿਥੇ ਛੱਡ ਕੇ ਆਏ ਹੋ ? ਜਦ ਆ ਕੇ ਸਾਡੇ ਪਾਸ ਪਹੁੰਚੇ ਹੋ ?"॥੪੧॥

ਸੁਨਿ ਤਿਸ ਨੈ ਸਭਿ ਕਹਯੋ ਬਨਾਇ। 'ਤਜਿ ਸ੍ਰੀ ਨਗਰ ਤਰੇ ਉਤਰਾਏ।
ਕੀਰਤਪੁਰਿ ਰਾਵਰਿ ਇਸਥਾਨੇ। ਨਿਸ ਬਿੱਸ੍ਰਾਮਤਿ ਕੂਚ ਪਯਾਨੇ॥ ੪੨॥

ਇਹ ਸੁਣ ਕੇ ਦੂਤ ਨੇ ਤਰਤੀਬ ਨਾਲ ਕਿਹਾ, "ਸ੍ਰੀ ਨਗਰ ਛੱਡ ਕੇ ਅਸੀਂ ਹੇਠਾਂ ਉਤਰ ਕੇ ਆਏ ਸੀ। ਆਪ ਜੀ ਦੇ ਕੀਰਤਪੁਰ ਵਾਲੇ ਸਥਾਨ 'ਤੇ ਆ ਕੇ ਪਹੁੰਚੇ ਸੀ, ਰਾਤ ਵਿਸ਼ਰਾਮ ਕਰਕੇ ਫਿਰ ਕੂਚ ਕਰ ਦਿੱਤਾ॥੪੨॥

ਲਗਜੋ ਅਰੂਢਨਿ ਮੋਹਿ ਪਠਾਯੋ। ਅਧਿਕ ਬੇਗ ਕਰਿ ਮੈਂ ਇਤਿ ਆਯੋ।
ਮਮ ਪੀਛੇ ਹੀ ਆਵਤਿ ਸੋਇ। ਤੀਰ ਬਿਪਾਸਾ ਦੇਰਿ ਨ ਕੋਇ॥ ੪੩॥

ਜਦ ਘੋੜਿਆਂ 'ਤੇ ਚੜ੍ਹਨ ਲੱਗੇ ਸੀ ਤਾਂ ਮੈਨੂੰ ਭੇਜਿਆ, ਮੈਂ ਬਹੁਤ ਤੇਜ਼ੀ ਨਾਲ ਏਥੇ ਆਇਆ ਹਾਂ। ਮੇਰੇ ਪਿੱਛੇ-ਪਿੱਛੇ ਹੀ ਉਹ ਆ ਰਹੇ ਹਨ, ਬਿਆਸਾ ਨੇੜੇ ਪਹੁੰਚਣ ਵਿਚ ਹੁਣ ਕੋਈ ਦੇਰ ਨਹੀਂ ਹੈ॥੪੩॥

ਇਤ ਤੇ ਕ੍ਰਿਪਾ ਕਰੇ ਤੁਮ ਚਾਲੇ। ਉਤ ਤੇ ਆਇ ਮਿਲੈ ਸੁਖ ਨਾਲੇ'।
ਇਮ ਬੂਝਤਿ ਗਮਨੇ ਮਗ ਜਾਇ। ਸ੍ਰੀ ਸਤਿਗੁਰ ਪੂਰਨ ਹਰਿਖਾਇ॥ ੪੪॥

ਏਧਰੋਂ ਤੁਸੀਂ ਕਿਰਪਾ ਕਰਕੇ ਚੱਲ ਪਏ ਹੋ, ਉਧਰੋਂ ਉਹ ਸੁਖ ਨਾਲ ਆ ਮਿਲਣਗੇ' ਇਸ ਤਰ੍ਹਾਂ ਪੁੱਛ ਕੇ ਰਾਹੇ ਰਾਹ ਚੱਲ ਪਏ। ਸ੍ਰੀ ਸਤਿਗੁਰੂ ਜੀ ਬਹੁਤ ਪ੍ਰਸੰਨ ਹੋਏ॥੪੪॥

ਆਇ ਪਹੂੰਚੇ ਗੋਇੰਦਵਾਲ। ਦੁੰਦਭਿ ਬਾਜਤਿ ਚਮੂੰ ਬਿਸਾਲ।
ਉਤਰੇ ਕੂਲ ਬਿਪਾਸਾ ਹੇਰੇ। ਜੁਤਿ ਬਿਸਤਾਰ ਸੈਨ ਕੇ ਡੇਰੇ॥ ੪੫॥

ਗੋਇੰਦਵਾਲ ਪਹੁੰਚ ਗਏ, ਵਿਸ਼ਾਲ ਸੈਨਾਂ ਦੇ ਨਾਲ ਨਗਾਰੇ ਵੱਜ ਰਹੇ ਸਨ। ਬਿਆਸਾ ਨਦੀ ਨੂੰ ਵੇਖ ਕੇ ਉਸ ਦੇ ਕਿਨਾਰੇ ਉਤਰ ਪਏ। ਉਥੇ ਵਿਸਥਾਰ ਸਹਿਤ ਸੈਨਾ ਦੇ ਡੇਰੇ ਕਰਵਾ ਦਿੱਤੇ॥੪੫॥

ਦੋਹਰਾ- ਸਿਖ ਸੇਵਕ ਪੁਰਿ ਗ੍ਰਾਮ ਢਿਗ ਲੀਨੇ ਸਕਲ ਬੁਲਾਇ।
ਆਯੁਧ ਧਾਰੀ ਸੂਰਮੇ ਦਾਸ ਭਏ ਸਮੁਦਾਇ॥ ੪੬॥

ਲਾਗਲੇ ਲਾਗਲੇ ਪਿੰਡਾਂ ਅਤੇ ਨਗਰਾਂ ਦੇ ਸਾਰੇ ਸਿੱਖ ਸੇਵਕ ਬੁਲਾ ਲਏ। ਸ਼ਸਤਰਧਾਰੀ ਸੂਰਮੇ ਅਤੇ ਸੇਵਕ ਵੱਡੀ ਗਿਣਤੀ ਵਿਚ ਇਕੱਠੇ ਹੋ ਗਏ॥੪੬॥

*ਨੌਂਵੀਂ ਰਾਸ ਦਾ ਪੰਦਰ੍ਹਵਾਂ ਅਧਿਆਇ ਸਮਾਪਤ ਹੋਇਆ॥੧੫॥*

## *ਅਧਿਆਇ ਸੋਲ੍ਹਵਾਂ*

### *ਦਾਰਾ ਤੇ ਗੁਰੂ ਜੀ ਦਾ ਮੇਲ*

ਦੋਹਰਾ- ਕੀਰਤਿ ਪੁਰਿ ਡੇਰਾ ਕਿਯੋ ਜਸੁ ਗੁਰ ਕੋ ਸੁਨਿ ਕਾਨ।
ਉਰ ਹਰਖਜੋ ਸੁਖ ਕੋ ਲਹਜੋ ਦਾਰਸ਼ਕੋਹ ਸੁਜਾਨ॥ ੧॥

ਜਦ ਦਾਰਾਸ਼ਕੋਹ ਨੇ ਕੀਰਤਪੁਰ ਡੇਰਾ ਕੀਤਾ ਅਤੇ ਗੁਰੂ ਜੀ ਦਾ ਆਪਣੇ ਕੰਨਾਂ ਨਾਲ ਜਸ ਸੁਣਿਆ ਤਾਂ ਚਤੁਰ ਦਾਰਾ ਸ਼ਕੋਹ ਨੇ ਹਿਰਦੇ ਵਿਚ ਬਹੁਤ ਪ੍ਰਸੰਨ ਹੋ ਕੇ ਸੁੱਖ ਪ੍ਰਾਪਤ ਕੀਤਾ॥੧॥

ਚੌਪਈ- ਅਪਨੇ ਉਮਰਾਵਨਿ ਕੇ ਸਾਥ। ਬੋਲਜੋ ਤਬਹਿ 'ਸੁਨੀ ਮੈਂ ਗਾਥ।
ਸ੍ਰੀ ਨਾਨਕ ਭੇ ਪੀਰਨਿ ਪੀਰ। ਜਿਨ ਮਹਿਂ ਅਜ਼ਮਤ ਮਹਾਂ ਗੰਭੀਰ॥੨॥

ਆਪਣੇ ਉਮਰਾਵ ਦੇ ਨਾਲ ਤਦ ਬੋਲਿਆ, "ਮੈਂ ਸਾਰੀ ਕਥਾ ਸੁਣੀ ਹੈ, ਸ੍ਰੀ ਗੁਰੂ ਨਾਨਕ ਦੇਵ ਜੀ ਪੀਰਾਂ ਦੇ ਪੀਰ ਹੋਏ ਹਨ, ਜਿਨ੍ਹਾਂ ਵਿਚ ਬੜੀ ਵੱਡੀ ਕਰਾਮਾਤ ਹੈ॥੨॥

ਬਹੁ ਲੋਕਨਿ ਕੋ ਦੀਨਸਿ ਗ੍ਯਾਨ। ਕਰੇ ਉਧਾਰਨਿ ਬਿਦਤ ਜਹਾਨ।
ਗਾਦੀ ਪਰ ਤਿਨ ਤੇ ਪਸ਼ਚਾਤ। ਜੋ ਬੈਠੇ ਤਿਸ ਜਸੁ ਅਵਿਦਾਤ॥ ੩॥

ਉਨ੍ਹਾਂ ਨੇ ਬਹੁਤ ਲੋਕਾਂ ਨੂੰ ਗਿਆਨ ਦਿੱਤਾ ਤੇ ਜਿਨ੍ਹਾਂ ਦਾ ਉਧਾਰ ਕੀਤਾ ਉਹ ਜਗਤ ਵਿਚ ਪ੍ਰਗਟ ਹਨ। ਉਨ੍ਹਾਂ ਤੋਂ ਬਾਅਦ ਗੱਦੀ ਉੱਤੇ ਜਿਹੜੇ ਗੁਰੂ ਜੀ ਬੈਠੇ, ਉਨ੍ਹਾਂ ਦਾ ਜਸ ਬਹੁਤ ਉੱਜਲ ਹੈ॥੩॥

ਸੰਤ ਅਨੇਕ ਬੇਸ ਕੇ ਮਿਲੇ। ਜਹਾਂ ਪ੍ਰਸੰਗ ਇਨਹੁ ਕਾ ਚਲੇ।
ਤਹਿਂ ਤਹਿਂ ਸੁਜਸੁ ਸਕਲ ਨੇ ਕਹ੍ਯੋ। ਬਹੁ ਲੋਕਨਿ ਸੁਭ ਮਾਰਗ ਲਹ੍ਯੋ॥੪॥

ਜਿਥੇ ਵੀ ਇਨ੍ਹਾਂ ਦਾ ਪ੍ਰਸੰਗ ਚਲਦਾ ਹੈ, ਉਥੇ ਅਨੇਕਾਂ ਭੇਖਾਂ ਦੇ ਸੰਤ ਮਿਲਦੇ ਹਨ। ਜਿਥੇ ਜਿਥੇ ਵੀ ਸਾਰਿਆਂ ਨੇ ਸ੍ਰੇਸ਼ਟ ਜਸ ਕੀਤਾ, ਉਥੇ ਬਹੁਤ ਲੋਕਾਂ ਨੇ ਸ਼ੁਭ ਮਾਰਗ ਪ੍ਰਾਪਤ ਕੀਤਾ॥੪॥

ਹਮਰੇ ਪਿਤਾ ਪਿਤਾਮੇ ਕੇਰੇ। ਹੁਤੇ ਪੀਰ ਅਜ਼ਮਤੀ ਬਡੇਰੇ।
ਇਸ ਘਰ ਕੀ ਰਾਖਤਿ ਬਡਿਆਈ। ਮਿਲਿ ਮੁਰੀਦ ਸਮ ਗ੍ਰੀਵ ਨਿਵਾਈ॥੫॥

ਸਾਡੇ ਪਿਤਾ ਪਿਤਾਮਿਆਂ ਦੇ ਵੱਡੇ ਕਰਾਮਾਤੀ ਪੀਰ ਹੋਏ ਹਨ, ਇਸ ਘਰ ਦੀ ਉਨ੍ਹਾਂ ਵਡਿਆਈ ਰੱਖੀ ਹੈ ਤੇ ਸਾਡੇ ਵਡੇਰਿਆਂ ਨੇ ਮਰੀਦਾਂ ਵਾਂਗ ਉਨ੍ਹਾਂ ਅੱਗੇ ਸਿਰ ਨਿਵਾਏ ਹਨ॥੫॥

ਰੱਜੁ ਸ਼ਰ੍ਹਾ ਜਿਨਹੁ ਗਰ ਪਰੀ। ਮੂਢ ਮੁਲਾਨਿ ਸੁ ਚਰਚਾ ਕਰੀ।
ਬਨੇ ਅਸੂਯਕ ਗ੍ਯਾਨ ਬਿਹੀਨੇ। ਜਥਾ ਅੰਧ ਕਰ ਮਾਨਿਕ ਲੀਨੇ॥ ੬॥

ਸ਼ਰ੍ਹਾ ਦੀ ਰਸੀ ਜਿਨ੍ਹਾਂ ਦੇ ਗਲ ਵਿਚ ਪਈ ਹੈ, ਉਨ੍ਹਾਂ ਮੂਰਖ ਮੁਲਾਣਿਆਂ ਨੇ ਗੁਰੂ ਜੀ ਨਾਲ ਚਰਚਾ ਕੀਤੀ ਹੈ। ਗਿਆਨ ਤੋਂ ਊਣੇ ਗੁਰੂ ਜੀ ਦੇ ਨਿੰਦਕ ਬਣ ਗਏ, ਜਿਵੇਂ ਅੰਨ੍ਹਾ ਆਪਣੇ ਹੱਥ ਵਿਚ ਮਾਣਕ ਫੜ ਲਵੇ, ਉਹ ਕੀ ਜਾਣੇ ਕਿ ਇਸ ਦਾ ਕੀ ਮੁੱਲ ਹੈ॥੬॥

ਭਏ ਪ੍ਰਭਾਤੀ, ਚਲੈਂ ਅਗੇਰੇ। ਮਿਲਿ ਕਰਿ ਸੁਨਿ ਹੈਂ ਬਾਕ ਭਲੇਰੇ।
ਸੰਤਨਿ ਕੋ ਮਿਲਿਬੋ ਸੁਖਦਾਨੀ। ਜਗ ਮਹਿਂ ਜਿਸ ਕੇ ਕੋ ਨ ਸਮਾਨੀ॥ ੭॥

ਸਵੇਰ ਹੋਣ 'ਤੇ ਅੱਗੇ ਚਲਾਂਗੇ ਤੇ ਗੁਰੂ ਜੀ ਨੂੰ ਮਿਲ ਕੇ ਭਲੇ ਬਚਨ ਸੁਣਾਂਗੇ। ਸੰਤਾਂ ਨਾਲ ਮਿਲਾਪ ਸਦਾ ਸੁਖਦਾਈ ਹੁੰਦਾ ਹੈ, ਜਗ ਵਿਚ ਜਿਸ ਦੀ ਕੋਈ ਵੀ ਬਰਾਬਰੀ ਨਹੀਂ ਕਰ ਸਕਦਾ॥੭॥

ਇਮ ਕਹਿ ਦਾਰਸ਼ਕੋਹੁ ਸੁਜਾਨਾ। ਨਿਸਾ ਬਾਸ ਕੀਨਸਿ ਤਿਸ ਥਾਨਾ।
ਖਾਨ ਪਾਨ ਕਰਿ ਕੈ ਸਭਿ ਭਾਂਤੀ। ਭਈ ਬਤੀਤ ਜਥਾ ਸੁਖ ਰਾਤੀ॥ ੮॥

ਇਸ ਤਰ੍ਹਾਂ ਕਹਿ ਕੇ ਚਤੁਰ ਦਾਰਾਸ਼ਕੋਹ ਨੇ, ਉਸ ਥਾਂ ਹੀ ਰਾਤ ਦਾ ਵਾਸਾ ਕੀਤਾ। ਸਭ ਪ੍ਰਕਾਰ ਖਾ ਪੀ ਕੇ, ਰਾਤ ਸੁਖ ਨਾਲ ਬਤੀਤ ਹੋ ਗਈ॥ ੮॥

ਪ੍ਰਾਤਿ ਉਠ੍ਯੋ ਕਰਿ ਸੌਚ ਸ਼ਨਾਨਾ। ਕਛੁ ਉਪਨਿਖਦ ਪਾਠ ਮੁਖ ਠਾਨਾ।
ਸਗਲ ਨੇਮ ਕਰਿ ਕੈ ਨਿਤ ਕੇਰੇ। ਅਲਪ ਅਹਾਰ ਅਚ੍ਯੋ ਜਲ ਫੇਰੇ॥ ੯॥

ਸਵੇਰੇ ਸਵੱਖਤੇ ਉਠ ਕੇ ਸੌਚ ਇਸ਼ਨਾਨ ਕੀਤਾ ਤੇ ਕੁਝ ਉਪਨਿਸ਼ਦਾਂ ਦਾ ਪਾਠ ਆਪਣੇ ਮੂੰਹ ਨਾਲ ਕੀਤਾ। ਨਿਤ ਦੇ ਸਾਰੇ ਨੇਮ ਕਰਕੇ, ਫਿਰ ਥੋੜ੍ਹਾ ਭੋਜਨ ਅਤੇ ਜਲ ਛੱਕਿਆ॥੯॥

ਕਰੇ ਕੂਚ ਸਤੱਦ੍ਰਵ ਕੋ ਤਰ੍ਯੋ। ਤੂਰਨ ਪੰਥ ਪਯਾਨਾ ਕਰ੍ਯੋ।
ਪਾਰ ਬਿਪਾਸਾ ਉਤਰ੍ਯੋ ਤੀਰ। ਪੰਚ ਹਜ਼ਾਰਨਿ ਲਸ਼ਕਰ ਭੀਰ॥ ੧੦॥

ਡੇਰਾ ਕੂਚ ਕਰਕੇ ਸਤਿਲੁਜ ਦਰਿਆ ਨੂੰ ਪਾਰ ਕਰਕੇ ਤੁਰੰਤ ਰਸਤੇ ਰਸਤੇ ਚਲਣ ਲੱਗ ਪਏ। ਦਰਿਆ ਬਿਆਸ ਪਾਰ ਕਰਕੇ ਉਸ ਦੇ ਕਿਨਾਰੇ ਉਤਾਰਾ ਕਰ ਲਿਆ, ਨਾਲ ਪੰਜ ਹਜ਼ਾਰ ਸੈਨਾ ਦਾ ਹਜੂਮ ਸੀ॥੧੦॥

ਸ੍ਰੀ ਹਰਿਰਾਇ ਹੁਤੇ ਜਿਸ ਥਾਈਂ। ਸੁਧਿ ਨਿਜ ਮਿਲਿਬੇ ਪ੍ਰਥਮ ਪਠਾਈ।
ਭਯੋ ਸੁ ਤਜਾਰਿ ਆਪ ਪੁਨ ਪਾਛੇ। ਲੇ ਕਰਿ ਦਿਪਤਿ ਜਵਾਹਰ ਆਛੇ॥੧੧॥

ਸ੍ਰੀ ਗੁਰੂ ਹਰਿਰਾਇ ਜੀ ਜਿਥੇ ਸਨ, ਪਹਿਲਾਂ ਉਥੇ ਮਿਲਣ ਬਾਰੇ ਖ਼ਬਰ ਪਹੁੰਚਾਈ। ਫਿਰ ਆਪ ਚੰਗੀ ਤਰ੍ਹਾਂ ਤਿਆਰ ਹੋ ਗਿਆ ਤੇ ਗੁਰੂ ਜੀ ਵਾਸਤੇ ਕੀਮਤੀ ਵੱਡੀ ਆਭਾ ਵਾਲੇ ਹੀਰੇ ਜਵਾਹਰਾਤ ਲੈ ਲਏ॥੧੧॥

ਬਹੁਤ ਮੋਲ ਕੇ ਬਸਤ੍ਰ ਸੁਹਾਏ। ਚਲਯੋ ਸੁ ਸ਼ੀਲ ਜਾਂਹਿ ਅਧਿਕਾਏ।
ਸਨੇ ਸਨੇ ਮਗ ਮੈਂ ਪਗ ਧਾਰਿ। ਪਹੁੰਚਯੋ ਸਤਿਗੁਰ ਕੇ ਦਰਬਾਰ॥ ੧੨॥

ਬਹੁਤ ਕੀਮਤੀ ਵਸਤਰ ਸ਼ੋਭ ਰਹੇ ਸਨ, ਤੇ ਉਧਰ ਚਲ ਪਿਆ ਜਿਥੇ ਸ੍ਰੇਸ਼ਟ ਨੇਕੀ ਸਭ ਤੋਂ ਵੱਧ ਸੀ। ਹੌਲੀ-ਹੌਲੀ ਰਸਤੇ ਵਿਚ ਚਲਦਾ, ਸਤਿਗੁਰੂ ਜੀ ਦੇ ਦਰਬਾਰ ਵਿਚ ਪਹੁੰਚ ਗਿਆ॥੧੨॥

ਦੋਇ ਰਕੇਬੀ ਕੇਰ ਮਝਾਰ। ਧਰੇ ਜਵਾਹਰ ਅਰੁ ਦੀਨਾਰ।
ਕਛੁਕ ਨੰਮ੍ਰਿ ਹੁਇ ਬੈਠਯੋ ਪਾਸ। ਪਹਿਰੇ ਭੂਖਨ ਰਹਯੋ ਪ੍ਰਕਾਸ਼॥ ੧੩॥

ਦੋ ਥਾਲਾਂ ਦੇ ਵਿਚ ਹੀਰੇ ਜਵਾਹਰਾਤ ਅਤੇ ਅਸ਼ਰਫ਼ੀਆਂ ਧਰ ਦਿੱਤੀਆਂ ਤੇ ਕੁਝ ਨਿਮਰ ਹੋ ਕੇ ਗੁਰੂ ਜੀ ਪਾਸ ਜਾਕੇ ਬੈਠ ਗਿਆ। ਉਸ ਦੇ ਪਹਿਣੇ ਹੋਏ ਕੱਪੜੇ ਬਹੁਤ ਚਮਕ ਰਹੇ ਸਨ॥੧੩॥

ਦੀਰਘ ਸ਼ਮਸ ਬਦਨ ਪਰ ਸ਼ਜਾਮੂ। ਸਿਰ ਪਰ ਕੁਲਹਿ ਦਿਪਹਿ ਅਭਿਰਾਮੂ।
ਅਪਨ ਸਰੂਪ ਸਮੁਝਿਬੇ ਹੇਤੁ। ਬੋਲਯੋ ਦਾਰਸ਼ਕੋਹ ਸੁਚੇਤ॥ ੧੪॥

ਮੁਖ ਤੇ ਕਾਲੇ ਰੰਗ ਦੀ ਵੱਡੀ-ਵੱਡੀ ਦਾੜ੍ਹੀ ਸੀ ਤੇ ਸਿਰ ਉੱਤੇ ਸੁੰਦਰ ਕੁਲਾ ਚਮਕ ਰਿਹਾ ਸੀ। ਆਪਣਾ ਸਰੂਪ ਸਮਝਣ ਵਾਸਤੇ ਦਾਰਾਸ਼ਕੋਹ ਸੁਚੇਤ ਹੋ ਕੇ ਬੋਲਿਆ॥੧੪॥

'ਬਹੁ ਸੰਤਨ ਸੋਂ ਗੋਸ਼ਟ ਮੇਰੀ। ਲਖਨਿ ਬ੍ਰਹਮ ਕਉ ਇੱਛ ਅਛੇਰੀ।
ਸਭਿਹਿਨਿ ਮੋਕਹੁ ਭਲੇ ਬਤਾਯੋ। ਪਾਪ ਪੁੰਨ ਜਿਸ ਛੁਵਨਿ ਨ ਪਾਯੋ॥ ੧੫॥

"ਬਹੁਤ ਸੰਤਾਂ ਨਾਲ ਮੇਰੀ ਗੋਸ਼ਟੀ ਹੋਈ ਹੈ, ਬ੍ਰਹਮ ਨੂੰ ਸਮਝਣ ਵਾਸਤੇ ਮੇਰੀ ਵੱਡੀ ਇੱਛਾ ਹੈ। ਸਾਰਿਆਂ ਨੇ ਮੈਨੂੰ ਭਲੀ ਪ੍ਰਕਾਰ ਦੱਸਿਆ ਹੈ ਜਿਸ ਬ੍ਰਹਮ ਨੂੰ ਪਾਪ-ਪੁੰਨ ਛੂਹ ਨਹੀਂ ਪਾਇਆ ਹੈ॥੧੫॥

ਸਭਿ ਕੇ ਬੀਚ, ਅਲੇਪ ਸਭਿਨਿ ਤੇ। ਪਦਮਪੱਤ੍ਰ ਜਿਮ ਰਹਤਿ ਜਲਨ ਤੇ।
ਸਭਿ ਸੂਖਮ ਤੇ ਸੂਖਮ ਜੋਇ। ਦੁਰਯੋ ਅਗੋਚਰ ਲਖਯੋ ਨ ਕੋਇ॥ ੧੬॥

ਸਭ ਦੇ ਵਿਚ ਰਹਿ ਕੇ ਵੀ ਸਭ ਤੋਂ ਅਲੇਪ ਰਹਿੰਦਾ ਹੈ, ਜਿਵੇਂ ਕੰਵਲ ਦੇ ਪੱਤੇ ਪਾਣੀ ਤੋਂ ਅਲੇਪ ਰਹਿੰਦੇ ਹਨ। ਸੂਖਮ ਤੋਂ ਵੀ ਜੋ ਸੂਖਮ ਹੈ ਜੋ ਗੁਪਤ ਰੂਪ ਵਿਚ ਲੁਕਿਆ ਹੋਇਆ ਹੈ ਤੇ ਜਿਸ ਨੂੰ ਕੋਈ ਸਮਝ ਨਹੀਂ ਸਕਿਆ॥੧੬॥

ਜੋ ਮਹਾਨ ਤੇ ਅਤਿ ਮਹੀਯਾਨੇ। ਬਿਦਤਹੁੰ ਤੇ ਅਤਿ ਬਿਦਤ ਬਖਾਨੇ।
ਫੁਰਨ ਪਲਕ ਕੋ ਜਿਸ ਨਿ ਨਾਂਹੀ। ਦੀਨਸਿ ਚੇਤਨਤਾ ਸਭਿ ਮਾਂਹੀ॥ ੧੭॥

ਜੋ ਮਹਾਨ ਤੇ ਅਤਿ ਵੱਡਾ ਹੈ, ਪ੍ਰਗਟ ਹੋਣ ਤੇ ਜਿਸ ਨੂੰ ਅਤਿ ਪ੍ਰਗਟ ਕਹਿੰਦੇ ਹਨ। ਅੱਖਾਂ ਦਾ ਝਮਕਣਾ ਵੀ ਜਿਸ ਬਗੈਰ ਨਹੀਂ ਹੁੰਦਾ ਹੈ ਤੇ ਉਹ ਸਭ ਵਿਚ ਚੇਤਨਤਾ ਦਿੰਦਾ ਹੈ॥੧੭॥

ਇੱਤਜਾਦਿਕ ਜਿਸ ਬੇਦ ਬਖਾਨੇ। ਇਕਰਸ ਸਦਾ ਸੁ ਗਗਨ ਸਮਾਨੇ।
ਸੁਗਤਿ, ਸਜਾਤਿ, ਬਿਜਾਤੀ ਭੇਦ ਨ। ਦੇਸ਼ ਕਾਲ ਵਸਤੂ ਜੁ ਪ੍ਰਛੇਦ ਨ॥੧੮॥

ਇੱਤਆਦਿ ਜਿਸ ਨੂੰ ਵੇਦ ਕਹਿੰਦੇ ਹਨ, ਆਕਾਸ਼ ਵਾਂਗ ਸਦਾ ਇਕ ਰਸ ਰਹਿੰਦਾ ਹੈ। ਸਮਜਾਤੀ, ਭਿੰਨ ਜਾਤੀ ਤੇ ਉੱਤਮ ਗਤੀ ਵਿਚ ਕੋਈ ਭੇਦ ਨਹੀਂ ਹੈ। ਦੇਸ਼ ਕਾਲ ਵਿਚ ਜੋ ਵਸਤਾਂ ਵੱਖ ਨਹੀਂ ਹੋ ਸਕਦੀਆਂ॥੧੮॥

ਚਾਰਹੁੰ ਬੇਦ ਕਰਹਿਂ ਸੁ ਬਤਾਵਨਿ। ਜੋ ਉੱਤਮ ਉਪਨਿਸ਼ਦੈਂ ਪਾਵਨ।
ਬੀਚ ਪਾਰਸੀ ਸਭਿ ਲਿਖਵਾਈ। ਆਦਿ ਅੰਤ ਲੌ ਨੀਕ ਬਨਾਈ॥ ੧੯॥

ਚਾਰੇ ਵੇਦ ਇਹ ਦੱਸਦੇ ਹਨ, ਜਿਹੜੇ ਉੱਤਮ ਪਵਿੱਤਰ ਉਪਨਿਸ਼ਦ ਹਨ, ਉਹ ਸਾਰੇ ਫ਼ਾਰਸੀ ਵਿਚ ਲਿਖਵਾਏ ਹਨ, ਆਦਿ ਤੋਂ ਅੰਤ ਤਕ ਬਹੁਤ ਚੰਗੀ ਤਰ੍ਹਾਂ ਬਣਾਇਆ ਹੈ॥੧੯॥

ਸਕਲ ਪਠੀ ਮੈਂ ਭਲੇ ਬਿਚਾਰੀ। ਸਾਰ ਅਸਾਰ ਜਨਾਵਤਿ ਸਾਰੀ।
ਭੇਟੇ ਬਹੁ ਉੱਤਮ ਸੰਨਜਾਸੀ। ਕ੍ਰਿਪਾ ਠਾਨਿ ਭਾਖਜੋ ਮੁਝ ਪਾਸੀ॥ ੨੦॥

ਮੈਂ ਚੰਗੀ ਤਰ੍ਹਾਂ ਵਿਚਾਰ ਕੇ ਸਾਰੇ ਪੜ੍ਹੇ ਹਨ, ਜਿਹੜੇ ਸਾਰੀ ਸਾਰ ਅਸਾਰ ਦੱਸਦੇ ਹਨ। ਮੈਂ ਕਈ ਉੱਤਮ ਸੰਨਿਆਸੀਆਂ ਨੂੰ ਵੀ ਮਿਲਿਆ ਹਾਂ। ਉਹ ਮੇਰੇ ਪਾਸ ਕਿਰਪਾ ਧਾਰ ਕੇ ਬੋਲਦੇ ਸਨ॥੨੦॥

ਮੁਰਸ਼ਦ ਮੀਆ ਮੀਰ ਮਹਾਨਾ। ਜਿਸ ਕੀ ਮਿਹਰ ਹਤਜੋ ਅਗਜਾਨਾ।
ਤਿਨ ਕੋ ਸੰਗ ਭਯੋ ਮੁਝ ਨੀਕਾ। ਜਨਮ ਮਰਨ ਕਾਟਜੋ ਦੁਖ ਜੀਕਾ॥ ੨੧॥

ਮੇਰਾ ਮੁਰਸ਼ਦ ਮੀਆਂ ਮੀਰ ਬਹੁਤ ਮਹਾਨ ਸੀ, ਜਿਸ ਦੀ ਮਿਹਰ ਕਰਕੇ ਅਗਿਆਨਤਾ ਦਾ ਨਾਸ਼ ਹੋਇਆ ਹੈ। ਉਨ੍ਹਾਂ ਨਾਲ ਮੇਰਾ ਚੰਗਾ ਮੇਲ ਰਿਹਾ ਹੈ। ਉਨ੍ਹਾਂ ਨੇ ਮੇਰੇ ਜੀਅ ਦਾ ਜਨਮ ਮਰਨ ਕੱਟ ਦਿੱਤਾ ਹੈ॥੨੧॥

ਤਿਨ ਢਿਗ ਮੈਂ ਅੱਭਜਾਸ ਕਮਾਵਾ। ਅੰਤਰ ਬ੍ਰਿਤੀ ਮੋਹਿ ਮਨ ਲਾਵਾ।
ਕੀਨਸਿ ਬਹੁ ਸੰਤਨਿ ਕੀ ਸੰਗਤਿ। ਬੈਠਤਿ ਰਹਜੋ ਤਿਨਹੁੰ ਕੀ ਪੰਗਤਿ॥੨੨॥

ਉਨ੍ਹਾਂ ਦੇ ਪਾਸ ਰਹਿ ਕੇ ਮੈਂ ਅਭਿਆਸ ਦੀ ਕਮਾਈ ਕੀਤੀ ਹੈ। ਉਨ੍ਹਾਂ ਨੇ ਮੇਰੇ ਮਨ ਨੂੰ ਅੰਤਰ ਬ੍ਰਿਤੀ ਵਿਚ ਲਾ ਦਿੱਤਾ ਹੈ। ਮੈਂ ਬਹੁਤ ਸੰਤਾਂ ਦੀ ਸੰਗਤ ਕੀਤੀ ਹੈ, ਮੈਂ ਉਨ੍ਹਾਂ ਦੀ ਪੰਗਤ ਵਿਚ ਬੈਠਦਾ ਰਿਹਾ ਹਾਂ॥੨੨॥

ਨਿਸ ਦਿਨ ਇਮ ਮੁਝ ਕੋ ਸਭਿ ਜਾਨਜੋ। ਮਿਲਿ ਤੁਰਕਨਿ ਰੌਰਾ ਬਹੁ ਠਾਨਜੋ।
ਦੀਨ ਸ਼ਰਾ ਤੇ ਹੋਯਹੁ ਬਾਹਰ। ਜਹਿਂ ਕਹਿਂ ਕਰੈਂ ਮੁਲਾਨੇ ਜ਼ਾਹਰ॥ ੨੩॥

ਦਿਨ ਰਾਤ ਇਸ ਤਰ੍ਹਾਂ ਰਹਿਣ ਬਾਰੇ ਸਭ ਨੇ ਜਾਣਿਆ ਤਾਂ ਤੁਰਕਾਂ ਮਿਲ ਕੇ ਬਹੁਤ ਰੌਲਾ ਪਾਇਆ ਕਿ ਇਹ ਦੀਨ ਸ਼ਰ੍ਹਾ ਤੋਂ ਬਾਹਰ ਹੋ ਗਿਆ ਹੈ, ਜਿਥੇ ਕਿਥੇ ਮੁਲਾਣੇ ਇਸ ਤਰ੍ਹਾਂ ਪ੍ਰਗਟ ਰੂਪ ਵਿਚ ਪ੍ਰਚਾਰ ਕਰਦੇ ਹਨ॥੨੩॥

ਤਬਿ ਨੁਰੰਗ ਬਾਦੀ ਜੁ ਕੁਸ਼ੀਲ। ਹਿਤ ਸਮੁਝਾਵਨਿ ਪਠਜੋ ਵਕੀਲ।
ਜੀਵ ਨਰਕ ਮਹਿਂ ਜਜੋਂ ਦੁਖ ਪਾਵੈਂ। ਨਿਕਸੈ ਕੋ ਨ, ਰਖੈਂ ਸਮੁਝਾਵੈਂ॥ ੨੪॥

ਝਗੜਾਲੂ ਤੇ ਖੋਟੀ ਮੱਤ ਵਾਲੇ ਨੌਰੰਗੇ ਨੇ ਮੈਨੂੰ ਸਮਝਾਉਣ ਵਾਸਤੇ ਇਕ ਵਕੀਲ ਭੇਜਿਆ, ਜਿਵੇਂ ਨਰਕ ਵਿਚ ਡਿੱਗੇ ਜੀਵ ਬੜਾ ਹੀ ਦੁੱਖ ਪਾਉਣ 'ਤੇ ਵੀ ਨਿਕਲਣ ਨੂੰ ਨਾ ਚਾਹੁਣ ਬਲਕਿ ਹੋਰਨਾਂ ਨੂੰ ਵੀ ਵਿਚ ਰਹਿਣ ਵਾਸਤੇ ਸਮਝਾਉਣ, ਇਸ ਤਰ੍ਹਾਂ ਨੌਰੰਗੇ ਨੇ ਸਮਝਾਉਣ ਵਾਸਤੇ ਵਕੀਲ ਭੇਜਿਆ॥੨੪॥

ਤਿਮ ਮੁਝ ਕੋ ਕਹਿ ਬੁੱਧਿ ਬਤਾਵੈਂ। ਮੰਦ ਮਤੀ ਕੁਛ ਨਹੀ ਲਖਾਵੈਂ।
ਮੈਂ ਤਿਨ ਕਉ ਗਹਿ ਗਹਿ ਕਹਿ ਮਤੀ। ਦਿਏ ਛੋਰਿ ਪੁਨ ਮੂਰਖ ਅਤੀ॥੨੫॥

ਇਸ ਤਰ੍ਹਾਂ ਮੈਨੂੰ ਕਹਿ ਕੇ ਅਕਲ ਦਿੰਦਾ ਸੀ, ਮਾੜੀ ਮੱਤ ਵਾਲਾ ਆਪ ਕੁਝ ਵੀ ਸਮਝਦਾ ਨਹੀਂ ਸੀ। ਮੈਂ ਉਨ੍ਹਾਂ ਨੂੰ

ਫੜ-ਫੜ ਕੇ ਸਮਝਾਇਆ, ਪਰੰਤੂ ਅਤੀ ਮੂਰਖ ਵੇਖ ਕੇ ਛੱਡ ਦਿੱਤੇ॥੨੫॥

ਨਿੰਦਾ ਕਰਹਿ ਸਗਲ ਤੁਰਕਾਨਾ। ਬੰਧੇ ਸ਼ਰ੍ਹਾ ਫਾਸਿ, ਬੁਧਿ ਹਾਨਾ।
ਮੈਂ ਤਿਨ ਕੀ ਕਥਿ ਏਕ ਨ ਮਾਨੀ। ਕੁਮਤਿ ਨਾਰਕੀ ਤਨ ਅਭਿਮਾਨੀ॥੨੬॥

ਸਾਰੇ ਤੁਰਕ ਨਿੰਦਾ ਕਰਦੇ ਸਨ, ਸ਼ਰ੍ਹਾ ਦੀ ਰਸੀ ਨਾਲ ਬੰਨ੍ਹੇ ਹੋਏ ਸਨ ਤੇ ਉਨ੍ਹਾਂ ਦੀ ਬੁੱਧੀ ਦਾ ਨਾਸ਼ ਹੋ ਚੁੱਕਾ ਸੀ। ਮੈਂ ਉਨ੍ਹਾਂ ਦੀ ਕਦੀ ਵੀ ਇਕ ਨਾ ਮੰਨੀ, ਮਾੜੀ ਮੱਤ ਵਾਲੇ ਨਰਕ ਭੋਗਣ ਵਾਲੇ ਸਨ ਤੇ ਦੇਹੀ ਅਭਿਮਾਨ ਵਾਲੀ ਸੀ॥੨੬॥

ਸੰਤਨਿ ਕੀ ਕਰੁਨਾ ਮੁਝ ਹੋਈ। ਐਸੇ ਬਿਘਨ ਛੁਵੇ ਨਹਿਂ ਕੋਈ।
ਬਧੈ ਲਾਲਸਾ ਨਿਤ ਅਧਿਕਾਈ। ਹੁਇ ਸਰੂਪ ਮੈਂ ਨਿਸ਼ਚਲਤਾਈ॥੨੭॥

ਸੰਤਾਂ ਦੀ ਮੇਰੇ 'ਤੇ ਕਿਰਪਾ ਹੋਈ, ਐਸਾ ਕੋਈ ਵਿਘਨ ਮੈਨੂੰ ਛੂੰਹਦਾ ਵੀ ਨਹੀਂ ਸੀ, ਉਹ ਸਦਾ ਹੀ ਵੱਡੀ ਲਾਲਸਾ ਨਾਲ ਬੱਝੇ ਹੋਏ ਸਨ ਤੇ ਮੇਰੇ ਸਰੂਪ ਨੇ ਨਿਸ਼ਚਲਤਾ ਪਾ ਲਈ ਸੀ॥੨੭॥

ਮਿਥਜਾ ਜਗ ਕੇ ਦੁਖ ਸੁਖ ਜੋਈ॥ ਅਗਨੀ ਸਮ ਦਹੀਯਤਿ ਸਭਿ ਕੋਈ।
ਤੁਮ ਅਬਿ ਕ੍ਰਿਪਾ ਕਰਹੁ ਅਸ ਹੋਹੀ। ਤਿਨ ਕੀ ਆਂਚ ਨ ਲਾਗਹਿ ਮੋਹੀ॥੨੮॥

ਇਸ ਝੂਠੇ ਜਗਤ ਦੇ ਜਿਹੜੇ ਦੁੱਖ ਸੁੱਖ ਹਨ, ਅਗਨੀ ਵਾਂਗ ਸਾਰੇ ਸੜ ਜਾਣਗੇ। ਤੁਸੀਂ ਹੁਣ ਮੇਰੇ 'ਤੇ ਐਸੀ ਕਿਰਪਾ ਕਰੋ ਕਿ ਉਨ੍ਹਾਂ ਦਾ ਮੈਨੂੰ ਸੇਕ ਤਕ ਨਾ ਲੱਗੇ॥੨੮॥

ਨਿਜ ਸਰੂਪ ਮਹਿਂ ਥਿਰਤਾ ਪਾਵਉਂ। ਜਿਸ ਤੇ ਜਨਮ ਰੁ ਮਰਨ ਮਿਟਾਵਉਂ।
ਉਪਜੈ ਬ੍ਰਹਮ ਬਿਖੈ ਬਿਸਵਾਸ। ਕਟਹਿ ਪੁਰਾਤਨ ਦੁਬਿਧਾ ਫਾਸ॥ ੨੯॥

ਆਪਣੇ ਸਰੂਪ ਵਿਚ ਸਥਿਰਤਾ ਪਾ ਲਵਾਂ, ਜਿਸ ਨਾਲ ਜਨਮ ਮਰਨ ਨੂੰ ਮਿਟਾ ਲਵਾਂ। ਬ੍ਰਹਮ ਵਿਚ ਮੇਰਾ ਵਿਸ਼ਵਾਸ ਪ੍ਰਗਟ ਹੋਵੇ ਤੇ ਪੁਰਾਤਨ ਦੁਬਿਧਾ ਦੀ ਫਾਹੀ ਕੱਟੀ ਜਾਵੇ॥੨੯॥

ਬ੍ਰਹਮ ਸਰੂਪ ਬ੍ਰਿਤੀ ਥਿਤ ਹੋਇ। ਤਨ ਹਉਮੈਂ ਤਜਿ ਲਹਿ ਸੁਖ ਸੋਇ।
ਮਿਟਹੁ ਅਨਿਕਤਾ ਮਨ ਮੇਰੇ ਕੀ। ਹੋਹਿ ਸਫਲਤਾ ਤੁਮ ਹੇਰੇ ਕੀ॥ ੩੦॥

ਬ੍ਰਹਮ ਸਰੂਪ ਵਿਚ ਮੇਰੀ ਬ੍ਰਿਤੀ ਸਥਿਤ ਹੋ ਜਾਵੇ ਤੇ ਸਰੀਰ ਹਉਮੈ ਛੱਡ ਕੇ ਸੁੱਖ ਪ੍ਰਾਪਤ ਕਰੇ। ਮੇਰੇ ਮਨ ਦੀ ਦ੍ਵੈਤ ਖ਼ਤਮ ਹੋ ਜਾਵੇ ਤੇ ਤੁਹਾਡੇ ਦਰਸ਼ਨਾਂ ਨਾਲ ਮੈਨੂੰ ਸਫਲਤਾ ਪ੍ਰਾਪਤ ਹੋਵੇ॥੩੦॥

ਅਪਰ ਜਾਚਨਾ ਕਰੌਂ ਨ ਕੋਈ। ਆਦਿ ਰੁ ਅੰਤ ਸਮੈਂ ਤਜਿ ਹੋਈ।
ਨਾਸ਼ਵੰਤ ਜੋ ਸੁਖ ਜਗ ਕੇਰੋ। ਜਿਸ ਜਾਚਨਿ ਕੋ ਨਹਿਂ ਮਨ ਮੇਰੋ॥ ੩੧॥

ਹੋਰ ਮੈਂ ਕੋਈ ਮੰਗ ਨਹੀਂ ਕਰਦਾ ਹਾਂ, ਪਹਿਲਾਂ ਜਾਂ ਪਿੱਛੋਂ ਤਿਆਗ ਜਿਨ੍ਹਾਂ ਦਾ ਹੋਣਾ ਹੈ, ਜਿਵੇਂ ਇਸ ਜਗ ਦੇ ਨਾਸ਼ ਹੋਣ ਵਾਲੇ ਸੁਖ ਹਨ, ਉਨ੍ਹਾਂ ਨੂੰ ਮੰਗਣ ਦੀ ਮੇਰੇ ਮਨ ਵਿਚ ਕੋਈ ਚਾਹ ਨਹੀਂ ਹੈ॥੩੧॥

ਤਨ ਧਰਿਬੇ ਕੇ ਜੇ ਬਿਵਹਾਰ। ਪ੍ਰਾਪਤਿ ਪਰਾਲਬਧ ਅਨੁਸਾਰ।
ਤਿਨਕੋ ਜਤਨ ਕਰਨਿ ਹੈ ਬਾਦ। ਹਾਨ ਲਾਭ ਸ਼ੋਕਦ ਅਹਿਲਾਦ॥ ੩੨॥

ਤਨ ਧਾਰਨ ਦੇ ਜੋ ਵਿਵਹਾਰ ਹਨ, ਉਹ ਮੈਨੂੰ ਪਰਾਲਬਧ ਅਨੁਸਾਰ ਪ੍ਰਾਪਤ ਹੋ ਗਏ ਹਨ, ਉਨ੍ਹਾਂ ਦਾ ਯਤਨ ਕਰਨਾ ਹੁਣ ਫਜ਼ੂਲ ਹੈ, ਉਹ ਹਾਣ ਲਾਭ ਹਰਖ ਸ਼ੋਕ ਦੇਣ ਵਾਲੇ ਹਨ॥੩੨॥

ਸਹਜ ਸੁਭਾਯਕ ਜਿਮ ਚਲਿ ਆਵੈ। ਹਰਖ ਸੋਗ ਬਿਨ ਤਥਾ ਬਿਤਾਵੈ।
ਕਰਨਿ ਉਪਾਇ ਲਖਜੋ ਮੈਂ ਨੀਕੋ। ਜਿਸ ਤੇ ਕਟਹਿ ਕਸ਼ਟ ਨਿਤ ਜੀ ਕੋ॥੩੩॥

ਸਹਿਜ ਸੁਭਾਅ ਜਿਵੇਂ ਚਲ ਕੇ ਆਇਆ ਹਾਂ, ਇਵੇਂ ਹੀ ਹਰਖ ਸੋਗ ਤੋਂ ਬਿਨਾਂ ਪਹਿਲਾਂ ਵਾਂਗ ਜ਼ਿੰਦਗੀ ਬਤੀਤ ਹੋਵੇ।

ਐਸਾ ਉਪਾਅ ਕਰਨਾ ਮੈਂ ਚੰਗਾ ਸਮਝਿਆ ਹੈ, ਜਿਸ ਨਾਲ ਜੀਅ ਦਾ ਸਦਾ ਲਈ ਕਸ਼ਟ ਕਟਿਆ ਜਾਵੇ॥੩੩॥

ਯਾਂਤੇ ਲਾਲਸ ਅਹੈ ਹਮਾਰੀ। ਪ੍ਰਾਪਤਿ ਹੋਵਹਿ ਕ੍ਰਿਪਾ ਤੁਮਾਰੀ।
ਸ੍ਰੀ ਨਾਨਕ ਤੇ ਬਹੁ ਬਰੁਸਾਏ। ਸਭਿ ਜਗ ਮਹਿਂ ਜਸ ਜਿਨ ਕੋ ਛਾਏ॥ ੩੪॥

ਇਸ ਕਰਕੇ ਸਾਡੀ ਇਹੋ ਲਾਲਸਾ ਹੈ ਕਿ ਤੁਹਾਡੀ ਕਿਰਪਾ ਪ੍ਰਾਪਤ ਹੋਵੇ। ਸ੍ਰੀ ਗੁਰੂ ਨਾਨਕ ਦੇਵ ਜੀ ਪਾਸੋਂ ਬਹੁਤ ਵਰੋਸਾਏ ਗਏ ਹੋ, ਜਿਨ੍ਹਾਂ ਦਾ ਸਾਰੇ ਜਗਤ ਵਿਚ ਬਹੁਤ ਜਸ ਛਾਇਆ ਹੈ॥੩੪॥

ਤਿਸ ਗਾਦੀ ਕੇ ਮਾਲਿਕ ਅਹੋ। ਨਿਜ ਉਪਦੇਸ਼ ਮੋਹਿ ਕੋ ਕਹੋ।
ਜਿਸ ਸਰੂਪ ਕਹੁ ਬੇਦ ਬਤਾਵੈ। ਤਿਸ ਮਹਿਂ ਮਨ ਇਸਥਿਰਤਾ ਪਾਵੈ॥ ੩੫॥

ਤੁਸੀਂ ਉਸ ਗੱਦੀ ਦੇ ਮਾਲਕ ਹੋ, ਆਪਣਾ ਉਪਦੇਸ਼ ਮੈਨੂੰ ਕਹੋ। ਜਿਸ ਸਰੂਪ ਬਾਰੇ ਵੇਦ ਦੱਸਦੇ ਹਨ, ਉਸ ਸਰੂਪ ਵਿਚ ਮਨ ਅਚਲਤਾ ਪਾਉਂਦਾ ਹੈ॥੩੫॥

ਪੰਚਹੁਂ ਇੰਦ੍ਰੇ ਤੇ ਰਹਿ ਪਰੈ। ਜਿਸ ਕੇ ਇਹ ਅਲੰਬ ਹੁਇ ਥਿਰੈਂ।
ਅਖਿਲ ਤੇਜ ਕਹੁ ਦਾਯਕ ਤੇਜ। ਸਭਿ ਕਉ ਸੱਤਾ ਦੇਤਿ ਅਮੇਚ॥ ੩੬॥

ਪੰਜਾਂ ਇੰਦਰਿਆਂ ਤੋਂ ਮੈਂ ਪਰੇ ਰਿਹਾ ਹਾਂ, ਜਿਸ ਦੇ ਆਸਰੇ ਮੈਂ ਟਿਕਿਆ ਰਿਹਾ ਹਾਂ। ਜਿਹੜਾ ਅਖਿਲ ਤੇਜ ਨੂੰ ਦੇਣ ਵਾਲਾ ਤੇਜ ਹੈ ਤੇ ਜਿਹੜਾ ਸਭ ਨੂੰ ਮਿਲ ਕੇ ਇਕ ਰਸ ਸੱਤਾ ਦਿੰਦਾ ਹੈ॥੩੬॥

ਦੋਹਰਾ- ਕ੍ਰਿਪਾ ਆਪ ਕੀ ਠਾਨਿ ਕੈ ਤਹਿਂ ਮਨ ਦੇਹੁ ਟਿਕਾਇ।
ਰਾਗ ਦ੍ਵੈਸ਼ ਨਹਿਂ ਛ੍ਵੈ ਸਕਹਿ, ਸਤਿਗੁਰ ਸੰਤ ਸਹਾਇ'॥ ੩੭॥

ਆਪਣੀ ਕਿਰਪਾ ਧਾਰਨ ਕਰਕੇ ਮੇਰੇ ਮਨ ਨੂੰ ਟਿਕਾਅ ਦੇਵੋ ਜੋ ਪ੍ਰੇਮ ਦ੍ਵੈਸ਼ ਨਾ ਛੂਹ ਸਕੇ, ਤੇ ਸਤਿਗੁਰੂ ਸੰਤ ਮੇਰੀ ਸਹਾਇਤਾ ਕਰਨ'॥੩੭॥

*ਨੌਵੀਂ ਰਾਸ ਦਾ ਸੋਲ੍ਹਵਾਂ ਅਧਿਆਇ ਸਮਾਪਤ ਹੋਇਆ॥੧੬॥*

## *ਅਧਿਆਇ ਸਤਾਰ੍ਹਵਾਂ*

### ਦਾਰਾਸ਼ਕੋਹ ਨੂੰ ਉਪਦੇਸ਼

ਦੋਹਰਾ- ਸ੍ਰੀ ਸਤਿਗੁਰ ਹਰਿਰਾਇ ਜੀ ਭੁਗਤਿ ਮੁਕਤਿ ਦੇ ਦਾਨ।
ਰਿਦਾ ਸੁੱਧ ਦੇਖਨਿ ਕਰਜੋ ਦਾਰਸ਼ਕੋਹੁ ਸੁਜਾਨ॥ ੧॥

ਸ੍ਰੀ ਸਤਿਗੁਰੂ ਹਰਿਰਾਇ ਜੀ ਭਗਤੀ ਮੁਕਤੀ ਦੇ ਦਾਤਾ ਹਨ, ਚਤੁਰ ਦਾਰਾਸ਼ਕੋਹ ਦਾ ਉਨ੍ਹਾਂ ਨੇ ਸ਼ੁੱਧ ਹਿਰਦਾ ਵੇਖਿਆ॥੧॥

ਚੌਪਈ-'ਤੁਰਕੇਸ਼ੁਰ ਕੇ ਬੰਸ ਮਝਾਰੇ। ਸ਼ੁਭ ਮਤਿ ਉਪਜਯੋ ਗੁਨ ਬੀਚਾਰੇ।
ਮਰੂ ਦੇਸ਼ ਜਿਮ ਸੁਰਤਰੁ ਹੋਵਾ। ਜਿਮ ਕਾਕਨਿ ਕੇ ਕੋਕਿਲ ਜੋਵਾ॥ ੨॥

ਤੁਰਕਾਂ ਦੀ ਵੰਸ਼ ਵਿਚੋਂ ਹੋ, ਪਰ ਹਿਰਦੇ ਵਿਚ ਸ਼ੁਭ ਮੱਤ ਪ੍ਰਗਟ ਹੋਈ ਹੈ ਤੇ ਗੁਣਾਂ ਔਗੁਣਾਂ 'ਤੇ ਵਿਚਾਰ ਕਰਦੇ ਹਾਂ, ਜਿਵੇਂ ਰੇਤਲੇ ਦੇਸ਼ ਵਿਚ ਕਲਪ ਬ੍ਰਿਛ ਪ੍ਰਗਟ ਹੋਇਆ ਹੋਵੇ, ਕਾਵਾਂ ਦੇ ਵਿਚ ਜਿਵੇਂ ਕੋਇਲ ਵੇਖੀਏ॥੨॥

ਬਕਨਿ ਬੰਸ ਕਲਹੰਸ ਉਪੰਨਾ। ਕੋ ਖੁਦਾਇ ਦਰਵੇਸ਼ ਪ੍ਰਸੰਨਾ।
ਪਰਮਾਰਥ ਮਹਿਂ ਸੁਮਤਿ ਲਗਾਈ। ਜਨਮ ਮਰਨ ਕੀ ਖੈ ਦੁਚਿਤਾਈ॥ ੩॥

ਬਗਲਿਆਂ ਦੇ ਵੰਸ਼ ਵਿਚ ਜਿਵੇਂ ਰਾਜਹੰਸ ਪੈਦਾ ਹੋਇਆ ਹੋਵੇ। ਜਿਵੇਂ ਕਿਸੇ ਖ਼ੁਦਾ ਦੇ ਦਰਵੇਸ਼ ਨੇ ਪ੍ਰਸੰਨ ਹੋ ਕੇ ਪ੍ਰਮਾਰਥ ਵਿਚ ਸ੍ਰੇਸ਼ਟ ਬੁੱਧੀ ਲਾ ਦਿੱਤੀ ਹੋਵੇ। ਤੁਸੀਂ ਜਨਮ ਮਰਨ ਦੀ ਦੁਚਿਤੀ ਨੂੰ ਖ਼ਤਮ ਕਰ ਲਿਆ ਹੈ॥੩॥

ਬਿਖੈ ਬਾਸ਼ਨਾ ਦੁਰਮਤਿ ਨਾਸ਼ੀ। ਕਰੀ ਨਿਕੰਦ ਸ਼ਰ੍ਹਾ ਗਰ ਫਾਸੀ।
ਉੱਤਮ ਪੰਥ ਚਲਿਨਿ ਚਿਤ ਚਹਜੋ। ਪੂਰਬ ਬਡਭਾਗਨਿ ਤੇ ਲਹਜੋ॥ ੪॥

ਵਿਸ਼ੇ ਵਾਸ਼ਨਾਵਾਂ ਵਲੋਂ ਮਾੜੀ ਮੱਤ ਦੂਰ ਹੋ ਗਈ ਹੈ। ਗਲ੍ਹ ਵਿਚ ਪਈ ਸ਼ਰ੍ਹਾ ਦੀ ਫਾਂਸੀ ਨਾਸ਼ ਕਰ ਲਈ ਹੈ। ਉੱਤਮ ਮਾਰਗ ਵਿਚ ਚਲਣ ਨੂੰ ਚਿੱਤ ਚਾਹਿਆ ਹੈ, ਪਿਛਲੇ ਵੱਡੇ ਭਾਗਾਂ ਕਰਕੇ ਇਹ ਕੁਝ ਪ੍ਰਾਪਤ ਕੀਤਾ ਹੈ॥੪॥

ਭੋਗਨਿ ਰਾਜ ਸਮਾਜ ਬਿਸਾਲ। ਇਸਤ੍ਰੀ ਆਦਿ ਬਿਸ਼ਜਨਿ ਜੰਜਾਲ।
ਨਾਸ਼ਵੰਤ ਇਹ ਕੇਤਿਕ ਦਿਨ ਕੇ। ਛਿਨ ਭੰਗਰ ਜਿਮ ਓਸਨਿ ਕਨਕੇ॥ ੫॥

ਵਿਸ਼ਾਲ ਰਾਜ, ਸਾਜ਼-ਸਾਮਾਨ ਦਾ ਭੋਗਣਾ, ਇਸਤਰੀ ਆਦਿ ਜਿਹੜੇ ਵਿਸ਼ਿਆਂ ਦੇ ਜੰਜਾਲ ਹਨ, ਇਹ ਸਾਰੇ ਨਾਸ਼ਵੰਤ ਹਨ, ਕਿੰਨੇ ਦਿਨ ਰਹਿਣੇ ਹਨ, ਜਿਵੇਂ ਤ੍ਰੇਲ ਦੇ ਤੁਪਕੇ ਛਿਨ ਭਰ ਵਿਚ ਨਾਸ਼ ਹੋ ਜਾਂਦੇ ਹਨ॥੫॥

ਫਸਿ ਫਸਿ ਇਨ ਮਹਿਂ ਕਸ਼ਟ ਲਹੰਤੇ। ਸੱਤਜਨਾਮ ਕਉ ਨਹਿਂ ਸਿਮਰੰਤੇ।
ਸਾਧੁ ਸਾਧੁ ਯਾਂਤੇ ਮਤਿ ਤੇਰੀ। ਛੁਟਨਿ, ਪਰਜੋ ਬਿਸ਼ਿਜਨਿ ਕੀ ਬੇਰੀ॥ ੬॥

ਇਨ੍ਹਾਂ ਵਿਚ ਫਸ-ਫਸ ਕੇ ਲੋਕ ਕਸ਼ਟ ਪਾਉਂਦੇ ਹਨ, ਸਤਿਨਾਮ ਦਾ ਕਿਉਂ ਸਿਮਰਨ ਨਹੀਂ ਕਰਦੇ । ਇਸ ਕਰਕੇ ਤੁਹਾਡੀ ਮੱਤ ਦੇ 'ਸ਼ਾਬਾਸ਼ ਸ਼ਾਬਾਸ਼'! ਜੋ ਵਿਸ਼ਿਆਂ ਦੀ ਹੱਥਕੜੀ ਪਈ ਹੈ, ਉਸ ਤੋਂ ਛੁਟਕਾਰਾ ਪਾਉਣਾ ਚਾਹੁੰਦੇ ਹੋ॥੬॥

ਬ੍ਰਹਮ ਆਤਮਾ ਮੈਂ ਥਿਤ ਚਾਹਤਿ। ਅਨੰਦ ਹੋਨਿ ਕੋ ਮਹਦ ਉਮਾਹਤਿ।
ਤਿਹ ਸਾਧਨ ਸਾਧਤਿ ਸਭਿ ਭਾਂਤੀ। ਜਿਸ ਤੇ ਪਰੇ ਅਪਰ ਨਹਿਂ ਬਾਤੀ॥ ੭॥

ਇਸ ਕਰਕੇ ਬ੍ਰਹਮ ਆਤਮਾ ਵਿਚ ਸਥਿਤ ਹੋਣਾ ਚਾਹੁੰਦੇ ਹੋ, ਅਨੰਦਿਤ ਹੋਣ ਵਾਸਤੇ ਬਹੁਤ ਉਤਸ਼ਾਹਿਤ ਹੋਏ ਹੋ, ਉਸ ਦੇ ਸਾਧਨਾਂ ਨੂੰ ਭਲੀ ਪ੍ਰਕਾਰ ਸਾਧ ਲਿਆ ਹੈ, ਜਿਸ ਤੋਂ ਉਪਰ ਕੋਈ ਹੋਰ ਗੱਲ ਨਹੀਂ ਹੈ॥੭॥

ਕਰਿਬੇ ਲਗਹਿ ਜੁ ਕਾਰਜ ਰਾਸ। ਤਾਂਹਿ ਸਹਾਇਕ ਚਹੀਅਹਿ ਪਾਸ।
ਜਗ ਮਹਿਂ ਉੱਚਾਵਚ ਜੇ ਕਾਜ। ਲੋਕ ਪ੍ਰਲੋਕਨਿ ਕੇ ਸੁਖ ਸਾਜ॥ ੮॥

ਜਿਹੜਾ ਕਾਰਜ ਰਾਸ ਕਰਨ ਲੱਗੇ ਹੋ, ਉਸ ਵਾਸਤੇ ਇਕ ਸਹਾਇਕ ਆਪਣੇ ਕੋਲ ਹੋਣਾ ਚਾਹੀਦਾ ਹੈ। ਜਗਤ ਵਿਚ ਕਈ ਪ੍ਰਕਾਰ ਦੇ ਯੱਗ, ਖੂਹ, ਸਰੋਵਰ ਆਦਿ ਸ਼ੁਭ ਕਰਮ ਹਨ। ਉਹ ਲੋਕ ਪਰਲੋਕ ਦੇ ਸੁਖ ਦੇ ਸਾਮਾਨ ਹਨ॥੮॥

ਕਿਤਿਕ ਸਹਾਇਕ ਬਿਨ ਨਹਿਂ ਹੋਤਿ। ਨਿਸ਼ਫਲ ਜਾਇ ਅਰੰਭ ਉਦੋਤ।
ਕੇਤਿਕ ਹੈਂ ਦੁਹਸਾਧਜ ਮਹਾਨ। ਕਰਿ ਸਕਿ ਹੈ ਜੇ ਸਮਰਥਵਾਨ॥ ੯॥

ਕੁਝ ਸਹਾਇਕਾਂ ਦੇ ਬਗ਼ੈਰ ਇਹ ਕੰਮ ਨਹੀਂ ਹੁੰਦਾ। ਜੇਕਰ ਉਨ੍ਹਾਂ ਕੰਮਾਂ ਦਾ ਕੋਈ ਆਰੰਭ ਕਰਦਾ ਹੈ ਤਾਂ ਇਹ ਨਿਸ਼ਫਲ ਜਾਂਦੇ ਹਨ। ਕਈ ਕਾਰਜ ਬੜੀ ਕਠਿਨਾਈ ਨਾਲ ਸਾਧੇ ਜਾਣ ਵਾਲੇ ਹਨ। ਜਿਹੜੇ ਪੂਰਨ ਸਮਰੱਥਵਾਨ ਹਨ, ਉਹ ਹੀ ਕਰ ਸਕਦੇ ਹਨ॥੯॥

ਜਿਨ ਕਉ ਮਿਲੇ ਸਹਾਯਕ ਭਾਰੇ। ਸੋ ਸਭਿ ਕਾਰਜ ਕਰਹਿਂ ਸੁਖਾਰੇ।
ਨਹੀਂ ਸਹਾਇਕ, ਸਮਰਥ ਨਾਂਹੀ। ਸੰਸੈ ਹੈ ਤਿਸ ਕਾਰਜ ਮਾਂਹੀ॥ ੧੦॥

ਜਿਨ੍ਹਾਂ ਨੂੰ ਸਮੱਰਥ ਸਹਾਇਕ ਮਿਲ ਜਾਂਦੇ ਹਨ, ਉਹ ਕਾਰਜ ਸੌਖੇ ਹੀ ਕਰ ਲੈਂਦੇ ਹਨ। ਜਿਥੇ ਸਹਾਇਕ ਸਮੱਰਥ ਨਹੀਂ ਹੈ, ਉਸ ਕਾਰਜ ਦੇ ਨੇਪਰੇ ਚੜ੍ਹਨ ਵਿਚ ਸ਼ੰਕਾ ਹੈ॥੧੦॥

ਹੋਇ ਸਹਾਇਕ ਸਮਰਥ ਭਾਰੇ। ਤਬਿ ਕਾਰਜ ਨਿਸ਼ਚਿੰਤ ਸੁਧਾਰੇ।
ਜੋ ਕਾਰਜ ਬ੍ਰਹਮਗਯਾਨ ਬਿਸਾਲਾ। ਸੱਤਯਨਾਮ ਤੇ ਪੁਰਹਿ ਸੁਖਾਲਾ॥ ੧੧॥

ਜੇ ਸਹਾਇਕ ਵੱਡਾ ਸਮਰੱਥ ਹੋਵੇ, ਤਦ ਹੀ ਕਾਰਜ ਨਿਸ਼ਚਿੰਤ ਹੋ ਕੇ ਸੁਧਾਰਦਾ ਹੈ। ਜਿਹੜਾ ਬ੍ਰਹਮ ਗਿਆਨ ਦਾ ਵਿਸ਼ਾਲ ਕਾਰਜ ਹੈ, ਉਹ ਸਤਿਨਾਮ ਦਾ ਸਿਮਰਨ ਕਰਕੇ ਸੌਖੇ ਹੀ ਪੂਰਾ ਕਰ ਲੈਂਦਾ ਹੈ॥੧੧॥

ਸੋ ਸਤਿਨਾਮ ਸਤਿਗੁਰੂ ਪਾਸ। ਜਿਸ ਕੋ ਬਖਸ਼ਹਿਂ ਕਰਹਿਂ ਪ੍ਰਕਾਸ਼।
ਤਿਸ ਕੋ ਸਭਿ ਸੁਖੈਨ ਹੁਇ ਜਾਵੈਂ। ਅਨਿਕ ਬਿਘਨ ਦੈ ਹਾਥ ਬਚਾਵੈਂ॥ ੧੨॥

ਉਹ ਸਤਿਨਾਮ ਕੇਵਲ ਸਤਿਗੁਰੂ ਪਾਸ ਹੈ, ਜਿਸ ਨੂੰ ਉਹ ਬਖ਼ਸ਼ ਦਿੰਦੇ ਹਨ, ਉਸ ਨੂੰ ਪ੍ਰਕਾਸ਼ ਹੋ ਜਾਂਦਾ ਹੈ, ਉਸ ਦਾ ਕੰਮ ਫਿਰ ਸਾਰਾ ਹੀ ਸੌਖਾ ਹੋ ਜਾਂਦਾ ਹੈ, ਹੋਰ ਵਿਘਨਾਂ ਤੋਂ ਵੀ ਹੱਥ ਦੇ ਕੇ ਬਚਾਉਂਦੇ ਹਨ॥੧੨॥

ਦੋਹਰਾ-ਮਾਰਗ ਇਹ ਬਿਨ ਸਤਿਗੁਰੂ ਦੁਸ਼ ਪ੍ਰਾਪਤਿ ਅਤਿ ਜਾਨ।
ਗੁਰੂ ਗ੍ਰਿੰਥ ਮੈਂ ਕਹਜੋ ਸੁਭ ਸੋ ਸੁਨਿ ਕਾਨ ਪ੍ਰਮਾਨ॥ ੧੩॥

ਸਤਿਗੁਰੂ ਤੋਂ ਬਗੈਰ ਇਹ ਮਾਰਗ ਪ੍ਰਾਪਤ ਕਰਨਾ ਅਤੀ ਮੁਸ਼ਕਲ ਜਾਣੋ। ਗੁਰੂ ਗ੍ਰੰਥ ਸਾਹਿਬ ਵਿਚ ਜੋ ਸ਼ੁਭ ਲਿਖਿਆ ਹੈ ਉਸ ਨੂੰ ਪ੍ਰਮਾਣ ਦੇ ਰੂਪ ਵਿਚ ਕੰਨ ਦੇ ਕੇ ਸੁਣੋ॥੧੩॥

*ਮ: ੧॥ ਸ੍ਰੀ ਮੁਖਵਾਕ॥*

*ਨਾਨਕ ਗੁਰੂ ਨ ਚੇਤਨੀ ਮਨਿ ਆਪਣੈ ਸੁਚੇਤ॥*
*ਛੁਟੇ ਤਿਲ ਬੂਆੜ ਜਿਉ ਸੁੰਞੇ ਅੰਦਰਿ ਖੇਤ॥*
*ਖੇਤੈ ਅੰਦਰਿ ਛੁਟਿਆ ਕਹੁ ਨਾਨਕ ਸਉ ਨਾਹ॥*
*ਫਲੀਅਹਿ ਫੁਲੀਅਹਿ ਬਪੁੜੇ ਭੀ ਤਨ ਵਿਚਿ ਸੁਆਹ॥ ੩॥*

*(ਪੰਨਾ ੪੬੩)*

ਹੇ ਨਾਨਕ! ਜਿਹੜੇ ਗੁਰੂ ਜੀ ਨੂੰ ਚੇਤੇ ਨਹੀਂ ਕਰਦੇ ਅਤੇ ਆਪਣੇ ਦਿਲ ਵਿਚ ਆਪਣੇ ਆਪ ਨੂੰ ਵੱਡਾ ਚਤੁਰ ਖਿਆਲ ਕਰਦੇ ਹਨ, ਉਹ ਸੜੇ ਹੋਏ ਫਲ ਵਾਲੇ ਬੂਟੇ ਵਾਂਗ ਤਿਲਾਂ ਦੇ ਖੇਤ ਵਿਚ ਸੁੰਞੇ ਹੀ ਰਹਿਣ ਦਿੱਤੇ ਜਾਂਦੇ ਹਨ।

ਹੇ ਨਾਨਕ ਖੇਤ ਅੰਦਰ ਸੁੰਞੇ ਛੱਡਿਆਂ ਉਨ੍ਹਾਂ ਦੇ ਸੈਂਕੜੇ ਮਾਲਕ ਬਣ ਜਾਂਦੇ ਹਨ।

ਉਹ ਬਦਨਸੀਬ ਫਲਦੇ ਅਤੇ ਫੁਲਦੇ ਹਨ, ਫਿਰ ਵੀ ਉਨ੍ਹਾਂ ਦੇ ਸਰੀਰ ਵਿਚ ਨਿਰੀ ਰਾਖ ਹੀ ਹੁੰਦੀ ਹੈ॥੩॥

*ਸਲੋਕ ਵਾਰਾਂ ਤੇ ਵਧੀਕ॥ ਮਹਲਾ ੧॥*

*ਜੇ ਤੂੰ ਤਾਰੂ ਪਾਣਿ ਤਾਹੂ ਪੁਛੁ ਤਿੜੰਨ੍ ਕਲ॥*
*ਤਾਹੂ ਖਰੇ ਸੁਜਾਣ ਵੰਞਾ ਏਨ੍ਹੀ ਕਪਰੀ॥ ੩॥*

*(ਪੰਨਾ ੧੪੧੦)*

ਜੇਕਰ ਤੂੰ ਪਾਣੀ 'ਚੋਂ ਤਰ ਕੇ ਪਾਰ ਹੋਣਾ ਚਾਹੁੰਦਾ ਹੈਂ ਤਾਂ ਉਹਨਾਂ ਦੀ ਸਲਾਹ ਲੈ, ਜਿਨ੍ਹਾਂ ਨੂੰ ਪਾਣੀ ਉਪਰ ਤਰਨ ਦੀ ਜਾਚ ਹੈ, ਕਿਉਂਕਿ ਜੇਕਰ ਉਹ ਆਪਣੇ ਆਪ ਨੂੰ ਬੜੇ ਸੁਜਾਨ ਸਮਝਦੇ ਹਨ ਤਾਂ ਇਨ੍ਹਾਂ ਘੁੰਮਣਘੇਰੀਆਂ ਨੇ ਤਬਾਹ ਕਰ ਛੱਡੇ

ਹਨ॥੩॥

ਚੌਪਈ-ਪਠਿ ਪਠਿ ਗ੍ਰੰਥ ਹੋਇ ਸਵਧਾਨ। ਚਾਹਤਿ ਆਨੰਦ ਬ੍ਰਹਮਗਿਆਨ।
ਨਹਿਂ ਸਿਮਰਹਿ ਸਤਿਗੁਰ ਸਤਿਨਾਮੁ। ਤਿਸ ਕੇ ਨਿਸ਼ਫਲ ਹੁਇਂ ਸਭਿ ਕਾਮ॥੧੪॥

ਗ੍ਰੰਥ ਪੜ੍ਹ ਪੜ੍ਹ ਕੇ ਸਾਵਧਾਨ ਹੁੰਦੇ ਹਨ ਤੇ ਬ੍ਰਹਮ ਗਿਆਨ ਦਾ ਆਨੰਦ ਚਾਹੁੰਦੇ ਹਨ; ਪਰ ਸਤਿਗੁਰੂ ਜੀ ਦੇ ਸਤਿਨਾਮ ਦਾ ਸਿਮਰਨ ਨਹੀਂ ਕਰਦੇ, ਉਨ੍ਹਾਂ ਦੇ ਸਾਰੇ ਕੰਮ ਨਿਸਫਲ ਜਾਂਦੇ ਹਨ॥੧੪॥

ਤਿਲ ਬੁਆੜ ਜਜੋਂ ਰਾਖ ਮਝਾਰ। ਅੰਤਕਾਲ ਤਿਮ ਹੁਇ ਨ ਸੰਭਾਰ।
ਜਿਸ ਕੀ ਸਤਿਗੁਰ ਕਰਹਿਂ ਸਹਾਇ। ਨਿਸ਼ਚੈ ਬ੍ਰਹਮਗਜ਼ਾਨ ਕਹੁ ਪਾਇ॥੧੫॥

ਜਿਵੇਂ ਤਿਲ ਦੇ ਸੜੇ ਹੋਏ ਫਲ ਵਾਲੇ ਬੂਟੇ ਦੀ ਡੋਡੀ ਵਿਚ ਰਾਖ ਹੁੰਦੀ ਹੈ, ਉਸ ਤਰ੍ਹਾਂ ਅੰਤਕਾਲ ਸਮੇਂ ਉਸ ਦੀ ਸੰਭਾਲ ਨਹੀਂ ਹੁੰਦੀ। ਪਰ ਸਤਿਗੁਰੂ ਜਿਸ ਦੀ ਸਹਾਇਤਾ ਕਰਦੇ ਹਨ, ਉਹ ਪੱਕੇ ਤੋਰ ਤੇ ਬ੍ਰਹਮ ਗਿਆਨ ਪ੍ਰਾਪਤ ਕਰਦਾ ਹੈ॥੧੫॥

ਜੋ ਸਾਗਰ ਕੋ ਤਰਿਬੋ ਚਾਹੈ। ਪਾਰ ਪਰਨਿ ਕਉ ਬਲ ਭੁਜ ਮਾਂਹੈ।
ਤਊ ਜਿ ਕੇਵਟ ਤਹਿਂ ਕੋ ਹੋਇਂ। ਤਿਨ ਸੋਂ ਬੂਝਤਿ ਰਹਿ ਸੁਖ ਹੋਇ॥੧੬॥

ਜਿਹੜਾ ਸਾਗਰ ਨੂੰ ਤਰਨਾ ਚਾਹੁੰਦਾ ਹੈ ਅਤੇ ਪਾਰ ਕਰਨ ਵਾਸਤੇ ਬਾਹਾਂ ਵਿਚ ਬਲ ਵੀ ਹੈ। ਫਿਰ ਵੀ ਜੇ ਉਥੇ ਮਲਾਹ ਹੋਵੇ ਤਾਂ ਉਸ ਪਾਸੋਂ ਪੁੱਛ ਲੈਣ ਨਾਲ ਸੁਖ ਪ੍ਰਾਪਤ ਹੋਵੇਗਾ॥੧੬॥

ਨਾਂਹਿ ਤ ਕਪਰ ਜਿ ਸਾਗਰ ਮਾਂਹੀ। ਤਿਨ ਕਉ ਭੇਦ ਲਖਿ ਸਕੈ ਨਾਂਹੀ।
ਤਰਤਿ ਜਾਤਿ ਕਹੁ ਖੈਂਚ ਸੁ ਲੇਤੇ। ਰਾਖਹਿਂ ਬੀਚ ਨ ਉਬਰਨਿ ਦੇਤੇ॥੧੭॥

ਨਹੀਂ ਤਾਂ ਸਾਗਰ ਵਿਚ ਜਿਹੜੇ ਜਲ ਜੀਵ ਹਨ, ਉਨ੍ਹਾਂ ਦੇ ਭੇਦ ਨਹੀਂ ਜਾਣ ਸਕੇਗਾ। ਤਰਦੇ ਜਾਂਦੇ ਨੂੰ ਉਹ ਖਿੱਚ ਲੈਂਦੇ ਹਨ, ਪਾਣੀ ਦੇ ਵਿਚ ਹੀ ਰਖਦੇ ਹਨ, ਫਿਰ ਉਠਣ ਨਹੀਂ ਦਿੰਦੇ॥੧੭॥

ਤਰਤਿ ਜਿ ਨਰ ਤਿਨ ਗਿਨਤੀ ਕਉਨ। ਊਪਰ ਉਡੇ ਜਾਹਿਂ ਖਗ ਜੌਨ।
ਤਿਨਹੁਂ ਐਂਚਿ ਕਰਿ ਲੇਤਿ ਡੁਬਾਈ। ਕੇਵਟ ਬੂਝੇ ਦੇਤਿ ਬਤਾਈ॥੧੮॥

ਜਿਹੜੇ ਮਨੁੱਖ ਤਰਨਾ ਜਾਣਦੇ ਹਨ, ਉਨ੍ਹਾਂ ਦੀ ਗਿਣਤੀ ਕੌਣ ਕਰੇ। ਉਹ ਪੰਛੀਆਂ ਵਾਂਗ ਪਾਣੀ ਦੇ ਉਪਰ ਉੱਡਦੇ ਜਾਂਦੇ ਹਨ, ਉਨ੍ਹਾਂ ਨੂੰ ਖਿੱਚ ਕੇ ਡੋਬ ਲੈਂਦੇ ਹਨ, ਮਲਾਹ ਪੁੱਛਣ ਨਾਲ ਸਭ ਕੁਝ ਦੱਸ ਦਿੰਦਾ ਹੈ॥੧੮॥

ਦਾਹਨ ਬਾਮ ਬਿਚਾਰ ਬਚਾਵਊ। ਸੂਧੇ ਪਾਰ ਉਤਰਿ ਕਰਿ ਜਾਵਊ।
ਤਿਮ ਸਤਿਗੁਰ ਤਿਹ ਭੇਦ ਬਤਾਵੈਂ। ਕਾਮਾਦਿਕ ਸਭਿ ਤੇ ਸੁ ਬਚਾਵੈਂ॥੧੯॥

ਖੱਬੇ-ਸੱਜੇ ਵਿਚਾਰ ਕੇ ਆਪਣਾ ਬਚਾਅ ਕਰੇ, ਸਿੱਧੇ ਪਾਰ ਕਰਕੇ ਉਤਰ ਕੇ ਜਾਵੇ। ਉਸ ਤਰ੍ਹਾਂ ਹੀ ਸਤਿਗੁਰੂ ਜੀ ਭੇਦ ਦੱਸਦੇ ਹਨ, ਕਾਮ ਆਦਿ ਸਭ ਤੋਂ ਬਚਾਉਂਦੇ ਹਨ॥੧੯॥

ਸਿਮਰਨ ਸੱਤਿਨਾਮ ਦੇਂ ਰੰਗ। ਜੀਵਤਿ ਮ੍ਰਿਤੁ ਸਦਾ ਰਹਿਂ ਸੰਗ।
ਜਸ ਜਸ ਭੀਰ ਜਹਾਂ ਜਹਿਂ ਹੋਈ। ਸੁਖਦ ਸਹਾਇਕ ਤਹਿਂ ਤਹਿਂ ਹੋਈ॥੨੦॥

ਸਤਿਗੁਰੂ ਜੀ ਸਤਿਨਾਮ ਦੇ ਸਿਮਰਨ ਨਾਲ ਰੰਗ ਦਿੰਦੇ ਹਨ ਅਤੇ ਜੀਵਨ ਤੇ ਮੌਤ ਹੋਣ 'ਤੇ ਵੀ ਸਦਾ ਨਾਲ ਰਹਿੰਦੇ ਹਨ। ਜਿਵੇਂ ਜਿਵੇਂ ਤੇ ਜਿਥੇ ਕਿਥੇ ਵੀ ਦੁਖ ਹੋਵੇ, ਉਥੇ ਉਥੇ ਹੀ ਸਹਾਇਕ ਬਣ ਸੁਖਦਾਇਕ ਹੁੰਦੇ ਹਨ॥੨੦॥

ਸੱਤਿਨਾਮ ਸਿਮਰਨ ਤੇ ਹੀਨ। ਸ਼੍ਰਵਣਾਦਿਕ ਜੁ ਕਰਹਿਂ ਹਿਤ ਚੀਨ।
ਤਿਨ ਕਹੁ ਗਜ਼ਾਨ ਹੋਨਿ ਮੈਂ ਸੰਸੈ। ਕੇ ਬਿਕਾਰ ਤੇ ਸਕਲ ਬਿਧੁੰਸੈ॥੨੧॥

ਜਿਹੜੇ ਸਤਿਨਾਮ ਦੇ ਸਿਮਰਨ ਤੋਂ ਰਹਿਤ ਹਨ, ਸ੍ਰਵਣ ਆਦਿ ਜੋ ਆਤਮਾ ਨੂੰ ਵੇਖਣ ਵਾਸਤੇ ਕਰਦੇ ਹਨ, ਉਨ੍ਹਾਂ ਦੇ ਗਿਆਨ ਪ੍ਰਾਪਤ ਕਰਨ ਵਿਚ ਸ਼ੰਕੇ ਹਨ। ਕਿਸੇ ਵਿਕਾਰ ਤੋਂ ਸਾਰੇ ਸ੍ਰਵਣ ਆਦਿ ਨਾਸ਼ ਹੋ ਜਾਂਦੇ ਹਨ॥੨੧॥

ਛੁਟਹਿ ਨ ਤਿਨ ਕੀ ਆਵਾਗਉਨ। ਬਿਨ ਸਹਾਇ ਬਪੁਰੇ ਨਰ ਜੌਨ।
ਕੋ ਨਹਿਂ ਦੇ ਕਰਿ ਹਾਥ ਬਚਾਵੈ। ਕਜਾ ਸੋ ਕਰਹਿ ਅੰਤ ਬਿਲਲਾਵੈਂ॥੨੨॥

ਉਨ੍ਹਾਂ ਦਾ ਇਸ ਸੰਸਾਰ ਵਿਚ ਆਉਣਾ ਜਾਣਾ ਖ਼ਤਮ ਨਹੀ ਹੁੰਦਾ, ਜਿਹੜੇ ਵਿਚਾਰੇ ਮਨੁੱਖ ਸਹਾਇਤਾ ਤੋਂ ਰਹਿਤ ਹਨ, ਉਨ੍ਹਾਂ ਨੂੰ ਕੋਈ ਵੀ ਹੱਥ ਦੇ ਕੇ ਨਹੀਂ ਬਚਾਉਂਦਾ। ਅੰਤ ਸਮੇਂ ਉਹ ਕੀ ਕਰਨ, ਵਿਲਕਦੇ ਹਨ॥੨੨॥

ਯਾਂਤੇ ਸੁਨਿ ਹਮਰੋ ਉਪਦੇਸ਼। ਸਭਿ ਸੁਖੇਨ ਹੀ ਮਿਟੈਂ ਕਲੇਸ਼।
ਕਰਹੁ ਅਰਾਧਨਿ ਸਭਿ ਜਗ ਨਾਇਕ। ਪ੍ਰਭੁ ਬਿਸਾਲ,ਹੁਇ ਦਾਸ ਸਹਾਇਕ॥੨੩॥

ਇਸ ਕਰਕੇ ਸਾਡਾ ਉਪਦੇਸ਼ ਸੁਣੋ, ਸਾਰੇ ਕਲੇਸ਼ ਸੌਖੇ ਹੀ ਮਿੱਟ ਜਾਣਗੇ। ਸਾਰੇ ਜਗ ਦੇ ਨਾਇਕ ਖ਼ੁਦਾ ਦੀ ਆਰਾਧਨਾ ਕਰੋ, ਵਿਸ਼ਾਲ ਪ੍ਰਭੂ ਆਪਣੇ ਸੇਵਕਾਂ ਦੀ ਸਹਾਇਤਾ ਕਰਦਾ ਹੈ॥੨੩॥

ਇਕ ਮੇਵਾ ਦੁਤੀਯੋ ਜੋ ਬ੍ਰਹਮ। ਇਸ ਕੌ ਸ੍ਰਵਨ ਕਰਹੁ ਤਜਿ ਭਰਮ।
ਸੁਭਟ ਰਥੀ ਸਮ ਇਸ ਕੋ ਜਾਨਿ। ਇਕ ਸੋ ਲਰਹਿ ਜੁ ਹੁਇ ਸਵਧਾਨ॥੨੪॥

ਇਕ ਮੇਵਾ ਨਿਸਚੇ ਕਰਕੇ ਦ੍ਵੈਤ ਤੋਂ ਰਹਿਤ ਹੈ ਭਾਵ ਸ੍ਵੈਤ ਵਸਤੂ ਇਕ ਹੈ, ਦ੍ਵੈਤ ਤੋਂ ਬਗੈਰ ਹੈ, ਇਸ ਨੂੰ ਸਾਰੇ ਭਰਮ ਛੱਡ ਕੇ ਸ੍ਰਵਣ ਕਰੋ। ਸੂਰਬੀਰ ਰਥਵਾਨ ਵਾਂਗ ਇਸ ਨੂੰ ਜਾਣੋ, ਇਕ ਸੇ ਨਾਲ ਇਕ ਸਾਵਧਾਨ ਹੋ ਕੇ ਲੜੇ॥੨੪॥

ਰਿਪੁ ਗਨ ਜੁਟੇ ਜੁ ਚਹੇ ਸਹਾਇ। ਸ੍ਰਵਣ ਸਹਾਇਕ ਚਹਿ ਇਸ ਭਾਇ।
ਸੱਤਿਨਾਮ ਕਹੁ ਸਿਮਰਨ ਕਰਿਬੇ। ਹਤਹਿ ਬਿਕਾਰ ਕਾਮ ਜੁਤਿ ਸਰਬੇ॥੨੫॥

ਜੇ ਵੈਰੀ ਆਪਸ ਵਿਚ ਭਿੜ ਰਹੇ ਹੋਣ ਅਤੇ ਸਹਾਇਤਾ ਚਾਹੁੰਦੇ ਹੋਣ ਤਾਂ ਸ੍ਰਵਣ ਸਹਾਇਕ ਜੋ ਇਸ ਪ੍ਰਕਾਰ ਚਾਹੇ ਤਾਂ ਸਤਿਨਾਮ ਦਾ ਸਿਮਰਨ ਕਰਕੇ ਵਿਕਾਰ, ਕਾਮ ਸਮੇਤ ਸਭ ਨੂੰ ਮਾਰ ਦੇਵੇ॥੨੫॥

ਅਯੰ ਆਤਮਾ ਬ੍ਰਹਮ ਸੁ ਜੋਇ। ਮਨਨ ਕਰਨ ਨਿੱਧਜਾਸਨ ਸੋਇ।
ਮਹਾਂਰਥੀ ਸਮ ਬਲ ਕਹੁ ਧਰੈ। ਦਸ ਹਜ਼ਾਰ ਸੰਗ ਏਕਹੁ ਲਰੈ॥ ੨੬॥

ਇਹ ਮੇਰੀ ਆਤਮਾ ਹੀ ਬ੍ਰਹਮ ਹੈ, ਮਨਨ ਕਰਨ ਵਾਸਤੇ ਜਿਹੜਾ ਨਿਧਆਸਣ ਹੈ ਤੇ ਮਹਾਂਰਥੀ ਵਾਂਗ ਬਲ ਧਾਰਨ ਕਰੇ ਤਾਂ ਦਸ ਹਜ਼ਾਰ ਨਾਲ ਇਕ ਇਕੱਲਾ ਲੜ ਸਕਦਾ ਹੈ॥੨੬॥

ਅਨਿਕ ਰਿਪੁਨਿ ਸੋਂ ਜਬਿ ਇਹ ਜੁਟੇ। ਚਹਤਿ ਸਹਾਇਕ ਤਬਿ ਬਲ ਖੁਟੇ।
ਸੱਤਿਨਾਮ ਸੋਂ ਲਿਵਹਿ ਲਗਾਵਨਿ। ਸਭਿ ਬਿਕਾਰ ਅਤਿ ਕਰਹਿ ਭਜਾਵਨਿ॥੨੭॥

ਜਦ ਅਨੇਕ ਵੈਰੀਆਂ ਨਾਲ ਇਹ ਭਿੜ ਪਵੇ ਤੇ ਬਲ ਘਟਣ ਨਾਲ ਸਹਾਇਤਾ ਚਾਹੁੰਦਾ ਹੋਵੇ ਤਾਂ ਸਤਿਨਾਮ ਨਾਲ ਲਿਵ ਲਗਾਵੇ ਤੇ ਸਭ ਵਿਕਾਰਾਂ ਨੂੰ ਭਜਾ ਦੇਵੇ॥੨੭॥

ਜਬਿ ਸੱਖਜਾਤਕਾਰ ਉਰ ਭਯੋ। ਭਰਮ ਭੇਦ ਸਭਿ ਹੀ ਛੁਟਿ ਗਯੋ।
ਇਹ ਅਤਿਰਥੀ ਸਹਾਇ ਨ ਚਾਹਤਿ। ਏਕਾਕੀ ਰਿਪੁ ਲਾਖਹੁਂ ਗਾਹਤਿ॥੨੮॥

ਜਦ ਹਿਰਦਾ ਸਖਿਆਤਕਾਰ ਹੋ ਜਾਵੇ, ਭਰਮ ਭੇਦ ਸਭ ਮਿਟ ਗਿਆ ਹੋਵੇ: ਫਿਰ ਇਹ ਕਿਸੇ ਮਿੱਤਰ ਦੀ ਸਹਾਇਤਾ ਨਹੀਂ ਚਾਹੁੰਦਾ, ਝਟਪਟ ਲਖਾਂ ਵੈਰੀਆਂ ਨੂੰ ਲਿਤਾੜ ਦਿੰਦਾ ਹੈ॥੨੮॥

ਫੁਰਹਿ ਦ੍ਵੈਤ ਨਹਿਂ ਹੋਇ ਬਿਕਾਰਾ। ਨਿਜ ਸਰੂਪ ਲਖਿ ਸਗਲ ਪਸਾਰਾ।
ਵਸਤਾਦੁਤਿਯ ਭਾਸਿ ਹੈ ਜਬੈ। ਮਨ ਸੰਕਲਪ ਉਠਾਵੈ ਤਬੈ॥ ੨੯॥

ਨਾ ਫਿਰ ਦ੍ਵੈਤ ਪੈਦਾ ਹੁੰਦੀ ਹੈ ਤੇ ਨਾ ਹੀ ਕੋਈ ਵਿਕਾਰ ਹੁੰਦਾ ਹੈ ਨਿਜ ਸਰੂਪ ਸਾਰਾ ਪਸਾਰਾ ਸਮਝ ਲੈਂਦਾ ਹੈ, ਜਦ ਦੂਸਰੀ ਵਸਤੂ ਭਾਸਦੀ ਹੈ, ਮਨ ਤਦ ਹੀ ਸੰਕਲਪ ਉਠਾਉਂਦਾ ਹੈ॥੨੯॥

ਸ਼੍ਰਵਣ ਸੁ ਦਾਵਾਗਨਿ ਬਨ ਬਾਰ। ਬੁਝਤਿ ਬਾਰ ਬਿਨ ਬਰਖੇ ਬਾਰ।
ਮਨਨ ਕਰਨਿ ਨਿੱਧਜਾਸਲ ਦੋਇ । ਬਿਜਰੀ ਕੀ ਅਗਨੀ ਸਮ ਹੋਇ॥ ੩੦॥

ਸ੍ਰਵਣ ਵਿਚ ਅਗਨੀ ਹੈ, ਜਿਹੜੀ ਵਣ ਨੂੰ ਸਾੜ ਦਿੰਦੀ ਹੈ, ਪਰ ਜੇ ਜਲ ਦੀ ਵਰਸ਼ਾ ਹੋਵੇ ਤਾਂ ਅਗਨੀ ਛੇਤੀ ਬੁਝ ਜਾਂਦੀ ਹੈ। ਚਿੰਤਨ ਕਰਨਾ ਤੇ ਬਾਰ-ਬਾਰ ਚਿੱਤਵ੍ਰਿਤ ਨੂੰ ਧਿਆਨ ਵਿਚ ਲਿਆਉਣ ਦੀ ਕ੍ਰਿਆ, ਇਹ ਦੋਵੇਂ ਬਿਜਲੀ ਦੀ ਅਗਨੀ ਸਮਾਨ ਹਨ॥੩੦॥

ਕਬਿ ਜਾਗੈ ਕਬਿ ਹੀ ਛਿਪ ਜਾਇ। ਨਾਸ਼ ਵਾਸਤਵ ਹੁਇ ਨ ਸਕਾਇ।
ਅਰੁ ਸਾਖਜਾਤਕਾਰ ਜਬਿ ਭਯੋ। ਬੜਵਾਗਨਿ ਕੀ ਸਮਤਾ ਲਯੋ॥ ੩੧॥

ਕਦ ਜਾਗੇ ਤੇ ਕਦ ਛੁਪ ਜਾਵੇ, ਵਾਸਤਵ ਵਿਚ ਨਾਸ਼ ਨਹੀਂ ਹੋ ਸਕਦੀ ਅਤੇ ਜਦ ਸਾਖਿਆਤਕਾਰ ਹੁੰਦੀ ਹੈ ਤਾਂ ਸਮੁੰਦਰ ਦੀ ਅਗਨੀ ਦੀ ਬਰਾਬਰੀ ਲੈਂਦੀ ਹੈ॥੩੧॥

ਸਦਾ ਅਚੱਲ ਰਹੈ ਅਬਿਨਾਸ਼ੀ। ਨਿਤਪ੍ਰਤਿ ਜਾਗਤਿ ਹੈ ਜਲ ਰਾਸੀ।
ਸਿੰਧ ਅੱਗਜਾਨ ਬਿਨਾਸ਼ਨਿ ਸੋਇ। ਹਤਨਿ ਬਿਕਾਰਨਿ ਕੋ ਸਭਿ ਕੋਇ॥ ੩੨॥

ਸਦਾ ਅਚੱਲ ਅਤੇ ਅਮਰ ਰਹਿੰਦੀ ਹੈ, ਜਲ ਰਾਸ਼ੀ ਸਦਾ ਹੀ ਜਾਗਦੀ ਹੈ ਤੇ ਅਗਿਆਨਤਾ ਰੂਪੀ ਸਮੁੰਦਰ ਦਾ ਨਾਸ਼ ਕਰਦੀ ਹੈ ਤੇ ਸਭ ਕਿਸੇ ਦੇ ਵਿਕਾਰਾਂ ਦਾ ਨਾਸ਼ ਹੁੰਦਾ ਹੈ॥੩੨॥

ਯਾਂਤੇ ਸੁਨੀਅਹਿ ਦਾਰਸ਼ਕੋਹ! ਸੱਤਿਨਾਮ ਕੋ ਪ੍ਰੇਮੀ ਹੋਹੁ।
ਸਿਮਰਨ ਕੀ ਸਹਾਇਤਾ ਪਾਇ। ਨਿਸ਼ਚਾ ਨਿਜ ਸਰੂਪ ਟਿਕ ਜਾਇ॥ ੩੩॥

ਇਸ ਕਰਕੇ ਦਾਰਾਸ਼ਕੋਹ! ਸੁਣੋ, ਸਤਿਨਾਮ ਨਾਲ ਪ੍ਰੇਮ ਕਰੋ, ਉਸ ਨਾਲ ਸਿਮਰਨ ਦੀ ਸਹਾਇਤਾ ਮਿਲੇਗੀ ਤੇ ਨਿਸ਼ਚਾ ਨਿਜ ਸਰੂਪ ਵਿਚ ਟਿਕ ਜਾਵੇਗਾ॥੩੩॥

ਸਨੈ ਸਨੈ ਤਨ ਹੰਤਾ ਤਜਾਗਹੁ। ਨਾਸ਼ਵੰਤ ਲਖਿ ਨਹਿਂ ਅਨੁਰਾਗਹੁ।
ਭਾਣਾ ਪ੍ਰਭੁ ਕੋ ਲਾਗਹਿ ਮੀਠਾ। ਦੇਖਹੁ ਸੱਤਿ ਸਰੂਪ ਅਡੀਠਾ॥ ੩੪॥

ਹੌਲੀ-ਹੌਲੀ ਆਪਣੇ ਸਰੀਰ ਦਾ ਅਹੰਕਾਰ ਤਿਆਗ ਦੇਵੋ। ਇਸ ਨੂੰ ਨਾਸਵੰਤ ਸਮਝੋ ਤੇ ਇਸ ਨਾਲ ਪ੍ਰੇਮ ਨਾ ਕਰੋ। ਪ੍ਰਭੂ ਦਾ ਭਾਣਾ ਮਿੱਠਾ ਲੱਗੇ ਤੇ ਅਡਿੱਠ ਸਤਿ ਸਰੂਪ ਨੂੰ ਵੇਖੋ॥੩੪॥

ਆਦਿ ਅੰਤ ਜੋ ਵਸਤੂ ਨਾਂਹੀ। ਮੱਧ ਕੁਤੋ ਸਾਚੀ ਠਹਿਰਾਹੀ।
ਤਨ ਰਿਖੀਕ ਅੰਤਹਿਕਰਨ ਪਰੈ। ਸੋ ਸਰੂਪ ਤਵ ਨਿਸ਼ਚਾ ਧਰੈ॥ ੩੫॥

ਜਿਸ ਵਸਤੂ ਦਾ ਆਦਿ ਅੰਤ ਹੀ ਨਹੀਂ ਹੈ, ਉਸ ਦੇ ਮੱਧ ਨੂੰ ਕਿਵੇਂ ਸੱਚਾ ਠਹਿਰਾਅ ਲਵੇਂਗੇ। ਅੰਤਰ ਦੀਆਂ ਇੰਦਰੀਆਂ ਜਿਸ ਦੇ ਸੰਜੋਗ ਨਾਲ ਬਾਹਰਲੀਆਂ ਇੰਦਰੀਆਂ ਕਾਰਜ ਕਰਦੀਆਂ ਹਨ, ਇਸ ਦੇ ਚਾਰ ਭੇਦ ਹਨ। 1. ਮਨ, ਜਿਸ ਕਰਕੇ ਸੰਕਲਪ ਵਿਕਲਪ ਫੁਰਦੇ ਹਨ। 2. ਬੁੱਧੀ, ਜਿਸ ਤੋਂ ਵਿਚਾਰ ਅਤੇ ਨਿਸ਼ਚਾ ਹੁੰਦਾ ਹੈ। 3. ਚਿੱਤ, ਜਿਸ ਕਰਕੇ ਚੇਤਾ ਰਹਿੰਦਾ ਹੈ। 4. ਅਹੰਕਾਰ, ਜਿਸ ਕਰਕੇ ਪਦਾਰਥਾਂ ਨਾਲ ਮੋਹ ਜਾਗਦਾ ਹੈ। ਅਜਿਹਾ ਸਰੂਪ ਤੁਹਾਡਾ ਨਿਸ਼ਚਾ ਧਾਰਨ ਕਰੇ॥੩੫॥

ਸਾਧਨ ਤੋਹਿ ਬਤਾਵਨਿ ਕੀਨਿ। ਕਰਤਿ ਜਿਸੇ ਆਤਮ ਲੇ ਚੀਨ।
ਜਗਤ ਪਦਾਰਥ ਲਖਹੁ ਅਨਿੱਤਜ। ਇਨ ਮਹਿਂ ਨਹਿਂ ਅਨੁਰਾਗਹੁ ਚਿੱਤ ॥੩੬॥

ਸਾਧਨ ਤੈਨੂੰ ਦੱਸ ਦਿੱਤਾ ਹੈ, ਇਸ ਸਾਧਨ ਦੇ ਕਰਦਿਆਂ ਨਿੱਜ ਸਰੂਪ ਵੇਖ ਲਵੇਂ। ਜਗਤ ਦੇ ਪਦਾਰਥਾਂ ਨੂੰ ਆਰਜ਼ੀ ਜਾਣੋ, ਇਨ੍ਹਾਂ ਦੇ ਨਾਲ ਕਦੀ ਪ੍ਰੇਮ ਨਾ ਕਰੋ॥੩੬॥

ਪਰਾਲਬਧ ਅਨੁਸਾਰੀ ਏਹੁ। ਮਿਲਿ ਬਿਛਰਨਿ ਇਨ ਬਿਖੇ ਅਛੇਹੁ।
ਹਰਖ ਸੋਗ ਤੇ ਰਹੀਅਹਿ ਨਯਾਰੋ। ਸੱਤਿ ਆਤਮਾ ਏਕ ਬਿਚਾਰੋ॥ ੩੭॥

ਇਹ ਪਰਾਲਬਧ ਦੇ ਅਨੁਸਾਰ ਹੈ, ਮਿਲਣਾ ਵਿਛੜਨਾ ਇਸ ਵਿਚ ਇਕ ਰਸ ਅਤੇ ਜ਼ਰੂਰੀ ਹੈ। ਖ਼ੁਸ਼ੀ ਗ਼ਮੀ ਤੋਂ ਵਖਰੇ ਰਹੋ ਤੇ ਇਕ ਆਤਮਾ ਨੂੰ ਹੀ ਸੱਚੀ ਜਾਣੋ॥੩੭॥

ਜਿਸਤੇ ਪਰੇ ਅਪਰ ਨਹਿਂ ਕੋਇ। ਜਿਸ ਜਾਨੇ ਜਗ ਬੰਧਨ ਖੋਇ।
ਜਿਸ ਨਿਸ਼ਚੈ ਕਰਿ ਜਨਮ ਨ ਮਰੈ। ਸਗਲ ਕਲੇਸ਼ਨਿ ਕੋ ਪਰਹਰੈ॥ ੩੮॥

ਇਸ ਤੋਂ ਪਰ੍ਹੇ ਹੋਰ ਕੁਝ ਨਹੀਂ ਹੈ। ਜਿਹੜਾ ਇਸਨੂੰ ਜਾਣ ਜਾਂਦਾ ਹੈ ਉਹ ਜਗਤ ਦੇ ਬੰਧਨਾਂ ਤੋਂ ਛੁਟਕਾਰਾ ਪਾ ਲੈਂਦਾ ਹੈ। ਜਿਸ ਦਾ ਨਿਸ਼ਚਾ ਕਰ ਲੈਣ ਨਾਲ ਮਨੁੱਖ ਨਾ ਜੰਮਦਾ ਨਾ ਮਰਦਾ ਹੈ, ਸਾਰੇ ਕਲੇਸ਼ਾਂ ਨੂੰ ਦੂਰ ਕਰ ਲੈਂਦਾ ਹੈ॥੩੮॥

ਇਹ ਤੋ ਪਰਮਾਰਥ ਕੀ ਬਾਤ। ਕਹੇ ਸੁਨੈ ਉਪਜੈ ਸੁਖ ਸ਼ਾਂਤਿ।
ਅਬਿ ਭਾਖਹੁ ਅਪਨੋ ਬਿਵਹਾਰੇ। ਕਿਤ ਤੇ ਆਏ ਕਹਾਂ ਪਧਾਰੇ?॥ ੩੯॥

ਇਹ ਤਾਂ ਪਰਮਾਰਥ ਦੀ ਗੱਲ ਹੈ, ਕਹਿਣ ਸੁਣਨ ਨਾਲ ਸੁਖ ਸ਼ਾਂਤੀ ਉਤਪੰਨ ਹੁੰਦੀ ਹੈ। ਹੁਣ ਆਪਣੇ ਕਾਰ-ਵਿਹਾਰ ਬਾਰੇ ਕਹੋ, ਕਿਥੋਂ ਆਏ ਹੋ ਤੇ ਕਿਥੇ ਚਲੇ ਹੋ ?॥੩੯॥

ਮਨ ਕੇ ਬਿਖੇ ਇਰਾਦਾ ਕੌਨ? ਕਿਸ ਥਲ ਥਿਰਹਿਂ ਕਰਹਿਂ ਸੁਖ ਭੌਨ?
ਸ਼ੱਤ੍ਰ ਪ੍ਰਬਲ ਗਹਯੋ ਤੁਝ ਚਾਹਤਿ। ਦਾਵ ਘਾਵ ਕਰਿ ਦੁਸ਼ਟ ਉਮਾਹਤਿ ॥੪੦॥

ਮਨ ਦੇ ਵਿਚ ਕੈਸਾ ਇਰਾਦਾ ਹੈ ? ਕਿਸ ਥਾਂ ਟਿਕ ਕੇ ਸੁਖ ਪ੍ਰਾਪਤ ਕਰ ਰਹੇ ਹੋ। ਸ਼ਕਤੀਸ਼ਾਲੀ ਵੈਰੀ ਤੈਨੂੰ ਫੜਨਾ ਚਾਹੁੰਦਾ ਹੈ, ਦਾਅ ਘਾਅ ਕਰਕੇ ਦੁਸ਼ਮਣ ਬੜਾ ਉਤਸ਼ਾਹਤ ਹੋਇਆ ਹੈ" ॥੪੦॥

*ਨੌਂਵੀਂ ਰਾਸ ਦਾ ਸਤਾਰ੍ਹਵਾਂ ਅਧਿਆਇ ਸਮਾਪਤ ਹੋਇਆ॥੧੭॥*

## ਅਧਿਆਇ ਅਠਾਰ੍ਹਵਾਂ

*ਦਾਰਾ ਵਿਦਾ, ਨੌਰੰਗੇ ਨਾਲ ਜੰਗ*

ਦੋਹਰਾ- ਸਤਿਗੁਰ ਕੀ ਸੁਨਿ ਬਾਰਤਾ ਦਾਰਸ਼ਕੋਹ ਸੁਜਾਨ।
ਸੱਤਿਨਾਮ ਸਿਮਰਨਿ ਲਗਯੋ ਬਾਂਛਤਿ ਬ੍ਰਹਮ ਗਿਆਨ॥ ੧॥

ਸਤਿਗੁਰੂ ਜੀ ਦੇ ਬਚਨ ਸੁਣ ਕੇ ਚਤੁਰ ਦਾਰਾਸ਼ਕੋਹ ਸਤਿਨਾਮ ਦਾ ਸਿਮਰਨ ਕਰਨ ਲੱਗਾ, ਕਿਉਂਕਿ ਉਸ ਵਿਚ ਬ੍ਰਹਮ ਗਿਆਨ ਪ੍ਰਾਪਤ ਕਰਨ ਦੀ ਤੀਬਰ ਇੱਛਾ ਸੀ॥੧॥

ਕਹੀ ਕਥਾ ਬਿਵਹਾਰ ਕੀ ਜਿਮ ਦਲ ਜੂਟੇ ਜੰਗ।
'ਮਿਲੇ ਜਾਇ ਉਮਰਾਵ ਸਭਿ ਦੇਖਤਿ ਨੌਰੰਗ ਸੰਗ॥ ੨ ॥

ਫਿਰ ਕਾਰ-ਵਿਹਾਰ ਦੀ ਕਥਾ ਸੁਣਾਈ: ਜਿਵੇਂ ਦੋ ਦਲਾਂ ਦੀ ਜੰਗ ਹੋਈ ਸੀ "ਨੌਰੰਗੇ ਦਾ ਸੰਗ ਵੇਖ ਸਾਰੇ ਉਮਰਾਵ ਉਸ ਨੂੰ ਜਾ ਮਿਲੇ ॥੨॥

ਚੌਪਈ- ਨਹਿੰ ਦਿੱਲੀ ਮਹਿਂ ਥਿਰਤਾ ਪਾਈ। ਕਿਤਿਕ ਦਿਵਸ ਬਸਿ ਗਿਰ ਕੇ ਥਾਂਈ।
ਅਬਿ ਲਵਪੁਰਿ ਮੈਂ ਜਾਉਂ ਅਗਾਰੀ। ਜੁੱਧ ਕਰਨਿ ਕਹੁ ਨਹਿੰ ਦਲ ਭਾਰੀ ॥੩ ॥

ਦਿੱਲੀ ਵਿਚ ਵੀ ਸਥਿਰਤਾ ਨਹੀਂ ਪਾਈ। ਕੁਝ ਦਿਨ ਪਹਾੜਾਂ ਵਿਚ ਰਹਿ ਕੇ ਹੁਣ ਲਾਹੌਰ ਵੱਲ ਅੱਗੇ ਜਾਵਾਂਗਾ, ਯੁੱਧ ਕਰਨ ਵਾਸਤੇ ਮੇਰੇ ਪਾਸ ਭਾਰੀ ਸੈਨਾ ਨਹੀਂ ਹੈ॥੩॥

ਸਰਬ ਦੇਸ਼ ਰਾਜੇ ਰਜਪੂਤ। ਮਿਲਿ ਨੌਰੰਗ ਸੰਗ ਕੀਨਹੁ ਸੂਤ।
ਪਤਿਸ਼ਾਹਿਤ ਕੌ ਸਕਲ ਸਮਾਜੂ। ਨਿਜ ਕਬਜ਼ੇ ਮਹਿਂ ਕੀਨਸਿ ਰਾਜੂ ॥੪ ॥

ਸਾਰੇ ਦੇਸ਼ ਦੇ ਰਾਜਪੂਤ ਰਾਜੇ ਨੌਰੰਗੇ ਨਾਲ ਮਿਲ ਗਏ ਹਨ ਤੇ ਉਸ ਨਾਲ ਦੋਸਤੀ ਕਰ ਲਈ ਹੈ। ਉਸ ਨੇ ਬਾਦਸ਼ਾਹ ਦਾ ਸਾਰਾ ਸਾਜ਼-ਸਾਮਾਨ ਰਾਜ ਸਹਿਤ ਆਪਣੇ ਕਬਜ਼ੇ ਵਿਚ ਕਰ ਲਿਆ ਹੈ॥੪॥

ਤੋਪ ਜਮੂਰਨਿ ਕੀ ਕਜਾ ਗਿਨਤੀ। ਨ੍ਰਿਪ ਸਭਿ ਕਰਹਿਂ ਅਗਾਰੀ ਬਿਨਤੀ।
ਸਰਬ ਰੀਤਿ ਤੇ ਬਧਜੋ ਸਮਾਜਾ। ਲਰਿਬੇ ਹਿਤ ਅਨਗਨ ਦਲ ਸਾਜਾ ॥੫ ॥

ਤੋਪ ਅਤੇ ਜੰਮੂਰਿਆਂ ਦੀ ਗਿਣਤੀ ਹੀ ਨਹੀਂ ਹੈ, ਸਾਰੇ ਰਾਜੇ ਅੱਗੇ ਹੋ ਕੇ ਬੇਨਤੀ ਕਰਦੇ ਹਨ। ਸਭ ਰੀਤੀਆਂ ਨਾਲ ਸਾਜ਼-ਸਾਮਾਨ ਵਧਿਆ ਹੈ। ਲੜਾਈ ਕਰਨ ਵਾਸਤੇ ਅਣਗਿਣਤ ਦਲਾਂ ਦੀ ਸਿਰਜਣਾ ਕੀਤੀ ਹੈ॥੫॥

ਸ਼ਾਹਿਜਹਾਂ ਪਿਤ ਕੋ ਗਹਿ ਲੀਨਾ। ਭ੍ਰਾਤਾ ਏਕ ਕੈਦ ਕਰਿ ਦੀਨਾ।
ਦੇ ਕਰਿ ਖਾਨ ਪਾਨ ਤਿਨ ਥੋਰਾ। ਦਿਨ ਪ੍ਰਤਿ ਦੇਤ ਕਸ਼ਟ ਕਹੁ ਘੋਰਾ ॥੬ ॥

ਆਪਣੇ ਪਿਤਾ ਜੀ ਸ਼ਾਹਜਹਾਂ ਨੂੰ ਫੜ ਲਿਆ ਹੈ, ਇਕ ਭਰਾ ਨੂੰ ਕੈਦ ਕਰ ਦਿੱਤਾ ਹੈ। ਉਸ ਨੂੰ ਖਾਣ ਪੀਣ ਨੂੰ ਬਹੁਤ ਥੋੜ੍ਹਾ ਦਿੰਦਾ ਹੈ ਤੇ ਹਰ ਰੋਜ਼ ਉਸ ਨੂੰ ਬਹੁਤ ਦੁੱਖ ਦਿੰਦਾ ਹੈ॥੬॥

ਦੁਸ਼ਟ ਬਿਸਾਲ ਸੁ ਨੌਰੰਗ ਐਸੇ। ਨਿਤ ਛਲ ਬਲ ਕੋ ਠਾਨਤਿ ਤੈਸੇ।
ਯਾਂਤੇ ਅਬਿ ਲਵਪੁਰਿ ਕੋ ਜਾਇ। ਪੁਨ ਕਰਿਹੌਂ ਜੈਸੇ ਬਨਿ ਆਇ' ॥੭ ॥

ਇਸ ਤਰ੍ਹਾਂ ਨੌਰੰਗਾ ਵੱਡਾ ਦੁਸ਼ਟ ਹੈ, ਨਿਤ ਹੀ ਇਸ ਤਰ੍ਹਾਂ ਦੇ ਛਲਾਂ ਵਲਾਂ ਨੂੰ ਧਾਰਨ ਕਰਦਾ ਹੈ। ਇਸ ਕਰਕੇ ਹੁਣ ਲਾਹੌਰ ਵੱਲ ਜਾਵਾਂਗਾ, ਫਿਰ ਉਸ ਤਰ੍ਹਾਂ ਕਰਾਂਗਾ ਜਿਵੇਂ ਬਣ ਆਵੇਗੀ॥੭॥

ਸ੍ਰੀ ਹਰਿਰਾਇ ਸੁਨੀ ਸਭਿ ਗਾਥਾ। ਧੀਰ ਦੇਨਿ ਹਿਤ ਕਹਿ ਤਿਸ ਸਾਥਾ।
'ਭੂਪਨ ਕਹੁ ਇਹੁ ਧਰਮ ਮਹਾਨਾ। ਸ਼ਸਤ੍ਰ ਗਹਨਿ ਸੰਘਰੁ ਘਮਸਾਨਾ ॥੮ ॥

ਸ੍ਰੀ ਗੁਰੂ ਹਰਿਰਾਇ ਜੀ ਨੇ ਸਾਰੀ ਗਾਥਾ ਸੁਣੀ ਤੇ ਉਸ ਨੂੰ ਕਹਿ ਕੇ ਧੀਰਜ ਦਿੱਤਾ, "ਬਾਦਸ਼ਾਹ ਦਾ ਇਹ ਮਹਾਨ ਧਰਮ ਹੈ ਕਿ ਸ਼ਸਤਰ ਫੜ ਕੇ ਵੱਡਾ ਘਮਸਾਨ ਕਰੇ॥੮॥

ਮਾਰਨ ਅਰੁ ਮਰਨੋ ਰਿਪੁ ਸੰਗ। ਧਨ ਅਵਿਨੀ ਹਿਤ ਕਰਿਬੋ ਜੰਗ।
ਅਬਿ ਦਿਢ ਹ੍ਵੈ ਕੈ ਸੈਨ ਸਕੇਲਿ। ਮਿਲਹਿ ਨ੍ਰਿਪਤਿ ਸੋ ਲੇਵੋ ਮੇਲਿ ॥੯ ॥

ਦੁਸ਼ਮਣ ਨਾਲ ਲੜ ਕੇ ਮਾਰਦੇ ਹਨ ਜਾਂ ਮਰਦੇ ਹਨ। ਧਨ ਤੇ ਧਰਤੀ ਵਾਸਤੇ ਜੰਗ ਕਰਦੇ ਹਨ। ਹੁਣ ਦ੍ਰਿੜ੍ਹ ਹੋ ਕੇ ਸੈਨਾ ਇਕੱਠੀ ਕਰੇ ਤੇ ਰਾਜਿਆਂ ਨੂੰ ਲੈ ਕੇ ਆਪਣੇ ਨਾਲ ਮਿਲਾ ਲਵੇ॥੯॥

ਕਰਿ ਲਵਪੁਰਿ ਮੈਂ ਬਹੁ ਤਕਰਾਈ। ਪਾਵਹੁ ਫਤੇ ਮਚਾਇ ਲਰਾਈ।
ਹਮ ਤੇਰੀ ਦਿਸ਼ਿ ਹ੍ਵੈ ਕਰਿ ਲਰੈਂ। ਜਿਤਿਕ ਸੈਨ ਸਭਿ ਸਨਮੁਖ ਕਰੈਂ॥੧੦॥

ਲਾਹੌਰ ਵਿਚ ਬਹੁਤ ਤਕੜਾਈ ਕਰੋ, ਉਥੇ ਲੜਾਈ ਕਰਕੇ ਫਤਹਿ ਪ੍ਰਾਪਤ ਕਰੋ। ਅਸੀਂ ਤੇਰੇ ਵੱਲ ਹੋ ਕੇ ਲੜਾਂਗੇ, ਜਿੰਨੀ ਵੀ ਸੈਨਾ ਹੈ ਸਾਰੀ ਸਾਹਮਣੇ ਕਰਾਂਗੇ॥੧੦॥

ਹਿੰਮਤ ਕੇ ਹਿਮਾਇਤੀ ਹਰਿ ਹੈ। ਏਕ ਬਾਰ ਜੇ ਤਿਹ ਮੁਖ ਮੁਰਿ ਹੈ।
ਰਾਜੇ ਅਨਿਕ ਮਿਲੈਂ ਤੁਝ ਆਇ। ਜਾਨੈਂ ਤੇਰੋ ਭਲੋ ਸੁਭਾਇ॥ ੧੧॥

ਹਿੰਮਤ ਦਾ ਹਿਮਾਇਤੀ ਰੱਬ ਹੈ ਭਾਵ ਤੂੰ ਹਿੰਮਤ ਕਰ, ਰੱਬ ਤੇਰੀ ਮਦਦ ਕਰੇਗਾ। ਇਕ ਵਾਰ ਜੇ ਤੂੰ ਮੁਖ ਮੋੜ ਲਵੇਂਗਾ, ਅਨੇਕਾਂ ਰਾਜੇ ਤੈਨੂੰ ਆ ਮਿਲਣਗੇ, ਉਹ ਸਾਰੇ ਤੇਰੇ ਭਲੇ ਸੁਭਾਅ ਨੂੰ ਜਾਣਦੇ ਹਨ॥੧੧॥

ਹੈ ਦਲ ਚਢੈ ਹਜ਼ਾਰ ਅਢਾਈ। ਹਮਰੇ ਸਾਥ ਸਦਾ ਸੁਖਦਾਈ।
ਅਬਿ ਲਰਿਬੇ ਹਿਤ ਰਾਖੈਂ ਔਰ। ਕਰਹਿਂ ਜੰਗ ਥਿਤ ਹ੍ਵੈ ਜਿਸ ਠੌਰ॥ ੧੨॥

ਸਾਡੇ ਨਾਲ ਘੋੜਿਆਂ ਦਾ ਢਾਈ ਹਜ਼ਾਰ ਦਲ ਚੜ੍ਹਦਾ ਹੈ, ਇਹ ਸੁਖਦਾਈ ਦਲ ਸਦਾ ਸਾਡੇ ਨਾਲ ਰਹਿੰਦਾ ਹੈ। ਹੁਣ ਲੜਨ ਵਾਸਤੇ ਹੋਰ ਦਲ ਰਖਾਂਗੇ। ਜਿਸ ਥਾਂ ਤੂੰ ਸਥਿਤ ਹੋ ਕੇ ਜੰਗ ਕਰੇਂਗਾ॥੧੨॥

ਤਹਿਂ ਤੇਰੇ ਹਮ ਬਨੈਂ ਸਹਾਇਕ। ਜਯੋਂ ਕਯੋਂ ਕਰਹਿਂ ਤੁਰਕ ਗਨ ਘਾਇਕ।
ਬਿਨਾਂ ਜੁੱਧ ਤੇ ਅਪਰ ਉਪਾਇ। ਨਹਿਂ ਤੇਰੇ ਢਿਗ ਕੋ ਬਨਿ ਆਇ॥ ੧੩॥

ਉਥੇ ਅਸੀਂ ਤੇਰੇ ਸਹਾਇਕ ਬਣਾਂਗੇ, ਜਿਵੇਂ ਕਿਵੇਂ ਬਹੁਤ ਤੁਰਕਾਂ ਨੂੰ ਮਾਰਾਂਗੇ। ਯੁੱਧ ਤੋਂ ਬਗੈਰ ਹੋਰ ਕੋਈ ਉਪਾਅ ਨਹੀਂ ਹੈ। ਇਹ ਤੇਰੇ ਪਾਸੋਂ ਵੀ ਨਹੀਂ ਬਣ ਆਉਣੀ॥੧੩॥

ਨਾਂਹਿ ਤ ਦੂਰ ਲਗੋ ਗਨ ਦੇਸ਼। ਦਿਲੀ ਕੇ ਅਨੁਸਾਰ ਅਸ਼ੇਸ਼।
ਰਹਿਬੇ ਕੀ ਬਿਧਿ ਬਨੈ ਨ ਕਤਹੂੰ। ਸਭਿ ਅਪਨਾਇ ਲੇਹਿ ਜਿਤ ਤਿਤਹੂੰ॥੧੪॥

ਨਹੀਂ ਤਾਂ ਦੂਰ ਤਕ ਬਹੁਤ ਦੇਸ਼ ਹਨ, ਉਹ ਸਾਰੇ ਦਿੱਲੀ ਦੇ ਅਨੁਸਾਰ ਹਨ। ਕਿਤੇ ਵੀ ਰਹਿਣ ਦੀ ਵਿਧੀ ਨਹੀਂ ਬਣਦੀ। ਸਾਰੇ ਹੀ ਉਸ ਨੂੰ ਅਪਨਾ ਲੈਣਗੇ॥੧੪॥

ਜਾਵਦ ਸਗਰੇ ਦੇਸ਼ ਦੁਹਾਈ। ਫੇਰਹਿ ਨਹਿਂ ਨੌਰੰਗ ਬਰਿਆਈ।
ਤਾਵਦ ਹੈ ਉਪਾਇ ਕੇ ਜੋਗ। ਲਰਿਬੇ ਹੇਤੁ ਸਕੇਲਹੁ ਲੋਗੁ॥ ੧੫॥

ਜਦ ਤਕ ਸਾਰੇ ਦੇਸ਼ ਵਿਚ ਦੁਹਾਈ ਮਚੀ ਹੈ, ਉਹ ਨੌਰੰਗੇ ਦੀ ਜ਼ਬਰਦਸਤੀ ਨੂੰ ਨਹੀਂ ਫੇਰਨਗੇ। ਤਦ ਤਕ ਉਪਾਅ ਕਰਨ ਦੇ ਜੋਗ ਹੈ, ਲੜਨ ਵਾਸਤੇ ਸਾਰੇ ਲੋਕਾਂ ਨੂੰ ਇਕੱਠੇ ਕਰੋ॥੧੫॥

ਦਲ ਮੁਕਾਬਲੇ ਰਨ ਕੇ ਹੋਵਹਿਂ। ਤਬਿ ਹਮ ਆਇ ਤੋਹਿ ਕਉ ਜੋਵਹਿਂ।
ਸਿੱਖ ਸਖਾ ਸਭਿ ਲੇਹਿਂ ਹਕਾਰ। ਤਵ ਸਹਾਇ ਕੋ ਕਰਹਿਂ ਉਦਾਰ॥ ੧੬॥

ਯੁੱਧ ਖੇਤਰ ਵਿਚ ਦੋਹਾਂ ਦਲਾਂ ਦਾ ਮੁਕਾਬਲਾ ਹੋਵੇ ਤਦ ਅਸੀਂ ਤੇਰੇ ਨਾਲ ਆ ਮਿਲਾਂਗੇ। ਸਭ ਸਿੱਖਾਂ ਸੇਵਕਾਂ ਨੂੰ ਬੁਲਾ ਲਵਾਂਗੇ ਤੇ ਤੇਰੀ ਚੰਗੀ ਤਰ੍ਹਾਂ ਸਹਾਇਤਾ ਕਰਾਂਗੇ"॥੧੬॥

ਦਾਰਸ਼ਕੋਹ ਸੁਨਤਿ ਕਰ ਜੋਰੇ। ਹ੍ਵੈ ਅਧੀਨ ਮਨ ਕਰਤਿ ਨਿਹੋਰੇ।
'ਨਿਸ਼ਚੈ ਨਿਜ ਸਰੂਪ ਕੇ ਮਾਹੂੰ। ਤੁਮਰੀ ਤਹਿਂ ਸਹਾਇਤਾ ਚਾਹੂੰ॥ ੧੭॥

ਦਾਰਾਸ਼ਕੋਹ ਨੇ ਸੁਣ ਕੇ ਹੱਥ ਜੋੜੇ, ਮਨ ਵਿਚ ਅਧੀਨ ਹੋ ਕੇ ਬੇਨਤੀ ਕੀਤੀ, "ਨਿਸ਼ਚੇ ਹੀ ਨਿਜ ਸਰੂਪ ਦੇ ਵਿਚ ਤੁਹਾਡੀ ਉਥੇ ਸਹਾਇਤਾ ਚਾਹੁੰਦਾ ਹਾਂ॥੧੭॥

ਚਾਰ ਦਿਵਸ ਕਹੁ ਜਗਤ ਤਮਾਸ਼ਾ। ਇਸ ਮਹਿਂ ਕਹਾ ਕਰਨੋ ਭਰਵਾਸਾ।
ਸਗਲ ਪਦਾਰਥ ਜੋਗੁ ਵਿਜੋਗ। ਹੋਵਤਿ ਪਰਾਰਬਧ ਕੇ ਭੋਗ॥ ੧੮॥

ਚਾਰ ਦਿਨਾਂ ਦਾ ਇਹ ਜਗਤ ਤਮਾਸ਼ਾ ਹੈ, ਇਸ ਜਗਤ 'ਤੇ ਕੀ ਭਰੋਸਾ ਕਰਨਾ ਹੈ। ਪਰਾਰਬਧ ਦੇ ਭੋਗਾਂ ਅਨੁਸਾਰ ਸਾਰੇ ਪਦਾਰਥਾਂ ਦਾ ਸੰਜੋਗ ਵਿਜੋਗ ਹੁੰਦਾ ਹੈ॥੧੮॥

ਅਰਜੋ ਗਯੋ ਜਹਿਂ ਕਹਿਂ ਰਿਪੁ ਸੰਗ। ਲਸ਼ਕਰ ਮੇਲਿ ਮਚਾਵੋਂ ਜੰਗ।
ਜਹਿਂ ਲਗਿ ਹੁਇ ਮੁਝ ਤੇ ਉਤਸਾਹੂ। ਕਰੌਂ ਮਹਦ ਦੁਸ਼ਟਨਿ ਦਲ ਗਾਹੂ॥੧੯॥

ਜਿਥੇ ਕਿਥੇ ਵੈਰੀ ਨਾਲ ਅੜਿਆ ਗਿਆ, ਲਸ਼ਕਰ ਇਕੱਠੇ ਕਰਕੇ ਜੰਗ ਕਰਾਂਗਾ। ਜਿਥੋਂ ਤਕ ਮੇਰੇ ਵਿਚ ਉਤਸ਼ਾਹ ਹੋਵੇਗਾ, ਮੈਂ ਦੁਸ਼ਟਾਂ ਦੇ ਬਹੁਤ ਦਲ ਨੂੰ ਤਬਾਹ ਕਰ ਦੇਵਾਂਗਾ॥੧੯॥

ਰਚਿ ਰਾਖੀ ਜੈਸੇ ਕਰਤਾਰ। ਹੁਇ ਸੋਈ ਸੈ ਕਰਹਿ ਨ ਟਾਰ।
ਇੱਤਯਾਦਿਕ ਕਹਿ ਕਰਿ ਨਿਜ ਗਾਥ। ਭਯੋ ਬਿਦਾ ਬਹੁ ਨਮਤਾ ਸਾਥ॥੨੦॥

ਪਰ ਜਿਵੇਂ ਕਰਤਾਰ ਨੇ ਰਚਨਾ ਕਰ ਕੇ ਰੱਖੀ ਹੈ, ਉਸ ਤਰ੍ਹਾਂ ਹੀ ਹੋਣੀ ਹੈ, ਇਸ ਨੂੰ ਕੋਈ ਵੀ ਟਾਲ ਨਹੀਂ ਸਕਦਾ"। ਇਤਆਦਿ ਨਿਜੀ ਗਾਥਾ ਕਹਿ ਕੇ, ਬੜੀ ਨਿਮਰਤਾ ਸਹਿਤ ਦਾਰਾਸ਼ਕੋਹ ਵਿਦਾ ਹੋ ਗਿਆ॥੨੦॥

ਡੇਰੇ ਬਿਖੈ ਰੈਨ ਪੁਨ ਰਹਜੋ। ਖਾਨ ਪਾਨ ਨਿੰਦ੍ਰਾ ਸੁਖ ਲਹਜੋ।
ਭੋਰ ਭਈ ਪਹੁੰਚੇ ਹਲਕਾਰੇ। ਸ਼ੱਤ੍ਰੂ ਭੇਦ ਕਉ ਸਰਬ ਉਚਾਰੇ:॥ ੨੧॥

ਡੇਰੇ ਵਿਚ ਰਾਤ ਫਿਰ ਰਿਹਾ, ਖਾ ਪੀ ਕੇ ਆਰਾਮ ਨਾਲ ਸੁੱਤਾ। ਸਵੇਰ ਹੋਈ ਤਾਂ ਹਲਕਾਰੇ ਪਹੁੰਚ ਗਏ। ਵੈਰੀ ਦੇ ਭੇਦ ਬਾਰੇ ਉਨ੍ਹਾਂ ਸਭ ਉਚਾਰਨ ਕੀਤਾ॥੨੧॥

'ਕਈ ਹਜ਼ਾਰ ਸੈਨ ਚਢਿ ਧਾਈ। ਤੁਰਤ ਤੁਰਤਿ ਤੁਮ੍ਰੇ ਪਰ ਆਈ।
ਨੌਰੰਗ ਬਹੁ ਭੇਜੇ ਉਮਰਾਵ। ਧਾਏ ਤੁਮ ਪਰ ਤਾਕਤਿ ਦਾਵ॥ ੨੨॥

"ਕਈ ਹਜ਼ਾਰ ਸੈਨਾਂ ਨੇ ਚੜ੍ਹ ਕੇ ਧਾਵਾ ਬੋਲਿਆ ਹੈ, ਤੁਰੰਤ ਹੀ ਤੁਹਾਡੇ ਉੱਤੇ ਚੜ੍ਹ ਕੇ ਆ ਗਈ ਹੈ। ਨੌਰੰਗੇ ਨੇ ਬਹੁਤ ਉਮਰਾਵ ਨੂੰ ਭੇਜਿਆ ਹੈ, ਪੂਰੀ ਤਾਕਤ ਨਾਲ ਉਹ ਤੁਹਾਡੇ ਵੱਲ ਵਧੇ ਆ ਰਹੇ ਹਨ॥੨੨॥

ਤੋਪ ਜੰਬੂਰਨਿ ਲੈਨ ਬਡੇਰੀ। ਧਾਵਤਿ ਆਇ ਨ ਕਰਿ ਹੈਂ ਡੇਰੀ।
ਸੁਧਿ ਹਮ ਸੁਨਤਿ ਆਪ ਢਿਗ ਆਏ। ਪੀਛੈ ਲਸ਼ਕਰ ਚਢਜੋ ਰਿਸਾਏ' ॥੨੩॥

ਉਨ੍ਹਾਂ ਵੱਡੀਆਂ ਤੋਪਾਂ ਅਤੇ ਜੰਮੂਰੇ ਲਏ ਹੋਏ ਹਨ, ਵਧੇ ਆ ਰਹੇ ਹਨ, ਕੋਈ ਦੇਰ ਨਹੀਂ ਕਰ ਰਹੇ ਹਨ। ਖ਼ਬਰ ਸੁਣ ਕੇ ਅਸੀਂ ਤੁਹਾਡੇ ਪਾਸ ਆਏ ਹਾਂ, ਪਿੱਛੇ ਲਸ਼ਕਰ ਚੜ੍ਹਿਆ ਆ ਰਿਹਾ ਹੈ' ॥੨੩॥

ਦਾਰਸ਼ਕੋਹ ਸੁਨਤਿ ਕਿਯ ਤਯਾਰੀ। ਮਿਲਿ ਸਤਿਗੁਰ ਸੋਂ ਗਿਰਾ ਉਚਾਰੀ।
'ਲਾਖਹੁਂ ਸੈਨਾ ਅਬਿ ਚਢਿ ਆਈ। ਬੀਚ ਨ ਬਡੋ ਰਹਜੋ, ਨਿਧਰਾਈ॥ ੨੪॥

ਇਹ ਸੁਣ ਕੇ ਦਾਰਾਸ਼ਕੋਹ ਨੇ ਝਟ ਤਿਆਰੀ ਕਰ ਦਿੱਤੀ ਤੇ ਸਤਿਗੁਰੂ ਜੀ ਨੂੰ ਮਿਲ ਕੇ ਕਿਹਾ, "ਲੱਖਾਂ ਦੀ ਗਿਣਤੀ ਵਿਚ ਹੁਣ ਸੈਨਾਂ ਚੜ੍ਹ ਕੇ ਆ ਗਈ ਹੈ, ਹੁਣ ਵਿਚ ਬਹੁਤਾ ਫ਼ਾਸਲਾ ਨਹੀਂ ਰਿਹਾ ਹੈ, ਸੈਨਾ ਨੇੜੇ ਹੀ ਆ ਗਈ ਹੈ॥੨੪॥

ਮੈਂ ਲਵਪੁਰਿ ਮੈਂ ਚਾਹਤਿ ਬਰਜੋ। ਲਸ਼ਕਰ ਆਨਿ ਨੇਰ ਬਡ ਕਰਜੋ।
ਜੇ ਪੁਰਿ ਵਹਿਰ ਪਲਾਇਤ ਜਾਵੋਂ। ਨਹਿਂ ਮਿਲਿ ਹੈ ਇਹ, ਦੂਰ ਸਿਧਾਵੋਂ॥੨੫॥

ਮੈਂ ਲਾਹੌਰ ਦੇ ਵਿਚ ਵੜਨਾ ਚਾਹੁੰਦਾ ਹਾਂ, ਵੱਡਾ ਲਸ਼ਕਰ ਬਹੁਤ ਨੇੜੇ ਆ ਗਿਆ ਹੈ। ਜੇ ਨਗਰ ਦੇ ਬਾਹਰ ਤਕ ਦੌੜ ਕੇ ਜਾਵਾਂਗਾ ਤਾਂ ਇਨ੍ਹਾਂ ਨੂੰ ਨਹੀਂ ਲਭਾਂਗਾ, ਦੂਰ ਚਲੇ ਜਾਵਾਂਗਾ॥੨੫॥

ਲਵਪੁਰਿ ਪ੍ਰਵਿਸ਼ਨਿ ਮਤ ਹੈ ਮੇਰੋ। ਜਾਨਿ ਨ ਦੇਹਿ ਜਿ ਲਸ਼ਕਰ ਨੇਰੋ।
ਇਤੀ ਮਦਤ ਅਬਿ ਰਾਵਰ ਕੀਜੈ। ਚਮੂੰ ਸਕਲ ਅਟਕਾਇ ਸੁ ਦੀਜੈ॥੨੬॥

ਲਾਹੌਰ ਵਿਚ ਪ੍ਰਵੇਸ਼ ਕਰਨ ਦਾ ਮੇਰਾ ਮੱਤ ਸੀ, ਪਰ ਲਸ਼ਕਰ ਨੇੜੇ ਹੋਣ ਕਰਕੇ ਉਹ ਜਾਣ ਨਹੀਂ ਦੇਣਗੇ। ਹੁਣ ਏਨੀ ਸਹਾਇਤਾ ਕਰੋ, ਸਾਰੀ ਫ਼ੌਜ ਨੂੰ ਅਟਕਾ ਦੇਵੋ॥੨੬॥

ਜਥਾ ਫਰਕ ਮੁਝ ਸੋਂ ਪਰ ਜਾਇ। ਤੈਸੇ ਆਪ ਰਖਹੁ ਅਟਕਾਇ'।
ਸੁਨਿ ਸੰਮਤਿ ਕੋ ਸਤਿਗੁਰ ਕਹਜੋ। 'ਕੁਤੋ ਤ੍ਰਾਸ ਤੁਮ ਏਤੋ ਲਹਜੋ?॥੨੭॥

ਜਿਸ ਕਾਰਨ ਮੇਰੇ ਅਤੇ ਲਸ਼ਕਰ ਵਿਚ ਫਰਕ ਪੈ ਜਾਇ, ਤਦ ਤਕ ਤੁਸੀਂ ਫ਼ੌਜ ਨੂੰ ਅਟਕਾ ਕੇ ਰੱਖੋ।" ਉਸ ਦੀ ਸਲਾਹ ਸੁਣ ਕੇ ਸਤਿਗੁਰੂ ਜੀ ਨੇ ਕਿਹਾ, "ਤੂੰ ਏਨਾ ਡਰ ਕਿਉਂ ਧਾਰਨ ਕੀਤਾ ਹੈ?॥੨੭॥

ਇਹਾਂ ਠਹਿਰ ਹਮ ਲਰਹਿਂ ਅਗਾਰੀ। ਹਮਰੈ ਤੋਪ ਤੁਪਕ ਸਭਿ ਤਜਾਰੀ।
ਨਾਂਹਿ ਤ ਟੋਪੀ ਸਿਰ ਪਰ ਧਰੋ। ਬੈਠਿ ਪ੍ਰਮੇਸ਼ੁਰ ਸਿਮਰਨਿ ਕਰੋ॥੨੮॥

ਏਥੇ ਠਹਿਰ ਕੇ ਅਸੀਂ ਅੱਗੇ ਹੋ ਕੇ ਲੜਾਂਗੇ, ਸਾਡੇ ਪਾਸ ਵੀ ਤੋਪਾਂ ਬੰਦੂਕਾਂ ਤਿਆਰ ਹਨ। ਨਹੀਂ ਤਾਂ ਸੇਲੀ ਟੋਪੀ ਸਿਰ 'ਤੇ ਧਾਰਨ ਕਰੋ, ਬੈਠ ਕੇ ਪ੍ਰਮੇਸ਼ਰ ਦਾ ਸਿਮਰਨ ਕਰੋ॥੨੮॥

ਲੋਕ ਪ੍ਰਲੋਕ ਤਖਤ ਚਹਿਂ ਜੋਈ। ਹਮ ਸਮਰਥ, ਜਾਚਹੁ, ਦੇਂ ਸੋਈ।
ਰਣ ਕਰਿ ਦਿੱਲੀ ਤਖਤ ਦਿਵਾਵੈਂ। ਸਭਿ ਦੇਸ਼ਨ ਕੋ ਰਾਜ ਕਮਾਵੈਂ॥੨੯॥

ਜੇ ਲੋਕ ਪਰਲੋਕ ਦਾ ਤਖ਼ਤ ਚਾਹੁੰਦੇ ਹੋ, ਅਸੀਂ ਸਮਰੱਥ ਹਾਂ, ਮੰਗੋ ਤੇ ਦੇਈਏ। ਜੇ ਕਹੋਂ ਤਾਂ ਲੜਾਈ ਕਰਕੇ ਦਿੱਲੀ ਦਾ ਤਖ਼ਤ ਦਵਾ ਦੇਈਏ, ਸਾਰੇ ਦੇਸ਼ਾਂ 'ਤੇ ਰਾਜ ਕਰੋਗੇ॥੨੯॥

ਨਤੁਰ ਦੀਨ ਕੇ ਹ੍ਵੈ ਪਤਿਸ਼ਾਹੂ। ਅਚਲ ਤਖਤ ਪ੍ਰਾਪਤਿ ਤੁਮ ਪਾਹੂ'।
'ਸ੍ਰੀ ਗੁਰ! ਤੁਮ ਤੇ ਜਗ ਪਤਿਸ਼ਾਹਿਤ। ਕੋ ਦਿਨ ਕੀ ਕੂਰੀ ਨਹਿਂ ਚਾਹਤਿ॥੩੦॥

ਨਹੀਂ ਤਾਂ ਧਰਮ ਦੇ ਪਾਤਿਸ਼ਾਹ ਬਣ ਜਾਵੋ, ਅਚਲ ਤਖ਼ਤ ਤੁਸੀਂ ਪ੍ਰਾਪਤ ਕਰ ਲਵੋ।" ਦਾਰਾਸ਼ਕੋਹ ਨੇ ਕਿਹਾ, "ਸ੍ਰੀ ਗੁਰੂ ਜੀ! ਤੁਸੀਂ ਜੱਗ ਦੇ ਪਾਤਿਸ਼ਾਹ ਹੋ। ਕੁਝ ਦਿਨ ਦੀ ਝੂਠੀ ਬਾਦਸ਼ਾਹੀ ਨਹੀਂ ਚਾਹੁੰਦਾ ਹਾਂ॥੩੦॥

ਬਨਹੁ ਸਹਾਇਕ ਬਿਚ ਪਰਲੋਕ। ਨਿਤ ਅਨੰਦ ਜਹਿਂ ਹੋਇ ਨ ਸ਼ੋਕ।
ਕਹਜੋ ਪਦਰ ਕੋ ਮੈਂ ਇਹੁ ਮਾਨਾ। ਹਰਖ ਸੋਗ ਜਿਸ ਬਿਖੈ ਮਹਾਨਾ॥੩੧॥

ਪਰਲੋਕ ਵਿਚ ਮੇਰੇ ਸਹਾਇਕ ਬਣੋ, ਜਿਥੇ ਸਦਾ ਆਨੰਦ ਹੋਵੇ, ਕਦੀ ਵੀ ਦੁੱਖ ਨਾ ਹੋਵੇ। ਮੈਂ ਆਪਣੇ ਬਾਪ ਦਾ ਕਿਹਾ ਮੰਨਿਆ ਸੀ, ਜਿਸ ਬਾਦਸ਼ਾਹਤ ਵਿਚ ਮਹਾਨ ਸੁੱਖ ਅਤੇ ਦੁੱਖ ਹੈ॥੩੧॥

ਕੁਛ ਮੇਰੀ ਨਾਂਹਿਨ ਅਭਿਲਾਖਾ। ਸ੍ਰੀ ਹਰਿਰਾਇ ਬਹੁਰ ਬਚ ਭਾਖਾ।
'ਤਖਤ ਦੀਨ ਕੋ ਤੁਮਰੇ ਭਾਗ। ਸਦਾ ਆਫਰੀਂ ਤਹਿਂ ਲਿਵ ਲਾਗ॥ ੩੨॥

ਪਰ ਮੇਰੀ ਅਜਿਹੀ ਕੋਈ ਵੀ ਅਭਿਲਾਖਾ ਨਹੀਂ ਹੈ।'' ਸ੍ਰੀ ਹਰਿਰਾਏ ਜੀ ਨੇ ਫਿਰ ਵਰ ਦਿੱਤਾ, ''ਧਰਮ ਦਾ ਤਖ਼ਤ ਤੇਰੇ ਭਾਗਾਂ ਵਿਚ ਹੈ। ਤੇਰੇ ਸ਼ਾਬਾਸ਼, ਤੇਰੀ ਸਦਾ ਹੀ ਪ੍ਰਭੂ ਨਾਲ ਲਿਵ ਲੱਗੀ ਹੈ॥੩੨॥

ਅਬਿ ਤੂੰ ਗਮਨਹੁ ਹੁਇ ਸਵਧਾਨਾ। ਹਮ ਲਸ਼ਕਰ ਅਟਕਾਇਂ ਮਹਾਨਾ।
ਸੁਨਤਿ ਬੰਦਗੀ ਕਰਿ ਜਬਿ ਗਯੋ। ਪੰਚ ਸਹੱਸ੍ਰ ਸੁਭਟ ਸੰਗ ਲਯੋ॥ ੩੩॥

ਹੁਣ ਤੂੰ ਸਾਵਧਾਨ ਹੋ ਕੇ ਚਲੇ ਜਾ, ਅਸੀਂ ਮਹਾਨ ਲਸ਼ਕਰ ਨੂੰ ਰੋਕ ਲਵਾਂਗੇ।'' ਇਹ ਸੁਣ ਕੇ ਦਾਰਾਸ਼ਕੋਹ ਬੰਦਗੀ ਕਰਕੇ ਚਲੇ ਗਿਆ, ਪੰਜ ਹਜ਼ਾਰ ਜਵਾਨ ਵੀ ਉਸ ਦੇ ਨਾਲ ਸਨ॥੩੩॥

ਨੌਰੰਗ ਕੋ ਲਸ਼ਕਰ ਤਬਿ ਆਇਵ। ਤੋਪ ਜੰਬੂਰਨਿ ਕੋ ਗਨ ਲਜਾਇਵ।
ਤਰੀ ਸਕੇਲਨਿ ਸਕਲ ਕਰਾਇ। ਸਾਵਧਾਨ ਹ੍ਵੈ ਸ੍ਰੀ ਹਰਿਰਾਇ॥ ੩੪॥

ਤਦ ਨੌਰੰਗੇ ਦਾ ਲਸ਼ਕਰ ਆ ਗਿਆ, ਉਹ ਤੋਪਾਂ ਅਤੇ ਜੰਬੂਰੇ ਬਹੁਤ ਨਾਲ ਲਿਆਇਆ ਸੀ। ਸਾਰੀਆਂ ਬੇੜੀਆਂ ਤੁਰਤ ਇਕੱਠੀਆਂ ਕੀਤੀਆਂ। ਸ੍ਰੀ ਹਰਿਰਾਇ ਜੀ ਉਸ ਸਮੇਂ ਸਾਵਧਾਨ ਹੋ ਗਏ॥੩੪॥

ਨਿਜ ਦਲ ਸਕਲ ਤੋਪ ਬਲ ਭਰੇ। ਤੀਰ ਬਿਪਾਸਾ ਸਨਮੁਖ ਖਰੇ।
ਇਕ ਦ੍ਵੈ ਸ਼ਲਖ ਸਕਲ ਕਰਿਵਾਈ। ਧੁਨਿ ਤੇ ਅਵਨੀ ਨਭ ਗਰਜਾਈ॥ ੩੫॥

ਗੁਰੂ ਜੀ ਆਪਣਾ ਸਾਰਾ ਦਲ ਤੋਪਾਂ ਨਾਲ ਭਰ ਕੇ, ਬਿਆਸਾ ਦੇ ਕਿਨਾਰੇ ਸਨਮੁਖ ਖੜੇ ਹੋ ਗਏ। ਇਕ ਦੋ ਵਾਰ ਸਾਰੀਆਂ ਬੰਦੂਕਾਂ ਚਲਾਈਆਂ, ਧਰਤੀ ਤੋਂ ਅਕਾਸ਼ ਤਕ ਬਹੁਤ ਉੱਚੀ ਆਵਾਜ਼ ਉੱਠੀ॥੩੫॥

ਧੂਮ ਉਡਯੋ ਅੰਧੇਰਾ ਭਯੋ। ਜਨੁ ਸਾਵਨ ਕੋ ਘਨ ਉਮਡਯੋ।
ਨਦੀ ਤੀਰ ਪਰ ਕਰਿ ਬਿਸਤਾਰੋ। ਖਰੋ ਕਰਯੋ ਅਪਨੋ ਦਲ ਭਾਰੋ॥ ੩੬॥

ਏਨਾਂ ਧੂੰਆਂ ਉਡਿਆ ਕਿ ਹਨ੍ਹੇਰਾ ਹੋ ਗਿਆ, ਮਾਨੋਂ ਸਾਵਨ ਦੀ ਘਟਾ ਚੜ੍ਹ ਕੇ ਆ ਗਈ ਹੋਵੇ। ਨਦੀ ਦੇ ਕਿਨਾਰੇ ਵਿਸਤਾਰ ਕਰਕੇ, ਉਨ੍ਹਾਂ ਨੇ ਆਪਣੇ ਭਾਰੀ ਦਲ ਨੂੰ ਖੜਾ ਕੀਤਾ॥੩੬॥

ਜ਼ਰੀ ਬਾਦਲਾ ਬ੍ਰਿੰਦ ਨਿਸ਼ਾਨ। ਬੀਚ ਚਮੂੰ ਕੇ ਦਮਨ ਮਹਾਨ।
ਬਹੁ ਧੌਸੇ ਧੁੰਕਾਰਤਿ ਐਸੇ। ਘੋਰਤਿ ਘਟਾ ਘੋਖ ਬਡ ਜੈਸੇ॥ ੩੭॥

ਜ਼ਰੀ ਦੇ ਕਪੜੇ ਦਾ ਬਣਿਆ ਹੋਇਆ ਨਿਸ਼ਾਨ ਸਾਹਿਬ ਸੈਨਾ ਦੇ ਵਿਚ ਮਹਾਨ ਚਮਕ ਰਿਹਾ ਸੀ। ਬਹੁਤ ਧੌਂਸੇ ਇਸ ਤਰ੍ਹਾਂ ਗੂੰਜਦੇ ਸਨ ਜਿਵੇਂ ਘਟਾ ਬੜੀ ਉੱਚੀ ਆਵਾਜ਼ ਕਰਕੇ ਗਜਦੀ ਹੈ॥੩੭॥

ਨੌਰੰਗ ਕੋ ਲਸ਼ਕਰ ਜਬਿ ਆਵਾ। ਜਾਨਯੋ ਦਾਰਸ਼ਕੋਹ ਥਿਰਾਵਾ।
ਨਹੀਂ ਪਾਰਖਾ ਤਿਨ ਤੇ ਹੋਈ। ਟਿਕੇ ਤਹਾਂ, ਨਹਿਂ ਗਮਨੇ ਸੋਈ॥ ੩੮॥

ਨੌਰੰਗੇ ਦਾ ਜਦ ਲਸ਼ਕਰ ਆਇਆ ਤਾਂ ਉਨ੍ਹਾਂ ਸਮਝਿਆ ਕਿ ਏਥੇ ਦਾਰਾਸ਼ਕੋਹ ਠਹਿਰਿਆ ਹੈ। ਉਨ੍ਹਾਂ ਪਾਸੋਂ ਪਹਿਚਾਣ ਨਾ ਹੋਈ। ਉਥੇ ਹੀ ਠਹਿਰ ਗਏ, ਅੱਗੇ ਨਾ ਵਧੇ॥੩੮॥

ਸੁਧਿ ਲੈਬੇ ਕੋ ਪਠਿ ਹਲਕਾਰੇ। ਤਰਿ ਸਲਿਤਾ ਕੇ ਉਤਰੇ ਪਾਰੇ।
ਜਾਇ ਤਹਾਂ ਦਲ ਗੁਰੂ ਨਿਹਾਰਾ। ਉਮਡਯੋ ਲਰਨਿ ਹੇਤੁ ਬਲਿ ਭਾਰਾ॥ ੩੯॥

ਖ਼ਬਰ ਲੈਣ ਵਾਸਤੇ ਹਲਕਾਰੇ ਭੇਜੇ। ਉਹ ਆ ਕੇ ਨਦੀ ਦੇ ਪਾਰ ਉਤਰੇ। ਉਥੇ ਜਾ ਕੇ ਗੁਰੂ ਦੇ ਦਲ ਨੂੰ ਵੇਖਿਆ, ਜਿਹੜਾ ਭਾਰੀ ਬਲ ਧਾਰ ਕੇ ਲੜਨ ਵਾਸਤੇ ਆਇਆ ਸੀ॥੩੯॥

ਸਰਬ ਭੇਦ ਸੋ ਲੇ ਕਰਿ ਆਏ। 'ਦਾਰਸ਼ਕੋਹ ਗਯੋ ਅਗਵਾਏ।
ਇਹ ਤੋ ਗੁਰੁ ਕੀ ਚਮੂੰ ਖਰੀ ਹੈ। ਅਪਨੇ ਹਿਤ ਸਵਧਾਨ ਕਰੀ ਹੈ' ॥ ੪੦॥

ਉਹ ਸਾਰਾ ਭੇਦ ਲੈ ਕੇ ਗਏ, "ਦਾਰਾਸ਼ਕੋਹ ਅੱਗੇ ਚਲੇ ਗਿਆ ਹੈ। ਇਹ ਤਾਂ ਗੁਰੂ ਦੀ ਫ਼ੌਜ ਖੜੀ ਹੈ, ਆਪਣੇ ਵਾਸਤੇ ਸਾਵਧਾਨ ਕੀਤੀ ਹੈ" ॥੪੦॥

ਭੇਤ ਪਾਇ ਕਰਿ ਦੂਤ ਪਠਾਏ। ਸ੍ਰੀ ਹਰਿਰਾਇ ਨਿਕਟਿ ਸੋ ਆਏ।
ਕਰੀ ਬੰਦਨਾ ਅਰਜ਼ ਗੁਜ਼ਾਰੀ। ਇਮ ਨੌਰੰਗ ਉਮਰਾਵ ਉਚਾਰੀ॥ ੪੧॥

ਭੇਦ ਪਾ ਕੇ ਦੂਤ ਭੇਜੇ ਤੇ ਸ੍ਰੀ ਗੁਰੂ ਹਰਿਰਾਇ ਜੀ ਦੇ ਪਾਸ ਆਏ। ਬੰਦਨਾ ਕਰਕੇ ਨੌਰੰਗੇ ਦੇ ਉਮਰਾਵ ਨੇ ਬੇਨਤੀ ਕੀਤੀ॥੪੧॥

'ਤੁਮ ਕਜੌਂ ਲਰਨਿ ਹੇਤੁ ਭੇ ਖਰੇ। ਬਿਨ ਕਾਰਨ ਕਜੌਂ ਮਗ ਮੈਂ ਅਰੇ'।
ਸੁਨਿ ਸਤਿਗੁਰ ਹਰਿਰਾਇ ਬਖਾਨਾ। 'ਅਪਨ ਹੇਤੁ ਹਮ ਹੈਂ ਸਵਧਾਨਾ॥ ੪੨॥

"ਤੁਸੀਂ ਲੜਨ ਵਾਸਤੇ ਕਿਉਂ ਖੜੇ ਹੋ, ਕਿਸੇ ਕਾਰਨ ਬਗੈਰ ਰਸਤੇ ਵਿਚ ਕਿਉਂ ਅੜੇ ਹੋ ?" ਇਹ ਸੁਣ ਕੇ ਸਤਿਗੁਰੂ ਹਰਿਰਾਇ ਜੀ ਨੇ ਕਿਹਾ, "ਅਸੀਂ ਆਪਣੇ ਵਾਸਤੇ ਸਾਵਧਾਨ ਹੋਏ ਹਾਂ॥੪੨॥

ਪਤਿਸ਼ਾਹਿਤ ਮੈਂ ਰੌਰਾ ਅਹੈ। ਯਾਂਤੇ ਹਮ ਭਰੋਸ ਨਹਿੰ ਲਹੈਂ।
ਪ੍ਰਥਮ ਕੂਚ ਕਰਿ ਹਮ ਚਲਿ ਜਾਵੈਂ। ਪੁਨ ਪੀਛੇ ਕੋ ਉਤਰਨਿ ਪਾਵੈ॥ ੪੩॥

ਬਾਦਸ਼ਾਹਾਂ ਵਿਚ ਰੌਲਾ ਹੈ, ਇਸ ਕਰਕੇ ਅਸੀਂ ਭਰੋਸਾ ਨਹੀਂ ਕੀਤਾ। ਅਸੀਂ ਕੂਚ ਕਰਕੇ ਚਲੇ ਜਾਈਏ, ਫਿਰ ਬਾਅਦ ਵਿਚ ਤੁਸੀਂ ਉਤਾਰਾ ਕਰ ਲਵੋ॥੪੨॥

ਅਪਰ ਹਮਾਰੋ ਹੇਤੁ ਨ ਕੋਈ। ਮਗ ਮਹਿਂ ਮਿਲਹਿਂ ਨ ਸੈਨਾ ਦੋਈ'।
ਸੁਨਤਿ ਦੂਤ ਨੇ ਆਨਿ ਬਖਾਨਾ। ਹਿਤ ਕਰਿ ਇਨ ਭੀ ਲੀਓ ਮਾਨਾ॥ ੪੪॥

ਸਾਡਾ ਹੋਰ ਕੋਈ ਹਿਤ ਨਹੀਂ ਹੈ, ਰਾਹ ਦੇ ਵਿਚ ਦੋਵੇਂ ਸੈਨਾਵਾਂ ਨਾ ਮਿਲਣ।" ਇਹ ਸੁਣ ਕੇ ਦੂਤ ਨੇ ਆ ਕੇ ਕਿਹਾ, ਉਸ ਉਮਰਾਵ ਨੇ ਵੀ ਹਿਤ ਕਰਕੇ ਮੰਨ ਲਿਆ॥੪੪॥

ਟਿਕੇ ਰਹੇ ਸਰਿਤਾ ਤੇ ਪਾਰ। ਸਤਿਗੁਰ ਭਏ ਬਹੁਰ ਅਸਵਾਰ।
ਸਨੇ ਸਨੇ ਕਰਿ ਕੂਚ ਪਯਾਨਾ। ਸ਼ਲਖ ਬੰਦੂਕਨਿ ਕਰਤਿ ਮਹਾਨਾ॥ ੪੫॥

ਉਹ ਨਦੀ ਤੋਂ ਪਾਰ ਟਿਕੇ ਰਹੇ। ਸਤਿਗੁਰੂ ਜੀ ਫਿਰ ਘੋੜੇ 'ਤੇ ਸਵਾਰ ਹੋ ਗਏ। ਹੌਲੀ-ਹੌਲੀ ਕੂਚ ਕਰਕੇ ਚਲੇ ਗਏ, ਬੰਦੂਕਾਂ ਵਿਚੋਂ ਬਹੁਤ ਗੋਲੀਆਂ ਛੱਡਦੇ ਸਨ॥੪੫॥

ਇਕ ਦਿਨ ਲਸ਼ਕਰ ਕੋ ਅਟਕਾਵਾ। ਸਲਿਤਾਬਾਰ ਨ ਉਤਰਨਿ ਪਾਵਾ।
ਕੀਰਤਿਪੁਰਿ ਕੇ ਮਗ ਚਲਿ ਆਏ। ਪੁਨ ਨੌਕਾ ਤਜਾਗੀ ਸਮੁਦਾਏ॥ ੪੬॥

ਇਕ ਦਿਨ ਸ਼ਾਹੀ ਲਸ਼ਕਰ ਨੂੰ ਅਟਕਾਇਆ, ਉਹ ਨਦੀ ਦੇ ਪਾਣੀ ਵਿਚ ਉਤਰ ਨਾ ਸਕਿਆ। ਕੀਰਤਪੁਰ ਦੇ ਰਸਤੇ ਚਲ ਕੇ ਆ ਗਏ। ਫਿਰ ਸ਼ਾਹੀ ਫ਼ੌਜਾਂ ਨੇ ਬੇੜੀਆਂ ਤਿਆਗ ਦਿੱਤੀਆਂ॥੪੬॥

ਦਿਵਸ ਆਗਲੇ ਉਤਰੇ ਪਾਰੀ। ਜੋ ਲਸ਼ਕਰ ਨੌਰੰਗ ਕੋ ਭਾਰੀ।
ਦਾਰਸ਼ਕੋਹ ਸੁਖੈਨ ਪਯਾਨਾ। ਲਸ਼ਕਰ ਅਪਨੋ ਕਰਿ ਸਵਧਾਨਾ॥ ੪੭॥

ਅਗਲੇ ਦਿਨ ਪਾਰ ਉਤਰਿਆ, ਜਿਹੜਾ ਨੌਰੰਗੇ ਦਾ ਵੱਡਾ ਭਾਰੀ ਲਸ਼ਕਰ ਸੀ। ਦਾਰਾਸ਼ਕੋਹ ਆਪਣੇ ਲਸ਼ਕਰ ਨੂੰ ਸਾਵਧਾਨ ਕਰਕੇ ਆਰਾਮ ਨਾਲ ਚਲੇ ਗਿਆ॥੪੭॥

ਤੀਰ ਬਿਪਾਸਾ ਤੇ ਉਠਿ ਗਯੋ। ਲਵਪੁਰਿ ਬਿਖੈ ਪ੍ਰਵੇਸ਼ਨਿ ਕਿਯੋ।
ਜਾਇ ਦੁਰਗ ਮੈਂ ਕੀਨਸਿ ਡੇਰਾ। ਦਰਬ ਜਵਾਹਰ ਜੇਤਿਕ ਹੇਰਾ॥ ੪੮॥

ਬਿਆਸਾ ਦੇ ਕਿਨਾਰੇ ਤੋਂ ਉਠ ਕੇ ਚਲੇ ਗਿਆ ਤੇ ਲਾਹੌਰ ਸ਼ਹਿਰ ਵਿਚ ਜਾ ਦਾਖ਼ਲ ਹੋਇਆ। ਕਿਲ੍ਹੇ ਵਿਚ ਜਾ ਕੇ ਡੇਰਾ ਲਾ ਲਿਆ, ਜਿੰਨਾ ਵੀ ਧਨ ਅਤੇ ਹੀਰੇ ਜਵਾਹਰਾਤ ਵੇਖੇ॥੪੮॥

ਕੋਸ਼ ਬਿਖੈ ਤੇ ਸਭਿ ਨਿਕਸਾਇਵ। ਲੈ ਨਿਜ ਸੰਗੈ ਤਯਾਰ ਕਰਾਇਵ।
ਕਿਤਿਕ ਕਾਲ ਤਹਿਂ ਕੀਨਿ ਮੁਕਾਮੂ। ਕਰਯੋ ਸੁ ਸ਼੍ਰਮ ਬਿਨ ਦਲ ਅਭਿਰਾਮੂ॥੪੯॥

ਖ਼ਜ਼ਾਨੇ ਵਿਚੋਂ ਉਹ ਸਾਰੇ ਕਢਵਾ ਲਏ ਤੇ ਆਪਣੇ ਨਾਲ ਲੈ ਕੇ ਤਿਆਰ ਕਰਵਾ ਲਏ। ਕੁਝ ਸਮਾਂ ਉਥੇ ਠਹਿਰਕੇ ਆਪਣੀ ਸੈਨਾ ਦਾ ਥਕੇਵਾਂ ਦੂਰ ਕੀਤਾ॥੪੯॥

ਨੌਰੰਗ ਕੋ ਲਸ਼ਕਰ ਜਬਿ ਆਵਾ। ਕਈ ਲੱਛ ਭਟ, ਇਮ ਸੁਨਿ ਪਾਵਾ।
ਕੀਨਸਿ ਤਯਾਰੀ ਤੁਰਤ ਤਹਾਂ ਤੇ। ਦਰਬ ਜਵਾਹਰ ਲਿਏ ਮਹਾਂ ਤੇ॥ ੫੦॥

ਨੌਰੰਗੇ ਦਾ ਜਦ ਲਸ਼ਕਰ ਆਇਆ ਤੇ ਇਸ ਤਰ੍ਹਾਂ ਸੁਣਿਆਂ ਕਿ ਲੱਖਾਂ ਦੀ ਗਿਣਤੀ ਵਿਚ ਸੂਰਮੇ ਹਨ। ਤੁਰਤ ਉਥੋਂ ਤਿਆਰੀ ਕੀਤੀ ਤੇ ਸਾਰਾ ਧਨ ਅਤੇ ਹੀਰੇ ਜਵਾਹਰਾਤ ਨਾਲ ਲੈ ਲਏ॥੫੦॥

ਸੰਗ ਬਾਹਨੀ ਕੀਨਸਿ ਪਯਾਨਾ। ਚਲਯੋ ਪੰਥ ਜਹਿਂ ਪੁਰਿ ਮੁਲਤਾਨਾ।
ਕ੍ਰਮ ਕ੍ਰਮ ਕਰਿ ਉਲਂਘਯੋ ਸਭਿ ਦੇਸ਼। ਪੀਛੈ ਲਸ਼ਕਰ ਚਲਯੋ ਅਸ਼ੇਸ਼॥ ੫੧॥

ਸੈਨਾ ਦੇ ਨਾਲ ਅੱਗੇ ਚਲ ਪਿਆ ਤੇ ਜਿਥੇ ਨਗਰ ਮੁਲਤਾਨ ਹੈ, ਉਸ ਦੇ ਰਸਤੇ ਪੈ ਗਿਆ। ਹੌਲੀ-ਹੌਲੀ ਸਾਰਾ ਦੇਸ਼ ਲੰਘਿਆ, ਪਿੱਛੇ ਬਾਕੀ ਲਸ਼ਕਰ ਆ ਰਿਹਾ ਸੀ॥੫੧॥

ਕਈ ਕੋਸ ਸੋ ਚਲਤਿ ਅਗਾਰੀ। ਨੌਰੰਗ ਕੋ ਦਲ ਪਰਯੋ ਪਿਛਾਰੀ।
ਜਾਇ ਬਰਯੋ ਮੁਲਤਾਨ ਮਝਾਰਾ। ਦਰਬ ਜਵਹਾਰ ਲੀਏ ਉਦਾਰਾ॥ ੫੨॥

ਕਈ ਕੋਹ ਚਲ ਕੇ ਅੱਗੇ ਆ ਗਿਆ, ਨੌਰੰਗੇ ਦਾ ਦਲ ਬਹੁਤ ਪਿੱਛੇ ਰਹਿ ਗਿਆ। ਫਿਰ ਮੁਲਤਾਨ ਦੇ ਵਿਚ ਜਾ ਦਾਖ਼ਲ ਹੋਇਆ ਤੇ ਉਥੋਂ ਵੀ ਬਹੁਤ ਧਨ ਦੌਲਤ ਲਿਆ॥੫੨॥

ਕਿਤਿਕ ਮੁਕਾਮ ਨਗਰ ਤਿਸ ਕਰਿ ਕੈ। ਚਢਿ ਪੁਨ ਚਲਯੋ ਸ਼ੀਘ੍ਰਤਾ ਧਰਿ ਕੈ॥
ਕੂਚ ਮੁਕਾਮ ਨਿਰੰਤਰ ਕੀਨੋ। ਢੱਠੇ ਭੱਖਰ ਕੋ ਮਗ ਲੀਨੋ॥ ੫੩॥

ਕਈ ਦਿਨ ਉਸ ਨਗਰ ਵਿਚ ਠਹਿਰ ਕੇ, ਫਿਰ ਛੇਤੀ ਸਵਾਰ ਹੋ ਕੇ ਚੱਲ ਪਿਆ। ਕੂਚ ਮੁਕਾਮ ਲਗਾਤਾਰ ਕਰਦਾ ਜਾਂਦਾ ਸੀ। ਫਿਰ ਢੱਠੇ ਭੱਖਰ ਦਾ ਰਾਹ ਲਿਆ॥੫੩॥

ਜਯੋਂ ਜਯੋਂ ਜਾਤਿ ਅਗਾਰੀ ਧਾਯੋ। ਤਯੋਂ ਤਯੋਂ ਕਟਕ ਪਿਛੈ ਉਮਡਾਯੋ।
ਚਲਤਿ ਚਲਤਿ ਉਲਂਘਯੋ ਸਭਿ ਦੇਸ਼। ਤਜਿ ਦਿੱਲੀ ਕੋ ਰਾਜ ਅਸ਼ੇਸ਼॥ ੫੪॥

ਜਿਵੇਂ ਜਿਵੇਂ ਅੱਗੇ ਜਾਈ ਜਾਂਦੇ ਸਨ, ਤਿਵੇਂ-ਤਿਵੇਂ ਨੌਰੰਗੇ ਦੀ ਸੈਨਾ ਪਿੱਛੇ ਉਮੱਡਦੀ ਆਉਂਦੀ ਸੀ। ਚਲਦਿਆਂ ਚਲਦਿਆਂ ਸਾਰਾ ਦੇਸ਼ ਲੰਘਿਆ, ਦਿੱਲੀ ਦੀ ਹਕੂਮਤ ਨੂੰ ਜਦ ਤੋਂ ਛੱਡ ਕੇ ਆਏ ਸਨ॥੫੪॥

ਭਯੋ ਨਿਚਿੰਤ ਰਹ੍ਯੋ ਤਹਿਂ ਜਾਇ। ਸੈਨ ਸਕੇਲੀ ਪੁਨ ਸਮੁਦਾਇ।
ਢੱਠੇ ਭੱਖਰ ਤੇ ਰਹਿ ਪਰੇ। ਕੇਤਿਕ ਮਾਸ ਬਿਤਾਵਨਿ ਕਰੇ॥ ੫੫॥

ਉਥੇ ਜਾ ਕੇ ਚਿੰਤਾ ਰਹਿਤ ਹੋ ਕੇ ਰਹੇ, ਫਿਰ ਬਹੁਤ ਸੈਨਾ ਇਕੱਠੀ ਕੀਤੀ। ਢੱਠੇ ਭੱਖਰ ਵਿਚ ਹੀ ਰਹਿ ਪਏ, ਕਈ ਮਹੀਨੇ ਉਥੇ ਗੁਜ਼ਾਰੇ॥੫੫॥

ਅਪਨੇ ਰਾਜ ਸੀਮ ਜਹਿਂ ਅਹੀ। ਤਹਿਂ ਨੌਰੰਗ ਕੀ ਸੈਨਾ ਰਹੀ।
ਅੰਤਰ ਕਿਤਿਕ ਪਾਇ ਤਿਸ ਥਾਨ। ਬਸਤਿ ਭਏ ਨਿਜ ਦੇਸ਼ ਮਹਾਨ॥ ੫੬॥

ਆਪਣੇ ਰਾਜ ਦੀ ਜਿਥੇ ਹੱਦ ਸੀ, ਉਥੇ ਨੌਰੰਗੇ ਦੀ ਸੈਨਾ ਰਹੀ। ਉਸ ਥਾਂ 'ਤੇ ਕਾਫੀ ਅੰਤਰ ਪੈ ਗਿਆ, ਆਪਣੇ ਮਹਾਨ ਦੇਸ਼ ਵਿਚ ਵਸਦੇ ਪਏ ਸਨ॥੫੬॥

ਪੁਨ ਚਢਿ ਗਮਨ੍ਯੋ ਦਾਰਸ਼ਕੋਹ। ਤਿਤ ਕੌ ਦੱਖਣ ਕੀ ਦਿਸ਼ਿ ਹੋਹੁ।
ਪਹੁੰਚ੍ਯੋ ਜਹਾਂ ਦੇਸ਼ ਗੁਜਰਾਤ। ਲੂਟਿ ਕੂਟਿ ਲੀਨਸਿ ਤਹਿਂ ਜਾਤਿ॥ ੫੭॥

ਦਾਰਾਸ਼ਕੋਹ ਘੋੜੇ 'ਤੇ ਚੜ੍ਹ ਕੇ ਦੱਖਣ ਦੇ ਪਾਸੇ ਵਲ ਚਲ ਪਿਆ ਤੇ ਉਥੇ ਪਹੁੰਚ ਗਿਆ ਜਿਥੇ ਗੁਜਰਾਤ ਦਾ ਦੇਸ਼ ਸੀ। ਉਥੇ ਜਾ ਕੇ ਉਸ ਦੇਸ਼ ਨੂੰ ਲੁੱਟ ਲਿਆ॥੫੭॥

ਲਸ਼ਕਰ ਸਮੁਖ ਜਾਇ ਪੁਨ ਹੋਵਾ। ਦੁਹੁ ਦਿਸ਼ਿ ਤੇ ਰਿਸ ਕੀਨਸਿ ਢੋਵਾ।
ਦਾਰੁਣ ਸੰਘਰ ਰਚ੍ਯੋ ਮਹਾਨਾ। ਛੁਟੇ ਸ਼ਸਤ੍ਰ ਹਤਿ ਭੇ ਭਟ ਪ੍ਰਾਨਾ॥ ੫੮॥

ਫਿਰ ਲਸ਼ਕਰ ਦੇ ਸਾਹਮਣੇ ਜਾ ਕੇ ਹੋ ਗਿਆ, ਦੋਵਾਂ ਪਾਸਿਆਂ ਨੇ ਬੜਾ ਕ੍ਰੋਧ ਕੀਤਾ। ਮਹਾਂ ਭਿਆਨਕ ਸੰਘਰਸ਼ ਦੀ ਰਚਨਾ ਕੀਤੀ। ਸ਼ਸਤਰ ਚਲਦੇ ਸਨ ਜਿਹੜੇ ਸੂਰਮਿਆਂ ਦੇ ਪ੍ਰਾਣ ਲੈ ਰਹੇ ਸਨ॥੫੮॥

ਭਈ ਲਥੇਰ ਪਥੇਰ ਘਨੇਰੀ। ਗਰਜੀ ਤੋਪੈਂ ਤੁਪਕ ਬਡੇਰੀ।
ਮਾਰੇ ਸੁਭਟ ਗਹੇ ਹੱਥਜਾਰਨਿ। ਜਿਤੈ ਕਰਨਿ ਨਿਜ ਸ੍ਵਾਮੀ ਕਾਰਨ॥ ੫੯॥

ਬੜੀ ਕਟਾ-ਵੱਢ ਹੋਈ, ਵੱਡੀਆਂ-ਵੱਡੀਆਂ ਤੋਪਾਂ ਬਹੁਤ ਗੱਜੀਆਂ। ਹਥਿਆਰ ਫੜ ਕੇ ਸੂਰਮਿਆਂ ਨੂੰ ਮਾਰਿਆ। ਆਪਣੇ ਸਵਾਮੀ ਨੂੰ ਜਿਤਾਉਣਾ ਚਾਹੁੰਦੇ ਸਨ॥੫੯॥

ਬਾਜੀ ਚਢੇ ਬੀਰ ਬਲਵਾਨ। ਛਿੱਪ੍ਰ ਛੁਟਤਿ ਹੈਂ ਤੁਪਕ ਮਹਾਨ।
ਹਨਹਿਂ ਫੇਰ ਕਰਿ ਤੋਮਰ ਤੀਛਨ। ਹਲਾਹਲੀ ਰਣ ਮਾਚ੍ਯੋ ਭੀਖਨ॥ ੬੦॥

ਬਲਵਾਨ ਸੂਰਬੀਰ ਘੋੜਿਆਂ 'ਤੇ ਚੜ੍ਹੇ ਹੋਏ ਸਨ, ਤੀਰ ਛੁਟਦੇ ਸਨ ਤੇ ਮਹਾਨ ਬੰਦੂਕਾਂ ਚਲਦੀਆਂ ਸਨ। ਤਿੱਖੇ ਨੇਜੇ ਫੇਰ ਕੇ ਮਾਰ ਦਿੰਦੇ ਸਨ। ਹਲਾਹਲੀ ਕਰਦਿਆਂ ਭਿਆਨਕ ਯੁੱਧ ਮਚ ਗਿਆ॥੬੦॥

ਛੁਟਿ ਛੁਟਿ ਪ੍ਰਾਨ ਬੀਰ ਗਨ ਗਿਰੇ। ਕੇਤਿਕ ਤਰਫਤਿ ਘਾਇਲ ਪਰੇ।
ਧੌਂਸੇ ਧੁੰਕਾਰਤਿ ਚਹੁੰ ਓਰੇ। ਚਲਹਿਂ ਬੇਗ ਤੇ ਗੋਰੀ ਗੋਰੇ॥ ੬੧॥

ਪ੍ਰਾਣ ਛੱਡ ਛੱਡ ਕੇ ਬਹੁਤ ਸੂਰਬੀਰ ਡਿੱਗ ਪਏ ਤੇ ਕਈ ਜ਼ਖਮੀ ਪਏ ਤੜਫ ਰਹੇ ਸਨ। ਚਾਰੇ ਪਾਸੇ ਧੌਂਸੇ ਧੁੰਕਾਰਾਂ ਪਾ ਰਹੇ ਸਨ ਤੇ ਗੋਲੀਆਂ ਅਤੇ ਗੋਲੇ ਬੜੀ ਤੇਜ਼ੀ ਨਾਲ ਚਲ ਰਹੇ ਸਨ॥੬੧॥

ਲੋਥੈਂ ਜੁਥਪੋਥਨਾ ਭਈ। ਵਾਹਨ ਪਗਨਿ ਧੂਲ ਤੇ ਛਈ।
ਸ੍ਰੋਨਿਤ ਗਿਰਹਿਂ ਰਕਤ, ਰਣ ਠੌਰ। ਬਧਹਿਂ ਬੀਰ, ਰਣ ਮਾਚਜੋ ਰੌਰ॥ ੬੨ ॥

ਸਮੂਹ ਲੋਥਾਂ ਦਾ ਢੇਰ ਲੱਗ ਗਿਆ ਤੇ ਘੋੜਿਆਂ ਦੇ ਪੈਰਾਂ ਦੀ ਧੂੜ ਲੋਥਾਂ 'ਤੇ ਛਾ ਗਈ। ਰਣਖੇਤਰ ਵਾਲੀ ਥਾਂ ਲਹੂ ਡਿੱਗ ਰਿਹਾ ਸੀ। ਸੂਰਮਿਆਂ ਨੂੰ ਮਾਰਦੇ ਸਨ ਤੇ ਰਣਖੇਤਰ ਵਿਚ ਬੜਾ ਸ਼ੋਰ ਮਚਿਆ ਹੋਇਆ ਸੀ॥੬੨॥

ਜਬਿ ਜਾਨਜੋ ਨੌਰੰਗ ਦਲ ਘਨੇ। ਜੁੱਧ ਕਰਨਿ ਇਨ ਸੋਂ ਨਹਿਂ ਬਨੇ।
ਦਾਰਸ਼ਕੋਹ ਬਿਲੋਕਿ ਬਿਚਾਰਾ। ਲੇ ਦਲ ਅਪਨੋ ਕੀਨਿ ਕਿਨਾਰਾ॥ ੬੩ ॥

ਜਦ ਜਾਣਿਆ ਕਿ ਨੌਰੰਗੇ ਦਾ ਦਲ ਬਹੁਤ ਵੱਡਾ ਹੈ, ਇਨ੍ਹਾਂ ਨਾਲ ਸਾਡਾ ਯੁੱਧ ਕਰਨਾ ਬਣਦਾ ਨਹੀਂ। ਦਾਰਾਸ਼ਕੋਹ ਨੇ ਵੇਖ ਕੇ ਵਿਚਾਰ ਕੀਤੀ ਤੇ ਆਪਣਾ ਦਲ ਲੈ ਕੇ ਲਾਂਭੇ ਹੋ ਗਿਆ॥੬੩॥

ਟਲਿ ਕਰਿ ਗਯੋ ਨ ਸਨਮੁਖ ਭਯੋ। ਫਰਕ ਸਾਥ ਨਿਜ ਡੇਰਾ ਕਿਯੋ।
ਕਵਿ ਸੰਤੋਖ ਸਿੰਘ ਇਸੀ ਪ੍ਰਕਾਰ। ਨੌਰੰਗ ਲੀਨਸਿ ਰਾਜ ਉਦਾਰ॥ ੬੪ ॥

ਦਾਰਾਸ਼ਕੋਹ ਟਲ ਕੇ ਚਲਾ ਗਿਆ ਤੇ ਫਿਰ ਸਾਹਮਣੇ ਨਾ ਆਇਆ ਤੇ ਕੁਝ ਫ਼ਰਕ ਦੇ ਨਾਲ ਡੇਰਾ ਕਰ ਲਿਆ। ਕਵੀ ਸੰਤੋਖ ਸਿੰਘ ਕਹਿੰਦਾ ਹੈ ਕਿ ਇਸ ਤਰ੍ਹਾਂ ਹੀ ਨੌਰੰਗੇ ਨੇ ਹਿੰਦੋਸਤਾਨ ਦਾ ਵਿਸ਼ਾਲ ਰਾਜ ਪ੍ਰਾਪਤ ਕਰ ਲਿਆ॥੬੪॥

*ਨੌਵੀਂ ਰਾਸ ਦਾ ਅਠਾਰ੍ਹਵਾਂ ਅਧਿਆਇ ਸਮਾਪਤ ਹੋਇਆ॥੧੮॥*

## ਅਧਿਆਇ ਉਨੀਂਵਾਂ

*ਦਾਰਾਸ਼ਕੋਹ ਨੂੰ ਤਕੀਏ ਵਿਚੋਂ ਫੜਨਾ*

ਦੋਹਰਾ- ਇਮ ਲਰਿ ਦਾਰਸ਼ਕੋਹ ਬਹੁ ਚਿਤ ਮਹਿਂ ਕਰਜੋ ਵਿਚਾਰ।
ਕੂਰ ਪਦਾਰਥ ਹੇਤੁ ਮੈਂ ਕਜਾ ਕਜਾ ਕਿਯ ਉਪਚਾਰ॥ ੧॥

ਇਸ ਤਰ੍ਹਾਂ ਲੜਾਈ ਕਰਕੇ ਦਾਰਾਸ਼ਕੋਹ ਨੇ ਆਪਣੇ ਚਿੱਤ ਵਿਚ ਵਿਚਾਰ ਕੀਤੀ ਕਿ ਝੂਠੇ ਪਦਾਰਥਾਂ ਵਾਸਤੇ ਮੈਂ ਕੀ ਕੀ ਯਤਨ ਕੀਤੇ ਹਨ॥੧॥

ਚੌਪਈ- ਨੀਕੇ ਹੈ ਇਨ ਕੋ ਹਿਤ ਤਜਾਗਨਿ। ਬੁਰੋ ਬਹੁਤ ਜੁਤਿ ਜਤਨ ਅਰਾਧਨਿ।
ਕਰੇ ਉਪਾਵ ਹਾਥ ਨਹਿਂ ਆਵਹਿ। ਪਰਾਲਬਧ ਪਰ ਮਨ ਸੁ ਟਿਕਾਵਹਿ ॥੨ ॥

ਇਸ ਵਿਚ ਭਲਾ ਹੈ ਜੇ ਮੈਂ ਇਨ੍ਹਾਂ ਦਾ ਹਿਤ ਤਿਆਗ ਦੇਵਾਂ, ਬਹੁਤ ਬੁਰੇ ਯਤਨਾਂ ਦੀ ਮੈਂ ਅਰਾਧਣਾ ਕੀਤੀ ਹੈ। ਬਹੁਤ ਉਪਾਅ ਕੀਤੇ ਹਨ, ਪਰ ਕੁਝ ਹੱਥ ਨਹੀਂ ਆਇਆ ਹੈ, ਇਸ ਕਰਕੇ ਹੁਣ ਪਰਾਲਬਧ 'ਤੇ ਮਨ ਟਿਕਾਵਾਂ।

ਸਤਜ ਆਤਮਾ ਕਰੋਂ ਬਿਚਾਰਨਿ। ਜੋ ਸਭਿ ਬੰਧੁ ਬਿਨਾਸ਼ਨਿ ਕਾਰਨ।
ਸਲਤਨ ਹਿਤ ਬਹੁ ਕਰੇ ਉਪਾਇ। ਪਰਾਲਬਧ ਬਿਨ ਕਿਮ ਕਰਿ ਆਇ ॥੩ ॥

ਆਤਮਾ ਸੱਚੀ ਹੈ, ਇਸ 'ਤੇ ਵਿਚਾਰ ਕਰੋ, ਜੋ ਸਾਰੇ ਬੰਧਨਾਂ ਨੂੰ ਨਾਸ਼ ਕਰਨ ਦਾ ਕਾਰਨ ਹੈ। ਬਾਦਸ਼ਾਹੀ ਵਾਸਤੇ ਬਹੁਤ ਯਤਨ ਕੀਤੇ ਹਨ, ਪਰ ਪਰਾਲਬਧ ਬਗ਼ੈਰ ਇਹ ਕਿਵੇਂ ਹੱਥ ਵਿਚ ਆ ਸਕਦੀ ਹੈ॥੩॥

ਅਬਿ ਨਿਰਵੈਰ ਹੋਇ ਮੈਂ ਫਿਰੌਂ । ਕੈ ਗਿਰ ਮੈਂ ਬਸਿ ਤਪ ਕੋ ਕਰੌਂ।
ਇਮ ਨਿਸ਼ਚੈ ਕਰਿ ਸਭਿ ਕਿਛੁ ਤਜਾਗਾ। ਲਸ਼ਕਰ ਜਿਤਿਕ ਹੁਤੋ ਸੰਗ ਲਾਗਾ॥੪॥

ਹੁਣ ਮੈਂ ਨਿਰਵੈਰ ਹੋ ਕੇ ਫਿਰਾਂਗਾ, ਜਾਂ ਕਿਸੇ ਪਹਾੜ ਵਿਚ ਬੈਠ ਕੇ ਤਪ ਕਰਾਂਗਾ। ਇਸ ਤਰ੍ਹਾਂ ਨਿਸ਼ਚਾ ਕਰਕੇ ਜਿੰਨੀ ਵੀ ਫੌਜ ਨਾਲ ਰੱਖੀ ਸੀ ਸਭ ਕੁਝ ਛੱਡ ਦਿੱਤਾ॥੪॥

ਸਭਿਹਿਨਿ ਕੋ ਦੈ ਮੁਕਤਾ ਹੀਰ। ਕਰੇ ਬਿਸਰਜਨ ਬਲੀ ਸੁ ਬੀਰ।
ਜਥਾ ਜੋਗ ਸਭਿ ਕੋ ਦੇ ਮੋਦ। ਦਿਏ ਖਿੰਡਾਇ ਚਾਰਹੂੰ ਕੋਦ॥ ੫॥

ਸਾਰਿਆਂ ਨੂੰ ਹੀਰੇ ਮੋਤੀ ਦੇ ਦਿੱਤੇ, ਜਿਹੜੇ ਵੱਡੇ ਸੂਰਬੀਰ ਸਨ ਸਾਰਿਆਂ ਨੂੰ ਵੱਖ ਕਰ ਦਿੱਤਾ। ਯਥਾ ਯੋਗ ਸਭ ਨੂੰ ਦੇ ਕੇ ਪ੍ਰਸੰਨ ਕਰ ਦਿੱਤਾ ਤੇ ਉਨ੍ਹਾਂ ਨੂੰ ਚਾਰ ਕੋਨਿਆਂ ਵਿਚ ਖਿੰਡਾ ਦਿੱਤਾ॥੫॥

ਏਕ ਨਫਰ ਕੋ ਰਾਖਯੋ ਸੰਗ। ਤਜਾਗਯੋ ਸ਼ਾਹ ਬੇਸ ਜੋ ਅੰਗ।
ਚਾਹਯੋ ਪਰਬਤ ਬਾਸੀ ਹੋਇ। ਭੋਗਹਿਂ ਪਰਾਲਬਧ ਤਨ ਜੋਇ॥ ੬॥

ਇਕ ਨੌਕਰ ਨੂੰ ਆਪਣੇ ਨਾਲ ਰਖਿਆ। ਸਰੀਰ 'ਤੇ ਜਿਹੜਾ ਸ਼ਾਹੀ ਲਿਬਾਸ ਪਹਿਨਿਆ ਸੀ, ਉਹ ਵੀ ਛੱਡ ਦਿੱਤਾ। ਚਾਹੁੰਦਾ ਸੀ ਕਿ ਪਹਾੜਾਂ ਵਿਚ ਵਾਸਾ ਕਰਾਂ, ਪਰ ਜੋ ਪਰਾਲਬਧ ਹੈ, ਉਹੀ ਮਿਲਦਾ ਹੈ॥੬॥

ਚਲਿ ਬਹੁ ਦੇਸ਼ ਉਲੰਘਨਿ ਕਰਯੋ। ਆਨ ਪੁਆਧ ਬਿਖੈ ਪੁਨ ਬਰਯੋ।
ਹੁਤੋ ਦਾਇਰਾ ਪਿਖਿ ਇਕ ਗ੍ਰਾਮ। ਉਤਰਯੋ ਤਹਾਂ ਕਰਨਿ ਬਿਸ੍ਰਾਮ॥ ੭॥

ਚਲ ਕੇ ਬਹੁਤ ਦੇਸ ਪਾਰ ਕੀਤਾ ਤੇ ਪੁਆਧ ਦੇਸ਼ ਵਿਚ ਆ ਦਾਖ਼ਲ ਹੋਇਆ। ਇਕ ਪਿੰਡ ਵਿਚ ਇਕ ਤਕੀਆ ਵੇਖ ਕੇ ਉਥੇ ਵਿਸ਼ਰਾਮ ਕਰਨ ਵਾਸਤੇ ਉਤਾਰਾ ਕੀਤਾ॥ ੭॥

ਹਯ ਲਗਾਇ ਹਿਤ ਭੋਜਨ ਤਜਾਰੀ। ਕਰਤਿ ਭਏ ਆਨਯੋ ਢਿਗ ਬਾਰੀ।
ਪਾਵਕ ਦਈ ਜਾਰਿਬੇ ਕਾਰਨ। ਨਫਰ ਸੁ ਈਧਨ ਲਗਯੋ ਨਿਹਾਰਨ॥ ੮॥

ਅੱਗੇ ਜਾਣ ਵਾਸਤੇ ਭੋਜਨ ਤਿਆਰ ਕਰਨ ਲੱਗੇ ਤੇ ਪਾਣੀ ਪਾਸ ਲਿਆਂਦਾ। ਅੱਗ ਬਾਲਣ ਵਾਸਤੇ, ਨੌਕਰ ਬਾਲਣ ਏਧਰ ਓਧਰ ਵੇਖਣ ਲੱਗਾ॥੮॥

ਦਾਰਸ਼ਕੋਹ ਫੂਕ ਜਬਿ ਮਾਰੀ। ਪਰੀ ਰਾਖ ਊਪਰ ਮੁਖ ਦਾਰੀ।
ਜਾਰੀ ਗਈ, ਨ ਜਾਨਤਿ ਜਾਰਨਿ। ਤਹਿਂ ਫਕੀਰ ਨੇ ਕਰਯੋ ਨਿਹਾਰਨ॥ ੯॥

ਅੱਗ ਬਾਲਣ ਵਾਸਤੇ ਜਦ ਦਾਰਾਸ਼ਕੋਹ ਨੇ ਫੂਕ ਮਾਰੀ ਤਾਂ ਰਾਖ ਸਾਰੀ ਉੱਡ ਕੇ ਦਾੜ੍ਹੀ ਅਤੇ ਮੁਖ 'ਤੇ ਪੈ ਗਈ। ਅੱਗ ਨਾ ਬਲੀ, ਕਿਉਂਕਿ ਅੱਗ ਬਾਲਣੀ ਨਹੀਂ ਸੀ ਜਾਣਦਾ। ਉਥੇ ਜਿਹੜਾ ਫ਼ਕੀਰ ਸੀ, ਉਸ ਨੇ ਵੇਖਿਆ॥੯॥

ਅਤਿਸ਼ੈ ਭਾਗਵਾਨ ਨਰ ਕੋਈ। ਦੀਰਘ ਮਸਤਕ ਦੀਪਤਿ ਜੋਈ।
ਦੇਖਤਿ ਜਾਨਯੋ ਜਾਇ ਸੁਸ਼ੀਲਾ। ਰੂਪ ਛਬੀਲਾ, ਰਿਦਾ ਗਹੀਲਾ॥ ੧੦॥

ਉਸ ਨੇ ਸੋਚਿਆ ਕਿ ਇਹ ਕੋਈ ਭਾਗਾਂ ਵਾਲਾ ਵਿਅਕਤੀ ਜਾਪਦਾ ਹੈ, ਜਿਸ ਦਾ ਮੱਥਾ ਬਹੁਤ ਚਮਕਦਾ ਹੈ। ਵੇਖਣ ਵਿਚ ਹੀ ਜਾਣਿਆ ਜਾਂਦਾ ਹੈ ਕਿ ਬਹੁਤ ਸੁਸ਼ੀਲ ਹੈ, ਰੂਪ ਛੈਲ ਛਬੀਲਾ ਹੈ ਤੇ ਸ਼ੁਭ ਹਿਰਦਾ ਧਾਰਨ ਕੀਤਾ ਹੈ॥੧੦॥

ਇਤਨੇ ਬਿਖੇ ਨਫਰ ਸੋ ਆਵਾ। ਭਸਮ ਸ਼ਮਸ ਪਰ ਪਿਖਿ ਮੁਰਝਾਵਾ।
ਦੁਖਯੋ ਅਧਿਕ ਹੀ ਗਿਨਤਿ ਦੁਹੇਲਾ। ਅਖਿਲ ਬੈਸ ਜੋ ਰਹਯੋ ਸੁਹੇਲਾ॥੧੧॥

ਏਨੇ ਵਿਚ ਨੌਕਰ ਆ ਗਿਆ, ਦਾੜ੍ਹੀ ਤੇ ਸਵਾਹ ਪਈ ਵੇਖ ਕੇ ਬੜਾ ਘਬਰਾਇਆ। ਸੁਖਦਾਈ ਸਮੇਂ ਨੂੰ ਵਿਚਾਰ ਕੇ ਬਹੁਤ ਦੁਖੀ ਹੋਇਆ॥੧੧॥

ਸਕਲ ਮੁਲਖ ਕੀ ਸਲਤਨ ਵਾਰੋ। ਗਨ ਅਵਨੀਪਤਿ ਕਰਤਿ ਜੁਹਾਰੋ।
ਜਹਿਂ ਕਹਿਂ ਹੁਕਮ ਜਾਂਹਿ ਕੋ ਮਾਨੈਂ। ਕਹੈਂ ਕਹਾਂ ਲਗਿ ਮਹਦ ਮਹਾਨੈ॥੧੨॥

ਸਾਰੇ ਮੁਲਕ ਦੀ ਰਾਜ ਗੱਦੀ ਦਾ ਮਾਲਕ ਸੀ, ਵੱਡੇ-ਵੱਡੇ ਰਾਜੇ ਸਲਾਮਾਂ ਕਰਦੇ ਸਨ। ਜਿਥੇ ਕਿਥੇ ਉਨ੍ਹਾਂ ਦਾ ਹੁਕਮ ਮੰਨਿਆ ਜਾਂਦਾ ਸੀ, ਕਿਥੋਂ ਤਕ ਕਹਾਂ ਕਿ ਬਹੁਤ ਮਹਾਨ ਸੀ॥੧੨ ॥

ਸੋ ਏਕਾਕੀ ਪਾਵਕ ਜਾਰਤਿ। ਬਦਨ ਸਮੀਪ ਫੂਕ ਕੋ ਮਾਰਤਿ।
ਦੀਰਘ ਸ਼ਮਸ ਭਸਮ ਪਰ ਰਹੀ। ਚਿਤ ਮਹਿਂ ਕਿਛੁ ਦੁਖ ਪਾਵਤਿ ਨਹੀਂ॥੧੩॥

ਉਹ ਹੁਣ ਇਕੱਲਾ ਅੱਗ ਬਾਲ ਰਿਹਾ ਸੀ, ਮੂੰਹ ਨੇੜੇ ਕਰਕੇ ਫੂਕ ਮਾਰਦਾ ਸੀ। ਲੰਮੀ ਦਾੜ੍ਹੀ 'ਤੇ ਸਵਾਹ ਪੈ ਰਹੀ ਸੀ; ਪਰ ਉਹ ਚਿੱਤ ਵਿਚ ਕੁਝ ਵੀ ਦੁਖ ਨਹੀਂ ਸੀ ਮਨਾ ਰਿਹਾ॥੧੩॥

ਕਰਤਿ ਫਕੀਰਨਿ ਕੀ ਨਿਤ ਸੰਗਤਿ। ਸੁਨਤਿ ਬਚਨ ਬਹੁ ਬੈਠਹਿ ਪੰਗਤਿ।
ਬਰਜਿ ਰਹੇ ਕਹਿ ਕਹਿ ਨਰ ਸਜਾਨੇ। ਹਾਨ ਲਾਭ ਲਖਿ ਕਹਜੋ ਨ ਮਾਨੇ॥੧੪॥

ਸਦਾ ਫਕੀਰਾਂ ਦੀ ਸੰਗਤ ਕਰਦਾ ਸੀ, ਫਕੀਰਾਂ ਦੀ ਪੰਚਾਇਤ ਵਿਚ ਬੈਠ ਕੇ ਉਨ੍ਹਾਂ ਦੇ ਬਚਨ ਸੁਣਦਾ ਸੀ। ਸਿਆਣੇ ਮਨੁੱਖ ਕਹਿ ਕਹਿ ਕੇ ਵਰਜਦੇ ਰਹੇ, ਹਾਣ ਲਾਭ ਸਮਝ ਕੇ ਕਿਹਾ ਨਹੀਂ ਸੀ ਮੰਨਦਾ॥੧੪॥

ਅਪਨੋ ਕਰਮ ਜਾਨਿ ਕਰਿ ਐਸੇ। ਅਬਿ ਨ ਬਿਸੂਰਤਿ ਦੁਖ ਕਰਿ ਕੈਸੇ।
ਇਸ ਤੇ ਛੋਭ ਹੋਤਿ ਚਿਤ ਮੇਰੇ। ਨਫਰ ਚਿਤਵ ਇਮ ਕਹਿ ਤਿਸ ਬੇਰੇ॥੧੫॥

ਆਪਣੇ ਅਜਿਹੇ ਕਰਮ ਜਾਣ ਕੇ, ਹੁਣ ਨਾ ਘਬਰਾਉਂਦਾ ਸੀ ਤੇ ਨਾ ਹੀ ਕਿਸੇ ਪ੍ਰਕਾਰ ਦੁੱਖ ਮੰਨਦਾ ਸੀ। ਕਹਿੰਦਾ ਸੀ ਕਿ ਇਸ ਨਾਲ ਮੇਰੇ ਚਿੱਤ ਵਿਚ ਚੁਭਨ ਹੁੰਦੀ ਹੈ। ਨੌਕਰ ਵਿਚਾਰ ਕੇ ਉਸ ਸਮੇਂ ਇਸ ਤਰ੍ਹਾਂ ਕਹਿ ਦਿੰਦਾ ਸੀ॥੧੫॥

'ਸ਼ਮਸ ਹਾਲ ਕਜੋਂ ਦੇਖਤਿ ਨਾਂਹੀ? ਪਰੀ ਭਸਮ ਉਡ ਕਰਿ ਜਿਸ ਮਾਂਹੀ।
ਸੰਗਤਿ ਕਰਤਿ ਜੁ ਰਹਜੋ ਫਕੀਰਨਿ। ਪੂਜਤਿ ਵਸਤੁ ਦੇਤਿ ਸਮ ਪੀਰਨਿ॥੧੬॥

"ਆਪਣੀ ਦਾੜ੍ਹੀ ਦਾ ਹਾਲ ਕਿਉਂ ਨਹੀਂ ਵੇਖਦੇ ਹੋ, ਜਿਸ ਵਿਚ ਸਵਾਹ ਉੱਡ ਕੇ ਪਈ ਹੈ। ਜੇ ਫਕੀਰਾਂ ਦੀ ਇਸ ਤਰ੍ਹਾਂ ਸੰਗਤ ਕਰਦੇ ਰਹੇ ਅਤੇ ਪੂਜਤ ਵਸਤੂ ਨੂੰ ਪੀਰਾਂ ਵਾਂਗ ਦਿੰਦੇ ਰਹੇ॥੧੬॥

ਸਲਤਨ ਕਾਜ ਨ ਚਿਤ ਕਰਿ ਕਰੈ। ਛਲ ਬਲ ਕੋ ਉਰ ਫਿਕਰ ਨ ਧਰੈ।
ਅਪਨੇ ਸਮ ਸਾਧਨ ਸਿਖਰਾਯੋ। ਤਿਸ ਕ੍ਰਿਤ ਕੋ ਅਬਿ ਅਸ ਫਲ ਪਾਯੋ॥੧੭॥

ਰਾਜ ਕਾਜ ਚਿਤ ਕਰਕੇ ਨਹੀਂ ਕਰਦੇ ਹੋ, ਛਲ ਵਲ ਦਾ ਹਿਰਦੇ ਵਿਚ ਫਿਕਰ ਨਹੀਂ ਕਰਦੇ ਹੋ। ਆਪਣੇ ਵਾਂਗ ਸਾਧਨ ਜੁਟਾਏ ਹਨ, ਉਸ ਕ੍ਰਿਤ ਕਰਕੇ ਹੁਣ ਐਸਾ ਫਲ ਪਾਇਆ ਹੈ॥੧੭॥

ਸੀਖ ਦੇਤਿ ਸਗਰੇ ਹਿਤਕਾਰੀ। ਮੈਂ ਤਬਿ ਕਹਤਿ ਰਹਜੋ ਬਹੁ ਬਾਰੀ।
ਸੁਨਿ ਕੈ ਨਹੀਂ ਏਕ ਕੀ ਮਾਨੀ। ਸਹਹੁ ਕਸ਼ਟ ਆਪਦਾ ਮਹਾਨੀ'॥ ੧੮॥

ਸਾਰੇ ਹਿਤਕਾਰੀ ਸਿਖਿਆ ਦਿੰਦੇ ਸਨ, ਮੈਂ ਤਦ ਬਹੁਤ ਵਾਰ ਕਹਿੰਦਾ ਰਿਹਾ। ਸੁਣ ਕੇ ਕਿਸੇ ਦੀ ਗੱਲ ਨਹੀਂ ਮੰਨੀ ਹੈ, ਹੁਣ ਮਹਾਨ ਬਿਪਤਾ ਦੇ ਕਸ਼ਟ ਨੂੰ ਬਰਦਾਸ਼ਤ ਕਰੋ'॥੧੮॥

ਸੁਨਿ ਕੈ ਦਾਰਸ਼ਕੋਹ ਸੁਜਾਨਾ। ਹੇਰਿ ਨਫਰ ਕੋ ਝਿਰਕਨਿ ਠਾਨਾ।
'ਸੁਨਿ ਮੂਰਖ! ਤੈਂ ਕੁਛ ਨ ਜਾਨੀ। ਮਹਿਮਾ ਜੋ ਸਤਿਸੰਗ ਮਹਾਨੀ॥ ੧੯॥

ਇਹ ਸੁਣ ਕੇ ਚਤੁਰ ਦਾਰਾਸ਼ਕੋਹ ਨੇ ਨੌਕਰ ਨੂੰ ਵੇਖ ਕੇ ਝਿੜਕਿਆ "ਹੇ ਮੂਰਖ ! ਤੂੰ ਕੁਝ ਨਹੀਂ ਜਾਣਿਆ ਹੈ, ਸਤਿਗੁਰੂ ਜੀ ਦੀ ਜੋ ਮਹਾਨ ਮਹਿਮਾ ਹੈ॥੧੯॥

ਦੇਖਹੁ ਗੁਨ ਮੁਝ ਕੋ ਜਿਮ ਭਯੋ। ਇਤੋ ਸਮਾਜ ਸ ਸਲਤਨ ਗਯੋ।
ਦੇਸ਼, ਕੋਸ਼ ਕੁਛ ਗਿਨਤੀ ਨਾਂਹੀ। ਸਭਿ ਜਗ ਕੀ ਪ੍ਰਿਯਤਾ ਜਿਸ ਮਾਂਹੀ॥ ੨੦॥

ਵੇਖ, ਮੈਨੂੰ ਜਿਹੜਾ ਗੁਣ ਪ੍ਰਾਪਤ ਹੋਇਆ ਹੈ ਉਹ ਬਾਦਸ਼ਾਹੀ ਸਮੇਤ ਸਾਰੇ-ਸਾਮਾਨ ਕੁਝ ਵੀ ਨਹੀਂ ਹੈ। ਦੇਸ਼, ਖ਼ਜ਼ਾਨਾ ਕਿਸੇ ਗਿਣਤੀ ਵਿਚ ਨਹੀਂ ਹਨ, ਸਭ ਜਗ ਦਾ ਪਿਆਰ ਜਿਸ ਦੇ ਪਾਸ ਹੈ॥੨੦॥

ਤਿਸ ਤੇ ਮੁਝ ਕੋ ਸ਼ੋਕ ਨ ਬਜਾਪਾ। ਨਹਿਂ ਕਿਹ ਸਮੈਂ ਰਿਦੈ ਸੰਤਾਪਾ।
ਇਕ ਖਿਰਾਟਕਾ ਜਾਇ ਗਵਾਈ। ਤਿਹ ਸਮਸਰ ਭੀ ਨਹਿਂ ਦੁਖਦਾਈ॥ ੨੧॥

ਇਸ ਨਾਲ ਮੈਨੂੰ ਕੋਈ ਦੁਖ ਨਹੀਂ ਹੋਇਆ ਹੈ, ਨਾ ਕਿਸੇ ਸਮੇਂ ਹਿਰਦੇ ਵਿਚ ਸੰਤਾਪ ਪੈਦਾ ਹੁੰਦਾ ਹੈ। ਇਕ ਕੌਡੀ ਵੀ ਜੇ ਗਵਾਚ ਜਾਏ ਤਾਂ ਉਸ ਦੇ ਬਰਾਬਰ ਵੀ ਦੁੱਖ ਨਹੀਂ ਹੁੰਦਾ॥੨੧॥

ਲਾਭ ਹਾਨ ਜਗ ਰਾਜ ਮਹਾਨਾ। ਰਹੀ ਮੋਹਿ ਚਿਤ ਬ੍ਰਿਤੀ ਸਮਾਨਾ।
ਇਹ ਸੰਤਨ ਕੋ ਅਧਿਕ ਪ੍ਰਤਾਪੂ। ਹਰਖ ਨ ਸ਼ੋਕ ਮੋਹਿ ਚਿਤ ਬਜਾਪੂ' ॥ ੨੨॥

ਜਗ ਦੇ ਮਹਾਨ ਰਾਜ ਦੇ ਲਾਭ ਅਤੇ ਹਾਨ ਵਿਚ ਮੇਰੇ ਚਿਤ ਦੀ ਬ੍ਰਿਤੀ ਸਮਾਨ ਹੀ ਰਹੀ ਹੈ। ਇਹ ਸੰਤਾਂ ਦਾ ਵੱਡਾ ਪ੍ਰਤਾਪ ਹੈ ਕਿ ਖੁਸ਼ੀ ਜਾਂ ਗ਼ਮੀ ਮੇਰੇ ਚਿਤ ਵਿਚ ਵਿਆਪਕ ਨਹੀਂ ਹੋਵੇਗੀ" ॥੨੨॥

ਸੁਨਿ ਕਰਿ ਨਫਰ ਨ ਮਹਿਮਾ ਜਾਨੇ। ਤਊ ਤਰਕਬੋ ਤਿਸ ਕੋ ਠਾਨੇ।
ਗਜ ਮੁਕਤਾ ਕੀ ਜਥਾ ਬਡਾਈ। ਚਿਰਮਰ ਗਾਹਕ ਲਖਿ ਨ ਸਕਾਈ॥ ੨੩॥

ਨੌਕਰ ਇਸ ਗੱਲ ਦੀ ਮਹਿਮਾ ਨਹੀਂ ਸੀ ਸਮਝ ਸਕਦਾ, ਫਿਰ ਵੀ ਉਸ ਨੇ ਤਰਕ ਨੂੰ ਧਾਰਨ ਕਰ ਛਡਿਆ। ਹਾਥੀ ਦੇ ਸਿਰ ਵਿਚ ਨਿਕਲੇ ਮੋਤੀ ਦੀ ਜੋ ਵਡਿਆਈ ਹੈ, ਲਾਲੜੀਆਂ ਦਾ ਗਾਹਕ ਉਸ ਨੂੰ ਸਮਝ ਨਹੀਂ ਸਕਦਾ॥੨੩॥

ਹੁਤੋ ਦਾਇਰੇ ਮਹਿਂ ਦਰਵੇਸ਼। ਜਿਸਕੋ ਨਿਸ਼ਚੇ ਗਜਾਨ ਵਿਸ਼ੇਸ਼।
ਬੋਲਨਿ ਸੁਨਿ ਬਿਲੋਕਬੋ ਕੀਨਿ। ਦਾਰਸ਼ਕੋਹ ਚੀਨਿ ਤਿਨ ਲੀਨਿ॥ ੨੪॥

ਤਕੀਏ ਵਿਚ ਇਕ ਦਰਵੇਸ਼ ਰਹਿੰਦਾ ਸੀ, ਜਿਸ ਨੂੰ ਵਿਸ਼ੇਸ਼ ਗਿਆਨ ਪ੍ਰਾਪਤ ਸੀ। ਬੋਲ ਸੁਣ ਕੇ ਉਸ ਚੰਗੀ ਤਰ੍ਹਾਂ ਵੇਖਿਆ ਸੀ ਤੇ ਦਾਰਾਸ਼ਕੋਹ ਨੂੰ ਉਸ ਪਹਿਚਾਣ ਲਿਆ ਸੀ॥੨੪॥

ਜਿਸ ਖੋਜਨ ਹਿਤ ਚਮੂੰ ਵਿਸ਼ੇਸ਼। ਫੈਲੀ ਦੇਸ਼ ਬਿਦੇਸ਼ ਅਸ਼ੇਸ਼।
ਗਹਜੋ ਚਹੈ ਨੌਰੰਗ ਮਤਿ ਮੰਦ। ਸੋ ਇਹ ਜਾਨਜੋ ਪਰੈ ਬਿਲੰਦ॥ ੨੫॥

ਜਿਸ ਨੂੰ ਲਭਣ ਵਾਸਤੇ ਵਿਸ਼ੇਸ਼ ਸੈਨਾ ਲਾਈ ਹੋਈ ਸੀ ਤੇ ਦੇਸ਼ਾਂ ਵਿਦੇਸ਼ਾਂ ਵਿਚ ਇਹ ਗੱਲ ਫੈਲੀ ਹੋਈ ਸੀ। ਮਾੜੀ ਮੱਤ ਵਾਲਾ ਨੌਰੰਗਾ ਉਸ ਨੂੰ ਫੜਨਾ ਚਾਹੁੰਦਾ ਸੀ, ਇਹ ਚੰਗੀ ਤਰ੍ਹਾਂ ਜਾਣਿਆ ਜਾਂਦਾ ਸੀ॥੨੫॥

ਸਤਿਸੰਗੀ ਬਡ ਸੁਨਜੋ ਅਗਾਰੇ। ਭਲੇ ਜਾਨਿ ਚਿਤ ਚਹਤਿ ਨਿਹਾਰੇ।
ਆਇ ਫਕੀਰ ਸੁ ਬੈਠਜੋ ਪਾਸ। ਸਾਦਰ ਮ੍ਰਿਦੁਲ ਸੁ ਬਾਕ ਪ੍ਰਕਾਸ਼॥ ੨੬॥

ਵੱਡੇ ਸਤਿਸੰਗੀਆਂ ਨੇ ਅੱਗੇ ਸੁਣਿਆ, ਭਲੇ ਜਾਣ ਕੇ ਚਿਤ ਵਿਚ ਵੇਖਣਾ ਚਾਹੁੰਦੇ ਸਨ। ਫਕੀਰ ਆ ਕੇ ਪਾਸ ਬੈਠ ਗਏ ਤੇ ਬੜੇ ਆਦਰ ਨਾਲ ਮਿੱਠੇ ਬਚਨ ਕਹੇ॥੨੬॥

'ਧੰਨ ਤੋਹਿ! ਜਨਨੀ ਬਡ ਧੰਨ! ਸੰਤ ਸਮੂਹ ਕਰੇ ਸੁ ਪ੍ਰਸੰਨ।
ਕੂਰ ਪਦਾਰਥ ਬਿਨਸਨ ਹਾਰੇ। ਕਹਾਂ ਸ਼ੋਕ, ਤੁਮ ਕੋ ਇਹ ਧਾਰੇ॥ ੨੭॥

'ਧੰਨ ਤੁਸੀਂ ਹੋ! ਧੰਨ ਤੁਹਾਡੀ ਮਾਂ ਹੈ, ਜਿਸ ਤੁਹਾਨੂੰ ਜੰਮਿਆ ਹੈ। ਝੂਠੇ ਪਦਾਰਥ ਨਾਸ਼ਵਾਨ ਹਨ, ਇਨ੍ਹਾਂ ਦੇ ਜਾਣ ਨਾਲ ਤੁਹਾਨੂੰ ਕਾਹਦਾ ਦੁੱਖ ਹੋ ਸਕਦਾ ਹੈ॥੨੭॥

ਅਬਿ ਜਹਾਨ ਤੇ ਫਾਰਕ ਹੋਹੁ। ਤਜਾਗਹੁ ਜਿਤਿਕ ਬਾਸ਼ਨਾ ਮੋਹੁ।
ਬਨਹੁ ਨਿਸ਼ੰਗ ਤ੍ਰਾਸ ਕੋ ਡਾਰਿ। ਜਿਤ ਕਿਤ ਅਪਨੋ ਰੂਪ ਨਿਹਾਰਿ॥ ੨੮॥

ਹੁਣ ਜਹਾਨ ਤੋਂ ਫ਼ਾਰਗ ਹੋਵੋ, ਜਿੰਨੀ ਵੀ ਵਾਸ਼ਨਾ ਅਤੇ ਮੋਹ ਹੈ, ਉਸ ਨੂੰ ਤਿਆਗ ਦੇਵੋ। ਡਰ ਨੂੰ ਦੂਰ ਕਰਕੇ ਨਿਸ਼ੰਗ ਬਣ ਜਾਵੋ, ਜਿਥੇ ਕਿਥੇ ਆਪਣਾ ਰੂਪ ਵੇਖੋ॥੨੮॥

ਤਨੁ ਕੀ ਪਰਾਲਬਧ ਕਰਿ ਜੋਇ। ਸੰਕਟ ਪਰਹਿ ਕਿ ਸੁਖ ਕਿਤ ਹੋਇ।
ਭੋਗਹੁ ਆਵੱਸ਼ਕ ਸੋ ਜਾਨਿ। ਮਿਟੈ ਨ ਕਯੋਂਹੂੰ ਛੂਟਯੋ ਬਾਨ॥ ੨੯॥

ਜਿਹੜੇ ਤਨ ਦੀ ਪਰਾਲਬਧ ਕਰਦੇ ਹਨ, ਉਹ ਦੁੱਖ ਹੀ ਪਾਉਂਦੇ ਹਨ, ਸੁਖ ਕਿਵੇਂ ਪ੍ਰਾਪਤ ਹੋ ਸਕਦਾ ਹੈ। ਆਵੱਸ਼ਕ ਜਾਣ ਕੇ ਸੋ ਭੋਗੋ ਕਿਉਂਕਿ ਕਮਾਨ ਵਿਚੋਂ ਇਕ ਵਾਰ ਨਿਕਲਿਆ ਬਾਣ ਫਿਰ ਰੁਕਦਾ ਨਹੀਂ ਹੈ॥੨੯॥

ਰੂਪ ਅਭੁਗਤਾ ਸਦਾ ਅਕਰਤਾ। ਤਾਂਹਿ ਸੰਭਾਰਹੁ ਰਿਦੇ ਬਿਰਤਤਾ।
ਊਚ ਅਵਸਥਾ ਮਹਿਂ ਬ੍ਰਿਤਿ ਤੇਰੀ। ਠਹਿਰੀ ਸੰਤਨਿ ਕ੍ਰਿਪਾ ਬਡੇਰੀ॥ ੩੦॥

ਅਭੁਗਤਾ ਰੂਪ ਸਦਾ ਕਰਤਾ ਰਹਿਤ ਹੈ, ਇਸ ਕਰਕੇ ਵਿਸ਼ੇਸ਼ ਕਰਕੇ ਇਸ ਨੂੰ ਹਿਰਦੇ ਵਿਚ ਸੰਭਾਲੋ। ਤੁਹਾਡੀ ਬ੍ਰਿਤੀ ਬੜੀ ਉੱਚੀ ਅਵਸਥਾ ਵਿਚ ਹੈ। ਇਹ ਸੰਤਾਂ ਦੀ ਵੱਡੀ ਕਿਰਪਾ ਕਰਕੇ ਇਸ ਅਵਸਥਾ ਵਿਚ ਠਹਿਰ ਗਈ ਹੈ॥੩੦॥

ਸਦਾ ਅਸੰਗ ਆਪ ਕੋ ਜਾਨਿ। ਤਨ ਕੇ ਹਾਨ ਨਹੀਂ ਤੁਵ ਹਾਨ।
ਤਵ ਤਨ ਦੁਖ ਤੇ ਦੁਖ ਭੀ ਨਾਂਹਿ। ਕਹਾਂ ਪਦਾਰਥ ਤੇ ਸੁਖ ਪਾਹਿ॥ ੩੧॥

ਸਦਾ ਹੀ ਆਪਣੇ ਆਪ ਨੂੰ ਅਸੰਗ ਜਾਣੋ, ਤਨ ਦੀ ਹਾਨੀ ਨਾਲ ਤੁਹਾਨੂੰ ਕੋਈ ਹਾਨੀ ਨਹੀਂ ਹੈ। ਤੁਹਾਡੇ ਤਨ ਨੂੰ ਦੁੱਖ ਤੋਂ ਵੀ ਕੋਈ ਦੁੱਖ ਨਹੀਂ ਹੈ, ਇਸ ਨੇ ਪਦਾਰਥਾਂ ਤੋਂ ਕੀ ਸੁਖ ਪਾਉਣਾ ਹੈ॥੩੧॥

ਪ੍ਰਾਪਤਿ ਭਾ ਸੁਖ ਬਡ ਅਬਿਨਾਸੀ। ਅਹੰਬ੍ਰਹਮਾਸਮਿ ਮਹਿਂ ਬ੍ਰਿਤਿ ਬਾਸੀ।
ਤਜਹੁ ਉਪਾਧਿ ਬਿਚਾਰਹੁ ਰੂਪ। ਮਿਲਯੋ ਅਨੰਦ ਸਮੁੰਦ੍ਰ ਅਨੂਪ॥ ੩੨॥

ਤੁਹਾਨੂੰ ਵੱਡਾ ਨਾਸ਼ ਰਹਿਤ ਸੁਖ ਪ੍ਰਾਪਤ ਹੈ, ਮੈਂ ਬ੍ਰਹਮ ਹਾਂ ਵਾਂਗ ਬ੍ਰਿਤੀ ਵਿਚ ਵਸ ਗਈ ਹੈ। ਉਪਾਧੀਆਂ ਨੂੰ ਛੱਡੋ ਤੇ ਆਪਣੇ ਰੂਪ ਤੇ ਵਿਚਾਰ ਕਰੋ, ਤੁਹਾਨੂੰ ਆਨੰਦ ਦਾ ਅਨੂਪਮ ਸਮੁੰਦਰ ਮਿਲਿਆ ਹੈ॥੩੨॥

ਜਿਸ ਪਦ ਯੋਗੀ ਸਦਾ ਅਰਾਧਹਿਂ। ਕੋਟਿ ਜਤਨ ਕਰਿ ਕਯੋ ਹੂੰ ਲਾਧਹਿਂ।
ਸੋ ਤੇਰੇ ਹਸਤਾਮਲ ਹੋਯੋ। ਸਤਿਸੰਗਤਿ ਕਰੁਨਾ ਤੇ ਜੋਯੋ॥ ੩੩॥

ਜਿਸ ਪਦਵੀ ਨੂੰ ਪ੍ਰਾਪਤ ਕਰਨ ਲਈ ਯੋਗੀ ਸਦਾ ਅਰਾਧਨਾ ਕਰਦੇ ਹਨ, ਕਰੋੜਾਂ ਯਤਨ ਕਰਨ ਨਾਲ ਕਿਵੇਂ ਵੀ ਪ੍ਰਾਪਤ ਨਹੀਂ ਕਰ ਸਕਦੇ, ਉਹ ਪਦਵੀ ਤੁਹਾਡੇ ਸਾਹਮਣੇ ਪ੍ਰਤੱਖ ਹੋਈ ਹੈ ਜਿਹੜੀ ਸਤਿਸੰਗਤ ਦੀ ਕਿਰਪਾ ਨਾਲ ਤੁਸੀ ਪਾਈ ਹੈ''॥੩੩॥

ਇੱਤ੍ਯਾਦਿਕ ਕਰਿ ਬਾਕ ਬਿਲਾਸਾ। ਜਿਨ ਕੇ ਤਨ ਅਭਿਮਾਨ ਬਿਨਾਸ਼ਾ।
ਦਾਰਸ਼ਕੋਹ ਮਸਤ ਸੁਨਿ ਹੋਯੋ। ਅੰਨ ਮਨੋਰਥ ਉਰ ਤੇ ਖੋਯੋ॥ ੩੪॥

ਇੱਤਆਦਿ ਬਚਨ ਬਿਲਾਸ ਕਰਕੇ ਜਿਨ੍ਹਾਂ ਦੇ ਤਨ ਦਾ ਅਹੰਕਾਰ ਨਾਸ਼ ਹੋ ਗਿਆ ਸੀ, ਦਾਰਾਸ਼ਕੋਹ ਸੁਣ ਕੇ ਮਸਤ ਹੋ ਗਿਆ। ਹਿਰਦੇ ਦੇ ਹੋਰ ਸਾਰੇ ਮਨੋਰਥ ਦੂਰ ਹੋ ਗਏ॥੩੪॥

ਜੈਥੋ ਆਨ ਥਾਨ ਕੋ ਤਜਾਗਜੋ। ਅੰਤਰ ਬ੍ਰਿਤਿ ਕੇ ਰਸ ਮਹਿਂ ਪਾਗਜੋ।
ਦੁਸ਼ਮਨ ਗਹੋ ਆਜ ਹੀ ਆਇ। ਕਰਜੋ ਜਿ ਚਹੈ ਦੇਹਿ ਮਰਵਾਇ॥ ੩੫॥

ਹੋਰ ਸਭ ਕੁਝ ਛੱਡ ਦਿੱਤਾ ਤੇ ਅੰਤਰ ਬ੍ਰਿਤੀ ਦੇ ਰਸ ਵਿਚ ਰੰਗਿਆ ਗਿਆ। ਕਹਿੰਦਾ ਹੈ, "ਹੇ ਵੈਰੀ! ਅੱਜ ਹੀ ਆ ਕੇ ਫੜ ਲਵੋ, ਜੋ ਵੀ ਕਰਨਾ ਚਾਹੁੰਦੇ ਹੋ, ਕਰ ਲਵੋ, ਬੇਸ਼ਕ ਮਰਵਾ ਦੇਵੋ॥੩੫॥

ਅੰਤ ਵੰਤ ਤਨ ਕਹਾਂ ਸਨੇਹੁ। ਨਿਸ਼ਚੈ ਬਿਨਸਨ ਗਤਿ ਕਬਿ ਲੇਹੁ।
ਦ੍ਰਿੜ੍ਹ ਸੰਕਲਪ ਜਬਹਿ ਇਮ ਕੀਨਿ। ਸਕਲ ਸਮਾਜ ਨਫਰ ਕੋ ਦੀਨ॥ ੩੬॥

ਹੁਣ ਮੈਂ ਅੰਤ ਚਾਹੁੰਦਾ ਹਾਂ, ਮੇਰਾ ਸਰੀਰ ਨਾਲ ਕੋਈ ਪਿਆਰ ਨਹੀਂ ਹੈ। ਇਹ ਨਿਸ਼ਚੇ ਹੈ ਕਿ ਇਹ ਸਰੀਰ ਕਦੇ ਨਾ ਕਦੇ ਨਾਸ਼ ਹੋ ਜਾਵੇਗਾ।" ਜਦ ਇਸ ਤਰ੍ਹਾਂ ਦ੍ਰਿੜ੍ਹ ਸੰਕਲਪ ਕੀਤਾ ਤਾਂ ਸਾਰਾ ਸਾਮਾਨ ਨੌਕਰ ਨੂੰ ਦੇ ਦਿੱਤਾ॥੩੬॥

ਜ਼ੇਵਰ ਜਰੇ ਜਵਾਹਰ ਸਾਰੇ। ਸ਼ਸਤ੍ਰ ਬਸਤ੍ਰ ਹਯ ਸਹਿਤ ਉਦਾਰੇ।
ਦੇ ਸਰਬੰਸ ਕਹਜੋ 'ਅਬਿ ਜਾਹੁ। ਬੈਠਿ ਸਦਨ ਮਹਿਂ ਸਭਿ ਸੋ ਖਾਹੁ' ॥ ੩੭॥

ਜਵਾਹਰ ਜੜੇ ਸਾਰੇ ਗਹਿਣੇ, ਸ਼ਸਤਰ, ਵਸਤਰ, ਘੋੜੇ ਸਹਿਤ ਸਭ ਕੁਝ ਦੇ ਦਿੱਤਾ। ਸਭ ਵਸਤਾਂ ਸੌਂਪ ਕੇ ਕਿਹਾ, "ਹੁਣ ਜਾ ਕੇ ਘਰ ਵਿਚ ਬੈਠ ਕੇ ਸਭ ਕੁਝ ਆਰਾਮ ਨਾਲ ਖਾ"॥੩੭॥

ਦੇਖਿ ਕੁਚਾਲ ਨਫਰ ਦੁਖ ਪਾਇ। ਰੁਦਤਿ ਆਪਨੇ ਧਾਮ ਸਿਧਾਇ।
ਨ੍ਰਿਭੈ ਹੋਇ ਕਰਿ ਦਾਰਸ਼ਕੋਹੁ। ਬੈਠਜੋ ਬਿਨਸੇ ਮਾਨ ਰੁ ਮੋਹੁ॥ ੩੮॥

ਇਹ ਮਾੜੀ ਰੀਤੀ ਵੇਖ ਕੇ ਨੌਕਰ ਬਹੁਤ ਦੁਖੀ ਹੋਇਆ। ਰੋਂਦਾ ਰੋਂਦਾ ਆਪਣੇ ਘਰ ਨੂੰ ਚਲਾ ਗਿਆ। ਦਾਰਾਸ਼ਕੋਹ ਨਿਰਭੈ ਹੋ ਕੇ ਬੈਠ ਗਿਆ ਤੇ ਮਾਨ ਅਤੇ ਮੋਹ ਦਾ ਨਾਸ਼ ਹੋ ਗਿਆ॥੩੮॥

ਹਿਤ ਹੇਰਨਿ ਨਰ ਮਿਲੇ ਘਨੇਰੇ। ਸਭਿ ਮਹਿਂ ਬੋਲਿ ਉਠਜੋ ਤਿਸ ਬੇਰੇ।
'ਇਹੁ ਤਨ ਦਾਰਸ਼ਕੋਹੁ ਨਿਹਾਰੋ। ਆਇ ਗਹਹੁ ਰਿਪੁ! ਚਹੈ ਕਿ ਮਾਰੋ' ॥ ੩੯॥

ਉਸ ਨੂੰ ਵੇਖਣ ਵਾਸਤੇ ਬਹੁਤ ਮਨੁੱਖ ਇਕੱਠੇ ਹੋਏ। ਉਸ ਸਮੇਂ ਸਾਰਿਆਂ ਵਿਚ ਫਿਰ ਬੋਲਿਆ, "ਇਹ ਦਾਰਾਸ਼ਕੋਹ ਦਾ ਸਰੀਰ ਵੇਖੋ, ਹੇ ਦੁਸ਼ਮਣ! ਆ ਕੇ ਫੜ ਲਵੋ, ਫੜ ਲਵੋ ਜਾਂ ਮਾਰ ਦੇਵੋ"॥੩੯॥

ਸੁਨਿ ਸੁਨਿ ਲੋਕ ਸਕਲ ਬਿਸਮਾਏ। ਕਜੋਂ ਨਹਿਂ ਦੁਰੈ ਤ੍ਰਾਸ ਕੋ ਪਾਏ।
ਕੇਤਿਕ ਗਏ ਸੁਨਾਵਨਿ ਕਾਰਨ। ਜੋ ਜਹਿਂ ਕਹਿਂ ਫਿਰ ਕਰਹਿਂ ਨਿਹਾਰਨ॥੪੦॥

ਸਾਰੇ ਲੋਕ ਸੁਣ-ਸੁਣ ਕੇ ਹੈਰਾਨ ਹੋ ਰਹੇ ਸਨ, ਕਹਿੰਦੇ ਸਨ, "ਇਹ ਡਰ ਮੰਨ ਕੇ ਲੁਕਦਾ ਕਿਉਂ ਨਹੀਂ ਹੈ।" ਕਈ ਸੁਣਾਉਣ ਵਾਸਤੇ ਗਏ। ਅਤੇ ਜਿਵੇਂ ਕਿਵੇਂ ਉਸ ਵਲ ਵੇਖਦੇ ਸਨ॥੪੦॥

ਨੌਰੰਗ ਕੇ ਉਮਰਾਵ ਬਡੇਰੇ। ਖੋਜਤਿ ਲਸ਼ਕਰ ਫਿਰਤਿ ਘਨੇਰੇ।
ਤਿਨ ਸੋਂ ਕਹਜੋ ਜਾਇ ਤਤਕਾਲਾ। ਸੁਨਿ ਕਰਿ ਦੇਰੇ ਕੀਨਿ ਉਤਾਲਾ॥ ੪੧॥

ਨੌਰੰਗੇ ਦੇ ਵੱਡੇ ਉਮਰਾਵ ਵੱਡਾ ਲਸ਼ਕਰ ਲੈ ਕੇ ਬਹੁਤ ਲੱਭਦੇ ਫਿਰਦੇ ਸਨ। ਉਨ੍ਹਾਂ ਨੂੰ ਜਾ ਕੇ ਤੁਰਤ ਕਹਿ ਦਿੱਤਾ, ਉਹ ਸੁਣ ਕੇ ਬੜੇ ਉਤਾਵਲੇ ਹੋ ਕੇ ਦੌੜੇ॥੪੧॥

ਸਮਸਰ ਪਰਮਹੰਸ ਜਹਿਂ ਬੈਸਾ। ਨ੍ਰਿਭੈ ਤ੍ਰਿਲੋਕੀ ਪਤਿ ਹੈ ਜੈਸਾ॥
ਆਨਿ ਬਿਲੋਕਜੋ ਦੁਸ਼ਟਨਿ ਧਾਇ। ਗਹਿ ਕਰਿ ਲੀਨਿ ਮਤੰਗ ਚਢਾਇ॥੪੨॥

ਜਿਥੇ ਉਹ ਪਰਮਹੰਸ ਵਾਂਗ ਬੈਠਾ ਸੀ, ਬਿਲਕੁਲ ਨਿਰਭੈ ਸੀ ਜਿਵੇਂ ਤਿੰਨ ਲੋਕਾਂ ਦਾ ਮਾਲਕ ਹੋਵੇ। ਦੁਸ਼ਟਾਂ ਨੇ ਦੌੜ ਕੇ ਆ ਕੇ ਵੇਖਿਆ। ਫੜ ਕੇ ਹਾਥੀ ਉੱਤੇ ਚੜ੍ਹਾ ਲਿਆ॥੪੨॥

ਲੇਕਰਿ ਦਿੱਲੀ ਪੁਰਿ ਕੋ ਗਏ। ਦੁਸ਼ਮਨ ਦੁਸ਼ਟ ਹਰਖ ਜੁਤਿ ਭਏ।
ਪਾਪ ਆਤਮਾ ਨੌਰੰਗ ਮਹਾਂ। ਕਰਿ ਕੈ ਕੈਦ ਬਿਠਾਯਹੁ ਤਹਾਂ॥ ੪੩॥

ਲੈ ਕੇ ਦਿੱਲੀ ਨਗਰ ਵੱਲ ਚਲੇ ਗਏ। ਦੁਸ਼ਮਣ ਦੁਸ਼ਟ ਬਹੁਤ ਪ੍ਰਸੰਨਤਾ ਸਹਿਤ ਸਨ। ਨੌਰੰਗੇ ਦੀ ਮਹਾਨ ਪਾਪੀ ਆਤਮਾ ਸੀ। ਉਸ ਨੇ ਕੈਦ ਕਰਕੇ ਉਥੇ ਬਿਠਾ ਲਿਆ॥੪੩॥

*ਨੌਵੀਂ ਰਾਸ ਦਾ ਉਨ੍ਹੀਵਾਂ ਅਧਿਆਇ ਸਮਾਪਤ ਹੋਇਆ॥੧੯॥*

## ਅਧਿਆਇ ਵੀਹਵਾਂ

ਦਾਰਾਸ਼ਕੋਹ ਨੂੰ ਕਤਲ ਕਰਨਾ

ਦੋਹਰਾ- ਹਰਖਜੋ ਨੌਰੰਗ ਦੁਰਮਤੀ ਸ਼ਰ੍ਹਾ ਫਾਸ ਗਰ ਜਾਂਹਿ।
ਚਾਹਤਿ ਹਤਿ ਬਡ ਭ੍ਰਾਤ ਕੋ ਲੇ ਮਸਲਤ ਸਭਿ ਪਾਹਿ॥ ੧॥

ਭੈੜੀ ਬੁੱਧੀ ਵਾਲਾ ਨੌਰੰਗਾ ਬੜਾ ਖ਼ੁਸ਼ ਹੋਇਆ, ਜਿਸ ਦੇ ਗਲ ਵਿਚ ਸ਼ਰ੍ਹਾ ਦੀ ਰਸੀ ਪਈ ਹੋਈ ਸੀ, ਉਹ ਸਾਰਿਆਂ ਨਾਲ ਸਲਾਹ ਕਰਕੇ ਆਪਣੇ ਵੱਡੇ ਭਰਾ ਨੂੰ ਮਾਰਨਾ ਚਾਹੁੰਦਾ ਸੀ॥੧॥

ਚੌਪਈ- ਜਹਿਂ ਦਰਵੇਸ਼, ਕਿ ਨਿਪੁਨ ਮੁਲਾਨੇ। ਚਲਹਿਂ ਸ਼ਰ੍ਹਾ ਮਹਿਂ, ਜੋ ਬਹੁ ਮਾਨੇ।
ਸਭਿਕੇ ਨਿਕਟਿ ਪਠਾਵਨਿ ਕਰਜੋ। ਲੇ ਕਾਗਦ ਭ੍ਰਾਤਾ ਜਿਮ ਧਰਜੋ॥੨॥

ਜੋ ਸ਼ਰ੍ਹਾ ਵਿਚ ਚਲਣ ਵਾਲੇ ਚਤੁਰ ਮੁੱਲਾਂ ਤੇ ਬਹੁਤੀ ਮੰਨਤਾ ਵਾਲੇ ਦਰਵੇਸ਼ ਸਨ। ਸਾਰਿਆਂ ਦੇ ਪਾਸ ਸੁਨੇਹਾ ਭੇਜਿਆ, ਭਰਾ ਜਿਵੇਂ ਫੜਿਆ ਸੀ, ਕਾਗਜ਼ ਲੈ ਕੇ ਲਿਖ ਭੇਜਿਆ॥੨॥

'ਸ਼ਰਾ ਵਹਿਰ ਐਸੇ ਇਹ ਚਲਜੋ। ਅਬਿ ਲੌ ਸੰਕਟ ਨਹਿਂ ਕੋ ਮਿਲਜੋ।
ਮਾਰਨਿ ਉਚਿਤ ਲਖਹੁ ਬੁਧਿ ਸਾਥ। ਲਿਖਹੁ ਨਿਸ਼ਾਨੀ ਨਿਜ ਨਿਜ ਹਾਥ'॥੩॥

"ਸ਼ਰ੍ਹਾ ਤੋਂ ਬਾਹਰ ਇਸ ਤਰ੍ਹਾਂ ਇਹ ਚਲਿਆ ਹੈ, ਹੁਣ ਤਕ ਇਸ ਨੂੰ ਕੋਈ ਦੁੱਖ ਨਹੀਂ ਮਿਲਿਆ ਹੈ, ਮਾਰਨਾ ਉਚਿਤ ਹੈ, ਬੁੱਧੀ ਨਾਲ ਲਿਖੋ, ਆਪਣੇ ਆਪਣੇ ਹੱਥਾਂ ਨਾਲ ਨਿਸ਼ਾਨੀ ਲਿਖੋ" ॥੩॥

ਸੁਨਿ ਨੌਰੰਗ ਕੋ ਸ੍ਵਾਲ ਮੁਲਾਨੇ। ਮੂਢ ਜਿ ਨਹਿਂ ਖ਼ੁਦਾਇ ਕੋ ਜਾਨੇ।
'ਮਾਰਨਿ ਉਚਿਤੈ' ਲਿਖਿ ਲਿਖਿ ਦੀਨਿ। ਨੌਰੰਗ ਕੋ ਡਰ ਉਰ ਬਹੁ ਕੀਨਿ॥੪॥

ਮੁਲਾਣੇ ਨੌਰੰਗੇ ਦਾ ਸਵਾਲ ਸੁਣ ਕੇ, ਮੂਰਖ ਜਿਹੜੇ ਖ਼ੁਦਾ ਨੂੰ ਨਹੀਂ ਜਾਣਦੇ ਸਨ, ਉਨ੍ਹਾਂ ਸਭ ਨੇ ਲਿਖ ਲਿਖ ਕੇ ਦੇ ਦਿੱਤਾ, "ਮਾਰਨਾ ਉਚਿਤ ਹੈ।" ਸਾਰਿਆਂ ਨੇ ਮਨ ਵਿਚ ਨੌਰੰਗੇ ਦਾ ਬਹੁਤ ਡਰ ਮੰਨਿਆ॥੪॥

ਜੇ ਲੋਭੀ ਲੰਪਟ ਕੁੜਿਆਰੇ। ਲਿਖਜੋ ਸਭਿਨਿ 'ਦੀਜਹਿ ਇਸ ਮਾਰੇ'।
ਦੇਸ਼ ਬਿਦੇਸ਼ਨਿ ਜਹਿਂ ਕਹਿਂ ਸਾਰੇ। ਲਿਖਿ ਲਿਖਿ ਪਠਿ ਦੀਨੇ ਹਲਕਾਰੇ॥ ੫॥

ਜਿਹੜੇ ਲੋਭੀ, ਲਾਲਚੀ ਅਤੇ ਝੂਠੇ ਸਨ, ਸਾਰਿਆਂ ਨੇ ਲਿਖ ਦਿੱਤਾ "ਇਸ ਨੂੰ ਮਾਰ ਦੇਵੋ।" ਦੇਸ਼ ਵਿਦੇਸ਼ ਜਿਥੇ ਕਿਥੇ ਵੀ ਸਨ, ਸਾਰਿਆਂ ਨੇ ਲਿਖ ਲਿਖ ਹਲਕਾਰੇ ਭੇਜ ਦਿੱਤੇ॥੫॥

'ਅਹੰਬ੍ਰਹਮ ਬੋਲਨਿ ਇਨ ਕੀਨਿ। ਬਨਜੋ ਖ਼ੁਦਾਇ ਆਪ ਕੋ ਚੀਨ।
ਇਸ ਕੀ ਅਪਰ ਸਜ਼ਾਇ ਨ ਕੋਇ। ਹਤਿ ਸ਼ਮਸ਼ੇਰ ਪ੍ਰਾਨ ਦਿਹੁ ਖੋਇ' ॥ ੬॥

"ਮੈਂ ਬ੍ਰਹਮ ਹਾਂ, ਇਸ ਨੇ ਬੋਲਿਆ ਹੈ, ਆਪਣੇ ਆਪ ਖ਼ੁਦਾ ਬਣ ਬੈਠਾ ਹੈ। ਇਸ ਦੀ ਹੋਰ ਕੋਈ ਸਜ਼ਾ ਨਹੀਂ ਹੈ, ਤਲਵਾਰ ਨਾਲ ਮਾਰ ਕੇ ਇਸ ਦੇ ਸਰੀਰ ਵਿਚੋਂ ਪ੍ਰਾਣ ਕੱਢ ਦੇਵੋ"॥੬॥

ਅਰਥੀ ਗਨ ਦਰਵੇਸ਼ ਮੁਲਾਨੇ। ਲਿਖਿ ਲਿਖਿ ਦੀਨਿ ਤ੍ਰਾਸ ਕੋ ਮਾਨੇ।
ਜੇ ਨਿਸ਼ੰਗ, ਮਗ ਲਖਜੋ ਖ਼ੁਦਾਇ। ਨਹੀਂ ਤ੍ਰਾਸ ਨੌਰੰਗ ਤੇ ਪਾਇ॥ ੭॥

ਮਤਲਬੀ ਦਰਵੇਸ਼ ਅਤੇ ਮੁਲਾਣੇ ਡਰਦੇ ਮਾਰੇ ਲਿਖ ਲਿਖ ਕੇ ਦੇਈ ਜਾਂਦੇ ਸਨ। ਜਿਨ੍ਹਾਂ ਨੇ ਖ਼ੁਦਾ ਦਾ ਰਾਹ ਸੱਚ ਮੁਚ ਪਛਾਣਿਆ ਸੀ, ਉਹ ਨੌਰੰਗੇ ਤੋਂ ਨਹੀਂ ਡਰਦੇ ਸਨ॥੭॥

ਤਿਨਹੁਂ ਸਾਚ ਲਿਖਿ ਕਾਗਦ ਪਠੇ। ਚਿਤ ਮਹਿਂ ਦੁਖੀ ਭਯੋ ਜਿਨ ਪਠੇ।
'ਸਭਿ ਬਿਧਿ ਦਾਰਸ਼ਕੋਹੁ ਸੁਜਾਨਾ। ਪ੍ਰਾਨ ਹਾਨਿ ਕੇ ਉਚਿਤ ਨ ਜਾਨਾ॥ ੮॥

ਉਨ੍ਹਾਂ ਕਾਗਜ਼ ਉੱਤੇ ਸੱਚ ਲਿਖ ਕੇ ਘਲ ਦਿੱਤਾ। ਚਿਤ ਵਿਚ ਦੁਖੀ ਹੋ ਕੇ ਉਨ੍ਹਾਂ ਨੇ ਪੜ੍ਹਿਆ ਤੇ ਫਿਰ ਲਿਖਿਆ, "ਦਾਰਾਸ਼ਕੋਹ ਹਰ ਪ੍ਰਕਾਰ ਸਹੀ ਹੈ, ਪ੍ਰਾਣ ਲੈਣ ਦੇ ਉਚਿਤ ਨਹੀਂ ਜਾਣਿਆ ਹੈ॥੮॥

ਜੋ ਜਿਸ ਕੋ ਹੋਵਹਿ ਦੁਖਦਾਈ। ਸ਼ਰ੍ਹਾ ਬੀਚ ਸੋ ਉਚਿਤ ਸਜ਼ਾਈ'।
ਇਮ ਲਿਖਿ ਵਿਰਲੇ ਸੰਤਨਿ ਭੇਜਾ। ਜਿਸ ਪਢਿ ਦੁਖ ਜਨੁ ਫਟਤਿ ਕਰੇਜਾ॥੯॥

ਜਿਹੜਾ ਕਿਸੇ ਲਈ ਦੁਖਦਾਈ ਹੁੰਦਾ ਹੈ, ਸ਼ਰ੍ਹਾ ਵਿਚ ਉਸ ਵਾਸਤੇ ਉਚਿਤ ਸਜ਼ਾਵਾਂ ਹਨ।" ਇਸ ਤਰ੍ਹਾਂ ਵਿਰਲੇ ਵਿਰਲੇ ਸੰਤਾਂ ਨੇ ਲਿਖ ਕੇ ਭੇਜਿਆ, ਜਿਸ ਨੂੰ ਪੜ੍ਹ ਕੇ ਦੁਖੀ ਲੋਕਾਂ ਦਾ ਕਲੇਜਾ ਫਟਦਾ ਸੀ॥੯॥

ਲਿਖਤਿ ਤੀਨ ਸੈ ਅਪਰ ਬਹੱਤਰ। ਜਹਿਂ ਕਹਿਂ ਤੇ ਭੇਜੇ ਕਹਿ ਉੱਤਰ।
ਬੇ ਮੁਹਤਾਜੇ ਸੰਤ ਜਿ ਪੂਰੇ। ਤਿਨਹੁਂ ਨ ਲਿਖਜੋ ਕਹਜੋ ਤਿਸ ਕੂਰੇ॥ ੧੦॥

ਤਿੰਨ ਸੌ ਬਹੱਤਰ ਲਿਖਤਾਂ ਸਨ, ਜਿਥੋਂ ਕਿਥੋਂ ਜਿਹੜੇ ਉੱਤਰ ਭੇਜੇ ਸਨ। ਜਿਹੜੇ ਪੂਰੇ ਸੰਤ ਕਿਸੇ ਦੇ ਮੁਹਤਾਜ ਨਹੀਂ, ਉਨ੍ਹਾਂ ਨੇ ਉਸ ਤਰ੍ਹਾਂ ਨਾ ਲਿਖਿਆ ਜਿਵੇਂ ਨੌਰੰਗੇ ਨੇ ਝੂਠ ਲਿਖਣ ਵਾਸਤੇ ਕਿਹਾ ਸੀ॥੧੦॥

ਮਹਾਂ ਦੁਸ਼ਟ ਹੋਯਹੁ ਚਹਿ ਸਾਚਾ। ਲਿਖਜੋ ਸ਼ਰੀਅਨਿ ਕੋ ਸਭਿ ਬਾਚਾ।
ਜਿਨਹੁਂ ਜਥਾਰਥ ਬਾਕ ਬਖਾਨੇ। ਪੱਖੀ ਦਾਰਸ਼ਕੋਹੁ ਸੁ ਜਾਨੇ॥ ੧੧॥

ਮਹਾਂ ਦੁਸ਼ਟ ਨੌਰੰਗਾ ਸੱਚਾ ਹੋਣਾ ਚਾਹੁੰਦਾ ਸੀ। ਸਾਰੇ ਬਚਨ ਉਸ ਸ਼ਰ੍ਹਾ ਵਾਲਿਆਂ ਨੂੰ ਲਿਖ ਕੇ ਭੇਜੇ ਸਨ। ਜਿਨ੍ਹਾਂ ਨੇ ਆਪਣੀ ਮਰਜ਼ੀ ਅਨੁਸਾਰ ਲਿਖ ਕੇ ਭੇਜਿਆ, ਉਨ੍ਹਾਂ ਨੂੰ ਦਾਰਾਸ਼ਕੋਹ ਦੇ ਪੱਖੀ ਜਾਣਿਆ॥੧੧॥

ਤਿਨ ਕੇ ਸਾਥ ਬਿਰੋਧ ਬਧਾਯੋ। ਕੇਤਿਕ ਕੋ ਗਹਿ ਗਹਿ ਮਰਿਵਾਯੋ।
ਸਰਮਦ ਨਾਮ ਏਕ ਦਰਵੇਸ਼। ਰਹਹਿ ਪੁਰੀ ਮਹਿਂ ਮਸਤਿ ਵਿਸ਼ੇਸ਼॥ ੧੨॥

ਉਹਨਾਂ ਦੇ ਨਾਲ ਵਿਰੋਧ ਵਧਾਇਆ। ਕਈਆਂ ਨੂੰ ਫੜਵਾ ਫੜਵਾ ਕੇ ਮਰਵਾ ਦਿੱਤਾ। ਇਕ ਦਰਵੇਸ਼ ਦਾ ਨਾਂ ਸਰਮਦ ਸੀ, ਉਹ ਨਗਰ ਵਿਚ ਵਿਸ਼ੇਸ਼ ਤੌਰ 'ਤੇ ਮਸਤ ਰਹਿੰਦਾ ਸੀ॥੧੨॥

ਪ੍ਰਭੁ ਕੇ ਰੰਗ ਰਚਯੋ ਨਿਤ ਰਹੈ। ਕਬਿ ਕਬਿ ਮੌਜ ਆਪਨੀ ਕਹੈ।
'ਦਾਰਸ਼ਕੋਹ ਸ਼ਾਹ ਹਮ ਕੀਨਿ। ਸਲਤਨ ਅਬਿਨਾਸ਼ੀ ਤਿਸ ਦੀਨਿ'॥ ੧੩॥

ਉਹ ਸਦਾ ਹੀ ਪ੍ਰਭੂ ਦੇ ਰੰਗ ਵਿਚ ਰਚਿਆ ਰਹਿੰਦਾ ਸੀ। ਕਦੀ-ਕਦੀ ਆਪਣੀ ਮੌਜ ਵਿਚ ਕੁਝ ਕਹਿੰਦਾ ਸੀ, ''ਦਾਰਾਸ਼ਕੋਹ ਨੂੰ ਬਾਦਸ਼ਾਹ ਅਸੀਂ ਬਣਾਇਆ ਹੈ, ਨਾਸ਼ ਰਹਿਤ ਪਾਤਸ਼ਾਹੀ ਉਸ ਨੂੰ ਦਿੱਤੀ ਹੈ''॥੧੩॥

ਸੁਨਿ ਸੁਨਿ, ਅਵਰੰਗ ਕੋ ਨਰ ਕਹੈਂ। ਰਿਸ ਤੇ ਜਰੈ ਅਧਿਕ ਦੁਖ ਸਹੈ।
ਜਿਤ ਕਿਤ ਪੂਰਨ ਸੰਤ ਮਹਾਨੇ। ਤਿਨ ਤੇ ਸੁਨਹਿ ਭ੍ਰਾਤ ਜਸੁ ਕਾਨੇ॥ ੧੪॥

ਸੁਣ ਸੁਣ ਕੇ ਨੌਰੰਗੇ ਨੂੰ ਮਨੁੱਖ ਕਹਿੰਦੇ ਸਨ। ਗੁੱਸੇ ਨਾਲ ਸੜਦਾ ਤੇ ਬਹੁਤ ਦੁਖ ਪਾਉਂਦਾ ਸੀ। ਜਿਹੜੇ ਜਿਹੜੇ ਮਹਾਨ ਪੂਰਨ ਸੰਤ ਸਨ, ਉਨ੍ਹਾਂ ਪਾਸੋਂ ਆਪਣੇ ਭਰਾ ਦਾ ਕੰਨਾਂ ਨਾਲ ਜਸ ਸੁਣਦਾ ਸੀ॥੧੪॥

ਪਾਇ ਕਸ਼ਟ ਕੋ ਚਿਤ ਰਿਸ ਭੀਨਾ। ਤਬਿ ਦੁਰਮਤੀ ਹੁਕਮ ਕਰਿ ਦੀਨਾ।
'ਰਾਸ਼ਭ ਪਰ ਚਢਾਇ ਲੇ ਜਾਵਹੁ। ਚਹੁੰ ਦਿਸ਼ਿ ਪੁਰਿ ਕੇ ਬਿਦਤ ਫਿਰਾਵਹੁ'॥੧੫॥

ਦੁਖੀ ਹੋ ਕੇ ਚਿਤ ਵਿਚ ਗੁੱਸੇ ਨਾਲ ਭਿੱਜ ਜਾਂਦਾ ਸੀ, ਤਦ ਮਾੜੀ ਮੱਤ ਵਾਲੇ ਨੇ ਹੁਕਮ ਕਰ ਦਿੱਤਾ, ''ਗਧੇ ਉੱਤੇ ਚੜ੍ਹਾ ਕੇ ਲੈ ਜਾਵੋ, ਨਗਰ ਦੇ ਚਾਰ-ਚੁਫੇਰੇ ਪ੍ਰਗਟ ਰੂਪ ਵਿਚ ਫੇਰੋ''॥੧੫॥

ਸਭਿ ਉਮਰਾਵ ਆਦਿ ਜੇ ਲੋਕ। ਸੁਨਿ ਕਰਿ ਬਿਸਮੇ ਧਰਿ ਉਰ ਸ਼ੋਕ।
ਕਹਿ ਨਹਿਂ ਸਕਹਿਂ ਅਧਿਕ ਡਰ ਧਾਰੈਂ। ਮਹਾਂ ਕੂਰ ਦੁਰਮਤੀ ਬਿਚਾਰੈਂ॥ ੧੬॥

ਸਾਰੇ ਉਮਰਾਵ ਤੇ ਹੋਰ ਲੋਕ ਸੁਣ ਕੇ ਬਹੁਤ ਹੈਰਾਨ ਹੋਏ ਤੇ ਹਿਰਦੇ ਵਿਚ ਉਨ੍ਹਾਂ ਦੁਖ ਧਾਰਨ ਕੀਤਾ। ਬਹੁਤ ਡਰ ਦੇ ਕਾਰਨ ਉਹ ਕੁਝ ਕਹਿ ਨਹੀਂ ਸਨ ਸਕਦੇ ਤੇ ਨੌਰੰਗੇ ਨੂੰ ਮਹਾਂ ਝੂਠਾ ਅਤੇ ਮਾੜੀ ਮੱਤ ਵਾਲਾ ਸਮਝਦੇ ਸਨ॥੧੬॥

ਤਊ ਕਿਨਹੁਂ ਸਾਹਸ ਕਰਿ ਭਾਰੀ। ਹਾਥ ਜੋਰ ਕਰਿ ਅਰਜ਼ ਉਚਾਰੀ।
'ਸ਼ਾਹੁਨਿ ਕੇ ਸੁਤ ਜੋਗ ਨ ਐਸੇ। ਹੁਕਮ ਦਿਯੋ ਰਾਸ਼ਭ ਕੇ ਜੈਸੇ॥ ੧੭॥

ਫਿਰ ਵੀ ਕਿਸੇ ਭਾਰੀ ਦਲੇਰੀ ਵਿਖਾਈ ਤੇ ਹੱਥ ਜੋੜ ਕੇ ਬੇਨਤੀ ਕੀਤੀ, ''ਬਾਦਸ਼ਾਹਾਂ ਦੇ ਪੁੱਤਰ ਇਸ ਦੇ ਯੋਗ ਨਹੀਂ ਹਨ, ਜਿਵੇਂ ਆਪ ਨੇ ਗਧੇ ਉਤੇ ਚੜ੍ਹਾਉਣ ਦਾ ਹੁਕਮ ਦਿੱਤਾ ਹੈ॥੧੭॥

ਨਹਿਂ ਕਬਹੂੰ ਇਹ ਭਈ ਅਗਾਰੀ। ਬੇ ਮਿਰਜਾਦਾ ਲੇਹੁ ਬਿਚਾਰੀ'।
ਸੁਨ ਸਜਾਨਨਿ ਤੇ ਬਹੁਰ ਬਖਾਨਾ। 'ਜਾਇ ਚਢਾਵਹੁ ਕਰੀ ਮਹਾਨਾ'॥ ੧੮॥

ਪਹਿਲਾਂ ਇਸ ਤਰ੍ਹਾਂ ਕਦੀ ਵੀ ਨਹੀਂ ਹੋਇਆ ਹੈ, ਇਹ ਗੱਲ ਮਰਯਾਦਾ ਅਨੁਸਾਰ ਨਹੀਂ ਹੈ, ਇਸ 'ਤੇ ਵਿਚਾਰ ਕਰਕੇ ਵੇਖ ਲਵੋ।'' ਸਿਆਣਿਆਂ ਪਾਸੋਂ ਸੁਣ ਕੇ ਫਿਰ ਕਿਹਾ, ''ਜਾ ਕੇ ਮਹਾਨ ਹਾਥੀ ਉੱਤੇ ਚੜ੍ਹਾਵੋ॥੧੮॥

ਪੁਰਿ ਕੇ ਜੇ ਦ੍ਵਾਦਸ਼ ਦਰਵਾਜ਼ੇ। ਸਭਿ ਪਰ ਫੇਰ ਕਰਹੁ ਬਿਨ ਲਾਜੇ।
ਪੁਨ ਸਰਮਦ ਬਾਸਹਿ ਜਿਸ ਥਾਨ। ਤਹਿਂ ਲੇ ਜਾਵਹੁ ਕਰਹੁ ਬਖਾਨ॥ ੧੯॥

ਨਗਰ ਦੇ ਜਿਹੜੇ ਬਾਰ੍ਹਾਂ ਦਰਵਾਜ਼ੇ ਹਨ, ਕਿਸੇ ਸ਼ਰਮ ਤੋਂ ਬਗ਼ੈਰ ਸਾਰਿਆਂ ਦਰਵਾਜ਼ਿਆਂ 'ਤੇ ਫੇਰ ਕੇ ਲਿਆਵੋ। ਫਿਰ ਜਿਸ ਥਾਂ ਸਰਮਦ ਵਸਦਾ ਹੈ, ਉਥੇ ਲੈ ਜਾਵੋ ਤੇ ਬਿਆਨ ਕਰੋ॥੧੯॥

ਦੇ ਸਲਤਨ ਜੋ ਕਹਿਤ ਸਦੀਵ। ਆਜ ਕਰਹਿਂ ਬਿਨ ਯਾਂਕੋ ਜੀਵ'।
ਸੁਨਤਿ ਹੁਕਮ ਕੋ ਚਾਕਰ ਗਏ। ਦਾਰਸ਼ਕੋਹੁ ਬਿਲੋਕਤਿ ਭਏ॥ ੨੦॥

ਇਸ ਨੂੰ ਉਹ ਬਾਦਸ਼ਾਹੀ ਦੇਵੇ, ਜਿਹੜੀ ਸਦਾ ਹੀ ਕਹਿੰਦੇ ਰਹਿੰਦੇ ਹੋ। ਅਜ ਇਸ ਨੂੰ ਜੀਵਨ ਤੋਂ ਬਿਨਾਂ ਭਾਵ ਇਸ ਨੂੰ ਨਾਸ਼ ਕਰਾਂਗੇ।'' ਇਹ ਹੁਕਮ ਸੁਣ ਕੇ ਨੌਕਰ ਗਏ ਤੇ ਦਾਰਾਸ਼ਕੋਹ ਨੂੰ ਵੇਖਣ ਲੱਗੇ॥੨੦॥

ਹਰਖ ਨ, ਸ਼ੋਕ ਨ, ਮਨ ਮਹਿਂ ਕੋਈ। ਦੁਖ ਸੁਖ ਬਿਖੈ ਬ੍ਰਿਤੀ ਸਮ ਹੋਈ।
ਤੋਰੀ ਤਨ ਹੰਤਾ ਦ੍ਰਿੜ੍ਹ ਫਾਸ। ਜਿਸ ਕੋ ਮਰਿਬੇ ਕੋ ਨਹਿਂ ਤ੍ਰਾਸ॥ ੨੧॥

ਜਿਸ ਦੇ ਮਨ ਵਿਚ ਕਿਸੇ ਪ੍ਰਕਾਰ ਦੀ ਵੀ ਖ਼ੁਸ਼ੀ-ਗ਼ਮੀ ਨਹੀਂ ਸੀ। ਦੁੱਖ-ਸੁੱਖ ਵਿਚ ਜਿਸ ਦੀ ਬ੍ਰਿਤੀ ਸਮਾਨ ਹੋ ਗਈ ਸੀ। ਸਰੀਰ ਦੇ ਹੰਕਾਰ ਦੀ ਦ੍ਰਿੜ੍ਹ ਫਾਂਸੀ ਦੇ ਫੰਦੇ ਨੂੰ ਜਿਸ ਤੋੜ ਦਿੱਤਾ ਸੀ, ਜਿਸ ਨੂੰ ਮੌਤ ਦਾ ਕੋਈ ਡਰ ਨਹੀਂ ਸੀ॥੨੧॥

ਹੋਦੇ ਸਹਿਤ ਤਬੈ ਗਜ ਆਯੋ। ਕਹਿ ਕੇ ਤਿਸ ਊਪਰਿ ਚਢਵਾਯੋ।
ਸਿਰ ਪਰ ਬੰਧਿ ਸੇਹਰਾ ਦੀਨ। ਮਾਰਨਿ ਹੁਕਮ ਸੁਨਾਵਨਿ ਕੀਨਿ॥ ੨੨॥

ਫਿਰ ਹੋਦੇ ਸਹਿਤ ਇਕ ਹਾਥੀ ਆਇਆ, ਦਾਰਾਸ਼ਕੋਹ ਨੂੰ ਕਹਿ ਕੇ ਉਸ ਉੱਤੇ ਚੜ੍ਹਾ ਲਿਆ। ਉਸ ਦੇ ਸਿਰ ਉੱਤੇ ਸਿਹਰਾ ਬੰਨ੍ਹ ਦਿੱਤਾ ਤੇ ਮਾਰਨ ਦਾ ਹੁਕਮ ਸੁਣਾ ਦਿੱਤਾ॥੨੨॥

ਪੁਰਿ ਸਗਰੇ ਮਹਿਂ ਹਾਹਾਕਾਰ। ਅਧਿਕ ਸ਼ੋਕ ਤੇ ਕਰਹਿਂ ਉਚਾਰ।
ਡਰਤਿ ਨ ਊਚੇ ਕਹੂੰ ਸੁਨਾਵੈਂ। ਅਵਰੰਗ ਮਹਾਂ ਕੂਰ ਲਖਿ ਪਾਵੈਂ॥ ੨੩॥

ਸਾਰੇ ਨਗਰ ਵਿਚ ਹਾਹਾਕਾਰ ਮਚ ਗਈ, ਲੋਕ ਬਹੁਤ ਦੁੱਖ ਨਾਲ ਉਚਾਰਨ ਕਰਦੇ ਸਨ। ਡਰਦੇ ਮਾਰੇ ਉੱਚੀ ਕਹਿ ਕੇ ਨਹੀਂ ਸੁਣਾਉਂਦੇ ਸਨ। ਨੌਰੰਗੇ ਨੂੰ ਮਹਾਂ ਝੂਠਾ ਸਮਝ ਰਹੇ ਸਨ॥੨੩॥

ਸੰਤਨਿ ਕਰੁਨਾ ਦਾਰਸ਼ਕੋਹ। ਧੀਰਜ ਸਹਿਤ ਨ੍ਰਿਭੈ ਉਰ ਹੋਹੁ।
ਗਜ ਫੇਰਜੋ ਦ੍ਵਾਦਸ਼ ਦਰਵਾਜੇ। ਲੇ ਗਮਨੇ ਜਹਿਂ ਸਰਮਦ ਰਾਜੇ॥ ੨੪॥

ਦਾਰਾਸ਼ਕੋਹ 'ਤੇ ਸੰਤਾਂ ਦੀ ਕਿਰਪਾ ਸੀ। ਉਹ ਧੀਰਜ ਸਹਿਤ ਹਿਰਦੇ ਵਿਚ ਨਿਰਭੈ ਹੋਇਆ ਸੀ। ਹਾਥੀ ਨੂੰ ਬਾਰ੍ਹਾਂ ਦਰਵਾਜ਼ਿਆਂ ਵਿਚ ਫੇਰਿਆ ਗਿਆ, ਫਿਰ ਉਥੇ ਪਹੁੰਚ ਗਏ ਜਿਥੇ ਸੰਤ ਸਰਮਦ ਬਿਰਾਜ ਰਿਹਾ ਸੀ॥੨੪॥

ਅਵਰੰਗ ਕੋ ਤਬਿ ਹੁਕਮ ਸੁਨਾਯੋ। 'ਦਾਰਸ਼ਕੋਹੁ ਨਿਕਟ ਤੁਮ ਆਯੋ।
ਬਖਸ਼ਤਿ ਸਲਤਨ ਜਿਸਹਿ ਹਮੇਸ਼। ਸਭਿ ਮਹਿਂ ਬਡ ਕਹਾਇ ਦਰਵੇਸ਼॥੨੫॥

ਤਦ ਉਸ ਨੂੰ ਨੌਰੰਗੇ ਦਾ ਹੁਕਮ ਸੁਣਾਇਆ, ''ਦਾਰਾਸ਼ਕੋਹ ਤੁਹਾਡੇ ਪਾਸ ਆਇਆ ਹੈ, ਜਿਸ ਨੂੰ ਹਮੇਸ਼ਾ ਪਾਤਿਸ਼ਾਹੀ ਬਖ਼ਸ਼ਦੇ ਰਹਿੰਦੇ ਹੋ ਤੇ ਸਭ ਤੋਂ ਵੱਡੇ ਦਰਵੇਸ਼ ਕਹਾਉਂਦੇ ਹੋ॥੨੫॥

ਬੋਲਤਿ ਕੂਰ ਲਾਜ ਨਹਿਂ ਆਵਤਿ। ਸਲਤਨ ਕਿਤਹੁਂ, ਪ੍ਰਾਨ ਅਬਿ ਜਾਵਤਿ'।
ਸੁਨਿ ਸਰਮਦ ਸਤਿਸੰਗੀ ਜਾਨਿ। ਹੁਇ ਆਯਹੁ ਮਨ ਪ੍ਰੇਮ ਮਹਾਂਨ॥ ੨੬॥

ਝੂਠ ਬੋਲਦੇ ਹੋ, ਤੁਹਾਨੂੰ ਸ਼ਰਮ ਨਹੀਂ ਆਉਂਦੀ ਹੈ, ਪਾਤਿਸ਼ਾਹੀ ਤਾਂ ਕਿਤੇ ਰਹੀ ਹੁਣ ਪ੍ਰਾਣ ਵੀ ਚਲੇ ਜਾਣਗੇ।'' ਸਰਮਦ ਸੁਣ ਕੇ ਸਤਿਸੰਗੀ ਜਾਣ ਕੇ ਮਨ ਵਿਚ ਮਹਾਨ ਪ੍ਰੇਮ ਕਰਕੇ ਆਇਆ॥੨੬॥

ਪਿਖਤਿ ਬਿਲੋਚਨ ਜਲ ਭਰਿ ਆਏ। ਨਹਿਂ ਸਨੇਹ ਤੇ ਬੋਲਜੋ ਜਾਏ।
ਦਾਰਸ਼ਕੋਹੁ ਜਾਨਿ ਕਰਿ ਪ੍ਰੇਮ। ਟਾਰਿ ਸੇਹਰਾ ਬੋਲਜੋ ਏਮ॥ ੨੭॥

ਵੇਖ ਕੇ ਨੈਣਾਂ ਵਿਚ ਜਲ ਭਰ ਆਇਆ, ਪਿਆਰ ਨਾਲ ਬੋਲਿਆ ਵੀ ਨਹੀਂ ਸੀ ਜਾਂਦਾ। ਦਾਰਾਸ਼ਕੋਹ ਪ੍ਰੇਮ ਜਾਣ ਕੇ, ਸਿਹਰੇ ਨੂੰ ਹਟਾ ਕੇ ਇਸ ਤਰ੍ਹਾਂ ਬੋਲਿਆ॥੨੭॥

'ਪਠਨਿ ਸੁਨਨਿ ਅਰੁ ਭਾਖਨਿ ਕਰਨੋ। ਅਹੰ ਬ੍ਰਹਮ ਉਰ ਨਿਸ਼ਚੈ ਧਰਨੋ।
ਇਸੀ ਸਮੇਂ ਕੇ ਕਾਰਜ ਹੇਤੁ। ਲਖਹੁ ਸੰਤ ਜੀ! ਬਨਹੁ ਸੁਚੇਤ॥ ੨੮॥

"ਪੜ੍ਹਨਾ, ਸੁਣਨਾ ਅਤੇ ਬੋਲਣਾ, ਮੈਂ ਬ੍ਰਹਮ ਹਾਂ ਹਿਰਦੇ ਵਿਚ ਨਿਸ਼ਚਾ ਧਾਰਨ ਕਰਨਾ ਹੈ। ਇਸ ਸਮੇਂ ਦੇ ਕਾਰਜ ਵਾਸਤੇ, ਸੰਤ ਜੀ ਸਮਝੋ ਅਤੇ ਸੁਚੇਤ ਬਣੋ॥੨੮॥

ਕਜੋਂ ਡੋਲਹੁ ਤਨ ਹੰਤਾ ਮਾਂਹਿ। ਕ੍ਰਿਪਾ ਆਪ ਕੀ ਤੇ ਮਿਟ ਜਾਹਿਂ।
ਬਿਨਸਨਹਾਰ ਆਜ ਕੈ ਕਾਲੀ। ਤਿਸ ਕੀ ਚਿੰਤਾ ਕਹਾਂ ਬਿਸਾਲੀ॥ ੨੯॥

ਜਦ ਸਰੀਰ ਦਾ ਹੰਕਾਰ ਛੱਡ ਦਿੱਤਾ ਹੈ, ਫਿਰ ਕਿਉਂ ਡੋਲਦੇ ਹੋ, ਜਿਹੜੀ ਤਨ ਹੰਤਾ ਆਪ ਜੀ ਦੀ ਕਿਰਪਾ ਨਾਲ ਮਿਟ ਜਾਂਦੀ ਹੈ। ਇਹ ਸਰੀਰ ਅਜ ਜਾਂ ਕਲ ਖ਼ਤਮ ਹੋ ਜਾਣਾ ਹੈ, ਉਸ ਦੀ ਏਨੀਂ ਚਿੰਤਾ ਕਿਉਂ ਕਰਦੇ ਹੋ'॥੨੯॥

ਸੁਨਿ ਧੀਰਜ ਧਰਿ ਸਰਮਦ ਬੋਲਾ। 'ਹਮ ਨੇ ਸਲਤਨ ਦੀਨਿ ਅਡੋਲਾ।
ਜੋ ਕਿਸਹੂੰ ਤੇ ਜਾਇ ਨ ਛੀਨੀ। ਅਖੈ ਸਦੀਵ ਥੀਵ ਦੁਖ ਹੀਨੀ॥ ੩੦॥

ਇਹ ਸੁਣ ਕੇ ਧੀਰਜ ਧਾਰ ਕੇ ਸਰਮਦ ਬੋਲਿਆ, 'ਅਸੀਂ ਦਾਰਾਸ਼ਕੋਹ ਨੂੰ ਅਡੋਲ ਪਾਤਿਸ਼ਾਹੀ ਦਿੱਤੀ ਹੈ, ਜਿਹੜੀ ਕਿਸੇ ਪਾਸੋਂ ਵੀ ਖੋਹੀ ਨਹੀਂ ਜਾ ਸਕਦੀ, ਇਹ ਸਦਾ ਰਹਿਣੀ ਹੈ ਤੇ ਦੁੱਖਾਂ ਤੋਂ ਰਹਿਤ ਹੈ॥੩੦॥

ਸਲਤਨ ਕੂਰ ਪਾਇ ਗਰਬਾਇ। ਸੋ ਕਚਿਤ ਦਿਨ ਮਹਿਂ ਖਪ ਜਾਇ।
ਅਲਪ ਕਾਲ ਮਹਿਂ ਹਮ ਤਨ ਤਜਾਗ। ਆਵਹਿਂ ਚਲੇ ਤੋਹਿ ਸੰਗ ਲਾਗਿ॥ ੩੧॥

ਝੂਠੀ ਪਾਤਿਸ਼ਾਹੀ ਪਾ ਕੇ ਅਹੰਕਾਰ ਕਰਦੇ ਹਨ, ਉਹ ਕੁਝ ਦਿਨਾਂ ਵਿਚ ਖ਼ਤਮ ਹੋ ਜਾਣੀ ਹੈ। ਥੋੜ੍ਹੇ ਸਮੇਂ ਬਾਅਦ ਅਸੀਂ ਸਰੀਰ ਛੱਡ ਕੇ ਆਵਾਂਗੇ ਤੇ ਤੇਰੇ ਨਾਲ ਲੱਗ ਕੇ ਚਲਾਂਗੇ"॥੩੧॥

ਇਮ ਕਹਿ ਕਰਜੋ ਪਰਸਪਰ ਹੇਰਨਿ। ਚਲਜੋ ਮਹਾਵਤ ਕਰਿ ਗਜ ਪ੍ਰੇਰਨਿ।
ਜਾਇ ਉਤਾਰਜੋ ਦਾਰਸ਼ਕੋਹੁ। ਸੰਤ ਸਰੂਪ, ਨ ਜਿਸ ਕੋ ਮੋਹੁ॥ ੩੨॥

ਇਸ ਤਰ੍ਹਾਂ ਕਹਿ ਕੇ ਆਪਸ ਵਿਚ ਵੇਖਿਆ। ਮਹਾਵਤ ਫਿਰ ਹਾਥੀ ਨੂੰ ਛੇੜ ਕੇ ਅੱਗੇ ਲੈ ਤੁਰਿਆ। ਦਾਰਾਸ਼ਕੋਹ ਨੂੰ ਜਾ ਕੇ ਉਤਾਰ ਦਿੱਤਾ, ਜਿਹੜਾ ਸੰਤ ਸਰੂਪ ਸੀ ਤੇ ਜਿਸ ਨੂੰ ਕਿਸੇ ਪ੍ਰਕਾਰ ਦਾ ਕੋਈ ਮੋਹ ਨਹੀਂ ਸੀ॥੩੨॥

ਨਿਰਦਜਾਲੂ ਜਿਹ ਨਰਕ ਸਥਾਨ। ਬਹੁ ਤੀਖਨ ਲੇ ਹਾਥ ਕ੍ਰਿਪਾਨ।
ਮਾਰਿ ਉਤਾਰਜੋ ਸਿਰ ਧਰ ਹੂੰ ਤੇ। ਨਿਕਸਜੋ ਸ਼ਬਦ ਤਬਹਿ ਉਰ ਹੂੰ ਤੇ॥ ੩੩॥

ਦਇਆਹੀਨ ਜਲਾਦ ਜਿਸ ਦਾ ਟਿਕਾਣਾ ਨਰਕਾਂ ਵਿਚ ਹੋਵੇਗਾ, ਬਹੁਤ ਤਿੱਖੀ ਤਲਵਾਰ ਲੈ ਕੇ ਆਇਆ ਤੇ ਤਲਵਾਰ ਮਾਰ ਕੇ ਸਿਰ ਨੂੰ ਧੜ ਨਾਲੋਂ ਵੱਖ ਕਰ ਦਿੱਤਾ। ਫਿਰ ਹਿਰਦੇ ਵਿਚੋਂ ਇਕ ਸ਼ਬਦ ਨਿਕਲਿਆ॥੩੩॥

'ਅਹੰ ਬ੍ਰਹਮ' ਹੀ ਲੋਕਨਿ ਸੁਨਜੋ। ਨਿਸ਼ਚੈ ਪਾਕੇ ਸਭਿ ਨੇ ਗੁਨਜੋ।
ਬਡੋ ਭ੍ਰਾਤ ਇਮ ਗਹਿ ਕੈ ਮਾਰਜੋ। ਕਰੇ ਪਾਪ ਪਰਲੋਕ ਬਿਗਾਰਜੋ॥ ੩੪॥

"ਮੈਂ ਬ੍ਰਹਮ ਹਾਂ" ਸਾਰੇ ਲੋਕਾਂ ਸੁਣਿਆ, ਨਿਸ਼ਚਾ ਪਾ ਕੇ ਸਭ ਨੇ ਉਸ ਉੱਤੇ ਵਿਚਾਰ ਕੀਤੀ। ਵੱਡਾ ਭਰਾ ਇਸ ਤਰ੍ਹਾਂ ਫੜ ਕੇ ਮਾਰਿਆ ਹੈ, ਪਾਪ ਕਰਕੇ ਆਪਣਾ ਪਰਲੋਕ ਵਿਗਾੜ ਲਿਆ ਹੈ॥੩੪॥

ਅਪਰ ਭ੍ਰਾਤ ਦੁਇ ਛਲ ਕਰਿ ਮਾਰੇ। ਰਾਜ ਹੇਤੁ ਕੀਨਸਿ ਅਘ ਭਾਰੇ।
ਜਹਿਂ ਕਹਿ ਕਰੀ ਕੁਮਤਿ ਬਡ ਪਾਪੀ। ਦਰਵੇਸ਼ਨਿ ਅਰੁ ਸੰਤ ਸਰਾਪੀ॥ ੩੫॥

ਦੂਸਰੇ ਦੋਵੇਂ ਭਰਾ ਛਲ ਕਰਕੇ ਮਾਰੇ, ਰਾਜ ਪ੍ਰਾਪਤ ਕਰਨ ਵਾਸਤੇ ਘੋਰ ਪਾਪ ਕੀਤਾ ਹੈ। ਜਿਥੇ ਕਿਥੇ ਵੱਡੇ ਪਾਪੀ ਨੇ ਦੁਸ਼ਟਤਾ ਭਰੇ ਕੰਮ ਕੀਤੇ, ਦਰਵੇਸ਼ਾਂ ਅਤੇ ਸੰਤਾਂ ਨੂੰ ਦੁਖੀ ਕੀਤਾ॥੩੫॥

ਕਥਾ ਸੁਨਤਿ ਸ਼੍ਰੋਤਾ ਸਵਧਾਨ। ਸਰਮਦ ਕਥਾ ਸੁਨੀ ਜਬਿ ਜਾਨ।
ਬੂਝਨਿ ਕਰਜੋ 'ਕੌਨ ਇਹ ਭਯੋ ?। ਕਿਮ ਖ਼ੁਦਾਇ ਕੋ ਮਾਰਗ ਲਯੋ ?' ॥੩੬॥

ਕਥਾ ਸੁਣਦੇ ਸ੍ਰੋਤੇ ਸਾਵਧਾਨ ਹੋ ਗਏ, ਜਦ ਸੰਤ ਸਰਮਦ ਦੀ ਕਥਾ ਆਪਣੇ ਕੰਨਾਂ ਨਾਲ ਸੁਣੀ। ਪੁੱਛਣ ਲੱਗੇ, "ਇਹ ਕੌਣ ਸੰਤ ਹੋਇਆ ਹੈ, ਇਸ ਨੇ ਕਿਵੇਂ ਖ਼ੁਦਾ ਦਾ ਮਾਰਗ ਪਾਇਆ ਸੀ॥੩੬॥

ਸੁਨਿ ਸ਼੍ਰੋਤਨਿ ਤੇ ਪ੍ਰਸ਼ਨ ਬਿਸਾਲਾ। ਸਰਮਦ ਕੀ ਜਿਮ ਕਥਾ ਰਸਾਲਾ।
ਕਰੀ ਸੁਨਾਵਨਿ ਜਿਸ ਬਿਧਿ ਭਯੋ। ਜਿਮ ਅਵਰੰਗ ਮਰਿਵਾਵਨਿ ਕਿਯੋ॥੩੭॥

ਸਰੋਤਿਆਂ ਪਾਸੋਂ ਵੱਡਾ ਪ੍ਰਸ਼ਨ ਸੁਣ ਕੇ, ਜਿਵੇਂ ਸੰਤ ਸਰਮਦ ਦੀ ਰਸੀਲੀ ਕਥਾ ਹੈ, ਉਹ ਜਿਸ ਵਿਧੀ ਨਾਲ ਹੋਈ, ਉਸ ਤਰ੍ਹਾਂ ਹੀ ਸੁਣਾਈ ਤੇ ਜਿਵੇਂ ਉਸ ਨੂੰ ਨੌਰੰਗੇ ਨੇ ਮਰਵਾ ਦਿੱਤਾ ਸੀ॥੩੭॥

ਸੰਤਪਨੋ ਸੰਤਨਿ ਕੋ ਜਿਸ ਮਹਿਂ। ਪਾਪਨਿ ਕੋ ਬਡ ਪਾਪ ਅਹੈਂ ਜਹਿਂ।
ਸੁਨਿ ਕਰਿ ਸਿੱਖ ਭਲੋ ਉਰ ਧਾਰੈਂ। ਨਹਿਂ ਸਾਧਨ ਕੋ ਕਬਿ ਤ੍ਰਿਸਕਾਰੈਂ॥ ੩੮॥

ਜਿਸ ਦੇ ਮਾਰੇ ਜਾਣ ਵਿਚ ਸੰਤਾਂ ਨੂੰ ਸੰਤਾਪ ਹੋਇਆ ਹੈ ਅਤੇ ਜਿਸ ਵਿਚ ਪਾਪਾਂ ਦਾ ਅਤਿ ਵੱਡਾ ਪਾਪ ਹੋਇਆ ਹੈ। ਸੁਣਕੇ ਸਿੱਖਾਂ ਨੇ ਭਲੀ ਪ੍ਰਕਾਰ ਹਿਰਦੇ ਵਿਚ ਧਾਰਨ ਕੀਤਾ ਤੇ ਸੰਤਾਂ ਨੂੰ ਫਿਰ ਕਦੇ ਨਫ਼ਰਤ ਨਹੀਂ ਸੀ ਕਰਦੇ॥੩੮॥

*ਨੌਵੀਂ ਰਾਸ ਦਾ ਵੀਹਵਾਂ ਅਧਿਆਇ ਸਮਾਪਤ ਹੋਇਆ॥੨੦॥*

## ਅਧਿਆਇ ਇੱਕੀਵਾਂ

### *ਸੰਤ ਸਰਮਦ ਦੀ ਕਥਾ*

ਦੋਹਰਾ- ਸਰਮਦ ਕੀ ਸੁੰਦਰ ਕਥਾ ਸ਼੍ਰੋਤਾ ਸੁਨਹੁ ਰਸਾਲ।
ਆਤਮ ਕੋ ਬੱਖਜਾਤ ਭਾ ਗਜਾਨੀ ਸੰਤ ਬਿਸਾਲ॥ ੧॥

ਹੇ ਸ਼੍ਰੋਤਾ ਜੀ! ਸੰਤ ਸਰਮਦ ਦੀ ਸੁੰਦਰ ਅਤੇ ਰਸੀਲੀ ਕਥਾ ਸੁਣੋ। ਆਤਮ ਗਿਆਨ ਦਾ ਪਰਗਟ ਰੂਪ ਵਿਚ ਵੱਡਾ ਗਿਆਨੀ ਸੰਤ ਸੀ॥੧॥

ਚੌਪਈ- ਮਾਤਾ ਪਿਤਾ ਧਨਾਢ ਬਡੇਰੇ। ਏਕ ਪੁੱਤ੍ਰ ਜਨਮਜੋ ਤਿਨ ਕੇਰੇ।
ਬਹੁ ਦੁਲਾਰਿ ਤਿਨ ਪਾਰਨ ਕੀਨਾ। ਖਾਨ ਪਾਨ ਮਨ ਭਾਵਤਿ ਦੀਨਾ॥੨॥

ਉਸਦੇ ਮਾਤਾ ਪਿਤਾ ਬੜੇ ਅਮੀਰ ਸਨ। ਉਨ੍ਹਾਂ ਦੇ ਘਰ ਇਕ ਪੁੱਤਰ ਨੇ ਜਨਮ ਲਿਆ। ਉਨ੍ਹਾਂ ਨੇ ਬੜੇ ਲਾਡ ਪਿਆਰ ਨਾਲ ਉਸ ਦੀ ਪਾਲਣਾ ਕੀਤੀ ਤੇ ਮਨ ਭਾਉਂਦਾ ਉਸ ਨੂੰ ਖਾਣ ਪੀਣ ਨੂੰ ਦਿੱਤਾ॥੨॥

ਤਨ ਮਹਿਂ ਆਨਿ ਭਈ ਤਰੁਨਾਈ। ਬੀਸਕ ਬਰਸਨਿ ਬੈਸ ਬਿਤਾਈ।
ਭਾ ਪਰਲੋਕ ਮਾਤ ਪਿਤ ਕੇਰਾ। ਰਹ੍ਯੋ ਇਕਾਕੀ ਦਰਬ ਘਨੇਰਾ॥ ੩॥

ਜਦ ਉਹ ਜਵਾਨ ਹੋਇਆ ਤਾਂ ਉਸਦਾ ਸਰੀਰ ਬੜਾ ਬਲਵਾਨ ਸੀ। ਜਦ ਉਸ ਦੀ ਉਮਰ ਵੀਹ ਸਾਲਾਂ ਦੀ ਹੋਈ ਤਾਂ ਉਸ ਦੇ ਮਾਤਾ ਪਿਤਾ ਪਰਲੋਕ ਚਲੇ ਗਏ। ਇਕੱਲਾ ਹੀ ਰਹਿ ਗਿਆ, ਪਰ ਘਰ ਵਿਚ ਧਨ ਬਹੁਤ ਸੀ॥੩॥

ਪੂਰਬ ਜਨਮ ਭਾਗ ਬਡ ਜਾਗੇ। ਸਤਿਸੰਗਤਿ ਕਹੁ ਕਰਿਬੇ ਲਾਗੇ।
ਸੰਤ ਬਿਦੇਸ਼ੀ ਉਤਰਨਿ ਹੇਤੁ। ਦਰਬ ਲਗਾਯਹੁ ਰਚੇ ਨਿਕੇਤ॥ ੪॥

ਪਿਛਲੇ ਜਨਮ ਦੇ ਵੱਡ ਭਾਗ ਜਾਗੇ ਤਾਂ ਸਤਿਸੰਗਤ ਕਰਨ ਲੱਗ ਗਿਆ। ਵਿਦੇਸ਼ੀ ਸੰਤਾਂ ਦੇ ਨਿਵਾਸ ਵਾਸਤੇ ਧਨ ਲਾ ਕੇ ਕਈ ਘਰ ਬਣਾਏ॥੪॥

ਕਿਤਹੂੰ ਤੇ ਕੋ ਚਲਿ ਕਰਿ ਆਵੈ। ਚਾਂਪ ਪਾਵ ਨਿਸ ਬਿਖੈ ਟਿਕਾਵੈ।
ਖਾਨ ਪਾਨ ਕੀ ਸੁਧਿ ਲੈ ਆਛੇ। ਦੇਤਿ ਪ੍ਰਯੰਕ ਸੁਪਤਿ ਚਿਤ ਬਾਛੇ॥ ੫॥

ਜਿਥੋਂ ਵੀ ਕੋਈ ਸੰਤ ਚਲ ਕੇ ਆਵੇ, ਬੜੀ ਚਾਹਤ ਨਾਲ ਉਨ੍ਹਾਂ ਨੂੰ ਰਾਤ ਨੂੰ ਆਪਣੇ ਘਰਾਂ ਵਿਚ ਟਿਕਾਉਂਦਾ ਸੀ। ਖਾਣ-ਪੀਣ ਬਾਰੇ ਚੰਗੀ ਤਰ੍ਹਾਂ ਧਿਆਨ ਰੱਖਦਾ ਸੀ, ਉਨ੍ਹਾਂ ਨੂੰ ਪਲੰਘ ਦਿੰਦਾ ਸੀ ਤੇ ਉਹ ਮਨ ਦੀਆਂ ਇੱਛਾਵਾਂ ਅਨੁਸਾਰ ਸੌਂਦੇ ਸਨ॥੫॥

ਸਰਬ ਭਾਂਤਿ ਕੀ ਸੇਵਾ ਕਰੈ। ਚਾਂਪਹਿ ਚਰਨ ਪ੍ਰੇਮ ਕੋ ਧਰੈ।
ਸ੍ਵੇਦ ਭਏ ਪੰਖਾ ਕਰਿ ਬਾਯੂ। ਸੀਤ ਲਗੇ ਪਾਵਕ ਦਿਪਤਾਯੂ॥ ੬॥

ਸਭ ਪ੍ਰਕਾਰ ਦੀ ਸੇਵਾ ਕਰਦਾ ਸੀ ਤੇ ਬੜਾ ਪ੍ਰੇਮ ਧਾਰਨ ਕਰਕੇ ਚਰਨਾਂ ਦੀ ਮੁੱਠੀ ਚਾਪੀ ਕਰਦਾ ਸੀ। ਗਰਮੀ ਲੱਗਣ ਨਾਲ ਪੱਖਾ ਝਲਦਾ ਸੀ ਤੇ ਠੰਡ ਲੱਗਣ ਨਾਲ ਅੱਗ ਬਾਲ ਕੇ ਗਰਮ ਕਰਦਾ ਸੀ॥੬॥

ਇੱਤਜਾਦਿਕ ਕੇ ਆਨੰਦ ਦੇਤਿ। ਟਹਿਲ ਕਰਨਿ ਪਰ ਰਹੈ ਸੁਚੇਤ।
ਪ੍ਰਾਤਿ ਹੋਤਿ ਜਬਿ ਸੰਤ ਪਧਾਰੈ। ਹੇਤ ਬਿਸਰਜਨ ਸੰਗ ਸਿਧਾਰੈ॥ ੭॥

ਇੱਤਆਦਿ ਬਹੁਤ ਆਨੰਦ ਦਿੰਦਾ ਸੀ। ਟਹਿਲ ਸੇਵਾ ਕਰਨ ਵਿਚ ਸਦਾ ਸੁਚੇਤ ਰਹਿੰਦਾ ਸੀ। ਸਵੇਰ ਹੋਣ 'ਤੇ ਜਦ ਸੰਤ ਜਾਣ ਲੱਗਦੇ ਸਨ, ਤਾਂ ਉਨ੍ਹਾਂ ਨੂੰ ਵਿਦਾ ਕਰਨ ਵਾਸਤੇ ਨਾਲ ਜਾਂਦਾ ਸੀ॥੭॥

ਕਿਤਿਕ ਦੂਰ ਲਗਿ ਤਿਸ ਪਹੁੰਚਾਇ। ਹਟਨਿ ਲਗਹਿ ਨਿਜ ਸੀਸ ਨਿਵਾਇ।
ਹਾਥ ਜੋਰਿ ਕਰਿ ਬਿਨੈ ਬਖਾਨੈ। 'ਜੇ ਤੁਮ ਮਗ ਖੁਦਾਇ ਕੋ ਜਾਨੈ?॥ ੮॥

ਕਾਫੀ ਦੂਰ ਤਕ ਉਨ੍ਹਾਂ ਨੂੰ ਪਹੁੰਚਾਉਂਦਾ ਸੀ ਤੇ ਵਾਪਸ ਮੁੜਨ ਲੱਗਾ ਆਪਣਾ ਸਿਰ ਨਿਵਾ ਕੇ ਬੰਦਨਾ ਕਰਦਾ ਸੀ। ਹੱਥ ਜੋੜ ਕੇ ਫਿਰ ਬੇਨਤੀ ਕਰਦਾ ਸੀ, "ਜੇ ਤੁਸੀਂ ਖੁਦਾ ਦਾ ਮਾਰਗ ਜਾਣਦੇ ਹੋ?॥੮॥

ਕ੍ਰਿਪਾ ਕਰਹੁ ਮੁਝ ਦੇਹੁ ਬਤਾਇ। ਦਾਸ ਜਾਨਿ ਲਿਹੁ ਮੋਹਿ ਮਿਲਾਇ।
ਦੀਨ ਦੇਖਿ ਕਰਿ ਦਯਾ ਕਰੀਜੈ। ਦੀਨਦਯਾਲ ਕੀ ਸੁਧਿ ਮੁਝ ਦੀਜੈ'॥ ੯॥

ਕਿਰਪਾ ਕਰਕੇ ਮੈਨੂੰ ਵੀ ਦੱਸ ਦੇਵੋ, ਸੇਵਕ ਜਾਣ ਕੇ ਮੈਨੂੰ ਵੀ ਮਿਲਾ ਦੇਵੋ। ਗ਼ਰੀਬ ਵੇਖ ਕੇ ਦਇਆ ਕਰੋ, ਦੀਨ ਦਇਆਲ ਪ੍ਰਭੂ ਦੀ ਮੈਨੂੰ ਖ਼ਬਰ ਦੇਵੋ"॥੯॥

ਸੁਨਿ ਕਰਿ ਸੰਤ ਸਾਧੁ ਉਪਦੇਸ਼ੈਂ। 'ਨਾਮ ਅਲਾਹ ਸੁ ਪਾਕ ਵਿਸ਼ੇਸ਼ੈ।
ਸਿਮਰਨ ਕਰਿ ਸਤਿਸੰਗ ਮਿਲੀਜੈ। ਸੇਵਹੁ ਨਿਰਹੰਕਾਰ ਬਨੀਜੈ' ॥ ੧੦॥

ਸੁਣ ਕੇ ਸੰਤ ਸਾਧ ਉਪਦੇਸ਼ ਦਿੰਦੇ ਸਨ, ''ਅਲਾਹ ਦਾ ਨਾਮ ਵਿਸ਼ੇਸ਼ ਤੌਰ 'ਤੇ ਪਵਿੱਤਰ ਹੈ। ਸਿਮਰਨ ਕਰਕੇ ਸਤਿਸੰਗ ਵਿਚ ਮਿਲੋ ਤੇ ਸੇਵਾ ਕਰਕੇ ਹੰਕਾਰ ਰਹਿਤ ਬਣ ਜਾਵੋ॥੧੦॥

ਪ੍ਰਭੁ ਕੇ ਪ੍ਰੇਮੀ ਮਿਲਤਿਨ ਭਯੋ। ਇਮਹੀ ਕਰਤਿ ਬਹੁਤ ਦਿਨ ਗਯੋ।
ਨਗਨ ਸਾਧ ਕੇ ਬਸਨ ਬਨਾਵੈ। ਪਨਹੀ ਆਦਿ ਦੇਖਿ ਪਹਿਨਾਵੈ॥ ੧੧॥

ਪ੍ਰਭੂ ਦੇ ਪ੍ਰੇਮੀਆਂ ਨੂੰ ਮਿਲਦਾ ਸੀ। ਇਸ ਤਰ੍ਹਾਂ ਕਰਦਿਆਂ ਹੀ ਬਹੁਤ ਦਿਨ ਗੁਜ਼ਾਰੇ। ਨੰਗੇ ਸਾਧੂਆਂ ਲਈ ਕੱਪੜੇ ਬਣਾਉਂਦਾ ਸੀ, ਜੁੱਤੀ ਆਦਿ ਵੇਖ ਕੇ ਪਵਾਉਂਦਾ ਸੀ॥੧੧॥

ਸਭਿ ਕੋ ਬੂਝੈ ਪੰਥ ਖ਼ੁਦਾਇ। ਸੇਵਾ ਕਰਤਿ ਰਾਤ ਦਿਨ ਜਾਇ।
ਤਹੀਂ ਸੰਤ ਨਿਤ ਹੀ ਚਲਿ ਆਵੈਂ। ਕਰਿ ਖ਼ਿਜ਼ਮਤ ਸਭਿਹੂੰਨਿ ਰਿਝਾਵੈ॥ ੧੨॥

ਪਰ ਸਾਰਿਆਂ ਪਾਸੋਂ ਖ਼ੁਦਾ ਦਾ ਰਾਹ ਪੁੱਛਦਾ ਸੀ ਤੇ ਸੇਵਾ ਕਰਦਿਆਂ ਰਾਤ ਦਿਨ ਬਤੀਤ ਕਰਦਾ ਸੀ। ਉਥੇ ਨਿਤ ਸੰਤ ਚਲ ਕੇ ਆਉਂਦੇ ਸਨ ਤੇ ਸੇਵਾ ਕਰਕੇ ਸਭ ਨੂੰ ਪ੍ਰਸੰਨ ਕਰਦਾ ਸੀ॥੧੨॥

ਬਿਦਾ ਕਰਤਿ ਜਬਿ ਜਾਇ ਅਗੇਰੇ। ਬੂਝੈ ਮਗ ਖ਼ੁਦਾਇ ਤਿਸ ਬੇਰੇ।
ਸ਼ਾਹੁਹੁਸੈਨ ਕਿਧੌਂ ਕੋ ਔਰ। ਪੂਰਨ ਸੰਤ ਆਇ ਤਿਸ ਠੌਰ॥ ੧੩॥

ਵਿਦਾ ਕਰਨ ਵਾਸਤੇ ਜਦ ਅੱਗੇ ਜਾਂਦਾ ਸੀ ਤਾਂ ਉਸ ਸਮੇਂ ਪ੍ਰਭੂ ਦੇ ਪਾਉਣ ਦਾ ਮਾਰਗ ਪੁੱਛਦਾ ਸੀ। ਸ਼ਾਹ ਹੁਸੈਨ ਜਾਂ ਕੋਈ ਹੋਰ ਪੂਰਨ ਸੰਤ ਉਸ ਦੇ ਪਾਸ ਆਉਂਦੇ ਸਨ॥੧੩॥

ਤਿਮ ਹੀ ਸੇਵਾ ਤਿਸ ਕੀ ਕਰੀ। ਖਾਨ ਪਾਨ ਪਦ ਚਾਂਪੀ ਭਰੀ।
ਕਰਯੋ ਪ੍ਰਸੰਨ ਅਧਿਕ ਹੀ ਤਾਂਹਿ। ਤਯਾਰ ਭਯੋ ਉਠਿ ਪ੍ਰਾਤੀ ਮਾਂਹਿ॥ ੧੪॥

ਉਸ ਤਰ੍ਹਾਂ ਹੀ ਉਸਦੀ ਸੇਵਾ ਕੀਤੀ, ਖਵਾ ਪਿਆ ਕੇ ਚਰਨਾਂ ਦੀ ਮੁੱਠੀ ਚਾਪੀ ਕੀਤੀ। ਉਸ ਨੂੰ ਬਹੁਤ ਵੱਡਾ ਪ੍ਰਸ਼ਨ ਕੀਤਾ। ਉਹ ਸਵੇਰੇ ਉੱਠ ਕੇ ਤਿਆਰ ਹੋ ਗਿਆ॥੧੪॥

ਗਯੋ ਬਿਸਰਜਨ ਕਰਨਿ ਅਗਾਰੀ। ਜਾਇ ਦੂਰ ਅਭਿਲਾਖ ਉਚਾਰੀ।
'ਕਹਹੁ ਸੰਤ ਜੀ! ਪੰਥ ਖ਼ੁਦਾਇ। ਜੇ ਤੁਮ ਜਾਨਯੋ, ਦੇਹੁ ਬਤਾਇ॥ ੧੫॥

ਉਸ ਨੂੰ ਵਿਦਾ ਕਰਨ ਵਾਸਤੇ ਉਸਦੇ ਨਾਲ ਅੱਗੇ ਗਿਆ, ਦੂਰ ਜਾ ਕੇ ਆਪਣੀ ਅਭਿਲਾਸ਼ਾ ਉਚਾਰਨ ਕੀਤੀ। ''ਹੇ ਸੰਤ ਜੀ! ਖ਼ੁਦਾ ਪਾਉਣ ਦੇ ਮਾਰਗ ਬਾਰੇ ਕਹੋ, ਜੋ ਕੁਝ ਤੁਸੀਂ ਹੁਣ ਤਕ ਜਾਣਿਆ ਹੈ, ਦੱਸੋ॥੧੫॥

ਕਰਹੁ ਦੀਨ ਪਰ ਦਯਾ ਉਦਾਰਾ। ਹੁਇ ਦਰਵੇਸ਼ ਦਯਾਲ ਦਤਾਰਾ'।
ਜਾਨਿ ਘਾਲ ਤਬਿ ਸਰਮਦ ਕੇਰੀ। ਸੰਤਨਿ ਸੇਵਾ ਕੀਨਿ ਘਨੇਰੀ॥ ੧੬॥

ਮੇਰੇ ਗ਼ਰੀਬ ਉਤੇ ਵੱਡੀ ਕਿਰਪਾ ਕਰੋ। ਦਿਆਲੂ ਦਾਤਾਰ ਪ੍ਰਭੂ ਦੇ ਤੁਸੀਂ ਦਰਵੇਸ਼ ਹੋ।'' ਉਸ ਨੇ ਸਰਮਦ ਦੀ ਘਾਲ ਕਮਾਈ ਜਾਣੀ ਕਿ ਇਸ ਨੇ ਸੰਤਾਂ ਦੀ ਬਹੁਤ ਸੇਵਾ ਕੀਤੀ ਹੈ॥੧੬॥

ਹਿਤ ਪਰਖਨਿ ਕੇ ਸੰਤ ਅਲਾਇ। 'ਪੰਚ ਰਜਤਪਣ ਖਰਚਹੁ ਜਾਇ।
ਮਮ ਹਿਤ ਸੁੰਦਰ ਪਨਹੀ ਲਯਾਵਹੁ। ਅਬਿ ਹੀ ਗਮਨਹੁ ਗਹੁਰ ਨ ਲਾਵਹੁ' ॥੧੭॥

ਪਰਖਣ ਵਾਸਤੇ ਸੰਤ ਨੇ ਕਿਹਾ, "ਪੰਜ ਰੁਪਏ ਜਾ ਕੇ ਖ਼ਰਚੋ ਤੇ ਮੇਰੇ ਵਾਸਤੇ ਇਕ ਸੁੰਦਰ ਜੁਤੀ ਲਿਆਵੋ, ਹੁਣੇ ਹੀ ਜਾਵੋ ਤੇ ਦੇਰੀ ਨਾ ਲਾਵੋ" ॥੧੭॥

ਸੁਨਿ ਸਰਮਦ ਕਰ ਜੋਰਿ ਬਖਾਨਯੋ। 'ਠਹਿਰਹੁ ਲਖਹੁ ਸ਼ੀਘ੍ਰ ਹੀ ਆਨਯੋ'।
ਇਮ ਕਹਿ ਤੁਰਤ ਬਜ਼ਾਰ ਸਿਧਾਯਹੁ। ਜਸ ਚਾਹਯੋ ਤਸ ਤਤਛਿਨ ਲਯਾਯਹੁ॥੧੮॥

ਇਹ ਸੁਣ ਕੇ ਸਰਮਦ ਹੱਥ ਜੋੜ ਕੇ ਬੋਲਿਆ, "ਠਹਿਰੋ, ਮੈਂ ਛੇਤੀ ਹੀ ਲਿਆਇਆ ਜਾਣੋ।" ਇਸ ਤਰ੍ਹਾਂ ਕਹਿ ਕੇ ਤੁਰਤ ਬਾਜ਼ਾਰ ਗਿਆ ਜਿਵੇਂ ਸੰਤ ਨੇ ਚਾਹਿਆ ਸੀ, ਵੈਸੀ ਜੁੱਤੀ ਲੈ ਆਇਆ॥੧੮॥

ਨਿਜ ਕਰ ਤੇ ਪਹਿਰਾਵਨਿ ਕੀਨਿ। ਤਬਿ ਦਰਵੇਸ਼ ਕਹਯੋ ਸੁਭ ਚੀਨ।
'ਜੋ ਖ਼ੁਦਾਇ ਕੀ ਖਾਹਿਸ਼ ਤੋਹਿ। ਇਹਾਂ ਥਿਰਹੁ ਆਵਨ ਲਗਿ ਮੋਹਿ' ॥੧੯॥

ਆਪਣੇ ਹੱਥਾਂ ਨਾਲ ਜੁੱਤੀ ਪਵਾਈ, ਤਦ ਦਰਵੇਸ ਨੇ ਸੁਭ ਸਮਝ ਕੇ ਕਿਹਾ, "ਜੇ ਤੈਨੂੰ ਖ਼ੁਦਾ ਮਿਲਣ ਦੀ ਚਾਹਤ ਹੈ, ਮੇਰੇ ਆਉਣ ਤਕ ਏਥੇ ਖੜੇ ਰਹੋ" ॥੧੯॥

ਇਮ ਕਹਿ ਚਲਯੋ ਗਯੋ ਕਿਤ ਸੰਤ। ਸਰਮਦ ਠਾਂਢੋ ਰਹਯੋ ਇਕੰਤ।
ਕਰਤਿ ਪ੍ਰਤੀਖਨਿ ਕੋ ਥਿਰ ਭਯੋ। ਲਯੋ ਕਸ਼ਟ ਪਰ ਕਿਤਹੁੰ ਨ ਗਯੋ॥੨੦॥

ਇਸ ਤਰ੍ਹਾਂ ਕਹਿ ਕੇ ਸੰਤ ਕਿਤੇ ਚਲਾ ਗਿਆ, ਸਰਮਦ ਉਥੇ ਇਕੱਲਾ ਹੀ ਖੜਾ ਰਿਹਾ। ਇੰਤਜ਼ਾਰ ਕਰਨ ਵਾਸਤੇ ਖੜਾ ਰਿਹਾ, ਬਹੁਤ ਕਸ਼ਟ ਪਾਇਆ ਪਰ ਕਿਤੇ ਵੀ ਨਾ ਗਿਆ॥੨੦॥

ਇਕ ਦੁਇ ਦਿਵਸ ਬਿਤੇ ਤਬਿ ਆਯੋ। ਦੇਖਯੋ ਸ਼ਰਧਾ ਸਹਿਤ ਥਿਰਾਯੋ।
ਅਪਰ ਕਸੌਟੀ ਕੋ ਇਕ ਦੀਨ। ਸਕਲ ਰੀਤਿ ਤੇ ਪਰਖਨਿ ਕੀਨਿ॥੨੧॥

ਇਕ ਦੋ ਦਿਨ ਜਦ ਖੜਾ ਰਿਹਾ ਤਾਂ ਸੰਤ ਆਇਆ, ਵੇਖਿਆ ਕਿ ਸ਼ਰਧਾ ਸਹਿਤ ਖੜਾ ਹੈ। ਇਕ ਹੋਰ ਕਸੌਟੀ ਲਾਈ, ਸਭ ਰੀਤੀਆਂ ਨਾਲ ਪਰਖਿਆ॥੨੧॥

ਪੁਨ ਕ੍ਰਿਪਾਲੁ ਹ੍ਵੈ ਗਰੇ ਲਗਾਯੋ। ਮਗ ਖ਼ੁਦਾਇ ਕੋ ਤੁਰਤ ਬਤਾਯੋ।
ਪ੍ਰਭੁ ਕੋ ਪ੍ਰੇਮ ਭਯੋ ਮਨ ਪੀਨ। ਤਿਸ ਹੀ ਰਸ ਮੈਂ ਹ੍ਵੈ ਗਯੋ ਲੀਨ॥੨੨॥

ਫਿਰ ਕ੍ਰਿਪਾਲੂ ਹੋ ਕੇ ਗਲ ਨਾਲ ਲਾਇਆ ਤੇ ਖ਼ੁਦਾ ਦਾ ਮਾਰਗ ਤੁਰਤ ਦੱਸ ਦਿੱਤਾ। ਮਨ ਵਿਚ ਪ੍ਰਭੂ ਵਾਸਤੇ ਬਹੁਤ ਪ੍ਰੇਮ ਉਤਪੰਨ ਹੋਇਆ ਤੇ ਉਸੇ ਰਸ ਵਿਚ ਲੀਨ ਹੋ ਗਿਆ॥੨੨॥

ਨਿਸਦਿਨ ਰਹੈ ਅਲਹਿ ਸੋਂ ਮਾਤਾ। ਚਢਯੋ ਨਵੀਨ ਰੰਗ ਮਨ ਰਾਤਾ।
ਜਿਤਿਕ ਹੁਤੋ ਧਨ ਸਰਬ ਲਗਾਯੋ। ਦਰਵੇਸ਼ਨਿ ਕੋ ਖਾਨਾ ਖ੍ਵਾਯੋ॥੨੩॥

ਰਾਤ ਦਿਨ ਅਲਾਹ ਦੇ ਰੰਗ ਵਿਚ ਮਸਤ ਰਹਿੰਦਾ ਸੀ, ਇਕ ਨਵਾਂ ਹੀ ਰੰਗ ਚੜ੍ਹ ਗਿਆ ਜਿਸ ਵਿਚ ਮਨ ਰੰਗਿਆ ਗਿਆ। ਜਿੰਨਾ ਵੀ ਧਨ ਸੀ ਸਭ ਲਾ ਦਿੱਤਾ, ਦਰਵੇਸ਼ਾਂ ਨੂੰ ਭੋਜਨ ਖਵਾਇਆ॥੨੩॥

ਬੇਚਯੋ ਘਰ ਜੇਤਿਕ ਧਨ ਲੀਨਿ। ਹਿਤ ਸੰਤਨਿ ਸਭਿ ਖਰਚਨਿ ਕੀਨਿ।
ਅਪਰ ਜਿ ਵਸਤੂ ਹੁਤੀ ਅਸ਼ੇਸ਼। ਅਰਪਨ ਕਰੀ ਹੇਰਿ ਦਰਵੇਸ਼॥੨੪॥

ਘਰ ਵੇਚ ਕੇ ਜਿੰਨਾ ਵੀ ਧਨ ਲਿਆ, ਉਹ ਸਾਰਾ ਸੰਤਾਂ ਵਾਸਤੇ ਖ਼ਰਚ ਕਰ ਦਿੱਤਾ। ਹੋਰ ਜਿਹੜੀ ਕੋਈ ਵਸਤੂ ਬਚੀ ਸੀ, ਉਹ ਦਰਵੇਸ਼ਾਂ ਨੂੰ ਵੇਖ ਕੇ ਅਰਪਣ ਕਰ ਦਿੱਤੀ॥੨੪॥

ਭਯੋ ਮਸਤ ਸੁਧਿ ਤਨ ਕੀ ਥੋਰੀ। ਨਿਸ ਦਿਨ ਰਹੈ ਪ੍ਰੇਮ ਮਤਿ ਬੋਰੀ।
ਦਿੱਲੀ ਕੇ ਬਜ਼ਾਰ ਮਹਿਂ ਪਰੈ। ਭਯੋ ਸੁਛੰਦ ਤਿਸੀ ਪੁਰਿ ਫਿਰੈ॥ ੨੫॥

ਮਸਤ ਹੋ ਗਿਆ ਤੇ ਸਰੀਰ ਦੀ ਸੋਝੀ ਬਹੁਤ ਥੋੜ੍ਹੀ ਰਹਿ ਗਈ, ਰਾਤ ਦਿਨ ਮੱਤ ਪ੍ਰੇਮ ਵਿਚ ਬਾਵਰੀ ਹੋਈ ਰਹਿੰਦੀ ਸੀ। ਸੁਤੰਤਰ ਹੋ ਕੇ ਓਸੇ ਦਿੱਲੀ ਨਗਰ ਵਿਚ ਹੀ ਪਿਆ ਫਿਰਦਾ ਸੀ॥੨੫॥

ਦਿਨ ਦਿਨ ਪ੍ਰਤਿ ਬ੍ਰਿਤਿ ਚਢਹਿ ਸਵਾਈ। ਨਿਧਿ ਸਿਧਿ ਆਨਿ ਥਿਰੀ ਅਗੁਵਾਈ।
ਤਿਨ ਕੋ ਆਦਰ ਨਹੀਂ ਕਰੰਤਾ। ਪਰਮੇਸੁਰ ਕੋ ਪ੍ਰੇਮ ਧਰੰਤਾ॥ ੨੬॥

ਪ੍ਰਤੀ ਦਿਨ ਬ੍ਰਿਤੀ ਸਵਾਈ ਚੜ੍ਹੀ ਜਾਂਦੀ ਸੀ, ਨਿਧੀਆਂ ਸਿਧੀਆਂ ਅੱਗੇ ਆ ਖੜੀਆਂ ਹੋਈਆਂ। ਉਨ੍ਹਾਂ ਦਾ ਆਦਰ ਨਹੀਂ ਸੀ ਕਰਦਾ, ਕੇਵਲ ਪ੍ਰਮੇਸ਼ਰ ਦਾ ਪ੍ਰੇਮ ਧਾਰਨ ਕਰਦਾ ਸੀ॥੨੬॥

ਹੁਇ ਬੇਤਮਾ ਜਗਤ ਕੀ ਦਿਸ਼ਿ ਤੇ। ਪ੍ਰਭੁ ਰਸ ਤੇ ਬਨ ਕਰਿ ਮਨ ਮਸਤੇ।
ਸ਼ਾਹਿ ਰੰਕ ਏਕੈ ਕਰਿ ਜਾਨਾ। ਰਿਦੇ ਅਨੰਦਤਿ ਮਨ ਮਸਤਾਨਾ॥ ੨੭॥

ਜਗਤ ਵਾਲੇ ਪਾਸਿਓਂ ਤ੍ਰਿਸ਼ਨਾ ਰਹਿਤ ਹੋ ਗਿਆ ਤੇ ਪ੍ਰਭੂ ਦੇ ਰਸ ਵਿਚ ਮਨ ਮਸਤ ਬਣ ਗਿਆ। ਬਾਦਸ਼ਾਹ ਅਤੇ ਗ਼ਰੀਬ ਨੂੰ ਇਕੋ ਜਿਹੇ ਹੀ ਸਮਝਦਾ ਸੀ। ਹਿਰਦਾ ਅਨੰਦ ਮਈ ਹੋ ਗਿਆ ਤੇ ਮਨ ਮਸਤਾਨਾ ਹੋ ਗਿਆ॥੨੭॥

ਇਕ ਦਿਨ ਠਾਢੇ ਬੀਚ ਬਜ਼ਾਰ। ਹੁਤੇ ਨਗਨ, ਕੋ ਬਸਤ੍ਰ ਨ ਧਾਰਿ।
ਨੌਰੰਗ ਨਿਕਸ੍ਯੋ ਚਢਿ ਕਰਿ ਹਾਥੀ। ਚਾਕਰ ਭਏ ਹਜ਼ਾਰਹੁੰ ਸਾਥੀ॥ ੨੮॥

ਇਕ ਦਿਨ ਬਾਜ਼ਾਰ ਦੇ ਵਿਚ ਨੰਗਾ ਹੀ ਖੜਾ ਸੀ, ਕੋਈ ਵੀ ਕੱਪੜਾ ਨਹੀਂ ਸੀ ਪਹਿਨਿਆ। ਨੌਰੰਗਾ ਹਾਥੀ ਉੱਤੇ ਚੜ੍ਹ ਕੇ ਨਿਕਲਿਆ। ਹਜ਼ਾਰਾਂ ਨੌਕਰ ਉਸ ਦੇ ਨਾਲ ਸਨ॥੨੮॥

ਲੋਕ ਹਟਾਵਨ ਹਾਰ ਨਿਹਾਰੇ। ਦੂਰ ਦੂਰ ਸਭਿ ਕਰਤਿ ਉਚਾਰੇ।
ਸਰਮਦ ਸੌਂ ਤਿਨ ਆਨਿ ਉਚਾਰੀ। 'ਨਗਨ ਥਿਰਹੁ ਨਹਿਂ,ਸ਼ਾਹੁ ਅਗਾਰੀ' ॥੨੯॥

ਹਟਾਉਣ ਵਾਲੇ ਲੋਕਾਂ ਨੇ ਵੇਖਿਆ, "ਦੂਰ ਹੋ ਜਾਵੋ ਦੂਰ ਹੋ ਜਾਵੋ" ਸਾਰੇ ਉਚਾਰਨ ਕਰ ਰਹੇ ਸਨ। ਸਰਮਦ ਨੂੰ ਉਨ੍ਹਾਂ ਆ ਕੇ ਕਿਹਾ, "ਏਥੇ ਨੰਗੇ ਹੋ ਕੇ ਨਾ ਖਲੋਵੋ, ਅੱਗੇ ਬਾਦਸ਼ਾਹ ਹੈ"॥੨੯॥

ਸੁਨਿ ਨੌਰੰਗ ਤਿਸ ਦਿਸ਼ਾ ਨਿਹਰਿਤੇ। ਬਸਤ੍ਰ ਦੀਨਿ ਦ੍ਵੈ ਗਜ ਨਿਜ ਕਰ ਤੇ।
ਕਹ੍ਯੋ ਸੁ 'ਨਗਨ ਛਾਦਿਬੋ ਕੀਜੈ। ਬਿਨ ਛਾਦੇ ਨਹਿਂ ਵਹਿਰ ਥਿਰੀਜੈ' ॥੩੦॥

ਇਹ ਸੁਣ ਕੇ ਨੌਰੰਗੇ ਨੇ ਉਸ ਪਾਸੇ ਵੇਖਿਆ ਤਾਂ ਦੋ ਗਜ਼ ਕਪੜਾ ਆਪਣੇ ਹੱਥਾਂ ਨਾਲ ਦਿੱਤਾ ਤੇ ਕਿਹਾ, "ਆਪਣਾ ਨਗਨ ਢੱਕ ਲਵੋ, ਨਗਨ ਢੱਕਣ ਤੋਂ ਬਗੈਰ ਬਾਹਰ ਨਾ ਖਲੋਵੋ"॥੩੦॥

ਇਮ ਕਹਿ ਗਮਨ੍ਯੋ ਸ਼ਾਹੁ ਅਗੇਰੇ। ਮਨ ਬਾਂਛਤਿ ਫਿਰ ਕਰਿ ਪੁਰਿ, ਫੇਰੇ।
ਕਿਤਿਕ ਸਮੇਂ ਮਹਿਂ ਮੁਰ ਕਰਿ ਆਯੋ। ਤਹਿਂ ਠਾਂਢੋ ਸਰਮਦ ਦਰਸਾਯੋ॥ ੩੧॥

ਇਸ ਤਰ੍ਹਾਂ ਕਹਿ ਕੇ ਬਾਦਸ਼ਾਹ ਅੱਗੇ ਚਲਾ ਗਿਆ, ਮਨ ਦੀ ਇੱਛਾ ਅਨੁਸਾਰ ਉਹ ਸਾਰੇ ਨਗਰ ਵਿਚ ਫਿਰਿਆ। ਕਾਫੀ ਸਮੇਂ ਬਾਅਦ ਉਹ ਮੁੜ ਕੇ ਆਇਆ, ਉਥੇ ਹੀ ਸਰਮਦ ਨੂੰ ਖੜੇ ਵੇਖਿਆ॥੩੧॥

ਬਾਂਧ੍ਯੋ ਸਿਰ ਪਰ ਦਿਯੋ ਸੁ ਚੀਰ। ਖਰੋ ਪ੍ਰਥਮ ਸਮ ਨਗਨ ਸ਼ਰੀਰ।
ਨੌਰੰਗ ਨੇਰੇ ਕੀਨਸਿ ਹਾਥੀ। ਕੁਛ ਰਿਸ ਕਰਿ ਬੂਝ੍ਯੋ ਤਿਹ ਸਾਥੀ॥ ੩੨॥

ਜਿਹੜਾ ਕੱਪੜਾ ਦਿੱਤਾ ਸੀ, ਉਹ ਸਿਰ 'ਤੇ ਬੰਨ੍ਹਿਆ ਹੋਇਆ ਸੀ, ਤੇ ਪਹਿਲਾਂ ਵਾਂਗ ਨੰਗੇ ਸਰੀਰ ਖੜਾ ਸੀ। ਨੌਰੰਗੇ ਨੇ ਆਪਣੇ ਹਾਥੀ ਨੂੰ ਉਸ ਦੇ ਨੇੜੇ ਕੀਤਾ ਤੇ ਕੁਝ ਗੁੱਸੇ ਵਿਚ ਆ ਕੇ ਆਪਣੇ ਸਾਥੀ ਨੂੰ ਪੁੱਛਿਆ ॥੩੨॥

'ਕਹਾਂ ਮਕਰ ਕੋ ਧਾਰਨਿ ਕੀਨਿ? ਲਾਜ ਜਹਾਨ ਤਜਾਗ ਕਰਿ ਦੀਨਿ।
ਬੁਰਜੋ ਬਸਤ੍ਰ ਤੇ ਲਖਿ ਹਮ ਦਯੋ। ਕਯੋਂ ਨਹਿਂ ਨਗਨ ਛਾਦ ਕਰਿ ਲਿਯੋ ॥੩੩॥

"ਕੀ ਪਖੰਡ ਇਸ ਧਾਰਨ ਕੀਤਾ ਹੈ? ਜਹਾਨ ਦੀ ਲਾਜ ਛੱਡ ਦਿੱਤੀ ਹੈ। ਬਸਤਰ ਹੀਣ ਵੇਖ ਕੇ ਅਸੀਂ ਇਸ ਨੂੰ ਕਪੜਾ ਦਿੱਤਾ ਸੀ, ਇਸ ਨੇ ਆਪਣਾ ਨਗਨ ਕਿਉਂ ਨਹੀਂ ਢੱਕਿਆ? ॥੩੩॥

ਡਰ ਕੋ ਪਰਿਹਰਿ ਕਰਿ ਉਰ ਭਾਯੋ। ਕਯੋਂ ਕੁਚਾਲ ਕਰਿਬੇ ਚਿਤ ਲਾਯੋ।
ਸੁਨਿ ਸਰਮਦ ਤਬਿ ਉੱਤਰ ਦੀਨਿ। 'ਤੈ ਕਹੁ ਪਿਖਯੋ ਬੁੱਧਿ ਤੇ ਹੀਨ ॥੩੪॥

ਡਰ ਨੂੰ ਦੂਰ ਕਰਕੇ ਹਿਰਦੇ ਵਿਚ ਭਾਇਆ ਹੈ, ਕਿਉਂ ਪੁੱਠੇ ਕੰਮ ਕਰਨ ਨੂੰ ਚਿੱਤ ਲਾਇਆ ਹੈ।" ਇਹ ਸੁਣ ਕੇ ਸਰਮਦ ਨੇ ਉੱਤਰ ਦਿੱਤਾ, "ਤੂੰ ਬੁਧਹੀਨ ਨੇ ਕੀ ਵੇਖਿਆ ਹੈ? ॥੩੪॥

ਇਸੀ ਅਕਲ ਤੇ ਕਰਿ ਪਤਿਸ਼ਾਹਿਤ। ਲੋਕਨਿ ਮੈਂ ਬਡ ਜਸੁ ਕੋ ਚਾਹਤਿ।
ਤੈਂ ਬਨਿ ਸ਼ਾਹਿ ਕਰੀ ਬਖ਼ਸ਼ੀਸ਼। ਸਾਥ ਅਦਾਬ ਧਰੀ ਹਮ ਸੀਸ ॥ ੩੫॥

ਏਸੇ ਅਕਲ ਨਾਲ ਬਾਦਸ਼ਾਹੀ ਕਰਕੇ, ਲੋਕਾਂ ਵਿਚ ਵੱਡਾ ਜਸ ਚਾਹੁੰਦੇ ਹੋ। ਤੂੰ ਬਾਦਸ਼ਾਹ ਬਣ ਕੇ ਪਹਿਲੀ ਬਖ਼ਸ਼ੀਸ਼ ਦਿੱਤੀ ਸੀ, ਮੈਂ ਬੜੇ ਅਦਬ ਨਾਲ ਉਸ ਨੂੰ ਸਿਰ 'ਤੇ ਧਰ ਲਿਆ ॥੩੫॥

ਰਿਦੇ ਨ ਜਾਨੀ ਇਹ ਬਡਿਆਈ। ਉਲਟੀ ਹਮ ਸੋਂ ਸ਼ਿਦਤ ਉਠਾਈ।
ਜੇ ਲੇ ਕਰਿ ਬਖ਼ਸ਼ੀਸ਼ ਤਿਹਾਰੀ। ਧਰਤਿ ਲਿੰਗ ਪਰ ਕਰਤਿ ਖੁਆਰੀ ॥ ੩੬॥

ਆਪਣੇ ਹਿਰਦੇ ਵਿਚ ਇਹ ਵਡਿਆਈ ਨਹੀਂ ਜਾਣੀ ਹੈ, ਉਲਟੀ ਸਾਡੇ ਨਾਲ ਸਖਤੀ ਕੀਤੀ ਹੈ। ਜੇ ਤੁਹਾਡੀ ਬਖ਼ਸ਼ੀਸ਼ ਲੈ ਕੇ ਆਪਣੇ ਲਿੰਗ ਤੇ ਧਾਰਨ ਕਰ ਲੈਂਦਾ ਤਾਂ ਉਸ ਬਖ਼ਸ਼ੀਸ਼ ਨੂੰ ਖ਼ੁਆਰ ਕਰਦਾ ॥੩੬॥

ਤੋ ਪ੍ਰਸੰਨ ਹੋਵਤਿ ਲਖਿ ਆਛੀ। ਇਮ ਬਿੱਪ੍ਰੀਤ ਬੁੱਧਿ ਤੇ ਬਾਛੀ।
ਇਸੀ ਅਕਲ ਪਰ ਸਲਤਨ ਕਰਤਾ? ਤੁਰਕ ਹਿੰਦ ਕੋ ਨਯਾਉਂ ਨਿਬਰਿਤਾ?' ॥੩੭॥

ਚੰਗੀ ਗੱਲ ਸਮਝ ਕੇ ਤੁਹਾਨੂੰ ਖ਼ੁਸ਼ ਹੋਣਾ ਚਾਹੀਦਾ ਸੀ, ਇਸ ਤਰ੍ਹਾਂ ਉਲਟੀ ਬੁੱਧੀ ਚਾਹੀ ਹੈ। ਇਸੇ ਅਕਲ ਨਾਲ ਪਾਤਿਸ਼ਾਹੀ ਕਰਦਾ ਹੈਂ? ਤੁਰਕਾਂ ਹਿੰਦੂਆਂ ਦੇ ਨਿਆਂ ਦਾ ਨਿਬੇੜਾ ਕਰਦਾ ਹੈਂ?" ॥੩੭॥

ਸੁਨਿ ਨੁਰੰਗ ਜਰਿਬਰਿ ਉਰ ਗਯੋ। ਉੱਤਰ ਨਹੀਂ ਆਵਤੋ ਭਯੋ।
ਲੱਜਿਤਿ ਹੋਇ ਕਸ਼ਟ ਕੋ ਪਾਵਾ। ਰਿਸਤਿ ਆਪਨੇ ਸਦਨ ਸਿਧਾਵਾ ॥ ੩੮॥

ਇਹ ਸੁਣ ਕੇ ਨੌਰੰਗਾ ਹਿਰਦੇ ਵਿਚ ਸੜ ਬਲ ਗਿਆ, ਕੋਈ ਉੱਤਰ ਨਹੀਂ ਸੀ ਆਉਂਦਾ। ਲੱਜਿਤ ਹੋ ਕੇ ਬਹੁਤ ਦੁੱਖ ਪਾਇਆ, ਬੜੇ ਗੁੱਸੇ ਵਿਚ ਆ ਕੇ ਆਪਣੇ ਘਰ ਨੂੰ ਚਲਾ ਗਿਆ ॥੩੮॥

ਰਿਦੇ ਈਰਖਾ ਅਧਿਕ ਉਠਾਈ। ਮਹਿਮਾਂ ਦਰਵੇਸ਼ ਨ ਲਖਿ ਪਾਈ।
ਸਮਝੋਂ ਫੇਰ, ਕੁਤਰਕ ਉਠਾਈ। ਕਿਸੀ ਖੁਨਾਮਹਿਂ ਜਬਿ ਇਹੁ ਆਈ ॥ ੩੯॥

ਹਿਰਦੇ ਵਿਚ ਈਰਖਾ ਹੋਰ ਵਧਾਈ ਤੇ ਦਰਵੇਸ਼ ਦੀ ਮਹਿਮਾ ਨਾ ਜਾਣ ਸਕਿਆ। ਉਲਟਾ ਉਸ ਨਾਲ ਹੁੱਜਤ ਕੀਤੀ, "ਇਸ ਨਾਲ ਫਿਰ ਸਮਝਾਂਗਾ, ਜਦ ਕੋਈ ਬਦਨਾਮੀ ਇਸ ਸਿਰ ਆਵੇਗੀ" ॥੩੯॥

ਸਰਮਦ ਖਰੋ ਰਹਜੋ ਤਿਸ ਥਾਨ। ਰਹਜੋ ਨਗਨ ਹੀ ਪ੍ਰਥਮ ਸਮਾਨ।
ਇਕ ਰਸ ਬ੍ਰਿਤੀ ਅਨੰਦ ਮੈਂ ਝੂਲਤਿ। ਲਿਵ ਲਾਗੀ ਸੋ ਕਬਹੁੰ ਨ ਭੂਲਤਿ ॥੪੦॥

ਸਰਮਦ ਉਸ ਥਾਂ ਖੜਾ ਰਿਹਾ ਤੇ ਪਹਿਲਾਂ ਵਾਂਗ ਨੰਗਾ ਹੀ ਰਿਹਾ। ਉਸਦੀ ਇਕ ਰਸ ਬ੍ਰਿਤੀ ਸੀ ਤੇ ਆਨੰਦ ਵਿਚ ਝੂਮਦਾ ਸੀ, ਜਿਹੜੀ ਪ੍ਰਭੂ ਨਾਲ ਲਿਵ ਲੱਗੀ ਸੀ, ਉਸ ਨੂੰ ਕਦੇ ਨਹੀਂ ਸੀ ਭੁਲਦਾ॥੪੦॥

*ਨੌਵੀਂ ਰਾਸ ਦਾ ਇੱਕੀਵਾਂ ਅਧਿਆਇ ਸਮਾਪਤ ਹੋਇਆ॥੨੧॥*

## ਅਧਿਆਇ ਬਾਈਵਾਂ

*ਸਰਮਦ ਦਾ ਸ਼ਰ੍ਹਾ ਨੂੰ ਨਾ ਮੰਨਣਾ*

ਦੋਹਰਾ- ਇਮ ਸਰਮਦ ਮਨ ਮਸਤ ਹ੍ਵੈ ਬਿਚਰਹਿ ਬਜ਼ਾਰ ਮਝਾਰ।
ਇਕ ਖ਼ੁਦਾਇ ਸੰਗ ਲਿਵ ਲਾਗੀ ਦੂਸਰ ਸੌਂ ਨ ਚਿਨਾਰ॥ ੧॥

ਇਸ ਤਰ੍ਹਾਂ ਸਰਮਦ ਮਨ ਵਿਚ ਮਸਤ ਹੋ ਕੇ ਬਾਜ਼ਾਰ ਵਿਚ ਆ ਖੜਾ ਹੁੰਦਾ ਸੀ। ਇਕ ਖ਼ੁਦਾ ਨਾਲ ਲਿਵ ਲੱਗੀ ਸੀ, ਦੂਸਰੇ ਕਿਸੇ ਹੋਰ ਨੂੰ ਉਹ ਪਹਿਚਾਣਦਾ ਨਹੀਂ ਸੀ॥੧॥

ਚੌਪਈ- ਕਬਿ ਕਬਿ ਬਿਜੀਆ ਪਾਨ ਕਰੰਤਾ। ਇਕ ਚਿਤ ਬ੍ਰਿਤੀ ਕਰਤਿ ਮਤਿਵੰਤਾ।
ਆਨਿ ਦੇਹਿ ਜੋ ਭੋਜਨ ਕੋਈ। ਤ੍ਰਿਪਤ ਰਹੈ ਖੈ ਹੈ ਮੁਖ ਸੋਈ॥ ੨॥

ਕਦੀ ਕਦੀ ਭੰਗ ਦਾ ਸੇਵਨ ਕਰਦਾ ਸੀ ਤੇ ਇਕ ਚਿਤ ਬ੍ਰਿਤੀ ਕਰਕੇ ਮਸਤ ਹੋ ਜਾਂਦਾ ਸੀ। ਜੇ ਕੋਈ ਆ ਕੇ ਭੋਜਨ ਦੇ ਦਿੰਦਾ ਸੀ ਤਾਂ ਉਹੀ ਕੁਝ ਖਾ ਕੇ ਤ੍ਰਿਪਤ ਰਹਿੰਦਾ ਸੀ॥੨॥

ਬੇਖ਼ਾਹਸ਼ ਬਨ ਸਮਾਂ ਬਿਤਾਵੈ। ਬੈਠ ਇਕਾਕੀ ਅਨੰਦ ਉਪਾਵੈ।
ਇਕ ਦਿਨ ਕਰਤਿ ਭੰਗ ਕੋ ਪਾਨਾ। ਢਿਗ ਮਹਿਜਿਦ ਕੇ ਪਿਖਤਿ ਮੁਲਾਨਾ॥੩॥

ਖ਼ਾਹਸ਼ ਰਹਿਤ ਬਣ ਕੇ ਸਮਾਂ ਬਤੀਤ ਕਰਦਾ ਸੀ ਤੇ ਇਕੱਲਾ ਬੈਠ ਕੇ ਆਨੰਦ ਪਾਉਂਦਾ ਸੀ। ਇਕ ਦਿਨ ਭੰਗ ਪੀ ਰਿਹਾ ਸੀ, ਮਸੀਤ ਦੇ ਨੇੜੇ ਇਕ ਮੁਲਾਣੇ ਨੇ ਉਸਨੂੰ ਵੇਖ ਲਿਆ॥੩॥

'ਸ਼ਰ੍ਹਾ ਵਹਿਰ ਇਹ ਬਿਜੀਆ ਪਾਨਿ। ਤੂੰ ਕਜੌਂ ਕਰਤਿ, ਨ ਡਰ ਕੋ ਮਾਨਿ'।
ਸਰਮਦ ਕਹਜੋ 'ਤੋਰ ਹਮ ਡਾਰੀ। ਇਹ ਫਾਸੀ ਹੈ ਗ੍ਰੀਵ ਤੁਮਾਰੀ' ॥੪॥

ਮੁਲਾਣੇ ਨੇ ਕਿਹਾ, "ਭੰਗ ਪੀਣਾ ਸ਼ਰ੍ਹਾ ਤੋਂ ਬਾਹਰ ਹੈ, ਤੂੰ ਭੰਗ ਕਿਉਂ ਪੀਂਦਾ ਹੈਂ? ਡਰ ਨੂੰ ਨਹੀਂ ਮੰਨਦਾ।" ਸਰਮਦ ਨੇ ਕਿਹਾ, "ਅਸੀਂ ਸ਼ਰ੍ਹਾ ਤੋੜ ਦਿੱਤੀ ਹੈ, ਇਹ ਤੁਹਾਡੇ ਗਲ ਦੀ ਫਾਂਸੀ ਹੈ"॥੪॥

ਮਨ ਕੋ ਖੋਟਾ ਸੁਨਤਿ ਮੁਲਾਨਾ। ਜਾਇ ਸੰਗ ਨੌਰੰਗ ਬਖਾਨਾ।
'ਪੁਰਿ ਮਹਿਂ ਭੀ ਨ ਸ਼ਰ੍ਹਾ ਪਰਪਾਕੀ। ਬਹੁਰ ਬਾਰਤਾ ਕਹੀਅਹਿ ਕਾਂਕੀ॥੫॥

ਮਨ ਦਾ ਖੋਟਾ ਮੁਲਾਣਾ ਇਹ ਸੁਣ ਕੇ ਜਾ ਕੇ ਨੌਰੰਗੇ ਨੂੰ ਕਹਿਣ ਲੱਗਾ, "ਨਗਰ ਵਿਚ ਵੀ ਸ਼ਰ੍ਹਾ ਪੱਕੀ ਨਹੀਂ ਹੈ, ਹੋਰ ਵਾਰਤਾ ਕਿਸੇ ਦੀ ਕੀ ਕਹੀਏ॥੫॥

ਹੁਇ ਤੋਰੇ ਤੇ ਸ਼ਰ੍ਹਾ ਉਦਾਰਾ। ਨਾਂਹਿ ਤ ਪਰਿ ਹੈ ਦੀਨ ਬਿਗਾਰਾ।
ਸਰਮਦ ਮਸਤ ਹੋਇ ਕਰਿ ਤੋਰੀ। ਤੇਰਾ ਸ਼ਰ੍ਹਾ ਨ ਜਾਨਹਿ ਤੋਰੀ॥ ੬॥

ਤੁਹਾਡੇ ਹੁਕਮ ਨਾਲ ਸ਼ਰ੍ਹਾ ਨੂੰ ਚੰਗੀ ਤਰ੍ਹਾਂ ਚਲਾਉਣਾ ਹੈ, ਨਹੀਂ ਤਾਂ ਦੀਨ ਵਿਚ ਵਿਗਾੜ ਪੈ ਜਾਵੇਗਾ। ਸਰਮਦ ਨੇ ਮਸਤ ਹੋ ਕੇ ਸ਼ਰ੍ਹਾ ਭੰਗ ਕੀਤੀ ਹੈ। ਤੁਸੀਂ ਜਿਸ ਕਰੜਾਈ ਨਾਲ ਸ਼ਰ੍ਹਾ ਚਲਾਈ ਹੈ, ਉਸ ਦੇ ਚਲਣ ਦੀ ਉਸ ਨੇ ਕੋਈ ਪ੍ਰਵਾਹ ਨਹੀਂ ਕੀਤੀ ਹੈ॥੬॥

ਸਭਿ ਮਹਿਂ ਬਿਦਤਿ ਭੰਗ ਕੋ ਪੀਵੈ। ਕਹੈ ਕਿ ਸ਼ਰ੍ਹਾ ਫਾਸ ਤੁਮ ਥੀਵੈ।
ਸੁਨਤਿ ਸ਼ਾਹੁ ਰਿਸ ਪ੍ਰਥਮ ਸੰਭਾਰੀ। ਨੌਕਰਾਨਿ ਸੋਂ ਗਿਰਾ ਉਚਾਰੀ॥ ੭॥

ਸਭ ਵਿਚ ਪ੍ਰਗਟ ਰੂਪ ਵਿਚ ਭੰਗ ਪੀਂਦਾ ਹੈ, ਕਹਿੰਦਾ ਹੈ ਕਿ ਸ਼ਰ੍ਹਾ ਤੁਹਾਡੇ ਗਲ ਵਿਚ ਫਾਹੀ ਹੈ।" ਇਹ ਸੁਣ ਕੇ ਬਾਦਸ਼ਾਹ ਨੇ ਆਪਣੇ ਪਹਿਲੇ ਗੁੱਸੇ ਨੂੰ ਸੰਭਾਲਿਆ ਤੇ ਆਪਣੇ ਨੌਕਰਾਂ ਨੂੰ ਕਹਿਣ ਲੱਗਾ॥੭॥

'ਗਹਿ ਲੀਜੈ ਪਗ ਪਾਵਹੁ ਬੇਰੀ। ਦੇਹੁ ਕੈਦਖਾਨੇ ਮਹਿਂ ਗੇਰੀ।
ਜਬਹਿ ਸ਼ਰ੍ਹਾ ਸਮੁਝੈ ਅਰੁ ਮਾਨੈ। ਤਬਹਿ ਖਲਾਸੀ ਕਰਹੁ ਬਖਾਨੈ॥ ੮॥

"ਉਸ ਨੂੰ ਫੜ ਲਵੋ ਤੇ ਪੈਰਾਂ ਵਿਚ ਬੇੜੀਆਂ ਪਾਵੋ ਤੇ ਕੈਦਖਾਨੇ ਵਿਚ ਸੁੱਟ ਦੇਵੋ। ਜਦ ਸ਼ਰ੍ਹਾ ਸਮਝੇ ਅਤੇ ਮੰਨੇ ਤਾਂ ਉਸ ਦੀ ਖ਼ਲਾਸੀ ਕਰ ਦੇਵੋ" ॥੮॥

ਤਾਤਕਾਲ ਤਿਨ ਪਕਰਜੋ ਜਾਇ। ਦਈ ਚਰਨ ਮਹਿਂ ਬੇਰੀ ਪਾਇ।
ਰਹਜੋ ਕੈਦ ਮਹਿਂ ਰਿਦੈ ਅਨੰਦ। ਸਿਮਰਤਿ ਪ੍ਰਭੁ ਕੋ ਪ੍ਰੇਮ ਬਿਲੰਦ॥ ੯॥

ਤੁਰਤ ਉਸ ਨੂੰ ਜਾ ਕੇ ਫੜ ਲਿਆ ਤੇ ਪੈਰਾਂ ਵਿਚ ਬੇੜੀਆਂ ਪਾ ਦਿੱਤੀਆਂ। ਸਰਮਦ ਕੈਦ ਵਿਚ ਵੀ ਬਹੁਤ ਪ੍ਰਸੰਨ ਰਿਹਾ, ਵੱਡੇ ਪ੍ਰੇਮ ਨਾਲ ਪ੍ਰਭੂ ਦਾ ਸਿਮਰਨ ਕਰਦਾ ਸੀ॥੯॥

ਮਨ ਮੈਂ ਗਨੀ ਨ ਕਛੁ ਕਠਨਾਈ। ਦੇਖਜੋ ਲੋਕਨਿ ਜਾਇ ਬਤਾਈ।
ਨੌਰੰਗ ਸੰਗ ਬਖਾਨਜੋ ਜਾਇ। 'ਤਹਾਂ ਮਸਤ ਚਿਤ ਗ਼ਮੀ ਨ ਕਾਇ॥ ੧੦॥

ਮਨ ਵਿਚ ਕੋਈ ਵੀ ਕਠਿਨਾਈ ਨਾ ਸਮਝੀ, ਜਦ ਲੋਕਾਂ ਨੇ ਵੇਖਿਆ ਤਾਂ ਨੌਰੰਗੇ ਨੂੰ ਜਾ ਦੱਸਿਆ, "ਉਹ ਉਥੇ ਵੀ ਚਿਤ ਵਿਚ ਮਸਤ ਰਹਿੰਦਾ ਹੈ, ਉਸ ਨੂੰ ਕੋਈ ਫਿਕਰ ਨਹੀਂ ਹੈ॥੧੦॥

ਗਹਿਬੇ ਤੇ ਕੁਛ ਦੁਖ ਨਹਿਂ ਮਾਨਾ। ਬੋਲਹਿ ਬੈਠਹਿ ਪ੍ਰਥਮ ਸਮਾਨਾ।
ਕਹਜੋ ਸ਼ਾਹਿ 'ਅਬਿ ਕਰਹੁ ਖਲਾਸ। ਆਗੇ ਕੋ ਉਪਜਾਵਹੁ ਤ੍ਰਾਸ॥ ੧੧॥

ਫੜਨ ਨਾਲ ਕੋਈ ਵੀ ਦੁਖ ਨਹੀਂ ਮੰਨਿਆ ਹੈ, ਪਹਿਲਾਂ ਵਾਂਗ ਬੈਠ ਕੇ ਬੋਲਦਾ ਹੈ।" ਬਾਦਸ਼ਾਹ ਨੇ ਕਿਹਾ, "ਹੁਣ ਉਸ ਨੂੰ ਛੱਡ ਦੇਵੋ, ਅੱਗੇ ਤੋਂ ਉਸਨੂੰ ਡਰਾ ਕੇ ਰਖੋ॥੧੧॥

ਚਲਹਿ ਸ਼ਰ੍ਹਾ ਮੈਂ ਤਉ ਸੁਖ ਪਾਵੈ। ਨਾਂਹਿ ਤ ਬਹੁਰ ਕੈਦ ਮਹਿਂ ਆਵੈ।
ਸੁਨਿ ਕੈ ਆਗਜਾ ਆਨਿ ਛੁਡਾਯੋ। ਕਹਜੋ ਸ਼ਾਹੁ ਕੋ ਸਕਲ ਸੁਨਾਯੋ॥ ੧੨॥

ਸ਼ਰ੍ਹਾ ਵਿਚ ਚਲੇ ਤਦ ਹੀ ਸੁਖ ਪਾਵੇ, ਨਹੀਂ ਤਾਂ ਫਿਰ ਕੈਦ ਵਿਚ ਆ ਜਾਵੇ।" ਬਾਦਸ਼ਾਹ ਦੀ ਆਗਿਆ ਸੁਣ ਕੇ ਨੌਕਰਾਂ ਨੇ ਆ ਕੇ ਛੱਡ ਦਿੱਤਾ ਤੇ ਬਾਦਸ਼ਾਹ ਦੇ ਹੁਕਮ ਨੂੰ ਆ ਸੁਣਾਇਆ॥੧੨॥

ਤਬਿ ਸਰਮਦ ਸਭਿ ਬਿਖੈ ਬਖਾਨਾ। 'ਜੋ ਬੰਧਯੋ ਤਿਸ ਬੰਧ ਮਹਾਨਾ।
ਬਿਰਲਾਪਹਿ ਦੁਖ ਪਾਵਹਿ ਸੋਈ। ਪ੍ਰਭੁ ਕਰੁਨਾ ਬਿਨ ਛੂਟਹਿ ਨ ਕੋਈ॥ ੧੩॥

ਤਦ ਸਰਮਦ ਨੇ ਸਾਰਿਆਂ ਦੇ ਵਿਚ ਕਿਹਾ, "ਜੋ ਬੰਨ੍ਹਿਆ ਹੈ ਉਸ ਨੂੰ ਹੀ ਭਾਰੀ ਬੰਧਨ ਹਨ, ਭਾਵ ਸ਼ਰ੍ਹਾ ਵਿਚ ਬੱਧੇ ਹੀ ਅੱਗੇ ਬਝਣਗੇ ਕਿਉਂਕਿ ਸ਼ਰ੍ਹਾ ਹਿਸਾਬ ਹੈ ਤੇ ਹਿਸਾਬ ਸਿਰ ਕੋਈ ਨਿਸ਼ਪਾਪ ਨਹੀਂ ਹੋ ਸਕਦਾ। ਉਹੀ ਵਿਰਲਾਪ ਕਰਦਾ ਅਤੇ ਦੁੱਖ ਪਾਉਂਦਾ ਹੈ ਜਿਹੜਾ ਸ਼ਰ੍ਹਾ ਵਿਚ ਬੱਧਾ ਹੈ। ਪ੍ਰਭੂ ਦੀ ਕਿਰਪਾ ਬਗੈਰ ਕਿਸੇ ਦਾ ਛੁਟਕਾਰਾ ਨਹੀਂ ਹੋ ਸਕਦਾ॥੧੩॥

ਹੱਕ ਮਿਹਰ ਤੇ ਜੋ ਛੁਟਿ ਗਏ। ਬਹੁਰ ਨ ਬੰਧਨ ਮੈਂ ਸੇ ਪਏ।
ਜਾਨੇ ਪਰੇ ਅਲਹ ਦਰਗਾਹ। ਕੋ ਬੰਧਜੋ ਕੋ ਛੂਟਜੋ ਜਾਹਿ॥ ੧੪॥

ਪ੍ਰਭੂ ਦੀ ਕਿਰਪਾ ਨਾਲ ਜਿਨ੍ਹਾਂ ਦਾ ਛੁਟਕਾਰਾ ਹੋ ਗਿਆ, ਉਹ ਫਿਰ ਦੁਨਿਆਵੀ ਬੰਧਨਾਂ ਵਿਚ ਨਹੀਂ ਪੈਂਦੇ ਹਨ। ਇਸ ਤਰ੍ਹਾਂ ਲਗਦਾ ਹੈ ਕਿ ਅਲਾਹ ਦੀ ਦਰਗਾਹ ਵਿਚ ਕੋਈ ਬੰਨ੍ਹਿਆ ਹੈ ਤੇ ਕੋਈ ਛੁਟਕਾਰਾ ਪਾ ਜਾਂਦਾ ਹੈ"॥੧੪॥

ਗਯੋ ਬਜ਼ਾਰ ਜਾਇ ਕਰਿ ਰਹਜੋ। ਜਿਸ ਨੇ ਮਗ ਖ਼ੁਦਾਇ ਕੋ ਲਹਜੋ।
ਕਰਹਿ ਨ ਕਾਨ ਕਾਹੁ ਕੀ ਕੈਸੇ। ਰਹੈ ਮਸਤ ਮਨ ਅਮਲੀ ਜੈਸੇ॥ ੧੫॥

ਬਾਜ਼ਾਰ ਵਿਚ ਚਲਾ ਗਿਆ ਤੇ ਉਥੇ ਜਾ ਕੇ ਰਹਿਣ ਲੱਗਾ। ਜਿਸ ਨੇ ਖ਼ੁਦਾ ਦਾ ਮਾਰਗ ਪਾ ਲਿਆ ਸੀ, ਉਹ ਕਿਸੇ ਦੀ ਈਨ ਕਿਵੇਂ ਮੰਨ ਸਕਦਾ ਸੀ ਤੇ ਅਮਲੀਆਂ ਵਾਂਗ ਮਨ ਸਦਾ ਮਸਤ ਰਹਿੰਦਾ ਸੀ॥੧੫॥

ਦਾਰਸ਼ਕੋਹ ਗਹਜੋ ਜਬਿ ਆਯੋ। ਬਾਤਿ ਕਰਤਿ ਤਿਨ ਤਾਂਹਿ ਸੁਨਾਯੋ।
ਸੁਨਿ ਸਰਮਦ ਤਬਿ ਉਚ ਪੁਕਾਰੈ। 'ਹਮ ਤਿਸ ਕੋ ਨਿਜ ਤਖਤ ਬਿਠਾਰੈਂ॥੧੬॥

ਦਾਰਾਸ਼ਕੋਹ ਜਦ ਫੜਿਆ ਹੋਇਆ ਆਇਆ, ਗੱਲ ਕਰਕੇ ਉਸ ਨੂੰ ਵੀ ਸੁਣਾਇਆ ਗਿਆ ਤਦ ਸਰਮਦ ਨੇ ਉੱਚੀ ਦਿੱਤੀ ਪੁਕਾਰ ਕੇ ਕਿਹਾ, "ਅਸੀਂ ਉਸ ਨੂੰ ਆਪਣੇ ਤਖ਼ਤ 'ਤੇ ਬਿਠਾਵਾਂਗੇ॥੧੬॥

ਸਭਿ ਸਲਤਨ ਦੇਂ ਦਾਰਸ਼ਕੋਹੂ। ਨਿਸ਼ਚੈ ਬਾਦਸ਼ਾਹ ਬਡ ਹੋਹੂ'।
ਬਾਰ ਬਾਰ ਦਿਨ ਬਿਖੈ ਉਚਾਰੈ। ਬਹੁ ਲੋਕਨਿ ਕੇ ਕਾਨਨਿ ਡਾਰੈ॥ ੧੭॥

ਦਾਰਾਸ਼ਕੋਹ ਨੂੰ ਸਾਰੀ ਪਾਤਿਸ਼ਾਹੀ ਦੇ ਦੇਵਾਂਗੇ, ਨਿਸ਼ਚੇ ਹੀ ਉਹ ਵੱਡਾ ਬਾਦਸ਼ਾਹ ਹੋਵੇਗਾ" ਬਾਰ-ਬਾਰ ਦਿਨ ਵਿਚ ਉਚਾਰਨ ਕਰਦਾ ਸੀ, ਬਹੁਤ ਲੋਕਾਂ ਦੇ ਕੰਨਾਂ ਵਿਚ ਪਾਉਂਦਾ ਸੀ॥੧੭॥

ਸੁਨਿ ਸੁਨਿ ਨੌਰੰਗ ਨਿਕਟਿ ਬਤਾਵੈਂ। ਬਸ ਨ ਬਸਾਇ ਅਧਿਕ ਜਰ ਜਾਵੈ।
ਕਰੈ ਕਹਾਂ ਬਕਬਾਦ ਅਜਾਨਾ। ਇਸ ਕੇ ਪ੍ਰਾਨ ਕਰੋਂ ਮੈਂ ਹਾਨਾ॥ ੧੮॥

ਲੋਕ ਸੁਣ ਸੁਣ ਕੇ ਨੌਰੰਗੇ ਨੂੰ ਜਾ ਕੇ ਦੱਸਦੇ ਸਨ, ਉਸ ਦੇ ਕੁਝ ਵੱਸ ਨਹੀਂ ਸੀ ਚਲਦਾ, ਹੋਰ ਸੜ ਜਾਂਦਾ ਸੀ। ਕਹਿੰਦਾ ਸੀ, "ਮੂਰਖ ਕੀ ਬਕਵਾਸ ਕਰਦਾ ਹੈ, ਇਸ ਦੇ ਮੈਂ ਪ੍ਰਾਣ ਕੱਢ ਲਵਾਂਗਾ॥੧੮॥

ਇਹ ਸਲਤਨ ਪਰ ਕਹਾਂ ਬਿਠਾਵੈ। ਖੋਜਜੋ ਖੋਜ ਨਹੀਂ ਕਿਤ ਪਾਵੈ।
ਬਡੋ ਕਹਾਵਤਿ ਹੈ ਦਰਵੇਸ਼। ਬੋਲਹਿ ਕੂਰੇ ਬਾਕ ਅਸ਼ੇਸ਼॥ ੧੯॥

ਇਹ ਪਾਤਿਸ਼ਾਹੀ 'ਤੇ ਕਿਥੇ ਬਿਠਾਵੇਗਾ, ਲਭਣ ਨਾਲ ਵੀ ਇਹ ਕਿਤੇ ਢੂੰਡਿਆਂ ਨਹੀਂ ਲਭੇਗਾ। ਆਪਣੇ ਆਪ ਨੂੰ ਵੱਡਾ ਦਰਵੇਸ਼ ਕਹਾਉਂਦਾ ਹੈ ਤੇ ਬਹੁਤ ਝੂਠੇ ਬਚਨ ਬੋਲਦਾ ਹੈ॥੧੯॥

ਬ੍ਰਿੰਦ ਸਾਧ ਪਾਖੰਡ ਕੋ ਧਾਰੇ। ਦਾਰਸ਼ਕੋਹ ਸਹਾਇਕ ਸਾਰੇ।
ਸਭਿ ਕੋ ਦੇਉਂ ਤਿਦਾਰਕ ਫੇਰ। ਸਨੇ ਸਨੇ ਗਹਿ ਕੈ ਬਹੁ ਬੇਰ॥ ੨੦॥

ਇਹ ਸਾਧ ਬਹੁਤ ਪਖੰਡ ਧਾਰਨ ਕਰਦਾ ਹੈ, ਇਹ ਸਾਰੇ ਦਾਰਾਸ਼ਕੋਹ ਦੇ ਸਹਾਇਕ ਹਨ। ਫਿਰ ਮੈਂ ਸਭ ਨੂੰ ਸਜ਼ਾਵਾਂ ਦੇਵਾਂਗਾ, ਹੌਲੀ-ਹੌਲੀ ਬਹੁਤ ਵਾਰ ਫੜਾਂਗਾ॥੨੦॥

ਇਮ ਨੌਰੰਗ ਬਡ ਦੁਸ਼ਟ ਬਿਚਾਰੈ। ਬਿਨਾਂ ਸ਼ਰ੍ਹਾ ਨਹਿਂ ਭਲਾ ਉਚਾਰੈ।
ਅਪਨੋ ਤੋਰਾ ਕਰਹਿ ਬਿਸਾਲ। ਸਭਿਨਿ ਚਲਾਵੈ ਸ਼ਰ੍ਹਾ ਕੁਚਾਲ॥ ੨੧॥

ਇਸ ਤਰ੍ਹਾਂ ਦੁਸ਼ਟ ਨੌਰੰਗਾ ਵਿਚਾਰ ਕਰਦਾ ਸੀ। ਸ਼ਰ੍ਹਾ ਨੂੰ ਮੰਨੇ ਬਗੈਰ ਕਿਸੇ ਨੂੰ ਭਲਾ ਨਹੀਂ ਕਹਿੰਦਾ ਹੈ। ਆਪਣਾ ਵਿਸ਼ਾਲ ਹੁਕਮ ਕਰਦਾ ਹੈ ਤੇ ਸਾਰਿਆਂ ਵਿਚ ਭੈੜੇ ਚਾਲਿਆਂ ਵਾਲੀ ਸ਼ਰ੍ਹਾ ਚਲਾਉਂਦਾ ਹੈ॥੨੧॥

ਹਿੰਦੂ ਤੁਰਕ ਸੰਤ ਗਨ ਜੇਈ। ਦਾਰਸ਼ਕੋਹ ਸਰਾਹਹਿਂ ਤੇਈ।
ਸੁਨਿ ਸੁਨਿ ਏਹ ਸਹਹਿ ਨਹਿਂ ਕੈਸੇ। ਸੁੰਦਰ ਚੰਦ ਚਕਵਾ ਚਿਤ ਜੈਸੇ॥ ੨੨॥

ਹਿੰਦੂ ਤੁਰਕ ਜਿਹੜੇ ਵੀ ਸੰਤ ਲੋਕ ਹਨ, ਉਹ ਦਾਰਾਸ਼ਕੋਹ ਦੀ ਸ਼ਲਾਘਾ ਕਰਦੇ ਸਨ। ਸੁਣ ਸੁਣ ਕੇ ਨੌਰੰਗਾ ਕਿਵੇਂ ਬਰਦਾਸ਼ਤ ਕਰ ਸਕਦਾ ਹੈ। ਸੁੰਦਰ ਚੰਦ ਨੂੰ ਵੇਖ ਕੇ ਚਕਵਾ ਜਿਵੇਂ ਚਿਤ ਵਿਚ ਦੁਖੀ ਹੁੰਦਾ ਹੈ॥੨੨॥

ਕਈ ਬਾਰ ਸਰਮਦ ਕੋ ਗਹਜੋ। ਬਹੁ ਬਿਧਿ ਤੇ ਸਮੁਝਾਵਨਿ ਚਹਜੋ।
ਨਹੀਂ ਸ਼ਰਾ ਕੀ ਮਾਨਹਿ ਕਾਨ। ਮਨ ਮਸਤਾਨਾ ਮਹਿਦ ਮਹਾਨ॥ ੨੩॥

ਕਈ ਵਾਰ ਸਰਮਦ ਨੂੰ ਫੜਿਆ। ਬਹੁਤ ਵਿਧੀਆਂ ਨਾਲ ਉਸ ਨੂੰ ਸਮਝਾਉਣਾ ਚਾਹਿਆ, ਪਰ ਉਹ ਸ਼ਰ੍ਹਾ ਦੀ ਈਨ ਨਹੀਂ ਸੀ ਮੰਨਦਾ, ਉਸ ਦਾ ਮਨ ਮਹਾਨ ਮਸਤ ਸੀ॥੨੩॥

ਬੈਠਿ ਬਹੁਤ ਮਹਿਂ ਊਚ ਪੁਕਾਰੈ। 'ਦਾਰਸ਼ਕੋਹੈ ਤਖਤ ਬਿਠਾਰੈਂ।
ਦੈ ਹੈਂ ਸਲਤਨ ਅਚਲ ਬਿਸਾਲਾ। ਕੀਨਸਿ ਮਿਹਰ ਖ਼ੁਦਾਇ ਕ੍ਰਿਪਾਲਾ' ॥੨੪॥

ਬਹੁਤ ਲੋਕਾਂ ਵਿਚ ਬੈਠ ਕੇ ਉੱਚੀ ਉੱਚੀ ਪੁਕਾਰ ਕਰਦਾ ਸੀ, "ਮੈਂ ਦਾਰਾਸ਼ਕੋਹ ਨੂੰ ਤਖ਼ਤ 'ਤੇ ਬਿਠਾਵਾਂਗਾ। ਉਸ ਨੂੰ ਅਚਲ ਵਿਸ਼ਾਲ ਪਾਤਿਸ਼ਾਹੀ ਦੇਵਾਂਗਾ। ਕਿਰਪਾਲੂ ਖ਼ੁਦਾ ਮਿਹਰ ਕਰੇਗਾ" ॥੨੪॥

ਸੁਨਿ ਕੈ ਲੋਕ ਨੁਰੰਗ ਸੋਂ ਕਹੈਂ। ਇਰਖਾ ਤੇ ਦੀਰਘ ਦਿਲ ਦਹੈਂ।
ਅਪਰ ਕਹਾਂ ਲਗਿ ਕਹੌਂ ਕਹਾਨੀ। ਕਈ ਬਾਰ ਗਹਿ ਭਾ ਦੁਖਦਾਨੀ॥ ੨੫॥

ਇਹ ਸੁਣ ਕੇ ਲੋਕ ਨੌਰੰਗੇ ਨੂੰ ਕਹਿੰਦੇ ਸਨ, ਈਰਖਾ ਨਾਲ ਉਸ ਦਾ ਦਿਲ ਬਹੁਤ ਸੜਦਾ ਸੀ। ਹੋਰ ਕਿਥੋਂ ਤਕ ਕਹਾਣੀ ਕਹਾਂ, ਕਈ ਵਾਰ ਦੁੱਖ ਦੇਣ ਵਾਸਤੇ ਸਰਮਦ ਨੂੰ ਫੜਿਆ॥੨੫॥

ਏਕ ਦਿਵਸ ਆਯੋ ਚਲਿ ਸ਼ਾਹੂ। ਮਹਿਜਿਦ ਜੁਮਾ ਕਹਤਿ ਹੈਂ ਜਾਹੂ।
ਅੰਤਰ ਪ੍ਰਵਿਸ਼ਜੋ ਕਰਨਿ ਨਿਮਾਜ਼। ਬਹੁ ਲੋਕਨਿ ਕੋ ਸੰਗ ਸਮਾਜ॥ ੨੬॥

ਇਕ ਦਿਨ ਬਾਦਸ਼ਾਹ ਚਲ ਕੇ ਆਇਆ, ਜਿਸ ਮਸੀਤ ਵਿਚ ਜੁਮੇਂ ਦੀ ਨਿਮਾਜ਼ ਪੜ੍ਹੀ ਜਾਂਦੀ ਸੀ। ਨਿਮਾਜ਼ ਪੜ੍ਹਨ ਵਾਸਤੇ ਮਸੀਤ ਦੇ ਅੰਦਰ ਗਿਆ, ਉਸ ਦੇ ਨਾਲ ਬਹੁਤ ਵੱਡੀ ਗਿਣਤੀ ਵਿਚ ਲੋਕ ਸਨ॥੨੬॥

ਖਰੇ ਭਏ ਤੂਸ਼ਨਿ ਹੁਇ ਸਾਰੇ। ਕਾਜ਼ੀ ਠਾਢੇ ਸਭਿਨਿ ਅਗਾਰੇ।
ਤਬਿ ਲੌ ਸਰਮਦ ਭੀ ਚਲਿ ਆਯੋ। ਕਿਸ ਕੋ ਜਿਸ ਕੇ ਤ੍ਰਾਸ ਨ ਪਾਯੋ॥ ੨੭॥

ਸਾਰੇ ਚੁਪ ਹੋ ਕੇ ਖੜੇ ਸਨ, ਕਾਜ਼ੀ ਸਾਰਿਆਂ ਦੇ ਅੱਗੇ ਖੜੇ ਸਨ। ਤਦ ਤਕ ਸਰਮਦ ਵੀ ਚਲ ਕੇ ਆ ਗਿਆ, ਜਿਹੜਾ ਕਿਸੇ ਪਾਸੋਂ ਵੀ ਡਰਦਾ ਨਹੀਂ ਸੀ॥੨੭॥

ਖਰੇ ਭਯੋ ਮਹਜਿਦ ਕੇ ਆਗੇ। ਬੀਚ ਨਿਵਾਜ ਕਰਨਿ ਸੋ ਲਾਗੇ।
ਤਬਿ ਕਾਜ਼ੀ ਨੇ ਬਾਂਗ ਪੁਕਾਰੀ। ਊਚੀ ਕੂਕ ਅਧਿਕ ਮੁਖ ਮਾਰੀ॥ ੨੮॥

ਸਰਮਦ ਮਸਜਦ ਦੇ ਅੱਗੇ ਖੜਾ ਸੀ। ਮਸੀਤ ਵਿਚ ਜਦ ਨਿਮਾਜ਼ ਪੜ੍ਹਨ ਲੱਗੇ ਤਦ ਕਾਜ਼ੀ ਨੇ ਬਾਂਗ ਦਿੱਤੀ, ਜਿਹੜੀ ਬਹੁਤ ਉੱਚੀ ਆਵਾਜ਼ ਵਿਚ ਸੀ॥੨੮॥

ਸਰਮਦ ਵਹਿਰ ਪੁਕਾਰ ਉਚੇਰੇ। ਸਭਿਨਿ ਸੁਨਾਵਤਿ ਭਾ ਤਿਸ ਬੇਰੇ।
'ਭੋ ਕਾਜ਼ੀ! ਅੰਧੇ ਮਤਿਮੰਦ। ਕਿਸਹਿ ਸੁਨਾਵਤਿ ਕੂਕ ਬਿਲੰਦ॥ ੨੯॥

ਸਰਮਦ ਬਾਹਰ ਉੱਚੀ ਕਰਕੇ ਸਭ ਨੂੰ ਸੁਣਾ ਕੇ ਉਸ ਸਮੇਂ ਬੋਲਿਆ। "ਓ ਕਾਜ਼ੀ, ਅੰਨ੍ਹੇ ਅਤੇ ਮਾੜੀ ਮੱਤ ਵਾਲੇ, ਏਨੀ ਉੱਚੀ ਆਵਾਜ਼ ਵਿਚ ਕੂਕ ਕੇ ਕਿਸ ਨੂੰ ਸੁਣਾਉਂਦਾ ਹੈਂ॥੨੯॥

ਜੋ ਖ਼ੁਦਾਇ ਤੇਰੋ ਅਤਿ ਪਜਾਰੋ। ਸੋ ਮਮ ਪਾਇਨ ਤਰੇ ਨਿਹਾਰੋ।
ਕੂਕ ਕੂਕ ਨਿਤ ਛੂਛੇ ਰਹੈਂ। ਬਿਨਾ ਬਤਾਏ ਹਾਥ ਨ ਲਹੈਂ'॥ ੩੦॥

ਜੋ ਤੇਰਾ ਅਤਿ ਪਿਆਰਾ ਖ਼ੁਦਾ ਹੈ, ਉਹ ਮੈਂ ਪੈਰਾਂ ਹੇਠ ਵੇਖਿਆ ਹੈ, ਕੂਕ ਕੂਕ ਕੇ ਸਦਾ ਖਾਲੀ ਰਹਿੰਦੇ ਹੋ, ਦੱਸਣ ਤੋਂ ਬਗੈਰ, ਉਸ ਦੀ ਥਾਹ ਨਹੀਂ ਪਾ ਸਕਦੇ"॥੩੦॥

ਕਿਤਿਕ ਖਰੇ ਉਮਰਾਵ ਸੁਨੰਤੇ। ਅਪਰ ਲੋਕ ਗਨ ਮਿਲਿ ਚਿਤਵੰਤੇ।
'ਕਹਹਿ ਕਹਾਂ ਸਰਮਦ ਤੂੰ ਬੌਲਾ। ਸੁਨਹਿ ਸ਼ਾਹ ਕਰਿ ਦੇ ਬਹੁ ਹੌਲਾ॥ ੩੧॥

ਕਈ ਉਮਰਾਵ ਖੜੇ ਸੁਣ ਰਹੇ ਸਨ, ਹੋਰ ਲੋਕ ਮਿਲ ਕੇ ਸੋਚਦੇ ਸਨ, "ਹੇ ਸਰਮਦ! ਤੂੰ ਬਾਵਰਾ ਹੈਂ, ਕੀ ਕਹਿੰਦਾ ਹੈਂ, ਬਾਦਸ਼ਾਹ ਸੁਣ ਕੇ ਤੈਨੂੰ ਬਹੁਤ ਹੌਲਾ ਕਰ ਦੇਵੇਗਾ॥੩੧॥

ਸ਼ਰਾ ਵਹਿਰ ਹੇਰਹਿ ਕੈ ਸੁਨੈ। ਰਿਸ ਕਰਿ ਤਾਤਕਾਲ ਤਿਹਿ ਹਨੈ।
ਭਲੋ ਬੁਰੋ ਲਖਹਿ ਨ ਦਰਵੇਸ਼। ਅਜ਼ਮਤ ਕੋ ਜਾਨਹਿ ਨ ਵਿਸ਼ੇਸ਼'॥ ੩੨॥

ਸ਼ਰ੍ਹਾ ਤੋਂ ਬਾਹਰ ਵੇਖਣ ਜਾਂ ਸੁਣਨ 'ਤੇ ਗੁੱਸੇ ਵਿਚ ਆ ਕੇ ਤੁਰਤ ਉਸਨੂੰ ਮਾਰ ਦੇਵੇਗਾ। ਉਹ ਭਲਾ ਬੁਰਾ ਦਰਵੇਸ਼ ਨਹੀਂ ਪਹਿਚਾਣਦਾ ਤੇ ਨਾ ਵਿਸ਼ੇਸ਼ ਕਰਾਮਾਤ ਨੂੰ ਜਾਣਦਾ ਹੈ"॥੩੨॥

ਕਹਿ ਸਰਮਦ 'ਕਛੁ ਨਹੀਂ ਹਮਾਰਾ। ਕਹਾਂ ਸ਼ਾਹੁ ਕਰਿ ਸਕਹਿ ਬਿਗਾਰਾ।
ਤਨ ਆਦਿਕ ਕੀ ਮਮਤਾ ਨਾਸੀ। ਦੰਡ ਉਚਿਤ ਕਛੁ ਰਖਹਿਂ ਨ ਪਾਸੀ'॥੩੩॥

ਸਰਮਦ ਨੇ ਕਿਹਾ, "ਸਾਡਾ ਕੁਝ ਨਹੀਂ ਹੈ, ਸਾਡਾ ਬਾਦਸ਼ਾਹ ਕੀ ਵਿਗਾੜ ਕਰ ਸਕਦਾ ਹੈ। ਤਨ ਆਦਿ ਦਾ ਮੋਹ ਦੂਰ ਹੋ ਗਿਆ ਹੈ, ਉਚਿਤ ਦੰਡ ਉਸ ਦੇ ਪਾਸ ਨਹੀਂ ਹੈ"॥੩੩॥

ਤਦ ਨੌਰੰਗ ਨਿਗਸਜੋ ਬਰ ਪੌਰ। ਕਰਜੋ ਸੁਨਾਵਨਿ ਕੋ ਤਿਸ ਠੌਰ।
'ਪੈਰਨਿ ਤਰੇ ਖ਼ੁਦਾਇ ਬਤਾਵੈ। ਤੁਮ ਤੇ ਤਨਕ ਤ੍ਰਾਸ ਨਹਿਂ ਪਾਵੈ'॥ ੩੪॥

ਤਦ ਨੌਰੰਗਾ ਸ੍ਰੇਸ਼ਟ ਦਰਵਾਜ਼ੇ 'ਚੋਂ ਨਿਕਲਿਆ, ਉਸ ਥਾਂ ਉਸ ਨੂੰ ਸੁਣਾਉਣ ਵਾਸਤੇ ਲੋਕਾਂ ਨੇ ਕਿਹਾ, "ਪੈਰਾਂ ਥੱਲੇ ਖ਼ੁਦਾ ਦੱਸਦਾ ਹੈ ਤੇ ਤੁਹਾਡੇ ਪਾਸੋਂ ਰਤਾ ਭਰ ਵੀ ਡਰਦਾ ਨਹੀਂ ਹੈ"॥੩੪॥

ਹੁਕਮ ਕਠੋਰ ਕੀਨਿ ਮਤਿ ਅੰਧ। 'ਗੇਰਹੁ ਕੈਦ ਪਾਇ ਬਹੁ ਬੰਧ।
ਪਾਇਨ ਅਰੁ ਹਾਥਨਿ ਮਹਿਂ ਪਾਵਹੁ। ਗ੍ਰੀਵ ਤੌਕ ਕਰਿ ਤਰੈ ਬਿਠਾਵਹੁ॥੩੫॥

ਇਹ ਸੁਣ ਕੇ ਅੰਨ੍ਹੀ ਮੱਤ ਵਾਲੇ ਨੇ ਕਠੋਰ ਹੁਕਮ ਕੀਤਾ, "ਬਹੁਤ ਬੰਧਨ ਪਾ ਕੇ ਇਸ ਨੂੰ ਕੈਦ ਵਿਚ ਸੁੱਟੋ, ਪੈਰਾਂ ਅਤੇ ਹੱਥਾਂ ਵਿਚ ਬੇੜੀਆਂ ਪਾਵੋ ਤੇ ਗਲ ਵਿਚ ਭਾਰੀ ਜ਼ੰਜੀਰ ਪਾ ਕੇ ਥੱਲੇ ਬਿਠਾ ਦੇਵੋ॥੩੫॥

ਇਸ ਜੈਸੇ ਨਰ ਦੰਭਨਿ ਧਾਰੈਂ। ਬਿਗਰ ਸ਼ਰ੍ਹਾ ਤੇ ਅਪਰ ਬਿਗਾਰੈਂ॥
ਜਬਿ ਸਜ਼ਾਇ ਕੋ ਲਹੈ ਬਿਸਾਲਾ। ਰਹਹਿ ਸ਼ਰ੍ਹਾ ਮਹਿਂ ਬਨੈ ਦੁਖਾਲਾ॥ ੩੬॥

ਇਹੋ ਜਿਹੇ ਮਨੁੱਖ ਪਖੰਡ ਧਾਰਨ ਕਰਦੇ ਹਨ, ਸ਼ਰ੍ਹਾ ਦੇ ਵਿਗੜੇ ਹੋਰਨਾਂ ਨੂੰ ਵੀ ਵਿਗਾੜਦੇ ਹਨ। ਜਦ ਬਹੁਤ ਸਜ਼ਾਵਾਂ ਪਾਉਂਦੇ ਹਨ ਤਾਂ ਸ਼ਰ੍ਹਾ ਵਿਚ ਰਹਿਣਾ ਕਠਨ ਜਾਪਦਾ ਹੈ॥੩੬॥

ਕੈ ਦੈਹੋਂ ਸਿਰ ਕੋ ਕਟਿਵਾਇ। ਨਹਿਂ ਬਿਗਰਹਿਂ ਨਰ ਡਰ ਉਰ ਪਾਇ।
ਗਯੋ ਦੁਰਗ ਮਹਿਂ ਕਹਿ ਇਮ ਸ਼ਾਹੂ। ਸਰਮਦ ਗਹਯੋ ਕੈਦ ਕੇ ਮਾਂਹੂ॥ ੩੭॥

ਜਾਂ ਇਸ ਦਾ ਸਿਰ ਕਟਵਾ ਦੇਵਾਂਗਾ ਤਾਂਕਿ ਮਨੁੱਖ ਹਿਰਦੇ ਵਿਚ ਡਰ ਸਮਝ ਕੇ ਨਾ ਵਿਗੜਨ।'' ਬਾਦਸ਼ਾਹ ਇਸ ਤਰ੍ਹਾਂ ਕਹਿ ਕੇ ਕਿਲ੍ਹੇ ਵਿਚ ਚਲਾ ਗਿਆ। ਸਰਮਦ ਨੂੰ ਫੜ ਕੇ ਕੈਦ ਵਿਚ ਸੁੱਟ ਦਿੱਤਾ॥੩੭॥

ਨਹੀਂ ਖੇਦ ਕੋ ਮਨ ਮਹਿਂ ਠਾਨਾ। ਆਤਮ ਗਯਾਨ ਮਹਿਦ ਸੁਖਦਾਨਾ।
ਜਿਮ ਛੂਟਯੋ, ਤਿਮ ਬੰਧਨ ਮਾਂਹਿ। ਕਹੈ ਨਿਸ਼ੰਗ ਤ੍ਰਾਸ ਕਿਸ ਨਾਂਹਿ॥ ੩੮॥

ਉਸ ਨੇ ਮਨ ਵਿਚ ਕੋਈ ਦੁੱਖ ਨਾ ਮੰਨਿਆ, ਵੱਡਾ ਸੁੱਖ ਦੇਣ ਵਾਲਾ ਆਤਮ ਗਿਆਨ ਉਸ ਦੇ ਪਾਸ ਸੀ। ਜਿਵੇਂ ਖੁਲ੍ਹਾ ਉਸ ਤਰ੍ਹਾਂ ਹੀ ਬੱਧਾ, ਉਸ ਨੂੰ ਦੋਵੇਂ ਬਰਾਬਰ ਸਨ ਭਾਵ ਰਿਹਾਈ-ਕੈਦ ਉਸ ਵਾਸਤੇ ਸਮਾਨ ਸਨ। ਨਿਸ਼ੰਗ ਹੋ ਕੇ ਕਹਿੰਦਾ ਸੀ, ਮੈਨੂੰ ਕਿਸੇ ਚੀਜ਼ ਦਾ ਡਰ ਨਹੀਂ ਹੈ॥੩੮॥

ਤੁਰਕ ਕ੍ਰੂਰ ਬਹੁ ਦੇਤਿ ਸਜ਼ਾਇ। ਨਹਿਂ ਮਨ ਗਨਹਿ ਏਕ ਲਿਵਲਾਇ॥
ਅਨਿਕ ਭਾਂਤਿ ਕੇ ਤ੍ਰਾਸ ਬਤਾਵਹਿਂ। ਬਹੁਰ ਸ਼ਾਹੁ ਕੇ ਨਿਕਟਿ ਜਨਾਵਹਿਂ॥ ੩੯॥

ਨੀਚ ਤੁਰਕ ਬਹੁਤ ਸਜ਼ਾਵਾਂ ਦਿੰਦੇ ਸਨ, ਮਨ ਵਿਚ ਇਹ ਨਹੀਂ ਸੀ ਸਮਝਦੇ ਕਿ ਉਸ ਦੀ ਇਕ ਪ੍ਰਭੂ ਨਾਲ ਲਿਵ ਲੱਗੀ ਹੈ। ਅਨੇਕ ਪ੍ਰਕਾਰ ਦੇ ਡਰ ਵਿਖਾਉਂਦੇ ਸਨ, ਫਿਰ ਬਾਦਸ਼ਾਹ ਦੇ ਪਾਸ ਜਾ ਕੇ ਉਸ ਨੂੰ ਦੱਸਦੇ ਸਨ॥੩੯॥

'ਮਾਨਤਿ ਨਹੀਂ ਸ਼ਰ੍ਹਾ ਕੀ ਬਾਤ। ਕਿਧੌਂ ਕਰਹੁ ਤਨੁ ਤਿਸ ਕੋ ਘਾਤ।
ਬੋਲਤਿ ਹੈ ਆਨਨ ਜਿਮ ਆਵੈ। ਸੁਨਿ ਨੁਰੰਗ ਉਰ ਕੋਪ ਉਪਾਵੈ॥ ੪੦॥

"ਇਹ ਸ਼ਰ੍ਹਾ ਦੀ ਗੱਲ ਨਹੀਂ ਮੰਨਦਾ ਹੈ, ਕਿਸੇ ਵੀ ਤਰ੍ਹਾਂ ਇਸ ਦੇ ਸਰੀਰ ਦਾ ਨਾਸ਼ ਕਰ ਦੇਵੋ। ਮੂੰਹ ਵਿਚ ਜਿਵੇਂ ਆਉਂਦਾ ਹੈ, ਉਸ ਤਰ੍ਹਾਂ ਬੋਲਦਾ ਹੈ।'' ਇਹ ਸੁਣ ਕੇ ਨੌਰੰਗਾ ਬਹੁਤ ਗੁੱਸੇ ਵਿਚ ਆ ਜਾਂਦਾ ਸੀ॥੪੦॥

*ਨੌਵੀਂ ਰਾਸ ਦਾ ਬਾਈਵਾਂ ਅਧਿਆਇ ਸਮਾਪਤ ਹੋਇਆ॥੨੨॥*

## ਅਧਿਆਇ ਤੇਈਵਾਂ

### ਸਰਮਦ ਕਤਲ

ਦੋਹਰਾ- ਤਿਨ ਦਿਵਸਨਿ ਮਹਿਂ ਦੂਤ ਇਕ ਦਿੱਲੀ ਪੁਰਿ ਮੈਂ ਆਇ।
ਰੂਮ ਵਲਾਇਤ ਸ਼ਾਹ ਨੇ ਲਿਖਿ ਕਰਿ ਦਿਯੋ ਪਠਾਇ॥ ੧॥

ਤਿੰਨਾਂ ਦਿਨਾਂ ਵਿਚ ਇਕ ਦੂਤ ਦਿੱਲੀ ਨਗਰ ਵਿਚ ਆਇਆ। ਰੂਮ ਵਲਾਇਤ ਦੇ ਬਾਦਸ਼ਾਹ ਨੇ ਉਸ ਨੂੰ ਕੁਝ ਲਿਖ ਕੇ ਭੇਜਿਆ ਸੀ॥੧॥

ਚੌਪਈ- 'ਸ਼ੁਕਰ ਸਬਰ ਦੋ ਨਾਮ ਜੁ ਕਹੈਂ। ਕਹਾਂ ਮਾਇਨਾ ਇਨ ਕੋ ਅਹੈ ?।
ਬੂਝਨਿ ਹੇਤੁ ਨੁਰੰਗੇ ਪਾਸ। ਹੋਇ ਜਥਾਰਥ ਕਰਹੁ ਪ੍ਰਗਾਸ॥ ੨॥

"ਸ਼ੁਕਰ ਸਬਰ ਜਿਹੜੇ ਦੋ ਨਾਂ ਕਹਿੰਦੇ ਹਾਂ, ਇਨ੍ਹਾਂ ਦੇ ਕੀ ਅਰਥ ਹਨ ? ਪੁੱਛਣ ਵਾਸਤੇ ਨੌਰੰਗੇ ਪਾਸ ਭੇਜਿਆ, ਜਿਵੇਂ ਅਰਥ ਹਨ, ਉਸ ਤਰ੍ਹਾਂ ਉਨ੍ਹਾਂ ਦਾ ਪ੍ਰਕਾਸ਼ ਕਰੋ॥੨॥

ਨਹੀਂ ਮਾਇਨਾ ਇਨ ਤੇ ਆਵੈ। ਤੌ ਸਰਮਦ ਇਕ ਸੰਤ ਕਹਾਵੈ।
ਤਿਸ ਤੇ ਬੂਝਹੁ ਭਲੇ ਬਿਚਾਰਿ। ਲੇਹੁ ਮਾਇਨਾ ਜੋ ਹੁਇ ਸਾਰ'॥ ੩॥

ਜੇ ਨੌਰੰਗੇ ਨੂੰ ਇਨ੍ਹਾਂ ਦਾ ਮਾਇਨਾ ਨਾ ਆਵੇ ਤਾਂ ਉਥੇ ਸਰਮਦ ਨਾਂ ਦਾ ਇਕ ਸੰਤ ਕਹਾਉਂਦਾ ਹੈ, ਉਸ ਪਾਸੋਂ ਭਲੀ ਵਿਚਾਰ ਕਰਕੇ ਪੁੱਛੋ: ਉਹ ਅਰਥ ਲਵੋ ਜਿਹੜਾ ਸ੍ਰੇਸ਼ਟ ਹੋਵੇ"॥੩॥

ਸੋ ਦਿੱਲੀ ਮਹਿਂ ਆਨਿ ਪ੍ਰਵੇਸ਼ਾ। ਡੇਰਾ ਕੀਨਸਿ ਪਿਖਜੋ ਅਸ਼ੇਸ਼ਾ।
ਬਹੁਰ ਸ਼ਾਹਿ ਕੈ ਨਿਕਟਿ ਪਧਾਰਾ। ਮੁਲਾਕਾਤ ਕਰਿ, ਹੇਤੁ ਉਚਾਰਾ॥ ੪॥

ਉਹ ਦੂਤ ਫਿਰ ਦਿੱਲੀ ਵਿਚ ਆ ਦਾਖਿਲ ਹੋਇਆ। ਵੇਖ ਭਾਲ ਕੇ ਉਸ ਆਪਣਾ ਡੇਰਾ ਕੀਤਾ। ਫਿਰ ਬਾਦਸ਼ਾਹ ਦੇ ਪਾਸ ਗਿਆ ਤੇ ਮੁਲਾਕਾਤ ਕਰਕੇ ਉਚਾਰਨ ਕੀਤਾ॥੪॥

'ਹਜ਼ਰਤ ਜਸੁ ਤੁਮਰੋ ਬਹੁ ਭਾਖੈ। ਚੌਦਾਂ ਸੈ ਉਲਮਾਵਨਿ ਰਾਖੈ।
ਇਮ ਸੁਨਿ ਕੈ ਇਤ ਮੋਹਿ ਪਠਾਵਾ। ਹੇਤੁ ਮਾਯਨੇ ਬੂਝਨਿ ਆਵਾ॥ ੫॥

"ਹੇ ਬਾਦਸ਼ਾਹ ਸਲਾਮਤ ! ਸਾਰੇ ਤੁਹਾਡਾ ਬਹੁਤ ਜਸ ਕਹਿੰਦੇ ਹਨ ਤੁਸੀਂ ਚੌਦਾਂ ਸੌ ਵਿਦਵਾਨ ਰੱਖੇ ਹਨ। ਇਸ ਤਰ੍ਹਾਂ ਸੁਣ ਕੇ ਮੈਨੂੰ ਤੁਹਾਡੇ ਪਾਸ ਭੇਜਿਆ ਹੈ, ਮੈਂ ਕੁਝ ਅਰਥ ਪੁੱਛਣ ਆਇਆ ਹਾਂ॥੫॥

ਸ਼ੁਕਰ ਸਬਰ ਏ ਨਾਮ ਜੁ ਦੋਇ। ਇਨ ਕੋ ਕਹਾਂ ਮਾਯਨਾ ਹੋਇ।
ਸੋ ਮੋਕਹੁ ਦੀਜੈ ਸਮੁਝਾਇ। ਦਾਨਸ਼ਵੰਦਨਿ ਤੇ ਕਰਿਵਾਇ'॥ ੬॥

ਸ਼ੁਕਰ ਸਬਰ ਜਿਹੜੇ ਦੋ ਨਾਂ ਹਨ, ਇਨ੍ਹਾਂ ਦੇ ਕੀ ਅਰਥ ਹਨ, ਉਹ ਮੈਨੂੰ ਸਮਝਾ ਦੇਵੋ, ਆਪਣੇ ਵਿਦਵਾਨਾਂ ਤੋਂ ਅਰਥ ਕਰਵਾ ਦੇਵੋ"॥੬॥

ਸੁਨਿ ਨੌਰੰਗ ਉਮਰਾਵ ਬੁਲਾਏ। ਅਨਿਕ ਮੁਲਾਨੇ ਤਬਿ ਚਲਿ ਆਏ।
ਬਹੁ ਭਾਂਤਨਿ ਤੇ ਰਿਦੈ ਬਿਚਾਰਹਿਂ। ਨਿਜ ਨਿਜ ਮਤਿ ਅਨੁਸਾਰਿ ਉਚਾਰਹਿਂ ॥੭॥

ਇਹ ਸੁਣ ਕੇ ਨੌਰੰਗੇ ਨੇ ਆਪਣੇ ਉਮਰਾਵ ਬੁਲਾਏ, ਅਨੇਕਾਂ ਮੁਲਾਣੇ ਤਦ ਚਲ ਕੇ ਆ ਗਏ। ਬਹੁਤ ਭਾਂਤ ਹਿਰਦੇ ਵਿਚ ਵਿਚਾਰ ਕੀਤੀ ਤੇ ਆਪਣੀ-ਆਪਣੀ ਮੱਤ ਅਨੁਸਾਰ ਉਚਾਰਨ ਕੀਤਾ॥੭॥

ਖ਼ਾਤਰ ਜਮਾ ਨ ਤਿਸ ਕੀ ਹੋਇ। ਅਨਿਕ ਦਲੀਲ ਉਠਾਵਤਿ ਸੋਇ।
ਦਿੱਲੀ ਮਹਿਂ ਜੇਤਿਕ ਮਤਿਵਾਨੇ। ਸਕਲ ਸਕੇਲੇ ਸ਼ਾਹੁ ਬਖਾਨੇ॥ ੮॥

ਪਰ ਉਸ ਦੂਤ ਦੀ ਤਸੱਲੀ ਨਾ ਹੋਈ। ਉਹ ਅਨੇਕ ਦਲੀਲਾਂ ਦਿੰਦੇ ਸਨ, ਦਿਲੀ ਵਿਚ ਜਿੰਨੇ ਵਿਦਵਾਨ ਸਨ, ਬਾਦਸ਼ਾਹ ਨੇ ਕਹਿ ਕੇ ਸਭ ਨੂੰ ਬੁਲਾਇਆ॥੮॥

ਬਹੁ ਭਾਂਤਨਿ ਤੇ ਕਰਹਿਂ ਉਚਾਰਿ। ਨਿਜ ਨਿਜ ਮਤਿ ਅਨੁਸਾਰ ਬਿਚਾਰਿ।
ਤਊ ਨ ਨਿਸ਼ਚੈ ਤਿਸ ਕੋ ਹੋਵਾ। ਕਰਹਿ ਦਲੀਲਾਂ ਸੰਸੇ ਪੋਵਾ॥ ੯॥

ਬਹੁਤ ਪ੍ਰਕਾਰ ਉਚਾਰਨ ਕਰਦੇ ਸਨ ਤੇ ਆਪਣੀ ਆਪਣੀ ਮੱਤ ਅਨੁਸਾਰ ਵਿਚਾਰ ਕਰਦੇ ਸਨ, ਫਿਰ ਵੀ ਉਸ ਦੀ ਤਸੱਲੀ ਨਾ ਹੋਈ, ਸੰਸੇ ਨਾਲ ਭਰੀਆਂ ਦਲੀਲਾਂ ਪੇਸ਼ ਕਰਦੇ ਸਨ॥੯॥

ਕੇਤਿਕ ਦਿਨ ਲੌ ਚਰਚਾ ਰਹੀ। ਖ਼ਾਤਰਜਮਾ ਭਈ ਕਿਮ ਨਹੀਂ।
ਭਯੋ ਨਿਰਾਸ ਸਭਿਨਿ ਤੇ ਜਬੈ। ਸਰਮਦ ਕੋ ਸਿਮਰ੍ਯੋ ਤਿਨ ਤਬੈ॥ ੧੦॥

ਕਈ ਦਿਨਾਂ ਤਕ ਚਰਚਾ ਚਲਦੀ ਰਹੀ, ਪਰ ਉਹ ਦੂਤ ਦੀ ਕਿਸੇ ਤਰ੍ਹਾਂ ਵੀ ਤਸੱਲੀ ਨਾ ਹੋਈ। ਜਦ ਸਾਰਿਆਂ ਵਲੋਂ ਨਿਰਾਸ਼ ਹੋ ਗਿਆ ਤਾਂ ਉਸ ਨੇ ਸਰਮਦ ਦਾ ਨਾਂ ਯਾਦ ਕੀਤਾ॥੧੦॥

ਬੂਝ੍ਯੋ ਲੋਕਨ ਤੇ 'ਕਿਤ ਰਹੈ?। ਮਹਦ ਵਿਦਤ ਦਰਵੇਸ਼ ਜੁ ਅਹੈ'।
'ਪਰ੍ਯੋ ਕੈਦ ਮੈਂ ਤਿਨਹੁਂ ਬਤਾਵਾ। 'ਸ਼ਰ੍ਹਾ ਬਹਿਰ ਚਲਿਬੇ ਅਟਕਾਵਾ' ॥੧੧॥

ਲੋਕਾਂ ਪਾਸੋਂ ਪੁਛਿਆ ਕਿ ਉਹ ਕਿਥੇ ਰਹਿੰਦਾ ਹੈ, ਜਿਹੜਾ ਬੜਾ ਪ੍ਰਸਿੱਧ ਦਰਵੇਸ ਹੈ। ਲੋਕਾਂ ਨੇ ਦੱਸਿਆ, "ਉਹ ਕੈਦ ਵਿਚ ਪਿਆ ਹੈ, ਸ਼ਰ੍ਹਾ ਤੋਂ ਬਾਹਰ ਚਲਦਾ ਸੀ, ਇਸ ਕਰਕੇ ਜੇਲ੍ਹ ਅੰਦਰ ਬੰਦ ਕੀਤਾ ਹੈ" ॥੧੧॥

ਰੂਮ ਸ਼ਾਹਿ ਕੋ ਦੂਤ ਸੁਨੀ ਜਬਿ। ਜਾਨ੍ਯੋਂ ਨੌਰੰਗ ਕੁਟਿਲ ਬਡੋ ਤਬਿ।
ਗਯੋ ਕੈਦਖਾਨੋ ਮਹਿਂ ਦੇਖਾ। ਤਨ ਜਿਹ ਬੰਧਨ ਪਰੇ ਵਿਸ਼ੇਖਾ॥ ੧੨॥

ਰੂਮ ਦੇ ਬਾਦਸ਼ਾਹ ਦੇ ਦੂਤ ਨੇ ਜਦ ਇਹ ਗੱਲ ਸੁਣੀ ਤਾਂ ਉਸ ਨੌਰੰਗੇ ਨੂੰ ਵੱਡਾ ਕੁਟਿਲ ਜਾਣਿਆ। ਕੈਦਖਾਨੇ ਵਿਚ ਜਾ ਕੇ ਸਰਮਦ ਨੂੰ ਵੇਖਿਆ, ਜਿਸ ਦੇ ਸਰੀਰ ਨੂੰ ਵਿਸ਼ੇਸ਼ ਤੌਰ ਤੇ ਬਹੁਤ ਬੰਧਨ ਪਏ ਸਨ॥੧੨॥

ਹਾਥ ਜੋਰਿ ਕਰਿ ਸਿਜਦਾ ਕੀਨਿ। ਬੈਠ੍ਯੋ ਚਿਤ ਮਹਿਂ ਜਾਨਿ ਪ੍ਰਬੀਨ।
ਅਪਨੋ ਸਕਲ ਪ੍ਰਸੰਗ ਸੁਨਾਵਾ। 'ਰੂਮ ਵਲਾਇਤ ਤੇ ਚਲਿ ਆਵਾ॥ ੧੩॥

ਹੱਥ ਜੋੜ ਕੇ ਸਿਜਦਾ ਕੀਤਾ, ਜਿਥੇ ਉਹ ਨਿਪੁੰਨ ਵਿਅਕਤੀ ਚਿਤ ਵਿਚ ਬੈਠਿਆ ਜਾਣਿਆ। ਆਪਣਾ ਸਾਰਾ ਪ੍ਰਸੰਗ ਸੁਣਾਇਆ। "ਮੈਂ ਰੂਮ ਵਲਾਇਤ ਤੋਂ ਚਲ ਕੇ ਆਇਆ ਹਾਂ॥੧੩॥

ਤਹਾਂ ਨਾਮ ਸ਼ੁਭ ਸੁਨ੍ਯੋ ਤੁਮਾਰਾ। ਬਹੁ ਲੋਕਨਿ ਜਸੁ ਬਡੋ ਉਚਾਰਾ।
ਇਹਾਂ ਆਇ ਅਸ ਗਤਿ ਜੁਤਿ ਹੇਰਾ। ਤਊ ਮਾਇਨਾ ਕਹਹੁ ਭਲੇਰਾ॥ ੧੪॥

ਉਥੇ ਤੁਹਾਡਾ ਸ਼ੁਭ ਨਾਂ ਸੁਣਿਆ ਹੈ। ਬਹੁਤ ਲੋਕਾਂ ਨੇ ਤੁਹਾਡਾ ਜਸ ਉਚਾਰਨ ਕੀਤਾ ਹੈ। ਏਥੇ ਆ ਕੇ ਇਸ ਹਾਲਤ ਵਿਚ ਵੇਖਿਆ ਹੈ, ਤੁਸੀਂ ਭਲੇ ਅਰਥ ਕਰੋ॥੧੪॥

ਸੁਕਰ ਸਬਰ ਜੋ ਆਖਹਿਂ ਦੋਇ। ਕਿਸ ਕੋ ਕਹੈਂ? ਬਖਾਨੋ ਸੋਇ'।
ਸੁਨਿ ਸਰਮਦ ਤਿਹ ਸੋਂ ਤਬਿ ਕਹ੍ਯੋ। 'ਲੇਨਿ ਮਾਯਨਾ ਜੇ ਚਿਤ ਚਹ੍ਯੋ॥੧੫॥

ਸੁਕਰ ਸਬਰ ਜਿਹੜੇ ਦੋ ਸ਼ਬਦ ਆਖੇ ਜਾਂਦੇ ਹਨ, ਕਿਸ ਨੂੰ ਕਹਿੰਦੇ ਹਨ ? ਇਨ੍ਹਾਂ ਬਾਰੇ ਦੱਸੋ।" ਇਹ ਸੁਣ ਸਰਮਦ ਨੇ ਉਸ ਸਮੇਂ ਉਸ ਨੂੰ ਕਿਹਾ, "ਜੇ ਅਰਥ ਲੈਣ ਵਾਸਤੇ ਚਿਤ ਵਿਚ ਚਾਹੁੰਦੇ ਹੋ॥੧੫॥

ਹੋਤਿ ਪ੍ਰਾਤਿ ਕੋ ਚਲਿ ਕਰਿ ਆਵਹੁ। ਜਲ ਕੀ ਮਸ਼ਕ ਸੰਗ ਕਰਿ ਲ੍ਯਾਵਹੁ।
ਤਹਮਦ ਨਯੋ ਏਕ ਤਬਿ ਆਨਹੁ। ਲੇਹੁ ਮਾਇਨਾ ਜਥਾ ਬਖਾਨਹੁਂ ॥੧੬॥

ਤਾਂ ਸਵੇਰ ਹੁੰਦਿਆਂ ਚਲ ਕੇ ਆਵੋ, ਜਲ ਦੀ ਇਕ ਮਸ਼ਕ ਨਾਲ ਲਿਆਵੋ, ਤਹਿਮਤ ਇਕ ਨਵਾਂ ਲਿਆਵੋ ਤੇ ਉਸ ਤਰ੍ਹਾਂ ਅਰਥ ਲਵੋ ਜਿਸ ਤਰ੍ਹਾਂ ਕਹਿੰਦੇ ਹੋ"॥੧੬॥

ਸੁਨਿ ਕੈ ਦੂਤ ਗਯੋ ਨਿਜ ਡੇਰੇ। ਨਿਸਾ ਬਿਤਾਇ ਤਯਾਰ ਭਾ ਫੇਰੇ।
ਤਹਮਦ ਹਿਤ ਲੈ ਦ੍ਵੈ ਗਜ ਚੀਰ। ਮਸ਼ਕ ਲੀਨਿ ਭਰਿਵਾਇ ਸੁ ਨੀਰ॥੧੭॥

ਇਹ ਸੁਣ ਕੇ ਦੂਤ ਆਪਣੇ ਡੇਰੇ ਗਿਆ। ਰਾਤ ਬਤੀਤ ਕਰਕੇ ਫਿਰ ਤਿਆਰ ਹੋ ਗਿਆ। ਤਹਿਮਤ ਵਾਸਤੇ ਦੋ ਗਜ਼ ਕਪੜਾ ਲੈ ਲਿਆ ਤੇ ਇਕ ਮਸ਼ਕ ਪਾਣੀ ਨਾਲ ਭਰਵਾ ਲਈ॥੧੭॥

ਸਰਮਦ ਨਿਕਟਿ ਜਾਇ ਕਰਿ ਖਰਯੋ। ਤਹਮਦ ਜਲ ਕੋ ਅਰਪਨ ਕਰਯੋ।
ਦੇਖਤਿ ਉਠਯੋ ਕਰਯੋ ਇਸ਼ਨਾਨ। ਨਿਜ ਸਰੀਰ ਪਾਵਨਤਾ ਠਾਨਿ॥੧੮॥

ਸਰਮਦ ਦੇ ਪਾਸ ਜਾ ਕੇ ਖੜਾ ਹੋ ਗਿਆ, ਤਹਿਮਤ ਤੇ ਜਲ ਅਰਪਣ ਕੀਤਾ। ਜਲ ਵੇਖ ਕੇ ਸਰਮਦ ਉਠ ਪਿਆ ਤੇ ਇਸ਼ਨਾਨ ਕੀਤਾ ਤੇ ਆਪਣੇ ਸਰੀਰ ਨੂੰ ਪਵਿੱਤਰ ਕੀਤਾ॥੧੮॥

ਤਹਮਦ ਕੀਨੋ ਤੇਰ ਨਵੀਨ। ਖਰੋ ਰਹਯੋ ਦਰਵੇਸ਼ ਪ੍ਰਬੀਨ।
ਕਹਯੋ ਦੂਤ ਸੋਂ ਹੁਇ ਕਰਿ ਖਰੋ। 'ਪਿਖਹੁ ਬਿਲੋਚਨ ਮੂੰਦਨ ਕਰੋ'॥੧੯॥

ਨਵਾਂ ਤਹਿਮਤ ਤੇੜ ਬੰਨ੍ਹ ਲਿਆ ਤੇ ਫਿਰ ਉੱਤਮ ਦਰਵੇਸ਼ ਖੜਾ ਰਿਹਾ। ਫਿਰ ਖੜੇ ਹੋ ਕੇ ਦੂਤ ਨੂੰ ਕਿਹਾ, "ਅੱਖਾਂ ਬੰਦ ਕਰਕੇ ਵੇਖੋ"॥੧੯॥

ਸੁਨਿ ਕਰਿ ਠਾਂਢੋ ਭਯੋ ਅਗਾਰੀ। ਦ੍ਰਿਗ ਮੁੰਦ੍ਰਿਤ ਕਰਿ ਕੈ ਤਿਸ ਬਾਰੀ।
ਸਰਮਦ ਹਾਥ ਸੀਸ ਪਰ ਧਰਯੋ। ਅਚਰਜ ਬਡੋ ਦਿਖਾਵਨਿ ਕਰਯੋ॥੨੦॥

ਇਹ ਸੁਣ ਕੇ ਦੂਤ ਅੱਗੇ ਖੜਾ ਹੋ ਗਿਆ ਤੇ ਉਸ ਸਮੇਂ ਅੱਖਾਂ ਬੰਦ ਕਰ ਲਈਆਂ। ਸਰਮਦ ਨੇ ਆਪਣਾ ਹੱਥ ਉਸ ਦੇ ਸਿਰ 'ਤੇ ਰਖਿਆ ਤੇ ਬੜਾ ਅਸਚਰਜ ਉਸ ਨੂੰ ਵਿਖਾਇਆ॥੨੦॥

ਭੂਤ ਪ੍ਰੇਤ ਹੈਂ ਲਾਖੋਂ ਖਲੇ। ਪੁਰਿ ਸਗਰੋ ਨਿਜ ਹਾਥਨਿ ਧਰੇ।
ਸਰਮਦ ਬਦਨ ਦਿਸ਼ਾ ਸਭਿ ਹੇਰੈਂ। 'ਹਮ ਕੋ ਆਗਯਾ ਦੇ ਕਿਸ ਬੇਰੈ॥੨੧॥

ਲਖਾਂ ਭੂਤ ਪ੍ਰੇਤ ਖੜੇ ਸਨ, ਸਾਰੇ ਨਗਰ ਆਪਣੇ ਹੱਥਾਂ ਉੱਤੇ ਧਾਰਨ ਕੀਤੇ ਸਨ। ਸਰਮਦ ਦਾ ਚਿਹਰਾ ਸਭ ਪਾਸੇ ਵਿਖਾਈ ਦਿੰਦਾ ਸੀ। ਭੂਤਾਂ ਨੇ ਕਿਹਾ, "ਕਿਸੇ ਸਮੇਂ ਸਾਨੂੰ ਆਗਿਆ ਦੇਵੇ॥੨੧॥

ਜਮਨਾ ਮਹਿਂ ਗਰਹਿਂ ਉਥਲਾਇ। ਸਭ ਦਿੱਲੀ ਪੁਰਿ ਕੋ ਖਿਨਸਾਇਂ'।
ਸਰਮਦ ਨਹੀਂ ਹੁਕਮ ਕੋ ਦੇਤਿ। ਸਭਿ ਸਜ਼ਾਇ ਸਹਿ ਤਨ ਪਰ ਲੇਤਿ॥੨੨॥

ਇਨ੍ਹਾਂ ਨਗਰਾਂ ਨੂੰ ਜਮਨਾ ਵਿਚ ਉਲਟਾ ਦੇਈਏ, ਸਾਰੀ ਦਿੱਲੀ ਨਗਰੀ ਨੂੰ ਤਬਾਹ ਕਰਕੇ ਰੱਖ ਦੇਈਏ।" ਪਰ ਸਰਮਦ ਨੇ ਉਨ੍ਹਾਂ ਨੂੰ ਹੁਕਮ ਨਾ ਦਿੱਤਾ। ਸਾਰੀਆਂ ਸਜ਼ਾਵਾਂ ਆਪਣੇ ਸਰੀਰ 'ਤੇ ਸਹਿ ਲਈਆਂ॥੨੨॥

ਸਗਰੇ ਘਰ ਹਾਥਨਿ ਪਰ ਧਰੇ। ਲਾਖਹੁਂ ਸ਼ਕਤਿਵੰਤਿ ਹੈਂ ਖਰੇ।
ਇਹ ਦਿਖਾਇ ਕਰਿ ਹਾਥ ਉਤਾਰਾ। ਬਹੁਰ ਦੂਤ ਪ੍ਰਤਿ ਬਾਕ ਉਚਾਰਾ॥੨੩॥

ਸਾਰੇ ਘਰ ਆਪਣੇ ਹੱਥਾਂ ਤੇ ਧਰੇ ਸਨ, ਲੱਖਾਂ ਸ਼ਕਤੀਸ਼ਾਲੀ ਭੂਤ ਪ੍ਰੇਤ ਖੜੇ ਸਨ। ਇਸ ਤਰ੍ਹਾਂ ਵਿਖਾ ਕੇ ਸਾਰੇ ਹੱਥ ਤੋਂ ਉਤਾਰ ਦਿੱਤੇ, ਫਿਰ ਦੂਤ ਨਾਲ ਬਚਨ ਕੀਤਾ॥੨੩॥

'ਲਹਯੋ ਮਾਇਨਾ ਕੈਧੋਂ ਨਾਹਿ?। ਖ਼ਾਤਰਜਮਾ ਭਈ ਚਿਤ ਮਾਂਹਿ?'।
ਸੁਨਿ ਕਰਿ ਹਾਥ ਜੋਰਿ ਕਰਿ ਕਹਯੋ। 'ਆਂਖ ਮੂੰਦਿ ਜੋ ਅਚਰਜ ਲਹਯੋ॥੨੪॥

"ਹੁਣ ਉਸ ਲਫ਼ਜ਼ ਦਾ ਮਾਇਨਾ ਲਿਆ ਹੈ ਜਾਂ ਨਹੀਂ, ਚਿਤ ਵਿਚ ਤਸੱਲੀ ਹੋਈ ਹੈ ਕਿ ਨਹੀਂ ?" ਦੂਤ ਨੇ ਸੁਣ ਕੇ ਹੱਥ ਜੋੜ ਕੇ ਕਿਹਾ, "ਅੱਖਾਂ ਬੰਦ ਕਰਕੇ ਜੋ ਅਸਚਰਜ ਵੇਖਿਆ ਹੈ॥੨੪॥

'ਨਹੀਂ ਮਾਇਨਾ ਸਮੁਝਜੋ ਕੋਈ। ਨਿਰਨੈ ਕਰਹੁ ਬਤਾਵਹੁ ਸੋਈ'।
ਤਬਿ ਸਰਮਦ ਕਹਿਕੈ ਸਮੁਝਾਵਾ। 'ਹੇਤੁ ਮਾਇਨੇ ਮਹਿਂ ਦਿਖਰਾਵਾ॥ ੨੫ ॥

ਮੈਂ ਕੋਈ ਵੀ ਮਾਇਨਾ ਨਹੀਂ ਸਮਝਿਆ ਹਾਂ, ਨਿਰਨੇ ਕਰਕੇ ਮੈਨੂੰ ਉਹ ਦੱਸੋ।" ਤਦ ਸਰਮਦ ਨੇ ਕਹਿ ਕੇ ਸਮਝਾਇਆ, "ਮਾਇਨੇ ਵਾਸਤੇ ਮੈਂ ਅਸਚਰਜ ਵਿਖਾਇਆ ਸੀ॥੨੫॥

ਏਤੀ ਸ਼ਕਤਿ ਮੋਹਿ ਕੋ ਦੀਨਿ। ਕਰੀ ਮਿਹਰ ਜਾਨਜੋ ਬਹੁ ਦੀਨ।
ਯਾਂਤੇ ਸ਼ੁਕਰ ਰੱਬ ਕੇ ਘਰ ਕੋ। ਕਰਜੋ ਅਲਪ ਤੇ ਏਤਿਕ ਬਰ ਕੋ॥ ੨੬ ॥

ਪ੍ਰਭੂ ਨੇ ਮੈਨੂੰ ਏਨੀ ਸ਼ਕਤੀ ਦਿੱਤੀ ਹੈ, ਉਸ ਨੇ ਮਿਹਰ ਕੀਤੀ ਹੈ, ਤੂੰ ਜਾਣ ਗਿਆ ਹੈਂ ਕਿ ਬਹੁਤ ਕੁਝ ਦਿੱਤਾ ਹੈ। ਇੰਨਾ ਕੁਝ ਪਾ ਕੇ ਵੀ ਮੈਂ ਰਬ ਦੇ ਘਰ ਸ਼ੁਕਰ ਕਰਦਾ ਹਾਂ, ਏਨੇ ਵੱਡੇ ਵਰ ਨੂੰ ਬਹੁਤ ਛੋਟਾ ਕੀਤਾ ਹੈ॥੨੬॥

ਬਹੁਰ ਮੋਹਿ ਦਿਸ਼ਿ ਦੇਖਨਿ ਕਰੀਅਹਿ। ਇਤੀ ਸਮਰਥ ਸਮੇਤ ਬਿਚਰੀਅਹਿ।
ਤਊ ਸਬਰ, ਮੈਂ ਉਰ ਮਹਿਂ ਧਾਰਜੋ। ਨਹਿਂ ਕੁਬਾਕ ਭੀ ਕਿਸੂ ਉਚਾਰਜੋ॥ ੨੭ ॥

ਫਿਰ ਮੇਰੇ ਵੱਲ ਵੇਖੋ, ਏਨੀ ਸਮਰੱਥਾ ਸਮੇਤ ਵਿਚਾਰੋ ਫਿਰ ਵੀ ਮੈਂ ਹਿਰਦੇ ਵਿਚ ਸਬਰ ਧਾਰਨ ਕੀਤਾ ਹੈ, ਕੋਈ ਮਾੜਾ ਬਚਨ ਵੀ ਕਿਸੇ ਨੂੰ ਨਹੀਂ ਕਿਹਾ ਹੈ॥੨੭॥

ਸਰਬ ਸਜ਼ਾਇਨਿ ਸਹੌਂ ਸਰੀਰ। ਦੇਹਿਂ ਕਿਤਿਕ ਹੀ ਮੋਕਹੁ ਪੀਰ।
ਸਿਰ ਜਾਨੇ ਲਗਿ ਸਬਰ ਧਰੌਂ ਮੈਂ। ਸ਼ਕਤਿ ਦਿਖਾਵਨਿ ਨਹੀਂ ਕਰੌਂ ਮੈਂ ॥ ੨੮ ॥

ਸਾਰੀਆਂ ਸਜ਼ਾਵਾਂ ਸਰੀਰ 'ਤੇ ਸਹਿੰਦਾ ਹਾਂ, ਭਾਵੇਂ ਉਹ ਮੈਨੂੰ ਕਿੰਨੀ ਵੀ ਪੀੜ ਦਿੰਦੀਆਂ ਹਨ। ਸਿਰ ਜਾਣ ਤਕ ਮੈਂ ਸਬਰ ਧਾਰਨ ਕਰਾਂਗਾ, ਕਦੀ ਵੀ ਆਪਣੀ ਸ਼ਕਤੀ ਨਹੀਂ ਵਿਖਾਵਾਂਗਾ"॥੨੮॥

ਸੁਨਤਿ ਦੂਤ ਪਦ ਬੰਦਨ ਕਰੀ। ਖਾਤਰਜਮਾਂ ਅਧਿਕ ਪਿਖਿ ਧਰੀ।
ਪਾਇ ਮਾਇਨਾ ਗਮਨਜੋ ਦੇਸ਼। ਅਵਰੰਗ ਕੀ ਕਰਿ ਨਿੰਦ ਵਿਸ਼ੇਸ਼॥ ੨੯ ॥

ਇਹ ਸੁਣ ਕੇ ਦੂਤ ਨੇ ਚਰਨ ਕੰਵਲਾਂ ਤੇ ਬੰਧਨਾ ਕੀਤੀ, ਵੇਖ ਕੇ ਚੰਗੀ ਤਰ੍ਹਾਂ ਤਸੱਲੀ ਹੋ ਗਈ। ਅਰਥ ਪਾ ਕੇ ਆਪਣੇ ਦੇਸ਼ ਨੂੰ ਚਲੇ ਗਿਆ। ਨੌਰੰਗੇ ਦੀ ਉਸ ਵਿਸ਼ੇਸ਼ ਤੌਰ ਤੇ ਬਹੁਤ ਨਿੰਦਿਆ ਕੀਤੀ॥੨੯॥

ਪੀਛੇ ਕੈਦ ਰਹਜੋ, ਕੁਛ ਕਾਲ। ਤ੍ਰਾਸ ਨ ਮਾਨਹਿਂ ਮਸਤ ਬਿਸਾਲ।
ਸ਼ਰ੍ਹਾ ਨ ਮਾਨਹਿਂ, ਰਚਜੋ ਖੁਦਾਇ। ਨਰ ਬਪੁਰਾ ਕਜਾ ਅੱਗ੍ਰ ਲਖਾਇ॥ ੩੦ ॥

ਸਰਮਦ ਬਾਅਦ ਵਿਚ ਕੁਝ ਸਮਾਂ ਕੈਦ ਰਿਹਾ, ਬਾਦਸ਼ਾਹ ਦਾ ਡਰ ਨਹੀਂ ਸੀ ਮੰਨਦਾ, ਵਿਸ਼ਾਲ ਮਸਤ ਰਹਿੰਦਾ ਸੀ। ਸ਼ਰ੍ਹਾ ਨਹੀਂ ਸੀ ਮੰਨਦਾ, ਕਹਿੰਦਾ ਸੀ ਸਭ ਕੁਝ ਪ੍ਰਭੂ ਨੇ ਬਣਾਇਆ ਹੈ, ਮਨੁੱਖ ਵਿਚਾਰਾ ਉਸ ਅੱਗੇ ਕੀ ਹੈ ?॥੩੦॥

ਫਿਰ ਔਰੰਗ ਜਾਇ ਕਰਿ ਕਹੈਂ। 'ਸਰਮਦ ਨਹੀਂ ਤ੍ਰਾਸ ਮਨ ਲਹੈ।
ਬਿਨਾ ਤ੍ਰਾਸ ਤੇ ਸ਼ਰ੍ਹਾ ਨ ਚਾਲਹਿ। ਜਿਮ ਚਿਤ ਚਾਹੈ ਚਲਹਿ ਕੁਚਾਲਹਿ' ॥੩੧ ॥

ਕਾਜ਼ੀ ਔਰੰਗੇ ਪਾਸ ਜਾ ਕੇ ਕਹਿੰਦੇ ਸਨ, "ਸਰਮਦ ਤੁਹਾਡੇ ਡਰ ਨੂੰ ਮਨ ਵਿਚ ਨਹੀਂ ਲੈਂਦਾ ਹੈ। ਡਰ ਤੋਂ ਬਗੈਰ ਸ਼ਰ੍ਹਾ ਲਾਗੂ ਨਹੀਂ ਹੋ ਸਕਦੀ, ਜਿਵੇਂ ਚਿਤ ਚਾਹੁੰਦਾ ਹੈ, ਭੈੜੀ ਚਾਲੇ ਹੀ ਚਲਦਾ ਹੈ"॥੩੧॥

ਸੁਨਤਿ ਪਾਪਕਰਮਾ ਰਿਸ ਭਰਜੋ। ਕਤਲ ਸੀਸ ਕੋ ਹੁਕਮ ਉਚਰਜੋ।
ਚਲੀ ਧੌਂਸ ਬਾਜਤਿ ਤਿਸ ਤੀਰ। ਦੁਇ ਤੋਮਰ ਦੀਰਘ ਧਰਿ ਬੀਰ॥ ੩੨॥

ਇਹ ਸੁਣ ਕੇ ਪਾਪੀ ਨੌਰੰਗਾ ਗੁੱਸੇ ਨਾਲ ਭਰ ਗਿਆ, ਸੀਸ ਕਤਲ ਕਰ ਦੇਵੋ, ਹੁਕਮ ਉਚਾਰਨ ਕੀਤਾ। ਸਰਮਦ ਦੇ ਪਾਸ ਧੌਂਸਾ ਵਜਾਉਂਦੇ ਚਲੇ ਗਏ ਤੇ ਦੋ ਸੂਰਬੀਰ ਵੱਡੇ-ਵੱਡੇ ਬਰਛੇ ਮੋਢਿਆਂ 'ਤੇ ਧਰ ਕੇ ਚਲ ਪਏ॥੩੨॥

ਬਿਦਤ ਹੁਕਮ ਪੁਰਿ ਸਭਿ ਮਹਿਂ ਭਯੋ। ਸਰਮਦ ਸਿਰ ਕਾਟਨਿ ਕੋ ਕਿਯੋ।
ਹੇਤੁ ਬਿਲੋਕਨਿ ਲੋਕ ਸਿਧਾਏ। ਪਹੁਚੇ ਜਾਇ ਹੁਤੇ ਜਿਸ ਥਾਏਂ॥ ੩੩॥

ਬਾਦਸ਼ਾਹ ਨੇ ਜਿਹੜਾ ਹੁਕਮ ਦਿੱਤਾ ਸੀ, ਉਹ ਸਾਰੇ ਨਗਰ ਵਿਚ ਮਸ਼ਹੂਰ ਹੋ ਗਿਆ। ਸਰਮਦ ਦਾ ਸਿਰ ਕੱਟਣ ਦਾ ਹੁਕਮ ਦਿੱਤਾ ਹੈ। ਵੇਖਣ ਵਾਸਤੇ ਲੋਕ ਚਲ ਪਏ। ਜਿਸ ਥਾਂ ਸਰਮਦ ਸੀ, ਉਸ ਥਾਂ ਪਹੁੰਚ ਗਏ॥੩੩॥

ਸੁਨਿ ਕਰਿ ਬਿਨਾਂ ਤ੍ਰਾਸ ਹੀ ਬੋਲਾ। ਧਜਾਨ ਪ੍ਰਭੁ ਤੇ ਮਨ ਨਹਿਂ ਡੋਲਾ।
ਢਿਗ ਮਹਿਜਿਦ ਕੇ ਤਿਸੈ ਬਿਠਾਇ। ਹਨੀ ਤੇਗ਼ ਸਿਰ ਦੀਓ ਗਿਰਾਇ॥ ੩੪॥

ਉਹ ਸੁਣ ਕੇ ਬਿਨਾਂ ਡਰ ਦੇ ਬੋਲਿਆ, ਪ੍ਰਭੂ ਵਿਚ ਧਿਆਨ ਲੱਗਾ ਹੋਣ ਕਰਕੇ ਉਸਦਾ ਮਨ ਨਹੀਂ ਸੀ ਡੋਲਿਆ। ਮਸਜਿਦ ਦੇ ਨੇੜੇ ਉਸ ਨੂੰ ਬਿਠਾਇਆ ਤੇ ਤਲਵਾਰ ਮਾਰ ਕੇ ਉਸ ਦਾ ਸਿਰ ਡੇਗ ਦਿੱਤਾ॥੩੪॥

ਕਿਤਿਕ ਸਮੈ ਲਗਿ ਧਰ ਸੋ ਜੀਵਾ। ਬੈਠਜੋ ਰਹਜੋ ਤਥਾ ਥਿਰ ਥੀਵਾ।
ਨਿਜ ਸ੍ਰੋਣਤ ਸੋਂ ਅੰਗੁਰੀ ਭਰਿ ਭਰਿ। ਭੀਤ ਮਸੀਤ ਤਿਸੀ ਪਰ ਧਰਿ ਧਰਿ॥ ੩੫॥

ਸਿਰ ਲੱਥਣ ਤੋਂ ਬਾਅਦ ਵੀ ਕਾਫ਼ੀ ਸਮੇਂ ਤੱਕ ਜੀਵਿਆ। ਸਥਿਰ ਰੂਪ ਵਿਚ ਉਥੇ ਬੈਠਾ ਰਿਹਾ ਆਪਣੇ ਖ਼ੂਨ ਨਾਲ ਉਂਗਲੀਆਂ ਭਰ ਭਰ ਕੇ, ਮਸੀਤ ਦੀਵਾਰ ਉਤੇ ਉਂਗਲੀਆਂ ਧਰ ਧਰ ਕੇ॥੩੫॥

ਲਿਖੀ ਬੈਂਤ ਆਛੀ ਸੁ ਬਨਾਇ। ਜਿਸ ਕੋ ਪਠਿ ਬੈਰਾਗ ਉਪਾਇ।
ਇਸ ਪ੍ਰਕਾਰ ਸਰਮਦ ਕੋ ਮਾਰਾ। ਦ੍ਰੋਹੀ ਸ਼ਾਹੁ ਮਹਾਂ ਕੁਰਿਆਰਾ॥ ੩੬॥

ਇਹ ਚੰਗਾ ਬੈਂਤ ਬਣਾ ਕੇ ਲਿਖਿਆ, ਜਿਸ ਨੂੰ ਪੜ੍ਹ ਕੇ ਬੈਰਾਗ ਉਪਜਦਾ ਹੈ। ਇਸ ਪ੍ਰਕਾਰ ਸਰਮਦ ਨੂੰ ਮਾਰਿਆ, ਧ੍ਰੋਹੀ ਬਾਦਸ਼ਾਹ ਬੜਾ ਝੂਠਾ ਸੀ॥੩੬॥

*ਨੋਟ : ਜਿਹੜਾ ਸ਼ਿਅਰ ਸਰਮਦ ਨੇ ਕਤਲ ਸਮੇਂ ਉਚਾਰਿਆ ਸੀ, ਉਹ ਇਸ ਪ੍ਰਕਾਰ ਹੈ:*

*ਸਰ ਦਰੇ ਰਾਹੇ ਦਿਲਦਾਰ ਅਦਾ ਸ਼ੁਦ, ਚਿਹ ਖ਼ਜਾ ਸ਼ੁਦ।*
*ਈਂ ਬਾਰੇ ਗਿਰਾਂ ਬੂਦ ਅਦਾ ਸ਼ੁਦ, ਚਿਹ ਖ਼ਜਾ ਸ਼ੁਦ॥*

*ਅਰਥ :* ਸਿਰ ਪਿਆਰੇ ਦੇ ਰਾਹ ਵਿਚ ਭੇਟ ਹੋ ਗਿਆ, ਬਹੁਤ ਚੰਗਾ ਹੋਇਆ। ਇਹ ਵੱਡਾ ਭਾਰ ਸੀ, ਅਦਾ ਹੋ ਗਿਆ, ਬਹੁਤ ਚੰਗਾ ਹੋਇਆ।

ਕਰਤਿ ਘਾਤ ਪਾਤਕ ਨਹਿਂ ਜਾਨਹਿ। ਰਾਜ ਤੇਜ ਨਿਜ ਸੁਖ ਕੋ ਹਾਨਹਿ।
ਦਾਰਸ਼ਕੋਹ ਭ੍ਰਾਤ ਮਰਵਾਏ। ਤਿਸ ਤੇ ਪੰਦ੍ਰਾ ਦਿਵਸ ਬਿਤਾਏ॥ ੩੭॥

ਸਰਮਦ ਨੂੰ ਮਾਰ ਦਿੱਤਾ, ਪਾਪ ਨਾ ਜਾਣਿਆ, ਰਾਜ, ਤੇਜ ਤੇ ਆਪਣੇ ਸੁਖ ਨੂੰ ਅਪਮਾਨਜਨਕ ਬਣਾਇਆ। ਦਾਰਾਸ਼ਕੋਹ ਭਰਾ ਮਰਵਾਇਆ। ਉਸ ਤੋਂ ਬਾਅਦ ਜਦ ਪੰਦਰ੍ਹਾਂ ਦਿਨ ਬੀਤ ਗਏ॥੩੭

ਸਰਮਦ ਬਡ ਦਰਵੇਸ਼ ਸੰਘਾਰਜੋ। ਨਰਕ ਪਰਨ ਕੋ ਤ੍ਰਾਸ ਨ ਧਾਰਜੋ।
ਅਪਰ ਤੁਰਕ ਕੈ ਹਿੰਦੂ ਕੋਇ। ਗਹੈ ਸ਼ਰ੍ਹਾ ਹਿਤ ਮੂਰਖ ਸੋਇ॥ ੩੮॥

ਸਰਮਦ ਵੱਡੇ ਦਰਵੇਸ਼ ਨੂੰ ਕਤਲ ਕਰ ਦਿੱਤਾ। ਨਰਕ ਵਿਚ ਪੈਣ ਦੇ ਡਰ ਨੂੰ ਨਾ ਧਾਰਨ ਕੀਤਾ। ਦੂਸਰੇ ਜੋ ਤੁਰਕ ਜਾਂ ਹਿੰਦੂ ਸਨ, ਮੂਰਖ ਨੇ ਸ਼ਰ੍ਹਾ ਵਾਸਤੇ ਫੜ ਲਏ॥੩੮॥

ਕੇਤਿਕ ਕੋ ਗਹਿ ਕਰਿ ਮਰਿਵਾਵੈ। ਨਤੁਰ ਸ਼ਰ੍ਹਾ ਕੇ ਮੱਧ ਚਲਾਵੈ।
ਹੁਤੋ ਕੈਦ ਮਹਿਂ ਪਿਦਰ ਵਿਚਾਰਾ। ਤੇਜ ਸੁ ਰਾਜ ਅਧਿਕ ਜਿਹ ਧਾਰਾ॥ ੩੯ ॥

ਕਈਆਂ ਨੂੰ ਫੜ ਕੇ ਮਰਵਾ ਦਿੰਦਾ ਸੀ, ਨਹੀਂ ਤਾਂ ਸ਼ਰ੍ਹਾ ਵਿਚ ਤੋਰਦਾ ਸੀ। ਬਾਪ ਵਿਚਾਰਾ ਵੀ ਕੈਦ ਵਿਚ ਪਿਆ ਸੀ, ਜਿਸ ਦੇ ਰਾਜ ਨੇ ਬਹੁਤ ਤੇਜ ਧਾਰਨ ਕੀਤਾ ਸੀ॥੩੯॥

ਅਲਪ ਅਹਾਰ ਨੀਰ ਕੋ ਦੇਤਿ। ਬਹੁ ਦੁਖ ਪਾਇ ਛੁਧਿਤ ਤ੍ਰਿਖ ਹੇਤੁ।
ਗਹਯੋ ਇਕਾਕੀ ਰਾਖਿ ਬਿਠਾਇ। ਸੰਕਟ ਦੈ ਦੈ ਬਹੁ ਤਰਸਾਇ॥ ੪੦ ॥

ਬਹੁਤ ਥੋੜ੍ਹਾ ਭੋਜਨ ਅਤੇ ਪਾਣੀ ਦਿੰਦਾ ਸੀ, ਬਹੁਤ ਦੁਖ ਪਾ ਕੇ ਭੁੱਖਾ ਪਿਆਸਾ ਰਹਿੰਦਾ ਸੀ। ਇਕੱਲੇ ਨੂੰ ਫੜਿਆ ਤੇ ਫਿਰ ਬਿਠਾ ਰਖਿਆ, ਸੰਕਟ ਦੇ ਕੇ ਬਹੁਤ ਤਰਸਾਇਆ॥੪੦॥

ਜਿਸ ਤੇ ਉਤਪਤਿ ਮੂਰਖ ਹੋਵਾ। ਤਿਸੀ ਪਿਦਰ ਕੋ ਸੁਖ ਤੇ ਖੋਵਾ।
ਕੈਦ ਬਿਖੈ ਹੀ ਮਾਰਨਿ ਕਰਯੋ। ਇੱਤਜਾਦਿਕ ਪਾਪਨਿ ਗਨ ਧਰਯੋ॥ ੪੧ ॥

ਮੂਰਖ ਜਿਸ ਪਿਤਾ ਤੋਂ ਪੈਦਾ ਹੋਇਆ ਸੀ, ਉਸੇ ਪਿਤਾ ਦਾ ਸੁਖ ਖੋਹ ਲਿਆ। ਫਿਰ ਕੈਦ ਵਿਚ ਹੀ ਮਾਰ ਦਿੱਤਾ, ਇੱਤਿਆਦਿਕ ਅਣਗਿਣਤ ਪਾਪ ਕੀਤੇ॥੪੧॥

ਅਪਰ ਕੁਚਾਲੀ ਕੀਨਿ ਅਨੇਕ। ਅਤਿ ਮਤਿਮੰਦਾ ਹੀਨ ਬਿਬੇਕ।
ਜੋ ਨਿਜ ਪਿਦਰ ਸੰਗ ਇਮ ਖੋਟਾ। ਡਰੇ ਸਰਬ, ਪੁਨ ਕਿਨਹੁਂ ਨ ਹੋਟਾ॥ ੪੨ ॥

ਹੋਰ ਵੀ ਅਨੇਕਾਂ ਭੈੜੇ ਕਾਰਜ ਕੀਤੇ, ਅਤਿ ਮਾੜੀ ਮੱਤ ਵਾਲਾ ਸੀ ਤੇ ਗਿਆਨਹੀਣ ਸੀ। ਜਿਹੜਾ ਆਪਣੇ ਪਿਤਾ ਨਾਲ ਅਜਿਹੀ ਖੋਟ ਕਰਦਾ ਸੀ, ਉਸ ਕਾਰਨ ਸਾਰੇ ਡਰਦੇ ਸਨ, ਫਿਰ ਕਿਸੇ ਵੀ ਉਸ ਨੂੰ ਨਾ ਰੋਕਿਆ॥੪੨॥

ਅਪਰ ਕਹਾਂ ਲਗਿ ਕਹੌਂ ਖੁਟਾਈ। ਕਰਤਿ ਭਯੋ ਪਾਤਕ ਸਮੁਦਾਈ।
ਕੁਛਕ ਸੁਨਾਵਨਿ ਕਰੌਂ ਸੁਜਾਨਿ। ਜਿਸ ਤੇ ਸਲਤਨ ਤੁਰਕਨਿ ਹਾਨ॥ ੪੩ ॥

ਹੋਰ ਕਿਥੋਂ ਤਕ ਉਸ ਦੀ ਖੋਟੀ ਮੱਤ ਬਾਰੇ ਕਹਾਂ, ਪਾਪੀ ਸਾਰਿਆਂ 'ਤੇ ਜ਼ੁਲਮ ਕਰਦਾ ਰਿਹਾ। ਹੇ ਚਤੁਰ ਪੁਰਸ਼ੋ ! ਉਸ ਦੇ ਕੁਝ ਮਾੜੇ ਕੰਮਾਂ ਬਾਰੇ ਸੁਣਾਉਂਦਾ ਹਾਂ ਜਿਸ ਨਾਲ ਤੁਰਕਾਂ ਦੇ ਰਾਜ ਨੂੰ ਨੁਕਸਾਨ ਹੋਇਆ॥੪੩॥

*ਨੌਵੀਂ ਰਾਸ ਦਾ ਤੇਈਵਾਂ ਅਧਿਆਇ ਸਮਾਪਤ ਹੋਇਆ॥੨੩॥*

## ਅਧਿਆਇ ਚਵੀਵਾਂ

*ਔਰੰਗਜ਼ੇਬ ਦਾ ਵੇਸ਼ਵਾ ਤੇ ਸੂਫ਼ੀ ਫ਼ਕੀਰਾਂ ਨਾਲ ਸਲੂਕ*

ਦੋਹਰਾ- ਇਸ ਪ੍ਰਕਾਰ ਔਰੰਗ ਨੇ ਹਤੇ ਪਿਤਾ ਅਰੁ ਭ੍ਰਾਤ।
ਦੁਸ਼ਟ, ਪਾਪ ਕਰਮਾ ਮਹਾਂ ਬਹੁ ਲੋਕਨਿ ਦੁਖ ਦਾਤ॥ ੧ ॥

ਇਸ ਪ੍ਰਕਾਰ ਨੌਰੰਗੇ ਨੇ ਆਪਣੇ ਪਿਤਾ ਅਤੇ ਭਰਾਵਾਂ ਨੂੰ ਮਾਰਿਆ। ਦੁਸ਼ਟ ਮਹਾਂ ਪਾਪੀ ਬਹੁਤ ਲੋਕਾਂ ਨੂੰ ਦੁੱਖ ਦਿੰਦਾ ਸੀ॥੧॥

ਚੌਪਈ- 'ਸ਼ਰਾ ਬੀਚ ਸਭਿ ਜਗਤ ਚਲਾਵਹੁਂ। ਜੋ ਨਹਿਂ ਮਾਨੈ ਤਿਸੈ ਮਰਾਵਹੁਂ।
ਅਸ ਸੰਕਲਪ ਕੀਨਿ ਦ੍ਰਿੜ੍ਹ ਮਨ ਮੈਂ। ਅਤਿ ਬਾਦੀ ਤੁਰਕਨਿ ਕੇ ਗਨ ਮੈਂ॥੨॥

ਕਹਿੰਦਾ ਸੀ, "ਸਾਰਾ ਜੱਗ ਸ਼ਰ੍ਹਾ ਵਿਚ ਚਲਾਵਾਂਗਾ, ਜਿਹੜਾ ਨਹੀਂ ਮੰਨੇਗਾ ਉਸ ਨੂੰ ਮਰਵਾ ਦੇਵਾਂਗਾ। ਐਸਾ ਮਨ ਵਿਚ ਸੰਕਲਪ ਦ੍ਰਿੜ੍ਹ ਕੀਤਾ, ਤੁਰਕਾਂ ਦੇ ਸਮੂਹ ਵਿਚ ਅਤਿ ਝਗੜਾਲੂ ਸੀ॥੨॥

ਹਠ ਕਰਤਾ ਜਿਦ ਮੇ ਜੁ ਮਹਾਨੇ। ਜਿਨਹੁਂ ਮਾਇਨੇ ਅਰਬੀ ਜਾਨੇ।
ਬੀਚ ਪਾਰਸੀ ਨਿਪੁਨ ਸੁਜਾਨੇ। ਅਸ ਰਾਖੇ ਬਹੁ ਨਿਕਟਿ ਮੁਲਾਨੇ॥੩॥

ਜੋ ਮਹਾਨ ਹਠ ਕਰਨ ਵਾਲਾ ਅਤੇ ਜ਼ਿੱਦੀ ਸੀ। ਜਿਹੜੇ ਵਿਅਕਤੀ ਅਰਬੀ ਦੇ ਅਰਥ ਜਾਣਦੇ ਸਨ ਅਤੇ ਫ਼ਾਰਸੀ ਬੋਲੀ ਵਿਚ ਨਿਪੁੰਨ ਸਨ, ਇਸ ਤਰ੍ਹਾਂ ਦੇ ਬਹੁਤ ਮੁਲਾਣੇ ਪਾਸ ਰੱਖੇ ਸਨ॥੩॥

ਆਦਰ ਦਰਬ ਦੇਇ ਬਹੁਤੇਰਾ। ਤਿਨ ਕੀ ਸੰਗਤਿ ਕਰਤਿ ਘਨੇਰਾ।
ਪਰਮੇਸ਼੍ਵਰ ਪ੍ਰਾਪਤਿ ਮਗ ਅੰਧੇ। ਗਾਢੇ ਸ਼ਰ੍ਹਾ ਫਾਸ ਸੰਗ ਬੰਧੇ॥੪॥

ਉਨ੍ਹਾਂ ਨੂੰ ਆਦਰ ਅਤੇ ਧਨ ਬਹੁਤ ਦਿੰਦਾ ਸੀ, ਉਨ੍ਹਾਂ ਦੀ ਬਹੁਤ ਸੰਗਤ ਕਰਦਾ ਸੀ। ਜਿਹੜੇ ਪਰਮੇਸ਼ਰ ਦੀ ਪ੍ਰਾਪਤੀ ਦੇ ਰਾਹ ਤੋਂ ਅੰਨ੍ਹੇ ਸਨ ਤੇ ਚੰਗੀ ਤਰ੍ਹਾਂ ਸ਼ਰ੍ਹਾ ਦੀ ਫਾਹੀ ਨਾਲ ਬੰਨ੍ਹੇ ਹੋਏ ਸਨ॥੪॥

ਅੰਧਨਿ ਸਾਥ ਅੰਧ ਮਿਲਿ ਜੈਸੇ। ਗਜਾਨ ਰੂਪ ਕੋ ਹੋਹਿ ਨ ਕੈਸੇ।
ਤਥਾ ਸ਼ਰ੍ਹਾ ਸਭਿ ਅੰਧੇ ਕਰੇ। ਮਗ ਖ਼ੁਦਾਇ ਕਯੋਂ ਦ੍ਰਿਸ਼ਟੀ ਪਰੇ॥੫॥

ਅੰਨ੍ਹਿਆਂ ਨਾਲ ਜਿਵੇਂ ਅੰਨ੍ਹਾ ਮਿਲ ਗਿਆ ਹੋਵੇ, ਅੰਨ੍ਹੇ ਨੂੰ ਰੂਪ ਦਾ ਗਿਆਨ ਕਿਸੇ ਤਰ੍ਹਾਂ ਵੀ ਨਹੀਂ ਹੁੰਦਾ, ਭਾਵ ਸ਼ਰ੍ਹਾ ਨੇ ਸਭ ਨੂੰ ਅੰਨ੍ਹਾ ਕਰ ਦਿੱਤਾ ਸੀ, ਫਿਰ ਅੰਨ੍ਹਿਆਂ ਨੂੰ ਖ਼ੁਦਾਈ ਮਾਰਗ ਕਿਵੇਂ ਵਿਖਾਈ ਦੇ ਸਕਦਾ ਸੀ॥੫॥

ਰਿਦੇ ਨੁਰੰਗੇ ਕੀਨਿ ਬਿਚਾਰ। 'ਬੇਸ਼ਜਾ ਬ੍ਰਿੰਦ ਬਜ਼ਾਰ ਮਝਾਰ।
ਸਭਿ ਹਰਾਮ ਕਰਿ ਬੈਸ ਬਿਤਾਵੈਂ। ਸ਼ਰ੍ਹਾ ਬੀਚ ਏ ਨਹਿਂ ਦ੍ਰਿਸ਼ਟਾਵੈਂ॥੬॥

ਨੁਰੰਗੇ ਨੇ ਹਿਰਦੇ ਵਿਚ ਵਿਚਾਰ ਕੀਤੀ, "ਬਾਜ਼ਾਰ ਵਿਚ ਬਹੁਤ ਵੇਸਵਾਵਾਂ ਰਹਿੰਦੀਆਂ ਹਨ, ਸਾਰੀਆਂ ਹਰਾਮ ਦੀ ਉਮਰ ਬਤੀਤ ਕਰਦੀਆਂ ਹਨ, ਸ਼ਰ੍ਹਾ ਵਿਚ ਇਹ ਨਹੀਂ ਵਿਖਾਇਆ ਗਿਆ ਹੈ॥੬॥

ਸਗਰੀ ਕਰਿ ਕੈ ਹੁਕਮ ਹਕਾਰੀ। ਆਦੀ ਬ੍ਰਿੱਧ, ਤਰੁਨ ਅਰੁ ਬਾਰੀ।
ਕਹਯੋ 'ਕਾਰ ਅਪਨੀ ਦਿਹੁ ਤਜਾਗਿ। ਇਕ ਇਕ ਖਸਮ ਸੰਗ ਲਿਹੁ ਲਾਗ॥੭॥

ਸਾਰੀਆਂ ਵੇਸਵਾਵਾਂ ਨੂੰ ਹੁਕਮ ਕਰਕੇ ਬੁਲਾ ਲਿਆ, ਬੁਢੀਆਂ, ਜਵਾਨ ਅਤੇ ਬਾਲੜੀਆਂ ਆਈਆਂ। ਉਨ੍ਹਾਂ ਨੂੰ ਕਿਹਾ, "ਆਪਣੀ ਕਾਰ ਛੱਡ ਦੇਵੋ ਇਕ ਇਕ ਬੰਦੇ ਨੂੰ ਆਪਣਾ ਖਸਮ ਬਣਾ ਲਵੋ॥੭॥

ਨਾਂਹਿ ਤ ਦੋਜ਼ਕ ਮੈਂ ਦੁਖ ਪਾਵਉ। ਬਹੁ ਸੋਂ ਮਿਲੋ ਹਰਾਮ ਕਮਾਵਉ'।
ਸੁਨਿ ਕਰਿ ਬੇਸ਼ਜਾ ਬਹੁਤ ਪੁਕਾਰੀ। 'ਇਹੀ ਕਦੀਮੀ ਕਾਰ ਹਮਾਰੀ॥੮॥

ਨਹੀਂ ਤਾਂ ਦੋਜ਼ਕ ਵਿਚ ਦੁੱਖ ਪਾਵੋਗੀਆਂ, ਬਹੁਤਿਆਂ ਨੂੰ ਮਿਲ ਕੇ ਹਰਾਮ ਕਮਾਉਂਦੀਆਂ ਹੋ।" ਵੇਸ਼ਵਾਵਾਂ ਨੇ ਇਹ ਸੁਣ ਕੇ ਬਹੁਤ ਪੁਕਾਰ ਕੀਤੀ, "ਇਹ ਸਾਡੀ ਕਦੀਮੀ ਕਾਰ ਹੈ॥੮॥

ਬਰਖ ਹਜ਼ਾਰਹੁਂ ਬੀਤ ਗਏ ਹੈਂ। ਬਡੇ ਬਡੇ ਪਤਿਸ਼ਾਹੁ ਭਏ ਹੈਂ।
ਕਿਨਹੁਂ ਨ ਹਮ ਕੋ ਰੋਕਨਿ ਕੀਨਿ। ਕਰਤਿ ਰਹੀ ਨਿਜ ਕਾਰ ਧਨੀਨ॥੯॥

ਹਜ਼ਾਰਾਂ ਸਾਲ ਬੀਤ ਗਏ ਹਨ, ਵੱਡੇ-ਵੱਡੇ ਬਾਦਸ਼ਾਹ ਹੋਏ ਹਨ, ਕਿਸੇ ਨੇ ਵੀ ਸਾਨੂੰ ਰੋਕਿਆ ਨਹੀਂ ਹੈ, ਇਸਤਰੀਆਂ ਆਪਣੀ ਕਾਰ ਕਰਦੀਆਂ ਰਹੀਆਂ ਹਨ॥੯॥

ਹਮ ਕੈਸੇ ਅਬਿ ਤਜਾਗਨਿ ਕਰੈਂ। ਜਬਰੀ ਕਰਹੁ ਬੈਠਿ ਦਰ ਮਰੈਂ।
ਨੌਰੰਗ ਸੁਨਿ ਖੁਨਸਜੋਂ, ਨਹਿਂ ਭਾਈ। ਨੌਕਾ ਪਰ ਗਨ ਬੋਲਿ ਚਢਾਈ॥ ੧੦॥

ਹੁਣ ਅਸੀਂ ਆਪਣੀ ਕਾਰ ਕਿਵੇਂ ਤਿਆਗ ਦੇਈਏ, ਜਬਰੀ ਕਰੋਗੇ ਤਾਂ ਦਰਵਾਜ਼ੇ 'ਤੇ ਬੈਠ ਕੇ ਮਰ ਜਾਵਾਂਗੀਆਂ"। ਨੌਰੰਗਾ ਇਹ ਸੁਣ ਕੇ ਗੁੱਸੇ ਵਿਚ ਆ ਗਿਆ। ਉਨ੍ਹਾਂ ਦੀ ਗੱਲ ਉਸ ਨੂੰ ਚੰਗੀ ਨਾ ਲੱਗੀ। ਸਾਰੀਆਂ ਨੂੰ ਕਹਿ ਕੇ ਬੇੜੀਆਂ ਵਿਚ ਚੜ੍ਹਾ ਲਿਆ॥੧੦॥

ਜਮਨਾ ਕੇ ਪ੍ਰਵਾਹ ਮੈਂ ਜਾਇ। ਗਹਿ ਗਹਿ ਸਗਰੀ ਦਈ ਡੁਬਾਇ।
ਹਾਹਾਕਾਰ ਪੁਰੀ ਮਹਿਂ ਹੋਵਾ। 'ਇਹ ਦੁਰਮਤਿ ਕੁਲ ਕੋ ਜਸੁ ਖੋਵਾ'॥ ੧੧॥

ਦਰਿਆ ਜਮਨਾ ਦੇ ਪ੍ਰਵਾਹ ਦੇ ਵਿਚ ਜਾ ਕੇ ਫੜ ਫੜ ਕੇ ਸਾਰੀਆਂ ਡੋਬ ਦਿੱਤੀਆਂ। ਸਾਰੇ ਨਗਰ ਵਿਚ ਹਾਹਾਕਾਰ ਮਚ ਗਈ, "ਇਸ ਭੈੜੀ ਮੱਤ ਵਾਲੇ ਨੇ ਕੁਲ ਦੇ ਜਸ ਨੂੰ ਗਵਾ ਦਿੱਤਾ ਹੈ"॥੧੧॥

ਕਰਮਾਤ ਕੁਛ ਸੌ ਇਕ ਪੀਰ। ਤਿਸ ਢਿਗ ਗਈ ਬੇਸ਼ਿਯਨਿ ਭੀਰ।
ਬ੍ਰਿਥਾ ਆਪਨੀ ਸਕਲ ਸੁਨਾਈ। 'ਇਹ ਨੌਰੰਗ ਬਾਦੀ ਦੁਖਦਾਈ॥ ੧੨॥

ਇਕ ਪੀਰ ਕੁਝ ਕਰਾਮਾਤੀ ਸੀ, ਉਨ੍ਹਾਂ ਦੇ ਪਾਸ ਵੇਸ਼ਵਾਵਾਂ ਇਕੱਠੀਆਂ ਹੋ ਕੇ ਗਈਆਂ, ਆਪਣੀ ਸਾਰੀ ਕਹਾਣੀ ਸੁਣਾਈ, "ਇਹ ਨੌਰੰਗਾ ਝਗੜਾਲੂ ਬੜਾ ਦੁਖਦਾਇਕ ਹੈ॥੧੨॥

ਇਸ ਤੇ ਰੱਛਯਾ ਕਰਹੁ ਹਮਾਰੀ। ਨਾਂਹਿ ਤੇ ਨਾਸਹਿਂ ਸਭਿ ਇਕ ਬਾਰੀ'॥
ਸੁਨਤਿ ਪੀਰ ਕੇ ਕਰੁਨਾ ਆਈ। ਗਾਵਨ ਮਹਿਂ ਦਿਯ ਖਯਾਲ ਬਨਾਈ॥ ੧੩॥

ਇਸ ਤੋਂ ਸਾਡੀ ਰੱਖਿਆ ਕਰੋ, ਨਹੀਂ ਤਾਂ ਸਾਰੀਆਂ ਇਕੋ ਵਾਰ ਨੱਸ ਜਾਵਾਂਗੀਆਂ"। ਇਹ ਸੁਣ ਕੇ ਪੀਰ ਦੇ ਮਨ ਵਿਚ ਰਹਿਮ ਆਇਆ ਤੇ ਉਸ ਨੇ ਉਨ੍ਹਾਂ ਨੂੰ ਗਾਉਣ ਵਾਸਤੇ ਇਕ ਖ਼ਿਆਲ (ਇਕ ਪ੍ਰਕਾਰ ਦੀ ਕਵਿਤਾ) ਬਣਾ ਦਿੱਤੀ॥੧੩॥

'ਗਾਵਹੁ ਜਾਇ ਦੁਰਗ ਪਿਛਵਾਰੇ। ਸੁਨਿ ਨੌਰੰਗ ਤੁਮ ਕੋ ਨਹਿਂ ਮਾਰੇ'।
ਆਗਯਾ ਪਾਇ ਸੀਖ ਕਰਿ ਆਈ। ਮਿਲਿ ਬੇਸ਼੍ਵਾ ਹੈ ਕੈ ਸਮੁਦਾਈ॥ ੧੪॥

ਉਨ੍ਹਾਂ ਨੂੰ ਕਿਹਾ, "ਕਿਲ੍ਹੇ ਦੇ ਪਿੱਛੇ ਜਾ ਕੇ ਗਾਵੋ, ਇਹ ਸੁਣ ਕੇ ਨੌਰੰਗਾ ਤੁਹਾਨੂੰ ਨਹੀਂ ਮਾਰੇਗਾ"। ਆਗਿਆ ਪਾ ਕੇ ਉਹ ਕਵਿਤਾ ਯਾਦ ਕਰਕੇ ਆਈਆਂ ਤੇ ਸਾਰੀਆਂ ਵੇਸ਼ਵਾਵਾਂ ਮਿਲ ਕੇ ਇਕੱਠੀਆਂ ਹੋਈਆਂ॥੧੪॥

ਜਹਿਂ ਕੀ ਧੁਨਿ ਸੁਨਿ ਨੌਰੰਗ ਕਾਨ। ਤਹਾਂ ਜਾਇ ਉਚੇ ਕਰਿ ਗਾਨ।
ਪੀਰ ਬਨਾਵਟ ਮਨ ਮਹਿਂ ਜਾਨਿ। ਹੁਕਮ ਸ਼ਾਹਿ ਨੇ ਕੀਨਿ ਬਖਾਨ॥ ੧੫॥

ਜਿਥੇ ਨੌਰੰਗੇ ਦੇ ਕੰਨ ਧੁੰਨ ਨੂੰ ਸੁਣ ਸਕਦੇ ਸਨ, ਉਥੇ ਜਾ ਕੇ ਬਹੁਤ ਉੱਚੀ ਗਾਉਣ ਲੱਗੀਆਂ। ਨੌਰੰਗੇ ਨੇ ਮਨ ਵਿਚ ਇਹ ਜਾਣ ਲਿਆ ਕਿ ਗੀਤ ਕਿਸੇ ਪੀਰ ਨੇ ਬਣਾਇਆ ਹੈ। ਬਾਦਸ਼ਾਹ ਨੇ ਉਸੇ ਵੇਲੇ ਹੁਕਮ ਕੀਤਾ॥੧੫॥

'ਜੇ ਤਿਸਕੀ ਮਰਜ਼ੀ ਹੈ ਐਸੇ। ਹਮ ਨਹਿਂ ਕਰਹਿਂ, ਕਰਹੁ ਕ੍ਰਿਤ ਤੈਸੇ।
ਪੀਰ ਹੁਕਮ ਕੋ ਕਬਿ ਨ ਹਟਾਵੌਂ। ਜਿਸ ਆਗੇ ਮੈਂ ਸੀਸ ਨਿਵਾਵੌਂ॥ ੧੬॥

"ਜੇ ਉਸ ਦੀ ਇਸ ਤਰ੍ਹਾਂ ਮਰਜ਼ੀ ਹੈ, ਅਸੀਂ ਕੁਝ ਨਹੀਂ ਕਰਦੇ। ਪਹਿਲਾਂ ਅਨੁਸਾਰ ਹੀ ਕ੍ਰਿਤ ਕਰੋ। ਪੀਰ ਦੇ ਹੁਕਮ ਨੂੰ ਕਦੀ ਨਹੀਂ ਹਟਾਵਾਂਗਾ, ਜਿਸ ਦੇ ਅੱਗੇ ਮੈਂ ਸੀਸ ਨਿਵਾਉਂਦਾ ਹਾਂ"॥੧੬॥

ਇਮ ਸੁਨਿ ਕੈ ਬੇਸ਼ਜਾ ਹਰਖਾਇ। ਬਚ ਕਰਿ ਰਹੀ ਬਸੀ ਗ੍ਰਿਹ ਆਇ।
ਜਥਾ ਸਰਪ ਘੇਰੇ ਮੈਂ ਹੋਇ। ਡਸਿਬੇ ਤੇ ਬਚਿ ਹੈ ਬਿਧਿ ਕੋਇ॥ ੧੭॥

ਇਹ ਸੁਣ ਕੇ ਵੇਸ਼ਵਾਵਾਂ ਪ੍ਰਸੰਨ ਹੋ ਗਈਆਂ, ਜਿਹੜੀਆਂ ਬਚ ਗਈਆਂ ਸਨ, ਉਹ ਆਪਣੇ ਘਰਾਂ ਵਿਚ ਆ ਵਸੀਆਂ ਜਿਵੇਂ ਸੱਪ ਦੇ ਘੇਰੇ ਵਿਚ ਆ ਗਈਆਂ ਹੋਣ ਤੇ ਕਿਸੇ ਵਿਧੀ ਅਨੁਸਾਰ ਡੰਗ ਖਾਣ ਤੋਂ ਬਚ ਗਈਆਂ ਹੋਣ॥੧੭॥

ਤੁਰਕਨਿ ਮਹਿ ਇਕ ਹੋਤਿ ਫਕੀਰ। ਸੂਫੀ ਕੇ ਪਹਿਰੈਂ ਸ਼ੁਭ ਚੀਰ।
ਢੋਲਕ ਬਜਤਿ ਚਢਹਿ ਜਿਨ ਹਾਲ। ਸਿਰ ਭਰਮਾਇ ਬਿਸੁੱਧ ਬਿਹਾਲ॥੧੮॥

ਤੁਰਕਾਂ ਵਿਚ ਇਕ ਫ਼ਕੀਰ ਸੀ, ਉਹ ਸੂਫੀਆਂ ਵਾਲੇ ਸ਼ੁਭ ਕਪੜੇ ਪਹਿਣਦਾ ਸੀ। ਢੋਲਕ ਵਜਣ ਨਾਲ ਜਿਸ ਨੂੰ ਹਾੜਾ ਚੜ੍ਹਦਾ ਸੀ ਤੇ ਸਿਰ ਮਾਰ ਮਾਰ ਕੇ ਬੇਸੁੱਧ ਬਿਹਾਲ ਹੋ ਜਾਂਦਾ ਸੀ॥੧੮॥

ਸੋ ਦਿੱਲੀ ਪੁਰਿ ਮਹਿਂ ਸਮੁਦਾਇ। ਤਿਨ ਕੋ ਨੌਰੰਗ ਲੀਨਿ ਬੁਲਾਇ।
ਸਭਿ ਇਕਠੇ ਕਿਯ ਭਏ, ਘਨੇਰੇ। ਬੂਝਨਿ ਲਗਯੋ ਤਿਨਹੁਂ ਕਰਿ ਨੇਰੇ॥੧੯॥

ਉਹ ਸਮੂਹ ਫ਼ਕੀਰ ਦਿੱਲੀ ਨਗਰ ਵਿਚ ਰਹਿੰਦੇ ਸਨ। ਨੌਰੰਗੇ ਨੇ ਉਨ੍ਹਾਂ ਨੂੰ ਬੁਲਾ ਲਿਆ। ਵੱਡੀ ਗਿਣਤੀ ਵਿਚ ਸਭ ਇਕੱਠੇ ਕੀਤੇ ਤੇ ਉਨ੍ਹਾਂ ਨੂੰ ਆਪਣੇ ਨੇੜੇ ਕਰਕੇ ਪੁੱਛਣ ਲੱਗਾ॥੧੯॥

'ਤੁਮ ਕੈਸੇ ਬੇਸੁਧ ਹੁਇ ਜਾਵਹੁ?। ਆਪਨ ਪਰ ਕਾ ਨਹੀਂ ਲਖਾਵਹੁ।
ਰਿਦੇ ਤੁਮਾਰੇ ਮਹਿਂ ਕਯਾ ਹੋਇ?। ਬੇ ਇਖਤਯਾਰੀ ਕਾਰਨ ਕੋਇ॥੨੦॥

"ਤੁਸੀਂ ਕਿਸ ਤਰ੍ਹਾਂ ਬੇਸੁੱਧ ਹੋ ਜਾਂਦੇ ਹੋ? ਆਪਣੇ ਆਪ ਨੂੰ ਫਿਰ ਪਹਿਚਾਨਦੇ ਨਹੀਂ। ਤੁਹਾਡੇ ਹਿਰਦੇ ਵਿਚ ਕੀ ਹੁੰਦਾ ਹੈ? ਕੀ ਕੋਈ ਬੇਇਖ਼ਤਿਆਰੀ ਕਾਰਨ ਇਸ ਤਰ੍ਹਾਂ ਹੁੰਦਾ ਹੈ?॥੨੦॥

ਇਹ ਤੌ ਸ਼ਰ੍ਹਾ ਬਿਖੈ ਨਹਿਂ ਬਾਤ। ਲਖੀਅਤਿ ਜਾਂ ਤੇ ਦੰਭ ਕਮਾਤਿ'।
ਸੁਨਤਿ ਫਕੀਰਨਿ ਉੱਤਰ ਦੀਏ। 'ਏਵ ਸਿਰੜ ਦਰਵੇਸ਼ਨਿ ਕੀਏ॥੨੧॥

ਪਰ ਸ਼ਰ੍ਹਾ ਵਿਚ ਇਹ ਗੱਲ ਨਹੀਂ ਵੇਖੀ ਜਾਂ ਤੁਸੀਂ ਪਖੰਡ ਕਰਦੇ ਹੋ।" ਇਹ ਸੁਣ ਕੇ ਫ਼ਕੀਰਾਂ ਉੱਤਰ ਦਿੱਤਾ, "ਇਸ ਤਰ੍ਹਾਂ ਦਾ ਹਠ ਦਰਵੇਸ਼ ਕਰਦੇ ਹਨ॥੨੧॥

ਤੁਮ ਕਯਾ ਕਹਤਿ, ਕਰੈ ਕਿਮ ਕੋਈ। ਜਥਾ ਫਕੀਰਨਿ ਮਰਜ਼ੀ ਹੋਈ।
ਮਗ ਖ਼ੁਦਾਇ ਕੇ ਜੇ ਨਰ ਚਾਲੇ। ਮਨ ਬੰਧ ਜਾਇ ਪ੍ਰੇਮ ਪ੍ਰਭੁ ਨਾਲੇ॥੨੨॥

ਤੁਸੀਂ ਕੀ ਕਹਿੰਦੇ ਹੋ, ਕੋਈ ਕਿਵੇਂ ਕਰੇ, ਜਿਵੇਂ ਫ਼ਕੀਰਾਂ ਦੀ ਮਰਜ਼ੀ ਹੁੰਦੀ ਹੈ, ਕਰਦੇ ਹਨ। ਖ਼ੁਦਾ ਦੇ ਮਾਰਗ 'ਤੇ ਜਿਹੜੇ ਮਨੁੱਖ ਚਲਦੇ ਹਨ, ਉਨ੍ਹਾਂ ਦਾ ਮਨ ਪ੍ਰਭੂ ਦੇ ਪ੍ਰੇਮ ਨਾਲ ਬਝ ਜਾਂਦਾ ਹੈ॥੨੨॥

ਨਿਸ ਦਿਨ ਸੁਰਤਿ ਟਿਕੀ ਜਿਨ ਰਹੈ। ਇਕ ਦਰ ਕੇ ਆਸ਼ਿਕ ਨਿਤ ਅਹੈਂ।
ਢੋਲਕ ਆਦਿ ਬਜਾਵਨਿ ਕਰਿ ਕੇ। ਗੁਨ ਖ਼ੁਦਾਇ ਗਾਵਨਿ ਸੰਗ ਸੁਰ ਕੇ॥੨੩॥

ਜਿਨ੍ਹਾਂ ਦੀ ਦਿਨ ਰਾਤ ਸੁਰਤ ਟਿਕੀ ਰਹਿੰਦੀ ਹੈ, ਉਹ ਸਦਾ ਹੀ ਇਕ ਦਰ ਦੇ ਆਸ਼ਕ ਰਹਿੰਦੇ ਹਨ। ਢੋਲ ਆਦਿ ਵਜਾ ਕੇ, ਸੁਰ ਵਿਚ ਖ਼ੁਦਾ ਦੀਆਂ ਸਿਫ਼ਤਾਂ ਗਾਉਂਦੇ ਹਨ॥੨੩॥

ਤਬ ਤਿਨਿ ਰਿਦੈ ਚੋਟ ਸੀ ਲਾਗੇ। ਬੇਇਖਤਯਾਰ ਹੋਹਿਂ ਅਨੁਰਾਗੇ।
ਬਿਸਰਿ ਜਾਤਿ ਸੁਧਿ ਸਰਬ ਸ਼ਰੀਰ। ਧੀਰਜ ਕਹਾਂ ਸੰਭਾਰਨਿ ਚੀਰ॥੨੪॥

ਤਦ ਉਨ੍ਹਾਂ ਦਿਆਂ ਹਿਰਦਿਆਂ ਵਿਚ ਸੱਟ ਜੇਹੀ ਲੱਗਦੀ ਹੈ, ਬੇਇਖ਼ਤਿਆਰ ਹੋ ਕੇ ਉਹ ਪ੍ਰਭੂ ਨਾਲ ਪ੍ਰੇਮ ਕਰਨ ਲੱਗੇ

ਜਾਂਦੇ ਹਨ। ਉਨ੍ਹਾਂ ਨੂੰ ਸਰੀਰ ਦੀ ਸਾਰੀ ਸੋਝੀ ਭੁਲ ਜਾਂਦੀ ਹੈ ਉਨ੍ਹਾਂ ਵਿਚ ਏਨਾਂ ਧੀਰਜ ਕਿਥੇ ਰਹਿੰਦਾ ਹੈ ਕਿ ਆਪਣੇ ਕੱਪੜਿਆਂ ਦੀ ਸੰਭਾਲ ਕਰਨ ॥੨੪॥

ਸੰਗ ਖ਼ੁਦਾਇ ਮਿਲਾਵਹਿਂ ਮਨ ਕੋ। ਬ੍ਰਿੱਤਿ ਸਮੇਤ ਬਿਸਾਰਹਿਂ ਤਨ ਕੋ।
ਜਥਾ ਚੋਟ ਕੋ ਮੁਰਛਾ ਪਾਇ। ਐਸੋ ਖਯਾਲ ਤਿਨਹੁਂ ਬਨਿ ਜਾਇ ॥ ੨੫ ॥

ਉਹ ਖ਼ੁਦਾ ਦੇ ਨਾਲ ਆਪਣੇ ਮਨ ਨੂੰ ਮਿਲਾਉਂਦੇ ਹਨ ਤੇ ਬ੍ਰਿਤੀ ਸਮੇਤ ਤਨ ਨੂੰ ਵਿਸਾਰ ਦਿੰਦੇ ਹਨ। ਢੋਲ ਉੱਤੇ ਡੱਗਾ ਲੱਗਣ 'ਤੇ ਬੇਹੋਸ਼ੀ ਪਾਉਂਦੇ ਹਨ, ਐਸਾ ਖ਼ਿਆਲ ਉਨ੍ਹਾਂ ਦਾ ਬਣ ਜਾਂਦਾ ਹੈ" ॥੨੫॥

ਤਿਨ ਤੇ ਸੁਨਿ ਨੌਰੰਗ ਨੇ ਬਰਨੀ। 'ਜੇ ਕਰਿ ਤੁਮਰੇ ਇਹੁ ਸਚ ਕਰਨੀ।
ਭੋਰ ਹੋਤਿ ਮੈਂ ਪਰਖਨਿ ਕਰਿਹੋਂ। ਕੂਰੇ ਨਹੀਂ ਬਹੁਰ ਉਰ ਧਰਿਹੋਂ॥ ੨੬ ॥

ਉਨ੍ਹਾਂ ਪਾਸੋਂ ਸੁਣ ਕੇ ਨੌਰੰਗੇ ਨੇ ਕਿਹਾ, "ਜੇ ਤੁਹਾਡੀ ਇਹ ਕਰਨੀ ਸੱਚੀ ਹੈ ਤਾਂ ਸਵੇਰ ਹੁੰਦਿਆਂ ਹੀ ਮੈਂ ਪਰਖ ਕਰਾਂਗਾ, ਝੂਠ ਨੂੰ ਫਿਰ ਮੈਂ ਹਿਰਦੇ ਵਿਚ ਨਹੀਂ ਧਾਰਨ ਕਰਾਂਗਾ ॥੨੬॥

ਅਬਿ ਤੁਮ ਜਾਹੁ ਹੋਹੁ ਸਮੁਦਾਇ। ਇਹ ਬਿਧਿ ਮੋਹਿ ਦੇਹੁ ਦਿਖਰਾਇ।
ਹੋਤਿ ਪ੍ਰਭਾਤਿ ਨਿਹਾਰਨਿ ਕਰੌਂ। ਨਿਜ ਹਜ਼ੂਰ ਪਤਿਆਉ ਨਿਹਰੌਂ॥ ੨੭ ॥

ਹੁਣ ਤੁਸੀਂ ਜਾਵੋ ਤੇ ਸਾਰੇ ਇਕੱਠੇ ਹੋਵੋ, ਇਸ ਵਿਧੀ ਅਨੁਸਾਰ ਮੈਨੂੰ ਵਿਖਾ ਦੇਵੋ। ਸਵੇਰ ਹੁੰਦਿਆਂ ਹੀ ਵੇਖਾਂਗਾ, ਆਪਣੇ ਹਜ਼ੂਰ ਪਰਖ ਕਰਕੇ ਵੇਖੇਗਾ ॥੨੭॥

ਪੁਨ ਤੁਮ ਕੋ ਨਹਿਂ ਕਿਤ ਤੇ ਤ੍ਰਾਸ। ਕਰਿ ਦਿਖਰਾਵਹੁ ਸਚੁ ਮੁਝ ਪਾਸ'।
ਸਭਿ ਫਕੀਰ ਚਲਿ ਬਾਹਰ ਆਏ। ਇਕਠੇ ਜਹਿਂ ਤਹਿਂ ਭੇ ਸਮੁਦਾਏ॥ ੨੮ ॥

ਫਿਰ ਤੁਹਾਨੂੰ ਕਿਸੇ ਦਾ ਡਰ ਨਹੀਂ ਰਹੇਗਾ, ਮੇਰੇ ਪਾਸ ਸਚ ਕਰਕੇ ਵਿਖਾ ਦੇਵੋ"। ਸਾਰੇ ਫ਼ਕੀਰ ਚਲ ਕੇ ਬਾਹਰ ਆ ਗਏ, ਜਿਥੇ ਕਿਥੇ ਵੀ ਸਨ, ਸਾਰੇ ਇਕੱਠੇ ਹੋ ਗਏ ॥੨੮॥

ਰਿਦੇ ਬਿਚਾਰਹਿਂ ਕਰਹਿਂ ਬਖਾਨਿ। 'ਇਹ ਨੌਰੰਗ ਬਾਦੀ ਬਲਵਾਨ।
ਬਿਨ ਪਰਖੇ ਨਹਿਂ ਤਜਾਗਹਿ ਕਾਹੂ। ਸ਼ਕਤਿ ਬਿਲੋਕਿ ਲੇਹੁ ਨਿਜ ਮਾਂਹੂ ॥੨੯ ॥

ਹਿਰਦੇ ਵਿਚ ਵਿਚਾਰ ਕੇ ਕਹਿਣ ਲੱਗੇ, "ਇਹ ਨੌਰੰਗਾ ਬੜਾ ਜ਼ਿੱਦੀ ਅਤੇ ਬਲਵਾਨ ਹੈ। ਉਹ ਪਰਖਣ ਤੋਂ ਬਗ਼ੈਰ ਕਿਸ ਤਰ੍ਹਾਂ ਵੀ ਛੱਡੇਗਾ ਨਹੀਂ ਤੇ ਸਾਡੇ ਵਿਚ ਸ਼ਕਤੀ ਨੂੰ ਵੇਖ ਲਵੇਗਾ" ॥੨੯॥

ਚਿੰਤਾ ਬਸਿ ਸੁਪਤੇ ਨਿਸ ਨਾਂਹੀ। ਭਈ ਪ੍ਰਭਾਤਿ ਜਾਗਬੇ ਮਾਂਹੀ।
ਨੌਰੰਗ ਨੇ ਇਕ ਥਾਨ ਬਨਾਇਵ। ਊਚੇ ਤੇ ਫਿਸਲਨ ਗਤਿ ਪਾਇਵ॥ ੩੦ ॥

ਚਿੰਤਾ ਵਸ ਹੋ ਕੇ ਸਾਰੀ ਰਾਤ ਸੁੱਤੇ ਨਹੀਂ, ਸਵੇਰ ਹੋਣ ਤਕ ਜਾਗਦੇ ਰਹੇ। ਨੌਰੰਗੇ ਨੇ ਇਕ ਥਾਂ ਬਣਾਈ, ਜਿਥੇ ਉੱਚੀ ਥਾਂ ਤੋਂ ਤਿਲਕ ਕੇ ਹੇਠਾਂ ਜਾ ਪਵੇ ॥੩੦॥

ਤਰੇ ਤੰਦੂਰ ਲੋਹ ਕੋ ਧਰਜੋ। ਅਗਨਿ ਤਪਾਇ ਲਾਲ ਸੋ ਕਰਜੋ।
ਜਿਸ ਕੇ ਦੇਖਤਿ ਉਪਜਤਿ ਤ੍ਰਾਸ। ਦਾਹਤਿ ਹੈ ਪਹੁਚੇ ਤੇ ਪਾਸ॥ ੩੧ ॥

ਥੱਲੇ ਲੋਹੇ ਦਾ ਤੰਦੂਰ ਧਰ ਦਿੱਤਾ, ਅਗਨੀ ਤਪਾ ਕੇ ਉਸ ਨੂੰ ਲਾਲ ਕਰ ਦਿੱਤਾ। ਜਿਸ ਨੂੰ ਵੇਖ ਕੇ ਹੀ ਡਰ ਉਤਪੰਨ ਹੁੰਦਾ ਸੀ, ਪਾਸ ਪਹੁੰਚਣ ਨਾਲ ਉਹ ਸਾੜ ਦਿੰਦਾ ਸੀ ॥੩੧॥

ਊਪਰ ਬੈਠਕ ਭਲੀ ਬਨਾਇ। ਗਾਇਕ ਦੀਏ ਤਹਾਂ ਬਿਠਾਇ।
ਤਬਿ ਸਭਿ ਸੂਫੀ ਕੇਰ ਫਕੀਰ। ਕਰੇ ਹਕਾਰਨਿ ਅਪਨੇ ਤੀਰ॥ ੩੨ ॥

ਉਸ ਦੇ ਉਪਰ ਬੈਠਣ ਵਾਸਤੇ ਚੰਗਾ ਸਥਾਨ ਬਣਾਇਆ ਤੇ ਸਾਰੇ ਗਾਇਕ ਉਸ ਉੱਤੇ ਬਿਠਾ ਦਿੱਤੇ। ਫਿਰ ਸੂਫ਼ੀ ਮੱਤ ਦੇ ਫ਼ਕੀਰਾਂ ਨੂੰ ਆਪਣੇ ਪਾਸ ਬੁਲਾ ਲਿਆ॥੩੨॥

ਤਹਿਂ ਬਿਠਾਇ ਢੋਲਕ ਬਜਿਵਾਈ। ਸੁਰ ਅਲਾਪ ਕੈ ਤਾਨ ਬਸਾਈ।
ਪਿਖਿ ਫਕੀਰ ਕਰਿ ਤ੍ਰਾਸ ਘਨੇਰਾ। ਕਿਸਹੁਂ ਨ ਚਢਯੋ ਹਾਲ ਤਿਸ ਬੇਰਾ॥੩੩॥

ਉਥੇ ਬੈਠ ਕੇ ਢੋਲਕੀ ਵਜਵਾਈ ਤੇ ਸੁਰ ਅਲਾਪ ਕੇ ਤਾਨ ਵਜਾਈ। ਇਹ ਵੇਖ ਕੇ ਫ਼ਕੀਰਾਂ ਨੇ ਬਹੁਤ ਡਰ ਮੰਨਿਆ ਤੇ ਕਿਸੇ ਨੂੰ ਵੀ ਉਸ ਸਮੇਂ ਹਾਲ਼ਾ ਨਾ ਚੜ੍ਹਿਆ॥੩੩॥

ਤਿਨ ਮਹਿਂ ਇਕ ਨੇ ਤਬਹਿ ਬਿਚਾਰਾ। 'ਇਕ ਖ਼ੁਦਾਇ ਇਸ ਵਖਤ ਹਮਾਰਾ'।
'ਪਰਵਦਗਾਰ! ਨਾਮ ਪਰ ਬੇਸ। ਰਾਖਿ ਲਾਜ ਨਿਜ, ਤਵ ਦਰਵੇਸ਼॥੩੪॥

ਉਨ੍ਹਾਂ ਵਿਚ ਇਕ ਫ਼ਕੀਰ ਨੇ ਤਦ ਵਿਚਾਰ ਕੀਤੀ, "ਇਸ ਸਮੇਂ ਇਕ ਖ਼ੁਦਾ ਹੀ ਸਾਡੀ ਸਹਾਇਤਾ ਕਰ ਸਕਦਾ ਹੈ।" ਉਸ ਨੇ ਪ੍ਰਭੂ ਅੱਗੇ ਬੇਨਤੀ ਕੀਤੀ, "ਹੇ ਪਰਵਰਦਗਾਰ! ਤੇਰੇ ਨਾਮ 'ਤੇ ਸਾਡਾ ਭੇਖ ਹੈ, ਸਾਡੀ ਲਾਜ ਰਖੋ, ਤੇਰੇ ਦਰਵੇਸ਼ ਹਾਂ॥੩੪॥

ਹਮ ਝੂਠੇ ਭੀ ਤਬਿ ਤੁਮ ਨਾਮ। ਰਾਖਹੁ ਪਤਿ ਖ਼ੁਦਾਇ ਸੁਖ ਧਾਮ!'।
ਸਭਿਨਿ ਅਰਾਧ੍ਯੋ ਪੀਰਨ ਪੀਰ। ਭਨੀ ਬਿਨੈ ਹ੍ਵੈ ਕਰਿ ਭੈ ਭੀਰ॥੩੫॥

ਅਸੀਂ ਝੂਠੇ ਵੀ ਹੋਈਏ, ਫਿਰ ਵੀ ਤੇਰਾ ਨਾਮ ਲੈਂਦੇ ਹਾਂ, ਹੇ ਸੁਖਾਂ ਦੇ ਧਾਮ ਖ਼ੁਦਾ! ਸਾਡੀ ਲਾਜ ਰਖੋ।" ਸਾਰਿਆਂ ਨੇ ਪੀਰਾਂ ਦੇ ਪੀਰ ਖ਼ੁਦਾ ਦੀ ਆਰਾਧਣਾ ਕੀਤੀ ਤੇ ਭੈ ਭੀਤ ਹੋ ਕੇ ਸਾਰਿਆਂ ਬੇਨਤੀ ਕੀਤੀ॥੩੫॥

ਤਬਿ ਫਕੀਰ ਇਕ ਹਾਲ ਚਢ੍ਯੋ ਹੈ। ਸਭਿ ਕੇ ਮਨ ਆਨੰਦ ਬਢ੍ਯੋ ਹੈ।
ਇਤ ਉਤ ਬਿਚਰਤਿ ਬੇਸੁਧ ਹੋਇ। ਫਿਸਲ੍ਯੋ ਪੈਰ ਨਾ ਠਹਿਰ੍ਯੋ ਸੋਇ॥੩੬॥

ਤਦ ਇਕ ਫ਼ਕੀਰ ਨੂੰ ਹਾਲ਼ਾ ਚੜ੍ਹ ਗਿਆ, ਸਾਰਿਆਂ ਦੇ ਮਨ ਵਿਚ ਆਨੰਦ ਵਧ ਗਿਆ, ਬੇਸੁੱਧ ਹੋ ਕੇ ਏਧਰ ਓਧਰ ਫਿਰਦਾ ਸੀ ਉਸ ਦਾ ਪੈਰ ਫਿਸਲ ਗਿਆ ਤੇ ਉਹ ਠਹਿਰ ਨਾ ਸਕਿਆ॥੩੬॥

ਲਾਲ ਬਿਸਾਲ ਤਪਤ ਤੰਦੂਰ। ਗਿਰ੍ਯੋ ਤਿਸੀ ਮੈਂ ਸਭਿਨਿ ਹਜ਼ੂਰ।
ਜਬਿ ਫਕੀਰ ਕੋ ਪਰਸ੍ਯੋ ਗਾਤ। ਸੀਤਲ ਭਯੋ ਸੁ ਅਚਰਜ ਬਾਤ॥੩੭॥

ਲਾਲ ਹੋਇਆ ਤੰਦੂਰ ਵਿਸ਼ਾਲ ਤਪ ਰਿਹਾ ਸੀ ਤੇ ਸਾਰਿਆਂ ਦੇ ਸਾਹਮਣੇ ਉਹ ਫ਼ਕੀਰ ਤੰਦੂਰ ਵਿਚ ਡਿੱਗ ਪਿਆ। ਜਦ ਫ਼ਕੀਰ ਦੇ ਸਰੀਰ ਨੂੰ ਤੰਦੂਰ ਛੂਹਿਆ ਤਾਂ ਉਹ ਸੀਤਲ ਹੋ ਗਿਆ, ਵੱਡੀ ਹੈਰਾਨੀ ਦੀ ਗੱਲ ਹੋਈ॥੩੭॥

ਦੇਖਿ ਦੇਖਿ ਕਰਿ ਸਭਿ ਬਿਸਮਾਏ। ਸਾਚੇ ਰਹੇ ਸ੍ਵਾਂਗ ਨਿਬਹਾਏ।
ਨੌਰੰਗ ਕਹ੍ਯੋ 'ਜਾਹੁ ਨਿਜ ਡੇਰੇ। ਬਾਂਛਿਤ ਕਰਹੁ, ਨ ਅਬਿ ਕੋ ਫੇਰੇ'॥੩੮॥

ਵੇਖ-ਵੇਖ ਕੇ ਸਭ ਹੈਰਾਨ ਹੋਏ, ਸੱਚੇ ਰਹੇ ਤੇ ਸਵਾਂਗ ਦਾ ਨਿਰਬਾਹ ਹੋ ਗਿਆ। ਨੌਰੰਗੇ ਨੇ ਕਿਹਾ, "ਆਪਣੇ ਡੇਰੇ ਜਾਵੋ ਮਨ ਇੱਛਤ ਕਾਰਜ ਕਰੋ, ਹੁਣ ਤੁਹਾਡੀ ਕਿਸੇ ਕ੍ਰਿਆ ਨੂੰ ਕੋਈ ਨਹੀਂ ਮੋੜੇਗਾ॥੩੮॥

ਇਮ ਫਕੀਰ ਸੋ ਛੁਟਿ ਕਰਿ ਆਏ। ਸਿਮਰ ਖ਼ੁਦਾਇ ਰਿਦੈ ਹਰਖਾਏ।
ਨੌਰੰਗ ਬਾਦੀ ਕੋ ਦੇਂ ਗਾਰੀ। 'ਅਰਹਿ ਮੂਢ ਦਰਵੇਸ਼ ਅਗਾਰੀ'॥੩੯॥

ਇਸ ਤਰ੍ਹਾਂ ਫ਼ਕੀਰ ਛੁਟਕਾਰਾ ਪਾ ਕੇ ਆ ਗਏ, ਖ਼ੁਦਾ ਨੂੰ ਯਾਦ ਕਰਕੇ ਹਿਰਦੇ ਵਿਚ ਬਹੁਤ ਪ੍ਰਸੰਨ ਹੋਏ। ਜ਼ਿੱਦੀ ਨੌਰੰਗੇ ਨੂੰ ਗਾਲ੍ਹਾਂ ਕੱਢਦੇ ਸਨ, "ਮੂਰਖ ਦਰਵੇਸ਼ਾਂ ਅੱਗੇ ਅੜਦਾ ਹੈ"॥੩੯॥

*ਨੌਵੀਂ ਰਾਸ ਦਾ ਚਵੀਵਾਂ ਅਧਿਆਇ ਸਮਾਪਤ ਹੋਇਆ॥ ੨੪॥*

# ਅਧਿਆਇ ਪੰਝੀਵਾਂ

## ਬੇਨਵਾ ਫ਼ਕੀਰ

ਦੋਹਰਾ- ਆਵਤਿ ਜਾਤੇ ਬੇਨਵਾ ਸਭਿ ਪਰ ਕਰਹਿ ਅਵਾਜ।
ਕਿਤਿਕ ਮੁਲਾਨਨਿ ਸੰਗ ਭੀ ਕਰਹਿਂ ਤਰਕਨਾ ਸਾਜ॥ ੧॥

ਇਸ ਪ੍ਰਕਾਰ ਦੇ ਬੇਨਵਾ ਫ਼ਕੀਰ ਆਉਂਦੇ ਜਾਂਦੇ ਹਰ ਇਕ 'ਤੇ ਆਵਾਜ਼ ਕਰਦੇ ਸਨ ਕਿ ਤੁਸੀਂ ਕਿਉਂ ਸ਼ਰ੍ਹਾ ਵਿਚ ਫਸੇ ਪਏ ਹੋ। ਕਈ ਮੁਲਾਣਿਆਂ ਦੇ ਨਾਲ ਵੀ ਤਰਕ ਕਰਦੇ ਸਨ॥੧॥

ਚੌਪਈ- ਸਭਿਨਿ ਮੁਲਾਨੇ ਮਤੋ ਮਤਾਇ॥ ਕਹਿ ਨੌਰੰਗ ਸੋ ਲੀਏ ਬੁਲਾਇ।
ਕਰੇ ਸਮੂਹ ਏਕਠੇ ਸੋਇ। ਚਲਿ ਆਏ ਮਿਲਿ ਕੈ ਸਭਿ ਕੋਇ॥ ੨॥

ਸਾਰੇ ਮੁਲਾਣਿਆਂ ਨੇ ਮਤਾ ਪਕਾਇਆ ਤੇ ਨੌਰੰਗੇ ਨੂੰ ਕਹਿ ਕੇ ਉਨ੍ਹਾਂ ਸਭ ਨੂੰ ਪਾਸ ਬੁਲਾ ਲਿਆ। ਬੇਨਵਾ ਫ਼ਕੀਰ ਸਾਰੇ ਇਕੱਠੇ ਕਰ ਲਏ, ਸਾਰੇ ਮਿਲ ਕੇ ਚਲ ਕੇ ਆ ਗਏ॥੨॥

ਨਿਕਟਿ ਹਕਾਰਿ ਬੂਝਨਾ ਕਰੀ। 'ਸ਼ਰ੍ਹਾ ਵਹਿਰ ਤੁਮ ਕਜੌਂ ਮਤਿ ਧਰੀ ?।
ਸਾਦਰ ਕਿਸਹਿ ਨ ਬਾਕ ਬਖਾਨਹੁ। ਹਾਸ ਸਮੇਤ ਤਰਕਨਾ ਠਾਨਹੁ॥ ੩॥

ਆਪਣੇ ਪਾਸ ਬੁਲਾ ਕੇ ਪੁੱਛਿਆ, "ਤੁਸੀਂ ਸ਼ਰ੍ਹਾ ਤੋਂ ਬਾਹਰ ਆਪਣੀ ਮੱਤ ਕਿਉਂ ਧਾਰਨ ਕੀਤੀ ਹੋਈ ਹੈ ? ਅਦਬ ਸਹਿਤ ਕਿਸੇ ਨਾਲ ਵੀ ਨਹੀਂ ਬੋਲਦੇ ਹੋ ? ਹਾਸੇ ਸਮੇਤ ਤਰਕਨਾ ਧਾਰੀ ਰੱਖਦੇ ਹੋ ?॥੩॥

ਕਜਾ ਤੁਮ ਨੇ ਅਪਨੇ ਮਨ ਜਾਨੀ। ਮਹਦ ਹੋਹਿ ਕਿਮ ਜਿਸ ਤੇ ਮਾਨੀ।
ਤਜਾਗਹੁ ਸਗਲ ਨ ਮਨਮਤਿ ਕੀਜੈ। ਚਲਨਿ ਸ਼ਰ੍ਹਾ ਕਹੁ ਮਾਰਗ ਲੀਜੈ॥੪॥

ਤੁਸੀਂ ਆਪਣੇ ਮਨ ਵਿਚ ਕੀ ਜਾਣਿਆ ਹੈ। ਵੱਡੇ ਕਿਵੇਂ ਹੋ ਗਏ ਹੋ, ਜਿਸ 'ਤੇ ਏਨਾ ਹੰਕਾਰ ਕਰਦੇ ਹੋ ? ਸਾਰੇ ਤਰਕ ਨੂੰ ਛੱਡੋ ਤੇ ਮਨਮਤ ਨਾ ਕਰੋ ਤੇ ਸ਼ਰ੍ਹਾ ਵਿਚ ਚੱਲਣ ਦਾ ਮਾਰਗ ਲਵੋ॥੪॥

ਨਾਂਹਿ ਤ ਦੋਜ਼ਕ ਮਹਿਂ ਦੁਖ ਪਾਵਹੁ। ਤਾਂਹਿ ਬਚਾਵਹਿ ਤਿਸਹਿ ਮਨਾਵਹੁ।
ਸੁਨਤਿ ਬੇਨਵਨਿ ਕਹਜੋ ਨ ਮਾਨਾ। ਖੋਟਾ ਨੌਰੰਗ ਸੰਗ ਬਖਾਨਾ॥ ੫॥

ਨਹੀਂ ਤਾਂ ਦੋਜ਼ਖ ਵਿਚ ਦੁੱਖ ਪਾਵੋਗੇ, ਤਿਸ ਸ਼ਰ੍ਹਾ ਨੂੰ ਮੰਨੋ ਜੋ ਤੁਹਾਨੂੰ ਦੋਜ਼ਖ ਤੋਂ ਬਚਾਵੇ।" ਇਹ ਸੁਣ ਬੇਨਵਾ ਫ਼ਕੀਰਾਂ ਨੇ ਕਿਹਾ ਨਾ ਮੰਨਿਆ ਤੇ ਨੌਰੰਗੇ ਦੇ ਨਾਲ ਖੋਟੀ ਗੱਲ ਕੀਤੀ॥੫॥

'ਹਮ ਪਰ ਤੇਰੋ ਹੁਕਮ ਨ ਕੋਈ। ਮਨ ਭਾਵਤਿ ਹਮ ਬੋਲਹਿਂ ਸੋਈ।
ਚੋਰ ਯਾਰ ਕਰਨੀ ਬਟਪਾਰੀ। ਤਿਸੈ ਸਜ਼ਾਇ ਦੇਹੁ ਹਿਤ ਧਾਰੀ॥ ੬॥

"ਸਾਡੇ ਉਤੇ ਤੇਰਾ ਕੋਈ ਹੁਕਮ ਨਹੀਂ ਹੈ, ਜੋ ਸਾਡੇ ਮਨ ਭਾਉਂਦਾ ਹੈ, ਅਸੀਂ ਉਹੋ ਹੀ ਬੋਲਦੇ ਹਾਂ। ਚੋਰ, ਯਾਰ ਅਤੇ ਡਾਕਾ ਮਾਰਨ ਵਾਲਿਆਂ ਨੂੰ ਹਿਤ ਧਾਰ ਕੇ ਸਜ਼ਾਵਾਂ ਦੇਵੋ॥੬॥

ਹਮ ਫਕੀਰ ਦਰਵੇਸ਼ਨਿ ਰੀਤਿ। ਉਚਿਤ ਸਜ਼ਾਇ ਦੋਸ਼ ਨਹਿਂ ਚੀਤ।
ਹਮ ਦੁਨੀਆਂ ਤੇ ਫਾਰਕ ਅਹੈਂ। ਤੁਝ ਕਹਿਬੇ ਮਹਿਂ ਕਜੌਂ ਕਰਿ ਰਹੈਂ॥੭॥

ਅਸੀਂ ਫ਼ਕੀਰ ਹਾਂ, ਦਰਵੇਸ਼ਾਂ ਦੀ ਰੀਤੀ 'ਤੇ ਚਲਦੇ ਹਾਂ, ਸਜ਼ਾ ਅਤੇ ਦੋਸ਼ ਯੋਗ ਨਾ ਚਿਤਵੋ। ਅਸੀਂ ਦੁਨੀਆਂ ਤੋਂ ਅਲੱਗ ਹਾਂ, ਤੁਹਾਡੇ ਕਹਿਣ ਅਨੁਸਾਰ ਕਿਵੇਂ ਰਹੀਏ ? ॥੭॥

ਕਿਨਹੁੰ ਨ ਕਬਿ ਕੈਸੇ ਕਿਤ ਕਹ੍ਯੋ। ਨ੍ਰਿਭੈ ਸਦਾ ਹਮ ਭੈ ਨਹਿਂ ਲਹ੍ਯੋ।
ਕਰਤਿ ਰਹੇ ਜਿਮ ਬਡੇ ਹਮਾਰੇ। ਸਿਰ ਧਰਿ ਚਲਹਿਂ ਤਿਸੀ ਅਨੁਸਾਰੇ' ॥ ੮ ॥

ਕਿਸੇ ਨੇ ਵੀ ਕਦੀ ਸਾਨੂੰ ਕੁਝ ਨਹੀਂ ਕਿਹਾ ਹੈ, ਅਸੀਂ ਸਦਾ ਨਿਰਭੈ ਰਹਿੰਦੇ ਹਾਂ ਤੇ ਕਿਸੇ ਦਾ ਭੈ ਨਹੀਂ ਮੰਨਦੇ ਹਾਂ। ਜਿਵੇਂ ਸਾਡੇ ਵਡੇਰੇ ਕਰਦੇ ਰਹੇ ਹਨ, ਅਸੀਂ ਵੀ ਉਸ ਤਰ੍ਹਾਂ ਕਰਦੇ ਹਾਂ, ਸਿਰ 'ਤੇ ਧਾਰਨ ਕਰਕੇ ਅਸੀਂ ਉਸ ਅਨੁਸਾਰ ਹੀ ਚਲਦੇ ਹਾਂ' ॥੮॥

ਸੁਨਿ ਨੌਰੰਗ ਕੇ ਰਿਸ ਉਰ ਆਈ। ਸਭਿ ਨੌਕਾ ਪਰ ਦੀਏ ਚਢਾਈ।
ਕਹ੍ਯੋ 'ਨਦੀ ਕੇ ਬਡ ਪਰਵਾਹ। ਜਾਇ ਡੁਬਾਵਹੁ ਬਾਚਹਿਂ ਨਾਹਿ' ॥ ੯ ॥

ਇਹ ਸੁਣ ਕੇ ਨੌਰੰਗੇ ਨੇ ਹਿਰਦੇ ਵਿਚ ਬੜਾ ਗੁੱਸਾ ਧਾਰਨ ਕੀਤਾ ਤੇ ਸਾਰਿਆਂ ਨੂੰ ਬੇੜੀਆਂ 'ਤੇ ਚੜ੍ਹਾ ਲਿਆ ਤੇ ਕਿਹਾ, "ਨਦੀ ਦਾ ਜਿਥੇ ਵੱਡਾ ਪ੍ਰਵਾਹ ਹੈ, ਉਥੇ ਲੈ ਜਾ ਕੇ ਇਨ੍ਹਾਂ ਨੂੰ ਡੋਬ ਦੇਵੋ, ਕੋਈ ਵੀ ਬਚੇ ਨਹੀਂ" ॥੯॥

ਬਹੁ ਮਾਨੁਖ ਹ੍ਵੈ ਕਰਿ ਰਖਵਾਰੇ। ਲੇਕਰਿ ਨੌਕਾ ਤਿਤਹਿ ਸਿਧਾਰੇ।
ਇਤਨੇ ਮਹਿਂ ਇਕ ਬੇਨਵ ਔਰ। ਆਇ ਪੁਕਾਰ੍ਯੋ ਊਚੇ ਠੋਰ॥ ੧੦ ॥

ਬਹੁਤ ਮਨੁੱਖ ਉਨ੍ਹਾਂ ਦੇ ਪਹਿਰੇਦਾਰ ਬਣ ਕੇ, ਬੇੜੀਆਂ ਲੈ ਕੇ ਉਸ ਤਰਫ ਚੱਲ ਪਏ। ਏਨੇ ਵਿਚ ਇਕ ਹੋਰ ਬੇਨਵਾ ਆ ਕੇ ਉੱਚੀ ਜਿਹੀ ਪੁਕਾਰ ਉਠਿਆ ॥੧੦॥

'ਮੈਂ ਦਮਾਦ ਨੌਰੰਗ ਕੋ ਖਰੋ। ਇਸ ਕੋ ਤਜਾਗਨਿ ਕੈਸੇ ਕਰੋ।
ਇਨ ਸੰਗ ਮੋਹਿ ਚਢਾਇ ਸਿਧਰੀਅਹਿ। ਇਸ ਕੀ ਦੁਹਿਤਾ ਬਿਧਵਾ ਕਰੀਅਹਿ' ॥੧੧॥

"ਮੈਂ ਨੌਰੰਗੇ ਦਾ ਜਵਾਈ ਖੜਾ ਹਾਂ, ਇਸ ਨੂੰ ਕਿਵੇਂ ਛੱਡ ਗਏ ਹੋ ? ਇਨ੍ਹਾਂ ਦੇ ਨਾਲ ਹੀ ਮੈਨੂੰ ਵੀ ਚੜ੍ਹਾ ਕੇ ਲੈ ਚਲੋ ਤੇ ਉਸ ਦੀ ਧੀ ਨੂੰ ਵਿਧਵਾ ਬਣਾਵੋ" ॥੧੧॥

ਸੁਨਿ ਨੌਰੰਗ ਨੇ ਦਿਏ ਛੁਟਾਇ। 'ਇਹ ਤੌ ਬਡੇ ਢੀਠ ਸਮੁਦਾਇ।
ਮਰਿਬੇ ਮੈਂ ਬਿਲੰਬ ਅਬਿ ਨਹੀਂ। ਤਊ ਨਿਧਰਕ ਬਾਤ ਇਨ ਕਹੀ॥ ੧੨ ॥

ਇਹ ਸੁਣ ਕੇ ਨੌਰੰਗੇ ਨੇ ਛੁਡਵਾ ਦਿੱਤੇ, "ਇਹ ਤਾਂ ਸਾਰੇ ਹੀ ਵੱਡੇ ਢੀਠ ਹਨ, ਮਰਨ ਵਿਚ ਹੁਣ ਕੋਈ ਦੇਰ ਨਹੀਂ, ਫਿਰ ਵੀ ਨਿਧੜਕ ਹੋ ਕੇ ਇਹ ਗੱਲ ਕੀਤੀ ਹੈ॥੧੨॥

ਮਰੇ ਨ ਸਮੁਝਹਿਂ ਪਾਛਲ ਰਹੇ। ਹਠ ਤੇ ਅਰਹਿਂ, ਪੰਥ ਅਸ ਅਹੇ।
ਇਨ ਕੋ ਤਜਾਗਹੁ ਕਛੁ ਨਹਿਂ ਕਹੋ। ਢੀਠ ਮੂਢਤਾ ਮੈਂ ਬਡ ਲਹੋ॥ ੧੩ ॥

ਇਨ੍ਹਾਂ ਦੇ ਮਰਨ ਨਾਲ ਜਿਹੜੇ ਬਾਕੀ ਦੇ ਪਿੱਛੇ ਰਹਿ ਜਾਣਗੇ, ਉਹ ਨਹੀਂ ਸਮਝਣਗੇ। ਇਹ ਹੱਠ ਨਾਲ ਅੜਨਗੇ ਤੇ ਇਸ ਤਰ੍ਹਾਂ ਹੀ ਰਹਿਣਗੇ। ਇਨ੍ਹਾਂ ਨੂੰ ਛੱਡੋ ਤੇ ਕੁਝ ਨਾ ਕਹੋ, ਢੀਠ ਮੂਰਖਤਾ ਵਿਚ ਵੱਡੇ ਸਮਝੋ॥੧੩॥

ਦੇਸ਼ ਦੇਸ਼ ਤੇ ਇਹ ਚਲਿ ਆਇ। ਹੋਹਿਂ ਸਮੂਹ ਫਤੂਰ ਉਠਾਇ'।
ਬਚੇ ਬੇਨਵਾ ਇਮ, ਚਲਿ ਗਏ। ਮਨਹੁੰ ਕਾਲ ਤੇ ਛੂਟਤਿ ਭਏ॥ ੧੪ ॥

ਦੇਸ਼ਾਂ-ਦੇਸ਼ਾਂ ਤੋਂ ਇਹ ਚਲ ਕੇ ਆ ਜਾਣਗੇ ਤੇ ਇਕੱਠੇ ਹੋ ਕੇ ਫਤੂਰ ਚੁੱਕ ਲੈਣਗੇ।" ਇਸ ਤਰ੍ਹਾਂ ਬੇਨਵਾ ਫ਼ਕੀਰ ਬੱਚ ਗਏ ਤੇ ਚਲੇ ਗਏ, ਮਾਨੋ ਕਾਲ ਤੋਂ ਛੁਟਕਾਰਾ ਪਾਇਆ ਸੀ॥੧੪॥

ਇੱਤਜਾਦਿਕ ਤੁਰਕਨਿ ਸੰਗ ਬਾਦਜਾ। ਨੌਰੰਗ ਮਹਾਂ ਮੂਢ ਪਰਮਾਦਜਾ।
ਪੁਨ ਹਿੰਦੁਨਿ ਪਰ ਤਰਕ ਬਢਾਈ। 'ਬੁਤ ਪੂਜਤਿ ਇਨ ਸਮੁਝਿ ਨ ਕਾਈ॥੧੫॥

ਇਸ ਤਰ੍ਹਾਂ ਤੁਰਕਾਂ ਨਾਲ ਝਗੜੇ ਕੀਤੇ, ਨੌਰੰਗਾ ਮਹਾਂਮੂਰਖ ਭੁਲਿਆ ਹੋਇਆ ਸੀ। ਫਿਰ ਹਿੰਦੂਆਂ ਨਾਲ ਤਰਕ ਵਧਾਈ। ''ਇਹ ਬੁੱਤ ਪੂਜਦੇ ਹਨ, ਇਨ੍ਹਾਂ ਨੂੰ ਕੋਈ ਸਮਝ ਨਹੀਂ ਹੈ॥੧੫॥

ਥਾਨ ਥਾਨ ਮੰਦਰ ਬਹੁ ਕਰੇ। ਘਰ ਘਰ ਪਾਥਰ ਘਰ ਘਰਿ ਧਰੇ।
ਚੰਦਨ ਫੂਲ ਲਾਇ ਘਨਸਾਰਾ। ਬਾਰਿ ਪਖਾਰਹਿਂ ਬਾਰੰਬਾਰਾ॥ ੧੬॥

ਥਾਂ-ਥਾਂ ਇਨ੍ਹਾਂ ਮੰਦਰ ਬਹੁਤ ਬਣਵਾਏ ਹਨ, ਘਰ-ਘਰ ਪੱਥਰ ਘੜ-ਘੜ ਕੇ ਧਰੇ ਹਨ। ਚੰਦਨ ਤੇ ਫੁੱਲਾਂ ਦੀਆਂ ਸੁਗੰਧੀਆਂ ਲਾਉਂਦੇ ਹਨ, ਤੇ ਪਾਣੀ ਨਾਲ ਬਾਰ-ਬਾਰ ਧੋਂਦੇ ਹਨ॥੧੬॥

ਧੋਇ ਬੁਤਨ ਕੋ ਪੀਵਹਿਂ ਪਾਨੀ। ਝੂਠਹੁ ਅੰਨ ਧਰਹਿਂ ਅਗਵਾਨੀ।
ਪੁਨਹਿ ਉਠਾਇ ਆਪ ਲੇ ਖਾਹਿਂ। ਇਸ ਤੇ ਕਹੈਂ ਭਿਸਤ ਹਮ ਜਾਹਿਂ॥੧੭॥

ਬੁੱਤਾਂ ਨੂੰ ਧੋ ਕੇ ਪਾਣੀ ਪੀਂਦੇ ਹਨ, ਝੂਠੇ ਪੱਥਰਾਂ ਅੱਗੇ ਭੋਜਨ ਧਰਦੇ ਹਨ। ਫਿਰ ਚੁਕ ਕੇ ਆਪ ਖਾ ਲੈਂਦੇ ਹਨ, ਇਸ ਨਾਲ ਕਹਿੰਦੇ ਹਨ ਕਿ ਅਸੀਂ ਸਵਰਗਾਂ ਨੂੰ ਜਾਵਾਂਗੇ'॥੧੭॥

ਮਿਲ ਕਾਜ਼ੀ ਮੁੱਲਾਂ ਸਮੁਦਾਏ। ਨੌਰੰਗ ਕੋ ਕਹਿ ਕਹਿ ਸਮੁਝਾਏ।
'ਆਲਮਗੀਰ ਅਹੈਂ ਤੂੰ ਏਕ। ਤੁਝ ਕਹਿਬੇ ਮਹਿਂ ਖ਼ਲਕ ਅਨੇਕ॥ ੧੮॥

ਕਾਜ਼ੀ, ਮੁੱਲਾਂ ਇਕੱਠੇ ਹੋ ਕੇ ਮਿਲ ਕੇ, ਨੌਰੰਗੇ ਨੂੰ ਕਹਿ ਕਹਿ ਕੇ ਸਮਝਾਉਂਦੇ ਸਨ, ''ਆਲਮਗੀਰ ! ਤੁਸੀਂ ਇਕ ਹੋ, ਤੁਹਾਡੇ ਕਹਿਣ ਵਿਚ ਅਨੇਕਾਂ ਦੀ ਗਿਣਤੀ ਵਿਚ ਪਰਜਾ ਹੈ॥੧੮॥

ਮਾਰਗ ਭਲੇ ਚਲਾਵਨਿ ਚਹੀਅਹਿ। ਸਭਿ ਪਰ ਹੁਕਮ ਅਪਨਿ ਨਿਰਬਹੀਅਹਿ।
ਸ਼ਰ੍ਹਾ ਦੀਨ ਬਿਰਧਾਵਨਿ ਕਰੀਅਹਿ। ਚਿਰੰਕਾਲ ਜਸੁ ਜੁਤਿ ਜਗ ਥਿਰੀਅਹਿ॥੧੯॥

ਭਲੇ ਮਾਰਗ ਚਲਾਉਣੇ ਚਾਹੀਦੇ ਹਨ, ਸਭ ਉੱਤੇ ਆਪਣਾ ਹੁਕਮ ਚਲਾਵੋ। ਸ਼ਰ੍ਹਾ ਦੀਨ ਨੂੰ ਵਧਾਓ, ਬਹੁਤ ਦੇਰ ਤੋਂ ਜਿਵੇਂ ਜਸ ਸਹਿਤ ਜਗਤ ਸਥਿਰ ਹੈ॥੧੯॥

ਮਹਾਂਦੀਨ ਕੋ ਹ੍ਵੈ ਅਤਿ ਪਜਾਰੋ। ਜੋ ਸੁਖ ਦੇਇ ਸਭਿਨਿ ਤੇ ਭਾਰੋ।
ਕੋ ਨ ਦੀਨ ਮਹਿਂ ਤੁਝ ਸਮ ਭਯੋ। ਹ੍ਵੈ ਹੈ, ਨਹਿਂ ਹੈ, ਕਬਹੁਂ ਨ ਹੁਯੋ॥ ੨੦॥

ਹਜ਼ਰਤ ਮੁਹੰਮਦ ਨੂੰ ਇਹ ਦੀਨ ਬਹੁਤ ਪਿਆਰਾ ਹੈ, ਜਿਹੜਾ ਸਭ ਤੋਂ ਵੱਡਾ ਸੁੱਖ ਦਿੰਦਾ ਹੈ। ਦੀਨ ਵਿਚ ਕੋਈ ਵੀ ਤੁਹਾਡੇ ਵਰਗਾ ਨਹੀਂ ਹੋਇਆ ਹੈ, ਨਾ ਕੋਈ ਹੋਇਆ ਸੀ, ਨਾ ਕਦੀ ਹੋਵੇਗਾ॥੨੦॥

ਜੋ ਕਛੁ ਕਰਜੋ ਚਹੈਂ ਜਗ ਮਾਂਹੀ। ਸੋ ਹੁਇ ਸਾਚ ਅੰਨਥਾ ਨਾਂਹੀ।
ਨਦੀ ਅਗਾਧ ਨੀਰ ਬਡ ਬਹੇ। ਹੋਹਿ ਪਗਾਰ ਤੋਹਿ ਕੋ ਲਹੇ॥ ੨੧॥

ਜੋ ਕੁਝ ਜਗ ਵਿਚ ਕਰਨਾ ਚਾਹੁੰਦੇ ਹੋ, ਉਹ ਹੀ ਅਸਲ ਵਿਚ ਹੋਵੇਗਾ, ਇਹ ਗੱਲ ਵਿਅਰਥ ਨਹੀਂ। ਅਗਾਧ ਨਦੀ ਹੈ, ਪਾਣੀ ਬਹੁਤ ਵਹਿੰਦਾ ਹੈ, ਪਰ ਤੁਹਾਨੂੰ ਵੇਖਕੇ ਉਹ ਪਾਣੀ ਗਿਟੇ ਗਿਟੇ ਹੋ ਜਾਵੇਗਾ॥੨੧॥

ਜਿਤ ਦਿਸ਼ਿ ਰਿਸ ਕਰਿ ਕਰਹਿਂ ਚਢਾਈ। ਬਹਿਰ ਥਹਿਰ ਥਿਰ ਰਹਿ ਨ ਸਕਾਈ।
ਪਾਇਨਿ ਪਰਹਿਂ ਉਪਾਇਨਿ ਆਨਹਿਂ। ਹੁਕਮ ਆਪ ਕੋ ਸਿਰ ਪਰ ਮਾਨਹਿਂ॥੨੨॥

ਜਿਸ ਪਾਸੇ ਵੀ ਗੁੱਸੇ ਵਿਚ ਆ ਕੇ ਚੜ੍ਹਾਈ ਕਰਦੇ ਹੋ ਤਾਂ ਸਮੁੰਦਰ ਅਤੇ ਧਰਤੀ 'ਤੇ ਤੁਹਾਡੇ ਸਾਹਮਣੇ ਕੋਈ ਅਟਕ ਨਹੀਂ ਸਕਦਾ। ਉਪਹਾਰ ਲਿਆ ਕੇ ਤੁਹਾਡੇ ਪੈਰੀਂ ਆ ਪੈਣਗੇ, ਤੇ ਤੁਹਾਡੇ ਹੁਕਮ ਨੂੰ ਆਪਣੇ ਸਿਰ ਤੇ ਮੰਨਣਗੇ॥੨੨॥

ਸ਼ੱਤ੍ਰੂ ਹ੍ਵੈ ਨ ਸਕੈ ਜਗ ਕੋਈ। ਹੋਇ ਜੁ, ਖੰਡ ਖੰਡ ਤਨ ਸੋਈ।
ਦੁਰਗਮ ਥਾਨ ਦੁਰਗ ਸਭਿ ਮਾਰੇ। ਤਵ ਪ੍ਰਤਾਪ ਜਸੁ ਫੈਲ੍ਯੋ ਸਾਰੇ॥ ੨੩॥

ਤੁਹਾਡਾ ਜੱਗ ਵਿਚ ਕੋਈ ਵੈਰੀ ਹੋ ਹੀ ਨਹੀਂ ਸਕਦਾ, ਜਿਹੜਾ ਹੋਵੇਗਾ ਉਸ ਦਾ ਸਰੀਰ ਟੋਟੇ ਟੋਟੇ ਹੋ ਜਾਵੇਗਾ। ਕਠਨ ਸਥਾਨ ਤੇ ਦੁਰਗ ਸਾਰੇ ਮਾਰ ਲਏ ਹਨ, ਇਸ ਕਰਕੇ ਤੁਹਾਡੇ ਪ੍ਰਤਾਪ ਦਾ ਜਸ ਸਾਰੇ ਫੈਲਿਆ ਹੋਇਆ ਹੈ॥੨੩॥

ਦੇਸ਼, ਦੁਰਗ, ਦਲ, ਦਰਬ ਰੁ ਦਾਨ। ਪੰਚ ਦਕਾਰੀ ਭੂਪ ਪ੍ਰਧਾਨ।
ਸੋ ਤੁਵ ਸਦਨ ਪਾਯਤੇ ਸਾਰੋ। ਅਪਰ ਨ ਕੋ ਸਮਤਾ ਕਿਮ ਧਾਰੋ॥ ੨੪॥

ਦੇਸ, ਦੁਰਗ, ਦਲ, ਦਰਬ ਅਤੇ ਦਾਨ, ਪੰਜਾਂ ਦੱਦਿਆਂ ਵਾਲੇ ਤੁਸੀਂ ਪ੍ਰਧਾਨ ਬਾਦਸ਼ਾਹ ਹੋ। ਇਸ ਲਈ ਤੁਹਾਡੇ ਘਰ ਵਿਚ ਸਭ ਕੁਝ ਪਾਇਆ ਜਾਂਦਾ ਹੈ, ਹੋਰ ਕੋਈ ਕਿਵੇਂ ਵੀ ਤੁਹਾਡੀ ਬਰਾਬਰੀ ਨਹੀਂ ਕਰ ਸਕਦਾ॥੨੪॥

ਬਖ਼ਸ਼ਿਸ਼ ਕਰੀ ਪਿਕੰਬਰ ਤੋਹਿ। ਅਤਿ ਪ੍ਰਸੰਨਤਾ ਹਿਰਦੇ ਹੋਹਿ।
ਸੋ ਇਕ ਕਾਰਣ ਤੇ ਮਨ ਜਾਨ। ਕਰਨਿ ਖ਼ਲਕ ਮਹਿਂ ਦੀਨ ਮਹਾਨ॥ ੨੫॥

ਪੈਗੰਬਰ ਨੇ ਤੁਹਾਨੂੰ ਬਖ਼ਸ਼ਿਸ਼ ਕੀਤੀ ਹੈ, ਅਤਿ ਪ੍ਰਸੰਨਤਾ ਹਿਰਦੇ ਵਿਚ ਹੋਈ ਹੈ। ਸੋ ਇਕ ਐਸੇ ਕਾਰਨ ਨੂੰ ਮਨ ਵਿਚ ਜਾਣੋ, ਤੁਸੀਂ ਦੁਨੀਆਂ ਵਿਚ ਦੀਨ ਨੂੰ ਮਹਾਨ ਬਣਾਉਣਾ ਹੈ॥੨੫॥

ਪੈਕੰਬਰ ਕੋ ਕਾਰਜ ਏਹੁ। ਬਾਂਛਤਿ ਕਰਹੁ ਕਯੋਂ ਨ ਜਸੁ ਲੇਹੁ।
ਚਲਹਿ ਸੁ ਮਾਰਗ ਕਲਮਾ ਗਾਇ। ਪਠਿ ਕੁਰਾਨ ਕੋ ਲਖਹਿ ਖ਼ੁਦਾਇ॥ ੨੬॥

ਇਹ ਪੈਗ਼ੰਬਰ ਦਾ ਕਾਰਜ ਹੈ। ਆਪਣੀ ਇੱਛਾ ਅਨੁਸਾਰ ਕਰੋ, ਫਿਰ ਕਿਉਂ ਜਸ ਨੂੰ ਪ੍ਰਾਪਤ ਨਹੀਂ ਕਰੋਗੇ ? ਜਿਹੜੇ ਕਲਮਾ ਪੜ੍ਹ ਕੇ ਉਸ ਮਾਰਗ 'ਤੇ ਚੱਲਣ ਅਤੇ ਕੁਰਾਨ ਨੂੰ ਪੜ੍ਹ ਕੇ ਖ਼ੁਦਾ ਨੂੰ ਸਮਝਣ॥੨੬॥

ਹਿੰਦੂ ਚਲਹਿਂ ਕੁਮਗ ਦੁਖ ਪਾਇ। ਕਯਾਮਤ ਦੋਜ਼ਕ ਲਹੈਂ ਸਜ਼ਾਇ।
ਨਹਿਂ ਪੈਕੰਬਰ ਹਾਮੀ ਭਰਿਹੀ। ਅਪਰ ਨ ਰਾਖਾ ਤਹਾਂ ਨਿਹਰਿਹੀ॥ ੨੭॥

ਹਿੰਦੂ ਪੁੱਠੇ ਰਾਹ ਚੱਲ ਕੇ ਦੁਖ ਪਾ ਰਿਹਾ ਹੈ, ਕਿਆਮਤ ਵਾਲੇ ਦਿਨ ਦੋਜ਼ਖ ਵਿਚ ਪੈ ਕੇ ਸਜ਼ਾਵਾਂ ਲਵੇਗਾ। ਪੈਗ਼ੰਬਰ ਉਸਦੀ ਹਾਮੀ ਨਹੀਂ ਭਰੇਗਾ, ਉਥੇ ਹੋਰ ਕਿਸੇ ਰਖਵਾਲੇ ਨੂੰ ਨਹੀਂ ਵੇਖੇਗਾ॥੨੭॥

ਇਸ ਲਾਇਕ ਤੁਮ ਕਰੇ ਖ਼ੁਦਾਇ। ਸਕਲ ਖ਼ਲਕ ਪਰ ਹੁਕਮ ਟਿਕਾਇ।
ਦਾਰਸ਼ਕੋਹੁ ਭ੍ਰਾਤ ਜੋ ਤੇਰੋ। ਸੰਗ ਕਾਫਰਨਿ ਕਰਤਿ ਬਡੇਰੋ॥ ੨੮॥

ਖ਼ੁਦਾ ਨੇ ਤੁਹਾਨੂੰ ਇਸ ਲਾਇਕ ਕੀਤਾ ਹੈ, ਸਾਰੀ ਖ਼ਲਕਤ ਉੱਤੇ ਤੁਹਾਡਾ ਹੁਕਮ ਚਲਾਇਆ ਹੈ। ਦਾਰਾਸ਼ਕੋਹ ਜਿਹੜੇ ਤੇਰੇ ਭਰਾ ਸਨ, ਉਹ ਕਾਫ਼ਰਾਂ ਦਾ ਬਹੁਤ ਸੰਗ ਕਰਦੇ ਸਨ॥੨੮॥

ਹਯੋ ਭਈ ਸਭਿ ਮੈਂ ਤਿਸ ਕੇਰੀ। ਪਤਿਸ਼ਾਹਿਤਿ ਤੇ ਖ਼ਾਰਜ ਹੇਰੀ।
ਰਾਹ ਸ਼ਰ੍ਹਾ ਕੇ ਤੁਮ ਮਰਿਵਾਵਾ। ਯਾਂ ਤੇ ਜਸੁ ਬਿਸਾਲ ਜਗ ਪਾਵਾ॥ ੨੯॥

ਉਸਦੀ ਸਭ ਵਿਚ ਨਿੰਦਿਆ ਹੋਈ, ਪਾਤਿਸ਼ਾਹੀ ਖੋਹ ਲਈ ਤੇ ਸ਼ਰ੍ਹਾ ਦੇ ਰਾਹ ਉੱਤੇ ਤੁਸੀਂ ਮਰਵਾ ਦਿੱਤਾ, ਇਸ ਕਰਕੇ ਜਗ ਵਿਚ ਤੁਹਾਡਾ ਵਿਸ਼ਾਲ ਜਸ ਹੋਇਆ ਹੈ॥੨੯॥

ਤੁਵ ਬਿਨ ਸਰੈ ਨ ਕਿਸ ਤੇ ਕਾਰੀ। ਤੁਰਕ ਬਨਾਵਨਿ ਖ਼ਿਲਕਤ ਸਾਰੀ।
ਰਾਹ ਸ਼ਰ੍ਹਾ ਕੇ ਸਕਲ ਚਲਾਵਹੁ। ਹਿੰਦੁਨਿ ਕੋ ਪੂਰਬ ਸਮੁਝਾਵਹੁ॥ ੩੦॥

ਤੁਹਾਡੇ ਬਗੈਰ ਕਿਸੇ ਤੋਂ ਵੀ ਕਾਰਜ ਨਹੀਂ ਸਰਨਾ ਹੈ, ਸਾਰੀ ਖ਼ਲਕਤ ਨੂੰ ਤੁਰਕ ਬਣਾਉਣਾ ਹੈ। ਸਾਰਿਆਂ ਨੂੰ ਸ਼ਰ੍ਹਾ ਦੇ ਰਾਹ 'ਤੇ ਚਲਾਵੇ, ਹਿੰਦੂਆਂ ਨੂੰ ਪਹਿਲਾਂ ਸਮਝਾਵੇ॥੩੦॥

ਪੁਨ ਲਾਲਚ ਦੀਜੈ ਜਿਸ ਚਾਹੂ। ਮਾਨਹਿਂ ਜਥਾ ਸ਼ਰ੍ਹਾ ਕੋ ਰਾਹੂ।
ਭਗਨੀ ਕੈ ਤਨਿਯਾ ਨਿਜ ਦੈਹੋ। ਜਜੋਂ ਕਜੋਂ ਤੁਰਕ ਬਨਾਇ ਸੁ ਲੈਹੋ॥ ੩੧॥

ਫਿਰ ਉਨ੍ਹਾਂ ਨੂੰ ਜਿਵੇਂ ਚਾਹੁਣ ਲਾਲਚ ਦੇਵੋ, ਕਿਵੇਂ ਵੀ ਸ਼ਰ੍ਹਾ ਦੇ ਰਾਹ ਨੂੰ ਮੰਨ ਲੈਣ। ਭੈਣਾਂ ਜਾਂ ਆਪਣੀਆਂ ਪੁੱਤਰੀਆਂ ਦੇ ਕੇ ਜਿਵੇਂ ਕਿਵੇਂ ਉਨ੍ਹਾਂ ਨੂੰ ਤੁਰਕ ਬਣਾ ਲਈਏ॥੩੧॥

ਪੈਕੰਬਰ ਪ੍ਰਸੰਨ ਹੁਇ ਜਿਸ ਤੇ। ਹਿੰਦੂ ਤੁਰਕ ਬਨੈ ਜਬਿ ਕਿਸ ਤੇ।
ਸਰਬ ਭਾਂਤਿ ਮਹਿਂ ਸਮਰਥ ਤੁਮ ਹੋ। ਬਧਹਿ ਦੀਨ ਠਾਨਹੁ ਬਿਧਿ ਤਿਮ ਹੋ॥੩੨॥

ਜਿਸ ਉੱਤੇ ਸਾਡੇ ਪੈਗੰਬਰ ਪ੍ਰਸੰਨ ਹੋਣ, ਜਦ ਕਿਸੇ ਤੋਂ ਹਿੰਦੂ ਤੁਰਕ ਬਣ ਜਾਵੇ। ਸਰਬ ਪ੍ਰਕਾਰ ਤੁਸੀਂ ਸਮਰੱਥ ਹੋ, ਜਿਵੇਂ ਦੀਨ ਵਧੇ, ਉਸ ਤਰ੍ਹਾਂ ਦੀ ਵਿਧੀ ਧਾਰਨ ਕਰ ਲਵੋ॥੩੨॥

ਬੁਤ ਪੂਜਨ ਤੇ ਬਰਜਨਿ ਕਰੀਅਹਿ। ਸਭਿ ਤੇ ਕਲਮਾ ਅਪਨਿ ਉਚਰੀਅਹਿ।
ਅਪਨੇ ਢਿਗ ਇਕ ਮਥੁਰਾ ਪੁਰੀ। ਤਹਿਂ ਹਿੰਦੂ ਸਭਿ ਕਰਤੇ ਬੁਰੀ॥ ੩੩॥

ਹਿੰਦੂਆਂ ਨੂੰ ਬੁਤ ਪੂਜਣ ਤੋਂ ਰੋਕੋ, ਸਾਰਿਆਂ ਪਾਸੋਂ ਆਪਣਾ ਕਲਮਾ ਪੜ੍ਹਾਓ। ਆਪਣੇ ਨੇੜੇ ਇਕ ਮਥੁਰਾਪੁਰੀ ਹੈ, ਉਥੇ ਸਭ ਹਿੰਦੂ ਬਹੁਤ ਬੁਰਾ ਕੰਮ ਕਰਦੇ ਹਨ॥੩੩॥

ਦੋਹਰਾ-ਇਹਾਂ ਭਯੋ ਹਮਰੋ ਬਡੋ ਤਿਸ ਕੀ ਕਥਾ ਬਤਾਇਂ।
ਸਾਥ ਅਨਿਕ ਇਸਤ੍ਰੀਨਿ ਕੇ ਕਰੇ ਬਿਲਾਸ ਬਨਾਇ॥ ੩੪॥

ਏਥੇ ਸਾਡਾ ਵਡੇਰਾ ਹੋਇਆ ਹੈ, ਉਸ ਦੀ ਕਥਾ ਸੁਣਾਉਂਦੇ ਹਨ, ਉਹ ਬਹੁਤ ਸਾਰੀਆਂ ਇਸਤਰੀਆਂ ਨਾਲ ਭੋਗ ਵਿਲਾਸ ਕਰਦਾ ਸੀ॥੩੪॥

ਚੌਪਈ-ਅਬਿ ਤਿਸ ਕੇ ਸੋ ਚਲਿਤ ਬਨਾਵਹਿਂ। ਕਰਿ ਸ਼ਿੰਗਾਰ ਨਾਚਹਿਂ ਅਰੁ ਗਾਵਹਿਂ।
ਬਕਹਿਂ ਕੁਫਰ ਕੁਛ ਸੁਨਜੋ ਨ ਜਾਈ। ਬਿਗਸਹਿਂ ਖੇਲਹਿਂ ਮੋਦ ਬਢਾਈ॥੩੫॥

ਹੁਣ ਉਹ ਉਸ ਦਾ ਚਰਿੱਤਰ ਬਣਾਉਂਦੇ ਹਨ, ਤੇ ਸ਼ਿੰਗਾਰ ਕਰਕੇ ਉਸ ਵਾਂਗ ਨੱਚਦੇ ਅਤੇ ਗਾਉਂਦੇ ਹਨ, ਬਹੁਤ ਕੁਫ਼ਰ ਬੋਲਦੇ ਹਨ, ਜਿਹੜਾ ਸੁਣਿਆਂ ਨਹੀਂ ਜਾ ਸਕਦਾ, ਬੜੀ ਖ਼ੁਸ਼ੀ ਵਧਾ ਕੇ ਹੱਸਦੇ ਅਤੇ ਖੇਡਦੇ ਹਨ॥੩੫॥

ਕਰਹਿਂ ਪਾਪ ਜਿਸ ਤੇ ਹੁਇ ਸ਼ੋਕ। ਇਮ ਕਰਿ ਚਾਹਤਿ ਸੁਖ ਪਰਲੋਕ।
ਤਿਸ ਕੋ ਬੁਤ ਬਨਾਇ ਬਹੁ ਭਾਂਤੀ। ਪੂਜਹਿਂ ਬਿਬਿਧ ਦਿਵਸ ਅਰੁ ਰਾਤੀ॥੩੬॥

ਉਹ ਬੜਾ ਪਾਪ ਕਰਦੇ ਹਨ, ਜਿਸ ਨੂੰ ਵੇਖ ਕੇ ਬੜਾ ਦੁਖ ਹੁੰਦਾ ਹੈ। ਇਸ ਤਰ੍ਹਾਂ ਕਰਕੇ ਪਰਲੋਕ ਦਾ ਸੁਖ ਚਾਹੁੰਦੇ ਹਨ। ਕ੍ਰਿਸ਼ਨ ਦੇ ਬਹੁਤ ਪ੍ਰਕਾਰ ਦੇ ਬੁਤ ਬਣਾਉਂਦੇ ਹਨ ਤੇ ਕਈ ਤਰ੍ਹਾਂ ਨਾਲ ਉਸ ਦੀ ਰਾਤ-ਦਿਨ ਪੂਜਾ ਕਰਦੇ ਰਹਿੰਦੇ ਹਨ॥੩੬॥

ਬਾਰਹਿਂ ਦੀਪਕ ਪੁਸ਼ਪ ਚਢਾਵਹਿਂ। ਚੰਦਨ ਚਰਚੈਂ ਬਾਜ ਬਜਾਵਹਿਂ।
ਮਿਲਿ ਕਰਿ ਇਸਤ੍ਰੀ ਪੁਰਖ ਘਨੇਰੇ। ਖੇਟ ਪਰਸਪਰ ਕਰਹਿਂ ਬਡੇਰੇ॥੩੭॥

ਦੀਪਕ ਜਗਾਉਂਦੇ ਹਨ ਅਤੇ ਫੁੱਲ ਚੜ੍ਹਾਉਂਦੇ ਹਨ, ਚੰਦਨ ਦਾ ਛਿੜਕਾਅ ਕਰਦੇ ਹਨ ਅਤੇ ਵਾਜੇ ਵਜਾਉਂਦੇ ਹਨ। ਵੱਡੀ ਗਿਣਤੀ ਵਿਚ ਇਸਤਰੀ ਪੁਰਸ਼ ਮਿਲ ਕੇ ਆਪਸ ਵਿਚ ਖੋਟੇ ਕਰਮ ਕਰਦੇ ਹਨ॥੩੭॥

ਕਰੇ ਹਜ਼ਾਰੋਂ ਬੁਤ ਕੇ ਮੰਦਰ। ਲਾਇ ਦਰਬ ਰਚਿ ਰਾਖੇ ਸੁੰਦਰ।
ਸਭਿ ਹਿੰਦੂ ਇਨ ਮਾਨਤਿ ਅਹੈਂ। ਧਰਮ ਆਪਨੇ ਕੋ ਨਿਰਬਹੈਂ॥ ੩੮॥

ਹਜ਼ਾਰਾਂ ਬੁੱਤਾਂ ਦੇ ਮੰਦਰ ਬਣਾਏ ਹਨ, ਬਹੁਤ ਧਨ ਲਾ ਕੇ ਸੁੰਦਰ ਬਣਾ ਕੇ ਰੱਖੇ ਹਨ। ਸਾਰੇ ਹਿੰਦੂ ਇਨ੍ਹਾਂ ਨੂੰ ਮੰਨਦੇ ਹਨ ਤੇ ਆਪਣੇ ਧਰਮ ਦਾ ਨਿਰਬਾਹ ਕਰਦੇ ਹਨ॥੩੮॥

ਆਪ ਚਲਹੁ ਬੁਤ ਦੇਹੁ ਤੁਰਾਇ। ਮੰਦਰ ਦਿਹੁ ਬਿਦਾਰ ਸਮੁਦਾਇ।
ਤ੍ਰਾਸ ਉਪਾਵਹੁ ਸਭਿ ਕੋ ਮਾਂਹੀ। ਤੁਰਕ ਜਿ ਬਨਹਿ ਦੇਹੁ ਸੁਖ ਤਾਂਹੀ॥ ੩੯॥

ਆਪ ਚਲ ਕੇ ਬੁੱਤ ਤੁੜਵਾ ਦੇਵੇ ਤੇ ਸਾਰੇ ਮੰਦਰਾਂ ਨੂੰ ਢਾਹ ਦੇਵੇ। ਸਾਰਿਆਂ ਦੇ ਦਿਲ ਵਿਚ ਡਰ ਪੈਦਾ ਕਰੇ, ਜਿਹੜੇ ਤੁਰਕ ਬਣ ਜਾਣ ਉਨ੍ਹਾਂ ਨੂੰ ਸੁਖ ਦੇਵੇ॥੩੯॥

ਉੱਤਮ ਥਾਨ ਹਿੰਦੂਅਨਿ ਕੇ ਜਹਿਂ। ਸਭਿਹਿ ਬਿਦਾਰ ਮਸੀਤ ਰਚਹੁ ਤਹਿਂ।
ਹਿੰਦੂ ਤ੍ਰਾਸ ਦਿਹੁ, ਤੁਰਕ ਬਡਾਈ। ਖਿਨਾਂ ਬਨਾਏ ਸਭਿ ਬਨ ਜਾਈਂ॥੪੦॥

ਜਿਥੇ ਵੀ ਹਿੰਦੂਆਂ ਦੇ ਉੱਤਮ ਸਥਾਨ ਹਨ, ਸਾਰਿਆਂ ਨੂੰ ਢਾਹ ਕੇ ਉਥੇ ਮਸੀਤਾਂ ਬਣਾਵੇ। ਹਿੰਦੂਆਂ ਨੂੰ ਡਰਾਵੇ ਅਤੇ ਤੁਰਕਾਂ ਨੂੰ ਵਡਿਆਈ ਦੇਵੇ, ਬਣਾਉਣ ਤੋਂ ਬਿਨਾਂ ਸਭ ਕੁਝ ਬਣ ਜਾਵੇਗਾ''॥੪੦॥

ਇੱਤਜਾਦਿਕ ਕਹਿ ਬਹੁ ਸਮੁਝਾਵਾ। ਬਾਦੀ ਨੌਰੰਗ ਬਾਦ ਉਠਾਵਾ।
ਦੀਨ ਬਧਾਵਨਿ ਕੀ ਅਭਿਲਾਖਾ। 'ਚਲਹਿਂ ਭੋਰ ਕੋ ਚਢਿ ਕਰਿ' ਭਾਖਾ॥੪੧॥

ਇੱਤਿਆਦਿਕ ਕਹਿ ਕੇ ਬਹੁਤ ਸਮਝਾਇਆ। ਝਗੜਾਲੂ ਨੌਰੰਗੇ ਨੇ ਝਗੜਾ ਚੁੱਕ ਲਿਆ ਜਿਸ ਦੀ ਦੀਨ ਵਧਾਉਣ ਦੀ ਅਭਿਲਾਸ਼ਾ ਸੀ। ਉਸ ਨੇ ਕਿਹਾ, ''ਸਵੇਰੇ ਚੜ੍ਹ ਕੇ ਚਲਾਂਗੇ''॥੪੧॥

*ਨੌਂਵੀਂ ਰਾਸ ਦਾ ਪੰਝੀਵਾਂ ਅਧਿਆਇ ਸਮਾਪਤ ਹੋਇਆ॥੨੫॥*

## ਅਧਿਆਇ ਛੱਬੀਵਾਂ

### ਮਥੁਰਾ ਦੀ ਤਬਾਹੀ

ਦੋਹਰਾ- ਭਈ ਭੋਰ ਨੌਰੰਗ ਚਢ੍ਯੋ ਮਥਰਾ ਕੇ ਸਮੁਹਾਇ।
ਬਾਦ ਕਰਨਿ ਹਿੰਦੁਵਾਨ ਸੋਂ ਮਹਾਂ ਮੂਢ ਦੁਖਦਾਇ॥ ੧॥

ਸਵੇਰ ਹੋਈ ਤਾਂ ਨੌਰੰਗਾ ਚੜ੍ਹਾਈ ਕਰਕੇ ਮਥਰਾ ਦੇ ਸਾਹਮਣੇ ਪਹੁੰਚ ਗਿਆ, ਜਿਹੜਾ ਮਹਾਂ ਮੂਰਖ ਅਤੇ ਦੁਖਦਾਇਕ ਸੀ, ਹਿੰਦੂਆਂ ਨਾਲ ਝਗੜਾ ਕਰਨ ਗਿਆ॥੧॥

ਚੌਪਈ-ਚਢਿ ਅਸਵਾਰੀ ਨੌਰੰਗ ਧਾਯੋ। ਮਥਰਾ ਆਇ ਸਿਵਰ ਨਿਜ ਪਾਯੋ।
ਹੇਰੇ ਮੰਦਰ ਖਰੇ ਹਜ਼ਾਰੋਂ। ਮੂਰਤਿ ਅੰਦਰ ਬਿਬਿਧ ਪ੍ਰਕਾਰੋਂ॥ ੨॥

ਅਸਵਾਰ ਹੋ ਕੇ ਨੌਰੰਗਾ ਬੜੀ ਤੇਜ਼ੀ ਨਾਲ ਵਧਿਆ ਤੇ ਮਥਰਾ ਪਹੁੰਚ ਕੇ ਉਸ ਆਪਣੇ ਤੰਬੂ ਲਾ ਲਏ। ਉਥੇ ਹਜ਼ਾਰਾਂ ਖੜੇ ਮੰਦਰ ਵੇਖੇ ਜਿਨ੍ਹਾਂ ਵਿਚ ਕਈ ਪ੍ਰਕਾਰ ਦੀਆਂ ਮੂਰਤੀਆਂ ਸਨ॥੨॥

ਬਡ ਘੰਟਨਿ ਕੇ ਸ਼ਬਦ ਉਠੰਤੇ। ਅਨਿਕ ਰੀਤਿ ਉਤਸਾਹ ਕਰੰਤੇ।
ਪਿਖਤਿ ਨੁਰੰਗਾ ਜਰ ਬਰ ਗਯੋ। ਮੁੱਖਜ ਮਨੁੱਖ ਹਕਾਰਤਿ ਭਯੋ॥ ੩॥

ਘੰਟੇ ਖੜਕਣ ਦੀ ਬੜੀ ਉੱਚੀ ਆਵਾਜ਼ ਉੱਠ ਰਹੀ ਸੀ, ਅਨੇਕ ਰੀਤੀਆਂ ਨਾਲ ਉਤਸ਼ਾਹ ਕਰ ਰਹੇ ਸਨ। ਇਹ ਵੇਖ ਕੇ ਨੌਰੰਗਾ ਸੜ ਬਲ ਗਿਆ, ਮੁਖੀ ਮੁਖੀ ਬੰਦਿਆਂ ਨੂੰ ਉਸ ਬੁਲਾ ਲਿਆ॥੩॥

ਬਿੱਪ੍ਰ ਬਿਰਾਗੀ ਜਬਿ ਚਲਿ ਆਏ। ਸਭਿਨਿ ਸਾਥ ਬਚ ਦੁਖਦ ਅਲਾਏ।
'ਕਜਾ ਤੁਮ ਦੰਭ ਕਮਾਵਨਿ ਕੀਨਸਿ ? ਮਗ ਖ਼ੁਦਾਇ ਮਿਲਿਬੋ ਨਹਿੰ ਚੀਨਸਿ ? ॥੪॥

ਜਦ ਬ੍ਰਾਹਮਣ ਤੇ ਬੈਰਾਗੀ ਚਲ ਕੇ ਆ ਗਏ ਤਾਂ ਸਾਰਿਆਂ ਨਾਲ ਦੁਖਦਾਇਕ ਗੱਲਾਂ ਕੀਤੀਆਂ, "ਤੁਸੀਂ ਕੀ ਪਖੰਡ ਕਮਾ ਰਹੇ ਹੋ ? ਖ਼ੁਦਾ ਨਾਲ ਮਿਲਣ ਦਾ ਰਾਹ ਨਹੀਂ ਪਛਾਣਦੇ ਹੋ ? ॥੪॥

ਬੁਤ ਪੂਜਤਿ ਅਪਰਾਧ ਮਹਾਨਾ। ਸੋ ਤੁਮ ਨਿਸ ਦਿਨ ਕਰਹੁ ਅਜਾਨਾ।
ਪਾਥਰ ਮਹਿੰ ਖ਼ੁਦਾਇ ਕੋ ਮਾਨਿ। ਲੋਕਨਿ ਠਗਹੁ, ਦੇਹਿੰ ਧਨ ਆਨਿ॥ ੫॥

ਬੁਤਾਂ ਦੀ ਪੂਜਾ ਕਰਨੀ ਵੱਡਾ ਅਪਰਾਧ ਹੈ, ਉਹ ਤੁਸੀਂ ਦਿਨ ਰਾਤ ਅੰਞਾਣਪੁਣੇ ਵਿਚ ਕਰੀ ਜਾਂਦੇ ਹੋ। ਪੱਥਰ ਵਿਚ ਖ਼ੁਦਾ ਨੂੰ ਮੰਨ ਕੇ ਲੋਕਾਂ ਨੂੰ ਠੱਗਦੇ ਹੋ, ਉਹ ਤੁਹਾਨੂੰ ਧਨ ਲਿਆ ਕੇ ਦਿੰਦੇ ਹਨ॥੫॥

ਬੁਤ ਪੂਜਨ ਕੋ ਦੇਹੁ ਹਟਾਇ। ਨਹਿੰ ਦੋਜ਼ਕ ਮਹਿੰ ਮਿਲਹਿ ਸਜ਼ਾਇ।
ਕਲਮਾ ਪਠਹੁ ਦੀਨ ਮਹਿੰ ਆਵਹੁ। ਚਲਨਿ ਸ਼ਰ੍ਹਾ ਮਹਿੰ ਰੁਚਿ ਉਪਜਾਵਹੁ ॥੬॥

ਬੁੱਤ ਪੂਜਣ ਤੋਂ ਹੱਟ ਜਾਵੋ, ਨਹੀਂ ਤਾਂ ਨਰਕਾਂ ਵਿਚ ਪੈ ਕੇ ਸਜ਼ਾਵਾਂ ਲਵੋਗੇ। ਕਲਮਾ ਪੜ੍ਹੋ ਤੇ ਮੁਸਲਮਾਨ ਧਰਮ ਵਿਚ ਆ ਜਾਵੋ ਤੇ ਸ਼ਰ੍ਹਾ ਵਿਚ ਚਲਣ ਦੀ ਰੁਚੀ ਪੈਦਾ ਕਰੋ॥੬॥

ਭਿਸਤ ਬਿਖੈ ਪਹੁੰਚਨਿ ਕਹੁ ਰਾਹੂ। ਅਨਤ ਭ੍ਰਮਤਿ ਦੋਜ਼ਕ ਮਹਿੰ ਜਾਹੂ।
ਇੱਤਜਾਦਿਕ ਕਹਿ ਬਹੁ ਸਮੁਝਾਏ। ਸਭਿਨਿ ਕਹਜੋ 'ਹਮਰੋ ਧ੍ਰਮ ਜਾਏ॥ ੭॥

ਇਹ ਬਹਿਸ਼ਤ ਵਿਚ ਪਹੁੰਚਣ ਦਾ ਰਾਹ ਹੈ, ਹੋਰ ਪਾਸੇ ਭਰਮਣ ਕਰਕੇ ਨਰਕਾਂ ਵਿਚ ਜਾਉਗੇ।" ਇੱਤਿਆਦਿਕ ਕਹਿ ਕੇ ਬਹੁਤ ਸਮਝਾਇਆ। ਸਾਰਿਆਂ ਨੇ ਕਿਹਾ, "ਸਾਡਾ ਧਰਮ ਜਾਂਦਾ ਹੈ॥੭॥

ਜੇ ਆਗੇ ਭੇ ਬਡੇ ਬਡੇਰੇ। ਤਿਨਹਿ ਬਤਾਯਹੁ ਮਗ, ਜਿਨ ਹੇਰੇ।
ਤੁਮਰੇ ਹਮਰੇ ਦੀਰਘ ਅੰਤਰ। ਨਿਜ ਨਿਜ ਮਤਿ ਮਹਿੰ ਚਲੈਂ ਨਿਰੰਤਰ॥ ੮॥

ਜਿਹੜੇ ਸਾਡੇ ਪਹਿਲਾਂ ਵੱਡੇ ਵਡੇਰੇ ਹੋਏ ਹਨ, ਉਨ੍ਹਾਂ ਨੇ ਰਾਹ ਦੱਸਿਆ ਹੈ, ਜਿਨ੍ਹਾਂ ਸਾਡੇ ਵਡੇਰਿਆਂ ਨੇ ਕ੍ਰਿਸ਼ਨ ਜੀ ਨੂੰ ਵੇਖਿਆ ਹੈ। ਤੁਹਾਡਾ ਸਾਡਾ ਬਹੁਤ ਫ਼ਰਕ ਹੈ ਅਸੀਂ ਆਪਣੇ-ਆਪਣੇ ਮੱਤ ਵਿਚ ਸਦਾ ਚਲਦੇ ਆਏ ਹਾਂ॥੮॥

ਕਜੌਂ ਕਰਿ ਧਰਮ ਆਪਨੋ ਛੋਰੈਂ। ਨਰਕ ਪਰਨਿ ਕਹੁ ਕਜੌਂ ਕਰਿ ਲੋਰੈਂ।
ਧੇਨੁ ਘਾਤ ਲੇ ਕਰਹੁ ਅਧਰਮ। ਯਾਂਤੇ ਸੁਖ ਚਹਿ ਭਰਮੇ ਭਰਮ॥ ੯॥

ਅਸੀਂ ਆਪਣਾ ਧਰਮ ਕਿਉਂ ਛੱਡੀਏ ? ਨਰਕ ਵਿਚ ਪੈਣਾ ਅਸੀਂ ਕਿਉਂ ਚਾਹੀਏ ? ਗਾਂ ਮਾਰਨ ਤਕ ਦਾ ਤੁਸੀਂ ਅਧਰਮ ਕਰਦੇ ਹੋ, ਇਸ ਅਧਰਮ ਤੋਂ ਸੁਖ ਚਾਹੁੰਦੇ ਹੋ, ਇਹ ਭਰਮਾਂ ਵਿਚ ਭਟਕਣਾ ਹੈ॥੯॥

ਖਾਨ ਪਾਨ ਮਹਿਂ ਸੌਚ ਰਿਹੀਨੇ। ਤੁਮਰੇ ਨਰਿ ਗਿਲਾਨ ਕਿਮ ਚੀਨੇ।
ਗਮਨ ਭਿਸ਼ਤ ਕੋ ਜਾਨਜੋ ਜੋਇ। ਗਿਰੈ ਨਰਕ, ਬਿਨ ਸੰਸੈ ਸੋਇ॥ ੧੦॥

ਖਾਣ ਪੀਣ ਵਿਚ ਸੁੱਚਮਤਾ ਤੋਂ ਬਗੈਰ ਰਹਿੰਦੇ ਹੋ, ਤੁਹਾਡੇ ਮਨੁੱਖਾਂ ਦੀ ਅਪਵਿੱਤਰਤਾ ਕਿਵੇਂ ਵੇਖਾਂਗੇ? ਜਿਹੜੇ ਬਹਿਸ਼ਤਾਂ ਨੂੰ ਜਾਣਾ ਸਮਝਦੇ ਹਨ, ਉਹ ਕਿਸੇ ਸ਼ੰਕੇ ਦੇ ਬਗੈਰ ਨਰਕਾਂ ਵਿਚ ਜਾ ਡਿੱਗਦੇ ਹਨ॥੧੦॥

ਪ੍ਰਭੁ ਅਵਤਾਰਨਿ ਕੀ ਬਹੁ ਪੂਜਾ। ਜਿਸ ਕੇ ਸਮ ਸਮਰਥ ਨਹਿਂ ਦੂਜਾ।
ਸੋ ਹਮ ਮੂਰਤਿ ਬਿਖੈ ਅਰੋਪਿ। ਮਾਨਤਿ ਸਕਲ ਸਦਾ ਚਿਤ ਚੋਪ॥ ੧੧॥

ਪ੍ਰਭੂ ਦੇ ਅਵਤਾਰਾਂ ਦੀ ਬਹੁਤ ਪੂਜਾ ਹੁੰਦੀ ਹੈ, ਜਿਸ ਦੇ ਬਰਾਬਰ ਹੋਰ ਕੋਈ ਦੂਸਰੀ ਪੂਜਾ ਦੇ ਸਮਰੱਥ ਨਹੀਂ ਹੈ। ਉਹ ਅਸੀਂ ਇਕ ਮੂਰਤੀ ਵਿਚ ਆਰੋਪ ਲੈਂਦੇ ਹਾਂ ਭਾਵ ਜੜ ਲੈਂਦੇ ਹਾਂ ਤੇ ਸਦਾ ਹੀ ਚਿਤ ਵਿਚ ਪ੍ਰਸੰਨ ਹੋ ਕੇ ਮੰਨਦੇ ਹਾਂ॥੧੧॥

ਕਹਿਂ ਤੁਮਰੋ ਮਤਿ ਗਮਨਿ ਅਧੋਗਤਿ। ਕਹਿਂ ਹਮਰੋ ਸ਼ੁਭ ਸਾਧ ਸੁਧੇ ਚਿਤ।
ਅਵਿਨੀ ਸਕਲ ਰਾਜ ਤੁਮ ਭਯੋ। ਤਿਮਰਲਿੰਗ ਆਦਿਕ ਤੇ ਥਿਯੋ॥ ੧੨॥

ਕਿਥੇ ਤੁਹਾਡਾ ਮੱਤ ਨੀਵੀਂ ਗਤੀ ਵਲ ਲਿਜਾਣ ਵਾਲਾ ਹੈ ਤੇ ਕਿਥੇ ਸਾਡਾ ਮੱਤ ਸ਼ੁਭ ਸਾਧਨਾਂ ਵਾਲਾ ਅਤੇ ਚਿਤ ਨੂੰ ਸ਼ੁੱਧ ਕਰਨ ਵਾਲਾ ਹੈ। ਸਾਡੀ ਸਾਰੀ ਧਰਤੀ ਉਤੇ ਤੁਹਾਡਾ ਰਾਜ ਹੋਇਆ ਹੈ, ਤਿਮਰਲਿੰਗ ਆਦਿ ਕਈ ਹੋਰ ਵੀ ਵੱਡੇ ਵੱਡੇ ਬਾਦਸ਼ਾਹ ਹੋਏ ਹਨ॥੧੨॥

ਕਿਸਹੁਂ ਨ ਕਬਿ ਇਹ ਗਿਰਾ ਬਖਾਨੀ। ਕਰਿ ਹੰਕਾਰ ਜੁ ਤੁਮ ਅਬਿ ਠਾਨੀ।
ਆਪ ਆਪਨੇ ਮਤ ਸਭਿ ਰਹੇ। ਕਰਿ ਸ਼ੁਭ ਕਰਮ ਊਚ ਪਦ ਲਹੇ॥ ੧੩॥

ਕਿਸੇ ਨੇ ਵੀ ਕਦੀ ਇਹ ਗੱਲ ਨਹੀਂ ਕਹੀ ਹੈ, ਜਿਹੜੀ ਹੰਕਾਰ ਕਰਕੇ ਤੁਸੀਂ ਹੁਣ ਕਹੀ ਹੈ। ਸਾਰੇ ਆਪਣੇ ਆਪਣੇ ਮੱਤ ਵਿਚ ਰਹਿੰਦੇ ਹਨ, ਸ਼ੁਭ ਕਰਮ ਕਰਕੇ ਉਹ ਉੱਚੀਆਂ ਪਦਵੀਆਂ ਪਾਉਂਦੇ ਹਨ॥੧੩॥

ਬਿਨ ਕਰਨੀ ਹਿੰਦੂ ਕਜਾ ਤੁਰਕ। ਸੁਖ ਨਹਿਂ ਪੱਯਤਿ ਪਰਤੇ ਨਰਕ'।
ਇੱਤ੍ਯਾਦਿਕ ਕਰਕਸ ਬਚ ਕਹੇ। ਸੁਨਤਿ ਨੁਰੰਗੇ ਕੋ ਮਨ ਦਹੇ॥ ੧੪॥

ਕਰਨੀ ਤੋਂ ਬਗੈਰ ਹਿੰਦੂ ਕੀ ਤੇ ਤੁਰਕ ਕੀ, ਸੁਖ ਨਹੀਂ ਪਾਉਂਦੇ ਹਨ ਤੇ ਨਰਕਾਂ ਵਿਚ ਪੈਂਦੇ ਹਨ।'' ਬ੍ਰਾਹਮਣਾਂ ਨੇ ਇੱਤਿਆਦਿਕ ਖਰ੍ਹਵੇ ਬਚਨ ਕਹੇ, ਜਿਨ੍ਹਾਂ ਨੂੰ ਸੁਣ ਕੇ ਨੌਰੰਗੇ ਦਾ ਮਨ ਸੜ ਗਿਆ॥੧੪॥

ਕਹਤਿ ਭਯੋ ਇਮ ਮੂਢ ਗਵਾਰ। 'ਤਬਿ ਜਾਨਹਿਂ ਜਬਿ ਸਿਰ ਹੁਇ ਮਾਰ'।
ਹੁਕਮ ਦੀਓ 'ਮੰਦਰ ਦਿਹੁ ਗੇਰਿ। ਮੂਰਤਿ ਭਗਨਹੁ ਅੰਗ ਬਖੇਰਿ॥ ੧੫॥

ਮੂਰਖ ਗਵਾਰ ਨੌਰੰਗਾ ਇਸ ਤਰ੍ਹਾਂ ਕਹਿਣ ਲੱਗਾ, ''ਤਦ ਪਤਾ ਲੱਗੇਗਾ ਜਦ ਸਿਰ 'ਤੇ ਮਾਰ ਪਵੇਗੀ' ਤੇ ਫਿਰ ਹੁਕਮ ਦਿੱਤਾ, ''ਸਾਰੇ ਮੰਦਰ ਢਾਹ ਦੇਵੋ, ਮੂਰਤੀਆਂ ਤੋੜ ਤੋੜ ਕੇ ਉਨ੍ਹਾਂ ਦੇ ਟੋਟੇ ਖਿਲਾਰ ਦੇਵੋ॥੧੫॥

ਹੋਇ ਨਿਕਟਿ ਬੋਲਹਿ ਜੇ ਕੋਈ। ਕੈਦ ਕਰਹੁ ਗਹਿ ਮਾਰਹੁ ਸੋਈ।
ਦੰਡ ਦੇਹੁ ਕਰਿ ਕੈ ਜਬਰਾਈ। ਬਾਜਹਿ ਸੰਖ ਨ ਫਿਰਹਿ ਦੁਹਾਈ॥ ੧੬॥

ਜੇ ਕੋਈ ਨੇੜੇ ਹੋ ਕੇ ਬੋਲੇ ਤਾਂ ਉਸ ਨੂੰ ਕੈਦ ਕਰੋ ਤੇ ਫੜ ਕੇ ਮਾਰ ਦੇਵੋ। ਦੰਡ ਦੇ ਕੇ ਸਖਤੀ ਕਰੋ ਤਾਂਕਿ ਕਿਤੇ ਵੀ ਸੰਖ ਨਾ ਵਜੇ ਤੇ ਸਾਰੇ ਦੁਹਾਈ ਫਿਰ ਜਾਵੇ॥੧੬॥

ਬਹੁਤ ਮਿਹਨਤੀ ਦੇਰੁ ਲਗਾਇ। ਮੁਝ ਢਿਗ ਹੋਤੇ ਦੇਹੁ ਢਹਾਇ
ਜਹਿਂ ਜਹਿਂ ਮੰਦਿਰ ਖਰੇ ਬਡੇਰੇ। ਤਹਿਂ ਮਸੀਤ ਚਿਨਵਹੁ ਬਿਨ ਦੇਰੇ॥ ੧੭॥

ਬਹੁਤ ਮਜ਼ਦੂਰ ਲਾ ਦੇਵੇ, ਜਿੰਨੇ ਵੀ ਮੇਰੇ ਨੇੜੇ ਹਨ ਸਭ ਢਾਹ ਦੇਵੇ। ਜਿਥੇ ਜਿਥੇ ਵੱਡੇ ਵੱਡੇ ਮੰਦਰ ਖੜੇ ਹਨ, ਉਥੇ ਕਿਸੇ ਦੇਰ ਤੋਂ ਬਗੈਰ ਮਸੀਤਾਂ ਚਿਣਵਾ ਦੇਵੇ॥੧੭॥

ਜਹਿਂ ਜਹਿਂ ਹਿੰਦੁਨਿ ਕੇ ਅਸਥਾਨ। ਇਨਹਿ ਜੇਜਵਾ ਲਗਹਿ ਮਹਾਨ।
ਸਗਲ ਠੌਰ ਬਹੁ ਦੰਭ ਕਮਾਵਾ। ਚਲਨਿ ਸ਼ਰ੍ਹਾ ਕੋ ਇਨਹਿ ਨ ਭਾਵਾ॥੧੮॥

ਜਿਥੇ ਜਿਥੇ ਹਿੰਦੂਆਂ ਦੇ ਸਥਾਨ ਹਨ, ਇਨ੍ਹਾਂ ਨੂੰ ਮਹਾਨ ਜਜ਼ੀਆ ਲਗਾਵੇ। ਸਭ ਥਾਂ ਇਹ ਬਹੁਤ ਪਖੰਡ ਕਮਾ ਰਹੇ ਹਨ, ਸ਼ਰ੍ਹਾ ਵਿਚ ਚਲਣਾ ਇਨ੍ਹਾਂ ਨੂੰ ਚੰਗਾ ਨਹੀਂ ਲੱਗਦਾ॥੧੮॥

ਦਿਹੁ ਸਜ਼ਾਇ ਸਭਿ ਭਾਂਤਿਨਿ ਇਨੈ। ਤਬਹਿ ਪਠਨਿ ਕਲਮਾ ਮਨ ਮਨੈ।
ਜਿਸ ਕੋ ਝਗਰੋ ਦੇਹੁ ਜਿਤਾਇ। ਤਿਸਹਿ ਸ਼ਰ੍ਹਾ ਮਹਿਂ ਲੇਹੁ ਚਲਾਇ॥੧੯॥

ਇਨ੍ਹਾਂ ਨੂੰ ਸਭ ਪ੍ਰਕਾਰ ਦੀਆਂ ਸਜ਼ਾਵਾਂ ਦੇਵੇ, ਤਦ ਹੀ ਮਨ ਵਿਚ ਕਲਮਾ ਪੜ੍ਹਨਾ ਮੰਨਣਗੇ। ਜਿਸ ਦਾ ਕੋਈ ਝਗੜਾ ਚਲਦਾ ਹੋਵੇ ਉਸ ਨੂੰ ਜਿਤਾ ਦੇਵੇ ਤੇ ਉਸ ਨੂੰ ਸ਼ਰ੍ਹਾ ਵਿਚ ਲੈ ਆਵੇ॥੧੯॥

ਹਿੰਦੂ ਹ੍ਵੈ ਕਰਿ ਰਹੈਂ ਨਿਤਾਣੇ। ਹੀਨ ਜੀਵਕਾ ਹੁਇ ਤਬਿ ਜਾਣੇ'।
ਜਬਿ ਇਮ ਹੁਕਮ ਦੁਸ਼ਟ ਨੇ ਦੀਨਾ। ਮਹਾਂ ਮੂਢ ਹੰਕਾਰ ਮਲੀਨਾ॥੨੦॥

ਹਿੰਦੂ ਹੋ ਕੇ ਨਿਤਾਣੇ ਰਹਿਣ, ਜਦ ਮਾੜੀ ਰੋਜ਼ੀ ਰੋਟੀ ਵੇਖਣਗੇ ਤਦ ਜਾਣ ਲੈਣਗੇ।'' ਜਦ ਦੁਸ਼ਟ ਨੌਰੰਗੇ ਨੇ ਇਸ ਤਰ੍ਹਾਂ ਹੁਕਮ ਦਿੱਤਾ, ਮਹਾਂ ਮੂਰਖ ਹੰਕਾਰ ਦੀ ਮੈਲ ਵਿਚ ਲਿਬੜਿਆ ਹੋਇਆ ਸੀ॥੨੦॥

ਧਾਏ ਜਹਿਂ ਕਹਿਂ ਦੁਸ਼ਟ ਘਨੇਰੇ। ਕਰਤਿ ਬਿਦੀਰਨਿ ਮੰਦਿਰ ਗੇਰੇ।
'ਹਾਇ ਹਾਇ' ਹਿੰਦੁਨਿ ਮਹਿਂ ਹੋਵਾ। ਕੋ ਕਜੌਹੂੰ ਨਹਿਂ ਸਮੁਖ ਖਰੋਵਾ॥੨੧॥

ਜਿਥੇ ਕਿਥੇ ਦੁਸ਼ਟ ਭੱਜੇ ਗਏ ਤੇ ਮੰਦਰਾਂ ਨੂੰ ਢਾਹ ਢਾਹ ਕੇ ਨਾਸ਼ ਕਰਨ ਲੱਗੇ। ਸਾਰੇ ਹਿੰਦੂ 'ਹਾਇ ਹਾਇ' ਕਰਨ ਲੱਗੇ, ਕੋਈ ਵੀ ਉਸ ਸਮੇਂ ਸਾਹਮਣੇ ਨਾ ਖਲੋਤਾ॥੨੧॥

ਦੁਰੇ ਸਦਨ ਮਹਿਂ ਪੰਡਿਤ ਰੋਏ। ਬ੍ਰਿਥਾ ਅਟਲ ਮਹਿਂ ਰਿਦਾ ਪੁਰੋਏ।
'ਰਾਮ ਰਾਮ' ਕਹਿ ਭਏ ਲਚਾਰ। ਨਹਿਂ ਮਨ ਆਵਹਿ ਕੋ ਉਪਚਾਰ॥੨੨॥

ਆਪਣੇ ਘਰਾਂ ਵਿਚ ਲੁਕ ਕੇ ਪੰਡਿਤ ਰੋਏ, ਅਟਲ ਪੀੜਾ ਨਾਲ ਹਿਰਦੇ ਪਰੋਏ ਹੋਏ ਸਨ। 'ਰਾਮ ਰਾਮ' ਕਹਿ ਕੇ ਲਾਚਾਰ ਹੋ ਗਏ ਤੇ ਮਨ ਵਿਚ ਕੋਈ ਵੀ ਇਲਾਜ ਨਹੀਂ ਸੀ ਲਭਦਾ॥੨੨॥

ਜਿਮ ਹਰਨਾਖ਼ਸ਼ ਕੀਨਿ ਕੁਚਾਲੀ। ਛੀਨਿ ਧਰਮ ਤੇ ਕਰੇ ਕੁਢਾਲੀ।
ਜਿਮ ਸਤਿਜੁਗ ਮਹਿਂ ਬੇਨ ਮਹੀਸ਼ਾ। ਸੁਭ ਕਰਮਨਿ ਕੋ ਕੀਨਸਿ ਖੀਸਾ॥੨੩॥

ਜਿਵੇਂ ਹਰਨਾਖਸ਼ ਨੇ ਕੂਟ ਚਾਲ ਚਲੀ ਸੀ, ਧਰਮ ਖੋਹ ਕੇ ਭੈੜਾ ਕਾਰਜ ਕੀਤਾ ਸੀ। ਜਿਵੇਂ ਸਤਿਜੁਗ ਵਿਚ ਬੇਣ ਰਾਜਾ ਹੋਇਆ ਸੀ, ਜਿਸ ਨੇ ਸੁਭ ਕਰਮਾਂ ਦਾ ਨਾਸ਼ ਕਰ ਦਿੱਤਾ ਸੀ॥੨੩॥

ਪੁਨ ਤ੍ਰੇਤੇ ਰਾਵਨ ਬੁਰਿਆਰੀ। ਸਭਿ ਦੇਵਨਿ ਕੀ ਪੂਜਾ ਟਾਰੀ।
ਅਪਨ ਆਪ ਕੋ ਮਾਨਿ ਮਹਾਨਾ। ਸਭਿ ਜਗ ਕੋ ਦੀਨਸਿ ਦੁਖ ਦਾਨਾ॥੨੪॥

ਫਿਰ ਤ੍ਰੇਤੇ ਵਿਚ ਬਦੀ ਕਰਨ ਵਾਲੇ ਰਾਵਣ ਨੇ, ਸਾਰੇ ਦੇਵਤਿਆਂ ਦੀ ਪੂਜਾ ਬੰਦ ਕਰਵਾ ਦਿੱਤੀ ਸੀ ਤੇ ਆਪਣੇ ਆਪ ਨੂੰ ਮਹਾਨ ਮੰਨਿਆ ਸੀ ਤੇ ਸਾਰੇ ਜਗਤ ਨੂੰ ਬਹੁਤ ਦੁਖ ਦਿੱਤਾ ਸੀ॥੨੪॥

ਪੁਨ ਦ੍ਵਾਪੁਰਿ ਮਹਿਂ ਦੁਸ਼ਟ ਬਡੇਰੇ। ਕੰਸ ਆਦਿ ਦੁਰਮਤਿ ਨੇ ਪ੍ਰੇਰੇ।
ਧਰਮ ਲੋਪ ਕੋ ਚਾਹਤਿ ਮਰੇ। ਛੀਨ ਓਜ ਹ੍ਵੈ ਛਿਤ ਪਰ ਪਰੇ॥ ੨੫ ॥

ਫਿਰ ਦਵਾਪਰ ਵਿਚ ਵੱਡੇ ਦੁਸ਼ਟ ਕੰਸ ਆਦਿ ਨੇ ਜਿਹੜੇ ਭੈੜੀ ਮੱਤ ਦੇ ਪ੍ਰੇਰੇ ਹੋਏ ਸਨ, ਧਰਮ ਅਲੋਪ ਕਰਨਾ ਚਾਹਿਆ ਪਰ ਆਪ ਹੀ ਮਰ ਗਏ ਸਾਰੀ ਸ਼ਕਤੀ ਗਵਾ ਕੇ ਧਰਤੀ ਤੇ ਲੰਮੇ ਪੈ ਗਏ॥੨੫॥

ਤਿਮ ਕਲਿਜੁਗ ਮਹਿਂ ਨੌਰੰਗ ਹੋਵਾ। ਮਹਾਂ ਮਲੇਛ ਚਹਤਿ ਧ੍ਰਮ ਖੋਵਾ।
ਹਿੰਦੁਨਿ ਊਪਰ ਅਨਿਕ ਉਪਾਧਿ। ਦੇਤਿ ਭਯੋ ਦੁਖ ਸਾਧ ਅਸਾਧਿ॥ ੨੬ ॥

ਉਸ ਤਰ੍ਹਾਂ ਹੀ ਕਲਿਜੁਗ ਵਿਚ ਨੌਰੰਗਾ ਹੋਇਆ ਹੈ, ਮਹਾਂ ਮਲੇਛ ਧਰਮ ਖੋਣਾ ਚਾਹੁੰਦਾ ਸੀ। ਹਿੰਦੂਆਂ ਉੱਤੇ ਉਸ ਬਹੁਤ ਜ਼ੁਲਮ ਕੀਤੇ ਤੇ ਸਾਧੂਆਂ ਅਤੇ ਆਮ ਵਿਅਕਤੀਆਂ ਨੂੰ ਉਸ ਬਹੁਤ ਦੁੱਖ ਦਿੱਤੇ॥੨੬॥

ਤੁਰਕ ਤਰਕਨਾ ਕਰਹਿਂ ਅਨੇਕ। ਦੀਨ ਬਧਾਵਨਿ ਹੀਨ ਬਿਬੇਕ।
ਮਥੁਰਾ ਮਹਿਂ ਜੇਤਿਕ ਸ਼ੁਭ ਮੰਦਿਰ। ਬਹੁ ਸੁੰਦਰ ਮੂਰਤਿ ਜੇ ਅੰਦਰ॥ ੨੭ ॥

ਤੁਰਕ ਅਨੇਕ ਪ੍ਰਕਾਰ ਦੇ ਤਰਕ ਕਰਦੇ ਸਨ, ਇਸਲਾਮ ਨੂੰ ਵਧਾਉਣ ਵਾਸਤੇ ਬਿਬੇਕ ਰਹਿਤ ਹੋ ਗਏ ਸਨ। ਮਥਰਾ ਵਿਚ ਜਿੰਨੇ ਵੀ ਮੰਦਰ ਸਨ, ਜਿਨ੍ਹਾਂ ਦੇ ਅੰਦਰ ਬਹੁਤ ਸੁੰਦਰ ਮੂਰਤੀਆਂ ਰਖੀਆਂ ਹੋਈਆਂ ਸਨ॥੨੭॥

ਲਗੇ ਮਿਹਨਤੀ ਮਹਤ ਬਿਦਾਰਹਿਂ। ਤੁਰਕ ਤੇਜ਼ ਕੀ ਜਰਹਿਂ ਉਪਾਰਹਿਂ।
ਕੰਚਨ ਕਲਸ ਚਿਨੇ ਸੰਗ ਚੂਨਾ। ਫੋਰੇ ਸਗਲ ਕਰਜੋ ਜਨੁ ਚੂਨਾ॥ ੨੮ ॥

ਮਜ਼ਦੂਰ ਉਨ੍ਹਾ ਮੰਦਰਾ ਅਤੇ ਮੂਰਤੀਆਂ ਨੂੰ ਚੰਗੀ ਤਰ੍ਹਾਂ ਢਾਹੁਣ ਲੱਗੇ, ਮਾਨੋਂ ਉਹ ਤੁਰਕਾਂ ਦੇ ਤੇਜ਼ ਦੀਆਂ ਜੜ੍ਹਾਂ ਪੁੱਟ ਰਹੇ ਸਨ। ਸੋਨੇ ਦੇ ਕਲਸ ਜਿਹੜੇ ਚੂਨੇ ਨਾਲ ਚਿਣੇ ਹੋਏ ਸਨ, ਉਨ੍ਹਾਂ ਨੂੰ ਤੋੜ ਤੋੜ ਕੇ ਚੂਰ ਕਰ ਦਿੱਤਾ ਭਾਵ ਧੂੜ ਨਾਲ ਮਿਲਾ ਦਿੱਤਾ॥੨੮॥

ਲੈ ਲੈ ਮੂਰਤਿ ਅੰਗ ਬਿਦਾਰਹਿਂ। ਹਾਥ ਪਾਵ ਗ੍ਰੀਵਾ ਕਟਿ ਡਾਰਹਿਂ।
ਦੂਰ ਬਗਾਵਹਿਂ ਨਦੀ ਮਝਾਰਾ। ਕਰਿ ਬਹੁ ਖੰਡ ਦੇਹਿਂ ਛਿਤ ਡਾਰਾ॥ ੨੯ ॥

ਮੂਰਤੀਆਂ ਲੈ ਲੈ ਉਨ੍ਹਾਂ ਦੇ ਅੰਗ ਅੰਗ ਤੋੜ ਦਿੰਦੇ ਸਨ, ਹੱਥ ਪੈਰ ਅਤੇ ਗਲ ਕੱਟ ਦਿੰਦੇ ਸਨ ਤੇ ਫਿਰ ਉਨ੍ਹਾਂ ਨੂੰ ਦੂਰ ਨਦੀ ਵਿਚ ਵਗਾਹ ਮਾਰਦੇ ਸਨ ਜਾਂ ਖੰਡ ਖੰਡ ਕਰਕੇ ਧਰਤੀ 'ਤੇ ਸੁੱਟ ਦਿੰਦੇ ਸਨ॥੨੯॥

ਭਏ ਦੇਵਤਾ ਬਜਾਕੁਲ ਸਾਰੇ। ਲਖਿ ਤਪ ਤੁਰਕ ਨ ਕੋ ਨਿਰਵਾਰੇ।
ਮੰਦਿਰ ਭ੍ਰਿਸ਼ਟ ਕਰੇ ਜਹਿਂ ਕਹਾਂ। ਪ੍ਰਤਿਮਾ ਤੋਰਿ ਫੋਰਿ ਕਰਿ ਮਹਾਂ॥ ੩੦ ॥

ਸਾਰੇ ਦੇਵਤੇ ਬਹੁਤ ਵਿਆਕੁਲ ਹੋ ਗਏ। ਤੁਰਕ ਦਾ ਤੇਜ ਵੇਖ ਕੇ ਕੋਈ ਵੀ ਉਨ੍ਹਾਂ ਦੇ ਦੁਖ ਨੂੰ ਦੂਰ ਨਹੀਂ ਸੀ ਕਰਦਾ। ਜਿਥੇ ਕਿਥੇ ਮੰਦਰਾਂ ਨੂੰ ਭ੍ਰਿਸ਼ਟ ਕਰ ਦਿੱਤਾ, ਮੂਰਤੀਆਂ ਚੰਗੀ ਤਰ੍ਹਾਂ ਤੋੜ ਫੋੜ ਦਿੱਤੀਆਂ॥੩੦॥

ਕਿਤ ਕਿਤ ਥਲ ਮਸੀਤ ਚਿਨਵਾਈ। ਦੇਤਿ ਬਾਂਗ ਊਚੇ ਕਿਲਕਾਈ।
ਰੋਜ਼ਾ ਈਦ ਨਿਵਾਜ਼ ਗੁਜ਼ਾਰਹਿਂ। ਹਿੰਦੂ ਪਿਖਤਿ ਝਿਰਕਿਬੋ ਧਾਰਹਿਂ॥ ੩੧ ॥

ਕਿਸੇ ਕਿਸੇ ਥਾਂ ਮਸੀਤ ਬਣਵਾ ਦਿੱਤੀ, ਉਥੇ ਬੜੀ ਉੱਚੀ ਦਿੱਤੀ ਬਾਂਗ ਦਿੰਦੇ ਸਨ। ਰੋਜ਼ਾ, ਈਦ ਅਤੇ ਨਿਮਾਜ਼ ਪੜ੍ਹਦੇ ਸਨ, ਹਿੰਦੂਆਂ ਨੂੰ ਵੇਖ ਕੇ ਝਿੜਕਦੇ ਸਨ॥੩੧॥

ਜਾਵਤਿ ਮੂਰਤਿ ਮੰਦਿਰ ਸਾਰੇ। ਤੋਰਿ ਫੋਰਿ ਕਰਿ ਸਕਲ ਬਿਦਾਰੇ।
ਤਾਵਤ ਨੌਰੰਗ ਰਾਖਜੋ ਡੇਰਾ। ਦੇਤਿ ਹਿੰਦੂਅਨਿ ਤ੍ਰਾਸ ਘਨੇਰਾ॥ ੩੨ ॥

ਜਦ ਤਕ ਸਾਰੇ ਮੰਦਰ ਅਤੇ ਮੂਰਤੀਆਂ ਤੋੜ ਫੋੜ ਕੇ ਨਾਸ਼ ਨਹੀਂ ਕਰ ਦਿੱਤੀਆਂ, ਤਦ ਤਕ ਨੌਰੰਗੇ ਨੇ ਉਥੇ ਡੇਰਾ ਰਖਿਆ, ਉਹ ਹਿੰਦੂਆਂ ਨੂੰ ਬਹੁਤ ਡਰਾਉਂਦਾ ਸੀ॥੩੨॥

ਬਨਹਿ ਤੁਰਕ ਝਗਰਾ ਜਿਤ ਜਾਵਹਿ। ਸਕਲ ਸ਼ਰੀਕਨਿ ਤੇ ਬਿਰਧਾਵਹਿ।
ਕਿਸਹੂੰ ਦਰਬ ਦੇਹਿ ਚਿਤ ਚਾਹੂ। ਆਨਹਿ ਅਪਨ ਸ਼ਰ੍ਹਾ ਕੇ ਮਾਂਹੂ॥ ੩੩॥

ਜੇ ਮੁਸਲਮਾਨ ਬਣ ਜਾਂਦਾ ਸੀ, ਉਹ ਝਗੜਾ ਜਿੱਤ ਜਾਂਦਾ ਸੀ ਤੇ ਆਪਣੇ ਸਾਰੇ ਸ਼ਰੀਕਾਂ ਨਾਲੋਂ ਅੱਗੇ ਵਧ ਜਾਂਦਾ ਸੀ। ਕਿਸੇ ਨੂੰ ਚਿਤ ਚਾਹਿਆ ਧਨ ਦਿੰਦੇ ਸਨ ਤੇ ਆਪਣੀ ਸ਼ਰ੍ਹਾ ਦੇ ਵਿਚ ਲੈ ਆਉਂਦੇ ਸਨ॥੩੩॥

ਕਿਸ ਹੂੰ ਕੋ ਤਨਿਯਾ ਦੇ ਆਪਨਿ। ਜਯੋਂ ਤਯੋਂ ਧਰਮ ਕਰਹਿਂ ਤਿਨ ਖਾਪਨਿ।
ਭਯੋ ਤ੍ਰਾਸ ਹਿੰਦੁਨਿ ਮਹਿਂ ਭਾਰੀ। ਨਹੀਂ ਪਰਸਪਰ ਕਰਤੇ ਰਾਰੀ॥ ੩੪॥

ਕਿਸੇ ਨੂੰ ਆਪਣੀ ਕੁੜੀ ਦਾ ਰਿਸ਼ਤਾ ਦੇ ਦਿੰਦੇ ਸਨ, ਜਿਵੇਂ-ਕਿਵੇਂ ਉਨ੍ਹਾਂ ਦੇ ਧਰਮ ਦਾ ਨਾਸ਼ ਕਰ ਦਿੰਦੇ ਸਨ। ਹਿੰਦੂਆਂ ਵਿਚ ਬਹੁਤ ਡਰ ਵੱਧ ਗਿਆ, ਨਹੀਂ ਤਾਂ ਆਪਸ ਵਿਚ ਝਗੜਾ ਕਰਦੇ ਸਨ॥੩੪॥

ਜੋ ਕਜੋਂਹੂੰ ਲਰਿ ਪਰਿ ਹੈ ਕੋਇ। 'ਬਨਿਹੋਂ ਤੁਰਕ' ਉਠਹਿ ਕਹਿ ਸੋਇ।
ਤਿਸ ਕੋ ਲੇਂ ਤਤਕਾਲ ਮਿਲਾਇ। ਚਿਤ ਇੱਛਾ ਕੋ ਦੇਤਿ ਪੁਜਾਇ॥ ੩੫॥

ਜੇ ਕੋਈ ਆਪਸ ਵਿਚ ਲੜ ਪੈਂਦਾ ਸੀ ਤਾਂ ਉਹ ਇਹ ਕਹਿ ਕੇ ਚਲਾ ਜਾਂਦਾ ਸੀ, "ਮੈਂ ਤੁਰਕ ਬਣ ਜਾਵਾਂਗਾ।" ਉਸ ਨੂੰ ਤੁਰਕ ਤੁਰਤ ਆਪਣੇ ਵਿਚ ਮਿਲਾ ਲੈਂਦੇ ਸਨ, ਤੇ ਉਸਦੇ ਚਿਤ ਦੀ ਇੱਛਾ ਪੂਰੀ ਕਰ ਦਿੰਦੇ ਸਨ॥੩੫॥

ਪਿਤਾ ਪੁੱਤ੍ਰ ਕੋ ਤਾੜਹਿ ਨਾਂਹੀ। ਕ੍ਰੁੱਧਤਿ ਭ੍ਰਾਤ ਨ ਆਪਸ ਮਾਂਹੀ।
ਅਪਰਨਿ ਕੀ ਗਿਨਤੀ ਕਿਨ ਕਰੀ। ਅਸ ਹਿੰਦੁਨਿ ਪਰ ਅਪਦਾ ਪਰੀ॥ ੩੬॥

ਪਿਤਾ ਆਪਣੇ ਪੁੱਤਰ ਨੂੰ ਝਿੜਕਦਾ ਨਹੀਂ ਸੀ, ਭਰਾ ਭਰਾ ਆਪਸ ਵਿਚ ਗੁੱਸੇ ਨਹੀਂ ਸੀ ਹੁੰਦੇ। ਹੋਰਨਾਂ ਦੀ ਗਿਣਤੀ ਕਿਸ ਕੀਤੀ ਹੈ, ਹਿੰਦੂਆਂ ਉੱਤੇ ਐਸੀ ਬਿਪਤਾ ਆ ਪਈ॥੨੬॥

ਇਮ ਬਿਗਾਰ ਕਰਿ ਨੌਰੰਗ ਹਰਖਯੋ। ਮਨਹੁਂ ਕਸ਼ਟ ਕੋ ਬਾਦਰ ਬਰਖਯੋ।
ਪੂਰਬ ਜਨਮ ਕੀਨਿ ਤਪ ਘੋਰਾ। ਅਤਿਸ਼ੈ ਤੇਜ ਭਯੋ ਜਿਹ ਜ਼ੋਰਾ॥ ੩੭॥

ਇਸ ਤਰ੍ਹਾਂ ਵਿਗਾੜ ਕੇ ਨੌਰੰਗਾ ਬਹੁਤ ਪ੍ਰਸੰਨ ਹੋਇਆ, ਮਾਨੋਂ ਦੁਖਾਂ ਦੇ ਬੱਦਲ ਨੇ ਵਰਸ਼ਾ ਕੀਤੀ ਹੋਵੇ। ਪਿਛਲੇ ਜਨਮ ਵਿਚ ਘੋਰ ਤਪ ਕੀਤਾ ਹੋਵੇਗਾ, ਜਿਸ ਕਰਕੇ ਮਹਾਨ ਤੇਜ ਅਤੇ ਤਾਕਤ ਪ੍ਰਾਪਤ ਹੋਈ॥੩੭॥

ਬਰਜਨਹਾਰ ਨ ਦੀਖਤ ਕੋਊ। ਜਿਮ ਇੱਛਾ ਚਿਤ ਕਰਿ ਹੈ ਸੋਊ।
ਮਥੁਰਾ ਮਹਿਂ ਇਮ ਓਜ ਦਿਖਾਇ। ਦਿਜ ਆਦਿਕ ਹਿੰਦੁਨਿ ਦੁਖਦਾਇ॥੩੮॥

ਉਸ ਨੂੰ ਰੋਕਣ ਟੋਕਣ ਵਾਲਾ ਕੋਈ ਵੀ ਵਿਖਾਈ ਨਹੀਂ ਸੀ ਦਿੰਦਾ, ਜਿਵੇਂ ਚਿਤ ਦੀ ਇੱਛਾ ਹੁੰਦੀ ਸੀ, ਉਸ ਤਰ੍ਹਾਂ ਹੀ ਕਰਦਾ ਸੀ। ਮਥਰਾ ਵਿਚ ਇਸ ਤਰ੍ਹਾਂ ਸ਼ਕਤੀ ਵਿਖਾਈ, ਬ੍ਰਾਹਮਣ ਆਦਿ ਹਿੰਦੂਆਂ ਨੂੰ ਬਹੁਤ ਦੁਖੀ ਕੀਤਾ॥੩੮॥

ਕਰਿ ਕੈ ਸਗਰੇ ਭ੍ਰਿਸ਼ਟ ਸਥਾਨ। ਰੋਕਯੋ ਪੂਜਨਿ ਪਠਨਿ ਮਹਾਨ।
ਚਿਤਵਹਿਂ ਕੇਤਿਕ ਦਿਨ ਮਹਿਂ ਸਾਰੇ। ਪਾਇਂ ਕਸ਼ਟ ਹੁਇਂ ਸ਼ਰ੍ਹਾ ਮਝਾਰੇ॥ ੩੯॥

ਪੂਜਣਯੋਗ ਸਾਰੇ ਸਥਾਨ ਭ੍ਰਿਸ਼ਟ ਕਰਕੇ, ਪੂਜਾ ਕਰਨਾ ਅਤੇ ਪਾਠ ਕਰਨਾ ਰੋਕ ਦਿੱਤਾ। ਚਿੱਤ ਵਿਚ ਸੋਚਦਾ ਸੀ, "ਕੁਝ ਦਿਨਾਂ ਵਿਚ ਸਾਰੇ ਹੀ ਕਸ਼ਟ ਪਾ ਕੇ ਸ਼ਰ੍ਹਾ ਵਿਚ ਆ ਜਾਣਗੇ॥੩੯॥

ਬਿਨਾ ਬਨਾਏ ਸਭਿ ਬਨਿ ਜਾਇਂ। ਜਬਹਿ ਜੀਵਕਾ ਹਾਥ ਨ ਆਇ।
ਤੁਰਕਨਿ ਬਿਖੈ ਹੋਹਿਂ ਧਨਵਾਨ। ਚਲਨਿ ਸ਼ਰ੍ਹਾ ਕੋ ਲੇਂ ਮਨ ਮਾਨਿ॥ ੪੦॥

ਬਿਨਾਂ ਬਣਾਇਆਂ ਹੀ ਸਭ ਕੁਝ ਬਣ ਜਾਣਾ ਹੈ, ਜਦ ਕੋਈ ਰੁਜ਼ਗਾਰ ਹੱਥ ਨਾ ਆਇਆ। ਤੁਰਕਾਂ ਵਿਚ ਧਨੀ ਹੋਣਗੇ ਤੇ ਸ਼ਰ੍ਹਾ ਵਿਚ ਚੱਲਣਾ ਮੰਨ ਜਾਣਗੇ॥੪੦॥

ਦੋਹਰਾ- ਇਮ ਮਥੁਰਾ ਕੋ ਭ੍ਰਿਸ਼ਟ ਕਰਿ ਦੁਸ਼ਟ ਧਾਰਿ ਹੰਕਾਰ।
ਅਪਰ ਥਾਨ ਚਲਿਬੋ ਚਹਜੋ ਲੋਪਨਿ ਧਰਮ ਉਦਾਰ॥ ੪੧॥

ਇਸ ਤਰ੍ਹਾਂ ਦੁਸ਼ਟ ਨੌਰੰਗੇ ਨੇ ਹੰਕਾਰ ਧਾਰ ਕੇ ਪਵਿੱਤਰ ਸ਼ਹਿਰ ਮਥਰਾ ਨੂੰ ਭ੍ਰਿਸ਼ਟ ਕਰ ਦਿੱਤਾ। ਹੋਰ ਥਾਂ ਵੀ ਜਾਣਾ ਚਾਹੁੰਦਾ ਸੀ ਜਿਥੇ ਜਾ ਕੇ ਉਦਾਰ ਹੋ ਕੇ ਹਿੰਦੂ ਧਰਮ ਦਾ ਨਾਸ਼ ਕਰੇ॥੪੧॥

*ਨੌਂਵੀਂ ਰਾਸ ਦਾ ਛੱਬੀਵਾਂ ਅਧਿਆਇ ਸਮਾਪਤ ਹੋਇਆ॥੨੬॥*

## *ਅਧਿਆਇ ਸਤਾਈਵਾਂ*

### *ਜੈਪੁਰ ਦੀ ਤਬਾਹੀ*

ਦੋਹਰਾ- ਤਿਹ ਥਲ ਕਿਸਹੂੰ ਦੁਸ਼ਟ ਨੇ ਨੌਰੰਗ ਕੋ ਸਮੁਝਾਇ।
'ਬੁਤ ਪੂਜਨਿ ਕੀ ਅਧਿਕਤਾ ਜੈ ਪੁਰਿ ਮਹਿਂ ਬਹੁ ਥਾਇਂ॥ ੧॥

ਉਸ ਥਾਂ ਕਿਸੇ ਦੁਸ਼ਟ ਨੇ ਨੌਰੰਗੇ ਨੂੰ ਸਮਝਾਇਆ ਕਿ ਜੈਪੁਰ ਵਿਚ ਵੀ ਬਹੁਤ ਸਥਾਨਾਂ 'ਤੇ ਬੁੱਤਾਂ ਦੀ ਪੂਜਾ ਹੁੰਦੀ ਹੈ॥੧॥

ਚੌਪਈ- ਤਹਿਂ ਜੈ ਸਿੰਘ ਸਵਾਈ ਰਾਜਾ। ਕਰੇ ਬਹੁਤ ਹਿੰਦੁਨਿ ਕੇ ਕਾਜਾ।
ਬਡੇ ਬਡੇ ਮੰਦਿਰ ਬਨਵਾਏ। ਕੰਚਨ ਕਲਸ ਮਹਾਂ ਛਬਿ ਛਾਏ॥ ੨॥

ਉਥੇ ਰਾਜਾ ਜੈ ਸਿੰਘ ਸਵਾਈ, ਹਿੰਦੂਆਂ ਦੇ ਬਹੁਤ ਕੰਮ ਕਰਦਾ ਹੈ। ਉਸ ਨੇ ਵੱਡੇ ਵੱਡੇ ਮੰਦਰ ਬਣਵਾਏ ਹਨ, ਜਿਥੇ ਸੋਨੇ ਦੇ ਕਲਸ ਬੜੇ ਸ਼ੋਭ ਰਹੇ ਹਨ॥੨॥

ਜਿਨਹੁਂ ਬਿਲੋਕਤਿ ਸ਼ਰਧਾ ਜਾਗੈ। ਮੂਢਨਿ ਕੇ ਭੀ ਮਨ ਅਨੁਰਾਗੈ।
ਬਹੁਤ ਜੀਵਕਾ ਤਿਨਹੁਂ ਬਨਾਈ। ਜੇ ਬੁਤ ਪੂਜਤਿ ਹੈਂ ਚਿਤੁ ਲਾਈ॥ ੩॥

ਜਿਨ੍ਹਾਂ ਨੂੰ ਵੇਖ ਕੇ ਸ਼ਰਧਾ ਜਾਗਦੀ ਹੈ, ਮੂਰਖਾਂ ਦੇ ਮਨ ਵਿਚ ਵੀ ਪ੍ਰੇਮ ਪੈਦਾ ਹੋ ਜਾਂਦਾ ਹੈ, ਉਨ੍ਹਾਂ ਵਾਸਤੇ ਬਹੁਤ ਰੁਜ਼ਗਾਰ ਬਣਾਏ ਹਨ ਜਿਹੜੇ ਚਿਤ ਲਾ ਕੇ ਬੁੱਤਾਂ ਦੀ ਪੂਜਾ ਕਰਦੇ ਹਨ॥੩॥

ਰੁਚਿਰ ਸੁ ਪ੍ਰਤਿਮਾ ਚਤੁਰ ਚਿਤੇਰੇ। ਰਚੀ ਚੋਪ ਚਿਤ ਰੁਚਿਰ ਘਨੇਰੇ।
ਕੰਚਨ ਅਲੰਕਾਰ ਘਰਵਾਏ। ਮੁਕਤਾ ਝਾਲਰ ਦਰ ਲਰਕਾਏ॥ ੪॥

ਬੁੱਤ ਬੜੇ ਚਤੁਰ ਕਲਾਕਾਰਾਂ ਨੇ ਬਣਾਏ ਹਨ, ਚਿਤ ਵਿਚ ਬੜੀ ਚਾਹਤ ਭਰ ਕੇ ਸੁੰਦਰ ਬੁੱਤ ਬਣਾਏ ਹਨ। ਸੋਨੇ ਦੇ ਗਹਿਣੇ ਘੜਵਾਏ ਹਨ ਅਤੇ ਮੋਤੀਆਂ ਦੀਆਂ ਝਾਲਰਾਂ ਦਰਵਾਜ਼ਿਆਂ 'ਤੇ ਲਟਕਾਈਆਂ ਹਨ॥੪॥

ਚਾਰੁ ਚੁਕੋਨ ਚੌਕੀਅਨਿ ਰਚੀ। ਸੁਭਤਿ ਜਰਾਉ ਖਚਨ ਤੇ ਖਚੀ।
ਚੌਰ ਚਮਕ ਜਨੁ ਚਿਕਨੇ ਚੀਨਸਿ। ਢੋਰਤਿ, ਝੋਰਤਿ ਬਿਜਨੋ ਲੀਨਸਿ॥ ੫॥

ਸੁੰਦਰ ਚਾਰ ਕੋਨਿਆਂ ਵਾਲੀਆਂ ਚੌਕੀਆਂ ਬਣਾਈਆਂ ਹਨ, ਜਿਹੜੀਆਂ ਸੁੰਦਰ ਜੜਤ ਨਾਲ ਜੜੀਆਂ ਹੋਈਆਂ ਹਨ। ਚੌਰ ਚਮਕਦੇ ਚਿਕਨੇ ਦਿਖਾਈ ਦਿੰਦੇ ਹਨ, ਚੌਰ ਕਰਦੇ ਹਨ ਅਤੇ ਪੱਖਾ ਲੈ ਕੇ ਝੱਲਦੇ ਹਨ॥੫॥

ਦਿਨਪ੍ਰਤਿ ਨਏ ਕਰਤਿ ਉਤਸਾਹੂ। ਬਾਦਿਤ ਬਜਹਿਂ ਅਧਿਕ ਧੁਨਿ ਜਾਂਹੂ।
ਦੁੰਦਭਿ ਸੰਖ ਝਾਂਝ ਝਨਕੰਤੇ। ਮਿਲਿ ਕਬਿ ਜੈ ਜੈ ਸ਼ਬਦ ਉਠੰਤੇ॥ ੬॥

ਹਰ ਦਿਨ ਨਵੇਂ ਉਤਸ਼ਾਹ ਕਰਦੇ ਹਨ, ਵਾਜੇ ਵੱਜਦੇ ਹਨ, ਜਿਨ੍ਹਾਂ ਦੀ ਬਹੁਤ ਉੱਚੀ ਧੁਨੀ ਹੁੰਦੀ ਹੈ। ਨਗਾਰੇ, ਸੰਖ ਅਤੇ ਝਾਂਝਾਂ ਖੜਕਦੀਆਂ ਹਨ ਤੇ ਸਾਰੇ ਮਿਲ ਕੇ ਜੈ ਜੈ ਸ਼ਬਦ ਚੁਕਦੇ ਹਨ॥੬॥

ਬੁਤ ਆਗੇ ਨਿੰਮ੍ਰੀ ਬਹੁ ਹੋਵੈਂ। ਹਾਥਨਿ ਜੋਰਹਿਂ ਸਮੁਖ ਖਰੋਵਹਿਂ।
ਜੈ ਸਿੰਘ ਆਪ ਜਾਇ ਧਨ ਦੇਵੈ। ਭਏ ਧਨੀ ਜੋ ਪੂਜਾ ਲੇਵੈਂ॥ ੭॥

ਬੁੱਤਾਂ ਦੇ ਅੱਗੇ ਬਹੁਤ ਸਨਿਮਰ ਹੋ ਜਾਂਦੇ ਹਨ ਤੇ ਹੱਥ ਜੋੜ ਕੇ ਸਾਹਮਣੇ ਖਲੋਂਦੇ ਹਨ। ਜੈ ਸਿੰਘ ਆਪ ਜਾ ਕੇ ਧਨ ਦਿੰਦਾ ਹੈ, ਜਿਹੜੇ ਪੂਜਾ ਲੈ ਲੈ ਕੇ ਬਹੁਤ ਧਨੀ ਹੋ ਗਏ ਹਨ॥੭॥

ਤੀਰਥ ਪੂਜਨਿ ਪਾਠ ਪੁਰਾਨਾ। ਇਹ ਹਿੰਦੂਨਿ ਕੋ ਥੰਭ ਮਹਾਨਾ।
ਇਨ ਕਹੁ ਜਗ ਤੇ ਕਰਹੁ ਬਿਨਾਸ਼। ਹੁਇ ਸੁਖੇਨ ਪੁਨ ਤੁਰਕ ਪ੍ਰਕਾਸ਼॥ ੮॥

ਤੀਰਥਾਂ ਦੀ ਪੂਜਾ ਕਰਨਾ ਅਤੇ ਪੁਰਾਣਾਂ ਦਾ ਪਾਠ ਕਰਨਾ, ਇਹ ਹਿੰਦੂਆਂ ਦਾ ਮਹਾਨ ਆਸਰਾ ਹੈ। ਇਨ੍ਹਾਂ ਨੂੰ ਜਗ ਤੋਂ ਵਿਨਾਸ਼ ਕਰੋ, ਫਿਰ ਤੁਰਕਾਂ ਦਾ ਸੌਖੇ ਹੀ ਪ੍ਰਕਾਸ਼ ਹੋ ਜਾਵੇਗਾ॥੮॥

ਹੇਰਿ ਹੇਰਿ ਧੀਰਜ ਨਹਿਂ ਰਹੈ। ਕਲਮਾ ਬਹੁਰ ਚਾਹ ਕਰਿ ਕਹੈਂ।
ਇਮ ਕਾਜ਼ੀ ਮੁੱਲਾਂ ਬਹੁ ਬਾਦੀ। ਕਹਿ ਨੁਰੰਗ ਕੋ ਕਰਹਿਂ ਪ੍ਰਮਾਦੀ॥ ੯॥

ਵੇਖ-ਵੇਖ ਕੇ ਧੀਰਜ ਨਹੀਂ ਰਹੇਗਾ, ਕਲਮਾ ਫਿਰ ਬੜੀ ਚਾਹਤ ਨਾਲ ਪੜ੍ਹਨਗੇ।'' ਇੰਝ ਝਗੜਾਲੂ ਕਾਜ਼ੀਆਂ ਅਤੇ ਮੁਲਾਣਿਆਂ ਨੇ ਕਹਿ ਕੇ ਨੌਰੰਗੇ ਨੂੰ ਬੜਾ ਸਿਰੜੀ ਬਣਾ ਦਿੱਤਾ॥੯॥

ਚਢਿ ਮਥੁਰਾ ਤੇ ਜੈਪੁਰਿ ਗਮਨਜੋ। ਗਜ ਬਾਜੀ ਸਾਜਜੋ ਦਲ ਰਵਨਜੋ।
ਘੰਟਨ ਕੇ ਠਨਕਾਰ ਉਠੰਤੇ। ਕੁਦਹਿਂ ਤੁਰੰਗ ਹਿਰੇਖ ਕਰੰਤੇ॥ ੧੦॥

ਮਥਰਾ ਤੋਂ ਅਸਵਾਰ ਹੋ ਕੇ ਉਹ ਜੈਪੁਰ ਵਲ ਚਲ ਪਿਆ, ਹਾਥੀ ਘੋੜਿਆਂ ਦੇ ਦਲ ਨੂੰ ਸਾਜ ਕੇ ਚਲ ਪਿਆ। ਘੰਟੀਆਂ ਦੀਆਂ ਟਣਕਾਰਾਂ ਉਠਦੀਆਂ ਸਨ, ਘੋੜੇ ਕੁੱਦ ਕੇ ਬਹੁਤ ਪ੍ਰਸੰਨ ਹੁੰਦੇ ਸਨ॥੧੦॥

ਤੋਪਨਿ ਕੀ ਸ਼ਲਖੈਂ ਬਹੁ ਚਲੀ। ਉਠਜੋ ਸ਼ਬਦ ਅਵਿਨੀ ਕਲਮਲੀ।
ਫਰਰੇ ਛੁਟੇ ਨਿਸ਼ਾਨ ਹਜ਼ਾਰੋਂ। ਜਹਿਂ ਕਹਿਂ ਦੁੰਦਭਿ ਅਨਿਕ ਧੁੰਕਾਰੇ॥ ੧੧॥

ਬੰਦੂਕਾਂ ਵਿਚੋਂ ਬਹੁਤ ਗੋਲੀਆਂ ਚਲੀਆਂ, ਬਹੁਤ ਉੱਚੀ ਆਵਾਜ਼ ਹੋਈ ਤੇ ਧਰਤੀ ਕੰਬ ਗਈ, ਹਜ਼ਾਰਾਂ ਝੰਡਿਆਂ ਦੇ ਫਰੇ ਖੱਲ੍ਹ ਗਏ, ਜਿਥੇ ਕਿਥੇ ਅਨੇਕਾਂ ਨਗਾਰੇ ਵੱਜ ਰਹੇ ਸਨ॥੧੧॥

ਆਸੂਦੈ ਲਸ਼ਕਰ ਜਿਸ ਕੇਰਾ। ਚਲਤਿ ਕੁਲਾਹਲ ਉਠੈ ਘਨੇਰਾ।
ਭੂਖਨ ਜਟਿਤਿ ਸੁਭਟ ਝਮਕੰਤੇ। ਰੰਗ ਰੰਗ ਕੇ ਬਸਤ੍ਰ ਸੁਭੰਤੇ॥ ੧੨॥

ਤਿਆਰ ਬਰ ਤਿਆਰ ਜਿਸ ਦਾ ਲਸ਼ਕਰ ਸੀ, ਚਲਦਿਆਂ ਬਹੁਤ ਉੱਚੀ ਆਵਾਜ਼ ਪੈਦਾ ਹੁੰਦੀ ਸੀ। ਗਹਿਣਿਆਂ ਨਾਲ ਸੱਜੇ ਹੋਏ ਸੂਰਮੇ ਬਹੁਤ ਚਮਕਦੇ ਸਨ। ਉਨ੍ਹਾਂ ਜਿਹੜੇ ਰੰਗ ਬਰੰਗੇ ਕਪੜੇ ਪਹਿਨੇ ਹੋਏ ਸਨ ਉਹ ਬਹੁਤ ਸੋਭਦੇ ਸਨ॥੧੨॥

ਤ੍ਰਾਸ ਪਾਇ ਰਿਪੁ ਰਹਜੋ ਨ ਕੋਈ। ਨੌਰੰਗ ਕੇ ਅਨੁਸਾਰੇ ਹੋਈ।
ਕ੍ਰਮ ਕ੍ਰਮ ਪੰਥ ਉਲੰਘਨਿ ਕਰਜੋ। ਪਹੁੰਚਜੋ ਜੈ ਪੁਰਿ ਨਗਰ ਨਿਹਰਜੋ॥੧੩॥

ਡਰਦਾ ਮਾਰਾ ਕੋਈ ਵੀ ਦੁਸ਼ਮਣ ਨਹੀਂ ਸੀ ਬਚਿਆ, ਸਾਰੇ ਨੌਰੰਗੇ ਦੀ ਆਗਿਆ ਅਧੀਨ ਹੋ ਗਏ ਸਨ। ਹੋਲੀ ਹੋਲੀ ਸਾਰਾ ਪੈਂਡਾ ਲੰਘ ਗਏ, ਪਹੁੰਚ ਕੇ ਜੈਪੁਰ ਨਗਰ ਨੂੰ ਵੇਖਿਆ॥੧੩॥

ਥਾਨ ਥਾਨ ਜਹਿਂ ਠਾਕੁਰ ਦ੍ਵਾਰੇ। ਜਿਨ ਮਹਿਂ ਪ੍ਰਤਿਮਾ ਸ਼ੋਭਤਿ ਸਾਰੇ।
ਰੰਗ ਰੰਗ ਕੀ ਬਨੀ ਪਤਾਕਾ। ਸਭਿ ਮੰਦਰਿ ਪਰ ਠਟ ਸੁਠ ਜਾਂਕਾ॥੧੪॥

ਥਾਂ ਥਾਂ ਜਿਥੇ ਠਾਕਰ ਦਵਾਰੇ ਸਨ, ਉਨ੍ਹਾਂ ਸਾਰਿਆਂ ਵਿਚ ਮੂਰਤੀਆਂ ਸ਼ੋਭ ਰਹੀਆਂ ਸਨ। ਰੰਗ ਬਰੰਗੀਆਂ ਝੰਡੀਆਂ ਲਗੀਆਂ ਹੋਈਆਂ ਸਨ। ਸਭ ਮੰਦਰਾਂ ਵਿਚ ਜਿਨ੍ਹਾਂ ਦੀ ਸੁੰਦਰ ਬਨਾਵਟ ਸੀ॥੧੪॥

ਬਹੁ ਸੰਖਨਿ ਕੇ ਸ਼ਬਦ ਉਠੰਤੇ। ਗਾਇ ਬਿਸ਼ਨਪਦ ਹਰਖ ਕਰੰਤੇ।
ਪੁਰੀ ਨਿਕਟਿ ਹੁਇ ਡੇਰਾ ਕੀਨਸਿ। ਪਿਖਿ ਸਮਾਜ ਕੋ ਰਿਸ ਮਨ ਭੀਨਸਿ॥੧੫॥

ਬਹੁਤ ਸੰਖ ਵਜਣ ਦੀ ਆਵਾਜ਼ ਉਠਦੀ ਸੀ, ਬਿਸਨਪਦੇ ਗਾ ਕੇ ਬਹੁਤ ਪ੍ਰਸੰਨ ਹੋ ਰਹੇ ਸਨ। ਨੌਰੰਗੇ ਨੇ ਨਗਰ ਦੇ ਨੇੜੇ ਹੋ ਕੇ ਡੇਰਾ ਲਾ ਲਿਆ ਤੇ ਹਿੰਦੂ ਸਮਾਜ ਨੂੰ ਵੇਖ ਕੇ ਮਨ ਬੜੇ ਗੁੱਸੇ ਨਾਲ ਭਰ ਗਿਆ ਤੇ ਕਹਿਣ ਲੱਗਾ॥੧੫॥

'ਬੁਤ ਕੋ ਪੂਜਤਿ ਹਿੰਦੂ ਅਜਾਨਾ। ਦਿਖੀਅਤਿ ਦੰਭ ਸਕਲ ਹੀ ਥਾਨਾ।
ਕਜਾ ਬਾਲਕ ਸਮ ਬਾਲਕ ਮਹਾਂ। ਖੇਲ ਸਕੇਲਤਿ ਜਜੋਂ ਜਹਿਂ ਕਹਾਂ। ੧੬॥

"ਮੂਰਖ ਹਿੰਦੂ ਬੁੱਤਾਂ ਨੂੰ ਪੂਜਦੇ ਹਨ, ਸਭ ਥਾਂ ਇਨ੍ਹਾਂ ਦਾ ਪਖੰਡ ਦਿਖਾਈ ਦਿੰਦਾ ਹੈ। ਬਾਲਕਾਂ ਵਾਂਗ ਇਹ ਮਹਾਂ ਅਗਿਆਨੀ ਬਣੇ ਹਨ। ਜਿਥੇ ਕਿਥੇ ਇਨ੍ਹਾਂ ਨੇ ਆਪਣੇ ਖੇਡਣ ਵਾਸਤੇ ਖਿਡਾਉਣੇ ਇਕੱਠੇ ਕੀਤੇ ਹਨ॥੧੬॥

ਮੁਝ ਆਏ ਕੋ ਜਾਨਜੋ ਸਭਿਹੂੰ। ਕਾਫਰ ਸੰਖ ਬਜਾਵਤਿ ਅਬਿਹੂੰ।
ਗਮਨਹੁ ਬਹੁਤ ਮਿਹਨਤੀ ਲੇਹੁ। ਲੇਹ ਦੇਹ ਭੰਗਨਿ ਕਰਿ ਦੇਹੁ'॥੧੭॥

ਮੇਰੇ ਆਉਣ ਬਾਰੇ ਸਭ ਨੇ ਜਾਣਿਆ ਹੈ, ਹੁਣ ਵੀ ਕਾਫ਼ਰ ਸੰਖ ਵਜਾਈ ਜਾਂਦੇ ਹਨ। ਬਹੁਤ ਮਜ਼ਦੂਰ ਲੈ ਕੇ ਜਾਵੋ ਤੇ ਲੈ ਦੇ ਕੇ ਸਭ ਮੂਰਤੀਆਂ ਤੋੜ ਦੇਵੋ"॥੧੭॥

ਦੁਸ਼ਟ ਹੁਕਮ ਤੇ ਹ੍ਵੈ ਸਮੁਦਾਇ। ਗਮਨੇ ਤੁਰਤ ਲੋਹ ਘਨ ਲਜਾਇ।
ਲਗੇ ਬਿਦਾਰਨਿ ਮੰਦਰ ਭਾਰੇ। ਜੋ ਬੋਲੈ ਗਹਿ ਤਿਸ ਕੋ ਮਾਰੇਂ॥੧੮॥

ਦੁਸ਼ਟ ਦਾ ਹੁਕਮ ਸੁਣ ਕੇ ਸਾਰੇ ਇਕੱਠੇ ਹੋ ਗਏ, ਬਹੁਤ ਲੋਹੇ ਦੇ ਹਥਿਆਰ ਲੈ ਕੇ ਚਲੇ ਗਏ। ਭਾਰੀ ਮੰਦਰਾਂ ਨੂੰ ਢਾਹੁਣ ਲੱਗੇ, ਜਿਹੜਾ ਅੱਗੋਂ ਬੋਲਦਾ ਸੀ, ਉਸ ਨੂੰ ਫੜ ਕੇ ਮਾਰਦੇ ਸਨ॥੧੮॥

ਦਾਦ ਪੁਕਾਰ ਕਰਹਿ ਜੇ ਕੋਊ। ਗਹਿ ਲੀਜਤਿ ਕੈਦਹਿ ਕਰਿ ਸੋਊ।
ਦੇਖਿ ਦੇਖਿ ਤਬਿ ਚਲੇ ਪਲਾਈ। ਨਿਜ ਜੀਵਨਿ ਤੇ ਮਨ ਸੰਕਾਈ॥੧੯॥

ਜੇ ਕੋਈ ਦਾਦ ਫ਼ਰਿਆਦ ਕਰਦਾ ਸੀ ਤਾਂ ਉਸ ਨੂੰ ਫੜ ਕੇ ਲੈ ਜਾਂਦੇ ਸਨ ਤੇ ਕੈਦ ਕਰ ਲੈਂਦੇ ਸਨ। ਵੇਖ ਵੇਖ ਕੇ ਫਿਰ ਸਭ ਭੱਜ ਗਏ, ਆਪਣੇ ਜੀਵਨ ਦਾ ਮਨ ਵਿਚ ਸ਼ੰਕਾ ਹੋ ਗਿਆ॥੧੯॥

ਲਗੇ ਬਿਦਾਰਨਿ ਮੰਦਿਰ ਸਾਰੇ। ਕੇਤਿਕ ਨ੍ਰਿਪ ਢਿਗ ਜਾਇ ਪੁਕਾਰੇ।
'ਨੌਰੰਗ ਬਾਦੀ ਆਨਿ ਪਰਜੋ ਹੈ। ਮਹਾਂ ਉਪੱਦ੍ਰਵ ਨਗਰ ਕਰਜੋ ਹੈ॥ ੨੦॥

ਸਾਰੇ ਮੰਦਰ ਢਾਹੁਣ ਲੱਗੇ, ਕਈਆਂ ਰਾਜੇ ਪਾਸ ਜਾ ਕੇ ਪੁਕਾਰ ਕੀਤੀ। ਨੌਰੰਗਾ ਫ਼ਸਾਦੀ ਆ ਪਿਆ ਹੈ, ਉਸ ਆ ਕੇ ਨਗਰ ਵਿਚ ਵੱਡਾ ਉਪੱਦਰ ਕੀਤਾ ਹੈ॥੨੦॥

ਢਾਹਨਿ ਲਾਗਸਿ ਠਾਕੁਰ ਦ੍ਵਾਰੇ। ਗਹਿ ਪ੍ਰਤਿਮਾ ਕੇ ਅੰਗ ਬਿਦਾਰੇ।
ਤੁਰਕ ਬਨਾਵਨਿ ਚਾਹਤਿ ਸਾਰੇ। ਜੋ ਬੋਲਤਿ ਗਹਿ ਕੈਦ ਕਿ ਮਾਰੇ' ॥ ੨੧॥

ਸਾਰੇ ਠਾਕੁਰ ਦੁਆਰੇ ਢਾਹੁਣ ਲੱਗਾ ਹੈ, ਮੂਰਤੀਆਂ ਫੜ ਕੇ ਉਨ੍ਹਾਂ ਦੇ ਸਾਰੇ ਅੰਗ ਤੋੜ ਦਿੱਤੇ ਹਨ। ਸਾਰਿਆਂ ਨੂੰ ਤੁਰਕ ਬਣਾਉਣਾ ਚਾਹੁੰਦਾ ਹੈ, ਜਿਹੜਾ ਬੋਲਦਾ ਹੈ, ਉਸਨੂੰ ਕੈਦ ਕਰਕੇ ਮਾਰਦਾ ਹੈ'॥੨੧॥

ਸੁਨੀ ਬਾਤ ਜੈ ਸਿੰਘ ਸਵਾਈ। ਭਾ ਦਿਲਗੀਰ ਬਧੀ ਦੁਚਿਤਾਈ।
ਅਪਰ ਉਪਾਇ ਨ ਕੋਈ ਜਾਨਾ। ਮਿਲਿਬੇ ਕੋ ਮਤ ਨਿਜ ਠਹਿਰਾਨਾ॥ ੨੨॥

ਜੈ ਸਿੰਘ ਸਵਾਈ ਨੇ ਉਨ੍ਹਾਂ ਦੀ ਗੱਲ ਸੁਣੀ, ਬੜਾ ਦਿਲਗੀਰ ਹੋਇਆ ਤੇ ਚਿਤ ਵਿਚ ਦੁਚਿਤੀ ਵਧੀ। ਹੋਰ ਕੋਈ ਉਪਾਅ ਨਾ ਜਾਣਿਆ, ਨੌਰੰਗੇ ਨੂੰ ਮਿਲਣ ਬਾਰੇ ਸਲਾਹ ਪੱਕੀ ਬਣਾਈ॥੨੨॥

ਸਭਿ ਸਚਿਵਨਿ ਸੋਂ ਮੰਤ੍ਰ ਪਕਾਯੋ। 'ਮਿਲਿਬੇ ਬਿਨਾ ਨ ਕਛੁ ਬਨਿ ਆਯੋ'।
ਨਿਕਸਜੋ ਲੇ ਮਾਨਵ ਪਰਧਾਨ। ਬਹੁਤ ਉਪਾਇਨ ਲੀਨਸਿ ਪਾਨ॥ ੨੩॥

ਸਾਰਿਆਂ ਮੰਤਰੀਆਂ ਨੇ ਇਹ ਮੰਤ੍ਰ ਪਕਾਇਆ, ''ਮਿਲਣ ਤੋਂ ਬਗ਼ੈਰ ਕੁਝ ਨਹੀਂ ਬਣਨਾ ਹੈ। ਉਹ ਪ੍ਰਮੁੱਖ ਮਨੁੱਖਾਂ ਨੂੰ ਲੈ ਕੇ ਨਿਕਲਿਆ ਤੇ ਆਪਣੇ ਪਾਸ ਬਹੁਤ ਉਪਹਾਰ ਲੈ ਲਏ॥੨੩॥

ਮੁਕਤਾ ਹੀਰਨਿ ਕੇ ਸਮੁਦਾਇ। ਲਈ ਬਹੁਤ ਮੁਹਰੈਂ ਉਚਵਾਇ।
ਦ੍ਵੈ ਮਤੰਗ ਕੰਚਨ ਕੇ ਹੌਦਾ। ਝਾਲਰ ਦਾਰ ਝਲਤੇ ਖੌਦਾ॥ ੨੪॥

ਬਹੁਤ ਹੀਰੇ ਮੋਤੀ ਲਏ ਤੇ ਬਹੁਤ ਮੁਹਰਾਂ ਚੁਕਵਾ ਲਈਆਂ, ਦੋ ਹਾਥੀਆਂ 'ਤੇ ਸੋਨੇ ਦੇ ਹੁਦੇ ਕਸ ਲਏ, ਝਾਲਰਦਾਰ ਬੜੀ ਖ਼ੁਸ਼ੀ ਨਾਲ ਝੂਲਦੇ ਸਨ॥੨੪॥

ਕਰੇ ਤੁਰੰਗ ਇਕਾਦਸ਼ ਤਜਾਰ। ਜਾਂਬੂਨਦ ਕੇ ਜ਼ੀਨ ਉਦਾਰ।
ਚਪਲ ਚਲਾਕ ਚਤਰ ਰੁਚਿ ਚਾਰੂ। ਚਮਕਤਿ ਚਲਤਿ ਚੌਪ ਬਰਿਆਰੂ॥ ੨੫॥

ਗਿਆਰਾਂ ਘੋੜੇ ਤਿਆਰ ਕਰ ਲਏ ਜਿਨ੍ਹਾਂ ਉਤੇ ਉੱਤਮ ਸੋਨੇ ਦੀਆਂ ਕਾਠੀਆਂ ਪਾਈਆਂ ਗਈਆਂ। ਸਾਰੇ ਘੋੜੇ ਬੜੇ ਚਾਲਾਕ, ਚੰਚਲ, ਚਤੁਰ ਅਤੇ ਸੁੰਦਰ ਸਨ। ਬੜੇ ਸ਼ਾਨ ਨਾਲ ਚਲਦੇ ਸੁੰਦਰ ਚਮਕਦੇ ਸਨ॥੨੫॥

ਪਸ਼ਮੰਬਰ ਬਹੁ ਮੋਲੇ ਲਏ। ਭਯੋ ਤਜਾਰ ਦ੍ਵਾਰੇ ਨਿਕਸਏ।
ਹਾਥ ਜੋਰਿ ਹੁਇ ਦੀਨ ਬਿਸਾਲਾ। ਨਮੋ ਕਰਤਿ ਦਰਹਿੰ ਤੇ ਚਾਲਾ॥ ੨੬॥

ਉਨ ਦੇ ਬਹੁਤ ਕੀਮਤੀ ਕੱਪੜੇ ਲਏ, ਤਿਆਰ ਹੋ ਕੇ ਬਾਹਰ ਨਿਕਲ ਪਏ। ਹੱਥ ਜੋੜ ਕੇ ਬਹੁਤ ਦੀਨ ਹੋਇਆ ਤੇ ਨਮਸਕਾਰ ਕਰਕੇ ਨੌਰੰਗੇ ਵਰ ਚਲ ਪਿਆ॥੨੬॥

ਸਨਮੁਖ ਗਯੋ ਸਮੀਪ ਖਰੋਵਾ। ਬਿਨਤੀ ਠਾਨਿ ਅਧੀਨੈ ਹੋਵਾ।
'ਤੁਮ ਏਤੀ ਕਯੋਂ ਖੇਚਲ ਕਰੀ?। ਕਾਰਜ ਅਲਪ ਹੁਤੋ ਇਸ ਪੁਰੀ॥ ੨੭॥

ਸਾਹਮਣੇ ਜਾ ਕੇ ਪਾਸ ਖਲੋ ਗਿਆ, ਬੇਨਤੀ ਕਰਕੇ ਅਧੀਨ ਹੋ ਗਿਆ, "ਤੁਸੀਂ ਏਨੀ ਖੇਚਲ ਕਿਉਂ ਕੀਤੀ ਹੈ ? ਇਸ ਨਗਰੀ ਸੰਬੰਧੀ ਜੇ ਕੋਈ ਛੋਟਾ ਮੋਟਾ ਕੰਮ ਸੀ॥੨੭॥

ਆਪ ਜਿ ਲਿਖਿ ਭੇਜਤਿ ਪਰਵਾਨਾ। ਮੈਂ ਚਾਕਰ ਤੁਮਰੋ ਇਤ ਥਾਨਾ।
ਸਭਿ ਕਾਰਜ ਕਰਿ ਦੇਤਿ ਸੁਖਾਰੇ। ਦੇਤਿ ਢਹਾਇ ਜਿ ਠਾਕਰ ਦ੍ਵਾਰੇ॥ ੨੮॥

ਆਪ ਜੇ ਪਰਵਾਨਾ ਲਿਖ ਕੇ ਭੇਜ ਦਿੰਦੇ, ਮੈਂ ਇਸ ਥਾਂ ਤੁਹਾਡਾ ਨੌਕਰ ਰਹਿੰਦਾ ਹਾਂ। ਸਭ ਕਾਰਜ ਸੌਖੇ ਢੰਗ ਨਾਲ ਹੀ ਕਰ ਦਿੰਦਾ। ਜਿਹੜੇ ਠਾਕਰ ਦਵਾਰੇ ਸਨ, ਉਨ੍ਹਾਂ ਨੂੰ ਢੁਹਾ ਦਿੰਦਾ॥੨੮॥

ਜਿਸ ਪ੍ਰਕਾਰ ਤੁਮਰੇ ਮਨ ਹੋਈ। ਸੋ ਮੈਂ ਕਰਤਿ ਨ ਮਿਟਿ ਹੈ ਕੋਈ।
ਪਿਖਿ ਕਰਿ ਨੌਰੰਗ ਸੁਨਿ ਕਰਿ ਬਾਤ। ਬੋਲਜੋ ਮੂਢ ਮਹਾਂ ਦੁਖ ਦਾਤ॥ ੨੯॥

ਜਿਸ ਪ੍ਰਕਾਰ ਤੁਹਾਡੇ ਮਨ ਵਿਚ ਆਈ ਹੈ, ਮੈਂ ਉਸ ਤਰ੍ਹਾਂ ਹੀ ਕਰਦਾ, ਕੋਈ ਉਸ ਨੂੰ ਮੇਟ ਨਾ ਸਕਦਾ।" ਨੌਰੰਗੇ ਨੇ ਰਾਜੇ ਜੈ ਸਿੰਘ ਨੂੰ ਵੇਖ ਕੇ ਤੇ ਉਸਦੀ ਗੱਲ ਸੁਣ ਕੇ, ਮਹਾਂ ਮੂਰਖ ਦੁਖਦਾਇਕ ਬੋਲਿਆ॥੨੯॥

'ਇਸ ਕਾਰਜ ਮਹਿਂ ਤੁਮਰੋ ਜ਼ਿਕਰ। ਕਛੂ ਨਹੀਂ ਕੀਜੈ ਤੁਮ ਫ਼ਿਕਰ।
ਸਦਨ ਆਪਨੇ ਬੈਠੇ ਰਹਹੁ। ਬਿਨ ਹਮਰੀ ਮਰਜ਼ੀ ਕਿਮ ਕਹਹੁ॥ ੩੦॥

ਇਸ ਕਾਰਜ ਵਿਚ ਤੇਰਾ ਵੀ ਜ਼ਿਕਰ ਆਉਂਦਾ ਹੈ, ਤੂੰ ਇਸ ਬਾਰੇ ਕੋਈ ਫ਼ਿਕਰ ਨਹੀਂ ਕੀਤਾ ਹੈ। ਆਪਣੇ ਘਰ ਵਿਚ ਬੈਠੇ ਰਹੋ ਸਾਡੀ ਮਰਜ਼ੀ ਬਗ਼ੈਰ ਕਿਵੇਂ ਕਹੋਗੇ॥੩੦॥

ਜੋ ਜਗ ਮਹਿਂ ਚਲਿ ਰਹੀ ਕੁਚਾਲੀ। ਮੇਟਹੁਂ ਮੈਂ ਦਿਹੁਂ ਦੰਡ ਬਿਸਾਲੀ।
ਦਰਬ ਲੇਨਿ ਕਹੁ ਦੰਭ ਕਮਾਵੈਂ। ਤਹਿਂ ਦੋਨਹੁਂ ਲੋਕਨਿ ਦੁਖ ਪਾਵੈਂ॥ ੩੧॥

ਜਿਹੜੀ ਜੱਗ ਵਿਚ ਪੁੱਠੀ ਚਾਲ ਚਲ ਰਹੀ ਹੈ, ਉਸ ਨੂੰ ਵਿਸ਼ਾਲ ਸਜ਼ਾ ਦੇ ਕੇ ਖ਼ਤਮ ਕਰਾਂਗਾ। ਧਨ ਲੈਣ ਵਾਸਤੇ ਜਿਹੜੇ ਪਖੰਡ ਕਰਦੇ ਹਨ, ਉਹ ਦੋਵਾਂ ਲੋਕਾਂ ਵਿਚ ਦੁੱਖ ਪਾਉਂਦੇ ਹਨ'॥੩੧॥

ਇਮ ਸੁਨਿ ਕੈ ਨ੍ਰਿਪ ਨਿਜ ਘਰ ਆਇਵ। ਰਿਦੈ ਬਿਸੂਰਤਿ ਕਛੁ ਨ ਬਸਾਇਵ।
ਸਗਰੀ ਭੇਟ ਦਈ ਤੁਰਕੇਸ਼। ਬੈਠਿ ਰਹਜੋ ਲਖਿ ਬਲੀ ਬਿਸ਼ੇਸ਼॥ ੩੨॥

ਇਸ ਤਰ੍ਹਾਂ ਸੁਣ ਕੇ ਰਾਜਾ ਆਪਣੇ ਘਰ ਆ ਗਿਆ, ਹਿਰਦੇ ਵਿਚ ਬੜਾ ਘਬਰਾਇਆ ਸੀ, ਕੁਝ ਵੀ ਵੱਸ ਨਾ ਚਲਿਆ। ਸਾਰੀ ਭੇਟਾ ਨੌਰੰਗੇ ਨੂੰ ਦੇ ਦਿੱਤੀ, ਵੱਡਾ ਬਲਵਾਨ ਸਮਝ ਕੇ ਬੈਠ ਰਿਹਾ॥੩੨॥

ਬਿੱਪ੍ਰ ਬਿਰਾਗਨਿ ਕੋ ਕਹਿ ਐਸੇ। 'ਇਹ ਸੰਗ ਮੇਰੋ ਬਲ ਨਹਿਂ ਕੈਸੇ।
ਜਿਮ ਠਾਕੁਰ ਕੀ ਮਰਜ਼ੀ ਅਹੈ। ਹੋਇ ਸੁ ਸਾਚੁ ਮਿਟਨਿ ਕਿਮ ਲਹੈ'॥ ੩੩॥

ਰਾਜਾ ਬ੍ਰਾਹਮਣਾਂ ਅਤੇ ਬੈਰਾਗੀਆਂ ਨੂੰ ਇਸ ਤਰ੍ਹਾਂ ਕਹਿੰਦਾ ਸੀ, "ਇਸ ਨਾਲ ਮੇਰੀ ਸ਼ਕਤੀ ਨਹੀਂ ਚਲਦੀ। ਜਿਵੇਂ ਠਾਕਰ ਦੀ ਮਰਜ਼ੀ ਹੈ, ਉਸ ਤਰ੍ਹਾਂ ਹੀ ਹੋਵੇਗਾ, ਸੱਚ ਨੂੰ ਕਿਵੇਂ ਮਿਟਾ ਸਕਦੇ ਹਾਂ"॥੩੩॥

ਸੁਨਿ ਕੈ ਪੂਜਕ ਠਾਕੁਰ ਕੇਰ। ਮਹਾਂ ਅਨੀਤਿ ਬਿਬਸ ਕਹੁ ਹੇਰਿ।
ਲੈ ਲੈ ਪ੍ਰਤਿਮਾ ਗਏ ਪਲਾਈ। ਘਰ ਅੰਤਰ ਘਰ ਦੁਰੇ ਸੁ ਜਾਈ॥ ੩੪॥

ਇਹ ਸੁਣ ਕੇ ਠਾਕੁਰ ਦੇ ਪੁਜਾਰੀ, ਮਹਾਂ ਅਨੀਤੀ ਅਤੇ ਬੇਬਸੀ ਨੂੰ ਵੇਖ ਕੇ ਮੂਰਤੀਆਂ ਲੈ ਲੈ ਕੇ ਦੌੜ ਗਏ ਤੇ ਉਨ੍ਹਾਂ ਨੂੰ ਘਰ ਅੰਦਰ ਜਾ ਕੇ ਲੁਕਾ ਦਿੱਤਾ॥੩੪॥

ਕੇਤਿਕ ਦੌਰਤਿ ਗਹਿ ਗਹਿ ਲੀਨੇ। ਸਹਿਤ ਸਮਾਜਨਿ ਪ੍ਰਤਿਮਾ ਛੀਨੇ।
ਅੰਗ ਭੰਗ ਘਨ ਸੰਗ ਕਰਾਏ। ਖੰਡ ਖੰਡ ਕਰਿ ਅਵਨਿ ਗਿਰਾਏ॥ ੩੫॥

ਕਈ ਭੱਜੇ ਜਾਂਦੇ ਫੜ ਲਏ, ਸਾਰੇ ਸਾਜ਼ੋ-ਸਾਮਾਨ ਸਮੇਤ ਮੂਰਤੀਆਂ ਖੋਹ ਲਈਆਂ। ਹਥੌੜਿਆਂ ਨਾਲ ਮੂਰਤੀਆਂ ਦੇ ਅੰਗ ਤੁੜਵਾ ਦਿੱਤੇ ਤੇ ਟੋਟੇ ਟੋਟੇ ਕਰਕੇ ਧਰਤੀ 'ਤੇ ਸੁੱਟ ਦਿੱਤੇ॥੩੫॥

ਪੂਜਨਿ ਕੇ ਬਾਸਨ ਸਭਿ ਲੀਏ। ਮੰਦਿਰ ਬਡੇ ਬਿਦਾਰਨਿ ਕੀਏ।
ਸਗਲ ਪਤਾਕਾ ਦਈ ਗਿਰਾਇ। ਪੂਜਕ ਜਿਤ ਕਿਤ ਅਤਿ ਬਿਕੁਲਾਇ॥ ੩੬॥

ਪੂਜਾ ਦੇ ਸਾਰੇ ਬਰਤਨ ਲੈ ਲਏ, ਵੱਡੇ-ਵੱਡੇ ਮੰਦਰ ਢਾਹ ਦਿੱਤੇ। ਸਾਰੀਆਂ ਝੰਡੀਆਂ ਡੇਗ ਦਿੱਤੀਆਂ, ਜਿਥੇ ਕਿਥੇ ਪੁਜਾਰੀ ਸਨ, ਬਹੁਤ ਵਿਆਕੁਲ ਹੋਏ॥੩੬॥

ਤਿਨ ਸੋਂ ਕਹੈ 'ਸ਼ਰ੍ਹਾ ਮਹਿਂ ਆਵਹੁ। ਕਲਮਾ ਪਢਹੁ ਤੁਰਕ ਬਨਿ ਜਾਵਹੁ।
ਬਡੀ ਮਸੀਤ ਦੇਹਿਂ ਬਨਵਾਇ। ਤਿਨ ਮਹਿਂ ਬੈਠਹੁ ਧਨ ਬਹੁ ਪਾਇ॥ ੩੭॥

ਉਨ੍ਹਾਂ ਨੂੰ ਕਹਿੰਦੇ ਸਨ, "ਸ਼ਰ੍ਹਾ ਵਿਚ ਆਵੋ ਤੇ ਕਲਮਾ ਪੜ੍ਹ ਕੇ ਤੁਰਕ ਬਣ ਜਾਵੋ। ਵੱਡੀ ਮਸੀਤ ਬਣਾ ਕੇ ਦੇਵਾਂਗੇ, ਬਹੁਤ ਧਨ ਪ੍ਰਾਪਤ ਕਰਕੇ ਉਸ ਵਿਚ ਬੈਠੋ॥੩੭॥

ਪਾਤਿਸ਼ਾਹਿ ਤੇ ਪਟੇ ਲਿਖਾਵਹੁ। ਗ੍ਰਾਮ ਜ਼ਮੀਨ ਲੇਹੁ ਹਰਖਾਵਹੁ।
ਸੁਖ ਪਾਵਹੁ ਇਸ ਲੋਕ ਮਝਾਰ। ਮਰਿ ਕਰਿ ਭਿਸਤ ਲਹੋ ਹਿਤ ਧਾਰਿ'॥ ੩੮॥

ਬਾਦਸ਼ਾਹ ਪਾਸੋਂ ਪਟੇ ਲਿਖਵਾਉ, ਪਿੰਡਾਂ ਵਿਚ ਜ਼ਮੀਨ ਲੈ ਕੇ ਪ੍ਰਸੰਨ ਹੋਵੋ। ਇਹ ਲੋਕ ਵਿਚ ਸੁਖ ਪਾਵੋ ਤੇ ਮਰ ਕੇ ਹਿਤ ਧਾਰ ਕੇ ਬਹਿਸ਼ਤ ਲਵੋ"॥੩੮॥

ਅਪਰ ਖਿਝਾਵਨਿ ਕੀ ਬਹੁ ਬਾਤ। ਕਹੈਂ ਮਲੇਛ ਕਸ਼ਟ ਉਪਜਾਤਿ।
ਕੁਛ ਬਸ ਚਲਹਿ ਨ ਉੱਤਰ ਦੇਇਂ। ਮਨ ਮਹਿਂ 'ਰਾਮ ਰਾਮ' ਕਹਿ ਲੇਇਂ॥੩੯॥

ਹੋਰ ਖਿਝਾਉਣ ਦੀਆਂ ਬਹੁਤ ਗੱਲਾਂ ਕਰਦੇ ਸਨ, ਮਲੇਛ ਕਹਿੰਦੇ ਸਨ ਕਿ ਤੁਸੀਂ ਬਹੁਤ ਦੁਖ ਪਾਵੋਗੇ। ਹਿੰਦੂਆਂ ਦਾ ਨਾ ਕੁਝ ਵੱਸ ਚਲਦਾ ਸੀ ਤੇ ਨਾ ਹੀ ਉਤਰ ਦਿੰਦੇ ਸਨ, ਮਨ ਵਿਚ ਹੀ 'ਰਾਮ ਰਾਮ' ਕਹਿ ਲੈਂਦੇ ਸਨ॥੩੯॥

ਗਜਾਰਹ ਸੈ ਮੰਦਿਰ ਤਹਿਂ ਖਰਜੋ। ਤੁਰਤ ਬਿਦਾਰਨਿ ਸਭਿ ਕੋ ਕਰਜੋ।
ਦਿਏ ਉਜਾਰ 'ਨ ਪੁਨ ਕੋ ਕਰੈ। ਕਰੈ ਜੁ, ਦੰਡ ਹਮਾਰੋ ਭਰੈ'॥ ੪੦॥

ਉਥੇ ਗਿਆਰਾਂ ਸੌ ਮੰਦਰ ਖੜਾ ਸੀ, ਤੁਰਤ ਹੀ ਸਾਰਿਆਂ ਨੂੰ ਢਾਹ ਦਿੱਤਾ। ਉਨ੍ਹਾਂ ਨੂੰ ਉਜਾੜ ਦਿੱਤਾ ਤੇ ਕਿਹਾ, "ਬਾਅਦ ਵਿਚ ਇਨ੍ਹਾਂ ਨੂੰ ਕੋਈ ਨਾ ਬਣਵਾਏ, ਜਿਹੜਾ ਇਨ੍ਹਾਂ ਨੂੰ ਬਣਾਇਗਾ ਉਹ ਸਾਡੀ ਸਜ਼ਾ ਪਾਵੇਗਾ"॥੪੦॥

ਇਮ ਹਿੰਦੁਨਿ ਕੋ ਧਰਮ ਬਿਗਾਰਾ। ਜੈ ਪੁਰਿ ਮਹਿਂ ਭਾ ਹਾਹਾਕਾਰਾ।
ਤ੍ਰਾਸ ਕਰੈਂ ਘਰ ਬੈਠੇ ਰਹੈਂ। ਮਿਲਿ ਕਰਿ ਕਹੂੰ ਨ ਬਾਤੈਂ ਕਹੈਂ॥ ੪੧॥

ਇਸ ਤਰ੍ਹਾਂ ਹਿੰਦੂਆਂ ਦਾ ਧਰਮ ਵਿਗਾੜ ਦਿੱਤਾ। ਜੈਪੁਰ ਨਗਰ ਵਿਚ ਹਾਹਾਕਾਰ ਮਚ ਗਈ। ਡਰਦੇ ਮਾਰੇ ਘਰ ਬੈਠੇ ਰਹਿੰਦੇ ਸਨ, ਕਿਤੇ ਵੀ ਮਿਲ ਕੇ ਗੱਲਾਂ ਨਹੀਂ ਕਰਦੇ ਸਨ॥੪੧॥

*ਨੌਵੀਂ ਰਾਸ ਦਾ ਸਤਾਈਵਾਂ ਅਧਿਆਇ ਸਮਾਪਤ ਹੋਇਆ॥੨੭॥*

# ਅਧਿਆਇ ਅਠਾਈਵਾਂ

## ਪੁਸ਼ਕਰ ਦੀ ਤਬਾਹੀ

ਦੋਹਰਾ- ਗਜਾਰਹ ਸੈ ਮੰਦਿਰ ਮਹਦ ਜੈਪੁਰਿ ਤੇ ਢਹਿਵਾਇ।
ਤ੍ਰਾਸ ਉਪਾਇਵ ਹਿੰਦ ਕੋ ਤੁਰਕ ਤੇਜ ਤਪਤਾਇ॥ ੧॥

ਜੈਪੁਰ ਵਿਚ ਗਿਆਰਾਂ ਸੌ ਵੱਡੇ-ਵੱਡੇ ਮੰਦਰ ਢਹਿਵਾਏ, ਹਿੰਦੂਆਂ ਨੂੰ ਬਹੁਤ ਡਰਾ ਦਿੱਤਾ, ਤੁਰਕਾਂ ਦਾ ਤੇਜ ਬੜਾ ਪ੍ਰਚੰਡ ਹੋ ਗਿਆ॥੧॥

ਚੌਪਈ- ਭਈ ਪ੍ਰਾਤਿ ਜਬਿ ਸਭਾ ਲਗਾਈ। ਕਾਜ਼ੀ ਅਰੁ ਮੁੱਲਾਂ ਸਮੁਦਾਈ।
ਜਿਦ ਕੈ ਬਾਦ ਕਰਤਿ ਜੇ ਗਾਢੇ। ਅਪਰ ਅਨਿਕ ਆਏ ਹੁਇ ਠਾਂਢੇ॥੨॥

ਜਦ ਸ਼ਾਮ ਹੋਈ ਤਾਂ ਸਭਾ ਲਾਈ, ਕਾਜ਼ੀ ਅਤੇ ਮੁੱਲਾਂ ਇਕੱਠੇ ਹੋਏ। ਜ਼ਿੱਦ ਕਰਕੇ ਜਿਹੜੇ ਭਾਰੀ ਝਗੜਾ ਕਰਦੇ ਹਨ, ਹੋਰ ਦੂਸਰੇ ਵੀ ਆ ਕੇ ਖੜੇ ਹੋ ਗਏ॥੨॥

ਸਭਿਨਿ ਸੰਗ ਨੌਰੰਗ ਨੇ ਕਹਜੋ। 'ਇਸ ਪੁਰਿ ਕੇ ਮੰਦਿਰ ਗਨ ਢਹਜੋ।
ਆਗੈ ਨਹੀਂ ਬਨਾਵੈ ਕੋਈ। ਇਮ ਸਜ਼ਾਇ ਸਭਿਹਿਨਿ ਕਹੁ ਹੋਈ॥ ੩॥

ਸਾਰਿਆਂ ਨੂੰ ਨੌਰੰਗੇ ਨੇ ਕਿਹਾ, "ਇਸ ਨਗਰ ਦੇ ਬਹੁਤ ਮੰਦਰ ਢਹਿ ਗਏ ਹਨ, ਅੱਗੇ ਤੋਂ ਕੋਈ ਨਵਾਂ ਨਹੀਂ ਬਣਾਵੇਗਾ, ਇਸ ਤਰ੍ਹਾਂ ਸਾਰਿਆਂ ਨੂੰ ਸਜ਼ਾ ਮਿਲ ਗਈ ਹੈ॥੩॥

ਭਗਨਿ ਕਰੇ ਬੁਤ ਮੰਦਰ ਗਿਰੇ। ਤ੍ਰਾਸ ਬਿਲੰਦ ਰਿਦੈ ਮਹਿਂ ਧਰੇ।
ਅਪਨਿ ਧਰਮ ਤੇ ਧੀਰਜ ਛੂਟੇ। ਕਰਹਿਂ ਬਿਲੋਕਨਿ ਇਸ਼ਟ ਜਿ ਫੂਟੇ॥੪॥

ਬੁੱਤਾਂ ਨੂੰ ਭੰਨ ਦਿੱਤਾ ਹੈ ਅਤੇ ਮੰਦਰ ਢਾਹ ਦਿੱਤੇ ਹਨ, ਇਹ ਹੁਣ ਹਿਰਦੇ ਵਿਚ ਬਹੁਤ ਡਰ ਮੰਨਣਗੇ, ਆਪਣੇ ਧਰਮ ਤੋਂ ਇਨ੍ਹਾਂ ਦਾ ਧੀਰਜ ਜਾਂਦਾ ਰਹੇਗਾ, ਜਦ ਆਪਣੇ ਇਸ਼ਟਾਂ ਨੂੰ ਟੁੱਟੇ ਹੋਏ ਵੇਖਣਗੇ॥੪॥

ਅਬਿ ਹਿੰਦਵਾਇਨਿ ਕੋ ਜਹਿਂ ਜ਼ੋਰ। ਚਲਿ ਹੈਂ ਤਹਾਂ ਬਤਾਵਹੁ ਠੋਰ।
ਜਹਿਂ ਇਕ ਥਲ ਸਜ਼ਾਇ ਕਹੁ ਦੈਬੇ। ਉੱਤਮ ਅਪਨੋ ਮਤੌ ਦਿਖੈਬੇ॥੫॥

ਹੁਣ ਹਿੰਦੂਆਂ ਦਾ ਜਿਥੇ ਬਹੁਤ ਜ਼ੋਰ ਹੈ, ਉਥੇ ਚਲੀਏ, ਦੱਸੋ ਉਹ ਕਿਹੜਾ ਸਥਾਨ ਹੈ। ਜਿਥੇ ਇਕ ਥਾਂ ਸਜ਼ਾਵਾਂ ਦੇਈਏ ਤੇ ਆਪਣੇ ਉੱਤਮ ਮੱਤ ਨੂੰ ਵਿਖਾਈਏ॥੫॥

ਥਾਨ ਹਜ਼ਾਰ ਸੁਨਹਿਂ ਅਰੁ ਹੇਰੇ। ਉਪਜਹਿ ਸਭਿ ਮੈਂ ਤ੍ਰਾਸ ਬਡੇਰੇ।
ਆਵਹਿਂ ਸ਼ਰ੍ਹਾ ਬਿਖੈ ਬਿਨ ਕਹੇ। ਉੱਤਮਤਾ ਤੁਰਕਨਿ ਕੀ ਲਹੇ' ॥ ੬॥

ਹਜ਼ਾਰਾਂ ਥਾਵਾਂ ਵਿਚ ਸੁਣਨ ਅਤੇ ਵੇਖਣ ਤੇ ਸਾਰਿਆਂ ਵਿਚ ਵੱਡਾ ਡਰ ਉਤਪੰਨ ਹੋਵੇ। ਕਹਿਣ ਤੋਂ ਬਗੈਰ ਹੀ ਸ਼ਰ੍ਹਾ ਵਿਚ ਆ ਜਾਣ ਤੇ ਤੁਰਕਾਂ ਦੀ ਉਤਮਤਾ ਨੂੰ ਜਾਣ ਲੈਣ" ॥੬॥

ਇਮ ਸੁਨਿ ਸ਼ਰ੍ਹਾ ਬੀਚ ਦਿਢ ਜੋਈ। ਹਰਖ ਬਧਾਵਤਿ ਬੋਲੇ ਤੋਈ।
ਸਨਮਾਨਤਿ ਨੌਰੰਗ ਕੌ ਕਹਜੋ। 'ਕਰਤਿ ਕਾਜ ਬਾਂਛਤਿ ਕੋ ਲਹਜੋ॥੭॥

ਇਸ ਤਰ੍ਹਾਂ ਸੁਣ ਕੇ ਜਿਹੜੇ ਸਭਾ ਵਿਚ ਬੜੇ ਪੱਕੇ ਸਨ, ਉਨ੍ਹਾਂ ਬਹੁਤ ਪ੍ਰਸੰਨਤਾ ਵਧਾਈ, ਨੌਰੰਗੇ ਦਾ ਬਹੁਤ ਸਨਮਾਨ ਕਰਕੇ ਉਨ੍ਹਾਂ ਕਿਹਾ, "ਅਸੀਂ ਇਸ ਤਰ੍ਹਾਂ ਜਾਣਿਆ ਹੈ ਕਿ ਜਿਹੜੀ ਗੱਲ ਸਾਡੇ ਚਿੱਤ ਵਿਚ ਹੁੰਦੀ ਹੈ, ਤੁਸੀਂ ਉਸ ਤਰ੍ਹਾਂ ਹੀ ਕਰਦੇ ਹੋ ॥ ੭ ॥

ਹਜ਼ਰਤ ਸੁਨਹੁ ਬਤਾਵਹਿਂ ਸੋਊ। ਕਰਹਿਂ ਏਕ ਸੋ, ਡਰ ਬਹੁ ਹੋਊ।
ਜਸ ਤੀਰਥ ਮਥੁਰਾ ਮੁਖਿ ਮਾਨਾ। ਤਸ ਪੁਸ਼ਕਰ ਹੈ ਨਿਕਟਿ ਸਥਾਨਾ ॥ ੮ ॥

ਹੇ ਬਾਦਸ਼ਾਹ ਸਲਾਮਤ ! ਸੁਣੋ, ਅਸੀਂ ਉਹੀ ਕੁਝ ਦੱਸਦੇ ਹਾਂ, ਇਕ ਥਾਂ ਨਾਲ ਸਲੂਕ ਜੋ ਕਰੋਗੇ, ਉਸ ਦਾ ਡਰ ਬਹੁਤ ਥਾਈਂ ਹੋਵੇਗਾ। ਜਿਵੇਂ ਮਥਰਾ ਤੀਰਥ ਮੁਖੀ ਮੰਨਿਆ ਜਾਂਦਾ ਹੈ, ਉਸ ਤਰ੍ਹਾਂ ਪੁਸ਼ਕਰ ਤੀਰਥ ਵੀ ਨੇੜੇ ਹੀ ਸਥਿਤ ਹੈ ॥੮॥

ਲਾਖਹੁੰ ਲੋਕ ਕਰਹਿਂ ਇਸ਼ਨਾਨ। ਨਾਨਾ ਬਿਧਿ ਕੇ ਦੇ ਬਹੁ ਦਾਨ।
ਦੂਰ ਦੂਰ ਤੇ ਹਿੰਦੂ ਆਵੈਂ। ਬੁਤ ਪੂਜਹਿਂ ਅਰ ਦਰਬ ਚਢਾਵੈਂ ॥ ੯ ॥

ਲੱਖਾਂ ਲੋਕ ਉਥੇ ਇਸ਼ਨਾਨ ਕਰਦੇ ਹਨ ਤੇ ਕਈ ਵਿਧੀਆਂ ਨਾਲ ਬਹੁਤ ਦਾਨ ਕਰਦੇ ਹਨ। ਦੂਰ-ਦੂਰ ਤੋਂ ਹਿੰਦੂ ਆਉਂਦੇ ਹਨ, ਬੁੱਤਾਂ ਦੀ ਪੂਜਾ ਕਰਦੇ ਹਨ ਅਤੇ ਬਹੁਤ ਧਨ ਚੜ੍ਹਾਉਂਦੇ ਹਨ ॥੯॥

ਸੋ ਸਥਾਨ ਜੇ ਹੋਇ ਹਮਾਰੋ। ਬਨੈਂ ਤੁਰਕ ਜੇ ਕਹੈਂ ਹਜ਼ਾਰੋਂ।
ਤਹਿਂ ਭੀ ਮੰਦਿਰ ਊਚੇ ਖਰੇ। ਸੁੰਦਰ ਬ੍ਰਿੰਦ ਹਿੰਦੁਵਨਿ ਕਰੇ ॥ ੧੦ ॥

ਉਹ ਸਥਾਨ ਜੇ ਸਾਡਾ ਹੋ ਜਾਵੇ ਤਾਂ ਜੇ ਕਹਾਂਗੇ ਤਾਂ ਹਜ਼ਾਰਾਂ ਲੋਕ ਤੁਰਕ ਬਣ ਜਾਣਗੇ। ਉਥੇ ਵੀ ਬਹੁਤ ਉੱਚੇ ਮੰਦਰ ਖੜੇ ਹਨ, ਬਹੁਤ ਹਿੰਦੂਆਂ ਨੇ ਮਿਲ ਕੇ ਸੁੰਦਰ ਬਣਵਾਏ ਹਨ ॥੧੦॥

ਸਹਿਤ ਬੁਤਨਿ ਕੇ ਭੰਗ ਕਰੀਜੈ। ਪੂਜਕ ਗਨ ਕੋ ਤ੍ਰਾਸ ਦਿਖੀਜੈ'।
ਸੁਨਿ ਨੌਰੰਗ ਕਹਿ 'ਕਰਹੁ ਤਯਾਰੀ। ਸਾਜਿ ਹਕਾਰਹੁ ਸਭਿ ਅਸਵਾਰੀ' ॥੧੧॥

ਬੁੱਤਾਂ ਸਹਿਤ ਉਨ੍ਹਾਂ ਨੂੰ ਢਾਹ ਦੇਈਏ ਅਤੇ ਸਮੂਹ ਪੁਜਾਰੀਆਂ ਨੂੰ ਡਰ ਵਿਖਾਈਏ।" ਇਹ ਸੁਣ ਕੇ ਨੌਰੰਗੇ ਨੇ ਕਿਹਾ, "ਤਿਆਰੀ ਕਰੋ, ਸਭ ਅਸਵਾਰੀਆਂ ਨੂੰ ਸਜਾ ਕੇ ਬੁਲਾ ਲਵੋ" ॥੧੧॥

ਬਜੇ ਸੈਂਕਰੇ ਦੁੰਦਭਿ ਤਬੈ। ਬਾਦਿਤ ਅਪਰ ਬਜਾਏ ਤਬੈ।
ਗਜ ਬਾਜੀ ਸ਼ਿੰਗਾਰਨਿ ਕਰੇ। ਭਯੋ ਅਰੂਢਿ ਪਯਾਨੋ ਕਰੇ ॥ ੧੨ ॥

ਉਸ ਸਮੇਂ ਸੈਂਕੜੇ ਨਗਾਰੇ ਵੱਜ ਉਠੇ, ਹੋਰ ਵਾਜੇ ਵੀ ਵਜਾਏ ਗਏ। ਹਾਥੀਆਂ ਘੋੜਿਆਂ ਨੂੰ ਸਜਾਇਆ ਗਿਆ, ਸਵਾਰ ਹੋ ਕੇ ਚਲ ਪਏ ॥੧੨॥

ਪਹੁੰਚਯੋ ਪੁਸ਼ਕਰ ਤਟ ਤਤਕਾਲਾ। ਜਾਇ ਤਹਾਂ ਡੇਰਾ ਨਿਜ ਘਾਲਾ।
ਤੀਰਥ ਰੁਚਿਰ ਬਿਲੋਕਨਿ ਕਰਯੋ। ਨਿਕਟਿ ਨਿਕਟਿ ਮੰਦਿਰ ਗਨ ਖਰਯੋ ॥੧੩॥

ਤੁਰਤ ਹੀ ਪੁਸ਼ਕਰ ਦੇ ਕਿਨਾਰੇ ਪਹੁੰਚ ਗਏ। ਉਥੇ ਜਾ ਕੇ ਆਪਣਾ ਡੇਰਾ ਲਾ ਲਿਆ। ਸੁੰਦਰ ਤੀਰਥ ਵੇਖਿਆ, ਨੇੜੇ ਨੇੜੇ ਬਹੁਤ ਮੰਦਰ ਖੜੇ ਸਨ ॥੧੩॥

ਪ੍ਰਤਿਮਾ ਸਭਿ ਕੇ ਅੰਤਰ ਸੋਹੈਂ। ਭੂਖਨ ਬਸਨ ਧਰੇ ਜਨ ਮੋਹੈਂ।
ਗਾਇਂ ਬਿਸ਼ਨਪਦ ਭੋਗ ਲਗਾਵਹਿ। ਕਰਹਿਂ ਆਰਤੀ ਮੋਦ ਬਢਾਵਹਿਂ ॥੧੪॥

ਸਭ ਮੰਦਰਾਂ ਦੇ ਅੰਦਰ ਮੂਰਤੀਆਂ ਸ਼ੋਭਾ ਪਾ ਰਹੀਆਂ ਸਨ, ਜਿਨ੍ਹਾਂ ਮੂਰਤੀਆਂ ਨੇ ਮਨ ਮੋਹਣੇ ਗਹਿਣੇ ਅਤੇ ਵਸਤਰ ਧਾਰਨ ਕੀਤੇ ਹੋਏ ਸਨ। ਪੁਜਾਰੀ ਬਿਸ਼ਨਪਦੇ ਗਾ ਕੇ ਭੋਗ ਲਵਾਉਂਦੇ ਸਨ, ਆਰਤੀ ਕਰਕੇ ਬਹੁਤ ਖ਼ੁਸ਼ੀ ਵਧਾਉਂਦੇ ਸਨ ॥੧੪॥

ਲਖਜੋ ਦੁਸ਼ਟ ਕੋ ਆਯੋ ਡੇਰਾ। ਦੂਰੇ ਪਲਾਏ ਤ੍ਰਾਸ ਬਡੇਰਾ।
ਲਘੁ ਲਘੁ ਪ੍ਰਤਿਮਾ ਲਈ ਉਠਾਇ। ਪੁਨਹਿ ਤੁਰਕ ਨੇ ਦਏ ਹਟਾਇ॥੧੫॥

ਜਦ ਉਨ੍ਹਾਂ ਨੇ ਦੁਸ਼ਟ ਦਾ ਡੇਰਾ ਆਇਆ ਵੇਖਿਆ ਤਾਂ ਵੱਡਾ ਡਰ ਮੰਨ ਕੇ ਭੱਜ ਕੇ ਲੁਕ ਗਏ। ਛੋਟੀਆਂ-ਛੋਟੀਆਂ ਮੂਰਤੀਆਂ ਚੁੱਕ ਲਈਆਂ, ਬਾਅਦ ਵਿਚ ਤੁਰਕ ਨਾ ਹਟਾ ਦੇਵੇ॥੧੫॥

ਏਕ ਜਾਮਨੀ ਤਹਾਂ ਬਿਤਾਈ। ਉਠਿਓ ਪ੍ਰਾਤਿ ਦੁਸ਼ਟ ਦੁਖਦਾਈ।
ਫਿਰਜੋ ਚੁਫੇਰੇ ਹੇਰੇ ਮੰਦਿਰ। ਪ੍ਰਤਿਮਾ ਜੁਗਤਿ ਬਿਰਾਜੇ ਸੁੰਦਰ॥ ੧੬॥

ਇਕ ਰਾਤ ਉਥੇ ਬਤੀਤ ਕੀਤੀ, ਦੁਖਦਾਇਕ ਦੁਸ਼ਟ ਸਵੇਰੇ ਉਠਿਆ। ਚੁਫੇਰੇ ਫਿਰ ਕੇ ਮੰਦਰ ਵੇਖੇ, ਮੂਰਤੀਆਂ ਸਹਿਤ ਸੁੰਦਰ ਬਿਰਾਜ ਰਹੇ ਸਨ॥੧੬॥

ਇਕ ਠਾਕੁਰ ਕੇ ਮੰਦਿਰ ਊਚੇ। ਅਪਰ ਨ ਸਮਸਰ ਜਾਸ ਪਹੂਚੇ।
ਸ੍ਰੀ ਬਰਾਹ ਕੀ ਪ੍ਰਤਿਮਾ ਤਹਾਂ। ਲੋਕ ਸਕਲ ਤਿਸ ਮਾਨਹਿਂ ਮਹਾਂ॥ ੧੭॥

ਇਕ ਠਾਕੁਰ ਦਾ ਬਹੁਤ ਉੱਚਾ ਮੰਦਰ ਸੀ, ਹੋਰ ਕੋਈ ਵੀ ਉਸ ਦੇ ਬਰਾਬਰ ਨਹੀਂ ਸੀ ਪਹੁੰਚਦਾ। ਸ੍ਰੀ ਵਰਾਹ ਅਵਤਾਰ ਦੀ ਉਥੇ ਮੂਰਤੀ ਸੀ, ਸਾਰੇ ਲੋਕ ਉਸ ਮੰਦਰ ਨੂੰ ਬਹੁਤ ਮੰਨਦੇ ਸਨ॥੧੭॥

ਬਡ ਊਚੋ ਮੰਦਿਰ ਤਿਸ ਕੇਰਾ। ਗਜ ਪੰਚਾਸੀ ਮਿਣ ਕਰਿ ਹੇਰਾ।
ਅਨਖਜੋ ਦੁਸ਼ਟ ਹੁਕਮ ਕੋ ਦੀਨਸਿ। 'ਇਸਹਿ ਢਹਾਵਹੁ ਤੂਰਨ ਕੀਨਸਿ॥੧੮॥

ਵਰਾਹ ਦਾ ਬੜਾ ਉੱਚਾ ਮੰਦਰ ਸੀ, ਉਹ ਪਚਾਸੀ ਗਜ਼ ਉੱਚਾ ਸੀ, ਗਿਣਤੀ ਕਰਕੇ ਵੇਖਿਆ। ਬੜੀ ਅਣਖ ਵਿਚ ਆ ਕੇ ਦੁਸ਼ਟ ਨੇ ਹੁਕਮ ਦਿੱਤਾ, "ਇਸ ਮੰਦਰ ਨੂੰ ਤੁਰਤ ਢਾਹ ਦੇਵੋ॥੧੮॥

ਪੁਨ ਅਪਰਨਿ ਕੋ ਦੇਹੁ ਢੁਹਾਇ। ਭਗਨਹੁ ਬੁਤ ਲੇ ਕਰਿ ਸਮੁਦਾਇ।
ਬਨਹਿ ਤੁਰਕ ਜੋ ਲੇਹੁ ਬਨਾਇ। ਦਿਹੁ ਕਲਮਾ ਤਤਕਾਲ ਪਢਾਇ'॥੧੯॥

ਫਿਰ ਦੂਸਰਿਆਂ ਨੂੰ ਢੁਹਾ ਦੇਵੋ ਤੇ ਸਾਰੇ ਮਜ਼ਦੂਰ ਲੈ ਕੇ ਬੁੱਤਾਂ ਨੂੰ ਭੰਨ ਤੋੜ ਦੇਵੋ। ਜਿਹੜਾ ਤੁਰਕ ਬਣੇ ਉਸ ਨੂੰ ਬਣਾ ਲਵੋ ਤੇ ਉਸ ਨੂੰ ਤੁਰਤ ਕਲਮਾ ਪੜ੍ਹਾ ਦੇਵੋ'॥੧੯॥

ਸੁਨਤਿ ਹੁਕਮ ਕੋ ਲਗੇ ਬਿਦਾਰਨਿ। ਬੋਲਹਿ ਜੋ, ਕਿਛੁ ਕਰਹਿ ਪੁਕਾਰਨਿ।
ਤਿਸ ਗਹਿ ਲੇਹਿਂ ਮਾਰ ਬਹੁ ਕਰੈਂ। ਕਿਧੌਂ ਕੈਦ ਕਰਿ ਦਿਢ ਤਿਹ ਧਰੈਂ॥੨੦॥

ਨੌਰੰਗੇ ਦਾ ਹੁਕਮ ਸੁਣ ਕੇ ਮੰਦਰ ਨੂੰ ਢਾਹੁਣ ਲੱਗੇ। ਜਿਹੜਾ ਵੀ ਕੁਝ ਬੋਲਦਾ ਸੀ ਜਾਂ ਪੁਕਾਰ ਕਰਦਾ ਸੀ, ਉਸ ਨੂੰ ਫੜ ਕੇ ਬਹੁਤ ਮਾਰਦੇ ਸਨ ਜਾਂ ਕੈਦ ਕਰਕੇ ਉਸ ਨੂੰ ਤਕੜਾਈ ਨਾਲ ਰਖਣ ਦਾ ਹੁਕਮ ਦਿੰਦੇ ਸਨ॥੨੦॥

ਸੁੰਦਰ ਮੰਦਿਰ ਪਾਥਰ ਕੇਰਾ। ਮਿਲਿ ਦੁਸ਼ਟਨਿ ਬਹੁ ਸ਼ੀਘ੍ਰ ਸੁ ਗੇਰਾ।
ਜਥਾ ਲੁਹਾਰ ਘਰਹਿਂ ਬਰ ਆਏ। ਤਥਾ ਪ੍ਰਹਾਰਹਿਂ ਸ਼ਬਦ ਉਠਾਏ॥ ੨੧॥

ਸੁੰਦਰ ਮੰਦਰ ਪੱਥਰ ਦਾ ਬਣਿਆ ਹੋਇਆ ਸੀ, ਦੁਸ਼ਟਾਂ ਨੇ ਮਿਲ ਕੇ ਉਸ ਨੂੰ ਬਹੁਤ ਛੇਤੀ ਢਾਹ ਦਿੱਤਾ। ਜਿਵੇਂ ਲੁਹਾਰ ਲੋਹੇ 'ਤੇ ਹਥੌੜਾ ਮਾਰਦਾ ਹੈ, ਉਸ ਤਰ੍ਹਾਂ ਆਵਾਜ਼ ਕੱਢ ਕੇ ਵਾਰ ਕਰਦੇ ਸਨ॥੨੧॥

ਲੇ ਲੇ ਪਾਥਰ ਦੂਰ ਬਗਾਵੈਂ। ਤੁਰਕ ਬਿਲੋਕਤਿ ਹਰਖ ਉਪਾਵੈਂ।
ਮੂਰਖ ਨਹਿਂ ਜਾਨਹਿ ਇਹ ਬਾਤ। 'ਮੇਰੋ ਤੇਜ ਨਾਸ਼ ਹੁਇ ਜਾਤਿ'॥ ੨੨॥

ਪੱਥਰ ਫੜ ਫੜ ਕੇ ਦੂਰ ਵਗਾਹ ਮਾਰਦੇ ਸਨ, ਤੁਰਕ ਵੇਖ ਕੇ ਬਹੁਤ ਪ੍ਰਸੰਨ ਹੁੰਦੇ ਸਨ। ਮੂਰਖ ਇਹ ਗੱਲ ਨਹੀਂ ਸੀ ਜਾਣਦਾ, ''ਇਸ ਨਾਲ ਮੇਰਾ ਤੇਜ ਖ਼ਤਮ ਹੋ ਜਾਵੇਗਾ'' ॥੨੨॥

ਅਪਰ ਅਲਪ ਜੇ ਠਾਕੁਰਦ੍ਵਾਰੇ। ਸਨੇ ਸਨੇ ਸਭਿ ਫੋਰਿ ਬਿਗਾਰੇ।
ਪ੍ਰਤਿਮਾ ਕੇ ਕਰ ਪਗ ਭਗਨੰਤੇ। ਖੰਡ ਖੰਡ ਕਰਿ ਅਵਨਿ ਗਿਰੰਤੇ॥ ੨੩॥

ਹੋਰ ਜਿਹੜੇ ਛੋਟੇ ਠਾਕਰਦੁਆਰੇ ਸਨ, ਹੌਲੀ-ਹੌਲੀ ਸਾਰੇ ਹੀ ਤੋੜ ਦਿੱਤੇ। ਮੂਰਤੀਆਂ ਦੇ ਹੱਥ ਪੈਰ ਤੋੜ ਭੰਨ ਦਿੰਦੇ ਤੇ ਟੁਕੜੇ ਟੁਕੜੇ ਕਰਕੇ ਧਰਤੀ 'ਤੇ ਸੁੱਟ ਦਿੰਦੇ॥੨੩॥

ਪੂਜਨ ਸੌਜ ਖਸੋਟਨਿ ਕਰੈਂ। ਯਾਂ ਤੇ ਬਹੁਤ ਛੁਪਾਇ ਸੁ ਧਰੈਂ।
ਬਸ ਨਹਿਂ ਚਲੈ ਬਿਸੂਰਤਿ ਬੈਸੇ। ਕਹੈਂ 'ਭਯੋ ਹਰਨਾਖਸ਼ ਜੈਸੇ' ॥ ੨੪॥

ਪੂਜਣ ਵਾਲੀ ਸਮੱਗਰੀ ਇਕੱਠੀ ਕਰ ਲੈਂਦੇ ਸਨ ਤੇ ਉਸਨੂੰ ਬਹੁਤ ਛੁਪਾ ਕੇ ਰੱਖ ਲੈਂਦੇ ਸਨ। ਹਿੰਦੂਆਂ ਦਾ ਕੁਝ ਵੱਸ ਨਹੀਂ ਸੀ ਚਲਦਾ। ਘਬਰਾਏ ਹੋਏ ਬੈਠੇ ਸਨ, ਕਹਿੰਦੇ ਸਨ, ''ਇਹ ਮਲੇਛ ਤਾਂ ਹਰਨਾਖਸ਼ ਵਰਗੇ ਹੋ ਗਏ ਹਨ'' ॥੨੪॥

ਹਿੰਦੂ ਸਗਰੇ ਭਏ ਦੁਖਾਰੇ। ਤਪ ਮਲੇਛ ਤਪਿਬੇ ਤੇ ਹਾਰੇ।
ਜਿਨ ਤੇ ਬਨਹਿ ਉਪਾਇ ਨ ਕੋਊ। ਸਾਮ ਦਾਮ ਭੇਦਾਦਿਕ ਜੋਊ॥ ੨੫॥

ਹਿੰਦੂ ਸਾਰੇ ਬਹੁਤ ਦੁਖੀ ਹੋ ਗਏ, ਮਲੇਛ ਦੇ ਤਪ ਤਾਪਣ ਤੋਂ ਹਿੰਦੂ ਹਾਰ ਗਏ। ਉਨ੍ਹਾਂ ਪਾਸੋਂ ਕੋਈ ਵੀ ਉਪਾਅ ਨਹੀਂ ਸੀ ਬਣਦਾ, ਸਾਮ ਦਾਮ ਆਦਿ ਜੋ ਭੇਦ ਹੈ॥੨੫॥

ਤੀਰ ਤੀਰ ਤੀਰਥ ਕੇ ਖਰੇ। ਸਕਲ ਬਿਦਾਰੇ ਥਲ ਸਮ ਕਰੇ।
ਮਨ ਭਾਵਤਿ ਨੌਰੰਗ ਕਰਿਵਾਇ। ਬੈਠਜੋ ਦੇਖੈ ਤਰਕ ਉਠਾਇ॥ ੨੬॥

ਤੀਰਥ ਦੇ ਨੇੜੇ ਨੇੜੇ ਖੜੇ ਸਨ, ਸਾਰੇ ਮੰਦਰ ਢਾਹ ਕੇ ਮੈਦਾਨ ਵਾਂਗ ਕਰ ਦਿੱਤੇ। ਮਨ ਭਾਉਂਦੀ ਕਾਰਵਾਈ ਨੌਰੰਗਾ ਕਰਵਾ ਰਿਹਾ ਸੀ, ਬੈਠਾ ਤਰਕ ਉਠਾ ਕੇ ਵੇਖਦਾ ਸੀ॥੨੬॥

'ਮੰਦਿਰ ਪ੍ਰਤਿਮਾ ਸਗਲ ਬਿਗਾਰੀ। ਇਹ ਤੀਰਥ ਜਿਸ ਮਹਿਂ ਬਡਬਾਰੀ।
ਇਸਹਿ ਬਿਗਾਰੇ ਕਾਰਜ ਸਰੈ। ਬਹੁਰ ਕਬਹੁਂ ਨਹਿਂ ਕੋ ਕਿਮ ਕਰੈ॥ ੨੭॥

''ਮੰਦਰਾਂ ਦੀਆਂ ਸਾਰੀਆਂ ਮੂਰਤੀਆਂ ਤੋੜ ਦਿੱਤੀਆਂ, ਇਹ ਇਕ ਐਸਾ ਤੀਰਥ ਹੈ ਜਿਥੇ ਬਹੁਤ ਜਲ ਹੈ, ਇਨ੍ਹਾਂ ਦੇ ਵਿਗਾੜਨ ਨਾਲ ਹੀ ਕਾਰਜ ਸਰਦਾ ਸੀ, ਬਾਅਦ ਵਿਚ ਕੋਈ ਵੀ ਇਨ੍ਹਾਂ ਨੂੰ ਨਾ ਬਣਾਵੇ॥੨੭॥

ਮਥੁਰਾ ਪੁਰਿ ਮਹਿਂ ਸਰਿਤਾ ਭਾਰੀ। ਸੋ ਕਿਸਹੂੰ ਤੇ ਜਾਇ ਨ ਟਾਰੀ।
ਰਾਤਿ ਦਿਵਸ ਜਹਿਂ ਜਲ ਸਮੁਦਾਇ। ਨਿਤ ਨਵੀਨ ਆਵਤਿ ਉਮਡਾਇ॥੨੮॥

ਮਥਰਾ ਨਗਰ ਵਿਚ ਵੀ ਭਾਰੀ ਨਦੀ ਸੀ, ਉਹ ਕਿਸੇ ਪਾਸੋਂ ਟਾਲੀ ਨਹੀਂ ਸੀ ਜਾ ਸਕਦੀ ਭਾਵ ਜਿਥੇ ਹਿੰਦੂ ਇਸ਼ਨਾਨ ਕਰਦੇ ਸਨ, ਉਸ ਨਦੀ ਨੂੰ ਬੰਦ ਨਹੀਂ ਸੀ ਕੀਤਾ ਜਾ ਸਕਦਾ। ਰਾਤ ਦਿਨ ਜਿਥੇ ਜਲ ਬਹੁਤ ਇਕੱਠਾ ਰਹਿੰਦਾ ਸੀ, ਨਿਤ ਨਵਾਂ ਜਲ ਉਮੱਡ ਕੇ ਆ ਜਾਂਦਾ ਸੀ॥੨੮॥

ਸੋ ਤੇ ਆਇ ਨ ਮਿਟਿ ਹੈ ਬਾਰੀ। ਹਾਰ ਪਰਹਿ ਕਰਹਿ ਜੁ ਉਪਚਾਰੀ।
ਇਹ ਤਲਾਉ ਮੈਂ ਜਲ ਗੰਭੀਰ। ਮ੍ਰਿਤਕਾ ਡਾਰਿ ਸੁਕਾਵੌਂ ਨੀਰ॥ ੨੯॥

ਜਲ ਤਾਂ ਆਉਂਦਾ ਸੀ, ਉਨ੍ਹਾਂ ਪਾਸੋਂ ਰੋਕਿਆ ਨਹੀਂ ਸੀ ਜਾ ਸਕਦਾ, ਕੋਈ ਵੀ ਉਪਰਾਲਾ ਕਰ ਲੈਣ, ਹਾਰ ਜਾਂਦੇ ਸਨ। ਇਸ ਤਲਾਅ ਵਿਚ ਜਲ ਬਹੁਤ ਡੂੰਘਾ ਹੈ, ਮਿਟੀ ਪਾ ਕੇ ਪਾਣੀ ਨੂੰ ਸੁਕਾ ਲਵਾਂਗਾ॥੨੯॥

ਪੁਨ ਹਿੰਦੁਨਿ ਥਲ ਹੋਇ ਬਿਨਾਸ। ਕਰਿ ਨਹਿਂ ਸਕਹਿਂ ਇਸਹਿ ਪਰਕਾਸ਼।
ਸੁਨਿਕੈ ਬਾਕ ਸਭਾਸਦ ਸਾਰੇ। ਸਤਿਕਾਰਤਿ ਕਰ ਜੋਰਿ ਉਚਾਰੇ॥ ੩੦॥

ਫਿਰ ਹਿੰਦੂਆਂ ਦਾ ਇਹ ਥਾਂ ਨਾਸ਼ ਹੋ ਜਾਵੇਗਾ, ਉਹ ਦੁਬਾਰਾ ਇਸ ਨੂੰ ਚਾਲੂ ਨਹੀਂ ਕਰ ਸਕਣਗੇ"। ਇਹ ਵਾਕ ਸੁਣਕੇ ਸਭਾ ਦੇ ਸਾਰੇ ਉਮਰਾਵ ਸਤਿਕਾਰ ਨਾਲ ਹੱਥ ਜੋੜ ਕੇ ਬੋਲੇ॥੩੦॥

'ਜੋ ਅਭਿਲਾਖਾ ਹੋਇ ਤੁਮਾਰੀ। ਪੁਰਵਹੁ ਸਗਲੀ ਬਿਨਾਂ ਅਵਾਰੀ।
ਜੇ ਜਮਨਾ ਕਉ ਚਹਿਤ ਹਟਾਈ। ਸੋਪਿ ਲੇਤਿ ਕਰਿ ਰਚਹਿ ਉਪਾਈ॥ ੩੧॥

"ਜੋ ਵੀ ਤੁਹਾਡੀ ਅਭਿਲਾਸ਼ਾ ਹੋਵੇ, ਕਿਸੇ ਦੇਰ ਤੋਂ ਬਗੈਰ ਸਾਰੀ ਪੂਰੀ ਕਰੋ, ਜੇ ਜਮਨਾ ਨਦੀ ਨੂੰ ਵੀ ਹਟਾਉਣਾ ਚਾਹੁੰਦੇ ਹੋ ਤਾਂ ਉਹ ਵੀ ਆਪ ਆਪਣੇ ਹੱਥ ਨਾਲ ਉਪਾਅ ਕਰ ਸਕਦੇ ਹੋ॥੩੧॥

ਅਰੁ ਇਹ ਤਾਲ ਅਲਪ ਹੈ ਬਾਤ। ਕਰਹੁ ਪੁਰਾਵਨਿ ਅਬਿ ਬੱਖਜਾਤ।
ਰਾਵਰਿ ਹੁਕਮ ਦੇਨਿ ਕੀ ਦੇਰੀ। ਪੂਰਨ ਹੋਇ, ਆਪ ਲਿਹੁ ਹੇਰੀ॥ ੩੨॥

ਅਤੇ ਇਸ ਛੋਟੇ ਜੇਹੇ ਸਰੋਵਰ ਦੀ ਕੀ ਗੱਲ ਹੈ, ਹੁਣੇ ਹੀ ਪ੍ਰਗਟ ਰੂਪ ਵਿਚ ਪੁਰਵਾ ਲਵੋ। ਆਪ ਜੀ ਦੇ ਹੁਕਮ ਦੇਣ ਦੀ ਦੇਰ ਹੈ, ਇਹ ਕਾਰਜ ਪੂਰਾ ਹੋ ਜਾਵੇਗਾ, ਆਪ ਜੀ ਵੇਖ ਲੈਣਾ॥੩੨॥

ਇਸ ਕੇ ਪੂਰਨ ਬਿਨਾ ਕਰਾਏ। ਹੋਵਹਿਂ ਪੁਨ ਮੰਦਰ ਸਮੁਦਾਏ।
ਬਡੋ ਹਿੰਦੂਅਨਿ ਕੋ ਇਹ ਥੰਭਾ। ਹੇਰਿ ਹੇਰਿ ਜਲ ਮਾਨਿ ਅਚੰਭਾ॥ ੩੩॥

ਇਸ ਨੂੰ ਪੂਰਨ ਤੋਂ ਬਗੈਰ, ਏਥੇ ਫਿਰ ਬਹੁਤ ਮੰਦਰ ਖੜੇ ਹੋ ਜਾਣਗੇ। ਇਹ ਹਿੰਦੂਆਂ ਦਾ ਵੱਡਾ ਆਸਰਾ ਹੈ, ਉਹ ਜਲ ਦੀ ਡੂੰਘਾਈ ਨੂੰ ਵੇਖ ਵੇਖ ਕੇ ਅਚੰਭਾ ਮੰਨਦੇ ਹਨ॥੩੩॥

ਜੁ ਕਿਛੁ ਮਨੋਰਥ ਰਾਵਰ ਕੇਰਾ। ਸੋ ਖ਼ੁਦਾਇ ਪੂਰਹਿ ਬਿਨ ਦੇਰਾ।
ਇਮ ਨੁਰੰਗ ਸੁਨਿ ਹਰਖ ਉਪਾਯੋ। 'ਡਾਰਹੁ ਮ੍ਰਿਤਕਾ' ਹੁਕਮ ਅਲਾਯੋ॥ ੩੪॥

ਜੋ ਕੁਝ ਆਪ ਜੀ ਦਾ ਮਨੋਰਥ ਹੈ ਤਾਂ ਉਸ ਨੂੰ ਖ਼ੁਦਾ ਕਿਸੇ ਦੇਰੀ ਬਗੈਰ ਪੂਰਾ ਕਰ ਦੇਵੇਗਾ।" ਇਹ ਸੁਣ ਕੇ ਨੌਰੰਗਾ ਬਹੁਤ ਪ੍ਰਸੰਨ ਹੋਇਆ। "ਮਿਟੀ ਪਾਵੋ", ਉਸ ਨੇ ਹੁਕਮ ਕਰ ਦਿੱਤਾ॥੩੪॥

'ਇਸ ਬਿਨ ਪੂਰੇ ਮੈਂ ਨਹਿਂ ਜਾਨਾ। ਨਿਜ ਹਜ਼ੂਰ ਹੇਰੋਂ ਇਸਥਾਨਾ।
ਬਹੁਤ ਮਿਹਨਤੀ ਦੇਹੁ ਲਗਾਇ। ਅਧਿਕ ਮਜੂਰੀ ਤਿਨਹਿ ਦਿਵਾਇ॥ ੩੫॥

"ਇਸ ਨੂੰ ਪੂਰਨ ਤੋਂ ਬਗੈਰ ਮੈਂ ਨਹੀਂ ਜਾਵਾਂਗਾ, ਆਪ ਆਪਣੀਆਂ ਅੱਖਾਂ ਨਾਲ ਇਸ ਅਸਥਾਨ ਨੂੰ ਵੇਖਾਂਗਾ। ਬਹੁਤ ਮਜਦੂਰ ਲਾ ਦੇਵੋ। ਉਨ੍ਹਾਂ ਨੂੰ ਬਹੁਤ ਮਜਦੂਰੀ ਦਵਾਓ॥੩੫॥

ਮ੍ਰਿਤਕਾ ਤੇ ਜਬਿ ਹ੍ਵੈ ਹੈ ਪੂਰਨ। ਬਹੁ ਮਾਨਵ ਤੇ ਥਲ ਸਮ ਤੂਰਨ।
ਅਪਨੋ ਡੇਰਾ ਬੀਚ ਲਗਾਇ। ਏਕ ਨਿਸਾ ਬਸਿ ਕੇ ਇਸ ਥਾਇਂ॥ ੩੬॥

ਜਦ ਮਿੱਟੀ ਨਾਲ ਪੂਰਾ ਭਰ ਜਾਵੇ ਤੇ ਬਹੁਤ ਮਨੁੱਖਾਂ ਨੂੰ ਲਾ ਕੇ ਤੁਰਤ ਪਧਰਾ ਸਥਾਨ ਬਣਾ ਦੇਵੋ ਮੈਂ ਉਸ ਵਿਚ ਆਪਣਾ ਡੇਰਾ ਲਾਵਾਂਗਾ ਤੇ ਇਕ ਰਾਤ ਫਿਰ ਇਸ ਥਾਂ ਵਾਸਾ ਕਰਾਂਗਾ॥੩੬॥

ਪੁਨ ਮੈਂ ਅਪਰ ਥਾਨ ਚਲਿ ਜੈ ਹੋਂ। ਬੁਤ ਤੀਰਥ ਸਗਰੇ ਮਿਟਵੈ ਹੋਂ।
ਸਭ ਜਗ ਕਰੋਂ ਏਕ ਤੁਰਕਾਨਾ। ਧਰਮ ਹਿੰਦਾਨਿ ਕਰੋਂ ਸਭਿ ਹਾਨਾ॥ ੩੭॥

ਫਿਰ ਮੈਂ ਕਿਸੇ ਹੋਰ ਥਾਂ ਚਲਾ ਜਾਵਾਂਗਾ, ਸਾਰੇ ਤੀਰਥਾਂ ਦੇ ਬੁੱਤ ਮਿਟਾਵਾਂਗਾ। ਸਾਰੇ ਜਗ ਨੂੰ ਇਕ ਤੁਰਕ ਬਣਾਵਾਂਗਾ, ਤੇ ਹਿੰਦੂਆਂ ਦੇ ਧਰਮ ਦਾ ਨਾਸ਼ ਕਰ ਦੇਵਾਂਗਾ'' ॥੩੭॥

ਇਮ ਕਹਿ ਨੌਰੰਗ ਸਭਿ ਸੋਂ ਬਾਨਿ। ਕਰੀ ਤਗੀਦ ਸ਼ੀਘ੍ਰਤਾਵਾਨ।
'ਅਪਨੇ ਅਪਨੇ ਲਾਇ ਮਜੂਰ। ਨਿਜ ਨਿਜ ਦਿਸ਼ਿ ਤੇ ਕੀਜਹਿ ਪੂਰ' ॥ ੩੮ ॥

ਇੰਝ ਕਹਿ ਕੇ ਨੌਰੰਗੇ ਨੇ ਸਭ ਨੂੰ ਬਾਣੀ ਕਹੀ ਤੇ ਸਭ ਨੂੰ ਛੇਤੀ ਕਰਨ ਵਾਲੀ ਤਾਕੀਦ ਕੀਤੀ, ''ਆਪਣੇ-ਆਪਣੇ ਮਜ਼ਦੂਰ ਲਾ ਕੇ, ਆਪਣੇ-ਆਪਣੇ ਪਾਸੇ ਤੋਂ ਪੂਰਨਾ ਆਰੰਭ ਕਰ ਦੇਵੋ'' ॥੩੮॥

ਇਮ ਸੁਨਿ ਕੈ ਨਰ ਸਭਿਨਿ ਬੁਲਾਏ। ਦੇ ਦੇ ਦਰਬ ਕਾਰ ਤਿਸ ਲਾਏ।
ਪਰਹਿਂ ਟੋਕਰੀ, ਪੂਰਨ ਕਰਹਿਂ। ਇਤ ਉਤ ਕਰਤਿ ਸ਼ੀਘ੍ਰਤਾ ਫਿਰਹਿਂ ॥ ੩੯ ॥

ਇਸ ਤਰ੍ਹਾਂ ਸੁਣ ਕੇ ਸਭ ਮਨੁੱਖ ਬੁਲਾਏ, ਧਨ ਦੇ ਦੇ ਕੇ ਸਾਰੇ ਕਾਰ 'ਤੇ ਲਾ ਦਿੱਤੇ। ਤਲਾਅ ਵਿਚ ਮਿਟੀ ਦੀਆਂ ਬਹੁਤ ਟੋਕਰੀਆਂ ਪਾ ਕੇ ਉਸ ਨੂੰ ਪੂਰੀ ਜਾਂਦੇ ਸਨ ਤੇ ਮਜ਼ਦੂਰ ਏਧਰ ਓਧਰ ਛੇਤੀ ਕਰਦੇ ਫਿਰਦੇ ਸਨ ॥੩੯॥

ਹੁਕਮ ਸ਼ਾਹ ਕੇ 'ਕਰਨਿ ਸ਼ਿਤਾਬੀ। ਕਰਹੁ ਤਾਲ ਸਕਲੋਂ ਬਿਨ ਆਬੀ'।
ਨਿਜ ਨਿਜ ਦਿਸ਼ਿ ਸੂਬੇ ਹੁਇ ਖਰੇ। ਕਾਰ ਕਰਾਵਹਿਂ ਤੂਰਨ ਕਰੇ ॥ ੪੦ ॥

ਬਾਦਸ਼ਾਹ ਦਾ ਹੁਕਮ ਜਾਣ ਕੇ ਬਹੁਤ ਕਾਹਲੀ ਕਰਦੇ ਸਨ, ਕਹਿੰਦੇ ਸਨ ਸਾਰੇ ਸਰੋਵਰ ਨੂੰ ਪਾਣੀ ਰਹਿਤ ਕਰ ਦੇਵੋ। ਆਪਣੇ ਆਪਣੇ ਪਾਸੇ ਸੂਬੇ ਖੜੇ ਹੋਏ ਸਨ ਤੇ ਬਹੁਤ ਛੇਤੀ ਛੇਤੀ ਕਾਰ ਕਰਵਾਉਂਦੇ ਸਨ ॥੪੦॥

ਅਪਨਿ ਅਧਿਕਤਾ ਕੋ ਦਿਖਰਾਇ। ਚਹੈਂ ਪ੍ਰਸੰਨਤਾ ਸ਼ਾਹੁ ਉਪਾਇ।
ਲਗੇ ਮਜੂਰ ਹਜ਼ਾਰਹੁਂ ਕਾਰ। ਕਰਤਿ ਸ਼ੀਘ੍ਰਤਾ ਮ੍ਰਿਤਕਾ ਡਾਰਿ ॥ ੪੧ ॥

ਆਪਣੀ ਆਪਣੀ ਸਮਰੱਥਾ ਨੂੰ ਵਿਖਾਉਂਦੇ ਸਨ, ਚਾਹੁੰਦੇ ਸਨ ਕਿ ਬਾਦਸ਼ਾਹ ਉਨ੍ਹਾਂ ਨੂੰ ਵੇਖ ਕੇ ਖ਼ੁਸ਼ ਹੋ ਜਾਵੇ। ਹਜ਼ਾਰਾਂ ਮਜ਼ਦੂਰ ਕਾਰ 'ਤੇ ਲੱਗੇ ਹੋਏ ਸਨ। ਮਿੱਟੀ ਪਾਉਣ ਵਿਚ ਉਹ ਬਹੁਤ ਛੇਤੀ ਕਰ ਰਹੇ ਸਨ ॥੪੧॥

*ਨੌਵੀਂ ਰਾਸ ਦਾ ਅਠਾਈਵਾਂ ਅਧਿਆਇ ਸਮਾਪਤ ਹੋਇਆ ॥੨੮॥*

## ਅਧਿਆਇ ਉਣੱਤ੍ਰੀਵਾਂ

*ਪੁਸ਼ਕਰ ਤੀਰਥ ਦਾ ਕ੍ਰੋਧ ਵਿਚ ਆਉਣਾ*

ਦੋਹਰਾ- ਪੁਸ਼ਕਰ ਕੇ ਪੂਰਨ ਬਿਖੇ ਸਭਿ ਮਿਲਿ ਕੀਨਿ ਉਪਾਇ।
ਲਗੇ ਮਜੂਰ ਸਹੰਸ੍ਰ ਹੀ ਪੂਰਹਿ ਰੋਰ ਮਚਾਇ ॥ ੧ ॥

ਪੁਸ਼ਕਰ ਤੀਰਥ ਨੂੰ ਪੂਰਨ ਵਾਸਤੇ ਸਾਰਿਆਂ ਨੇ ਮਿਲ ਕੇ ਬਹੁਤ ਉਪਾਅ ਕੀਤੇ, ਹਜ਼ਾਰਾਂ ਮਜ਼ਦੂਰ ਮਿਲ ਕੇ ਪੂਰਨ ਵਿਚ ਲੱਗੇ ਹੋਏ ਸਨ ਤੇ ਵੱਡਾ ਰੌਲਾ ਪਾ ਰਹੇ ਸਨ ॥੧॥

ਚੌਪਈ- ਇਕ ਪਾਟੈਂ, ਇਕ ਮ੍ਰਿਤਕਾ ਆਨੈਂ। ਇਕ ਉਠਾਇ, ਇਕ ਸ਼ੀਘ੍ਰ ਪਯਾਨੈਂ।
ਇਕ ਲੇ ਛਟੀ ਕਹਨਿ ਪਰ ਖਰੇ। ਇਕ ਧਨ ਦੇਹਿਂ ਕਹੈਂ ਲਿਹੁ ਭਰੇ ॥੨ ॥

ਇਕ ਮਿੱਟੀ ਪੁੱਟਦਾ ਸੀ, ਇਕ ਮਿੱਟੀ ਲਿਆਉਂਦਾ ਸੀ, ਇਕ ਚੁੱਕਦਾ ਸੀ, ਇਕ ਛੇਤੀ ਨਾਲ ਚਲੇ ਜਾਂਦਾ ਸੀ। ਕਈ ਸੋਟੀ ਲੈ ਕੇ ਕਹਿਣ ਵਾਸਤੇ ਖੜੇ ਸਨ। ਇਕ ਧਨ ਦਿੰਦੇ ਸਨ ਤੇ ਕਹਿੰਦੇ ਸਨ ਧਨ ਲੈ ਕੇ ਸਰੋਵਰ ਨੂੰ ਮਿੱਟੀ ਨਾਲ ਭਰੋ॥੨॥

ਤੀਰਥ ਤੀਰ ਖਰੇ ਇਕ ਹੇਰੈਂ। ਸ਼ਾਹੁ ਸੁਨਾਇ ਸ਼ੀਘ੍ਰ ਇਕ ਪ੍ਰੇਰੈਂ।
ਜਲ ਮਹਿਂ ਪਰੈ ਮ੍ਰਿਤਕਾ ਗਰੈ। ਉਛਲਹਿ ਅਧਿਕ, ਫਨ ਬਹੁ ਕਰੈ॥ ੩ ॥

ਕਈ ਤੀਰਥ ਦੇ ਪਾਸ ਖੜੇ ਵੇਖਦੇ ਸਨ, ਕਈ ਬਾਦਸ਼ਾਹ ਵਲੋਂ ਸੁਣਾ ਕੇ ਛੇਤੀ ਕਰਨ ਵਾਸਤੇ ਪ੍ਰੇਰਦੇ ਸਨ। ਜਲ ਵਿਚ ਮਿੱਟੀ ਪੈ ਕੇ ਗਲ ਜਾਂਦੀ ਸੀ। ਪਾਣੀ ਬਹੁਤ ਉਛਲਦਾ ਤੇ ਝੱਗ ਬਹੁਤ ਬਣਦੀ ਸੀ॥੩॥

ਚਹੁੰ ਓਰ ਪੁਸ਼ਕਰ ਕੇ ਭੀਰ। ਲਾਖਹੁੰ ਲੋਕ ਬਿਲੋਕਤਿ ਤੀਰ।
ਤ੍ਰਿਣ ਕਾਸ਼ਟ ਕੋ ਲਜਾਵਤ ਧਾਏ। ਪਾਇ ਪਾਇ ਪੂਰਤਿ ਸਮੁਦਾਏ॥ ੪ ॥

ਪੁਸ਼ਕਰ ਤੀਰਥ ਦੇ ਚਾਰੇ ਪਾਸੇ ਬਹੁਤ ਭੀੜ ਸੀ, ਲੱਖਾਂ ਲੋਕ ਕਿਨਾਰੇ 'ਤੇ ਖੜੇ ਵੇਖ ਰਹੇ ਸਨ। ਭੱਜ-ਭੱਜ ਕੇ ਘਾਹ ਅਤੇ ਲਕੜਾਂ ਲਿਆਉਂਦੇ ਸਨ ਤੇ ਉਨ੍ਹਾਂ ਨੂੰ ਜਲ ਵਿਚ ਸੁੱਟ ਕੇ ਸਾਰੇ ਸਰੋਵਰ ਨੂੰ ਪੂਰ ਰਹੇ ਸਨ॥੪॥

ਪਰੇ ਮ੍ਰਿਤਕਾ ਲੈ ਹੁਇ ਜਾਇ। ਤ੍ਰਿਣ ਕਾਸ਼ਟ ਕੋ ਆਨਹਿਂ ਪਾਇ।
ਮਹਾਂ ਕੁਲਾਹਲ ਭਯੋ ਨਰਨਿ ਮਹਿਂ। ਜਿਤ ਕਿਤ ਪੂਰਹਿਂ, ਪੂਰ ਨ ਹ੍ਵੈ ਰਹਿ॥੫॥

ਕਈ ਮਿੱਟੀ ਲਿਆ ਕੇ ਸਰੋਵਰ ਵਿਚ ਪਾਉਂਦੇ ਸਨ ਤੇ ਕਈ ਘਾਹ ਅਤੇ ਲਕੜਾਂ ਲਿਆ ਕੇ ਪਾਉਂਦੇ ਸਨ। ਮਨੁੱਖਾਂ ਵਿਚ ਮਹਾਨ ਕੁਲਾਹਲ ਮਚਿਆ ਹੋਇਆ ਸੀ, ਉਹ ਜਿਵੇਂ ਕਿਵੇਂ ਪੂਰਦੇ ਸਨ ਪਰ ਸਰੋਵਰ ਪੂਰਿਆ ਨਹੀਂ ਸੀ ਜਾ ਰਿਹਾ॥੫॥

ਲਾਖਹੁੰ ਦਰਬ ਖਰਚ ਕਰਿਵਾਇਵ। ਦੇਤਿ ਮਜੂਰੀ ਸਭਿਨਿ ਬੁਲਾਇਵ।
ਸੁਨਿ ਸੁਨਿ ਗ੍ਰਾਮ ਨਗਰ ਮਹਿਂ ਸਾਰੇ। ਧਾਇ ਧਾਇ ਪਹੁਚਹਿਂ ਬਲਵਾਰੇ॥ ੬ ॥

ਲੱਖਾਂ ਰੁਪਏ ਦਾ ਧਨ ਖ਼ਰਚ ਕਰਵਾਇਆ। ਸਾਰਿਆਂ ਨੂੰ ਬੁਲਾ ਕੇ ਮਜ਼ਦੂਰੀ ਦਿੰਦੇ ਸਨ। ਸੁਣ ਸੁਣ ਕੇ ਨਗਰਾਂ ਅਤੇ ਪਿੰਡਾਂ ਤੋਂ ਸਾਰੇ ਬਲਵਾਨ ਮਜ਼ਦੂਰ ਭੱਜ ਭੱਜ ਕੇ ਪਹੁੰਚਦੇ ਸਨ॥੬॥

ਅਧਿਕ ਮਜੂਰੀ ਪਾਵਨਿ ਕਰਿਹੀਂ। ਸ਼ਾਹਿ ਕੋਸ਼ ਤੇ ਦਰਬ ਨਿਕਰਿਹੀਂ।
ਦਿਨ ਪ੍ਰਤਿ ਸੰਧਜਾ ਕਉ ਸਭਿ ਲੇਤਿ। ਬਹੁ ਨਰ ਬੈਠਹਿਂ ਗਿਨ ਗਿਨ ਦੇਤਿ॥੭॥

ਜ਼ਿਆਦਾ ਮਜ਼ਦੂਰੀ ਪ੍ਰਾਪਤ ਕਰਦੇ ਸਨ, ਤੇ ਸ਼ਾਹੀ ਖ਼ਜ਼ਾਨੇ ਵਿਚੋਂ ਧਨ ਕੱਢਦੇ ਸਨ। ਦਿਨ ਪ੍ਰਤੀ ਸ਼ਾਮ ਨੂੰ ਸਾਰੇ ਆਪਣਾ ਆਪਣਾ ਧਨ ਲੈ ਲੈਂਦੇ ਸਨ, ਬਹੁਤ ਮਨੁੱਖ ਬੈਠ ਕੇ ਗਿਣ ਗਿਣ ਕੇ ਦਿੰਦੇ ਸਨ॥੭॥

ਕੇਤਿਕ ਦਿਵਸ ਬਿਤੀਤ ਗਏ ਹੈਂ। ਰਿਦੈ ਕੌਤੂਹਲ ਸਭਿਨਿ ਭਏ ਹੈਂ।
ਅਨਿਕ ਉਪਾਵ ਕਰਤਿ ਹੀ ਹਾਰੇ। ਤ੍ਰਿਣ ਮ੍ਰਿਤਕਾ ਕਾਸ਼ਟ ਗਨ ਡਾਰੇ॥ ੮ ॥

ਕਈ ਦਿਨ ਬਤੀਤ ਹੋ ਗਏ ਹਨ, ਸਾਰਿਆਂ ਦੇ ਹਿਰਦੇ ਅਸਚਰਜਤਾ ਤੇ ਹੈਰਾਨੀ ਨਾਲ ਭਰੇ ਪਏ ਹਨ। ਅਨੇਕਾਂ ਉਪਾਅ ਕਰਦੇ ਹਾਰ ਗਏ, ਘਾਹ ਮਿਟੀ ਅਤੇ ਲਕੜਾਂ ਬਹੁਤ ਪਾਈਆਂ॥੮॥

ਕਹਾਂ ਪਰਹਿਂ ਖਪ ਜਾਹਿਂ ਕਿਥਾਈਂ। ਕਿਧੌਂ ਉਠਾਵਹਿ ਕੋ ਲੇ ਜਾਈ।
ਇਸ ਪ੍ਰਕਾਰ ਕਰਿ ਹੈਂ ਅਨੁਮਾਨੇ। ਖਰਚ ਸੰਬੂਹ ਦਰਬ ਕੋ ਜਾਨੇਂ॥ ੯ ॥

ਇਹ ਵਸਤਾਂ ਕਿੱਥੇ ਪੈਂਦੀਆਂ ਸਨ ਤੇ ਕਿਥੇ ਖਪ ਜਾਂਦੀਆਂ ਸਨ ਜਾਂ ਕੌਣ ਇਨ੍ਹਾਂ ਨੂੰ ਚੁੱਕ ਕੇ ਲੈ ਜਾਂਦਾ ਸੀ। ਇਸ ਪ੍ਰਕਾਰ ਅਨੁਮਾਨ ਲਾਉਂਦੇ ਸਨ, ਸਮੂਹ ਧਨ ਦੇ ਖ਼ਰਚ ਨੂੰ ਜਾਣਦੇ ਸਨ॥੯॥

ਤਊ ਕਰਤਿ ਹਠ ਮੂਢ ਕੁਪੱਤੇ। ਕਰਹਿਂ ਜਤਨ ਪ੍ਰੇਰੇ ਚਵਗੱਤੇ।
ਲਾਖਹੁਂ ਨਰ ਅਕੁਲਾਇ ਰਹੇ ਹੈਂ। 'ਭਰਹੁ ਭਰਹੁ' ਮੁਖ ਬਾਕ ਕਹੇ ਹੈਂ॥੧੦॥

ਫਿਰ ਵੀ ਮੂਰਖ ਕੁਪੱਤੇ ਹਠ ਕਰੀ ਜਾਂਦੇ ਹਨ। ਨੌਰੰਗੇ ਚੁਗੱਤੇ ਦੇ ਪ੍ਰੇਰੇ ਹੋਏ ਯਤਨ ਕਰੀ ਜਾਂਦੇ ਹਨ। ਲੱਖਾਂ ਮਨੁੱਖ ਵਿਆਕੁਲ ਹੋ ਰਹੇ ਹਨ। 'ਭਰੋ ਭਰੋ' ਮੁਖ ਤੋਂ ਬੋਲ ਰਹੇ ਹਨ॥੧੦॥

ਫਿਰਹਿਂ ਜਤਨ ਕਰਤੇ ਚਹੂੰ ਓਰ। ਆਵਹਿਂ ਜਾਹਿਂ ਉਠਾਵਹਿਂ ਸ਼ੋਰ।
ਕਿਤਿਕ ਦਿਵਸ ਗੁਜ਼ਰੇ ਇਮ ਜਬੈ। ਇਕ ਦੁਇ ਥਲ ਊਚੇ ਦਿਖਿ ਤਬੈ॥੧੧॥

ਚਾਰੇ ਪਾਸੇ ਯਤਨ ਕਰਦੇ ਫਿਰਦੇ ਹਨ, ਆਉਂਦੇ ਜਾਂਦੇ ਸ਼ੋਰ ਮਚਾਉਂਦੇ ਹਨ। ਜਦ ਇਸ ਤਰ੍ਹਾਂ ਕਈ ਦਿਨ ਬੀਤ ਗਏ, ਤਾਂ ਨੌਰੰਗੇ ਨੇ ਇਕ ਦੋ ਥਾਂ ਜਦ ਉੱਚੇ ਵੇਖੇ॥੧॥

ਹਰਖ ਭਰਜੋ ਨੌਰੰਗ ਉਰ ਮਾਂਹਿ। ਕਹਜੋ ਅਪਨਿ ਲੋਕਨਿ ਕੇ ਪਾਹਿ।
'ਸ਼ਮਿਯਾਨੇ ਤੰਬੂ ਮਮ ਡੇਰਾ। ਦਿਹੁ ਲਗਾਇ ਨਹਿਂ ਕੀਜਹਿ ਦੇਰਾ॥ ੧੨॥

ਨੌਰੰਗਾ ਹਿਰਦੇ ਵਿਚ ਬੜਾ ਪ੍ਰਸੰਨ ਹੋਇਆ ਅਤੇ ਉਸ ਨੇ ਆਪਣੇ ਲੋਕਾਂ ਪਾਸ ਕਿਹਾ, "ਪੁਸ਼ਕਰ ਸਰੋਵਰ ਜਿਥੋਂ ਚੰਗੀ ਤਰ੍ਹਾਂ ਪੂਰਿਆ ਗਿਆ ਹੈ, ਉਸ ਉੱਚੇ ਸਥਾਨਾਂ 'ਤੇ ਮੇਰੇ ਡੇਰੇ ਵਾਸਤੇ ਤੰਬੂ ਤੇ ਸ਼ਾਮਿਆਨੇ ਲਾ ਦੇਵੋ, ਤੁਰਤ ਲਾ ਦੇਵੋ ਤੇ ਕੋਈ ਦੇਰ ਨਾ ਕਰੋ॥੧੨॥

ਕਰੌਂ ਸੈਨ ਕੋ ਰੈਨ ਮਝਾਰ। ਪੁਰਵੌਂ ਪੈਜ ਅਪਨਿ ਇਸ ਬਾਰ।
ਬਹੁਰ ਕੂਚ ਕਰਿ ਹੈਂ ਹਮ ਕਾਲੀ॥ ਪੁਰਵਾਵਹੁ ਇਹੁ ਤਾਲ ਉਤਾਲੀ'॥੧੩॥

ਰਾਤ ਨੂੰ ਮੈਂ ਇਸ ਸਰੋਵਰ ਵਾਲੀ ਥਾਂ ਸੋਵਾਂਗਾ, ਇਸ ਬਾਰ ਮੈਂ ਆਪਣਾ ਪ੍ਰਣ ਪੂਰਾ ਕਰ ਲਵਾਂ। ਫਿਰ ਕਲ ਨੂੰ ਅਸੀਂ ਕੂਚ ਕਰ ਜਾਵਾਂਗੇ, ਇਹ ਤਾਲ ਛੇਤੀ ਹੀ ਸਾਰਾ ਪੁਰਵਾਵਾਂਗਾ॥੧੩॥

ਸੁਨਿ ਫਰਾਸ਼ ਨੇ ਲਾਯਹੁ ਡੇਰਾ। ਜਰੀਦੋਜ਼ ਸੁਠ ਮਖਮਲ ਕੇਰਾ।
ਸੁੰਦਰ ਲਗੀ ਕਨਾਤ ਬਨਾਤੀ। ਤਾਨਿ ਬਿਤਾਨ ਰੰਗ ਬਹੁ ਭਾਂਤੀ॥ ੧੪॥

ਇਹ ਸੁਣ ਕੇ ਗ਼ਲੀਚੇ ਦਰੀਆਂ ਆਦਿ ਵਿਛਾ ਕੇ ਫ਼ਰਸ਼ ਬਣਾਉਣ ਵਾਲੇ ਨੇ ਡੇਰਾ ਲਾ ਦਿੱਤਾ, ਜ਼ਰੀਦਾਰ ਸੁੰਦਰ ਮਖਮਲ ਦੇ ਵਿਛਾਉਣੇ ਸਨ ਅਤੇ ਕਨਾਤਾਂ ਨੂੰ ਸੁੰਦਰ ਬਨਾਤ ਲੱਗੀ ਹੋਈ ਸੀ ਤੇ ਰੰਗ ਬਰੰਗੇ ਕਈ ਪ੍ਰਕਾਰ ਦੇ ਚੰਦੋਏ ਤਾਣ ਦਿੱਤੇ॥੧੪॥

ਰੇਸ਼ਮ ਕੀ ਦੀਰਘ ਗਨ ਡੋਰੈਂ। ਗੁੰਫੇ ਜ਼ਰੀਦਾਰ ਚਹੂੰ ਓਰੈਂ।
ਊਪਰ ਕੰਚਨ ਕਲਸ ਬਨਾਏ। ਚਮਤਕਾਰ ਚਹੁੰਦਿਸ਼ਿ ਛਬਿ ਛਾਏ॥ ੧੫॥

ਰੇਸ਼ਮ ਦੀਆਂ ਉਨ੍ਹਾਂ ਨੂੰ ਬਹੁਤ ਵੱਡੀਆਂ ਡੋਰਾਂ ਲੱਗੀਆਂ ਹੋਈਆਂ ਸਨ ਤੇ ਉਨ੍ਹਾਂ ਦੇ ਚਾਰੇ ਪਾਸੇ ਜਰੀਦਾਰ ਗੁੱਫੇ ਸਨ। ਉਪਰ ਸੋਨੇ ਦੇ ਕਲਸ ਬਣਾਏ ਹੋਏ ਸਨ, ਉਨ੍ਹਾਂ ਦੀ ਚਾਰੇ ਪਾਸੇ ਚਮਕਦਾਰ ਛਵੀ ਛਾਈ ਹੋਈ ਸੀ॥੧੫॥

ਚਾਰ ਘਟੀ ਜਬਿ ਦਿਵਸਿ ਲਹਜੋ ਹੈ। ਨੌਰੰਗ ਬਾਦੀ ਜਾਇ ਰਹਜੋ ਹੈ।
ਅਪਰ ਸਮਾਜ ਸਮੀਪੀ ਕੇਰੇ। ਲੇ ਕਰਿ ਸਕਲ ਧਰੇ ਵਿਚ ਡੇਰੇ॥ ੧੬॥

ਚਾਰ ਘੜੀ ਜਦ ਬੀਤ ਗਿਆ, ਕੁਪੱਤਾ ਨੌਰੰਗਾ ਉਸ ਵਿਚ ਜਾ ਕੇ ਰਹਿ ਪਿਆ। ਹੋਰ ਸਾਰੇ ਸਾਮਾਨ ਵੀ ਨੇੜੇ ਕਰ ਲਿਆ ਤੇ ਸਭ ਕੁਝ ਲੈ ਕੇ ਡੇਰੇ ਵਿਚ ਧਰ ਲਿਆ॥੧੬॥

ਫਰਸ਼ ਅਨੇਕ ਰੀਤਿ ਕੇ ਕਰੇ। ਕੰਚਨ ਰਜਤ ਸੁ ਬਾਸਨ ਧਰੇ।
ਭਈ ਸੰਝ ਖਾਨੇ ਕਹੁ ਖਾਇ। ਪਰਜੋ ਮੰਦਮਤਿ ਚੌਂਪ ਬਢਾਇ॥ ੧੭॥

ਅਨੇਕ ਪ੍ਰਕਾਰ ਦੇ ਫ਼ਰਸ਼ ਤਿਆਰ ਕੀਤੇ ਗਏ, ਜਿਨ੍ਹਾਂ ਉੱਤੇ ਸੋਨੇ ਚਾਂਦੀ ਦੇ ਬਰਤਨ ਧਰੇ ਹੋਏ ਸਨ। ਸ਼ਾਮ ਹੋਈ ਤਾਂ ਖਾਣਾ ਖਾਧਾ ਤੇ ਮਾੜੀ ਮੱਤ ਵਾਲਾ ਖ਼ੁਸ਼ੀ ਵਧਾ ਕੇ ਲੰਮਾ ਪੈ ਗਿਆ॥੧੭॥

ਸੁਖ ਸੋਂ ਸੁਪਤਜੋ ਨਿਸ ਕੋ ਪਾਇ। ਗਾਢੋ ਅੰਧਕਾਰ ਜਗ ਛਾਇ।
ਨਿਜ ਨਿਜ ਸਿਵਰ ਪਰੇ ਸਭਿ ਕੋਈ। ਹਿੰਦੂ ਮਿਲੇ ਭਜਹਿਂ ਪ੍ਰਭੁ ਸੋਈ॥੧੮॥

ਰਾਤ ਪੈ ਜਾਣ 'ਤੇ ਬੜੇ ਸੁਖ ਨਾਲ ਸੌਂ ਗਿਆ, ਗੂੜ੍ਹੇ ਅੰਧਕਾਰ ਉਸ ਦੇ ਜੱਗ 'ਤੇ ਛਾਏ ਹੋਏ ਸਨ। ਸਾਰੇ ਆਪਣੇ ਆਪਣੇ ਤੰਬੂ ਵਿਚ ਲੇਟ ਗਏ। ਸਾਰੇ ਹਿੰਦੂ ਮਿਲ ਕੇ ਪ੍ਰਭੂ ਦਾ ਸਿਮਰਨ ਕਰ ਰਹੇ ਸਨ॥੧੮॥

ਅਰਧ ਜਾਮਨੀ ਜਬਹਿ ਬਿਤਾਈ। ਉਮਡਜੋ ਜਲ ਪਸਰਜੋ ਸਭਿ ਥਾਈਂ।
ਏਕ ਬਾਰ ਹੀ ਬਾਰ ਉਛਾਲਾ। ਲੇਨਿ ਨ ਦੀਨਸਿ ਕਿਸਹਿ ਸੰਭਾਲਾ॥੧੯॥

ਜਦ ਅੱਧੀ ਰਾਤ ਬੀਤ ਗਈ ਤਾਂ ਜਲ ਉਛਲਿਆ ਤੇ ਸਾਰੇ ਪਾਸੇ ਫੈਲ ਗਿਆ। ਇਕ ਵਾਰ ਹੀ ਪਾਣੀ ਨੇ ਉਛਾਲਾ ਮਾਰਿਆ ਤੇ ਕਿਸੇ ਨੂੰ ਸੰਭਲਣ ਨਾ ਦਿੱਤਾ॥੧੯॥

ਪੂਰਬ ਨੌਰੰਗ ਸੁਪਤਜੋ ਜਹਾਂ। ਪਸ਼ਰ ਗਯੋ ਇਕਬਾਰਹਿ ਤਹਾਂ।
ਗਿਲਮ ਗਲੀਚੇ ਫਰਸ਼ ਬਿਸਾਲਾ। ਸਭਿ ਪਰ ਜਲ ਪ੍ਰਵਾਹ ਤੇ ਚਾਲਾ॥੨੦॥

ਪਹਿਲਾਂ ਜਿਥੇ ਨੌਰੰਗਾ ਸੁੱਤਾ ਸੀ, ਇਕ ਵਾਰ ਬਹੁਤ ਜਲ ਉਥੇ ਫੈਲ ਗਿਆ। ਜਿਥੇ ਸੁੰਦਰ ਗ਼ਲੀਚਿਆਂ ਨਾਲ ਵਿਸ਼ਾਲ ਫ਼ਰਸ਼ ਤਿਆਰ ਕੀਤਾ ਗਿਆ ਸੀ, ਸਭ ਉੱਤੇ ਜਲ ਦਾ ਪ੍ਰਵਾਹ ਚਲ ਪਿਆ॥੨੦॥

ਜਾਗਤਿ ਨਰ ਨੇ ਨੀਰ ਨਿਹਾਰਾ। ਸ਼ਾਹ ਸੰਗ ਧੁਨਿ ਊਚ ਪੁਕਾਰਾ।
'ਜਲ ਬਹੁ ਚਢਜੋ ਜਾਇ ਚਲਿ ਆਵਤਿ। ਕਰਹੁ ਸੰਭਾਲ ਉਠਹੁ ਉਤਲਾਵਤ ॥੨੧॥

ਜਿਹੜੇ ਮਨੁੱਖ ਜਾਗਦੇ ਸਨ, ਉਨ੍ਹਾਂ ਪਾਣੀ ਨੂੰ ਵੇਖਿਆ ਤਾਂ ਬਾਦਸ਼ਾਹ ਨੂੰ ਬੜੀ ਉੱਚੀ ਆਵਾਜ਼ ਵਿਚ ਕਹਿਣ ਲੱਗੇ, "ਪਾਣੀ ਬਹੁਤ ਚੜ੍ਹਿਆ ਹੈ ਤੇ ਚਲ ਕੇ ਆ ਰਿਹਾ ਹੈ, ਆਪਣੇ ਆਪ ਨੂੰ ਸੰਭਾਲੋ ਤੇ ਛੇਤੀ ਨਾਲ ਉੱਠ ਬੈਠੋ" ॥੨੧॥

ਸੁਨਤੇ ਤੁਰਤ ਮਤੰਗ ਅਰੂਢਾ। ਭਾਗ ਚਲਜੋ ਬਿਹਬਲ ਮਤਿ ਮੂਢਾ।
ਸਰਬ ਸਮਾਜ ਬੂਡ ਕਰਿ ਗਯੋ। ਨਹੀਂ ਸੰਭਾਰਨਿ ਕਿਨ ਹੂੰ ਕਿਯੋ॥ ੨੨॥

ਇਹ ਸੁਣ ਕੇ ਨੌਰੰਗਾ ਤੁਰਤ ਹਾਥੀ 'ਤੇ ਸਵਾਰ ਹੋ ਗਿਆ। ਮੂਰਖ ਮਤ ਵਾਲਾ ਬੜਾ ਵਿਆਕੁਲ ਹੋ ਕੇ ਭੱਜ ਚਲਿਆ। ਸਾਰਾ ਸਾਜ਼-ਸਾਮਾਨ ਡੁੱਬ ਗਿਆ, ਕਿਸੇ ਨੇ ਵੀ ਉਸ ਦੀ ਸੰਭਾਲ ਨਾ ਕੀਤੀ॥੨੨॥

ਧਰੇ ਤ੍ਰਾਸ ਕੋ ਭਾਗਤਿ ਬੀਬੀ। ਨਹਿਂ ਸੁਧ ਰਹੀ ਬੰਧਿਬੇ ਨੀਬੀ।
ਦਾਸੀ ਖਾਸੀ ਚਲੀ ਪਲਾਇ। ਅਨਿਕ ਮਸਾਲੈਂ ਲਈ ਜਰਾਇ॥ ੨੩॥

ਡਰ ਧਾਰਨ ਕਰਕੇ ਬੇਗਮਾਂ ਭੱਜ ਉਠੀਆਂ ਤੇ ਕਈਆਂ ਨੂੰ ਨਾਲਾ ਬੰਨ੍ਹਣ ਦੀ ਵੀ ਸੋਝੀ ਨਾ ਰਹੀ। ਬਹੁਤ ਦਾਸੀਆਂ ਭੱਜ ਚਲੀਆਂ ਤੇ ਬਹੁਤ ਮਸਾਲਾਂ ਜਗਾ ਲਈਆਂ॥੨੩॥

ਬ੍ਰਿੰਦ ਮਤਾਬੀ ਆਗ ਲਗਾਈ। ਭਯੋ ਪ੍ਰਕਾਸ਼ ਦਿਵਸ ਕੀ ਨਜਾਈਂ।
ਹੇਰਿ ਹੇਰਿ ਥਲ ਊਚੇ ਗਏ। ਨਿੰਮ੍ਰਿ ਸਥਲ ਪਰਪੂਲਤੈ ਭਏ॥ ੨੪॥

ਬਹੁਤ ਮਤਾਬੀਆਂ ਨੂੰ ਅੱਗ ਲਾਈ ਗਈ ਤੇ ਦਿਨ ਵਾਂਗ ਪ੍ਰਕਾਸ਼ ਹੋ ਗਿਆ। ਵੇਖ ਵੇਖ ਕੇ ਉੱਚੇ ਥਾਂ ਗਏ, ਨੀਵੇਂ ਥਾਂ ਸਾਰੇ ਪਾਣੀ ਨਾਲ ਭਰ ਗਏ॥੨੪॥

ਹਾਥੀ ਪਰ ਹੌਦਾ ਨਹਿਂ ਪਰੇ। ਬਹੇ ਜਾਹਿਂ ਕਿਨਹੂੰ ਨਹਿਂ ਧਰੇ।
ਜ਼ੀਨ ਤੁਰੰਗਨਿ ਕੇ ਬਹਿ ਚਾਲੇ। ਸ਼ਸਤ੍ਰ ਬਸਤ੍ਰ ਕਿਨਹੂੰ ਨ ਸੰਭਾਲੇ॥ ੨੫॥

ਹਾਥੀ ਉੱਤੇ ਹੌਦਾ ਨਹੀਂ ਸੀ ਪੈਂਦਾ, ਪਾਣੀ ਵਿਚ ਉਹ ਬਹੇ ਜਾਂਦੇ ਸਨ, ਕਿਸੇ ਨੇ ਵੀ ਹਾਥੀ ਉੱਤੇ ਨਾ ਰੱਖੇ। ਘੋੜਿਆਂ ਦੀਆਂ ਕਾਠੀਆਂ ਪਾਣੀ ਵਿਚ ਬਹਿ ਚਲੀਆਂ ਤੇ ਸ਼ਸਤਰ ਵਸਤਰ ਕਿਸੇ ਵੀ ਨਾ ਸੰਭਾਲੇ॥੨੫॥

ਕੂਕ ਪੁਕਾਰਤਿ ਮਾਚਜੋ ਰੌਰਾ। ਖਰੇ ਹੋਇਂ ਨਹਿਂ ਨਿਜ ਨਿਜ ਠੌਰਾ।
ਪੁਸ਼ਕਰ ਤੀਰਥ ਰਿਸ ਬਹੁ ਕੀਨਸਿ। ਸਭਿ ਲਸ਼ਕਰ ਕਉ ਸੰਕਟ ਦੀਨਸਿ॥੨੬॥

ਕੂਕ ਪੁਕਾਰ ਦਾ ਵੱਡਾ ਰੌਲਾ ਮਚ ਗਿਆ, ਆਪਣੇ ਆਪਣੇ ਥਾਂ 'ਤੇ ਖੜੇ ਨਾ ਹੋਏ। ਪੁਸ਼ਕਰ ਤੀਰਥ ਨੇ ਬਹੁਤ ਗੁੱਸਾ ਕੀਤਾ। ਸਾਰੇ ਲਸ਼ਕਰ ਨੂੰ ਬਹੁਤ ਸੰਕਟ ਦਿੱਤਾ॥੨੬॥

ਐਸੋ ਨੀਰ ਉਛਾਰਜੋ ਨਿਜ ਤੇ। ਬਜਾਕੁਲ ਭਏ ਤੁਰਕ ਗਨ ਭਜਤੇ।
ਨਿੰਮ੍ਰਿ ਸਥਲ ਕੇ ਬੂਡੇ ਘਨੇ। ਸਹਿਤ ਸਮਾਜ ਨ ਨਿਕਸਨਿ ਬਨੇ।॥ ੨੭॥

ਇਸ ਤਰ੍ਹਾਂ ਪਾਣੀ ਤੀਰਥ ਵਿਚ ਉਛਲਿਆ ਕਿ ਤੁਰਕ ਸਮੂਹ ਭੱਜਦੇ ਹੋਏ ਵਿਆਕੁਲ ਹੋ ਗਏ। ਨੀਵੀਆਂ ਥਾਵਾਂ ਵਾਲੇ ਬਹੁਤ ਲੋਕ ਡੁੱਬ ਗਏ, ਉਨ੍ਹਾਂ ਪਾਸੋਂ ਸਾਮਾਨ ਸਹਿਤ ਨਿਕਲਿਆ ਨਾ ਗਿਆ॥੨੭॥

ਅੰਨ ਲਵਨ ਮਿਸ਼ਟਾਨ ਮਹਾਨ। ਇੱਤਜਾਦਿਕ ਸੌਜਨਿ ਕਰਿ ਹਾਨਿ।
ਕਹਿਂ ਲੌ ਗਨੌਂ ਸਮਾਜ ਬਿਸਾਲਾ। ਸ਼ਾਹੁ ਸੈਨ ਕੌ ਬਹਿ ਕਰਿ ਚਾਲਾ॥ ੨੮॥

ਅਨਾਜ, ਲੂਣ ਅਤੇ ਵੱਡੀ ਮਿਕਦਾਰ ਵਿਚ ਖੰਡ ਇੱਤਿਆਦਿਕ ਸਮੱਗਰੀਆਂ ਨਾਸ਼ ਹੋ ਗਈਆਂ। ਮੈਂ ਕਿਥੋਂ ਤਕ ਸਾਮਾਨ ਦੀ ਗਿਣਤੀ ਕਰਾਂ, ਪਾਣੀ ਦਾ ਉਛਾਲ ਬਾਦਸ਼ਾਹ ਦੀਆਂ ਫ਼ੌਜਾਂ ਨੂੰ ਵੀ ਬਹਾ ਕੇ ਚਲ ਪਿਆ॥੨੮॥

ਬਡ ਅਪਦਾ ਤੁਰਕਨਿ ਪਰ ਆਈ। ਪੁਸ਼ਕਰ ਨੇ ਕੀਨਸਿ ਬਿਕੁਲਾਈ।
ਤੀਰਥ ਮਾਂਹਿ ਮਹਾਤਮ ਮਹਾਂ। ਮਹਾਂ ਪ੍ਰਤਾਪਵੰਤ ਅਘ ਦਹਾ॥ ੨੯॥

ਤੁਰਕਾਂ ਉੱਤੇ ਇਹ ਵੱਡੀ ਆਫਤ ਆਈ। ਪੁਸਕਰ ਤੀਰਥ ਨੇ ਬੜੀ ਵਿਆਕੁਲਤਾ ਵਿਖਾਈ। ਇਸ ਤੀਰਥ ਦਾ ਇਕ ਵੱਡਾ ਮਹਾਤਮ ਹੈ ਕਿ ਇਹ ਤੀਰਥ ਮਹਾਨ ਪ੍ਰਤਾਪ ਵਾਲਾ ਅਤੇ ਪਾਪਾਂ ਦਾ ਨਾਸ਼ ਕਰਨ ਵਾਲਾ ਹੈ॥੨੯॥

ਪੂਰਬ ਸਤਿਜੁਗ ਕੇਰ ਮਝਾਰ। ਕਮਲਾਸਨ ਸ਼ੁਭ ਰਚਜੋ ਉਦਾਰ।
ਤੀਨ ਲੋਕ ਮਹਿਂ ਬਿਦਤ ਸੁਜਸੁ ਹੈ। ਜਿਹ ਸ਼ਨਾਨ ਤੇ ਕਲਮਲ ਨਸਿ ਹੈਂ॥੩੦॥

ਪਹਿਲਾਂ ਸਤਿਜੁਗ ਦੇ ਸਮੇਂ ਵਿਚ ਬ੍ਰਹਮਾ ਨੇ ਇਹ ਸ਼ੁਭ ਉੱਤਮ ਤੀਰਥ ਬਣਾਇਆ ਸੀ। ਇਸ ਦਾ ਸ੍ਰੇਸ਼ਟ ਜਸ ਤਿੰਨਾਂ ਲੋਕਾਂ ਵਿਚ ਪ੍ਰਗਟ ਸੀ। ਇਸ ਵਿਚ ਇਸ਼ਨਾਨ ਕਰਨ ਨਾਲ ਪਾਪ ਦੂਰ ਹੋ ਜਾਂਦੇ ਹਨ॥੩੦॥

ਤੁਰਕ ਅਵੱਗਜਾ ਕੀਨਸਿ ਭਾਰੀ। ਦਿਯੋ ਦੰਡ ਨਹਿਂ ਸਕਜੋ ਸਹਾਰੀ।
ਬਹੁ ਬਿਹਾਲ ਲਸ਼ਕਰ ਕਉ ਹੇਰਾ। ਹਾਹਾਕਾਰ ਸੁਨਜੇ ਤਿਸ ਬੇਰਾ॥ ੩੧॥

ਤੁਰਕਾਂ ਨੇ ਭਾਰੀ ਅਵੱਗਿਆ ਕੀਤੀ ਹੈ, ਇਸ ਤੀਰਥ ਨੇ ਉਨ੍ਹਾਂ ਨੂੰ ਦੰਡ ਦਿੱਤਾ ਹੈ, ਬਰਦਾਸ਼ਤ ਨਹੀਂ ਕਰ ਸਕਿਆ ਹੈ। ਬਹੁਤ ਬੇਹਾਲ ਲਸ਼ਕਰ ਨੂੰ ਵੇਖਿਆ ਤੇ ਉਸ ਸਮੇਂ ਹਾਹਾਕਾਰ ਨੂੰ ਸੁਣਿਆ॥੩੧॥

'ਸਹਤ ਸਮਾਜ ਨਾਸ਼ ਕਹੁ ਪਾਵੈਂ। ਜਲ ਤੇ ਨਹੀਂ ਬਚਹਿੰ, ਕਿਤ ਜਾਵੈਂ'।
ਇਮ ਨੌਰੰਗ ਚਿਤਵਤ ਚਿਤ ਮਾਂਹੀ। ਕੋ ਉਪਚਾਰ ਬਨੈ ਅਬਿ ਨਾਂਹੀ ॥ ੩੨ ॥

"ਸਾਜੋ-ਸਾਮਾਨ ਸਹਿਤ ਸਾਰੇ ਨਾਸ਼ ਹੋ ਜਾਣਗੇ, ਜਲ ਤੋਂ ਨਹੀਂ ਬਚਣਗੇ ਤੇ ਕਿਥੇ ਜਾਣਗੇ।" ਇਸ ਤਰ੍ਹਾਂ ਨੌਰੰਗੇ ਨੇ ਚਿਤ ਵਿਚ ਸੋਚਿਆ। ਹੁਣ ਕੋਈ ਵੀ ਉਪਰਾਲਾ ਨਹੀਂ ਬਣਦਾ ਹੈ ॥੩੨॥

ਦਿਵਸ ਨਹੀਂ, ਮੁਸ਼ਕਲ ਅਬਿ ਯਾਂਤੇ। ਸੁਧ ਨ ਸੰਭਾਰਿ ਸਕਹਿੰ ਨਰ ਜਾਤੇ।
ਕਿਮ ਦਲ ਸੰਕਟ ਸਕਲ ਬਿਦਾਰਊਂ। ਕਿਤ ਮਜੂਰ ਲਾਵਊਂ ਜਲ ਟਾਰਊਂ ॥੩੩ ॥

ਦਿਨ ਨਹੀਂ ਹੈ, ਇਸ ਕਰਕੇ ਹੁਣ ਵੱਡੀ ਮੁਸ਼ਕਲ ਆ ਬਣੀ ਹੈ, ਜਾਂਦੇ ਹੋਏ ਮਨੁੱਖ ਸੋਝੀ ਨਹੀਂ ਸੰਭਾਲ ਸਕਣਗੇ। ਕਿਵੇਂ ਸਾਰੀ ਸੈਨਾ ਦੇ ਸੰਕਟ ਨੂੰ ਦੂਰ ਕਰਾਂ, ਕਿਵੇਂ ਮਜ਼ਦੂਰ ਲਾ ਕੇ ਜਲ ਨੂੰ ਦੂਰ ਕਰਾਂ ॥੩੩॥

ਕਿਤ ਤੇ ਉਛਰਯੋ ਪਸਰਯੋ ਜਾਈ। ਸੋ ਥਲ ਨਿਸ ਮਹਿਂ ਲਖਯੋ ਨ ਜਾਈ।
ਅਪਰ ਉਪਾਇ ਨ ਹੁਇ ਇਸ ਕਾਲਾ। ਖਰੋ ਤੁਰਕ ਪਤਿ ਚਿੰਤ ਬਿਸਾਲਾ ॥੩੪ ॥

ਇਹ ਕਿਥੋਂ ਜਲ ਉੱਛਲ ਕੇ ਫੈਲਦਾ ਜਾਂਦਾ ਹੈ, ਉਹ ਸਥਾਨ ਰਾਤ ਸਮੇਂ ਵੇਖਿਆ ਨਹੀਂ ਜਾ ਸਕਦਾ। ਇਸ ਸਮੇਂ ਹੋਰ ਕੋਈ ਉਪਾਅ ਹੋ ਨਹੀਂ ਸਕਦਾ। ਤੁਰਕਾਂ ਦਾ ਬਾਦਸ਼ਾਹ ਖੜਾ ਹੋਇਆ ਵਿਸ਼ਾਲ ਚਿੰਤਾ ਵਿਚ ਡੁੱਬਾ ਸੀ ॥੩੪॥

ਲਖਯੋ ਮਹਾਤਮ ਤੀਰਥ ਕੇਰਾ। ਜਲ ਉਛਾਲਿ ਡੋਬਤਿ ਮਮ ਡੇਰਾ।
ਕਰਨੀ ਬਿਨੈ ਅਬਿਹ ਬਨਿ ਆਵੈ। ਹੁਇ ਪ੍ਰਸੰਨ ਦਲ ਮੋਰ ਬਚਾਵੈ ॥ ੩੫ ॥

ਉਸ ਨੇ ਤੀਰਥ ਦਾ ਮਹਾਤਮ ਸਮਝਿਆ, ਜਲ ਦੇ ਉਛਾਲ ਨੇ ਮੇਰਾ ਡੇਰਾ ਹੀ ਡੋਬ ਦਿੱਤਾ ਹੈ। ਹੁਣ ਬੇਨਤੀ ਕਰਨੀ ਹੀ ਬਣਦੀ ਹੈ, ਤਾਂਕਿ ਪ੍ਰਸੰਨ ਹੋ ਕੇ ਮੇਰੀ ਸੈਨਾ ਨੂੰ ਬਚਾ ਲਵੇ ॥੩੫॥

ਅਜ਼ਮਤਵਾਨ ਮਹਾਨ ਸੁਜਾਨਾ। ਭਯੋ ਦੀਨ ਜੋਰਤਿ ਜੁਗ ਪਾਨਾ।
'ਛਿਮਹੁ ਅਵੱਗਯਾ ਮੈਂ ਨਹਿਂ ਜਾਨਯੋ। ਮਹਾਂ ਸ਼ਕਤਿ ਕੇ ਸਹਤਿ ਪਛਾਨਯੋ ॥੩੬ ॥

ਇਹ ਸ੍ਰੇਸ਼ਟ ਤੀਰਥ ਮਹਾਨ ਕਰਾਮਾਤ ਵਾਲਾ ਹੈ। ਨੌਰੰਗੇ ਨੇ ਦੀਨ ਹੋ ਕੇ ਦੋਵੇਂ ਹੱਥ ਜੋੜ ਕੇ ਬੇਨਤੀ ਕੀਤੀ, "ਮੇਰੀ ਅਵੱਗਿਆ ਮੁਆਫ਼ ਕਰੋ, ਮੈਂ ਜਾਣਦਾ ਨਹੀਂ ਸੀ, ਤੁਹਾਨੂੰ ਮਹਾਂ ਸ਼ਕਤੀ ਸਹਿਤ ਪਛਾਣਿਆ ਹੈ ॥੩੬॥

ਸਭਿ ਤੀਰਥ ਮੈਂ ਤੁਵ ਬਡਿਆਈ। ਬਿਦਤ ਮਹਦ ਅਬਿ ਹੋਹਿ ਸਵਾਈ।
ਜਿਤੋ ਬਿਗਾਰ ਆਨਿ ਮੈਂ ਕਰਯੋ। ਗਨ ਮੰਦਿਰ ਕੋ ਮੂਲ ਉਖਰਯੋ ॥ ੩੭ ॥

ਸਭ ਤੀਰਥਾਂ ਵਿਚ ਤੇਰੀ ਵਡਿਆਈ ਹੈ, ਜਿਹੜੀ ਬਹੁਤ ਵੱਡੀ ਪ੍ਰਗਟ ਹੋਈ ਹੈ, ਹੁਣ ਮਹਿਮਾ ਉਸ ਤੋਂ ਵੀ ਸਵਾਈ ਵਧੇਗੀ। ਜਿੰਨਾ ਵਿਗਾੜ ਮੈਂ ਆ ਕੇ ਕੀਤਾ ਹੈ, ਬਹੁਤ ਮੰਦਰਾਂ ਦੇ ਮੂਲ ਹੀ ਉਖਾੜ ਦਿੱਤੇ ਹਨ ॥੩੭॥

ਸੋ ਰਚਨਾ ਅਬਿ ਫੇਰ ਬਨਾਵਊਂ। ਮ੍ਰਿਤਕਾ ਗੇਰੀ ਸੋ ਕਢਿਵਾਵਊਂ।
ਤਵ ਨਿਮਿਤ ਕਰਿ ਭੋਜਨ ਦੇਵੌਂ। ਜੀਵਤਿ ਰਹੌਂ ਸੁ ਤਾਵਦ ਸੇਵੌਂ ॥ ੩੮ ॥

ਉਹ ਸਾਰੇ ਮੰਦਰ ਮੈਂ ਫਿਰ ਬਣਾਵਾਂਗਾ, ਜਿਹੜੀਆਂ ਮੂਰਤੀਆਂ ਤੇਰੇ ਜਲ ਵਿਚ ਸੁੱਟੀਆਂ ਹਨ, ਉਨ੍ਹਾਂ ਨੂੰ ਕਢਵਾਵਾਂਗਾ। ਤੇਰੇ ਨਮਿਤ ਕਰਕੇ ਭੋਜਨ ਦੇਵਾਂਗਾ, ਜਦ ਤਕ ਜੀਊਂਦਾ ਰਹਾਂਗਾ ਤੇਰੀ ਸੇਵਾ ਕਰਾਂਗਾ" ॥੩੮॥

ਭਯੋ ਦੀਨ ਇੱਤਯਾਦਿਕ ਕਹਿ ਕਹਿ। ਗਜ ਤੇ ਉਤਰਿ ਨਮੋ ਕਿਯ ਮਹਿ ਮਹਿਂ।
ਪੁਨ ਪੁਸ਼ਕਰ ਜਲ ਥੋਰੋ ਕੀਨਸਿ। ਸਿਮਟਯੋ ਭਯੋ ਆਇ ਬਿਚ ਲੀਨਸਿ ॥੩੯ ॥

ਇੱਤਿਆਦਿਕ ਕਹਿ ਕੇ ਦੀਨ ਹੋ ਗਿਆ। ਹਾਥੀ ਤੋਂ ਉਤਰ ਕੇ ਧਰਤੀ 'ਤੇ ਨਮਸਕਾਰ ਕੀਤੀ। ਫਿਰ ਪੁਸ਼ਕਰ ਨੇ ਆਪਣਾ ਜਲ ਥੋੜ੍ਹਾ ਕਰ ਲਿਆ, ਜਲ ਸਿਮਟ ਗਿਆ ਤੇ ਆਪਣੇ ਵਿਚ ਲੀਨ ਕਰ ਲਿਆ॥੩੯॥

**ਹੜ੍ਹ ਕੇ ਜਲ ਸਮ ਉਤਰਿ ਗਯੋ ਹੈ। ਪੁਨ ਲਸ਼ਕਰ ਟਿਕ ਸਥਲ ਭਯੋ ਹੈ।**
**ਭੀਗੇ ਗਹਿ ਗਹਿ ਬਸਤ੍ਰ ਨਿਚੋਰਤਿ। ਇਤ ਉਤ ਫਿਰ ਫਿਰ ਸ਼ਸਤ੍ਰਨਿ ਟੋਰਤਿ॥੪੦॥**

ਹੜ੍ਹ ਦੇ ਜਲ ਸਮਾਨ ਉਤਰ ਗਿਆ। ਫਿਰ ਲਸ਼ਕਰ ਸਥਲ ਉੱਤੇ ਟਿਕ ਗਿਆ। ਭਿੱਜੇ ਹੋਏ ਕਪੜੇ ਫੜ ਫੜ ਕੇ ਨਚੋੜਦੇ ਸਨ, ਇਧਰ ਓਧਰ ਫਿਰ ਕੇ ਸ਼ਸਤਰਾਂ ਨੂੰ ਲੱਭਦੇ ਸਨ॥੪੦॥

**ਕਹੌਂ ਕਹਾਂ ਲਗਿ ਸੰਕਟ ਦਲ ਕੋ। ਟਿਕੇ ਸਕਲ ਪਿਖਿ ਨਿਜ ਨਿਜ ਥਲ ਕੋ।**
**ਬਡੇ ਕਸ਼ਟ ਸੋਂ ਨਿਸਾ ਬਿਤਾਈ। ਜਾਗਤਿ ਹੀ ਪ੍ਰਭਾਤਿ ਹੁਇ ਆਈ॥੪੧॥**

ਕਿਥੋਂ ਤਕ ਕਹਾਂ ਕਿ ਸੈਨਾ ਨੇ ਕਿੰਨਾ ਸੰਕਟ ਪਾਇਆ, ਸਾਰੇ ਹੀ ਆਪਣੇ-ਆਪਣੇ ਸਥਾਨ ਨੂੰ ਵੇਖ ਕੇ ਟਿਕ ਗਏ। ਬੜੇ ਦੁਖੀ ਹੋ ਕੇ ਰਾਤ ਬਤੀਤ ਕੀਤੀ ਤੇ ਜਾਗਦਿਆਂ ਹੀ ਸਵੇਰ ਹੋ ਗਈ॥੪੧॥

*ਨੋਟ : ਕਵੀ ਜੀ ਨੇ ਪੁਸ਼ਕਰ ਦਾ ਪ੍ਰਸੰਗ ਉਥੋਂ ਦੇ ਪਾਂਡਿਆਂ ਦੇ ਪਾਸੋਂ ਜਾ ਕੇ ਸੁਣਿਆ ਹੈ ਕਿਉਂਕਿ ਔਰੰਗਜ਼ੇਬ ਵਰਗੇ ਕੱਟੜ ਨੂੰ ਇਹ ਨਿਸ਼ਚਾ ਆ ਜਾਣਾ ਕਿ ਤੀਰਥ ਨੇ ਗੁੱਸਾ ਕੀਤਾ ਹੈ ਤੇ ਉਸ ਉੱਤੇ ਭਰੋਸਾ ਕਰ ਲੈਣਾ, ਅਣਹੋਣੀ ਗੱਲ ਹੈ, ਉਹ ਤਾਂ ਆਪ ਇਕ ਪੱਕਾ ਮੁਸਲਮਾਨ ਵੀ ਨਹੀਂ ਸੀ ਉਹ ਕਿਸੇ ਹਿੰਦੂ ਤੀਰਥ ਉੱਤੇ ਕਿਵੇਂ ਭਰੋਸਾ ਲਿਆ ਸਕਦਾ ਸੀ ?*

**ਸਕਲ ਦਰੋਗੇ ਸ਼ਾਹੁ ਹਕਾਰੇ। ਤੂਰਨ ਤਿਨ ਪ੍ਰਤਿ ਹੁਕਮ ਉਚਾਰੇ।**
**'ਆਗੇ ਤੇ ਦਿਹੁ ਦੁਗਨਿ ਮਜੂਰੀ। ਨਿਕਸਾਵਹੁ ਮ੍ਰਿਤਕਾ ਕਰਿ ਦੂਰੀ॥੪੨॥**

ਸਾਰੇ ਦਰੋਗਿਆਂ ਨੂੰ ਫਿਰ ਬਾਦਸ਼ਾਹ ਨੇ ਬੁਲਾਇਆ, ਤੁਰਤ ਉਨ੍ਹਾਂ ਵਾਸਤੇ ਹੁਕਮ ਉਚਾਰਨ ਕੀਤਾ, "ਪਹਿਲਾਂ ਨਾਲੋਂ ਦੂਣੀ ਮਜ਼ਦੂਰੀ ਦੇਵੋ ਤੇ ਦੂਰ ਤਕ ਮੂਰਤੀਆਂ ਬਾਹਰ ਕਢਵਾਵੋ॥੪੨॥

*ਨੋਟ : ਔਰੰਗਜ਼ੇਬ ਹਿੰਦੂਆਂ ਦੀ ਕਮਜ਼ੋਰੀ ਨੂੰ ਚੰਗੀ ਤਰ੍ਹਾਂ ਜਾਣਦਾ ਸੀ, ਇਸ ਲਈ ਉਨ੍ਹਾਂ ਨੂੰ ਜਬਰੀ ਮੁਸਲਮਾਨ ਬਣਾ ਲੈਣ ਨਾਲ, ਉਸ ਦੀ ਇਸਲਾਮੀ ਰਾਜਸੀ ਤਾਕਤ ਵਿਚ ਵਾਧਾ ਹੁੰਦਾ ਸੀ। ਕਵੀ ਜੀ ਨੇ ਕੇਵਲ ਪਾਂਡਿਆਂ ਤੋਂ ਸੁਣੀ ਗੱਲ ਨੂੰ ਸਚ ਮੰਨ ਲਿਆ ਹੈ, ਆਪ ਇਸ ਬਾਰੇ ਉਨ੍ਹਾਂ ਕੋਈ ਖੋਜ ਕੀਤੀ ਨਹੀਂ ਜਾਪਦੀ।*

**ਮੰਦਿਰ ਬਿਸਦ ਬਿਲੰਦ ਬਿਦਾਰਜੋ। ਜਿਸ ਪ੍ਰਕਾਰ ਸੋਂ ਪ੍ਰਥਮ ਨਿਹਾਰਜੋ।**
**ਉਸਰਾਵਹੁ ਤਿਸ ਬਿਧਿ ਕਰਿ ਤਯਾਰੀ। ਅਪਰ ਚਿਨਾਵਹੁ ਬਿਲਮ ਬਿਸਾਰੀ'॥੪੩॥**

ਵੱਡੇ-ਵੱਡੇ ਉੱਚੇ ਮੰਦਰ ਜਿਹੜੇ ਅਸੀਂ ਢਾਹੇ ਹਨ, ਜਿਸ ਪ੍ਰਕਾਰ ਮੈਂ ਉਨ੍ਹਾਂ ਨੂੰ ਪਹਿਲਾਂ ਵੇਖਿਆ ਹੈ, ਉਸੇ ਵਿਧੀ ਅਨੁਸਾਰ ਉਨ੍ਹਾਂ ਨੂੰ ਤਿਆਰ ਕਰਵਾਓ, ਕਿਸੇ ਦੇਰ ਤੋਂ ਬਗੈਰ ਹੋਰ ਮੰਦਰਾਂ ਦੀ ਉਸਾਰੀ ਕਰੋ'॥੪੩॥

**ਇਮ ਕਹਿ ਤਹਿਂ ਕੇ ਬਿੱਪ੍ਰ ਬੁਲਾਏ। ਦਿਯੋ ਦਾਨ ਭੋਜਨ ਅਚਵਾਏ।**
**ਕਾਰ ਕਾਰ ਪਰਕਰਿ ਨਰ ਖਰੇ। ਸੌਂਪਿ ਕਹਯੋ 'ਤੂਰਨ ਲਿਹੁ ਕਰੇ॥੪੪॥**

ਇਸ ਤਰ੍ਹਾਂ ਕਹਿ ਕੇ ਉਸ ਸਥਾਨ 'ਤੇ ਬ੍ਰਾਹਮਣ ਬੁਲਾਏ, ਉਨ੍ਹਾਂ ਨੂੰ ਦਾਨ ਦੇ ਕੇ ਭੋਜਨ ਖਵਾਇਆ। ਵੱਖ-ਵੱਖ ਕੰਮਾਂ ਕਾਜਾਂ 'ਤੇ ਆਦਮੀ ਖੜੇ ਕਰਕੇ, ਉਨ੍ਹਾਂ ਨੂੰ ਕੰਮ ਸੌਂਪ ਕੇ ਕਿਹਾ, 'ਤੁਰਤ ਇਨ੍ਹਾਂ ਕਾਰਜਾਂ ਨੂੰ ਆਪਣੇ ਹੱਥ ਵਿਚ ਲੈ ਕੇ ਕਰੋ॥੪੪॥

**ਰਚਨਾ ਤੈਸੀ ਦਿਹੁ ਬਨਵਾਇ। ਬ੍ਰਿੰਦ ਮਜੂਰਨਿ ਅਬਿ ਲਗਵਾਇ।**
**ਪੁਸ਼ਕਰ ਮੈਂ ਅਜ਼ਮਤ ਯੁਤਿ ਜਾਨਾ। ਇਸ ਮਹਿਂ ਨਹਿਂ ਪਖੰਡ ਕਛੁ ਛਾਨਾ॥੪੫॥**

ਪਹਿਲਾਂ ਵਰਗੇ ਸਾਰੇ ਮੰਦਰ ਬਣਵਾ ਲਵੋ ਤੇ ਬਹੁਤ ਮਜ਼ਦੂਰਾਂ ਨੂੰ ਹੁਣ ਲਗਾ ਦੇਵੋ। ਪੁਸ਼ਕਰ ਮੈਂ ਵੱਡੀ ਕਰਾਮਾਤ ਸਹਿਤ ਜਾਣਿਆ ਹੈ, ਇਸ ਵਿਚ ਕੁਝ ਪਖੰਡ ਲੁਕਿਆ ਹੋਇਆ ਨਹੀਂ ਹੈ'॥੪੫॥

ਇਮ ਕਹਿ ਸ਼ਾਹ ਕਰੀ ਅਸਵਾਰੀ। ਗਮਨਜੋ ਮਾਰਗ ਬਿਲਮ ਬਿਸਾਰੀ।
ਜਹਿਂ ਅਜਮੇਰ ਸਮੀਪ ਸਥਾਨਾ। ਤਹਾਂ ਜਾਇ ਉਤਰਜੋ ਦਲ ਨਾਨਾ॥ ੪੬ ॥

ਇਸ ਤਰ੍ਹਾਂ ਕਹਿ ਕੇ ਬਾਦਸ਼ਾਹ ਨੇ ਅਸਵਾਰੀ ਕਰ ਲਈ, ਤੇ ਬਿਨਾਂ ਕਿਸੇ ਵੀ ਦੇਰੀ ਦੇ ਆਪਣੇ ਰਸਤੇ ਚਲ ਪਿਆ। ਜਿਥੇ ਅਜਮੇਰ ਨੇੜੇ ਹੀ ਸਥਾਨ ਸੀ, ਉਥੇ ਸਾਰੇ ਦਲ ਨੂੰ ਲੈ ਕੇ ਉਤਾਰਾ ਕਰ ਲਿਆ॥੪੬॥

*ਨੌਵੀਂ ਰਾਸ ਦਾ ਉਣੱਤ੍ਹੀਵਾਂ ਅਧਿਆਇ ਸਮਾਪਤ ਹੋਇਆ॥੨੯॥*

## ਅਧਿਆਇ ਤੀਹਵਾਂ

### ਅਜਮੇਰ ਦੇ ਮਜੌਰਾਂ ਦੀ ਚਲਾਕੀ

ਦੋਹਰਾ- ਆਜ ਲਗੋਂ ਪੁਸ਼ਕਰ ਬਿਖੈ ਇਸ ਪ੍ਰਸੰਗ ਕੇ ਚਿੰਨ੍ਹ।
ਪ੍ਰਗਟ ਮਹਾਤਮ ਜਗਤ ਮਹਿਂ ਕਰਜੋ ਤੁਰਕਪਤਿ ਛਿੰਨ॥ ੧ ॥

ਅੱਜ ਤਕ ਪੁਸ਼ਕਰ ਵਿਖੇ ਇਸ ਪ੍ਰਸੰਗ ਦੇ ਨਿਸ਼ਾਨ ਮੌਜੂਦ ਹਨ। ਉਸ ਦਾ ਮਹਾਤਮ ਸਾਰੇ ਜੱਗ ਵਿਚ ਪ੍ਰਗਟ ਸੀ, ਜਿਸ ਨੇ ਔਰੰਗਜ਼ੇਬ ਨੂੰ ਲਜਿਤ ਕਰ ਦਿੱਤਾ॥੧॥

*ਨੋਟ : ਇਸ ਤੋਂ ਪਤਾ ਲੱਗਦਾ ਹੈ ਕਿ ਕਵੀ ਜੀ ਨੇ ਇਹ ਪ੍ਰਸੰਗ ਪੁਸ਼ਕਰ ਜਾ ਕੇ ਸੁਣਿਆ ਤੇ ਪ੍ਰਸੰਗ ਸੁਣਾਉਣ ਵਾਲਿਆਂ ਦੇ ਦੱਸੇ ਨਿਸ਼ਾਨ ਵੇਖੇ, ਪਰ ਇਹ ਨਿਸ਼ਾਨ ਕੀ ਹਨ, ਇਸ ਬਾਰੇ ਕਵੀ ਜੀ ਨੇ ਕੁਝ ਨਹੀਂ ਕਿਹਾ ਹੈ।*

ਚੌਪਈ- ਡੇਰੋ ਜਾਇ ਕਰਜੋ ਅਜਮੇਰ। ਉਤਰਜੋ ਲਸ਼ਕਰ ਜਾਇ ਬਡੇਰ।
ਏਕ ਜਾਮਨੀ ਕਰਿ ਕੈ ਬਾਸਾ। ਮਾਰਤੰਡ ਜਬਿ ਭਯੋ ਪ੍ਰਕਾਸ਼ਾ॥ ੨ ॥

ਫਿਰ ਜਾ ਕੇ ਅਜਮੇਰ ਡੇਰਾ ਕੀਤਾ। ਵੱਡਾ ਲਸ਼ਕਰ ਅਜਮੇਰ ਜਾ ਉਤਰਿਆ। ਇਕ ਰਾਤ ਉਥੇ ਵਾਸਾ ਕਰਕੇ ਜਦ ਫਿਰ ਸੂਰਜ ਦਾ ਪ੍ਰਕਾਸ਼ ਹੋਇਆ॥੨॥

ਸਕਲ ਮੁਜਾਵਰ ਤਬਹਿ ਹਕਾਰੇ। ਹਿਤ ਬੂਝਨਿ ਇਮ ਬਾਕ ਉਚਾਰੇ।
'ਤੁਮ ਨੇ ਕਜਾ ਇਹ ਦੰਭ ਕਮਾਯੋ ? ਕਰਿ ਬੰਚਕਤਾ ਧਨ ਉਪਜਾਯੋ॥ ੩ ॥

ਫਿਰ ਉਥੋਂ ਦੇ ਸਾਰੇ ਮਜੌਰਾਂ ਨੂੰ ਬੁਲਾ ਲਿਆ ਤੇ ਪੁੱਛਣ ਵਾਸਤੇ ਇਸ ਤਰ੍ਹਾਂ ਕਿਹਾ, "ਤੁਸੀਂ ਇਹ ਕੀ ਪਖੰਡ ਕਮਾਇਆ ਹੈ, ਠੱਗੀ ਕਰਕੇ ਧਨ ਪੈਦਾ ਕੀਤਾ ਹੈ ?॥੩॥

ਮੋਰ ਕਮਾਨ ਚਢੀ ਨਹਿਂ ਕੈਸੇ ? ਦਾਰਸ਼ਕੋਹੁ ਕੇਰਿ ਕਿਯ ਜੈਸੇ।
ਸ਼ਾਹਿ ਜਹਾਂ ਕੇ ਸਾਥ ਬਖਾਨੀ। ਤਵ ਬਡ ਸੁਤ ਕੀ ਚਢੀ ਕਮਾਨੀ॥ ੪ ॥

ਮੇਰੀ ਕਮਾਨ ਕਿਉਂ ਨਾ ਚੜ੍ਹਾਈ, ਦਾਰਾਸ਼ਕੋਹ ਦੀ ਜਿਵੇਂ ਚੜ੍ਹਾਈ ਸੀ ? ਤੁਸੀਂ ਸ਼ਾਹਿਜਹਾਂ ਦੇ ਨਾਲ ਗੱਲ ਕੀਤੀ ਕਿ ਤੁਹਾਡੇ ਵੱਡੇ ਪੁੱਤਰ ਦੀ ਕਮਾਨ ਚੜ੍ਹੀ ਹੈ॥੪॥

ਭਯੋ ਪ੍ਰਸੰਨ ਜਿ ਤਿਸ ਪਰ ਖ੍ਵਾਜਾ। ਮਿਸ ਕਮਾਨ ਕੇ ਬਿਦਤ ਨਿਵਾਜਾ।
ਤੌ ਪਤਿਸ਼ਾਹਿਤ ਕਜੋਂ ਨਹਿਂ ਪਾਈ। ਭ੍ਰਮਤਿ ਮਰਜੋ ਕਿਛ ਹਾਥ ਨ ਆਈ॥੫॥

ਜੇ ਖ਼ਵਾਜਾ ਉਸ ਉੱਤੇ ਪ੍ਰਸੰਨ ਹੋਇਆ ਸੀ, ਕਮਾਨ ਦੇ ਬਹਾਨੇ ਜੋ ਦਾਰਾਸ਼ਕੋਹ ਨੂੰ ਪ੍ਰਗਟ ਰੂਪ ਵਿਚ ਵਡਿਆਇਆ ਸੀ। ਫਿਰ ਉਸ ਨੇ ਬਾਦਸ਼ਾਹੀ ਪ੍ਰਾਪਤ ਕਿਉਂ ਨਾ ਕੀਤੀ ? ਭਟਕਦਾ ਹੀ ਮਰ ਗਿਆ, ਕੁਝ ਵੀ ਹੱਥ ਨਾ ਆਇਆ ॥੫॥

ਤਖਤ ਬੈਠਿਬੇ ਮੋਹਿ ਨ ਅਯੋ। ਨਹੀਂ ਨਿਵਾਜਯੋ ਸਭਿ ਨੇ ਲਹਯੋ।
ਅਬਿ ਮੈਂ ਸਭਿ ਪਤਿਸ਼ਾਹਿਤ ਪਾਈ। ਇਹ ਕਜਾ ਭਯੋ ਦੇਹੁ ਬਤਲਾਈ ? ॥੬॥

ਤੁਹਾਡੇ ਹਿਸਾਬ ਵਿਚ ਤਖ਼ਤ 'ਤੇ ਬੈਠਣਾ ਮੇਰੇ ਭਾਗਾਂ ਵਿਚ ਨਹੀਂ ਸੀ, ਕਿਉਂਕਿ ਤੁਸੀਂ ਮੈਨੂੰ ਨਿਵਾਜਿਆ ਨਹੀਂ ਸੀ, ਇਹ ਸਭ ਨੇ ਵੇਖਿਆ ਹੈ, ਪਰ ਹੁਣ ਮੈਂ ਬਾਦਸ਼ਾਹੀ ਪਾ ਲਈ ਹੈ। ਇਹ ਕਿਉਂ ਹੋਇਆ ਹੈ, ਮੈਨੂੰ ਦੱਸੋ ॥੬॥

ਯਾਂ ਤੇ ਮੈਂ ਜਾਨਤਿ ਹੌਂ ਐਸੇ। ਤੁਮ ਹੀ ਕਰਹੁ ਦੰਭ ਕਿਛ ਕੈਸੇ।
ਕੈ ਤੁਮ ਦੀਜੈ ਸਾਚ ਬਤਾਇ। ਨਾਂਹਿ ਤ ਮੈਂ ਦੇਖਵ ਪਤੀਆਇ' ॥ ੭॥

ਜਾਂ ਤਾਂ ਮੈਂ ਇਸ ਤਰ੍ਹਾਂ ਜਾਣਦਾ ਹਾਂ ਕਿ ਤੁਸੀਂ ਹੀ ਕੁਝ ਇਸ ਤਰ੍ਹਾਂ ਪਖੰਡ ਕਰਦੇ ਹੋ। ਜਾਂ ਤੁਸੀਂ ਮੈਨੂੰ ਸੱਚ ਦੱਸ ਦੇਵੋ, ਨਹੀਂ ਤਾਂ ਮੈਂ ਤੁਹਾਡੀ ਪਰਖ ਕਰਕੇ ਵੇਖਾਂਗਾ'' ॥੭॥

ਸਕਲ ਮੁਜਾਵਰ ਇਕਠੇ ਭਏ। ਨਹਿ ਨੌਰੰਗ ਕੋ ਉੱਤਰ ਦਏ।
ਕਹੈਂ ਕਿ 'ਅਸ ਖ਼ੁਦਾਇ ਕੀ ਮਰਜ਼ੀ। ਬਖ਼ਸ਼ਹਿ ਜਿਸਹਿ ਸੁਨਹਿ ਤਿਸ ਅਰਜ਼ੀ ॥੮॥

ਸਾਰੇ ਮਜੌਰ ਇਕੱਠੇ ਹੋਏ ਹੋਏ ਸਨ, ਨੌਰੰਗੇ ਦੀ ਗੱਲ ਦਾ ਕੋਈ ਵੀ ਉੱਤਰ ਨਾ ਦੇ ਸਕਿਆ। ਕਹਿਣ ਲੱਗੇ, ''ਇਸ ਤਰ੍ਹਾਂ ਖ਼ੁਦਾ ਦੀ ਮਰਜ਼ੀ ਹੈ, ਜਿਸ ਨੂੰ ਉਹ ਬਖ਼ਸ਼ ਦਿੰਦਾ ਹੈ, ਉਸ ਦੀ ਬੇਨਤੀ ਉਹ ਸੁਣ ਲੈਂਦਾ ਹੈ ॥੮॥

ਇਸੀ ਭਾਂਤਿ ਮੈਂ ਹਮਰੋ ਚਾਰਾ। ਕਹਾਂ ਚਲਹਿ, ਚਿਤ ਲੇਹੁ ਬਿਚਾਰਾ' ॥
ਸਮੁਝਯੋ ਨੌਰੰਗ ਬੋਲਹਿਂ ਪਾਜ। ਹੈ ਇਨ ਦੰਭ ਲੇਨਿ ਧਨ ਕਾਜ ॥ ੯॥

ਇਸ ਪ੍ਰਕਾਰ ਹੀ ਸਾਡੀ ਚਾਰਾਜੋਈ ਹੈ। ਇਹ ਕਿਥੇ ਚਲਦੀ ਹੈ, ਚਿਤ ਵਿਚ ਵਿਚਾਰ ਲਵੋ।'' ਨੌਰੰਗਾ ਸਮਝ ਗਿਆ ਕਿ ਇਹ ਝੂਠ ਮਾਰਦੇ ਹਨ, ਇਨ੍ਹਾਂ ਨੇ ਧਨ ਦੇ ਕਾਰਜ ਵਾਸਤੇ ਪਖੰਡ ਰਚਿਆ ਹੈ ॥੯॥

ਬੇਲਦਾਰ ਗਨ ਲੀਏ ਬੁਲਾਇ। ਕਹਯੋ 'ਸਥਾਨ ਉਖਾਰਹੁ ਜਾਇ'।
ਇਕ ਦੁਇ ਸੰਗ ਕਰੇ ਉਮਰਾਵ। 'ਪਿਖਹੁ ਜਾਇ ਕਜਾ ਬਿਧਿ ਤਿਸ ਥਾਂਵ' ॥੧੦॥

ਉਸ ਨੇ ਮਿੱਟੀ ਪੁੱਟਣ ਵਾਲੇ ਬਹੁਤ ਬੇਲਦਾਰਾਂ ਨੂੰ ਬੁਲਾ ਲਿਆ ਤੇ ਕਿਹਾ, ''ਉਹ ਸਥਾਨ ਜਾ ਕੇ ਪੁੱਟੋ। ਇਕ ਦੋ ਉਮਰਾਵ ਵੀ ਨਾਲ ਭੇਜ ਦਿੱਤੇ ਤੇ ਉਨ੍ਹਾਂ ਨੂੰ ਕਿਹਾ, ''ਉਥੇ ਜਾ ਕੇ ਵੇਖੋ, ਉਸ ਥਾਂ ਇਨ੍ਹਾਂ ਕੀ ਵਿਧੀ ਬਣਾਈ ਹੈ'' ॥੧੦॥

ਹੁਕਮ ਪਾਇ ਨੌਰੰਗ ਕੋ ਗਏ। ਥਲ ਅੰਤਰਿ ਕੋ ਖੋਦਤਿ ਭਏ।
ਹਤੋ ਪਾਜ ਕਛੁ ਤਨਕ ਉਖਾਰਾ। ਤਤਛਿਨ ਤਹਿਂ ਪੋਲਾੜ ਨਿਹਾਰਾ ॥ ੧੧॥

ਨੌਰੰਗੇ ਦਾ ਹੁਕਮ ਪਾ ਕੇ ਉਹ ਗਏ ਤੇ ਅੰਦਰ ਦੇ ਥਲ ਨੂੰ ਪੁੱਟਣ ਲੱਗੇ, ਉਸ ਵਿਚ ਕੁਝ ਪਾਜ ਸੀ, ਕੁਝ ਥੋੜ੍ਹਾ ਜਿਹਾ ਉਖਾੜਿਆ ਤਾਂ ਤੁਰਤ ਉਸ ਵਿਚ ਪੋਲ ਵੇਖਿਆ ॥੧੧॥

ਖਨਨਿ ਲਗੇ ਜਬਿ ਤਿਸਹਿ ਅਗਾਰੀ। ਦੀਰਘ ਸਭਿਹਿਨਿ ਸੁਰੰਗ ਨਿਹਾਰੀ।
ਤਿਸ ਕੋ ਪਾਟਤਿ ਜਬਿ ਕਿਛੁ ਗਏ। ਘਰ ਮਜਾਵਰਨਿ ਕੋ ਜਹਿਂ ਥਿਏ ॥੧੨॥

ਜਦ ਉਸ ਨੂੰ ਅੱਗੋਂ ਪੁੱਟਣ ਲੱਗੇ ਤਾਂ ਉਥੇ ਇਕ ਬਹੁਤ ਵੱਡੀ ਸੁਰੰਗ ਵੇਖੀ। ਉਸ ਨੂੰ ਪੁੱਟਦੇ-ਪੁੱਟਦੇ ਜਦ ਕੁਝ ਅੱਗੇ ਗਏ ਤਾਂ ਉਥੇ ਮਜੌਰਾਂ ਦੇ ਘਰ ਸਨ ॥੧੨॥

ਤਿਨ ਮਹਿਂ ਗਈ ਸੁਰੰਗ ਅਗਾਰੇ। ਛਪਜੋ ਜੁ ਪਰਦੋ ਕਰਜੋ ਉਘਾਰੇ।
ਕਹੂੰ ਮਹਿੰਮ ਚੜਹਿ ਜਬਿ ਸ਼ਾਹੂ। ਕੈ ਪਤਿਸ਼ਾਹਿਤ ਦੈਨੀ ਕਾਂਹੂ॥ ੧੩॥

ਉਨ੍ਹਾਂ ਦੇ ਘਰਾਂ ਵਿਚੋਂ ਸੁਰੰਗ ਅੱਗੇ ਗਈ। ਜੋ ਅੱਗੇ ਛੁਪਿਆ ਹੋਇਆ ਸੀ, ਉਸ ਦੇ ਪੜਦੇ ਨੂੰ ਉਘਾੜਿਆ। ਜਦ ਕਦੀ ਬਾਦਸ਼ਾਹ ਦੀ ਮੁਹਿੰਮ ਚੜ੍ਹਦੀ ਸੀ, ਜਾਂ ਕਿਸੇ ਨੂੰ ਬਾਦਸ਼ਾਹੀ ਦੇਣੀ ਹੁੰਦੀ ਸੀ॥੧੩॥

ਇੱਤਜਾਦਿਕ ਜੇ ਕਾਜ ਮਹਾਨ। ਦਿੱਲੀਪਤ ਆਵਤਿ ਇਸ ਥਾਨ।
ਕਰ ਜੋਰਹਿ ਬਡ ਦਰਬ ਚਢਾਇ। ਜਿਸ ਕਾਰਜ ਮੈਂ ਸੰਸੈ ਪਾਇ॥ ੧੪॥

ਇੱਤਿਆਦਿਕ ਜੋ ਮਹਾਨ ਕਾਰਜ ਹੋਵੇ ਤਾਂ ਦਿੱਲੀ ਦਾ ਬਾਦਸ਼ਾਹ ਇਸ ਥਾਂ ਆਉਂਦਾ ਸੀ। ਹੱਥ ਜੋੜ ਕੇ ਬੜਾ ਧਨ ਚੜ੍ਹਾਉਂਦਾ ਸੀ ਤੇ ਜਿਸ ਕਾਰਜ ਵਿਚ ਸ਼ੰਕਾ ਪਾਉਂਦਾ ਸੀ॥੧੪॥

ਤਿਸ ਹਿਤ ਅੰਤਰ ਧਰਹਿ ਕਮਾਨ। 'ਕਰਹਿਂ ਕਿ ਨਹੀਂ' ਸੰਕਲਪਹਿ ਠਾਨਿ।
ਸੁੰਦਰ ਮੰਦਿਰ ਅੰਦਰ ਧਰਹਿ। ਪੁਨਹਿ ਕਪਾਟ ਅਸੰਜਤਿ ਕਰਹਿਂ॥ ੧੫॥

ਉਸ ਵਾਸਤੇ ਅੰਦਰ ਕਮਾਨ ਧਰਦੇ ਸਨ ਤੇ ਫਿਰ ਕਹਿੰਦੇ ਸਨ ਸੰਕਲਪ ਧਾਰਨ ਕਰੋ, "ਕਾਰਜ ਹੋਵੇਗਾ ਕਿ ਨਹੀਂ" ਕਮਾਨ ਨੂੰ ਸੁੰਦਰ ਮੰਦਰ ਦੇ ਅੰਦਰ ਧਰਦੇ ਸਨ ਤੇ ਫਿਰ ਦਰਵਾਜ਼ਾ ਬੰਦ ਕਰ ਦਿੰਦੇ ਸਨ॥੧੫॥

ਪੁਨ ਗਾਢੇ ਦੇਂ ਕੁਲਫ ਲਗਾਇ। ਦਰ ਪਰ ਪਹਿਰੂ ਰਹਿਂ ਸਮੁਦਾਇ।
ਨਿਜ ਘਰ ਤੇ ਸੁਰੰਗ ਕੇ ਰਾਹੂ। ਜਾਇ ਮੁਜਾਵਰ ਮੰਦਿਰ ਮਾਹੂ॥ ੧੬॥

ਫਿਰ ਉਸ ਨੂੰ ਤਾਲਾ ਲਾ ਕੇ ਪੱਕਾ ਕਰ ਦਿੰਦੇ ਸਨ। ਦਰਵਾਜ਼ੇ ਉੱਤੇ ਪਹਿਰੇਦਾਰ ਖੜੇ ਰਹਿੰਦੇ ਸਨ। ਆਪਣੇ ਘਰ ਅਤੇ ਸੁਰੰਗ ਦੇ ਰਾਹ, ਮੁਜਾਵਰ ਮੰਦਰ ਵਿਚ ਚਲਾ ਜਾਂਦਾ ਸੀ॥੧੬॥

ਅੰਦਰ ਦੇਹਿ ਕਮਾਨ ਚੜ੍ਹਾਇ। ਇਸ ਬਿਧਿ ਰਾਖੀ ਬਣਤ ਬਨਾਇ।
ਕਰਹਿ ਮੰਨਤਾ ਸ਼ਾਹਿ ਘਨੇਰ। ਅਪਰਨਿ ਕੀ ਕਹਾ ਗਿਨਤੀ ਫੇਰ॥ ੧੭॥

ਅੰਦਰ ਜਾ ਕੇ ਕਮਾਨ ਚੜ੍ਹਾ ਦਿੰਦਾ ਸੀ। ਇਸ ਵਿਧੀ ਅਨੁਸਾਰ ਬਣਤ ਬਣਾ ਕੇ ਰੱਖੀ ਸੀ। ਬਾਦਸ਼ਾਹ ਬਹੁਤ ਮਾਨਤਾ ਕਰਦੇ ਸਨ, ਦੂਸਰਿਆਂ ਦੀ ਫਿਰ ਕੀ ਗਿਣਤੀ ਰਹਿ ਜਾਂਦੀ ਹੈ॥੧੭॥

ਇਮ ਅਜ਼ਮਤ ਕੋ ਤਹਾਂ ਜਨਾਵੈਂ। ਸਿਦਕ ਸਹਿਤ ਪਿਖਿ ਦਰਬ ਚੜ੍ਹਾਵੈਂ।
ਜਬਿ ਸੁਰੰਗ ਘਰ ਪ੍ਰਵਿਸ਼ੀ ਜਾਇ। ਬਹੁ ਦਿਨ ਕੀ ਜਿਮ ਬਨਤ ਬਨਾਇ॥੧੮॥

ਇਸ ਤਰ੍ਹਾਂ ਉਥੇ ਕਰਾਮਾਤ ਨੂੰ ਪ੍ਰਗਟ ਕਰਦੇ ਸਨ, ਸਿਦਕ ਸਹਿਤ ਵੇਖ ਕੇ ਲੋਕ ਧਨ ਚੜ੍ਹਾਉਂਦੇ ਸਨ। ਜਦ ਸੁਰੰਗ ਘਰ ਦੇ ਅੰਦਰ ਦਾਖਲ ਹੋਈ, ਬਹੁਤ ਦਿਨਾਂ ਦੀ ਜਿਵੇਂ ਬਣਤ ਬਣਾਈ ਸੀ॥੧੮॥

ਪਰਦਾ ਜ਼ਾਹਰ ਹੋਇ ਸੁ ਗਯੋ। ਜਿਸ ਤੇ ਬਹੁ ਲੋਕਨਿ ਛਲ ਲਯੋ।
ਚੜ੍ਹੇ ਕਮਾਨ ਸਕਲ ਬਿਸਮਾਵੈਂ। ਜਾਨਿ ਖ਼ੁਆਜੋ ਆਨਿ ਚਢਾਵੈ॥ ੧੯॥

ਪੜਦਾ ਉਹ ਜ਼ਾਹਰ ਹੋ ਗਿਆ, ਜਿਸ ਨਾਲ ਬਹੁਤ ਲੋਕਾਂ ਨੂੰ ਛਲਿਆ ਸੀ। ਕਮਾਨ ਚੜ੍ਹਾ ਕੇ ਸਾਰਿਆਂ ਨੂੰ ਹੈਰਾਨ ਕਰਦੇ ਸਨ। ਲੋਕ ਸਮਝਦੇ ਸਨ, ਜਿਵੇਂ ਖ਼ਵਾਜਾ ਜੀ ਆਪ ਆ ਕੇ ਚੜ੍ਹਾਉਂਦੇ ਹਨ॥੧੯॥

ਸਿਦਕ ਸਹਿਤ ਦਿੱਲੀਪਤਿ ਆਇ। ਹਾਰ ਜੀਤ ਇਸ ਤੇ ਪਤੀਆਇ।
ਇਸ ਸ਼ਾਹਨਿ ਕੇ ਸਿਦਕ ਨਿਹਾਰੇ। ਹਿੰਦੂ ਤੁਰਕ ਪੂਜ ਹੈਂ ਸਾਰੇ॥ ੨੦॥

ਸਿਦਕ ਸਹਿਤ ਦਿੱਲੀ ਦਾ ਬਾਦਸ਼ਾਹ ਆਉਂਦਾ ਸੀ, ਹਾਰ ਜਿੱਤ ਦਾ ਇਸ 'ਤੇ ਭਰੋਸਾ ਕਰਦਾ ਸੀ। ਉਹ ਬਾਦਸ਼ਾਹਾਂ ਦੇ ਸਿਦਕ ਵੇਖਦੇ ਸਨ। ਹਿੰਦੂ ਤੁਰਕ ਸਾਰੇ ਹੀ ਪੂਜਦੇ ਸਨ॥੨੦॥

ਸੋ ਪਰਦਾ ਨੌਰੰਗ ਉਘਾਰਾ। ਬਿਨ ਅਜ਼ਮਤ ਕਿਮ ਨਹਿਂ ਪਤਿਆਰਾ।
ਇਸ ਆਗੈ ਨਹਿਂ ਅਟਕੈ ਦੰਭਾ। ਤਿਸ ਮਾਨੈ ਜੋ ਕਰੈ ਅਚੰਭਾ॥ ੨੧॥

ਉਸ ਪੜਦੇ ਨੂੰ ਨੌਰੰਗੇ ਨੇ ਨੰਗਿਆਂ ਕਰ ਦਿੱਤਾ। ਕਰਾਮਾਤ ਬਗ਼ੈਰ ਕਿਵੇਂ ਪਰਖ 'ਤੇ ਪੂਰੇ ਉਤਰਦੇ ? ਇਸ ਅਗੇ ਪਖੰਡ ਨਹੀਂ ਅਟਕਦਾ। ਉਸ ਨੂੰ ਮੰਨਦੇ ਹਨ, ਜੋ ਅਚੰਭਾ ਕਰਦਾ ਹੈ॥੨੧॥

ਸੁਨਤਿ ਸ਼ਾਹਿ ਉਰ ਹਰਖ ਬਢਾਇ। ਸਭਿ ਮੈਂ ਬੋਲ੍ਯੋ:-'ਕਜਾ ਛਲ ਲਾਇ।
ਚਾਤੁਰ ਮੂਰਖ ਕਿਨਹੁਂ ਨ ਜਾਨੀ। ਰਾਉ ਰੰਕ ਗਨ ਸਭਿਹਿਨਿ ਮਾਨੀ॥੨੨॥

ਬਾਦਸ਼ਾਹ ਨੇ ਸੁਣ ਦਿਲ ਵਿਚ ਪ੍ਰਸੰਨਤਾ ਵਧਾਈ ਤੇ ਸਾਰਿਆਂ ਵਿਚ ਬੋਲਿਆ, "ਕੀ ਛਲ ਬਣਾਇਆ ਹੈ, ਚਾਤਰ ਮੂਰਖ ਕਿਸੇ ਨੇ ਨਹੀਂ ਜਾਣਿਆ ਹੈ, ਰਾਜੇ ਰੰਕ ਸਭ ਨੇ ਮੰਨਿਆ ਹੈ॥੨੨॥

ਮਹਦ ਪਖੰਡ ਕਰਤਿ ਇਹ ਰਹੇ। ਮਰਮ ਇਨਹੁਂ ਕਹੁ ਕਿਨਹੁਂ ਨ ਲਹੇ।
ਕਰ੍ਯੋ ਬਿਲੋਕਨਿ ਨੀਕੇ ਆਜੂ। ਚਿਰਕਾਲ ਕੈ ਉਘਰ੍ਯੋ ਪਾਜੂ॥ ੨੩॥

ਇਹ ਵੱਡਾ ਪਖੰਡ ਕਰਦੇ ਰਹੇ ਹਨ, ਇਨ੍ਹਾਂ ਦੇ ਭੇਦ ਨੂੰ ਕਿਸੇ ਨੇ ਨਹੀਂ ਪਾਇਆ ਹੈ, ਮੈਂ ਅੱਜ ਚੰਗੀ ਤਰ੍ਹਾਂ ਵੇਖਿਆ ਹੈ, ਬੜੀ ਦੇਰ ਦਾ ਇਹ ਪਾਜ ਖੁਲ੍ਹਿਆ ਹੈ"॥੨੩॥

ਨਿਕਟਿ ਮੁਜਾਵਰ ਲੀਏ ਬੁਲਾਇ। ਧਰੇ ਤ੍ਰਾਸ ਆਏ ਸਮੁਦਾਇ।
ਕਰੇ ਕ੍ਰੋਧ ਨੌਰੰਗ ਤਬਿ ਬੋਲਾ। ਸੁਨਤਿ ਤਿਨਹੁਂ ਕੇ ਅੰਤਰ ਰੌਲਾ॥ ੨੪॥

ਸਾਰੇ ਮਜੌਰਾਂ ਨੂੰ ਪਾਸ ਬੁਲਾ ਲਿਆ, ਬਹੁਤ ਡਰ ਮੰਨ ਕੇ ਇਕੱਠੇ ਹੋ ਕੇ ਪਾਸ ਆਏ। ਫਿਰ ਨੌਰੰਗਾ ਕ੍ਰੋਧ ਕਰਕੇ ਬੋਲਿਆ, ਜਦ ਉਸ ਉਨ੍ਹਾਂ ਦੇ ਅੰਦਰ ਦਾ ਰੌਲਾ ਸੁਣਿਆ॥੨੪॥

'ਇਹ ਕਜਾ ਕੀਨਸਿ ਤੁਮ ਬਡ ਦੰਭਾ ?। ਸਭਿਨਿ ਦਿਖਾਵਤਿ ਰਹੇ ਅਚੰਭਾ।
ਛਲ ਕਰਿ ਦਰਬ ਹਰ੍ਯੋ ਸਭਿ ਕੇਰਾ। ਕੋਇ ਨ ਜਾਨਿ ਸਕ੍ਯੋ ਕਿਸ ਬੇਰਾ॥੨੫॥

"ਇਹ ਤੁਸੀਂ ਕੀ ਵੱਡਾ ਪਖੰਡ ਕੀਤਾ ਹੈ ? ਸਾਰਿਆਂ ਨੂੰ ਅਚੰਭਾ ਵਿਖਾਉਂਦੇ ਰਹੇ ਹੋ। ਛਲ ਕਰਕੇ ਸਭ ਦਾ ਧਨ ਖੋਹ ਲਿਆ, ਕਿਸੇ ਵੇਲੇ ਵੀ ਕੋਈ ਵੀ ਨਾ ਜਾਣ ਸਕਿਆ॥੨੫॥

ਬਹੁਤ ਖ਼ਤਾ ਤੁਮ ਨੇ ਨਿਤ ਕਰੀ। ਕਿਤੀ ਪੁਸ਼ਤ ਕੀ ਦੌਲਤ ਹਰੀ।
ਬਡੇ ਤੁਮਾਰੇ ਕਰਤਿ ਸੁ ਰਹੇ। ਸ਼ਾਹੁ ਅਚਰਿਤ ਨ ਕਿਨਹੂੰ ਲਹੇ॥ ੨੬॥

ਬਹੁਤ ਵੱਡੀ ਗਲਤੀ ਤੁਸੀਂ ਇਹ ਸਦਾ ਹੀ ਕੀਤੀ ਹੈ, ਕਈਆਂ ਪੁਸ਼ਤਾਂ ਦੀ ਦੌਲਤ ਚੁਰਾਈ ਹੈ, ਤੁਹਾਡੇ ਵਡੇਰੇ ਵੀ ਇਹ ਕੁਝ ਕਰਦੇ ਰਹੇ ਹਨ, ਕਿਸੇ ਬਾਦਸ਼ਾਹ ਵੀ ਇਸ ਕੌਤਕ ਨੂੰ ਨਾ ਜਾਣਿਆ॥੨੬॥

ਪ੍ਰਾਨ ਹਾਨਿ ਕੋ ਦੰਡ ਬਿਸਾਲਾ। ਤੁਮ ਕੋ ਚਹਿਯਤਿ ਹੈ ਇਸ ਕਾਲਾ।
ਇਸ ਪ੍ਰਕਾਰ ਕਹਿ ਕਰਿ ਬਹੁ ਬਾਰੇ। ਕੂਰੇ ਕਰੇ ਮੁਜਾਵਰ ਸਾਰੇ॥ ੨੭॥

ਤੁਹਾਨੂੰ ਇਸ ਸਮੇਂ ਪ੍ਰਾਣ ਨਾਸ਼ ਕਰਨ ਦੀ ਵੱਡੀ ਸਜ਼ਾ ਦੇਣੀ ਚਾਹੀਦੀ ਹੈ।" ਇਸ ਤਰ੍ਹਾਂ ਬਹੁਤ ਵਾਰ ਕਹਿ ਕੇ ਸਾਰੇ ਮਜੌਰ ਝੂਠੇ ਕਰ ਦਿੱਤੇ॥੨੭॥

ਸਦਨ ਸਮਾਜ ਖੋਸ ਕਰਿ ਸਾਰੋ। ਅਪਰ ਲੀਨਿ ਧਨ ਕਰਿ ਕਰਿ ਮਾਰੋ।
ਦੇ ਕਰਿ ਦੰਡ ਛੋਰਿ ਸਭਿ ਦੀਨੇ। ਪੁਨ ਆਗੇ ਕਹੁ ਬਰਜਨਿ ਕੀਨੇ॥ ੨੮॥

ਘਰ ਅਤੇ ਸਾਜੋ-ਸਾਮਾਨ ਸਭ ਖੋਹ ਕੇ ਤੇ ਮਾਰ-ਮਾਰ ਕੇ ਹੋਰ ਬਹੁਤ ਧਨ ਲੈ ਲਿਆ। ਸਜ਼ਾ ਦੇ ਕੇ ਸਾਰੇ ਛੱਡ ਦਿੱਤੇ, ਫਿਰ ਅੱਗੇ ਤੋਂ ਪਖੰਡ ਕਰਨ ਤੋਂ ਰੋਕ ਦਿੱਤੇ॥੨੮॥

'ਤਜਾਗਿ ਦੇਹੁ ਇਹ ਕਪਟ ਕਮਾਵਨਿ। ਇਮ ਕੋ ਅਰਪਹਿ ਕਰਹਿ ਸੁ ਖਾਵਨਿ।
ਜੇ ਇਸ ਬਿਧਿ ਸੌਂ ਕਰਹੁ ਕਮਾਈ। ਮੈਂ ਸੁਨਿ ਲੇਹੁਂ ਦੇਹੁਂ ਮਰਿਵਾਈ' ॥ ੨੯॥

ਇਹ ਕਪਟ ਦੀ ਕਮਾਈ ਛੱਡ ਦੇਵੋ। ਉਸ ਤਰ੍ਹਾਂ ਕੋਈ ਚੀਜ਼ ਅਰਪਣ ਕਰੇ ਤਾਂ ਉਹ ਖਾਵੇ। ਜੇ ਇਸ ਢੰਗ ਅਨੁਸਾਰ ਕਮਾਈ ਕਰਦੇ ਰਹੇ ਤੇ ਜਦ ਮੈਂ ਸੁਣ ਲਿਆ ਤਾਂ ਮਰਵਾ ਦੇਵਾਂਗਾ'॥੨੯॥

ਇਸ ਪ੍ਰਕਾਰ ਕਹਿ ਦੀਨਸਿ ਤ੍ਰਾਸੂ। ਕੂਰ ਡਰੇ ਨ ਉਕਾਸਹਿਂ ਸ੍ਵਾਸੂ।
ਛੁਟਿ ਕਰਿ ਸਦਨ ਆਪਨੇ ਗਏ। ਦੁਰੇ ਨ ਬਦਨ ਦਿਖਾਵਤਿ ਭਏ॥ ੩੦॥

ਇਸ ਪ੍ਰਕਾਰ ਕਹਿ ਕੇ ਉਨ੍ਹਾਂ ਨੂੰ ਡਰਾਇਆ। ਝੂਠੇ ਡਰ ਗਏ ਤੇ ਕਿਸੇ ਨੇ ਸਾਹ ਵੀ ਨਾ ਲਿਆ। ਛੁਟਕਾਰਾ ਪਾ ਕੇ ਆਪਣੇ ਘਰ ਚਲੇ ਗਏ, ਲੁਕ ਗਏ, ਕਿਸੇ ਨੂੰ ਆਪਣਾ ਚਿਹਰਾ ਨਹੀਂ ਸੀ ਵਿਖਾਉਂਦੇ॥੩੦॥

ਕਰਿ ਕੈ ਇਮ ਨੌਰੰਗ ਅਜਮੇਰ। ਚਢਜੋ ਹਰਖ ਕਰਿ ਰਿਦੈ ਬਡੇਰ।
ਸੁਨਹਿ ਕਹੂੰ ਜਬਿ ਠਾਕੁਰ ਦ੍ਵਾਰੇ। ਦੇਤਿ ਹੁਕਮ ਤਹਿਂ ਢਾਹਿ ਬਿਦਾਰੇ॥ ੩੧॥

ਨੌਰੰਗਾ ਅਜਮੇਰ ਵਿਚ ਇਸ ਤਰ੍ਹਾਂ ਪ੍ਰਬੰਧ ਕਰਕੇ, ਹਿਰਦੇ ਵਿਚ ਬਹੁਤ ਪ੍ਰਸੰਨ ਹੋ ਕੇ ਅਸਵਾਰ ਹੋ ਗਿਆ। ਜਦ ਕਿਸੇ ਥਾਂ ਵੀ ਠਾਕਰਦਵਾਰਿਆਂ ਬਾਰੇ ਸੁਣਦਾ ਸੀ ਤਾਂ ਹੁਕਮ ਦੇ ਕੇ ਉਨ੍ਹਾਂ ਨੂੰ ਢਾਹ ਦਿੰਦਾ ਸੀ॥੩੧॥

ਪ੍ਰਤਿਮਾ ਅੰਗ ਭੰਗ ਕਰਿਵਾਵੈ। ਤਹਿਂ ਤੇ ਲੇ ਕਰਿ ਦੂਰ ਗਿਰਾਵੈ।
ਤ੍ਰਾਸ ਦੇਹਿ ਜਹਿਂ ਪਿਖਹਿ ਪੁਜਾਰੀ। ਝਿਰਕਹਿ ਦੰਡਹਿ ਕਰਿ ਕਰਿ ਮਾਰੀ॥੩੨॥

ਮੂਰਤੀਆਂ ਦੇ ਅੰਗ ਤੋੜ ਦਿੰਦਾ ਸੀ, ਤੇ ਪੁਜਾਰੀਆਂ ਪਾਸੋਂ ਲੈ ਕੇ ਦੂਰ ਸੁਟਵਾ ਦਿੰਦਾ ਸੀ। ਜਿਥੇ ਵੀ ਪੁਜਾਰੀਆਂ ਨੂੰ ਵੇਖਦਾ ਸੀ, ਉਨ੍ਹਾਂ ਨੂੰ ਡਰਾਉਂਦਾ ਸੀ। ਝਿੜਕ ਕੇ ਤੇ ਮਾਰ ਮਾਰ ਕੇ ਸਜ਼ਾ ਦਿੰਦਾ ਸੀ॥੩੨॥

ਜਹਿਂ ਕਹਿਂ ਲਿਖਤ ਭਯੋ ਪਰਵਾਨੇ। ਜੇ ਸੂਬੇ ਉਮਰਾਵ ਮਹਾਨੇ।
ਆਮਿਲ ਮੁਲਖਨਿ ਕੇ ਜਿਸ ਥਾਈਂ। ਸਭਿਹਿਨਿ ਕਹੁ ਸੁਧ ਦੀਨਿ ਸੁਨਾਈ॥੩੩॥

ਜਿਥੇ ਕਿਥੇ ਪਰਵਾਨੇ ਲਿਖ ਕੇ ਭੇਜ ਦਿੱਤੇ, ਜਿਥੋਂ ਦੇ ਉਮਰਾਵ ਅਤੇ ਸੂਬੇ ਬਹੁਤ ਮਹਾਨ ਸਨ। ਜਿਥੇ ਮੁਲਖਾਂ ਦੇ ਹਾਕਮ ਰਹਿੰਦੇ ਸਨ, ਸਾਰਿਆਂ ਨੂੰ ਇਹ ਖ਼ਬਰ ਸੁਣਾ ਦਿੱਤੀ॥੩੩॥

'ਬੁਤ ਪ੍ਰਸਤੀ ਕਿਤ ਹੋਨਿ ਨ ਪਾਵੈ। ਮੰਦਿਰ ਭਗਨਹੁ ਕੋ ਨ ਚਿਨਾਵੈ।
ਤੁਰਕ ਜੁ ਬਨਹਿ ਲੋਭ ਕਰਿ ਕੋਈ। ਲੇਹੁ ਬਨਾਇ ਵਸਤੁ ਦਿਹੁ ਸੋਈ' ॥ ੩੪॥

"ਬੁਤਪ੍ਰਸਤੀ ਕਿਸੇ ਸਥਾਨ 'ਤੇ ਵੀ ਨਾ ਹੋਵੇ, ਮੰਦਰ ਢਾਹ ਦੇਵੋ ਤੇ ਦੁਬਾਰਾ ਕੋਈ ਨਾ ਬਣਾਵੇ। ਜੇ ਲੋਭ ਕਰਕੇ ਕੋਈ ਹਿੰਦੂ ਤੁਰਕ ਬਣ ਜਾਵੇ, ਉਸ ਨੂੰ ਮੂੰਹ ਮੰਗੀਆਂ ਸਾਰੀਆਂ ਵਸਤਾਂ ਦੇਵੋ।"

ਸਭਿ ਦੇਸ਼ਨਿ ਪਹੁਚੇ ਪਰਵਾਨੇ। ਸਨਮਾਨਤਿ ਸਿਰ ਪਰ ਧਰਿ ਮਾਨੇ।
ਸਕਲ ਦੇਸ਼ ਮਹਿਂ ਹਿੰਦੂ ਤ੍ਰਾਸੇ। ਗਹੈਂ ਓਜ ਤੇ ਧਰਮ ਬਿਨਾਸੇਂ॥ ੩੫॥

ਸਭ ਦੇਸ਼ਾਂ ਵਿਚ ਪ੍ਰਵਾਨੇ ਪਹੁੰਚ ਗਏ। ਉਹ ਹਾਕਮ ਸਨਮਾਨ ਨਾਲ ਸਿਰ 'ਤੇ ਧਰ ਕੇ ਮੰਨਦੇ ਸਨ। ਸਾਰੇ ਦੇਸ਼ ਵਿਚ ਹਿੰਦੂ ਡਰੇ ਹੋਏ ਸਨ। ਸ਼ਕਤੀ ਨਾਲ ਫੜ ਕੇ ਉਨ੍ਹਾਂ ਦੇ ਧਰਮ ਦਾ ਨਾਸ਼ ਕਰ ਦਿੰਦੇ ਸਨ॥੩੫॥

ਠਾਕੁਰ ਦ੍ਵਾਰੇ ਭਗਨ ਕਰੰਤੇ। ਪ੍ਰਤਿਮਾ ਫੇਰਹਿਂ ਕਿਤਹੂੰ ਗਿਰੰਤੇ।
ਨਹਿਂ ਬਸਿ ਚਲਹਿ ਰਹਹਿਂ ਪਛੁਤਾਈ। ਮੋਨ ਧਰਹਿਂ ਘਰਿ ਮਹਿਂ ਪ੍ਰਵਿਸ਼ਾਈ॥੩੬॥

ਠਾਕਰਦੁਆਰੇ ਢਾਹ ਦਿੰਦੇ ਸਨ, ਮੂਰਤੀਆਂ ਤੋੜ ਕੇ ਦੂਰ ਸੁੱਟ ਦਿੰਦੇ ਸਨ। ਕਿਸੇ ਦਾ ਵੀ ਵੱਸ ਨਹੀਂ ਸੀ ਚਲਦਾ, ਪਛੁਤਾਉਂਦੇ ਰਹਿੰਦੇ ਸਨ, ਚੁਪ ਰਹਿ ਕੇ ਘਰ ਅੰਦਰ ਦਾਖਲ ਹੋ ਜਾਂਦੇ ਸਨ॥੩੬॥

*ਨੌਵੀਂ ਰਾਸ ਦਾ ਤੀਹਵਾਂ ਅਧਿਆਇ ਸਮਾਪਤ ਹੋਇਆ॥੩੦॥*

## ਅਧਿਆਇ ਇਕੱਤੀਵਾਂ

### ਕਾਂਸ਼ੀ ਦੇ ਮੰਦਰਾਂ ਦੀ ਤਬਾਹੀ

ਦੋਹਰਾ- ਗਾਢੇ ਬਡੇ ਜੁ ਸ਼ਰ੍ਹਾ ਮਹਿਂ ਮਾਨੀ ਮੂਢ ਗਵਾਰ।
ਨੌਰੰਗ ਕੋ ਸਿਖਰਾਵਹੀਂ ਕਰਿ ਨਿਜ ਦੀਨ ਹੰਕਾਰ॥ ੧॥

ਅਭਿਮਾਨੀ ਮੂਰਖ ਗਵਾਰ ਜੋ ਸ਼ਰ੍ਹਾ ਵਿਚ ਬਹੁਤ ਕੱਟੜ ਸਨ, ਉਹ ਆਪਣੇ ਦੀਨ ਦਾ ਹੰਕਾਰ ਕਰਕੇ ਨੌਰੰਗੇ ਨੂੰ ਸਿਖਾਉਂਦੇ ਸਨ॥੨॥

ਚੌਪਈ-'ਕਿਨਹੂੰ ਨ ਇਨ ਕੇ ਪਾਜ ਉਘਾਰੇ। ਬਿਨ ਜਾਨੇ ਦੇਤੇ ਧਨ ਸਾਰੇ।
ਮਤਿ ਖੁਦਾਇ ਤੁਮਰੇ ਅਸ ਪਾਈ। ਜਿਸ ਤੇ ਛਾਨੀ ਬਾਤ ਨ ਕਾਈ॥੨॥

ਇਨ੍ਹਾਂ ਦੇ ਭੇਦ ਕਿਸੇ ਨੇ ਵੀ ਨਾ ਖੋਲ੍ਹੇ। ਜਾਣੇ ਬਗੈਰ ਹੀ ਉਨ੍ਹਾਂ ਨੂੰ ਸਾਰੇ ਧਨ ਦਿੰਦੇ ਸਨ। ਖ਼ੁਦਾ ਨੇ ਤੁਹਾਨੂੰ ਐਸੀ ਬੁੱਧੀ ਦਿੱਤੀ ਹੈ, ਜਿਸ ਪਾਸੋਂ ਕੋਈ ਗੱਲ ਵੀ ਲੁਕੀ ਹੋਈ ਨਹੀਂ ਹੈ॥੨॥

ਬੁਤਪ੍ਰਸਤੀ ਪਰ ਹੋਯਹੁ ਦੰਡ। ਜਹਿਂ ਕਹਿਂ ਰਾਵਰਿ ਹੁਕਮ ਪ੍ਰਚੰਡ।
ਭਯੋ ਤ੍ਰਾਸ ਹਿੰਦਵਾਨ ਬਿਸਾਲੇ। ਆਇ ਸ਼ਰ੍ਹਾ ਮਹਿਂ ਬਨੈਂ ਸੁਖਾਲੇ॥੩॥

ਬੁਤਪ੍ਰਸਤੀ ਕਰਨ ਵਾਲੇ ਨੂੰ ਸਜ਼ਾ ਮਿਲਦੀ ਹੈ, ਜਿਥੇ ਕਿਥੇ ਆਪ ਜੀ ਦਾ ਪ੍ਰਚੰਡ ਹੁਕਮ ਚਲਦਾ ਹੈ। ਹਿੰਦੂ ਸਾਰੇ ਬਹੁਤ ਡਰ ਗਏ ਹਨ। ਉਹ ਹੁਣ ਸ਼ਰ੍ਹਾ ਵਿਚ ਆ ਕੇ ਬਹੁਤ ਸੌਖੇ ਹੋ ਜਾਣਗੇ॥੩॥

ਸੁਜਸੁ ਬਿਲੰਦ ਆਪ ਕਹੁ ਹੋਵਾ। ਤੇਜ ਪ੍ਰਚੰਡ ਸਭਿਨਿ ਥਲ ਜੋਵਾ।
ਸੁਖ ਪਾਵੈਂ ਜੇ ਤੁਰਕ ਬਨੈਂਗੇ। ਬਿਨਾ ਬਨੇ ਬਹੁ ਬ੍ਰਿਥਾ ਬਹੈਂਗੇ॥ ੪॥

ਆਪ ਜੀ ਦਾ ਸ੍ਰੇਸ਼ਟ ਜਸ ਬਹੁਤ ਉੱਚਾ ਹੋਇਆ ਹੈ। ਆਪ ਜੀ ਦਾ ਤੇਜ ਪ੍ਰਚੰਡ ਸਭ ਥਾਂ ਵੇਖਿਆ ਜਾਂਦਾ ਹੈ। ਜਿਹੜੇ ਤੁਰਕ ਬਣਨਗੇ ਉਹ ਸੁਖ ਪਾਉਣਗੇ, ਬਣਨ ਤੋਂ ਬਗੈਰ ਵਿਅਰਥ ਵਹਿਣਗੇ॥੪॥

ਇਕ ਮਕਾਨ ਹਿੰਦੁਨਿ ਕੋ ਭਾਰੋ। ਕਾਸ਼ੀ ਨਾਮ ਮਹਿਦ ਬਿਸਤਾਰੋ।
ਖਰੇ ਸੈਂਕਰੇ ਠਾਕੁਰ ਦ੍ਵਾਰੇ। ਬੁਤ ਪ੍ਰਸਤੀ ਨਰ ਕਰਤਿ ਅਪਾਰੇ॥ ੫॥

ਇਕ ਸਥਾਨ ਹਿੰਦੂਆਂ ਦਾ ਬਹੁਤ ਭਾਰਾ ਹੈ। ਉਸ ਦਾ ਕਾਂਸੀ ਨਾਮ ਬਹੁਤ ਫੈਲਿਆ ਹੋਇਆ ਹੈ। ਉਥੇ ਸੈਂਕੜੇ ਠਾਕਰ-ਦੁਆਰੇ ਖੜੇ ਹਨ। ਉਥੋਂ ਦੇ ਮਨੁੱਖ ਬਹੁਤ ਬੁਤਪ੍ਰਸਤੀ ਕਰਦੇ ਹਨ॥੫॥

ਆਪ ਚਲਹੁ ਤਹਿਂ ਪਿਖਹੁ ਪਖੰਡ। ਮੇਟਹੁ ਦੀਜੈ ਦੰਡ ਪ੍ਰਚੰਡ।
ਤਹਿਂ ਹਿੰਦੁਨਿ ਕੋ ਧਰਮ ਬਿਨਾਸ਼ਹੁ। ਚਲਨਿ ਸ਼ਰ੍ਹਾ ਮਹਿਂ ਬਿਖੇ ਪ੍ਰਕਾਸ਼ਹੁ॥੬॥

ਆਪ ਚਲ ਕੇ ਉਨ੍ਹਾਂ ਦਾ ਪਖੰਡ ਵੇਖੋ। ਪ੍ਰਚੰਡ ਦੰਡ ਦੇ ਕੇ ਉਨ੍ਹਾਂ ਨੂੰ ਖ਼ਤਮ ਕਰ ਦੇਵੋ। ਉਨ੍ਹਾਂ ਹਿੰਦੂਆਂ ਦਾ ਧਰਮ ਨਾਸ਼ ਕਰ ਦੇਵੋ, ਸ਼ਰ੍ਹਾ ਵਿਚ ਚਲਣ ਦਾ ਉਨ੍ਹਾਂ ਨੂੰ ਗਿਆਨ ਦੇਵੋ॥੬॥

ਸੋ ਮਕਾਨ ਜੇ ਦੇਹੁ ਬਿਗਾਰ। ਬਨਹਿਂ ਤੁਰਕ ਸਭਿ ਦਿਸ਼ਿ ਤੇ ਹਾਰਿ।
ਸੁਨਤਿ ਸ਼ਾਹੁ ਮਨ ਮੋਦ ਉਪਾਵਾ। ਤਹਾਂ ਚਲਨਿ ਕਹੁ ਕਰਜੋ ਉਪਾਵਾ॥੭॥

ਉਨ੍ਹਾਂ ਦੇ ਮੰਦਰ ਜੇ ਵਿਗਾੜ ਦੇਵੋਗੇ ਤਾਂ ਉਹ ਸਭ ਪਾਸਿਆਂ ਤੋਂ ਹਾਰ ਕੇ ਮੁਸਲਮਾਨ ਬਣ ਜਾਣਗੇ।" ਇਹ ਸੁਣ ਬਾਦਸ਼ਾਹ ਮਨ ਵਿਚ ਬਹੁਤ ਪ੍ਰਸੰਨ ਹੋਇਆ ਤੇ ਉਥੇ ਚਲਣ ਦਾ ਉਪਾਅ ਕੀਤਾ॥੭॥

ਗਜ ਬਾਜੀ ਪੈਦਲ ਸੰਗ ਘਨੇ। ਲਸ਼ਕਰ ਚਲਜੋ ਦੀਹ, ਕੋ ਗਨੇ।
ਕ੍ਰਮ ਕ੍ਰਮ ਮਾਰਗ ਉਲੰਘਜੋ ਸਾਰੋ। ਕਾਂਸ਼ੀ ਪਹੁੰਚਜੋ ਸਿਵਰ ਉਤਾਰੋ॥੮॥

ਹਾਥੀ, ਘੋੜੇ ਤੇ ਨਾਲ ਬਹੁਤ ਪੈਦਲ ਸੈਨਾ ਲੈ ਲਈ। ਏਨਾ ਲਸ਼ਕਰ ਚਲ ਪਿਆ ਕਿ ਕੌਣ ਉਸਦੀ ਗਿਣਤੀ ਕਰੇ। ਹੌਲੀ-ਹੌਲੀ ਉਹ ਸਾਰਾ ਰਾਹ ਲੰਘ ਗਏ। ਕਾਂਸ਼ੀ ਪਹੁੰਚ ਕੇ ਤੰਬੂ ਲਗਾ ਕੇ ਡੇਰਾ ਲਾ ਲਿਆ॥੮॥

ਸੁਨਿ ਸੁਨਿ ਹਿੰਦੁਨਿ ਕੋ ਸਮੁਦਾਯਾ। ਮਹਾਂ ਤ੍ਰਾਸ ਧਰਿ ਧਰਿ ਬਿਕੁਲਾਯਾ।
ਦੁਰਿ ਦੁਰਿ ਜਾਹਿਂ ਸਦਨ ਸਭਿ ਅਪਨੇ। ਹੇ ਪ੍ਰਭੁ! ਇਸੈ ਦਿਖਾਉ ਨ ਸੁਪਨੇ॥੯॥

ਹਿੰਦੂਆਂ ਦੇ ਸਮੂਹ ਸੁਣ ਸੁਣ ਕੇ ਮਹਾਨ ਡਰਦੇ ਮਾਰੇ ਵਿਆਕੁਲ ਹੋ ਗਏ। ਸਾਰੇ ਆਪਣੇ ਆਪਣੇ ਘਰਾਂ ਵਿਚ ਲੁਕ ਗਏ ਤੇ ਪ੍ਰਭੂ ਅੱਗੇ ਬੇਨਤੀਆਂ ਕਰਨ ਲੱਗੇ, "ਹੇ ਪ੍ਰਭੂ! ਇਸ ਨੂੰ ਸੁਪਨੇ ਵਿਚ ਵੀ ਸਾਨੂੰ ਨਾ ਵਿਖਾਓ॥੯॥

ਘਰ ਤੁਰਕਨਿ ਤੇ ਹੋਤਿ ਬਧਾਈ। ਮਿਲਿ ਮਿਲਿ ਕਰਹਿਂ 'ਦੀਨ ਬਿਰਧਾਈ।
ਨੌਰੰਗ ਸ਼ਾਹਿ ਸ਼ਰ੍ਹਾ ਮਹਿਂ ਗਾਢੋ। ਜਿਸ ਤੇ ਤੁਰਕਾਨਾ ਬਹੁ ਬਾਢੋ॥੧੦॥

ਤੁਰਕਾਂ ਦੇ ਘਰਾਂ ਵਿਚ ਵਾਧਾ ਹੁੰਦਾ ਹੈ ਤੇ ਮਿਲ-ਮਿਲ ਕੇ ਆਪਣੇ ਦੀਨ ਨੂੰ ਵਧਾਉਂਦੇ ਹਨ। ਬਾਦਸ਼ਾਹ ਨੌਰੰਗਾ ਸ਼ਰ੍ਹਾ ਵਿਚ ਬਹੁਤ ਕੱਟੜ ਹੈ ਜਿਸ ਕਰਕੇ ਤੁਰਕ ਬਹੁਤ ਵਧੇ ਹਨ"॥੧੦॥

ਏਕ ਨਿਸਾ ਕਰਿ ਕੈ ਬਿਸਰਾਮੂ। ਪ੍ਰਵਿਸ਼ਜੋ ਅੰਤਰ ਪੁਰਿ ਅਭਿਰਾਮੂ।
ਥਾਨ ਥਾਨ ਜਹਿਂ ਪੁੰਜ ਸ਼ਿਵਾਲੇ। ਬਾਜੈਂ ਘੰਟੇ ਸੰਖ ਬਿਸਾਲੇ॥ ੧੧॥

ਇਕ ਰਾਤ ਵਿਸਰਾਮ ਕਰਕੇ ਅਗਲੇ ਦਿਨ ਸੁੰਦਰ ਨਗਰੀ ਵਿਚ ਪ੍ਰਵੇਸ਼ ਕਰ ਗਿਆ। ਥਾਂ ਥਾਂ ਜਿਥੇ ਸ਼ਿਵਾਲਿਆਂ ਦੇ ਸਮੂਹ ਸਨ, ਉਥੇ ਵਿਸ਼ਾਲ ਸੰਖ ਤੇ ਘੰਟੇ ਵੱਜ ਰਹੇ ਸਨ॥੧੧॥

ਕਰਹਿਂ ਆਰਤੀ ਕੇਰ ਉਤਾਰਨਿ। ਪੁਸ਼ਪ ਪੱਤ੍ਰ ਪੂਜਾ ਬਿਸਥਾਰਨਿ।
ਗਾਇਂ ਬਿਸ਼ਨਪਦ ਬਾਦਿਤ ਬਾਜਹਿਂ। ਗਨ ਮੰਦਿਰ ਉਤਸਾਹਨਿ ਸਾਜਹਿਂ॥੧੨॥

ਆਰਤੀ ਉਤਾਰਦੇ ਸਨ ਤੇ ਫੁੱਲ ਪੱਤਿਆਂ ਨਾਲ ਪੂਜਾ ਦਾ ਵਿਸਥਾਰ ਕਰਦੇ ਸਨ। ਵਾਜੇ ਵੱਜਦਿਆਂ ਬਿਸ਼ਨਪਦੇ ਗਾਉਂਦੇ ਸਨ, ਮੰਦਰਾਂ ਨੂੰ ਬੜੇ ਉਤਸ਼ਾਹ ਨਾਲ ਬਹੁਤ ਸਜਾਉਂਦੇ ਸਨ॥੧੨॥

ਕੇਤਿਕ ਥਾਨ ਪੁਰਾਨਨਿ ਬਾਚਹਿਂ। ਸੁਨਿ ਸੁਨਿ ਨਰ ਉਰ ਸ਼ਰਧਾ ਰਾਚਹਿਂ।
ਬੇਦ ਘੋਖਿ ਪਾਵਨ ਕਹੁ ਕਰਿਹੀਂ। ਹਾਥਨਿ ਕੇ ਬਹੁ ਭਾਵ ਉਸਰਹੀਂ ॥ ੧੩ ॥

ਕਈ ਥਾਵਾਂ 'ਤੇ ਪੁਰਾਣ ਪੜ੍ਹਦੇ ਸਨ, ਮਨੁੱਖ ਸੁਣ ਸੁਣ ਕੇ ਦਿਲ ਵਿਚ ਸ਼ਰਧਾ ਧਾਰਨ ਕਰਦੇ ਸਨ। ਪਵਿੱਤਰ ਵੇਦ ਧੁਨੀ ਨੂੰ ਕਰਦੇ ਸਨ, ਤੇ ਹੱਥਾਂ ਨਾਲ ਬਹੁਤ ਭਾਵ ਉਸਾਰਦੇ ਸਨ॥੧੩॥

ਦਿਜ ਬਾਹਜ ਬਹੁ ਬੈਸ ਸ਼ੂਦ੍ਰਗਨ। ਹਿੰਦੁ ਧਰਮ ਸਭਿ ਕਰਹਿਂ ਭਲੇ ਮਨ।
ਬਿੱਸ੍ਰੂਨਾਥ ਸਰਬੋਤਮ ਜਹਾਂ। ਪੂਜਾ ਅਧਿਕ ਹੋਤਿ ਹੈ ਤਹਾਂ॥ ੧੪ ॥

ਬ੍ਰਾਹਮਣ, ਖੱਤਰੀ, ਵੈਸ਼ ਅਤੇ ਸਾਰੇ ਸੂਦਰ ਹਿੰਦੂ ਧਰਮ ਨੂੰ ਭਲੀ ਤਰ੍ਹਾਂ ਮੰਨਦੇ ਸਨ। ਜਿਥੇ ਸਰਬ ਉੱਤਮ ਵਿਸ਼ਵਾਨਾਥ ਦਾ ਮੰਦਰ ਹੈ, ਉਥੇ ਉਸ ਦੀ ਬਹੁਤ ਪੂਜਾ ਹੁੰਦੀ ਹੈ॥੧੪॥

ਲੋਕ ਹਜ਼ਾਰਹੁ ਆਇ ਪ੍ਰਭਾਤੀ। ਬੰਦਤਿ ਪੂਜਤਿ ਹੈਂ ਬਹੁ ਭਾਂਤੀ।
ਬਿੱਲ ਪੱਤ੍ਰ ਅਰੁ ਅਰਕ ਦਲਨਿ ਤੇ। ਕਨਕਪੱਤ੍ਰ ਬਹੁ ਫੂਲ ਫਲਨਿ ਤੇ ॥ ੧੫ ॥

ਹਜ਼ਾਰਾਂ ਲੋਕ ਸਵੇਰੇ ਆ ਜਾਂਦੇ ਹਨ, ਉਹ ਬਹੁਤ ਪ੍ਰਕਾਰ ਬੰਦਨਾ ਤੇ ਪੂਜਾ ਕਰਦੇ ਹਨ। ਬਿੱਲ ਦੇ ਪੱਤਿਆਂ, ਅੱਕ ਦੇ ਪੱਤਿਆਂ, ਧਤੂਰੇ ਦੇ ਪੱਤਿਆਂ, ਬਹੁਤ ਫੁੱਲਾਂ ਅਤੇ ਫਲਾਂ ਨਾਲ ਪੂਜਾ ਕਰਦੇ ਹਨ॥੧੫॥

ਸ੍ਰੀ ਗੰਗਾ ਜਲ ਅਤਿਸ਼ੈ ਪਾਵਨ। ਭਰਿ ਭਰਿ ਲੋਟੇ ਕਰਹਿਂ ਸੁ ਪਾਵਨਿ।
ਦੇਵਹਿਂ ਧੂਪ ਪ੍ਰਕਰਮਾ ਕਰਿ ਕਰਿ। ਅਜ ਸਮ ਬੋਲਹਿਂ ਮੁਖ ਪਰ ਕਰ ਧਰਿ ॥੧੬ ॥

ਸ੍ਰੀ ਗੰਗਾ ਜੀ ਦਾ ਜਲ ਬਹੁਤ ਪਵਿੱਤਰ ਹੈ। ਉਸ ਦੇ ਲੋਟੇ ਭਰ ਭਰ ਕੇ ਪਾਉਂਦੇ ਹਨ। ਪਰਿਕਰਮਾਂ ਕਰ ਕਰ ਕੇ ਧੂਪ ਧੁਖਾਉਂਦੇ ਹਨ ਤੇ ਮੂੰਹ 'ਤੇ ਹੱਥ ਰੱਖ ਕੇ ਬਕਰੇ ਬੁਲਾਉਂਦੇ ਹਨ, ਕਿਉਂਕਿ ਸ਼ਿਵ ਮੰਦਰ ਵਿਚ ਇਸ ਤਰ੍ਹਾਂ ਕਰਨਾ ਪੁੰਨ ਸਮਝਦੇ ਹਨ॥੧੬॥

ਸਭਿ ਮੰਦਿਰ ਕੋ ਸੁਭ ਸਿਰ ਮੌਰ। ਜਿਹ ਠਾਂ ਤੁੰਗ ਲਿੰਗ ਸਿਰ ਮੌਰ।
ਪ੍ਰਥਮ ਨੁਰੰਗਾ ਤਹਿਂ ਚਲਿ ਗਯੋ। ਬ੍ਰਿੰਦ ਨਰਨਿ ਕਹੁ ਦੇਖਤਿ ਭਯੋ॥ ੧੭ ॥

ਸਭ ਮੰਦਰਾਂ ਵਿਚੋਂ ਇਹ ਸ਼ੁਭ ਅਤੇ ਸ਼੍ਰੋਮਣੀ ਮੰਨਿਆ ਜਾਂਦਾ ਹੈ ਜਿਸ ਵਿਚ ਵੱਡਾ ਸ਼੍ਰੋਮਣੀ ਲਿੰਗ ਹੈ। ਨੌਰੰਗਾ ਪਹਿਲਾਂ ਉਥੇ ਚਲ ਕੇ ਗਿਆ, ਬਹੁਤ ਲੋਕਾਂ ਨੂੰ ਉਸ ਵੇਖਿਆ॥੧੭॥

ਤਬਿ ਸੋ ਲਿੰਗ ਉਖਰ ਕਰਿ ਉਛਰਯੋ। ਗਯਾਨ ਕੂਪ ਮੈਂ ਤੂਰਨ ਪਰਯੋ।
ਤੁਰਕ ਦੁਸ਼ਟ ਕੇ ਜਾਨੇ ਕਰਿ ਕੈ। ਲਖਿ ਤਪ ਤੇਜ ਰਹਯੋ ਨਹਿਂ ਥਿਰ ਕੈ ॥੧੮ ॥

ਤਦ ਉਹ ਲਿੰਗ ਉਖੜ ਕੇ ਉਛਲਿਆ ਤੇ ਤੁਰਤ ਖੂਹ ਵਿਚ ਜਾ ਡਿੱਗਾ। ਦੁਸ਼ਟ ਤੁਰਕ ਦੇ ਜਾਣ ਕਰਕੇ ਤੇ ਉਸ ਦਾ ਤਪ ਤੇਜ ਵੇਖ ਕੇ ਸਥਿਰ ਨਾ ਰਿਹਾ॥੧੮॥

*ਨੋਟ: ਸ਼ਿਵ ਜੀ ਦੇ ਪੁਜਾਰੀ ਇਸ ਤਰ੍ਹਾਂ ਹੀ ਕਹਿੰਦੇ ਹਨ। ਕਵੀ ਜੀ ਨੇ ਉਨ੍ਹਾਂ ਪਾਸੋਂ ਸੁਣਕੇ ਇਸ ਤਰ੍ਹਾਂ ਲਿਖਿਆ ਹੈ। ਇਹ ਵੀ ਸੰਭਵ ਹੈ ਕਿ ਜਦ ਉਪਾਸ਼ਕਾਂ ਨੇ ਔਰੰਗਜ਼ੇਬ ਦੇ ਆਉਣ ਬਾਰੇ ਸੁਣਿਆ ਹੋਵੇ ਤਾਂ ਉਨ੍ਹਾਂ ਨੇ ਸ਼ਿਵਲਿੰਗ ਨੂੰ ਚੁੱਕ ਕੇ ਖੂਹ ਵਿਚ ਸੁੱਟ ਦਿੱਤਾ ਹੋਵੇ।*

ਜਿਮ ਰਾਵਣ ਤੇ ਟਰਿ ਕਰਿ ਰਹੇ। ਬ੍ਰਹਮਾ ਬਿਸ਼ਨੁ ਆਦਿ ਜੇ ਅਹੇ।
ਜਬਹਿ ਸਮੇਂ ਤਿਸ ਨਾਸ਼ਨਿ ਹੋਵਾ। ਰਾਮਚੰਦ ਤਨ ਧਰਿ ਸੋ ਖੋਵਾ॥ ੧੯ ॥

ਜਿਵੇਂ ਬ੍ਰਹਮਾ ਵਿਸ਼ਨੂੰ ਆਦਿ ਸਨ, ਉਹ ਰਾਵਨ ਤੋਂ ਟਲ ਕੇ ਰਹੇ ਸਨ, ਉਸ ਦੇ ਸਾਹਮਣੇ ਨਹੀਂ ਸੀ ਹੁੰਦੇ, ਜਦ ਉਸ ਦੇ ਨਾਸ਼ ਹੋਣ ਦਾ ਸਮਾਂ ਆਇਆ, ਰਾਮ ਚੰਦਰ ਦਾ ਸਰੀਰ ਧਾਰ ਕੇ ਉਸਨੂੰ ਮਾਰ ਦਿੱਤਾ॥੧੯॥

ਤਿਮ ਮਲੇਛ ਨੌਰੰਗ ਕੇ ਗਏ। ਬਿੱਸ੍ਵਨਾਥ ਥਲ ਤਜਾਗਤਿ ਭਏ।
ਅਪਰ ਜਿ ਪ੍ਰਤਿਮਾ ਸਗਲ ਬਿਦਾਰੀ। ਅੰਗ ਭੰਗ ਕਰਿ ਕਿਤ ਕਿਤ ਡਾਰੀ॥੨੦॥

ਉਸ ਤਰ੍ਹਾਂ ਮਲੇਛ ਨੌਰੰਗੇ ਦੇ ਜਾਣ ਨਾਲ, ਵਿਸ਼ਵਨਾਥ ਸਥਾਨ ਛੱਡ ਕੇ ਚਲੇ ਗਏ। ਹੋਰ ਜਿਹੜੀਆਂ ਮੂਰਤੀਆਂ ਸਨ, ਸਾਰੀਆਂ ਤੋੜ ਦਿੱਤੀਆਂ ਤੇ ਉਨ੍ਹਾਂ ਦੇ ਅੰਗ ਤੋੜ ਕੇ ਦੂਰ-ਦੂਰ ਸੁੱਟ ਦਿੱਤੇ॥੨੦॥

ਜਹਿਂ ਭੈਰਵ ਕੋ ਹੁਤੋ ਸਥਾਨੇ। ਲਠ ਠਾਂਢੀ ਗਾਢੀ ਜਨ ਮਾਨੇ।
ਦੁਸ਼ਟਨਿ ਭਨਜੋ ਨੁਰੰਗੇ ਸੰਗ। 'ਇਹ ਕਜਾ ਪਾਥਰ ਖਰੇ ਉਤੰਗ?' ॥੨੧॥

ਜਿਥੇ ਭੈਰਵ ਦਾ ਸਥਾਨ ਸੀ, ਜਿਸ ਨੂੰ ਲੋਕ ਗਡੀ ਹੋਈ ਲਾਠੀ ਮੰਨਦੇ ਸਨ। ਦੁਸ਼ਟਾਂ ਨੇ ਨੌਰੰਗੇ ਨੂੰ ਕਿਹਾ, "ਇਹ ਪੱਥਰ ਕੀ ਹੈ ਜਿਹੜਾ ਸਿੱਧਾ ਖੜਾ ਹੈ?"॥੨੧॥

'ਲਠ ਭੈਰਵ ਕੀ' ਸਕਲ ਬਖਾਨੇ। 'ਹਿੰਦੂ ਦੇਤਿ ਦਰਬ ਬਹੁ ਮਾਨੇ।
ਆਪ ਕਰਹੁ ਅਵਿਲੋਕਨਿ ਠੌਰ। ਉਚਿਤ ਭਗਨਿ ਕੇ ਲਖਿ, ਦਿਹੁ ਫੋਰਿ' ॥੨੨॥

ਸਾਰਿਆਂ ਨੇ ਕਿਹਾ, "ਇਹ ਭੈਰਵ ਦੀ ਲਾਠੀ ਹੈ, ਹਿੰਦੂ ਇਸ ਨੂੰ ਧਨ ਦਿੰਦੇ ਹਨ ਅਤੇ ਬਹੁਤ ਮੰਨਦੇ ਹਨ, ਆਪ ਖੜੇ ਹੋ ਕੇ ਇਸ ਨੂੰ ਵੇਖੋ, ਜੇ ਤੋੜਨ ਦੇ ਉਚਿਤ ਹੋਵੇ ਤਾਂ ਇਸ ਨੂੰ ਭੰਨ ਦੇਵੋ"॥੨੨॥

ਸੁਨਿ ਤੁਰਕੇਸ਼ ਗਯੋ ਤਿਸ ਥਾਨ। ਲਠ ਅਵਿਲੋਕੀ ਖਰੀ ਮਹਾਨ।
ਊਚੀ ਅਧਿਕ ਸੁ ਗਾਢੀ ਠਾਢੀ। ਬਹੁਤ ਮਹਾਤਮ ਮਹਿਮਾ ਬਾਢੀ॥੨੩॥

ਇਹ ਸੁਣ ਕੇ ਬਾਦਸ਼ਾਹ ਲਾਠੀ ਵਾਲੇ ਸਥਾਨ ਦੇ ਪਾਸ ਗਿਆ ਤੇ ਮਹਾਨ ਖੜੀ ਲਾਠੀ ਨੂੰ ਵੇਖਿਆ। ਉਹ ਬਹੁਤ ਉੱਚੀ ਸੀ ਤੇ ਗੱਡੀ ਹੋਈ ਖੜੀ ਸੀ, ਤੇ ਉਸ ਦਾ ਵੱਡਾ ਮਹਾਤਮ ਅਤੇ ਮਹਿਮਾ ਵਧੀ ਹੋਈ ਸੀ॥੨੩॥

ਜਰ ਨਹਿਂ ਸਕਜੋ ਜਰਜੋ ਮਤਿ ਮੰਦ। ਤਤਛਿਨ ਦੀਨਸਿ ਹੁਕਮ ਬਿਲੰਦ।
'ਖੰਡ ਖੰਡ ਇਸ ਕੇ ਕਰਿਵਾਵਹੁ। ਫੋਰਿ ਫੋਰਿ ਕਰਿ ਅਵਨਿ ਮਿਲਾਵਹੁ॥੨੪॥

ਉਸ ਨੂੰ ਵੇਖ ਨੌਰੰਗਾ ਬਰਦਾਸ਼ਤ ਨਾ ਕਰ ਸਕਿਆ ਤੇ ਮਾੜੀ ਮੱਤ ਵਾਲਾ ਵੇਖ ਕੇ ਸੜ ਗਿਆ ਤੇ ਤੁਰਤ ਉਸ ਵੱਡਾ ਹੁਕਮ ਕੀਤਾ, "ਇਸ ਨੂੰ ਟੋਟੇ ਟੋਟੇ ਕਰਵਾ ਦੇਵੋ, ਤੋੜ ਤੋੜ ਕੇ ਧਰਤੀ ਨਾਲ ਮਿਲਾ ਦੇਵੋ"॥੨੪॥

ਜਰ ਖਨਵਾਵਹੁ ਜਹਿਂ ਲਗਿ ਅਹੈ। ਕਰਹੁ ਉਖਾਰਨਿ ਫੇਰ ਨ ਰਹੈ'।
ਇਮ ਭਨਿ ਨੌਰੰਗ ਪੁਨ ਬੀਚਾਰੋ। ਕਹਜੋ 'ਤੋਪ ਸੰਗ ਗੋਰੇ ਮਾਰੋ॥੨੫॥

ਇਸ ਦੀ ਜੜ੍ਹ ਪੁਟਵਾਵੋ ਜਿਥੋਂ ਤਕ ਹੈ, ਉਸ ਨੂੰ ਉਖਾੜ ਦੇਵੋ, ਤਾਂਕਿ ਦੁਬਾਰਾ ਨਾ ਰਹੇ। ਇਸ ਤਰ੍ਹਾਂ ਕਹਿ ਕੇ ਨੌਰੰਗੇ ਨੇ ਫਿਰ ਵਿਚਾਰ ਕੀਤੀ ਤੇ ਕਿਹਾ, "ਤੋਪ ਨਾਲ ਇਸ ਨੂੰ ਗੋਲੇ ਮਾਰੋ॥੨੫॥

ਟੂਟ ਪਰੈ ਜਬਿ ਅਵਨੀ ਮਾਹਿ। ਪੁਨ ਖਨਵਾਹਿਂ ਜਹਾਂ ਲਗਿ ਜਾਹਿ'।
ਹੁਕਮ ਸੁਨਤਿ ਤੂਰਨ ਤੁਰਕਾਨਾ। ਗਏ ਧਾਇ ਕਰਿ ਹਰਖ ਮਹਾਨਾ॥੨੬॥

ਜਦ ਟੁੱਟ ਕੇ ਧਰਤੀ ਉੱਤੇ ਡਿੱਗ ਪਵੇ, ਫਿਰ ਜੜ੍ਹ ਪੁਟਾਵੋ ਜਿਥੋਂ ਤਕ ਇਸ ਦੀ ਜੜ੍ਹ ਧਰਤੀ ਅੰਦਰ ਜਾਂਦੀ ਹੈ।" ਨੌਰੰਗੇ ਦਾ ਹੁਕਮ ਸੁਣਕੇ ਤੁਰਤ ਤੁਰਕ ਮਹਾਨ ਪ੍ਰਸੰਨ ਹੋ ਕੇ ਭੱਜ ਪਏ॥੨੬॥

ਦੀਰਘ ਤੋਪ ਤਹਾਂ ਲੈ ਆਏ। ਸਹਿਤ ਸਮਾਜ ਸ਼ਾਹੁ ਜਿਸ ਥਾਏ।
ਬਹੁ ਬਰੂਦ ਕੀ ਭਰਿ ਭਰਿ ਥੈਲੀ। ਗਜ ਸੋਂ ਠੋਕਿ ਤੋਪ ਮਹਿਂ ਮੇਲੀ॥੨੭॥

ਵੱਡੀ ਤੋਪ ਉਥੇ ਲੈ ਕੇ ਆ ਗਏ। ਸਾਜ਼ੋ-ਸਾਮਾਨ ਦੇ ਸਹਿਤ ਜਿਸ ਥਾਂ ਬਾਦਸ਼ਾਹ ਖੜਾ ਸੀ, ਉਥੇ ਬਹੁਤ ਬਰੂਦ ਦੀਆਂ ਥੈਲੀਆਂ ਭਰ ਭਰ ਗਜ਼ਾਂ ਨਾਲ ਠੋਕ ਕੇ ਤੋਪ ਵਿਚ ਪਾਈਆਂ॥੨੭॥

ਅਧਿਕ ਭਾਰਿ ਅਜਮਯ ਬਡ ਗੋਰਾ। ਭਰਯੋ ਤਯਾਰ ਕਰਿ ਲਠ ਮੁਖ ਓਰਾ।
ਲਈ ਜ੍ਵਲਤਿ ਜੁਤਿ ਅਗਨਿ ਮਤਾਬੀ। ਭਰਯੋ ਪਲੀਤਾ ਮਿਲਤਿ ਸ਼ਿਤਾਬੀ॥੨੮॥

ਬਹੁਤ ਭਾਰਾ ਲੋਹੇ ਦਾ ਗੋਲਾ ਵਿਚ ਪਾਇਆ, ਤਿਆਰ ਕਰਕੇ ਭਰਿਆ ਤੇ ਤੋਪ ਦਾ ਮੂੰਹ ਲਾਠੀ ਵੱਲ ਕੀਤਾ। ਫਿਰ ਅੱਗ ਨਾਲ ਜੱਗਦੀ ਹੋਈ ਮਤਾਬੀ ਲਾਈ, ਪਲੀਤਾ ਭਰ ਕੇ ਤੁਰਤ ਮੇਲ ਦਿੱਤਾ॥੨੮॥

ਛੂਟੀ ਗਰਜ ਜਨੁ ਗਾਜ ਪਰੀ ਹੈ। ਧਰਕਤਿ ਉਰ ਜਿਸ ਸ੍ਰਵਨ ਕਰੀ ਹੈ।
ਇਕ ਗੋਰਾ ਜਬਿ ਲਠ ਕੋ ਮਾਰਾ। ਦੂਸਰ ਕਰਯੋ ਤਯਾਰ ਬਡ ਭਾਰਾ॥ ੨੯॥

ਇਸ ਤਰ੍ਹਾਂ ਬੜੀ ਉੱਚੀ ਗਰਜ ਕੇ ਚਲੀ, ਮਾਨੋਂ ਬਿਜਲੀ ਡਿੱਗੀ ਹੋਵੇ। ਜਿਨ੍ਹਾਂ ਨੇ ਆਵਾਜ਼ ਕੰਨਾਂ ਨਾਲ ਸੁਣੀ ਉਨ੍ਹਾਂ ਦੇ ਹਿਰਦੇ ਧੜਕ ਉਠੇ। ਇਕ ਗੋਲਾ ਜਦ ਲੱਠ ਨੂੰ ਮਾਰਿਆ ਅਤੇ ਦੂਸਰਾ ਵੱਡਾ ਭਾਰਾ ਗੋਲਾ ਹੋਰ ਤਿਆਰ ਕੀਤਾ॥੨੯॥

ਨਰ ਸੰਘੱਟ ਅਧਿਕ ਤਿਸ ਠੋਰ। ਪਿਖਹਿਂ ਖਰੇ ਇਕ ਨਿਕਸਯੋ ਭੌਰ।
ਸ਼ਾਹ ਸਮਾਜ ਸਾਥ ਜਹਿਂ ਠਾਢੇ। ਕਰਹਿ ਬਿਲੋਕਨਿ ਦੁਸ਼ਟ ਜੁ ਗਾਢੇ॥ ੩੦॥

ਉਸ ਥਾਂ ਮਨੁੱਖਾਂ ਦੀ ਵੱਡੀ ਭੀੜ ਖੜੀ ਸੀ। ਉਹ ਖੜੇ ਵੇਖ ਰਹੇ ਸਨ ਕਿ ਇਕ ਕਾਲੇ ਰੰਗ ਦਾ ਭੂੰਡ ਨਿਕਲਿਆ। ਬਾਦਸ਼ਾਹ ਜਿਥੇ ਆਪਣੇ ਸਾਜ਼ੋ-ਸਾਮਾਨ ਸਹਿਤ ਖੜਾ ਸੀ, ਉਹ ਦੁਸ਼ਟ ਉਥੇ ਖੜਾ ਵੇਖ ਰਿਹਾ ਸੀ॥੩੦॥

ਗੁੰਜਾਰਤਿ ਕਰਿ ਬੇਗ ਬਿਸਾਲਾ। ਗਯੋ ਨੁਰੰਗੇ ਨਿਕਟਿ ਕਰਾਲਾ।
ਲਠ ਤੇ ਨਿਕਸਿ ਉਡਤਿ ਭਾ ਐਸੇ। ਛੂਟਹਿ ਬਾਨ ਧਨੁਖ ਤੇ ਜੈਸੇ॥ ੩੧॥

ਗੂੰਜਦਾ ਹੋਇਆ ਭੂੰਡ ਬੜੀ ਤੇਜ਼ੀ ਨਾਲ ਫਿਰ ਰਿਹਾ ਸੀ। ਉਹ ਵਿਕਰਾਲ ਭੂੰਡ ਫਿਰ ਨੌਰੰਗੇ ਦੇ ਪਾਸ ਚਲਾ ਗਿਆ। ਲੱਠ ਵਿਚੋਂ ਨਿਕਲ ਕੇ ਇਸ ਤਰ੍ਹਾਂ ਉਡਿਆ ਜਿਵੇਂ ਧਨੁੱਖ ਵਿਚੋਂ ਤੀਰ ਨਿਕਲਿਆ ਹੋਵੇ॥੩੧॥

ਤੁਰਕੇਸ਼ੁਰ ਕੇ ਸਨਮੁਖ ਗਯੋ। ਲਗਯੋ ਬਦਨ ਪਰ ਬਾਢਨਿ ਕਯੋ।
ਬੁਰਕ ਭਰਯੋ ਤਿਸ ਆਮਿਖ ਕੇਰਾ। ਜਿਸ ਤੇ ਉਪਜਯੋ ਕਸ਼ਟ ਬਡੇਰਾ॥ ੩੨॥

ਨੌਰੰਗੇ ਦੇ ਸਾਹਮਣੇ ਗਿਆ ਤੇ ਮੂੰਹ ਨੂੰ ਜਾ ਲੱਗਾ ਤੇ ਉਸ ਨੂੰ ਕੱਟ ਲਿਆ ਤੇ ਉਸ ਦੇ ਮਾਸ ਦਾ ਇਕ ਬੁਰਕ ਭਰਿਆ, ਜਿਸ ਨਾਲ ਨੌਰੰਗੇ ਨੂੰ ਬਹੁਤ ਪੀੜ ਹੋਈ॥੩੨॥

ਬਲ ਤੇ ਹਤਯੋ ਹਾਥ ਤਿਸ ਤਾਂਈ। ਲਗਨਿ ਨ ਪਾਯੋ ਉਡਯੋ ਪਲਾਈ।
ਮੁਖ ਸਗਰੇ ਪਰ ਸੋਜ ਬਢੀ ਹੈ। ਬਸ ਨ ਬਸਾਵੈ ਬ੍ਰਿਥਾ ਬਢੀ ਹੈ॥ ੩੩॥

ਨੌਰੰਗੇ ਨੇ ਬੜੇ ਜ਼ੋਰ ਨਾਲ ਉਸ ਨੂੰ ਹੱਥ ਮਾਰਿਆ, ਪਰ ਉਸ ਨੂੰ ਹੱਥ ਨਾ ਲੱਗਾ ਤੇ ਉਹ ਉੱਡ ਕੇ ਚਲਾ ਗਿਆ। ਸਾਰੇ ਮੂੰਹ 'ਤੇ ਸੋਜ ਵੱਧ ਗਈ, ਕੁਝ ਵੱਸ ਨਹੀਂ ਚਲਦਾ ਹੈ, ਪੀੜ ਬਹੁਤ ਵੱਧ ਗਈ ਹੈ॥੩੩॥

ਇਤਨੇ ਮਹਿ ਦੂਸਰ ਬਡ ਗੋਰਾ। ਛੂਟ ਕਰਿ ਗਯੋ ਸੁ ਲਠ ਕੀ ਓਰਾ।
ਲਗੇ ਸ਼ਬਦ ਭਾ ਅਤਿਸ਼ੈ ਗਾਜਾ। ਜਿਸ ਤੇ ਧਰਕਯੋ ਦਿੱਲੀ ਰਾਜਾ॥ ੩੪॥

ਏਨੇ ਵਿਚ ਦੂਸਰਾ ਵੱਡਾ ਗੋਲਾ ਨਿਕਲ ਕੇ ਲੱਠ ਵਾਲੇ ਪਾਸੇ ਗਿਆ। ਉਸ ਦੀ ਵੀ ਬਹੁਤ ਉੱਚੀ ਗਰਜ ਹੋਈ, ਜਿਸ ਨਾਲ ਦਿੱਲੀ ਦੇ ਬਾਦਸ਼ਾਹ ਦਾ ਵੀ ਦਿਲ ਧੜਕ ਉਠਿਆ॥੩੪॥

ਤਬਿ ਤਿਸ ਲਠ ਸੇ ਨਿਕਸੇ ਭੌਰ। ਠੌਰ ਠੌਰ ਦੌਰਤਿ ਕਰਿ ਰੌਰ।
ਬਾਢਹਿ ਨਰਨ ਤੰਦੱਯੇ ਫਿਰੈਂ। ਸੁਜਹਿ ਮੁਖ ਬਹ ਸੰਕਟ ਭਰੈਂ॥ ੩੫॥

ਤਦ ਉਸ ਲੱਠ ਵਿਚੋਂ ਵੀ ਕਈ ਭੂੰਡ ਨਿਕਲੇ, ਉਹ ਥਾਂ ਥਾਂ ਭੱਜੇ ਫਿਰਦੇ ਰੌਲਾ ਪਾ ਰਹੇ ਸਨ। ਮਨੁੱਖਾਂ ਨੂੰ ਕੱਟਦੇ ਸਨ ਤੇ ਡੰਗ ਮਾਰਦੇ ਫਿਰਦੇ ਸਨ, ਮੂੰਹ ਸੁੱਜ ਜਾਂਦਾ ਸੀ ਤੇ ਬਹੁਤ ਸੰਕਟ ਪਾਉਂਦੇ ਸਨ॥੩੫॥

ਕੁਛ ਉਪਚਾਰ ਸਕਹਿ ਨਹਿ ਹੋਇ। ਦੌਰੇ ਫਿਰੇ ਤ੍ਰਸਤਿ ਸਭਿ ਕੋਇ।
ਭਿਰੜ ਤੰਦੱਯੇ ਬ੍ਰਿੰਦ ਫਿਰੰਤੇ। ਲਸ਼ਕਰ ਪਰ ਦੌਰੇ ਮੁਖ ਹੰਤੇ॥ ੩੬॥

ਕੋਈ ਵੀ ਉਪਰਾਲਾ ਨਹੀਂ ਸੀ ਹੁੰਦਾ। ਸਾਰੇ ਮਨੁੱਖ ਡਰੇ ਹੋਏ ਭੱਜੇ ਫਿਰਦੇ ਸਨ। ਪੀਲੇ ਤੇ ਲਾਲ ਭੂੰਡ ਬਹੁਤ ਫਿਰਦੇ ਸਨ ਤੇ ਦੌੜ ਕੇ ਫੌਜੀਆਂ ਦੇ ਮੂੰਹਾਂ 'ਤੇ ਡੰਗ ਮਾਰਦੇ ਸਨ॥੩੬॥

ਜਹਾਂ ਕਹਾਂ ਉਡ ਕਰਿ ਡਸਿ ਲੇਤਿ। ਸੁਜੇ ਮੁਖ ਬਹੁ ਅੰਗ ਸਮੇਤ।
ਕਰਹਿਂ ਤੁਰਕਪਤਿ ਕੀ ਰਖਵਾਰੀ। ਬਸਤ੍ਰਨਿ ਸਾਥ ਪ੍ਰਹਾਰਹਿਂ ਟਾਰੀ॥ ੩੭॥

ਜਿਥੇ ਕਿਥੇ ਉਡ ਕੇ ਡੰਗ ਮਾਰਦੇ ਸਨ, ਉਹ ਅੰਗ ਸਮੇਤ ਮੂੰਹ ਦੇ ਸੁੱਜ ਜਾਂਦੇ ਸਨ। ਕਈ ਸੇਵਕ ਬਾਦਸ਼ਾਹ ਦੀ ਰਖਵਾਲੀ ਕਰਦੇ ਸਨ ਅਤੇ ਕਪੜਿਆਂ ਨਾਲ ਢੱਕ ਢੱਕ ਕੇ ਬਚਾਉਂਦੇ ਸਨ॥੩੭॥

ਦਾਸ ਸੈਂਕਰੇ ਹਾਥ ਭ੍ਰਮਾਵੈਂ। ਮਾਰਹਿਂ ਦੌਰਹਿਂ ਰੌਰ ਮਚਾਵੈਂ।
ਕੇਤਿਕ ਕੀ ਪਗੀਆ ਗਿਰ ਪਰੀ। ਸ਼ਸਤ੍ਰ ਬਸਤ੍ਰ ਕੀ ਸੁਧ ਨ ਸੰਭਰੀ॥ ੩੮॥

ਸੈਂਕੜੇ ਸੇਵਕ ਹੱਥ ਭੰਵਾਉਂਦੇ ਸਨ, ਮਾਰਦੇ ਸਨ, ਦੌੜਦੇ ਸਨ ਤੇ ਰੌਲਾ ਪਾਉਂਦੇ ਸਨ। ਕਈਆਂ ਦੀਆਂ ਪੱਗਾਂ ਲੱਥ ਗਈਆਂ, ਉਨ੍ਹਾਂ ਨੂੰ ਸ਼ਸਤਰਾਂ, ਵਸਤਰਾਂ ਦੀ ਸੋਝੀ ਨਾ ਰਹੀ॥੩੮॥

ਲਸ਼ਕਰ ਕੇ ਨਰ ਰੌਰਾ ਕਰਜੋ। 'ਦਲ ਤੰਦੱਯਨਿ ਆਇ ਸੁ ਪਰਜੋ।
ਅਜ਼ਮਤ ਲੱਠ ਕੀ ਲਖੀ ਮਹਾਨਾ। ਕੁਛੁਕ ਤ੍ਰਾਸ ਤੁਰਕੇਸ਼ੁਰ ਮਾਨਾ॥ ੩੯॥

ਫੌਜ ਦੇ ਮਨੁੱਖਾਂ ਨੇ ਰੌਲਾ ਪਾਇਆ, "ਭੂੰਡਾਂ ਦਾ ਸਮੂਹ ਦਲ ਆ ਪਿਆ ਹੈ," ਲੱਠ ਦੀ ਮਹਾਨ ਕਰਾਮਾਤ ਵੇਖੀ ਤੇ ਥੋੜ੍ਹਾ ਜਿਹਾ ਡਰ ਬਾਦਸ਼ਾਹ ਨੇ ਵੀ ਮੰਨਿਆ॥੩੯॥

ਬਿਸਮਜੋ ਸ਼ਾਹੁ ਸਮੇਤ ਸਮਾਜਾ। ਕਿਤ ਤੇ ਭੇ ਉਤਪਤਿ ਇਹ ਆਜਾ।
ਜਿਤ ਕਿਤ ਫਿਰਤਿ ਅਸੰਖ ਨਿਹਾਰੇ। ਬਿਸਮਤਿ ਚਿਤ ਹੁਇ ਸ਼ਾਹੁ ਉਚਾਰੇ॥੪੦॥

ਬਾਦਸ਼ਾਹ ਆਪਣੇ ਲੋਕਾਂ ਸਮੇਤ ਹੈਰਾਨ ਹੋਇਆ, ਅੱਜ ਇਹ ਕਿਸ ਤੋਂ ਭੈ ਉਤਪੰਨ ਹੋਇਆ ਹੈ ? ਜਿਥੇ ਕਿਥੇ ਅਸੰਖਾਂ ਭੂੰਡ ਫਿਰਦੇ ਵੇਖੇ ਤਾਂ ਬਾਦਸ਼ਾਹ ਨੇ ਚਿਤ ਵਿਚ ਹੈਰਾਨ ਹੋ ਕੇ ਕਿਹਾ॥੪੦॥

'ਕਰਹੁ ਕਬੂਲ ਜੁ ਨਜਾਜ਼ ਘਨੇਰੀ। ਅਜ਼ਮਤ ਕੇ ਸਮੇਤ ਲਿਹੁਂ ਹੇਰੀ।
ਕਰਹੁਂ ਅਵੱਗਜਾ ਨਹਿਂ ਇਮ ਫੇਰੀ। ਬਾਂਟਿ ਸ਼ੀਰਨੀ ਦੇਹੁਂ ਬਡੇਰੀ॥ ੪੧॥

"ਮੇਰੇ ਵਲੋਂ ਵੱਡੀ ਨਿਆਜ਼ ਕਬੂਲ ਕਰੋ, ਕਰਾਮਾਤ ਸਹਿਤ ਵੇਖ ਲਿਆ ਹੈ। ਇਸ ਤਰ੍ਹਾਂ ਫਿਰ ਅਵੱਗਿਆ ਨਹੀਂ ਕਰਾਂਗਾ, ਵੱਡੀ ਮਿਕਦਾਰ ਵਿਚ ਸ਼ੀਰਨੀ ਵੰਡ ਦੇਵਾਂਗਾ॥੪੧॥

*ਨੋਟ : ਇਹ ਕਹਾਣੀ ਵੀ ਕਵੀ ਜੀ ਨੇ ਕਾਂਸ਼ੀ ਜਾ ਕੇ ਉਪਾਸ਼ਕਾਂ ਪਾਸੋਂ ਸੁਣੀ ਹੈ। ਵਿਸ਼ਵਨਾਥ ਦਾ ਮੰਦਰ ਢਾਹ ਕੇ ਮਸੀਤ ਬਣਾਈ ਸੀ, ਜਿਹੜੀ ਹਾਲੇ ਤਕ ਖੜੀ ਹੈ, ਬਾਅਦ ਵਿਚ ਹਿੰਦੂਆਂ ਨਵਾਂ ਮੰਦਰ ਬਣਵਾ ਲਿਆ। ਲੱਠ ਵਾਲੀ ਕਹਾਣੀ ਉਪਾਸ਼ਕਾਂ ਦੇ ਕਹਿਣ ਅਨੁਸਾਰ ਹੈ।*

ਛਿਮਾ ਕਰਾਵਹੁਂ ਹਾਥਨਿ ਜੋਰਿ। ਨਹਿਂ ਕਰਨੋ ਕਿਸ ਹੂੰ ਬਿਧਿ ਜੋਰ'।
ਤਤਛਿਨ ਸੀਸ ਨਿਵਾਯੋ ਸਭਿਹੂੰ। ਨਿੰਮ੍ਰਿ ਨੁਰੰਗਾ ਹੋਯਹੁ ਜਬਿਹੂੰ॥ ੪੨॥

ਮੈਨੂੰ ਮੁਆਫ ਕਰਾਵੇ, ਮੈਂ ਕਿਸੇ ਵਿਧੀ ਨਾਲ ਵੀ ਜ਼ੋਰ ਅਜ਼ਮਾਈ ਨਹੀਂ ਕਰਾਂਗਾ।'' ਜਦੋਂ ਨੌਰੰਗਾ ਬਹੁਤ ਦੀਨ ਹੋ ਗਿਆ ਤਾਂ ਤੁਰਤ ਸਭ ਨੇ ਸਿਰ ਨਿਵਾਏ॥੪੨॥

*ਨੌਵੀਂ ਰਾਸ ਦਾ ਇਕੱਤੀਵਾਂ ਅਧਿਆਇ ਸਮਾਪਤ ਹੋਇਆ॥੩੧॥*

# ਅਧਿਆਇ ਬੱਤੀਵਾਂ

*ਹਿੰਦੂਆਂ ਦੀ ਗਿਰਾਵਟ*

ਦੋਹਰਾ- ਸਭਿ ਲਸ਼ਕਰ ਕਰ ਜੋਰਿ ਕੈ ਸਭਿ ਹੂੰ ਸੀਸ ਨਿਵਾਇ।
ਭੌਰ ਭਿਰੜ ਤਤਕਾਲ ਹੀ ਗਏ ਅਕਾਸ਼ ਬਿਲਾਇ॥ ੧॥

ਸਾਰੇ ਲਸ਼ਕਰ ਨੇ ਹੱਥ ਜੋੜ ਕੇ ਸਭ ਨੂੰ ਸਿਰ ਨਿਵਾਇਆ ਤਾਂ ਭੂੰਡ ਤੁਰੰਤ ਅਕਾਸ਼ ਵੱਲ ਚਲੇ ਗਏ॥੧॥

ਚੌਪਈ- ਨਜਾਜ਼ ਸ਼ੀਰਨੀ ਸਭਿਨਿ ਚਢਾਏ। ਅਜ਼ਮਤ ਕਹੁ ਦੇਖਤਿ ਪਤੀਆਏ।
ਕਹਿਨਿ ਲਗੇ ਤਾਰੀਫ ਬਡੇਰੀ। ਮਹਿਮਾ ਅਖਿ ਲਾਖਹੁਂ ਨਰ ਹੇਰੀ॥੨॥

ਸਾਰਿਆਂ ਨੇ ਨਿਆਜ਼ ਅਤੇ ਸ਼ੀਰਨੀ ਚੜ੍ਹਾਈ। ਕਰਾਮਾਤ ਨੂੰ ਵੇਖ ਵਿਸ਼ਵਾਸ ਹੋ ਗਿਆ। ਬਹੁਤ ਸਿਫਤਾਂ ਕਰਨ ਲੱਗੇ। ਮਹਿਮਾ ਹੁਣ ਲੱਖਾਂ ਮਨੁੱਖਾਂ ਨੇ ਵੇਖੀ ਸੀ॥੨॥

ਭੌਰ, ਭਿਰੜ, ਤੰਦੱਯਾ ਘਨੇ। ਸਭਿ ਕੇ ਡਸਜੋ ਡੰਗ ਦੁਖ ਸਨੇ।
ਲਸ਼ਕਰ ਮਹਿਂ ਪਾਯੋ ਬਡ ਰੌਰਾ। ਫਿਰਤਿ ਉਡਤਿ ਜੇਤਿਕ ਦਲ ਠੌਰਾ॥੩॥

ਕਾਲੇ ਭੂੰਡ, ਪੀਲੇ ਭੂੰਡ ਅਤੇ ਲਾਲ ਭੂੰਡ ਵੱਡੀ ਗਿਣਤੀ ਵਿਚ ਸਨ, ਦੁੱਖ ਸਹਿਤ ਸਭ ਨੂੰ ਡੰਗ ਮਾਰੇ। ਲਸ਼ਕਰ ਵਿਚ ਬੜਾ ਰੌਲਾ ਪੈ ਗਿਆ। ਜਿਥੇ ਫੌਜੀ ਦਲ ਖੜ੍ਹਾ ਸੀ, ਉਥੇ ਉੱਡਦੇ ਫਿਰਦੇ ਸਨ॥੩॥

ਜਬਿ ਕੀ ਨਜਾਜ਼ ਸ਼ੀਰਨੀ ਦਈ। ਤਬਿ ਕੀ ਇਨਹੁਂ ਮੰਦ ਗਤਿ ਲਈ।
ਸਨੇ ਸਨੇ ਗਮਨੇ, ਨਹਿਂ ਪਾਏ। ਜਾਨੀ ਜਾਇ ਨ ਗੇ ਕਿਸ ਥਾਂਏ॥ ੪॥

ਜਦ ਤੋਂ ਨਿਆਜ਼ ਵਜੋਂ ਸ਼ੀਰਨੀ ਦਿੱਤੀ, ਤਦ ਤੋਂ ਉਨ੍ਹਾਂ ਦੀ ਗਤੀ ਮੱਠੀ ਪੈ ਗਈ। ਹੌਲੀ-ਹੌਲੀ ਸਾਰੇ ਚਲੇ ਗਏ, ਕੋਈ ਵੀ ਨਹੀਂ ਸੀ ਦਿਸਦਾ, ਪਰ ਇਹ ਪਤਾ ਨਹੀਂ ਸੀ ਲੱਗਦਾ ਕਿ ਕਿਥੇ ਗਏ ਹਨ॥੪॥

ਕਿਤ ਤੇ ਨਿਕਸੇ ? ਲਠ ਨਹਿਂ ਪੋਲੀ। ਮਨਹੁਂ ਕਿਨਹੁਂ ਇਨ ਥੈਲੀ ਖੋਲੀ।
ਏਕਹਿ ਬਾਰ ਨਰਨਿ ਪਰ ਪਰੇ। ਮਨਹੁਂ ਤੀਰ ਕਿਨ ਛੋਰਨਿ ਕਰੇ'॥ ੫॥

ਕਿਥੋਂ ਇਹ ਨਿਕਲੇ ਸਨ ? ਕਿਉਂਕਿ ਲੱਠ ਤਾਂ ਪੋਲੀ ਨਹੀਂ ਸੀ, ਮਾਨੋਂ ਕਿਸੇ ਨੇ ਇਨ੍ਹਾਂ ਦੀ ਥੈਲੀ ਖੋਲ੍ਹ ਦਿੱਤੀ ਹੋਵੇ। ਇਕੋ ਵਾਰ ਮਨੁੱਖਾਂ 'ਤੇ ਹਮਲਾ ਕਰ ਦਿੱਤਾ, ਮਾਨੋਂ ਕਿਸੇ ਨੇ ਤੀਰ ਛੱਡ ਦਿੱਤੇ ਹੋਣ॥੫॥

ਇੱਤਜਾਦਿਕ ਅਨੇਕ ਕਹਿਂ ਬਾਤ। ਲਠ ਕੀ ਅਜ਼ਮਤ ਭੀ ਬੱਖਜਾਤ।
ਕੀਨਸਿ ਕੂਚ ਨੁਰੰਗੇ ਡੇਰਾ। ਨਿਜ ਰਜਧਾਨੀ ਕਉ ਕਿਯ ਫੇਰਾ॥ ੬॥

ਇਤਿਆਦਿਕ ਅਨੇਕਾਂ ਗੱਲਾਂ ਕਰਦੇ ਸਨ, ਪਰ ਲੱਠ ਦੀ ਕਰਾਮਾਤ ਪ੍ਰਗਟ ਹੋ ਗਈ। ਨੌਰੰਗੇ ਨੇ ਆਪਣਾ ਡੇਰਾ ਕੂਚ ਕਰ ਲਿਆ ਤੇ ਆਪਣੀ ਰਾਜਧਾਨੀ ਵੱਲ ਚਲਾ ਗਿਆ॥੬॥

ਦ੍ਵੈ ਗੋਰੇ ਲਾਗੇ ਲਠ ਬੀਚ। ਰਹੇ ਚਿੰਨ੍ਹ ਪਿਖਿ ਊਚ ਰੁ ਨੀਚ।
ਚਿਰੰਕਾਲ ਪੁਨ ਪੀਛੇ ਰਹੀ। ਖਾਂਡ ਪਰੇ ਦ੍ਵੈ ਸਭਿ ਹੂੰ ਲਹੀ॥ ੭॥

ਦੋ ਗੋਲੇ ਲੱਠ ਦੇ ਵਿਚ ਲੱਗੇ ਸਨ, ਉਨ੍ਹਾਂ ਦੇ ਨਿਸ਼ਾਨ ਰਹਿ ਗਏ ਜਿਨ੍ਹਾਂ ਨੂੰ ਅਮੀਰ ਗਰੀਬ ਸਾਰੇ ਵੇਖ ਸਕਦੇ ਹਨ। ਬਹੁਤ ਦੇਰ ਤਕ ਇਹ ਲੱਠ ਖੜੀ ਰਹੀ, ਦੋ ਖਡੇ ਪਏ ਸਭ ਨੇ ਵੇਖੇ॥੭॥

ਪੁਨਿਹ ਅਠਾਰਹਿ ਸੈ ਅਰੁ ਸਾਂਠ। ਭਯੋ ਬਿਘਨ ਤਿਸ ਭੈਰਵ ਲਾਠ।
ਹਿੰਦਵਾਇਨ ਅਰੁ ਬਹੁ ਤੁਰਕਾਨਾ। ਬਧਯੋ ਪਰਸਪਰ ਬਾਦ ਮਹਾਨਾ॥ ੮॥

ਫਿਰ ਸੰਮਤ ਅਠਾਰਾਂ ਸੋ ਸੱਠ ਬਿਕਰਮੀ ਨੂੰ ਭੈਰਵ ਦੀ ਲੱਠ ਨੂੰ ਵਿਘਨ ਪੈ ਗਿਆ। ਹਿੰਦੂਆਂ ਅਤੇ ਤੁਰਕਾਂ ਵਿਚ, ਆਪਸ ਵਿਚ ਝਗੜਾ ਬਹੁਤ ਵੱਧ ਗਿਆ॥੮॥

ਕਾਂਸ਼ੀ ਪੁਰੀ ਸਪਰਧਾ ਬਾਢੀ। ਦੁਹਿ ਦਿਸ਼ਿ ਤੇ ਰਿਸ ਉਪਜੀ ਗਾਢੀ।
ਹਿੰਦੂ ਮਿਲਿ ਸੰਬੂਹ ਬਲ ਭਾਰਾ। ਦਾਹਯੋ ਜਹਿਂ ਅਮਾਮ ਕੋ ਬਾਰਾ॥ ੯॥

ਕਾਂਸ਼ੀ ਨਗਰ ਵਿਚ ਦੋਵਾਂ ਫਿਰਕਿਆਂ ਵਿਚ ਈਰਖਾ ਬਹੁਤ ਵੱਧ ਗਈ ਤੇ ਦੋਹੀਂ ਪਾਸੀਂ ਕ੍ਰੋਧ ਬਹੁਤ ਵੱਧ ਗਿਆ। ਹਿੰਦੂਆਂ ਮਿਲ ਕੇ ਭਾਰੀ ਬਲ ਧਾਰਨ ਕਰਕੇ ਇਮਾਮ ਬਾੜੇ ਨੂੰ ਸਾੜ ਦਿੱਤਾ॥੯॥

ਚਹੁੰਦਿਸ਼ਿ ਤੇ ਪਾਵਕ ਜ੍ਵਲਤਾਈ। ਹਨਯੋ ਤੁਰਕ ਤਬਿ ਅਰਯੋ ਜੁ ਆਈ।
ਪਿਖਿ ਇਕਠੋ ਹੁਇ ਕਰਿ ਤੁਰਕਾਨਾ। ਸ਼ਸਤ੍ਰ ਸੰਭਾਰਿ ਭਏ ਸਵਧਾਨਾ॥੧੦॥

ਚਾਰੇ ਪਾਸੇ ਅੱਗ ਬਲ ਰਹੀ ਸੀ। ਜਿਹੜਾ ਵੀ ਤੁਰਕ ਆ ਕੇ ਅੜਿਆ, ਉਸ ਨੂੰ ਮਾਰ ਦਿੱਤਾ। ਇਹ ਵੇਖ ਕੇ ਤੁਰਕ ਇਕੱਠੇ ਹੋਏ। ਸ਼ਸਤਰ ਸੰਭਾਲ ਕੇ ਸੁਚੇਤ ਹੋ ਕੇ ਪੈ ਗਏ॥੧੦॥

ਕਈ ਹਜ਼ਾਰ ਮਿਲੇ ਹਿਤ ਜੁੱਧ। ਮਾਰਹਿਂ ਮਰਹਿਂ ਬਢਯੋ ਅਤਿ ਕ੍ਰੁੱਧ।
ਲਠ ਭੈਰਵ ਕੀ ਚਹੁੰਦਿਸ਼ਿ ਘੇਰੀ। ਭਏ ਸੁਚੇਤ ਤੁਰਕ ਤਿਸ ਬੇਰੀ॥ ੧੧॥

ਕਈ ਹਜ਼ਾਰ ਤੁਰਕ ਅਤੇ ਹਿੰਦੂ ਯੁੱਧ ਵਾਸਤੇ ਇਕੱਠੇ ਹੋਏ। 'ਮਾਰਾਂਗੇ ਜਾਂ ਮਰਾਂਗੇ' ਦਾ ਰੌਲਾ ਪੈ ਰਿਹਾ ਸੀ। ਭੈਰਵ ਦੀ ਲੱਠ ਨੂੰ ਚਾਰੇ ਪਾਸਿਆਂ ਤੋਂ ਘੇਰਿਆ ਹੋਇਆ ਸੀ, ਤੁਰਕ ਉਸ ਸਮੇਂ ਸੁਚੇਤ ਹੋ ਗਏ॥੧੧॥

ਈਂਧਨ ਬਹੁ ਸਕੇਲ ਕਰਿ ਲੀਨਸਿ। ਚਹੁਂ ਦਿਸ਼ਿ ਲਠ ਕੇ ਸਭਿ ਧਰਿ ਦੀਨਸਿ।
ਲੇ ਕਰਿ ਅਗਨੀ ਦਈ ਜਲਾਇ। ਏਕਹਿ ਬਾਰ ਦਾਰ ਸਮੁਦਾਇ॥ ੧੨॥

ਉਨ੍ਹਾਂ ਨੇ ਬਹੁਤ ਬਾਲਣ ਇਕੱਠਾ ਕੀਤਾ ਤੇ ਲੱਠ ਦੇ ਚਾਰੇ ਪਾਸੇ ਧਰ ਦਿੱਤਾ ਤੇ ਅੱਗ ਲਾ ਕੇ ਸਾੜ ਦਿੱਤੀ। ਇਕੋ ਵਾਰ ਲਕੜਾਂ ਨੇ ਸਾੜ ਦਿੱਤਾ॥੧੨॥

*ਨੋਟ : ਇਸ ਦਾ ਭਾਵ ਇਹ ਹੈ ਕਿ ਕਵੀ ਜੀ ਜਦ ਕਾਂਸ਼ੀ ਗਏ, ਲੱਠ ਉਥੇ ਮੌਜੂਦ ਨਹੀਂ ਸੀ, ਜਿਸ ਕਰਕੇ ਲੱਠ ਨੂੰ ਉਨ੍ਹਾਂ ਆਪਣੀਆਂ ਅੱਖਾਂ ਨਾਲ ਨਹੀਂ ਵੇਖਿਆ ਕਿ ਕੀ ਉਸ ਵਿਚ ਦੋ ਖੱਡੇ ਪਏ ਸਨ।*

ਭਸਮ ਦਈ ਕਰਿ ਸਗਰੀ ਲਾਠ। ਜਹਿਂ ਕਹਿਂ ਤੇ ਬਹੁ ਪਾਯੋ ਕਾਠ।
ਭਈ ਭਸਮ ਸਮ, ਤਿਸ ਤੇ ਪਾਛੈ। ਨੌਰੰਗ ਕਥਾ ਸੁਨਹੁ ਪੁਨ ਆਛੈ॥ ੧੩॥

ਸਾਰੀ ਲੱਠ ਭਸਮ ਕਰ ਦਿੱਤੀ, ਜਿਥੇ ਕਿਥੇ ਬਹੁਤ ਬਾਲਣ ਪਾਇਆ, ਉਹ ਸਵਾਹ ਵਾਂਗ ਹੋ ਗਈ। ਉਸ ਤੋਂ ਬਾਅਦ ਨੌਰੰਗੇ ਦੀ ਚੰਗੀ ਤਰ੍ਹਾਂ ਕਥਾ ਸੁਣੋ॥੧੩॥

ਦਿੱਲੀ ਬਿਖੈ ਸੁ ਆਇ ਪ੍ਰਵੇਸ਼ਾ। ਹਿੰਦੁ ਧਰਮ ਸੋਂ ਹਠੀ ਵਿਸ਼ੇਸ਼ਾ।
ਚਿਤਵਤਿ ਨਿਤ ਉਪਾਇ ਚਿਤ ਮਾਂਹੀ। ਤੁਰਕ ਜਗਤ ਸਭਿ ਜਿਮ ਹੁਇ ਜਾਹੀ॥੧੪॥

ਨੌਰੰਗੇ ਨੇ ਦਿੱਲੀ ਵਿਚ ਆ ਪ੍ਰਵੇਸ਼ ਕੀਤਾ। ਹਿੰਦੂ ਧਰਮ ਵਿਰੁੱਧ ਉਸ ਨੇ ਵਿਸ਼ੇਸ਼ ਹੱਠ ਧਾਰਨ ਕੀਤਾ ਹੋਇਆ ਸੀ। ਮਨ ਵਿਚ ਸਦਾ ਉਪਾਅ ਸੋਚਦਾ ਰਹਿੰਦਾ ਸੀ ਕਿ ਕਿਵੇਂ ਸਾਰਾ ਸੰਸਾਰ ਹੀ ਮੁਸਲਮਾਨ ਹੋ ਜਾਵੇ॥੧੫॥

ਤਿਸ ਪ੍ਰਕਾਰ ਹੀ ਜਤਨ ਬਨਾਵਹਿ। ਦੇਸ਼ ਬਿਦੇਸ਼ਨਿ ਹੁਕਮ ਪਠਾਵਹਿ।
ਬਾਰਬਧੂ ਹਿੰਦਵਾਇਨਿ ਜੇਤੀ। ਬੀਚ ਬਜ਼ਾਰਨਿ ਬਰਜੀ ਤੇਤੀ॥ ੧੫॥

ਉਸ ਪ੍ਰਕਾਰ ਹੀ ਯਤਨ ਕਰਦਾ ਸੀ, ਦੇਸ਼ਾਂ ਵਿਦੇਸ਼ਾਂ ਵਿਚ ਹੁਕਮ ਭੇਜਦਾ ਸੀ। ਜਿੰਨੀਆਂ ਵੀ ਹਿੰਦੂ ਵੇਸਵਾਵਾਂ ਸਨ, ਉਨ੍ਹਾਂ ਨੂੰ ਬਾਜ਼ਾਰਾਂ ਵਿਚ ਬੈਠਣ ਤੋਂ ਰੋਕ ਦਿੱਤਾ॥੧੫॥

ਕਰੀ ਪਠਾਵਨਿ ਸਭਿ ਤੁਰਕਾਨੀ। ਇਮ ਬਿਚਾਰ ਉਰ ਮੈਂ ਬਿਧਿ ਠਾਨੀ।
ਹਿੰਦਨੀ ਬੇਸ਼ਜਾ ਨਹਿਂ ਜਬਿ ਹੋਇ। ਰਮਹਿਂ ਤੁਰਕਨੀ ਹਿੰਦੂ ਜੋਇ॥ ੧੬॥

ਕੋਠਿਆਂ 'ਤੇ ਸਾਰੀਆਂ ਮੁਸਲਮਾਨੀਆਂ ਭੇਜ ਦਿੱਤੀਆਂ। ਉਸ ਨੇ ਦਿਲ ਵਿਚ ਇਸ ਤਰ੍ਹਾਂ ਵਿਚਾਰ ਕੇ ਸੋਚਿਆ ਕਿ ਜਦ ਕੋਈ ਵੀ ਹਿੰਦੂ ਵੇਸਵਾ ਨਹੀਂ ਹੋਵੇਗੀ ਤੇ ਜਿਹੜਾ ਵੀ ਹਿੰਦੂ ਮੁਸਲਮਾਨੀ ਨਾਲ ਰਮਨ ਕਰੇਗਾ॥੧੬॥

ਤਤਛਿਨ ਅਪਨੋ ਧਰਮ ਨਸਾਵੈਂ। ਤੁਰਕ ਮਤੋ ਇਮ ਬਧਤੋ ਜਾਵੈ।
ਕਾਮ ਕੇਲ ਕਰਿਬੇ ਤੇ ਪਾਛੈ। ਪੁਨ ਕੈਸੇ ਹਿੰਦੂ ਰਹਿ ਆਛੈ॥ ੧੭॥

ਉਹ ਤੁਰਤ ਆਪਣਾ ਧਰਮ ਗਵਾ ਲਵੇਗਾ, ਤੁਰਕ ਮੱਤ ਇਸ ਤਰ੍ਹਾਂ ਵੱਧਦਾ ਜਾਵੇਗਾ। ਕਾਮ-ਖੇਡ ਕਰਨ ਤੋਂ ਬਾਅਦ, ਫਿਰ ਹਿੰਦੂ ਕਿਵੇਂ ਚੰਗਾ ਰਹਿ ਜਾਵੇਗਾ॥੧੭॥

ਰਜਕ, ਕੁਜਰੇ, ਪਾਨੀਹਾਰ। ਸਗਰੇ ਤੁਰਕ ਕਰੇ ਤਿਸ ਬਾਰ।
ਇੱਤਜ਼ਾਦਿਕ ਕ੍ਰਿਤ ਠਾਨਹਿਂ ਜੋਈ। ਹਿੰਦੂ ਕਰੇ ਹਟਾਵਨਿ ਸੋਈ॥ ੧੮॥

ਧੋਬੀ, ਅਰਾਈ, ਮਹਿਰੇ ਜਿਹੜੇ ਸਨ, ਉਨ੍ਹਾਂ ਸਭ ਨੂੰ ਉਸ ਸਮੇਂ ਤੁਰਕ ਬਣਾ ਲਿਆ। ਇੱਤਿਆਦਿਕ ਜਿਹੜੀ ਵੀ ਕ੍ਰਿਤ ਕਰਦਾ ਸੀ ਹਿੰਦੂ ਉਹੀ ਹਟਾ ਦਿੰਦੇ ਸਨ॥੧੮॥

ਸਗਲੇ ਥਲ ਮਹਿ ਤੁਰਕ ਬਿਠਾਏ। ਇਮ ਸਭਿ ਸਨੇ ਸਨੇ ਮਿਲਿ ਜਾਏਂ।
ਲਿਖਿ ਲਿਖਿ ਪਠਤਿ ਭਏ ਪਰਵਾਨੇ। ਜਹਿਂ ਕਹਿਂ ਸੂਬਨਿ ਕੇਰ ਟਿਕਾਨੇ॥੧੯॥

ਸਭ ਥਾਵਾਂ 'ਤੇ ਤੁਰਕ ਬਿਠਾ ਦਿੱਤੇ। ਇਸ ਤਰ੍ਹਾਂ ਸਭ ਹੌਲੀ-ਹੌਲੀ ਮਿਲ ਜਾਣਗੇ। ਜਿਥੇ ਜਿਥੇ ਸੂਬਿਆਂ ਦੇ ਟਿਕਾਣੇ ਸਨ ਉਥੇ ਕਈ ਪਰਵਾਨੇ ਲਿਖ ਲਿਖ ਭੇਜਦਾ ਸੀ॥੧੯॥

ਪੁਰੀ ਸਰੰਦ ਲਹੌਰ ਪਠਾਏ। ਕਾਸ਼ਮੀਰ ਕੋ ਪੁਨਹਿ ਪਠਾਏ।
ਪੁਰਿ ਮੁਲਤਾਨ ਪਠਾਵਨਿ ਕਰੇ। ਸੁਨਿ ਸੁਨਿ ਹਿੰਦੂ ਤ੍ਰਾਸ ਉਰ ਭਰੇ॥ ੨੦॥

ਸਰਹੰਦ ਅਤੇ ਲਾਹੌਰ ਪਰਵਾਨੇ ਭੇਜੇ, ਫਿਰ ਕਸ਼ਮੀਰ ਦੇ ਸੂਬੇ ਨੂੰ ਵੀ ਚਿੱਠੀ ਭੇਜੀ, ਮੁਲਤਾਨ ਨਗਰ ਦੇ ਸੂਬੇ ਨੂੰ ਪ੍ਰਵਾਨਾ ਭੇਜਿਆ, ਸੁਣ ਸੁਣ ਹਿੰਦੂਆਂ ਦੇ ਦਿਲ ਡਰ ਨਾਲ ਭਰ ਗਏ॥੨੦॥

ਲਿਖਿ ਪੂਰਬ ਕੋ ਪੁਨਹਿਂ ਪਠਾਏ। ਕੇਤਿਕ ਗਿਨੀਅਹਿ ਪੁਰਿ ਸਮੁਦਾਏ।
ਜਿਸ ਜਿਸ ਥਲ ਤੁਰਕਨਿ ਕਹੁ ਰਾਜ। ਤਹਿਂ ਤਹਿਂ ਕਰਜੋ ਤਿਸੀ ਬਿਧਿ ਕਾਜ॥੨੧॥

ਫਿਰ ਪੂਰਬ ਦੇ ਸੂਬੇ ਨੂੰ ਵੀ ਲਿਖ ਕੇ ਭੇਜਿਆ। ਕਿੰਨੇ ਨਗਰ ਅਤੇ ਸਮੂਹ ਗਿਣੀਏ ਜਿਥੇ ਜਿਥੇ ਤੁਰਕਾਂ ਦਾ ਰਾਜ ਸੀ, ਉਥੇ ਉਥੇ ਏਸੇ ਵਿਧੀ ਅਨੁਸਾਰ ਕਾਰਜ ਕੀਤਾ॥੨੧॥

ਹਿੰਦੁਨੀ ਬਾਰਬਧੂ ਸਭਿ ਬਰਜੀ। ਤੁਰਕਨਿ ਕਰੀ ਸ਼ਾਹਿ ਲਖਿ ਮਰਜ਼ੀ।
ਅਪਰ ਕਾਰਖਾਨੇ ਸਭਿ ਜੇਈ। ਜਹਿਂ ਕਹਿਂ ਤੁਰਕਨਿ ਸਾਂਭੇ ਤੇਈ॥ ੨੨॥

ਹਿੰਦੂ ਵੇਸਵਾਵਾਂ ਨੂੰ ਧੰਦਾ ਕਰਨ ਤੋਂ ਬੰਦ ਕਰ ਦਿੱਤਾ। ਬਾਦਸ਼ਾਹ ਨੇ ਆਪਣੀ ਮਰਜ਼ੀ ਨਾਲ ਤੁਰਕ ਵੇਸਵਾਵਾਂ ਕੋਠਿਆਂ 'ਤੇ ਬਿਠਾ ਦਿੱਤੀਆਂ। ਹੋਰ ਜਿਹੜੇ ਕਾਰਖ਼ਾਨੇ ਸਨ, ਜਿਥੇ ਕਿਥੇ ਤੁਰਕਾਂ ਨੇ ਸੰਭਾਲੇ ਹੋਏ ਸਨ॥੨੨॥

ਝਗਰਤਿ ਰਿਸ ਕਰਿ ਸੰਗ ਜਿ ਭ੍ਰਾਤ। ਜੋ ਸਭਿ ਤੇ ਲਘੁ ਪਰਿ ਜੋ ਜਾਤ।
ਸੋ ਤਤਕਾਲ ਤੁਰਕ ਮਤ ਧਰੈ। ਕਲਮਾ ਪਠਹਿ ਸ਼ਰ੍ਹਾ ਮਹਿਂ ਪਰੈ॥ ੨੩॥

ਭਰਾ ਜੋ ਭਰਾ ਨਾਲ ਗੁੱਸਾ ਕਰਕੇ ਝਗੜਦਾ ਸੀ ਤੇ ਜਿਹੜਾ ਹੋਲਾ ਪੈ ਜਾਂਦਾ ਸੀ ਤੇ ਹਾਰ ਜਾਂਦਾ ਸੀ ਤਾਂ ਉਹ ਤੁਰਤ ਤੁਰਕ ਮੱਤ ਧਾਰਨ ਕਰ ਲੈਂਦਾ ਸੀ, ਤੇ ਕਲਮਾ ਪੜ੍ਹ ਕੇ ਸ਼ਰ੍ਹਾ ਨੂੰ ਮੰਨ ਲੈਂਦਾ ਸੀ॥੨੩॥

ਸਭਿ ਤੇ ਜੀਤਹਿ ਝਗਰਾ ਸੋਇ। ਹਾਰਹਿ ਹਿੰਦੂ ਰਹੈ ਜਿ ਕੋਇ।
ਦਰਬ ਲੋਭ ਤੇ ਕੇਤਿਕ ਬਨਿ ਹੈਂ। ਕੋ ਬਜਾਹਨਿ ਕੇ ਝਗਰੇ ਮਨ ਹੈ॥ ੨੪॥

ਉਹ ਸਾਰਿਆਂ ਨਾਲੋਂ ਝਗੜਾ ਜਿੱਤ ਜਾਂਦਾ ਸੀ, ਜਿਹੜਾ ਹਿੰਦੂ ਰਹਿ ਜਾਂਦਾ ਸੀ, ਉਹ ਮੁਕੱਦਮਾ ਹਾਰ ਜਾਂਦਾ ਸੀ। ਧਨ ਦੇ ਲਾਲਚ ਕਰਕੇ ਕਈ ਹਿੰਦੂ ਤੁਰਕ ਬਣ ਗਏ। ਕਈ ਵਿਆਹ ਦੇ ਝਗੜੇ ਕਰਕੇ ਤੁਰਕ ਮੱਤ ਨੂੰ ਮੰਨਦੇ ਸਨ॥੨੪॥

ਇਸੀ ਰੀਤਿ ਬਹੁ ਦੇਸ਼ਨਿ ਬੀਚ। ਹਿੰਦੂ ਧਾਰਿਹਂ ਮਤੋ ਜੁ ਨੀਚ।
ਲੋਭ ਪਦਾਰਥ ਕੋ ਉਰ ਧਰਿ ਕੈ। ਮੁਸਲਮਾਨ ਹੁਇਂ ਕਲਮਾ ਪੜ੍ਹਿ ਕੈ॥ ੨੫॥

ਏਸੇ ਰੀਤ ਨਾਲ ਬਹੁਤ ਦੇਸ਼ਾਂ ਵਿਚ ਹਿੰਦੂ ਨੀਚ ਮੱਤ ਨੂੰ ਧਾਰਨ ਕਰ ਲੈਂਦੇ ਸਨ। ਹਿਰਦੇ ਵਿਚ ਪਦਾਰਥਾਂ ਦਾ ਲੋਭ ਧਾਰਨ ਕਰਕੇ ਕਲਮਾ ਪੜ੍ਹ ਕੇ ਮੁਸਲਮਾਨ ਹੋ ਜਾਂਦੇ ਸਨ॥੨੫॥

ਸ਼ਾਸਤ੍ਰਨਿ ਤੇ ਸੁ ਜੀਵਕਾ ਹਟੀ। ਪਠਨਿ ਸੁਨਨਿ ਤੇ ਸਭਿ ਮਤਿ ਨਟੀ।
ਪਢੈਂ ਪਾਰਸੀ ਹਿੰਦੂ ਜੋਇ। ਅਧਿਕ ਜੀਵਕਾ ਪ੍ਰਾਪਤਿ ਹੋਇ॥ ੨੬॥

ਸ਼ਾਸਤਰ ਪੜ੍ਹਨ ਨਾਲ ਰੋਜ਼ੀ ਪ੍ਰਾਪਤ ਨਹੀਂ ਸੀ ਹੁੰਦੀ, ਪੜ੍ਹਨ ਸੁਣਨ ਤੋਂ ਸਭ ਮਤਾਂ ਨੂੰ ਹਟਾ ਦਿੱਤਾ। ਜਿਹੜਾ ਹਿੰਦੂ ਫ਼ਾਰਸੀ ਪੜ੍ਹਦਾ ਸੀ, ਉਸ ਨੂੰ ਵਾਧੂ ਰੋਜ਼ੀ ਮਿਲਦੀ ਸੀ॥੨੬॥

ਇਮ ਬਿਧਿ ਲਖਿ ਕੈ ਹਿੰਦੂ ਧਨੀ। ਲਗੇ ਪਾਰਸੀ ਪਢਿਬੇ ਘਨੀ।
'ਸਲਾਮਾਲੈਕਮ' ਮੁਖਹੁਂ ਅਲਾਵੈਂ। ਬੈਠ ਮਸੀਤੇ ਸਬਕ ਪਕਾਵੈਂ॥ ੨੭॥

ਇਹ ਵਿਧੀ ਸਮਝ ਕੇ ਬਹੁਤ ਹਿੰਦੂ ਧਨੀ ਫ਼ਾਰਸੀ ਪੜ੍ਹਨ ਲੱਗੇ। ਸਲਾਮਾਲੈਕਮ ਮੁਖ ਤੋਂ ਬੋਲਦੇ ਸਨ ਤੇ ਮਸੀਤ ਵਿਚ ਬੈਠ ਕੇ ਸਬਕ ਪੱਕਾ ਕਰਦੇ ਸਨ॥੨੭॥

ਰਾਮ ਰਾਮ ਅਰੁ ਬੰਦਨ ਕਰਨੀ। ਸਭਿਨਿ ਪਰਸਪਰ ਕੀਨਸਿ ਹਰਨੀ।
ਮਿਲਤਿ ਸਲਾਮ ਕਰੈ ਸਭਿ ਕੋਇ। ਸ਼ਾਸਤਰ ਬਿੱਦਜਾ ਨਿੰਦਜਾ ਸੋਇ॥੨੮॥

ਰਾਮ ਰਾਮ ਜਾਂ ਬੰਦਨਾ ਸਾਰਿਆਂ ਨੇ ਆਪਸ ਵਿਚ ਕਰਨੀ ਛੱਡ ਦਿੱਤੀ। ਇਕ ਦੂਸਰੇ ਨੂੰ ਮਿਲਕੇ ਸਾਰੇ ਸਲਾਮ ਕਰਦੇ ਸਨ ਤੇ ਸਾਸਤਰ ਵਿਦਿਆ ਦੀ ਨਿੰਦਿਆ ਕਰਦੇ ਸਨ॥੨੮॥

ਕਹੈਂ 'ਡਕੌਤੀ ਪਢਨੋ ਏਹੁ। ਹੇ ਸੁਤ! ਕਜਾ ਇਸ ਪਠਿ ਕਰਿ ਲੇਹੁ'।
ਨਿਜ ਸਿਸ ਤੁਰਕ ਸਮੀਪ ਬਿਠਾਵੈਂ। ਕਹੈਂ 'ਪਠਹੁ ਇਸ ਤੇ ਧਨ ਪਾਵੈਂ' ॥੨੯॥

ਕਹਿੰਦੇ ਸਨ, "ਸ਼ਾਸਤਰ ਵਿਦਿਆ ਦਾ ਪੜ੍ਹਨਾ ਨੀਵਾਂ ਕਾਰਜ ਹੈ ਹੇ ਪੁੱਤਰ! ਇਸ ਨੂੰ ਪੜ੍ਹ ਕੇ ਕੀ ਲਵੇਂਗਾ।" ਆਪਣੇ ਸ਼ਗਿਰਦ ਨੂੰ ਤੁਰਕ ਪਾਸ ਬਿਠਾਉਂਦੇ ਸਨ ਤੇ ਕਹਿੰਦੇ ਸਨ, "ਇਸ ਤੋਂ ਪੜ੍ਹੋ, ਇਸ ਤੋਂ ਧਨ ਪ੍ਰਾਪਤ ਕਰੋਗੇ" ॥੨੯॥

ਕਹੈਂ ਸਲਾਮਾ ਲੇਕਮ ਘਨੀ। ਭੰਗਨ ਕਰੀ ਮ੍ਰਿਜਾਦਾ ਘਨੀ।
ਤੁਰਕਨਿ ਸੋਂ ਮਿਲਿ ਦਰਬ ਉਪਾਵੈਂ। ਬਿੱਪ੍ਰਨਿ ਅਪਨੋ ਧਰਮ ਨ ਭਾਵੈ॥ ੩੦॥

ਬੜੀ ਉੱਚੀ ਆਵਾਜ਼ ਵਿਚ ਸਲਾਮਾ ਲੇਕਮ ਕਹਿੰਦੇ ਸਨ। ਉਨ੍ਹਾਂ ਨੇ ਪੁਰਾਣੀ ਮਰਯਾਦਾ ਹੀ ਭੰਗ ਕਰ ਦਿੱਤੀ ਸੀ। ਤੁਰਕਾਂ ਨੂੰ ਮਿਲ ਕੇ ਧਨ ਪਾਉਂਦੇ ਸਨ, ਬ੍ਰਾਹਮਣਾਂ ਨੂੰ ਆਪਣਾ ਧਰਮ ਹੀ ਚੰਗਾ ਨਹੀਂ ਸੀ ਲੱਗਦਾ॥੩੦॥

ਛੱਤ੍ਰੀ ਪਠਹਿਂ ਪਾਰਸੀ ਇਲਮ। ਤਜਾਗਤਿ ਧਰਮ ਨ ਲਾਵੈਂ ਬਿਲਮ।
ਧਨੀ ਹੋਇ ਪੁਨ ਗਰਬਹਿਂ ਘਨੇ। ਬਿਨਾਂ ਇਲਮ ਲਖਿ ਹਸਿ ਹਸਿ ਭਨੇ॥ ੩੧॥

ਖਤਰੀ ਵੀ ਫ਼ਾਰਸੀ ਵਿਦਿਆ ਪੜ੍ਹਦੇ ਸਨ ਤੇ ਧਰਮ ਤਿਆਗਣ ਲੱਗੇ ਦੇਰ ਨਹੀਂ ਸਨ ਲਾਉਂਦੇ। ਧਨੀ ਹੋ ਕੇ ਫਿਰ ਬਹੁਤ ਘਮੰਡੀ ਹੋ ਜਾਂਦੇ ਸਨ। ਜਿਹੜਾ ਫ਼ਾਰਸੀ ਨਹੀਂ ਸੀ ਪੜ੍ਹਦਾ ਉਸ ਨੂੰ ਅਨਪੜ੍ਹ ਸਮਝ ਕੇ ਉਸ ਨਾਲ ਮਖੌਲ ਕਰਦੇ ਸਨ॥੩੧॥

ਇਕ ਕੋ ਦੇਖਤਿ ਦੁਤੀਯੋ ਪਢੈ। ਤੁਰਕ ਤਰੀਫੈਂ ਤਉ ਧਨ ਬਢੈ।
ਧਰਮਾਧਰਮ ਨ ਕਛੁ ਬਿਚਾਰਹਿਂ। ਲੋਭੀ ਭਏ ਦਰਬ ਅਨੁਸਾਰਹਿਂ॥ ੩੨॥

ਇਕ ਨੂੰ ਵੇਖ ਕੇ ਦੂਸਰਾ ਪੜ੍ਹਦਾ ਸੀ। ਤੁਰਕਾਂ ਦੀ ਸਿਫ਼ਤ ਕਰਦੇ ਸਨ, ਤਦ ਹੀ ਧਨ ਵਧਦਾ ਸੀ। ਧਰਮ ਅਧਰਮ ਕੁਝ ਨਹੀਂ ਸਨ ਵਿਚਾਰਦੇ। ਲੋਭੀ ਧਨ ਦੇ ਅਧੀਨ ਹੋ ਗਏ॥੩੨॥

ਏਕ ਬਾਰ ਜਗ ਬਿਗਰਜੋ ਧਰਮ। ਭਰਮ ਭਰਮ ਹੁਇਂ ਤੁਰਕ ਬਿਸ਼ਰਮ।
ਬੈਸ ਸ਼ੂਦ੍ਰ ਕੀ ਕਜਾ ਹੈ ਗਿਨਤੀ। ਤੁਰਕਨਿ ਆਗੇ ਕਰਹਿਂ ਸੁ ਬਿਨਤੀ॥ ੩੩॥

ਇਕ ਵਾਰ ਜੱਗ ਵਿਚ ਧਰਮ ਵਿਗੜ ਗਿਆ। ਧਰਮ ਤੋਂ ਡੋਲ ਡੋਲ ਕੇ ਬੇਸ਼ਰਮ ਹਿੰਦੂ ਤੁਰਕ ਹੋ ਜਾਂਦੇ ਸਨ। ਵੈਸ਼ ਅਤੇ ਸ਼ੂਦਰਾਂ ਦੀ ਕੀ ਗਿਣਤੀ ਹੋ ਸਕਦੀ ਹੈ, ਤੁਰਕਾਂ ਅੱਗੇ ਉਹ ਬੇਨਤੀ ਕਰਦੇ ਸਨ॥੩੩॥

ਦਿਜ ਬਾਹਜ ਅਰੁ ਬੈਸ ਮਹਾਨੇ। ਪੋਸ਼ਿਸ਼ ਤੁਰਕਨਿ ਕੀ ਤਨ ਠਾਨੇ।
ਤੰਬੇ ਤੇਰ ਪਾਇ ਕਰਿ ਜਾਇਂ। ਇੱਤਜਾਦਿਕ ਬਿੱਪ੍ਰ ਸਮੁਦਾਇ॥ ੩੪॥

ਬ੍ਰਾਹਮਣ, ਖੱਤਰੀ ਅਤੇ ਵੈਸ਼, ਆਪਣੇ ਸਰੀਰ ਉੱਤੇ ਤੁਰਕਾਂ ਦੀ ਪੁਸ਼ਾਕ ਪਹਿਨਦੇ ਸਨ। ਤੰਬਾ ਤੇੜ ਬੰਨ੍ਹ ਕੇ ਜਾਂਦੇ ਸਨ, ਇੱਤਿਆਦਿਕ ਸਾਰੇ ਉਲਟ ਹੋ ਗਏ॥੩੪॥

ਤੁਰਕਨਿ ਮੈਂ ਬੈਠੈਂ ਰਲਿ ਮਿਲਿ ਕੈ। ਮੁਖ ਪਰ ਲਗੈ ਸ੍ਵਾਸ ਤਿਨ ਚਲਿ ਕੈ।
ਗੰਦੇ ਧੂਮ ਨਿਕਾਸਹਿਂ ਆਨਨ। ਛਾਇ ਹਿੰਦੂ ਕੇ ਮੁਖ ਚਖ ਕਾਨਨਿ॥ ੩੫॥

ਤੁਰਕਾਂ ਵਿਚ ਰਲ ਮਿਲ ਕੇ ਬੈਠਦੇ ਸਨ ਤੇ ਤੁਰਕਾਂ ਦੇ ਸੁਆਸ ਮੁਖ 'ਤੇ ਲਗਦੇ ਸਨ। ਜਿਹੜਾ ਗੰਦਾ ਧੂੰਆਂ ਕੱਢਦੇ ਸਨ, ਉਹ ਹਿੰਦੂ ਦੇ ਮੂੰਹ, ਅੱਖਾਂ ਅਤੇ ਕੰਨਾਂ 'ਤੇ ਛਾ ਜਾਂਦਾ ਸੀ॥੩੫॥

ਬੈਠੇ ਰਹੈਂ ਅਨੰਦ ਕੋ ਮਾਨਿ। ਮੂਢ ਸਕੁਚਿ ਨਹਿ ਕਰੈਂ ਗਿਲਾਨ।
ਬਸਤ੍ਰ ਬਸਤ੍ਰ ਸੋਂ ਭਲੇ ਮਿਲਾਇ। ਅਤਿਸ਼ੈ ਨਿਕਟਿ ਬੈਠਿ ਮੁਦ ਪਾਇਂ ॥ ੩੬ ॥

ਆਨੰਦ ਮੰਨ ਕੇ ਬੈਠੇ ਰਹਿੰਦੇ ਸਨ। ਮੂਰਖ ਥੋੜ੍ਹੀ ਜੇਹੀ ਵੀ ਨਫ਼ਰਤ ਨਹੀਂ ਸੀ ਕਰਦੇ। ਕੱਪੜਿਆਂ ਨਾਲ ਕੱਪੜਿਆਂ ਨੂੰ ਚੰਗੀ ਤਰ੍ਹਾਂ ਮਿਲਾਉਂਦੇ ਸਨ। ਬਹੁਤ ਨੇੜੇ ਬੈਠ ਕੇ ਪ੍ਰਸੰਨ ਹੁੰਦੇ ਸਨ॥੩੬॥

ਮੀਆਂ ਆਦਿਕ ਤੁਰਕ ਬਡਾਈ। ਲੇ ਲੇ ਹਿੰਦੂ ਉਰ ਗਰਬਾਈਂ।
ਅਪਨੋਂ ਧਰਮ ਨ ਕਛੂ ਬਿਚਾਰਹਿਂ। ਮਿਲਿ ਮਿਲਿ ਧਨ ਕੀ ਲਾਲਸ ਧਾਰਹਿਂ॥੩੭॥

ਮੀਆਂ ਆਦਿਕ ਤੁਰਕਾਂ ਦੀ ਵਡਿਆਈ ਕਰ ਕੇ ਹਿੰਦੂ ਹਿਰਦੇ ਵਿਚ ਬਹੁਤ ਹੰਕਾਰ ਕਰਦੇ ਸਨ। ਆਪਣੇ ਧਰਮ ਬਾਰੇ ਕੁਝ ਨਹੀਂ ਸੀ ਵੀਚਾਰਦੇ ਤੇ ਮਿਲ ਮਿਲ ਧਨ ਦੀ ਲਾਲਸਾ ਕਰਦੇ ਸਨ॥੩੭॥

ਜਿਮ ਰਾਵਨ ਗਨ ਧਰਮ ਹਟਾਏ। ਤਪਸੀ ਆਦਿਕ ਅਧਿਕ ਦੁਖਾਏ।
ਤਿਮ ਨੌਰੰਗ ਬਾਦੀ ਚਵਗੱਤਾ। ਨਾਨਾ ਭਾਂਤਿਨਿ ਕੀਨਿ ਕੁਮੱਤਾ॥ ੩੮॥

ਜਿਵੇਂ ਰਾਵਨ ਨੇ ਸਾਰੇ ਧਰਮ ਹਟਾ ਦਿੱਤੇ ਸਨ ਤੇ ਤਪਸੀਆਂ ਆਦਿ ਨੂੰ ਬਹੁਤ ਦੁਖੀ ਕੀਤਾ ਸੀ, ਤਿਵੇਂ ਝਗੜਾਲੂ ਨੌਰੰਗੇ ਚੋਗੱਤੇ ਨੇ ਕਈ ਪ੍ਰਕਾਰ ਖੋਟੀ ਮੱਤ ਕੀਤੀ॥੩੮॥

*ਨੋਟ : ਚੋਗੱਤਾ ਮੁਗ਼ਲ ਬਾਦਸ਼ਾਹਾਂ ਦੀ ਜ਼ਾਤ ਗੋਤ ਸੀ।*

ਹਿੰਦੂ ਧਰਮ ਬਿਗਾਰਯੋ ਜਗ ਮਹਿਂ। ਤੁਰਕ ਸ਼ਰ੍ਹਾ ਬਿਰਧਾਵਨਿ ਕਉ ਚਹਿ।
ਦੇਸ਼ ਬਿਦੇਸ਼ਨਿ ਰਾਜ ਬਿਸ਼ੇਸ਼ਹਿ। ਔਰੰਗ ਦੁਸ਼ਟ ਸੁ ਕਰਤਿ ਅਸ਼ੇਸ਼ਹਿ॥ ੩੯॥

ਜੱਗ ਵਿਚ ਹਿੰਦੂ ਧਰਮ ਵਿਗੜ ਗਿਆ ਤੇ ਤੁਰਕ ਸ਼ਰ੍ਹਾ ਵਧਾਉਣੀ ਚਾਹੁੰਦੇ ਸਨ। ਦੇਸ਼ਾਂ ਵਿਦੇਸ਼ਾਂ ਵਿਚ ਉਨ੍ਹਾਂ ਦਾ ਵਿਸ਼ੇਸ਼ ਰਾਜ ਸੀ ਤੇ ਉਹ ਨੌਰੰਗੇ ਦੁਸ਼ਟ ਨਾਲ ਪ੍ਰੇਮ ਰੱਖਦੇ ਸਨ॥੩੯॥

ਪੂਰਬ ਤਪ ਕੇ ਬਲ ਕੋ ਪਾਇ। ਜਗ ਮਹਿਂ ਬਹੁਤਨਿ ਕੋ ਦੁਖਦਾਇ।
ਕਵਿ ਸੰਤੋਖ ਸਿੰਘ ਇਸੀ ਪ੍ਰਕਾਰ। ਹਿੰਦੂ ਅਨਿਕ ਧਰਮ ਗੇ ਹਾਰ॥ ੪੦॥

ਨੌਰੰਗਾ ਪਿਛਲੇ ਜਨਮ ਦੇ ਤਪ ਦੀ ਸ਼ਕਤੀ ਪਾ ਕੇ ਜਗ ਵਿਚ ਬਹੁਤ ਲੋਕਾਂ ਨੂੰ ਦੁਖੀ ਕੀਤਾ। ਹੇ ਕਵੀ ਸੰਤੋਖ ਸਿੰਘ ! ਏਸੇ ਪ੍ਰਕਾਰ ਅਨੇਕਾਂ ਹਿੰਦੂ ਧਰਮ ਹਾਰ ਗਏ॥੪੦॥

*ਨੌਵੀਂ ਰਾਸ ਦਾ ਬੱਤੀਵਾਂ ਅਧਿਆਇ ਸਮਾਪਤ ਹੋਇਆ॥੩੨॥*

## ਅਧਿਆਇ ਤੇਤੀਵਾਂ

*ਮੁੱਲਾਂ, ਕਾਜ਼ੀਆਂ ਦਾ ਨੁਰੰਗੇ ਨੂੰ ਪ੍ਰੇਰਨਾ*

ਦੋਹਰਾ- ਹਿੰਦੁਨਿ ਸੰਗ ਬਦ ਬਰ ਭਯੋ ਇਮ ਨੁਰੰਗ ਤੁਰਕੇਸ਼।
ਤੁਰਕਨਿ ਮਿਲਿ ਕਰਿ ਏਕ ਹੁਇ ਰਚਹਿਂ ਉਪਾਇ ਬਿਸ਼ੇਸ਼॥ ੧॥

ਨੌਰੰਗੇ ਬਾਦਸ਼ਾਹ ਨੇ ਹਿੰਦੂਆਂ ਨਾਲ ਬਹੁਤ ਭੈੜਾ ਸਲੂਕ ਕੀਤਾ। ਤੁਰਕ ਸਾਰੇ ਮਿਲ ਕੇ ਇਕ ਹੋ ਗਏ ਤੇ ਨਿਤ ਵਿਸ਼ੇਸ਼ ਉਪਾਵਾਂ ਦੀ ਰਚਨਾ ਕਰਦੇ ਸਨ॥੧॥

ਚੌਪਈ- ਭੂਮਿ ਭੌਨ ਕੇ ਧਨ ਕੇ ਝਗਰੇ। ਸਾਕ ਕਰਨਿ ਆਦਿਕ ਜੇ ਸਗਰੇ।
ਹਿੰਦੂ ਹੋਇ ਤੁਰਕ ਬਨ ਜਾਇ। ਤਿਸ ਕੋ ਸਭਿ ਤੇ ਦੇਹਿਂ ਜਿਤਾਇ ॥੨ ॥

ਭੂਮੀ, ਘਰ ਅਤੇ ਧਨ ਦੇ ਜਿਹੜੇ ਝਗੜੇ ਸਨ, ਸਾਕ ਆਦਿ ਕਰਨ ਦੇ ਜੋ ਸਾਰੇ ਬਖੇੜੇ ਸਨ, ਜਿਹੜਾ ਹਿੰਦੂ ਤੁਰਕ ਬਣ ਜਾਂਦਾ ਸੀ, ਉਸ ਨੂੰ ਜਿਤਾ ਦਿੰਦੇ ਸਨ ॥੨ ॥

ਕਿਧੌਂ ਛੁਧਾਤੁਰ ਹਿੰਦੂ ਹੋਇ। ਕੈ ਦਾਰਿੱਦ੍ਰੀ ਧਨ ਚਹਿ ਕੋਇ।
ਤਿਸ ਤੇ ਆਦਿ ਅਨੇਕ ਪ੍ਰਕਾਰੇ। ਜਿਮ ਕਿਮ ਤੁਰਕ ਬਨਾਇ ਬਿਗਾਰੇਂ ॥੩ ॥

ਜਾਂ ਜਿਹੜਾ ਭੁੱਖਾ ਹਿੰਦੂ ਹੁੰਦਾ ਸੀ, ਜਾਂ ਜਿਹੜਾ ਗ਼ਰੀਬ ਹਿੰਦੂ ਧਨ ਚਾਹੁੰਦਾ ਸੀ, ਉਸ ਨੂੰ ਅਨੇਕ ਪ੍ਰਕਾਰ ਰਾਹੀਂ ਜਿਵੇਂ ਕਿਵੇਂ ਤੁਰਕ ਬਣਾ ਕੇ ਵਿਗਾੜ ਦਿੰਦੇ ਸਨ ॥੩ ॥

ਚਹਹਿਂ ਸੁ ਦੇਹਿਂ, ਦੀਨ ਮਹਿਂ ਆਵੈ। ਪੁਨਹਿ ਜੀਵਕਾ ਤਾਂਹਿ ਬਨਾਵੈਂ।
ਸਭਿ ਦੇਸ਼ਨਿ ਮਹਿਂ ਅਸ ਗਤਿ ਹੋਈ। ਰਾਖਾ ਦੁਤਿਯ ਨ ਦੀਸਤਿ ਕੋਈ ॥੪ ॥

ਇਸ ਤਰ੍ਹਾਂ ਦੀਨ ਵਿਚ ਜਿਹੜਾ ਆ ਜਾਵੇ ਉਸਨੂੰ ਜੋ ਚਾਹੇ ਸੋ ਦਿੰਦੇ ਸਨ। ਫਿਰ ਉਸ ਦੀ ਰੋਜ਼ੀ ਬਣਾਉਂਦੇ ਸਨ। ਸਾਰੇ ਦੇਸ਼ਾਂ ਵਿਚ ਅਜਿਹੀ ਹਾਲਤ ਹੋ ਗਈ, ਦੂਸਰਾ ਕੋਈ ਰਾਖਾ ਵਿਖਾਈ ਨਹੀਂ ਸੀ ਦਿੰਦਾ ॥੪ ॥

ਜਹਿਂ ਜਹਿਂ ਦ੍ਰਿੜ੍ਹਤਾ ਹਿੰਦੁਨਿ ਕੇਰੀ। ਤਹਿਂ ਤਹਿਂ ਜ਼ੋਰ ਪਾਇ ਕਰਿ ਜ਼ੇਰੀ।
ਜਿਸ ਨੇ ਅਜ਼ਮਤ ਕਿਛੁ ਦਿਖਰਾਈ। ਤਿਸ ਤੇ ਹਟਕ ਰਹਜੋ ਪਛੁਤਾਈ ॥੫ ॥

ਜਿਥੇ ਜਿਥੇ ਹਿੰਦੂਆਂ ਦੀ ਦ੍ਰਿੜ੍ਹਤਾ ਸੀ, ਉਥੇ ਉਥੇ ਜ਼ੋਰ ਪਾ ਕੇ ਅਧੀਨ ਕਰ ਲੈਂਦੇ ਸਨ। ਜਿਸ ਨੇ ਵੀ ਕੋਈ ਕਰਾਮਾਤ ਵਿਖਾਈ ਉਸ ਤੋਂ ਪਿੱਛੇ ਹੱਟ ਕੇ ਪਛੁਤਾਉਂਦੇ ਸਨ ॥੫ ॥

ਬਨਜੋ ਨ ਤੁਰਕ, ਕਰਜੋ ਹਠ ਜਾਂਹੀ। ਅਰੁ ਅਜ਼ਮਤ ਦੀਨਸਿ ਕਿਮ ਨਾਂਹੀ।
ਤਤਛਿਨ ਤਿਸੈ ਗਹੈ ਸੰਘਾਰੈ। ਅਰੁ ਤਿਸਕੋ ਪੱਖੀ ਗਹਿ ਮਾਰੈ ॥ ੬ ॥

ਜਿਹੜਾ ਤੁਰਕ ਨਹੀਂ ਸੀ ਬਣਦਾ ਤੇ ਜ਼ਿੱਦ ਕਰਦਾ ਸੀ ਤੇ ਕਿਸੇ ਪ੍ਰਕਾਰ ਦੀ ਕਰਾਮਾਤੀ ਸ਼ਕਤੀ ਵੀ ਨਹੀਂ ਸੀ ਵਿਖਾਉਂਦਾ, ਅਜਿਹੇ ਮਨੁੱਖ ਨੂੰ ਤੁਰਤ ਫੜ ਕੇ ਮਾਰ ਦਿੰਦੇ ਸਨ ਅਤੇ ਉਸ ਦੇ ਪਖੀਆਂ ਨੂੰ ਵੀ ਫੜ ਕੇ ਮਾਰ ਦਿੰਦੇ ਸਨ ॥੬ ॥

ਮਹਾਂ ਕ੍ਰੂਰ ਕਰਮਾ ਮਤਿ ਮੰਦ। ਕਾਜ਼ੀ ਮੁੱਲਾਂ ਮੂੜ੍ਹ ਬਿਲੰਦ।
ਜਿਮ ਹਿੰਦੁਨਿ ਪਰ ਹੁਇ ਕਠਨਾਈ। ਤਿਮ ਨੁਰੰਗ ਕੋ ਦੇਤਿ ਸਿਖਾਈ ॥੭ ॥

ਮਾੜੀ ਮੱਤ ਵਾਲੇ ਨੌਰੰਗੇ ਦੇ ਕੰਮ ਮਹਾਨ ਜ਼ਾਲਮਾਨਾ ਸਨ। ਕਾਜ਼ੀ ਮੁੱਲਾਂ ਵੀ ਵੱਡੇ ਮੂਰਖ ਸਨ। ਜਿਵੇਂ ਹਿੰਦੂਆਂ ਉੱਤੇ ਸਖ਼ਤੀ ਹੁੰਦੀ ਸੀ, ਉਸ ਤਰ੍ਹਾਂ ਹੀ ਉਹ ਨੌਰੰਗੇ ਨੂੰ ਸਿਖਾ ਦਿੰਦੇ ਸਨ ॥੭ ॥

ਪੂਰਬ ਸੋ ਗੁਰ ਘਰ ਕੇ ਦ੍ਰੋਹੀ। ਕਹਤਿ ਸੁ ਮੰਦ ਬਾਤ ਜਿਮ ਹੋਹੀ।
ਸ਼ਾਹੁਜਹਾਂ ਬਿਗਰਜੋ ਜਬਿ ਹੀ ਤੇ। ਠਾਨਤਿ ਅਧਿਕ ਦ੍ਵੈਖ ਤਬਿ ਹੀ ਤੇ ॥੮ ॥

ਪਹਿਲਾਂ ਜਿਹੜੇ ਗੁਰੂ ਘਰ ਦੇ ਧ੍ਰੋਹੀ ਸਨ, ਉਹ ਮਾੜੀ ਗੱਲ ਕਹਿੰਦੇ ਸਨ, ਜਿਵੇਂ ਹੋਈ ਸੀ। ਸ਼ਾਹਜਹਾਂ ਜਦ ਤੋਂ ਵਿਗੜਿਆ ਸੀ, ਉਸ ਨੇ ਉਸ ਸਮੇਂ ਤੋਂ ਬਹੁਤ ਈਰਖਾ ਧਾਰਨ ਕਰ ਰੱਖੀ ਸੀ ॥੮ ॥

ਕਹਿ ਕਹਿ ਕੂਰੇ ਕ੍ਰੋਧ ਉਪਾਵੈਂ। ਸਤਿਗੁਰ ਘਰ ਸੋਂ ਬੈਰ ਬਧਾਵੈਂ।
'ਸੁਨਹੁ ਸ਼ਾਹੁ ਹਿੰਦੁਨਿ ਗੁਰ ਏਕ। ਜਿਸ ਕੋ ਮਾਨਹਿਂ ਦੇਸ਼ ਅਨੇਕ ॥ ੯ ॥

ਮੁੱਲਾਂ ਕਾਜ਼ੀ ਕਹਿ ਕਹਿ ਕੇ ਉਸ ਵਿਚ ਕ੍ਰੋਧ ਜਗਾਉਂਦੇ ਸਨ ਤੇ ਉਹ ਘਰ ਨਾਲ ਵੈਰ ਵਧਾਉਂਦੇ ਸਨ। ਉਹ ਕਹਿੰਦੇ ਸਨ, ''ਹੇ ਬਾਦਸ਼ਾਹ ! ਸੁਣੋ, ਇਕ ਹਿੰਦੂਆਂ ਦਾ ਗੁਰੂ ਹੈ, ਜਿਸ ਨੂੰ ਅਨੇਕਾਂ ਦੇਸ਼ ਮੰਨਦੇ ਹਨ॥੯॥

ਕਰਾਮਾਤ ਕੇ ਧਨੀ ਕਹਾਵੈਂ। ਜੋ ਜਿਮ ਚਾਹੇਂ ਤਿਮ ਦਿਖਰਾਵੈਂ।
ਜਹਾਂਗੀਰ ਸ਼ਾਹੁ ਜੁ ਤੁਵ ਦਾਦਾ। ਤਿਨਹੁਂ ਹਕਾਰੇ ਹਿਤ ਅਹਿਲਾਦਾ॥ ੧੦॥

ਉਹ ਕਰਾਮਾਤ ਦੇ ਧਨੀ ਕਹਾਉਂਦੇ ਹਨ, ਜਿਹੜਾ ਜਿਵੇਂ ਚਾਹੁੰਦਾ ਹੈ ਉਸ ਤਰ੍ਹਾਂ ਹੀ ਵਿਖਾ ਦਿੰਦੇ ਹਨ। ਜਹਾਂਗੀਰ ਬਾਦਸ਼ਾਹ, ਜਿਹੜਾ ਤੁਹਾਡਾ ਦਾਦਾ ਸੀ, ਉਸ ਨੇ ਬੜੇ ਪਿਆਰ ਨਾਲ ਬੁਲਾਇਆ ਸੀ॥੧੦॥

ਗ੍ਵਾਲੀਏਰ ਕੇ ਦੁਰਗ ਮਝਾਰੇ। ਕਿਤਿਕ ਦਿਵਸ ਸੋ ਤਹਾਂ ਬਿਠਾਰੇ।
ਰਹਜੋ ਤਹਾਂ ਸਾਧਜੋ ਚਾਲੀਸਾ। ਕਰਜੋ ਕਾਜ ਜਿਮ ਚਹਜੋ ਮਹੀਸ਼ਾ॥ ੧੧॥

ਗਵਾਲੀਅਰ ਦੇ ਕਿਲ੍ਹੇ ਵਿਚ ਜਾ ਕੇ, ਕਈ ਦਿਨ ਤਕ ਉਥੇ ਬਿਠਾਏ। ਉਥੇ ਰਹਿ ਕੇ ਉਨ੍ਹਾਂ ਚਾਲੀਸਾ ਸਾਧਿਆ ਤੇ ਉਸ ਤਰ੍ਹਾਂ ਹੀ ਕੰਮ ਕੀਤਾ ਜਿਵੇਂ ਬਾਦਸ਼ਾਹ ਚਾਹੁੰਦਾ ਸੀ॥੧੧॥

ਤਿਸ ਪਸ਼ਚਾਤ ਸਾਥ ਬਹੁ ਰਹੇ। ਜਹਿਂ ਲਗਿ ਸ਼ਾਹ ਜੀਅਨਿ ਜਗ ਲਹੇ।
ਸ਼ਾਹਜਹਾਂ ਹੋਯੋ ਤਿਸ ਪਾਛੈ। ਰਹੇ ਸੰਗ ਕੁਛ ਦਿਨ ਬਿਧਿ ਆਛੈ॥ ੧੨॥

ਉਸ ਤੋਂ ਬਾਅਦ ਬਹੁਤ ਦੇਰ ਤਕ ਬਾਦਸ਼ਾਹ ਦੇ ਨਾਲ ਰਹੇ, ਜਦ ਤਕ ਬਾਦਸ਼ਾਹ ਜੱਗ ਵਿਚ ਜੀਉਂਦੇ ਰਹੇ। ਉਸ ਤੋਂ ਬਾਅਦ ਸ਼ਾਹਜਹਾਂ ਹੋਏ, ਕਈ ਦਿਨਾਂ ਤੱਕ ਉਨ੍ਹਾਂ ਨਾਲ ਚੰਗੀ ਵਿਧੀ ਅਨੁਸਾਰ ਰਹੇ॥੧੨॥

ਬਿਗਰ ਪਰਜੋ ਤਬਿ ਸ਼ਾਹੁ ਰਿਸਾਯੋ। ਲਸ਼ਕਰ ਤਿਸ ਪਸ਼ਚਾਤ ਚਢਾਯੋ।
ਤਿਨ ਕੋ ਸ੍ਰੀ ਅੰਮ੍ਰਿਤਸਰ ਥਾਨ। ਚਢਿ ਤੂਰਨ ਤਹਿਂ ਕੀਨ ਪਯਾਨ॥ ੧੩॥

ਜਦ ਵਿਗੜ ਗਈ ਤਾਂ ਬਾਦਸ਼ਾਹ ਗੁੱਸੇ ਵਿਚ ਆ ਗਿਆ ਤੇ ਉਸ ਨੇ ਉਨ੍ਹਾਂ ਉੱਤੇ ਫੌਜ ਚਾੜ੍ਹ ਦਿੱਤੀ, ਉਸ ਵੇਲੇ ਉਨ੍ਹਾਂ ਦਾ ਅੰਮ੍ਰਿਤਸਰ ਸਥਾਨ ਸੀ, ਫੌਜ ਤੁਰਤ ਚੜ੍ਹ ਕੇ ਉਸ ਤਰਫ ਚਲ ਪਈ॥੧੩॥

ਬਡੋ ਜੰਗ ਐਸੇ ਤਹਿਂ ਭਯੋ। ਲਸ਼ਕਰ ਬ੍ਰਿੰਦ ਲਰਤਿ ਹੀ ਛਯੋ।
ਗਨ ਸੁਭਟਨਿ ਅਰੁ ਹਯਨਿ ਖਪਾਯੋ। ਜਿਯਤਿ ਰਹਜੋ ਦਲ ਤ੍ਰਾਸਤਿ ਭਜਾਯੋ॥੧੪॥

ਉਥੇ ਬਹੁਤ ਵੱਡਾ ਜੰਗ ਇਸ ਤਰ੍ਹਾਂ ਹੋਇਆ ਕਿ ਬਾਦਸ਼ਾਹ ਦਾ ਬਹੁਤ ਵੱਡਾ ਲਸ਼ਕਰ ਲੜਦਾ ਹੋਇਆ ਨਾਸ਼ ਹੋ ਗਿਆ। ਬਹੁਤ ਸੂਰਬੀਰ ਅਤੇ ਘੋੜੇ ਮਾਰੇ ਗਏ, ਜਿਹੜਾ ਦਲ ਜੀਉਂਦਾ ਬਚਿਆ ਉਸ ਨੂੰ ਡਰਾ ਕੇ ਭਜਾ ਦਿੱਤਾ॥੧੪॥

ਸ਼ਾਹਿਜਹਾਂ ਸੁਨਿ ਰਿਸਜੋ ਬਿਸਾਲਾ। ਪਠਨਿ ਲਗਜੋ ਲਸ਼ਕਰ ਜਿਸ ਕਾਲਾ।
ਛੋਰਿ ਸੁਧਾਸਰ ਕੋ ਤਬਿ ਗਏ। ਜੰਗਲ ਦੇਸ਼ ਪ੍ਰਵੇਸ਼ਤਿ ਭਏ॥ ੧੫॥

ਸ਼ਾਹਿਜਹਾਂ ਇਹ ਸੁਣ ਕੇ ਬਹੁਤ ਗੁੱਸੇ ਵਿਚ ਆਇਆ ਤੇ ਉਸ ਸਮੇਂ ਇਕ ਵੱਡਾ ਲਸ਼ਕਰ ਭੇਜਣ ਲੱਗਾ ਤਾਂ ਅੰਮ੍ਰਿਤਸਰ ਛੱਡ ਕੇ ਚਲੇ ਗਏ ਤੇ ਮਾਲਵੇ ਦੇਸ਼ ਵਿਚ ਪ੍ਰਵੇਸ਼ ਕਰ ਗਏ॥੧੫॥

ਪੁਨ ਤਹਿਂ ਜਾਇ ਤੁਰੰਗ ਕਢਿਵਾਏ। ਦਰਿਆਉਨਿ ਤਰਿ ਗੁਨ ਸਮੁਦਾਏ।
ਲੱਲਾ ਕੰਬਰ ਸੂਬੇ ਦੋਇ। ਕਰੇ ਪਠਾਵਨਿ ਰਿਸ ਮੈਂ ਹੋਇ॥ ੧੬॥

ਫਿਰ ਉਥੇ ਜਾ ਕੇ ਬਾਦਸ਼ਾਹ ਦੇ ਦੋ ਘੋੜੇ ਕਢਵਾਏ। ਉਨ੍ਹਾਂ ਵਿਚ ਦਰਿਆਈ ਘੋੜਿਆਂ ਵਾਲੇ ਤਰਨ ਆਦਿ ਦੇ ਬਹੁਤ ਗੁਣ ਸਨ। ਲੱਲਾ ਅਤੇ ਕੰਬਰ ਦੋ ਸੂਬੇਦਾਰ ਸਨ, ਬਾਦਸ਼ਾਹ ਨੇ ਗੁੱਸੇ ਵਿਚ ਆ ਕੇ ਉਨ੍ਹਾਂ ਨੂੰ ਚੜ੍ਹਾ ਕੇ ਭੇਜਿਆ॥੧੬॥

ਜੰਗਲ ਦੇਸ਼ ਜੰਗ ਕਰਿ ਭਾਰੋ। ਦੌਨਹੁ ਕੇ ਦਲ ਜੁਤਿ ਸੰਘਾਰੋ।
ਪੁਨ ਕਰਤਾਰ ਪੁਰੇ ਮਹਿਂ ਲਰਿਓ। ਤਹਿਂ ਭੀ ਲਸ਼ਕਰ ਲਰ ਬਹੁ ਮਰਿਓ॥੧੭॥

ਮਾਲਵੇ ਦੇਸ ਵਿਚ ਭਾਰੀ ਜੰਗ ਕਰਕੇ ਦੋਹਾਂ ਨੂੰ ਦਲਾਂ ਸਮੇਤ ਮਾਰ ਦਿੱਤਾ। ਫਿਰ ਕਰਤਾਰਪੁਰ ਵਿਚ ਲੜਾਈ ਹੋਈ, ਉਥੇ ਵੀ ਬਹੁਤ ਲਸ਼ਕਰ ਲੜ ਕੇ ਮਰਿਆ॥੧੭॥

ਅਬਿ ਗਾਦੀ ਪਰ ਤਿਸ ਕੋ ਪੋਤਾ। ਦੀਰਘ ਕਰਾਮਾਤ ਕੋ ਪੋਤਾ।
ਦਾਰਸ਼ਕੋਹ ਮਿਲਜੋ ਤਿਸ ਜਾਈ। ਅਪਨਿ ਹਕੀਕਤਿ ਸਕਲ ਸੁਨਾਈ॥੧੮॥

ਹੁਣ ਗੱਦੀ ਉੱਤੇ ਉਨ੍ਹਾਂ ਦਾ ਪੋਤਾ ਬੈਠਾ ਹੈ, ਜਿਹੜਾ ਵੱਡੀ ਕਰਾਮਾਤ ਦਾ ਜਹਾਜ਼ ਹੈ। ਉਸ ਨੂੰ ਦਾਰਾਸ਼ਕੋਹ ਜਾ ਕੇ ਮਿਲਿਆ ਤੇ ਆਪਣੀ ਸਾਰੀ ਹਕੀਕਤ ਸੁਣਾਈ॥੧੮॥

ਦੇਤਿ ਰਹਜੋ ਤਿਸ ਕੋ ਉਪਦੇਸ਼। ਕਰਿ ਭ੍ਰਾਤਾ ਸੋ ਜੁਧ ਵਿਸ਼ੇਸ਼।
ਹਮ ਸੰਗੀ ਤੁਵ ਲਰਬੇ ਮਾਂਹਿ। ਸੇਵਕ ਸੈਨ ਸਕਲਹਿਂ ਪਾਹਿ॥ ੧੯॥

ਉਸ ਨੂੰ ਉਪਦੇਸ਼ ਦਿੰਦੇ ਰਹੇ ਕਿ ਤੂੰ ਭਰਾ ਨਾਲ ਵਿਸ਼ੇਸ਼ ਯੁੱਧ ਕਰ। ਅਸੀਂ ਲੜਨ ਵਿਚ ਤੁਹਾਡੇ ਸਾਥੀ ਹਾਂ, ਸੇਵਕ ਸਿੱਖ ਅਤੇ ਸੈਨਾ ਪਾਸ ਇਕੱਠੀ ਕਰ ਲਵਾਂਗੇ॥੧੯॥

ਅਪਰ ਭੂਪ ਲੇਂ ਸੰਗ ਮਿਲਾਇ। ਜਜੋਂ ਤਜੋਂ ਤੁਝ ਕੋ ਕਰੈਂ ਸੁ ਰਾਇ।
ਪਤਿਸ਼ਾਹਿਤ ਕੋ ਮਾਲਿਕ ਅਹੈਂ। ਤੇਰੋ ਸਾਥ ਸਦਾ ਨਿਰਬਹੈਂ॥ ੨੦॥

ਹੋਰ ਰਾਜਿਆਂ ਨੂੰ ਨਾਲ ਮਿਲਾ ਲਵਾਂਗੇ, ਜਿਵੇਂ ਕਿਵੇਂ ਤੈਨੂੰ ਬਾਦਸ਼ਾਹ ਬਣਾਵਾਂਗੇ। ਪਾਤਿਸ਼ਾਹੀ ਦਾ ਤੂੰ ਮਾਲਕ ਹੋਵੇਂਗਾ ਤੇਰਾ ਸਾਥ ਸਦਾ ਨਿਭਾਹਾਂਗੇ॥੨੦॥

ਅਸ ਮਸਲਤ ਬਹੁਤੀ ਸਿਖਲਾਈ। ਚਹਤਿ ਭਯੋ ਤੁਮ ਸੰਗ ਲਰਾਈ।
ਦਾਰਸ਼ਕੋਹੁ ਸਾਥ ਕਰਿ ਪਜਾਰਾ। ਬੈਰ ਠਾਨਿ ਚਹਿ ਤੁਮਹਿਂ ਬਿਗਾਰਾ॥ ੨੧॥

ਇਸ ਤਰ੍ਹਾਂ ਬਹੁਤ ਸਲਾਹ ਦਿੱਤੀ, ਤੁਹਾਡੇ ਨਾਲ ਲੜਾਈ ਕਰਨੀ ਚਾਹੁੰਦੇ ਸਨ। ਦਾਰਾਸ਼ਕੋਹ ਨੂੰ ਪਿਆਰਾ ਸਾਥੀ ਬਣਾ ਕੇ, ਵੈਰ ਧਾਰ ਕੇ ਤੁਹਾਡੇ ਨਾਲ ਵਿਗਾੜ ਚਾਹੁੰਦੇ ਸਨ॥੨੧॥

ਤੁਮਰੇ ਭਯੋ ਖੁਦਾਇ ਸਹਾਈ। ਪਤਿਸ਼ਾਹਿਤ ਸਭਿ ਜਗ ਕੀ ਪਾਈ।
ਅਬਿ ਸੋ ਦੇਸ਼ ਤੁਮਾਰੇ ਰਹੇ। ਭਲੋ ਆਪ ਕੋ ਜੋ ਨਹਿਂ ਚਹੇ॥ ੨੨॥

ਤੁਹਾਡਾ ਖੁਦਾ ਸਹਾਇਕ ਬਣਿਆ, ਤੇ ਤੁਸੀਂ ਸਾਰੇ ਜੱਗ ਦੀ ਪਾਤਿਸ਼ਾਹੀ ਪਾ ਲਈ ਹੈ। ਹੁਣ ਉਹ ਤੁਹਾਡੇ ਦੇਸ ਵਿਚ ਰਹਿੰਦੇ ਹਨ, ਜਿਹੜਾ ਤੁਹਾਡਾ ਭਲਾ ਨਹੀਂ ਚਾਹੁੰਦੇ॥੨੨॥

ਕਰਾਮਾਤ ਕੋ ਧਨੀ ਕਹਾਵੈ। ਹਿੰਦੂ ਭੇਟ ਅਸੰਖ ਚਢਾਵੈਂ।
ਸਭਿਹਿਨਿ ਕੋ ਦੇ ਨਿਜ ਉਪਦੇਸ਼। ਸੇਵਕ ਕੀਨਿਸਿ ਦੇਸ਼ ਅਸ਼ੇਸ਼॥ ੨੩॥

ਤੇ ਕਰਾਮਾਤ ਦਾ ਧਨੀ ਕਹਾਂਦੇ ਹਨ, ਹਿੰਦੂ ਅਸੰਖਾਂ ਹੀ ਭੇਟਾਵਾਂ ਚੜ੍ਹਾਉਂਦੇ ਹਨ। ਸਾਰਿਆਂ ਨੂੰ ਆਪਣਾ ਉਪਦੇਸ਼ ਦਿੰਦੇ ਹਨ, ਸਾਰਾ ਦੇਸ਼ ਆਪਣਾ ਸੇਵਕ ਬਣਾ ਲਿਆ ਹੈ॥੨੩॥

ਅਬਿ ਤਿਸ ਕੋ ਨਿਜ ਨਿਕਟਿ ਹਕਾਰੋ। ਕਰਾਮਾਤ ਕੋ ਲੇਨਿ ਉਚਾਰੋ।
ਜੋ ਕੁਛ ਕਹੋ ਸੁ ਦੇ ਦਿਖਰਾਇ। ਹਰਖ ਉਪਾਵਹੁ ਅਚਰਜ ਪਾਇ॥ ੨੪॥

ਹੁਣ ਉਸ ਨੂੰ ਆਪਣੇ ਪਾਸ ਬੁਲਾਓ, ਕਰਾਮਾਤ ਵੇਖਣ ਬਾਰੇ ਉਚਾਰਨ ਕਰੋ। ਜੋ ਕੁਝ ਕਹੋਗੇ, ਉਹ ਵਿਖਾ ਦੇਣਗੇ, ਅਸਚਰਜਤਾ ਵੇਖ ਕੇ ਪ੍ਰਸੰਨਤਾ ਪਾਵੋ॥੨੪॥

ਨਾਹਿ ਤ ਸ਼ਰ੍ਹਾ ਬਿਖੈ ਲੈ ਆਵਹੁ। ਬਾਂਛਤਿ ਰਿਦੈ ਮਨੋਰਥ ਪਾਵਹੁ।
ਹਿੰਦੁਨਿ ਕੇ ਅਲੰਬ ਬਡ ਭਾਰੇ। ਇਸ ਬਿਨ ਸੇ ਹੁਇੰ ਤੁਰਕ ਸੁਖਾਰੇ॥ ੨੫॥

ਨਹੀਂ ਤਾਂ ਉਸ ਨੂੰ ਸ਼ਰ੍ਹਾ ਵਿਚ ਲੈ ਆਵੋ, ਹਿਰਦੇ ਵਿਚ ਮੂੰਹ ਮੰਗੇ ਮਨੋਰਥ ਪਾਵੋ। ਹਿੰਦੂਆਂ ਦਾ ਉਹ ਬਹੁਤ ਵੱਡਾ ਆਸਰਾ ਹਨ। ਇਸ ਗੁਰੂ ਜੀ ਤੋਂ ਬਿਨਾਂ ਉਹ ਹਿੰਦੂ ਸੌਖੇ ਅਤੇ ਛੇਤੀ ਹੀ ਤੁਰਕ ਹੋ ਜਾਣਗੇ॥੨੫॥

ਲਾਖਹੁੰ ਇਨ ਕੇ ਕਹੇ ਮਝਾਰ। ਜਿਮ ਇਹ ਕਹਿਤ ਕਰਤਿ ਤਿਮ ਕਾਰ।
ਦੀਨ ਲੇਨਿ ਕਹੁ ਇਹ ਉਪਦੇਸ਼ਹਿਂ। ਆਇੰ ਸ਼ਰ੍ਹਾ ਮਹਿਂ ਹਿੰਦੂ ਅਸ਼ੇਸ਼ਹਿਂ॥੨੬॥

ਲੱਖਾਂ ਲੋਕ ਇਨ੍ਹਾਂ ਦੇ ਕਹੇ ਅਨੁਸਾਰ ਹਨ, ਜਿਵੇਂ ਇਹ ਕਹਿੰਦੇ ਹਨ, ਉਸ ਤਰ੍ਹਾਂ ਹੀ ਕਾਰਜ ਕਰਦੇ ਹਨ। ਜੇ ਦੀਨ ਧਾਰਨ ਕਰਨ ਵਾਸਤੇ ਇਹ ਉਪਦੇਸ਼ ਦੇਣਗੇ ਤਾਂ ਸਾਰੇ ਹਿੰਦੂ ਸ਼ਰ੍ਹਾ ਵਿਚ ਆ ਜਾਣਗੇ॥੨੬॥

ਅਪਨਿ ਆਪ ਕੋ ਗੁਰੂ ਕਹਾਵੈਂ। ਸਭਿਹਿਨਿ ਤੇ ਨਿਜ ਚਰਨ ਪੁਜਾਵੈਂ।
ਰਾਹੁ ਸ਼ਰ੍ਹਾ ਇਹੁ ਮਾਨਹਿਂ ਜਬੈ। ਬਿਨਾ ਕਹੇ ਤੁਰਕ ਸੁ ਹੁਇੰ ਸਬੈ॥ ੨੭॥

ਆਪਣੇ ਆਪ ਨੂੰ ਗੁਰੂ ਕਹਾਉਂਦੇ ਹਨ ਤੇ ਸਾਰਿਆਂ ਪਾਸੋਂ ਆਪਣੇ ਚਰਨਾਂ ਦੀ ਪੂਜਾ ਕਰਵਾਉਂਦੇ ਹਨ। ਜੇ ਸ਼ਰ੍ਹਾ ਦਾ ਰਾਹ ਇਹ ਮੰਨ ਜਾਣਗੇ, ਬਿਨਾਂ ਕਹੇ ਸਾਰੇ ਹਿੰਦੂ ਤੁਰਕ ਹੋ ਜਾਣਗੇ॥੨੭॥

ਦੋ ਮਹਿਂ ਭਲੀ ਬਾਤ ਇਕ ਹੋਇ। ਅਜ਼ਮਤ ਕਹੇ ਦੇਹਿਂ ਗੇ ਸੋਇ।
ਕਿਤੀ ਬਿਧਿਨਿ ਅਨਬਨ ਬਨਿਵਾਵਹੁ। ਅਦਭੁਤ ਦੇਖਹੁ ਉਰ ਹਰਖਾਵਹੁ॥੨੮॥

ਦੋਵਾਂ ਵਿਚ ਭਲੀ ਗੱਲ ਇਕੋ ਹੈ। ਕਰਾਮਾਤ ਬਾਰੇ ਕਹੋਗੇ ਤਾਂ ਉਹ ਜ਼ਰੂਰ ਵਿਖਾਉਣਗੇ। ਕਿਤਨੀਆਂ ਅਣ ਬਣ ਗੀਤੀਆਂ ਇਨ੍ਹਾਂ ਪਾਸੋਂ ਬਣਵਾਓ ਤੇ ਅਦਭੁੱਤ ਵੇਖ ਕੇ ਹਿਰਦੇ ਵਿਚ ਪ੍ਰਸੰਨ ਹੋਵੋ॥੨੮॥

ਨਾਂਹਿ ਤ ਅਲਪ ਜਤਨ ਤੇ ਸਾਰੇ। ਹਿੰਦੂ ਤੁਰਕ ਬਨਹਿਂ ਇਕ ਬਾਰੇ।
ਇਸ ਤੇ ਨੀਕੀ ਬਾਤ ਨ ਔਰ। ਪਠਹੁ ਹਕਾਰਨਿ ਹੈਂ ਜਿਸ ਠੌਰ॥ ੨੯॥

ਨਹੀਂ ਤਾਂ ਥੋੜ੍ਹੇ ਯਤਨ ਨਾਲ ਸਾਰੇ ਹਿੰਦੂ ਇਕੋ ਵਾਰ ਤੁਰਕ ਬਣ ਜਾਣਗੇ। ਇਸ ਤੋਂ ਚੰਗੀ ਹੋਰ ਕੋਈ ਗੱਲ ਨਹੀਂ ਹੈ। ਜਿਥੇ ਵੀ ਹੈ ਇਸ ਸਮੇਂ ਉਥੋਂ ਬੁਲਵਾ ਭੇਜੋ॥੨੯॥

ਵਸਤੁ ਜੁ ਅਪਨੇ ਹਾਥ ਨ ਆਵੈ।, ਤਿਹ ਕਹਿ ਦੇਵਹੁ ਤੁਰਤ ਮੰਗਾਵੈ।
ਜਬਿ ਕੁਛ ਸੁਧ ਕਿਸ ਬਿਧਿ ਤੇ ਲੀਨੀ। ਤਬਿ ਤੁਮ ਕਹੋ, ਕਰਹਿਂ ਸੋ ਦੀਨੀ॥੩੦॥

ਜਿਹੜੀ ਵਸਤ ਆਪਣੇ ਹੱਥ ਨਾ ਆਵੇ, ਉਸ ਬਾਰੇ ਕਹਿ ਕੇ ਤੁਰਤ ਮੰਗਵਾ ਦੇਣਗੇ। ਜਦ ਕੋਈ ਖ਼ਬਰ ਕਿਸੀ ਵਿਧੀ ਨਾਲ ਲੈਣੀ ਹੋਵੇ, ਤਦ ਤੁਸੀਂ ਕਹੋ, ਉਸੇ ਵੇਲੇ ਕਰ ਦੇਣਗੇ"॥੩੦॥

ਇਮ ਕਾਜ਼ੀ ਮੁੱਲਾਂ ਉਲਮਾਉ। ਕਹਿ ਕਹਿ ਬਹੁਬਿਧਿ ਬਾਕ ਪ੍ਰਭਾਉ।
ਭਲੇ ਪ੍ਰਬੋਧੈਂ ਲਾਭ ਦਿਖਾਵਹਿਂ। 'ਫਲਹਿ ਮਨੋਰਥ ਤੋਹਿ ਜਨਾਵਹਿਂ॥ ੩੧॥

ਇਸ ਤਰ੍ਹਾਂ ਕਾਜ਼ੀਆਂ, ਮੁਲਾਣਿਆਂ ਅਤੇ ਵਿਦਵਾਨਾਂ ਨੇ ਬਹੁਤ ਵਿਧੀਆਂ ਨਾਲ ਕਹਿ ਕਹਿ ਕੇ ਨੌਰੰਗੇ ਨੂੰ ਬਹੁਤ ਪ੍ਰਭਾਵ ਵਾਲੇ ਸ਼ਬਦ ਕਹੇ। ਭਲੀ ਪ੍ਰਕਾਰ ਸਿਖਿਆ ਦੇ ਕੇ ਲਾਭ ਵਿਖਾਉਂਦੇ ਸਨ, "ਤੁਹਾਨੂੰ ਅਸੀਂ ਉਹ ਗੱਲ ਦੱਸਦੇ ਹਾਂ ਜਿਸ ਨਾਲ ਤੁਹਾਡਾ ਮਨੋਰਥ ਸਿੱਧ ਹੋ ਜਾਵੇ॥੩੧॥

ਅਜ਼ਮਤ ਸੋਂ ਹੋਵਹਿ ਭਰਪੂਰ। ਕਿਧੋਂ ਪੁਰਖ ਸਾਹਿਬ ਸ਼ਊਰ।
ਕਿਧੋਂ ਇਲਮ ਕੋ ਹੈ ਉਲਮਾਉ। ਕੈ ਖ਼ੁਦਾਇ ਕੋ ਸੁਮਗ ਜਨਾਉ॥ ੩੨॥

ਕਰਾਮਾਤ ਨਾਲ ਭਰਪੂਰ ਹੋਵੇ ਜਾਂ ਅਕਲਮੰਦ ਪੁਰਖ ਹੋਵੇ ਜਾਂ ਇਲਮ ਦਾ ਆਲਮ ਹੋਵੇ ਜਾਂ ਖ਼ੁਦਾ ਦਾ ਸ੍ਰੇਸ਼ਟ ਮਾਰਗ ਜਾਣਦਾ ਹੋਵੇ॥੩੨॥

ਸ਼ਾਹ ਆਪ ਤੁਮ ਦਾਨਸ਼ਵੰਦ। ਸਭਿ ਕੋ ਸਮਝਹੁ ਮਗਜ਼ ਬਿਲੰਦ।
ਤਊ ਹਮੈ ਕਹਿਬੋ ਇਮ ਬਨੈ। ਜਿਸ ਤੇ ਪ੍ਰਾਪਤਿ ਹੁਇ ਹਿਤ ਸਨੈ॥ ੩੩॥

ਹੇ ਬਾਦਸ਼ਾਹ ਸਲਾਮਤ ! ਤੁਸੀਂ ਆਪ ਬੜੇ ਅਕਲਮੰਦ ਹੋ, ਸਾਰਿਆਂ ਨੂੰ ਸਮਝਦੇ ਹੋ ਤੇ ਤੁਹਾਡਾ ਦਿਮਾਗ਼ ਬਹੁਤ ਉੱਤਮ ਹੈ। ਇਸ ਕਰਕੇ ਸਾਨੂੰ ਇਸ ਤਰ੍ਹਾਂ ਕਹਿਣਾ ਬਣਦਾ ਹੈ ਕਿ ਜਿਸ ਨਾਲ ਹਿਤ ਸਹਿਤ ਪ੍ਰਾਪਤ ਹੋਵੇ॥੩੩॥

ਇਕ ਤੋ ਪਾਛਲ ਬੈਰ ਸੰਭਾਰਹੁ। ਅਜ਼ਮਤ ਬਹੁਤ ਪ੍ਰਕਾਰ ਨਿਹਾਰਹੁ।
ਜੇ ਨ ਹੋਇ ਤੌ ਮੁਸ਼ਕਲ ਕਰੋ। ਤਿਨ ਕੋ ਧਰਮ ਜ਼ੋਰ ਤੇ ਹਰਹੁ॥ ੩੪॥

ਇਕ ਤਾਂ ਪਿਛਲਾ ਵੈਰ ਸੰਭਾਲੋ ਤੇ ਕਈ ਪ੍ਰਕਾਰ ਦੀ ਕਰਾਮਾਤ ਵੇਖੋ। ਜੇ ਇਹ ਨਾ ਹੋਵੇ ਤਾਂ ਉਨ੍ਹਾਂ ਨੂੰ ਦੁਖੀ ਕਰੋ, ਉਨ੍ਹਾਂ ਦਾ ਧਰਮ ਜ਼ੋਰ ਨਾਲ ਖੋਹ ਲਵੋ॥੩੪॥

ਸੁਨਤਿ ਸ਼ਾਹੁ ਕੇ ਮਨ ਮੈਂ ਭਾਈ। ਮਿਲਿ ਮੂਢਨਿ ਜੋ ਬਾਤ ਬਤਾਈ।
ਰਾਜ ਤੇਜ ਮੋਰੋ ਹੁਇ ਹਾਨੀ॥ ਮੂਰਖ ਨੇ ਇਹ ਬਾਤ ਨ ਜਾਨੀ॥ ੩੫॥

ਮੂਰਖਾਂ ਨੇ ਮਿਲ ਕੇ ਜਿਹੜੀ ਗੱਲ ਦੱਸੀ ਸੀ। ਉਹ ਗੱਲ ਸੁਣ ਕੇ ਬਾਦਸ਼ਾਹ ਦੇ ਮੰਨ ਨੂੰ ਚੰਗੀ ਲੱਗੀ। ਮੇਰਾ ਰਾਜ ਤਾਜ ਨਾਸ਼ ਹੋ ਜਾਵੇਗਾ, ਮੂਰਖ ਇਹ ਗੱਲ ਨਾ ਜਾਣ ਸਕਿਆ॥੩੫॥

ਸਾਹਿਬ ਕਰਾਮਾਤ ਜੇ ਨਰ ਹੈਂ। ਚਿਤ ਬਾਂਛਨਿ ਕੋ ਤਤਛਿਨ ਕਰਿ ਹੈਂ।
ਤਿਨ ਸੋਂ ਬਨਹਿ ਬੇਨਤੀ ਕਰਨੀ। ਹਲਤ ਪਲਤ ਸੁਖਦਾ ਇਮ ਬਰਨੀਂ॥੩੬॥

ਜਿਹੜਾ ਮਨੁੱਖ ਸਾਹਿਬੇ ਕਰਾਮਾਤ ਹੈ, ਉਹ ਮਨ ਭਾਉਂਦਾ ਕਾਰਜ ਤੁਰਤ ਕਰ ਸਕਦਾ ਹੈ। ਉਨ੍ਹਾਂ ਪਾਸ ਕੇਵਲ ਬੇਨਤੀ ਕਰਨੀ ਬਣਦੀ ਹੈ, ਇਸ ਤਰ੍ਹਾਂ ਲੋਕ ਪਰਲੋਕ ਸੁਖਦਾਇਕ ਬਣਦਾ ਹੈ॥੩੬॥

ਪਤਿਸ਼ਾਹਿਤ ਪ੍ਰਾਪਤਿ ਤੇ ਗਰਬ। ਨਿਜ ਕੋ ਬਡੋ ਲਖਹਿ ਲਘੁ ਸਰਬ।
ਮੋਹਿ ਸਮਾਨ ਨ ਜਗ ਮਹਿਂ ਆਨ। ਬਲ ਜੁਤਿ ਦਾਨਸ਼ਵੰਦ ਮਹਾਨ॥ ੩੭॥

ਪਾਤਿਸ਼ਾਹੀ ਪ੍ਰਾਪਤ ਹੋਣ 'ਤੇ ਹੰਕਾਰ ਕਰਦਾ ਹੈ, ਆਪਣੇ ਆਪ ਨੂੰ ਬਹੁਤ ਵੱਡਾ ਸਮਝਦਾ ਹੈ ਤੇ ਦੂਸਰਿਆਂ ਨੂੰ ਛੋਟੇ ਸਮਝਦਾ ਹੈ। ਕਹਿੰਦਾ ਹੈ ਕਿ ਮੇਰੇ ਵਰਗਾ ਜੱਗ ਵਿਚ ਹੋਰ ਕੋਈ ਨਹੀਂ ਹੈ, ਮੈਂ ਸ਼ਕਤੀ ਸਹਿਤ ਵੱਡਾ ਅਕਲਮੰਦ ਹਾਂ॥੩੭॥

ਪਿਦਰ ਜਿ ਦਾਦਾ ਤਿਨ ਲਘੁ ਜਾਨੇ। ਅਪਰਨਿ ਕੀ ਕਜਾ ਬਾਤ ਬਖਾਨੇ।
ਮੁਝ ਸਮ ਅਕਲ ਨ ਤਿਨ ਮੈਂ ਹੋਈ। ਕਰਿ ਨ ਸਕਹਿਂ, ਮੈਂ ਕਰਿਹੋਂ ਜੋਈ॥੩੮॥

ਜਿਹੜਾ ਪਿਤਾ ਅਤੇ ਦਾਦੇ ਨੂੰ ਵੀ ਛੋਟਾ ਜਾਣਦਾ ਹੈ, ਹੋਰਨਾਂ ਬਾਰੇ ਉਹ ਕੀ ਗੱਲ ਕਰੇਗਾ। ਮੇਰੇ ਵਰਗੀ ਉਨ੍ਹਾਂ ਵਿਚ ਅਕਲ ਨਹੀਂ ਸੀ। ਉਹ ਜੋ ਕੁਝ ਮੈਂ ਕਰ ਰਿਹਾ ਹਾਂ, ਕਰ ਹੀ ਨਹੀਂ ਸੀ ਸਕਦੇ॥੩੮॥

ਇਮ ਲਖਿ ਕਰਿ ਅਫਰਜੋ ਹੰਕਾਰੀ। ਸਭਿਨਿ ਸੰਗ ਬਿਗਰਜੋ ਬੁਧਿ ਹਾਰੀ।
ਜਿਨਕੇ ਏਕ ਬਾਕ ਤੇ ਹੋਵੈ। ਏਤੋ ਬਨਜੋ ਕਹਤਿ ਹੀ ਖੋਵੈ॥ ੩੯॥

ਇਸ ਤਰ੍ਹਾਂ ਸਮਝ ਕੇ ਹੰਕਾਰੀ ਆਫਰਿਆ ਹੋਇਆ ਸੀ। ਮਾੜੀ ਬੁੱਧੀ ਵਾਲਾ ਸਾਰਿਆਂ ਨਾਲ ਵਿਗੜਿਆ ਹੋਇਆ ਸੀ। ਜਿਨ੍ਹਾਂ ਦੇ ਇਕ ਬਚਨ ਦੇ ਕਹਿਣ ਨਾਲ, ਜੋ ਉਹ ਕਹਿਣ ਸਭ ਕੁਝ ਹੋ ਜਾਵੇਗਾ ਤੇ ਏਨਾ ਬਣਿਆ ਸਮਾਜ ਕਹਿੰਦੇ ਸਾਰਾ ਹੱਥੋਂ ਨਿਕਲ ਜਾਵੇਗਾ॥੩੯॥

ਤੁੱਛ ਪਦਾਰਥ ਜਗ ਕੇ ਪਾਇ। ਤਿਨ ਸੋਂ ਅਗਨਿ ਚਹਜੇ ਚਿਤ ਚਾਇ।
ਕਜਾ ਪ੍ਰਾਪਤਿ ਫਲ ਹ੍ਵੈ,ਨਹਿਂ ਜਾਨਜੋ। ਸਕਲ ਹਾਨ ਲਹਿ,ਇਮ ਨ ਪਛਾਨਜੋ॥੪੦॥

ਜਗ ਦੇ ਤੁੱਛ ਪਦਾਰਥ ਪਾਏ ਹਨ, ਉਨ੍ਹਾਂ ਨਾਲ ਚਿਤ ਵਿਚ ਚਾਹਤ ਪਾ ਕੇ ਅਜ਼ਨਾ ਚਾਹੁੰਦਾ ਹੈ। ਕੀ ਫਲ ਪ੍ਰਾਪਤ ਹੋਵੇਗਾ, ਇਹ ਨਹੀਂ ਜਾਣਿਆ। ਸਾਰਾ ਹੀ ਖ਼ਤਮ ਹੋ ਜਾਵੇਗਾ, ਇਸ ਤਰ੍ਹਾਂ ਨਹੀਂ ਪਛਾਣਿਆ॥੪੦॥

*ਨੌਵੀਂ ਰਾਸ ਦਾ ਤੇਤੀਵਾਂ ਅਧਿਆਇ ਸਮਾਪਤ ਹੋਇਆ॥੩੩॥*

## ਅਧਿਆਇ ਚੌਂਤੀਵਾਂ

### ਔਰੰਗਜ਼ੇਬ ਦੀ ਸਤਿਗੁਰਾਂ ਨੂੰ ਚਿੱਠੀ

ਦੋਹਰਾ- ਮਿਲਿ ਸੂਬੇ ਉਮਰਾਵ ਜੇ ਬਹੁਰ ਮੁਲਾਨੇ ਬ੍ਰਿੰਦ।
ਨੌਰੰਗ ਕੋ ਸਮੁਝਾਵਹੀਂ ਗੁਰ ਦਿਸ਼ਿ ਦ੍ਰੋਹਿ ਬਿਲੰਦ॥ ੧॥

ਸੂਬਿਆਂ, ਅਮੀਰਾਂ ਤੇ ਬਹੁਤ ਮੁਲਾਣਿਆਂ ਨੇ ਮਿਲ ਨੌਰੰਗੇ ਨੂੰ ਸਮਝਾਇਆ ਕਿ ਗੁਰੂ ਜੀ ਨੇ ਬਹੁਤ ਵੱਡਾ ਧ੍ਰੋਹ ਕੀਤਾ ਹੈ॥੧॥

ਚੌਪਈ- 'ਦਾਰਸ਼ਕੋਹ ਸਹਾਇਕ ਭਏ। ਮਿਲੇ ਪਰਸਪਰ ਪ੍ਰੀਤੀ ਕਿਏ।
ਜਿਮ ਭ੍ਰਾਤਾ ਭਾ ਸ਼ੱਤ੍ਰੂ ਹਮਾਰੋ। ਤਥਾ ਗੁਰ ਹਰਿਰਾਇ ਬਿਚਾਰੋ' ॥ ੨॥

"ਦਾਰਾਸ਼ਕੋਹ ਦੇ ਉਹ ਸਹਾਇਕ ਬਣੇ, ਆਪਸ ਵਿਚ ਮਿਲਦੇ ਹਨ ਤੇ ਇਕ ਦੂਸਰੇ ਵਾਸਤੇ ਪ੍ਰੇਮ ਰਖਦੇ ਹਨ। ਜਿਵੇਂ ਭਰਾ ਸਾਡਾ ਵੈਰੀ ਸੀ, ਉਸ ਤਰ੍ਹਾਂ ਦਾ ਹੀ ਗੁਰੂ ਹਰਿਰਾਇ ਨੂੰ ਵਿਚਾਰੋ"॥੨॥

ਸੁਨਿ ਔਰੰਗ ਉਰ ਬਿਖੈ ਰਿਸਾਯੋ। ਮਕਰ ਫਰੇਬਨਿ ਕੋ ਲਿਖਵਾਯੋ।
ਕੇਤਿਕ ਉਪਾਲੰਭ ਇਸ ਭਾਏ। 'ਘਰ ਸ਼੍ਰੀ ਨਾਨਕ ਫਕਰ ਸਦਾਏ॥ ੩॥

ਇਹ ਸੁਣ ਕੇ ਨੌਰੰਗੇ ਨੇ ਹਿਰਦੇ ਵਿਚ ਬਹੁਤ ਕ੍ਰੋਧ ਕੀਤਾ। ਮਕਰ ਅਤੇ ਫ਼ਰੇਬ ਦੀ ਚਿੱਠੀ ਲਿਖੀ ਤੇ ਕਈ ਸ਼ਿਕਵੇ, ਉਲਾਂਭੇ ਇਸ ਪ੍ਰਕਾਰ ਸਨ। "ਸ੍ਰੀ ਗੁਰੂ ਨਾਨਕ ਦਾ ਘਰ ਫ਼ਕਰ ਸਦਾਉਂਦਾ ਹੈ॥੩॥

ਸਭਿ ਕੋ ਦੇਖੈਂ ਏਕ ਸਮਾਨੇ। ਮਿੱਤ੍ਰ ਸ਼ੱਤ੍ਰੂ ਕਿਸਹੂੰ ਨਹਿਂ ਜਾਨੇ।
ਦਾਰਾ ਕੀ ਤੁਮ ਕਰੀ ਹਿਮਾਇਤ। ਸਲਤਨੋ ਦੀਨਸਿ ਦੇਸ਼ ਵਲਾਇਤ॥੪॥

ਸਾਰਿਆਂ ਨੂੰ ਇਕ ਸਮਾਨ ਵੇਖਦੇ ਹਨ, ਮਿੱਤਰ-ਵੈਰੀ ਕਿਸੇ ਨੂੰ ਨਹੀਂ ਜਾਣਦੇ ਹਨ। ਦਾਰੇ ਦੀ ਤੁਸੀਂ ਹਮਾਇਤ ਕੀਤੀ ਹੈ, ਵਲਾਇਤ ਦੇਸ਼ ਦੀ ਉਸ ਨੂੰ ਹਕੂਮਤ ਦਿੱਤੀ ਹੈ॥੪॥

ਸੋ ਮੈਂ ਪਕਰਿ ਦਿਯੋ ਮਰਿਵਾਇ। ਕਛੂ ਨ ਤੁਮਰੀ ਭਈ ਸਹਾਇ।
ਭਈ ਸੁ ਭਈ ਬੀਤ ਸਭਿ ਗਈ। ਅਬਿ ਮਨ ਕਰਹੁ ਸਫਾਈ ਨਈ॥ ੫॥

ਉਸਨੂੰ ਮੈਂ ਫੜ ਕੇ ਮਰਵਾ ਦਿੱਤਾ ਹੈ। ਤੁਹਾਡੀ ਉਸ ਨੂੰ ਕੋਈ ਸਹਾਇਤਾ ਨਹੀਂ ਮਿਲੀ। ਜੋ ਹੋਈ ਸੋ ਸਭ ਬੀਤ ਗਈ, ਹੁਣ ਮਨ ਵਿਚ ਨਵੀਂ ਸਫਾਈ ਕਰੋ॥੫॥

ਹਮ ਸੋਂ ਮਿਲਹੁ ਆਨਿ ਅਬਿ ਆਪ। ਸਥਿਰ ਤਖਤ ਪਰ ਸਹਿਤ ਪ੍ਰਤਾਪ।
ਮਿਲਿਬੇ ਕੀ ਬਹੁ ਮੁਝ ਕੋ ਲਾਲਸ। ਤੁਮ ਭੀ ਆਵਹੁ ਕਰਹੁ ਨ ਆਲਸ' ॥੬॥

ਹੁਣ ਆਪ ਸਾਨੂੰ ਆ ਕੇ ਮਿਲੋ। ਅਸੀਂ ਪ੍ਰਤਾਪ ਸਹਿਤ ਤਖਤ 'ਤੇ ਬੈਠੇ ਹਾਂ। ਤੁਹਾਡੇ ਨਾਲ ਮਿਲਣ ਦੀ ਮੈਨੂੰ ਬਹੁਤ ਲਾਲਸਾ ਹੈ, ਤੁਸੀਂ ਵੀ ਆਵੋ ਕੋਈ ਦੇਰੀ ਨਾ ਕਰੋ' ॥੬॥

ਲਿਖਯੋ ਸ਼ੋਕਨਾਮਾ ਇਸ ਰੀਤਿ। ਅਤਿ ਮਤਿਮੰਦ ਕਪਟ ਧਰਿ ਚੀਤ।
ਸਨੇ ਸਨੇ ਸਤਿਗੁਰ ਢਿਗ ਆਯੋ। ਪਠਿ ਕਰਿ ਸਗਲ ਪ੍ਰਸੰਗ ਸੁਨਾਯੋ॥ ੭॥

ਸ਼ੋਕਨਾਮਾ ਇਸ ਰੀਤੀ ਨਾਲ ਲਿਖਿਆ, ਅਤੀ ਮਾੜੀ ਮੱਤ ਅਤੇ ਚਿਤ ਵਿਚ ਕਪਟ ਧਾਰ ਕੇ ਲਿਖਿਆ। ਹਲਕਾਰਾ ਚਿੱਠੀ ਲੈ ਕੇ ਹੌਲੀ-ਹੌਲੀ ਸਤਿਗੁਰੂ ਜੀ ਪਾਸ ਆਇਆ ਤੇ ਪੜ੍ਹ ਕੇ ਸਾਰਾ ਪ੍ਰਸੰਗ ਸੁਣਾਇਆ॥੭॥

ਸ੍ਰੀ ਅੰਤਰਜਾਮੀ ਸਭਿ ਜਾਨੀ। ਕਪਟਮਤੀ ਤੁਰਕੇਸੁਰ ਠਾਨੀ।
ਤਿਸ ਮੂਰਖਤਾ ਲਖਿ ਬਿਗਸਾਏ। ਸੰਤਨਿ ਸੋਂ ਇਹ ਦ੍ਰੋਹ ਕਮਾਏ॥ ੮॥

ਅੰਤਰਜਾਮੀ ਗੁਰੂ ਜੀ ਨੇ ਸਭ ਕੁਝ ਜਾਣ ਲਿਆ ਕਿ ਬਾਦਸ਼ਾਹ ਨੇ ਕਪਟ ਮੱਤ ਧਾਰਨ ਕੀਤੀ ਹੈ। ਉਸ ਦੀ ਮੂਰਖਤਾ ਸਮਝ ਕੇ ਮੁਸਕਰਾਏ ਕਿ ਸੰਤਾਂ ਨਾਲ ਇਹ ਧ੍ਰੋਹ ਕਮਾਉਂਦਾ ਹੈ॥੮॥

ਤਬਿ ਜਬਾਬ ਖਤ ਕੋ ਲਿਖਵਾਯਹੁ। 'ਹਮੈ ਜੁ ਮਿਲਨੇ ਹੇਤੁ ਬੁਲਾਯਹੁ।
ਤੋ ਸੰਗ ਨਹਿਂ ਕੁਛ ਕਾਮ ਹਮਾਰਾ। ਨਹੀਂ ਦੇਸ਼ ਕੋ ਰਾਜ ਉਦਾਰਾ॥ ੯॥

ਤਦ ਖਤ ਦਾ ਜਵਾਬ ਲਿਖਵਾਇਆ, ''ਸਾਨੂੰ ਜੋ ਮਿਲਣ ਵਾਸਤੇ ਬੁਲਾਇਆ ਹੈ, ਤੇਰੇ ਨਾਲ ਸਾਡਾ ਕੋਈ ਕੰਮ ਨਹੀਂ ਹੈ, ਸਾਨੂੰ ਦੇਸ਼ ਦਾ ਵੱਡਾ ਰਾਜ ਨਹੀਂ ਚਾਹੀਦਾ॥੯॥

ਤੇਰੇ ਦਾਮ ਨਹੀਂ ਹਮ ਦੇਨੇ। ਅਰੁ ਨਹਿਂ ਖਾਹਿਸ਼ ਤੁਮ ਤੇ ਲੇਨੇ।
ਪੀਰ ਮੁਰੀਦੀ ਨਾਂਹਿਨ ਕੋਈ। ਕੌਨ ਹੇਤੁ ਕਰਿ ਮਿਲਿਬੋ ਹੋਈ॥ ੧੦॥

ਤੇਰੀ ਅਸੀਂ ਕੋਈ ਰਕਮ ਨਹੀਂ ਦੇਣੀ ਅਤੇ ਨਾ ਹੀ ਤੇਰੇ ਪਾਸੋਂ ਕੁਝ ਲੈਣ ਦੀ ਚਾਹ ਹੈ ਤੇ ਤੇਰੇ ਨਾਲ ਸਾਡੀ ਕੋਈ ਪੀਰ ਮੁਰੀਦੀ ਵੀ ਨਹੀਂ ਹੈ ਭਾਵ ਤੇਰੇ ਨਾਲ ਸਾਡਾ ਕੋਈ ਗੁਰੂ ਚੇਲੇ ਵਾਲਾ ਸੰਬੰਧ ਵੀ ਨਹੀਂ ਹੈ। ਕਿਹੜੇ ਪ੍ਰੇਮ ਕਰਕੇ ਸਾਡਾ ਮਿਲਣਾ ਜ਼ਰੂਰੀ ਹੈ॥੧੦॥

ਅਰੁ ਜੋ ਦਾਰਸ਼ਕੋਹ ਪ੍ਰਸੰਗ। ਸਲਤਨ ਦੇਨਿ ਲਿਖਯੋ ਹਮ ਸੰਗ।
ਅਟਲ ਸੁ ਛੱਤ੍ਰ ਤਖਤ ਤਿਸ ਦੀਨੋ। ਸਦਾ ਦੀਨ ਕੋ ਦੁਖੀ ਨ ਲੀਨੋ॥ ੧੧॥

ਅਤੇ ਜਿਹੜਾ ਦਾਰਾਸ਼ਕੋਹ ਦਾ ਪ੍ਰਸੰਗ ਹੈ, ਜਿਹੜੀ ਹਕੂਮਤ ਦੇਣ ਬਾਰੇ ਸਾਨੂੰ ਲਿਖਿਆ ਹੈ। ਸਥਾਈ ਛੱਤਰ ਵਾਲਾ ਅਸੀਂ ਉਸ ਨੂੰ ਤਖਤ ਦਿੱਤਾ ਹੈ। ਉਸ ਨੇ ਇਸ ਦੁਨੀਆਂ ਦਾ ਦੁਖਦਾਈ ਰਾਜ ਨਹੀਂ ਲਿਆ॥੧੧॥

ਦਾਨਸ਼ਵੰਦ ਦੁਨੀ ਲਖਿ ਫਾਨੀ। ਤਜਾਰੀ, ਲੈਬੇ ਕਹੁ ਨਹਿਂ ਮਾਨੀ।
ਕਰਹਿ ਦੀਨ ਕੀ ਸਦ ਪਤਿਸ਼ਾਹੀ। ਅਚਲ ਬਿਸਾਲ ਚਲੈ ਕਬਿ ਨਾਂਹੀ॥੧੨॥

ਉਸ ਅਕਲਮੰਦ ਨੇ ਇਸ ਦੁਨੀਆਂ ਨੂੰ ਨਾਸ਼ਵਾਨ ਜਾਣ ਕੇ ਤਿਆਗ ਦਿੱਤਾ, ਇਸ ਦੁਨੀਆਂ ਦੀ ਹਕੂਮਤ ਲੈਣੀ ਨਹੀਂ ਮੰਨੀ। ਉਹ ਦੀਨ ਦੀ ਸਦਾ ਪਾਤਸ਼ਾਹੀ ਕਰੇਗਾ। ਅਚਲ ਵਿਸ਼ਾਲ ਪਾਤਿਸ਼ਾਹੀ ਜਿਹੜੀ ਕਦੇ ਵੀ ਖੁਸਦੀ ਨਹੀਂ ਹੈ॥੧੨॥

ਜਿਸ ਪਰ ਮਿਹਰ ਰੱਬ ਕੀ ਹੋਇ। ਦਾਰਸ਼ਕੋਹ ਮਨਿੰਦੈ ਸੋਇ।
ਪਤਿਸ਼ਾਹਿਤ ਹਮ ਤੇ ਨਹਿਂ ਲੀਨੀ। ਲਈ ਦੀਨ ਕੀ ਸਲਤਨ ਪੀਨੀ॥੧੩॥

ਜਿਸ ਉੱਤੇ ਰੱਬ ਦੀ ਮਿਹਰ ਹੋਵੇ, ਉਹ ਹੀ ਦਾਰਾਸ਼ਕੋਹ ਵਰਗੇ ਹੋ ਸਕਦੇ ਹਨ, ਉਸ ਨੇ ਸਾਡੇ ਪਾਸੋਂ ਦੁਨੀਆਂ ਦੀ ਬਾਦਸ਼ਾਹੀ ਨਹੀਂ ਲਈ ਹੈ, ਉਸ ਨੇ ਦੀਨ ਦਾ ਭਾਰੀ ਰਾਜ ਲਿਆ ਹੈ॥੧੩॥

ਜੇ ਦਿਲ ਸੁਭੈ ਤੁਮਾਰੇ ਲਹੈ। ਦਾਰਾ ਸਲਤਨ ਨਹੀਂ ਕਿ ਅਹੈ।
ਤੌ ਤੁਝ ਖ੍ਵਾਬ ਬੀਚ ਦਿਖਰਾਵੈਂ। ਤਿਸ ਕੋ ਨਿਸ਼ਚਾ ਰਿਦੈ ਟਿਕਾਵੈਂ॥੧੪॥

ਜੇ ਤੁਹਾਡੇ ਦਿਲ ਵਿਚ ਕੋਈ ਸ਼ੱਕ ਹੈ ਕਿ ਦਾਰੇ ਨੇ ਪਾਤਿਸ਼ਾਹੀ ਲਈ ਹੈ ਕਿ ਨਹੀਂ ਤਾਂ ਤੁਹਾਨੂੰ ਸੁਪਨੇ ਵਿਚ ਵਿਖਾ ਦੇਵਾਂਗੇ, ਜੇ ਤੂੰ ਉਸਦਾ ਨਿਸ਼ਚਾ ਹਿਰਦੇ ਵਿਚ ਟਿਕਾਵੇਂਗਾ॥੧੪॥

ਜਬਿ ਸੁਪਤਹੁ ਤੁਮ ਐਸੇ ਕਰਨਾ। ਦਾਰਸ਼ਕੋਹ ਧ੍ਯਾਨ ਉਰ ਧਰਨਾ।
ਕਰਹੁ ਸੈਨ ਹ੍ਵੈ ਖ੍ਵਾਬ ਤੁਮਾਰੇ। ਭਲੋ ਬੁਰੋ ਸਭਿ ਲੇਹੁ ਨਿਹਾਰੇ॥੧੫॥

ਜਦ ਸੌਂਵੇਗਾ ਤਾਂ ਇਸ ਤਰ੍ਹਾਂ ਕਰਨਾ, ਦਾਰਾਸ਼ਕੋਹ ਦਾ ਧਿਆਨ ਹਿਰਦੇ ਵਿਚ ਧਾਰਨ ਕਰਨਾ। ਜਦ ਸੌਂ ਜਾਵੋਗੇ ਤਾਂ ਤੁਹਾਨੂੰ ਸੁਪਨਾ ਆਵੇਗਾ ਤਦ ਭਲਾ ਬੁਰਾ ਸਭ ਪਹਿਚਾਣ ਲਵੋਗੇ॥੧੫॥

ਕਰਹੁ ਕਪਟ ਘਟ ਦੇਹੁ ਮਿਟਾਇ। ਜਾਨਹੁ ਸਭਿ ਕੋ ਏਕ ਖੁਦਾਇ।
ਇੱਤ੍ਯਾਦਿਕ ਲਿਖਿ ਗੁਰੂ ਪਠਾਯੋ। ਕਾਸਦ ਲੇ ਅਵਰੰਗ ਪਹਿ ਆਯੋ॥੧੬॥

ਜੋ ਕਪਟ ਕਰਦੇ ਹੋ ਉਹ ਦਿਲੋਂ ਮਿਟਾ ਦੇਵੋ, ਸਾਰਿਆਂ ਦਾ ਹੀ ਇਕ ਖ਼ੁਦਾ ਜਾਣੋ।'' ਇੱਤਿਆਦਿਕ ਲਿਖ ਕੇ ਗੁਰੂ ਜੀ ਨੇ ਭੇਜਿਆ। ਹਲਕਾਰਾ ਲੈ ਕੇ ਨੌਰੰਗੇ ਦੇ ਪਾਸ ਆਇਆ॥੧੬॥

ਲੈ ਕਰਿ ਪਠਜੋ ਤਬੈ ਬਦਸ਼ਾਹੁ। ਦਾਰਾ ਕੀ ਜਿਸ ਬਿਖੈ ਸਲਾਹੁ।
ਜਰਜੋ ਰਿਦੈ ਰਿਸ ਕਰਤਿ ਬਡੇਰੀ। ਬਸ ਕਛੁ ਚਲਹਿ ਨਹੀਂ ਤਿਸ ਬੇਰੀ॥੧੭॥

ਬਾਦਸ਼ਾਹ ਨੇ ਚਿੱਠੀ ਲੈ ਕੇ ਪੜ੍ਹੀ, ਜਿਸ ਵਿਚ ਦਾਰਾ ਬਾਰੇ ਸਲਾਹ ਦਿੱਤੀ ਹੋਈ ਸੀ। ਚਿੱਠੀ ਪੜ੍ਹ ਕੇ ਹਿਰਦੇ ਵਿਚ ਸੜ ਗਿਆ ਤੇ ਬਹੁਤ ਗ਼ੁੱਸਾ ਕੀਤਾ, ਉਸ ਸਮੇਂ ਕੁਝ ਵੀ ਵੱਸ ਨਹੀਂ ਸੀ ਚਲਦਾ॥੧੭॥

ਅਬਿ ਭੀ ਮੁਝ ਕੋ ਕੁਛ ਨ ਜਾਨਾ। ਸਕਲ ਜਗਤ ਕੋ ਭਾ ਸਲਤਾਨਾ।
ਲਿਖੀ ਸਿਫਤ ਦਾਰਾ ਕੀ ਫੇਰ। ਸ਼ਰ੍ਹਾ ਵਹਿਰ ਲਖਿ ਮਾਰਜੋ ਗੇਰਿ॥੧੮॥

ਹੁਣ ਵੀ ਮੈਨੂੰ ਕੁਝ ਨਹੀਂ ਜਾਣਿਆ, ਜਿਹੜਾ ਮੈਂ ਸਾਰੇ ਜਗਤ ਦਾ ਬਾਦਸ਼ਾਹ ਹਾਂ। ਦਾਰਾਸ਼ਕੋਹ ਦੀ ਫਿਰ ਸਿਫਤ ਲਿਖੀ ਹੈ, ਜਿਸ ਨੂੰ ਮੈਂ ਸ਼ਰ੍ਹਾ ਤੋਂ ਬਾਹਰ ਸਮਝ ਕੇ ਮਾਰ ਦਿੱਤਾ ਹੈ॥੧੮॥

ਇਮ ਗਿਨਤੀ ਮਨ ਗਿਨਤਿ ਬਿਸਾਲਾ। ਨਿਸ਼ਾ ਭਈ ਭਾ ਸੁਪਤਨਿ ਕਾਲਾ।
ਦਾਰਾ ਕੋ ਚਿਤਵਤਿ ਰਿਸ ਧਰੇ। ਰੁਚਿਰ ਪ੍ਰਯੰਕ ਪੌਢਿਬੋ ਕਰੇ॥੧੯॥

ਇਸ ਤਰ੍ਹਾਂ ਮਨ ਵਿਚ ਬਹੁਤ ਗਿਣਤੀਆਂ ਗਿਣਦਾ ਸੀ। ਰਾਤ ਪਈ ਜਦ ਸੌਣ ਦਾ ਸਮਾਂ ਹੋਇਆ ਤਾਂ ਗ਼ੁੱਸਾ ਧਾਰਨ ਕਰਕੇ ਦਾਰੇ ਨੂੰ ਯਾਦ ਕੀਤਾ ਤੇ ਸੁੰਦਰ ਪਲੰਘ ਉੱਤੇ ਲੰਮਾ ਪੈ ਗਿਆ॥੧੯॥

ਭਯੋ ਨੀਂਦ ਬਸਿ ਸੁਪਨੋ ਆਯੋ। ਦਾਰਸ਼ਕੋਹ ਨੂਰ ਦਰਸਾਯੋ।
ਬੈਠਯੋ ਤਖਤ ਛੱਤ੍ਰ ਸਿਰ ਢੁਰੇ। ਮਹਾਂ ਜਲੂਸ ਚਹੂੰ ਦਿਸ਼ਿ ਕਰੇ॥ ੨੦॥

ਜਦ ਨੀਂਦ ਦੇ ਵੱਸ ਹੋ ਗਿਆ ਤਾਂ ਸੁਪਨਾ ਆਇਆ ਤਾਂ ਦਾਰਾਸ਼ਕੋਹ ਦਾ ਪ੍ਰਕਾਸ਼ ਦਿਖਾਈ ਦਿੱਤਾ। ਉਹ ਤਖਤ 'ਤੇ ਬੈਠਾ ਸੀ ਤੇ ਸਿਰ ਛੱਤਰ ਝੂਲ ਰਿਹਾ ਸੀ, ਵੱਡਾ ਜਲੂਸ ਚਾਰ ਪਾਸੇ ਖੜਾ ਸੀ॥੨੦॥

ਹੂਰਾਂ ਅਨਿਕ ਸਰੋਦਨਿ ਗਾਵੈਂ। ਅਨਿਕ ਭਾਵ ਕਰਿ ਤਾਨ ਰਿਝਾਵੈਂ।
ਢੁਰਤਿ ਚਮਰ ਚਹੁੰ ਦਿਸ਼ਿ ਚਲ ਚਾਲਾ। ਚਮਤਕਾਰ ਹ੍ਵੈ ਰਹਯੋ ਉਜਾਲਾ॥੨੧॥

ਅਨੇਕਾਂ ਹੂਰਾਂ ਰਾਗ ਗਾ ਰਹੀਆਂ ਸਨ, ਅਨੇਕ ਪ੍ਰਕਾਰ ਦੀਆਂ ਤਾਨਾਂ ਸੁਣਾ ਕੇ ਦਾਰਾਸ਼ਕੋਹ ਨੂੰ ਪ੍ਰਸੰਨ ਕਰ ਰਹੀਆਂ ਸਨ। ਚਾਰੇ ਪਾਸੇ ਚੌਰ ਹੋ ਰਿਹਾ ਸੀ ਤੇ ਉੱਜਲ ਚਮਤਕਾਰ ਹੋ ਰਿਹਾ ਸੀ॥੨੧॥

ਦਾਸ ਅਨੇਕ ਖਰੇ ਕਰ ਜੋਰੇ। ਆਇਸੁ ਦੇਤਿ, ਕਰਤਿ ਸੋ ਦੌਰੇ।
ਫੂਲ ਅਜਾਇਬ ਕੀ ਗਰ ਮਾਲਾ। ਚਹੁੰਦਿਸ਼ਿ ਬਿਥਰੀ ਸ਼ੋਭ ਬਿਸਾਲਾ॥ ੨੨॥

ਅਨੇਕਾਂ ਦਾਸ ਹੱਥ ਜੋੜ ਕੇ ਖੜੇ ਸਨ। ਦਾਰਾਸ਼ਕੋਹ ਜੋ ਵੀ ਆਗਿਆ ਕਰਦਾ ਸੀ, ਉਹ ਦੌੜ ਕੇ ਕਰਦੇ ਸਨ। ਅਜੀਬ ਫੁੱਲਾਂ ਦੀ ਗੱਲ ਵਿਚ ਮਾਲਾ ਸੀ, ਚਾਰੇ ਪਾਸੇ ਵਿਸ਼ਾਲ ਸ਼ੋਭਾ ਫੈਲੀ ਹੋਈ ਸੀ॥੨੨॥

ਚੋਆ ਚਾਰੁ ਅਤਰ ਖੁਸ਼ਬੋਇ। ਮਹਿਕਤਿ ਚਹੁੰਦਿਸ਼ਿ ਆਨੰਦ ਹੋਇ।
ਕੰਚਨ ਕੇ ਮੰਦਰ ਮਨਿ ਖਚੇ। ਜਿਸ ਮਹਿਂ ਖਗ ਮ੍ਰਿਗ ਸੁੰਦਰ ਰਚੇ॥ ੨੩॥

ਸੁੰਦਰ ਇਤਰ ਆਦਿ ਦੀਆਂ ਖੁਸ਼ਬੋਆਂ ਚਾਰ ਚੁਫੇਰੇ ਮਹਿਕ ਰਹੀਆਂ ਸਨ ਤੇ ਬੜਾ ਆਨੰਦ ਹੋ ਰਿਹਾ ਸੀ। ਸੋਨੇ ਦੇ ਘਰ ਹੀਰੇ ਮਣੀਆਂ ਨਾਲ ਜੜ੍ਹੇ ਹੋਏ ਸਨ, ਜਿਨ੍ਹਾਂ ਵਿਚ ਪੰਛੀਆਂ ਅਤੇ ਹਿਰਨਾਂ ਦੀਆਂ ਸੁੰਦਰ ਤਸਵੀਰਾਂ ਬਣਾਈਆਂ ਹੋਈਆਂ ਸਨ॥ ੨੩॥

ਨੌਬਤ ਨਾਦ ਹੋਤਿ ਮੁਦਕਾਰੀ। ਬੀਨਾ ਬਜਹਿਂ ਅਨੇਕ ਪ੍ਰਕਾਰੀ।
ਚਹੁੰਦਿਸ਼ਿ ਸੁਜਸੁ ਕਰਤਿ ਬਹੁ ਖਰੇ। ਦਾਰਸ਼ਕੋਹੁ ਹੁਕਮ ਕੋ ਕਰੇ॥ ੨੪॥

ਦਿਲ ਨੂੰ ਪ੍ਰਸੰਨ ਕਰਨ ਵਾਲਾ ਨੌਬਤ ਦਾ ਨਾਦ ਵੱਜ ਰਿਹਾ ਸੀ ਤੇ ਅਨੇਕ ਪ੍ਰਕਾਰ ਦੀਆਂ ਵੀਨਾਂ ਵੱਜ ਰਹੀਆਂ ਸਨ। ਚਾਰੇ ਪਾਸੇ ਖੜੇ ਲੋਕ ਬਹੁਤ ਜੱਸ ਕਰ ਰਹੇ ਸਨ ਤੇ ਦਾਰਾਸ਼ਕੋਹ ਦੇ ਹੁਕਮ ਅਨੁਸਾਰ ਕਰਦੇ ਸਨ॥੨੪॥

ਬਹੁਤ ਬਾਹਨੀ ਭਟ ਬਰਿਆਰੇ। ਵਾਹਨ ਅਨਿਕ ਪ੍ਰਕਾਰ ਸ਼ਿੰਗਾਰੇ।
ਤਨਯੋ ਬਿਤਾਨ ਦੇਖਿ ਮਨਮੋਹਤਿ। ਸਰਬ ਸਮਾਜ ਸ਼ੋਭ ਤੇ ਸੋਹਤਿ॥ ੨੫॥

ਬਹੁਤ ਵੱਡੀ ਸੈਨਾ ਸੀ ਤੇ ਬਲਵਾਨ ਸੂਰਬੀਰ ਸਨ ਤੇ ਰੱਥਾਂ ਨੂੰ ਅਨੇਕ ਪ੍ਰਕਾਰ ਸਜਾਇਆ ਹੋਇਆ ਸੀ, ਤਾਣਿਆਂ ਹੋਇਆ ਚੰਦੋਆ ਵੇਖ ਕੇ ਮਨ ਮੋਹਿਆ ਜਾਂਦਾ ਸੀ। ਸਾਰਾ ਸਾਜ਼ੋ-ਸਾਮਾਨ ਬੜੀ ਸੁੰਦਰ ਸ਼ੋਭਾ ਪਾ ਰਿਹਾ ਸੀ॥੨੫॥

ਆਪਨ ਪੈ ਪੁਨ ਪਿਖਿ ਬਿਕਰਾਲਾ। ਬੇਸ ਮਲੀਨ ਰੂਪ ਚੰਡਾਲਾ।
ਭਰਯੋ ਟੋਕਰਾ ਬਿਸ਼ਟਾ ਸਾਥ। ਰਹਯੋ ਉਠਾਇ ਆਪਨੇ ਮਾਥ॥ ੨੬॥

ਆਪਣੇ ਆਪ ਨੂੰ ਫਿਰ ਵੇਖ ਕੇ ਵਿਆਕੁਲ ਹੋ ਗਿਆ। ਮੈਲੇ ਕਪੜੇ ਸਨ ਤੇ ਚੰਡਾਲ ਦਾ ਰੂਪ ਸੀ। ਗੰਦ ਦਾ ਭਰਿਆ ਹੋਇਆ ਟੋਕਰਾ ਸਿਰ 'ਤੇ ਚੁਕਿਆ ਸੀ॥੨੬॥

ਉਪਰ ਸੋਂ ਬਰਖਾ ਜਲ ਪਰੈ। ਚਖ ਮੁਖ ਪਰ ਸੋ ਬਿਸ਼ਟਾ ਢਰੈ।
ਦ੍ਵੈ ਇਸ ਕੀ ਦਿਸ਼ਿ ਦੌਰਤਿ ਆਏ। ਮਾਰਿ ਲਸ਼ਟਕਾ ਦਯੋ ਹਟਾਏ॥ ੨੭॥

ਉਪਰ ਤੋਂ ਮੀਂਹ ਦਾ ਜਲ ਪੈ ਰਿਹਾ ਸੀ, ਅੱਖਾਂ ਤੇ ਮੂੰਹ ਉੱਤੇ ਗੰਦ ਡਿਗ ਰਿਹਾ ਸੀ। ਦੋ ਆਦਮੀ ਉਸ ਵੱਲ ਭੱਜੇ ਆਏ ਤੇ ਸੋਟੀਆਂ ਮਾਰ ਕੇ ਉਸ ਨੂੰ ਵਾਪ , ਮੋੜ ਦਿੱਤਾ॥੨੭॥

ਹਟਜੋ ਤਹਾਂ ਤੇ ਤਿਨ ਕੋ ਮਾਰਜੋ। ਫਿਸਲਤਿ ਮੰਦ ਮੰਦ ਪਦ ਧਾਰਜੋ।
ਪੁਨ ਸੋ ਮਾਰਤਿ ਕਰਤਿ ਪਲਾਇਨ। ਦੀਨ ਨਿਬਲ ਤੇ ਭਾਜਜੋ ਜਾਇ ਨ॥੨੮॥

ਉਨ੍ਹਾਂ ਦੇ ਮਾਰਨ ਕਰਕੇ ਪਿੱਛੇ ਹੱਟ ਗਿਆ, ਤਿਲਕਦਾ ਹੋਇਆ ਹੌਲੀ ਹੌਲੀ ਪੈਰ ਧਰਦਾ ਸੀ। ਫਿਰ ਉਨ੍ਹਾਂ ਨੇ ਮਾਰ ਕੇ ਭੱਜਾ ਦਿੱਤਾ। ਬੜਾ ਦੀਨ ਅਤੇ ਨਿਰਬਲ ਹੋਇਆ ਸੀ, ਭਜਿਆ ਨਹੀਂ ਸੀ ਜਾਂਦਾ॥੨੮॥

ਭੇਸ ਭਯਾਨਕ ਭੈ ਧਰਿ ਭਾਰੀ। ਭਾਜਤਿ ਗਮਨਜੋਂ ਗਿਰਜੋ ਅਗਾਰੀ।
ਤਬਿਹੀ ਖੁਲੇ ਬਿਲੋਚਨ ਜਾਗਾ। ਸ੍ਰੀ ਗੁਰ ਕੇ ਬਚ ਸਿਮਰਨਿ ਲਾਗਾ॥੨੯॥

ਭਿਆਨਕ ਭੇਸ ਸੀ ਤੇ ਭਾਰੀ ਭੈ ਧਾਰਨ ਕੀਤਾ ਹੋਇਆ ਸੀ, ਭੱਜ ਕੇ ਗਿਆ ਤੇ ਅੱਗੇ ਜਾ ਕੇ ਡਿੱਗ ਪਿਆ। ਤਦ ਹੀ ਅੱਖਾਂ ਖੁਲ੍ਹ ਗਈਆਂ ਤੇ ਜਾਗ ਪਿਆ ਤੇ ਗੁਰੂ ਜੀ ਦੇ ਬਚਨ ਯਾਦ ਕਰਨ ਲੱਗਾ॥੨੯॥

ਲਿਖ ਜੋ ਪਠਜੋ, ਸੁ ਮੁਝ ਸੋਂ ਹੁਯੋ। ਬਹੁਤ ਬਿਸੂਰਤਿ ਸੰਕਟ ਭਯੋ।
ਦਾਰਾ ਕੋ ਜਲੂਸ ਬਡ ਦੇਖਾ। ਉਰ ਅਫਸੋਸਤਿ ਕ੍ਰੋਧ ਵਿਸ਼ੇਖਾ॥੩੦॥

ਜਿਹੜਾ ਲਿਖ ਕੇ ਭੇਜਿਆ ਸੀ, ਉਹੀ ਮੇਰੇ ਨਾਲ ਹੋਇਆ ਹੈ, ਬਹੁਤ ਦੁਖਦਾਇਕ ਸੰਕਟ ਪਾਇਆ ਹੈ। ਦਾਰਾ ਦਾ ਵੱਡਾ ਜਲੂਸ ਵੇਖਿਆ, ਹਿਰਦੇ ਵਿਚ ਬੜਾ ਅਫ਼ਸੋਸ ਹੋਇਆ ਤੇ ਬਹੁਤ ਕ੍ਰੋਧ ਕੀਤਾ॥੩੦॥

ਇਹ ਕਹਾ ਭਯੋ ਨ ਜਾਨਜੋ ਗਯੋ। ਸਿਹਰ ਕਿਧੌਂ ਹਿੰਦੁਨਿ ਗੁਰ ਕਿਯੋ।
ਦੁਬਿਧਾ ਚਿਤ ਮਹਿਂ ਭਾ ਮਨ ਭੰਗ। ਕਹਿ ਨ ਸਕਹਿ ਪ੍ਰਸੰਗ ਕਿਹ ਸੰਗ॥੩੧॥

ਇਹ ਕੀ ਹੋਇਆ ਹੈ, ਜਾਣਿਆ ਨਹੀਂ ਗਿਆ, ਜਾਂ ਹਿੰਦੂਆਂ ਦੇ ਗੁਰੂ ਨੇ ਇਹ ਜਾਦੂ ਕੀਤਾ ਹੈ। ਚਿਤ ਵਿਚ ਦੁਬਿਧਾ ਛਾ ਗਈ ਤੇ ਮਨ ਭੰਗ ਹੋ ਗਿਆ ਤੇ ਇਸ ਪ੍ਰਸੰਗ ਨੂੰ ਕਿਸੇ ਪਾਸ ਕਹਿ ਵੀ ਨਹੀਂ ਸੀ ਸਕਦਾ॥੩੧॥

ਬਹੁਤ ਬਿਚਾਰਤਿ ਕ੍ਰੋਧ ਬਧਾਇ। ਸਮਝਜੋ ਨਹਿਂ ਮੂਰਖ ਇਸ ਭਾਇ।
ਸ੍ਰੀ ਹਰਿਰਾਇ ਸੰਗ ਕਰਿ ਦ੍ਵੈਸ਼। ਤਿਨਹੁਂ ਕੀਨਿ ਇਹ ਸਿਹਰ ਵਿਸ਼ੇਸ਼॥੩੨॥

ਕ੍ਰੋਧ ਵਧਾ ਕੇ ਬਹੁਤ ਵਿਚਾਰ ਕਰਦਾ ਸੀ, ਮੂਰਖ ਇਸ ਦਾ ਅਸਲੀ ਭਾਵ ਨਾ ਸਮਝ ਸਕਿਆ। ਸ੍ਰੀ ਹਰਿਰਾਇ ਜੀ ਨਾਲ ਮੈਂ ਈਰਖਾ ਕੀਤੀ ਹੈ, ਉਨ੍ਹਾਂ ਨੇ ਤਾਂ ਇਹ ਗੁਝੀ ਗੱਲ ਕਰ ਵਿਖਾਈ ਹੈ॥੩੨॥

ਮੋਹਿ ਦਸ਼ਾ ਕੈਸੀ ਦਿਖਰਾਈ। ਦਾਰਾ ਕੋ ਪਾਤਿਸ਼ਾਹੁ ਬਨਾਈ।
ਪਠੋਂ ਸੈਨ ਗਹਿਵਾਇ ਮੰਗਾਵਉਂ। ਮੈਂ ਅਪਨੀ ਅਬਿ ਸ਼ਕਤਿ ਦਿਖਾਵਉਂ॥੩੩॥

ਮੇਰੀ ਕੈਸੀ ਹਾਲਤ ਵਿਖਾਈ ਹੈ ਤੇ ਦਾਰੇ ਨੂੰ ਬਾਦਸ਼ਾਹ ਬਣਾਇਆ ਹੈ। ਸੈਨਾ ਭੇਜ ਕੇ ਫੜ ਕੇ ਮੰਗਵਾਵਾਂਗਾ, ਮੈਂ ਆਪਣੀ ਹੁਣ ਸ਼ਕਤੀ ਵਿਖਾਵਾਂਗਾ॥੩੩॥

ਇਮ ਨਿਸ਼ਚੈ ਕਰਿ ਮੂਰਖਮਾਨੀ। ਕੀਨਿ ਬਾਹਨੀ ਤਯਾਰ ਮਹਾਨੀ।
ਇਕ ਉਮਰਾਵ ਪਠਜੋ ਕਹਿ ਐਸੇ। 'ਗੁਰ ਕਉ ਲਯਾਵਹੁ ਜੈਸੇ ਕੈਸੇ॥੩੪॥

ਮੂਰਖ ਘੁਮੰਡੀ ਨੇ ਇਸ ਤਰ੍ਹਾਂ ਨਿਸ਼ਚੈ ਕੀਤਾ ਤੇ ਮਹਾਨ ਸੈਨਾ ਤਿਆਰ ਕੀਤੀ। ਇਕ ਹਾਕਮ ਨੂੰ ਇਸ ਤਰ੍ਹਾਂ ਕਹਿ ਕੇ ਭੇਜਿਆ, "ਗੁਰੂ ਜੀ ਨੂੰ ਜਿਵੇਂ ਕਿਵੇਂ ਲੈ ਕੇ ਆਵੇ॥੩੪॥

ਜੇ ਕਰਿ ਜੰਗ ਕਰੈ ਅਰ ਪਰੈ। ਸਨਮੁਖ ਲੋਹ ਤੁਮਹੁ ਸੋਂ ਕਰੈ।
ਤੂਰਨ ਲਿਖਹੁ ਮੋਹਿ ਦਿਸ਼ਿ ਫੇਰਿ। ਬਹੁ ਲਸ਼ਕਰ ਭੇਜਉਂ ਬਿਨ ਦੇਰਿ॥ ੩੫॥

ਜੇਕਰ ਜੰਗ ਕਰੇ ਅਤੇ ਅੜ ਪਵੇ ਤੇ ਤੁਹਾਡੇ ਸਾਹਮਣੇ ਹੋ ਕੇ ਲੋਹਾ ਲੈ ਕੇ ਜੰਗ ਕਰੇ ਤਾਂ ਤੁਰਤ ਮੇਰੇ ਵੱਲ ਲਿਖੋ, ਫਿਰ ਮੈਂ ਕਿਸੇ ਦੇਰ ਤੋਂ ਬਗੈਰ ਬਹੁਤ ਲਸ਼ਕਰ ਭੇਜਾਂਗਾ॥੩੫॥

ਕਰਹੁ ਸੰਘਾਰਨਿ ਕੈ ਗਹਿ ਲਜਾਵਹੁ। ਨਹਿਂ ਮਾਰਗ ਮਹਿਂ ਬਿਲਮ ਲਗਾਵਹੁ।
ਜੰਗ ਸਮਿੱਗ੍ਰੀ ਲੇ ਕਰਿ ਸਭੈ। ਤੋਪ ਤੁਪਕ ਸਮੁਦਾਇਨਿ ਤਬੈ॥ ੩੬॥

ਮਾਰ ਦੇਵੋਂ ਜਾਂ ਫੜ ਕੇ ਲੈ ਆਵੋ, ਰਾਹ ਵਿਚ ਕੋਈ ਦੇਰ ਨਾ ਲਾਵੋ। ਜੰਗ ਦੀ ਸਾਰੀ ਸਮੱਗਰੀ ਤੋਪਾਂ, ਬੰਦੂਕਾਂ ਸਭ ਲੈ ਕੇ ਜਾਵੋ॥੩੬॥

ਗਮਨਜੋ ਦਿੱਲੀ ਤੇ ਕਰਿ ਕੂਚ। ਏਕ ਮੰਜਲ ਉਮਰਾਵ ਪਹੂਚਿ।
ਭਈ ਜਾਮਨੀ ਕੀਨਸਿ ਡੇਰਾ। ਖਾਨ ਪਾਨ ਕਰਿ ਸੁਪਤਿ ਬਸੇਰਾ॥ ੩੭॥

ਉਹ ਦਿੱਲੀ ਤੋਂ ਕੂਚ ਕਰ ਕੇ ਚੱਲ ਪਿਆ, ਜਦ ਹਾਕਮ ਨੇ ਦਿਨ ਦਾ ਸਫਰ ਪੂਰਾ ਕਰ ਲਿਆ, ਰਾਤ ਪੈ ਗਈ ਤਾਂ ਆਪਣਾ ਡੇਰਾ ਲਾ ਲਿਆ ਤੇ ਖਾ ਪੀ ਕੇ ਸੌਂ ਗਿਆ॥੩੭॥

ਕੁਛ ਕਾਚੋ ਆਮਿਖ ਰਹਿ ਗਯੋ। ਭੱਖਨਿ ਕੀਨਿ ਸੁਪਤਿ ਸੋ ਭਯੋ।
ਬਿਨਾ ਹਾਜ਼ਮੇ, ਹੈਜ਼ਾ ਹ੍ਵੈ ਕੈ। ਸੋ ਮਰਿ ਗਯੋ ਤਹਾਂ ਦੁਖ ਪੈ ਕੈ॥ ੩੮॥

ਜਿਹੜਾ ਮਾਸ ਪਕਾਇਆ ਸੀ, ਉਹ ਕੁਝ ਕੱਚਾ ਰਹਿ ਗਿਆ, ਉਹ ਖਾ ਕੇ ਸੌਂ ਗਿਆ। ਉਹ ਮਾਸ ਪਚਿਆ ਨਹੀਂ ਜਿਸ ਕਰਕੇ ਹੈਜ਼ਾ ਹੋ ਗਿਆ ਤੇ ਉਹ ਬਹੁਤ ਦੁਖ ਪਾ ਕੇ ਮਰ ਗਿਆ॥੩੮॥

ਪ੍ਰਾਤਿ ਭਈ ਤਿਸ ਕੋ ਦਫਨਾਯੋ। ਲਿਖਿ ਅਵਰੰਗ ਕੇ ਨਿਕਟਿ ਪਠਾਯੋ।
ਤਹਿਂ ਤੇ ਸੋ ਲਸ਼ਕਰ ਹਟਿ ਗਯੋ। ਮਹਾਂ ਸ਼ੋਕ ਤਿਨ ਹੂੰ ਮੈਂ ਭਯੋ॥ ੩੯॥

ਸਵੇਰ ਹੋਈ ਤਾਂ ਉਸ ਨੂੰ ਦਫਨਾ ਦਿੱਤਾ ਤੇ ਉਸ ਬਾਰੇ ਲਿੱਖ ਕੇ ਨੌਰੰਗੇ ਪਾਸ ਭੇਜ ਦਿੱਤਾ, ਉਥੋਂ ਉਹ ਲਸ਼ਕਰ ਫਿਰ ਵਾਪਸ ਚਲਾ ਗਿਆ, ਉਨ੍ਹਾਂ ਨੇ ਉਸ ਦਾ ਬੜਾ ਦੁੱਖ ਮਨਾਇਆ॥੩੯॥

ਕੇਤਿਕ ਦਿਨ ਬਿਤਾਇ ਕਰਿ ਫੇਰ। ਨਹਿਂ ਮੁਰਾਦ ਕੋ ਪ੍ਰਾਪਤਿ ਹੇਰਿ।
ਅਪਰ ਕੀਨਿ ਤਜਾਰੀ ਉਮਰਾਵ। ਦੇ ਕਰਿ ਲਸ਼ਕਰ ਜੰਗ ਬਨਾਵ॥ ੪੦॥

ਕਈ ਦਿਨ ਹੋਰ ਬਤੀਤ ਕਰਕੇ, ਜਦ ਆਪਣੇ ਦਿਲ ਦੀ ਮੁਰਾਦ ਪੂਰੀ ਹੁੰਦੀ ਨਾ ਵੇਖੀ ਤਾਂ ਇਕ ਹੋਰ ਹਾਕਮ ਤਿਆਰ ਕੀਤਾ, ਜੰਗ ਕਰਨ ਵਾਸਤੇ ਉਸ ਨੂੰ ਲਸ਼ਕਰ ਦਿੱਤਾ॥੪੦॥

ਸ਼ਾਹੁ ਨਿਕਟਿ ਤ ਰੁਖ਼ਸਤ ਹੋਇ। ਗਮਨਜੋ ਮਗ ਆਵਨਿ ਕੋ ਸੋਇ।
ਕਿਤਿਕ ਮੰਜਲ ਜਬਿ ਚਲਿ ਕਰਿ ਆਯੋ। ਤੋਪ ਜੰਬੂਰ ਜੰਜੈਲਨਿ ਲਜਾਯੋ॥੪੧॥

ਉਹ ਬਾਦਸ਼ਾਹ ਪਾਸੋਂ ਰਵਾਨਾ ਹੋਇਆ ਤੇ ਗੁਰੂ ਜੀ ਵੱਲ ਆਉਣ ਵਾਸਤੇ ਰਾਹੋ ਰਾਹ ਚਲ ਪਿਆ। ਜਦ ਕਈ ਦਿਨ ਚਲ ਕੇ ਆਇਆ ਤੇ ਤੋਪਾਂ, ਜਮੂਰੇ ਅਤੇ ਜੰਜੈਲਾਂ (ਭਾਰੀਆਂ ਲੰਮੀਆਂ ਬੰਦੂਕਾਂ) ਲਿਆਇਆ॥੪੧॥

ਤਿਸ ਕੇ ਭਯੋ ਰੋਗ ਇਸ ਭਾਂਤੀ। ਜਲਿਬੇ ਲਗੀ ਅਚਾਨਕ ਛਾਤੀ।
ਅਸਵਾਰੀ ਪਰ ਚਢਜੋ ਨ ਜਾਇ। ਜਜੋਂ ਹਾਲਹਿ ਤਜੋਂ ਹਾਡ ਫੁਟਾਇਂ॥ ੪੨॥

ਉਸ ਦੇ ਇਸ ਤਰ੍ਹਾਂ ਰੋਗ ਹੋਇਆ ਕਿ ਅਚਾਨਕ ਛਾਤੀ ਵਿਚ ਸਾੜ ਪੈਣ ਲੱਗ ਗਿਆ। ਘੋੜੇ ਉੱਤੇ ਚੜ੍ਹਿਆ ਨਹੀਂ ਸੀ ਜਾਂਦਾ, ਜਦ ਹਿਲਦਾ ਸੀ ਤਾਂ ਹੱਡ ਫੁੱਟਦੇ ਸਨ ॥੪੨॥

ਕੇਤਿਕ ਦਿਨ ਮਗ ਮਹਿਂ ਪਰਿ ਰਹਜੋ। ਨੀਠ ਨੀਠ ਦਿੱਲੀ ਮਗ ਲਹਜੋ।
ਸੁਨਿ ਅਵਰੰਗ ਰਿਸਹਿ ਅਕੁਲਾਇ। ਤਹਿਂ ਲੌ ਪਹੁੰਚਿ ਨ ਕੋਈ ਪਾਇ ॥੪੩॥

ਕਈ ਦਿਨ ਰਾਹ ਵਿਚ ਪਿਆ ਰਿਹਾ, ਮਸਾਂ ਮਸਾਂ ਦਿੱਲੀ ਦਾ ਰਾਹ ਲਿਆ। ਸੁਣ ਕੇ ਔਰੰਗਾ ਗੁੱਸੇ ਵਿਚ ਆ ਕੇ ਵਿਆਕੁਲ ਹੋ ਗਿਆ, ਉਥੋਂ ਤਕ ਕੋਈ ਪਹੁੰਚ ਹੀ ਨਹੀਂ ਪਾਉਂਦਾ ਹੈ ॥੪੩॥

ਪੁਨ ਕੇਤਿਕ ਦਿਨ ਬੀਤੇ ਜਬੈ। ਸ੍ਰੀ ਹਰਿਰਾਇ ਸਿਮਰਿ ਕਰਿ ਤਬੈ।
ਤ੍ਰਿਤਿਯੋ ਪੁਨ ਉਮਰਾਵ ਚਢਾਯੋ। ਹੁਇ ਰੁਖ਼ਸਦ ਮਾਰਗ ਗਮਨਾਯੋ ॥੪੪॥

ਫਿਰ ਜਦ ਕਈ ਦਿਨ ਬੀਤੇ ਤਾਂ ਸ੍ਰੀ ਹਰਿਰਾਇ ਜੀ ਨੂੰ ਯਾਦ ਕਰਕੇ ਤੀਸਰੇ ਹਾਕਮ ਨੂੰ ਫਿਰ ਚੜ੍ਹਾਇਆ। ਉਹ ਵਿਦਾ ਹੋ ਕੇ ਰਾਹੇ ਪੈ ਕੇ ਚਲ ਪਿਆ ॥੪੪॥

ਸੋ ਭੀ ਕੁਛ ਦੁਖ ਤੇ ਮਰਿ ਗਯੋ। ਕਈ ਬਾਰ ਇਮ ਭੇਜਤਿ ਭਯੋ।
ਆਧੋ ਪੰਥ ਨ ਉਲੰਘਯੋ ਕੋਈ। ਹੋਤਿ ਬਿਘਨ ਪੀਛੇ ਹਟਿ ਸੋਈ ॥੪੫॥

ਉਹ ਵੀ ਕਿਸੇ ਦੁੱਖ ਨਾਲ ਮਰ ਗਿਆ, ਕਈ ਵਾਰ ਇਸ ਤਰ੍ਹਾਂ ਭੇਜਦਾ ਰਿਹਾ, ਪਰ ਅੱਧਾ ਰਾਹ ਵੀ ਕੋਈ ਨਾ ਲੰਘ ਸਕਿਆ, ਵਿਘਨ ਪੈਣ ਨਾਲ ਪਿੱਛੇ ਹੱਟ ਜਾਂਦੇ ਸਨ ॥੪੫॥

ਸੰਗਤਿ ਦਿੱਲੀ ਤੇ ਚਲਿ ਆਈ। ਬੰਦਨ ਕਰਿ ਅਕੋਰ ਅਰਪਾਈ।
ਸੋ ਕਰਿ ਜੋਰਤਿ ਕਰਿ ਅਰਦਾਸ। 'ਸ੍ਰੀ ਗੁਰੂ ਜੀ! ਸਭਿ ਬਿਘਨ ਬਿਨਾਸ਼ ॥੪੬॥

ਗੁਰੂ ਜੀ ਪਾਸ ਦਿੱਲੀ ਤੋਂ ਸੰਗਤ ਚੱਲ ਕੇ ਆਈ। ਉਨ੍ਹਾਂ ਨੇ ਬੰਦਨਾਂ ਕਰਕੇ ਉਪਹਾਰ ਅਰਪਣ ਕੀਤੇ। ਫਿਰ ਹੱਥ ਜੋੜ ਕੇ ਉਨ੍ਹਾਂ ਬੇਨਤੀ ਕੀਤੀ, "ਸ੍ਰੀ ਗੁਰੂ ਜੀ ! ਤੁਸੀਂ ਸਭ ਵਿਘਨ ਵਿਨਾਸ਼ ਕਰ ਦਿੱਤੇ ਹਨ ॥੪੬॥

ਸ਼ਾਹੁ ਸੈਨ ਬਹੁ ਬਾਰ ਪਠਾਈ। ਭਏ ਬਿਘਨ ਤੁਮ ਲਗਿ ਨਹਿਂ ਆਈ'।
ਸੁਨਿ ਕਰਿ ਸ੍ਰੀ ਹਰਿਰਾਇ ਬਖਾਨਾ। 'ਗੁਰੂ ਪਿਤਾਮੇ ਪ੍ਰਭੂ ਮਹਾਨਾ ॥੪੭॥

ਬਾਦਸ਼ਾਹ ਨੇ ਬਹੁਤ ਵਾਰ ਸੈਨਾ ਭੇਜੀ ਹੈ, ਪਰ ਕੋਈ ਨਾ ਕੋਈ ਵਿਘਨ ਪੈ ਜਾਂਦਾ ਹੈ ਤੇ ਤੁਹਾਡੇ ਪਾਸ ਨਹੀਂ ਪੁੱਜਦੇ।" ਇਹ ਸੁਣ ਕੇ ਸ੍ਰੀ ਗੁਰੂ ਹਰਿਰਾਇ ਜੀ ਨੇ ਕਿਹਾ, "ਪਿਤਾਮੇ ਗੁਰੂ ਜੀ ਮਹਾਨ ਪ੍ਰਭੂ ਸਨ ॥੪੭॥

ਤਿਨ ਕੇ ਕਹਜੋ ਬਾਕ ਫੁਰਿ ਹੋਤਾ। ਜੇ ਤੁਮ ਕੋ ਕੋ ਬਿਘਨ ਉਦੋਤਾ।
ਸੋ ਤਤਕਾਲ ਹਟਹਿ ਦੁਖ ਪਾਵਹਿ। ਅਗਨਿ ਨਿਕਟਿ ਓਰਾ ਗਰ ਜਾਵਹਿ ॥੪੮॥

ਉਨ੍ਹਾਂ ਦਾ ਕਿਹਾ ਹੋਇਆ ਹਰ ਬਚਨ ਪੂਰਾ ਹੁੰਦਾ ਸੀ। ਉਨ੍ਹਾਂ ਦਾ ਬਚਨ ਸੀ, ਜੇ ਤੁਹਾਨੂੰ ਕੋਈ ਮਾਰਨ ਵਾਸਤੇ ਆਵੇਗਾ ਤਾਂ ਉਹ ਤੁਰਤ ਦੁਖੀ ਹੋ ਕੇ ਵਾਪਸ ਹਟ ਜਾਵੇਗਾ, ਜਿਵੇਂ ਅੱਗ ਦੇ ਨੇੜੇ ਬਰਫ਼ ਦਾ ਗੜ੍ਹਾ ਪਿਗਲ ਜਾਂਦਾ ਹੈ ॥੪੮॥

ਤੁਮਰੇ ਨਿਕਟਿ ਨ ਆਵੈ ਕੋਈ। ਉੱਦਮ ਕਰਤਿ ਬਿਨਾਸ਼ਨਿ ਹੋਈ।
ਤਿਨ ਕੋ ਬਾਕ ਸਹਾਇਕ ਸਦਾ। ਦੁਸ਼ਟ ਬਿਨਾਸ਼ਕ ਹੈ ਜਦ ਕਦਾ' ॥੪੯॥

ਤੁਹਾਡੇ ਪਾਸ ਕੋਈ ਨਹੀਂ ਆ ਸਕੇਗਾ, ਜਿਹੜਾ ਵੀ ਉੱਦਮ ਕਰਕੇ ਆਵੇਗਾ, ਉਹ ਖ਼ਤਮ ਹੋ ਜਾਵੇਗਾ। ਉਨ੍ਹਾਂ ਦੇ ਬਚਨ ਸਦਾ ਮੇਰੇ ਸਹਾਇਕ ਹਨ, ਹਰ ਸਮੇਂ ਦੁਸ਼ਟਾਂ ਦਾ ਵਿਨਾਸ਼ ਕਰਦੇ ਹਨ' ॥੪੯॥

ਕਹਜੋ ਸਭਾ ਮਹਿਂ ਸ੍ਰੀ ਹਰਿਰਾਇ। ਸੁਨਿ ਸਿਖ ਭਾਖਹਿ 'ਤੁਮ ਸੁਖ ਭਾਇ।
ਹੋਇਂ ਬਿਨਾਸ਼ਨ ਸ਼ੱਤ੍ਰੂ ਤੁਮਾਰੇ। ਕੋ ਸਮਰਥ ਜੋ ਸਕਹਿ ਨਿਹਾਰੇ' ॥ ੫੦ ॥

ਸ੍ਰੀ ਹਰਿਰਾਇ ਜੀ ਨੇ ਸਭਾ ਵਿਚ ਕਿਹਾ ਤੇ ਸਿੱਖਾਂ ਨੇ ਸੁਣ ਕੇ ਕਿਹਾ, "ਸਾਨੂੰ ਤੁਹਾਡਾ ਸੁਖ ਚੰਗਾ ਲੱਗਦਾ ਹੈ, ਤੁਹਾਡੇ ਦੁਸ਼ਮਣਾਂ ਦਾ ਨਾਸ਼ ਹੋਵੇ, ਕੌਣ ਅਜਿਹਾ ਸਮਰੱਥ ਹੈ ਜਿਹੜਾ ਤੁਹਾਡੇ ਵੱਲ ਤਕ ਸਕੇ" ॥੫੦॥

ਉਤਹਿ ਸ਼ਾਹ ਕੋ ਕਹਤਿ ਮੁਲਾਨੇ। 'ਲਿਖਹੁ ਸਾਮਤਾ ਸਾਥ ਮਹਾਨੇ।
ਜਿਸ ਤੇ ਪ੍ਰੀਤਿ ਸੁ ਜਾਨੀ ਜਾਇ। ਚਹਹੁ ਸੁ ਕਰਹੁ ਜਬਹਿ ਇਤ ਆਇ ॥ ੫੧ ॥

ਓਧਰ ਬਾਦਸ਼ਾਹ ਨੂੰ ਮੁਲਾਣੇ ਕਹਿਣ ਲੱਗੇ, "ਮਹਾਨ ਪ੍ਰੇਮ ਨਾਲ ਲਿਖੋ ਜਿਸ ਤੋਂ ਪ੍ਰੀਤ ਚੰਗੀ ਤਰ੍ਹਾਂ ਜਾਣੀ ਜਾਇ, ਜਦ ਏਥੇ ਆ ਜਾਣ ਜੋ ਚਾਹੋ ਸੋ ਕਰੋ॥੫੧॥

ਨਿਸ਼ਠੁਰ ਹਰਫ ਨ ਲਿਖੀਅਹਿ ਕੋਈ। ਕਰਿ ਸਨਮਾਨ ਹਕਾਰਹੁ ਸੋਈ।
ਏਕ ਬਾਰ ਲਿਹੁ ਨਿਕਟਿ ਬੁਲਾਇ। ਪੁਨ ਬਰਤਉ ਜੈਸੇ ਚਿਤ ਆਇ' ॥ ੫੨ ॥

ਕੋਈ ਵੀ ਕਠੋਰ ਸ਼ਬਦ ਨਾ ਲਿਖੋ, ਬੜਾ ਸਨਮਾਨ ਕਰਕੇ ਬੁਲਾਓ। ਇਕ ਵਾਰ ਆਪਣੇ ਪਾਸ ਬੁਲਾ ਲਵੋ, ਫਿਰ ਜਿਵੇਂ ਤੁਹਾਡੇ ਚਿੱਤ ਵਿਚ ਆਵੇ, ਉਸ ਤਰ੍ਹਾਂ ਦਾ ਵਰਤਾਓ ਕਰੋ" ॥੫੨॥

*ਨੌਵੀਂ ਰਾਸ ਦਾ ਚੌਤੀਵਾਂ ਅਧਿਆਇ ਸਮਾਪਤ ਹੋਇਆ॥੩੪॥*

## ਅਧਿਆਇ ਪੈਂਤੀਵਾਂ

### *ਔਰੰਗਜ਼ੇਬ ਦਾ ਦੂਤ ਸਤਿਗੁਰੂ ਜੀ ਪਾਸ ਆਇਆ*

ਦੋਹਰਾ- ਸੁਨਜੋ ਸਕਲ ਤਿਨਕੋ ਕਹਜੋ ਨੌਰੰਗ ਸਹਿਤ ਪ੍ਰਮਾਦ।
ਤਿਨ ਕੀ ਅਕਲ ਸਰਾਹਿ ਕੈ ਰਿਦੈ ਮਹਿਦ ਅਹਿਲਾਦ॥ ੧ ॥

ਮੁਲਾਣਿਆਂ ਪਾਸੋਂ ਸਾਰੀ ਗੱਲ ਸੁਣ ਕੇ ਨੌਰੰਗੇ ਨੇ ਭਰਮ ਮਈ ਚਿਤ ਨਾਲ ਕਿਹਾ ਕਿ ਉਨ੍ਹਾਂ ਦੀ ਅਕਲ ਦੀ ਸਰਾਹਣਾ ਕਰਕੇ ਹਿਰਦੇ ਵਿਚ ਬੜਾ ਅਨੰਦ ਪ੍ਰਾਪਤ ਹੁੰਦਾ ਹੈ॥੧॥

ਚੌਪਈ- ਤਤਛਿਨ ਲਿਖਵਾਇਵ ਪਰਵਾਨਾ। 'ਰਾਮ ਦਾਸ ਕੇ ਤੁਮ ਬਡ ਥਾਨਾ।
ਮਾਨਹਿਂ ਜਗ ਸਗਰੇ ਗੁਰ ਲਹੈਂ। ਅਜ਼ਮਤ ਧਨੀ ਲੋਕ ਸਭਿ ਕਹੈਂ ॥ ੨ ॥

ਤੁਰਤ ਇਕ ਪਰਵਾਨਾ ਲਿਖਾਇਆ ਜਿਸ ਵਿਚ ਲਿਖਿਆ ਸੀ, "ਗੁਰੂ ਰਾਮਦਾਸ ਜੀ ਦੇ ਤੁਸੀਂ ਉੱਚੇ ਸਥਾਨ 'ਤੇ ਬੈਠੇ ਹੋ। ਸਾਰਾ ਜੱਗ ਤੁਹਾਨੂੰ ਮੰਨਦਾ ਹੈ ਤੇ ਆਪਣਾ ਗੁਰੂ ਜਾਣਦਾ ਹੈ। ਤੁਸੀਂ ਕਰਾਮਾਤ ਦੇ ਧਨੀ ਹੋ, ਸਾਰੇ ਲੋਕ ਕਹਿੰਦੇ ਹਨ॥੨॥

ਆਵਤ ਰਹੇ ਹਮੇਸ਼ ਹਮਾਰੇ। ਮਿਲੇ ਬੋਲਨੌਂ ਭਲੀ ਪ੍ਰਕਾਰੇ।
ਮਿਹਰਬਾਨਗੀ ਅਬਿ ਭੀ ਕਰੀਅਹਿ। ਦਰਸ਼ਨ ਦਿਹੁ ਸੰਸੈ ਸਭਿ ਹਰੀਅਹਿ ॥੩ ॥

ਤੁਹਾਡੇ ਵਡੇਰੇ ਹਮੇਸ਼ਾਂ ਸਾਡੇ ਪਾਸ ਆਉਂਦੇ ਰਹੇ ਹਨ ਅਤੇ ਮਿਲ ਕੇ ਭਲੀ ਪ੍ਰਕਾਰ ਬੋਲਦੇ ਸਨ। ਹੁਣ ਵੀ ਮਿਹਰਬਾਨੀ ਕਰੋ, ਦਰਸ਼ਨ ਦੇਵੋ ਤਾਂਕਿ ਸ਼ੰਕੇ ਸਭ ਦੂਰ ਕਰੀਏ॥੩॥

ਮੋ ਕਹੁ ਅਜ਼ਮਤ ਆਇ ਦਿਖਾਵਹੁ। ਮਗ ਖੁਦਾਇ ਕੇ ਬਾਕ ਸੁਨਾਵਹੁ।
ਇੱਤਜਾਦਿਕ ਲਿਖਿ ਕਰਿ ਪਰਵਾਨਾ। ਬਿਨੈ ਸਹਿਤ ਅਰੁ ਨਿਜ ਬਲਨਾਨਾ॥੪॥

ਮੈਨੂੰ ਆਪਣਾ ਪ੍ਰਤਾਪ ਆ ਕੇ ਵਿਖਾਵੇ ਤੇ ਖੁਦਾ ਦੇ ਮਾਰਗ ਦੇ ਬਚਨ ਸੁਣਾਵੇ।'' ਇੱਤਿਆਦਿਕ ਪਰਵਾਨਾ ਲਿਖ ਕੇ ਭੇਜਿਆ ਜਿਸ ਵਿਚ ਬੇਨਤੀ ਵੀ ਸੀ ਅਤੇ ਆਪਣੇ ਕਈ ਪ੍ਰਕਾਰ ਦੇ ਬਲ ਦਾ ਵੀ ਜ਼ਿਕਰ ਸੀ॥੪॥

ਦੇ ਕਰਿ ਦੂਤ ਪਠਯੋ ਤਤਕਾਲਾ। 'ਦੇਰ ਨ ਕਰਹੁ ਲਯਾਉ ਦਰਹਾਲਾ'।
ਦਿੱਲੀ ਪੁਰਿ ਤੇ ਕੀਨਿ ਪਯਾਨਾ। ਸਤਿਗੁਰ ਕੋ ਘਰ ਜਿਸ ਪੁਰਿ ਜਾਨਾ॥੫॥

ਤੁਰਤ ਦੂਤ ਨੂੰ ਦੇ ਕੇ ਭੇਜ ਦਿੱਤਾ ਤੇ ਉਸ ਨੂੰ ਕਿਹਾ, ''ਦੇਰ ਨਾ ਕਰੋ ਅਤੇ ਛੇਤੀ ਲਿਆਵੋ।'' ਹਰਕਾਰਾ ਦਿੱਲੀ ਨਗਰ ਤੋਂ ਚਲ ਪਿਆ। ਸਤਿਗੁਰੂ ਜੀ ਦੇ ਘਰ ਜਿਸ ਨਗਰ ਵਿਚ ਸਨ, ਉਥੇ ਜਾਣਾ ਸੀ॥੫॥

ਤੂਰਨ ਗਮਨਯੋ ਮਾਰਗ ਸਾਰਾ। ਕ੍ਰਮ ਕ੍ਰਮ ਉਲੰਘਿ ਗਯੋ ਹਿਤ ਧਾਰਾ।
ਰੋਪਰ ਪੁਰਿ ਤੇ ਚਲਿ ਅਗਵਾਇ। ਕੀਰਤਪੁਰਿ ਪਹੁੰਚਯੋ ਤਬਿ ਜਾਇ॥੬॥

ਤੁਰਤ ਸਾਰਾ ਮਾਰਗ ਚਲ ਕੇ ਆ ਗਿਆ, ਹੌਲੀ-ਹੌਲੀ ਹਿਤ ਧਾਰ ਸਾਰਾ ਪੈਂਡਾ ਲੰਘ ਆਇਆ। ਰੋਪੜ ਨਗਰ ਤੋਂ ਅੱਗੇ ਚਲ ਪਿਆ, ਤਦ ਕੀਰਤਪੁਰ ਜਾ ਪਹੁੰਚਾ॥੬॥

ਤਹਾਂ ਪਹੁੰਚਿ ਤਿਨ ਕੀਨਸਿ ਡੇਰਾ। ਸ੍ਰੀ ਸਤਿਗੁਰ ਜਹਿਂ ਕਰਤਿ ਬਸੇਰਾ।
ਦ੍ਵੈ ਸਹੰਸ੍ਰ ਦ੍ਵੈ ਸਹਸ ਤੁਰੰਗ। ਉਤਰਯੋ ਪਰਯੋ ਰਹਿਤ ਨਿਤ ਸੰਗ॥੭॥

ਉਥੇ ਪਹੁੰਚ ਕੇ ਉਸ ਡੇਰਾ ਕੀਤਾ, ਜਿਥੇ ਸਤਿਗੁਰੂ ਜੀ ਰਹਿੰਦੇ ਸਨ। ਗੁਰੂ ਜੀ ਆਪਣੇ ਪਾਸ ਬਾਈ ਸੋ ਘੋੜ ਸਵਾਰ ਰੱਖਦੇ ਸਨ, ਜਿਨ੍ਹਾਂ ਨੇ ਉਥੇ ਉਤਾਰਾ ਕੀਤਾ ਸੀ ਤੇ ਜਿਹੜੇ ਸਦਾ ਗੁਰੂ ਜੀ ਨਾਲ ਰਹਿੰਦੇ ਸਨ॥੭॥

ਵਾਹਨ ਪੁਸ਼ਟ ਖਰੇ ਬਹੁ ਮੋਲੇ। ਥਾਨ ਸੁਹਾਵਤਿ ਸੁਨੀਅਤਿ ਬੋਲੇ।
ਰੰਗ ਰੰਗ ਕੇ ਸੁੰਦਰ ਘੋਰੇ। ਬਹੁ ਕੂਦਤਿ ਚੰਚਲ ਤਨ ਜੋਰੇ॥੮॥

ਬਹੁਤ ਮੁੱਲ ਵਾਲੇ ਰਿਸ਼ਟ ਪੁਸ਼ਟ ਘੋੜੇ ਖੜੇ ਸਨ। ਬਹੁਤ ਸੁਹਾਵਣਾ ਸਥਾਨ ਸੀ ਤੇ ਕਈ ਪ੍ਰਕਾਰ ਦੀਆਂ ਆਵਾਜ਼ਾਂ ਸੁਣਾਈ ਦਿੰਦੀਆਂ ਸਨ। ਕਈ ਰੰਗਾਂ ਦੇ ਸੁੰਦਰ ਘੋੜੇ ਸਨ, ਬਹੁਤ ਕੁਦਦੇ ਸਨ ਤੇ ਬੜੇ ਚੰਚਲ ਅਤੇ ਉਨ੍ਹਾਂ ਦੇ ਸਰੀਰ ਬੜੇ ਸ਼ਕਤੀਸ਼ਾਲੀ ਸਨ॥੮॥

ਸੁਭਟ ਅਲੰਕ੍ਰਿਤ ਦਰਬ ਸਮੇਤਾ। ਸੂਖਮ ਬਸਤ੍ਰ, ਸ਼ਸਤ੍ਰ ਸੌਂ ਹੇਤਾ।
ਮਚ ਜੁੱਧ ਮੁਖ ਮੋਰਹਿ ਨਾਂਹੀ। ਐਸੋ ਦਲ ਉਤਰਯੋ ਪੁਰਿ ਮਾਂਹੀ॥੯॥

ਧਨ ਸਹਿਤ ਸਭ ਪ੍ਰਕਾਰ ਦੇ ਸਾਜ਼ੋ-ਸਾਮਾਨ ਨਾਲ ਸੂਰਮੇ ਸ਼ਸ਼ੋਭਤ ਸਨ। ਉਨ੍ਹਾਂ ਦੇ ਸੂਖਮ ਵਸਤਰ ਸਨ ਤੇ ਸ਼ਸਤਰ ਉਨ੍ਹਾਂ ਨੇ ਸਜਾਏ ਹੋਏ ਸਨ। ਜਦ ਯੁੱਧ ਮਚਦਾ ਸੀ ਤਾਂ ਮੁਖ ਨਹੀਂ ਸੀ ਮੋੜਦੇ, ਇਸ ਤਰ੍ਹਾਂ ਦਲ ਨਗਰੀ ਵਿਚ ਉਤਰਿਆ ਹੋਇਆ ਸੀ॥੯॥

ਕਿਤਿਕ ਸਿੱਖ ਸੇਵਕ ਸੰਗ ਰਹੈਂ। ਦਰਸਹਿਂ ਗੁਰੂ ਚਾਕਰੀ ਲਹੈਂ।
ਕਿਤਿਕ ਲੇਹਿਂ ਧਨ ਨੌਕਰ ਰਾਖੇ। ਮਹਾਂ ਸੂਰ ਨਿਤ ਰਨ ਅਭਿਲਾਖੇਂ॥੧੦॥

ਕਈ ਸਿੱਖ ਸੇਵਕ ਗੁਰੂ ਜੀ ਨਾਲ ਰਹਿੰਦੇ ਸਨ। ਗੁਰੂ ਜੀ ਦੇ ਦਰਸ਼ਨ ਕਰਕੇ ਨੌਕਰੀ ਪ੍ਰਾਪਤ ਕਰਦੇ ਸਨ। ਕਈ ਧਨ ਪ੍ਰਾਪਤ ਕਰਦੇ ਸਨ, ਉਨ੍ਹਾਂ ਨੂੰ ਨੌਕਰ ਰਖਿਆ ਸੀ। ਵੱਡੇ ਸੂਰਬੀਰ ਸਨ ਸਦਾ ਯੁੱਧ ਦੀ ਅਭਿਲਾਸ਼ਾ ਕਰਦੇ ਸਨ॥੧੦॥

ਪੁਰੀ ਸੁਹਾਵਨ ਹੇਰੀ ਦੂਤ। ਲਸ਼ਕਰ ਪਰਜੇ ਬਨਜੇ ਸੁਭ ਸੂਤ।
ਸ੍ਰੀ ਹਰਿਰਾਇ ਗੁਰੂ ਸੁਖਕਾਰੀ। ਜਾਨੀ ਸਭਿ ਸੁਧ ਰਿਦੇ ਮਝਾਰੀ॥ ੧੧ ॥

ਸੁਹਾਵਣੀ ਨਗਰੀ ਨੂੰ ਦੂਤ ਨੇ ਵੇਖਿਆ, ਲਸ਼ਕਰ ਰਖਿਆ ਹੋਇਆ ਸੀ ਸੁਹਣੀ ਮਰਯਾਦਾ ਬਣੀ ਹੋਈ ਸੀ। ਸ੍ਰੀ ਹਰਿਰਾਇ ਜੀ ਸੁਖਕਾਰੀ ਗੁਰੂ ਜੀ ਹਨ, ਉਨ੍ਹਾਂ ਆਪਣੇ ਹਿਰਦੇ ਵਿਚ ਸਾਰੀ ਗੱਲ ਸਮਝੀ॥੧੧॥

ਕਹਿ ਕਰਿ ਸੁੰਦਰ ਸਭਾ ਲਗਾਏ। ਗਿਲਮ ਗਲੀਚਾ ਪਟ ਬਿਛਵਾਏ।
ਚੋਬਦਾਰ ਬਹੁ ਖਰੇ ਢਲੈਤ। ਕੰਚਨ ਦੰਡ ਕਰਨਿ ਮਹਿਂ ਲੈਤ॥ ੧੨ ॥

ਕਹਿ ਕੇ ਸੁੰਦਰ ਸਭਾ ਲਵਾਈ ਤੇ ਫਰਸ਼ ਬਣਾਉਣ ਵਾਸਤੇ ਉਨ ਦੇ ਗਰਮ ਕਾਲੀਨ, ਗਲੀਚੇ ਅਤੇ ਰੇਸ਼ਮ ਦੇ ਵਸਤਰ ਵਿਛਵਾਏ। ਚੋਬਦਾਰ ਤੇ ਬਹੁਤ ਸੂਰਮੇ ਖੜੇ ਸਨ। ਚੋਬਦਾਰਾਂ ਨੇ ਸੋਨੇ ਦੇ ਡੰਡੇ ਹੱਥਾਂ ਵਿਚ ਫੜੇ ਸਨ॥੧੨॥

ਚਾਰੁ ਚੰਦੋਵਾ ਚਿੱਤ੍ਰਤਿ ਜ਼ਰੀ। ਨਗ ਬਿਚ ਜੜਤੀ ਮੁਕਤਨਿ ਲਰੀ।
ਰੇਸ਼ਮ ਕੀ ਡੋਰੈਂ ਸੁਠ ਤਾਨੀ। ਝਾਲਰ ਜ਼ਰੀ ਝੁਲਤਿ ਛਬਿ ਖਾਨੀ॥ ੧੩ ॥

ਸੁੰਦਰ ਚੰਦੋਏ ਜਿਨ੍ਹਾਂ ਉੱਤੇ ਜ਼ਰੀ ਦੀ ਚਿਤਰਕਾਰੀ ਹੋਈ ਹੋਈ ਸੀ ਤੇ ਮੋਤੀਆਂ ਦੀਆਂ ਲੜੀਆਂ ਵਿਚ ਨਗ ਜੜੇ ਹੋਏ ਸਨ। ਰੇਸ਼ਮ ਦਿਆਂ ਰਸਿਆਂ ਨਾਲ ਕਨਾਤਾਂ ਤਾਣੀਆਂ ਹੋਈਆਂ ਸਨ ਤੇ ਜ਼ਰੀ ਦੀਆਂ ਝਾਲਰਾਂ ਝੂਲਦੀਆਂ ਹੋਈਆਂ ਬੜੀ ਸ਼ੋਭਾ ਪਾ ਰਹੀਆਂ ਸਨ॥੧੩॥

ਸਤਿਗੁਰ ਮੰਦ ਮੰਦ ਚਲਿ ਆਏ। ਬੈਠਿ ਸਿੰਘਾਸਨ ਮਾਂਹਿ ਸੁਹਾਏ।
ਮਨੋ ਸ਼ਾਂਤਿਰਸ ਧਰਜੋ ਸਰੀਰਾ। ਗਜਾਨ ਵਿਰਾਗ ਭਰੇ ਉਰ ਧੀਰਾ॥ ੧੪ ॥

ਸਤਿਗੁਰੂ ਜੀ ਹੋਲੀ ਹੋਲੀ ਚਲ ਕੇ ਆਏ ਤੇ ਸਿੰਘਾਸਣ 'ਤੇ ਬੈਠ ਕੇ ਉਨ੍ਹਾਂ ਬਹੁਤ ਸ਼ੋਭਾ ਪਾਈ। ਮਾਨੋਂ ਸ਼ਾਂਤ ਰਸ ਸਰੀਰ ਧਾਰਨ ਕੀਤਾ ਹੈ। ਹਿਰਦੇ ਵਿਚ ਗਿਆਨ, ਵਿਰਾਗ ਅਤੇ ਧੀਰਜ ਭਰਿਆ ਹੋਇਆ ਹੈ॥੧੪॥

ਚਮਰ ਚਾਰੁ ਢੋਰਤਿ ਦਿਸ਼ਿ ਚਾਰੀ। ਬਿਜਨਾ ਚਮਕਤਿ ਰਵਿ ਅਨੁਹਾਰੀ।
ਅਨਿਕ ਮਸੰਦ ਮੇਵੜੇ ਆਏ। ਬਡੇ ਧਨਾਢ ਬਸਤ੍ਰ ਸੁਭ ਪਾਏ॥ ੧੫ ॥

ਸੁੰਦਰ ਚੌਰ ਚਾਰੇ ਪਾਸੇ ਫਿਰ ਰਿਹਾ ਹੈ ਤੇ ਪੱਖਾ ਸੂਰਜ ਵਾਂਗ ਚਮਕਦਾ ਹੈ। ਹੋਰ ਕਈ ਮਸੰਦ ਤੇ ਮੇਵੜੇ ਆਏ, ਜਿਹੜੇ ਵੱਡੇ ਧਨਾਢ ਸਨ। ਉਨ੍ਹਾਂ ਨੇ ਸੁਭ ਵਸਤਰ ਪਾਏ ਹੋਏ ਸਨ॥੧੫॥

ਜੇ ਨੌਕਰ ਜੋਧਾ ਸਵਧਾਨਾ। ਬਸਤ੍ਰ ਸ਼ਸਤ੍ਰ ਸਜਿ ਕੈ ਬਿਧਿ ਨਾਨਾ।
ਸਭਾ ਬਿਖੈ ਚਲਿ ਕੈ ਸਭਿ ਆਏ। ਪੰਗਤਿ ਲਾਇ ਬੈਠਿ ਸਮੁਦਾਏ॥ ੧੬ ॥

ਨੌਕਰ ਯੋਧੇ ਸਭ ਸਾਵਧਾਨ ਸਨ। ਉਨ੍ਹਾਂ ਕਈ ਵਿਧੀਆਂ ਅਨੁਸਾਰ ਵਸਤਰ ਅਤੇ ਸ਼ਸਤਰ ਸਜਾਏ ਹੋਏ ਸਨ। ਸਭਾ ਵਿਚ ਸਭ ਚਲ ਕੇ ਆਏ ਅਤੇ ਪੰਗਤੀਆਂ ਲਾ ਕੇ ਇਕੱਠੇ ਹੋ ਕੇ ਬੈਠ ਗਏ॥੧੬॥

ਗਨ ਦੇਸ਼ਨਿ ਕੀ ਸੰਗਤਿ ਜੋਈ। ਦਰਸ਼ਨ ਹਿਤ ਉਤਰੀ ਪੁਰਿ ਸੋਈ।
ਸਭ ਲੇ ਕਰਿ ਗੁਰ ਭੇਟ ਬਿਸਾਲਾ। ਸਭਾ ਬਿਖੇ ਪਹੁੰਚੀ ਤਤਕਾਲਾ॥ ੧੭ ॥

ਬਹੁਤ ਦੇਸ਼ਾਂ ਦੀ ਜਿਹੜੀ ਸੰਗਤ ਸੀ, ਉਹ ਗੁਰੂ ਜੀ ਦੇ ਦਰਸ਼ਨਾਂ ਵਾਸਤੇ ਨਗਰ ਵਿਚ ਉੱਤਰੀ ਹੋਈ ਸੀ। ਉਹ ਗੁਰੂ ਜੀ ਵਾਸਤੇ ਵਿਸ਼ਾਲ ਭੇਟਾਵਾਂ ਲੈ ਕੇ, ਤੁਰਤ ਸਭਾ ਦੇ ਵਿਚ ਪਹੁੰਚ ਗਈ॥੧੭॥

ਦਰਸ਼ਨ ਪਿਖਤਿ ਹੋਹਿ ਅਰਦਾਸ। ਬੰਦਹਿਂ ਚਹੁੰਦਿਸ਼ਿ ਤੇ ਸੁਖਰਾਸ।
ਕੇਤਿਕ ਘਟਿਕਾ ਜਬਹਿ ਬਿਤਾਈ। ਪਠਿ ਜਨ ਲੀਨਸਿ ਦੂਤ ਬੁਲਾਈ॥੧੮॥

ਦਰਸ਼ਨ ਕਰਕੇ ਅਰਦਾਸ ਹੁੰਦੀ ਸੀ। ਚਾਰੇ ਪਾਸਿਆਂ ਤੋਂ ਸੁਖਾਂ ਦੀ ਰਾਸ ਭਾਵ ਗੁਰੂ ਜੀ ਨੂੰ ਬੰਦਨਾ ਕਰਦੇ ਸਨ। ਕਈ ਘੜੀਆਂ ਜਦ ਬੀਤ ਗਈਆਂ ਤਾਂ ਕਿਸੇ ਮਨੁੱਖ ਨੂੰ ਭੇਜ ਕੇ ਦੂਤ ਨੂੰ ਬੁਲਾ ਲਿਆ॥੧੮॥

ਆਇ ਪ੍ਰਵੇਸ਼ਯੋ ਸਭਾ ਅਨੰਦਤਿ। ਚਹੁੰਦਿਸ਼ਿ ਮਹਿਂ ਪੂਜਤਿ ਬਰ ਬੰਦਤਿ।
ਹੇਰਤਿ ਨੰਮ੍ਰਿ ਭਯੋ ਕਰ ਜੋਰੇ। ਬੈਠਯੋ ਜਹਾਂ ਬਤਾਇਵ ਠੋਰੇ॥ ੧੯॥

ਅਨੰਦਮਈ ਸਭਾ ਵਿਚ ਉਸ ਆ ਪ੍ਰਵੇਸ਼ ਕੀਤਾ। ਸ੍ਰੇਸ਼ਟ ਬੰਦਨਾ ਕਰਕੇ ਚਾਰੇ ਪਾਸਿਆਂ ਵਿਚ ਪੂਜਾ ਕਰ ਰਹੇ ਵੇਖ ਕੇ ਦੀਨ ਹੋ ਗਿਆ ਤੇ ਹੱਥ ਜੋੜੇ ਤੇ ਉਥੇ ਬੈਠ ਗਿਆ ਜਿਸ ਥਾਂ ਬੈਠਣ ਵਾਸਤੇ ਕਿਹਾ ਗਿਆ॥੧੯॥

ਪੁਨ ਆਗੇ ਧਰਿ ਕਰਿ ਪਰਵਾਨਾ। ਨੌਰੰਗ ਕੋ ਬਿਰਤਾਂਤ ਬਖਾਨਾ।
'ਯਾਦ ਕਰਯੋ ਤੁਮ ਕੋ ਪਤਿਸ਼ਾਹੂ। ਮੋ ਕਹੁ ਪਠਯੋ ਛਿੱਪ੍ਰ ਨਿਜ ਪਾਹੂ॥੨੦॥

ਫਿਰ ਅੱਗੇ ਪ੍ਰਵਾਨਾ ਧਰ ਕੇ, ਨੌਰੰਗੇ ਦਾ ਬ੍ਰਿਤਾਂਤ ਸੁਣਾਇਆ "ਬਾਦਸ਼ਾਹ ਨੇ ਤੁਹਾਨੂੰ ਯਾਦ ਕੀਤਾ ਹੈ, ਮੈਨੂੰ ਤੁਰਤ ਤੁਹਾਡੇ ਪਾਸ ਬਾਦਸ਼ਾਹ ਨੇ ਭੇਜਿਆ ਹੈ॥੨੦॥

ਬਨਹਿ ਆਪ ਕੋ ਚਲਿਬੋ ਤੂਰਨ। ਦਿਹੁ ਦਰਸ਼ਨ ਤਿਹ, ਗੁਨ ਗਨ ਪੂਰਨ!।
ਅਜ਼ਮਤ ਜ਼ਾਹਰ ਜਾਇ ਦਿਖਾਵਹੁ। ਕਰਹੁ ਸ਼ਕਤਿ ਨਿਜ ਓਰ ਝੁਕਾਵਹੁ॥੨੧॥

ਆਪ ਜੀ ਨੂੰ ਤੁਰਤ ਚਲਣਾ ਬਣਦਾ ਹੈ, ਹੇ ਸਾਰੇ ਗੁਣਾਂ ਵਿਚ ਪੂਰਨ ਗੁਰੂ ਜੀ ਉਨ੍ਹਾਂ ਨੂੰ ਦਰਸ਼ਨ ਦੇਵੋ, ਪ੍ਰਗਟ ਰੂਪ ਵਿਚ ਜਿਹੜਾ ਆਪ ਜੀ ਦਾ ਪ੍ਰਤਾਪ ਹੈ, ਉਸ ਨੂੰ ਜਾ ਕੇ ਵਿਖਾਵੋ, ਸ਼ਕਤੀ ਧਾਰਨ ਕਰੋ ਤੇ ਉਨ੍ਹਾਂ ਨੂੰ ਆਪਣੇ ਵੱਲ ਝੁਕਾਵੋ॥੨੧॥

ਕਰਾਮਾਤ ਚਾਹਤਿ ਹੈ ਦੇਖਾ। ਨਿਤ ਅਭਿਲਾਖਾ ਵਧੀ ਵਿਸ਼ੇਖਾ।
ਬਿਨ ਦੇਖੇ ਸੋ ਕਯੋਂਹੂੰ ਨ ਟਰੈ। ਬਿਦਤਿ ਹਠੀ ਅਤਿ ਹਠ ਕੋ ਧਰੈ॥ ੨੨॥

ਉਹ ਤੁਹਾਡੇ ਪਾਸੋਂ ਕਰਾਮਾਤ ਵੇਖਣੀ ਚਾਹੁੰਦਾ ਹੈ, ਨਿਤ ਉਸਦੀ ਵਿਸ਼ੇਸ਼ ਅਭਿਲਾਸ਼ਾ ਵਧਦੀ ਜਾਂਦੀ ਹੈ, ਦਰਸ਼ਨ ਕਰਨ ਤੋਂ ਬਗੈਰ ਉਹ ਕਿਸੇ ਤਰ੍ਹਾਂ ਵੀ ਟਲੇਗਾ ਨਹੀਂ, ਜਾਹਰਾ ਤੌਰ 'ਤੇ ਵੱਡਾ ਜ਼ਿੱਦੀ ਹੈ ਅਤੇ ਅਤਿ ਹੱਠ ਧਾਰਨ ਕਰਦਾ ਹੈ"॥੨੨॥

ਗੁਰ ਪ੍ਰਤਾਪ ਪਿਖਿ ਮਤਿ ਬਿਰਮਾਈ। ਭਨੇ ਦੂਤ ਬਚ ਮਾਧੁਰਤਾਈ।
ਸੁਨਿ ਸਤਿਗੁਰ ਡੇਰਾ ਕਰਵਾਇਵ। ਖਾਨ ਪਾਨ ਸਨਮਾਨ ਦਿਵਾਇਵ॥੨੩॥

ਗੁਰੂ ਜੀ ਦਾ ਪ੍ਰਤਾਪ ਵੇਖ ਕੇ ਦੂਤ ਦੀ ਮੱਤ ਰੀਝ ਗਈ, ਅਤੇ ਉਹ ਬੜੇ ਮਿੱਠੇ ਬਚਨ ਬੋਲਣ ਲੱਗਾ। ਸਤਿਗੁਰੂ ਜੀ ਨੇ ਸੁਣ ਕੇ ਉਸ ਦਾ ਡੇਰਾ ਕਰਵਾਇਆ, ਖਾਣ-ਪੀਣ ਤੋਂ ਇਲਾਵਾ ਹੋਰ ਬਹੁਤ ਸਨਮਾਨ ਦਵਾਇਆ॥੨੩॥

ਕਿਤਿਕ ਦੇਰ ਗੁਰ ਦਰਸ਼ਨ ਦੀਨਸਿ। ਪੂਰ ਕਾਮਨਾਂ ਸੰਗਤਿ ਕੀਨਸਿ।
ਪੁਨ ਅੰਤਹਿਪੁਰ ਕੋ ਗੁਰ ਗਏ। ਸੋ ਸਰਵਰੀ ਬਿਤਾਵਤਿ ਭਏ॥ ੨੪॥

ਕਾਫੀ ਦੇਰ ਤਕ ਗੁਰੂ ਜੀ ਨੇ ਦਰਸ਼ਨ ਦਿੱਤੇ ਤੇ ਸੰਗਤ ਦੀ ਕਾਮਨਾ ਪੂਰੀ ਕੀਤੀ। ਫਿਰ ਗੁਰੂ ਜੀ ਘਰ ਦੇ ਅੰਦਰ ਚਲੇ ਗਏ ਤੇ ਰਾਤ ਉਥੇ ਬਤੀਤ ਕੀਤੀ॥੨੪॥

ਹੋਤਿ ਭੋਰ ਪੁਨ ਸਭਾ ਲਗਾਈ। ਸਰਬ ਹਕਾਰਨਿ ਕਰੇ ਤਦਾਈ।
ਮੁੱਖਜ ਸਭਿਨਿ ਮਹਿਂ ਬੇਦੀ ਆਏ। ਤੇਹਣ ਕੁਲ ਭੱਲੇ ਬੁਲਵਾਏ॥ ੨੫॥

ਸਵੇਰ ਹੋਣ 'ਤੇ ਗੁਰੂ ਜੀ ਨੇ ਫਿਰ ਸਭਾ ਲਗਾਈ ਤੇ ਫਿਰ ਸਭ ਨੂੰ ਬੁਲਾ ਲਿਆ। ਸਾਰਿਆਂ ਵਿਚ ਮੁਖੀ ਬੇਦੀ ਆਏ, ਫਿਰ ਤ੍ਰੇਹਣ ਕੁਲ ਅਤੇ ਭਲੇ ਕੁਲ ਦੇ ਵਿਅਕਤੀ ਵੀ ਬੁਲਵਾਏ॥੨੫॥

ਸੋਢੀ ਬੀਰ ਬਿਸਾਲ ਹਕਾਰੇ। ਆਇ ਸਕਲ ਸਤਿਗੁਰ ਪਰਵਾਰੇ।
ਪਰਮ ਜੋਤਿ ਸੂਰਜ ਉਜੀਆਰਾ। ਰਹਜੋ ਪ੍ਰਕਾਸ਼ ਸਮੂਹ ਮਝਾਰਾ॥ ੨੬॥

ਸਾਰੇ ਸੋਢੀ ਸੂਰਬੀਰ ਬੁਲਾ ਲਏ, ਸਤਿਗੁਰੂ ਜੀ ਦੇ ਪਰਿਵਾਰ ਦੇ ਸਾਰੇ ਵਿਅਕਤੀ ਆਏ। ਗੁਰੂ ਜੀ ਪਰਮ ਜੋਤੀ ਸੂਰਜ ਦੇ ਉਜਾਲੇ ਵਾਂਗ ਸਨ ਜਿਸਦਾ ਸਮੂਹ ਵਿਚ ਪ੍ਰਕਾਸ਼ ਸੀ॥੨੬॥

ਮੋਹ ਤਪਤ ਅਤਿਸ਼ੈ ਜਰ ਖੋਵਾ। ਗਜਾਨ ਕਲਾ ਤੇ ਪੂਰਨ ਹੋਵਾ।
ਕੀਰਤਿ ਬਿਮਲ ਚੰਦ੍ਰਿਕਾ ਚਾਰੂ। ਅਸ ਰਾਂਕਾਪਤਿ ਸ਼ੁਭਤਿ ਉਦਾਰੂ॥ ੨੭॥

ਮੋਹ ਰੂਪੀ ਤਪਸ਼ ਦੀ ਜੜ੍ਹ ਦੂਰ ਕੀਤੀ ਹੈ ਤੇ ਗਿਆਨ ਕਲਾ ਵਿਚ ਪੂਰਨ ਹੋਏ ਹਨ। ਸੁੰਦਰ ਚੰਦ ਵਾਂਗ ਸੂਖਮ ਕੀਰਤੀ ਹੈ ਤੇ ਪੂੰਨਿਆਂ ਦੇ ਚੰਦ ਵਾਂਗ ਉੱਤਮ ਸ਼ੋਭਾ ਪਾ ਰਹੇ ਹਨ॥੨੭॥

ਅਜ਼ਮਤ ਸਹਿਤ ਸਭਾਸਦ ਸਾਰੇ। ਚਹੁੰਦਿਸ਼ਿ ਮਹਿਂ ਉਡਗਨ ਪਰਵਾਰੇ।
ਅੰਮ੍ਰਿਤ ਬਾਕ ਅਬਿੱਦਜਾ ਮ੍ਰਿਤੁ ਤੇ। ਕਰਹਿਂ ਉਬਾਰਨਿ ਸਿਖ ਕੋ ਹਿਤ ਤੇ॥੨੮॥

ਸਭਾ ਵਿਚ ਬੈਠਣ ਵਾਲੇ ਸਾਰੇ ਮੁਖੀ ਪੁਰਸ਼ ਪ੍ਰਤਾਪ ਸਹਿਤ ਹਨ, ਉਹ ਗੁਰੂ ਜੀ ਦੇ ਚਾਰੇ ਪਾਸੇ ਇੰਝ ਬੈਠੇ ਹਨ, ਜਿਵੇਂ ਚੰਦ ਦੇ ਦੁਆਲੇ ਤਾਰੇ ਹੁੰਦੇ ਹਨ। ਅੰਮ੍ਰਿਤ ਵਾਕ ਅਵਿਦਿਆ ਰੂਪੀ ਮੌਤ ਤੋਂ ਸਿੱਖ ਦਾ ਹਿਤ ਸਮਝ ਕੇ ਉਠਾਉਂਦੇ ਹਨ॥੨੮॥

ਦੇਵਰਾਜ ਦੇਵਨ ਮਹਿਂ ਜੈਸੇ। ਹੋਤਿ ਸੁਭਾਇਮਾਨ ਗੁਰ ਐਸੇ।
ਸਭਿਹਿਨਿ ਮਹਿਂ ਗੁਰ ਬਾਕ ਬਖਾਨਾ। 'ਤੁਮ ਸਗਰੇ ਪੂਜਨਿ ਅਸਥਾਨਾ॥ ੨੯॥

ਜਿਵੇਂ ਇੰਦਰ ਦੇਵਤਿਆਂ ਦੀ ਸਭਾ ਵਿਚ ਬੈਠੇ ਹੋਣ, ਗੁਰੂ ਜੀ ਇਸ ਤਰ੍ਹਾਂ ਸੁਭਾਇਮਾਨ ਹਨ। ਸਾਰਿਆਂ ਦੇ ਵਿਚ ਗੁਰੂ ਜੀ ਨੇ ਬਚਨ ਕੀਤਾ, "ਤੁਸੀਂ ਸਾਰੇ ਪੂਜਣਯੋਗ ਹੋ॥੨੯॥

ਬਡੇ ਗੁਰਨਿ ਕੇ ਬੰਸ ਬਿਸਾਲੇ। ਬਿਦਤ ਸਰੋਵਰ ਮਹਦ ਉਜਾਲੇ।
ਬਿਮਲ ਕਮਲ ਤਿਨ ਮਹਿਂ ਤੁਮ ਭਏ। ਸ਼ੌਰਭ ਸੁਜਸੁ ਸਹਿਤ ਦੁਤਿਮਏ॥ ੩੦॥

ਵੱਡੇ ਗੁਰਾਂ ਦੀ ਵੰਸ਼ ਸਰੋਵਰ ਵਾਂਗ ਵਿਸ਼ਾਲ ਹੈ ਤੇ ਪ੍ਰਕਾਸ਼ ਵਾਂਗੂ ਬਹੁਤ ਪ੍ਰਗਟ ਹੈ, ਤੁਸੀਂ ਉਸ ਵਿਚ ਬਿਮਲ ਕੰਵਲ ਵਾਂਗ ਹੋ, ਸੁਗੰਧੀ ਅਤੇ ਸ੍ਰੇਸ਼ਟ ਜਸ ਸਹਿਤ ਚਮਕ ਸਹਿਤ ਹੋ॥੩੦॥

ਅਜ਼ਮਤ ਮਹਿਂ ਪੂਰਨ ਸਭਿ ਭਾਂਤੀ। ਹਤਹੁ ਬਿਘਨ ਜਿਮ ਸੂਰਜ ਰਾਤੀ।
ਦਿੱਲੀਪਤਿ ਨੌਰੰਗ ਤੁਰਕੇਸ਼। ਤੁਰਕ ਦੀਨ ਮਹਿਂ ਹਠੀ ਵਿਸ਼ੇਸ਼॥ ੩੧॥

ਕਰਾਮਾਤ ਵਿਚ ਤੁਸੀਂ ਸਭ ਪ੍ਰਕਾਰ ਪੂਰਨ ਹੋ, ਵਿਘਨਾਂ ਦਾ ਇੰਝ ਨਾਸ਼ ਕਰਦੇ ਹੋ, ਜਿਵੇਂ ਸੂਰਜ ਰਾਤ ਦਾ ਕਰਦਾ ਹੈ। ਤੁਰਕਾਂ ਦਾ ਬਾਦਸ਼ਾਹ ਨੌਰੰਗਾ ਦਿੱਲੀ ਦਾ ਮਾਲਕ ਹੈ। ਤੁਰਕ ਮਜ਼ਹਬ ਵਿਚ ਬਹੁਤ ਹੱਠੀ ਹੈ॥੩੧॥

ਗੁਰ ਘਰ ਕੀ ਮਹਿਮਾ ਤਿਨ ਸੁਨੀ। ਸਭਿ ਜਗ ਬਿਦਤ ਅਨੇਕਨਿ ਭਨੀ।
ਕਰਾਮਾਤ ਚਾਹਤਿ ਹੈ ਦੇਖਾ। ਪਠਜੋ ਦੂਤ ਅਭਿਲਾਖ ਵਿਸ਼ੇਖਾ॥ ੩੨॥

ਗੁਰੂ ਘਰ ਦੀ ਉਸ ਮਹਿਮਾ ਸੁਣੀ ਹੈ, ਸਭ ਜਗ ਵਿਚ ਪ੍ਰਗਟ ਅਨੇਕਾਂ ਨੇ ਕਹੀ ਹੈ। ਉਹ ਕਰਾਮਾਤ ਵੇਖਣੀ ਚਾਹੁੰਦਾ ਹੈ, ਦੂਤ ਭੇਜਿਆ ਹੈ, ਕਰਾਮਾਤ ਵੇਖਣ ਦੀ ਵਿਸ਼ੇਸ਼ ਅਭਿਲਾਸ਼ਾ ਹੈ॥੩੨॥

ਗੁਰ ਘਰ ਕੀ ਜੋ ਰਾਖਹਿ ਲਾਜ। ਪਰ ਉਪਕਾਰ ਹੇਤ ਇਹ ਕਾਜ।
ਸ਼ਕਤਿਵੰਤ ਉਰ ਧੀਰਜਧਾਰੀ। ਸੁਗੁਨ ਸਹਿਤ ਹੁਇ ਸਭਾ ਮਝਾਰੀ॥ ੩੩॥

ਗੁਰੂ ਘਰ ਦੀ ਜੋ ਲਾਜ ਰੱਖੇ, ਪਰਉਪਕਾਰ ਵਾਸਤੇ ਇਹ ਕਾਰਜ ਹੈ। ਸ਼ਕਤੀਸ਼ਾਲੀ ਅਤੇ ਹਿਰਦੇ ਵਿਚ ਧੀਰਜਧਾਰੀ, ਸ੍ਰੇਸ਼ਟ ਗੁਣਾਂ ਸਹਿਤ ਸਭਾ ਵਿਚ ਹੋਵੇ॥੩੩॥

ਜਾਨਿ ਹੇਤੁ ਤੁਰਕੇਸ਼ਰ ਪਾਹੂ। ਸਭਿ ਮਹਿਂ ਕਰਹਿ ਜੁ ਅਤਿ ਉਤਸਾਹੂ।
ਸਰਬ ਰੀਤਿ ਅਜ਼ਮਤ ਦਿਖਰਾਵੈ। ਬਧਜੋ ਦੁਸ਼ਟ ਕੋ ਦਰਪ ਦਬਾਵੈ॥ ੩੪ ॥

ਜਿਹੜਾ ਤੁਰਕ ਬਾਦਸ਼ਾਹ ਪਾਸ ਜਾਣ ਵਾਸਤੇ ਸਭਾ ਵਿਚ ਅਤਿ ਉਤਸ਼ਾਹ ਪੈਦਾ ਕਰੇ। ਸਭ ਰੀਤਿਆਂ ਨਾਲ ਕਰਾਮਾਤ ਵਿਖਾਵੇ, ਜਿਹੜਾ ਦੁਸ਼ਟ ਦਾ ਹੰਕਾਰ ਵਧਿਆ ਹੈ, ਉਸ ਨੂੰ ਦਬਾਵੇ॥੩੪॥

ਸੋ ਅਬਿ ਤਜਾਰ ਹੋਇ ਤਹਿਂ ਜਾਨੇ। ਸਭਾ ਬਿਖੈ ਇਮ ਬਾਕ ਬਖਾਨੇ।
ਸੁਨਜੋ ਸਭਿਨਿ ਪੁਨ ਰਿਦੈ ਬਿਚਾਰਾ। ਨੌਰੰਗ ਹਠੀ ਮਹਦ ਕੁਰਿਆਰਾ॥ ੩੫ ॥

ਉਹ ਹੁਣ ਉਥੇ ਜਾਣ ਵਾਸਤੇ ਤਿਆਰ ਹੋਵੇ''। ਗੁਰੂ ਜੀ ਨੇ ਸਭਾ ਵਿਚ ਇਸ ਤਰ੍ਹਾਂ ਬਚਨ ਕੀਤੇ। ਸਾਰਿਆਂ ਨੇ ਸੁਣਿਆ, ਫਿਰ ਹਿਰਦੇ ਵਿਚ ਵਿਚਾਰਿਆ। ਨੌਰੰਗਾ ਬੜਾ ਜ਼ਿੱਦੀ ਅਤੇ ਵੱਡਾ ਝੂਠਾ ਹੈ॥੩੫॥

ਅਜ਼ਮਤ ਜੁਤਿ ਕਿਤਨੇ ਮਰਿਵਾਏ। ਲਖਿ ਪੂਰਬ ਤਪ ਨਹੀਂ ਰਿਸਾਏ।
ਹਠ ਕਰਿ ਦੇਤਿ ਭਏ ਤਿਸ ਪ੍ਰਾਨ। ਅਸ ਬਦਬਰ ਹੈ ਬਿਦਤ ਜਹਾਨ॥ ੩੬ ॥

ਕਰਾਮਾਤ ਸਹਿਤ ਉਸ ਕਿੰਨੇ ਮਰਵਾ ਦਿੱਤੇ ਹਨ, ਪਹਿਲੇ ਤਪ ਨੂੰ ਨਹੀਂ ਸਮਝਦਾ, ਗੁੱਸੇ ਵਿਚ ਆ ਜਾਂਦਾ ਹੈ, ਹੱਠ ਕਰਕੇ ਪ੍ਰਾਣ ਕੱਢ ਦਿੰਦਾ ਹੈ, ਐਸਾ ਬਹੁਤ ਭੈੜਾ ਨੌਰੰਗਾ ਜੱਗ ਵਿਚ ਮਸ਼ਹੂਰ ਹੈ॥੩੬॥

ਕਾਂਸ਼ੀ ਮਥੁਰਾ ਆਦਿਕ ਸਾਰੇ। ਤੀਰਥ ਹਿੰਦੁਨਿ ਕੇਰ ਬਿਗਾਰੇ।
ਸਭਿ ਜਗ ਤੁਰਕ ਬਨਾਵਨਿ ਚਾਹਤਿ। ਧਰਮ ਬਿਸਾਲ ਕਾਲ ਜਿਮ ਦਾਹਤਿ॥੩੭॥

ਕਾਂਸ਼ੀ ਮਥੁਰਾ ਆਦਿ ਸਾਰੇ ਹਿੰਦੂਆਂ ਦੇ ਤੀਰਥ ਢਾਹ ਦਿੱਤੇ ਹਨ। ਸਭ ਜਗ ਨੂੰ ਤੁਰਕ ਬਣਾਉਣਾ ਚਾਹੁੰਦਾ ਹੈ। ਸ੍ਰੇਸ਼ਟ ਧਰਮ ਨੂੰ ਕਾਲ ਵਾਂਗ ਸਾੜਦਾ ਹੈ॥੩੭॥

ਸਭਿ ਤੁਰਕਨਿ ਕੀ ਸਭਾ ਮਝਾਰ। ਬਡੇ ਬਡੇ ਜਹਿਂ ਗੁਨੀ ਹਜ਼ਾਰ।
ਇਲਮ ਏਕ ਤੇ ਏਕ ਮਹਾਨੇ। ਬਹਸ ਪਰਸਪਰ ਗਨ ਬੁਧਿਵਾਨੇ॥ ੩੮ ॥

ਸਭ ਤੁਰਕਾਂ ਦੀ ਸਭਾ ਵਿਚ, ਵੱਡੇ-ਵੱਡੇ ਜਿਥੇ ਹਜ਼ਾਰਾਂ ਗੁਣਵਾਨ ਹਨ ਅਤੇ ਜਿਨ੍ਹਾਂ ਦਾ ਇਲਮ ਇਕ ਤੋਂ ਇਕ ਵੱਧ ਮਹਾਨ ਹੈ, ਸਮੂਹ ਬੁਧੀਵਾਨ ਆਪਸ ਵਿਚ ਬਹਿਸਾਂ ਕਰਨ ਵਾਲੇ ਹਨ॥੩੮॥

ਕੇਤਿਕ ਪੀਰ ਅਜ਼ਮਤੀ ਭਾਰੀ। ਨੌਰੰਗ ਕੇ ਨਿਤ ਰਹਿਂ ਅਨੁਸਾਰੀ।
ਅਪਰ ਅਨੇਕ ਭਾਂਤਿ ਕੀ ਬਾਤੀ। ਜਹਾਂ ਹੋਤਿ ਹੈ ਬਾਸਰ ਰਾਤੀ॥ ੩੯ ॥

ਕਈ ਪੀਰ ਭਾਰੀ ਕਰਾਮਾਤਾਂ ਵਾਲੇ ਹਨ, ਉਹ ਸਦਾ ਨੌਰੰਗੇ ਦੇ ਅਨੁਸਾਰ ਰਹਿੰਦੇ ਹਨ। ਹੋਰ ਅਨੇਕ ਪ੍ਰਕਾਰ ਦੀਆਂ ਗੱਲਾਂ ਜਿਥੇ ਦਿਨ ਰਾਤ ਹੁੰਦੀਆਂ ਹਨ॥੩੯॥

ਅਸ ਬਿਚਾਰ ਕਰਿ ਤੂਸ਼ਨਿ ਹੋਏ। ਨੀਂਮ੍ਰ ਨਾਰ ਕਰਿ ਊਚ ਨ ਜੋਏ।
ਕਿਤਿਕ ਦੇਰ ਲੌ ਰਹਿ ਕੇ ਮੋਨ। ਤਕਹਿਂ ਪਰਸਪਰ, ਭਾਖਹਿ ਕੌਨ॥ ੪੦ ॥

ਇਸ ਤਰ੍ਹਾਂ ਵਿਚਾਰ ਕਰਕੇ ਚੁੱਪ ਹੋ ਗਏ, ਨੀਵੀ ਧੌਣ ਕਰਕੇ, ਫਿਰ ਉੱਚੀ ਨਾ ਕੀਤੀ। ਕਾਫ਼ੀ ਦੇਰ ਤਕ ਚੁਪ ਰਹਿ ਕੇ ਆਪਸ ਵਿਚ ਵੇਖਦੇ ਸਨ, ਪਰ ਬੋਲੇ ਕੌਣ?॥੪੦॥

*ਨੌਵੀਂ ਰਾਸ ਦਾ ਪੈਂਤੀਵਾਂ ਅਧਿਆਇ ਸਮਾਪਤ ਹੋਇਆ॥੩੫॥*

# ਅਧਿਆਇ ਛੱਤੀਵਾਂ

## ਦਿੱਲੀ ਜਾਣ ਹਿਤ ਵਿਚਾਰ

ਦੋਹਰਾ- ਸਭਿ ਹੀ ਸਭਾ ਬਿਚਾਰਿ ਕੈ ਬੋਲੇ ਮੁੱਖਜ ਜਿਤੇਕ।
'ਨੌਰੰਗ ਢਿਗ ਜਾਨੋ ਕਠਨ ਅਵਗੁਨ ਗਿਨੈਂ ਕਿਤੇਕ॥ ੧॥

ਸਭਾ ਵਿਚ ਜਿਹੜੇ ਮੁਖੀ-ਮੁਖੀ ਬੈਠੇ ਸਨ ਉਹ ਵਿਚਾਰ ਕੇ ਬੋਲੇ, "ਨੌਰੰਗੇ ਪਾਸ ਜਾਣਾ ਕਠਨ ਹੈ, ਉਹ ਬਹੁਤ ਔਗੁਣ ਗਿਣਦਾ ਹੈ॥੧॥

ਚੌਪਈ- ਪ੍ਰਾਨ ਹਾਨ ਲੈ ਜਹਿਂ ਕਠਨਾਈ। ਹਿੰਦੂ ਧਰਮ ਦ੍ਰੋਹੀ ਬਿਦਤਾਈ।
ਕਿਸ ਕੀ ਜਹਿਂ ਸਹਾਇਤਾ ਨਾਂਹੀ। ਦੁਸ਼ਮਨ ਸਮ ਪੱਜਤਿ ਪੁਰਿ ਮਾਂਹੀ॥੨॥

ਪ੍ਰਾਣ ਨਾਸ਼ ਕਰ ਲੈਣ ਵਾਲੀਆਂ ਕਠਨਾਈਆਂ ਹਨ, ਹਿੰਦੂ ਧਰਮ ਦਾ ਵੱਡਾ ਧ੍ਰੋਹੀ ਪ੍ਰਗਟ ਹੋਇਆ ਹੈ। ਜਿਥੇ ਕਿਸੇ ਦਾ ਵੀ ਕੋਈ ਸਹਾਇਕ ਨਹੀਂ ਹੈ। ਦਿੱਲੀ ਵਿਚ ਸਾਰੇ ਹੀ ਦੁਸ਼ਮਣ ਸਮਾਨ ਹਨ॥੨॥

ਨਹੀਂ ਉਬਾਰ ਸਕੈ ਜਹਿਂ ਕੋਈ। ਅਪਨਿ ਪੱਖਜ ਕੀ ਬਾਤ ਨ ਹੋਈ।
ਤਹਿਂ ਪਹੁੰਚਨਿ ਕੋ ਅਤਿ ਉਤਸਾਹੂ। ਨਾਹਿਨ ਲਖੀਅਤਿ ਹਮ ਸਭਿ ਮਾਂਹੂ॥੩॥

ਜਿਥੇ ਕੋਈ ਵੀ ਬਚਾਅ ਨਹੀਂ ਸਕਦਾ। ਆਪਣੇ ਪੱਖ ਦੀ ਜਿਥੇ ਕੋਈ ਗੱਲ ਹੀ ਨਹੀਂ ਹੁੰਦੀ। ਉਥੇ ਪਹੁੰਚਣ ਵਾਲਾ ਕੋਈ ਅਤਿ ਉਤਸ਼ਾਹੀ ਸਾਡੇ ਵਿਚ ਕੋਈ ਵੀ ਦਿਖਾਈ ਨਹੀਂ ਦਿੰਦਾ॥੩॥

ਉਚਿਤ ਜਾਨਿ ਕੇ ਹੋ ਅਬਿ ਆਪੂ। ਸਭਿ ਤੇ ਅਤਿ ਬਿਸਾਲ ਪਰਤਾਪੂ।
ਐਸੋ ਜਗ ਮਹਿਂ ਦਿਖਤਿ ਨ ਦੂਜੇ। ਤੁਮਰੀ ਸਮਸਰਤਾ ਕਹੁ ਪੂਜੇ॥੪॥

ਹੁਣ ਆਪ ਵਾਸਤੇ ਹੀ ਜਾਣਾ ਉਚਿਤ ਹੈ। ਆਪ ਜੀ ਦਾ ਅਤਿ ਵਿਸ਼ਾਲ ਪ੍ਰਤਾਪ ਹੈ। ਜੱਗ ਵਿਚ ਐਸਾ ਕੋਈ ਦੂਸਰਾ ਵਿਖਾਈ ਨਹੀਂ ਦਿੰਦਾ, ਜਿਹੜਾ ਤੁਹਾਡੀ ਬਰਾਬਰੀ ਕਰ ਸਕੇ॥੪॥

ਜਿਨ ਕੋ ਨਾਮ ਸਿਮਰਿਬੋ ਕਰਿਬੇ। ਬਿਘਨ ਅਨੇਕਨਿ ਤਤਛਿਨ ਹਰਿਬੇ।
ਸੋ ਤੁਮ ਆਪ ਜਹਾਂ ਚਲਿ ਜਾਵਹੁ। ਕਾਜ ਸੰਪੂਰਨ ਸਗਲ ਬਨਾਵਹੁ॥੫॥

ਜਿਨ੍ਹਾਂ ਦਾ ਨਾਮ ਹੀ ਸਿਮਰ ਕੇ ਅਨੇਕਾਂ ਵਿਘਨ ਤੁਰਤ ਦੂਰ ਹੋ ਜਾਂਦੇ ਹਨ। ਇਸ ਕਰਕੇ ਆਪ ਉਥੇ ਚਲ ਕੇ ਜਾਵੋ ਤੇ ਸਾਰਾ ਕਾਰਜ ਸੰਪੂਰਣ ਬਣਾਵੋ॥੫॥

ਦੁਸ਼ਟ ਦਰਪ ਕਹੁ ਦਮਨਹੁ ਜਾਇ। ਰਾਵਰਿ ਵਾਕ ਨ ਨਿਸ਼ਫਲ ਗਾਇ।
ਤੁਰਕੇਸ਼ੁਰ ਦ੍ਰੋਹੀ ਮਦ ਮੱਤਾ। ਦੀਰਘ ਹੰਕਾਰੀ ਚੋਗੱਤਾ॥ ੬॥

ਜਾ ਕੇ ਦੁਸ਼ਟ ਦੇ ਹੰਕਾਰ ਨੂੰ ਨਾਸ਼ ਕਰੋ। ਆਪ ਜੀ ਦਾ ਬਚਨ ਖ਼ਾਲੀ ਨਹੀਂ ਜਾਂਦਾ। ਨੌਰੰਗਾ ਧ੍ਰੋਹੀ ਮਾੜੀ ਮੱਤ ਵਾਲਾ ਹੈ, ਇਹ ਚੋਗੱਤਾ ਵੱਡੇ ਹੰਕਾਰ ਵਾਲਾ ਹੈ॥੬॥

*ਨੋਟ :- ਚੋਗੱਤਾ ਮੁਗ਼ਲ ਬਾਦਸ਼ਾਹਾਂ ਦੀ ਗੋਤ ਸੀ।*

ਇਸ ਤੇ ਬਿਨਾ ਥਾਨ ਜੋ ਆਨ। ਜਹਿਂ ਪਠਵਹੁ ਤਹਿ ਕਰੈਂ ਪਯਾਨ।
ਬੁਧਿ ਬਲ ਤੇ ਕੈ ਅਜ਼ਮਤਿ ਕਰਿ ਕੈ। ਕਾਰਜ ਆਨਹਿਂ ਸਕਲ ਸੁਧਰਿ ਕੈ॥੭॥

ਇਸ ਤੋਂ ਬਗ਼ੈਰ ਹੋਰ ਕੋਈ ਵੀ ਸਥਾਨ ਹੋਵੇ, ਜਿਥੇ ਵੀ ਭੇਜੋ ਅਸੀਂ ਜਾਣ ਨੂੰ ਤਿਆਰ ਹਾਂ। ਬੁੱਧੀ ਦਾ ਬਲ ਜਾਂ ਕਰਾਮਾਤ ਕਰਕੇ, ਸਾਰਾ ਕਾਰਜ ਸੁਧਾਰ ਕੇ ਆਵੇ॥੭॥

ਰਾਵਰਿ ਸਰਬ ਭਾਂਤਿ ਸਮਰੱਥ। ਜਿਸ ਕੇ ਸੀਸ ਧਰਹੁ ਨਿਜ ਹੱਥ।
ਸੋ ਸਭਿ ਕਿਛੁ ਕਰਿ ਸਕੈ ਜੁ ਚਹੈ। ਤਿਸ ਕੇ ਆਗੇ ਅਰਜੋ ਨ ਰਹੈ॥ ੮॥

ਆਪ ਜੀ ਸਭ ਪ੍ਰਕਾਰ ਸਮਰੱਥ ਹੋ, ਜਿਸ ਦੇ ਸਿਰ ਉੱਤੇ ਹੱਥ ਰਖਦੇ ਹੋ, ਉਹ ਸਭ ਕੁਝ ਕਰ ਸਕਦਾ ਹੈ, ਫਿਰ ਜੋ ਉਹ ਚਾਹੁੰਦਾ ਹੈ ਉਸ ਦੇ ਅੱਗੇ ਕੋਈ ਅੜਿਆ ਨਹੀਂ ਰਹਿ ਸਕਦਾ॥੮॥

ਤ੍ਰਾਸ ਦੇਹਿ ਸੁਰਪਤਿ ਸੁਰ ਭੋਨ। ਤਿਸ ਆਗੇ ਇਹ ਬਪੁਰਾ ਕੌਨ।
ਪਹੁੰਚਨਿ ਤਹਾਂ ਜੋਗਤਾ ਰਾਵਰਿ। ਅਪਰ ਸੁਨਤਿ ਹੀ ਹੋਤਿ ਡਰਾਉਰਾ॥ ੯॥

ਦੇਵ ਲੋਕ ਵਿਚ ਉਹ ਇੰਦਰ ਨੂੰ ਵੀ ਡਰਾ ਸਕਦਾ ਹੈ, ਉਸ ਦੇ ਅੱਗੇ ਇਹ ਵਿਚਾਰਾ ਕੌਣ ਹੈ, ਉਥੇ ਪਹੁੰਚਣ ਦੀ ਆਪ ਜੀ ਵਿਚ ਜੋਗਤਾ ਹੈ, ਦੂਸਰਿਆਂ ਦੇ ਤਾਂ ਸੁਣਕੇ ਹੀ ਦਿਲ ਵਿਚ ਹੋਲ ਉਠਦਾ ਹੈ"॥੯॥

ਸਰਬ ਸਭਾ ਕੇ ਸੁਨਿ ਕਰਿ ਬੈਨ। ਸ੍ਰੀ ਹਰਿਰਾਇ ਜਿਨਹੁਂ ਕਿਤ ਭੈ ਨ।
ਸ੍ਰੀ ਮੁਖ ਬਾਕ ਸਧੀਰ ਬਖਾਨਜੋ। 'ਹਮ ਨੈ ਪ੍ਰਨ ਪੂਰਬ ਹੀ ਠਾਨਜੋ॥੧੦॥

ਸਾਰੀ ਸਭਾ ਦੀ ਬਾਣੀ ਸੁਣ ਕੇ, ਸ੍ਰੀ ਹਰਿਰਾਇ ਜੀ ਜਿਨ੍ਹਾਂ ਨੂੰ ਕਿਸੇ ਦਾ ਭੈ ਨਹੀਂ ਸੀ, ਬੜੇ ਸ੍ਰੇਸ਼ਟ ਧੀਰਜ ਨਾਲ ਉਨ੍ਹਾਂ ਨੇ ਬਚਨ ਕਹੇ, "ਅਸੀਂ ਪਹਿਲਾਂ ਹੀ ਪ੍ਰਣ ਕੀਤਾ ਹੋਇਆ ਹੈ॥੧੦॥

ਨਹਿਂ ਮਲੇਛ ਕਹੁ ਦਰਸ਼ਨ ਦੇਨਾ। ਨਹਿਂ ਕਬਿ ਤੁਰਕ ਪਤੀ ਕੋ ਲੇਨਾ।
ਯਾਂਤੇ ਹਮਰੋ ਹੋਇ ਨ ਜਾਨੋ। ਮਿਲਹਿਂ ਨ ਬੋਲਹਿਂ ਨਿਸ਼ਚੈ ਜਾਨੋ॥ ੧੧॥

ਕਿ ਇਸ ਮਲੇਛ ਨੂੰ ਦਰਸ਼ਨ ਨਹੀਂ ਦੇਣਾ, ਨਾ ਇਸ ਤੁਰਕ ਬਾਦਸ਼ਾਹ ਨੂੰ ਵੇਖਣਾ ਹੈ। ਇਸ ਕਰਕੇ ਸਾਡਾ ਉਥੇ ਜਾਣਾ ਨਹੀਂ ਬਣਦਾ, ਨਾ ਅਸੀਂ ਮਿਲਾਂਗੇ ਨਾ ਬੋਲਾਂਗੇ, ਇਹ ਗੱਲ ਨਿਸ਼ਚੇ ਜਾਣੋ॥੧੧॥

ਇਸੀ ਧਰਮ ਕੋ ਕਰੈਂ ਨਿਬਾਹਨਿ। ਹਮ ਤਿਸ ਕੇ ਅਨੁਸਾਰੀ ਨਾਂਹਿਨ।
ਇਕ ਤੌ ਜਨਮ ਤੁਰਕ ਘਰ ਪਾਯੋ। ਦੁਤੀਏ ਜਗ ਸੌਂ ਦ੍ਰੋਹ ਮਚਾਯੋ॥ ੧੨॥

ਇਸ ਪ੍ਰਣ ਦਾ ਅਸੀਂ ਨਿਰਬਾਹ ਕਰਾਂਗੇ, ਅਸੀਂ ਉਸ ਦੇ ਹੁਕਮ ਅਧੀਨ ਨਹੀਂ ਹਾਂ। ਇਕ ਤਾਂ ਉਸ ਨੇ ਜਨਮ ਤੁਰਕ ਘਰ ਵਿਚ ਪਾਇਆ ਹੈ, ਦੂਸਰਾ ਉਸ ਨੇ ਵੱਡਾ ਧ੍ਰੋਹ ਮਚਾਇਆ ਹੈ॥੧੨॥

ਤ੍ਰਿਤੀਏ ਪਿਤਾ ਭ੍ਰਾਤ ਸੰਘਾਰੇ। ਚਤੁਰਥ ਸੰਤ ਕਰੇ ਦੁਖਿਆਰੇ।
ਪੰਚਮ ਬ੍ਰਹਮਗਜਾਨ ਜਿਸ ਹੋਵਾ। ਤਿਸ ਕੋ ਹਤਿ ਪੁਨ ਸੁਖ ਸੌਂ ਸੋਵਾ॥ ੧੩॥

ਤੀਸਰਾ ਉਸ ਨੇ ਆਪਣੇ ਪਿਤਾ ਅਤੇ ਭਰਾਵਾਂ ਨੂੰ ਮਾਰਿਆ ਹੈ। ਚੌਥਾ ਉਸ ਨੇ ਸੰਤਾਂ ਨੂੰ ਦੁਖੀ ਕੀਤਾ ਹੈ। ਪੰਜਵਾਂ ਜਿਸ ਨੂੰ ਬ੍ਰਹਮਗਿਆਨ ਹੋਇਆ ਸੀ, ਉਸ ਨੂੰ ਮਾਰ ਕੇ ਫਿਰ ਸੁਖ ਨਾਲ ਸੁੱਤਾ ਹੈ॥੧੩॥

ਸਰਮਦ ਨਾਮ ਕਹੈਂ ਜਿਸ ਕੇਰਾ। ਸਰਬ ਸ਼ਕਤਿ ਮੈਂ ਪ੍ਰਭੂ ਬਡੇਰਾ।
ਇੱਤਜਾਦਿਕ ਗਨ ਪਾਪਨਿ ਪੁਸ਼ਟ। ਕੌਨ ਸੰਤ ਮਿਲਿ ਹੈ ਇਸ ਦੁਸ਼ਟ॥੧੪॥

ਜਿਸ ਦਾ ਸਰਮਦ ਨਾਮ ਕਿਹਾ ਜਾਂਦਾ ਹੈ, ਉਹ ਸਰਬ ਸ਼ਕਤੀਮਾਨ ਵੱਡਾ ਸਮਰੱਥ ਸੀ। ਇੱਤਿਆਦਿਕ ਇਸ ਨੇ ਬਹੁਤ ਪਾਪ ਕੀਤੇ ਹਨ, ਅਜਿਹੇ ਦੁਸ਼ਟ ਨੂੰ ਕਿਹੜਾ ਸੰਤ ਮਿਲਦਾ ਹੈ॥੧੪॥

ਕਿਸ ਤੇ ਬਖਸ਼ਨ ਜੋਗ ਨ ਏਹੀ। ਅਧਮ ਅਘੀ ਅਤਿ ਦੁਰਮਤਿ ਤੇਹੀ।
ਪੱਖ ਬਾਦ ਮੈਂ ਹਠੀ ਕੁਪੱਤਾ। ਕੁਲ ਦੂਖਕ ਉਪਜਜੋ ਚਵਗੱਤਾ॥ ੧੫॥

ਇਹ ਕਿਸੇ ਦੇ ਵੀ ਬਖਸ਼ਣਯੋਗ ਨਹੀਂ ਹੈ, ਅਧਰਮੀ, ਪਾਪੀ ਅਤੇ ਦੁਸ਼ਟ ਮੱਤ ਵਾਲਾ ਹੈ। ਪਖਵਾਦ ਵਿਚ ਇਹ ਬੜਾ ਹਠੀ ਤੇ ਕੁਪੱਤਾ ਹੈ, ਚੌਗੱਤਿਆਂ ਦੀ ਕੁਲ ਵਿਚ ਇਹ ਕੁੱਲ ਨੂੰ ਬਦਨਾਮ ਕਰਨ ਵਾਲਾ ਪੈਦਾ ਹੋਇਆ ਹੈ॥੧੫॥

ਇਤ ਤੇ ਗਯੋ ਨ ਕੋ ਤਿਸ ਤੀਰ। ਕਰਹਿ ਕ੍ਰੋਧ ਤਬਿ ਮੂਢ ਅਧੀਰ।
ਲਰਨ ਹੇਤੁ ਨਿਜ ਸੈਨ ਪਠਾਵੈ। ਬਲ ਦਿਖਾਇ ਆਪਨਿ ਗਰਬਾਵੈ॥ ੧੬॥

ਇਸ ਕਰਕੇ ਕੋਈ ਇਸ ਦੇ ਪਾਸ ਨਹੀਂ ਜਾਂਦਾ, ਫਿਰ ਮੂਰਖ ਧੀਰਜ ਰਹਿਤ ਕ੍ਰੋਧ ਕਰਦਾ ਹੈ। ਲੜਨ ਵਾਸਤੇ ਸਦਾ ਫ਼ੌਜ ਭੇਜਦਾ ਹੈ ਤੇ ਆਪਣੀ ਤਾਕਤ ਵਿਖਾ ਕੇ ਹੰਕਾਰ ਕਰਦਾ ਹੈ॥੧੬॥

ਕਰੈਂ ਜੰਗ ਤਿਹ ਸੰਗ ਨਿਸੰਗੈ। ਤੋਮਰ ਤੀਰਨਿ ਤਬਰ ਤੁਫੰਗੈ।
ਤੋਰਿ ਮੋਰਿ ਮੁਖ ਲਸ਼ਕਰ ਕੇਰਾ। ਜੰਗਲ ਦੇਸ਼ ਕਰਹਿਂ ਚਲਿ ਡੇਰਾ॥ ੧੭॥

ਅਸੀਂ ਨਿਸੰਗ ਹੋ ਕੇ ਇਸ ਨਾਲ ਜੰਗ ਕਰਾਂਗੇ, ਨੇਜ਼ਿਆਂ, ਤੀਰਾਂ ਅਤੇ ਬੰਦੂਕਾਂ ਨਾਲ ਯੁੱਧ ਕਰਾਂਗੇ, ਇਸ ਦੇ ਲਸ਼ਕਰ ਦਾ ਮੂੰਹ ਤੋੜ ਕੇ ਮੋੜ ਦਿਆਂਗੇ ਤੇ ਮਾਲਵੇ ਦੇਸ਼ ਵਿਚ ਜਾ ਡੇਰਾ ਲਾਵਾਂਗੇ॥੧੭॥

ਰਹੈਂ ਤਹਾਂ ਸਭਿ ਸੁਖ ਕੋ ਪਾਵੈਂ। ਜਿਸ ਥਲ ਇਨ ਕੋ ਬਸ ਨ ਬਸਾਵੈ।
ਸੁਨਤਿ ਸਭਾਸਦ ਸ਼ੁਭ ਮਤਿ ਸਾਰੇ। ਸ੍ਰੀ ਗੁਰ ਸੋਂ ਪੁਨ ਬਚਨ ਉਚਾਰੇ॥ ੧੮॥

ਸਭ ਪ੍ਰਕਾਰ ਦੇ ਸੁਖ ਪਾ ਕੇ ਉਥੇ ਰਹਾਂਗੇ, ਜਿਥੇ ਇਨ੍ਹਾਂ ਦਾ ਵੱਸ ਨਹੀਂ ਚਲ ਸਕੇਗਾ।" ਸਭਾ ਦੇ ਸਾਰੇ ਮੁਖੀਆਂ ਨੇ ਗੁਰੂ ਜੀ ਦੀ ਸ਼ੁਭ ਮੱਤ ਸੁਣਕੇ ਫਿਰ ਗੁਰੂ ਜੀ ਨੂੰ ਆਪਣੇ ਬਚਨ ਉਚਾਰ ਕੇ ਕਹੇ॥੧੮॥

'ਆਪ ਕਰੈਂ ਸੋਈ ਸ਼ੁਭ ਸਨੈ। ਹੁਇ ਜੁ ਅਮੰਗਲ ਮੰਗਲ ਬਨੈ।
ਤਦਪਿ ਹਮਾਰੇ ਮਨ ਇਮ ਆਵੈ। ਰਾਖਹੁ ਸੂਤ ਇਹੀ ਬਨਿ ਆਵੈ॥ ੧੯॥

"ਜੋ ਕੁਝ ਆਪ ਕਰੋ, ਉਹੀ ਸ਼ੁਭ ਸ੍ਰੇਸ਼ਟਤਾ ਸਹਿਤ ਹੈ, ਜਿਹੜਾ ਅਮੰਗਲ ਵੀ ਹੋਵੇ, ਉਹ ਮੰਗਲ ਬਣ ਜਾਵੇਗਾ, ਫਿਰ ਵੀ ਸਾਡੇ ਮਨ ਵਿਚ ਇਸ ਤਰ੍ਹਾਂ ਆਉਂਦੀ ਹੈ ਕਿ ਸੁਲਹਾ ਵੀ ਰਖੋ, ਇਹੀ ਗੱਲ ਬਣ ਆਉਂਦੀ ਹੈ॥੧੯॥

ਕੀਰਤਿਪੁਰਿ ਮਹਿਂ ਰਾਜਹਿ ਡੇਰਾ। ਪਿਤਾ ਪਿਤਾਮੈ ਜਹਾਂ ਬਸੇਰਾ।
ਸ੍ਰੀ ਹਰਿਗੋਬਿੰਦ ਤਜਜੋ ਸ਼ਰੀਰ। ਸ੍ਰੀ ਬਾਬਾ ਗੁਰਦਿੱਤਾ ਧੀਰ॥ ੨੦॥

ਕੀਰਤਪੁਰ ਵਿਚ ਹੀ ਡੇਰਾ ਸ਼ੋਭਦਾ ਹੈ, ਜਿਥੇ ਪਿਤਾ ਪਿਤਾਮੇ ਰਹਿੰਦੇ ਰਹੇ ਹਨ। ਸ੍ਰੀ ਹਰਿਗੋਬਿੰਦ ਜੀ ਨੇ ਸਰੀਰ ਛੱਡ ਦਿੱਤਾ ਹੈ, ਸ੍ਰੀ ਬਾਬਾ ਗੁਰਦਿਤਾ ਜੀ ਵੱਡੇ ਧੀਰਜਵਾਨ ਸਨ॥੨੦॥

ਇਸੀ ਸਥਾਨ ਥਿਖੈ ਸਸਕਾਰੇ। ਆਪ ਬਸਹੁ ਸਭਿ ਰੀਤਿ ਸੁਖਾਰੇ।
ਸਤੁਦ੍ਰਵ ਕੂਲ ਰੁਚਿਰ ਇਹ ਦੇਸ਼। ਨਿਕਟਿ ਖਰੇ ਗਨ ਸੈਲ ਵਿਸ਼ੇਸ਼॥ ੨੧॥

ਇਸ ਸਥਾਨ ਵਿਖੇ ਹੀ ਉਨ੍ਹਾਂ ਦਾ ਸਸਕਾਰ ਹੋਇਆ ਹੈ, ਆਪ ਸੁਖਾਵੀਂ ਰੀਤ ਅਨੁਸਾਰ ਏਥੇ ਨਿਵਾਸ ਰਖੋ। ਸਤਲੁਜ ਦਰਿਆ ਦੇ ਕਿਨਾਰੇ ਇਹ ਸੁੰਦਰ ਦੇਸ਼ ਹੈ ਤੇ ਨੇੜੇ ਬਹੁਤ ਸੁੰਦਰ ਪਹਾੜ ਖੜੇ ਹਨ॥੨੧॥

ਤ੍ਰਿਣ ਸੁੰਦਰ ਸਭਿ ਵਾਹਨ ਕਾਰਨ। ਫਲ ਦਲ ਫੂਲ ਬਾਰ ਬਿਸਤਾਰਨ।
ਕਿਮ ਤਜਾਗਨਿ ਇਹ ਚਹਹੁ ਗੁਸਾਈਂ। ਬਹੁ ਨੁਕਸਾਨ ਜਿ ਬਧਹਿ ਲਰਾਈ ॥੨੨॥

ਸਭ ਘੋੜਿਆਂ ਅਤੇ ਬਲਦਾਂ ਵਾਸਤੇ ਏਥੇ ਸੁੰਦਰ ਘਾਹ ਮਿਲਦਾ ਹੈ, ਫਲ, ਪੱਤੇ, ਫੁੱਲ ਅਤੇ ਪਾਣੀ ਦਾ ਬੜਾ ਵਿਸਥਾਰ ਹੈ, ਹੇ ਮਾਲਕ! ਇਸ ਥਾਂ ਨੂੰ ਕਿਵੇਂ ਛੱਡਣਾ ਚਾਹੋਗੇ, ਬਹੁਤ ਨੁਕਸਾਨ ਹੋਵੇਗਾ ਜੇ ਲੜਾਈ ਵਧੇਗੀ॥੨੨॥

ਯਾਂਤੇ ਹਮ ਸਭਿਹਿਨਿ ਕੀ ਮਰਜ਼ੀ। ਸਿਖ, ਸੇਵਕ, ਸੁਭਟਨਿ ਕੀ ਅਰਜ਼ੀ।
ਰਾਖਹੁ ਸੂਤ, ਨ ਤਜਾਗਹੁ ਦੇਸ਼। ਸਭਿ ਕਿਛੁ ਤੁਮਰੇ ਹਾਥ ਵਿਸ਼ੇਸ਼ ॥ ੨੩ ॥

ਇਸ ਕਰਕੇ ਸਾਡੀ ਸਾਰਿਆਂ ਦੀ ਮਰਜ਼ੀ ਹੈ, ਸਿੱਖ, ਸੇਵਕਾਂ ਅਤੇ ਯੋਧਿਆਂ ਦੀ ਬੇਨਤੀ ਹੈ, ਨੌਰੰਗੇ ਨਾਲ ਸੁਲਾਹ ਸਫਾਈ ਰੱਖੋ ਤੇ ਇਸ ਦੇਸ਼ ਨੂੰ ਨਾ ਛੱਡੋ, ਸਭ ਕੁਝ ਵਿਸ਼ੇਸ਼ ਤੌਰ 'ਤੇ ਤੁਹਾਡੇ ਹੱਥ ਵਿਚ ਹੈ॥੨੩॥

ਜਥਾ ਰਿਦੈ ਰੁਚਿ ਤਥਾ ਕਰੰਤੇ। ਤੁਮ ਸਭਿਹਿਨ ਸਿਰਮੌਰ ਮਹੰਤੇ'।
ਇਮ ਪਰਬਿਰਤ ਰਹਯੋ ਬ੍ਰਿਰਤਾਂਤ। ਆਯੋ ਰਾਮਰਾਇ ਬਡ ਤਾਤ॥ ੨੪ ॥

ਜਿਵੇਂ ਤੁਹਾਡੀ ਮਰਜ਼ੀ ਹੁੰਦੀ ਹੈ, ਉਸ ਤਰ੍ਹਾਂ ਕਰਦੇ ਹੋ, ਤੁਸੀਂ ਸਾਰਿਆਂ ਦੇ ਸ਼ਿਰੋਮਣੀ ਪੂਜਨੀਕ ਹੋ।'' ਇਸ ਤਰ੍ਹਾਂ ਬ੍ਰਿਤਾਂਤ ਚਲ ਹੀ ਰਿਹਾ ਸੀ ਕਿ ਸ੍ਰੀ ਰਾਮਰਾਇ ਵੱਡਾ ਪੁੱਤਰ ਆ ਗਿਆ॥੨੪॥

ਸਹਿਜ ਸੁਭਾਇਕ ਬੈਠੋ ਆਇ। ਚਹੁੰਦਿਸ਼ਿ ਦੇਖਤਿ ਦ੍ਰਿਸ਼ਟਿ ਚਲਾਇ।
ਕਹਤਿ ਭਯੋ 'ਕਜਾ ਹੁਇ ਅਹਿਲਾਦੇ ?। ਆਨਿ ਮਿਲੇ ਸਭਿ ਸਾਹਿਬਜ਼ਾਦੇ ॥੨੫॥

ਸਹਿਜ ਸੁਭਾਇ ਆ ਕੇ ਬੈਠ ਗਿਆ। ਚਾਰੇ ਪਾਸੇ ਆਪਣੀ ਦ੍ਰਿਸ਼ਟੀ ਫੇਰ ਕੇ ਵੇਖਦਾ ਹੈ, ਕਹਿਣ ਲੱਗਾ, ''ਏਨੀ ਵੱਡੀ ਕਿਹੜੀ ਘਟਨਾ ਹੋ ਗਈ ਹੈ ਕਿ ਸਾਰੇ ਸਾਹਿਬਜ਼ਾਦੇ ਆ ਇਕੱਠੇ ਹੋਏ ਹੋ॥੨੫॥

ਬੇਦੀ ਤੇਹਣ ਭੱਲੇ ਬੰਸ। ਸੋਢੀ ਇਕਠੇ ਭੇ ਜਨੁ ਹੰਸ।
ਕਰਨੋ ਹੈ ਅਸ ਕਾਰਜ ਕੌਨ ?। ਸਕਲ ਮਿਲੇ ਕਹਿ ਕੇ ਇਕ ਭੌਨ ?' ॥੨੬॥

ਬੇਦੀ, ਤ੍ਰੇਹਣ ਅਤੇ ਭਲਿਆਂ ਦੀ ਵੰਸ਼ ਤੇ ਸੋਢੀ ਹੰਸਾਂ ਵਾਂਗ ਆ ਇਕੱਠੇ ਹੋਏ ਹੋ। ਅਜਿਹਾ ਕਿਹੜਾ ਕਾਰਜ ਕਰਨਾ ਹੈ ? ਸਾਰੇ ਆ ਕੇ ਇਕ ਭਵਨ ਵਿਚ ਮਿਲੇ ਹੋ'' ॥੨੬॥

ਸੁਨਿ ਕੈ ਇਕ ਬੇਦੀ ਨੇ ਕਹਯੋ। 'ਨੌਰੰਗ ਬਾਦੀ ਅਤਿ ਤਪ ਰਹਯੋ।
ਕਰਾਮਾਤ ਹੇਰਨਿ ਕੇ ਕਾਰਨ। ਪੁਰਿ ਦਿੱਲੀ ਮਹਿਂ ਕਰਹਿ ਹਕਾਰਨਿ ॥ ੨੭ ॥

ਸੁਣ ਕੇ ਇਕ ਬੇਦੀ ਨੇ ਕਿਹਾ, ''ਨੌਰੰਗਾ ਝਗੜਾਲੂ ਬਹੁਤ ਤਪ ਰਿਹਾ ਹੈ, ਕਰਾਮਾਤ ਵੇਖਣ ਦੇ ਕਾਰਨ ਗੁਰੂ ਜੀ ਨੂੰ ਦਿੱਲੀ ਵਿਚ ਬੁਲਾਇਆ ਹੈ॥੨੭॥

ਦ੍ਰੋਹੀ ਸਭਿ ਹਿੰਦੁਨਿ ਕੋ ਜੋਇ। ਅਪਨੋ ਦੀਨ ਬਧਾਵਹਿ ਸੋਇ।
ਕਰਹਿ ਸਭਿਨਿ ਸੌਂ ਤਰਕ ਘਨੇਰੇ। ਮੁੱਲਾਂ ਕਾਜ਼ੀ ਗਨ ਜਿਸ ਹੇਰੇ ॥ ੨੮ ॥

ਜਿਹੜਾ ਸਾਰੇ ਹਿੰਦੂਆਂ ਨਾਲ ਧ੍ਰੋਹ ਕਮਾਉਂਦਾ ਹੈ ਤੇ ਆਪਣੇ ਦੀਨ ਨੂੰ ਵਧਾਉਂਦਾ ਹੈ। ਉਹ ਸਾਰਿਆਂ ਨਾਲ ਬਹੁਤ ਤਰਕ ਕਰਦਾ ਹੈ, ਮੁੱਲਾਂ ਕਾਜ਼ੀ ਸਾਰੇ ਜਿਸ ਨੂੰ ਵੇਖਦੇ ਹਨ॥੨੮॥

ਕਰਹਿਂ ਦਲੀਲ ਅਨੇਕ ਪ੍ਰਕਾਰ। ਸਭਾ ਸਕਲ ਦੁਸ਼ਟਨਿ ਇਕਸਾਰ।
ਕੋ ਅਜ਼ਮਤ ਅਬਿ ਜਾਇ ਦਿਖਾਵੈ। ਅਪਨਿ ਸ਼ਕਤਿ ਤੇ ਤਾਂਹਿ ਦਬਾਵੈ ॥੨੯॥

ਅਨੇਕ ਪ੍ਰਕਾਰ ਦਲੀਲਾਂ ਕਰਦੇ ਹਨ, ਸਾਰੀ ਸਭਾ ਇਕੋ ਜੇਹੇ ਦੁਸ਼ਟਾਂ ਨਾਲ ਭਰੀ ਹੈ। ਕੋਈ ਹੁਣ ਕਰਾਮਾਤ ਜਾ ਕੇ ਵਿਖਾਵੇ ਤੇ ਆਪਣੀ ਸ਼ਕਤੀ ਨਾਲ ਉਸ ਨੂੰ ਦਬਾ ਲਵੇ॥੨੯॥

ਜੀਤੈ ਸਭਾ, ਕਰਾਵੇ ਮੋਨ। ਤਿਸੇ ਬਿਚਾਰਤਿ, ਹੋਇ ਸੁ ਕੋਨ?'।
ਸੁਨਿ ਸ੍ਰੀ ਰਾਮਰਾਇ ਤਬਿ ਕਹਜੋ। 'ਕਜੌਂ ਨ ਜਾਹੁ ਜੈਬੋ ਜਹਿਂ ਲਹਜੋ? ॥੩੦॥

ਉਸ ਸਭਾ ਨੂੰ ਜਿੱਤ ਲਵੇ ਤੇ ਬਾਦਸ਼ਾਹ ਨੂੰ ਚੁੱਪ ਕਰਵਾ ਦੇਵੇ, ਉਸ ਬਾਰੇ ਹੀ ਅਸੀਂ ਵਿਚਾਰ ਕਰ ਰਹੇ ਹਾਂ ਕਿ ਐਸਾ ਵਿਅਕਤੀ ਕੌਣ ਹੋ ਸਕਦਾ ਹੈ?'' ਇਹ ਸੁਣ ਕੇ ਸ੍ਰੀ ਰਾਮਰਾਇ ਨੇ ਕਿਹਾ, ''ਜਿਥੇ ਜਾਣਾ ਬਣਦਾ ਸਮਝਿਆ ਹੈ, ਫਿਰ ਕਿਉਂ ਨਹੀਂ ਜਾਂਦੇ?॥੩੦॥

ਬਿਨਾ ਗਏ ਜਹਿਂ ਬਨਿ ਨਹਿਂ ਆਵੈ। ਤਹਾ ਬਿਚਾਰਹੁ ਚਲਨਿ ਸੁ ਭਾਵੈ।
ਕਜਾ ਸਜਾਨਪ ਹੋਵਹਿ ਇਸ ਮਾਂਹੀ। ਜਜੌਂ ਕਜੌਂ ਕਰੇ ਮਿਟਹਿ ਜੋ ਨਾਂਹੀ' ॥੩੧॥

ਜਿਥੇ ਜਾਣ ਤੋਂ ਬਗੈਰ ਬਣ ਨਹੀਂ ਆਉਂਦੀ, ਓਥੇ ਵਿਚਾਰਦੇ ਹੋ ਕਿ ਚਲਣਾ ਕਿਸ ਨੂੰ ਭਾਉਂਦਾ ਹੈ। ਇਸ ਵਿਚ ਕੀ ਸਿਆਣਪ ਹੋਵੇਗੀ, ਜਿਵੇਂ ਕਿਵੇਂ ਕਰਨ ਨਾਲ ਉਥੇ ਜਾਣ ਵਾਲੀ ਕਹਾਣੀ ਖ਼ਤਮ ਨਹੀਂ ਹੋਵੇਗੀ''॥੩੧॥

ਸੁਨਿ ਕਰਿ ਸਕਲ ਅਕਲ ਕੇ ਬੈਨ। ਬੋਲਤਿ ਭਏ ਚਪਲ ਕਰਿ ਨੈਨ।
'ਇਸ ਪ੍ਰਕਾਰ ਜੋ ਧੀਰ ਤੁਮਾਰੋ। ਕਜੌਂ ਨਹਿਂ ਨੌਰੰਗ ਨਿਕਟਿ ਸਿਧਾਰੋ? ॥੩੨॥

ਸ੍ਰੀ ਰਾਮਰਾਇ ਦੇ ਸਿਆਣਪ ਵਾਲੇ ਬਚਨ ਸੁਣ ਕੇ, ਸਾਰੇ ਨੈਣ ਚੰਚਲ ਕਰਕੇ ਬੋਲੇ, ''ਇਸ ਪ੍ਰਕਾਰ ਜੋ ਤੁਹਾਡਾ ਧੀਰਜ ਹੈ, ਫਿਰ ਤੁਸੀਂ ਨੌਰੰਗੇ ਦੇ ਪਾਸ ਕਿਉਂ ਨਹੀਂ ਜਾਂਦੇ ਹੋ?॥੩੨॥

ਦਮਨਹੁ ਦੁਸ਼ਟ ਦਰਪ ਕਉ ਜਾਇ। ਸਭਿ ਕੇ ਤੁਮ ਹੀ ਬਨਹੁ ਸਹਾਇ।
ਅਪਰ ਬਿਚਾਰਨਿ ਕਜੌਂ ਅਬਿ ਕਰੈਂ। ਜੇ ਇਹ ਕਾਰਜ ਤੁਮ ਤੇ ਸਰੈ॥ ੩੩॥

ਜਾ ਕੇ ਦੁਸ਼ਟ ਦੇ ਹੰਕਾਰ ਦਾ ਨਾਸ਼ ਕਰੋ। ਸਾਰਿਆਂ ਦੇ ਤੁਸੀਂ ਹੀ ਸਹਾਇਕ ਬਣੋ। ਹੋਰ ਕਿਸੇ ਬਾਰੇ ਹੁਣ ਕਿਉਂ ਵਿਚਾਰ ਕਰੀਏ, ਜੇਕਰ ਇਹ ਕਾਰਜ ਤੁਹਾਡੇ ਪਾਸੋਂ ਹੀ ਪੂਰਾ ਹੋ ਜਾਂਦਾ ਹੈ॥੩੩॥

ਸਤਿਗੁਰ ਕੇ ਤੁਮ ਪੁੱਤ੍ਰ ਬਡੇਰੇ। ਸਰਬ ਭਾਂਤਿ ਕੇ ਲਾਇਕ ਹੇਰੇ।
ਇਹ ਕੁਛ ਬਾਤ ਨਈ ਨਹਿਂ ਜਾਨੋ। ਤੁਮ ਸਮ ਕਰਤਿ ਰਹਤਿ ਨਹਿਂ ਛਾਨੋ' ॥੩੪॥

ਸਤਿਗੁਰੂ ਜੀ ਦੇ ਤੁਸੀਂ ਵੱਡੇ ਪੁੱਤਰ ਹੋ, ਤੁਹਾਨੂੰ ਸਭ ਪ੍ਰਕਾਰ ਅਸੀਂ ਲਾਇਕ ਵੇਖਿਆ ਹੈ। ਇਹ ਕੋਈ ਨਵੀਂ ਗੱਲ ਨਾ ਜਾਣੋ, ਤੇਰੇ ਵਾਂਗ ਕਰਦੇ ਰਹੇ ਹਨ, ਇਹ ਗੱਲ ਛੁਪੀ ਹੋਈ ਨਹੀਂ ਹੈ''॥੩੪॥

ਪਿਤਾ ਆਦਿ ਪੁਨ ਸਭਾ ਜਿ ਸਾਰੀ। ਮਰਜ਼ੀ ਮਿਲੀ ਸੁ ਏਕ ਬਿਚਾਰੀ।
'ਮੁਝ ਕੋ ਹੀ ਚਾਹਤਿ ਹੈਂ ਭੇਜਾ। ਦਮਨ ਕਰਨ ਤੁਰਕੇਸ਼ੁਰ ਤੇਜਾ' ॥ ੩੫॥

ਪਿਤਾ ਜੀ ਸਮੇਤ ਜਿਹੜੀ ਸਾਰੀ ਸਭਾ ਬੈਠੀ ਸੀ, ਸਾਰਿਆਂ ਦੀ ਮਰਜ਼ੀ ਮਿਲ ਗਈ ਤੇ ਉਨ੍ਹਾਂ ਇਕ ਵਿਚਾਰ ਕੀਤੀ ਜਿਸ ਨੂੰ ਸ੍ਰੀ ਰਾਮਰਾਇ ਸਮਝ ਗਏ ''ਮੈਨੂੰ ਹੀ ਭੇਜਣਾ ਚਾਹੁੰਦੇ ਹਨ, ਤਾਂਕਿ ਮੈਂ ਜਾ ਕੇ ਤੁਰਕ ਬਾਦਸ਼ਾਹ ਦੇ ਤੇਜ ਦਾ ਨਾਸ਼ ਕਰਾਂ''॥੩੫॥

ਇਮ ਲਖਿ ਰਾਮਰਾਇ ਨੇ ਕਹਜੋ। 'ਜੇ ਕਰਿ ਸਭਿਹਿਨਿ ਇਹ ਮਤ ਚਹਜੋ।
ਤਹਾਂ ਜਾਇ ਜੋ ਕਰਿਵ ਦਿਖਾਵਨਿ। ਕਰਾਮਾਤ ਸੋ ਦਿਹਿਂ ਮਨ ਪਾਵਨ॥੩੬॥

ਇਸ ਤਰ੍ਹਾਂ ਸਮਝ ਕੇ ਰਾਮਰਾਇ ਨੇ ਕਿਹਾ, ''ਜੇ ਸਾਰੇ ਹੀ ਇਕ ਮੱਤ ਹੋ ਕੇ ਇਹ ਚਾਹੁੰਦੇ ਹਨ ਕਿ ਉਥੇ ਜਾ ਕੇ ਜੋ ਮੈਂ ਕਰਕੇ ਦਿਖਾਵਾਂ, ਉਹ ਕਰਾਮਾਤ ਪਿਤਾ ਜੀ ਮੇਰੇ ਮਨ ਵਿਚ ਪਾ ਦੇਣ॥੩੬॥

ਸਤਿਗੁਰ ਪਿਤਾ ਪ੍ਰਸੀਦਨਿ ਹੋਇ। ਪਠਿਬ ਉਚਿਤ ਕਰਹਿਂ ਮੁਹਿ ਸੋਇ।
ਤੌ ਮੈਂ ਤੁਮ ਸਭਿ ਕੀ ਲੇ ਆਇਸੁ। ਕਰੌਂ ਕਾਜ ਤਿਹ ਨਿਕਟਿ ਸਿਧਾਇਸਿ ॥੩੭॥

ਸਤਿਗੁਰੂ ਪਿਤਾ ਜੀ ਪਸੀਜ ਕੇ ਮੈਨੂੰ ਉਥੇ ਭੇਜਣ ਜੋਗਾ ਕਰ ਦੇਣ, ਤਦ ਮੈਂ ਤੁਹਾਡੀ ਸਭ ਦੀ ਆਗਿਆ ਲੈ ਕੇ ਉਸ ਦੇ ਪਾਸ ਜਾ ਕੇ ਇਹ ਕਾਰਜ ਕਰਾਂਗਾ ॥੩੭॥

ਤੁਮ ਸਭਿ ਹੀ ਲਿਹੁ ਰਿਦੇ ਬਿਚਾਰ। ਤਹਾਂ ਅਹੈ ਅਜ਼ਮਤ ਕੀ ਕਾਰ।
ਧਰਮ ਦ੍ਰੋਹ ਤੁਰਕਨਿ ਮਹਿਂ ਜਾਨੋ। ਤਹਾਂ ਜਾਇ ਕਛੁ ਰਹਨਿ ਨ ਛਾਨੋ ॥੩੮॥

ਤੁਸੀਂ ਸਾਰੇ ਹੀ ਹਿਰਦੇ ਵਿਚ ਵਿਚਾਰ ਲਵੋ, ਉਥੇ ਸਾਰੀ ਕਰਾਮਾਤ ਦੀ ਕਾਰ ਹੈ। ਧਰਮ ਦੇ ਵੈਰੀ ਤੁਰਕਾਂ ਵਿਚ ਜਾਣਾ ਹੈ, ਉਥੇ ਜਾ ਕੇ ਰਹਿਣਾ ਕੁਝ ਛੁਪਿਆ ਨਹੀਂ ਕਿ ਕਿੰਨਾ ਮੁਸ਼ਕਿਲ ਹੈ॥੩੮॥

ਕਹੈ ਤੁਰਕ ਪਤਿ ਜੈਸੀ ਬਾਤ। ਤਸ ਦਿਖਾਵਨੋ ਚਹਿ ਬੱਖਜਾਤ।
ਤੌ ਬਨਿ ਆਇ ਤਾਂਹਿ ਕੇ ਮੰਗ। ਨਾਂਹਿ ਤ ਹੁਇ ਤਿਹ ਸੋਂ ਬਦਰੰਗ ॥੩੯॥

ਤੁਰਕਾਂ ਦਾ ਬਾਦਸ਼ਾਹ ਜਿਵੇਂ ਕਹੇਗਾ, ਉਸ ਤਰ੍ਹਾਂ ਹੀ ਪ੍ਰਗਟ ਰੂਪ ਵਿਚ ਵਿਖਾਉਣਾ ਚਾਹੀਦਾ ਹੈ, ਉਥੇ ਕੋਈ ਐਸੀ ਮੰਗ ਬਣ ਆਵੇ ਜਿਹੜੀ ਨਾ ਹੋ ਸਕੇ ਤਾਂ ਬੇਰਸੀ ਹੋਵੇਗੀ' ॥੩੯॥

ਸੁਨਿ ਸ੍ਰੀ ਰਾਮਰਾਇ ਜੋ ਕਹਯੋ। ਸਭਿਨਿ ਸਰਾਹਯੋ ਲਾਇਕ ਲਹਯੋ।
'ਉਚਿਤ ਖਾਰਤਾ ਕਹੀ ਬਨਾਇ। ਅਜ਼ਮਤ ਬਿਨਾ ਜਾਇ ਕਿਸ ਭਾਇ' ॥੪੦॥

ਸ੍ਰੀ ਰਾਮਰਾਇ ਨੇ ਜੋ ਕਿਹਾ, ਇਹ ਸੁਣ ਕੇ ਸਾਰਿਆਂ ਨੇ ਉਸਦੀ ਸਰਾਹਣਾ ਕੀਤੀ ਅਤੇ ਸ੍ਰੀ ਰਾਮਰਾਇ ਨੂੰ ਲਾਇਕ ਸਮਝਿਆ। ਉਨ੍ਹਾਂ ਸਭ ਨੇ ਕਿਹਾ, "ਸ੍ਰੀ ਰਾਮਰਾਇ ਨੇ ਉਚਿਤ ਗੱਲ ਕੀਤੀ ਹੈ, ਕਰਾਮਾਤਾਂ ਤੋਂ ਬਗੈਰ ਕਿਸ ਪ੍ਰਕਾਰ ਜਾਵੇਗਾ" ॥੪੦॥

*ਨੌਵੀਂ ਰਾਸ ਦਾ ਛੱਤੀਵਾਂ ਅਧਿਆਇ ਸਮਾਪਤ ਹੋਇਆ॥੩੬॥*

## ਅਧਿਆਇ ਸੈਂਤੀਵਾਂ

### ਸ੍ਰੀ ਰਾਮਰਾਇ ਦਿੱਲੀ ਪੁੱਜੇ

ਦੋਹਰਾ- ਸੁਨਤਿ ਪ੍ਰਸੀਦੇ ਪਿਤਾ ਗੁਰੁ ਅਰੁ ਕਾਰਜ ਕੋ ਕਾਲ।
ਕਹਯੋ 'ਲੇਹੁ ਅਜ਼ਮਤ ਮਹਾਂ ਜੋ ਨ ਸਕਹਿ ਕੋ ਟਾਲ॥ ੧॥

ਸੁਣਕੇ ਪਿਤਾ ਸਤਿਗੁਰੂ ਜੀ ਪਸੀਜ ਗਏ ਅਤੇ ਦਿੱਲੀ ਜਾਣ ਵਰਗੇ ਕੰਮ ਦਾ ਸਮਾਂ ਸਮਝ ਕੇ ਕਿਹਾ, "ਮਹਾਨ ਕਰਾਮਾਤ ਲਵੋ, ਜਿਸ ਨੂੰ ਕੋਈ ਵੀ ਟਾਲ ਨਹੀਂ ਸਕੇਗਾ॥੧॥

ਚੌਪਈ- ਤਵ ਰਸਨਾ ਪਰ ਕਰਿ ਹੈਂ ਬਾਸਾ। ਜੋ ਤਿਸ ਤੇ ਹੁਇ ਬਾਕ ਪ੍ਰਕਾਸ਼ਾ।
ਕਬਹੁੰ ਅੰਨਥਾ ਹੋਇ ਸੁ ਨਾਂਹੀ। ਸਫਲਹਿ ਤਤਛਿਨ ਬਾਦ ਨ ਜਾਹੀ ॥੨॥

ਤੇਰੀ ਜ਼ਬਾਨ ਉਤੇ ਅਸੀਂ ਵਾਸਾ ਕਰਾਂਗੇ। ਜੋ ਵੀ ਇਸ ਜ਼ਬਾਨ ਤੋਂ ਵਾਕ ਨਿਕਲੇਗਾ, ਉਹ ਕਦੀ ਵੀ ਖ਼ਾਲੀ ਨਹੀਂ ਜਾਵੇਗਾ ਤੇ ਤੁਰਤ ਸਫਲ ਹੋਵੇਗਾ॥੨॥

ਅਥਿਰਾ ਹੋਇਂ ਥਿਰਾ ਜਸ ਕਹੈਂ। ਲਹੈਂ ਅਚਰਤਾ ਜੇ ਚਰ ਅਹੈਂ।
ਜੋ ਨਿਤ ਭਰਜੋ ਰਹੈ, ਨਹਿਂ ਰਿਤੈ। ਸੋ ਰਿਤ ਜਾਇ, ਨੈਕ ਜੋ ਚਿਤੈ॥ ੩॥

ਅਚਲ ਚੰਚਲ ਹੋ ਜਾਣਗੇ ਜਿਵੇਂ ਤੂੰ ਕਹੇਂਗਾ ਤੇ ਜਿਹੜੇ ਵਿਚਰਨ ਵਾਲੇ ਹਨ, ਉਹ ਜੜ੍ਹ ਰੂਪ ਹੋ ਜਾਣਗੇ। ਜੋ ਨਿਤ ਭਰਿਆ ਰਹਿੰਦਾ ਹੈ ਖ਼ਾਲੀ ਨਹੀਂ ਹੁੰਦਾ, ਉਹ ਤੇਰੇ ਜ਼ਰਾ ਭਰ ਚਿਤ ਵਿਚ ਲਿਆਉਣ ਨਾਲ ਖ਼ਾਲੀ ਹੋ ਜਾਵੇਗਾ॥੩॥

ਮ੍ਰਿਗ ਤ੍ਰਿਸ਼ਨਾ ਜਹਿਂ ਰੇਤ ਅਨੀਰ। ਤਹਿਂ ਕਰਿ ਦੇਹਿਂ ਜਲਧਿ ਗੰਭੀਰ।
ਸ਼੍ਰੀ ਨਾਨਕ ਸਤਿਗੁਰ ਸਮਰੱਥ। ਇੱਤਜਾਦਿਕ ਸਭਿ ਤਿਨ ਕੇ ਹੱਥ॥ ੪॥

ਮ੍ਰਿਗ ਤ੍ਰਿਸ਼ਨਾ ਜਿਥੇ ਰੇਤ ਹੈ, ਜਲ ਨਹੀਂ ਹੈ, ਉਥੇ ਗੰਭੀਰ ਜਲ ਦਾ ਸਮੁੰਦਰ ਬਣ ਜਾਵੇਗਾ। ਸ੍ਰੀ ਗੁਰੂ ਨਾਨਕ ਦੇਵ ਜੀ ਸਮਰੱਥ ਹਨ, ਇੱਤਿਆਦਿਕ ਸਭ ਕੁਝ ਉਨ੍ਹਾਂ ਦੇ ਹੱਥ ਵਿਚ ਹੈ॥੪॥

ਸਭਿ ਸ਼ਕਤਿਨਿ ਕੀ ਸ਼ਕਤਿ ਸਰੂਪ। ਜਿਨ ਕੇ ਅਚਰਜ ਚਲਿਤ ਅਨੂਪ।
ਸਭਿ ਬ੍ਰਹਮੰਡ ਤਿਨ ਕੇ ਅਨੁਸਾਰੀ। ਆਇਸੁ ਜਹਿਂ ਕਹਿਂ ਟਰਹਿ ਨ ਟਾਰੀ॥੫॥

ਉਹ ਸਭ ਸ਼ਕਤੀਆਂ ਦੇ ਸ਼ਕਤੀ ਸਰੂਪ ਹਨ, ਜਿਨ੍ਹਾਂ ਦੇ ਅਨੂਪਮ ਅਸਚਰਜ ਚਲਿਤਰ ਹਨ। ਸਾਰਾ ਬ੍ਰਹਿਮੰਡ ਉਨ੍ਹਾਂ ਦੇ ਅਨੁਸਾਰ ਹੈ, ਉਨ੍ਹਾਂ ਦੀ ਆਗਿਆ ਜਿਥੇ ਕਿਥੇ ਟਾਲੀ ਨਹੀਂ ਜਾ ਸਕਦੀ॥੫॥

ਸੋ ਤਵ ਬਚਨ ਤੇਜ ਪ੍ਰਵਿਸ਼ਾਯੋ। ਕਰਹੁ ਨਿਸ਼ੰਕ ਜਥਾ ਮਨ ਭਾਯੋ।
ਕੋ ਕਿਸ ਕਾਰਨ ਕਰਹੁ ਉਚਾਰਨਿ। ਉਚਿੰਤਾਨੁਚਿਤ ਉਚਾਵਚ ਟਾਰਨਿ॥ ੬॥

ਸੋ ਤੇਰੇ ਬਚਨਾਂ ਵਿਚ ਸਾਡਾ ਤੇਜ ਪ੍ਰਵੇਸ਼ ਕਰ ਗਿਆ ਹੈ, ਜਿਵੇਂ ਵੀ ਮਨ ਨੂੰ ਭਾਵੇ ਸ਼ੰਕਾ ਰਹਿਤ ਹੋ ਕੇ ਕਰੋ। ਕੋਈ ਸ਼ਬਦ ਜੇ ਕਿਸੇ ਕਾਰਨ ਉਚਾਰਨ ਕਰੋ ਤਾਂ ਉਚਿਤ ਅਨੁਚਿਤ, ਕਿਸੇ ਨੂੰ ਉਚਿਆਂ ਕਰਨ ਵਾਲਾ, ਕਿਸੇ ਨੂੰ ਟਾਲਣ ਵਾਲਾ ਭਾਵ ਨੀਵਿਆਂ ਕਰਨ ਵਾਲਾ ਕਿਸੇ ਪ੍ਰਕਾਰ ਦਾ ਵੀ ਹੋਵੇ॥੬॥

ਜਿਸ ਛਿਨ ਜਿਸ ਬਿਧਿ ਕਰਹੁ ਉਬਾਚੀ। ਤਤਛਿਨ ਸਕਲ ਭਾਂਤਿ ਹੁਇ ਸਾਚੀ।
ਅਸ ਮਹਿਮਾ ਕਹਿ ਸੁਤਹਿ ਸੁਨਾਈ। ਉਰ ਉਤਸਾਹ ਕਰਨਿ ਅਧਿਕਾਈ॥੭॥

ਜਿਸ ਛਿਨ ਜਿਸ ਵਿਧੀ ਨਾਲ ਬਚਨ ਕਰੋਗੇ, ਉਹ ਤੁਰਤ ਸਭ ਭਾਂਤੀ ਸੱਚੇ ਹੋ ਜਾਣਗੇ।" ਇਹ ਮਹਿਮਾ ਕਹਿ ਕੇ ਪੁੱਤਰ ਨੂੰ ਸੁਣਾਈ ਤਾਂਕਿ ਉਹ ਹਿਰਦੇ ਵਿਚ ਅਧਿਕ ਉਤਸ਼ਾਹ ਕਰੇ॥੭॥

ਪੁਨ ਦਿਢਤਾ ਹਿਤ ਬਾਕ ਬਖਾਨੇ। 'ਨੌਰੰਗ ਅਤਿ ਬਾਦੀ ਜਗ ਜਾਨੇ।
ਗੁਰ ਘਰ ਸੋਂ ਮਤਸਰੀ ਬਿਸਾਲਾ। ਕਿਸ ਪ੍ਰਸੰਗ ਤੇ ਜੇ ਕਿਸ ਕਾਲਾ॥ ੮॥

ਫਿਰ ਦ੍ਰਿੜ੍ਹਤਾ ਵਾਸਤੇ ਬਚਨ ਕਹੇ, "ਨੌਰੰਗਾ ਬੜਾ ਝਗੜਾਲੂ ਹੈ, ਇਹ ਸਾਰਾ ਜੱਗ ਜਾਣਦਾ ਹੈ, ਗੁਰੂ ਘਰ ਨਾਲ ਉਹ ਬਹੁਤ ਈਰਖਾ ਕਰਦਾ ਹੈ, ਕਿਸੇ ਪ੍ਰਸੰਗ ਤੋਂ ਜੋ ਕਿਸੇ ਸਮੇਂ॥੮॥

ਕਰਹਿ ਤਰਕ ਮਨ ਕੁਟਿਲ ਕੁਟੇਵ। ਨਿਜ ਮਤ ਕੋ ਕਰਿ ਕੈ ਅਹੰਮੇਵ।
ਅਸਮੰਜਸ ਸੁਨਿ ਕੈ ਨਿਜ ਕਾਨ। ਰਾਖਨਿ ਹੇਤਿ ਤੁਰਕਪਤਿ ਮਾਨ॥ ੯॥

ਮਨ ਦਾ ਟੇਢਾ ਤੇ ਖੋਟੇ ਸੁਭਾਅ ਵਾਲਾ ਕੋਈ ਤਰਕ ਕਰੇ ਤਾਂ ਨਿਜੀ ਮੱਤ ਨੂੰ ਖ਼ੁਦੀ ਸਹਿਤ ਕਰਕੇ, ਆਪਣੇ ਕੰਨਾਂ ਨਾਲ ਨਾ ਮੁਨਾਸਿਬ ਸ਼ਬਦ ਸੁਣ ਕੇ ਤੁਰਕਾਂ ਦਾ ਮਾਣ ਰੱਖਣ ਵਾਸਤੇ॥੯॥

ਤਿਸ ਅਨੁਸਾਰ ਹੋਇ ਨਹਿਂ ਕਹੈਂ। ਗੁਰ ਕੀ ਲਘੁਤਾ ਜਿਸ ਮਹਿਂ ਲਹੈਂ।
ਤਬਿ ਤੁਮ ਧੀਰਜ ਧਰਿ ਉਰ ਆਛੇ। ਕਹਜੋ ਜਥਾਰਥ, ਹੁਇ ਹਿਤ ਪਾਛੇ ॥੧੦॥

ਉਨ੍ਹਾਂ ਦੇ ਅਨੁਸਾਰੀ ਹੋ ਕੇ ਕੁਝ ਨਾ ਕਹੋ, ਜਿਸ ਵਿਚ ਗੁਰੂ ਘਰ ਦਾ ਛੋਟਾਪਨ ਦਿਖਾਈ ਦੇਵੇ। ਤਦ ਤੂੰ ਧੀਰਜ ਧਾਰਨ ਕਰਕੇ ਚੰਗੇ ਹਿਰਦੇ ਨਾਲ ਸਚੀ ਗੱਲ ਕਹੋ, ਪਿੱਛੋਂ ਭਲਾ ਹੋਵੇਗਾ॥੧੦॥

ਤਵ ਰਸਨਾ ਤੇ ਨਿਕਸੇ ਜੈਸੇ। ਤੈਸੇ ਹੋਇ ਮਿਟੈ ਨਹਿਂ ਕੈਸੇ।
ਭਨਹੁ ਨਿਸੰਗ ਰਾਖਿ ਗੁਰ ਧਜਾਨਾ। ਜਸੁ ਪ੍ਰਾਪਤ ਹੁਇ ਹੈ ਬਿਧਿ ਨਾਨਾ ॥੧੧॥

ਤੇਰੀ ਜ਼ਬਾਨ ਤੋਂ ਜਿਵੇਂ ਵੀ ਨਿਕਲੇਗਾ, ਉਸ ਤਰ੍ਹਾਂ ਹੀ ਹੋ ਜਾਵੇਗਾ ਤੇ ਕਿਸੇ ਤਰ੍ਹਾਂ ਵੀ ਮਿਟੇਗਾ ਨਹੀਂ। ਗੁਰੂ ਜੀ ਦਾ ਧਿਆਨ ਰਖ ਕੇ ਨਿਸ਼ੰਗ ਹੋ ਕੇ ਕਹੋ, ਤੈਨੂੰ ਬਹੁਤ ਵਿਧੀਆਂ ਅਨੁਸਾਰ ਜਸ ਪ੍ਰਾਪਤ ਹੋਵੇਗਾ॥੧੧॥

ਅਪਨੇ ਬਲ ਭਰੋਸ ਜਿਸ ਨਾਂਹੀ। ਕਰਹਿ ਕੁਸ਼ਾਮਤ ਕਾਰਜ ਤਾਂਹੀ।
ਸਤਿਗੁਰ ਸ਼ਕਤੀ ਪਰ ਬਿਸ੍ਵਾਸ। ਸੋ ਨਿਸ਼ੰਗ ਰਹਿ ਸਭਿਹਿਨਿ ਪਾਸ ॥ ੧੨॥

ਜਿਸ ਨੂੰ ਆਪਣੀ ਸ਼ਕਤੀ ਰੂਪ ਬਲ ਦਾ ਭਰੋਸਾ ਨਹੀਂ, ਖ਼ੁਸ਼ਾਮਦ ਕਰਨਾ ਕੇਵਲ ਉਨ੍ਹਾਂ ਦਾ ਕੰਮ ਹੈ। ਸਤਿਗੁਰੂ ਜੀ ਦੀ ਸ਼ਕਤੀ 'ਤੇ ਵਿਸ਼ਵਾਸ ਰਖੋ ਤੇ ਸਾਰਿਆਂ ਦੇ ਪਾਸ ਨਿਸ਼ੰਗ ਹੋ ਕੇ ਰਹੋ॥੧੨॥

ਊਨੇ ਸ਼ੰਕਮਾਨ ਹੁਇ ਜਾਤੇ। ਪੂਰਨ ਨਹਿਂ ਡੋਲਤਿ ਕਿਸ ਭਾਂਤੇ।
ਬਖਸ਼ਜੋ ਤੁਹਿ ਅਨਟੂਟ ਭੰਡਾਰ। ਖਰਚਨਿ ਕਰਹੁ ਨ ਸ਼ੰਕ ਬਿਚਾਰ॥ ੧੩॥

ਜੋ ਊਣਾ ਹੈ, ਉਹ ਸ਼ੰਕਾ ਵਾਲਾ ਹੋ ਜਾਂਦਾ ਹੈ, ਜੋ ਪੂਰਾ ਹੈ ਉਹ ਕਿਸੇ ਪ੍ਰਕਾਰ ਵੀ ਡੋਲਦਾ ਨਹੀਂ ਹੈ। ਤੈਨੂੰ ਅਟੁੱਟ ਭੰਡਾਰ ਦੀ ਬਖਸ਼ਿਸ਼ ਕੀਤੀ ਹੈ, ਇਸ ਨੂੰ ਖ਼ਰਚ ਕਰੋ ਤੇ ਮਨ ਵਿਚ ਕੋਈ ਸ਼ੰਕਾ ਨਾ ਵਿਚਾਰੋ॥੧੩॥

ਤੀਨ ਲੋਕ ਮਹਿਂ ਆਇਸੁ ਜਿਮ ਕਹਿਂ। ਸੁਰ ਨਰ ਨਾਗ ਸੁਨਤਿ ਹੀ ਹਿਤ ਲਹਿਂ।
ਤਤਛਿਨ ਕਰਹਿਂ ਤਿਸੀ ਬਿਧਿ ਸਾਰੇ। ਤੋਹਿ ਬਾਕ ਨਹਿਂ ਕੋ ਹਟਕਾਰੇ' ॥੧੪॥

ਤਿੰਨਾਂ ਲੋਕਾਂ ਵਿਚ ਤੇਰੀ ਆਗਿਆ ਚਲੇਗੀ, ਜਿਵੇਂ ਵੀ ਕਹੇਂਗਾ, ਦੇਵਤੇ, ਮਨੁੱਖ, ਨਾਗ ਆਦਿ ਸੁਣਦੇ ਹੀ ਹਿਤ ਧਾਰ ਲੈਣਗੇ ਅਤੇ ਤੁਰਤ ਉਸ ਤਰ੍ਹਾਂ ਹੀ ਕਰਨਗੇ, ਤੇਰੇ ਬਚਨਾਂ ਨੂੰ ਕੋਈ ਨਹੀਂ ਮੋੜੇਗਾ''॥੧੪॥

ਸੁਨਿ ਸ੍ਰੀ ਰਾਮਰਾਇ ਸੁ ਪ੍ਰਸੰਨ। ਕਹਿ 'ਸ੍ਰੀ ਨਾਨਕ ਜੀ ਧਨ ਧੰਨ।
ਤੀਨ ਲੋਕ ਮਹਿਂ ਮਹਿਦ ਪ੍ਰਤਾਪ। ਚਹੈਂ ਸੁ ਕਰੈਂ ਉਥਾਪਨਿ ਥਾਪ' ॥ ੧੫॥

ਇਹ ਸੁਣ ਕੇ ਰਾਮਰਾਇ ਬਹੁਤ ਪ੍ਰਸੰਨ ਹੋਇਆ ਤੇ ਕਿਹਾ, "ਸ੍ਰੀ ਗੁਰੂ ਨਾਨਕ ਦੇਵ ਜੀ ਧੰਨ ਹਨ। ਤਿੰਨਾਂ ਲੋਕਾਂ ਵਿਚ ਉਨ੍ਹਾਂ ਦਾ ਵੱਡਾ ਪ੍ਰਤਾਪ ਹੈ। ਜੋ ਵੀ ਉਹ ਚਾਹੁਣ ਢਾਹ ਬਣਾ ਸਕਦੇ ਹਨ"॥੧੫॥

ਸ੍ਰੀ ਹਰਿਰਾਇ ਪਿਤਾ ਕੇ ਆਗੇ। ਬੰਦਨ ਕੀਨਿ ਚਰਨ ਅਨੁਰਾਗੇ।
ਸਕਲ ਭਾਂਤਿ ਕੀ ਕੀਨਿਸਿ ਤਜਾਰੀ। ਸ਼ਿਵਕਾ ਰਥ ਸੁੰਦਰ ਅਸਵਾਰੀ॥ ੧੬॥

ਸ੍ਰੀ ਗੁਰੂ ਹਰਿਰਾਇ ਜੀ ਪਿਤਾ ਦੇ ਅੱਗੇ, ਬੰਦਨਾ ਕਰਕੇ ਚਰਨਾਂ ਨਾਲ ਪ੍ਰੇਮ ਕੀਤਾ। ਸਭ ਪ੍ਰਕਾਰ ਦੀ ਤਿਆਰੀ ਕੀਤੀ, ਪਾਲਕੀਆਂ ਅਤੇ ਰੱਥਾਂ ਦੀਆਂ ਸੁੰਦਰ ਸਵਾਰੀਆਂ ਤਿਆਰ ਕੀਤੀਆਂ॥੧੬॥

ਨਖਸ਼ਿਖ ਸਗਲ ਸ਼ਿੰਗਾਰਨਿ ਕਰੇ। ਚੌਕਸ ਚਪਲ ਚਾਰੁ ਅਸੁ ਖਰੇ।
ਨਿਸ ਮਹਿਂ ਤਜਾਰੀ ਸਭਿ ਕਰਿ ਰਾਖੀ। ਹੋਤਿ ਪ੍ਰਭਾਤਿ ਗਮਨ ਕੇ ਕਾਂਖੀ॥੧੭॥

ਪੈਰਾਂ ਦੇ ਨੌਹਾਂ ਤੋਂ ਲੈ ਕੇ ਸਿਰ ਦੇ ਜੂੜੇ ਤਕ ਸਾਰੇ ਸਰੀਰ ਨੂੰ ਚੰਗੀ ਤਰ੍ਹਾਂ ਸ਼ਿੰਗਾਰਿਆ। ਚੌਕਸ, ਚੰਚਲ ਸੁੰਦਰ ਘੋੜੇ ਖੜੇ ਸਨ, ਰਾਤ ਸਮੇਂ ਸਾਰੀ ਤਿਆਰੀ ਕਰ ਰਖੀ ਸੀ, ਸਵੇਰ ਹੁੰਦਿਆਂ ਹੀ ਚਲਣ ਦੀ ਇੱਛਾ ਪ੍ਰਗਟ ਕੀਤੀ॥੧੭॥

ਭਾਈ ਬਹਿਲੋ ਕੇ ਗੁਰਦਾਸ। ਅਰੁ ਦੂਸਰ ਤਾਰਾ ਪਿਖਿ ਪਾਸ।
ਸ੍ਰੀ ਹਰਿਰਾਇ ਸੰਗ ਇਹ ਕਰੇ। ਸਭਿ ਬਿਧਿ ਸਮਝਾਏ ਢਿਗ ਖਰੇ॥ ੧੮॥

ਭਾਈ ਬਹਿਲੋ ਦਾ ਗੁਰਦਾਸ (ਇਹ ਭਾਈ ਗੁਰਦਾਸ ਭਾਈ ਬਹਿਲੋ ਦਾ ਪੜਪੋਤਾ ਸੀ) ਤੇ ਦੂਸਰੇ ਭਾਈ ਤਾਰੇ ਨੂੰ ਪਾਸ ਵੇਖ ਕੇ ਸ੍ਰੀ ਗੁਰੂ ਹਰਿਰਾਇ ਜੀ ਨੇ ਉਸ ਦੇ ਨਾਲ ਕਰ ਦਿੱਤੇ ਤੇ ਪਾਸ ਖੜਿਆਂ ਨੂੰ ਸਭ ਵਿਧੀਆਂ ਨਾਲ ਸਮਝਾਇਆ॥੧੮॥

ਹਿਤ ਸੇਵਾ ਕੇ ਸੇਵਕ ਆਨ। ਕਰੇ ਸਾਥ ਸਤਿਗੁਰੂ ਸੁਜਾਨ।
ਪੌਰ ਬਿਖੈ ਸਜੰਦਨ ਸੁਭ ਕਰੀ। ਜਗਮਗ ਚਹੁੰਦਿਸ਼ਿ ਚਮਕਤਿ ਜ਼ਰੀ॥ ੧੯॥

ਸੇਵਾ ਵਾਸਤੇ ਹੋਰ ਸੇਵਕਾਂ ਨੂੰ ਸਤਿਗੁਰੂ ਜੀ ਨੇ ਉਨ੍ਹਾਂ ਦੇ ਨਾਲ ਕਰ ਦਿੱਤਾ। ਦਰਵਾਜ਼ੇ ਵਿਚ ਰੱਥਾਂ ਨੂੰ ਖੜਾ ਕੀਤਾ, ਜਿਨ੍ਹਾਂ ਦੀ ਚਾਰੇ ਪਾਸੇ ਜ਼ਰੀ ਜਗਮਗ ਕਰਕੇ ਚਮਕਦੀ ਸੀ॥੧੯॥

ਨਹਿੰ ਤੁਰੰਗ ਤਿਸ ਜੋਰਨਿ ਕਰੇ। ਪਾਵਹਿਂ ਜ਼ੀਨ ਤਿਨਹੁੰ ਪਰ ਖਰੇ।
ਰਾਮਰਾਇ ਇਤਨੇ ਮਹਿਂ ਅਯੋ। ਸੁੰਦਰ ਸਜੰਦਨ ਪਰ ਚਢਿ ਗਯੋ॥ ੨੦॥

ਉਸ ਰੱਥ ਨੂੰ ਘੋੜੇ ਹਾਲੇ ਨਹੀਂ ਜੁੱਤੇ ਸਨ, ਘੋੜਿਆਂ ਤੇ ਕਾਠੀਆਂ ਪਾ ਰਹੇ ਸਨ। ਸ੍ਰੀ ਰਾਮਰਾਇ ਏਨੇ ਵਿਚ ਆਇਆ ਤੇ ਸੁੰਦਰ ਰੱਥ ਉਤੇ ਚੜ੍ਹ ਗਿਆ॥੨੦॥

ਸ੍ਰੀ ਹਰਿਰਾਇ ਆਪ ਪੁਨ ਆਏ। ਲੋਕ ਹਜ਼ਾਰਹੁੰ ਭੇ ਤਿਸ ਥਾਏਂ।
ਚਢਿ ਕਰਿ ਚਲਹਿਂ ਹੇਰਨੇ ਕਾਜਾ। ਆਇ ਜੁਰਯੋ ਬਹੁ ਨਰਨਿ ਸਮਾਜਾ॥੨੧॥

ਸ੍ਰੀ ਗੁਰੂ ਹਰਿਰਾਇ ਜੀ ਆਪ ਫਿਰ ਆਏ। ਹਜ਼ਾਰਾਂ ਲੋਕ ਉਥੇ ਇਕੱਠੇ ਹੋਏ ਸਨ। ਪਰਖਣ ਵਾਸਤੇ ਘੋੜਿਆਂ ਤੋਂ ਬਗੈਰ ਚੜ੍ਹ ਕੇ ਚਲੀਏ। ਓਥੇ ਆ ਕੇ ਬਹੁਤ ਮਨੁੱਖ ਇਕੱਠੇ ਹੋ ਗਏ॥੨੧॥

ਬਿਨ ਤੁਰੰਗ ਰਥ ਪਰ ਅਸਵਾਰੇ। ਮੁਖ ਤੇ ਬੋਲਯੋ 'ਚਲਹੁ ਅਗਾਰੇ'।
ਤਤ ਛਿਨ ਸ਼ਬਦ ਗੰਭੀਰ ਉਠਾਇ। ਸਜੰਦਨ ਮਗ ਗਮਨੀ ਸਹਿਸਾਇ॥੨੨॥

ਬਿਨਾਂ ਘੋੜੇ ਤੋਂ ਹੀ ਰੱਥ 'ਤੇ ਸਵਾਰ ਹੋ ਗਿਆ, ਮੁਖ ਤੋਂ ਬੋਲਿਆ, "ਅੱਗੇ ਚਲੋ।" ਤੁਰਤ ਇਕ ਗੰਭੀਰ ਸ਼ਬਦ ਉਠਿਆ। ਰੱਥ ਝੱਟ ਰਸਤੇ ਪੈ ਕੇ ਚਲ ਪਿਆ॥੨੨॥

ਕਿਤੀ ਦੂਰ ਲਗਿ ਫੇਰ ਮੁਰਯੋ ਹੈ। ਲਖਿ ਅਚਰਜ ਉਰ ਹਰਖ ਭਰਯੋ ਹੈ।
ਅਪਰ ਲੋਕ ਹੇਰਤਿ ਬਿਸਮਾਏ। 'ਧੰਨ ਧੰਨ ਸਤਿਗੁਰੂ' ਅਲਾਏ॥ ੨੩॥

ਕੁਝ ਦੂਰ ਜਾ ਕੇ ਫਿਰ ਮੁੜ ਪਿਆ, ਅਸਚਰਜ ਵੇਖ ਕੇ ਦਿਲ ਵਿਚ ਬਹੁਤ ਪ੍ਰਸੰਨ ਹੋਇਆ। ਹੋਰ ਲੋਕ ਵੇਖ ਕੇ ਹੈਰਾਨ ਹੋਏ, ਕਹਿੰਦੇ ਸਨ, "ਧੰਨ ਧੰਨ ਸਤਿਗੁਰੂ ਜੀ"॥੨੩॥

ਬਿਨ ਤੁਰੰਗ ਰਥ ਫਿਰ ਕਰਿ ਆਈ। ਸ੍ਰੀ ਹਰਿਰਾਇ ਹੁਤੇ ਜਿਸ ਥਾਈਂ।
ਸਿਖ ਸੇਵਕ ਕੀ ਭੀਰ ਖਰੀ ਹੈ। ਸ਼ਕਤਿ ਦਿਖਾਇਵ ਬੁੱਧਿ ਹਰੀ ਹੈ॥ ੨੪॥

ਘੋੜੇ ਤੋਂ ਬਗੈਰ ਰੱਥ ਫਿਰ ਕੇ ਉਥੇ ਆ ਗਿਆ ਜਿਸ ਥਾਂ ਸ੍ਰੀ ਗੁਰੂ ਹਰਿਰਾਇ ਜੀ ਖੜੇ ਸਨ। ਉਥੇ ਸਿੱਖਾਂ ਸੇਵਕਾਂ ਦੀ ਭੀੜ ਖੜੀ ਸੀ, ਸ਼ਕਤੀ ਵਿਖਾ ਕੇ ਉਨ੍ਹਾਂ ਦੀ ਬੁਧੀ ਚੁਰਾ ਲਈ॥੨੪॥

ਦੇਖਤਿ ਸ੍ਰੀ ਸਤਿਗੁਰੂ ਅਲਾਈ। ਅਜ਼ਮਤ ਕੋ ਆਗੈ ਬਹੁ ਥਾਂਈਂ॥
ਲਗ੍ਯੋ ਖਰਚਬੇ ਚਲਤਯੋ ਘਰ ਤੇ। ਨਿਕਸ੍ਯੋ ਨਾਂਹਿਨ ਅਬਿ ਲੌ ਪੁਰਿ ਤੇ॥੨੫॥

ਇਹ ਵੇਖ ਸ੍ਰੀ ਸਤਿਗੁਰੂ ਜੀ ਨੇ ਕਿਹਾ, "ਕਰਾਮਾਤ ਵਿਖਾਉਣ ਲਈ ਅੱਗੇ ਬਹੁਤ ਥਾਂ ਹੈ, ਇਸ ਨੂੰ ਘਰ ਤੋਂ ਚੱਲਣ ਲੱਗਾ ਹੀ ਖ਼ਰਚਣ ਲੱਗਾ ਹੈਂ, ਹਾਲੇ ਤਕ ਤੂੰ ਨਗਰ ਵਿਚੋਂ ਵੀ ਬਾਹਰ ਨਹੀਂ ਨਿਕਲਿਆ ਹੈਂ॥੨੫॥

ਧੀਰਜ ਧਰਹੁ ਥਾਨ ਜਿਸ ਚਾਹੋ। ਤਹਿਂ ਅਜ਼ਮਤ ਕੋ ਕਰਿ ਦਿਖਰਾਹੋ।
ਅਬਿ ਤੋ ਇਸ ਕੋ ਕਾਜ ਨ ਕੋਈ। ਦੌਰਾਈ ਬਿਨ ਅਸੁ ਰਥ ਜੋਈ'॥ ੨੬॥

ਧੀਰਜ ਧਾਰਨ ਕਰੋ, ਜਿਸ ਥਾਂ ਵੀ ਕਰਾਮਾਤ ਵਿਖਾਉਣੀ ਚਾਹੋ, ਕਰਕੇ ਵਿਖਾ ਲਵੋ। ਹੁਣ ਤਾਂ ਇਸ ਦਾ ਕੋਈ ਕੰਮ ਨਹੀਂ ਹੈ, ਜਿਹੜੀ ਘੋੜੇ ਤੋਂ ਬਗ਼ੈਰ ਰੱਥ ਭਜਾਇਆ ਹੈ"॥੨੬॥

ਸੁਨਿ ਸ੍ਰੀ ਰਾਮਰਾਇ ਨੇ ਕਹ੍ਯੋ। 'ਮੈਂ ਪਤਿਆਵਨਿ ਕੋ ਇਸ ਚਹ੍ਯੋ।
ਅਬਿ ਮੇਰਾ ਨਿਸ਼ਚਾ ਟਿਕ ਗਇਊ। ਅਪਨੇ ਊਪਰ ਭਰੋਸਾ ਭਇਊ॥ ੨੭॥

ਇਹ ਸੁਣ ਕੇ ਸ੍ਰੀ ਰਾਮਰਾਇ ਨੇ ਕਿਹਾ, "ਮੈਂ ਪਰਖ ਕਰਨ ਲਈ ਇਸ ਤਰ੍ਹਾਂ ਚਾਹਿਆ ਸੀ। ਹੁਣ ਮੇਰਾ ਨਿਸ਼ਚਾ ਬੱਝ ਗਿਆ ਹੈ। ਹੁਣ ਮੈਨੂੰ ਆਪਣੇ ਆਪ 'ਤੇ ਭਰੋਸਾ ਹੋ ਗਿਆ ਹੈ॥੨੭॥

ਜੋ ਮੈਂ ਕਹੌਂ ਹੋਇ ਸਭਿ ਸਾਚੀ। ਨਿਫਲ ਨ ਜਾਵਹਿ ਕਰੌਂ ਉਬਾਚੀ'।
ਬਹੁਰੋ ਰਥ ਸੌਂ ਜੁਰੇ ਤੁਰੰਗ। ਕੋਤਲ ਅਪਰ ਪਾਲਕੀ ਸੰਗ॥ ੨੮॥

ਜੋ ਮੈਂ ਕਹਾਂਗਾ ਸਭ ਸੱਚ ਹੋਵੇਗਾ, ਜੋ ਮੈਂ ਬੋਲਾਂਗਾ ਉਹ ਨਿਸਫਲ ਨਹੀਂ ਜਾਵੇਗਾ। ਫਿਰ ਰੱਥ ਨਾਲ ਘੋੜੇ ਜੋੜੇ ਗਏ, ਇਕ ਸ਼ਿੰਗਾਰਿਆ ਹੋਇਆ ਖ਼ਾਲੀ ਘੋੜਾ, ਪਾਲਕੀ ਦੇ ਅੱਗੇ ਅੱਗੇ ਚੱਲ ਪਿਆ॥੨੮॥

ਚਮਰ ਚਾਰੁ ਢੋਰਤਿ ਦੁਤਿ ਦੇਤਿ। ਮਨਹੁਂ ਮਰਾਲ ਉਡਾਰੀ ਲੇਤਿ।
ਸਕਲ ਮਾਤ ਕਹੁ ਬੰਦਨ ਕਰੀ। ਹੇਰਤਿ ਸੁਤ ਪ੍ਰੇਮਾਤੁਰ ਖਰੀ॥ ੨੯॥

ਸ੍ਰੀ ਰਾਮਰਾਇ ਦੇ ਉਪਰ ਸੁੰਦਰ ਚੋਰ ਇੰਝ ਝੁਲ ਰਿਹਾ ਸੀ, ਮਾਨੋਂ ਸਫੇਦ ਹੰਸ ਉਡਾਰੀਆਂ ਮਾਰ ਰਿਹਾ ਹੋਵੇ। ਉਸ ਨੇ ਸਾਰੀਆਂ ਮਾਤਾਵਾਂ ਨੂੰ ਬੰਦਨਾ ਕੀਤੀ, ਜਿਹੜੀਆਂ ਪੁੱਤਰ ਨੂੰ ਵੇਖਣ ਲਈ ਪ੍ਰੇਮ ਵਿਚ ਆਤਰ ਹੋ ਕੇ ਖੜੀਆਂ ਸਨ॥੨੯॥

ਪੁਨ ਸਤਿਗੁਰ ਜਹਿਂ ਸ੍ਰੀ ਹਰਿਰਾਇ। ਨਮੋ ਕਰੀ ਯੁਤਿ ਪ੍ਰੇਮ ਸੁ ਪਾਇ।
ਅਪਰ ਬੰਦਿਬੇ ਉਚਿਤ ਨਿਹਾਰੇ। ਕ੍ਰਮ ਤੇ ਚਰਨ ਬੰਦ ਕਰਿ ਸਾਰੇ॥ ੩੦॥

ਫਿਰ ਜਿਥੇ ਸਤਿਗੁਰੂ ਸ੍ਰੀ ਹਰਿਰਾਇ ਜੀ ਖੜੇ ਸਨ, ਉਨ੍ਹਾਂ ਨੂੰ ਬੜੇ ਪ੍ਰੇਮ ਨਾਲ ਚਰਨਾਂ 'ਤੇ ਨਮਸਕਾਰ ਕੀਤੀ। ਹੋਰ ਉਚਿਤ ਵਿਅਕਤੀ ਵੇਖ ਕੇ, ਵਾਰੀ ਵਾਰੀ ਉਨ੍ਹਾਂ ਸਾਰਿਆਂ ਨੂੰ ਬੰਦਨਾ ਕੀਤੀ॥੩੦॥

ਕਰਤਿ ਭਯੋ ਉਤਸਾਹ ਚਲਨਿ ਕੋ। ਸਜਲ ਕਰਤਿ ਲੋਚਨ ਪਲਕਨਿ ਕੋ।
ਕੀਰਤਿਪੁਰਿ ਤੇ ਹੋਇ ਅਰੂਢਿ। ਮਾਰਗ ਗਮਨਯੋ ਆਗੈ ਗੂਢ॥ ੩੧॥

ਚਲਣ ਵਾਸਤੇ ਬੜਾ ਉਤਸ਼ਾਹ ਕਰ ਰਿਹਾ ਸੀ, ਨੈਣਾਂ ਦੀਆਂ ਪਲਕਾਂ ਨੂੰ ਜਲ ਸਹਿਤ ਕਰ ਲਿਆ। ਕੀਰਤਪੁਰ ਤੋਂ ਸਵਾਰ ਹੋ ਗਿਆ ਤੇ ਡੂੰਘੇ ਭਾਵਾਂ ਵਾਲਾ ਸ੍ਰੀ ਰਾਮਰਾਇ ਅੱਗੇ ਨੂੰ ਚਲ ਪਿਆ॥੩੧॥

ਦਿੱਲੀਪੁਰਿ ਕੇ ਸਨਮੁਖ ਗਵਨਾ। ਸਰਬ ਸਰੀਰ ਰੂਪ ਜਿਸ ਰਵਨਾ।
ਡੇਰਾ ਪ੍ਰਥਮ ਸੁ ਰੋਪਰ ਕਰ੍ਯੋ। ਖਾਨ ਪਾਨ ਨਿੰਦ੍ਰਾ ਰਸ ਢਰ੍ਯੋ॥ ੩੨॥

ਦਿੱਲੀ ਨਗਰ ਦੇ ਸਾਹਮਣੇ ਵੱਲ ਚਲ ਪਿਆ, ਜਿਸ ਦਾ ਸਾਰਾ ਸਰੀਰ ਅਤੇ ਰੂਪ ਬਹੁਤ ਸੁੰਦਰ ਸੀ। ਪਹਿਲਾ ਡੇਰਾ ਰੋਪੜ ਕੀਤਾ, ਖਾ ਪੀ ਕੇ ਸੌਂ ਗਏ॥੩੨॥

ਭਈ ਪ੍ਰਭਾਤਿ ਕੂਚ ਕਰਿ ਚਲੇ। ਬਾਹਨ ਨਰ ਸੇਵਕ ਸੰਗ ਭਲੇ।
ਇਸੀ ਪ੍ਰਕਾਰ ਨਿਸਾ ਜਬਿ ਹੋਇ। ਕਰਹਿ ਸਿਵਰ ਸੁਖ ਸੌਂ ਰਹਿ ਸੋਇ॥ ੩੩ ॥

ਸਵੇਰ ਹੋਣ 'ਤੇ ਕੂਚ ਕਰਕੇ ਅੱਗੇ ਚਲ ਪਏ। ਵਾਹਣ ਦੇ ਨਾਲ ਭਲੇ ਸੇਵਕਾਂ ਦਾ ਸੰਗ ਸੀ। ਇਸ ਤਰ੍ਹਾਂ ਜਿਥੇ ਵੀ ਰਾਤ ਪੈਂਦੀ ਸੀ, ਤੰਬੂ ਲਾ ਕੇ ਸੁਖ ਨਾਲ ਸੌਂ ਜਾਂਦੇ ਸਨ॥੩੩॥

ਕੇਤਿਕ ਦਿਨ ਮੈਂ ਕ੍ਰਮ ਕ੍ਰਮ ਕਰਿਕੈ। ਮਾਰਗ ਉਲੰਘੇ ਦੇਸ਼ ਨਿਹਰਿ ਕੈ।
ਗ੍ਰਾਮ ਨਗਰ ਜੇਤਿਕ ਮਗ ਆਏ। ਦੇਖਤਿ ਚਲੇ ਜਾਤਿ ਅਗੁਵਾਏ॥ ੩੪ ॥

ਕਈਆਂ ਦਿਨਾਂ ਵਿਚ ਯਥਾਕ੍ਰਮ ਕਰਕੇ ਦੇਸ਼ ਨੂੰ ਵੇਖਦੇ ਸਾਰਾ ਪੈਂਡਾ ਲੰਘ ਗਏ। ਗ੍ਰਾਮ ਅਤੇ ਨਗਰ ਜਿੰਨੇ ਵੀ ਰਾਹ ਵਿਚ ਆਏ, ਉਨ੍ਹਾਂ ਸਾਰਿਆਂ ਨੂੰ ਵੇਖਦੇ ਅੱਗੇ ਜਾ ਰਹੇ ਸਨ॥੩੪॥

ਹਾਸ ਬਿਲਾਸ ਅਨੰਦਤਿ ਹੋਏ। ਦਿਨ ਗਮਨੇ ਨਿਸ ਸੁਖ ਸੌਂ ਸੋਏ।
ਨੌਰੰਗ ਦੂਤ ਸੰਗ ਨਿਜ ਲੀਏ। ਦਿੱਲੀ ਨਗਰ ਪ੍ਰਵੇਸ਼ਨਿ ਕੀਏ॥ ੩੫ ॥

ਹਾਸ ਵਿਲਾਸ ਕਰਦੇ ਬੜੇ ਅਨੰਦਿਤ ਰਹੇ ਸਨ। ਦਿਨੇ ਚਲਦੇ ਸਨ ਤੇ ਰਾਤ ਨੂੰ ਸੁਖ ਨਾਲ ਸੌਂ ਜਾਂਦੇ ਸਨ। ਨੌਰੰਗੇ ਦੇ ਦੂਤ ਨੂੰ ਆਪਣੇ ਨਾਲ ਲਿਆ ਸੀ ਤੇ ਦਿੱਲੀ ਨਗਰ ਵਿਚ ਪ੍ਰਵੇਸ਼ ਕਰ ਗਏ॥੩੫॥

ਤਤਛਿਨ ਦੂਤ ਅਗਾਊ ਗਯੋ। ਸੁਧ ਆਵਨਿ ਕੀ ਦੇਤਿ ਸੁ ਭਯੋ।
'ਜੋ ਸਤਿਗੁਰ ਗਾਦੀ ਪਰ ਬੈਸੇ। ਇਤਿ ਕੋ ਸੋ ਨਹਿਂ ਆਵਤਿ ਕੈਸੇ॥ ੩੬ ॥

ਤੁਰਤ ਦੂਤ ਅੱਗੇ ਚਲਾ ਗਿਆ। ਉਸ ਨੇ ਸ੍ਰੀ ਰਾਮਰਾਇ ਦੇ ਆਉਣ ਦੀ ਖ਼ਬਰ ਦੇ ਦਿੱਤੀ "ਜਿਹੜੇ ਸਤਿਗੁਰੂ ਗੱਦੀ 'ਤੇ ਬੈਠੇ ਹਨ, ਏਧਰ ਉਹ ਕਿਸੇ ਤਰ੍ਹਾਂ ਵੀ ਆਉਣਾ ਨਹੀਂ ਮੰਨੇ ਹਨ॥੩੬॥

ਪੁੱਤ੍ਰ ਆਪਨੋ ਪਠਿਬੇ ਕਰਜੋ। ਮੋ ਸੰਗ ਐਸੋ ਬਾਕ ਉਚਰਜੋ।
ਅਜ਼ਮਤਿ ਸ਼ਾਹੁ ਚਹੈ ਜੋ ਲਈ। ਸੋ ਹਮਨੇ ਨਿਜ ਸੁਤ ਕੋ ਦਈ॥ ੩੭ ॥

ਉਨ੍ਹਾਂ ਨੇ ਆਪਣਾ ਪੁੱਤਰ ਭੇਜ ਦਿੱਤਾ ਹੈ, ਮੇਰੇ ਨਾਲ ਇਸ ਤਰ੍ਹਾਂ ਬਚਨ ਉਚਾਰੇ ਹਨ, ਜਿਹੜੀ ਕਰਾਮਾਤ ਬਾਦਸ਼ਾਹ ਵੇਖਣੀ ਚਾਹੁੰਦਾ ਹੈ, ਉਹ ਅਸੀਂ ਆਪਣੇ ਪੁੱਤਰ ਨੂੰ ਦੇ ਦਿੱਤੀ ਹੈ॥੩੭॥

ਦੇਖਜੋ ਚਹੈ ਸੁ ਸਕਲ ਦਿਖੈ ਹੈ। ਇਸ ਕੋ ਕਹਜੋ ਨਿਫਲ ਨਹਿਂ ਹ੍ਵੈ ਹੈ।
ਅਪਰ ਸ਼ਾਹ ਕੋ ਕਾਜ ਨ ਕੋਈ। ਮਿਲਨਿ ਹਮਾਰੋ ਜਿਸ ਤੇ ਹੋਈ॥ ੩੮ ॥

ਜੇ ਉਹ ਕਰਾਮਾਤ ਵੇਖਣਾ ਚਾਹੁੰਦਾ ਹੈ ਤਾਂ ਸਭ ਵੇਖ ਲਵੇ, ਇਸ ਦਾ ਕਿਹਾ ਵਿਅਰਥ ਨਹੀਂ ਜਾਵੇਗਾ, ਬਾਦਸ਼ਾਹ ਨੂੰ ਕਿਉਂਕਿ ਕਰਾਮਾਤ ਵੇਖਣ ਤੋਂ ਬਗੈਰ ਹੋਰ ਕੋਈ ਕੰਮ ਨਹੀਂ ਹੈ, ਇਸ ਕਰਕੇ ਸਾਡਾ ਉਸ ਨਾਲ ਮਿਲਣਾ ਜ਼ਰੂਰੀ ਨਹੀਂ ਹੈ॥੩੮॥

*ਨੋਟ : ਕਰਾਮਾਤ ਦਾ ਵਿਖਾਉਣਾ ਗੁਰਮਤਿ ਆਸ਼ੇ ਅਨੁਸਾਰ ਨਹੀਂ ਹੈ। ਮਹਿਮਾ ਪ੍ਰਕਾਸ਼ ਅਨੁਸਾਰ ਗੁਰੂ ਜੀ ਨੇ ਆਪਣੇ ਪੁੱਤਰ ਰਾਮਰਾਇ ਨੂੰ ਬੁਲਾ ਕੇ ਦਿੱਲੀ ਭੇਜਿਆ ਤੇ ਕਿਹਾ ਕਿ ਉਥੇ ਡਰ ਰਹਿਤ ਹੋ ਕੇ ਸੱਚੀ ਗੱਲ ਕਹਿਣੀ, ਕਿਸੇ ਪ੍ਰਕਾਰ ਦੀ ਕਰਾਮਾਤ ਨਹੀਂ ਵਿਖਾਉਣੀ। ਮਹਿਮਾ ਪ੍ਰਕਾਸ਼ ਵਿਚ ਲਿਖਿਆ ਹੈ, ਉਹ ਨਿਮਨ ਅਨੁਸਾਰ ਹੈ :*

*"ਸੁਨੋ ਪੁੱਤਰ ਮੈ ਬਚਨ ਜੋ ਕਹੌਂ। ਤੁਮਰੇ ਸੰਗ ਸਦਾ ਮੈ ਰਹੌਂ। ਦਿੱਲੀਪਤਿ ਸੋਂ ਜਾਇ ਤੁਮ ਮਿਲੋ। ਕੁਛ ਸੰਕ ਭੈ ਨਹੀਂ ਮਨ ਮੋਂ ਗਿਲੋ॥ ੪ ॥*
*ਤੁਮਾਰਾ ਬਚਨ ਸਫਲ ਸਭ ਹੋਏ। ਤੁਮ ਸਮਾਨ ਬਲ ਨਹੀਂ ਕੋਇ। ਜੋ ਪੂਛੇ ਸਤ ਕਹਿ ਦੀਜੈ। ਕਛੂ ਕਰਾਮਾਤ ਪ੍ਰਗਟ ਨਹੀਂ ਕੀਜੈ" ॥੫॥*

ਸ਼ਾਹਿ ਜੁ ਬਾਂਛਤਿ, ਹਮ ਨੇ ਭੇਜਾ। ਬਿਨ ਸੰਸੈ ਨਿਜ ਸੰਗ ਸੁ ਲੇਜਾ।
ਤਿਨ ਕੋ ਪੁੱਤ੍ਰ ਸੰਗ ਮਮ ਆਯੋ। ਨਰ ਬਾਹਨ ਕਹੁ ਬਹੁ ਸਮੁਦਾਯੋ ॥ ੩੯ ॥

ਬਾਦਸ਼ਾਹ ਜੋ ਚਾਹੁੰਦਾ ਹੈ, ਅਸੀਂ ਭੇਜ ਦਿੱਤਾ ਹੈ, ਕਿਸੇ ਸ਼ੱਕ ਤੋਂ ਬਗੈਰ ਇਸ ਨੂੰ ਆਪਣੇ ਨਾਲ ਲੈ ਜਾ। ਉਨ੍ਹਾਂ ਦਾ ਪੁੱਤਰ ਮੇਰੇ ਨਾਲ ਆਇਆ ਹੈ, ਮਨੁੱਖ, ਰੱਥ ਅਤੇ ਬਹੁਤ ਸੇਵਕ ਹਨ" ॥੩੯॥

ਸੁਨਿ ਨੌਰੰਗ ਨੇ ਰਿਦੇ ਬਿਚਾਰੀ। ਜੋ ਹਮ ਬਾਂਛਤਿ ਰਿਦੇ ਮਝਾਰੀ।
ਸੋ ਦਿਖਰਾਵਨ ਕੋ ਚਲਿ ਆਯੋ। ਪਿਤਾ ਪੁੱਤ੍ਰ ਮਹਿਂ ਭੇਦ ਨ ਪਾਯੋ ॥ ੪੦ ॥

ਇਹ ਸੁਣ ਕੇ ਨੌਰੰਗੇ ਨੇ ਹਿਰਦੇ ਵਿਚ ਵਿਚਾਰ ਕੀਤੀ, ਜੋ ਅਸੀਂ ਆਪਣੇ ਹਿਰਦੇ ਵਿਚ ਚਾਹੁੰਦੇ ਹਾਂ, ਉਹ ਵਿਖਾਉਣ ਵਾਸਤੇ ਚਲ ਕੇ ਆ ਗਿਆ ਹੈ, ਪਿਤਾ-ਪੁੱਤਰ ਵਿਚ ਕੋਈ ਭੇਦ ਨਾ ਪਾਇਆ ॥੪੦॥

ਜੇ ਕਰਿ ਇਸ ਤੇ ਕਾਜ ਨ ਸਰੈ। ਬਹੁਰ ਹਕਾਰਨਿ ਤਿਸ ਕਹੁ ਕਰੈਂ।
ਅਰਯੋ ਨ ਰਹੈ ਆਇ ਬਿਨ ਦੇਰਿ। ਜਿਨਹੁੰ ਪਠਯੋ ਸੁਤਿ ਸ਼ਕਤਿ ਬਡੇਰ ॥ ੪੧ ॥

ਜੇਕਰ ਇਸ ਪਾਸੋਂ ਕਾਰਜ ਨਹੀਂ ਹੋਵੇਗਾ, ਬਾਅਦ ਵਿਚ ਫਿਰ ਉਸ ਨੂੰ ਬੁਲਾ ਲਵਾਂਗੇ, ਅੜਿਆ ਨਹੀਂ ਰਹੇਗਾ, ਕਿਸੇ ਦੇਰ ਬਗੈਰ ਆ ਜਾਵੇਗਾ, ਜਿਨ੍ਹਾਂ ਆਪਣਾ ਵੱਡੀ ਸ਼ਕਤੀ ਵਾਲਾ ਪੁੱਤਰ ਭੇਜਿਆ ਹੈ ॥੪੧॥

ਇਮ ਬਿਚਾਰਿ ਕੈ ਮਨੁਜ ਪਠਾਏ। ਸ਼ੁਭ ਸਥਾਨ ਡੇਰਾ ਕਰਿਵਾਏ।
ਅਪਰ ਸੇਵ ਕਹੁ ਹੁਕਮ ਬਖਾਨਯੋ। 'ਬਾਂਛਤਿ ਵਸਤੂ ਦੇਹੁ ਮਹਾਨਯੋ' ॥ ੪੨ ॥

ਇਸ ਤਰ੍ਹਾਂ ਵਿਚਾਰ ਕੇ ਮਨੁੱਖ ਭੇਜੇ, ਤੇ ਸ਼ੁਭ ਸਥਾਨ 'ਤੇ ਉਨ੍ਹਾਂ ਦਾ ਡੇਰਾ ਲਵਾਇਆ। ਹੋਰ ਸੇਵਾ ਵਾਸਤੇ ਵੀ ਹੁਕਮ ਕੀਤਾ "ਇਨ੍ਹਾਂ ਨੂੰ ਮੂੰਹ ਮੰਗੀਆਂ ਮਹਾਨ ਵਸਤਾਂ ਦੇਵੋ" ॥੪੨॥

*ਨੌਵੀਂ ਰਾਸ ਦਾ ਸੈਂਤੀਵਾਂ ਅਧਿਆਇ ਸਮਾਪਤ ਹੋਇਆ ॥੩੭॥*

## ਅਧਿਆਇ ਅਠੱਤੀਵਾਂ

### *ਸ੍ਰੀ ਰਾਮਰਾਇ ਨੇ ਮੋਇਆ ਬੱਕਰਾ ਜਿਵਾਇਆ*

ਦੋਹਰਾ- ਦਿੱਲੀ ਪੁਰਿ ਪਰਵੇਸ਼ ਕੈ ਨੰਦਨ ਸ੍ਰੀ ਹਰਿਰਾਇ ॥
ਕਰਯੋ ਸਿਵਰ ਸੁਭ ਰੀਤਿ ਸੋਂ ਰਹਿ ਮਜਨੂੰ ਜਿਸ ਥਾਇਂ ॥ ੧ ॥

ਸ੍ਰੀ ਹਰਿਰਾਇ ਜੀ ਦੇ ਪੁੱਤਰ ਦਿੱਲੀ ਨਗਰ ਵਿਚ ਪ੍ਰਵੇਸ਼ ਕਰ ਗਏ ਤੇ ਸ਼ੁਭ ਰੀਤੀ ਨਾਲ ਤੰਬੂ ਲਗਵਾਏ ਤੇ ਉਥੇ ਰਹਿ ਪਏ, ਜਿਥੇ ਮਜਨੂ ਟਿੱਲਾ ਸੀ ॥੧॥

*ਨੋਟ : ਮਜਨੂੰ ਟਿੱਲੇ ਵਿਖੇ ਇਤਿਹਾਸਕ ਗੁਰਦੁਆਰਾ ਹੈ। ਏਥੇ ਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਗੁਰੂ ਹਰਿਗੋਬਿੰਦ ਜੀ ਵੀ ਠਹਿਰੇ ਸਨ।*

ਚੌਪਈ- ਤੁਰਕੇਸ਼ੁਰ ਬਹੁ ਰਿਦੇ ਬਿਚਾਰੇ। ਅਪਨਿ ਸਲਾਹੀ ਸਕਲ ਹਕਾਰੇ।
'ਅਜ਼ਮਤ ਦੇਨਹਾਰ ਅਬਿ ਆਯੋ। ਆਪ ਨਹੀਂ, ਨਿਜ ਪੁੱਤ੍ਰ ਪਠਾਯੋ ॥੨ ॥

ਮੁਗਲ ਬਾਦਸ਼ਾਹ ਹਿਰਦੇ ਵਿਚ ਬਹੁਤ ਵਿਚਾਰ ਕਰਦਾ ਸੀ, ਉਸ ਨੇ ਆਪਣੇ ਸਾਰੇ ਸਲਾਹਕਾਰ ਬੁਲਾ ਲਏ ਤੇ ਕਿਹਾ ਕਰਾਮਾਤ ਵਿਖਾਉਣ ਵਾਲਾ ਹੁਣ ਆਇਆ ਹੈ, ਆਪ ਨਹੀਂ ਆਇਆ, ਆਪਣੇ ਪੁੱਤਰ ਨੂੰ ਭੇਜ ਦਿੱਤਾ ਹੈ॥੨॥

ਹਮ ਸੋਂ ਬਿਨਾ ਮਿਲੇ ਇਕ ਵਾਰੀ। ਕਰਾਮਾਤ ਕੁਛ ਦੇਹਿ ਦਿਖਾਰੀ।
ਹੁਇ ਅਤਿ ਕਠਨ ਜੁ ਬਨ ਨਹਿਂ ਆਵੈ। ਦਿਹੁ ਸਲਾਹ ਅਤਿ ਹੀਨਤਿ ਪਾਵੈ॥੩॥

ਸਾਡੇ ਨਾਲ ਇਕ ਵਾਰ ਮਿਲੇ ਬਗ਼ੈਰ, ਕੁਝ ਕਰਾਮਾਤ ਵਿਖਾ ਦੇਵੇ। ਐਸੀ ਕਰਾਮਾਤ ਕਰਨ ਦੀ ਸਲਾਹ ਦੇਵੋ ਜਿਹੜੀ ਅਤਿ ਕਠਨ ਹੋਵੇ ਤੇ ਉਹ ਕਰ ਨਾ ਸਕੇ ਤੇ ਨਮੋਸ਼ੀ ਪਾਵੇ॥੩॥

ਕਯਾ ਕਹਿ ਪਠਹਿਂ, ਕਹਾਂ ਕਰਿਵਾਇਂ ? ਜਿਸ ਮਹਿਂ ਕਿਮ ਨਹਿਂ ਚਲਹਿ ਉਪਾਇ।
ਮਿਲਿਬੇ ਤੇ ਪੂਰਬ ਪਤਿਆਵੈਂ। ਲਖਹਿਂ ਉਚਿਤ ਤਬਿ ਨਿਕਟਿ ਬੁਲਾਵੈਂ॥੪॥

ਕੀ ਕਹਿ ਕੇ ਭੇਜੀਏ, ਕਿਥੇ ਕਰਵਾਈਏ ? ਜਿਸ ਵਿਚ ਕਿਸੇ ਤਰ੍ਹਾਂ ਵੀ ਕੋਈ ਉਪਾਅ ਨਾ ਚਲ ਸਕੇ। ਮਿਲਣ ਤੋਂ ਪਹਿਲਾਂ ਪਰਖੀਏ, ਜੇ ਉਚਿਤ ਵੇਖਾਂਗੇ ਫਿਰ ਪਾਸ ਬੁਲਾਵਾਂਗੇ'॥੪॥

ਸੁਨਿ ਕਾਜ਼ੀ ਮੁੱਲਾਂ ਹਰਖਾਏ। ਸ਼ਾਹ ਸਰਾਹਹਿਂ ਬਾਕ ਸੁਨਾਏ।
'ਦਾਨਸ਼ਵੰਦ ਬਿਲੰਦ ਸਭਿਨਿ ਮੈਂ। ਕਹਿ ਪਠਵਹੁ ਜਿਮ ਰੁਚਿ ਹੁਇ ਮਨ ਮੈਂ॥੫॥

ਕਾਜ਼ੀ ਮੁੱਲਾਂ ਇਹ ਸੁਣ ਕੇ ਬਹੁਤ ਪ੍ਰਸੰਨ ਹੋਏ। ਬਾਦਸ਼ਾਹ ਦੀ ਸ਼ਲਾਘਾ ਕਰਦੇ ਸਨ ਤੇ ਕਹਿਣ ਲੱਗੇ, "ਤੁਸੀਂ ਸਾਰਿਆਂ ਵਿਚ ਵੱਡੇ ਅਕਲਮੰਦ ਹੋ, ਜਿਵੇਂ ਤੁਹਾਡੇ ਮਨ ਦੀ ਰੁਚੀ ਹੋਏ, ਕਹਿ ਭੇਜੋ॥੫॥

ਅਸ਼ਟਿ ਸਿਧਿ ਹੋਵਤਿ ਜਿਨ ਮਾਂਹੀ। ਲਘੁ ਦੀਰਘ ਆਦਿਕ ਬਨ ਜਾਹੀਂ।
ਅਪਰ ਅਨੇਕ ਪ੍ਰਕਾਰਨਿ ਬਾਤ। ਸੋ ਕਰਿ ਲੇਤਿ ਜਗਤ ਬੱਖਜਾਤ॥੬॥

ਜਿਨ੍ਹਾਂ ਵਿਚ ਅੱਠ ਸਿਧੀਆਂ ਹੁੰਦੀਆਂ ਹਨ, ਛੋਟੇ ਵੱਡੇ ਆਦਿ ਬਣ ਜਾਂਦੇ ਹਨ। ਹੋਰ ਅਨੇਕ ਪ੍ਰਕਾਰ ਦੀਆਂ ਗੱਲਾਂ ਹਨ, ਉਹ ਜਗਤ ਵਿਚ ਪ੍ਰਗਟ ਕਰ ਲੈਂਦੇ ਹਨ॥੬॥

ਅਚਰਜ ਕੋ ਦਿਖਾਇ ਬਿਧਿ ਨਾਨਾ। ਜੋ ਬੁਧਿ ਬਲ ਤੇ ਸਕੈ ਨ ਜਾਨਾ।
ਸਭਿ ਤੇ ਉਲੰਘਿ ਇਕ ਹੈ ਬਾਤ। ਮ੍ਰਿਤਕ ਜਿਵਾਵਨਿ ਕੀ ਬੱਖਜਾਤ॥੭॥

ਕਈ ਅਨੇਕਾਂ ਪ੍ਰਕਾਰ ਦੇ ਅਸਚਰਜ ਵਿਖਾਉਂਦੇ ਹਨ, ਬੁੱਧੀ ਬਲ ਨਾਲ ਉਹ ਜਾਣਿਆ ਨਹੀਂ ਜਾ ਸਕਦਾ, ਸਭ ਤੋਂ ਉਪਰ ਇਕ ਗੱਲ ਹੈ, ਮੁਰਦੇ ਨੂੰ ਜੀਉਂਦਾ ਕਰਨ ਦੀ ਗੱਲ ਸਾਰੇ ਪ੍ਰਗਟ ਹੈ॥੭॥

ਇਸ ਮਹਿਂ ਏਕ ਕਰਹੁ ਚਤੁਰਾਈ। ਜਿਸ ਪ੍ਰਕਾਰ ਹਮ ਕਹੈਂ ਬੁਝਾਈ।
ਹੋਹਿ ਮ੍ਰਿਤਕ ਕੋ ਦੇਹਿ ਜੁ ਪਰਜੋ। ਤਿਸਹਿ ਜਿਵਾਇ ਦੇਤਿ ਕਰਿ ਖਰਜੋ॥੮॥

ਇਸ ਵਿਚ ਇਕ ਚਤੁਰਾਈ ਕਰੋ, ਜਿਸ ਪ੍ਰਕਾਰ ਅਸੀਂ ਕਹੀਏ, ਮੁਰਦੇ ਦਾ ਜਿਹੜਾ ਸਰੀਰ ਪਿਆ ਹੋਵੇ, ਉਸ ਨੂੰ ਜੀਉਂਦਾ ਕਰਕੇ ਸਾਰੇ ਖੜਾ ਕਰ ਦਿੰਦੇ ਹਨ॥੮॥

ਜੇ ਕਰਿ ਦੇਹ ਜਾਇ ਦਫਨਾਈ। ਕਿਧੌਂ ਕੋਇ ਕਿਸ ਬਿਧਿ ਲੇ ਖਾਈ।
ਕਿਧੌਂ ਅਗਨਿ ਕੇ ਬੀਚ ਜਰਾਵੈਂ। ਦਿਖਜੋ ਨ ਅਬਿ ਲੌ ਤਾਂਹਿ ਜਿਵਾਵੈ॥੯॥

ਜੇ ਉਸ ਨੂੰ ਦਫਨ ਕਰ ਦਿੱਤਾ ਜਾਵੇ ਜਾਂ ਕੋਈ ਕਿਸੇ ਵਿਧੀ ਨਾਲ ਖਾ ਲਵੇ ਜਾਂ ਉਸ ਨੂੰ ਅੱਗ ਵਿਚ ਸਾੜ ਦੇਈਏ, ਹੁਣ ਤਕ ਅਜਿਹਾ ਵਿਅਕਤੀ ਵੇਖਿਆ ਨਹੀਂ ਹੈ, ਜਿਹੜਾ ਐਸੇ ਮੁਰਦੇ ਨੂੰ ਜੀਉਂਦਾ ਕਰੇ॥੯॥

ਯਾਂਤੇ ਛਲ ਕੀਜੈ ਇਸ ਭਾਂਤੀ। ਦਿਹੁ ਬਕਰਾ ਜ਼ਾਫਤ ਕਹਿ ਬਾਤੀ।
ਅਪਰ ਵਸਤੁ ਸਗਰੀ ਪਹੁਚਾਵਹੁ। ਸਨਮਾਨਹੁ ਸਭਿ ਬਿਧਿ ਹਰਖਾਵਹੁ॥੧੦॥

ਇਸ ਕਰਕੇ ਇਸ ਪ੍ਰਕਾਰ ਦਾ ਛਲ ਕਰੋ, ਉਨ੍ਹਾਂ ਨੂੰ ਕਹਿ ਕੇ ਬਕਰੇ ਦੀ ਜ਼ਿਆਫਤ ਕਰੋ, ਹੋਰ ਸਾਰੀਆਂ ਵਸਤਾਂ ਪਹੁੰਚਾਵੋ, ਚੰਗੀ ਤਰ੍ਹਾਂ ਸਨਮਾਨ ਕਰਕੇ ਪ੍ਰਸੰਨ ਕਰੋ॥੧੦॥

ਰਾਤ੍ਰਿ ਬਿਖੈ ਤਿਸ ਆਮਿਖ ਖਾਇ। ਨਹਿਂ ਸਰੀਰ ਅਜ ਕੋ ਪੁਨ ਪਾਇ।
ਹੋਤਿ ਪ੍ਰਾਤਿ ਕੇ ਸੋ ਮੰਗਵਾਵਉ। ਸ਼ਹਿਜਾਦੇ ਕੋ ਨਾਮ ਸੁਨਾਵਉ॥ ੧੧॥

ਰਾਤ ਸਮੇਂ ਉਹ ਬਕਰੇ ਦਾ ਮਾਸ ਖਾਵੇ, ਜਿਸ ਕਰਕੇ ਬਕਰਾ ਮੁੜ ਕੇ ਆਪਣਾ ਸਰੀਰ ਨਾ ਪਾ ਸਕੇ। ਸਵੇਰ ਹੁੰਦਿਆਂ ਹੀ ਉਸ ਨੂੰ ਮੰਗਵਾਵੋ ਤੇ ਇਹ ਕਹੋ ਕਿ ਇਹ ਬਕਰਾ ਬਾਦਸ਼ਾਹ ਦੇ ਸ਼ਹਿਜ਼ਾਦੇ ਦਾ ਸੀ, ਹੁਣ ਬਕਰਾ ਮੰਗਦਾ ਹੈ, ਗ਼ਲਤੀ ਨਾਲ ਤੁਹਾਨੂੰ ਘੱਲ ਬੈਠੇ ਸੀ॥੧੧॥

ਇਮ ਛਲ ਤੇ ਬਾਂਛਤਿ ਕੇ ਪਾਵਉ। ਨਹਿਂ ਜੀਵੈ ਤਬਿ ਸ਼ਰ੍ਹਾ ਮਨਾਵਉ।
ਕਰਾਮਾਤ ਅਤਿ ਹੋਇ ਬਡੇਰੀ। ਤਬਿ ਬਚਿ ਹੈ ਨਤੁ ਪਰੈ ਕੁਫੇਰੀ'॥ ੧੨॥

ਇਸ ਤਰ੍ਹਾਂ ਛਲ ਕਰਕੇ ਮਨ ਇੱਛਤ ਕਾਰਜ ਪਾਵੋ, ਜੇ ਨਾ ਜੀਵੇ ਤਦ ਸ਼ਰ੍ਹਾ ਮਨਵਾਓ। ਕਰਾਮਾਤ ਬਹੁਤ ਵੱਡੀ ਹੋਵੇਗੀ, ਤਦ ਬਚ ਸਕਦਾ ਹੈ ਨਹੀਂ ਤਾਂ ਉਲਟ ਫੇਰ ਪੈ ਸਕਦਾ ਹੈ'॥੧੨॥

ਇਮ ਸਲਾਹ ਜਬਿ ਦੀਨਿ ਸਲਾਹੀ। ਨੀਕੀ ਮਾਨਿ ਸ਼ਾਹ ਮਨ ਮਾਂਹੀ।
ਚਿਤਵੈ ਚਿਤ ਅਜ ਕਜੋਂਹੁਂ ਨ ਜੀਵੈ। ਤਬਿ ਹਮਰੇ ਮਤ ਮੈਂ ਸੋ ਥੀਵੈ॥ ੧੩॥

ਜਦ ਸਲਾਹਕਾਰਾਂ ਨੇ ਇਸ ਤਰ੍ਹਾਂ ਸਲਾਹ ਦਿੱਤੀ, ਬਾਦਸ਼ਾਹ ਨੇ ਇਸ ਸਲਾਹ ਨੂੰ ਮਨ ਵਿਚ ਚੰਗਾ ਮੰਨਿਆ ਤੇ ਆਪਣੇ ਚਿਤ ਵਿਚ ਸੋਚਣ ਲੱਗਾ, "ਬਕਰਾ ਕਿਸੇ ਤਰ੍ਹਾਂ ਵੀ ਜੀਉਂਦਾ ਨਹੀਂ ਹੋ ਸਕਦਾ, ਤਦ ਉਹ ਸਾਡੇ ਮਜ਼੍ਹਬ ਵਿਚ ਆ ਜਾਵੇਗਾ॥੧੩॥

ਸਭਿ ਵਸਤੂ ਪਹੁਚਾਵਨਿ ਕੀਨਸਿ। ਖਾਨ ਪਾਨ ਸਭਿ ਬਿਧਿ ਕੇ ਦੀਨਸਿ।
ਸ਼ਾਹੁ ਆਪਨੋ ਅਜ ਮੰਗਵਾਯੋ। ਮਹਾਂ ਪੁਸ਼ਟ ਬਹੁ ਸੁਸ਼ਟ ਸੁਹਾਯੋ॥ ੧੪॥

ਸਾਰੀਆਂ ਵਸਤਾਂ ਪਹੁੰਚਾ ਦਿੱਤੀਆਂ, ਖਾਣ ਪੀਣ ਵਾਸਤੇ ਸਭ ਵਿਧੀਆਂ ਨਾਲ ਦਿੱਤਾ। ਬਾਦਸ਼ਾਹ ਨੇ ਆਪਣਾ ਬਕਰਾ ਮੰਗਵਾਇਆ ਜਿਹੜਾ ਬੜਾ ਪਲਿਆ ਹੋਇਆ ਤੇ ਸ੍ਰੇਸ਼ਟ ਸੋਭ ਰਿਹਾ ਸੀ॥੧੪॥

ਹਿਤ ਖਾਵਨਿ ਕੇ ਸੋ ਤਹਿਂ ਭੇਜਾ। ਕਹਜੋ 'ਸਕਲ ਵਸਤੂ ਸੰਗ ਲੇਜਾ'।
ਜਹਿਂ ਸ੍ਰੀ ਰਾਮਰਾਇ ਕਿਯ ਡੇਰਾ। ਤਹਿਂ ਪਹੁੰਚੋ ਲੇ ਕਰਿ ਸਭਿ ਹੇਰਾ॥ ੧੫॥

ਬਾਦਸ਼ਾਹ ਨੇ ਉਹ ਬਕਰਾ ਉਨ੍ਹਾਂ ਦੇ ਖਾਣ ਵਾਸਤੇ ਭੇਜਿਆ ਤੇ ਕਿਹਾ, "ਸਾਰੀਆਂ ਵਸਤਾਂ ਨਾਲ ਲੈ ਜਾਵੋ, ਜਿਥੇ ਸ੍ਰੀ ਰਾਮਰਾਇ ਦਾ ਡੇਰਾ ਹੈ, ਉਥੇ ਸਭ ਵਸਤਾਂ ਅਤੇ ਬਕਰਾ ਲੈ ਜਾ ਕੇ ਪਹੁੰਚਾ ਦੇਵੋ॥੧੫॥

ਸ਼ਾਹੁ ਦਿਸ਼ਾ ਤੇ ਕਹਿ ਕਰਿ ਦੀਨਸਿ। 'ਜ਼ਾਫਤ ਪਠੀ ਮਾਨ ਤੁਮ ਕੀਨਸਿ।
ਸਰਬ ਸੋਜ ਇਹੁ ਲੇਹੁ ਸੰਭਾਰੀ। ਲੀਜੈ ਅਜ ਕਰਿ ਲੇਹੁ ਅਹਾਰੀ'॥ ੧੬॥

ਬਾਦਸ਼ਾਹ ਵਾਲੇ ਪਾਸੇ ਤੋਂ ਕਹਿ ਦੇਵੋ, "ਉਨ੍ਹਾਂ ਨੇ ਜ਼ਿਆਫਤ ਭੇਜੀ ਹੈ ਤੇ ਤੁਹਾਡਾ ਮਾਣ ਕੀਤਾ ਹੈ। ਇਹ ਸਾਰੀ ਸਮੱਗਰੀ ਸੰਭਾਲ ਲਵੋ, ਇਹ ਬਕਰਾ ਲਵੋ ਤੇ ਆਪਣਾ ਭੋਜਨ ਤਿਆਰ ਕਰ ਲਵੋ'॥੧੬॥

ਸ਼ਾਹੁ ਪਠਜੋ ਸਭਿ ਦੇ ਕਰਿ ਗਏ। ਮਤਿ ਸ੍ਰੀ ਰਾਮਰਾਇ ਲਖਿ ਲਏ।
ਅਪਨਿ ਨਰਨਿ ਸੋਂ ਕਹਿਬੋ ਕੀਨਿ। 'ਹਿਤ ਅਹਾਰ ਕੇ ਬਡ ਅਜ ਦੀਨਿ॥੧੭॥

ਬਾਦਸ਼ਾਹ ਦਾ ਭੇਜਿਆ ਹੋਇਆ ਸਾਰਾ ਸਾਮਾਨ ਦੇ ਗਏ ਤਾਂਕਿ ਉਨ੍ਹਾਂ ਦੇ ਮਤੇ ਬਾਰੇ ਸ੍ਰੀ ਰਾਮਰਾਇ ਨਾ ਸਮਝ ਲਵੇ। ਰਾਮਰਾਇ ਨੇ ਆਪਣੇ ਮਨੁੱਖਾਂ ਨੂੰ ਕਹਿ ਦਿੱਤਾ, "ਭੋਜਨ ਵਾਸਤੇ ਵੱਡਾ ਬਕਰਾ ਦਿੱਤਾ ਹੈ॥੧੭॥

ਇਸ ਕੋ ਆਮਿਖ ਕਰਹੁ ਰਸੋਈ। ਖਾਲ ਅਸਥਿ ਨਹਿਂ ਦੀਜਹਿ ਖੋਈ।
ਜਬਿ ਮਾਰਹੁ ਇਕ ਟੰਗਰੀ ਲੇਹੁ। ਬਡ ਕਾਜ਼ੀ ਕੇ ਘਰ ਪਠਿ ਦੇਹੁ ॥੧੮॥

ਇਸਦਾ ਮਾਸ ਰਸੋਈ ਵਿਚ ਪਕਾਓ, ਖੱਲ ਅਤੇ ਹੱਡੀਆਂ ਨਾ ਗਵਾਓ। ਜਦ ਮਾਰੋ ਇਕ ਟੰਗ ਲੈ ਕੇ ਵੱਡੇ ਕਾਜ਼ੀ ਦੇ ਘਰ ਭੇਜ ਦੇਵੋ"॥੧੮॥

ਸੁਨਿ ਸੇਵਕ ਤਸ ਕੀਨਸਿ ਕਾਰ। ਕੁੱਠਯੋ ਅਜ ਕੋ ਹੇਤੁ ਅਹਾਰ।
ਲੇ ਕਾਜ਼ੀ ਕੇ ਘਰ ਮਹਿਂ ਗਏ। 'ਰਾਮਰਾਇ ਕੇ ਆਵਤਿ ਭਏ॥ ੧੯॥

ਇਹ ਸੁਣ ਕੇ ਸੇਵਕਾਂ ਨੇ ਉਸ ਤਰ੍ਹਾਂ ਹੀ ਕੀਤਾ, ਬਕਰੇ ਨੂੰ ਭੋਜਨ ਵਾਸਤੇ ਮਾਰ ਦਿੱਤਾ। ਬਕਰੇ ਦੀ ਇਕ ਲੱਤ ਨੂੰ ਲੈ ਕੇ ਕਾਜ਼ੀ ਦੇ ਘਰ ਗਏ ਤੇ ਕਿਹਾ, "ਅਸੀਂ ਸ੍ਰੀ ਰਾਮਰਾਇ ਪਾਸੋਂ ਆਏ ਹਾਂ॥੧੯॥

ਤਿਨ ਢਿਗ ਜ਼ਾਫਤ ਭੇਜੀ ਸ਼ਾਹੂ। ਇਹੁ ਆਮਿਖ ਪਠਯੋ ਤੁਮ ਪਾਹੂ।
ਅਪਰ ਕੁਸ਼ਲ ਕੋ ਬੂਝਨਿ ਕਹਯੋ। ਰਾਵਰਿ ਸਾਥ ਮਿਲਨਿ ਕਹੁ ਚਹਯੋ ॥੨੦॥

ਬਾਦਸ਼ਾਹ ਨੇ ਉਨ੍ਹਾਂ ਪਾਸ ਜ਼ਿਆਫਤ ਭੇਜੀ ਹੈ, ਇਹ ਮਾਸ ਤੁਹਾਡੇ ਪਾਸ ਭੇਜਿਆ ਹੈ। ਹੋਰ ਸੁਖਸਾਂਦ ਪੁੱਛੀ ਹੈ ਤੇ ਆਪ ਜੀ ਨਾਲ ਮਿਲਣ ਦੀ ਚਾਹ ਪ੍ਰਗਟ ਕੀਤੀ ਹੈ" ॥੨੦॥

ਸੁਨਿ ਕਾਜ਼ੀ ਜਿਸ ਮਨ ਅਹੰਕਾਰੇ। ਲੇ ਕਰਿ ਆਮਿਖ ਰਿਦੇ ਬਿਚਾਰੇ।
'ਕਰਨਿ ਕੁਸ਼ਾਮਦ ਪਾਸ ਹਮਾਰੇ। ਪਠਯੋ ਮਾਸ ਹਿਤ ਕਰਨਿ ਅਹਾਰੇ॥ ੨੧॥

ਇਹ ਸੁਣ ਕੇ ਕਾਜ਼ੀ ਜਿਸ ਦੇ ਮਨ ਵਿਚ ਅਹੰਕਾਰ ਸੀ, ਮਾਸ ਨੂੰ ਲੈ ਕੇ ਹਿਰਦੇ ਵਿਚ ਵਿਚਾਰਿਆ, "ਸਾਡੀ ਖ਼ੁਸ਼ਾਮਦ ਕਰਨ ਵਾਸਤੇ ਭੋਜਨ ਵਾਸਤੇ ਸਾਨੂੰ ਮਾਸ ਭੇਜਿਆ ਹੈ॥੨੧॥

ਸ਼ਾਹੁ ਨਿਕਟਿ ਨੀਕੀ ਕਹਿ ਬਾਤ। ਜਾਨਤਿ ਹੈ ਇਹ ਨਿਤ ਢਿਗ ਜਾਤਿ।
ਇਮ ਚਿਤਵਤਿ ਆਮਿਖ ਪਕਵਾਯੋ। ਅਪਨੇ ਖਾਨੇ ਸੋਂ ਕਰਿ ਖਾਯੋ॥ ੨੨॥

ਉਹ ਜਾਣਦਾ ਹੈ ਕਿ ਬਾਦਸ਼ਾਹ ਪਾਸ ਮੈਂ ਉਨ੍ਹਾਂ ਬਾਰੇ ਚੰਗੀ ਗੱਲ ਕਰਾਂਗਾ, ਕਿਉਂਕਿ ਮੈਂ ਸਦਾ ਬਾਦਸ਼ਾਹ ਦੇ ਪਾਸ ਜਾਂਦਾ ਹਾਂ।" ਇਸ ਤਰ੍ਹਾਂ ਵਿਚਾਰ ਕੇ ਮਾਸ ਪਕਵਾਇਆ ਤੇ ਆਪਣੇ ਖਾਣੇ ਵਿਚ ਸ਼ਾਮਲ ਕਰਕੇ ਖਾਧਾ॥੨੨॥

ਇਤਿ ਸ੍ਰੀ ਰਾਮਰਾਇ ਤਿਮ ਕਰਯੋ। ਅਸਥਿ ਖਾਲ ਇਕ ਥਲ ਕਰਿ ਧਰਯੋ।
ਅਪਰ ਮਾਸ ਖਾਯੋ ਬਰਤਾਇ। ਖਾਨ ਪਾਨ ਕਰਿ ਸਹਜਿ ਸੁਭਾਇ॥ ੨੩॥

ਏਧਰ ਸ੍ਰੀ ਰਾਮਰਾਇ ਨੇ ਵੀ ਉਸ ਤਰ੍ਹਾਂ ਕੀਤਾ, ਹੱਡੀਆਂ ਤੇ ਖੱਲ ਇਕ ਥਾਂ ਰੱਖ ਦਿੱਤੀ ਤੇ ਹੋਰ ਮਾਸ ਖਾ ਕੇ ਵਰਤਾਇਆ ਤੇ ਖਾਣ ਪੀਣ ਸਹਿਜ ਸੁਭਾਅ ਕੀਤਾ॥੨੩॥

ਜਾਮਨਿ ਬਿਖੈ ਪੌਢ ਕਰਿ ਸੋਏ। ਭਈ ਪ੍ਰਾਤਿ ਪੁਨ ਜਾਗ੍ਰਨਿ ਹੋਏ।
ਕਰਿ ਸ਼ਨਾਨ ਪਢਿ ਕਰਿ ਗੁਰਬਾਨੀ। ਬੈਠਿ ਰਹੇ ਸੁਖ ਸੋਂ ਤਿਸ ਥਾਨੀ॥ ੨੪॥

ਰਾਤ ਸਮੇਂ ਲੰਮੇ ਪੈ ਕੇ ਸੌਂ ਗਏ। ਜਦ ਸਵੇਰ ਹੋਈ ਤੇ ਜਾਗ ਪਏ। ਇਸ਼ਨਾਨ ਕਰਕੇ ਗੁਰਬਾਣੀ ਦਾ ਪਾਠ ਕੀਤਾ ਤੇ ਉਸ ਥਾਂ ਸੁੱਖ ਨਾਲ ਬੈਠੇ ਰਹੇ॥੨੪॥

ਉਤ ਨੌਰੰਗੇ ਸਭਾ ਲਗਾਈ। ਕਾਜ਼ੀ ਮੁੱਲਾਂ ਗੇ ਸਮੁਦਾਈ।
ਕਰਜੋ ਜ਼ਿਕਰ 'ਅਜ ਤਹਾਂ ਪਠਾਯੋ। ਜੀਵਤਿ ਹੈ ਕਿ ਕਾਟ ਕਰਿ ਖਾਯੋ?' ॥੨੫॥

ਓਧਰ ਨੌਰੰਗੇ ਨੇ ਸਭਾ ਲਾਈ, ਸਾਰੇ ਮੁੱਲਾਂ ਉਥੇ ਇਕੱਠੇ ਹੋਏ। ਇਹ ਜ਼ਿਕਰ ਕੀਤਾ, "ਸ੍ਰੀ ਰਾਮਰਾਇ ਪਾਸ ਜਿਹੜਾ ਬਕਰਾ ਭੇਜਿਆ ਸੀ, ਉਹ ਜੀਉਂਦਾ ਹੈ ਕਿ ਵੱਢ ਕੇ ਖਾ ਲਿਆ ਹੈ ?" ॥੨੫॥

ਭੇਜਜੋ ਨਰ ਸੁਧ ਲੈਬੇ ਕਾਰਨ। ਜਾਇ ਸੁ ਕੀਨਸਿ ਨੀਕ ਨਿਹਾਰਨਿ।
ਜਾਨਜੋ ਸੁਨਜੋ 'ਰੈਨ ਮੈਂ ਖਾਯੋ'। ਆਇ ਤੁਰਤ ਨੌਰੰਗ ਸੁਨਾਯੋ॥ ੨੬॥

ਇਕ ਮਨੁੱਖ ਨੂੰ ਖ਼ਬਰ ਲੈਣ ਵਾਸਤੇ ਭੇਜਿਆ, ਉਸ ਨੇ ਉਥੇ ਜਾ ਕੇ ਚੰਗੀ ਤਰ੍ਹਾਂ ਵੇਖਿਆ, ਉਨ੍ਹਾਂ ਜਾਣਿਆ ਅਤੇ ਸੁਣਿਆ, "ਰਾਤ ਨੂੰ ਖਾ ਲਿਆ ਹੈ," ਤੇ ਆ ਕੇ ਤੁਰਤ ਨੌਰੰਗੇ ਨੂੰ ਸੁਣਾ ਦਿੱਤਾ॥੨੬॥

ਸ਼ਾਹੁ ਕਹਜੋ 'ਬਾਂਛਤਿ ਚਿਤ ਹੋਈ। ਅਬਿ ਜਾਰਹੁ ਅਜ ਪਠਿ ਨਰ ਕੋਈ।
ਸ਼ਹਿਜ਼ਾਦੇ ਕੋ ਖੇਲਨ ਵਾਰੇ। ਭੇਰੇ ਪਠਜੋ ਸਮੀਪ ਤੁਮਾਰੇ॥ ੨੭॥

ਬਾਦਸ਼ਾਹ ਨੇ ਕਿਹਾ, "ਸਾਡੇ ਮਨ ਦੀ ਇੱਛਾ ਅਨੁਸਾਰ ਹੋਇਆ ਹੈ, ਹੁਣ ਕੋਈ ਮਨੁੱਖ ਭੇਜ ਕੇ ਬਕਰਾ ਮੰਗੋ, "ਉਹ ਬਕਰਾ ਤਾਂ ਬਾਦਸ਼ਾਹ ਨੇ ਸ਼ਹਿਜ਼ਾਦੇ ਦੇ ਖੇਡਣ ਵਾਸਤੇ ਰਖਿਆ ਸੀ, ਭੁੱਲ ਕੇ ਤੁਹਾਡੇ ਪਾਸ ਭੇਜ ਦਿੱਤਾ ਹੈ॥੨੭॥

ਅਬਿ ਖੇਲਨਿ ਕੇ ਹਿਤ ਸੋ ਚਾਹੈ। ਜਿਦ ਕਰਿ ਰੁਦਤਿ ਅਮੁਦਤਿ ਮਹਾਂ ਹੈ'।
ਇਮ ਸਮੁਝਾਇ ਪਠਜੋ ਨਿਜ ਨਰ ਕੋ। 'ਕਹਿਤੇ ਕੁਛਕ ਜਨਾਵਹੁ ਡਰ ਕੋ' ॥੨੮॥

ਸ਼ਹਿਜ਼ਾਦਾ ਹੁਣ ਖੇਡਣ ਵਾਸਤੇ ਬਕਰਾ ਮੰਗਦਾ ਹੈ, ਜ਼ਿੱਦ ਕਰਕੇ ਰੋਂਦਾ ਹੈ ਤੇ ਬਹੁਤ ਉਦਾਸ ਹੈ।" ਇਸ ਤਰ੍ਹਾਂ ਸਮਝਾ ਕੇ ਆਪਣੇ ਬੰਦੇ ਨੂੰ ਭੇਜਿਆ, "ਗੱਲ ਕਹਿੰਦਿਆਂ ਕੁਝ ਡਰ ਵੀ ਜਤਾਵੇ" ॥੨੮॥

ਬਾਕ ਚਾਲ ਸੁਨਿ ਤੂਰਨ ਆਯੋ। ਢਿਗ ਥਿਤ ਹ੍ਵੈ ਕਰਿ ਕੂਰ ਸੁਨਾਯੋ।
'ਸ਼ਹਿਜ਼ਾਦੇ ਕੋ ਅਜ ਸੋ ਦਈਏ। ਤਿਸਕੋ ਪਲਟੋ ਔਰੇ ਲਈਏ॥ ੨੯॥

ਬਾਦਸ਼ਾਹ ਦੇ ਬਚਨ ਸੁਣ ਕੇ ਉਹ ਤੁਰਤ ਚਲ ਕੇ ਆ ਗਿਆ, ਪਾਸ ਬੈਠ ਕੇ ਵਿਕਰਾਲ ਝੂਠ ਨੂੰ ਸੁਣਾਇਆ, "ਸ਼ਹਿਜ਼ਾਦੇ ਦਾ ਉਹ ਬਕਰਾ ਦੇਵੋ, ਉਸਦੇ ਬਦਲੇ ਹੋਰ ਲੈ ਲਵੋ॥੨੯॥

ਰਾਤਿ ਭੁਲਾਵੇ ਮੈਂ ਦੇ ਗਯੋ। ਅਬਿ ਤਿਸ ਕੀ ਸੁਧਿ ਪਾਵਤ ਭਯੋ।
ਸ਼ਹਿਜ਼ਾਦੇ ਬਡ ਧੂਮ ਉਠਾਈ। ਪਚ ਹਾਰੇ ਪਰਚਜੋ ਨ ਰਹਾਈ॥ ੩੦॥

ਰਾਤ ਭੁਲੇਖੇ ਵਿਚ ਦੇ ਗਏ ਸੀ, ਹੁਣ ਉਸ ਬਾਰੇ ਪਤਾ ਲੱਗਾ ਹੈ। ਸ਼ਹਿਜ਼ਾਦੇ ਨੇ ਬਹੁਤ ਸ਼ੋਰ ਮਚਾਇਆ ਹੈ, ਬਹੁਤ ਪਰਚਾਇਆ ਹੈ ਪਰ ਉਹ ਪਰਚਿਆ ਨਹੀਂ ਰਹਿੰਦਾ॥੩੦॥

ਸੁਨਤਿ ਸ਼ਾਹੁ ਕੋ ਰਿਸ ਹੁਇ ਆਈ। ਝਿਰਕੇ ਲੋਕ ਤ੍ਰਾਸ ਉਪਜਾਈ।
ਤੁਮ ਲਗਿ ਖਫਗੀ ਜਾਨੀ ਜਾਇ। ਦੀਜੈ ਅਜ ਸਗਰੀ ਮਿਟਿ ਜਾਇ॥ ੩੧॥

ਬਾਦਸ਼ਾਹ ਇਹ ਸੁਣ ਕੇ ਬਹੁਤ ਗੁੱਸੇ ਵਿਚ ਆਇਆ ਹੈ, ਲੋਕਾਂ ਨੂੰ ਝਿੜਕ ਕੇ ਬਹੁਤ ਡਰਾਉਂਦੇ ਹਨ, ਤੁਹਾਡੇ ਤਕ ਨਾਰਾਜ਼ਗੀ ਜਾਣੀ ਜਾਂਦੀ ਹੈ। ਬਕਰਾ ਦੇ ਦੇਵੋ, ਸਾਰੀ ਨਾਰਾਜ਼ਗੀ ਖ਼ਤਮ ਹੋ ਜਾਵੇਗੀ॥੩੧॥

ਸੁਨਿ ਸ੍ਰੀ ਰਾਮਰਾਇ ਬਚ ਕਹਜੋ। 'ਸੋ ਅਜ ਕੁਠਜੋ ਜਿਯਤਿ ਨਹਿਂ ਰਹਜੋ।
ਤਿਸ ਕੇ ਪਲਟੇ ਦੇਂ ਹਮ ਔਰ। ਨਹਿਂ ਅਬਿ ਪੱਯਤਿ ਸੋ ਕਿਤ ਠੌਰ॥ ੩੨॥

ਇਹ ਸੁਣ ਕੇ ਸ੍ਰੀ ਰਾਮਰਾਇ ਨੇ ਕਿਹਾ, "ਉਸ ਬਕਰੇ ਨੂੰ ਮਾਰ ਦਿੱਤਾ ਹੈ, ਜੀਉਂਦਾ ਨਹੀਂ ਰਿਹਾ, ਉਸ ਦੇ ਬਦਲੇ ਵਿਚ ਅਸੀਂ ਹੋਰ ਬਕਰਾ ਦੇ ਦਿੰਦੇ ਹਾਂ, ਉਹ ਹੁਣ ਕਿਸੇ ਢੰਗ ਵੀ ਪ੍ਰਾਪਤ ਨਹੀਂ ਹੋਣਾ ਹੈ॥੩੨॥

ਅਪਰ ਖੇਲ ਸ਼ਹਿਜ਼ਾਦੇ ਲਾਵਹੁ। ਤਿਸ ਤੇ ਸੁੰਦਰ ਅਜ ਦਿਖਰਾਵਹੁ।
ਪਰਚ ਜਾਇਗੋ ਜਜੋਂ ਕਜੋਂ ਕਰੇ। ਸੋ ਕਿਮ ਹਾਥ ਆਇ ਜੋ ਮਰੇ॥ ੩੩॥

ਸ਼ਹਿਜ਼ਾਦੇ ਨੂੰ ਕਿਸੇ ਹੋਰ ਖੇਡੇ ਲਾਵੇ, ਉਸ ਤੋਂ ਵੀ ਸੁੰਦਰ ਬਕਰਾ ਵਿਖਾਵੇ, ਜਿਵੇਂ ਕਿਵੇਂ ਕਰਕੇ ਪਰਚ ਜਾਵੇਗਾ, ਜਿਹੜਾ ਮਰ ਗਿਆ ਹੈ, ਉਹ ਕਿਵੇਂ ਹੱਥ ਆਵੇਗਾ"॥੩੩॥

ਸ਼ਾਹੁ ਪਾਸ ਪੁਨ ਜਾਇ ਸੁਨਾਈ। 'ਸੋ ਤੌ ਮਰਜੋ ਲੀਨਿ ਨਿਸ ਖਾਈ।
ਕੈਸੇ ਹਾਥ ਆਇ ਮ੍ਰਿਤੁ ਹੋਯੋ। ਨਹਿਂ ਉਪਾਇ ਦੈਬੇ ਕਉ ਜੋਯੋ'॥ ੩੪॥

ਉਸ ਵਿਅਕਤੀ ਨੇ ਸਾਰੀ ਗੱਲ ਫਿਰ ਬਾਦਸ਼ਾਹ ਨੂੰ ਜਾ ਸੁਣਾਈ, "ਉਹ ਬਕਰਾ ਤਾਂ ਮਰ ਗਿਆ ਹੈ ਤੇ ਰਾਤ ਨੂੰ ਖਾ ਲਿਆ ਹੈ, ਉਹ ਮਰਿਆ ਹੋਇਆ ਕਿਵੇਂ ਹੱਥ ਆਵੇਗਾ, ਉਸ ਨੂੰ ਦੇਣ ਦਾ ਹੁਣ ਕੋਈ ਵੀ ਉਪਾਅ ਨਹੀਂ ਹੈ"॥੩੪॥

ਪੁਨਹਿ ਸ਼ਾਹੁ ਨੇ ਪਠਜੋ ਰਿਸਾਈ। 'ਜਜੋਂ ਕਜੋਂ ਦਿਹੁ ਆਜ ਪਠਾਈ।
ਨਾਂਹਿ ਤ ਸ਼ਹਿਜ਼ਾਦੇ ਕੋ ਖਜਾਲ। ਰਹੇ ਟਲਾਇ ਨ ਟਲੈ ਬਿਸਾਲ'॥ ੩੫॥

ਫਿਰ ਬਾਦਸ਼ਾਹ ਨੇ ਬੜੇ ਗੁੱਸੇ ਵਿਚ ਆ ਕੇ ਭੇਜਿਆ, "ਜਿਵੇਂ ਜਿਵੇਂ ਬਕਰਾ ਅੱਜ ਹੀ ਭੇਜ ਦੇਵੇ, ਸ਼ਹਿਜ਼ਾਦੇ ਦੇ ਖ਼ਿਆਲ ਵਿਚੋਂ ਉਹ ਨਹੀਂ ਨਿਕਲਦਾ, ਬਹੁਤ ਟਾਲ ਰਹੇ ਹਾਂ, ਉਹ ਟਲਦਾ ਹੀ ਨਹੀਂ ਹੈ"॥੩੫॥

ਸ੍ਰੀ ਹਰਿਰਾਇ ਪੁੱਤ੍ਰ ਢਿਗ ਫੇਰ। ਗਏ ਤੁਰਕ ਤਾਗੀਦ ਬਡੇਰ।
ਕਹਜੋ ਸ਼ਾਹੁ ਕੋ ਸਕਲ ਸੁਨਾਯੋ। 'ਜਜੋਂ ਕਜੋਂ ਅਜ ਦਿਹੁ ਪੁਨ ਫੁਰਮਾਯੋ'॥੩੬॥

ਸ੍ਰੀ ਗੁਰੂ ਹਰਿਰਾਇ ਜੀ ਦੇ ਪੁੱਤਰ ਪਾਸ ਉਹ ਮਨੁੱਖ ਫਿਰ ਗਏ ਅਤੇ ਤੁਰਕਾਂ ਨੇ ਵੱਡੀ ਤਾਕੀਦ ਕੀਤੀ। ਬਾਦਸ਼ਾਹ ਦਾ ਕਿਹਾ ਸਾਰਾ ਸੁਣਾਇਆ, "ਉਨ੍ਹਾਂ ਫਿਰ ਫੁਰਮਾਇਆ ਹੈ ਜਿਵੇਂ ਕਿਵੇਂ ਬਕਰਾ ਦੇਵੋ"॥੩੬॥

ਰਾਮਰਾਇ ਮਨ ਮੈਂ ਸਭਿ ਜਾਨੀ। 'ਜਿਸ ਹਿਤ ਮੈਂ ਆਯੋ ਇਸ ਥਾਨੀ।
ਬਿਨਾ ਮਿਲੇ ਚਾਹੈ ਤੁਰਕੇਸ਼। ਅਚਰਜ ਕਰਿ ਦਿਖਰਾਉਂ ਵਿਸ਼ੇਸ਼॥ ੩੭॥

ਸ੍ਰੀ ਰਾਮਰਾਇ ਨੇ ਸਾਰੀ ਗੱਲ ਮਨ ਵਿਚ ਜਾਣ ਲਈ, "ਜਿਸ ਵਾਸਤੇ ਮੈਂ ਏਥੇ ਆਇਆ ਹਾਂ, ਮਿਲਣ ਤੋਂ ਬਗੈਰ ਹੀ ਬਾਦਸ਼ਾਹ ਉਹ ਵੇਖਣਾਂ ਚਾਹੁੰਦਾ ਹੈ, ਮੈਂ ਵਿਸ਼ੇਸ਼ ਅਸਚਰਜ ਕਰਕੇ ਵਿਖਾਉਂਦਾ ਹਾਂ"॥੩੭॥

ਅਸਥੀ ਖਾਲ ਵਿਖੈ ਸਭਿ ਪਾਏ। ਵਾਹਿਗੁਰੂ ਕਹਿ ਜਲ ਛਿਰਕਾਏ।
ਉਠਜੋ ਜੀਵ ਅਜ ਸੋ ਤਤਕਾਲਾ। ਇਤ ਉਤ ਬਿਚਰਤਿ ਬੁਲਤਿ ਬਿਹਾਲਾ॥੩੮॥

ਉਸ ਨੇ ਸਾਰੀਆਂ ਹੱਡੀਆਂ ਖਲ ਵਿਚ ਪਾ ਦਿੱਤੀਆਂ ਤੇ ਵਾਹਿਗੁਰੂ ਕਹਿ ਕੇ ਉਤੇ ਜਲ ਛਿੜਕ ਦਿੱਤਾ। ਉਹ ਬਕਰਾ ਝਟ ਜ਼ਿੰਦਾ ਹੋ ਕੇ ਉਠ ਪਿਆ, ਏਧਰ ਓਧਰ ਫਿਰਦਾ ਦੁਖੀ ਹੋ ਕੇ ਬੋਲਦਾ ਸੀ॥੩੮॥

ਤੀਨ ਚਰਨ ਜਿਸ ਕੇ ਤਹਿਂ ਫਿਰਿ ਹੀ। ਭੇ ਬਿਸਮੇ ਸਭਿ ਲੋਕ ਨਿਹਰਿਹੀ।
ਸ਼ਾਹੁ ਨਰਨਿ ਕੇ ਸਾਥ ਸੁਨਾਯੋ। 'ਏਕ ਚਰਨ ਕਾਜ਼ੀ ਇਸ ਖਾਯੋ॥ ੩੯॥

ਜਿਸ ਦੇ ਤਿੰਨ ਪੈਰ ਸਨ, ਉਹ ਫਿਰ ਰਿਹਾ ਸੀ, ਸਾਰੇ ਲੋਕ ਵੇਖ ਕੇ ਹੈਰਾਨ ਰਹਿ ਗਏ। ਬਾਦਸ਼ਾਹ ਦੇ ਆਦਮੀਆਂ ਨੂੰ ਸੁਣਾਇਆ, "ਇਕ ਪੈਰ ਇਸਦਾ ਕਾਜ਼ੀ ਖਾ ਗਿਆ ਹੈ॥੩੯॥

ਕਹੋ ਸ਼ਾਹੁ ਸੋਂ ਲੇ ਕਰਿ ਜਾਹੁ। ਹਮ ਨੇ ਭੇਜ ਦੀਨਿ ਤੁਮ ਪਾਹੁ।
ਚੌਥੋ ਚਰਨ ਜਿ ਚਹਹੁ ਬਨਾਵਹੁ। ਢਿਗ ਕਾਜ਼ੀ ਤਿਸ ਤੇ ਬਨਿਵਾਵਹੁ॥ ੪੦॥

ਬਾਦਸ਼ਾਹ ਨੂੰ ਕਹੋ ਤੇ ਲੈ ਕੇ ਜਾਵੇ, ਅਸੀਂ ਤੁਹਾਡੇ ਪਾਸ ਭੇਜ ਦਿੱਤਾ ਹੈ, ਚੋਥਾ ਪੈਰ ਚਾਹੁੰਦੇ ਹੋ ਤਾਂ ਬਣਾਵੇ, ਉਹ ਕਾਜ਼ੀ ਦੇ ਪਾਸ ਹੈ, ਉਸ ਤੋਂ ਬਣਵਾਵੇ॥੪੦॥

ਜਿਤਨਕ ਹਮ ਨੇ ਕਰਜੋ ਅਹਾਰਾ। ਤਿਤੋ ਬਨਾਇ ਦੀਨਿ ਤਸ ਸਾਰਾ।
ਜਿਤੋ ਨਹੀਂ ਅਬਿ ਬਨਜੋ ਨਿਹਰਜੋ। ਸੋ ਸਭਿ ਕਾਜ਼ੀ ਖਾਵਨਿ ਕਰਜੋ॥ ੪੧॥

ਜਿੰਨ੍ਹੇ ਦਾ ਅਸੀਂ ਭੋਜਨ ਕੀਤਾ ਹੈ, ਉਨਾਂ ਅਸੀਂ ਸਾਰਾ ਬਣਾ ਦਿੱਤਾ ਹੈ। ਜਿੰਨਾ ਹੁਣ ਬਣਿਆ ਨਹੀਂ ਵੇਖਦੇ ਹੋ, ਉਹ ਸਾਰਾ ਕਾਜ਼ੀ ਖਾ ਗਿਆ ਹੈ"॥੪੧॥

ਇਮ ਅਚਰਜ ਪਿਖਿ ਕਰਿ ਲੇ ਆਏ। ਜਹਾਂ ਸ਼ਾਹੁ ਅਰੁ ਨਰ ਸਮੁਦਾਏ।
ਹੇਰਿ ਹੇਰਿ ਅਦਭੁਤ ਬਿਸਮਾਏ। ਅਤਿ ਕੌਤਕ, ਗਤਿ ਲਖੀ ਨ ਜਾਏ॥ ੪੨॥

ਇਸ ਤਰ੍ਹਾਂ ਅਸਚਰਜ ਵੇਖ ਕੇ ਬਕਰੇ ਨੂੰ ਲੈ ਆਏ, ਜਿਥੇ ਬਾਦਸ਼ਾਹ ਅਤੇ ਮਨੁੱਖ ਬੈਠੇ ਸਨ। ਅਸਚਰਜ ਵੇਖ ਵੇਖ ਕੇ ਬਹੁਤ ਹੈਰਾਨ ਹੋਏ। ਬਹੁਤ ਵੱਡਾ ਕੌਤਕ ਹੈ, ਗਤੀ ਸਮਝੀ ਨਹੀਂ ਜਾ ਸਕਦੀ॥੪੨॥

'ਤੀਨ ਚਰਨ ਕਿਮ ਰਹੇ? ਬਤਾਯੋ।' 'ਏਕ ਚਰਨ ਇਨ ਕਾਜ਼ੀ ਖਾਯੋ।
ਤਿਨਹਿ ਕਹਜੋ-ਤਿਸਤੇ ਲਗਵਾਵਹੁ। ਨਿਜ ਅਜ ਕੋ ਸਾਬਤ ਬਨਵਾਵਹੁ' ॥੪੩॥

"ਤਿੰਨ ਪੈਰ ਕਿਸ ਤਰ੍ਹਾਂ ਰਹੇ ਹਨ? ਦੱਸੋ।" "ਇਕ ਪੈਰ ਕਾਜ਼ੀ ਨੇ ਖਾਧਾ ਹੈ, ਉਨ੍ਹਾਂ ਕਿਹਾ ਹੈ, "ਚੋਥਾ ਪੈਰ ਉਸ ਤੋਂ ਲਗਵਾਉ ਤੇ ਆਪਣੇ ਬਕਰੇ ਨੂੰ ਸਾਬਤ ਬਣਵਾਓ"॥੪੩॥

ਸੁਨਿ ਨੌਰੰਗ ਕਾਜ਼ੀ ਦਿਸ਼ਿ ਹੇਰਾ। ਮੁਸਕਾਵਤਿ ਕੁਛ ਕਹਿ ਤਿਸ ਬੇਰਾ।
'ਦੇਖਜੋ ਹਿੰਦੁਨਿ ਕੋ ਗੁਰ ਸਾਚਾ। ਕਰਜੋ ਕਾਜ ਤੁਮ ਛਲ ਸੋਂ ਰਾਚਾ॥ ੪੪॥

ਇਹ ਸੁਣ ਕੇ ਨੌਰੰਗੇ ਨੇ ਕਾਜ਼ੀ ਵੱਲ ਵੇਖਿਆ ਤੇ ਮੁਸਕਰਾਉਂਦੇ ਨੇ ਉਸ ਸਮੇਂ ਕੁਝ ਕਿਹਾ, "ਹਿੰਦੂਆਂ ਦਾ ਗੁਰੂ ਸੱਚਾ ਵੇਖਿਆ ਹੈ, ਉਸ ਸਾਰਾ ਕਾਰਜ ਕੀਤਾ ਹੈ ਜਿਹੜਾ ਤੁਸੀਂ ਛਲ ਨਾਲ ਰਚਿਆ ਸੀ॥੪੪॥

ਤਿਸ ਨੇ ਛਲ ਕਰਿ ਤੋਹਿ ਦਬਾਵਾ। ਅਬਹਿ ਬਨਾਵਹੁ ਜਸ ਤੁਮ ਖਾਵਾ।
ਦੇਖੈਂ ਜਿਮ ਬੈਠੇ ਸਮੁਦਾਈ। ਨਾਂਹਿ ਤ ਸਭਿ ਮੈਂ ਲਾਜ ਗਵਾਈ॥ ੪੫॥

ਉਸ ਨੇ ਛਲ ਕਰਕੇ ਤੁਹਾਨੂੰ ਦਬਾਇਆ ਹੈ, ਹੁਣ ਬਕਰਾ ਉਸ ਤਰ੍ਹਾਂ ਦਾ ਬਣਾਵੋ ਜਿਵੇਂ ਤੁਸੀ ਖਾਧਾ ਹੈ। ਵੇਖਣ ਜਿਵੇਂ ਸਾਰੇ ਬੈਠੇ ਹਨ, ਨਹੀਂ ਤਾਂ ਸਾਰਿਆਂ ਵਿਚ ਲਾਜ ਗਵਾਵੇਂਗਾ॥੪੫॥

ਪਸਰਹਿ ਜਹਿਂ ਕਹਿਂ ਇਹੀ ਬ੍ਰਿਤਾਂਤ। ਜਿਸ ਮਹਿਂ ਤੁਮ ਕੂਰੇ ਸਭਿ ਭਾਂਤਿ।
ਪੂਰਬ ਛਲ ਕਰਿ ਅਜ ਦਿਲਵਾਯੋ। ਏਕ ਚਰਨ ਲੇ ਤਿਸਕੋ ਖਾਯੋ॥ ੪੬॥

ਜਿੱਥੇ ਕਿਥੇ ਇਹੀ ਬ੍ਰਿਤਾਂਤ ਪਸਰੇਗਾ, ਜਿਸ ਵਿਚ ਤੁਸੀਂ ਸਭ ਤਰ੍ਹਾਂ ਝੂਠੇ ਹੋ। ਪਹਿਲਾਂ ਧੋਖਾ ਕਰਕੇ ਬਕਰਾ ਦਵਾਇਆ ਤੇ ਉਸ ਦਾ ਇਕ ਪੈਰ ਲੈ ਕੇ ਖਾ ਲਿਆ॥੪੬॥

ਗੁਰੁ ਨੇ ਸੋ ਜ਼ਿੰਦਾ ਕਰਿ ਦਿਯੋ। ਤੁਰਕਨਿ ਤੇ ਪਗ ਏਕ ਨ ਭਯੋ।
ਇੱਤਜਾਦਿਕ ਬਹੁ ਸ਼ਾਹੁ ਬਖਾਨਾ। ਕਾਜ਼ੀ ਲੱਜਿਤ ਮੂਢ ਮਹਾਨਾ॥ ੪੭॥

ਗੁਰੂ ਜੀ ਨੇ ਉਸ ਨੂੰ ਜੀਉਂਦਾ ਕਰ ਦਿੱਤਾ, ਤੁਰਕਾਂ ਪਾਸੋਂ ਇਕ ਪੈਰ ਨਾ ਲੱਗ ਸਕਿਆ।'' ਇੱਤਿਆਦਿਕ ਬਾਦਸ਼ਾਹ ਨੇ ਬਹੁਤ ਕਿਹਾ। ਮਹਾਂ ਮੂਰਖ ਕਾਜ਼ੀ ਬਹੁਤ ਸ਼ਰਮਿੰਦਾ ਹੋਇਆ॥੪੭॥

ਨਿੰਮ੍ਰਿ ਨਾਰ ਕਰਿ ਬਾਕ ਨ ਆਵਾ। ਅਚਰਜ ਸਭਾ ਸ਼ਾਹੁ ਬਿਸਮਾਵਾ।
ਅਜ਼ਮਤ ਮਹਾਂ ਜਾਨਿ ਭੇ ਮੌਨ। ਤਰਕ ਸਕਹਿ ਸਤਿਗੁਰ ਕੋ ਕੌਨ॥ ੪੮॥

ਧੌਣ ਨੀਵੀਂ ਕਰ ਲਈ ਤੇ ਬੋਲ ਨਾ ਸਕਿਆ, ਇਹ ਅਸਚਰਜ ਵੇਖ ਕੇ ਸਾਰੀ ਸਭਾ ਅਤੇ ਬਾਦਸ਼ਾਹ ਬਹੁਤ ਹੈਰਾਨ ਹੋਏ। ਬਹੁਤ ਵੱਡੀ ਅਜ਼ਮਤ ਜਾਣ ਕੇ ਚੁੱਪ ਹੋ ਗਿਆ, ਸਤਿਗੁਰੂ 'ਤੇ ਕੌਣ ਤਰਕ ਕਰ ਸਕਦਾ ਹੈ॥੪੮॥

*ਨੌਵੀਂ ਰਾਸ ਦਾ ਅਠੱਤੀਵਾਂ ਅਧਿਆਇ ਸਮਾਪਤ ਹੋਇਆ॥੩॥*

## ਅਧਿਆਇ ਉਣਤਾਲੀਵਾਂ

*ਜ਼ਹਿਰੀਲੀ ਪੋਸ਼ਾਕ ਪਾਈ, ਖਾਣੇ ਤੋਂ ਫੁੱਲ ਬਣਾਏ*

ਦੋਹਰਾ- ਲੱਜਿਤ ਕਾਜ਼ੀ ਸਭਾ ਮਹਿ ਰਹਜੋ ਬਦਨ ਨਿਹੁਰਾਇ।
ਹਰਖ ਭਯੋ ਨੌਰੰਗ ਮਹਾਂ ਮਿਲਿਬੇ ਚਹਿ ਅਧਿਕਾਇ॥ ੧॥

ਸ਼ਰਮਿੰਦਾ ਹੋਇਆ ਕਾਜ਼ੀ ਸਭਾ ਵਿਚ ਮੂੰਹ ਝੁਕਾਈ ਬੈਠਾ ਰਿਹਾ। ਨੌਰੰਗਾ ਬਹੁਤ ਪ੍ਰਸੰਨ ਹੋਇਆ, ਮਿਲਣ ਵਾਸਤੇ ਬਹੁਤ ਚਾਹਤ ਸੀ॥੧॥

ਚੌਪਈ-ਮਤਿ ਬਿਸਮਤ ਨੇ ਬਾਕ ਬਖਾਨਾ। 'ਅਜ਼ਮਤਿ ਇਨ ਮਹਿ ਮਹਿਦ ਮਹਾਨਾ।
ਪੁਨ ਪਰਖਨਿ ਹਿਤ ਠਾਨਿ ਉਪਾਊ। ਅਜ਼ਮਤਿ ਜਿਯੇ ਨਾਂਹਿ ਤੁ ਮਰਿ ਜਾਊ' ॥੨॥

ਹੈਰਾਨ ਬੁੱਧੀ ਸਹਿਤ ਕਿਹਾ, ''ਇਨ੍ਹਾਂ ਵਿਚ ਬਹੁਤ ਵੱਡੀ ਅਜ਼ਮਤ ਹੈ। ਫਿਰ ਪਰਖਣ ਵਾਸਤੇ ਉਪਾਅ ਕਰੋ, ਜੇ ਇਸ ਵਿਚ ਕਰਾਮਾਤ ਹੋਵੇਗੀ ਤਾਂ ਜੀਵੇਗਾ ਨਹੀਂ ਤਾਂ ਮਰ ਜਾਵੇਗਾ''॥੨॥

ਪੋਸ਼ਿਸ਼ ਸੂਖਮ ਬਸਤ੍ਰ ਬਨਾਏ। ਤਿਨ ਮਹਿ ਜ਼ਹਿਰ ਬਿਸਾਲ ਲਗਾਏ।
ਛੁਵਤਿ ਅੰਗ ਕੋ ਹਾਨਹਿਂ ਪ੍ਰਾਨਾ। ਜਜੋਂ ਬਿਸੀਅਰ ਡਸ ਜਾਇ ਮਹਾਨਾ॥ ੩॥

ਸੂਖਮ ਕਪੜੇ ਦੀ ਪੋਸ਼ਾਕ ਬਣਾਈ ਤੇ ਉਸ ਨੂੰ ਬਹੁਤ ਜ਼ਹਿਰ ਲਾ ਦਿੱਤੀ। ਸਰੀਰ ਨੂੰ ਛੂਹਣ ਨਾਲ ਹੀ ਮਨੁੱਖ ਦੇ ਪ੍ਰਾਣ ਨਿਕਲ ਜਾਂਦੇ ਸਨ, ਜਿਵੇਂ ਕੋਈ ਜ਼ਹਿਰੀਲਾ ਸੱਪ ਡੰਗ ਮਾਰ ਜਾਵੇ॥੩॥

ਸਗਰੇ ਬਸਤ੍ਰਨਿ ਬਿਖੇ ਰਚਾਈ। ਮਨੁਖ ਸਮੀਪੀ ਹਾਥ ਪਠਾਈ।
'ਆਪ ਬੈਠਿ ਪਹਿਰਾਵਉ ਸਾਰੀ। ਕੇਤਿਕ ਚਿਰ ਤਹਿਂ ਲੇਹੁ ਨਿਹਾਰੀ' ॥ ੪॥

ਉਹ ਜ਼ਹਿਰ ਸਾਰੇ ਕਪੜਿਆਂ ਵਿਚ ਰਚਾ ਦਿੱਤੀ। ਇਕ ਮਨੁੱਖ ਨੇੜੇ ਸੀ, ਉਸ ਦੇ ਹੱਥ ਵਿਚ ਫੜਾਈ, ''ਆਪ ਬੈਠ ਕੇ ਇਹ ਸਾਰੀ ਪੁਸ਼ਾਕ ਪਹਿਨਾਓ, ਕਾਫ਼ੀ ਦੇਰ ਤਕ ਉਸ ਨੂੰ ਵੇਖਦੇ ਰਹੋ''॥੪॥

ਲੈ ਗਮਨਜੋ, ਗੁਰ ਸੁਤ ਢਿਗ ਆਇਵ। ਪੋਸ਼ਿਸ਼ ਆਗੇ ਧਰੀ ਬਨਾਇਵ।
'ਬਹੁਤ ਪ੍ਰਸੰਨ ਸ਼ਾਹੁ ਹੁਇ ਰਹਜੋ। ਤੁਮ ਸੌਂ ਬਚਨ ਬੰਦਗੀ ਕਹਜੋ॥ ੫॥

ਉਹ ਆਦਮੀ ਪੋਸ਼ਾਕ ਲੈ ਕੇ ਚਲਾ ਗਿਆ ਤੇ ਗੁਰੂ ਜੀ ਦੇ ਪੁੱਤਰ ਪਾਸ ਪਹੁੰਚ ਗਿਆ ਤੇ ਪੋਸ਼ਾਕ ਸਵਾਰ ਕੇ ਅੱਗੇ ਧਰ ਦਿੱਤੀ ਤੇ ਕਿਹਾ, "ਬਾਦਸ਼ਾਹ ਤੁਹਾਡੇ ਉੱਤੇ ਬਹੁਤ ਪ੍ਰਸੰਨ ਹੋਇਆ ਹੈ। ਉਨ੍ਹਾਂ ਨੇ ਤੁਹਾਨੂੰ 'ਬੰਦਗੀ' ਦਾ ਬਚਨ ਭੇਜਿਆ ਹੈ॥੫॥

ਹੇਤੁ ਪਹਿਰਬੇ ਪੋਸ਼ਿਸ਼ ਨੀਕੀ। ਪਠੀ ਮੋਹਿ ਕਰ ਸ਼ਰਧਾ ਜੀ ਕੀ।
ਮਹਾਂ ਪ੍ਰੇਮ ਕਰਿ ਬਾਕ ਉਚਰੋ। ਆਪ ਬੈਠਿ ਪਹਿਰਾਵਨਿ ਕਰੋ॥ ੬॥

ਪਹਿਨਣ ਵਾਸਤੇ ਇਕ ਚੰਗੀ ਪੁਸ਼ਾਕ ਮੇਰੇ ਹਥੀਂ ਦਿਲ ਦੀ ਸ਼ਰਧਾ ਕਰ ਕੇ ਭੇਜੀ ਹੈ ਤੇ ਮਹਾਨ ਪ੍ਰੇਮ ਕਰਕੇ ਬਚਨ ਕੀਤੇ ਹਨ ਕਿ ਆਪ ਬੈਠ ਕੇ ਪੁਸ਼ਾਕ ਨੂੰ ਪਹਿਨਾਓ॥੬॥

ਅਬਹਿ ਸਫਲ ਹੁਇ ਪਠਵਨਿ ਸ਼ਾਹੂ। ਪਹਿਰਨਿ ਕਰਹੁ ਅਪਨਿ ਤਨ ਮਾਂਹੂ।
ਸਤਿਗੁਰ ਸੁਤ ਨੇ ਲਖੀ ਖੁਟਾਈ। ਤਊ ਚਹਤਿ ਅਜ਼ਮਤ ਦਿਖਰਾਈ॥ ੭॥

ਹੁਣੇ ਸਫਲ ਹੋਣ 'ਤੇ ਬਾਦਸ਼ਾਹ ਨੇ ਭੇਜੀ ਹੈ। ਇਸ ਨੂੰ ਆਪਣੇ ਸਰੀਰ 'ਤੇ ਧਾਰਨ ਕਰੋ।" ਸਤਿਗੁਰੂ ਦਾ ਪੁੱਤਰ ਖੋਟ ਨੂੰ ਸਮਝ ਗਿਆ, ਫਿਰ ਵੀ ਕਰਾਮਾਤ ਵੇਖਣਾ ਚਾਹੁੰਦਾ ਹੈ॥੭॥

ਲੇ ਕਰਿ ਸਗਰੀ ਪਹਿਰਿ ਸ਼ਰੀਰ। ਬੈਠਿ ਰਹੇ ਤੈਸੇ ਧਰਿ ਧੀਰ।
ਜਿਨ ਕੇ ਦੇਖਤਿ ਬਿਖ ਬਿਨਸਾਇ। ਤਿਨ ਕੋ ਸਕ ਕਿਮ ਕਸ਼ਟ ਉਪਾਇ॥੮॥

ਸਾਰੀ ਪੁਸ਼ਾਕ ਲੈ ਸਰੀਰ 'ਤੇ ਪਹਿਨ ਲਈ ਤੇ ਉਸੇ ਤਰ੍ਹਾਂ ਧੀਰਜ ਧਾਰ ਕੇ ਬੈਠੇ ਰਹੇ। ਜਿਨ੍ਹਾਂ ਦੇ ਵੇਖਣ ਨਾਲ ਜ਼ਹਿਰ ਦੌੜ ਜਾਂਦੀ ਹੈ, ਉਨ੍ਹਾਂ ਨੂੰ ਉਹ ਜ਼ਹਿਰ ਕਿਵੇਂ ਕਸ਼ਟ ਦੇ ਸਕਦੀ ਸੀ॥੮॥

ਕੇਤਿਕ ਚਿਰ ਸੋ ਬੈਠਯੋ ਰਹਯੋ। ਬਿਸਮਯੋ ਦੇਖਤਿ ਕਛੂ ਨ ਕਹਯੋ।
ਏਕ ਪਹਿਰ ਬੀਤਾਵਨਿ ਕਰੇ। ਪੁਨ ਉਠਿ ਗਮਨਯੋ ਸ਼ਰਧਾ ਧਰੇ॥ ੯॥

ਕਾਫ਼ੀ ਦੇਰ ਤਕ ਉਹ ਵਿਅਕਤੀ ਉਥੇ ਬੈਠਾ ਰਿਹਾ। ਇਹ ਵੇਖ ਕੇ ਬਹੁਤ ਹੈਰਾਨ ਹੋਇਆ ਕਿ ਜ਼ਹਿਰ ਨੇ ਉਸ ਨੂੰ ਕੁਝ ਨਹੀਂ ਸੀ ਕਿਹਾ। ਇਕ ਪਹਿਰ ਉਸ ਨੇ ਉਥੇ ਬਤੀਤ ਕੀਤਾ, ਫਿਰ ਸ਼ਰਧਾ ਧਾਰ ਕੇ ਉਠ ਕੇ ਚਲੇ ਗਿਆ॥੯॥

ਆਲਮਗੀਰ ਸੰਗ ਸਭਿ ਭਾਖੀ। 'ਮੈਂ ਪਹਿਰਾਇ ਦਿਖਤਿ ਰਹਿ ਆਂਖੀ।
ਜਿਮ ਪ੍ਰਸੰਨ ਮੁਖ ਪਹਿਰਨਿ ਕਰੀ। ਤਿਸੀ ਪ੍ਰਕਾਰ ਅਬਹਿ ਦੁਤਿ ਧਰੀ॥੧੦॥

ਪਹੁੰਚ ਕੇ ਆਲਮਗੀਰ ਨੂੰ ਸਾਰੀ ਗੱਲ ਦੱਸੀ, "ਮੈਂ ਪੁਸ਼ਾਕ ਪਹਿਨਾ ਕੇ ਅੱਖਾਂ ਨਾਲ ਵੇਖਦਾ ਰਿਹਾ ਹਾਂ, ਜਿਵੇਂ ਪਹਿਨਣ ਲਗਿਆਂ ਮੁੱਖ ਪ੍ਰਸੰਨ ਸੀ, ਉਸੇ ਤਰ੍ਹਾਂ ਹੁਣ ਵੀ ਚਿਹਰਾ ਚਮਕ ਰਿਹਾ ਹੈ॥੧੦॥

ਏਕ ਜਾਮ ਬੀਤੇ ਮੈਂ ਆਯੋ। ਨਿਜ ਸੁਭਾਉ ਬੋਲਤਿ ਬਿਕਸਾਯੋ।
ਜਿਸਕੇ ਅੰਗ ਪਹਿਰਿਬੇ ਕਰੇ। ਦ੍ਵੈ ਘਟਿਕਾ ਨ ਪ੍ਰਾਨ ਕੋ ਧਰੇ॥ ੧੧॥

ਇਕ ਪਹਿਰ ਬੀਤਣ ਤੋਂ ਬਾਅਦ ਮੈਂ ਆਇਆ ਹਾਂ। ਆਪਣੇ ਸੁਭਾਅ ਅਨੁਸਾਰ ਹੱਸ-ਹੱਸ ਬੋਲਦੇ ਸਨ। ਜਿਸ ਦੇ ਅੰਗਾਂ ਨੂੰ ਇਹ ਪਹਿਨਾਈਏ ਉਹ ਦੋ ਘੜੀਆਂ ਵੀ ਪ੍ਰਾਣਾਂ ਸਹਿਤ ਨਹੀਂ ਰਹਿ ਸਕਦਾ॥੧੧॥

ਸੋ ਤਿਨ ਨਹਿੰ ਜਾਨੀ ਪਹਿਰਾਇ। ਬੈਠੇ ਬਿਕਸੇ ਸਹਿਜ ਸੁਭਾਇ'।
ਸੁਨਿ ਨੌਰੰਗ ਬਿਸਮੈ ਹੁਇ ਗਯੋ। ਸਜਾਨੇ ਤੁਰਕ ਬੁਲਾਵਤਿ ਭਯੋ॥ ੧੨॥

ਪਹਿਨ ਕੇ ਉਨ੍ਹਾਂ ਜਾਣਿਆ ਵੀ ਨਹੀਂ ਕਿ ਪਹਿਨੀ ਹੈ ਕਿ ਨਹੀਂ, ਭਾਵ ਉਨ੍ਹਾਂ 'ਤੇ ਕੋਈ ਅਸਰ ਨਹੀਂ ਹੋਇਆ, ਉਹ ਸਹਿਜ ਸੁਭਾਅ ਖਿੜੇ ਮੱਥੇ ਬੈਠੇ ਰਹੇ।" ਇਹ ਸੁਣ ਕੇ ਨੌਰੰਗਾ ਬਹੁਤ ਹੈਰਾਨ ਹੋਇਆ, ਸਿਆਣੇ ਤੁਰਕਾਂ ਨੂੰ ਉਸ ਬੁਲਾਇਆ॥੧੨॥

ਫ਼ਾਜ਼ਲ ਗਨ ਉਲਮਾਉ ਮਹਾਨੇ। ਸ਼ਰ੍ਹਾ ਬਿਖੇ ਗਾਢੇ ਜਿ ਮੁਲਾਨੇ।
ਨਿਕਟਿ ਬਿਠਾਇ ਸਕਲ ਸਮਝਾਏ। 'ਇਹੁ ਗੁਰ ਹਿੰਦੁਨਿ ਸਿਹਰ ਕਮਾਏ ॥੧੩॥

ਜਿਹੜੇ ਵਿਅਕਤੀ ਬੜੇ ਪੜ੍ਹੇ ਲਿਖੇ ਅਤੇ ਮਹਾਨ ਵਿਦਵਾਨ ਸਨ ਤੇ ਸ਼ਰ੍ਹਾ ਵਿਚ ਜਿਹੜੇ ਮੁਲਾਣੇ ਬੜੇ ਮਾਹਰ ਸਨ, ਨੇੜੇ ਬਿਠਾ ਕੇ ਸਭ ਨੂੰ ਸਮਝਾਇਆ, "ਇਹ ਹਿੰਦੂ ਗੁਰੂ ਜਾਦੂ ਕਮਾਉਂਦਾ ਹੈ॥੧੩॥

ਅਬਿ ਕੈਸੇ ਇਸ ਕੋ ਹਮ ਕਹੈਂ। ਸਕਲ ਬਾਤ ਤੇ ਊਪਰ ਰਹੈ।
ਜਿਮ ਨਹਿਂ ਸਿਹਰ ਹੋਇ ਕੁਛ ਐਸੇ। ਬਾਤ ਬਨਾਇ ਕਹਹੁ ਸਭਿ ਤੈਸੇ' ॥੧੪॥

ਹੁਣ ਕਿਸ ਤਰ੍ਹਾਂ ਇਸ ਨੂੰ ਕਹੀਏ, ਸਾਰੀਆਂ ਗੱਲਾਂ ਤੋਂ ਉਪਰ ਰਹਿੰਦਾ ਹੈ, ਜਿਵੇਂ ਕੋਈ ਵੀ ਐਸਾ ਜਾਦੂ ਨਾ ਹੋਵੇ, ਗੱਲ ਬਣਾ ਕੇ ਉਸ ਤਰ੍ਹਾਂ ਕਹੋ" ॥੧੪॥

ਤਬਿ ਫ਼ਾਜ਼ਲ ਉਲਮਾਉ ਬਖਾਨਾ। 'ਹਮ ਤੇ ਸੁਨੀਏ ਸ਼ਾਹੁ ਮਹਾਨਾ!
ਪ੍ਰਥਮ ਭਯੋ ਸ੍ਰੀ ਨਾਨਕ ਚੰਦ। ਬਿਚਰਜੋ ਦੇਸ਼ ਬਿਦੇਸ਼ ਬਿਲੰਦ॥ ੧੫॥

ਤਦ ਵਿਦਵਾਨਾਂ ਨੇ ਕਿਹਾ, "ਹੇ ਮਹਾਨ ਬਾਦਸ਼ਾਹ! ਸਾਡੇ ਪਾਸੋਂ ਸੁਣੋ। ਪਹਿਲਾਂ ਸ੍ਰੀ ਗੁਰੂ ਨਾਨਕ ਚੰਦ ਹੋਏ ਹਨ, ਉਹ ਬਹੁਤ ਦੇਸ਼ਾਂ ਵਿਦੇਸ਼ਾਂ ਵਿਚ ਵਿਚਰਦੇ ਰਹੇ ਹਨ॥੧੫॥

ਕਰਜੋ ਸਿਹਰ ਮੱਕੇ ਮਹਿਂ ਜਾਇ। ਸਕਲ ਮੁਜਾਵਰ ਉਰ ਬਿਸਮਾਇ।
ਜੇ ਹਜ਼ਰਤ ਨਿਜ ਦੀਨ ਬਧਾਵਹੁ। ਚਹਤਿ ਸ਼ਰ੍ਹਾ ਮੈਂ ਹਿੰਦ ਚਲਾਵਹੁ॥ ੧੬॥

ਮੱਕੇ ਵਿਚ ਜਾ ਕੇ ਵੀ ਉਨ੍ਹਾਂ ਜਾਦੂ ਕਰ ਦਿੱਤਾ, ਸਾਰੇ ਮਜਾਵਰ ਹਿਰਦੇ ਵਿਚ ਬਹੁਤ ਹੈਰਾਨ ਹੋਏ। ਹੇ ਹਜ਼ਰਤ ਜੀ! ਜੇ ਤੁਸੀਂ ਆਪਣਾ ਦੀਨ ਵਧਾਉਣਾ ਚਾਹੁੰਦੇ ਹੋ ਤੇ ਸਾਰੇ ਹਿੰਦ ਨੂੰ ਸ਼ਰ੍ਹਾ ਵਿਚ ਚਲਾਉਣਾ ਚਾਹੁੰਦੇ ਹੋ॥੧੬॥

ਤੌ ਸੁਨਿ ਲੀਜੈ ਬਾਤ ਹਮਾਰੀ। ਇਸ ਕੋ ਆਨਹੁ ਸ਼ਰ੍ਹਾ ਮਝਾਰੀ।
ਹਿੰਦੂ ਸਭਿ ਇਨ ਕੇ ਸਿਖ ਅਹੈਂ। ਮਾਨਹਿਂ ਪੁਨ, ਜੈਸੇ ਤੁਮ ਕਹੈਂ॥ ੧੭॥

ਤਾਂ ਸਾਡੀ ਗੱਲ ਸੁਣ ਲਵੋ, ਇਨ੍ਹਾਂ ਨੂੰ ਸ਼ਰ੍ਹਾ ਦੇ ਵਿਚ ਲਿਆਵੋ। ਸਾਰੇ ਹਿੰਦੂ ਇਨ੍ਹਾਂ ਦੇ ਸਿੱਖ ਹਨ, ਫਿਰ ਹਿੰਦੂ ਜਿਵੇਂ ਤੁਸੀਂ ਕਹੋਗੇ ਉਸ ਤਰ੍ਹਾਂ ਹੀ ਮੰਨਣਗੇ॥੧੭॥

ਜੋ ਘਰ ਹੈ ਗੁਰੁ ਨਾਨਕ ਕੇਰਾ। ਹੋਤਾ ਆਯਹੁ ਸਿਹਰ ਘਨੇਰਾ।
ਜਹਾਂ ਜਾਤਿ ਇਹ ਤਹਾਂ ਦਿਖਾਵੈਂ। ਹਿੰਦੁਨਿ ਕੋ ਤੂਰਨਿ ਭਰਮਾਵੈਂ॥ ੧੮॥

ਜਿਹੜਾ ਗੁਰੂ ਨਾਨਕ ਦਾ ਘਰ ਹੈ, ਏਥੇ ਬਹੁਤ ਜਾਦੂ ਹੁੰਦਾ ਆਇਆ ਹੈ। ਜਿਥੇ ਜਾਂਦੇ ਹਨ, ਉਥੇ ਹੀ ਜਾਦੂ ਵਿਖਾਉਂਦੇ ਹਨ, ਹਿੰਦੂਆਂ ਨੂੰ ਤੁਰਤ ਭਰਮਾ ਲੈਂਦੇ ਹਨ॥੧੮॥

ਸਿਹਰ ਜ਼ੋਰ ਤੇ ਮਨ ਬਿਚਲਾਯੋ। ਦੇਸ਼ ਬਿਦੇਸ਼ਨਿ ਜਸੁ ਬਿਦਤਾਯੋ।
ਇਨ ਕੇ ਸਿਖ ਹਿੰਦੂ ਮਤਿ ਕਾਚੇ। ਸਿਹਰ ਦੇਖਿ ਕਰਿ ਕਿਮ ਨਹਿਂ ਬਾਚੇ॥੧੯॥

ਜਾਦੂ ਦੇ ਜ਼ੋਰ ਨਾਲ ਮਨ ਨੂੰ ਬਦਲ ਦਿੰਦੇ ਹਨ, ਇਨ੍ਹਾਂ ਦਾ ਜਸ ਦੇਸ਼ਾਂ ਵਿਦੇਸ਼ਾਂ ਵਿਚ ਪ੍ਰਗਟ ਹੋਇਆ ਹੈ। ਇਨ੍ਹਾਂ ਦੇ ਸਿੱਖ ਹਿੰਦੂ ਮੱਤ ਵਿਚ ਕੱਚੇ ਹਨ, ਇਨ੍ਹਾਂ ਦਾ ਜਾਦੂ ਵੇਖ ਕੇ ਭਰੋਸਾ ਕਰਨ ਤੋਂ ਕਿਵੇਂ ਬਚ ਸਕਦੇ ਹਨ॥੧੯॥

ਅਬਿ ਅਪਨੋ ਖਾਨਾ ਕਰਿਵਾਵਹੁ। ਦੇ ਕਰਿ ਕਿਸ ਕੇ ਹਾਥ ਪਠਾਵਹੁ।
ਕਿਸੂ ਜਤਨ ਤੇ ਤਿਸੇ ਖੁਲਾਵਹੁ। ਅਪਨੇ ਦੀਨ ਬਿਖੈ ਕਰਿ ਲ਼ਜਾਵਹੁ॥੨੦॥

ਹੁਣ ਆਪਣਾ ਖਾਣਾ ਤਿਆਰ ਕਰੋ ਤੇ ਕਿਸੇ ਦੇ ਹੱਥ ਦੇ ਕੇ ਭੇਜੋ, ਕਿਸੇ ਯਤਨ ਨਾਲ ਉਸ ਨੂੰ ਖਵਾਓ ਤੇ ਆਪਣੇ ਦੀਨ ਵਿਚ ਲੈ ਆਓ॥੨੦॥

ਅਜ਼ਮਤਿ ਸਿਹਰ ਜਿਤਿਕ ਇਨ ਕੇਰਾ॥ਸਭਿ ਮਿਟਿ ਜਾਇ ਨ ਲਾਗਹਿ ਦੇਰਾ।
ਸੁਨਤਿ ਸ਼ਾਹੁ ਤੈਸੇ ਕਰਿਵਾਯਹੁ। ਖਾਨਾ ਅਪਨਾ ਤਯਾਰ ਕਰਾਯਹੁ॥ ੨੧॥

ਕਰਾਮਾਤ ਜਾਦੂ ਜਿੰਨਾ ਵੀ ਇਨ੍ਹਾਂ ਪਾਸ ਹੈ, ਸਭ ਖ਼ਤਮ ਹੋ ਜਾਵੇਗਾ, ਕੋਈ ਵੀ ਦੇਰ ਨਹੀਂ ਲਗੇਗੀ"। ਇਹ ਸੁਣ ਕੇ ਬਾਦਸ਼ਾਹ ਨੇ ਉਸ ਤਰ੍ਹਾਂ ਕਰਵਾਇਆ ਤੇ ਆਪਣਾ ਖਾਣਾ ਤਿਆਰ ਕਰਵਾਇਆ॥੨੧॥

ਨਿਕਟਿ ਦਰੋਗ਼ਾ ਲੀਨਿ ਹਕਾਰਿ। ਤਿਹ ਸਮੁਝਾਯਹੁ ਕੀਨਿ ਉਚਾਰ।
'ਸਿਫਤਿ ਸਮੇਤ ਕਹਹੁ ਤਿਸ ਜਾਇ। ਖਾਨੋ ਅਪਨੋ ਦੇਹੁ ਖੁਲਾਇ॥ ੨੨॥

ਫਿਰ ਦਰੋਗ਼ੇ ਨੂੰ ਆਪਣੇ ਪਾਸ ਬੁਲਾ ਲਿਆ, ਉਸ ਨੂੰ ਕਹਿ ਕੇ ਸਮਝਾਇਆ। "ਸਿਫਤਾਂ ਸਮੇਤ ਉਸ ਨੂੰ ਜਾ ਕੇ ਕਹੋ ਤੇ ਆਪਣਾ ਖਾਣਾ ਖਵਾ ਦੇਵੋ॥੨੨॥

ਸ੍ਰੀ ਨਾਨਕ ਘਰ ਮਹਿਂ ਇਹ ਬਾਤਿ। ਹੈ ਆਛੀ ਸਭਿ ਮਹਿਂ ਬੱਖਜਾਤ।
ਹਿੰਦੂ ਤੁਰਕ ਜਾਤਿ ਇਕ ਜਾਨੇ। ਇਕ ਖ਼ੁਦਾਇ ਕੀ ਸ੍ਰਿਸ਼ਟਿ ਪਛਾਨੇ॥੨੩॥

ਸ੍ਰੀ ਨਾਨਕ ਦੇ ਘਰ ਵਿਚ ਇਹ ਗੱਲ ਬਹੁਤ ਚੰਗੀ ਸਮਝੀ ਜਾਂਦੀ ਹੈ, ਇਹ ਸਾਰੇ ਪ੍ਰਗਟ ਹੈ। ਹਿੰਦੂ ਤੁਰਕ ਜਾਤਾਂ ਨੂੰ ਉਹ ਇਕ ਜਾਣਦੇ ਹਨ ਤੇ ਇਕ ਖ਼ੁਦਾ ਦੀ ਸ੍ਰਿਸ਼ਟੀ ਪਹਿਚਾਣਦੇ ਹਨ॥੨੩॥

ਭਾ ਹਜ਼ਰਤ ਕੇ ਸਿਦਕ ਮਹਾਨਾ। ਕਰਿ ਬਹੁ ਸ੍ਵਾਦ ਪਠਜੋ ਇਹ ਖਾਨਾ।
ਹਜ਼ਰਤ ਕਹਿਂ ਬਹੁ ਸਿਫਤ ਤੁਮਾਰੀ। ਫਕਰ ਖ਼ੁਦਾਇ ਪਾਕ ਬਿਧਿ ਸਾਰੀ' ॥੨੪॥

ਹਜ਼ਰਤ ਦਾ ਆਪ ਜੀ ਉਤੇ ਬੜਾ ਭਰੋਸਾ ਅਤੇ ਸਿਦਕ ਹੈ, ਇਸ ਕਰਕੇ ਉਨ੍ਹਾਂ ਬੜਾ ਸਵਾਦੀ ਭੋਜਨ ਤਿਆਰ ਕਰਕੇ ਭੇਜਿਆ ਹੈ। ਹਜ਼ਰਤ ਨੇ ਬਹੁਤ ਤੁਹਾਡੀ ਸਿਫਤ ਕੀਤੀ ਹੈ, ਤੁਸੀਂ ਖ਼ੁਦਾ ਦੇ ਫ਼ਕਰ ਹੋ, ਤੇ ਸਾਰੀਆਂ ਵਿਧੀਆਂ ਅਨੁਸਾਰ ਪਵਿੱਤਰ ਹੋ" ॥੨੪॥

ਇੱਤਜਾਦਿਕ ਤਿਸ ਬਹੁ ਸਿਖਲਾਵਾ। ਪਠਜੋ ਦਰੋਗ਼ਾ ਕਪਟ ਬਨਾਵਾ।
ਗਯੋ ਸੰਗ ਲੇ ਖਾਨਾ ਸੋਇ। ਪਹੁੰਚਜੋ ਗੁਰ ਸੁਤ ਕੇ ਢਿਗ ਹੋਇ॥ ੨੫॥

ਇੱਤਿਆਦਿਕ ਉਸ ਨੂੰ ਬਹੁਤ ਸਿਖਾਇਆ ਤੇ ਦਰੋਗ਼ੇ ਨੂੰ ਵੱਡਾ ਕਪਟੀ ਬਣਾ ਕੇ ਭੇਜਿਆ। ਉਹ ਖਾਣਾ ਲੈ ਕੇ ਗਿਆ ਤੇ ਗੁਰੂ ਜੀ ਦੇ ਪੁੱਤਰ ਪਾਸ ਪਹੁੰਚ ਗਿਆ॥੨੫॥

ਬੈਠਿ ਸਮੀਪ ਕਹਿਨਿ ਲਗਿ ਤੈਸੇ। ਕੁਮਤਿ ਸ਼ਾਹੁ ਸਿਖਰਾਈ ਜੈਸੇ।
'ਹਜ਼ਰਤ ਕਰੀ ਬੰਦਗੀ ਤੁਮ ਕੋ। ਸਿਦਕ ਠਾਨਿ ਕਰਿ ਭੇਜਜੋ ਹਮ ਕੋ॥੨੬॥

ਉਸ ਦੇ ਪਾਸ ਬੈਠ ਕੇ ਉਸੇ ਤਰ੍ਹਾਂ ਕਹਿਣ ਲੱਗਾ, ਜਿਵੇਂ ਭੈੜੀ ਮੱਤ ਵਾਲੇ ਬਾਦਸ਼ਾਹ ਨੇ ਸਿਖਾਇਆ ਸੀ, "ਹਜ਼ਰਤ ਬਾਦਸ਼ਾਹ ਨੇ ਤੁਹਾਨੂੰ ਬੰਦਗੀ ਕੀਤੀ ਹੈ ਤੇ ਸਿਦਕ ਧਾਰ ਕੇ ਮੈਨੂੰ ਭੇਜਿਆ ਹੈ॥੨੬॥

ਹਿੰਦੂ ਤੁਰਕ ਸਮਾਨ ਤੁਮਾਰੇ। ਪਾਕ ਅਲਹੁ ਕੇ ਲਖਨੇ ਵਾਰੇ।
ਸਭਿ ਮਹਿਂ ਜਾਨਹੁਂ ਏਕ ਖੁਦਾਇ। ਭੇਦ ਨਹੀਂ ਕਥਿ ਤੁਮਹਿਂ ਲਖਾਇ॥੨੭॥

ਤੁਹਾਡੇ ਵਾਸਤੇ ਹਿੰਦੂ ਤੁਰਕ ਸਭ ਬਰਾਬਰ ਹਨ, ਤੁਸੀਂ ਇਕ ਪਾਕ ਅਲਾਹ ਨੂੰ ਸਮਝਣ ਵਾਲੇ ਹੋ। ਸਾਰਿਆਂ ਵਿਚ ਇਕ ਖ਼ੁਦਾ ਜਾਣਦੇ ਹੋ, ਤੁਸੀਂ ਇਨ੍ਹਾਂ ਵਿਚ ਕੋਈ ਫ਼ਰਕ ਨਹੀਂ ਸਮਝਦੇ ਹੋ॥੨੭॥

ਬਡੋ ਸ਼ੌਕ ਤੇ ਖਾਨਾ ਕਰਜੋ। ਜ਼ਾਫਤ ਕੌ ਤਨ ਮਨ ਅਨੁਸਰਜੋ।
ਤੁਮ ਕੋ ਉਚਿਤ ਮਾਨ ਕੋ ਰਾਖਨਿ। ਕਰਹੁ ਤਥਾ ਹਜ਼ਰਤ ਕੋ ਭਾਖਨਿ' ॥ ੨੮ ॥

ਬੜੇ ਸ਼ੌਕ ਨਾਲ ਇਹ ਖਾਣਾ ਤਿਆਰ ਕੀਤਾ ਹੈ, ਜ਼ਿਆਫਤ ਨੂੰ ਤੁਹਾਡੇ ਤਨ ਮਨ ਅਨੁਸਾਰ ਬਣਾਇਆ ਹੈ। ਤੁਹਾਡੇ ਵਾਸਤੇ ਇਹ ਉਚਿਤ ਹੈ ਕਿ ਬਾਦਸ਼ਾਹ ਦਾ ਮਾਣ ਰੱਖੋ ਤੇ ਉਸ ਤਰ੍ਹਾਂ ਕਰੋ ਜਿਵੇਂ ਬਾਦਸ਼ਾਹ ਨੇ ਕਿਹਾ ਹੈ''॥੨੮॥

ਸੁਨਿ ਕਰਿ ਗੁਰ ਸੁਤ ਬਡੀ ਖੁਟਾਈ। ਜਿਦ ਕਰਿ ਮੂਰਖ ਕਰਤਿ ਢਿਠਾਈ।
ਕਰਜੋ ਬਚਨ 'ਬਾਸਨ ਕਰਿ ਉਰੇ। ਕਹਾਂ ਪਠਜੋ ਸ਼ਰਧਾ ਉਰ ਧਰੇ' ॥ ੨੯ ॥

ਇਹ ਵੱਡੇ ਖੋਟ ਵਾਲੀ ਗੱਲ ਸੁਣ ਕੇ ਗੁਰੂ ਜੀ ਦਾ ਪੁੱਤਰ ਸਮਝ ਗਿਆ ਕਿ ਮੂਰਖ ਜ਼ਿੱਦ ਕਰਕੇ ਢੀਠਤਾਈ ਕਰਦੇ ਹਨ। ਉਸ ਨੇ ਕਿਹਾ, "ਬਰਤਨ ਏਧਰ ਕਰੋ, ਕਿਥੇ ਹਿਰਦੇ ਵਿਚ ਸ਼ਰਧਾ ਧਾਰ ਕੇ ਭੇਜਿਆ ਹੈ''॥੨੯॥

ਤਬੈ ਦਰੋਗ਼ੋ ਧਰਜੋ ਅਗਾਰੀ। 'ਢਾਂਪਨ ਖੋਲਹੁ' ਗਿਰਾ ਉਚਾਰੀ।
ਸੁਨਿ ਆਗਜਾ ਕੋ ਤਿਨ ਤਤਕਾਲਾ। ਬਾਸਨ ਧਰ ਖੋਲਜੋ ਦਰਹਾਲਾ ॥ ੩੦ ॥

ਤਦ ਦਰੋਗੇ ਨੇ ਅੱਗੇ ਭੋਜਨ ਧਰਿਆ, ਸ੍ਰੀ ਰਾਮਰਾਇ ਜੀ ਨੇ ਕਿਹਾ, "ਖਾਣਾ ਢੱਕਣ ਵਾਲੇ ਕਪੜੇ ਨੂੰ ਉਤਾਰੋ।'' ਇਹ ਆਗਿਆ ਸੁਣ ਕੇ ਦਰੋਗੇ ਨੇ ਝਟ ਕਪੜਾ ਲਾਹ ਦਿੱਤਾ॥੩੦॥

ਰਾਇਬੇਲ ਚੰਬੇਲੀ ਕਲੀ। ਲਪਟੈਂ ਛੁਟਤਿ ਜਿਨਹੁੰ ਤੇ ਭਲੀ।
ਉੱਜਲ ਬਰਨ ਖਿਰਜੋ ਕੋ ਫੂਲ। ਸੁਖਦ ਬਿਲੋਚਨ ਕੇ ਅਨਕੂਲ॥ ੩੧ ॥

ਰਾਇ ਬੇਲ, ਚੰਬੇਲੀ ਅਤੇ ਕਲੀਆਂ ਦੇ ਫੁੱਲ ਸਨ, ਜਿਨ੍ਹਾਂ ਵਿਚੋਂ ਬੜੀ ਸੁੰਦਰ ਮਹਿਕ ਆ ਰਹੀ ਸੀ, ਉੱਜਲ ਰੰਗ ਦੇ ਫੁੱਲ ਖਿੜੇ ਹੋਏ ਸਨ, ਜਿਹੜੇ ਨੈਣਾਂ ਦੇ ਅਨੁਕੂਲ ਸੁਖਦਾਇਕ ਸਨ॥੩੧॥

ਕਰੇ ਬਿਲੋਕਨਿ ਬਾਸਨ ਮਾਂਹੀ। ਬਿਸਮੈ ਭਯੋ ਲਖੀ ਕੁਛ ਨਾਂਹੀ।
ਸੁੰਦਰ ਮਹਾਂ ਸੁਫੈਦ ਨਿਹਾਰੇ। ਜਨੁ ਬੂਟਨਿ ਤੇ ਅਬਹਿ ਉਤਾਰੇ॥ ੩੨ ॥

ਦਰੋਗੇ ਨੇ ਬਰਤਨ ਵਿਚਲੀਆਂ ਵਸਤਾਂ ਨੂੰ ਵੇਖਿਆ, ਬਹੁਤ ਹੈਰਾਨ ਹੋਇਆ। ਕੁਝ ਸਮਝ ਨਹੀਂ ਸੀ ਆਉਂਦੀ। ਮਹਾਂ ਸੁੰਦਰ ਅਤੇ ਸਫੈਦ ਫੁੱਲ ਵੇਖੇ, ਜਿਵੇਂ ਬੂਟਿਆਂ ਨਾਲੋਂ ਹੁਣੇ ਤੋੜੇ ਹੁੰਦੇ ਹਨ॥੩੨॥

ਕਹਜੋ ਗੁਰੂ ਨੰਦਨ ਤਿਹ ਸਮੈਂ। 'ਹਜ਼ਰਤ ਪਠੇ ਪੁਸ਼ਪ ਇਹ ਹਮੈਂ ?'।
ਬਾਸਨ ਭਰਜੋ ਗਰੇ ਲਗਿ ਸਾਰੋ। ਕੋ ਕਲਿਕਾ ਕੋ ਖਿਰਜੋ ਨਿਹਾਰੋ॥ ੩੩ ॥

ਗੁਰੂ ਜੀ ਦੇ ਪੁੱਤਰ ਨੇ ਉਸ ਸਮੇਂ ਕਿਹਾ, "ਕੀ ਬਾਦਸ਼ਾਹ ਨੇ ਸਾਨੂੰ ਇਹ ਫੁੱਲ ਭੇਜੇ ਹਨ ?'' ਸਾਰਾ ਬਰਤਨ ਗਲੇ ਤਕ ਭਰਿਆ ਹੈ, ਕੋਈ ਐਸੀ ਕਲੀ ਹੈ ਜਿਸ ਨੂੰ ਅਜਿਹੇ ਖਿੜੇ ਹੋਏ ਫੁੱਲ ਲੱਗੇ ਵੇਖੇ ਹਨ ?॥੩੩॥

ਲੇ ਗਮਨਹੁ ਹਜ਼ਰਤ ਕੇ ਪਾਸ। ਹਮ ਦਿਸ਼ਿ ਤੇ ਦਿਹੁ ਕੁਸਮ ਪ੍ਰਕਾਸ਼'।
ਗਯੋ ਦਰੋਗ਼ਾ ਅਚਰਜ ਹੋਇ। ਬਾਸਨ ਤਥਾ ਢਾਂਪ ਕਰਿ ਸੋਇ॥ ੩੪ ॥

ਇਨ੍ਹਾਂ ਫੁੱਲਾਂ ਨੂੰ ਬਾਦਸ਼ਾਹ ਦੇ ਪਾਸ ਲੈ ਜਾਵੋ, ਸਾਡੇ ਵਲੋਂ ਇਹ ਫੁੱਲਾਂ ਦਾ ਪ੍ਰਕਾਸ਼ ਦੇਵੋ।'' ਇਹ ਅਸਚਰਜ ਹੋਇਆ ਵੇਖ ਕੇ ਦਰੋਗ਼ਾ ਗਿਆ ਤੇ ਬਰਤਨ ਨੂੰ ਪਹਿਲਾਂ ਵਾਂਗ ਹੀ ਢੱਕ ਲਿਆ॥੩੪॥

ਗਨ ਉਲਮਾਉਨਿ ਬ੍ਰਿੰਦ ਮੁਲਾਨੇ। ਬੀਚ ਸਭਾ ਉਮਰਾਉ ਮਹਾਂਨੇ।
ਬੈਠਜੋ ਅਵਰੰਗ ਲੇ ਤਹਿਂ ਗਯੋ। ਢਾਂਪਨ ਖੋਲਿ ਦਿਖਾਵਤਿ ਭਯੋ॥ ੩੫ ॥

ਬਹੁਤ ਵਿਦਵਾਨ ਅਤੇ ਮੁਲਾਣੇ ਤੇ ਸਭਾ ਦੇ ਵਿਚ ਹੋਰ ਬਹੁਤ ਉਮਰਾਵ ਵੀ ਬੈਠੇ ਸਨ। ਜਿਥੇ ਨੌਰੰਗਾ ਬੈਠਾ ਸੀ ਉਥੇ ਲੈ ਕੇ ਗਿਆ ਤੇ ਪਰਦਾ ਲਾਹ ਕੇ ਵਿਖਾਉਣ ਲੱਗਾ॥੩੫॥

'ਇਹ ਕਹਾ ਆਨਯੋ ਤਹਿਂ ਤੇ ਜਾਇ। ਖਾਨਾ ਰਹਯੋ, ਕਿ ਦਿਯੋ ਖੁਲਾਇ'।
ਸੁਨਤਿ ਦਰੋਗੋ ਅਰਜ਼ ਬਖਾਨੀ। 'ਤਿਨ ਕੀ ਗਤਿ ਕੁਛ ਜਾਇ ਨ ਜਾਨੀ॥੩੬॥

ਬਾਦਸ਼ਾਹ ਨੇ ਕਿਹਾ, "ਉਥੇ ਜਾ ਕੇ ਇਹ ਕੀ ਲੈ ਕੇ ਆਇਆ ਹੈਂ, ਖਾਣਾ ਬਚਿਆ ਹੈ ਕਿ ਖੁਆ ਦਿੱਤਾ ਹੈ ?" ਇਹ ਸੁਣ ਕੇ ਦਰੋਗੇ ਨੇ ਬੇਨਤੀ ਕੀਤੀ, "ਉਨ੍ਹਾਂ ਦੀ ਗਤੀ ਕੁਝ ਜਾਣੀ ਨਹੀਂ ਜਾਂਦੀ॥੩੬॥

ਕਹਯੋ ਆਪ ਕੋ ਸਕਲ ਸੁਨਾਯੋ। ਤਬਿ ਬਾਸਨ ਕੋ ਨਿਕਟਿ ਰਖਾਯੋ।
ਢਾਂਪਨ ਮੁਝ ਸੋਂ ਕਹਿ ਉਤਰਾਯੋ। ਦੇਖਿ ਆਪ, ਨਹਿਂ ਹਾਥ ਛੁਹਾਯੋ॥ ੩੭॥

ਤੁਹਾਡਾ ਕਿਹਾ ਸਭ ਸੁਣਾਇਆ ਸੀ, ਤਦ ਬਰਤਨ ਨੂੰ ਆਪਣੇ ਪਾਸ ਰਖਵਾ ਲਿਆ, ਮੈਨੂੰ ਕਹਿ ਕੇ ਢੱਕਣ ਵਾਲੇ ਰੁਮਾਲ ਨੂੰ ਉਤਰਵਾਇਆ ਤੇ ਆਪ ਵੇਖ ਕੇ ਹੱਥ ਨਾ ਲਾਇਆ॥੩੭॥

ਤਤਛਿਨ ਕਲਿਕਾ ਕੁਸਮ ਨਿਹਾਰੇ। ਸੁੰਦਰ ਉੱਜਲ ਪੂਰਨ ਸਾਰੇ।
ਮੁਝ ਸੋਂ ਕਹਯੋ ਸੁ ਲੇਹੁ ਉਠਾਇ। ਹਮ ਦਿਸ਼ਿ ਤੇ ਹਜ਼ਰਤ ਦਿਹੁ ਜਾਇ॥੩੮॥

ਤੁਰਤ ਕਲੀਆਂ ਅਤੇ ਕੁਸਮ ਦੇ ਫੁੱਲ ਵੇਖੇ, ਸਾਰੇ ਹੀ ਬੜੇ ਸੁੰਦਰ ਪੂਰਨ ਰੂਪ ਵਿਚ ਉੱਜਲ ਸਨ। ਮੈਨੂੰ ਕਿਹਾ ਇਨ੍ਹਾਂ ਨੂੰ ਚੁੱਕ ਲਵੋ, ਸਾਡੇ ਵਲੋਂ ਇਨ੍ਹਾਂ ਨੂੰ ਬਾਦਸ਼ਾਹ ਨੂੰ ਦੇਵੋ॥੩੮॥

ਅਸ ਅਚਰਜ ਕੁਛ ਕਰਿ ਦਿਖਰਾਯੋ। ਨਹਿਂ ਮੇਰੀ ਮਤਿ ਮੈਂ ਕੁਛ ਆਯੋ।
ਖਾਨਾ ਆਮਿਖ ਕੋ ਵਿਚ ਜੇਤਾ। ਕਲਿਕਾ ਕੁਸਮ ਕਰਯੋ ਭਰਿ ਤੇਤਾ॥ ੩੯॥

ਇਸ ਤਰ੍ਹਾਂ ਕੁਝ ਅਸਚਰਜ ਕਰ ਕੇ ਵਿਖਾਇਆ ਹੈ, ਮੇਰੀ ਬੁੱਧੀ ਵਿਚ ਕੁਝ ਨਹੀਂ ਆਇਆ ਹੈ, ਜਿਹੜਾ ਵਿਚ ਗੋਸ਼ਤ ਵਾਲਾ ਖਾਣਾ ਸੀ, ਸਾਰਾ ਹੀ ਕਲੀਆਂ ਅਤੇ ਕੁਸਮ ਦੇ ਫੁੱਲਾਂ ਨਾਲ ਭਰ ਦਿੱਤਾ॥੩੯॥

ਛਿਨ ਮਹਿਂ ਦੇਖਤਿ ਮੋਹਿ ਅਗਾਰੀ। ਅਜ਼ਮਤ ਕਿਧੋਂ ਸਿਹਰ ਇਹ ਭਾਰੀ'।
ਸੁਨਿ ਔਰੰਗ ਸਭਿ ਸਭਾ ਸਮੇਤ। ਭਏ ਅਚੰਭੇ ਲਖਯੋ ਨ ਭੇਤ॥ ੪੦॥

ਛਿਣ ਭਰ ਵਿਚ ਮੇਰੇ ਸਾਹਮਣੇ ਵੇਖਦਿਆਂ, ਇਹ ਕੁਝ ਕਰ ਦਿੱਤਾ ਹੈ। ਇਹ ਕਰਾਮਾਤ ਹੈ ਜਾਂ ਭਾਰੀ ਜਾਦੂ ਹੈ।" ਇਹ ਸੁਣ ਕੇ ਨੌਰੰਗਾ ਸਾਰੀ ਸਭਾ ਸਮੇਤ ਬਹੁਤ ਹੈਰਾਨ ਹੋਇਆ ਤੇ ਭੇਦ ਨੂੰ ਜਾਣ ਨਾ ਸਕਿਆ॥੪੦॥

ਬਾਦੀ ਮਹਾਂ ਮੁਲਾਨੇ ਮੰਦ। ਕਹਨਿ ਲਗੇ 'ਇਹ ਸਿਹਰ ਬਿਲੰਦ।
ਸ੍ਰੀ ਨਾਨਕ ਕੇ ਘਰ ਮੈਂ ਸਦਾ। ਠਾਨਤਿ ਰਹੇ ਸਿਹਰ ਜਦ ਕਦਾ॥ ੪੧॥

ਮਾੜੀ ਮੱਤ ਵਾਲੇ ਮੁਲਾਣੇ ਬਹੁਤ ਝਗੜਾਲੂ ਸਨ, ਕਹਿਣ ਲੱਗੇ, "ਇਹ ਵੱਡਾ ਜਾਦੂ ਹੈ। ਸ੍ਰੀ ਗੁਰੂ ਨਾਨਕ ਦੇ ਘਰ ਵਿਚ ਸਦਾ ਜਾਦੂ ਰਿਹਾ ਹੈ, ਉਹ ਲੋੜ ਪੈਣ 'ਤੇ ਜਾਦੂ ਧਾਰਨ ਕਰਦੇ ਰਹੇ ਹਨ॥੪੧॥

ਜੇ ਅਬਿ ਖਾਤਿ ਹਮਾਰੋ ਖਾਨਾ। ਅਜ਼ਮਤ ਸਿਹਰ ਹੋਤਿ ਸਭਿ ਹਾਨਾ।
ਖਾਯੋ ਨਹੀਂ, ਕੀਨਿ ਚਤੁਰਾਈ। ਬਚਯੋ ਰਹਯੋ ਨਿਜ ਧਰਮ ਰਖਾਈ' ॥ ੪੨॥

ਜੇ ਹੁਣ ਸਾਡਾ ਖਾਣਾ ਖਾ ਲੈਂਦਾ ਤਾਂ ਅਜ਼ਮਤ ਅਤੇ ਜਾਦੂ ਦਾ ਨਾਸ਼ ਹੋ ਜਾਣਾ ਸੀ। ਉਸ ਨੇ ਖਾਧਾ ਨਹੀਂ, ਚਤੁਰਾਈ ਕੀਤੀ ਹੈ ਤੇ ਆਪਣੇ ਧਰਮ ਨੂੰ ਰੱਖਕੇ ਬਚਿਆ ਰਿਹਾ ਹੈ"॥੪੨॥

ਸੁਨਿ ਨੌਰੰਗ ਕਹਿ 'ਕਜਾ ਅਬਿ ਕਰੈਂ। ਆਵਤਿ ਨਹਿਂ ਫਰੇਬ ਕੇ ਤਰੈ।
ਸਿਹਰ ਕਿ ਅਜਮਤਿ ਬਿਖੈ ਕਮਾਲ। ਚਹਤਿ ਕਰਤਿ ਬਿਨ ਬਿਲਮ ਉਤਾਲ॥੪੩॥

ਇਹ ਸੁਣ ਕੇ ਨੌਰੰਗੇ ਨੇ ਕਿਹਾ, "ਹੁਣ ਕੀ ਕਰੀਏ , ਉਹ ਫਰੇਬ ਦੇ ਥੱਲੇ ਆਉਂਦਾ ਨਹੀਂ ਹੈ। ਜਾਦੂ ਜਾਂ ਅਜਮਤ ਵਿਚ ਕਮਾਲ ਹੈ। ਜੋ ਚਾਹੁੰਦਾ ਹੈ ਕਿਸੇ ਦੇਰ ਬਗੈਰ ਬਹੁਤ ਛੇਤੀ ਕਰ ਦਿੰਦਾ ਹੈ॥੪੩॥

ਰੁਕਜੋ ਨਹੀਂ, ਠਾਨੈਂ ਬਿਧਿ ਕੌਨ। ਅਬਿ ਕਿਸ ਬਿਧਿ ਬਰਤੈਂ ਸੰਗ ਤੌਨ।
ਮਹਾਂ ਮੂਢ ਹਠਧਾਰੀ ਸਰਾ। ਨੰਮ੍ਰਿ ਨ ਹੋਤਿ ਅਜਬ ਅਸ ਕਰਾ॥ ੪੪॥

ਰੁਕਿਆ ਨਹੀ, ਹੁਣ ਕਿਹੜੀ ਵਿਧੀ ਧਾਰਨ ਕਰੀਏ ? ਹੁਣ ਕਿਸ ਵਿਧੀ ਨਾਲ ਉਸ ਨਾਲ ਵਰਤੀਏ ?" ਮਹਾਂ ਮੂਰਖ ਬਾਦਸ਼ਾਹ ਸ਼ਰ੍ਹਾ ਤੇ ਹੱਠ ਨੂੰ ਧਾਰਨ ਕਰਨ ਵਾਲਾ ਹੈ, ਸਨਿੰਮਰ ਨਹੀਂ ਹੁੰਦਾ, ਅਜੀਬ ਤਰ੍ਹਾਂ ਦੀਆਂ ਗੱਲਾਂ ਕਰਦਾ ਹੈ॥੪੪॥

*ਨੌਵੀਂ ਰਾਸ ਦਾ ਉਨਤਾਲੀਵਾਂ ਅਧਿਆਇ ਸਮਾਪਤ ਹੋਇਆ॥੩੯॥*

## ਅਧਿਆਇ ਚਾਲੀਵਾਂ

### ਖੂਹ ਤੇ ਬੈਠਣਾ, ਮੱਕੇ ਤੋਂ ਫਲ

ਦੋਹਰਾ- ਪੁਨ ਨੌਰੰਗ ਵਿਚ ਸਭਾ ਕੇ ਬੋਲਜੋ ਬਿਸਮੈ ਹੋਇ।
'ਅਦਭੁਤ' ਗਤਿ ਕੋ ਕਰਤਿ ਹੈ ਜਾਨੀ ਜਾਇ ਨ ਕੋਇ॥ ੧॥

ਫਿਰ ਨੌਰੰਗਾ ਸਭਾ ਵਿਚ ਹੈਰਾਨ ਹੋ ਕੇ ਬੋਲਿਆ, "ਅਦਭੁੱਤ ਗਤੀ ਨੂੰ ਕਰਦਾ ਹੈ, ਜਿਹੜੀ ਜਾਣੀ ਨਹੀਂ ਜਾਂਦੀ॥੧॥

ਚੌਪਈ- ਜਸ ਜਸ ਕਪਟ ਹਮਹੁੰ ਨੇ ਠਾਨਾ। ਕਰਾਮਾਤ ਤੇ ਸਭਿ ਕਿਛੁ ਜਾਨਾ।
ਤਤਛਿਨ ਸੁਗਮ ਕਰੇ ਦਿਖਰਾਈ। ਅਬਿ ਤਿਸ ਕੋ ਲੇਂ ਨਿਕਟਿ ਬੁਲਾਈ॥੨॥

ਜਿਵੇਂ ਜਿਵੇਂ ਅਸੀਂ ਕਪਟ ਧਾਰਨ ਕੀਤਾ ਹੈ, ਉਹ ਕਰਾਮਾਤ ਨਾਲ ਸਭ ਕੁਝ ਜਾਣ ਲੈਂਦਾ ਹੈ ਤੇ ਤੁਰਤ ਆਸਾਨੀ ਨਾਲ ਕਰ ਕੇ ਵਿਖਾ ਦਿੰਦਾ ਹੈ। ਹੁਣ ਉਸ ਨੂੰ ਆਪਣੇ ਪਾਸ ਹੀ ਬੁਲਾ ਲਈਏ॥੨॥

ਕਰਿ ਸਨਮਾਨ ਸਮੀਪ ਬਿਠਾਵੈਂ। ਹਿਤ ਸੋਂ ਬਾਕਨਿ ਕਹੇਂ ਕਹਾਵੈਂ।
ਠਾਨਹੁੰ ਪਰਖਨਿ ਅਪਰ ਉਪਾਈ। ਕਰਾਮਾਤ ਕੀ ਪੂਰਨਤਾਈ॥ ੩॥

ਸਨਮਾਨ ਕਰਕੇ ਉਸ ਨੂੰ ਪਾਸ ਬਿਠਾਈਏ, ਹਿਤ ਨਾਲ ਬਚਨ ਕਹੀਏ ਅਤੇ ਕਹਾਈਏ। ਪਰਖਣ ਵਾਸਤੇ ਕੋਈ ਹੋਰ ਉਪਾਅ ਧਾਰਨ ਕਰੀਏ ਤੇ ਕਰਾਮਾਤ ਦੀ ਪੂਰਨਤਾਈ ਵੇਖੀਏ॥੩॥

ਮਿਲਤਜੋਂ ਭੀ ਇਸ ਕੋ ਪਤੀਆਵੈਂ। ਨਿਕਟਿ ਆਪਨੇ ਪਿਖਿ ਬਿਸਮਾਵੈਂ।
ਕਰਹਿ ਕੌਨ ਬਿਧਿ ਜੋ ਬਤਲਾਵੈ। ਜਿਸ ਅਸਮੰਜਸ ਹੋਇ, ਜਨਾਵੈ' ॥੪॥

ਮਿਲ ਕੇ ਵੀ ਇਸ ਨੂੰ ਪਰਖੀਏ, ਆਪਣੇ ਪਾਸ ਵੇਖ ਕੇ ਹੈਰਾਨ ਹੋਈਏ। ਜੋ ਤੁਸੀ ਦਸੋਗੇ, ਉਸ ਨੂੰ ਕਿਹੜੀ ਵਿਧੀ ਨਾਲ ਕਰਦਾ ਹੈ, ਜਿਸ ਵਿਚ ਸ੍ਰੀ ਰਾਮਰਾਇ ਨੂੰ ਕਠਿਨਾਈ ਜਾਂ ਘਬਰਾਹਟ ਹੋਵੇ, ਉਹ ਪੁੱਛੋ" ॥੪॥

ਸੁਨਿ ਮੁੱਲਾਂ ਬੋਲਜੋ ਤਿਸ ਕਾਲਾ। 'ਇਕ ਉਪਾਉ ਮੈਂ ਕਹੌਂ ਸੁਖਾਲਾ।
ਕੈ ਤੋ ਅਜ਼ਮਤ ਲਿਹੁ ਪਤੀਆਇ। ਨਾਂਹਿ ਤ ਮਰਿਹੈ ਸੋ ਗਿਰ ਜਾਇ॥ ੫॥

ਇਹ ਸੁਣ ਕੇ ਉਸ ਸਮੇਂ ਮੁੱਲਾਂ ਬੋਲਿਆ, "ਮੈਂ ਇਕ ਸੁਖਾਲਾ ਉਪਾਅ ਕਹਿੰਦਾ ਹਾਂ ਜਾਂ ਤੇ ਅਜ਼ਮਤ ਪਰਖ ਲਵੋ, ਨਹੀਂ ਤਾਂ ਮਰ ਕੇ ਡਿੱਗ ਪਵੇਗਾ॥੫॥

ਸੁੰਦਰ ਕੂਪ ਨਿਕਟਿ ਚਲਿ ਜਈਐ। ਬੈਠਿ ਆਪ ਤਹਿੰ ਸਭਾ ਲਗਈਐ।
ਚਹੁੰਦਿਸ਼ਿ ਬੈਠੇ ਨਰ ਸਮੁਦਾਯਾ। ਇਕ ਸਮ ਫਰਸ਼ ਦੇਹਿੰ ਥਲ ਛਾਯਾ॥ ੬॥

ਸੁੰਦਰ ਖੂਹ ਦੇ ਨੇੜੇ ਚਲੇ ਜਾਈਏ, ਉਥੇ ਬੈਠ ਕੇ ਆਪ ਸਭਾ ਲਗਾਓ। ਚਾਰੇ ਪਾਸੇ ਸਾਰੇ ਮਨੁੱਖ ਬੈਠ ਜਾਣ ਤੇ ਇਕਸਾਰ ਗਲੀਚੇ ਅਤੇ ਕਾਲੀਨ ਵਿਛਾ ਕੇ ਫ਼ਰਸ਼ ਤਿਆਰ ਕਰੋ॥੬॥

ਅਲਖ ਕੂਪ ਕੋ ਥਲ ਕਰਿ ਦੇਹਿਂ। ਜਿਸ ਬਿਧਿ ਆਇ ਸੋ ਨ ਲਖਿ ਲੇਹਿ।
ਸੁੰਦਰ ਚਾਦਰ ਬਿਸਦ ਬਿਸਾਲ। ਛਾਦਹੁ ਸਭਿ ਦਿਸ਼ਿ ਤੇ ਤਿਸ ਨਾਲ॥ ੭॥

ਖੂਹ ਨੂੰ ਸਮਝਿਆ ਨਾ ਜਾ ਸਕੇ, ਉਹ ਧਰਤੀ ਵਾਂਗ ਥਲ ਹੀ ਲੱਗੇ, ਜਿਸ ਵਿਧੀ ਨਾਲ ਆ ਕੇ ਉਹ ਸਮਝ ਨਾ ਸਕੇ, ਸੁੰਦਰ ਚਾਦਰ ਜਿਹੜੀ ਬਹੁਤ ਲੰਮੀ ਚੌੜੀ ਹੋਵੇ, ਉਸ ਨਾਲ ਸਭ ਦਿਸ਼ਾਵਾਂ ਤੋਂ ਢੱਕ ਦੇਵੋ॥੭॥

ਆਵਤਿ ਤਹਾਂ ਦੇਹੁ ਬੈਠਾਇ। ਬਿਨ ਅਜ਼ਮਤ ਗਿਰਿਕੈ ਮਰਿ ਜਾਇ।
ਸ਼ਕਤਿ ਹੋਇ ਤਬਿ ਬੈਠਜੋ ਰਹੈ। ਤਿਸ ਕੋ ਕੁਛ ਅਚਰਜ ਨਹਿਂ ਅਹੈ' ॥ ੮॥

ਜਦ ਆਵੇ ਤਾਂ ਖੂਹ ਉੱਤੇ ਬਿਠਾ ਦੇਵੋ। ਜੇ ਅਜ਼ਮਤ ਤੋਂ ਬਗੈਰ ਹੋਵੇਗਾ ਤਾਂ ਡਿੱਗ ਕੇ ਮਰ ਜਾਵੇਗਾ, ਜੇ ਸ਼ਕਤੀ ਹੋਵੇਗੀ ਤਾਂ ਬੈਠਾ ਰਹੇਗਾ ਤੇ ਉਸ ਨੂੰ ਕੁਝ ਵੀ ਅਸਚਰਜ ਨਹੀਂ ਹੋਵੇਗਾ" ॥੮॥

ਮਹਿਦ ਅਧਰਮੀ ਮੂਢ ਮੁਲਾਨੇ। ਇਮ ਸਲਾਹ ਦੀਨਿਸਿ ਛਲ ਸਾਨੇ।
ਸ਼ਾਹੁ ਕਹੀ 'ਇਹੁ ਨੀਕ ਬਖਾਨੀ। ਦੋਊ ਬਿਧਿ ਮੈਂ ਜਾਇ ਸੁ ਜਾਨੀ' ॥ ੯॥

ਮੂਰਖ ਮੁਲਾਣੇ ਵੱਡੇ ਅਧਰਮੀ ਸਨ, ਇਸ ਤਰ੍ਹਾਂ ਛਲ ਵਾਲੀ ਸਲਾਹ ਦਿੱਤੀ। ਬਾਦਸ਼ਾਹ ਨੇ ਕਿਹਾ, "ਇਹ ਚੰਗਾ ਕਿਹਾ ਹੈ, ਦੋਵਾਂ ਵਿਧੀਆਂ ਨਾਲ ਇਹ ਜਾਣੀ ਜਾ ਸਕੇਗੀ" ॥੯॥

ਮਹਾਂ ਕ੍ਰੂਰ ਨੌਰੰਗ ਦੁਰਮਤੀ। ਹੇਤੁ ਪਰਖਿਬੇ ਪੁਨ ਅਜ਼ਮਤੀ।
ਨਿਕਟਿ ਕੂਪ ਕੇ ਸਭਾ ਲਗਾਈ। ਇਕ ਸਮ ਫਰਸ਼ ਕੀਨਿ ਚਹੁੰਘਾਈ॥ ੧੦॥

ਭੈੜੀ ਮੱਤ ਵਾਲਾ ਨੌਰੰਗਾ ਮਹਾਨ ਨਿਰਦਈ ਅਤੇ ਜ਼ਾਲਮ ਸੀ। ਅਜ਼ਮਤ ਨੂੰ ਪਰਖਣ ਵਾਸਤੇ ਫਿਰ ਉਸ ਖੂਹ ਦੇ ਲਾਗੇ ਸਭਾ ਲਾਈ। ਚਾਰੇ ਇਕੋ ਜੇਹੀਆਂ ਚਾਦਰਾਂ ਵਿਛਾ ਕੇ ਇਕੋ ਜਿਹਾ ਫ਼ਰਸ਼ ਤਿਆਰ ਕਰਵਾ ਲਿਆ॥੧੦॥

ਛਾਦਜੋ ਕੂਪ ਕਰੇ ਚਤੁਰਾਈ। ਊਪਰ ਚੌਕੀ ਮਸੋਂ ਟਿਕਾਈ।
ਚਰਨ ਧਰੈ ਜਬਿ ਊਪਰ ਆਇ। ਇਕ ਹੀ ਬਾਰ ਤਰੈ ਗਿਰ ਜਾਇ॥ ੧੧॥

ਬੜੀ ਚਤੁਰਾਈ ਨਾਲ ਖੂਹ ਨੂੰ ਢੱਕ ਲਿਆ, ਉਪਰ ਇਕ ਚੌਕੀ ਇਸ ਤਰ੍ਹਾਂ ਟਿਕਾਈ ਕਿ ਉਸ ਦੇ ਉਤੇ ਚਰਨ ਧਰ ਕੇ ਜਿਹੜਾ ਉਪਰ ਆਵੇ, ਇਕੋ ਵਾਰ ਖੂਹ ਵਿਚ ਡਿੱਗ ਪਵੇ॥੧੧॥

ਸ਼ੇਖ ਮੁਲਾਨੇ ਕਾਜ਼ੀ ਘਨੇ। ਅਕਲ ਬਤਾਵਹਿਂ ਜੋ ਕੁਛ ਸੁਨੇ।
ਉਰ ਨੌਰੰਗ ਕੇ ਹਰਖ ਉਪਾਵਤਿ। ਸਨਮਾਨਤਿ ਹਸਿ ਮੁਖ ਦਿਖਰਾਵਤਿ॥੧੨॥

ਉਥੇ ਸ਼ੇਖ, ਮੁਲਾਣੇ ਤੇ ਬਹੁਤ ਸਾਰੇ ਕਾਜ਼ੀ ਬੈਠੇ ਸਨ। ਉਹ ਅਕਲ ਦੱਸਦੇ ਸਨ, ਜਿਹੜਾ ਬਾਦਸ਼ਾਹ ਸੁਣਦਾ ਸੀ। ਨੌਰੰਗੇ ਦੇ ਹਿਰਦੇ ਵਿਚ ਖ਼ੁਸ਼ੀ ਉਤਪੰਨ ਕਰਦੇ ਸਨ। ਸਨਮਾਨ ਕਰਕੇ ਹੱਸ ਕੇ ਮੁੱਖ ਵਿਖਾਉਂਦੇ ਸਨ॥੧੨॥

ਬਨਿ ਬਨਿ ਬੈਠਹਿਂ ਸਭਾ ਮਝਾਰੇ। ਕੌਤਕ ਦੇਖਨਿ ਚਹਤਿ ਉਦਾਰੇ।
ਠਾਂਢੇ ਸੂਬੇ ਅਰੁ ਉਮਰਾਵ। ਸ਼ਰ੍ਹਾ ਬੀਚ ਜੇ ਦਿਢ ਉਲਮਾਵ॥ ੧੩॥

ਉਹ ਸਭਾ ਵਿਚ ਬਣ ਬਣ ਕੇ ਬੈਠਦੇ ਸਨ ਤੇ ਉੱਤਮ ਕੌਤਕ ਵੇਖਣਾ ਚਾਹੁੰਦੇ ਸਨ। ਸੂਬੇ ਅਤੇ ਉਮਰਾਵ ਖੜੇ ਸਨ, ਸ਼ਰ੍ਹਾ ਵਿਚ ਵਿਦਵਾਨ ਦ੍ਰਿੜ੍ਹ ਸਨ॥੧੩॥

ਪਠਜੋ ਬੁਲਾਵਨਿ ਕੋ ਨਿਜ ਦੂਤ। ਆਯੋ ਜਹਿਂ ਬੈਠਜੋ ਗੁਰ ਪੂਤ।
ਹਾਥ ਜੋਰਿ ਕੈ ਕਹਜੋ ਸੁਨਾਈ। 'ਸਿਮਰਜੋ ਸ਼ਾਹੁ ਤੁਮਾਰੇ ਤਾਈਂ॥ ੧੪॥

ਆਪਣੇ ਨਿਜੀ ਦੂਤ ਨੂੰ ਸ੍ਰੀ ਰਾਮਰਾਇ ਨੂੰ ਬੁਲਾਉਣ ਵਾਸਤੇ ਭੇਜਿਆ। ਉਹ ਉਥੇ ਆਇਆ ਜਿਥੇ ਗੁਰੂ ਜੀ ਦਾ ਪੁੱਤਰ ਬੈਠਾ ਹੋਇਆ ਸੀ। ਹੱਥ ਜੋੜ ਕੇ ਕਹਿ ਕੇ ਸੁਣਾਇਆ, "ਬਾਦਸ਼ਾਹ ਨੇ ਆਪ ਜੀ ਨੂੰ ਯਾਦ ਕੀਤਾ ਹੈ॥੧੪॥

ਚਲਹੁ ਆਪ ਦਰਸ਼ਨ ਕਹੁ ਦੇਹੋ। ਸਭਾ ਸਹਿਤ ਤੁਮ ਤਿਸ ਪਿਖਿ ਲੇਹੋ।
ਸੁਨਿ ਸ੍ਰੀ ਰਾਮਰਾਇ ਹੁਇ ਤਜਾਰੀ। ਗਮਨਿ ਕੀਨਿ ਅਜ਼ਮਤ ਜੁਤਿ ਭਾਰੀ॥੧੫॥

ਉਥੇ ਚਲ ਕੇ ਆਪਣੇ ਦਰਸ਼ਨ ਦੇਵੋ, ਸਭਾ ਸਹਿਤ ਤੁਸੀਂ ਉਸਨੂੰ ਵੇਖ ਲਵੋ।" ਇਹ ਸੁਣ ਕੇ ਰਾਮਰਾਇ ਤਿਆਰ ਹੋ ਗਿਆ, ਭਾਰੀ ਅਜ਼ਮਤ ਸਹਿਤ ਉਹ ਚਲਾ ਗਿਆ॥੧੫॥

ਜੋ ਗੁਰਦਾਸ ਆਦਿ ਸਿਖ ਸਾਥ। ਗਏ ਸੰਗ ਜਹਿਂ ਦਿੱਲੀ ਨਾਥ।
ਸਨਮਾਨਤਿ ਅੰਤਰ ਪ੍ਰਵਿਸ਼ਾਏ। ਦੌਰਿ ਦੌਰਿ ਨਰ ਪਿਖਿ ਬਿਸਮਾਏ॥ ੧੬॥

ਜੋ ਗੁਰਦਾਸ ਆਦਿ ਸਿੱਖ ਨਾਲ ਸਨ, ਉਹ ਵੀ ਨਾਲ ਗਏ, ਜਿਥੇ ਦਿੱਲੀ ਦਾ ਬਾਦਸ਼ਾਹ ਬੈਠਾ ਸੀ। ਬੜੇ ਸਨਮਾਨ ਨਾਲ ਅੰਦਰ ਦਾਖ਼ਲ ਕਰਵਾਏ, ਦੌੜ ਦੌੜ ਕੇ ਦਰਬਾਰੀ ਵੇਖ ਕੇ ਹੈਰਾਨ ਹੋਏ॥੧੬॥

ਪਸਰਜੋ ਸੁਜਸੁ ਸਕਲ ਪੁਰਿ ਮਾਂਹੀ। ਦੇਖਿ ਦੇਖਿ ਕਹਿਂ ਨਮੋ ਸਰਾਹੀਂ।
ਇਸ ਬਿਧਿ ਪਹੁੰਚੇ ਸਭਾ ਪ੍ਰਵੇਸ਼ੇ। ਸੁੰਦਰ ਬਦਨ ਸਰੂਪ ਵਿਸ਼ੇਸ਼ੇ॥ ੧੭॥

ਸਾਰੇ ਨਗਰ ਵਿਚ ਸ੍ਰੇਸ਼ਟ ਜਸ ਪਸਰਿਆ ਹੋਇਆ ਸੀ। ਵੇਖ-ਵੇਖ ਕੇ ਨਮਸਕਾਰ ਕਰਕੇ ਸ਼ਲਾਘਾ ਕਰਦੇ ਸਨ। ਇਸ ਵਿਧੀ ਨਾਲ ਸਭਾ ਦੇ ਵਿਚ ਪ੍ਰਵੇਸ਼ ਕਰ ਗਏ। ਸੁੰਦਰ ਮੁਖੜਾ ਸੀ ਤੇ ਵਿਸ਼ੇਸ਼ ਸਰੂਪ ਸੀ॥੧੭॥

ਤਬਿ ਇਕ ਨਰ ਤਿਹ ਹੋਇ ਅਗਾਊ। ਲੇ ਚੌਂਕੀ ਦਿਸ਼ਿ ਕੋ ਪਹੁੰਚਾਊ॥
ਤਹਾਂ ਮੋਮ ਦਿਲ ਜੇਤਿਕ ਅਹੇ। ਗਿਰਹਿ ਕੂਪ ਮੈਂ ਤ੍ਰਾਸਤਿ ਲਹੇ॥ ੧੮॥

ਤਦ ਇਕ ਮਨੁੱਖ ਅੱਗੇ ਆਇਆ, ਨਾਲ ਲੈ ਕੇ ਚੌਂਕੀ ਵਾਲੇ ਪਾਸੇ ਪਹੁੰਚਾਇਆ। ਉਥੇ ਜਿੰਨੇ ਵੀ ਨਰਮ ਦਿਲ ਸਨ, ਉਹ ਡਰ ਗਏ ਕਿ ਖੂਹ ਵਿਚ ਡਿੱਗ ਪਵੇਗਾ॥੧੮॥

ਲਖਿ ਸ੍ਰੀ ਰਾਮਰਾਇ ਖੁਟਿਆਈ। ਤੁਰਕ ਸਭਾ ਹਿੰਦੂਨਿ ਦੁਖਦਾਈ।
ਮੂਰਖ ਅਜ਼ਮਤ ਕੋ ਪਤਿਆਵਤਿ। ਨਹਿਂ ਪਰਲੋਕ ਭੇਵ ਕੋ ਪਾਵਤਿ॥ ੧੯॥

ਸ੍ਰੀ ਰਾਮਰਾਇ ਨੇ ਖੁਟਿਆਈ ਸਮਝ ਲਈ, ਤੁਰਕਾਂ ਦੀ ਸਭਾ ਹਿੰਦੂਆਂ ਵਾਸਤੇ ਦੁਖਦਾਈ ਹੈ। ਮੂਰਖ ਅਜ਼ਮਤ ਨੂੰ ਪਰਖਦੇ ਸਨ ਤੇ ਪਰਲੋਕ ਦੇ ਭੇਦ ਨੂੰ ਨਹੀਂ ਸੀ ਸਮਝਦੇ॥੧੯॥

'ਵਾਹਿਗੁਰੂ' ਕਹਿ ਚਰਨ ਉਠਾਵਾ। ਤਿਸ ਚੌਂਕੀ ਪਰ ਤੁਰਤ ਟਿਕਾਵਾ।
ਦੋਨਹੁਂ ਪਗ ਧਰਿ ਨਿਸ਼ਚਲ ਬੈਸਾ। ਮਨਹੁਂ ਅਵਿਨਿ ਪਰ ਟਿਕਿਗਾ ਤੈਸਾ ॥੨੦॥

ਸ੍ਰੀ ਰਾਮਰਾਇ ਨੇ 'ਵਾਹਿਗੁਰੂ' ਕਹਿ ਚਰਨ ਉਠਾਇਆ ਤੇ ਉਸ ਚੌਂਕੀ ਉੱਤੇ ਤੁਰਤ ਟਿਕਾ ਦਿੱਤਾ। ਦੋਵੇਂ ਪੈਰ ਧਰ ਕੇ ਨਿਸਚਲ ਹੋ ਕੇ ਬੈਠ ਗਿਆ ਮਾਨੋਂ ਧਰਤੀ ਉੱਤੇ ਟਿਕਿਆ ਹੋਵੇ॥੨੦॥

ਦੇਖਤਿ ਹੀ ਨੌਰੰਗ ਬਿਸਮਾਵਾ। ਅਨਾਲੰਬ ਲਖਿ ਸੀਸ ਝੁਕਾਵਾ।
'ਰਾਮਦਾਸ ਕੇ ਆਵਹੁ ਭਲੇ। ਆਛੀ ਬਾਤ ਕਰੀ ਤੁਮ ਮਿਲੇ' ॥ ੨੧॥

ਇਹ ਵੇਖਦਿਆਂ ਹੀ ਨੌਰੰਗਾ ਬਹੁਤ ਹੈਰਾਨ ਹੋਇਆ, ਆਸਰੇ ਬਿਨਾਂ ਵੇਖ ਕੇ ਸਿਰ ਝੁਕਾਇਆ। "ਸ੍ਰੀ ਰਾਮਦਾਸ ਦੀ ਅੰਸ਼ ਜੀ ! ਤੁਸੀਂ ਭਲੇ ਆਏ ਹੋ, ਤੁਸੀਂ ਬੜਾ ਚੰਗਾ ਕੀਤਾ ਹੈ, ਸਾਨੂੰ ਮਿਲੇ ਹੋ" ॥੨੧॥

ਕੁਸ਼ਲ ਪਰਸਪਰ ਬੂਝਨਿ ਕੀਨਿ। ਗੁਰ ਸਪੂਤ ਪਿਖਿ ਪ੍ਰੇਮ ਨਵੀਨ।
ਅਤਿ ਪ੍ਰਸੰਨ ਨਵਰੰਗ ਤਬਿ ਭਯੋ। ਨਿਕਟਿ ਰਾਖਬੇ ਕੋ ਮਤਿ ਠਯੋ ॥ ੨੨॥

ਆਪਸ ਵਿਚ ਇਕ ਦੂਸਰੇ ਨੂੰ ਸੁਖਸਾਂਦ ਪੁੱਛੀ। ਗੁਰੂ ਪੁੱਤਰ ਦਾ ਨਵੀਨ ਪਿਆਰ ਵੇਖ ਕੇ ਨੌਰੰਗਾ ਬਹੁਤ ਪ੍ਰਸੰਨ ਹੋਇਆ ਤੇ ਆਪਣੇ ਪਾਸ ਰੱਖਣ ਦਾ ਮੱਤ ਧਾਰਨ ਕੀਤਾ॥੨੨॥

ਸ਼ਕਤਿਵੰਤ ਇਹੁ ਲਖੇ ਮਹਾਨੇ। ਅਪਰ ਨ ਜਾਨੋਂ ਇਨਹੁ ਸਮਾਨੇ।
ਮੋਹਿ ਕਾਜ ਮਹਿਂ ਆਵਹਿ ਤਹਾਂ। ਪਹੁਂਚ ਨ ਕਿਸ ਕੀ ਬਿਖਮ ਜੁ ਮਹਾਂ ॥੨੩॥

ਇਹ ਮਹਾਨ ਸ਼ਕਤੀਸ਼ਾਲੀ ਜਾਪਦੇ ਹਨ। ਇਨ੍ਹਾਂ ਵਰਗਾ ਮੈਂ ਹੋਰ ਕਿਸੇ ਨੂੰ ਜਾਣਦਾ ਨਹੀਂ। ਉਥੇ ਮੇਰੇ ਕੰਮ ਆਉਣਗੇ, ਜਿਥੇ ਦੂਸਰੇ ਵਾਸਤੇ ਪਹੁੰਚਣਾ ਬਹੁਤ ਮੁਸ਼ਕਲ ਹੈ॥੨੩॥

ਜਿਮ ਉਰ ਚਹੋਂ ਲਹੋਂ ਮੈਂ ਤਥਾ। ਰਾਖਹੁਂ ਇਨ ਕੋ ਹਰਖਹਿਂ ਜਥਾ।
ਪੁਰਖ ਨ ਐਸੋ ਕਿਹ ਥਲ ਪਾਵੈ। ਅਜ਼ਮਤ ਸੋਂ ਜਿਮ ਚਹੈ ਬਨਾਵੈ ॥ ੨੪॥

ਜਿਵੇਂ ਹਿਰਦੇ ਵਿਚ ਚਾਹਾਂਗਾ, ਉਸ ਤਰ੍ਹਾਂ ਹੀ ਪ੍ਰਾਪਤ ਕਰਾਂਗਾ। ਸਦਾ ਇਨ੍ਹਾਂ ਨੂੰ ਪ੍ਰਸੰਨ ਰੱਖਾਂਗਾ। ਅਜਿਹਾ ਪੁਰਖ ਕਿਸੇ ਥਾਂ ਵੀ ਨਹੀਂ ਮਿਲ ਸਕਦਾ। ਕਰਾਮਾਤ ਨਾਲ ਜਿਵੇਂ ਚਾਹੁੰਦੇ ਹਨ, ਬਣਾ ਲੈਂਦੇ ਹਨ॥੨੪॥

ਨਿਸ ਮਹਿਂ ਅਜ ਭੱਖਜਨਿ ਕਰਿ ਲੀਨਾ। ਪ੍ਰਾਤਿ ਹੋਤਿ ਜੀਵਾਵਨਿ ਕੀਨਾ।
ਅਬਿਹ ਕੂਪ ਪਰ ਬੈਠਯੋ ਐਸੇ। ਨਿਸ਼ਚਲ ਭਯੋ ਪ੍ਰਿਥੀ ਪਰ ਜੈਸੇ ॥ ੨੫॥

ਰਾਤ ਸਮੇਂ ਬਕਰਾ ਖਾ ਲਿਆ, ਸਵੇਰ ਹੁੰਦਿਆਂ ਹੀ ਉਸ ਨੂੰ ਜੀਵਤ ਕਰ ਦਿੱਤਾ। ਹੁਣ ਖੂਹ ਉੱਤੇ ਇਸ ਤਰ੍ਹਾਂ ਬੈਠਾ ਹੈ, ਜਿਵੇਂ ਧਰਤੀ 'ਤੇ ਨਿਸਚਲ ਹੋ ਕੇ ਬੈਠਿਆ ਹੋਵੇ॥੨੫॥

ਚਤੁਰ ਘਟੀ ਬੈਠਯੋ ਤਹਿਂ ਰਹਯੋ। ਜੋ ਬੂਝਯੋ ਸੋ ਉੱਤਰ ਕਹਯੋ।
ਦ੍ਵੈਖੀ ਜਰ ਬਰ ਹੋਏ ਛਾਰ। ਨਹਿਂ ਹਰਖੇ ਮਤਿਮੰਦ ਗਵਾਰ॥ ੨੬॥

ਚਾਰ ਘੜੀਆਂ ਉਥੇ ਬੈਠਿਆ ਰਿਹਾ, ਜੋ ਪੁੱਛਿਆ ਉਸਦਾ ਉੱਤਰ ਦਿੱਤਾ। ਈਰਖਾਲੂ ਸੜ ਬਲ ਕੇ ਸਵਾਹ ਹੋ ਗਏ, ਮਾੜੀ ਮੱਤ ਵਾਲੇ ਗਵਾਰ ਪ੍ਰਸੰਨ ਨਹੀਂ ਸੀ ਹੁੰਦੇ॥੨੬॥

ਸਭਾ ਜੀਤ ਅਜ਼ਮਤ ਕੇ ਸਾਥ। ਬਿਸਮਾਵਨਿ ਕਰਿ ਦਿੱਲੀਨਾਥ।
ਸਹਿਜ ਸੁਭਾਇਕ ਉਠਿ ਕਰਿ ਆਏ। ਆਨਿ ਆਪਨੇ ਥਾਨ ਸੁਹਾਏ ॥ ੨੭॥

ਆਪਣੀ ਅਜ਼ਮਤ ਨਾਲ ਸਭਾ ਨੂੰ ਜਿੱਤ ਕੇ ਅਤੇ ਦਿੱਲੀ ਦੇ ਬਾਦਸ਼ਾਹ ਨੂੰ ਹੈਰਾਨ ਕਰਕੇ ਸਹਿਜ ਸੁਭਾਅ ਉੱਠ ਕੇ ਆ ਗਿਆ ਤੇ ਆਪਣੇ ਸਥਾਨ 'ਤੇ ਆ ਕੇ ਸ਼ੋਭਾ ਪਾਈ॥੨੭॥

ਤਿਸ ਦਿਨੁ ਤੇ ਕਰਿ ਰੋਜ਼ ਬਡੇਰੇ। ਬਹੁ ਧਨ ਨਿਤ ਪਹੁਚਾਵਤਿ ਡੇਰੇ।
ਪੁਰਿ ਸਗਰੇ ਮਹਿਂ ਕੀਰਤਿ ਮਹਾਂ। ਬਾਤੈਂ ਕਰਤਿ ਮਿਲੇ ਜਹਿਂ ਕਹਾਂ॥ ੨੮॥

ਉਸ ਦਿਨ ਤੋਂ ਵੱਡੇ ਲੋਕ ਰੋਜ਼ ਡੇਰੇ ਵਿਚ ਬਹੁਤ ਧਨ ਪਹੁੰਚਾਉਂਦੇ ਸਨ। ਸਾਰੇ ਨਗਰ ਵਿਚ ਵੱਡੀ ਕੀਰਤੀ ਹੋਈ। ਜਿਥੇ ਕਿਥੇ ਲੋਕ ਆਪਸ ਵਿਚ ਮਿਲਦੇ ਸਨ ਤਾਂ ਗੱਲਾਂ ਕਰਦੇ ਸਨ॥੨੮॥

'ਗੁਰ ਸੁਤ ਆਯੋ ਸ਼ਾਹੁ ਬੁਲਾਵਾ। ਅਜ ਭੱਖਜਨਿ ਕਰਿ ਪੁਨ ਜੀਵਾਵਾ।
ਪੁਨਹਿ ਕੂਪ ਪਰ ਚਾਦਰ ਡਾਰੇ। ਤਿਸ ਪਰ ਬੈਠੇ ਰਹੇ ਸੁਖਾਰੇ'॥ ੨੯॥

'ਗੁਰੂ ਜੀ ਦਾ ਪੁੱਤਰ ਆਇਆ ਹੈ, ਬਾਦਸ਼ਾਹ ਨੇ ਬੁਲਾਇਆ ਹੈ। ਬਕਰਾ ਖਾ ਕੇ ਫਿਰ ਜੀਉਂਦਾ ਕਰ ਦਿੱਤਾ ਹੈ। ਫਿਰ ਖੂਹ ਦੇ ਉੱਤੇ ਚਾਦਰ ਪਾ ਦਿੱਤੀ। ਉਸ ਉਤੇ ਆਰਾਮ ਨਾਲ ਬੈਠਾ ਰਿਹਾ ਹੈ'॥੨੯॥

ਦਰਸ਼ਨ ਕਹੁ ਆਵਤਿ ਸਭਿ ਕੋਈ। ਧਰਹਿਂ ਉਪਾਇਨ ਨਿੰਮ੍ਰਿ ਸੁ ਹੋਈ।
ਸੁਨਿ ਸੁਨਿ ਨਰ ਪਹੁੰਚਹਿਂ ਉਤਲਾਵਤਿ। ਸਤਿਗੁਰ ਸੁਤ ਕੋ ਦਰਸ਼ਨ ਪਾਵਤਿ॥੩੦॥

ਸਾਰੇ ਹੀ ਦਰਸ਼ਨ ਕਰਨ ਵਾਸਤੇ ਆਉਂਦੇ ਸਨ ਤੇ ਨਿਮਰ ਹੋ ਕੇ ਉਪਹਾਰ ਧਰਦੇ ਸਨ। ਸੁਣ ਸੁਣ ਕੇ ਮਨੁੱਖ ਬੜੇ ਉਤਾਵਲੇ ਹੋ ਕੇ ਪਹੁੰਚਦੇ ਸਨ ਤੇ ਸਤਿਗੁਰੂ ਜੀ ਦੇ ਪੁੱਤਰ ਦੇ ਦਰਸ਼ਨ ਕਰਦੇ ਸਨ॥੩੦॥

ਬਸਤ੍ਰ ਦਰਬ ਭੂਖਨ ਧਨ ਘਨੋ। ਆਇ ਆਇ ਅਰਪਹਿਂ ਹਿਤ ਸਨੋ।
ਪਸਰਜੋ ਸੁਜਸੁ ਸਕਲ ਪੁਰਿ ਬੀਚ। ਦਰਸ਼ਨ ਕਰਹਿਂ ਊਚ ਅਰੁ ਨੀਚ॥ ੩੧॥

ਕਪੜੇ, ਧਨ, ਗਹਿਣੇ ਆ ਆ ਕੇ ਅਰਪਣ ਕਰਦੇ ਸਨ ਤੇ ਬੇਨਤੀ ਕਰਦੇ ਸਨ ਕਿ ਸਾਡੇ ਸਹਾਇਕ ਬਣੋ। ਸਾਰੇ ਨਗਰ ਵਿਚ ਸ੍ਰੇਸ਼ਟ ਜਸ ਫੈਲ ਗਿਆ। ਅਮੀਰ ਗ਼ਰੀਬ ਸਾਰੇ ਦਰਸ਼ਨ ਕਰਦੇ ਸਨ॥੩੧॥

ਬਡੀ ਭੀਰ ਹੁਣਿ ਲੋਕਨਿ ਕੇਰੀ। ਬੰਦਨ ਕਰਹਿਂ ਚਾਹ ਸੋਂ ਹੇਰੀ।
ਇਸ ਪ੍ਰਕਾਰ ਰਹਿਬੇ ਪੁਰਿ ਲਾਗੇ। ਸਿਖ ਸੰਗਤਿ ਦਰਸਹਿਂ ਅਨੁਰਾਗੇ॥ ੩੨॥

ਹੁਣ ਲੋਕਾਂ ਦੀ ਵੱਡੀ ਭੀੜ ਲੱਗੀ ਰਹਿੰਦੀ ਸੀ। ਬੰਦਨਾਂ ਕਰਦੇ ਸਨ ਤੇ ਬੜੇ ਚਾਅ ਨਾਲ ਵੇਖਦੇ ਸਨ। ਇਸ ਤਰ੍ਹਾਂ ਨਗਰ ਦੇ ਨੇੜੇ ਰਹਿੰਦੇ ਸਨ। ਸਿੱਖ ਸੰਗਤ ਬੜੇ ਪਿਆਰ ਨਾਲ ਦਰਸ਼ਨ ਕਰਦੀ ਸੀ॥੩੨॥

ਨੌਰੰਗ ਸ਼ਾਹਿ ਜਬੈ ਬੁਲਵਾਵੈ। ਬੈਠਿ ਪਾਲਕੀ ਅੰਤਰ ਆਵੈਂ।
ਹਰਖਤਿ ਕਰੈਂ ਪਰਸਪਰ ਬਾਤ। ਕਿਤਿਕ ਦੇਰ ਟਿਕਿ ਡੇਰੇ ਜਾਤਿ॥ ੩੩॥

ਬਾਦਸ਼ਾਹ ਨੌਰੰਗਾ ਜਦ ਵੀ ਬੁਲਾਉਂਦਾ ਸੀ ਤਾਂ ਪਾਲਕੀ ਵਿਚ ਬੈਠ ਕੇ ਅੰਦਰ ਆਉਂਦਾ ਸੀ। ਪ੍ਰਸੰਨ ਹੋ ਕੇ ਆਪਸ ਵਿਚ ਗੱਲਾਂ ਕਰਦੇ ਸਨ ਤੇ ਕਾਫ਼ੀ ਦੇਰ ਠਹਿਰ ਕੇ ਫਿਰ ਡੇਰੇ ਜਾਂਦਾ ਸੀ॥੩੩॥

ਏਕ ਦਿਵਸ ਅੰਤਰ ਚਲਿ ਗਯੋ। ਬਚਨ ਬਿਲਾਸ ਅਧਿਕ ਹੀ ਭਯੋ।
ਤਿਹ ਛਿਨ 'ਇਕ ਮੱਕੇ ਤੇ ਹਾਜੀ। ਆਯੋ ਪੁਰਿ' ਸੁਧ ਦੀਨਸਿ ਕਾਜ਼ੀ॥ ੩੪॥

ਇਕ ਦਿਨ ਅੰਦਰ ਚਲ ਕੇ ਗਿਆ, ਬਾਦਸ਼ਾਹ ਨਾਲ ਬਹੁਤ ਬਚਨ ਬਿਲਾਸ ਹੋਇਆ। ਉਸ ਸਮੇਂ ਨਗਰ ਵਿਚ ਇਕ ਮੱਕੇ ਤੋਂ ਹਾਜੀ ਆਇਆ। ਉਸ ਨੇ ਆ ਕੇ ਕਾਜ਼ੀ ਨੂੰ ਖ਼ਬਰ ਦਿੱਤੀ॥੩੪॥

ਸੋ ਅਪਨੇ ਤਬਿ ਨਿਕਟਿ ਬੁਲਾਵਾ। ਤਹਿੰ ਕੇ ਫਲ ਕੁਛ ਲੇ ਕਰਿ ਆਵਾ।
ਬੂਝਿ ਤਹਾਂ ਕੀ ਸੁਧ ਸਭਿ ਆਛੇ। ਫਲਨਿ ਸਰਾਹਤਿ ਭਾ ਹਿਤ ਬਾਂਛੇ ॥ ੩੫ ॥

ਉਸ ਹਾਜੀ ਨੂੰ ਆਪਣੇ ਪਾਸ ਬੁਲਾਇਆ। ਉਹ ਹਾਜੀ ਮੱਕੇ ਦੇ ਕੁਝ ਫਲ ਲੈ ਕੇ ਆਇਆ ਸੀ। ਉਸ ਸਥਾਨ ਦੀ ਸਾਰੀ ਖ਼ਬਰ ਸਾਰ ਪੁੱਛ ਕੇ, ਫਲਾਂ ਦੀ ਆਪਣੀ ਇੱਛਾ ਅਨੁਸਾਰ ਸ਼ਲਾਘਾ ਕੀਤੀ॥੩੫॥

ਤਬਿ ਸ੍ਰੀ ਰਾਮਰਾਇ ਸੋਂ ਕਹ੍ਯੋ। 'ਇਨ ਫਲ ਸਮ ਨ ਅਪਰ ਫਲ ਲਹ੍ਯੋ।
ਤੁਮ ਭੀ ਪਹੁਚਿ ਸਕਹੁ ਕੈ ਨਾਂਹੀ। ਬਿਨਾ ਪਹੁੰਚਿ ਅਸ ਫਲ ਕਿਮ ਖਾਹੀ ॥ ੩੬ ॥

ਔਰੰਗਜ਼ੇਬ ਨੇ ਤਦ ਰਾਮਰਾਇ ਨੂੰ ਕਿਹਾ, "ਇਨ੍ਹਾਂ ਫਲਾਂ ਵਰਗਾ ਕੋਈ ਹੋਰ ਫਲ ਨਹੀਂ ਵੇਖਿਆ ਹੈ। ਤੁਸੀਂ ਵੀ ਉਥੇ ਪਹੁੰਚ ਸਕੋਗੇ ਕਿ ਨਹੀਂ। ਬਿਨਾਂ ਪਹੁੰਚਣ ਤੋਂ ਐਸੇ ਫਲ ਕਿਵੇਂ ਖਾਵੋਗੇ ? ॥੩੬॥

ਪੈਕੰਬਰ ਕੀ ਅਜ਼ਮਤ ਤਹਾਂ। ਹਿੰਦੂ ਪਹੁੰਚਿ ਸਕਹਿ ਨਹਿੰ ਜਹਾਂ।
ਫਲ ਮਧੁਰੇ ਜਿਨ ਸ੍ਵਾਦ ਬਿਸਾਲੇ। ਅਪਰ ਨ ਮਹਿ ਮਹਿੰ ਬਹੁ ਹਮ ਭਾਲੇ ॥ ੩੭ ॥

ਪੈਗੰਬਰ ਦੀ ਉਥੇ ਬੜੀ ਕਰਾਮਾਤ ਹੈ, ਜਿੱਥੇ ਕੋਈ ਵੀ ਹਿੰਦੂ ਪਹੁੰਚ ਨਹੀਂ ਸਕਦਾ। ਫਲ ਮਿੱਠੇ ਤੇ ਬੜੇ ਸਵਾਦੀ ਹਨ, ਧਰਤੀ ਦੇ ਹੋਰ ਕਿਸੇ ਸਥਾਨ 'ਤੇ ਵੀ ਨਹੀਂ ਮਿਲੇ ਹਨ, ਮੈਂ ਬਹੁਤ ਲੱਭੇ ਹਨ॥੩੭॥

ਜੇਕਰਿ ਤਹਾਂ ਰਸੀਦ ਤੁਮਾਰੀ। ਨਹਿੰ ਅਟਕਹੁ ਕਿਸ ਤੇ ਬਲ ਭਾਰੀ।
ਤੌ ਤੁਮ ਤਹਿੰ ਕੇ ਫਲ ਮੰਗਵਾਵਹੁ। ਕਰਹਿੰ ਪ੍ਰਤੀਤ ਅਬਹਿ ਦਿਖਰਾਵਹੁ ॥ ੩੮ ॥

ਜੇ ਤੁਹਾਡੀ ਉਥੇ ਪਹੁੰਚ ਹੈ, ਭਾਰੀ ਸ਼ਕਤੀ ਹੋਣ ਕਰਕੇ ਕਿਸੇ ਪਾਸੋਂ ਵੀ ਰੋਕੇ ਨਹੀਂ ਜਾਵੋਗੇ ਤਾਂ ਤੁਹਾਡੇ ਪਾਸੋਂ ਇਹ ਫਲ ਮੰਗਵਾਵਾਂ। ਅਸੀਂ ਪ੍ਰਤੀਤ ਕਰੀਏ ਜੇਕਰ ਹੁਣ ਮੰਗਵਾ ਦੇਵੋ॥੩੮॥

ਪੈਕੰਬਰ ਜੇ ਮਾਨਹਿੰ ਆਨ। ਤੌ ਪ੍ਰਾਪਤਿ ਹੁਇੰ ਤੁਮਰੇ ਪਾਨ'।
ਬੋਲ੍ਯੋ ਸਤਿਗੁਰ ਸੁਤ 'ਸੁਨਿ ਬਾਤ। ਸ੍ਰੀ ਨਾਨਕ ਭੇ ਜਗ ਬੱਖ੍ਯਾਤ ॥ ੩੯ ॥

ਜੇ ਪੈਗੰਬਰ ਤੁਹਾਡੀ ਆਨ ਨੂੰ ਮੰਨਦਾ ਹੈ ਤਾਂ ਤੁਹਾਡੇ ਹੱਥੋਂ ਪ੍ਰਾਪਤ ਹੋ ਜਾਣਗੇ।" ਸਤਿਗੁਰੂ ਜੀ ਦਾ ਪੁੱਤਰ ਬੋਲਿਆ, "ਮੇਰੀ ਗੱਲ ਸੁਣੋ, ਸ੍ਰੀ ਗੁਰੂ ਨਾਨਕ ਦੇਵ ਜੀ ਜਗਤ ਵਿਚ ਪ੍ਰਸਿੱਧ ਹੋਏ ਹਨ॥੩੯॥

ਦੁਇ ਸੇਵਕ ਅਪਨੇ ਸੰਗ ਲੀਨਿ। ਮੱਕੇ ਸਥਲ ਪਹੁੰਚਿਬੋ ਕੀਨਿ।
ਕਰਾਮਾਤ ਜੋ ਤਹਾਂ ਦਿਖਾਈ। ਸੋ ਸਗਰੇ ਜਗ ਮਹਿੰ ਬਿਦਤਾਈ॥ ੪੦ ॥

ਉਨ੍ਹਾਂ ਦੋ ਸੇਵਕ ਆਪਣੇ ਨਾਲ ਲਏ ਸਨ, ਮੱਕੇ ਵਾਲੇ ਸਥਾਨ 'ਤੇ ਪਹੁੰਚ ਗਏ ਸਨ। ਜਿਹੜੀ ਉਥੇ ਜਾ ਕੇ ਉਨ੍ਹਾਂ ਕਰਾਮਾਤ ਵਿਖਾਈ ਸੀ, ਉਹ ਸਾਰੇ ਜਗਤ ਵਿਚ ਪ੍ਰਗਟ ਹੈ॥੪੦॥

ਤਿਸ ਤੇ ਭੀ ਬਹੁ ਬਿਖਮ ਸਥਲ ਕੋ। ਅਵਗਾਹੇ ਸਭਿ ਕਰਿ ਨਿਜ ਬਲ ਕੋ।
ਹਮ ਭੀ ਦਾਸ ਅਹੈਂ ਤਿਨ ਕੇਰੇ। ਕਹਹੁ ਮੰਗਾਇ ਦੇਹਿੰ ਬਿਨ ਦੇਰੇ' ॥ ੪੧ ॥

ਉਸ ਨਾਲੋਂ ਵੀ ਬਹੁਤ ਮੁਸ਼ਕਲ ਸਥਾਨ 'ਤੇ, ਉਹ ਆਪਣੇ ਬਲ ਦੇ ਨਾਲ ਗਏ ਸਨ। ਅਸੀਂ ਵੀ ਉਨ੍ਹਾਂ ਦੇ ਹੀ ਸੇਵਕ ਹਾਂ, ਜੇ ਕਹੋ ਤਾਂ ਕਿਸੇ ਦੇਰ ਬਗੈਰ ਮੰਗਵਾ ਦਿੰਦੇ ਹਾਂ" ॥੪੧॥

ਇਮ ਕਹਿਤ੍ਯੋ ਨੌਰੰਗ ਕੇ ਸਾਥ। ਵਹਿਰ ਨਿਕਾਸੇ ਪਟ ਤੇ ਹਾਥ।
ਫਲ ਮੱਕੇ ਕੇ ਤਬਿ ਦਿਖਰਾਏ। 'ਲੇਵਹੁ ਮਧੁਰ ਸ੍ਵਾਦ ਸੋਂ ਖਾਏ' ॥ ੪੨ ॥

ਨੌਰੰਗੇ ਨੂੰ ਇਸ ਤਰ੍ਹਾਂ ਕਹਿ ਕੇ ਕਪੜੇ ਦੇ ਵਿਚੋਂ ਆਪਣੇ ਹੱਥ ਬਾਹਰ ਕੱਢੇ। ਉਸੇ ਵੇਲੇ ਮੱਕੇ ਦੇ ਫਲ ਵਿਖਾ ਦਿੱਤੇ ਅਤੇ ਕਿਹਾ, ਲਓ ਬੜੇ ਮਿੱਠੇ ਅਤੇ ਸਵਾਦੀ ਹਨ, ਖਾਓ' ॥੪੨॥

ਬਿਸਮਜੋ ਸ਼ਾਹ ਹਾਥ ਨਿਜ ਲੀਨੇ। ਪ੍ਰਥਮ ਜੁ ਫਲ ਸੁ ਮਿਲਾਵਨਿ ਕੀਨੇ।
ਏਹ ਤੋ ਤੁਰਤ ਸੁ ਤੋਰੇ ਅਹੈਂ। ਸੋ ਸੂਕੇ ਬਹੁ ਦਿਨ ਕੇ ਲਹੈਂ॥ ੪੩॥

ਬਾਦਸ਼ਾਹ ਉਨ੍ਹਾਂ ਫਲਾਂ ਨੂੰ ਆਪਣੇ ਹੱਥ ਵਿਚ ਲੈ ਕੇ ਬਹੁਤ ਹੈਰਾਨ ਹੋਇਆ। ਪਹਿਲਾਂ ਜਿਹੜੇ ਫਲ ਮੁਸਾਫਰ ਲਿਆਇਆ ਸੀ, ਉਨ੍ਹਾਂ ਨਾਲ ਮੇਲ ਕੀਤਾ। ਇਹ ਤਾਂ ਹੁਣੇ ਹੀ ਤੋੜੇ ਜਾਪਦੇ ਹਨ, ਪਹਿਲੇ ਤਾਂ ਸੁੱਕੇ ਬਹੁਤ ਦਿਨਾਂ ਦੇ ਤੋੜੇ ਜਾਪਦੇ ਹਨ॥੪੩॥

ਬਰਨ ਅਕਾਰ ਸ੍ਵਾਦ ਸਮ ਸਾਰੋ। ਹੇਰਿ ਹੇਰਿ ਉਰ ਅਚਰਜ ਧਾਰੋਂ।
ਬਿਲਮ ਨ ਲਗੀ ਕਰਤਿ ਹੀ ਬਾਤ। ਫਲ ਆਨੇ ਦੀਖਤਿ ਬੱਖਜਾਤ॥ ੪੪॥

ਰੰਗ, ਅਕਾਰ, ਸਵਾਦ ਸਭ ਬਰਾਬਰ ਹੈ, ਵੇਖ ਵੇਖ ਕੇ ਦਿਲ ਵਿਚ ਬਹੁਤ ਅਸਚਰਜ ਧਾਰਨ ਕੀਤਾ। ਕੋਈ ਦੇਰ ਵੀ ਨਹੀਂ ਲੱਗੀ ਹੈ, ਗੱਲ ਕਰਦਿਆਂ ਹੀ ਫਲ ਲੈ ਆਂਦੇ ਹਨ, ਜੋ ਪ੍ਰਗਟ ਰੂਪ ਵਿਚ ਦਿਖਾਈ ਦਿੰਦੇ ਹਨ॥੪੪॥

ਜਿਨ ਜਿਨ ਪਿਖੇ ਸਭਿਨਿ ਮਤਿ ਹਾਰੀ। ਸ਼ਰਧਾ ਧਰਹਿਂ ਅਜ਼ਮਤੀ ਭਾਰੀ।
ਦ੍ਵੈਖਕ ਲੱਜਾ ਕਉ ਬਹੁ ਪਾਵੈਂ। ਦੁਖ ਪਾਵਤਿ ਕਛੁ ਬਸ ਨ ਬਸਾਵੈ॥ ੪੫॥

ਜਿਸ ਜਿਸ ਵੀ ਵੇਖਿਆ, ਉਸ ਦੀ ਬੁੱਧੀ ਹਾਰ ਗਈ। ਭਾਰੀ ਕਰਾਮਾਤੀ ਹੋਣ ਕਾਰਨ ਸ਼ਰਧਾ ਧਾਰਨ ਕਰਦੇ ਸਨ। ਈਰਖਾ ਕਰਨ ਵਾਲੇ ਬਹੁਤ ਸ਼ਰਮਿੰਦੇ ਹੁੰਦੇ ਸਨ, ਦੁਖ ਪਾਉਂਦੇ ਸਨ, ਕੁਝ ਵੱਸ ਨਹੀਂ ਸੀ ਚਲਦਾ॥੪੫॥

ਇਸ ਪ੍ਰਕਾਰ ਅਜ਼ਮਤ ਦਿਖਰਾਏ। ਪੁਨ ਡੇਰੇ ਮਹਿਂ ਆਨਿ ਸੁਹਾਏ।
ਬਿਸਮਤ ਪੁਰਿ ਕੇ ਨਰ ਸੁਨਿ ਸੁਨਿਕੈ। ਸ਼ਰਧਾਲੂ ਹੁਇ ਬਡ ਗੁਨ ਗੁਨਿ ਕੈ॥੪੬॥

ਇਸ ਤਰ੍ਹਾਂ ਕਰਾਮਾਤਾਂ ਵਿਖਾਉਂਦੇ ਸਨ ਤੇ ਫਿਰ ਡੇਰੇ ਵਿਚ ਆ ਕੇ ਸ਼ੋਭਦੇ ਸਨ। ਹੈਰਾਨ ਹੋਏ ਨਗਰ ਦੇ ਲੋਕ ਸੁਣ ਸੁਣ ਕੇ ਵੱਡੇ ਗੁਣ ਜਾਣ ਕੇ ਸ਼ਰਧਾਲੂ ਹੋ ਗਏ॥੪੬॥

*ਨੌਵੀਂ ਰਾਸ ਦਾ ਚਾਲੀਵਾਂ ਅਧਿਆਇ ਸਮਾਪਤ ਹੋਇਆ॥੪੦॥*

## ਅਧਿਆਇ ਇਕਤਾਲੀਵਾਂ

*ਹਿਤੂ ਬੇਗਮ, ਪਦਮਨੀ*

ਦੋਹਰਾ- ਇਮ ਨੌਰੰਗ ਉਰ ਹਰਖ ਕੈ ਉੱਤਮ ਵਸਤੁ ਵਿਸ਼ਾਲ।
ਨਿਤਪ੍ਰਤਿ ਭੇਜਤਿ ਰਹਤਿ ਹੈ ਸਨਮਾਨਤਿ ਸਭਿ ਕਾਲ॥ ੧॥

ਇਸ ਤਰ੍ਹਾਂ ਨੌਰੰਗਾ ਦਿਲ ਵਿਚ ਪ੍ਰਸੰਨ ਹੋ ਕੇ ਵਿਸ਼ਾਲ ਉੱਤਮ ਵਸਤਾਂ ਸਦਾ ਹੀ ਭੇਜਦਾ ਰਹਿੰਦਾ ਹੈ ਤੇ ਹਰ ਸਮੇਂ ਸਨਮਾਨ ਕਰਦਾ ਹੈ॥ ੧॥

ਚੌਪਈ- ਦੇਸ਼ ਬਿਦੇਸ਼ਨਿ ਵਸਤੂ ਆਵੈਂ। ਸਤਿਗੁਰ ਸੁਤ ਕੇ ਨਿਕਟਿ ਪਠਾਵੈ।
ਜ਼ਰਦਾਲੂ ਨਸ਼ਪਾਤੀ ਸੇਵ। ਮੇਵਾ ਪਠਹਿ ਕਰਹਿ ਬਹੁ ਸੇਵ॥ ੨॥

ਜਿਹੜੀਆਂ ਦੇਸ਼ਾਂ ਵਿਦੇਸ਼ਾਂ ਵਿਚੋਂ ਵਸਤਾਂ ਆਉਂਦੀਆਂ ਸਨ, ਉਹ ਸਤਿਗੁਰੂ ਜੀ ਦੇ ਪੁੱਤਰ ਪਾਸ ਭੇਜ ਦਿੰਦਾ ਹੈ। ਆਲੂਚੇ, ਨਾਸ਼ਪਾਤੀਆਂ, ਸੇਬ ਤੇ ਹੋਰ ਮੇਵੇ ਭੇਜ ਕੇ ਬਹੁਤ ਸੇਵਾ ਕਰਦਾ ਹੈ॥੨॥

ਭਾਂਤਿ ਭਾਂਤਿ ਕੇ ਦਾਰਮ ਘਨੇ। ਖਾਰਕ, ਖੋਪੇ, ਜਾਹਿਂ ਨ ਗਨੇ।
ਦਿੱਲੀ ਮਹਿਂ ਉਪਬਨ ਤੇ ਆਵੈਂ। ਫਲ ਦਲ ਫੂਲ ਅਨੇਕ ਪਠਾਵੈ॥ ੩॥

ਕਈ ਪ੍ਰਕਾਰ ਦੇ ਅਨਾਰ, ਛੁਹਾਰੇ, ਖਜੂਰਾਂ, ਖੋਪੇ ਭੇਜਦਾ ਹੈ, ਜਿਨ੍ਹਾਂ ਦੀ ਗਿਣਤੀ ਨਹੀਂ ਹੋ ਸਕਦੀ। ਹੋਰ ਫਲ ਜਿਹੜੇ ਦਿੱਲੀ ਦੇ ਬਾਗ਼ਾਂ ਤੋਂ ਆਉਂਦੇ ਸਨ, ਫਲ, ਪੱਤੇ ਅਤੇ ਫੁੱਲ ਅਨੇਕਾਂ ਭੇਜਦਾ ਹੈ॥੩॥

ਬਹੁਤ ਮੋਲ ਕੇ ਬਸਤ੍ਰ ਸੁਹਾਵੈਂ। ਅਪਰਨਿ ਕੋ ਦੁਰਲਭ, ਨਹਿਂ ਪਾਵੈਂ।
ਬਰਨ ਬਰਨ ਕੇ ਸੁੰਦਰ ਦੀਖਹਿਂ। ਭੇਜਤਿ ਪਹਿਰਨਿ ਆਪ ਸਰੀਖਹਿਂ॥੪॥

ਬਹੁਤ ਕੀਮਤੀ ਵਸਤਰ ਸ਼ੋਭਦੇ ਸਨ, ਜਿਹੜੇ ਦੂਸਰਿਆਂ ਵਾਸਤੇ ਦੁਰਲਭ ਸਨ, ਪਹਿਣ ਨਹੀਂ ਸੀ ਸਕਦੇ। ਰੰਗ ਬਰੰਗੇ ਸੁੰਦਰ ਦਿਖਾਈ ਦਿੰਦੇ ਸਨ, ਅਜਿਹੇ ਆਪਣੇ ਵਰਗੇ ਕੱਪੜੇ ਪਹਿਨਣ ਵਾਸਤੇ ਭੇਜਦਾ ਸੀ॥੪॥

ਦਰਬ ਅਧਿਕ ਰੋਜ਼ਨਿ ਕੋ ਆਵੈ। ਦਿਨਪ੍ਰਤਿ ਅਤਿ ਸਨਮਾਨ ਬ੍ਰਿਧਾਵੈ।
ਬਿਸਮੈ ਬੁਧਿ ਤੇ ਬਹੁਤ ਬਿਚਾਰੈ। ਨਿਸ ਬਾਸੁਰ ਮਨ ਮਾਂਹਿ ਸੰਭਾਰੈ॥੫॥

ਰੋਜ਼ ਬਹੁਤ ਧਨ ਆਉਂਦਾ ਸੀ, ਦਿਨ ਪ੍ਰਤੀ ਦਿਨ ਬਹੁਤ ਸਨਮਾਨ ਵਧਦਾ ਸੀ। ਬੁਧੀ ਵਿਚ ਹੈਰਾਨ ਹੋ ਕੇ ਬਹੁਤ ਵਿਚਾਰ ਕਰਦੇ ਸਨ ਤੇ ਦਿਨ ਰਾਤ ਮਨ ਦੇ ਵਿਚ ਸੰਭਾਲਦੇ ਸਨ॥੫॥

ਕਬਹਿ ਕਚਹਿਰੀ ਸਮੈ ਬੁਲਾਵੈ। ਕਬਿ ਏਕਲ ਹੀ ਸੁਨੈ ਸੁਨਾਵੈ।
ਇਕ ਦਿਨ ਬੈਠਿ ਪਾਲਕੀ ਆਵਾ। ਮਹਾਂ ਪ੍ਰੇਮ ਤੇ ਪਾਸ ਬਹਾਵਾ॥ ੬॥

ਕਈ ਵਾਰ ਕਚਹਿਰੀ ਦੇ ਸਮੇਂ ਬੁਲਾ ਲੈਂਦੇ ਸਨ, ਕਈ ਵਾਰ ਇਕੱਲੇ ਹੀ ਸੁਣਦੇ ਅਤੇ ਸੁਣਾਉਂਦੇ ਸਨ। ਇਕ ਦਿਨ ਨੌਰੰਗਾ ਪਾਲਕੀ ਵਿਚ ਬੈਠ ਕੇ ਆਇਆ, ਮਹਾਨ ਪ੍ਰੇਮ ਨਾਲ ਪਾਸ ਬਿਠਾਇਆ॥੬॥

ਕਹਤਿ ਭਯੋ 'ਗਤਿ ਗੁਪਤ ਬਤਾਵਹੁ। ਮੁਝ ਮਨ ਮਹਿਂ ਜਿਮ ਹੋਹਿ,ਸੁਨਾਵਹੁ।
ਕਿਸ ਬੇਗਮ ਸੰਗ ਹੈ ਮਮ ਪਜਾਰੂ। ਰਮੋ ਹੋਹਿ ਖੁਸ਼ ਰੂਪ ਉਦਾਰੂ॥ ੭॥

ਬਾਦਸ਼ਾਹ ਕਹਿਣ ਲੱਗਾ, "ਗੁਪਤ ਗੱਲੀ ਨਾਲ ਦੱਸੋ, ਜਿਵੇਂ ਮੇਰੇ ਮਨ ਵਿਚ ਹੈ, ਉਸ ਤਰ੍ਹਾਂ ਸੁਣਾਵੋ। ਮੇਰਾ ਕਿਸ ਬੇਗਮ ਨਾਲ ਪਿਆਰ ਹੈ। ਬੜਾ ਪ੍ਰਸੰਨ ਹੋ ਕੇ ਉਸ ਨਾਲ ਰਮਨ ਕਰਦਾ ਹਾਂ, ਉਸ ਦਾ ਬੜਾ ਉੱਤਮ ਸਰੂਪ ਹੈ॥੭॥

ਤਿਸ ਕੋ ਨਾਮ ਮੋਹਿ ਕਹਿ ਦੀਜੈ। ਬੈਸ ਬਰਨ ਕੇ ਪਤੇ ਕਹੀਜੈ।
ਜਿਸ ਢਿਗ ਸਗਰੀ ਨਿਸਾ ਬਿਤਾਵੋਂ। ਦਿਨ ਮਹਿਂ ਮਨ ਸਿਮਰੋਂ ਸੁਖ ਪਾਵੋਂ॥੮॥

ਉਸਦਾ ਨਾਮ ਮੈਨੂੰ ਦੱਸ ਦੇਵੋ। ਉਮਰ, ਰੰਗ ਦੱਸ ਕੇ ਉਸ ਦਾ ਪਤਾ ਕਹੋ। ਜਿਸ ਪਾਸ ਮੈਂ ਸਾਰੀ ਰਾਤ ਬਤੀਤ ਕਰਦਾ ਹਾਂ ਤੇ ਦਿਨ ਨੂੰ ਵੀ ਯਾਦ ਕਰਕੇ ਮਨ ਵਿਚ ਸੁਖ ਪਾਉਂਦਾ ਹਾਂ॥੮॥

ਸਭਿ ਬੇਗਮ ਤੇ ਅਧਿਕ ਸਨੇਹ। ਸੋ ਬਤਾਇ ਦੀਜੈ ਮਮ ਗ੍ਰੇਹ।
ਪ੍ਰਥਮ ਕੀਨਿ ਅਜ਼ਮਤ ਤੁਮ ਜੋਈ। ਅੰਤ੍ਰਜਾਮਤਾ ਤਿਸੈ ਨ ਹੋਈ॥ ੯॥

ਸਾਰੀਆਂ ਬੇਗਮਾਂ ਨਾਲੋਂ ਉਸ ਨਾਲ ਜ਼ਿਆਦਾ ਪਿਆਰ ਹੈ, ਉਹ ਦੱਸ ਦੇਵੇ, ਕਿਹੜੀ ਐਸੀ ਬੇਗਮ ਮੇਰੇ ਘਰ ਵਿਚ ਹੈ। ਪਹਿਲਾਂ ਜੋ ਤੁਸਾਂ ਕਰਾਮਾਤਾਂ ਵਿਖਾਈਆਂ ਹਨ, ਉਨ੍ਹਾਂ ਵਿਚ ਅੰਤਰਜਾਮੀ ਪੁਣਾ ਨਹੀਂ ਸੀ॥੯॥

ਜਬਿ ਇਹੁ ਕਰਹੁ ਬਤਾਵਨ ਸ੍ਵਾਮੀ। ਤਬਿ ਜਾਨੌਂ ਗੁਰ ਅੰਤਰਜਾਮੀ'।
ਸ੍ਰੀ ਸਤਿਗੁਰ ਨੰਦਨ ਸੁਨਿ ਕਾਨ। ਤਤਛਿਨ ਕੀਨਸਿ ਬਾਕ ਬਖਾਨ॥ ੧੦॥

ਹੇ ਸਵਾਮੀ ਜੀ! ਜਦ ਇਹ ਦੱਸ ਦੇਵੋਗੇ ਤਦ ਮੈਂ ਸਮਝਾਂਗਾ ਕਿ ਗੁਰੂ ਜੀ ਅੰਤਰਜਾਮੀ ਹਨ।'' ਸ੍ਰੀ ਸਤਿਗੁਰੂ ਜੀ ਦੇ ਪੁੱਤਰ ਨੇ ਜਦ ਇਹ ਕੰਨਾਂ ਨਾਲ ਸੁਣਿਆ ਤਾਂ ਝਟ ਬਚਨ ਕਰ ਦਿੱਤੇ॥੧੦॥

ਤਿਸ ਬੇਗਮ ਕੋ ਨਾਮ ਬਤਾਵਾ। ਬਰਨ ਸਰੂਪ ਪੁਨਹਿ ਬਿਦਤਾਵਾ।
ਤਿਨ ਸੌਂ ਰਮਨ ਕੀਨਿ ਜਿਸ ਭਾਂਤੀ। ਸਕਲ ਬਤਾਇ ਦੀਨਿ ਜਿਮ ਬਾਤੀ॥੧੧॥

ਉਸ ਬੇਗਮ ਦਾ ਨਾਂ ਦੱਸਿਆ, ਫਿਰ ਰੰਗ ਰੂਪ ਪ੍ਰਗਟ ਕੀਤਾ। ਉਸ ਨਾਲ ਜਿਸ ਪ੍ਰਕਾਰ ਰਮਨ ਕੀਤਾ ਸੀ, ਉਹ ਸਭ ਕੁਝ ਉਸ ਪ੍ਰਕਾਰ ਹੀ ਦੱਸ ਦਿੱਤਾ ਜਿਵੇਂ ਗੱਲਾਂ ਕੀਤੀਆਂ ਸਨ॥੧੧॥

ਕਿਤਿਕ ਨਿਸਾ ਕੇ ਪਤੇ ਬਤਾਏ। ਬੋਲਨਿ ਮਿਲਿਨੋ ਸਭਿ ਬਿਦਤਾਏ।
ਸੁਨਤਿ ਅਚੰਭੇ ਨੌਰੰਗ ਹੋਵਾ। 'ਕਹੀ ਸਾਚ, ਜਿਮ ਢਿਗ ਥਿਤ ਜੋਵਾ॥ ੧੨॥

ਕਈਆਂ ਰਾਤਾਂ ਦੇ ਪਤੇ ਦੱਸੇ, ਬੋਲਣਾ, ਮਿਲਣਾ ਸਭ ਪ੍ਰਗਟ ਕੀਤਾ। ਇਹ ਸੁਣ ਕੇ ਨੌਰੰਗ ਬਹੁਤ ਹੈਰਾਨ ਹੋਇਆ ਕਹਿਣ ਲੱਗਾ, ''ਤੁਸਾਂ ਸੱਚੀ ਗੱਲ ਕਹੀ ਜਿਸ ਦੇ ਨਾਲ ਅਤੇ ਜਿਥੇ ਜਿਥੇ ਹੋਇਆ ਹੈ॥੧੨॥

ਹੁਤੀ ਲਾਲਸਾ ਬੀਤਜੋ ਸਮੇ। ਸੰਗਲ ਦੀਪ ਪਦਮਨੀ ਰਮੌਂ।
ਰਿਦੇ ਮਨੋਰਥ ਕੀਨਸਿ ਤਬੈ। ਇਨ ਤੇ ਪ੍ਰਾਪਤਿ ਬਾਂਛਤਿ ਸਬੈ॥ ੧੩॥

ਕੁਝ ਸਮਾਂ ਬੀਤਿਆ ਹੈ ਕਿ ਮੇਰੇ ਚਿਤ ਵਿਚ ਚਾਹ ਸੀ, ਕਿਸੇ ਸੰਗਲਾਦੀਪ ਦੀ ਪਦਮਨੀ ਨਾਲ ਰਮਨ ਕਰਾਂ'' ਹਿਰਦੇ ਵਿਚ ਤਦ ਮਨੋਰਥ ਧਾਰਨ ਕੀਤਾ। ਇਨ੍ਹਾਂ ਤੋਂ ਮੂੰਹ ਮੰਗੀਆਂ ਮੁਰਾਦਾਂ ਪੂਰੀਆਂ ਹੋ ਜਾਂਦੀਆਂ ਹਨ॥੧੩॥

ਇਕ ਤੋ ਅਜ਼ਮਤ ਹੁਇ ਪਤਿਆਵਨਿ। ਦੁਤੀਏ ਕਰੌਂ ਕਾਮਨੀ ਪਾਵਨਿ।
ਇਮ ਬਿਚਾਰ ਕਰਿ ਪੁਨਹਿ ਬਖਾਨਾ। 'ਸ਼ਕਤਿ ਜਿ ਤੁਮਰੀ ਸਭਿ ਹੀ ਥਾਨਾ॥੧੪॥

ਇਕ ਤਾਂ ਕਰਾਮਾਤ ਦੀ ਪਰਖ ਹੁੰਦੀ ਹੈ, ਦੂਸਰੀ ਕਾਮਨਾ ਪੂਰੀ ਕਰਦੇ ਹੋ। ਇਸ ਤਰ੍ਹਾਂ ਵਿਚਾਰ ਕੇ ਫਿਰ ਕਿਹਾ, ''ਤੁਹਾਡੀ ਸ਼ਕਤੀ ਸਭ ਥਾਂ ਚਲਦੀ ਹੈ॥੧੪॥

ਬੀਚ ਸੰਗਲਾਦੀਪ ਬਿਦਤ ਹੈ। ਹੋਤਿ ਪਦਮਨੀ, ਕਰਤਿ ਮੁਦਤਿ ਹੈ।
ਸੁੰਦਰ ਮ੍ਰਿਦੁਲ ਅੰਗ ਦੁਤਿ ਗੋਰ। ਜਿਨ ਪਰ ਪੁੰਜ ਗੁੰਜਾਰਤਿ ਭੌਰ॥ ੧੫॥

ਸੰਗਲਾਦੀਪ ਵਿਚ ਉਹ ਪ੍ਰਗਟ ਹੈ, ਪਦਮਨੀ ਹੈ ਤੇ ਬੜੀ ਅਨੰਦ ਪ੍ਰਸੰਨ ਰਹਿੰਦੀ ਹੈ। ਸੁੰਦਰ ਕੋਮਲ ਉਸਦੇ ਅੰਗ ਬੜੇ ਸੋਂਹਦੇ ਹਨ ਜਿਸ ਉੱਤੇ ਭੌਰੇ ਗੂੰਜਦੇ ਰਹਿੰਦੇ ਹਨ॥੧੫॥

ਬਹੁਤ ਦਿਵਸ ਕੀ ਲਾਲਸ ਮੇਰੇ। ਪੁਰਵੋਂ ਉਰ, ਲੇਵੋਂ ਤਿਸ ਹੇਰੇ।
ਸਿੰਧੁ ਪਾਰ ਜੇ ਸ਼ਕਤਿ ਤੁਮਾਰੀ। ਸੋ ਮੰਗਵਾਇ ਲੇਹੁ ਇਕ ਬਾਰੀ'॥ ੧੬॥

ਬਹੁਤ ਦਿਨਾਂ ਦੀ ਮੇਰੀ ਇਹ ਲਾਲਸਾ ਹੈ, ਮੇਰੇ ਹਿਰਦੇ ਦੀ ਗੱਲ ਪੂਰੀ ਕਰੋ, ਉਸ ਨੂੰ ਵੇਖ ਲਵਾਂ। ਸਮੁੰਦਰ ਤੋਂ ਪਾਰ ਜੇ ਤੁਹਾਡੀ ਸ਼ਕਤੀ ਹੈ ਤਾਂ ਉਸ ਨੂੰ ਇਕ ਵਾਰ ਮੰਗਵਾ ਲਵੋ''॥੧੬॥

ਸੁਨਿ ਸ੍ਰੀ ਰਾਮਰਾਇ ਤਿਸ ਕਾਲ। ਕਹਜੋ ਸ਼ਾਹੁ ਸੋਂ ਬਾਕ ਰਸਾਲ।
'ਹਮ ਮੰਗਵਾਇ ਦੇਹਿਂ ਸੋ ਕਾਮਨਿ। ਤੁਝ ਸੰਗ ਰਹੈ ਏਕ ਹੀ ਜਾਮਨਿ' ॥੧੭॥

ਉਸ ਸਮੇਂ ਰਾਮਰਾਇ ਨੇ ਸੁਣ ਕੇ ਬਾਦਸ਼ਾਹ ਨੂੰ ਰਸੀਲੇ ਬਚਨ ਕਹੇ, "ਅਸੀਂ ਉਸ ਕਾਮਨੀ ਨੂੰ ਮੰਗਵਾ ਦਿੰਦੇ ਹਾਂ, ਪਰ ਤੁਹਾਡੇ ਪਾਸ ਇਕ ਰਾਤ ਹੀ ਰਹੇਗੀ" ॥੧੭॥

ਇਮ ਕਹਿ ਕੇ ਸੰਗ ਦਿੱਲੀ ਪਾਲ। ਮੰਗਵਾਈ ਪਦਮਨੀ ਬਿਸਾਲ।
ਨਭ ਤੇ ਪਰੀ ਪਰੀ ਸਮ ਆਇ। ਫੂਲਨਿ ਕੇ ਸ਼ਿੰਗਾਰ ਸੁਹਾਇ॥ ੧੮॥

ਦਿੱਲੀ ਦੇ ਮਾਲਕ ਨੂੰ ਇਸ ਤਰ੍ਹਾਂ ਕਹਿ ਕੇ ਇਕ ਵਿਸ਼ਾਲ ਪਦਮਨੀ ਮੰਗਵਾਈ। ਅਕਾਸ਼ ਤੋਂ ਪਰੀ ਵਾਂਗ ਉਤਰ ਆਈ, ਉਸ ਦਾ ਫੁੱਲਾਂ ਦਾ ਸ਼ਿੰਗਾਰ ਬਹੁਤ ਸ਼ੋਭ ਰਿਹਾ ਸੀ॥੧੮॥

ਅਤਿ ਬਿਸਤਰਤਿ ਬਿਲੋਚਨ ਚੰਚਲ। ਤੀਛਨ ਅਧਿਕ ਕਟਾਛ ਦ੍ਰਿਗੰਚਲ।
ਮੰਦਮੰਦ ਮੁਸਕਾਵਤਿ ਹੇਰਤਿ। ਚੌਕਾ ਚਾਰੁ ਮਦਨ ਜਨੁ ਪ੍ਰੇਰਤਿ॥ ੧੯॥

ਬਹੁਤ ਵੱਡੇ-ਵੱਡੇ ਤੇ ਚੰਚਲ ਨੈਣ ਸਨ ਤੇ ਪਲਕਾਂ ਦੇ ਕਟਾਖ ਬਹੁਤ ਤਿੱਖੇ ਸਨ। ਮਾੜਾ ਮਾੜਾ ਮੁਸਕਰਾ ਕੇ ਵੇਖਦੀ ਸੀ। ਸੁਹਣੇ ਅਗਲੇ ਦੰਦਾਂ ਦਾ ਚੌਕਾ ਮਾਨੋਂ ਕਾਮ ਨੂੰ ਪ੍ਰੇਰਦਾ ਹੈ॥੧੯॥

ਮੱਧਜ ਦੇਸ਼ ਸੂਖਮ, ਕੁਚ ਊਚੇ। ਸੁੰਦਰ ਮੁਖ ਜੋਗਿਨਿ ਚਿਤ ਰੂਚੇ।
ਪਦਮ ਸੁਬਾਸ ਬਿਖੇਰਤਿ ਸਾਰੇ। ਮੁਕਰ ਕਪੋਲ, ਕੇਸ ਅਹਿ ਕਾਰੇ॥ ੨੦॥

ਲਕ ਪਤਲਾ ਤੇ ਛਾਤੀ ਉੱਚੀ ਸੀ, ਸੁੰਦਰ ਮੁਖੜਾ ਜੋਗੀਆਂ ਦਾ ਚਿਤ ਵੀ ਚੁਰਾ ਲੈਂਦਾ ਸੀ। ਸਾਰੇ ਕੰਵਲ ਦੀ ਖ਼ੁਸ਼ਬੋ ਖਿਲਾਰ ਰਹੀ ਸੀ। ਸ਼ੀਸ਼ੇ ਵਰਗੀਆਂ ਅੱਖਾਂ ਹਨ ਤੇ ਕਾਲੇ ਸੱਪ ਵਰਗੇ ਕੇਸ ਹਨ॥੨੦॥

ਅਪਰ ਕਹਾਂ ਲਗਿ ਸੁੰਦਰਤਾਈ। ਬਰਨਨ ਕਰੌਂ ਰੂਪ ਅਧਿਕਾਈ।
ਸ਼ਾਹੁ ਬਿਲੋਕਤਿ ਹੀ ਹਰਖਾਵਾ। ਮਹਦ ਅਚੰਭੋ ਚਿਤ ਮਹਿਂ ਛਾਵਾ॥ ੨੧॥

ਹੋਰ ਕਿਥੋਂ ਤਕ ਰੂਪ ਦੀ ਅਧਿਕ ਸੁੰਦਰਤਾਈ ਵਰਣਨ ਕਰਾਂ। ਬਾਦਸ਼ਾਹ ਵੇਖਦਾ ਹੀ ਬਹੁਤ ਪ੍ਰਸੰਨ ਹੋਇਆ ਤੇ ਉਸ ਦੇ ਚਿੱਤ ਵਿਚ ਬਹੁਤ ਹੈਰਾਨੀ ਛਾ ਗਈ॥੨੧॥

ਮਨ ਮਹਿਂ ਜਾਨਜੋ 'ਇਨ ਸਮ ਦੂਜਾ। ਨਹਿਂ ਜਗ ਮਹਿਂ ਜਿਸ ਕੀ ਹੁਇ ਪੂਜਾ।
ਸੁਨਤਿ ਹੁਤੋ ਹਿੰਦੁਨਿ ਗੁਰ ਅਹੈ। ਅਬਿ ਪਰਖੇ ਜਿਨ ਤੇ ਸਭਿ ਲਹੈ' ॥੨੨॥

ਮਨ ਵਿਚ ਜਾਣਿਆ, "ਇਸ ਵਰਗਾ ਜੱਗ ਵਿਚ ਹੋਰ ਕੋਈ ਨਹੀਂ ਜਿਸ ਦੀ ਪੂਜਾ ਹੋਵੇ। ਹਿੰਦੂ ਗੁਰੂ ਇਹ ਸੁਣਦਾ ਹੋਵੇਗਾ, ਹੁਣ ਜਿਸ ਨੂੰ ਸਭ ਪ੍ਰਕਾਰ ਪਰਖ ਲਿਆ ਹੈ" ॥੨੨॥

ਬਹੁਤ ਪ੍ਰਸੰਨ ਸ਼ਾਹੁ ਮਨ ਭਯੋ। ਅਤਿ ਸਨਮਾਨਤਿ ਸੰਸੈ ਛਯੋ।
ਉਠਿ ਸ੍ਰੀ ਰਾਮਰਾਇ ਗੇ ਡੇਰੇ। ਅਜ਼ਮਤਿ ਦੇਤਿ ਨ ਲਾਵਤਿ ਦੇਰੇ॥ ੨੩॥

ਬਾਦਸ਼ਾਹ ਦਾ ਮਨ ਬਹੁਤ ਪ੍ਰਸੰਨ ਹੋ ਗਿਆ, ਅਤਿ ਸਨਮਾਨਿਤ ਕੀਤਾ ਤੇ ਸੰਸਾ ਨਾਸ਼ ਹੋ ਗਿਆ। ਉਠ ਕੇ ਸ੍ਰੀ ਰਾਮ ਰਾਇ ਦੇ ਡੇਰੇ ਗਿਆ, ਕਰਾਮਾਤ ਵਿਖਾਉਣ ਵਿਚ ਜਿਹੜਾ ਦੇਰ ਨਹੀਂ ਲਾਉਂਦਾ॥੨੩॥

ਤਜੋਂ ਤਜੋਂ ਸੁਜਸੁ ਹੋਇ ਅਧਿਕਾਈ। ਜਹਿਂ ਤਹਿਂ ਨਰ ਮਿਲ ਕਰਤਿ ਬਡਾਈ।
'ਅਤਿ ਅਚਰਜ ਕੀ ਬਾਤ ਕਰੰਤਾ। ਜੋ ਨ ਹੋਇ ਤਿਹ ਰਚੈ ਤੁਰੰਤਾ॥ ੨੪॥

ਜਿਵੇਂ-ਜਿਵੇਂ ਸ੍ਰੇਸ਼ਟ ਜਸ ਵਧਦਾ ਜਾਂਦਾ ਸੀ, ਤਿਵੇਂ-ਤਿਵੇਂ ਮਨੁੱਖ ਮਿਲ ਕੇ ਵਡਿਆਈ ਕਰਦੇ ਸਨ, "ਬਹੁਤ ਅਸਚਰਜ ਦੀ ਗੱਲ ਕਰਦਾ ਹੈ, ਜਿਹੜਾ ਕਦੀ ਵੀ ਨਹੀਂ ਹੋ ਸਕਦਾ, ਉਸ ਨੂੰ ਤੁਰਤ ਕਰ ਦਿੰਦਾ ਹੈ॥੨੪॥

ਸ੍ਰੀ ਸਤਿਗੁਰ ਹਰਿਰਾਇ ਸੁਜਾਨਾ। ਸੌਂਪਜੋ ਸੁਤਹਿ ਅਤੋਟ ਖਜ਼ਾਨਾ।
ਖਰਚਨ ਮਹਿਂ ਸੁਕਚਤਿ ਨਹਿਂ ਕੈਸੇ। ਭੂਪ ਉਦਾਰ ਦੇਤਿ ਧਨ ਜੈਸੇ॥ ੨੫॥

ਸਤਿਗੁਰੂ ਸ੍ਰੀ ਹਰਿਰਾਇ ਜੀ ਬੜੇ ਚਤੁਰ ਹਨ, ਉਨ੍ਹਾਂ ਆਪਣੇ ਪੁੱਤਰ ਨੂੰ ਅਤੁੱਟ ਖ਼ਜ਼ਾਨਾ ਬਖ਼ਸ਼ਿਆ ਸੀ। ਖ਼ਰਚਣ ਵਿਚ ਕਿਸੇ ਪ੍ਰਕਾਰ ਦਾ ਸੰਕੋਚ ਨਹੀਂ ਸੀ ਕਰਦਾ, ਜਿਵੇਂ ਬਾਦਸ਼ਾਹ ਖੁਲ੍ਹਾ ਧਨ ਦੇ ਰਿਹਾ ਹੋਵੇ॥੨੫॥

ਹੋਇ ਕਠਨ ਤੇ ਕਠਨ ਬਿਲੰਦ। ਤੁਰਤ ਦੇਤਿ ਕਰਿ ਸ੍ਰੀ ਗੁਰ ਨੰਦ।
ਦ੍ਵੈਸ਼ੀ ਮੁੱਲਾਂ ਗਨ ਉਲਮਾਉ। ਕਾਜ਼ੀ ਦੁਖਹਿਂ ਬਿਲੋਕਿ ਪ੍ਰਭਾਉ॥ ੨੬॥

ਜਿਹੜੀ ਗੱਲ ਵੱਡੀ ਤੋਂ ਵੱਡੀ ਮੁਸ਼ਕਲ ਹੋਵੇ, ਗੁਰੂ ਜੀ ਦਾ ਪੁੱਤਰ ਉਸ ਨੂੰ ਤੁਰਤ ਕਰ ਦਿੰਦਾ ਸੀ। ਈਰਖਾਲੂ ਮੁਲਾਣੇ, ਵਿਦਵਾਨ ਅਤੇ ਕਾਜ਼ੀ ਸ੍ਰੀ ਰਾਮਰਾਇ ਦਾ ਪ੍ਰਭਾਵ ਵੇਖ ਕੇ ਬਹੁਤ ਦੁਖੀ ਹੁੰਦੇ ਸਨ॥੨੬॥

ਮਿਲਿ ਮਸਲਤ ਕੀਨਿਸਿ ਦੁਖ ਪਾਏ। 'ਇਸ ਨੇ ਤਉ ਸਭਿ ਤੁਰਕ ਹਰਾਏ।
ਪਾਤਿਸ਼ਾਹੁ ਕੋ ਰੁਖ ਤਿਹ ਸੰਗ। ਪਠਹਿ ਦਰਬ ਕੋ ਲਹੈ ਉਤੰਗ॥ ੨੭॥

ਦੁਖ ਪਾ ਕੇ ਉਨ੍ਹਾਂ ਸਭ ਨੇ ਮਿਲਕੇ ਸਲਾਹ ਕੀਤੀ "ਇਸ ਨੇ ਤਾਂ ਸਾਰੇ ਤੁਰਕ ਹਰਾ ਦਿੱਤੇ ਹਨ, ਬਾਦਸ਼ਾਹ ਵੀ ਉਸ ਵਲ ਰੁਖ ਰਖਦਾ ਹੈ ਤੇ ਉੱਚਾ ਜਾਣ ਕੇ ਧਨ ਭੇਜਦਾ ਹੈ॥੨੭॥

ਅਪਰ ਵਸਤੁ ਨਿਤ ਅਧਿਕ ਪਠਾਵੈ। ਬੋਲਹਿ ਹਿਤ ਕਰਿ ਰੋਜ਼ ਬੁਲਾਵੈ।
ਬਾਦ ਕਰਹੁ ਤਿਹ ਸਾਥ ਬਿਸਾਲਾ। ਦੇਹੁ ਪਰਾਜੈ ਮਿਲਿ ਇਕ ਕਾਲਾ॥ ੨੮॥

ਨਿਤ ਹੋਰ ਬਹੁਤ ਵਸਤਾਂ ਭੇਜਦਾ ਹੈ, ਬੜੇ ਪਿਆਰ ਨਾਲ ਬੋਲਦਾ ਹੈ ਤੇ ਰੋਜ਼ ਬੁਲਾਉਂਦਾ ਹੈ। ਉਸ ਦੇ ਨਾਲ ਵਿਸ਼ਾਲ ਵਾਦ ਵਿਵਾਦ ਕਰੋ, ਇਕ ਵਾਰ ਮਿਲ ਕੇ ਇਸ ਨੂੰ ਹਰਾ ਦੇਈਏ॥੨੮॥

ਸਭਾ ਬਿਖੈ ਤੂਸ਼ਨਿ ਕਰਿਵਾਵੈਂ। ਤਬਿ ਜਾਨੈ ਜਬਿ ਇਲਮ ਦਿਖਾਵੈ।
ਸਭਿ ਜਗ ਕੋ ਹਮ ਜੀਤਨਵਾਰੇ। ਅਰਹਿ ਬਾਦ ਕਰਿ ਸੋ ਤਬਿ ਹਾਰੇ॥ ੨੯॥

ਸਭ ਦੇ ਵਿਚ ਇਸ ਨੂੰ ਚੁੱਪ ਕਰਾ ਦੇਈਏ, ਤਦ ਜਾਣਾਂਗੇ ਜਦ ਇਲਮ ਵਿਖਾਵੇਗਾ। ਅਸੀਂ ਸਾਰੇ ਜੱਗ ਨੂੰ ਜਿੱਤਣ ਵਾਲੇ ਹਾਂ। ਜੇ ਵਿਵਾਦ ਕਰ ਕੇ ਅੜੇਗਾ ਤਾਂ ਹਾਰ ਜਾਵੇਗਾ॥੨੯॥

ਦਾਨਸ਼ਵੰਦ ਅਹੈਂ ਹਮ ਏਤੇ। ਸਕਲ ਜਗਤ ਮੈਂ ਹੋਹਿਂ ਨ ਤੇਤੇ।
ਹਮ ਹੋਵਤਿ ਹਿੰਦੂ ਅਰ ਰਹੈ। ਇਲਮ ਪਠੇ ਕਹੁ ਬਹੁ ਧਿਕ ਅਹੈ॥ ੩੦॥

ਅਸੀਂ ਏਡੇ ਵੱਡੇ ਅਕਲਮੰਦ ਹਾਂ, ਸਾਰੇ ਜਗਤ ਵਿਚ ਏਡੇ ਅਕਲਮੰਦ ਨਹੀਂ ਹਨ। ਅਸੀਂ ਹੋਈਏ ਤੇ ਸਾਡੇ ਅੱਗੇ ਹਿੰਦੂ ਅੜ ਜਾਵੇ, ਸਾਡੇ ਏਡੇ ਇਲਮ ਪੜ੍ਹੇ ਨੂੰ ਫਿਰ ਧਿਕਾਰ ਕਹੋ"॥੩੦॥

ਇਮ ਪਛੁਤਾਵਤਿ ਹੈਂ ਮਿਲਿ ਕਰਿ ਕੈ। ਮੂਰਖ ਚਹੈਂ ਜੀਤਬੋ ਅਰਿ ਕੈ।
ਮਿਲਹਿਂ ਬਿਚਾਰਹਿਂ ਤਰਕ ਅਨੇਕ। ਕਹਾ ਬਪੁਰੇ ਉਰ ਹੀ.ਨ ਬਿਬੇਕ॥ ੩੧॥

ਇਸ ਤਰ੍ਹਾਂ ਮਿਲ ਕੇ ਪਛੁਤਾਉਂਦੇ ਸਨ, ਮੂਰਖ ਅੜ ਕੇ ਜਿੱਤਣਾ ਚਾਹੁੰਦੇ ਸਨ। ਮਿਲ ਕੇ ਤੇ ਵਿਚਾਰ ਕੇ ਅਨੇਕਾਂ ਤਰਕ ਕਰਦੇ ਸਨ। ਗਿਆਨਹੀਣ ਹਿਰਦਿਆਂ ਵਾਲੇ ਵਿਚਾਰੇ ਕੌਣ ਸਨ॥੩੧॥

ਸੁਨਹਿ ਗੁਰੂ ਨਾਨਕ ਕੀ ਬਾਨੀ। ਤਿਸਹਿ ਬਿਚਾਰਹਿਂ ਤਰਕ ਮਹਾਨੀ।
'ਹਮਰੇ ਮਤਿ ਬਿਰੋਧ ਇਕ ਥਾਨੇ। ਲੱਖ ਪਤਾਲ ਅਕਾਸ਼ ਬਖਾਨੇ॥ ੩੨ ॥

ਉਹ ਗੁਰੂ ਨਾਨਕ ਦੀ ਬਾਣੀ ਸੁਣਦੇ ਸਨ ਅਤੇ ਉਸ ਨੂੰ ਵਿਚਾਰ ਕੇ ਮਹਾਨ ਤਰਕ ਕਰਦੇ ਸਨ, "ਇਕ ਥਾਂ ਸਾਡੇ ਮਜ਼ਬ ਦੇ ਵਿਰੁੱਧ ਲਿਖਿਆ ਹੈ, ਉਥੇ ਲੱਖਾਂ ਪਾਤਾਲ ਅਤੇ ਅਕਾਸ਼ ਦੱਸੇ ਹਨ॥੩੨॥

ਇਸ ਮਹਿਂ ਸ਼ਾਹੁ ਭਿ ਹਠ ਕਰਿ ਰਹੈ। ਅਪਨਿ ਪੱਖਜ ਹਾਨੀ ਨਹਿਂ ਸਹੈ।
ਯਾਂਤੇ ਅਬਿ ਕੈ ਜਬਿ ਚਲਿ ਆਵੈ। ਬੈਠਹਿ ਸ਼ਾਹੁ ਨਿਕਟਿ ਹਰਖਾਵੈ॥ ੩੩ ॥

ਇਸ ਵਿਚ ਬਾਦਸ਼ਾਹ ਵੀ ਹੱਠ ਕਰੇਗਾ, ਆਪਣੇ ਪੱਖ ਦੀ ਹਾਨੀ ਨਹੀਂ ਬਰਦਾਸ਼ਤ ਕਰੇਗਾ। ਇਸ ਕਰਕੇ ਹੁਣ ਜਦ ਚਲ ਕੇ ਆਵੇ, ਜਦ ਬਾਦਸ਼ਾਹ ਪਾਸ ਬੈਠ ਕੇ ਪ੍ਰਸੰਨ ਹੋਵੇ॥੩੩॥

ਇਸ ਪਰ ਕਰਹੁ ਦਲੀਲ ਬਿਲੰਦ। ਸਭਿ ਸੁਚੇਤ ਹ੍ਵੈ ਏਕ ਮਨਿੰਦ।
ਜਿਸ ਮਤਿ ਮੰਡਹਿ ਸੋ ਸਭਿ ਖੰਡਹੁ। ਜੋ ਖੰਡਹਿ ਤਿਹ ਨੀਕੇ ਮੰਡਹੁ' ॥ ੩੪ ॥

ਤਾਂ ਇਸ ਨਾਲ ਵੱਡੀ ਦਲੀਲਬਾਜ਼ੀ ਕਰੋ, ਸਾਰੇ ਸੁਚੇਤ ਹੋ ਕੇ ਇਕ ਸਮਾਨ ਗੱਲਬਾਤ ਕਰੋ। ਜਿਸ ਮੱਤ ਨੂੰ ਇਹ ਮੰਨੇ, ਉਸ ਦਾ ਖੰਡਨ ਕਰੋ, ਜਿਸ ਦਾ ਇਹ ਖੰਡਨ ਕਰੇ, ਉਸ ਨੂੰ ਸਾਰੇ ਮੰਨੋ॥੩੪॥

ਇਮ ਮਸਲਤ ਮੂਢਨਿ ਮਿਲਿ ਕਰੀ। ਪਰ ਹਿਤ ਤੇ ਜਿਨ ਮਤਿ ਜਰ ਬਰੀ।
ਸਭਾ ਜਾਮਨੀ ਮਹਿਂ ਕਬਿ ਹੋਇ। ਕਬਿ ਦਿਨ ਬਿਖੈ ਬੁਲਾਵਹਿ ਸੋਇ॥ ੩੫ ॥

ਇਸ ਤਰ੍ਹਾਂ ਮੂਰਖਾਂ ਨੇ ਮਿਲ ਕੇ ਸਲਾਹ ਕੀਤੀ। ਪਰਾਏ ਹਿਤ ਤੋਂ ਜਿਨ੍ਹਾਂ ਦੀ ਮੱਤ ਸੜ ਬਲ ਗਈ ਹੋਈ ਸੀ। ਰਾਤ ਸਮੇਂ ਕਦੀ ਸਭਾ ਹੋਵੇ ਜਾਂ ਕਦੀ ਦਿਨ ਵਿਖੇ ਸਭਾ ਬੁਲਾਉਣ॥੩੫॥

ਏਕ ਬਾਰ ਨਿਸ ਜਬਿ ਹੁਇ ਆਈ। ਸ਼ਾਹੁ ਬੈਠਿ ਤਬਿ ਸਭਾ ਲਗਾਈ।
ਕਾਜ਼ੀ ਮੁੱਲਾਂ ਗਨ ਚਲਿ ਆਏ। ਬੰਦਹਿਂ ਸ਼ਾਹ ਮਿਲਤਿ ਹਰਖਾਏ॥ ੩੬ ॥

ਇਕ ਵਾਰ ਜਦ ਰਾਤ ਹੋ ਗਈ ਤਾਂ ਬਾਦਸ਼ਾਹ ਨੇ ਬੈਠ ਕੇ ਫਿਰ ਸਭਾ ਲਗਾਈ। ਬਹੁਤ ਕਾਜ਼ੀ ਮੁਲਾਣੇ ਚਲ ਕੇ ਆਏ, ਬਾਦਸ਼ਾਹ ਨੂੰ ਬੰਦਨਾ ਕਰਕੇ ਮਿਲ ਕੇ ਬਹੁਤ ਪ੍ਰਸੰਨ ਹੁੰਦੇ ਸਨ॥੩੬॥

ਤਿਸ ਛਿਨ ਪਠਜੋ ਹਕਾਰਨਿ ਸ਼ਾਹੂ। 'ਲਜਾਵਹੁ ਗੁਰ ਸੁਤ ਕੋ ਮਮ ਪਾਹੂ'।
ਜਾਇ ਨਮੋ ਤਿਸ ਨਰ ਨੇ ਕਰੀ। ਹਾਥ ਜੋਰਿ ਪੁਨ ਬਿਨੈ ਉਚਰੀ॥ ੩੭ ॥

ਉਸ ਵੇਲੇ ਬਾਦਸ਼ਾਹ ਨੇ ਸ੍ਰੀ ਰਾਮਰਾਇ ਨੂੰ ਬੁਲਾਉਣ ਵਾਸਤੇ ਇਕ ਸੇਵਕ ਨੂੰ ਭੇਜਿਆ ਤੇ ਕਿਹਾ, "ਗੁਰੂ ਜੀ ਦੇ ਪੁੱਤਰ ਨੂੰ ਮੇਰੇ ਪਾਸ ਲਿਆਵੋ।" ਉਸ ਸੇਵਕ ਨੇ ਜਾ ਕੇ ਸ੍ਰੀ ਰਾਮਰਾਇ ਨੂੰ ਨਮਸਕਾਰ ਕੀਤੀ ਤੇ ਹੱਥ ਜੋੜ ਕੇ ਬੇਨਤੀ ਕੀਤੀ॥੩੭॥

'ਸ਼ਾਹੁ ਆਪ ਕੋ ਸਿਮਰਨਿ ਕਰਜੋ। ਬਡ ਦਿਵਾਨ ਉਮਰਾਵਨਿ ਭਰਜੋ'।
ਸੁਨਿ ਸ੍ਰੀ ਰਾਮਰਾਇ ਕਰਿ ਤਜਾਰੀ। ਚਢਜੋ ਸ਼ੀਘ੍ਰ ਸ਼ਿਵਕਾ ਅਸਵਾਰੀ॥ ੩੮ ॥

"ਬਾਦਸ਼ਾਹ ਨੇ ਆਪ ਜੀ ਨੂੰ ਯਾਦ ਕੀਤਾ ਹੈ, ਵੱਡਾ ਦੀਵਾਨ ਉਮਰਾਵਾਂ ਨਾਲ ਭਰਿਆ ਹੈ।" ਇਹ ਸੁਣ ਕੇ ਸ੍ਰੀ ਰਾਮ ਰਾਇ ਨੇ ਤਿਆਰੀ ਕੀਤੀ ਤੇ ਝਟ ਹੀ ਪਾਲਕੀ ਵਿਚ ਸਵਾਰ ਹੋ ਗਿਆ॥੩੮॥

ਚਮਰ ਚਾਰੁ ਢੋਰਤਿ ਸੰਗ ਆਵੈ। ਮਿਲਹਿ ਪੰਥ ਕੋ ਸੀਸ ਨਿਵਾਵੈ।
ਚੋਬਦਾਰ ਅਰੁ ਸੰਗ ਫਲੈਤ। ਗਨ ਤੁਰਕਨਿ ਕੋ ਕਰਤਾ ਜੈਤ॥ ੩੯ ॥

ਸੁੰਦਰ ਚੌਰ ਫਿਰਦਾ ਨਾਲ ਆ ਰਿਹਾ ਸੀ। ਜਿਹੜੇ ਲੋਕ ਵੀ ਰਾਹ ਵਿਚ ਮਿਲਦੇ ਸਨ, ਉਹ ਸਿਰ ਨਿਵਾਉਂਦੇ ਸਨ। ਚੋਬਦਾਰ ਅਤੇ ਸੂਰਬੀਰ ਨਾਲ ਸਨ, ਤੁਰਕਾਂ ਦੇ ਸਮੂਹ ਨੂੰ ਜਿੱਤਣ ਵਾਲਾ ਸੀ॥੩੯॥

ਆਇ ਦੁਰਗ ਕੇ ਬਿਖੇ ਪ੍ਰਵੇਸ਼ਾ। ਸਭਾ ਸ਼ਾਹਿ ਕੀ ਜਹਾਂ ਵਿਸ਼ੇਸ਼ਾ।
ਸੁੰਦਰ ਚੌਂਕੀ ਰਖੀ ਡਸਾਇ। ਉੱਜਲ ਸੁਜਨੀ ਤੇ ਸਭਿ ਛਾਇ॥ ੪੦॥

ਆ ਕੇ ਕਿਲ੍ਹੇ ਵਿਚ ਪ੍ਰਵੇਸ਼ ਕੀਤਾ, ਜਿਥੇ ਬਾਦਸ਼ਾਹ ਦੀ ਵਿਸ਼ੇਸ਼ ਸਭਾ ਲੱਗੀ ਹੋਈ ਸੀ। ਇਕ ਸੁੰਦਰ ਚੌਂਕੀ ਡਾਹ ਕੇ ਰੱਖੀ ਹੋਈ ਸੀ। ਉਸ ਉੱਤੇ ਉੱਜਲ ਵਿਛਾਉਣਾ ਵਿਛਾਇਆ ਹੋਇਆ ਸੀ॥੪੦॥

ਜਾਇ ਸਭਾ ਚੌਕੀ ਪਰ ਬੈਸੇ। ਤਾਰਾ ਗਨ ਮਹਿਂ ਹੁਇ ਸਸਿ ਜੈਸੇ।
ਦ੍ਵੈਖਕ ਦੇਖਤਿ ਹੈਂ ਅਕੁਲਾਏ। ਸ਼ਾਹੁ ਕਰਤਿ ਸਨਮਾਨ ਬਿਠਾਏ॥ ੪੧॥

ਸਭਾ ਵਿਚ ਜਾ ਕੇ ਚੌਕੀ 'ਤੇ ਬੈਠ ਗਏ, ਜਿਵੇਂ ਤਾਰਿਆਂ ਵਿਚ ਚੰਦਰਮਾ ਸ਼ੋਭ ਰਿਹਾ ਹੋਵੇ। ਈਰਖਾਲੂ ਵੇਖ ਕੇ ਵਿਆਕੁਲ ਹੋ ਗਏ, ਬਾਦਸ਼ਾਹ ਨੇ ਬੜਾ ਸਨਮਾਨ ਦੇ ਕੇ ਬਿਠਾ ਲਿਆ॥੪੧॥

*ਨੌਂਵੀਂ ਰਾਸ ਦਾ ਇਕਤਾਲੀਵਾਂ ਅਧਿਆਇ ਸਮਾਪਤ ਹੋਇਆ॥੪੧॥*

## ਅਧਿਆਇ ਬਤਾਲੀਵਾਂ

*ਦੋ ਚੰਦ ਦਿਖਾਏ, ਤੋਸ਼ੇਖਾਨੇ ਦੀ ਗਿਣਤੀ*

ਦੋਹਰਾ- ਟਿਕਿ ਬੈਠੇ ਜਬਿ ਸਭਾ ਮਹਿ ਸ੍ਰੀ ਹਰਿਰਾਇ ਤਨੂਜ।
ਇਲਮ ਹੰਕਾਰੀ ਪਰਸਪਰ ਕਰਤੇ ਭਏ ਰਮੂਜ॥ ੧॥

ਸ੍ਰੀ ਗੁਰੂ ਹਰਿਰਾਇ ਜੀ ਦੇ ਪੁੱਤਰ ਜਦ ਸਭਾ ਵਿਚ ਟਿਕ ਕੇ ਬੈਠ ਗਏ ਤਾਂ ਵਿਦਿਆ ਹੰਕਾਰੀ ਆਪਸ ਵਿਚ ਇਸ਼ਾਰੇ ਕਰਨ ਲੱਗੇ॥੧॥

ਪੈਕੰਬਰ ਅਰੁ ਔਲੀਏ, ਗੌਸ ਕੁਤਬ ਗਨ ਪੀਰ।
ਪ੍ਰਥਮ ਪ੍ਰਸੰਗ ਪ੍ਰਬਿਰਤ ਕਰਿ ਦਾਨਸ਼ਵੰਦ ਸਧੀਰ॥ ੨॥

ਪੈਗੰਬਰ, ਔਲੀਏ, ਗੌਸ, ਕੁਤਬ ਅਤੇ ਪੀਰ ਫ਼ਕੀਰ ਬੈਠੇ ਹੋਏ ਸਨ। ਸ੍ਰੇਸ਼ਟ ਧੀਰਜ ਨਾਲ ਅਕਲਮੰਦ ਵਿਅਕਤੀਆਂ ਨੇ ਪਹਿਲਾਂ ਪ੍ਰਸੰਗ ਪ੍ਰਵਿਰਤ ਕੀਤਾ॥੨॥

ਚੌਪਈ- ਬਚਨ ਰੁਚਿਰ ਰਚਿ ਕੈ ਚਾਤੁਰਤਾ। ਕਲਾ ਅਕਲ ਤੇ ਕਰਿ ਮਾਧੁਰਤਾ।
ਸ਼ਾਹਿ ਸੁਨਾਇ ਪ੍ਰਸੰਨ ਕਰਤਿ ਹੈਂ। ਉਚਿਤਾ ਅਪਨੇ ਦੀਨ ਧਰਤਿ ਹੈਂ॥੩॥

ਚਾਤੁਰਤਾ ਨਾਲ ਸੁੰਦਰ ਬਚਨਾਂ ਦੀ ਰਚਨਾ ਕਰਕੇ ਤੇ ਕਲਾ ਅਤੇ ਅਕਲ ਨਾਲ ਉਸ ਵਿਚ ਮਿਠਾਸ ਭਰ ਕੇ, ਬਾਦਸ਼ਾਹ ਨੂੰ ਸੁਣਾ ਕੇ ਪ੍ਰਸੰਨ ਕਰਦੇ ਹਨ ਤੇ ਆਪਣੇ ਮਜ਼੍ਹਬ ਵਿਚ ਉਚਿਤ ਧਾਰਨ ਕਰਦੇ ਹਨ॥੩॥

ਚਤੁਰਨਿ ਕੇਤਿਕ ਕਰੇ ਪ੍ਰਸੰਗੂ। ਪੈਕੰਬਰ ਕਰਿ ਸਤੁਤਿ ਉਤੰਗੂ।
ਪੁਨਹਿ ਸਰਾਹਨਿ ਲਗਿ ਤਿਨ ਬਾਨੀ। ਜਿਸ ਬਿਧਿ ਉਚਾ ਵਚਨ ਵਖਾਨੀ॥੪॥

ਆਪਣੇ ਆਪ ਨੂੰ ਚਤੁਰ ਸਮਝਣ ਵਾਲਿਆਂ ਨੇ ਕਈ ਪ੍ਰਸੰਗ ਸੁਣਾਏ। ਪੈਗੰਬਰ ਦੀ ਬਹੁਤ ਉਸਤਤ ਕਰਕੇ ਫਿਰ ਉਨ੍ਹਾਂ ਦੀ ਬਾਣੀ ਦੀ ਸ਼ਲਾਘਾ ਕਰਨ ਲੱਗੇ, ਜਿਸ ਵਿਧੀ ਨਾਲ ਉਨ੍ਹਾਂ ਉੱਚੇ ਬਚਨ ਕਹੇ ਸਨ॥੪॥

ਪੁਨ ਸ੍ਰੀ ਨਾਨਕ ਨਾਮ ਬਖਾਨਾ। ਛੇਰਿ ਪ੍ਰਸੰਗ ਤਿਨਹੁ ਕੇ ਨਾਨਾ।
ਬਹੁਰ ਸੁ ਬਾਨੀ ਕੇਰ ਬ੍ਰਿਤੰਤਾ। ਜਿਸ ਮਹਿਂ ਪ੍ਰਭੁ ਕੋ ਕਹਜੋ ਬਿਅੰਤਾ॥ ੫॥

ਫਿਰ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਨਾਂ ਲਿਆ ਤੇ ਉਨ੍ਹਾਂ ਦੇ ਵੀ ਕਈ ਪ੍ਰਸੰਗ ਛੇੜੇ। ਫਿਰ ਉਨ੍ਹਾਂ ਦੀ ਬਾਣੀ ਦਾ ਵਰਣਨ ਕੀਤਾ, ਜਿਸ ਵਿਚ ਪ੍ਰਭੂ ਨੂੰ ਬੇਅੰਤ ਕਿਹਾ ਹੈ॥੫॥

'ਲਾਖ ਪਤਾਲ ਲਾਖ ਆਕਾਸ਼। ਇਕ ਬਾਨੀ ਮਹਿਂ ਕਹਜੋ ਪ੍ਰਕਾਸ਼।
ਇਸ ਕੋ ਸੁਨਿ ਸੰਸੈ ਮੁਝ ਹੋਵਾ। ਰਹਜੋ ਬਿਚਾਰਿ ਨ ਕਜੌਂ ਹੂੰ ਖੋਵਾ॥ ੬॥

''ਲਖਾਂ ਪਤਾਲ ਤੇ ਲਖਾਂ ਆਕਾਸ਼ ਕਹੇ ਹਨ। ਇਕ ਬਾਣੀ ਵਿਚ ਪ੍ਰਕਾਸ਼ ਕਿਹਾ ਹੈ। ਇਸ ਨੂੰ ਸੁਣ ਕੇ ਮੈਨੂੰ ਸੰਸਾ ਹੋਇਆ ਹੈ। ਬਹੁਤ ਵਿਚਾਰ ਕਰਦਾ ਰਿਹਾ ਹਾਂ, ਪਰ ਕੁਝ ਸਮਝ ਨਹੀਂ ਸਕਿਆ॥੬॥

ਹਮਰੇ ਮਤਿ ਮਹਿਂ ਸਪਤ ਬਖਾਨੇ। ਸੋ ਭੀ ਨੀਕੇ ਜਾਇ ਨ ਜਾਨੈ।
ਇਕ ਅਕਾਸ਼ ਤੇ ਪਰੈ ਅਕਾਸ਼। ਤਹਿਂ ਕੋ ਸੂਰਜ ਚੰਦ ਪ੍ਰਕਾਸ਼॥ ੭॥

ਸਾਡੇ ਮੱਤ ਵਿਚ ਸਤ ਆਕਾਸ਼ ਅਤੇ ਸਤ ਪਾਤਾਲ ਹਨ, ਉਹ ਵੀ ਚੰਗੀ ਤਰ੍ਹਾਂ ਨਹੀਂ ਜਾਣੇ ਜਾਂਦੇ। ਇਕ ਅਕਾਸ਼ ਦੇ ਪਰ੍ਹੇ ਆਕਾਸ਼ ਹੈ, ਉਥੇ ਸੂਰਜ ਚੰਦ ਦਾ ਪ੍ਰਕਾਸ਼ ਹੈ॥੭॥

ਕਜੋਂ ਨ ਇਹਾਂ ਤੇ ਸੋ ਦਿਖ ਪਰੈ। ਕੇਤੋ ਬੀਚ ਰਚਜੋ ਇਤ ਪਰੈ।
ਜੇ ਤੁਮ ਕਹੋ ਦੂਰ ਬਹੁ ਅਹੈ। ਇਸ ਥਲ ਤੇ ਦ੍ਰਿਸ਼ਟੀ ਨਹਿਂ ਲਹੈ॥ ੮॥

ਉਹ ਸਾਨੂੰ ਏਥੋਂ ਕਿਉਂ ਦਿਖਾਈ ਨਹੀਂ ਦਿੰਦੇ, ਇਸ ਤੋਂ ਪਰ੍ਹੇ ਕਿੰਨਾ ਫ਼ਰਕ ਕੀਤਾ ਹੈ। ਜੇ ਤੁਸੀਂ ਕਹੋ ਬਹੁਤ ਦੂਰ ਹਨ, ਇਸ ਥਲ ਤੋਂ ਵਿਖਾਈ ਨਹੀਂ ਦਿੰਦੇ ਹਨ॥੮॥

ਜੇਤੇ ਨਭ ਤੇਤੇ ਸਸਿ ਸੂਰ। ਇਹ ਤੋ ਕਹੀਅਤਿ ਰੀਤਿ ਅਕੂਰ।
ਤੌ ਤੁਮ ਸ਼ਕਤਿਵੰਤ ਦਿਖਰਾਵਹੁ। ਪਰ ਅਕਾਸ਼ ਕੇ ਸਸਿ ਨਿਯਰਾਵਹੁ॥ ੯॥

ਜਿੰਨੇ ਆਕਾਸ਼ ਹਨ ਉਨੇ ਚੰਦ ਸੂਰਜ ਹਨ, ਇਸ ਨੂੰ ਸੱਚੀ ਰੀਤੀ ਕਹਿੰਦੇ ਹਨ। ਜੇ ਤੁਸੀਂ ਸ਼ਕਤੀਵਾਨ ਹੋ ਤਾਂ ਦਿਖਾਵੋ, ਪਰਲੇ ਆਕਾਸ਼ ਦਾ ਚੰਦ ਨੇੜੇ ਕਰੋ॥੯॥

ਉਗਜੋ ਆਜ ਸਸਿ ਪੂਰਨਮਾਸ਼ੀ। ਇਹ ਸਮ ਦੂਜੋ ਹੋਇ ਪ੍ਰਕਾਸ਼ੀ।
ਸਭਾ ਬਿਲੋਕਹਿ ਅਚਰਜ ਰਾਚੀ। ਤੋ ਜਾਨਹਿਂ ਬਾਨੀ ਗੁਰ ਸਾਚੀ'॥ ੧੦॥

ਅੱਜ ਪੂਰਨਮਾਸ਼ੀ ਦਾ ਚੰਦ ਚੜ੍ਹਿਆ ਹੈ, ਇਸ ਵਰਗਾ ਦੂਸਰਾ ਵੀ ਪ੍ਰਕਾਸ਼ਤ ਹੋਵੇਗਾ। ਸਾਰੇ ਇਹ ਅਸਚਰਜ ਰਚਨਾ ਵੇਖਣ ਤਾਂ ਜਾਣਾਂਗੇ ਕਿ ਗੁਰੂ ਜੀ ਦੀ ਬਾਣੀ ਸੱਚੀ ਹੈ''॥੧੦॥

ਸੁਨਿ ਸ੍ਰੀ ਰਾਮ ਰਾਇ ਜੀ ਕਹਜੋ। 'ਇਸ ਮਹਿਂ ਕਜਾ ਸੰਸੈ ਤੁਮ ਲਹਜੋ।
ਸ੍ਰੀ ਸਤਿਗੁਰ ਸਭਿ ਸਾਚ ਬਖਾਨੀ। ਜਿਤੀ ਪਹੁੰਚ ਨੀਕੇ ਕਰਿ ਜਾਨੀ॥ ੧੧॥

ਇਹ ਸੁਣ ਕੇ ਸ੍ਰੀ ਰਾਮਰਾਇ ਜੀ ਨੇ ਕਿਹਾ, ''ਇਸ ਵਿਚ ਤੁਸੀਂ ਕੀ ਸ਼ੰਕਾ ਪਾਇਆ ਹੈ? ਸ੍ਰੀ ਸਤਿਗੁਰੂ ਜੀ ਨੇ ਸੱਚੀ ਗੱਲ ਕਹੀ ਹੈ ਜਿਨਾਂ ਪਹੁੰਚ ਕੇ ਚੰਗੀ ਤਰ੍ਹਾਂ ਜਾਣਿਆ ਹੈ॥੧੧॥

ਜਬਿ ਸਾਹਿਬ ਪਹੁਚੇ ਬਗ਼ਦਾਦ। ਤਹਿਂ ਕੇ ਪੀਰ ਕੀਨਿ ਬਹੁ ਬਾਦ।
ਇਸ ਤੁਕ ਕੋ ਮਾਨਹਿਂ ਨਹਿਂ ਕੈਸੇ। ਜਾਨਹਿਂ ਤਬੈ, ਪਿਖੈਂ ਚਖ ਤੈਸੇ। ੧੨ ॥

ਜਦ ਗੁਰੂ ਜੀ ਬਗ਼ਦਾਦ ਪਹੁੰਚੇ ਤਾਂ ਉਥੋਂ ਦੇ ਪੀਰ ਨੇ ਬਹੁਤ ਵਿਵਾਦ ਕੀਤਾ, ਇਸ ਤੁਕ ਨੂੰ ਕਿਸੇ ਤਰ੍ਹਾਂ ਵੀ ਮੰਨਦਾ ਨਹੀਂ ਸੀ, ਕਹਿੰਦਾ ਸੀ ਤਦ ਹੀ ਜਾਣਾਂਗਾ ਜੇ ਅੱਖਾਂ ਨਾਲ ਵੇਖਾਂਗਾ॥੧੨॥

ਸੁਨਿ ਸ੍ਰੀ ਸਤਿਗੁਰ ਤਿਸੈ ਦਿਖਾਏ। ਗਹਜੋ ਹਾਥ ਕਹਿ ਨੈਨ ਮੁੰਦਾਏ।
ਹਾਰਿ ਗਯੋ ਦੇਖਤਿ ਅਨਗਨ ਕੋ। ਸੰਸੈ ਸ਼ਕਲ ਬਿਨਾਸਜੋ ਮਨ ਕੋ॥ ੧੩॥

ਇਹ ਸੁਣ ਕੇ ਸਤਿਗੁਰੂ ਨੇ ਉਸ ਨੂੰ ਸਾਰੇ ਆਕਾਸ਼ ਪਾਤਾਲ ਵਿਖਾਏ, ਅੱਖਾਂ ਬੰਦ ਕਰਕੇ ਹੱਥ ਫੜ ਲਿਆ। ਅਣਗਿਣਤ ਆਕਾਸ਼ਾਂ ਪਾਤਾਲਾਂ ਨੂੰ ਵੇਖਦਾ ਹਾਰ ਗਿਆ ਤੇ ਉਸ ਦੇ ਮਨ ਦੇ ਸਾਰੇ ਸ਼ੰਕੇ ਦੂਰ ਹੋ ਗਏ॥੧੩॥

ਜੇ ਤੁਮ ਭਰਮ ਕਰਤਿ ਹੋ ਕੂਰ। ਹਮ ਕਰਿ ਦੈ ਹੈਂ ਸਗਰੋ ਦੂਰ।
ਅਬਿ ਦੂਸਰ ਸਸਿ ਆਇ ਪ੍ਰਕਾਸ਼ੈ। ਸਭਿ ਕੇ ਸੰਸੇ ਤੁਰਤ ਬਿਨਾਸ਼ੈਂ॥ ੧੪॥

ਜਿਹੜਾ ਤੁਸੀਂ ਝੂਠਾ ਭਰਮ ਕਰਦੇ ਹੋ, ਅਸੀਂ ਸਾਰਾ ਦੂਰ ਕਰ ਦਿੰਦੇ ਹਾਂ। ਹੁਣ ਦੂਜਾ ਚੰਦ ਆ ਕੇ ਪ੍ਰਕਾਸ਼ ਕਰੇਗਾ ਤੇ ਸਾਰਿਆਂ ਦੇ ਸ਼ੰਕੇ ਤੁਰਤ ਨਾਸ਼ ਕਰ ਦੇਵਾਂਗੇ' ॥੧੪॥

ਇਤਨੇ ਮਹਿਂ ਸਭਿ ਕੋ ਦ੍ਰਿਸ਼ਟਾਯੋ। ਨਭ ਮਹਿਂ ਦੂਸਰ ਸਸਿ ਪ੍ਰਗਟਾਯੋ।
ਜਗ ਦੇਖਤਿ ਸਗਰੇ ਬਿਸਮਾਏ। ਭਾ ਅਚਰਜ ਗਤਿ ਲਖੀ ਨ ਜਾਏ॥ ੧੫॥

ਏਨੇ ਵਿਚ ਸਭ ਨੂੰ ਵਿਖਾਈ ਦਿੱਤਾ, ਅਕਾਸ਼ ਵਿਚ ਦੂਸਰਾ ਚੰਦ ਪ੍ਰਗਟ ਹੋ ਗਿਆ। ਸਾਰਾ ਜਗਤ ਵੇਖ ਕੇ ਹੈਰਾਨ ਰਹਿ ਗਿਆ। ਸਾਰੇ ਹੈਰਾਨ ਹੋਏ, ਗਤੀ ਸਮਝੀ ਨਹੀ ਸੀ ਜਾਂਦੀ॥੫॥

ਕਬਿ ਅਕਾਸ਼ ਮੈਂ ਭਯੋ ਨ ਐਸੇ। ਦੇਖਜੋ ਨਹੀਂ ਸੁਨਜੋ ਨਹਿਂ ਕੈਸੇ।
ਪੁਸਤਕ ਅਨਿਕ ਕਿਤਾਬ ਮਝਾਰੇ। ਪਠਜੋ ਨ ਕਿਨ, ਭਾ ਅਚਰਜ ਭਾਰੇ॥੧੬॥

ਕਦੀ ਵੀ ਆਕਾਸ਼ 'ਤੇ ਇਸ ਤਰ੍ਹਾਂ ਨਹੀਂ ਹੋਇਆ, ਵੇਖਣਾ ਤਾਂ ਕਿਤੇ ਰਿਹਾ ਸੁਣਿਆ ਵੀ ਨਹੀਂ ਹੈ। ਅਨੇਕਾਂ ਪੁਸਤਕਾਂ ਦੇ ਵਿਚ ਕਿਸੇ ਨੇ ਪੜ੍ਹਿਆ ਨਹੀਂ ਹੈ, ਇਹ ਬੜਾ ਅਸਚਰਜ ਹੋਇਆ ਹੈ॥੧੬॥

ਊਚੇ ਚਢਿ ਚਢਿ ਪੁਰਿ ਮਹਿਂ ਦੇਖਹਿਂ। ਕਹਹਿਂ ਪਰਸਪਰ ਬਿਸਮ ਬਿਸੇਖਹਿਂ।
ਸਭਾ ਸਰਬ ਹੇਰਤਿ ਬਿਸਮਾਈ। ਬਿਗਸਤਿ ਸ਼ਾਹੁ ਸੁ ਦ੍ਰਿਸ਼ਟਿ ਲਗਾਈ॥੧੭॥

ਨਗਰ ਵਿਚ ਉੱਚੇ ਚੜ੍ਹ ਚੜ੍ਹ ਕੇ ਵੇਖਦੇ ਸਨ, ਆਪਸ ਵਿਚ ਕਹਿੰਦੇ ਸਨ ਤੇ ਬਹੁਤ ਹੈਰਾਨ ਹੁੰਦੇ ਸਨ। ਸਾਰੀ ਸਭਾ ਵੇਖ ਕੇ ਹੈਰਾਨ ਰਹਿ ਗਈ। ਬਾਦਸ਼ਾਹ ਵੇਖ ਕੇ ਬੜਾ ਪ੍ਰਸੰਨ ਹੋ ਰਿਹਾ ਸੀ॥੧੭॥

ਸਭਿ ਕੇ ਮਨ ਅਚਰਜ ਨਹਿਂ ਥੋਰਾ। ਇਸ ਪਰ ਚਲਹਿ ਕਹਹੁ ਕਿਸ ਜ਼ੋਰਾ।
ਦ੍ਵੈਸ਼ੀ ਮੁੱਲਾਂ ਅਰੁ ਉਲਮਾਊ। ਜਰਿ ਜਰਿ ਜਾਹਿਂ ਬਿਲੋਕਿ ਪ੍ਰਭਾਊ॥ ੧੮॥

ਸਾਰਿਆਂ ਦੇ ਮਨ ਵਿਚ ਕੋਈ ਥੋੜ੍ਹਾ ਅਸਚਰਜ ਨਹੀਂ ਸੀ, ਇਸ ਉਤੇ ਦੱਸੋ ਕਿਸ ਦਾ ਜ਼ੋਰ ਚਲਦਾ ਸੀ। ਈਰਖਾਲੂ ਮੁਲਾਣੇ ਅਤੇ ਵਿਦਵਾਨ ਪ੍ਰਭਾਵ ਵੇਖ ਕੇ ਸੜ ਸੜ ਜਾਂਦੇ ਸਨ॥੧੮॥

ਸਸਿ ਦੂਸਰ ਪਿਖਿ ਬਦਨ ਨਿਵਾਯੋ। ਹਿਤ ਕਹਿਬੇ ਨਹਿਂ ਊਚ ਉਠਾਯੋ।
ਕਜਾ ਬਪੁਰੇ ਅਬਿ ਬਾਕ ਬਖਾਨੈਂ। ਅਜ਼ਮਤ ਪਰ ਬਲ ਚਲਹਿ ਨ ਜਾਨੈਂ॥੧੯॥

ਦੂਸਰਾ ਚੰਦ ਵੇਖ ਕੇ ਮੂੰਹ ਨਿਵਾ ਲਿਆ, ਕੁਝ ਕਹਿਣ ਵਾਸਤੇ ਮੂੰਹ ਉਪਰ ਨਾ ਚੁਕਿਆ। ਹੁਣ ਵਿਚਾਰੇ ਕੀ ਗੱਲ ਕਰਦੇ ਉਹ ਜਾਣਦੇ ਸਨ ਕਿ ਕਰਾਮਾਤ ਅੱਗੇ ਕੋਈ ਸ਼ਕਤੀ ਨਹੀਂ ਚਲ ਸਕਦੀ॥੧੯॥

ਦਿਢ ਇਰਖਾ, ਗੁਰਬਾਕ ਜਿਨਕੁੰ ਕੇ। ਪਰਹਿਂ ਨ ਚਰਨ, ਕੁਭਾਗ ਤਿਨਹੁੰ ਕੇ।
ਇਸ ਪ੍ਰਕਾਰ ਸਸਿ ਦੁਤੀ ਦਿਖਾਯੋ। ਨਭ ਮਹਿਂ ਅਧਿਕ ਪ੍ਰਕਾਸ਼ ਕਰਾਯੋ॥੨੦॥

ਗੁਰੂ ਵਾਕ ਨਾਲ ਜਿਨ੍ਹਾਂ ਦੀ ਪੱਕੀ ਈਰਖਾ ਹੈ, ਉਨ੍ਹਾਂ ਦੇ ਮਾੜੇ ਭਾਗ ਹਨ, ਜਿਹੜੇ ਚਰਨੀਂ ਨਹੀਂ ਪੈਂਦੇ। ਇਸ ਪ੍ਰਕਾਰ ਦੂਸਰਾ ਚੰਦ ਵਿਖਾਇਆ ਤੇ ਅਕਾਸ਼ ਵਿਚ ਬਹੁਤ ਪ੍ਰਕਾਸ਼ ਵਧਾਇਆ॥੨੦॥

ਸਤਿਗੁਰ ਬਾਕ ਜਾਹਿਂ ਬਲ ਭਾਰੀ। ਕੋ ਟਿਕ ਸਕਿ ਹੈ ਤਾਂਹਿ ਅਗਾਰੀ।
'ਧੰਨ ਧੰਨ' ਕਹਿ ਸਤੁਤਿ ਸੁਨਾਵੈਂ। 'ਤੁਮ ਸਮਤਾ ਕੋ ਅਪਰ ਨ ਪਾਵੈ'॥੨੧॥

ਜਿਸ ਸ੍ਰੀ ਰਾਮਰਾਇ ਵਿਚ ਗੁਰ ਵਾਕ ਕਰਕੇ ਭਾਰੀ ਸ਼ਕਤੀ ਹੈ, ਉਸ ਦੇ ਅੱਗੇ ਕੌਣ ਟਿਕ ਸਕਦਾ ਸੀ। 'ਧੰਨ ਧੰਨ' ਕਹਿ ਕੇ ਉਸਤਤ ਕਰਦੇ ਸਨ, "ਤੁਹਾਡੀ ਬਰਾਬਰੀ ਕੋਈ ਨਹੀਂ ਕਰ ਸਕਦਾ"॥੨੧॥

ਸਭਾ ਉਠੀ ਸਭਿ ਅਪਨੇ ਡੇਰੇ। ਚਿਤਵਤ ਗਮਨੇ ਬਿਸਮ ਬਡੇਰੇ।
ਤਬਿ ਸ੍ਰੀ ਰਾਮਰਾਇ ਚਲਿ ਆਏ। ਸਭਿ ਕੇ ਊਪਰ ਜਸੁ ਜਿਨ ਛਾਏ॥੨੨॥

ਸਭਾ ਉੱਠ ਗਈ ਤੇ ਸਭ ਆਪਣੇ ਆਪਣੇ ਡੇਰੇ ਚਲੇ ਗਏ। ਬੜੇ ਹੈਰਾਨ ਹੋਏ ਸੋਚਦੇ ਜਾ ਰਹੇ ਸਨ। ਤਦ ਸ੍ਰੀ ਰਾਮਰਾਇ ਵੀ ਚਲ ਕੇ ਆ ਗਿਆ, ਸਾਰਿਆਂ ਦੇ ਉਪਰ ਜਿਸ ਦਾ ਜਸ ਛਾਇਆ ਹੋਇਆ ਸੀ॥੨੨॥

ਸ਼ਾਹੁ ਮਹਾਂ ਅਚਰਜ ਕਉ ਧਾਰੇ। ਪੌਢਜੋ ਪਲੰਘ ਬਿਸਾਲ ਬਿਚਾਰੇ।
ਗੁਰ ਕੇ ਘਰ ਸਮ ਦੂਸਰ ਨਾਂਹੀ। ਅਸ ਅਜ਼ਮਤ ਨਹਿਂ ਕਿਸ ਕੇ ਮਾਂਹੀ॥੨੩॥

ਬਾਦਸ਼ਾਹ ਨੇ ਵੀ ਮਹਾਂ ਅਸਚਰਜ ਧਾਰਨ ਕੀਤਾ। ਵਿਸ਼ਾਲ ਪਲੰਘ ਤੇ ਲੰਮਾ ਪਿਆ ਸੋਚਦਾ ਸੀ। ਗੁਰੂ ਘਰ ਦੇ ਬਰਾਬਰ ਕੋਈ ਦੂਸਰਾ ਨਹੀਂ ਹੈ, ਐਸੀ ਕਰਾਮਾਤ ਕਿਸੇ ਵਿਚ ਨਹੀਂ ਹੈ॥੨੩॥

ਨਭ ਮਹਿਂ ਗਮਨ ਸ਼ਕਤਿ ਨਹਿਂ ਕਿਸ ਮਹਿਂ। ਇਹ ਤੋ ਕਹਾਂ ਰਚਹਿ ਸਸਿ ਤਿਸ ਮਹਿਂ।
ਸੁਪਤੇ ਪੁਨ ਪ੍ਰਭਾਤਿ ਹੁਇ ਆਈ। ਜਾਗੇ ਸਭਿ ਕਹਿਂ ਗੁਰ ਵਡਿਆਈ॥੨੪॥

ਅਕਾਸ਼ ਵਿਚ ਫਿਰਨ ਦੀ ਕਿਸੇ ਵਿਚ ਸ਼ਕਤੀ ਨਹੀਂ ਹੈ, ਇਹ ਸ਼ਕਤੀ ਕਿਸ ਵਿਚ ਹੈ, ਜਿਹੜਾ ਅਕਾਸ਼ ਵਿਚ ਚੰਦ ਦੀ ਰਚਨਾ ਕਰ ਦੇਵੇ। ਫਿਰ ਸੌਂ ਗਿਆ ਤਾਂ ਸਵੇਰ ਹੋ ਗਈ ਤੇ ਗੁਰੂ ਜੀ ਦੀ ਵਡਿਆਈ ਕਰਕੇ ਸਾਰੇ ਜਾਗ ਪਏ॥੨੪॥

ਪੁਨਿ ਕੇਤਿਕ ਦਿਨ ਬੀਤ ਗਏ ਹੈਂ। ਸ਼ਾਹੁ ਹਕਾਰਹਿ, ਜਾਤਿ ਭਏ ਹੈਂ।
ਬਚਨ ਬਿਲਾਸ ਹੋਤਿ ਨਿਤ ਰਹੈਂ। ਜਥਾ ਪ੍ਰਸ਼ਨ ਹੁਇ, ਉੱਤਰ ਕਹੈਂ॥੨੫॥

ਫਿਰ ਕਈ ਦਿਨ ਬੀਤ ਗਏ ਹਨ। ਜਦ ਬਾਦਸ਼ਾਹ ਬੁਲਾਉਂਦਾ ਹੈ ਤਾਂ ਜਾਂਦੇ ਹਨ। ਨਿਤ ਬਚਨ ਬਿਲਾਸ ਹੁੰਦਾ ਰਹਿੰਦਾ ਹੈ, ਜੈਸਾ ਪ੍ਰਸ਼ਨ ਹੁੰਦਾ ਹੈ, ਉਸ ਤਰ੍ਹਾਂ ਦਾ ਉੱਤਰ ਦਿੰਦੇ ਹਨ॥੨੫॥

ਇਕ ਦਿਨ ਨੌਰੰਗ ਬਾਕ ਬਖਾਨਾ। 'ਹਮਰੇ ਜੇਤਿਕ ਤੋਸ਼ੇਖਾਨਾ।
ਕੰਚਨ ਰੂਪੇ ਕੇ ਪਣ ਜੇਤੇ। ਮੁਝ ਸੋਂ ਕਰਹੁ ਬਤਾਵਨਿ ਤੇਤੇ॥੨੬॥

ਇਕ ਦਿਨ ਨੌਰੰਗੇ ਨੇ ਕਿਹਾ, "ਸਾਡੇ ਜਿੰਨੇ ਤੋਸ਼ੇਖਾਨੇ ਹਨ, ਸੋਨੇ ਚਾਂਦੀ ਦੇ ਜਿੰਨੇ ਸਿੱਕੇ ਹਨ, ਮੈਨੂੰ ਦੱਸੋ ਉਹ ਕਿੰਨੇ ਹਨ॥੨੬॥

ਮੁਕਤਾ ਹੀਰੇ ਨੀਲਮ ਸਬਜ਼ੇ। ਕਰਹੁ ਜਨਾਵਨਿ ਭਾਖੇ ਸਭਿ ਜੇ।
ਮੋਹਿ ਬਡਨ ਅਰੁ ਮੇਰੋ ਕਰਜੋ। ਦੇਹੁ ਬਤਾਇ ਸਥਲ ਜਿਤ ਧਰਜੋ॥ ੨੭॥

ਮੋਤੀ, ਹੀਰੇ, ਨੀਲਮ, ਸਬਜ਼ੇ ਜਿੰਨੇ ਹਨ, ਉਨ੍ਹਾਂ ਸਭ ਦੀ ਗਿਣਤੀ ਕਹਿ ਕੇ ਜਾਣੂੰ ਕਰੋ। ਮੇਰਿਆਂ ਵਡੇਰਿਆਂ ਅਤੇ ਮੈਂ ਇਕੱਠੇ ਕੀਤੇ ਹਨ, ਇਹ ਦੱਸੋ ਕਿ ਕਿਹੜੇ ਕਿਹੜੇ ਸਥਾਨ 'ਤੇ ਧਰੇ ਹਨ॥੨੭॥

ਜੇਤਿਕ ਗਿਨਤੀ ਮੈਂ, ਸਭਿ ਕਹੋ। ਦਰਬ ਜਵਾਹਰ ਸਰਬ ਜਿ ਲਹੋ।
ਸੁਨਿ ਸ੍ਰੀ ਰਾਮਰਾਇ ਲੇ ਸਾਥ। ਚਲੇ ਤਹਾਂ ਲੇ ਦਿੱਲੀ ਨਾਥ॥ ੨੮॥

ਜਿੰਨੀ ਗਿਣਤੀ ਹੈ ਮੈਨੂੰ ਸਭ ਦੱਸੋ, ਧਨ ਤੇ ਹੀਰੇ ਜਵਾਹਰਾਤ ਜਿਹੜੇ ਤੁਸੀਂ ਵੇਖਦੇ ਹੋ।'' ਇਹ ਸੁਣ ਕੇ ਸ੍ਰੀ ਰਾਮਰਾਇ ਬਾਦਸ਼ਾਹ ਨੂੰ ਲੈ ਕੇ ਓਧਰ ਚਲ ਪਏ॥੨੮॥

ਜਿਸ ਥਲ ਮਹਿਂ ਜੇਤਿਕ ਦਬਵਾਯੋ। ਤਹਾਂ ਖਰੇ ਹੁਇ ਸਕਲ ਬਤਾਯੋ।
ਜਿਤੇ ਰਜਤਪਨ ਗਣ ਦੀਨਾਰੇ। ਪ੍ਰਿਥਕ ਪ੍ਰਿਥਕ ਥਲ ਸਹਿਤ ਉਚਾਰੇ॥੨੯॥

ਜਿਸ ਥਾਂ ਜਿੰਨਾ ਧਨ ਦਬਾਇਆ ਸੀ, ਉਥੇ ਖੜੇ ਹੋ ਕੇ ਸਾਰਾ ਦੱਸਿਆ, ਜਿੰਨੇ ਚਾਂਦੀ ਦੇ ਸਿੱਕੇ ਅਤੇ ਦੀਨਾਰ ਸਨ, ਵੱਖ-ਵੱਖ ਥਾਵਾਂ ਸਹਿਤ ਗਿਣ ਕੇ ਉਚਾਰਨ ਕੀਤੇ॥੨੯॥

ਜਹਿਂ ਜਹਿਂ ਦਰਬ ਸੰਚ ਕਰਿ ਧਰਜੋ। ਤਹਿਂ ਤਹਿਂ ਫਿਰਜੋ, ਬਤਾਵਨਿ ਕਰਜੋ।
ਸੁਨਿ ਸੁਨਿ ਨੌਰੰਗ ਅਚਰਜ ਹੋਵਾ। ਦਿਯ ਬਤਾਇ, ਜਿਮ ਗਾਡਤਿ ਜੋਵਾ॥੩੦॥

ਜਿੱਥੇ ਜਿੱਥੇ ਧਨ ਇਕੱਠਾ ਕਰਕੇ ਧਰਿਆ ਸੀ, ਉਥੇ ਉਥੇ ਫਿਰ ਕੇ ਦੱਸਿਆ। ਸੁਣ ਸੁਣ ਨੌਰੰਗਾ ਬਹੁਤ ਹੈਰਾਨ ਹੋਇਆ। ਉਸ ਤਰ੍ਹਾਂ ਹੀ ਦੱਸੀ ਜਾਂਦੇ ਸਨ ਜਿਵੇਂ ਧਨ ਆਦਿ ਨੂੰ ਨੱਪਦਿਆਂ ਵੇਖਿਆ ਹੋਵੇ॥੩੦॥

ਇਸ ਤੇ ਦੁਰਤਿ ਨ ਕੋਈ ਬਾਤ। ਆਂਖਨਿ ਦੇਖੀ ਜਿਮ ਬੱਖਜਾਤ।
ਕਿਸ ਬਿਧਿ ਕੌਨ ਅਰੈ ਤਿਹ ਸੰਗ। ਕਰਾਮਾਤ ਤੇ ਅਧਿਕ ਉਤੰਗ॥ ੩੧॥

ਇਨ੍ਹਾਂ ਪਾਸੋਂ ਕੋਈ ਗੱਲ ਵੀ ਲੁਕੀ ਹੋਈ ਨਹੀਂ ਹੈ। ਜਿਵੇਂ ਅੱਖਾਂ ਨਾਲ ਵੇਖੀ ਹੋਵੇ ਇਸ ਤਰ੍ਹਾਂ ਉਨ੍ਹਾਂ ਨੂੰ ਪ੍ਰਗਟ ਸੀ। ਕਿਸ ਵਿਧੀ ਨਾਲ ਇਨ੍ਹਾਂ ਨਾਲ ਕੌਣ ਅੜ ਸਕਦਾ ਹੈ, ਇਨ੍ਹਾਂ ਪਾਸ ਬਹੁਤ ਉੱਚੀ ਕਰਾਮਾਤ ਹੈ॥੩੧॥

ਕਿਸੀ ਭਾਂਤਿ ਕੀ ਹੁਇ ਕਠਿਨਾਈ। ਇਸਕੇ ਆਗੇ ਅਟਕ ਨ ਜਾਈ।
ਮੁਰਦਾ ਇਕ ਜ਼ਿੰਦਾ ਕਰਿ ਦੀਨਿ। ਚੰਦ ਦੋਇ ਦਿਖਲਾਵਨਿ ਕੀਨਿ॥ ੩੨॥

ਕਿਸੇ ਪ੍ਰਕਾਰ ਦੀ ਵੀ ਕਠਿਨਾਈ ਹੋਵੇ, ਇਸ ਦੇ ਅੱਗੇ ਨਹੀਂ ਅੜਦੀ। ਇਕ ਮੁਰਦੇ ਨੂੰ ਜੀਊਂਦਾ ਕਰ ਦਿੱਤਾ ਤੇ ਦੋ ਚੰਦ ਵਿਖਾ ਦਿੱਤੇ॥੩੨॥

ਅਬਿ ਅਵਨੀ ਮਹਿਂ ਛੁਪੀ ਜਿ ਬਾਤ। ਕਰੀ ਬਤਾਵਨਿ ਜਿਮ ਬੱਖਜਾਤ।
ਕਈ ਬਾਰ ਪਤੀਆਵਨਿ ਕੀਨਿ। ਬਿਲਮ ਬਿਹੀਨ ਸਕਲ ਕਰਿ ਦੀਨਿ॥੩੩॥

ਹੁਣ ਧਰਤੀ ਵਿਚ ਜਿਹੜੀ ਵਸਤੂ ਛੁਪਾ ਕੇ ਦਬਾਈ ਹੈ, ਉਹ ਵੀ ਦੱਸ ਦਿੱਤੀ ਹੈ, ਜਿਵੇਂ ਕਿ ਅਸਲ ਵਿਚ ਪ੍ਰਗਟ ਹੈ। ਕਈ ਵਾਰ ਪਰਖ ਕੀਤੀ ਹੈ, ਕਿਸੇ ਦੇਰ ਤੋਂ ਬਗੈਰ ਸਭ ਕੁਝ ਕਰ ਦਿੱਤਾ ਹੈ॥੩੩॥

ਰਿਦੇ ਬਿਚਾਰਤਿ ਬਹੁ ਇਮ ਸ਼ਾਹੂ। ਆਏ ਬਹੁਰ ਸਭਾ ਤੇ ਮਾਂਹੂ।
ਅਚਰਜ ਸਹਿਤ ਸਭਿਨਿ ਮਹਿਂ ਕਹਜੋ। 'ਗੁਪਤ ਬਿਦਤ ਇਨ ਮਨ ਮਹਿਂ ਲਹਜੋ॥੩੪॥

ਬਾਦਸ਼ਾਹ ਹਿਰਦੇ ਵਿਚ ਇਸ ਤਰ੍ਹਾਂ ਬਹੁਤ ਵਿਚਾਰ ਕਰਦਾ ਸੀ ਤੇ ਫਿਰ ਸਭਾ ਵਿਚੋਂ ਆ ਜਾਂਦਾ ਸੀ। ਅਸਚਰਜਤਾ ਸਹਿਤ ਸਭ ਵਿਚ ਕਿਹਾ, ''ਗੁਪਤ ਤੇ ਪ੍ਰਗਟ ਰੂਪ ਵਿਚ ਵੀ ਇਸ ਦੇ ਮਨ ਵਿਚ ਵੇਖਿਆ ਹੈ॥੩੪॥

ਸਕਲ ਬਤਾਯੋ ਤੋਸ਼ੇਖਾਨਾ। ਜੇਤਿਕ ਦਰਬ ਜਵਾਹਰ ਖਾਨਾ।
ਜਹਿਂ ਜਹਿਂ ਗਾਡਯੋ ਗੁਪਤ ਸਥਾਨਾ। ਤਹਿਂ ਤਹਿਂ ਪਹੁੰਚਯੋ ਕੀਨਿ ਬਖਾਨਾ ॥੩੫॥

ਤੋਸ਼ੇਖਾਨੇ ਬਾਰੇ ਸਭ ਕੁਝ ਦੱਸ ਦਿੱਤਾ ਹੈ, ਜਿੰਨਾ ਵੀ ਧਨ ਅਤੇ ਹੀਰੇ ਜਵਾਹਰਾਤ ਹਨ। ਜਿੱਥੇ-ਜਿੱਥੇ ਗੁਪਤ ਸਥਾਨਾਂ 'ਤੇ ਰਖਿਆ ਹੈ, ਉਥੇ-ਉਥੇ ਦੱਸਣ ਵਾਸਤੇ ਪਹੁੰਚ ਗਿਆ ਹੈ''॥੩੫॥

ਬਹੁਤ ਤਰੀਫ ਸ਼ਾਹੁ ਨੇ ਕਰੀ। ਹੇਰਤਿ ਸੁਨਤਿ ਸਭਿਨਿ ਮਤਿ ਹਰੀ।
ਸਭਾ ਉਠੀ ਨਿਜ ਡੇਰਨਿ ਆਏ। ਸੁਜਸੁ ਨਵੋਂ ਨਿਤ ਸਭਿ ਪਰ ਛਾਏ॥ ੩੬॥

ਬਾਦਸ਼ਾਹ ਨੇ ਬਹੁਤ ਸਿਫਤ ਕੀਤੀ, ਵੇਖਣ ਸੁਣਨ ਵਿਚ ਸਾਰਿਆਂ ਦੀ ਬੁੱਧੀ ਚੁਰਾ ਲਈ ਹੈ। ਸਭਾ ਉੱਠ ਕੇ ਆਪਣੇ-ਆਪਣੇ ਡੇਰਿਆਂ ਨੂੰ ਆ ਗਈ, ਨਵਾਂ ਸ੍ਰੇਸ਼ਟ ਜਸ ਸਭ 'ਤੇ ਛਾ ਜਾਂਦਾ ਹੈ॥੩੬॥

ਸਿੱਖ ਅਨੇਕ ਆਨਿ ਕਰਿ ਹੋਵੈਂ। ਸਤਿਗੁਰ ਮਹਿਮਾ ਕੋ ਅਤਿ ਜੋਵੈਂ।
ਅਰਪਹਿਂ ਮਹਾਂ ਉਪਾਇਨ ਆਨਹਿਂ। ਪਾਇਨਿ ਪਦਮ ਪਖਾਰਤਿ ਪਾਨਹਿ॥੩੭॥

ਅਨੇਕਾਂ ਲੋਕ ਆ ਕੇ ਸਿੱਖ ਹੁੰਦੇ ਸਨ, ਸਤਿਗੁਰੂ ਜੀ ਦੀ ਅਤੀ ਮਹਿਮਾ ਨੂੰ ਵੇਖਦੇ ਸਨ। ਆ ਕੇ ਬਹੁਤ ਉਪਹਾਰ ਅਰਪਣ ਕਰਦੇ ਸਨ ਤੇ ਚਰਨ ਕੰਵਲ ਧੋ ਕੇ ਪਾਣੀ ਪੀਂਦੇ ਸਨ॥੩੭॥

ਇਮ ਚਰਨਾਂਮ੍ਰਿਤ ਲੇਹਿਂ ਅਨੇਕ। ਨਿਤਪ੍ਰਤਿ ਹੋਵਹਿਂ ਸਿੱਖ ਕਿਤੇਕ।
ਵਸਤੁ ਹਜ਼ਾਰਹੁਂ ਲੇ ਅਰਪਾਵਹਿਂ। ਚਹੁਦਿਸ਼ਿ ਭੀਰ ਭਰੈ ਦਰਸਾਵਹਿਂ॥ ੩੮॥

ਇਸ ਤਰ੍ਹਾਂ ਅਨੇਕਾਂ ਨੇ ਚਰਨਾਮ੍ਰਿਤ ਲਿਆ। ਰੋਜ਼ਾਨਾ ਕਈ ਲੋਕ ਸਿੱਖ ਬਣਦੇ ਸਨ। ਹਜ਼ਾਰਾਂ ਰੁਪਈਆਂ ਦੀਆਂ ਵਸਤਾਂ ਲੈ ਕੇ ਅਰਪਣ ਕਰਦੇ ਸਨ, ਚਾਰੇ ਪਾਸੇ ਵੱਡੀ ਭੀੜ ਦਿਖਾਈ ਦਿੰਦੀ ਸੀ॥੩੮॥

ਅਧਿਕ ਸਮਾਜ ਭਯੋ ਬਡ ਡੇਰਾ। ਲੰਗਰ ਬਰਤਹਿ ਹੋਤਿ ਬਡੇਰਾ।
ਕਵਿ ਸੰਤੋਖ ਸਿੰਘ ਕੀਰਤਿ ਗੁਰ ਕੀ। ਮਨਹੁ ਮਾਲਤੀ ਭੀ ਘਰ ਘਰ ਕੀ॥੩੯॥

ਬਹੁਤ-ਸਾਰੇ ਸਾਮਾਨ ਇਕੱਠਾ ਹੋ ਗਿਆ ਤੇ ਵੱਡਾ ਡੇਰਾ ਬਣ ਗਿਆ ਤੇ ਹਰ ਸਮੇਂ ਬਹੁਤ ਲੰਗਰ ਵਰਤਦਾ ਸੀ। ਕਵੀ ਸੰਤੋਖ ਸਿੰਘ ਗੁਰੂ ਜੀ ਦੀ ਕੀਰਤੀ ਕਰਦਾ ਹੈ, ਮਾਨੋਂ ਘਰ ਘਰ ਮਾਲਤੀ ਦੇ ਫੁੱਲਾਂ ਦੀ ਸੁਗੰਧੀ ਫੈਲ ਗਈ ਹੋਵੇ॥੩੯॥

*ਨੌਵੀਂ ਰਾਸ ਦਾ ਬਤਾਲੀਵਾਂ ਅਧਿਆਇ ਸਮਾਪਤ ਹੋਇਆ॥੪੨॥*

## ਅਧਿਆਇ ਤਰਤਾਲੀਵਾਂ

*ਸ਼ੇਰ ਸ਼ਿਕਾਰ, ਬਾਜ਼ ਦਾ ਪੂਰਬ ਜਨਮ*

ਦੋਹਰਾ- ਇਕ ਦਿਨ ਚਢਯੋ ਸ਼ਿਕਾਰ ਕੋ ਨੌਰੰਗ ਦੁਸ਼ਟ ਬਿਸਾਲ।
ਪਠਯੋ ਹਕਾਰਨਿ ਦੂਤ ਕੋ 'ਲਯਾਉ ਤੁਰਤ ਇਕ ਕਾਲ'॥ ੧॥

ਇਕ ਦਿਨ ਵੱਡਾ ਦੁਸ਼ਟ ਨੌਰੰਗਾ ਸ਼ਿਕਾਰ ਵਾਸਤੇ ਜਾਣ ਲੱਗਾ ਤਾਂ ਇਕ ਦੂਤ ਨੂੰ ਬੁਲਾ ਕੇ ਕਿਹਾ, "ਸ੍ਰੀ ਹਰਿਰਾਇ ਨੂੰ ਤੁਰਤ ਬੁਲਾ ਕੇ ਲਿਆਵੋ" ॥੧॥

ਚੌਪਈ- ਸ਼ੀਘ੍ਰ ਗਯੋ ਚਲਿ ਗੁਰ ਸੁਤ ਡੇਰੇ। ਹਾਥ ਜੋਰਿ ਹੁਇ ਖਰੋ ਅਗੇਰੇ।
ਕਹਯੋ 'ਸ਼ਾਹੁ ਅਬਿ ਚਢਯੋ ਸ਼ਿਕਾਰਾ। ਵਹਿਰ ਠਾਢਿ ਹੁਇ ਤੁਮਹਿ ਹਕਾਰਾ ॥੨॥

ਉਹ ਦੂਤ ਤੁਰਤ ਚਲ ਕੇ ਗੁਰੂ ਜੀ ਦੇ ਪੁੱਤਰ ਦੇ ਡੇਰੇ ਗਿਆ ਤੇ ਹੱਥ ਜੋੜ ਕੇ ਅੱਗੇ ਖੜਾ ਹੋ ਗਿਆ ਤੇ ਕਿਹਾ, "ਬਾਦਸ਼ਾਹ ਹੁਣ ਸ਼ਿਕਾਰ ਖੇਡਣ ਚਲਿਆ ਹੈ, ਸਵਾਰਾਂ ਨਾਲ ਖੜੇ ਹੋ ਕੇ ਤੁਹਾਨੂੰ ਬੁਲਾਇਆ ਹੈ ॥੨॥

ਦੇਰ ਨ ਕਰਹੁ ਚਲਹੁ ਦਰਹਾਲਾ। ਖਰੇ ਸ਼ਾਹੁ ਚਾਹੈ ਤੁਮ ਨਾਲਾ'।
ਤਬਿ ਤੁਰੰਗ ਪਰ ਹ੍ਵੈ ਅਸਵਾਰ। ਗਮਨੇ ਪੰਥ ਸ਼ੀਘ੍ਰਤਾ ਧਾਰਿ ॥ ੩ ॥

ਦੇਰ ਨਾ ਕਰੋ ਤੇ ਫੌਰਨ ਚਲੋ, ਬਾਦਸ਼ਾਹ ਤੁਹਾਨੂੰ ਆਪਣੇ ਨਾਲ ਲੈ ਜਾਣਾ ਚਾਹੁੰਦਾ ਹੈ।" ਤਦ ਸ੍ਰੀ ਰਾਮਰਾਇ ਜੀ ਘੋੜੇ 'ਤੇ ਸਵਾਰ ਹੋ ਕੇ ਬੜੀ ਛੇਤੀ ਨਾਲ ਚਲ ਪਏ ॥੩॥

ਜਾਤਿ ਅਖੇਰ ਹੇਤੁ ਜਿਤ ਸ਼ਾਹੂ। ਪਹੁੰਚਯੋ ਸਤਿਗੁਰ ਸੁਤ ਤਿਤ ਰਾਹੂ।
ਖਰੇ ਭਯੋ ਨੌਰੰਗ ਨੇ ਹੇਰਾ। ਦੀਨਸਿ ਏਕ ਮਤੰਗ ਉਚੇਰਾ ॥ ੪ ॥

ਜਿਸ ਪਾਸੇ ਬਾਦਸ਼ਾਹ ਸ਼ਿਕਾਰ ਖੇਡਣ ਜਾ ਰਿਹਾ ਸੀ, ਸਤਿਗੁਰੂ ਦਾ ਪੁੱਤਰ ਉਸੇ ਰਾਹ ਪੈ ਗਿਆ। ਖੜੇ ਹੋਏ ਨੌਰੰਗੇ ਨੇ ਉਸ ਨੂੰ ਵੇਖਿਆ ਤੇ ਇਕ ਬੜਾ ਉੱਚਾ ਹਾਥੀ ਉਸ ਨੂੰ ਦਿੱਤਾ ॥੪॥

ਹੁਇ ਆਰੂਢ ਚਲੇ ਸਮੁਦਾਯਾ। ਸ਼ਾਹ ਅਖੇਰ ਪ੍ਰਸੰਗ ਚਲਾਯਾ।
'ਕੇ ਬਨ ਕੇ ਮ੍ਰਿਗ ਮਾਰਹਿਂ ਆਜ ? ਕੇ ਹਮ ਆਗੈ ਜੈ ਹਹਿ ਭਾਜ ? ॥੫॥

ਸਾਰੇ ਸਵਾਰ ਹੋ ਕੇ ਚਲ ਪਏ ਤੇ ਬਾਦਸ਼ਾਹ ਨੇ ਸ਼ਿਕਾਰ ਦਾ ਪ੍ਰਸੰਗ ਚਲਾਇਆ, "ਅੱਜ ਜੰਗਲ ਦੇ ਕਿੰਨੇ ਹਿਰਨ ਮਾਰਾਂਗੇ ? ਕਿੰਨੇ ਸਾਡੇ ਅੱਗੇ ਨਿਕਲ ਕੇ ਭੱਜ ਜਾਣਗੇ ? ॥੫॥

ਕਿਤਨੇ ਹਮ ਲਜਾਵੈਂ ਕਰਿ ਘਾਤ?। ਸੋ ਸਗਰੀ ਬਤਲਾਵਹੁ ਬਾਤ'।
ਸੁਨਿ ਸ੍ਰੀ ਰਾਮਰਾਇ ਬਚ ਕਹਯੋ। 'ਕੁਛ ਨ ਹਾਥ ਆਵ ਜੋ ਚਹਯੋ ॥੬॥

ਕਿੰਨੇ ਅਸੀਂ ਮਾਰ ਕੇ ਲਿਆਵਾਂਗੇ ? ਉਹ ਸਾਰੀ ਗੱਲ ਸਾਨੂੰ ਦੱਸੋ।" ਇਹ ਸੁਣ ਕੇ ਸ੍ਰੀ ਰਾਮਰਾਇ ਜੀ ਨੇ ਬਚਨ ਕੀਤਾ, "ਜੋ ਚਾਹੁੰਦੇ ਹੋ ਕੁਝ ਵੀ ਹੱਥ ਨਹੀਂ ਆਵੇਗਾ ॥੬॥

ਏਕ ਸ਼ੇਰ ਨਿਕਸੈ ਬਲ ਭਾਰਾ। ਕਰਹੁ ਜਤਨ ਤਿਸ ਕੇ ਹਿਤ ਸਾਰਾ।
ਤਊ ਨ ਮਾਰ ਖਾਇ ਤੁਮ ਪਾਸ। ਆਵਹੁ ਛੂਛੇ ਹਟੇ ਨਿਰਾਸ' ॥ ੭॥

ਇਕ ਵੱਡਾ ਭਾਰੀ ਸ਼ੇਰ ਨਿਕਲੇਗਾ, ਤੁਸੀਂ ਸਾਰੇ ਯਤਨ ਉਸ ਵਾਸਤੇ ਲਾ ਦੇਵੋਗੇ, ਫਿਰ ਵੀ ਉਹ ਤੁਹਾਥੋਂ ਮਾਰਿਆ ਨਹੀਂ ਜਾਵੇਗਾ ਤੇ ਤੁਸੀਂ ਨਿਰਾਸ ਖ਼ਾਲੀ ਵਾਪਸ ਆ ਜਾਵੋਗੇ" ॥੭॥

ਸੁਨਤਿ ਸ਼ਾਹੂ ਨੇ ਸਭਿਨਿ ਸੁਨਾਯੋ। 'ਜੇ ਕਰਿ ਆਜ ਕੇਹਰੀ ਆਯੋ।
ਸਭਿ ਤੁਮ ਸੁਨਤਿ ਹੋਹੁ ਸਵਧਾਨ। ਜਯੋਂ ਕਯੋਂ ਕਰਹੁ ਪ੍ਰਾਨ ਤਿਹ ਹਾਨ ॥੮॥

ਇਹ ਸੁਣਕੇ ਬਾਦਸ਼ਾਹ ਨੇ ਸਭ ਨੂੰ ਸੁਣਾਇਆ, "ਜੇ ਅੱਜ ਸ਼ੇਰ ਨਿਕਲ ਕੇ ਆਵੇ ਤਾਂ ਸਾਰੇ ਤੁਸੀਂ ਸੁਣ ਕੇ ਸਾਵਧਾਨ ਹੋ ਜਾਵੋ, ਜਿਵੇਂ ਕਿਵੇਂ ਕਰਕੇ ਉਸ ਨੂੰ ਮਾਰ ਦੇਣਾ ॥੮॥

ਦਿਉਂ ਬਖਸ਼ੀਸ਼ ਅਧਿਕ ਕਰ ਤਾਂਹੀ। ਕਰਹੁ ਜਤਨ ਜਿਮ ਭਾਜਹਿ ਨਾਂਹੀ।
ਚਹੁੰਦਿਸ਼ਿ ਤੇ ਘੇਰਹੁ ਬਰਿਆਈ। ਤੀਰ ਤੁਪਕ ਤਰਵਾਰ ਚਲਾਈ॥ ੯॥

ਮੈਂ ਆਪਣੇ ਹੱਥੀਂ ਬਹੁਤ ਬਖਸ਼ੀਸ਼ ਦੇਵਾਂਗਾ, ਇਹ ਪੂਰਾ ਜਤਨ ਕਰੋ ਕਿ ਭੱਜ ਨਾ ਜਾਵੇ। ਚਾਰੇ ਪਾਸਿਆਂ ਤੋਂ ਚੰਗੀ ਤਰ੍ਹਾਂ ਘੇਰ ਲਵੋ ਤੇ ਤੀਰ, ਬੰਦੂਕ ਅਤੇ ਤਲਵਾਰ ਚਲਾਓ॥੯॥

ਤੁੰਗ ਤੁੰਗ ਜੇ ਮਹਦ ਮਤੰਗ। ਕਰਹੁ ਬਰੋਬਰ ਜਾਇ ਨ ਭੰਗ।
ਦਿਢ ਹ੍ਵੈ ਰੋਕਹੁ ਮਿਲਿ ਕਰਿ ਆਗਾ। ਹਤਹੁ ਸ਼ਸਤ੍ਰ ਜਿਮ ਜਾਇ ਨ ਭਾਗਾ ॥੧੦॥

ਜਿਹੜੇ ਬੜੇ ਉੱਚੇ ਉੱਚੇ ਹਾਥੀ ਹਨ, ਉਨ੍ਹਾਂ ਨੂੰ ਬਰਾਬਰ ਕਰੋ ਤਾਂਕਿ ਸ਼ੇਰ ਕਿਸੇ ਨੂੰ ਮਾਰ ਨਾ ਜਾਵੇ। ਉਸ ਦੇ ਅੱਗੇ ਮਿਲ ਕੇ ਦ੍ਰਿੜ੍ਹ ਹੋ ਕੇ ਰੋਕੋ ਤੇ ਹਥਿਆਰਾਂ ਨਾਲ ਮਾਰ ਦੇਵੋ ਜਿਹੜਾ ਭੱਜ ਨਾ ਜਾਵੇ" ॥੧੦॥

ਇੱਤਜਾਦਿਕ ਕਹਿ ਕਰਤਿ ਸੁਚੇਤ। ਚਿਤਵਹਿਂ ਜਤਨ ਸ਼ੇਰ ਹਤਿ ਹੇਤੁ।
ਚਢੇ ਤੁਰੰਗਨਿ ਪਰ ਅਸਵਾਰ। ਤਿਨਹੁਂ ਕੀਓ ਸਵਧਾਨ ਉਚਾਰਿ॥ ੧੧॥

ਇੱਤਆਦਿ ਕਹਿ ਕੇ ਸਾਰਿਆਂ ਨੂੰ ਸੁਚੇਤ ਕਰ ਦਿੱਤਾ ਤੇ ਸ਼ੇਰ ਨੂੰ ਮਾਰਨ ਦੇ ਜਤਨਾਂ ਬਾਰੇ ਸੋਚਣ ਲੱਗਾ। ਜਿਹੜੇ ਘੋੜਿਆਂ 'ਤੇ ਅਸਵਾਰ ਸਨ ਉਹਨਾਂ ਨੂੰ ਕਹਿ ਕੇ ਸਾਵਧਾਨ ਕਰ ਦਿੱਤਾ॥੧੧॥

'ਕਾਨਨ ਤੇ ਕੇਹਰਿ ਨਿਕਸੈ ਹੈ। ਇਸ ਮਹਿਂ ਨਹਿਂ ਸੰਦੇਹ ਤੁਮੈ ਹੈ।
ਕਰਹੁ ਉਪਾਇ ਰੋਕਿਬੇ ਤਾਂਹੀ। ਹਤਹੁ ਬੇਗ ਅਸੁ ਤੇ, ਨਹਿਂ ਜਾਹੀ' ॥ ੧੨॥

"ਜੰਗਲ ਵਿਚੋਂ ਸ਼ੇਰ ਨਿਕਲੇਗਾ, ਇਸ ਬਾਰੇ ਤੁਹਾਨੂੰ ਸ਼ੰਕਾ ਨਹੀਂ ਕਰਨੀ ਚਾਹੀਦੀ। ਉਸ ਨੂੰ ਰੋਕਣ ਦਾ ਜਤਨ ਕਰੋ ਤੇ ਤੇਜ਼ ਘੋੜੇ 'ਤੇ ਚੜ੍ਹ ਕੇ ਮਾਰੋ ਤਾਂਕਿ ਭੱਜ ਨਾ ਜਾਵੇ" ॥੧੨॥

ਪੈਦਲ ਪ੍ਰਿਥਕ ਕਰੇ ਸਮੁਦਾਈ। ਸਭਿਹਿਨ ਕੇ ਮਨ ਅਧਿਕ ਬਧਾਈ।
ਚਲਿ ਸ਼ਿਕਾਰ ਗਹਿ ਬਿਚਰਜੋ ਸ਼ਾਹੂ। ਖੋਜਤਿ ਫਿਰਤਿ ਬਿਪਨ ਕੇ ਮਾਂਹੂ॥੧੩॥

ਸਾਰੀ ਸੈਨਾ ਨੂੰ ਫਿਰ ਪੈਦਲ ਤੋਰ ਦਿੱਤਾ, ਸਾਰਿਆਂ ਦੇ ਮਨ ਬਹੁਤ ਵਧਾ ਦਿੱਤੇ। ਬਾਦਸ਼ਾਹ ਸ਼ਿਕਾਰ ਵਾਲੇ ਸਥਾਨ 'ਤੇ ਚਲਾ ਗਿਆ ਤੇ ਜੰਗਲ ਦੇ ਵਿਚ ਲੱਭਦਾ ਫਿਰਦਾ ਸੀ॥੧੩॥

ਗਜ ਬਾਜਨਿ ਕੋ ਪਰਾ ਬੰਧਾਵਾ। ਖਿਲਤਿ ਅਖੇਰ ਨਹੀਂ ਕੁਛ ਪਾਵਾ।
ਬਿਚਰਤਿ ਬਿਚਰਤਿ ਬਜਾਕੁਲ ਭਏ। ਇਕ ਦੁਇ ਜਾਮ ਬੀਤ ਜਬਿ ਗਏ॥੧੪॥

ਹਾਥੀਆਂ ਘੋੜਿਆਂ ਨੂੰ ਇਕ ਕਤਾਰ ਵਿਚ ਬੰਨ੍ਹ ਦਿੱਤਾ, ਪਰ ਸ਼ਿਕਾਰ ਖੇਡਦਿਆਂ ਕੁਝ ਵੀ ਨਾ ਮਿਲਿਆ। ਫਿਰਦੇ ਫਿਰਦੇ ਵਿਆਕੁਲ ਹੋ ਗਏ। ਜਦ ਇਕ ਦੋ ਪਹਿਰ ਬੀਤ ਗਏ॥੧੪॥

ਨਿਕਸਜੋ ਕੇਹਰਿ ਲੇਤਿ ਜੰਭਾਈ। ਗਰਜਜੋ ਸ਼ਬਦ ਉਤੰਗ ਉਠਾਈ।
ਮੂਤ੍ਰ ਤੁਰੰਗ ਮਤੰਗਨਿ ਗੇਰਾ। ਭਾਜ ਚਲੇ ਕੋ ਪਾਵਹਿ ਘੇਰਾ॥ ੧੫॥

ਉਬਾਸੀ ਲੈਂਦਾ ਹੋਇਆ ਇਕ ਸ਼ੇਰ ਨਿਕਲਿਆ। ਉਹ ਬੜੀ ਉੱਚੀ ਆਵਾਜ਼ ਵਿਚ ਗਰਜਿਆ, ਜਿਸ ਨਾਲ ਹਾਥੀਆਂ ਅਤੇ ਘੋੜਿਆਂ ਦਾ ਮੂਤਰ ਨਿਕਲ ਗਿਆ। ਭੱਜ ਚਲੇ ਸਨ, ਕੁਝ ਲੋਕ ਘੇਰਾ ਪਾਉਂਦੇ ਸਨ॥੧੫॥

ਲਲਕਾਰਤਿ ਲਸ਼ਕਰ ਕੋ ਮੋਰਾ। ਉਮਡਿ ਭਏ ਸਨਮੁਖ ਤਿਸ ਓਰਾ।
ਬ੍ਰਿੰਦ ਤੁਰੰਗੈਂ ਗੁਲਕਾ ਮਾਰੀ। ਗਹਿ ਕ੍ਰਿਪਾਨ ਕੋ ਰੁਪੇ ਅਗਾਰੀ। ੧੬॥

ਫਿਰ ਲਲਕਾਰ ਕੇ ਲਸ਼ਕਰ ਨੂੰ ਮੋੜਿਆ ਤੇ ਸਾਰੇ ਉਸ ਦੇ ਸਾਹਮਣੇ ਉੱਮਡ ਪਏ। ਬੰਦੂਕਾਂ ਨਾਲ ਬਹੁਤ ਗੋਲੀਆਂ ਮਾਰੀਆਂ ਤੇ ਕਿਰਪਾਨਾਂ ਫੜ ਕੇ ਅੱਗੇ ਖੜੇ ਹੋ ਗਏ॥੧੬॥

ਅੰਕਸ ਮਾਰਿ ਮਾਰਿ ਗਜ ਢੋਏ। ਮਰੂ ਮਰੂ ਕਰਿ ਅਸੁ ਇਤ ਹੋਏ।
ਬਨ ਸੰਘਨ ਮਹਿਂ ਦੀਸਹਿ ਥੋਰਾ। ਭਯੋ ਕੁਲਾਹਲ, ਸੁਨਿਬੇ ਘੋਰਾ॥ ੧੭॥

ਲੋਹੇ ਦੇ ਕੁੰਡੇ ਮਾਰ ਮਾਰ ਕੇ ਹਾਥੀਆਂ ਨੂੰ ਕਾਬੂ ਕੀਤਾ ਤੇ ਅੱਡੀਆਂ ਮਾਰ ਮਾਰ ਕੇ ਘੋੜੇ ਏਧਰ ਓਧਰ ਕੀਤੇ। ਸੰਘਣੇ ਜੰਗਲ ਵਿਚ ਬਹੁਤ ਥੋੜ੍ਹਾ ਦਿੱਸਦਾ ਸੀ। ਬਹੁਤ ਕੁਲਾਹਲ ਮਚਿਆ ਸੀ ਤੇ ਬੜਾ ਉੱਚਾ ਰੌਲਾ ਸੁਣਾਈ ਦੇ ਰਿਹਾ ਸੀ॥੧੭॥

ਨਰ ਮਤੰਗ ਪਰ, ਹਤੀ ਤੁਫੰਗ। ਜਾਇ ਲਗੀ ਕੁਛ ਕੇਹਰਿ ਅੰਗ।
ਤਤਛਿਨ ਉਛਲਯੋ ਅਧਿਕ ਭਭਕਿ ਕੈ। ਲੀਨਿ ਉਤਾਰ ਤਿਸੀ ਕਉ ਬਲ ਕੈ॥੧੮॥

ਜਿਹੜੇ ਮਨੁੱਖ ਹਾਥੀਆਂ ਉੱਤੇ ਬੈਠੇ ਸਨ, ਉਨ੍ਹਾਂ ਬੰਦੂਕਾਂ ਚਲਾਈਆਂ ਤੇ ਕੁਝ ਗੋਲੀਆਂ ਸ਼ੇਰ ਦੇ ਅੰਗਾਂ ਨੂੰ ਵੀ ਲਗੀਆਂ। ਗੋਲੀਆਂ ਲੱਗਣ ਨਾਲ ਸ਼ੇਰ ਭਬਕ ਕੇ ਬਹੁਤ ਉੱਚਾ ਉਛਲਿਆ। ਉਹ ਆਪਣੇ ਜ਼ੋਰ ਨਾਲ ਉਨ੍ਹਾਂ ਮਨੁੱਖਾਂ ਨੂੰ ਥੱਲੇ ਲਾਹੁਣਾ ਚਾਹੁੰਦਾ ਸੀ॥੧੮॥

ਦਿਯੋ ਬਗਾਇ ਦੂਰਿ ਕਿਤ ਪਰਯੋ। ਅਪਰਨਿ ਕੋ ਡਰ ਕੈ ਮੁਖ ਮੁਰਯੋ।
ਇਕ ਦੁਇ ਅਪਰਨਿ ਕੈ ਕਰਿ ਮਾਰਾ। ਚਲਯੋ ਭਾਗ, ਕਰਿ ਗਯੋ ਕਿਨਾਰਾ॥੧੯॥

ਸ਼ੇਰ ਨੂੰ ਭਜਾ ਦਿੱਤਾ ਤੇ ਉਹ ਕਿਤੇ ਦੂਰ ਜਾ ਪਿਆ, ਹੋਰਨਾਂ ਤੋਂ ਡਰ ਕੇ ਉਸ ਮੂੰਹ ਮੋੜ ਲਿਆ। ਇਕ ਦੋ ਹੋਰਨਾਂ ਨੂੰ ਪੰਜਾ ਮਾਰ ਕੇ ਭੱਜ ਚਲਿਆ ਤੇ ਉਹ ਥਾਂ ਛੱਡ ਗਿਆ॥੧੯॥

ਕਿਤਿਕ ਕੋਸ ਪਰ ਪਹੁੰਚਯੋ ਜਾਈ। ਪੀਛੇ ਸੈਨਾ ਸ਼ਾਹੁ ਪਵਾਈ।
ਸੰਘਨ ਬਨ ਮਹਿਂ ਮੁਸ਼ਕਲ ਚਲਿਬੋ। ਕਹਾਂ ਹੋਇ ਕੇਹਰਿ ਕਹੁ ਮਿਲਿਬੋ॥੨੦॥

ਕਈਆਂ ਕੋਹਾਂ 'ਤੇ ਜਾ ਪਹੁੰਚਿਆ। ਬਾਦਸ਼ਾਹ ਨੇ ਉਸ ਦੇ ਪਿੱਛੇ ਸੈਨਾ ਲਵਾਈ। ਸੰਘਣੇ ਜੰਗਲ ਵਿਚ ਚੱਲਣਾ ਮੁਸ਼ਕਲ ਸੀ। ਸ਼ੇਰ ਨੂੰ ਉਹ ਕਿਥੇ ਮਿਲ ਸਕਦੇ ਸਨ॥੨੦॥

ਫਿਰੇ ਸੰਝ ਲਗਿ ਸ਼੍ਰਮ ਕੋ ਪਾਏ। ਪਸਰਯੋ ਤਮ, ਕਹਿ ਚਮੂੰ ਹਟਾਏ।
ਲਖਿ ਸ਼੍ਰੀ ਰਾਮ ਰਾਇ ਬਚ ਸਾਚਾ। ਰਿਦੈ ਅਧਿਕ ਅਚਰਜ ਤਬਿ ਰਾਚਾ॥੨੧॥

ਫਿਰ ਸ਼ਾਮ ਤਕ ਬਹੁਤ ਥੱਕ ਗਏ, ਹਨੇਰਾ ਹੋ ਗਿਆ ਤਾਂ ਬਾਦਸ਼ਾਹ ਨੇ ਕਹਿ ਕੇ ਫ਼ੌਜ ਹਟਾਈ। ਸ੍ਰੀ ਰਾਮਰਾਇ ਦਾ ਬਚਨ ਸੱਚਾ ਜਾਣ ਕੇ ਬਾਦਸ਼ਾਹ ਦੇ ਹਿਰਦੇ ਵਿਚ ਬਹੁਤ ਅਸਚਰਜ ਭਰ ਗਿਆ॥੨੧॥

ਮਗ ਆਵਤਿ ਆਰੂਢਿ ਮਤੰਗਾ। ਸਭਿ ਕੈ ਸੰਗ ਭਨੈ ਨੌਰੰਗਾ।
'ਗੁਰ ਸੁਤ ਨੇ ਜਿਮ ਗਿਰਾ ਉਚਾਰੀ। ਹਮ ਤੁਮ ਸੋਂ, ਹੋਈ ਸਭਿ ਸਾਚੀ॥੨੨॥

ਹਾਥੀ ਉਤੇ ਚੜ੍ਹਕੇ ਰਾਹ ਵਿਚ ਆ ਰਹੇ ਸਨ ਤਾਂ ਸਾਰਿਆਂ ਨੂੰ ਨੌਰੰਗਾ ਕਹਿਣ ਲੱਗਾ, ''ਗੁਰੂ ਪੁੱਤਰ ਨੇ ਜਿਵੇਂ ਬਚਨ ਕੀਤਾ ਸੀ, ਉਹ ਸਾਡੇ ਤੁਹਾਡੇ ਨਾਲ ਸਭ ਸੱਚ ਹੋਇਆ ਹੈ॥੨੨॥

ਨਿਕਸਯੋ ਸ਼ੇਰ ਜਤਨ ਕਰਿ ਹਾਰੇ। ਲਸ਼ਕਰ ਪਚਯੋ ਮਰਯੋ ਨਹਿ ਮਾਰੇ।
ਬਾਕ ਅਟਲ ਨਹਿਂ ਟਾਰਯੋ ਟਰੈ। ਮਹਾਂ ਮਹਦ ਅਜ਼ਮਤ ਕਹੁ ਧਰੈ॥ ੨੩॥

ਸ਼ੇਰ ਨਿਕਲਿਆ ਹੈ, ਬਹੁਤ ਯਤਨ ਕਰਕੇ ਹਾਰ ਗਏ ਹਾਂ, ਫ਼ੌਜ ਪਿੱਛੇ ਲੱਗੀ ਹੈ, ਪਰ ਮਾਰਨ ਨਾਲ ਮਰਿਆ ਨਹੀਂ ਹੈ। ਇਨ੍ਹਾਂ ਦੇ ਬਚਨ ਅਟੱਲ ਹਨ, ਟਾਲਣ ਨਾਲ ਵੀ ਨਹੀਂ ਟੱਲਦੇ, ਇਨ੍ਹਾਂ ਨੇ ਬਹੁਤ ਵੱਡੀ ਕਰਾਮਾਤ ਧਾਰਨ ਕੀਤੀ ਹੈ'॥੨੩॥

ਇੱਤਜਾਦਿਕ ਜਸੁ ਕੋ ਬਿਦਤਾਵਤਿ। ਪ੍ਰਵਿਸ਼ਜੋ ਦੁਰਗ ਗੁਰੂ ਗੁਨ ਗਾਵਤਿ।
ਨਿਸਾ ਬਿਤੀਤ ਭਈ ਪੁਨ ਪ੍ਰਾਤ। ਸਿਮਰਤਿ ਚਿਤ ਅਜ਼ਮਤ ਬੱਖਜਾਤ ॥੨੪॥

ਇੱਤਿਆਦਿਕ ਜਸ ਪ੍ਰਗਟ ਕੀਤਾ ਤੇ ਗੁਰੂ ਜੀ ਦੇ ਗੁਣ ਗਾਉਂਦਾ ਕਿਲ੍ਹੇ ਵਿਚ ਦਾਖਲ ਹੋ ਗਿਆ। ਰਾਤ ਬੀਤਣ ਬਾਅਦ ਫਿਰ ਸਵੇਰ ਹੋ ਗਈ: ਪ੍ਰਗਟ ਕਰਾਮਾਤ ਨੂੰ ਚਿੱਤ ਵਿਚ ਯਾਦ ਕਰਦਾ ਸੀ॥੨੪॥

ਅਗਲੇ ਦਿਨ ਪੁਨ ਸਭਾ ਲਗਾਈ। ਸਤਿਗੁਰ ਸੁਤ ਕੋ ਲਿਯੋ ਬੁਲਾਈ।
ਬਡੇ ਬਡੇ ਸੂਬੇ ਉਮਰਾਉ। ਕਾਜ਼ੀ ਮੁੱਲਾਂ ਗਨ ਉਲਮਾਉ॥ ੨੫॥

ਅਗਲੇ ਦਿਨ ਫਿਰ ਸਭਾ ਲਗਾਈ ਤੇ ਸਤਿਗੁਰੂ ਜੀ ਦੇ ਪੁੱਤਰ ਨੂੰ ਬੁਲਾ ਲਿਆ। ਵੱਡੇ-ਵੱਡੇ ਸੂਬੇ ਅਤੇ ਉਮਰਾਵ ਆਏ ਸਨ। ਬਹੁਤ ਕਾਜ਼ੀ, ਮੁਲਾਣੇ ਅਤੇ ਵਿਦਵਾਨ ਇਕੱਠੇ ਹੋਏ ਸਨ॥੨੫॥

ਪੂਰਨ ਸਭਾ ਭਈ ਚਲਿ ਆਏ। ਗੁਰ ਸੁਤ ਦਿਸ਼ਿ ਸਭਿ ਨੈਨ ਲਗਾਏ।
ਸੁੰਦਰ ਬਦਨ ਰਦਨ ਦੁਤਿ ਰਾਜੈਂ। ਪਿਖਿ ਹਰਖਹਿਂ ਸਿਖ, ਦੁਸ਼ਮਨਿ ਲਾਜੈਂ॥੨੬॥

ਜਦ ਸਭਾ ਪੂਰਨ ਰੂਪ ਵਿਚ ਭਰੀ ਹੋਈ ਸੀ, ਤਾਂ ਗੁਰੂ ਜੀ ਦੇ ਪੁੱਤਰ ਚਲ ਕੇ ਆ ਗਏ। ਸਾਰਿਆਂ ਦੇ ਨੈਣ ਗੁਰੂ ਜੀ ਦੇ ਪੁੱਤਰ ਵੱਲ ਲੱਗ ਗਏ। ਸੁੰਦਰ ਮੁਖੜਾ ਬੜਾ ਸ਼ੋਭਨੀਕ ਲੱਗ ਰਿਹਾ ਸੀ, ਜਿਸ ਨੂੰ ਵੇਖ ਕੇ ਸਿੱਖ ਪ੍ਰਸੰਨ ਹੁੰਦੇ ਸਨ ਤੇ ਦੁਸ਼ਮਣ ਸ਼ਰਮਿੰਦੇ ਹੁੰਦੇ ਸਨ॥੨੬॥

ਗਰ ਜਾਮਾ ਬਹੁ ਮੋਲਾ ਚੀਰ। ਗੌਰ-ਬਰਨ ਵਿਚ ਦਿਪਹਿ ਸਰੀਰ।
ਚੌਕੀ ਚਾਰੁ ਚੈਲ ਸੋਂ ਛਾਈ। ਬੈਠਿ ਬੀਚ ਸਭਿ ਸਭਾ ਸੁਹਾਈ॥ ੨੭॥

ਗਲ ਵਿਚ ਬੜਾ ਕੀਮਤੀ ਜਾਮਾ ਪਹਿਨਿਆ ਹੋਇਆ ਸੀ ਤੇ ਸਿਰ ਉੱਤੇ ਸੁੰਦਰ ਪੱਗੜੀ ਬੰਨ੍ਹੀ ਹੋਈ ਸੀ। ਸਰੀਰ ਦਾ ਗੋਰਾ ਰੰਗ ਬਹੁਤ ਸ਼ੋਭਦਾ ਸੀ। ਸੁੰਦਰ ਚੌਂਕੀ, ਸੁੰਦਰ ਕੱਪੜੇ ਨਾਲ ਢੱਕੀ ਹੋਈ ਸੀ, ਗੁਰੂ ਪੁੱਤਰ ਨੇ ਸਭਾ ਵਿਚ ਬੈਠ ਕੇ ਬੜੀ ਸ਼ੋਭਾ ਪਾਈ॥੨੭॥

ਬਾਜ ਹਾਥ ਪਰ ਲੀਨਹੁ ਸ਼ਾਹੂ। ਕਰਹਿ ਗੁਫਤਗੋ ਹੁਤੇ ਜੁ ਪਾਹੂ।
ਤਬਿ ਸ੍ਰੀ ਰਾਮਰਾਇ ਦਿਸ਼ਿ ਨੈਨ। ਮੁਸਕਾਵਤਿ ਨੌਰੰਗ ਕਹਿ ਬੈਨ॥ ੨੮॥

ਬਾਦਸ਼ਾਹ ਨੇ ਹੱਥ ਉਤੇ ਬਾਜ਼ ਰਖਿਆ ਸੀ ਤੇ ਜਿਹੜੇ ਪਾਸ ਬੈਠੇ ਸਨ, ਉਨ੍ਹਾਂ ਨਾਲ ਗੱਲਬਾਤ ਕਰ ਰਿਹਾ ਸੀ। ਫਿਰ ਸ੍ਰੀ ਰਾਮਰਾਇ ਵਾਲੇ ਪਾਸੇ ਵੇਖਿਆ, ਤੇ ਨੌਰੰਗੇ ਨੇ ਮੁਸਕਰਾ ਕੇ ਕਿਹਾ॥੨੮॥

'ਬਡ ਕੀਮਤ ਕੋ ਆਯੋ ਬਾਜ। ਕਰਹਿਂ ਅਖੇਰ ਬ੍ਰਿਤ ਕੇ ਕਾਜ।
ਜਿਸ ਪਸ਼ਚਾਤ ਛੋਰਿਬੋ ਕਰੀਅਤਿ। ਤਿਸ ਪੰਛੀ ਕਹੁ ਤਤਛਿਨ ਧਰੀਅਤਿ॥੨੯॥

''ਇਹ ਬੜਾ ਕੀਮਤੀ ਬਾਜ਼ ਆਇਆ ਹੈ, ਇਹ ਸ਼ਿਕਾਰ ਖੇਡਣ ਵਾਸਤੇ ਲਿਆ ਹੈ। ਜਿਸ ਦੇ ਪਿੱਛੇ ਵੀ ਇਸ ਨੂੰ ਛੱਡਦੇ ਹਾਂ ਉਸ ਪੰਛੀ ਨੂੰ ਤੁਰਤ ਫੜ ਲੈਂਦਾ ਹੈ॥੨੯॥

ਝਪਟ ਤਰੇ ਤੇ ਜਾਨ ਨ ਦੇਤਿ। ਮੀਰ ਸ਼ਿਕਾਰ ਧਾਇ ਗਹਿ ਲੇਤਿ।
ਹਮ ਕੋ ਆਮਿਖ ਬਹੁਤ ਖੁਵਾਯੋ। ਬਹੁ ਸੁੰਦਰ ਮੇਰੇ ਮਨ ਭਾਯੋ॥ ੩੦॥

ਝਪਟ ਵਿਚੋਂ ਫਿਰ ਜਾਣ ਨਹੀਂ ਦਿੰਦਾ, ਮੀਰ ਸ਼ਿਕਾਰੀ ਫਿਰ ਭੱਜ ਕੇ ਫੜ ਲੈਂਦਾ ਹੈ। ਸਾਨੂੰ ਇਸ ਨੇ ਬਹੁਤ ਮਾਸ ਖਵਾਇਆ ਹੈ। ਬੜਾ ਸੁੰਦਰ ਹੈ, ਮੇਰੇ ਮਨ ਨੂੰ ਬਹੁਤ ਚੰਗਾ ਲੱਗਦਾ ਹੈ॥੩੦॥

*ਨੋਟ : ਬਾਦਸ਼ਾਹ ਦੇ ਸ਼ਿਕਾਰੀ ਅਮਲੇ ਦੇ ਮੁਖ ਅਹੁਦੇਦਾਰ ਨੂੰ ਮੀਰ ਸ਼ਿਕਾਰੀ ਕਹਿੰਦੇ ਹਨ। ਬਾਜ਼ ਨੂੰ ਸ਼ਿਕਾਰ ਪਿੱਛੇ ਛੱਡਣਾ ਤੇ ਫਿਰ ਸ਼ਿਕਾਰ ਸਮੇਤ ਬਾਜ਼ ਨੂੰ ਵਾਪਸ ਲਿਆਉਣ ਵਿਚ ਇਸ ਦੀ ਜ਼ਿੰਮੇਵਾਰੀ ਹੁੰਦੀ ਹੈ।*

ਪਾਛਲ ਜਨਮ ਕੌਨ ਇਸ ਕੇਰਾ? ਬਨਜੋ ਬਾਜ ਕਿਮ? ਗੁਨ ਬਹੁਤੇਰਾ।
ਮੋਹਿ ਹਾਥ ਪਰ ਬੈਠਜੋ ਘਨੋ। ਕਰਿ ਰਾਖਜੋ ਆਡੋ ਇਨ ਮਨੋ॥ ੩੧॥

ਪਿਛਲੇ ਜਨਮ ਵਿਚ ਇਹ ਕੌਣ ਸੀ, ਬਾਜ ਕਿਵੇਂ ਬਣਿਆ ਹੈ? ਵੱਡਾ ਗੁਣੀ ਹੈ। ਮੇਰੇ ਹੱਥ 'ਤੇ ਬੈਠਾ ਰਹਿੰਦਾ ਹੈ। ਇਸ ਨੇ ਆਪਣੇ ਮਨ ਵਿਚ ਮੇਰੇ ਹੱਥ ਨੂੰ ਅੱਡਾ ਹੀ ਸਮਝ ਰਖਿਆ ਹੈ॥੩੧॥

ਕਿਮ ਇਹ ਤਨ ਧਰਿ ਮੋ ਢਿਗ ਰਹੈ। ਕੌਨ ਕਰਮ ਕੀਨਸਿ ਸੁਖ ਲਹੈ।
ਭੂਤ ਭਵਿੱਖਜ ਬਾਤ ਤੁਮ ਜਾਨੋ। ਬਰਤਮਾਨ ਭੀ ਰਹੈ ਨ ਛਾਨੋ॥ ੩੨॥

ਕਿਵੇਂ ਇਹ ਸਰੀਰ ਧਾਰ ਕੇ ਮੇਰੇ ਪਾਸ ਰਹਿੰਦਾ ਹੈ। ਇਸ ਨੇ ਕਿਹੜਾ ਕਰਮ ਕੀਤਾ ਹੈ ਜਿਹੜਾ ਇੰਨਾ ਸੁਖ ਲੈ ਰਿਹਾ ਹੈ? ਅਗਲੀਆਂ ਪਿਛਲੀਆਂ ਤੁਸੀਂ ਸਾਰੀਆਂ ਗੱਲਾਂ ਜਾਣਦੇ ਹੋ ਤੇ ਵਰਤਮਾਨ ਵੀ ਤੁਹਾਥੋਂ ਲੁਕਿਆ ਨਹੀਂ ਹੈ॥੩੨॥

ਕੌਨ ਜਨਮ ਪਾਛਲ? ਕਹਿ ਦੀਜੈ। ਸੰਸੈ ਇਹੀ ਮਿਟਾਵਨਿ ਕੀਜੈ।
ਸੁਨਿ ਸਤਿਗੁਰ ਕੇ ਸੁਤ ਤਿਸ ਬਾਤੀ। ਕਹਤਿ ਜਨਮ ਸਭਿ ਮਹਿਂ ਬੱਖਜਾਤੀ॥੩੩॥

ਇਹ ਪਿਛਲੇ ਜਨਮ ਵਿਚ ਕੀ ਸੀ? ਇਹ ਦੱਸ ਦੇਵੋ, ਮੇਰਾ ਇਹ ਸ਼ੰਕਾ ਦੂਰ ਕਰੋ।'' ਸਤਿਗੁਰੂ ਜੀ ਦੇ ਪੁੱਤਰ ਨੇ ਉਸਦੀ ਗੱਲ ਸੁਣ ਕੇ ਸਾਰੀ ਸਭਾ ਵਿਚ ਪ੍ਰਗਟ ਤੌਰ ਤੇ ਬਾਜ਼ ਦੇ ਪਿੱਛਲੇ ਜਨਮ ਬਾਰੇ ਦੱਸਿਆ॥੩੩॥

'ਤੋਹਿ ਪਿਦਰ ਕੋ ਹੁਤੋ ਦਿਵਾਨ। ਸੇਵਾ ਕਰਤੋ ਰਹਤਿ ਮਹਾਨ।
ਏਕ ਦਿਵਸ ਇਨ ਮਾਸ ਪਕਾਵਾ। ਡਾਲਿ ਮਸਾਲੇ ਸ੍ਵਾਦ ਬਨਾਵਾ॥ ੩੪॥

''ਇਹ ਤੁਹਾਡੇ ਪਿਤਾ ਜੀ ਦਾ ਦੀਵਾਨ ਸੀ ਤੇ ਉਨ੍ਹਾਂ ਦੀ ਮਹਾਨ ਸੇਵਾ ਕਰਦਾ ਰਹਿੰਦਾ ਸੀ। ਇਕ ਦਿਨ ਇਸ ਮਾਸ ਪਕਾਇਆ, ਬਹੁਤ ਮਸਾਲੇ ਪਾ ਕੇ ਸਵਾਦੀ ਬਣਾਇਆ॥੩੪॥

ਅਧਿਕ ਦਰਬ ਕੋ ਖਰਚਨਿ ਕੀਨਿ। ਰੁਚਿਰ ਦੇਗਚਾ ਭਰਿ ਕਰਿ ਲੀਨਿ।
ਕਰਤਿ ਸੰਕਲਪ ਐਸ ਮਨ ਮਾਂਹੂ। 'ਹੋਇ ਸ਼ਰਾਬੀ ਜਿਸ ਛਿਨ ਸ਼ਾਹੂ॥ ੩੫॥

ਬਹੁਤ ਧਨ ਖ਼ਰਚ ਕੀਤਾ ਤੇ ਰੁਚੀ ਅਨੁਸਾਰ ਦੇਗਚਾ ਭਰ ਲਿਆ ਤੇ ਮਨ ਵਿਚ ਇਸ ਤਰ੍ਹਾਂ ਸੰਕਲਪ ਕੀਤਾ, ''ਜਦ ਬਾਦਸ਼ਾਹ ਸ਼ਰਾਬੀ ਹੋਵੇਗਾ॥੩੫॥

ਅਧਿਕ ਸ੍ਵਾਦ ਸੋਂ ਤਬਹਿ ਖੁਵਾਵੋਂ। ਕਰਿ ਪ੍ਰਸੰਨ ਜਾਚਉਂ ਸਭਿ ਪਾਵਉਂ।
ਕਰਿ ਕੈ ਤਜਾਰ ਆਪਨੇ ਕਰ ਤੇ। ਲੇ ਕਰਿ ਗਮਨ ਕੀਨਿ ਜਬਿ ਘਰ ਤੇ॥੩੬॥

ਜ਼ਿਆਦਾ ਸਵਾਦ ਨਾਲ ਤਦ ਹੀ ਖੁਵਾਵਾਂਗਾ ਤੇ ਫਿਰ ਪ੍ਰਸੰਨ ਕਰਕੇ ਜੋ ਮੰਗਾਂਗਾ ਸੋ ਪਾਵਾਂਗਾ।'' ਆਪਣੇ ਹੱਥ ਨਾਲ ਤਿਆਰ ਕਰਕੇ ਆਪਣੇ ਘਰ ਤੋਂ ਲੈ ਕੇ ਚਲ ਪਿਆ॥੩੬॥

ਮਾਰਗ ਮਹਿਂ ਬਿਸੀਅਰ ਪਗ ਡੰਸਾ। ਬਿਖ ਬਹੁ ਚਢੀ ਪ੍ਰਾਨ ਬਿਧੁੰਸਾ।
ਪਹੁੰਚਜੋ ਗਯੋ ਨ ਸ਼ਾਹੁ ਕਿ ਤੀਰ। ਰਹਜੋ ਪੰਥ ਮਹਿਂ ਪਰਜੋ ਸਰੀਰ॥ ੩੭॥

ਰਾਹ ਦੇ ਵਿਚ ਇਕ ਸੱਪ ਨੇ ਡੰਗ ਮਾਰ ਦਿੱਤਾ, ਜ਼ਹਿਰ ਬਹੁਤ ਚੜ੍ਹ ਗਈ ਤੇ ਪ੍ਰਾਣਾਂ ਦਾ ਨਾਸ਼ ਹੋ ਗਿਆ। ਬਾਦਸ਼ਾਹ ਦੇ ਪਾਸ ਪਹੁੰਚਿਆ ਨਾ ਗਿਆ ਤੇ ਰਾਹ ਦੇ ਵਿਚ ਹੀ ਸਰੀਰ ਪਿਆ ਰਹਿ ਗਿਆ॥੩੭॥

ਸੰਕਲਪ ਮਾਸ ਅਚਾਵਨਿ ਕੇਰਾ। ਰਿਦੈ ਰਹਜੋ ਬਸਿ ਕੈ ਤਿਸ ਬੇਰਾ।
ਤਿਸ ਅਨੁਸਾਰ ਜਨਮ ਇਨ ਪਾਯੋ। ਹਤਿ ਖਗ ਆਮਿਖ ਤੁਮਹਿ ਖੁਵਾਯੋ॥੩੮॥

ਜਿਹੜਾ ਮਾਸ ਖਵਾਉਣ ਦਾ ਸੰਕਲਪ ਕੀਤਾ ਸੀ, ਉਹ ਉਸਦੇ ਹਿਰਦੇ ਵਿਚ ਉਸ ਸਮੇਂ ਵਸਿਆ ਰਿਹਾ। ਉਸ ਅਨੁਸਾਰ ਇਸ ਨੇ ਜਨਮ ਪਾਇਆ ਹੈ ਤੇ ਪੰਛੀ ਮਾਰ ਕੇ ਤੁਹਾਨੂੰ ਮਾਸ ਖਵਾਉਂਦਾ ਹੈ॥੩੮॥

ਜਬਿ ਲਗਿ ਇਸ ਕੋ ਰਹੈ ਸਰੀਰ। ਆਮਿਖ ਆਨਤਿ ਹੈ ਤੁਮ ਤੀਰ।
ਤੋਹਿ ਪਿਤਾ ਕੋ ਹੁਤੋ ਵਜ਼ੀਰ। ਅਮਕੋ ਨਾਮ ਧਨਾਢ ਗਹੀਰ॥ ੩੯॥

ਜਦ ਤਕ ਇਸਦਾ ਸਰੀਰ ਰਹੇਗਾ, ਇਹ ਮਾਸ ਤੁਹਾਡੇ ਪਾਸ ਲਿਆਉਂਦਾ ਰਹੇਗਾ। ਤੁਹਾਡੇ ਪਿਤਾ ਜੀ ਦਾ ਇਹ ਵਜ਼ੀਰ ਸੀ ਤੇ ਇਸ ਦਾ ਨਾਂ ਵੱਡੇ-ਵੱਡੇ ਧਨਾਢਾਂ ਵਿਚ ਗਿਣਿਆ ਜਾਂਦਾ ਸੀ॥੩੯॥

ਬਹੁਤ ਬਰਖ ਕੇ ਬ੍ਰਿੱਧ ਜਿ ਅਹੈਂ। ਬੂਝਹੁ, ਅਹਿ ਤੇ ਮਰਜੋ ਸੁ ਕਹੈਂ।
ਸੰਗ ਦੇਗਚਾ ਆਮਿਖ ਕੇਰਾ। ਮਰਜੋ ਨਿਸਾ ਮਹਿਂ ਅਧਿਕ ਅੰਧੇਰਾ॥ ੪੦॥

ਬਹੁਤ ਸਾਲਾਂ ਦੇ ਜਿਹੜੇ ਬਜ਼ੁਰਗ ਹਨ, ਉਨ੍ਹਾਂ ਨੂੰ ਪੁੱਛੋਗੇ ਤਾਂ ਉਹ ਸੱਪ ਲੜਨ ਨਾਲ ਹੋਈ ਉਸਦੀ ਮੌਤ ਬਾਰੇ ਦੱਸਣਗੇ। ਆਪਣੇ ਨਾਲ ਗੋਸ਼ਤ ਦੇ ਦੇਗਚੇ ਸਹਿਤ ਰਾਤ ਨੂੰ ਮਰਿਆ ਜਦ ਬਹੁਤ ਹਨੇਰਾ ਸੀ'॥੪੦॥

ਤਬਿ ਨੌਰੰਗ ਬਹੁ ਬ੍ਰਿੱਧ ਬੁਲਾਏ। ਬੂਝਜੋ 'ਕਿਮ ਵਜ਼ੀਰ ਮ੍ਰਿਤੁ ਪਾਏ?'।
ਤਜੌਂ ਹੀ ਤਿਨਹੁਂ ਸੁਨਾਇਸਿ ਬਾਤ। 'ਅਹਿ ਤੇ ਮਰਜੋ ਸਭਿਨਿ ਬੱਖਜਾਤ'॥੪੧॥

ਤਦ ਨੌਰੰਗੇ ਨੇ ਬਹੁਤ ਬਜ਼ੁਰਗ ਬੁਲਾਏ ਤੇ ਪੁੱਛਿਆ, "ਵਜ਼ੀਰ ਕਿਵੇਂ ਮਰਿਆ ਸੀ?" ਉਸ ਤਰ੍ਹਾਂ ਹੀ ਉਨ੍ਹਾਂ ਨੇ ਗੱਲ ਸੁਣਾਈ "ਸੱਪ ਲੜਨ ਨਾਲ ਮਰਿਆ ਸੀ ਸਾਰੇ ਜ਼ਾਹਰ ਹੈ"॥੪੧॥

ਸਭਿ ਕੇ ਮਨ ਪ੍ਰਤੀਤ ਤਬਿ ਆਈ। ਬਾਜ਼ ਜਨਮ ਕੋ ਸਾਚ ਬਤਾਈ।
ਸਭਾ ਸਮੇਤ ਸ਼ਾਹੁ ਬਿਸਮਾਯੋ। ਕਵਿ ਸੰਤੋਖ ਸਿੰਘ ਭਾਖਿ ਸੁਨਾਯੋ॥ ੪੨॥

ਸਾਰਿਆਂ ਦੇ ਮਨ ਵਿਚ ਫਿਰ ਵਿਸ਼ਵਾਸ ਹੋ ਗਿਆ, ਬਾਜ਼ ਦਾ ਪਿਛਲਾ ਜਨਮ ਸੱਚੋ ਸੱਚ ਦਸਿਆ ਹੈ। ਸਭਾ ਸਮੇਤ ਬਾਦਸ਼ਾਹ ਬਹੁਤ ਹੈਰਾਨ ਹੋਇਆ, ਕਵੀ ਸੰਤੋਖ ਸਿੰਘ ਨੇ ਇਹ ਕਹਿ ਕੇ ਸੁਣਾਇਆ ਹੈ॥੪੨॥

*ਨੌਵੀਂ ਰਾਸ ਦਾ ਤਰਤਾਲੀਵਾਂ ਅਧਿਆਇ ਸਮਾਪਤ ਹੋਇਆ॥੪੩॥*

## ਅਧਿਆਇ ਚੁਤਾਲੀਵਾਂ

*ਕਲਪ ਬ੍ਰਿਛ ਦੇ ਫਲ, ਕੇਸ ਕਾਲੇ ਕੀਤੇ, ਜਮਨਾ ਦਰਿਆ ਉੱਤੇ ਤੁਰੇ*

ਦੋਹਰਾ- ਸਭਾ ਉਠੀ ਨਿਜ ਥਲ ਗਏ ਨੰਦਨ ਸ੍ਰੀ ਹਰਿਰਾਇ।
ਅਜ਼ਮਤ ਕਰਤਿ ਦਿਖਾਵਤੇ ਦੇਰ ਨ ਤਨਕ ਲਗਾਇ॥ ੧॥

ਫਿਰ ਸਭਾ ਉੱਠ ਗਈ ਤੇ ਗੁਰੂ ਹਰਿਰਾਇ ਜੀ ਦੇ ਪੁੱਤਰ ਆਪਣੇ ਸਥਾਨ 'ਤੇ ਚਲੇ ਗਏ। ਝੱਟ ਕਰਾਮਾਤ ਕਰਕੇ ਵਿਖਾਉਂਦੇ ਸਨ ਤੇ ਕੁਝ ਵੀ ਦੇਰ ਨਹੀਂ ਸੀ ਲਾਉਂਦੇ॥੧॥

ਚੌਪਈ- ਸ਼ਾਹੁ ਅਧਿਕ ਸੇਵਾ ਕਉ ਕਰਿਹੀ। ਦੇਖਤਿ ਅਜ਼ਮਤ ਅਚਰਜ ਧਰਿਹੀ।
ਪੁਨ ਉਲਮਾਉਨਿ ਸ਼ਾਹੁ ਸਿਖਾਯੋ। 'ਹੈ ਬਹਿਸ਼ਤ ਮਹਿਂ ਬ੍ਰਿੱਛ ਸੁਹਾਯੋ॥੨॥

ਬਾਦਸ਼ਾਹ ਬਹੁਤ ਸੇਵਾ ਕਰਦਾ ਸੀ ਤੇ ਕਰਾਮਾਤਾਂ ਵੇਖ ਕੇ ਹੈਰਾਨ ਹੁੰਦਾ ਸੀ। ਫਿਰ ਵਿਦਵਾਨਾਂ ਨੇ ਬਾਦਸ਼ਾਹ ਨੂੰ ਸਿਖਾਇਆ "ਬਹਿਸ਼ਤ ਵਿਚ ਇਕ ਦਰੱਖ਼ਤ ਬਹੁਤ ਸ਼ੋਭਾ ਪਾ ਰਿਹਾ ਹੈ॥੨॥

ਕਲਪ ਬ੍ਰਿੱਛ ਤਿਹ ਨਾਮ ਬਿਦਤ ਹੈ। ਫਲ ਤਿਸ ਕੇ ਭਖਿ ਕਰਤਿ ਮੁਦਤ ਹੈ।
ਸੋ ਮੰਗਵਾਵਹੁ ਖਾਵਹੁ ਆਪ। ਜਿਸ ਕੇ ਭੱਖਤਿ ਹਤਿ ਹੈਂ ਤਾਪ"॥ ੩॥

ਉਸ ਦਾ ਨਾਂ 'ਕਲਪ ਬ੍ਰਿੱਛ' ਦੇ ਤੌਰ 'ਤੇ ਮਸ਼ਹੂਰ ਹੈ। ਉਸ ਦਾ ਫਲ ਖਾ ਕੇ ਆਨੰਦ ਪ੍ਰਾਪਤ ਕਰਦੇ ਹਨ। ਉਹ ਫਲ ਮੰਗਵਾ ਕੇ ਆਪ ਖਾਵੋ, ਜਿਸ ਦੇ ਖਾਣ ਨਾਲ ਸਾਰੇ ਸੰਤਾਪ ਦੂਰ ਹੋ ਜਾਂਦੇ ਹਨ"॥੩॥

*ਨੋਟ : ਮੁਸਲਮਾਨਾਂ ਵਿਚ ਕਲਪ ਬ੍ਰਿੱਛ ਨੂੰ 'ਤੂਬਾ' ਕਹਿੰਦੇ ਹਨ।*

ਮਿਲਿ ਆਪਸ ਮਹਿਂ ਮੁੱਲਾਂ ਕਹੈਂ। 'ਤਿਸ ਕੋ ਫਲ ਪ੍ਰਾਪਤਿ ਨਹਿਂ ਇਹੈ।
ਜਾਚਹਿ ਸ਼ਾਹੁ ਦਿਏ ਨਹਿਂ ਜਾਹਿਂ। ਸ਼ਰਧਾ ਪੁਨ ਨ ਰਹੈ ਮਨ ਮਾਂਹਿ'॥ ੪॥

ਮੁਲਾਣੇ ਆਪਸ ਵਿਚ ਮਿਲ ਕੇ ਕਹਿੰਦੇ ਹਨ, "ਉਸ ਬ੍ਰਿਛ ਦੇ ਫਲ ਇਹ ਪ੍ਰਾਪਤ ਨਹੀਂ ਕਰ ਸਕਦਾ। ਬਾਦਸ਼ਾਹ ਮੰਗੇਗਾ ਤਾਂ ਦਿੱਤੇ ਨਹੀਂ ਜਾਣਗੇ, ਫਿਰ ਬਾਦਸ਼ਾਹ ਦੇ ਮਨ ਵਿਚ ਇਸ ਵਾਸਤੇ ਸ਼ਰਧਾ ਨਹੀਂ ਰਹੇਗੀ'॥੪॥

ਤਿਨ ਤੇ ਸੁਨਤਿ ਸ਼ਾਹੁ ਭਲ ਜਾਨੀ। ਅਸ ਅਦਭੁਤ ਫਲ ਆਵਸਿ ਪਾਨੀ।
ਵਸਤੁ ਭਿਸ਼ਤ ਕੀ ਆਇ ਕਿ ਨਾਂਹੀ। ਜਾਚੌਂ, ਜਬਿ ਪ੍ਰਾਪਤਿ ਮੁਝ ਪਾਹੀ॥ ੫॥

ਉਨ੍ਹਾਂ ਪਾਸੋਂ ਸੁਣ ਕੇ ਬਾਦਸ਼ਾਹ ਨੇ ਭਲਾ ਜਾਣਿਆ, "ਐਸਾ ਅਦਭੁੱਤ ਫਲ ਹੱਥ ਵਿਚ ਆਵੇਗਾ, ਬਹਿਸ਼ਤ ਦੀ ਵਸਤੂ ਹੈ, ਆਵੇਗੀ ਕਿ ਨਹੀਂ। ਜਦ ਰਾਮਰਾਇ ਜੀ ਮੇਰੇ ਪਾਸ ਆਉਣਗੇ ਤਾਂ ਇਹ ਫਲ ਮੈਂ ਮੰਗਾਂਗਾ॥੫॥

ਮਨ ਮੈਂ ਨੌਰੰਗ ਨੇ ਦ੍ਰਿੜ ਰਾਖੀ। ਸਭਾ ਲਗੇ ਗੁਰ ਸੁਤ ਕੋ ਭਾਖੀ।
'ਹਮ ਨੇ ਸੁਨਯੋ ਭਿਸ਼ਤ ਕੇ ਮਾਂਹਿ। ਕਲਪ ਬ੍ਰਿੱਛ ਸੁੰਦਰ ਫਲ ਜਾਂਹਿ॥ ੬॥

ਨੌਰੰਗੇ ਨੇ ਮਨ ਵਿਚ ਦ੍ਰਿੜ੍ਹ ਕਰ ਕੇ ਰਖਿਆ ਤੇ ਜਦ ਸਭਾ ਲੱਗੀ ਤਾਂ ਗੁਰੂ ਜੀ ਦੇ ਪੁੱਤਰ ਨੂੰ ਕਿਹਾ, "ਅਸੀਂ ਸੁਣਿਆ ਹੈ ਕਿ ਬਹਿਸ਼ਤ ਵਿਚ ਇਕ ਕਲਪ ਬ੍ਰਿਛ ਨਾਂ ਦਾ ਦਰੱਖ਼ਤ ਹੈ, ਜਿਸ ਦੇ ਫਲ ਬਹੁਤ ਸੁੰਦਰ ਹਨ॥੬॥

ਤਿਸ ਕੇ ਗੁਨ ਐਸੇ ਸੁਨਿ ਪਾਏ। ਭੱਖਨਿ ਕਰੇ ਰੁਧਰ ਬਨ ਜਾਏ।
ਸਰਬ ਦੇਹਿ ਮਹਿਂ ਪਸਰਹਿ ਸੋਇ। ਉਦਰ ਬਿਖੈ ਮਲ ਹੋਇ ਨ ਕੋਇ॥ ੭॥

ਉਸ ਦੇ ਅਜਿਹੇ ਗੁਣ ਸੁਣੇ ਹਨ ਕਿ ਜਿਸ ਦੇ ਖਾਣ ਨਾਲ ਲਾਲ ਰੰਗ ਹੋ ਜਾਂਦਾ ਹੈ। ਸਾਰੇ ਸਰੀਰ ਵਿਚ ਉਹ ਫੈਲ ਜਾਂਦਾ ਹੈ ਤੇ ਪੇਟ ਵਿਚ ਕਿਸੇ ਪ੍ਰਕਾਰ ਦੀ ਮੈਲ ਨਹੀਂ ਰਹਿੰਦੀ॥੭॥

ਇਮ ਤਾਰੀਫ ਸੁਨੀ ਤਿਨ ਕੇਰੀ। ਨਹਿਂ ਲੋਚਨ ਤੇ ਕਿਨ ਗਤਿ ਹੇਰੀ।
ਜਿਤੋ ਤੋਲ ਮਹਿਂ ਤਿਹ ਫਲ ਹੋਇ। ਤਿਤੋ ਰੁਧਰ ਤਨ, ਭੱਖਹਿ ਕੋਇ॥ ੮॥

ਇਸ ਤਰ੍ਹਾਂ ਉਸਦੀ ਸਿਫਤ ਸੁਣੀ ਹੈ, ਕਿਸੇ ਨੇ ਵੀ ਅੱਖਾਂ ਨਾਲ ਉਸਦੀ ਗਤੀ ਨਹੀਂ ਵੇਖੀ ਹੈ। ਜਿੰਨੇ ਤੋਲ ਵਿਚ ਉਹ ਫਲ ਹੁੰਦਾ ਹੈ ਉਨ੍ਹਾਂ ਹੀ ਪੇਟ ਉਸ ਫਲ ਨੂੰ ਖਾਂਧਾ ਹੈ॥੮॥

ਕ੍ਰਿਪਾ ਆਪ ਕੀ ਤੇ ਮੈਂ ਪਾਊਂ। ਭਿਸ਼ਤ ਕਲਪਤਰੁ ਕੇ ਫਲ ਖਾਊਂ।
ਈਹਾਂ ਪ੍ਰਾਪਤਿ ਕੈਸੇ ਹੋਇ। ਪਠਨਿ ਕਿਤਾਬ ਸੁਨਤਿ ਸਭਿ ਕੋਇ॥ ੯॥

ਆਪ ਜੀ ਦੀ ਕਿਰਪਾ ਨਾਲ ਮੈਂ ਉਹ ਫਲ ਪਾਵਾਂਗਾ, ਬਹਿਸ਼ਤਾਂ ਦੇ ਕਲਪ ਬ੍ਰਿਛ ਦੇ ਫਲ ਖਾਵਾਂਗਾ। ਏਥੇ ਕਿਵੇਂ ਪ੍ਰਾਪਤ ਹੋਵੇਗਾ, ਕਿਤਾਬ ਪੜ੍ਹ ਕੇ ਸਾਰੇ ਸੁਣਦੇ ਹਨ॥੯॥

ਜੋ ਬਿਲੋਕਿਬੇ ਮਹਿਂ ਨਹਿਂ ਆਵੈ। ਤਿਸ ਕੋ ਪਾਇ ਕੁਤੇ ਹਰਖਾਵੈਂ।
ਇਹ ਮਨਸਾ ਮਮ ਪੂਰਨ ਕਰੋ। ਤੁਮ ਸਮਰੱਥ ਊਨ ਕੋ ਭਰੋ॥ ੧੦॥

ਜਿਹੜੀ ਵਸਤੂ ਵੇਖਣ ਵਿਚ ਨਹੀਂ ਆਉਂਦੀ ਹੈ, ਉਸ ਨੂੰ ਪਾ ਕੇ ਮਨੁੱਖ ਬਹੁਤ ਪ੍ਰਸੰਨ ਹੁੰਦਾ ਹੈ। ਇਹ ਮੇਰੀ ਚਾਹਤ ਪੂਰੀ ਕਰੋ, ਤੁਸੀਂ ਸਮਰੱਥ ਹੋ, ਊਣੀ ਵਸਤੂ ਨੂੰ ਪੂਰਨ ਕਰ ਦਿੰਦੇ ਹੋ॥੧੦॥

ਮਿਲਨਿ ਆਪ ਕੋ ਸਫਲੋ ਹੋਇ। ਜੇ ਪ੍ਰਾਪਤਿ ਕਰਿ ਦੇਵਹੁ ਸੋਇ।
ਸੁਨਿ ਸਤਿਗੁਰ ਸੁਤ ਫਲ ਮੰਗਵਾਯੋ। ਅਪਨੋ ਊਪਰ ਹਾਥ ਉਠਾਯੋ॥ ੧੧॥

ਆਪ ਜੀ ਨਾਲ ਮਿਲਣਾ ਸਫਲ ਹੋਵੇਗਾ, ਜੇ ਉਸ ਨੂੰ ਪ੍ਰਾਪਤ ਕਰਕੇ ਦੇਵੋਗੇ।" ਇਹ ਸੁਣ ਕੇ ਸਤਿਗੁਰੂ ਜੀ ਦੇ ਪੁੱਤਰ ਨੇ ਫਲ ਮੰਗਵਾਇਆ ਤੇ ਆਪਣਾ ਹੱਥ ਉਪਰ ਚੁਕਿਆ॥੧੧॥

ਆਨਿ ਪਰਜੋ ਤਤਛਿਨ ਤਿਸ ਮਾਂਹੀ। ਤਨਕ ਬਿਲੰਬ ਲਗੀ ਤਬਿ ਨਾਂਹੀ।
ਸੋ ਫਲ ਨੌਰੰਗ ਕੇ ਕਰ ਦਿਯੋ। ਅਦਭੁਤ ਹਰਖ ਰਿਦਾ ਭਰਿ ਗਯੋ॥ ੧੨॥

ਤੁਰਤ ਫਲ ਹੱਥ ਵਿਚ ਆ ਪਿਆ। ਉਸ ਨੂੰ ਪ੍ਰਾਪਤ ਕਰਨ ਵਿਚ ਥੋੜ੍ਹੀ ਵੀ ਦੇਰ ਨਾ ਲੱਗੀ। ਉਹ ਫਲ ਨੌਰੰਗੇ ਦੇ ਹੱਥ ਵਿਚ ਦਿੱਤਾ। ਅਦਭੁੱਤ ਵਸਤੂ ਵੇਖ ਕੇ ਉਸਦਾ ਹਿਰਦਾ ਪ੍ਰਸੰਨਤਾ ਨਾਲ ਭਰ ਗਿਆ॥੧੨॥

ਹੇਰਿ ਹੇਰਿ ਹੈਰਾਨ ਮਹਾਨੇ। ਸਭਿਨਿ ਹਰੀ ਬੁਧਿ, ਜਾਇ ਨ ਜਾਨੇ।
ਦੁਸ਼ਟਨਿ ਦਾਹੁ, ਸ਼ਾਹੁ ਸੁਖ ਪਾਵੈ। ਅਪਰ ਹਿਤੂ ਸਿਖ ਗਨ ਹਰਖਾਵੈਂ॥ ੧੩॥

ਵੇਖ-ਵੇਖ ਕੇ ਬਹੁਤ ਹੈਰਾਨ ਹੋਇਆ। ਸਾਰਿਆਂ ਦੀ ਮੱਤ ਮਾਰ ਦਿੱਤੀ, ਉਨ੍ਹਾਂ ਪਾਸੋਂ ਜਾਣਿਆਂ ਨਹੀਂ ਸੀ ਜਾਂਦਾ। ਦੁਸ਼ਟਾਂ ਦਾ ਨਾਸ਼ ਕਰਕੇ ਬਾਦਸ਼ਾਹ ਸੁਖ ਪਾਵੇ, ਹੋਰ ਹਿਤੂ ਸਿੱਖ ਵੀ ਬਹੁਤ ਪ੍ਰਸੰਨ ਹੋਏ॥੧੩॥

ਸ੍ਵਾਦ ਬਿਸਾਲ ਸ਼ਾਹੁ ਮੁਖ ਪਾਯੋ। ਜੋ ਕਛੁ ਅਨੰਦ ਨ ਜਾਇ ਬਤਾਯੋ।
ਅਧਿਕ ਪ੍ਰੇਮ ਗੁਰ ਸੁਤ ਸੋਂ ਠਾਨੇ। ਅੰਤਰ ਗਤਿ ਕੀ ਬਾਤ ਬਖਾਨੇ॥ ੧੪॥

ਬਹੁਤ ਸਵਾਦੀ ਫਲ ਨੂੰ ਬਾਦਸ਼ਾਹ ਨੇ ਮੂੰਹ ਵਿਚ ਪਾਇਆ। ਫਲ ਨੂੰ ਖਾ ਕੇ ਜਿਹੜਾ ਆਨੰਦ ਆਇਆ ਉਹ ਦੱਸਿਆ ਨਹੀਂ ਸੀ ਜਾਂਦਾ। ਗੁਰੂ ਜੀ ਦੇ ਪੁੱਤਰ ਨਾਲ ਬਹੁਤ ਪ੍ਰੇਮ ਧਾਰਨ ਕੀਤਾ, ਜਿਹੜੇ ਅੰਦਰਲੀ ਗੱਤੀ ਦੀਆਂ ਗੱਲਾਂ ਦੱਸਦੇ ਹਨ॥੧੪॥

ਜਹਾਂ ਜਾਇ ਤਹਿਂ ਰਾਖੈ ਸੰਗ। ਸਨਮਾਨਹਿ ਪਿਖਿ ਹਰਖਹਿ ਅੰਗ।
ਦਰਬ ਬ੍ਰਿੰਦ ਦਸ ਤੀਨ ਹਜ਼ਾਰ। ਦੇਤਿ ਰੋਜ਼ ਕੋ ਕਰਿ ਕਰਿ ਪਜਾਰ॥ ੧੫॥

ਬਾਦਸ਼ਾਹ ਜਿਥੇ ਵੀ ਜਾਂਦਾ ਸੀ, ਉਥੇ ਹੀ ਸ੍ਰੀ ਰਾਮਰਾਇ ਨੂੰ ਆਪਣੇ ਨਾਲ ਰੱਖਦਾ ਸੀ। ਬੜਾ ਸਨਮਾਨ ਕਰਦਾ ਸੀ ਤੇ ਉਨ੍ਹਾਂ ਦੇ ਸਰੀਰ ਦੇ ਅੰਗਾਂ ਨੂੰ ਵੇਖ ਕੇ ਬਹੁਤ ਪ੍ਰਸੰਨ ਹੁੰਦਾ ਸੀ। ਬਹੁਤ ਪਿਆਰ ਨਾਲ ਰੋਜ਼ ਤੇਰਾਂ ਹਜ਼ਾਰ ਰੁਪਏ ਧਨ ਦਿੰਦਾ ਸੀ॥੧੫॥

ਗੁਰ ਸੁਤ ਨਿਕਟਿ ਨਰਨ ਕੀ ਭੀਰ। ਰਹਤਿ ਅਧਿਕ ਨਿਤ ਸੈਨ ਸਧੀਰ।
ਜਿਸ ਪ੍ਰਕਾਰ ਸੂਬੇ ਉਮਰਾਵ। ਤਿਸ ਬਿਧਿ ਰਹਨਿ ਬਿਸਾਲ ਪ੍ਰਭਾਵ॥ ੧੬॥

ਗੁਰੂ ਜੀ ਦੇ ਪੁੱਤਰ ਪਾਸ ਰੋਜ਼ ਮਨੁੱਖਾਂ ਦੀ ਭੀੜ ਲੱਗੀ ਰਹਿੰਦੀ ਸੀ। ਨਿਤ ਧੀਰਜਵਾਨ ਸੈਨਾ ਵੱਡੀ ਗਿਣਤੀ ਵਿਚ ਉਨ੍ਹਾਂ ਦੇ ਪਾਸ ਰਹਿੰਦੀ ਸੀ। ਜਿਸ ਪ੍ਰਕਾਰ ਸੂਬੇ ਤੇ ਉਮਰਾਵ ਰਹਿੰਦੇ ਸਨ, ਉਸ ਵਿਧੀ ਅਨੁਸਾਰ ਹੀ ਸ੍ਰੀ ਰਾਮਰਾਇ ਜੀ ਦਾ ਬਹੁਤ ਪ੍ਰਭਾਵ ਸੀ॥੧੬॥

ਸਦਾ ਕਚਹਿਰੀ ਹੋਇ ਪ੍ਰਵੇਸ਼। ਊਚੇ ਬੈਠੇ ਬੀਚ ਬਿਸ਼ੇਸ।
ਬੋਲਨਿ ਮਿਲਨਿ ਸ਼ਾਹੁ ਬਹੁ ਕਰੈ। ਪ੍ਰੇਮ ਬਢਾਇ ਦੇਨਿ ਕਹੁ ਢਰੈ॥ ੧੭॥

ਸਦਾ ਕਚਹਿਰੀ ਵਿਚ ਪ੍ਰਵੇਸ਼ ਕਰਦੇ ਸਨ ਤੇ ਸਭਾ ਵਿਚ ਉੱਚੇ ਥਾਂ ਬੈਠਦੇ ਸਨ। ਬਾਦਸ਼ਾਹ ਬਹੁਤ ਪ੍ਰੇਮ ਨਾਲ ਮਿਲਦਾ ਅਤੇ ਬੋਲਦਾ ਸੀ ਤੇ ਧਨ ਦੇਣ ਲਈ ਪ੍ਰੇਮ ਵਧਾਉਂਦਾ ਸੀ॥੧੭॥

ਇਕ ਦਿਨ ਸ਼ਾਹੁ ਕਹਯੋ ਸਤਿ ਭਾਇ। 'ਤੁਮ ਨੇ ਤਰੁਨਾਈ ਅਬਿ ਪਾਇ।
ਮੁਝ ਕੋ ਜਰਾਗ੍ਰਸ ਕਰਿ ਲੀਨਯੋ। ਸੇਤ ਸ਼ਮਸ ਅਰੁ ਸਿਰ ਕਰਿ ਦੀਨਯੋ॥੧੮॥

ਇਕ ਦਿਨ ਬਾਦਸ਼ਾਹ ਨੇ ਸਹਿਜ ਸੁਭਾਅ ਕਿਹਾ, "ਤੁਸੀਂ ਹੁਣ ਜਵਾਨੀ ਪਾਈ ਹੈ, ਮੇਰਾ ਬੁਢੇਪਾ ਸ਼ੁਰੂ ਹੋ ਗਿਆ ਹੈ, ਮੇਰੀ ਦਾੜ੍ਹੀ ਅਤੇ ਸਿਰ ਦੇ ਵਾਲ ਚਿੱਟੇ ਹੋ ਗਏ ਹਨ॥੧੮॥

ਉੱਜਲ ਬਾਰ, ਰੂਪ ਕੀ ਹਾਨਿ। ਕਰਤਿ ਅਸੁੰਦਰ ਮਨ ਦੁਖਦਾਨ।
ਅਪਨੋ ਬਾਕ ਕਹੋ ਇਸ ਬੇਰ। ਕੇਤਿਕ ਦਿਨ ਹੋਇਂ ਸਜਾਮਲ ਫੇਰ'॥ ੧੯॥

ਚਿੱਟੇ ਵਾਲ, ਰੂਪ ਨੂੰ ਨੁਕਸਾਨ ਪਹੁੰਚਾਉਂਦੇ ਹਨ, ਉਸ ਨੂੰ ਕਰੂਪ ਕਰਦੇ ਹਨ ਤੇ ਮਨ ਦੁੱਖੀ ਹੁੰਦਾ ਹੈ। ਇਸ ਸਮੇਂ ਆਪਣਾ ਬਚਨ ਕਹੋ, ਕਿੰਨੇ ਦਿਨ ਬਾਅਦ ਫਿਰ ਇਹ ਕਾਲੇ ਹੋ ਜਾਣਗੇ"॥੧੯॥

ਸੁਨਿ ਸ੍ਰੀ ਰਾਮਰਾਇ ਨੇ ਕਹਯੋ। 'ਰਹੈ ਬਰਖ ਇਕ ਜਿਸ ਤੁਮ ਚਹਯੋ।
ਸਜਾਮਲ ਬਾਰ ਹੋਇ ਹੈਂ ਸਾਰੇ। ਤਰੁਨ ਪੁਰਖ ਕੇ ਜਿਸੁ ਪ੍ਰਕਾਰੇ'॥ ੨੦॥

ਇਹ ਸੁਣ ਕੇ ਸ੍ਰੀ ਰਾਮਰਾਇ ਨੇ ਕਿਹਾ, "ਇਕ ਸਾਲ ਤਕ ਰਹਿਣਗੇ ਜਿਵੇਂ ਤੁਸੀਂ ਚਾਹਿਆ ਹੈ। ਸਾਰੇ ਵਾਲ ਕਾਲੇ ਹੋ ਜਾਣਗੇ ਜਿਵੇਂ ਇਕ ਨੌਜਵਾਨ ਮਨੁੱਖ ਦੇ ਹੁੰਦੇ ਹਨ"॥੨੦॥

ਸਭਾ ਬਿਖੈ ਬੈਠੇ ਤਤਕਾਲ। ਸਭਿ ਕਉ ਦੀਖੇ ਸ਼ਜਾਮਲ ਬਾਲ।
ਮੁਦਤਿ ਭਏ ਨਰ ਜੇਤਿਕ ਤਹਾਂ। ਸ਼ਾਹੁ ਸਰੂਪ ਪ੍ਰਸੰਸੈ ਮਹਾਂ॥ ੨੧॥

ਫਿਰ ਸਭਾ ਵਿਚ ਬੈਠਿਆਂ ਬੈਠਿਆਂ ਤੁਰਤ ਸਾਰਿਆਂ ਨੂੰ ਬਾਦਸ਼ਾਹ ਦੇ ਕਾਲੇ ਵਾਲ ਵਿਖਾਈ ਦਿੱਤੇ। ਜਿੰਨੇ ਵੀ ਉਥੇ ਮਨੁੱਖ ਸਨ ਸਾਰੇ ਬਹੁਤ ਪ੍ਰਸੰਨ ਹੋਏ, ਉਨ੍ਹਾਂ ਨੇ ਬਾਦਸ਼ਾਹ ਦੇ ਸਰੂਪ ਦੀ ਬੜੀ ਪ੍ਰਸ਼ੰਸਾ ਕੀਤੀ॥੨੧॥

'ਭਲੇ ਸਜੇ ਹੋ' ਕਰੈਂ ਬਖਾਨ। 'ਸ਼ਮਸ ਬਾਲ ਜਿਮ ਫਿਰਕੇ ਜੁਆਨ'।
ਅਤਿ ਪ੍ਰਸੰਨਤਾ ਸ਼ਾਹੁ ਉਪਾਈ। ਅਤਿ ਅਦਭੁਤ ਅਜ਼ਮਤਿ ਦਿਖਰਾਈ॥੨੨॥

"ਬਹੁਤ ਸੋਹਣੇ ਸੱਜੇ ਹੋ" ਉਹ ਕਹਿੰਦੇ ਸਨ। "ਕਾਲੇ ਵਾਲ ਹੋ ਗਏ ਹਨ, ਜਿਵੇਂ ਫਿਰ ਜਵਾਨ ਹੋ ਗਏ ਹੋ।" ਬਾਦਸ਼ਾਹ ਬਹੁਤ ਪ੍ਰਸੰਨ ਹੋ ਗਿਆ, ਅਤਿ ਅਦਭੁੱਤ ਕਰਾਮਾਤ ਵਿਖਾਈ॥੨੨॥

ਤਬਿ ਕੋ ਬਚਨ ਕਹੇ ਤੇ ਰਹੇ। ਏਕ ਬਰਸ ਲਗਿ ਸਜਾਮਲ ਲਹੇ।
ਪੁਨਹਿ ਸੇਤ ਤੈਸੇ ਹੁਇ ਗਯੋ। ਜਰਾ ਗ੍ਰਸਯੋ ਤਨ ਸਗਰੋ ਬਿਯੋ॥ ੨੩॥

ਉਸ ਸਮੇਂ ਦੇ ਬਚਨ ਕਹਿਣ ਤੇ, ਬਾਦਸ਼ਾਹ ਦੇ ਇਕ ਸਾਲ ਤਕ ਵਾਲ ਕਾਲੇ ਰਹੇ। ਫਿਰ ਪਹਿਲਾਂ ਵਾਂਗ ਹੀ ਸਫੈਦ ਹੋ ਗਏ। ਸਰੀਰ ਨੂੰ ਬੁਢਾਪੇ ਨੇ ਗ੍ਰੱਸ ਲਿਆ, ਸਾਰੇ ਵਾਲ ਸਫੈਦ ਹੋ ਗਏ॥੨੩॥

ਸਤਿਗੁਰ ਸੁਤ ਕੋ ਲੇ ਨਿਜ ਸਾਥ। ਚਲਯੋ ਵਹਿਰ ਕੋ ਦਿੱਲੀ ਨਾਥ।
ਜਮਨਾ ਕੂਲ ਆਇ ਭਾ ਠਾਂਢੋ। ਨਯੋ ਨੀਰ ਜਿਸ ਮੈਂ ਅਤਿ ਬਾਢੋ॥ ੨੪॥

ਸਤਿਗੁਰੂ ਜੀ ਦੇ ਪੁੱਤਰ ਨੂੰ ਨਾਲ ਲੈ ਕੇ, ਦਿੱਲੀ ਦਾ ਬਾਦਸ਼ਾਹ ਬਾਹਰ ਚਲਿਆ ਤੇ ਜਮਨਾ ਦੇ ਕਿਨਾਰੇ ਆ ਕੇ ਖੜਾ ਹੋ ਗਿਆ, ਜਿਸ ਵਿਚ ਨਵਾਂ ਪਾਣੀ ਬਹੁਤ ਚੜ੍ਹਿਆ ਹੋਇਆ ਸੀ॥੨੪॥

ਕਾਸ਼ਟ ਤ੍ਰਿਣ ਅਰੁ ਗ੍ਰਾਮਨਿ ਛਾਨ। ਬਹੇ ਸੁ ਜਾਇਂ ਪ੍ਰਵਾਹ ਮਹਾਨ।
'ਸੁਨੋ ਗੁਰ ਸੁਤ! ਜਲ ਅਸਗਾਹ। ਕਰੈਂ ਸੈਲ ਬਿਚਰੈਂ ਇਸ ਮਾਂਹਿ॥ ੨੫॥

ਲਕੜੀਆਂ, ਘਾਹ ਅਤੇ ਪਿੰਡਾਂ ਦੇ ਲੋਕਾਂ ਦੀਆਂ ਛਪਰੀਆਂ, ਪਾਣੀ ਦੇ ਮਹਾਨ ਪ੍ਰਵਾਹ ਵਿਚ ਵਹਿੰਦੀਆਂ ਜਾ ਰਹੀਆਂ ਸਨ। ਬਾਦਸ਼ਾਹ ਨੇ ਕਿਹਾ "ਹੇ ਗੁਰੂ ਪੁੱਤਰ! ਸੁਣੋ, ਅਥਾਹ ਜਲ ਹੈ, ਇਸ ਜਲ ਵਿਚ ਫਿਰ ਕੇ ਸੈਰ ਕਰੀਏ॥੨੫॥

ਨਵਕਾ ਪਰ ਚਢਿ ਕੈ ਹਮ ਦੋਊ। ਅਵਲੋਕਹਿਂ ਪਰ ਤਟ ਲੇ ਸੋਊ।
ਜਲ ਕੀ ਲਿਹੁ ਬਹਾਰ ਬਡ ਬਾਢਾ। ਮਹਾਂ ਪ੍ਰਵਾਹ ਬੇਗ ਅਬਿ ਗਾਢਾ॥੨੬॥

ਬੇੜੀ ਉੱਤੇ ਅਸੀਂ ਦੋਵੇਂ ਚੜ੍ਹ ਕੇ, ਦੂਸਰੇ ਕਿਨਾਰੇ ਨੂੰ ਜਾ ਕੇ ਵੇਖੀਏ. ਜਲ ਦੀ ਬਹਾਰ ਲਈਏ, ਜਿਹੜਾ ਬਹੁਤ ਚੜ੍ਹਿਆ ਹੋਇਆ ਹੈ। ਮਹਾਂ ਪ੍ਰਵਾਹ ਹੁਣ ਬਹੁਤ ਤੇਜੀ ਨਾਲ ਚਲ ਰਿਹਾ ਹੈ"॥੨੬॥

ਅਸ ਕਹਿ ਹੁਕਮ ਦੀਨਿ ਤਬਿ ਸ਼ਾਹੂ। 'ਤਰਨੀ ਸ਼ੀਘ੍ਰ ਅਨਾਵਹੁ ਪਾਹੂ'।
ਧਾਇ ਗਏ ਜਬਿ ਲੈਬੇ ਕਾਰਨ। ਗੁਰ ਸੁਤ ਗਹਿ ਕਰ ਕੀਨਿ ਉਚਾਰਨ॥੨੭॥

ਇਸ ਤਰ੍ਹਾਂ ਕਹਿ ਕੇ ਬਾਦਸ਼ਾਹ ਨੇ ਹੁਕਮ ਕੀਤਾ, "ਸਾਡੇ ਪਾਸ ਛੇਤੀ ਇਕ ਬੇੜੀ ਲਿਆਵੋ।" ਜਦ ਕੁਝ ਮਨੁੱਖ ਭੱਜ ਕੇ ਬੇੜੀ ਲੈਣ ਗਏ ਤਾਂ ਗੁਰੂ ਜੀ ਦੇ ਪੁੱਤਰ ਨੇ ਬਾਂਹ ਫੜ ਕੇ ਕਿਹਾ॥੨੭॥

'ਲਗਹਿ ਬਿਲੰਬ ਤਰੀ ਕਹੁ ਆਵਤਿ। ਐਂਚਿ ਐਂਚਿ ਕਰਿ ਮਰੁ ਸੁ ਲਜਾਵਤਿ।
ਕਰਹਿਂ ਸੈਲ ਹ੍ਵੈ ਕੈ ਪਦਚਾਰੀ। ਸੂਰਜ ਤਨਿਯਾ ਉਲੰਘਹਿਂ ਸਾਰੀ'॥ ੨੮॥

"ਬੇੜੀ ਦੇ ਲਿਆਉਣ ਵਿਚ ਦੇਰ ਲੱਗੇਗੀ, ਬੇੜੀ ਲਿਆਉਣ ਵਾਲਾ ਬੇੜੀ ਖਿੱਚ ਖਿੱਚ ਕੇ ਲਿਆਉਂਦਾ ਮਰ ਜਾਵੇਗਾ। ਅਸੀਂ ਨਦੀ ਉੱਤੇ ਪੈਦਲ ਹੀ ਚੱਲ ਕੇ ਸੈਰ ਕਰਦੇ ਹਾਂ, ਸੂਰਜ ਦੀ ਪੁੱਤਰੀ ਜਮਨਾ ਨੂੰ ਪਾਰ ਕਰ ਜਾਵਾਂਗੇ"॥੨੮॥

ਇਮ ਕਹਿ ਐਂਚੀ ਬਾਂਹੁ ਅਗਾਰੀ। ਸ਼ਾਹੁ ਨ ਚਲੈ ਤ੍ਰਾਸ ਉਰ ਭਾਰੀ।
ਪਨਹੀ ਪਾਇਨਿ ਪਹਿਰੇ ਖਰੇ। ਜਲ ਪਰ ਚਰਨ ਨਹੀਂ ਤਬਿ ਧਰੇ॥ ੨੯॥

ਇਸ ਤਰ੍ਹਾਂ ਕਹਿ ਕੇ ਬਾਦਸ਼ਾਹ ਦੀ ਬਾਂਹ ਅੱਗੇ ਖਿਚ ਲਈ, ਪਰ ਬਾਦਸ਼ਾਹ ਚਲਦਾ ਨਹੀਂ ਸੀ, ਕਿਉਂਕਿ ਉਸ ਨੇ ਦਿਲ ਵਿਚ ਵੱਡਾ ਡਰ ਧਾਰਨ ਕੀਤਾ ਹੋਇਆ ਸੀ। ਪੈਰਾਂ ਵਿਚ ਜੁੱਤੀ ਪਾਈ ਖੜਾ ਰਿਹਾ। ਪਰ ਜਲ ਉੱਤੇ ਆਪਣਾ ਪੈਰ ਨਾ ਰਖਿਆ॥੨੯॥

ਗੁਰ ਸੁਤ ਕਹਜੋ 'ਪਿਛਾਰੀ ਮੋਹਿ। ਪਨਹੀ ਪਾਇ ਨ ਭੀਜੈ ਤੋਹਿ।
ਹੋਇ ਨਿਸ਼ੰਕ ਚਲਹੁ ਜਲ ਪਰ ਕੋ। ਸਨੇ ਸਨੇ ਹੇਰਤਿ ਤਟ ਪਰ ਕੋ॥ ੩੦॥

ਗੁਰੂ ਜੀ ਦੇ ਪੁੱਤਰ ਨੇ ਕਿਹਾ, "ਮੈਂ ਪਿੱਛੇ ਹਾਂ, ਜੁੱਤੀ ਪਾਉਣ ਨਾਲ ਤੁਹਾਡਾ ਪੈਰ ਨਹੀਂ ਭਿੱਜੇਗਾ। ਸ਼ੰਕਾ ਰਹਿਤ ਹੋ ਕੇ ਜਲ ਉੱਤੇ ਚਲੋ, ਹੋਲੀ-ਹੋਲੀ ਕਿਨਾਰੇ ਨੂੰ ਵੇਖਦੇ ਚਲੋ॥੩੦॥

ਜੇਤਿਕ ਰੁਚਿ ਤੇਤਿਕ ਫਿਰਿ ਆਵੈਂ। ਨਹਿਂ ਸੁਕਚਹੁ ਜਲ ਛੁਵਨਿ ਨ ਪਾਵੈ'।
ਇਮ ਕਹਿ ਧੀਰਜ ਦੇ ਕਰਿ ਭਲੇ। ਮਹਾਂ ਅਗਾਧ ਨੀਰ ਪਰ ਚਲੇ॥ ੩੧॥

ਜਿਥੋਂ ਤਕ ਤੁਹਾਡੀ ਰੁਚੀ ਹੈ, ਉਥੋਂ ਤਕ ਫਿਰ ਕੇ ਆ ਜਾਵਾਂਗੇ, ਡਰੋ ਨਹੀਂ, ਜਲ ਤੁਹਾਨੂੰ ਛੂਹੇਗਾ ਨਹੀਂ।" ਇਸ ਪ੍ਰਕਾਰ ਕਹਿ ਕੇ ਭਲੀ ਪ੍ਰਕਾਰ ਧੀਰਜ ਦੇ ਕੇ, ਮਹਾਨ ਅਗਾਧ ਪਾਣੀ ਉਤੇ ਚਲ ਪਏ॥੩੧॥

ਇਕ ਦੁਇ ਚਰਨ ਨੁਰੰਗ ਉਠਾਏ। ਜਲ ਪਰ ਚਲ੍ਯੋ ਛੁਵਤਿ ਨਹਿੰ ਪਾਏ।
ਅਤਿ ਪ੍ਰਸੰਨ ਹੁਇ ਧੀਰਜ ਲਯੋ। ਗੁਰ ਸੁਤ ਸੰਗ ਗਮਨ ਤਬਿ ਕਿਯੋ॥ ੩੨॥

ਇਕ ਦੋ ਪੈਰ ਜਦ ਨੌਰੰਗੇ ਨੇ ਪੁੱਟੇ ਤਾਂ ਜਲ ਉੱਤੇ ਚਲ ਪਿਆ। ਪਾਣੀ ਪੈਰਾਂ ਨੂੰ ਛੂੰਹਦਾ ਨਹੀਂ ਸੀ। ਅਤਿ ਪ੍ਰਸੰਨ ਹੋ ਕੇ ਧੀਰਜ ਪ੍ਰਾਪਤ ਕੀਤਾ ਤੇ ਗੁਰੂ ਜੀ ਦੇ ਪੁੱਤਰ ਨਾਲ ਫਿਰ ਦਰਿਆ ਦੇ ਪਾਣੀ ਉੱਤੇ ਫਿਰਦਾ ਰਿਹਾ॥੩੨॥

ਚਲੇ ਜਾਹਿਂ ਜਮਨਾ ਪਰ ਐਸੇ। ਸ਼ੁਸ਼ਕ ਸਥਲ ਪਰ ਪੰਥੀ ਜੈਸੇ।
ਸੁਨਿ ਕਰਿ ਸੂਬੇ ਗਨ ਉਮਰਾਵ। ਦੌਰਿ ਦੌਰਿ ਦੇਖਹਿਂ ਚਿਤ ਚਾਵ॥ ੩੩॥

ਜਮਨਾ ਦੇ ਪਾਣੀ 'ਤੇ ਇਸ ਤਰ੍ਹਾਂ ਚਲੇ ਜਾ ਰਹੇ ਸਨ, ਜਿਵੇਂ ਖ਼ੁਸ਼ਕ ਸਥਾਨ 'ਤੇ ਰਾਹੀ ਚਲਦਾ ਹੈ। ਇਹ ਸੁਣ ਕੇ ਸੂਬੇ ਅਤੇ ਉਮਰਾਵ, ਦੌੜ ਦੌੜ ਕੇ ਚਿੱਤ ਵਿਚ ਪ੍ਰਸੰਨ ਹੋ ਕੇ ਵੇਖਦੇ ਸਨ॥੩੩॥

ਭਈ ਨਗਰ ਮਹਿਂ ਸੁਧ ਜਿਸ ਕਾਲ। ਧਾਇ ਧਾਇ ਆਵਹਿਂ ਨਰ ਜਾਲ।
ਸਰਬ ਜਾਤਿ ਕੇ ਨਰ ਗਨ ਸੈਨਾ। ਸੁਨਿ ਅਚਰਜ ਚਾਹੈਂ ਪਿਖਿ ਨੈਨਾ॥ ੩੪॥

ਜਿਸ ਸਮੇਂ ਨਗਰ ਵਿਚ ਖ਼ਬਰ ਪੁੱਜੀ ਤਾਂ ਬਹੁਤ ਮਨੁੱਖ ਭੱਜ ਭੱਜ ਕੇ ਆ ਰਹੇ ਸਨ। ਸਾਰੀਆਂ ਜਾਤੀਆਂ ਦੇ ਮਨੁੱਖ ਅਤੇ ਸੈਨਾ ਦੇ ਲੋਕ, ਸੁਣ ਕੇ ਹੈਰਾਨ ਹੁੰਦੇ ਸਨ ਤੇ ਆਪਣੇ ਨੈਣਾਂ ਨਾਲ ਵੇਖਣਾ ਚਾਹੁੰਦੇ ਸਨ॥੩੪॥

ਸੂਰਜ ਸੁਤਾ ਕੂਲ ਤਿਹ ਛਾਵਾ। ਨਿਕਸ੍ਯੋ ਨਗਰ ਬਿਸਮਤਾ ਪਾਵਾ।
ਮਹਾਂ ਕੁਲਾਹਲ ਦਿੱਲੀ ਪੁਰਿ ਮੈਂ। ਹੋਤਿ ਜ਼ਿਕਰ ਸਗਰੇ ਘਰ ਘਰ ਮੈਂ॥ ੩੫॥

ਜਿੱਥੇ ਜਮਨਾ ਨਦੀ ਦਾ ਕੰਢਾ ਸੀ, ਉਥੇ ਸਾਰਾ ਨਗਰ ਹੈਰਾਨ ਹੋ ਕੇ ਨਿਕਲ ਕੇ ਖੜਾ ਸੀ। ਦਿੱਲੀ ਦੇ ਨਗਰ ਵਿਚ ਮਹਾਨ ਕੁਲਾਹਲ ਮੱਚ ਗਈ ਤੇ ਘਰ ਘਰ ਵਿਚ ਇਸ ਦਾ ਜ਼ਿਕਰ ਹੋ ਰਿਹਾ ਸੀ॥੩੫॥

ਦੋਨਹੁੰ ਜਲ ਪਰ ਥਲ ਜਿਮ ਜਾਵਤਿ। ਦੀਖਤਿ ਸਭਿ ਕੋ ਚਰਨ ਉਠਾਵਤਿ।
ਮੰਦ ਮੰਦ ਧੀਰਜ ਸੋਂ ਜਾਹਿਂ। ਬਿਲਸਤਿ ਬਾਤਨਿ ਆਪਸ ਮਾਂਹਿ॥ ੩੬॥

ਦੋਵੇਂ ਜਲ ਉੱਤੇ ਧਰਤੀ 'ਤੇ ਚਲਣ ਵਾਂਗ ਜਾ ਰਹੇ ਸਨ, ਸਾਰਿਆਂ ਦੇ ਵੇਖਦਿਆਂ ਉਹ ਪੈਰ ਪੁੱਟਦੇ ਸਨ। ਹੌਲੀ-ਹੌਲੀ ਬੜੇ ਧੀਰਜ ਨਾਲ ਜਾਂਦੇ ਸਨ ਤੇ ਆਪਸ ਵਿਚ ਪ੍ਰਸੰਨ ਹੋ ਕੇ ਗੱਲਾਂ ਕਰਦੇ ਜਾਂਦੇ ਸਨ॥੩੬॥

ਅੰਤਹਿ ਪੁਰਿ ਮੈਂ ਜਬਿ ਸੁਧ ਗਈ। ਖਰੀ ਝਰੋਖਨਿ ਝਾਂਕਤਿ ਭਈ।
ਬਿਸਮੈ ਹੇਰਿ ਹੇਰਿ ਸਭਿ ਕੋਊ। ਸਭਿਨਿ ਲਗਾਈ ਦ੍ਰਿਗ ਦਿਸ਼ਿ ਦੋਊ॥ ੩੭॥

ਬਾਦਸ਼ਾਹ ਦੇ ਮਹਿਲਾਂ ਵਿਚ ਜਦ ਇਹ ਖ਼ਬਰ ਪੁੱਜੀ ਤਾਂ ਬਾਦਸ਼ਾਹ ਦੀਆਂ ਬੇਗਮਾਂ ਝਰੋਖਿਆਂ ਵਿਚ ਖਲੋ ਕੇ ਝਾਕ ਰਹੀਆਂ ਸਨ। ਸਾਰੇ ਹੀ ਵੇਖ ਵੇਖ ਕੇ ਬਹੁਤ ਹੈਰਾਨ ਹੋਏ, ਸਾਰਿਆਂ ਨੇ ਉਨ੍ਹਾਂ ਦੋਹਾਂ ਵੱਲ ਨਜ਼ਰ ਟਿਕਾਈ ਹੋਈ ਸੀ॥੩੭॥

ਨਰ ਨਾਰੀ ਬਾਲਕ ਬ੍ਰਿਧ ਜੁਆਨ। ਕਰਹਿਂ ਪਰਸਪਰ ਬਹੁ ਬੱਖਜਾਨ।
'ਜਲ ਪਰ ਜਾਤਿ ਤਨਕ ਨਹਿਂ ਛੁਯੋ। ਪਨਹੀ ਸ਼ੁਸ਼ਕ ਸੁਗਮ ਮਗ ਲਯੋ' ॥੩੮॥

ਇਸਤਰੀ ਪੁਰਸ਼, ਬਾਲਕ, ਬ੍ਰਿਧ, ਜਵਾਨ, ਆਪਸ ਵਿਚ ਬਹੁਤ ਗੱਲਾਂ ਕਰਦੇ ਸਨ, "ਜਲ ਉੱਤੇ ਚਲ ਰਹੇ ਹਨ, ਥੋੜ੍ਹਾ ਵੀ ਜਲ ਨਹੀਂ ਛੂਹਿਆ ਹੈ, ਜੁੱਤੀਆਂ ਵੀ ਖ਼ੁਸ਼ਕ ਹਨ, ਬੜੀ ਆਸਾਨੀ ਨਾਲ ਜਾ ਰਹੇ ਹਨ' ॥੩੮॥

ਸਤਿਗੁਰ ਸੁਤ ਕੀ ਕੀਰਤਿ ਕਹੈਂ। 'ਇਸ ਕੇ ਸਮ ਦੂਸਰ ਨਹਿਂ ਅਹੈ।
ਜਿਮ ਚਾਹਤਿ ਤਿਮ ਕਰਤਿ ਸੁਖਾਰੇ। ਪੀਰਨਿ ਪੀਰ ਅਜ਼ਮਤੀ ਭਾਰੇ॥ ੩੯॥

ਸਤਿਗੁਰੂ ਜੀ ਦੇ ਪੁੱਤਰ ਦੀ ਕੀਰਤੀ ਕਰਦੇ ਸਨ, "ਇਸ ਵਰਗਾ ਹੋਰ ਕੋਈ ਦੂਸਰਾ ਨਹੀਂ। ਜਿਵੇਂ ਚਾਹੁੰਦਾ ਹੈ, ਉਸ ਤਰ੍ਹਾਂ ਹੀ ਆਸਾਨੀ ਨਾਲ ਕਰ ਲੈਂਦਾ ਹੈ, ਪੀਰਾਂ ਦੇ ਪੀਰ ਵੱਡੇ ਕਰਾਮਾਤੀ ਹਨ॥੩੯॥

ਨਿਤ ਅਦਭੁਤ ਗਤਿ ਕੋ ਦਿਖਰਾਵੈ। ਕਹੈ ਸ਼ਾਹੁ ਜਿਮ ਤੁਰਤ ਬਨਾਵੈ।
ਪਾਰ ਕੂਲ ਕਾਲਿੰਦ੍ਰੀ ਗਏ। ਸਨੇ ਸਨੇ ਪਿਖਿ ਫਿਰਤੇ ਭਏ॥ ੪੦॥

ਨਿਤ ਅਦਭੁੱਤ ਗਤੀ ਨੂੰ ਵਿਖਾਉਂਦੇ ਹਨ, ਜਿਵੇਂ ਬਾਦਸ਼ਾਹ ਕਹਿੰਦਾ ਉਸ ਤਰ੍ਹਾਂ ਤੁਰਤ ਬਣਾ ਦਿੰਦੇ ਹਨ।" ਜਮਨਾ ਨਦੀ ਦੇ ਪਾਰਲੇ ਕਿਨਾਰੇ ਚਲੇ ਗਏ, ਹੌਲੀ-ਹੌਲੀ ਵੇਖ ਕੇ ਫਿਰਦੇ ਸਨ॥੪੦॥

ਚਤੁਰ ਘਟੀ ਲਗਿ ਬਿਚਰਨਿ ਕਰੇ। ਦਿਨ ਲਘੁ ਰਹ੍ਯੋ ਘਰਨਿ ਕਹੁ ਮੁਰੇ।
ਮੰਦ ਮੰਦ ਸਭਿ ਉਲੰਘਿ ਪ੍ਰਵਾਹੂ। ਆਵਤਿ ਭਾ ਹਰਖਤਿ ਉਰ ਸ਼ਾਹੂ॥ ੪੧॥

ਚਾਰ ਘੜੀਆਂ ਤਕ ਫਿਰਦੇ ਰਹੇ। ਜਦ ਦਿਨ ਥੋੜ੍ਹਾ ਰਹਿ ਗਿਆ ਤਾਂ ਘਰ ਨੂੰ ਮੁੜ ਪਏ। ਹੌਲੀ-ਹੌਲੀ ਸਾਰਾ ਪ੍ਰਵਾਹ ਲੰਘ ਕੇ, ਬਾਦਸ਼ਾਹ ਦਿਲ ਵਿਚ ਬੜਾ ਪ੍ਰਸੰਨ ਹੋ ਕੇ ਘਰ ਵਲ ਆਇਆ॥੪੧॥

ਲਾਖਹੁ ਨਰ ਅਵਿਲੋਕਨਿ ਕਰੇ। ਰੰਕ ਰਾਉ ਅਚਰਜ ਉਰ ਧਰੇ।
ਪੰਡਿਤ ਮੂੜ੍ਹ ਸਭਿਨਿ ਮਤਿ ਛਲੀ। ਮਿਲਿ ਮਿਲਿ ਭਨਹਿਂ 'ਮਹਾਂ ਇਹ ਬਲੀ' ॥੪੨॥

ਲੱਖਾਂ ਮਨੁੱਖਾਂ ਨੇ ਵੇਖਿਆ, ਗ਼ਰੀਬ, ਅਮੀਰ ਸਭ ਨੇ ਹਿਰਦੇ ਵਿਚ ਹੈਰਾਨੀ ਧਾਰਨ ਕੀਤੀ ਹੋਈ ਸੀ। ਪੰਡਿਤ, ਮੂਰਖ ਸਭ ਦੀ ਬੁੱਧੀ ਛਲੀ ਗਈ ਸੀ ਤੇ ਮਿਲ ਮਿਲ ਕਹਿੰਦੇ ਸਨ, "ਇਹ ਬਹੁਤ ਬਲਵਾਨ ਹੈ"॥੪੨॥

ਸ਼ਾਹੁ ਆਇ ਕੈ ਦੁਰਗ ਪ੍ਰਵੇਸ਼ਾ। ਮਿਲਹਿ ਕਹਤਿ ਅਸਚਰਜ ਵਿਸ਼ੇਸ਼ਾ।
ਤਬਿ ਸ੍ਰੀ ਰਾਮਰਾਇ ਨਿਜ ਡੇਰੇ। ਆਏ, ਬੰਦਹਿਂ ਲੋਕ ਘਨੇਰੇ॥ ੪੩॥

ਬਾਦਸ਼ਾਹ ਆ ਕੇ ਕਿਲ੍ਹੇ ਵਿਚ ਪ੍ਰਵੇਸ਼ ਕਰ ਗਿਆ ਤੇ ਆਪਸ ਵਿਚ ਮਿਲਕੇ ਵਿਸ਼ੇਸ਼ ਅਸਚਰਜ ਬਾਰੇ ਕਹਿੰਦੇ ਸਨ। ਤਬ ਸ੍ਰੀ ਰਾਮਰਾਇ ਆਪਣੇ ਡੇਰੇ ਚਲਾ ਗਿਆ ਤੇ ਬਹੁਤ ਲੋਕ ਆ ਕੇ ਬੰਦਨਾ ਕਰ ਰਹੇ ਸਨ॥੪੩॥

'ਧੰਨ ਧੰਨਾ' ਸਭਿ ਕਹਿਂ ਇਕ ਬਾਰੀ। ਸਿਖ ਸੰਗਤਿ ਹੋਵਤਿ ਬਲਿਹਾਰੀ।
ਲੋਕ ਹਜ਼ਾਰਹੁਂ ਰਹੈ ਸੁ ਪਾਸ। ਦੇਗ ਚਲਹਿ ਨਿਸ ਬਾਸੁਰ ਰਾਸ॥ ੪੪॥

'ਧੰਨ ਧੰਨਾ' ਸਭ ਨੇ ਇਕ ਵਾਰ ਕਿਹਾ, ਸਿੱਖ ਸੰਗਤ ਬਲਿਹਾਰ ਜਾ ਰਹੀ ਸੀ। ਹਜ਼ਾਰਾਂ ਲੋਕ ਪਾਸ ਰਹਿੰਦੇ ਸਨ ਤੇ ਰਾਤ ਦਿਨ ਲੰਗਰ ਚਲਦਾ ਸੀ॥੪੪॥

ਆਮਦ ਖਰਚ ਬਿਸਾਲ ਭਯੋ ਹੈ। ਬਢ੍ਯੋ ਪ੍ਰਤਾਪ ਮਹਾਨ ਥਿਯੋ ਹੈ।
ਸਿਖ ਸੰਗਤਿ ਕਿਛੁ ਗਿਨਤੀ ਨਾਂਹਿ। ਕਵਿ ਸੰਤੋਖ ਸਿੰਘ, ਆਵਤਿ ਪਾਹਿ॥ ੪੫॥

ਆਮਦਨ ਖਰਚ ਵਿਸ਼ਾਲ ਹੋ ਰਿਹਾ ਹੈ, ਤੇ ਸ੍ਰੀ ਰਾਮਰਾਇ ਦਾ ਪ੍ਰਤਾਪ ਮਹਾਨ ਵਧਿਆ ਹੈ। ਸਿੱਖ ਸੰਗਤ ਦੀ ਕੋਈ ਗਿਣਤੀ ਨਹੀਂ ਹੈ। ਕਵੀ ਸੰਤੋਖ ਸਿੰਘ ਪਾਸ ਆਉਂਦੇ ਹਨ॥੪੫॥

*ਨੌਵੀਂ ਰਾਸ ਦਾ ਚੁਤਾਲਿਵਾਂ ਅਧਿਆਇ ਸਮਾਪਤ ਹੋਇਆ॥੪੪॥*

❖❖❖

# ਅਧਿਆਇ ਪੰਜਤਾਲੀਵਾਂ

### ਗੜੇ ਬੰਦ ਕੀਤੇ, ਮਸਤ ਹਾਥੀ 'ਤੇ ਚੜ੍ਹੇ

ਦੋਹਰਾ- ਇਕ ਦਿਨ ਬੈਠੇ ਸਭਾ ਮਹਿ ਨੰਦਨ ਸ੍ਰੀ ਹਰਿਰਾਇ।
ਬਡੀ ਗਰਜ ਕੈ ਘਨ ਘਟਾ ਆਇ ਗੈਨ ਉਮਡਾਇ॥ ੧॥

ਇਕ ਦਿਨ ਸ੍ਰੀ ਗੁਰੂ ਹਰਿਰਾਇ ਜੀ ਦੇ ਪੁੱਤਰ ਸਭਾ ਵਿਚ ਬੈਠੇ ਸਨ ਤਾਂ ਉਸ ਸਮੇਂ ਇਕ ਬੜੀ ਸੰਘਣੀ ਘਟਾ, ਵੱਡੀ ਗੱਜਦੀ ਹੋਈ ਉਮਡ ਕੇ ਆ ਗਈ॥੧॥

ਚੌਪਈ-ਬਹਜੋ ਬੇਗ ਬਹੁ ਬਾਯੂ ਸੰਗ। ਕੜਕਹਿ ਤੜਿਤਾ ਦਮਕ ਉਤੰਗ।
ਬਰਖਾ ਕਰਕਾ ਕੀ ਬਡਿ ਆਈ। ਪਰਨਿ ਲਗੇ ਛਿਤ ਸ਼ਬਦ ਉਠਾਈ॥੨॥

ਬੜੀ ਤੇਜ ਹਵਾ ਬੜੀ ਤੇਜ ਗਤੀ ਨਾਲ ਵਹਿ ਰਹੀ ਸੀ। ਬਿਜਲੀ ਬੜੀ ਉੱਚੀ ਆਵਾਜ਼ ਵਿਚ ਕੜਕਦੀ ਅਤੇ ਲਿਸ਼ਕਦੀ ਸੀ। ਗੜਿਆਂ ਦੀ ਵਰਖਾ ਬਹੁਤ ਆ ਗਈ ਤੇ ਛੱਤ ਉਤੇ ਬੜੀ ਉਚੀ ਆਵਾਜ਼ ਵਿਚ ਗੜ੍ਹੇ ਪੈਣ ਲੱਗੇ॥੨॥

ਅਧਿਕ ਤੋਲ ਮਹਿ ਗਿਰੈਂ ਬਡੇਰੇ। ਛਾਦੀ ਛਿਤ, ਭਈ ਸੇਤ ਘਨੇਰੇ।
ਘਟਾ ਏਕ ਸਮ ਚਹੁੰਦਿਸ਼ਿ ਮਾਂਹੀ। ਪਰਹਿ ਜਹਾਂ ਕਹਿ ਮਿਟਹਿ ਸੁ ਨਾਂਹੀ॥੩॥

ਬਹੁਤ ਭਾਰੀ ਵੱਡੇ-ਵੱਡੇ ਗੜ੍ਹੇ ਡਿੱਗ ਰਹੇ ਸਨ, ਛੱਤ ਢੱਕੀ ਗਈ ਤੇ ਸਾਰੀ ਸਫੈਦ ਹੋ ਗਈ। ਇਕੋ ਜਿਹੀ ਘਟਾ ਚਾਰੇ ਪਾਸੇ ਛਾਈ ਹੋਈ ਸੀ। ਜਿਥੇ ਵੀ ਪੈਂਦੀ ਸੀ ਫਿਰ ਹੱਟਦੀ ਨਹੀਂ ਸੀ॥੩॥

ਪਿਖਿ ਨੌਰੰਗ ਨੇ ਬਾਕ ਬਖਾਨਾ। 'ਸੁਨਹੁ ਗੁਰੂ ਸੁਤ! ਸਗਰੇ ਥਾਨਾ।
ਓਰੇ ਪਰੇ ਦੀਨ ਦੁਖ ਪਾਵੈਂ। ਵਹਿਰ ਖੇਤ ਸਭਿ ਕੋ ਬਿਨਸਾਵੈਂ॥ ੪॥

ਇਹ ਵੇਖ ਨੌਰੰਗੇ ਨੇ ਕਿਹਾ, "ਹੇ ਗੁਰੂ ਪੁੱਤਰ! ਸੁਣੋ, ਸਾਰੇ ਥਾਂ ਗੜ੍ਹੇ ਪੈ ਰਹੇ ਹਨ, ਗ਼ਰੀਬ ਦੁੱਖ ਪਾਉਣਗੇ, ਬਾਹਰ ਸਾਰਿਆਂ ਦੇ ਖੇਤ ਵਿਨਾਸ਼ ਹੋ ਜਾਣਗੇ॥੪॥

ਉਪਬਨ ਮਹਿ ਫਲ ਫੂਲ ਬਿਨਾਸਹਿ। ਸਭਿ ਤਰੁਵਰ ਕੀ ਸ਼ੋਭਾ ਗ੍ਰਾਸਹਿ।
ਵਹਿਰ ਪਸੂ ਗੋ ਆਦਿ ਘਨੇਰੇ। ਤਿਨ ਪਰ ਲਗੇ ਪ੍ਰਹਾਰ ਬਡੇਰੇ॥ ੫॥

ਬਾਗਾਂ ਵਿਚ ਫਲ ਫੁੱਲ ਨਸ਼ਟ ਹੋ ਜਾਣਗੇ। ਸਾਰੇ ਬ੍ਰਿਛਾਂ ਦੀ ਸ਼ੋਭਾ ਮਾਰ ਦੇਣਗੇ। ਬਾਹਰ, ਪਸ਼ੂ ਗਾਈਆਂ ਆਦਿ ਜਾਨਵਰ ਹਨ, ਉਨ੍ਹਾਂ ਨੂੰ ਬਹੁਤ ਸੱਟਾਂ ਲੱਗਣਗੀਆਂ॥੫॥

ਹਿੰਦੂ ਧਰਮ ਤੁਮਾਰੇ ਸੋਇ। ਬਚਨ ਕਰਹੁ ਰੱਛਾ ਤਿਨ ਹੋਇ।
ਨਾਂਹਿ ਤ ਮਰਿ ਜਾਵਹਿੰਗੇ ਘਨੇ। ਅਸ ਓਰੇ ਨਹਿ ਦੇਖੇ ਸੁਨੇ॥ ੬॥

ਤੁਹਾਡਾ ਹਿੰਦੂ ਧਰਮ ਹੈ, ਇਸ ਕਰਕੇ ਬਚਨ ਕਰੋ ਤਾਂਕਿ ਇਨ੍ਹਾਂ ਪਸ਼ੂਆਂ ਦੀ ਰੱਖਿਆ ਹੋ ਸਕੇ, ਨਹੀਂ ਤਾਂ ਬਹੁਤ ਜਾਨਵਰ ਮਰ ਜਾਣਗੇ। ਅਜਿਹੇ ਗੜ੍ਹੇ ਕਦੇ ਵੇਖੇ ਸੁਣੇ ਨਹੀਂ ਹਨ॥੬॥

ਵਹਿਰ ਪਸੂ ਕਜਾ ਖੇਤ ਬਿਸਾਲੇ। ਸਭਿ ਕੀ ਹਾਨਿ ਹੋਇ ਇਨ ਨਾਲੇ।
ਕਰਹੁ ਬਾਕ ਸਭਿ ਕੇਰ ਭਲੇਰਾ'। ਸੁਨਿ ਸ੍ਰੀ ਰਾਮਰਾਇ ਤਿਸ ਬੇਰਾ॥੭॥

ਬਾਹਰ ਪਸ਼ੂ ਕੀ ਤੇ ਖੇਤ ਕੀ, ਸਾਰਿਆਂ ਦਾ ਇਨ੍ਹਾਂ ਵਿਨਾਸ਼ ਹੋ ਰਿਹਾ ਹੈ, ਸਭ ਦੇ ਭਲੇ ਦਾ ਬਚਨ ਕਰੋ।'' ਉਸ ਸਮੇਂ ਜਦ ਸ੍ਰੀ ਰਾਮਰਾਇ ਨੇ ਸੁਣਿਆ॥੭॥

ਕਹ੍ਯੋ 'ਜਿ ਇਮ ਹੈ ਤੁਮਰੇ ਮਨ ਮੈਂ। ਓਰੇ ਪਰਨਿ ਮਿਟਹਿਂ ਇਸ ਛਿਨ ਮੈਂ।
ਜਬਿ ਅਧਰਨ ਤੇ ਬਾਕ ਨਿਕਾਸਾ। ਗਗਨ ਬਿਖੈ ਘਨ ਬ੍ਰਿੰਦ ਬਿਨਾਸਾ॥ ੮॥

ਤਦ ਉਨ੍ਹਾਂ ਨੇ ਕਿਹਾ, "ਜੇ ਤੁਹਾਡੇ ਮਨ ਵਿਚ ਇਸ ਤਰ੍ਹਾਂ ਹੈ ਤਾਂ ਗੜ੍ਹੇ ਪੈਣੇ ਇਕ ਛਿਣ ਵਿਚ ਬੰਦ ਹੋ ਜਾਣਗੇ। ਜਦ ਉਸ ਆਪਣੇ ਬੁਲ੍ਹਾਂ ਵਿਚੋਂ ਬਚਨ ਕਢਿਆ, ਅਕਾਸ਼ ਵਿਚੋਂ ਬਦਲ ਹੀ ਖ਼ਤਮ ਹੋ ਗਏ॥੮॥

ਕੈ ਤੋ ਹੁਤੇ ਤਿਮਰ ਸਭਿ ਦਿਸ਼ ਮੈਂ। ਭਯੋ ਪ੍ਰਕਾਸ਼ ਬਾਰ ਇਕ ਤਿਸ ਮੈਂ।
ਨਹਿਂ ਘਨ ਬਾਯੁ ਨ ਬਰਖਾ ਕਹਾਂ। ਬਿਮਲ ਅਕਾਸ਼ ਭਯੋ ਜਹਿਂ ਕਹਾਂ॥ ੯॥

ਕਿਤੇ ਤਾਂ ਸਾਰੇ ਹੀ ਪਾਸੇ ਹਨ੍ਹੇਰਾ ਸੀ ਤੇ ਕਿਤੇ ਉਸ ਸਮੇਂ ਸਾਰੇ ਪਾਸੇ ਪ੍ਰਕਾਸ਼ ਹੋ ਗਿਆ। ਨਾ ਬਦਲ ਸਨ, ਨਾ ਹਵਾ ਸੀ, ਨਾ ਹੀ ਕਿਤੇ ਬਾਰਸ਼ ਸੀ, ਜਿਥੇ ਕਿਥੇ ਆਕਾਸ਼ ਸਾਫ ਹੋ ਗਿਆ॥੯॥

ਦੇਖਤਿ ਮਾਨ੍ਯੋ ਸਭਿਨਿ ਅਚੰਭ। ਓਰੇ ਕਹਾਂ ਨ ਬਰਖ੍ਯੋ ਅੰਭ।
ਪਸਰ੍ਯੋ ਸੁਜਸੁ ਗੁਰੂ ਸੁਤ ਕੇਰਾ। ਘਰ ਘਰ ਬੀਚ ਬ੍ਰਿਤੰਤ ਬਡੇਰਾ॥ ੧੦॥

ਇਹ ਵੇਖ ਕੇ ਸਾਰਿਆਂ ਨੇ ਅਚੰਭਾ ਮੰਨਿਆ। ਗੜ੍ਹੇ ਤਾਂ ਕਿਤੇ ਰਹੇ, ਬਾਰਸ਼ ਵੀ ਬੰਦ ਹੋ ਗਈ। ਗੁਰੂ ਜੀ ਦੇ ਪੁੱਤਰ ਦਾ ਸਾਰੇ ਸ੍ਰੇਸ਼ਟ ਜਸ ਫੈਲ ਗਿਆ। ਘਰ ਘਰ ਵਿਚ ਬ੍ਰਿਤਾਂਤ ਚਲ ਰਿਹਾ ਸੀ॥੧੦॥

ਜਹਾਂ ਕਹਾਂ ਕੀਰਤਿ ਕੋ ਕਰਿ ਹੀਂ। ਅਚਰਜ ਨਵੇਂ ਹਮੇਸ਼ ਨਿਹਰਿਹੀਂ।
ਏਕ ਮਸਤ ਹਾਥੀ ਰਹਿ ਖਰ੍ਯੋ। ਸੰਗਲ ਰਹੈਂ ਪਰੇ ਦ੍ਰਿਢ ਕਰ੍ਯੋ॥ ੧੧॥

ਜਿੱਥੇ ਕਿੱਥੇ ਕੀਰਤੀ ਹੋ ਰਹੀ ਸੀ, ਅਸਚਰਜ ਗੱਲ ਹਮੇਸ਼ਾ ਹੀ ਵੇਖਦੇ ਸਨ। ਇਕ ਮਸਤ ਹਾਥੀ ਖੜਾ ਰਹਿੰਦਾ ਸੀ, ਉਸ ਨੂੰ ਸਦਾ ਬੜੇ ਮਜ਼ਬੂਤ ਸੰਗਲ ਪਾਏ ਰਹਿੰਦੇ ਸਨ॥੧੧॥

ਬਹੁ ਭਾਲੇ ਅਰੁ ਅੰਕੁਸ ਲੈ ਕੈ। ਨਰ ਸਮੀਪ ਹੋਵਹਿਂ ਦਿਢ ਕੈ ਕੈ।
ਨਾਂਹਿ ਤ ਗਹਿ ਨਿਜ ਸੁੰਡਾ ਸੰਗ। ਚੀਰ ਦੇਤਿ ਕਰਿ ਆਧੋ ਅੰਗ॥ ੧੨॥

ਬਹੁਤ ਨੇਜ਼ੇ ਅਤੇ ਕੁੰਡੀਆਂ ਲੈ ਕੇ, ਮਨੁੱਖ ਦ੍ਰਿੜ੍ਹਤਾ ਧਾਰ ਕੇ ਉਸ ਦੇ ਨੇੜੇ ਹੁੰਦੇ ਸਨ। ਉਸ ਨੂੰ ਹਮੇਸ਼ਾ ਬੜੇ ਮਜ਼ਬੂਤ ਸੰਗਲ ਪਾ ਕੇ ਬੰਨ੍ਹ ਕੇ ਰੱਖਦੇ ਸਨ: ਨਹੀਂ ਤਾਂ ਉਹ ਆਪਣੀ ਸੁੰਡ ਨਾਲ ਫੜ ਕੇ ਮਨੁੱਖ ਨੂੰ ਅੱਧ ਵਿਚੋਂ ਰੱਖ ਕੇ ਚੀਰ ਕੇ ਸੁੱਟ ਦਿੰਦਾ ਸੀ॥੧੨॥

ਮਹਾਂ ਬਲੀ, ਦੈ ਹੈਂ ਬਹੁ ਖਾਨਾ। ਖਰ੍ਯੋ ਰਹੈ ਸੋ ਏਕ ਸਥਾਨਾ।
ਜਲ ਬਾਸਨ ਤਿਸ ਨਿਕਟਿ ਰਖਾਵੈਂ। ਦੇਤਿ ਦੂਰ ਤੇ ਤ੍ਰਸਤਿ ਪਿਲਾਵੈਂ॥੧੩॥

ਉਹ ਮਹਾਂ ਬਲਵਾਨ ਸੀ ਤੇ ਉਸ ਨੂੰ ਖਾਣ ਵਾਸਤੇ ਬਹੁਤ ਖ਼ੁਰਾਕ ਦਿੰਦੇ ਸਨ। ਇਕ ਥਾਂ ਉਹ ਸਦਾ ਖੜਾ ਰਹਿੰਦਾ ਸੀ। ਜਲ ਦਾ ਬਰਤਨ ਉਸ ਪਾਸ ਰੱਖਦੇ ਸਨ। ਬਹੁਤ ਦੂਰ ਤੋਂ ਜਲ ਦਿੰਦੇ ਸਨ ਤੇ ਬਹੁਤ ਡਰਦੇ ਡਰਦੇ ਪਾਣੀ ਪਿਲਾਉਂਦੇ ਸਨ॥੧੩॥

ਦੁਸ਼ਟਨਿ ਨੌਰੰਗ ਕੋ ਸਿਖਲਾਯੋ। 'ਇਸ ਪਰ ਗੁਰ ਸੁਤ ਦੇਹੁ ਚਢਾਯੋ।
ਜਬਿ ਅਰੂਢਿ ਮਗ ਕਰੈ ਪਯਾਨਾ। ਹਟਹਿ ਮਹਾਵਤਿ ਤਬਿ ਤਿਸ ਥਾਨਾ॥੧੪॥

ਦੁਸ਼ਟ ਨੌਰੰਗੇ ਨੂੰ ਕਿਸੇ ਨੇ ਸਿਖਾਇਆ, "ਇਸ ਉੱਤੇ ਗੁਰੂ-ਪੁੱਤਰ ਨੂੰ ਚੜ੍ਹਾ ਦੇਵੋ। ਜਦ ਚੜ੍ਹ ਕੇ ਰਾਹੇ ਰਾਹ ਚਲੇ ਤਦ ਉਸ ਥਾਂ ਮਹਾਵਤ ਹੱਟ ਜਾਵੇ"॥੧੪॥

ਸੁਨਤਿ ਸ਼ਾਹੁ ਕੇ ਮਨ ਮੈਂ ਭਾਈ। ਬਹੁ ਸ਼ਰਾਬ ਮੰਗਵਾਇ ਪਿਵਾਈ।
ਬ੍ਰਿੰਦ ਮਹਾਵਤ ਹੁਇ ਚਹੁੰ ਕੋਦਾ। ਊਪਰ ਕਸਜੋ ਸੁਨਹਿਰੀ ਹੋਦਾ॥ ੧੫॥

ਇਹ ਸੁਣ ਕੇ ਸ਼ਾਹ ਦੇ ਮਨ ਨੂੰ ਇਹ ਗੱਲ ਚੰਗੀ ਲੱਗੀ। ਉਸ ਹਾਥੀ ਨੂੰ ਬਹੁਤ ਸ਼ਰਾਬ ਮੰਗਵਾ ਕੇ ਪਿਆਈ। ਬਹੁਤ ਮੁਹਾਵਤ ਉਸ ਦੇ ਚਾਰੇ ਪਾਸੇ ਹੋ ਗਏ ਤੇ ਉਸ ਦੇ ਉਪਰ ਸੁਨਿਹਰੀ ਹੋਦਾ ਕੱਸ ਦਿੱਤਾ॥੧੫॥

ਜ਼ਰੀ ਦੋਜ਼ ਕੋ ਪਾਯਹੁ ਝੂਲੰ। ਭਯੋ ਮਸਤ ਹਾਥੀ ਰਹਿ ਝੂਲੰ।
ਤੋਮਰ ਭਾਲੇ ਅੰਕਸ ਘਨੇ। ਦੁਰਗ ਦਿਸ਼ਾ ਲੇ ਗਮਨਤਿ ਹਨੇ॥ ੧੬॥

ਜ਼ਰੀ ਦਾ ਬਣਿਆ ਹੋਇਆ ਝੁੱਲ ਪਾਇਆ, ਮਸਤ ਹਾਥੀ ਝੂਲ ਰਿਹਾ ਸੀ। ਨੇਜ਼ੇ ਭਾਲੇ ਅਤੇ ਬਹੁਤ ਕੁੰਡੀਆਂ ਲੈ ਕੇ, ਉਸ ਨੂੰ ਕਿਲ੍ਹੇ ਵਾਲੇ ਪਾਸੇ ਲੈ ਕੇ ਚਲ ਪਏ॥੧੬॥

ਗੁਰ ਸੁਤ ਬੀਚ ਕਚਹਿਰੀ ਅਹੈ। ਸਭਿ ਦਿਸ਼ਿ ਦੇਖਿ ਸ਼ਾਹੁ ਤਬਿ ਕਹੈ।
'ਚਲਹੁ ਵਹਿਰ ਉਪਬਨ ਹੁਇ ਆਵਹਿਂ। ਬਿਗਸੇ ਫੂਲ ਸੁ ਛਬਿ ਦਿਖਰਾਵਹਿਂ ॥੧੭॥

ਗੁਰੂ-ਪੁੱਤਰ ਕਚਹਿਰੀ ਦੇ ਵਿਚ ਬੈਠਾ ਸੀ, ਸਭ ਪਾਸੇ ਵੇਖ ਕੇ ਬਾਦਸ਼ਾਹ ਨੇ ਫਿਰ ਕਿਹਾ, ''ਚਲੋ ਬਾਹਰ ਬਾਗ਼ ਵਿਚੋਂ ਹੋ ਕੇ ਆਉਂਦੇ ਹਾਂ, ਜਿਹੜੇ ਫੁਲ ਖਿੜੇ ਹਨ, ਉਨ੍ਹਾਂ ਦੀ ਤੁਹਾਨੂੰ ਸੁੰਦਰਤਾ ਵਿਖਾਉਂਦੇ ਹਾਂ'' ॥੧੭॥

ਇਮ ਕਹਿ ਉਠਜੋ ਚਢਜੋ ਅਸਵਾਰੀ। ਸਤਿਗੁਰ ਸੁਤ ਸੋਂ ਗਿਰਾ ਉਚਾਰੀ।
'ਇਸ ਮਤੰਗ ਪਰ ਹੁਇ ਅਸਵਾਰੋ। ਗਮਨਹੁ ਸੰਗ ਉਤੰਗ ਉਦਾਰੋ॥ ੧੮॥

ਇਸ ਤਰ੍ਹਾਂ ਕਹਿ ਕੇ ਉਠਿਆ ਤੇ ਸਵਾਰ ਹੋ ਗਿਆ ਤੇ ਸਤਿਗੁਰੂ ਜੀ ਦੇ ਪੁੱਤਰ ਨੂੰ ਕਿਹਾ, ''ਹਾਥੀ ਉੱਤੇ ਸਵਾਰ ਹੋ ਜਾਵੋ ਤੇ ਸਾਡੇ ਨਾਲ ਛੇਤੀ ਚਲੋ॥੧੮॥

ਤਜਹੁ ਆਜ ਸਿਵਕਾ ਅਸਵਾਰੀ। ਸ਼ੀਘ੍ਰ ਚਲਹਿਂਗੇ ਬਿਲਮ ਬਿਸਾਰੀ।
ਜਾਨੋਂ ਦੂਰ ਦਿਵਸ ਰਹਿ ਥੋਰਾ। ਆਵਹਿਂ ਸੰਧਜਾ ਲਗਿ ਘਰ ਓਰਾ'॥ ੧੯॥

ਅੱਜ ਪਾਲਕੀ ਦੀ ਸਵਾਰੀ ਛੱਡੋ, ਛੇਤੀ ਕਿਸੇ ਦੇਰੀ ਤੋਂ ਬਗੈਰ ਚਲਾਂਗੇ। ਦੂਰ ਜਾਣਾ ਹੈ, ਤੇ ਦਿਨ ਥੋੜ੍ਹਾ ਰਹਿ ਗਿਆ ਹੈ। ਸ਼ਾਮ ਤਕ ਘਰ ਮੁੜ ਆਵਾਂਗੇ'' ॥੧੯॥

ਸੁਨਿ ਸ੍ਰੀ ਰਾਮਰਾਇ ਸਭਿ ਜਾਨੀ। 'ਅਜਹੁੰ ਪਤਾ ਚਹਿ ਮੂਰਖ ਮਾਨੀ'।
'ਵਾਹਿਗੁਰੂ' ਮੁਖ ਤੇ ਕਹਿ ਕਰਿ ਕੈ। ਬੈਠਜੋ ਮਸਤ ਕਰੀ ਪਰ ਚਰਿ ਕੈ॥੨੦॥

ਇਹ ਸੁਣ ਕੇ ਅੰਤਰਜਾਮੀ ਸ੍ਰੀ ਰਾਮਰਾਇ ਨੇ ਸਭ ਕੁਝ ਜਾਣ ਲਿਆ, ''ਮੂਰਖ ਹੰਕਾਰੀ ਹਾਲੇ ਵੀ ਪਰਖਣਾ ਚਾਹੁੰਦਾ ਹੈ।'' ਵਾਹਿਗੁਰੂ ਕਹਿ ਕੇ ਮਸਤ ਹਾਥੀ ਦੇ ਉਪਰ ਚੜ੍ਹ ਗਿਆ॥੨੦॥

ਗਮਨੇ ਪੰਥ ਸ਼ੀਘ੍ਰਤਾ ਸਾਥ। ਨਿਜ ਵਾਹਨ ਕਹੁ ਦਿੱਲੀ ਨਾਥ।
ਬਹੁਤ ਬੇਗ ਤੇ ਚਲੇ ਪਲਾਇ। ਹਟੇ ਮਹਾਵਤ ਜੇ ਸਮੁਦਾਇ॥ ੨੧॥

ਬੜੀ ਤੇਜ਼ੀ ਨਾਲ ਰਾਹੇ ਰਾਹ ਚਲ ਪਏ, ਆਪਣੀ ਅਸਵਾਰੀ ਨੂੰ ਬਾਦਸ਼ਾਹ ਆਪ ਬਹੁਤ ਤੇਜ਼ੀ ਨਾਲ ਚਲਾ ਰਿਹਾ ਸੀ। ਜਿਹੜੇ ਤਿੰਨ ਚਾਰ ਮੁਹਾਵਤ ਬੈਠੇ ਸਨ, ਉਹ ਹਾਥੀ ਤੋਂ ਉੱਤਰ ਗਏ॥੨੧॥

ਹਾਥੀ ਮਸਤ ਸੁੰਡ ਕਹੁ ਫੇਰਤਿ। ਰਕਤ ਨੇਤ੍ਰ ਤੇ ਇਤ ਉਤ ਹੇਰਤਿ।
ਫੁੰਕਾਰਤਿ ਕਿਲਕਾਰਤਿ ਘਨੋ। ਭਏ ਕ੍ਰੋਧ ਤੇ ਘਾਵਤਿ ਮਨੋ॥ ੨੨॥

ਮਸਤ ਹਾਥੀ ਸੁੰਡ ਨੂੰ ਫੇਰਦਾ ਸੀ ਤੇ ਲਾਲ ਨੇਤਰਾਂ ਨਾਲ ਏਧਰ ਓਧਰ ਵੇਖਦਾ ਸੀ। ਫੁੰਕਾਰਦਾ ਤੇ ਬਹੁਤ ਉੱਚੀ ਕਿਲਕਾਰੀਆਂ ਮਾਰਦਾ ਸੀ, ਬੜੇ ਕ੍ਰੋਧ ਨਾਲ ਮਾਨੋਂ ਮਾਰਨਾ ਚਾਹੁੰਦਾ ਸੀ॥੨੨॥

ਸ਼ਾਹੁ ਸਮਾਜ ਸੰਗ ਹੀ ਦੌਰਾ। ਤ੍ਰਾਸਤਿ ਭਾਜਹਿਂ, ਹੁਇ ਜਿਸ ਓਰਾ।
ਗੁਰ ਸੁਤ ਹੋਦੇ ਪਰ ਚਢਿ ਰਹਜੋ। ਹਾਥ ਛਰੀ ਸੋਂ ਪ੍ਰੇਰਤਿ ਰਹਜੋ॥ ੨੩॥

ਬਾਦਸ਼ਾਹ ਦੇ ਬੰਦੇ ਵੀ ਨਾਲ ਨਾਲ ਦੌੜ ਰਹੇ ਸਨ। ਜਿਸ ਪਾਸੇ ਵੀ ਹਾਥੀ ਹੁੰਦਾ ਸੀ, ਡਰ ਕੇ ਭੱਜ ਉੱਠਦੇ ਸਨ। ਗੁਰੂ-ਪੁੱਤਰ ਹੋਦੇ ਉੱਤੇ ਚੜ੍ਹ ਕੇ ਬੈਠਾ ਰਿਹਾ ਤੇ ਹੱਥ ਦੀ ਛੜੀ ਨਾਲ ਹਿਕਦਾ ਰਿਹਾ॥੨੩॥

ਜਿਸ ਦਿਸ਼ਿ ਕੋ ਚਿਤ ਚਹਤਿ ਚਲਾਯੋ। ਹਾਥ ਛਰੀ ਸੋਂ ਤਿਤਹਿ ਧਵਾਯੋ।
ਜਿਹ ਸਮੀਪ ਭਾਜਤਿ ਹੁਇ ਜਾਇ। ਦਿਖਤਿ ਪਲਾਵਤਿ, ਜਨੁ ਇਹੁ ਖਾਇ॥੨੪॥

ਜਿਸ ਪਾਸੇ ਵੀ ਜੀਅ ਕੀਤਾ, ਓਧਰ ਹੀ ਚਲਾਇਆ ਤੇ ਹੱਥ ਦੀ ਛੜੀ ਨਾਲ ਉਸ ਨੂੰ ਭਜਾਇਆ। ਜਿਹੜੇ ਨਾਲ ਨਾਲ ਭੱਜੇ ਜਾਂਦੇ ਸਨ, ਉਨ੍ਹਾਂ ਨੂੰ ਭਜਿਆਂ ਜਾਂਦਿਆਂ ਨੂੰ ਇੰਝ ਲੱਗਦਾ ਸੀ ਕਿ ਮਾਨੋਂ ਇਹ ਖਾ ਜਾਵੇਗਾ॥੨੪॥

ਬੇਖ ਭਯਾਨਕ ਹਾਥੀ ਕੇਰ। ਜਾਹਿਂ ਪਲਾਵਤਿ ਕਰਤਿ ਨ ਨੇਰ।
ਹੇਰਿ ਹੇਰਿ ਭਾਜਤਿ ਹੈਂ ਜਜੋਂ ਜਜੋਂ। ਹਸ ਹਸ ਪਰੈ ਸ਼ਾਹੁ ਬਹੁ ਤਜੋਂ ਤਜੋਂ॥੨੫॥

ਹਾਥੀ ਦਾ ਸਰੂਪ ਭਿਆਨਕ ਸੀ। ਬਾਦਸ਼ਾਹ ਦੇ ਸੈਨਿਕ ਭੱਜੇ ਜਾਂਦੇ ਸਨ, ਪਰ ਉਸ ਦੇ ਨੇੜੇ ਨਹੀਂ ਸੀ ਆਉਂਦੇ, ਜਿਵੇਂ ਜਿਵੇਂ ਵੇਖ ਕੇ ਭੱਜਦੇ ਸਨ, ਬਾਦਸ਼ਾਹ ਤਿਵੇਂ-ਤਿਵੇਂ ਹੱਸ ਹੱਸ ਕੇ ਪ੍ਰਸੰਨ ਹੁੰਦਾ ਸੀ॥੨੫॥

ਕੋਇਕ ਠਾਢੇ ਪਿਖਹਿਂ ਤਮਾਸ਼ਾ। ਕੇਤਿਕ ਉਰ ਧਰਕਤਿ ਕਰਿ ਤ੍ਰਾਸਾ।
'ਮਾਰਜੋ ਹੁਤੋ ਮੋਹਿ ਕਰਿ ਐਸੇ। ਸ਼ੀਘਰ ਲਾਇ ਬਚਜੋ ਮੈਂ ਕੈਸੇ'॥ ੨੬॥

ਕਈ ਲੋਕ ਖੜੇ ਹੋ ਕੇ ਤਮਾਸ਼ਾ ਵੇਖ ਰਹੇ ਸਨ, ਕਈਆਂ ਦੇ ਡਰ ਨਾਲ ਦਿਲ ਧੜਕਦੇ ਸਨ, ਕਹਿੰਦੇ ਸਨ, "ਮੈਨੂੰ ਤਾਂ ਹਾਥੀ ਨੇ ਜਿਵੇਂ ਮਾਰ ਹੀ ਦਿੱਤਾ ਸੀ, ਮੈਂ ਕਿਸੇ ਤਰ੍ਹਾਂ ਛੇਤੀ ਯਤਨ ਕਰਕੇ ਬਚ ਗਿਆ ਹਾਂ"॥੨੬॥

ਬਹੁ ਚਿੰਘਾਰਤਿ ਸ਼ਬਦ ਉਠਾਵੈ। ਕਰੇ ਕੁੰਡਲੀ ਸੁੰਡ ਭ੍ਰਮਾਵੈ।
ਲਾਂਗੁਲ ਗਾਢੀ ਅਧਿਕ ਚਲਾਇ। ਦੰਤ ਗਡਾਵਤਿ ਇਤ ਉਤ ਜਾਇ॥੨੭॥

ਹਾਥੀ ਬਹੁਤ ਉੱਚੀ ਆਵਾਜ਼ ਵਿਚ ਚਿੰਘਾੜਦਾ ਸੀ, ਸੁੰਡ ਦਾ ਕੁੰਡਲ ਬਣਾ ਕੇ ਭਰਮਾਉਂਦਾ ਸੀ। ਪੂਛ ਨੂੰ ਬਹੁਤ ਤੇਜ਼ੀ ਨਾਲ ਹਿਲਾਉਂਦਾ ਸੀ ਤੇ ਦੰਦ ਕੱਢ ਕੇ ਏਧਰ ਓਧਰ ਜਾਂਦਾ ਸੀ॥੨੭॥

ਗੁਰ ਸੁਤ ਹਤਹਿ ਛਰੀ ਮਗ ਪ੍ਰੇਰਤਿ। ਸ਼ਾਹੁ ਸਹਿਤ ਚਹੁੰ ਦਿਸ਼ਿ ਸਭਿ ਹੇਰਤਿ।
ਕੋਸਕੁ ਲੌ ਚਲਿ ਕੈ ਪੁਨ ਆਏ। ਗਮਨਹਿ ਗਜ ਮਗ, ਜਿਮ ਗਮਨਾਏ॥੨੮॥

ਗੁਰੂ-ਪੁੱਤਰ ਛੜੀ ਮਾਰ ਕੇ ਠੀਕ ਰਾਹ 'ਤੇ ਪਾਉਂਦੇ ਸਨ। ਬਾਦਸ਼ਾਹ ਸਮੇਤ ਚਾਰੇ ਪਾਸੇ ਲੋਕ ਖੜੇ ਵੇਖ ਰਹੇ ਸਨ। ਇਕ ਕੋਹ ਪੈਂਡਾ ਚਲ ਕੇ ਆ ਗਏ। ਹਾਥੀ ਉਸ ਤਰ੍ਹਾਂ ਹੀ ਰਾਹ ਵਿਚ ਚਲਦਾ ਸੀ, ਜਿਵੇਂ ਗੁਰੂ-ਪੁੱਤਰ ਉਸ ਨੂੰ ਚਲਾਉਂਦੇ ਸਨ॥੨੮॥

ਬਿਨਾਂ ਮਹਾਵਤ ਚਹਤਿ ਚਲਾਵਤਿ। ਗੁਰ ਸੁਤ ਕੇ ਅਨੁਸਾਰੀ ਧਾਵਤਿ।
ਦੇਖਿ ਦੇਖਿ ਕਰਿ ਤ੍ਰਾਸ ਉਪਾਵੈਂ। ਨਹਿ ਕਿਸ ਹੂੰ ਪਰ ਚੋਟ ਚਲਾਵੈ॥ ੨੯॥

ਉਹ ਹਾਥੀ ਨੂੰ ਮਹਾਵਤ ਤੋਂ ਬਗੈਰ ਚਲਾਉਣਾ ਚਾਹੁੰਦੇ ਸਨ, ਪਰ ਹਾਥੀ ਗੁਰੂ ਜੀ ਦੇ ਪੁੱਤਰ ਦੀ ਆਗਿਆ ਅਨੁਸਾਰ ਭੱਜਾ ਜਾ ਰਿਹਾ ਸੀ। ਸਾਰੇ ਵੇਖ ਵੇਖ ਕੇ ਬਹੁਤ ਡਰਦੇ ਸਨ, ਪਤਾ ਨਹੀਂ ਕਿਸ ਮਨੁੱਖ ਨੂੰ ਉਹ ਸੱਟ ਲਾ ਦੇਵੇ॥੨੯॥

ਸੰਧਜਾ ਲੌ ਫਿਰਿ ਕੈ ਮੁਰਿ ਆਯੋ। ਦ੍ਵਾਰ ਦੁਰਗ ਕੇ ਗਜ ਬੈਠਾਯੋ।
ਸਨੈ ਸਨੈ ਉਤਰੇ ਗੁਰ ਨੰਦ। ਪੁਨ ਤਜਿ ਦੀਨਿ ਮਤੰਗ ਬਿਲੰਦ॥ ੩੦॥

ਸ਼ਾਮ ਤਕ ਫਿਰ ਕੇ ਮੁੜ ਆਏ, ਕਿਲ੍ਹੇ ਦੇ ਦਰਵਾਜ਼ੇ 'ਤੇ ਹਾਥੀ ਨੂੰ ਬੈਠਾਇਆ ਤੇ ਹੌਲੀ-ਹੌਲੀ ਗੁਰੂ ਪੁੱਤਰ ਉਤਰ ਆਇਆ। ਫਿਰ ਬਹੁਤ ਵੱਡੇ ਮਸਤ ਹਾਥੀ ਨੂੰ ਛੱਡ ਦਿੱਤਾ॥੩੦॥

ਤਬਹਿ ਮਹਾਵਤ ਹ੍ਵੈ ਸਮੁਦਾਈ। ਗਹਿ ਤੋਮਰ ਘੇਰਜੋ ਬਰਿਆਈ।
ਸਨੇ ਸਨੇ ਨਿਜ ਥਲ ਲੇ ਆਏ। ਖਰੇ ਦੂਰ ਨਹਿਂ ਨਿਕਟਿ ਸਿਧਾਏ॥ ੩੧॥

ਤਦ ਸਾਰੇ ਮਹਾਵਤਾਂ ਨੇ ਇਕੱਠੇ ਹੋ ਕੇ, ਨੇਜ਼ੇ ਫੜ ਕੇ ਹਾਥੀ ਨੂੰ ਜ਼ਬਰਦਸਤੀ ਘੇਰ ਲਿਆ। ਹੌਲੀ-ਹੌਲੀ ਆਪਣੀ ਤਾਕਤ ਲਾ ਕੇ ਟਿਕਾਣੇ 'ਤੇ ਲੈ ਆਏ। ਦੂਰ ਹੀ ਖੜੇ ਹੋ ਗਏ, ਕੋਈ ਵੀ ਨੇੜੇ ਨਹੀਂ ਸੀ ਜਾਂਦਾ॥੩੧॥

ਅਮਲ ਸ਼ਰਾਬ ਰਹਜੋ ਗਜ ਜਾਵਦ। ਨਹੀਂ ਸਮੀਪ ਗਏ ਨਰ ਤਾਵਦ।
ਦਾਵ ਬਚਾਇ ਸ੍ਰਿੰਖਲਾ ਪਾਈ। ਬਾਂਧਜੋ ਦ੍ਰਿਢ ਆਗਾ ਪਿਛਵਾਈ॥ ੩੨॥

ਹਾਥੀ ਨੂੰ ਜਦ ਤਕ ਸ਼ਰਾਬ ਦਾ ਅਮਲ ਰਿਹਾ, ਤਦ ਤਕ ਕੋਈ ਮਨੁੱਖ ਵੀ ਉਸ ਦੇ ਪਾਸ ਨਾ ਗਿਆ। ਫਿਰ ਦਾਅ ਬਚਾ ਕੇ ਸੰਗਲ ਪਾਇਆ ਤੇ ਫਿਰ ਚੰਗੀ ਤਰ੍ਹਾਂ ਅਗਲੀਆਂ ਤੇ ਪਿਛਲੀਆਂ ਲੱਤਾਂ ਬੰਨ੍ਹ ਦਿੱਤੀਆਂ॥੩੨॥

ਗੁਰ ਸੁਤ ਕੋ ਸਭਿ ਲੋਕ ਸਰਾਹੈਂ। ਸੁਨਿ ਸੁਨਿ ਜਸੁ ਕੋ ਪਿਖਨਿ ਉਮਾਹੈਂ।
ਰੰਕ ਰਾਵ ਸਭਿ ਆਵਤਿ ਡੇਰੇ। ਬੰਦਹਿਂ ਅਰਪਹਿਂ ਦਰਬ ਘਨੇਰੇ॥ ੩੩॥

ਗੁਰੂ-ਪੁੱਤਰ ਦੀ ਸਾਰੇ ਲੋਕ ਸ਼ਲਾਘਾ ਕਰਦੇ ਸਨ, ਜਸ ਸੁਣ ਸੁਣ ਕੇ ਦਰਸ਼ਨ ਕਰਨ ਵਾਸਤੇ ਉਤਸ਼ਾਹਿਤ ਹੁੰਦੇ ਸਨ। ਅਮੀਰ ਗ਼ਰੀਬ ਸਭ ਡੇਰੇ ਵਿਚ ਆਉਂਦੇ ਸਨ ਤੇ ਬੰਦਨਾ ਕਰਕੇ ਬਹੁਤ ਧਨ ਅਰਪਣ ਕਰਦੇ ਸਨ॥੩੩॥

ਕੇਤਿਕ ਸਿੱਖ ਹੋਹਿਂ ਧਰਿ ਭਾਊ। ਕਰਹਿਂ ਬਿਲੋਕਨ ਬਿਦਤਿ ਪ੍ਰਭਾਊ।
ਦਰਸ਼ਨ ਹੇਤੁ ਭੀਰ ਨਿਤ ਰਹੈ। 'ਧੰਨ ਧੰਨ' ਦੇਖਤਿ ਹੀ ਕਹੈਂ॥ ੩੪॥

ਕਈ ਪ੍ਰੇਮ ਧਾਰ ਕੇ ਸਿੱਖ ਬਣਦੇ ਸਨ, ਪ੍ਰਗਟ ਪ੍ਰਭਾਵ ਨੂੰ ਵੇਖਦੇ ਸਨ। ਦਰਸ਼ਨਾਂ ਵਾਸਤੇ ਨਿਤ ਭੀੜ ਰਹਿੰਦੀ ਸੀ 'ਧੰਨ ਧੰਨ' ਵੇਖਦੇ ਹੀ ਕਹਿੰਦੇ ਸਨ॥੩੪॥

ਕੇਤਿਕ ਚਾਕਰ ਹੁਇ ਰਹਿਂ ਸੰਗ। ਕਰੇ ਖਰੀਦਨਿ ਬ੍ਰਿੰਦ ਤੁਰੰਗ।
ਗਹੇ ਸ਼ਸਤ੍ਰ ਦਲ ਬਹੁਤ ਬਨਾਯੋ। ਸਕਲ ਸਮਾਜ ਸਕੇਲਿ ਬ੍ਰਿਧਾਯੋ॥ ੩੫॥

ਕਈ ਨੌਕਰ ਹੋ ਕੇ ਨਾਲ ਰਹਿੰਦੇ ਸਨ। ਸ੍ਰੀ ਰਾਮਰਾਇ ਬਹੁਤ ਘੋੜੇ ਖ਼ਰੀਦਦੇ ਸਨ। ਸ਼ਸਤਰਧਾਰੀ ਦਲ ਬਹੁਤ ਬਣਾਇਆ ਤੇ ਸਭ ਪ੍ਰਕਾਰ ਦਾ ਸਾਜ਼ੋ-ਸਾਮਾਨ ਇਕੱਠਾ ਕਰਕੇ ਵਧਾਇਆ॥੩੫॥

ਆਮਦ ਬਡੀ ਹੋਇ ਨਿਜ ਪਾਸ। ਪੁੰਜ ਮਸੰਦ ਕਰਹਿਂ ਅਰਦਾਸ।
ਕਾਰ ਦਾਰ ਹੁਇ ਕਿਤਿਕ ਬਿਸਾਲ। ਬਧੇ ਮੇਵੜੇ ਢਿਗ ਰਹਿਂ ਜਾਲ॥ ੩੬॥

ਆਪ ਦੇ ਪਾਸ ਬਹੁਤ ਧਨ ਦੌਲਤ ਆਉਂਦੀ ਸੀ ਤੇ ਕਈ ਮਸੰਦ ਅਰਦਾਸ ਕਰਦੇ ਸਨ। ਬਹੁਤ ਲੋਕ ਕਾਰਕੁਨ ਰੱਖੇ ਹੋਏ ਸਨ ਤੇ ਜਿਹੜੇ ਅਰਦਾਸੀਏ ਪਾਸ ਰਹਿੰਦੇ ਸਨ, ਉਨ੍ਹਾਂ ਦੀ ਗਿਣਤੀ ਬਹੁਤ ਹੋ ਗਈ ਸੀ॥੩੬॥

ਸਰਬ ਨਿਕਟਿ ਧਨ ਕੀ ਅਧਿਕਾਈ। ਬਹੁ ਦੇਸ਼ਨਿ ਤੇ ਸੰਗਤਿ ਆਈ।
ਕਬਿ ਕਬਿ ਸਭਿ ਕੇ ਬੈਠਹਿਂ ਬੀਚ। ਦਰਸ਼ਨ ਕਰਹਿਂ ਊਚ ਅਰੁ ਨੀਚ॥ ੩੭॥

ਬਹੁਤ ਧਨ ਪਾਸ ਆਉਂਦਾ ਸੀ ਤੇ ਬਹੁਤ ਦੇਸ਼ਾਂ ਤੋਂ ਸੰਗਤ ਆਉਂਦੀ ਸੀ। ਕਦੀ ਕਦੀ ਸਾਰਿਆਂ ਦੇ ਵਿਚ ਬੈਠਦਾ ਸੀ, ਤੇ ਗ਼ਰੀਬ-ਅਮੀਰ ਸਾਰੇ ਦਰਸ਼ਨ ਕਰਦੇ ਸਨ॥੩੭॥

ਰੰਕ ਰਾਉ ਚਲਿ ਆਇ ਜਿ ਕੋਈ। ਅਚਹਿ ਦੇਗ ਤੇ ਭੋਜਨ ਸੋਈ।
ਗਿਨਤੀ ਰਹੀ ਨਹੀਂ ਕਿਸ ਭਾਂਤੀ। ਕਵਿ ਸੰਤੋਖ ਸਿੰਘ ਬਡ ਬੱਖਯਾਤੀ॥੩੮॥

ਰਾਜਾ ਪਰਜਾ ਜੋ ਕੋਈ ਚਲ ਕੇ ਆਉਂਦਾ ਸੀ, ਉਹ ਸਾਰੇ ਲੰਗਰ ਵਿਚੋਂ ਭੋਜਨ ਛੱਕਦੇ ਸਨ। ਕਿਸੇ ਪ੍ਰਕਾਰ ਵੀ ਗਿਣਤੀ ਨਾ ਰਹੀ। ਕਵੀ ਸੰਤੋਖ ਸਿੰਘ ਨੇ ਬਹੁਤ ਪ੍ਰਗਟ ਕੀਤਾ ਹੈ॥੩੮॥

*ਨੌਵੀਂ ਰਾਸ ਦਾ ਪੰਜਤਾਲੀਵਾਂ ਅਧਿਆਇ ਸਮਾਪਤ ਹੋਇਆ॥੪੫॥*

## ਅਧਿਆਇ ਛਤਾਲੀਵਾਂ

*ਨਿੰਦਕ ਦੀ ਜ਼ਬਾਨ ਬੰਦ, ਦਿਨੇ ਤਾਰੇ, ਬਾਜ਼ੀ ਜਿੱਤੀ*

ਦੋਹਰਾ- ਇਕ ਦਿਨ ਆਏ ਸਭਾ ਮੈਂ ਨੰਦਨ ਸ੍ਰੀ ਹਰਿਰਾਇ।
ਸਨਮਾਨਤਿ ਨੌਰੰਗ ਤੇ ਬੈਠੇ ਮੋਦ ਉਪਾਇ॥ ੧॥

ਸ੍ਰੀ ਗੁਰੂ ਹਰਿਰਾਇ ਜੀ ਦੇ ਪੁੱਤਰ ਇਕ ਦਿਨ ਸਭਾ ਵਿਚ ਆਏ। ਨੌਰੰਗੇ ਪਾਸੋਂ ਸਨਮਾਨ ਪ੍ਰਾਪਤ ਕਰਕੇ, ਬੜੇ ਪ੍ਰਸੰਨ ਹੋ ਕੇ ਬੈਠ ਗਏ॥੧॥

ਚੌਪਈ- ਜੇ ਗਾਢੇ ਬਿਚ ਸ਼ਰ੍ਹਾ ਹਠੀਲੇ। ਕਰਤਾ ਬਾਦ ਬਿਸਾਲ ਕੁਸ਼ੀਲੇ।
ਅਨਿਕ ਮਾਇਨੇ ਬਕਹਿਂ ਕੁਰਾਨੇ। ਦੀਨ ਬਿਖੈ ਕਹਿਲਾਵਹਿਂ ਸਜਾਨੇ॥੨॥

ਜਿਹੜੇ ਜ਼ਿੱਦੀ ਮੁਸਲਮਾਨ ਸ਼ਰ੍ਹਾ ਵਿਚ ਚੰਗੀ ਤਰ੍ਹਾਂ ਗੱਡੇ ਹੋਏ ਸਨ, ਉਹ ਬੜੇ ਖੋਟੇ ਸੁਭਾਵ ਵਾਲੇ ਝਗੜਾ ਕਰਨ ਵਾਲੇ ਸਨ। ਕੁਰਾਨ ਦੇ ਅਨੇਕਾਂ ਮਾਇਨੇ ਕਰਦੇ ਸਨ ਤੇ ਦੀਨ ਵਿਚ ਬੜੇ ਸਿਆਣੇ ਕਹਾਉਂਦੇ ਸਨ॥੩॥

ਅਧਿਕ ਸਮਾਜ ਤਿਨਹੁਂ ਕਹੁ ਹੋਵਾ। ਜਿਨਹੁਂ ਸਿਖਾਇ ਸ਼ਾਹੁ ਕੋ ਖੋਵਾ।
ਸੁਭ ਕਰਤੂਤ ਕਰਨਿ ਮਹਿਂ ਹੋਰੇ। ਝਗਰਨਿ ਬਿਖੇ ਸੇਮੁਖੀ ਗੋਰੇ॥ ੩॥

ਉਨ੍ਹਾਂ ਦੀ ਗਿਣਤੀ ਬਹੁਤ ਜ਼ਿਆਦਾ ਵੱਧ ਗਈ ਸੀ। ਜਿਨ੍ਹਾਂ ਦੇ ਸਿਖਾਉਣ ਉੱਤੇ ਬਾਦਸ਼ਾਹ ਗੁੰਮਰਾਹ ਹੋ ਗਿਆ ਸੀ। ਚੰਗਾ ਕੰਮ ਕਰਨ ਵਿਚ ਉਹ ਬਹੁਤ ਹੋਲੇ ਸਨ ਤੇ ਝਗੜਨ ਵਿਚ ਭਾਰੀ ਬੁਧੀਮਾਨ ਸਨ॥੩॥

ਮਹਾਂ ਮੰਦ ਮਤਿ, ਮੂਰਖ, ਮਾਨੀ। ਸ਼ਾਹੁ ਰਿਝਾਵਹਿਂ ਧਨ ਹਿਤ ਦਾਨੀ।
ਸਭਾ ਮਝਾਰ ਪ੍ਰਸੰਗ ਚਲਾਏ। ਬਹੁਰ ਗੁਰੂ ਕਹੁ ਨਾਮ ਅਲਾਏ॥ ੪॥

ਮਹਾਂ ਮਾੜੀ ਮੱਤ ਵਾਲੇ ਸਨ, ਫਿਰ ਵੀ ਮੂਰਖ ਹੰਕਾਰ ਕਰਦੇ ਸਨ ਤੇ ਬਾਦਸ਼ਾਹ ਨੂੰ ਪ੍ਰਸੰਨ ਕਰਦੇ ਸਨ, ਜਿਸ ਕਰਕੇ ਉਹ ਧਨ ਦਿੰਦਾ ਸੀ। ਸਭਾ ਦੇ ਵਿਚ ਪ੍ਰਸੰਗ ਚਲਾਇਆ, ਫਿਰ ਗੁਰੂ ਜੀ ਦਾ ਨਾਮ ਲਿਆ॥੪॥

'ਸ੍ਰੀ ਨਾਨਕ ਬਡ ਭਏ ਤੁਮਾਰੇ। ਭੇਖ ਫਕੀਰੀ ਫਿਰੇ ਬਿਚਾਰੇ।
ਨਯੋ ਆਪ ਮਾਰਗ ਉਪਰਾਜਾ। ਨਹਿਂ ਹਿੰਦੂ ਨਹਿਂ ਤੁਰਕ ਸਮਾਜਾ॥੫॥

ਸ੍ਰੀ ਗੁਰੂ ਨਾਨਕ ਦੇਵ ਜੀ ਤੁਹਾਡੇ ਵਡੇਰੇ ਹੋਏ ਹਨ, ਉਹ ਫਕੀਰੀ ਭੇਸ ਵਿਚ ਵਿਚਰਦੇ ਸਨ। ਤੁਸੀਂ ਹੁਣ ਨਵਾਂ ਹੀ ਮਾਰਗ ਸਾਜਿਆ ਹੈ, ਨਾ ਇਹ ਹਿੰਦੂ ਸਮਾਜ ਹੈ, ਨਾ ਤੁਰਕ ਸਮਾਜ ਹੈ॥੫॥

ਪੈਕੰਬਰ ਬਡ ਭਏ ਹਮਾਰੇ। ਜਿਨ ਕੇ ਸਮਸਰ ਜਗਤ ਨ ਸਾਰੇ।
ਮਿਲਿਨਿ ਖੁਦਾਇ ਰਾਹੁ ਸ਼ੁਭ ਕਹਜੋ। ਚਲੇ ਕਹੇ ਮਹਿਂ ਤਿਨਹੂੰ ਲਹਜੋ॥੬॥

ਸਾਡੇ ਪੈਗੰਬਰ ਵੱਡੇ ਹੋਏ ਹਨ, ਜਿਸ ਦੇ ਬਰਾਬਰ ਜਗਤ ਵਿਚ ਕੋਈ ਨਹੀਂ। ਉਨ੍ਹਾਂ ਨੇ ਖ਼ੁਦਾ ਨੂੰ ਮਿਲਣ ਦਾ ਰਾਹ ਦੱਸਿਆ ਹੈ, ਜਿਹੜੇ ਪੈਗੰਬਰ ਦੇ ਕਹੇ 'ਤੇ ਤੁਰਦੇ ਹਨ, ਉਨ੍ਹਾਂ ਨੇ ਖ਼ੁਦਾ ਦਾ ਰਾਹ ਜਾਣ ਲਿਆ ਹੈ॥੬॥

ਜਿਸ ਸੋਂ ਮਿਲਿ ਮਨ ਹੋਇ ਬਿਕਾਰੀ। ਸੋ ਸ੍ਰੀ ਨਾਨਕ ਰੀਤਿ ਬਿਥਾਰੀ।
ਗਾਵਹਿਂ ਰਾਗ ਬਜਾਵਹਿਂ ਤਾਲ। ਜਿਸ ਤੇ ਜਾਗਹਿ ਬਿਸ਼ੈ ਬਿਸਾਲ॥੭॥

ਜਿਸ ਨੂੰ ਮਿਲ ਕੇ ਮਨ ਵਿਕਾਰਾਂ ਵੱਲ ਜਾਂਦਾ ਹੈ, ਸ੍ਰੀ ਨਾਨਕ ਨੇ ਉਹ ਰੀਤੀ ਫੈਲਾਈ। ਤਾਲ ਵਿਚ ਵਾਜੇ ਵਜਾ ਕੇ ਰਾਗ ਵਿਚ ਗਾਉਂਦੇ ਹਨ, ਜਿਸ ਨਾਲ ਵਿਸ਼ਾਲ ਵਿਸ਼ੇ ਜਾਗਦੇ ਹਨ॥੭॥

ਬਹੁਰ ਕਹੈਂ 'ਹਮ ਭਿਸਤ ਸਿਧਾਇਂ'। ਬਕੈਂ ਕੁਫਰ ਕੁਛ ਲਖਜੋ ਨ ਜਾਇ।
ਸਭਿ ਹਿੰਦੁਨਿ ਕੈ ਰੀਤਿ ਨ ਨੀਕੀ। ਪੂਜਹਿਂ ਬੁਤਨਿ ਭਾਵਨਾ ਜੀ ਕੀ॥੮॥

ਫਿਰ ਕਹਿੰਦੇ ਹਨ, "ਅਸੀਂ ਬਹਿਸ਼ਤ ਵਿਚ ਜਾਵਾਂਗੇ।" ਝੂਠ ਬੋਲਦੇ ਹਨ, ਕੁਝ ਜਾਣਿਆ ਨਹੀਂ ਜਾਂਦਾ। ਸਾਰੇ ਹਿੰਦੂਆਂ ਦੀ ਰੀਤੀ ਚੰਗੀ ਨਹੀਂ ਹੈ, ਉਨ੍ਹਾਂ ਦੇ ਦਿਲ ਦੀ ਭਾਵਨਾ ਬੁੱਤ ਪੂਜਣ ਦੀ ਹੈ॥੮॥

ਦੋਜ਼ਕ ਪਰਹਿਂ ਰਾਹ ਅਸ ਗਹਜੋ। ਨਹਿਂ ਕਿਨਹੂੰ ਖ਼ੁਦਾਇ ਮਗ ਲਹਜੋ।
ਸੁਨਿ ਸ੍ਰੀ ਸਤਿਗੁਰ ਸੁਤ ਨੇ ਕਹਜੋ। 'ਸ੍ਰੀ ਨਾਨਕ ਕਿਨ ਤੇਜ ਨ ਸਹਜੋ॥੯॥

ਦੋਜ਼ਖ ਵਿਚ ਪੈਣਗੇ, ਐਸਾ ਰਾਹ ਫੜਿਆ ਹੈ, ਕਿਸੇ ਨੇ ਵੀ ਖ਼ੁਦਾ ਦਾ ਮਾਰਗ ਨਹੀਂ ਲਿਆ ਹੈ।" ਇਹ ਸੁਣ ਕੇ ਸਤਿਗੁਰੂ ਜੀ ਦੇ ਪੁੱਤਰ ਨੇ ਕਿਹਾ, "ਸ੍ਰੀ ਗੁਰੂ ਨਾਨਕ ਜੀ ਦੇ ਤੇਜ ਨੂੰ ਕੋਈ ਵੀ ਬਰਦਾਸ਼ਤ ਨਾ ਕਰ ਸਕਿਆ॥੯॥

ਬਾਦ ਬਿਖੈ ਅਰੁ ਅਜ਼ਮਤ ਮਾਂਹਿ। ਸਮਸਰ ਤਾਂਕੀ ਕੀਨਸਿ ਨਾਂਹਿ।
ਗੋਰਖ ਆਦਿ, ਪੀਰ ਮੁਲਤਾਨ। ਮੱਕੇ ਬਹੁਰ ਮਦੀਨੇ ਥਾਨ॥੧੦॥

ਚਰਚਾ ਅਤੇ ਕਰਾਮਾਤ ਵਿਚ, ਉਨ੍ਹਾਂ ਦੀ ਕਿਸੇ ਵੀ ਬਰਾਬਰੀ ਨਹੀਂ ਕੀਤੀ ਹੈ, ਗੋਰਖ ਆਦਿ, ਮੁਲਤਾਨ ਦੇ ਪੀਰ, ਮੱਕੇ ਫਿਰ ਮਦੀਨੇ ਵਾਲੇ ਸਥਾਨ 'ਤੇ ਉਹ ਗਏ॥੧੦॥

ਕੋਨ ਕੋਨ ਕੋ ਗਿਨਿਬੋ ਕਰੀਅਹਿ। ਪੰਡਿਤ ਅਜ਼ਮਤ ਜੁਤਿ ਉਰ ਧਰੀਅਹਿ।
ਸਭਿ ਕੋ ਖਿਜੈ ਕੀਨਿ ਫਿਰ ਐਸੇ। ਸੂਰਜ ਹਤਹਿ ਤਿਮਰ ਕਹੁ ਜੈਸੇ॥੧੧॥

ਕਿਸ ਕਿਸ ਦੀ ਹੁਣ ਗਿਣਤੀ ਕਰੀਏ, ਪੰਡਿਤ ਜਿਨ੍ਹਾਂ ਨੇ ਹਿਰਦੇ ਵਿਚ ਕਰਾਮਾਤ ਧਾਰਨ ਕੀਤੀ ਹੋਈ ਸੀ, ਫਿਰ ਸਾਰਿਆਂ ਨੂੰ ਇਸ ਤਰ੍ਹਾਂ ਜਿਤਿਆ ਜਿਵੇਂ ਸੂਰਜ ਨਿਕਲਣ ਨਾਲ ਹਨੇਰਾ ਦੂਰ ਹੋ ਜਾਂਦਾ ਹੈ॥੧੧॥

ਅਬਿ ਤਿਨਕੇ ਸਿਖ ਸੁਮਤਿ ਬਿਸਾਲੇ। ਚਹੈਂ ਸੁ ਕਰਹਿਂ ਅਰਹਿ ਕੋ ਨਾਲੇ।
ਜਗ ਮਹਿਂ ਤਿਨ ਕੀ ਛੁਪੀ ਨ ਬਾਤੀ। ਰੰਕ ਰਾਉ ਸਭਿ ਕੇ ਬੱਖਜਾਤੀ॥੧੨॥

ਹੁਣ ਉਨ੍ਹਾਂ ਦੇ ਸਿੱਖਾਂ ਵਿਚ ਵਿਸ਼ਾਲ ਬੁੱਧੀ ਹੈ। ਜੋ ਚਾਹੁੰਦੇ ਹਨ, ਉਹ ਕਰਦੇ ਹਨ। ਉਨ੍ਹਾਂ ਦੇ ਨਾਲ ਕੋਈ ਵੀ ਅੜ ਨਹੀਂ ਸਕਦਾ। ਜਗਤ ਵਿਚ ਉਨ੍ਹਾਂ ਦੀ ਗੱਲ ਛੁਪੀ ਹੋਈ ਨਹੀਂ ਹੈ, ਅਮੀਰ ਗ਼ਰੀਬ ਸਭ ਵਿਚ ਪ੍ਰਗਟ ਹੈ॥੧੨॥

ਜਿਮ ਸੂਰਜ ਕੋ ਪਾਇ ਪ੍ਰਕਾਸ਼। ਪਿਖਹਿ ਬਿਲੋਚਨ ਲਹਿ ਸੁਖਰਾਸ।
ਤੁਮ ਸਮ ਪੇਚਕ ਕਜਾ ਕੁਛ ਜਾਨੇ। ਅੰਧ ਹੋਹਿਂ ਬੈਠਤਿ ਇਕ ਥਾਨੇ॥ ੧੩॥

ਜਿਵੇਂ ਸੂਰਜ ਦਾ ਪ੍ਰਕਾਸ਼ ਪਾ ਕੇ, ਨੈਣ ਵੇਖ ਕੇ ਬਹੁਤ ਸੁੱਖ ਪ੍ਰਾਪਤ ਕਰਦੇ ਹਨ। ਤੇਰੇ ਵਰਗਾ ਮੂਰਖ ਕੀ ਕੁਝ ਜਾਣਦਾ ਹੈ, ਜਿਹੜਾ ਅੰਨ੍ਹਾ ਹੋਇਆ ਇਕ ਥਾਂ ਬੈਠਾ ਹੈ॥੧੩॥

ਜਿਸ ਸੂਰਜ ਕੋ ਸਰਬ ਸਰਾਹੈਂ। ਤਮਚਰ ਕਿਮ ਸੁਖ ਲਹਿ ਤਿਸ ਪਾਹੈਂ।
ਤਸਕਰ ਗਾਢੋ ਚਹੈ ਅੰਧੇਰਾ। ਤਿਸ ਪ੍ਰਕਾਰ ਕੋ ਮਤ ਹੈ ਤੇਰਾ'॥ ੧੪॥

ਜਿਵੇਂ ਸੂਰਜ ਦੀ ਸਭ ਸ਼ਲਾਘਾ ਕਰਦੇ ਹਨ, ਹਨ੍ਹੇਰਾ ਉਸ ਪਾਸ ਕਿਵੇਂ ਸੁਖ ਪਾ ਸਕਦਾ ਹੈ। ਚੋਰ ਹਮੇਸ਼ਾ ਗੂੜ੍ਹਾ ਹਨੇਰਾ ਚਾਹੁੰਦਾ ਹੈ, ਉਸ ਪ੍ਰਕਾਰ ਦਾ ਤੇਰਾ ਮੱਤ ਹੈ'॥੧੪॥

ਸੁਨਿ ਉਲਮਾਊ ਗਯੋ ਜਰ ਬਰਿਕੈ। ਲਘੁਤਾ ਸਹਿ ਨ ਸਕੈ ਰਿਸ ਧਰਿ ਕੈ।
ਬਾਕ ਚਾਲ ਬਡ ਸਭਾ ਮਝਾਰੇ। ਤਬਿ ਸ੍ਰੀ ਨਾਨਕ ਨਿੰਦ ਉਚਾਰੇ॥ ੧੫॥

ਇਹ ਸੁਣ ਕੇ ਵਿਦਵਾਨ ਸੜ ਬਲ ਗਿਆ। ਗੁੱਸਾ ਧਾਰਨ ਕਰਕੇ ਉਹ ਛੋਟਾਪਨ ਬਰਦਾਸ਼ਤ ਨਹੀਂ ਸੀ ਕਰ ਸਕਦਾ। ਸਭਾ ਦੇ ਵਿਚ ਫਿਰ ਬਹੁਤ ਬੋਲਿਆ ਤੇ ਉਸ ਸਮੇਂ ਸ੍ਰੀ ਗੁਰੂ ਨਾਨਕ ਜੀ ਦੀ ਬਹੁਤ ਨਿੰਦਿਆ ਉਚਾਰਨ ਕੀਤੀ॥੧੫॥

ਸਹਿ ਨ ਸਕਯੋ ਗੁਰ ਨੰਦਨ ਜਬੈ। ਕ੍ਰੋਧ ਹੋਇ ਤਿਹ ਸੋਂ ਕਹਿ ਤਬੈ।
'ਪੁਰਸ਼ੋਤਮ ਸ੍ਰੀ ਨਾਨਕ ਗੁਰ ਹੈਂ। ਤਿਨ ਕੋ ਸੁਜਸੁ ਸਹਯੋ ਨਹਿਂ ਉਰ ਹੈ॥੧੬॥

ਜਦ ਗੁਰੂ-ਪੁੱਤਰ ਬਰਦਾਸ਼ਤ ਨਾ ਕਰ ਸਕੇ ਤਾਂ ਕ੍ਰੋਧ ਵਿਚ ਆ ਕੇ ਉਸ ਨੂੰ ਕਿਹਾ, "ਸ੍ਰੀ ਗੁਰੂ ਨਾਨਕ ਦੇਵ ਜੀ ਉੱਤਮ ਪੁਰਖ ਹਨ, ਉਨ੍ਹਾਂ ਦਾ ਸ੍ਰੇਸ਼ਟ ਜਸ ਤੂੰ ਹਿਰਦੇ ਵਿਚ ਬਰਦਾਸ਼ਤ ਨਹੀਂ ਕਰ ਸਕਿਆ ਹੈ॥੧੬॥

ਜਿਸ ਰਸਨਾ ਸਯੋਂ ਨਿੰਦ ਬਖਾਨੀ। ਸੋ ਅਬਿ ਬੋਲਿ ਸਕੈ ਨਹਿਂ ਬਾਨੀ।
ਇਹੀ ਦੰਡ ਤੁਝ ਕੋ ਅਬਿ ਅਹੈ। ਅਪਰ ਜਿ ਕਰੈ ਸਕਲ ਦੁਖ ਲਹੈ'॥੧੭॥

ਜਿਸ ਜ਼ਬਾਨ ਨਾਲ ਤੂੰ ਉਨ੍ਹਾਂ ਦੀ ਨਿੰਦਿਆ ਕੀਤੀ ਹੈ, ਉਸ ਜ਼ਬਾਨ ਨਾਲ ਹੁਣ ਕੁਝ ਵੀ ਬੋਲ ਨਹੀਂ ਸਕੇਂਗਾ। ਇਹੋ ਸਜ਼ਾ ਹੁਣ ਤੈਨੂੰ ਦਿੱਤੀ ਹੈ, ਹੋਰ ਜੇ ਕੁਝ ਕਰੇਂਗਾ ਤਾਂ ਬਹੁਤ ਦੁਖ ਪਾਵੇਂਗਾ"॥੧੭॥

ਇਮ ਸ੍ਰੀ ਰਾਮਰਾਇ ਜਬਿ ਕਹਯੋ। ਭਯੋ ਗੁੰਗ ਬਹੁ ਬੋਲਨਿ ਚਹਯੋ।
ਮੁਖ ਰਸਨਾ ਅਰੁ ਹੋਠ ਹਿਲਾਵੈ। ਵਹਿਰ ਸ਼ਬਦ ਚਹਿ, ਨਿਕਸ ਨ ਪਾਵੈ॥੧੮॥

ਇਸ ਤਰ੍ਹਾਂ ਜਦ ਸ੍ਰੀ ਰਾਮਰਾਇ ਨੇ ਕਿਹਾ, ਤਾਂ ਜਿਹੜਾ ਬਹੁਤ ਬੋਲਣਾ ਚਾਹੁੰਦਾ ਸੀ, ਉਹ ਗੁੰਗਾ ਹੋ ਗਿਆ। ਮੂੰਹ ਵਿਚੋਂ ਜ਼ਬਾਨ ਅਤੇ ਬੁਲ੍ਹ ਹਿਲਾਉਂਦਾ ਸੀ, ਸ਼ਬਦ ਕਹਿਣਾ ਚਾਹੁੰਦਾ ਸੀ, ਪਰ ਆਵਾਜ਼ ਬਾਹਰ ਨਹੀਂ ਸੀ ਨਿਕਲਦੀ॥੧੮॥

ਮੂਰਖ ਜਿਮ ਬੋਲਯੋ ਬੁਰਿਆਈ। ਭਯੋ ਦੰਡ ਤਿਮ ਬਹੁ ਦੁਖ ਪਾਈ।
ਅਨਿਕ ਉਪਾਵਨ ਤੇ ਨਹਿਂ ਬੋਲਾ। ਜਬਿ ਲਗਿ ਜੀਵਯੋ, ਰਹਯੋ ਅਬੋਲਾ॥੧੯॥

ਮੂਰਖ ਜਿਵੇਂ ਬੁਰਿਆਈ ਬੋਲਿਆ ਸੀ, ਉਸ ਤਰ੍ਹਾਂ ਹੀ ਸਜ਼ਾ ਪਾ ਕੇ ਉਸ ਨੇ ਬਹੁਤ ਦੁਖ ਪਾਇਆ। ਅਨੇਕ ਉਪਾਅ ਕਰਨ 'ਤੇ ਵੀ ਨਾ ਬੋਲਿਆ ਤੇ ਜਦ ਤਕ ਜਿਉਂਦਾ ਰਿਹਾ, ਗੁੰਗਾ ਹੀ ਰਿਹਾ॥੧੯॥

ਲੋਕ ਸਭਾ ਕੇ ਸਭਿ ਬਿਸਮਾਏ। ਤਊ ਏਕ ਨੈ ਬਾਕ ਅਲਾਏ।
'ਉਡਗਨ ਅਬਿ ਅਕਾਸ਼ ਮੈਂ ਨਾਂਹੀ। ਕਹਾਂ ਗਏ ਆਵੈਂ ਪੁਨ ਕਾਹੀਂ?'॥੨੦॥

ਸਭਾ ਦੇ ਸਾਰੇ ਲੋਕ ਬਹੁਤ ਹੈਰਾਨ ਹੋਏ। ਫਿਰ ਇਕ ਵਿਅਕਤੀ ਨੇ ਕਿਹਾ, "ਤਾਰੇ ਹੁਣ ਅਕਾਸ਼ ਵਿਚ ਨਹੀਂ ਹਨ, ਕਿੱਥੇ ਗਏ ਹਨ ਤੇ ਫਿਰ ਕਿਥੋਂ ਆਉਂਦੇ ਹਨ ?" ॥੨੦॥

ਸੁਨਿ ਤਿਸ ਤੇ ਗੁਰ ਨੰਦ ਉਚਾਰੇ। 'ਸਭਿ ਅਕਾਸ਼ ਮੈਂ ਅਬਿ ਹੈਂ ਤਾਰੇ।
ਸੂਰਜ ਦਿਪਤਜੋ ਤੇਜ ਬਿਸਾਲਾ। ਨਹਿਂ ਦੀਖਤਿ ਉਡਗਨ ਇਸ ਕਾਲਾ॥੨੧॥

ਉਸ ਵਿਅਕਤੀ ਪਾਸੋਂ ਇਹ ਗੱਲ ਸੁਣ ਕੇ, ਗੁਰੂ ਪੁੱਤਰ ਨੇ ਉਚਾਰਨ ਕੀਤਾ, "ਸਾਰੇ ਆਕਾਸ਼ ਵਿਚ ਹੁਣ ਵੀ ਤਾਰੇ ਹਨ, ਸੂਰਜ ਦਾ ਤੇਜ ਬਹੁਤ ਚਮਕਦਾਰ ਹੈ, ਇਸ ਕਰਕੇ ਇਸ ਸਮੇਂ ਤਾਰੇ ਦਿਖਾਈ ਨਹੀਂ ਦਿੰਦੇ॥੨੧॥

ਮਾਰਤੰਡ ਪਸ਼ਚਮ ਅਸਤਾਵੈ। ਤਬਿ ਤਾਰਨਿ ਕੋ ਤੇਜ ਦਿਸਾਵੈ'।
ਸੁਨਿ ਕੈ ਪੁਨ ਉਲਮਾਊ ਬਖਾਨੀ। 'ਸ੍ਰੀ ਨਾਨਕ ਇਮ ਉਚਰੀ ਬਾਨੀ॥੨੨॥

ਜਦ ਸੂਰਜ ਪੱਛਮ ਵਿਚ ਡੁੱਬ ਜਾਂਦਾ ਹੈ, ਤਦ ਤਾਰਿਆਂ ਦਾ ਤੇਜ ਵਿਖਾਈ ਦਿੰਦਾ ਹੈ।" ਇਹ ਸੁਣ ਕੇ ਮੁਸਲਿਮ ਵਿਦਵਾਨ ਨੇ ਕਿਹਾ, "ਸ੍ਰੀ ਗੁਰੂ ਨਾਨਕ ਨੇ ਇਸ ਤਰ੍ਹਾਂ ਬਾਣੀ ਉਚਾਰਨ ਕੀਤੀ ਹੈ॥੨੨॥

ਸ੍ਰੀ ਮੁਖਵਾਕ॥ ਮਹਲਾ ੨॥

*ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ॥*
*ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ॥ ੨॥*

(ਪੰਨਾ ੪੬੩)

ਜੇਕਰ ਸੌ ਚੰਦ ਚੜ੍ਹ ਪੈਣ ਅਤੇ ਹਜ਼ਾਰ ਸੂਰਜ ਨਿਕਲ ਪੈਣ, ਐਨੀ ਰੋਸ਼ਨੀ ਦੇ ਹੁੰਦਿਆਂ ਵੀ ਗੁਰੂ ਤੋਂ ਬਗੈਰ ਘੁਪ-ਹਨ੍ਹੇਰਾ ਹੀ ਹੋਵੇਗਾ॥੨॥

ਚੌਪਈ- ਸੂਰਜ ਤੇ ਗੁਰੁ ਤੇਜ ਬਿਸਾਲਾ। ਇਨ ਤੁਕ ਮਹਿਂ ਅਸ ਅਰਥ ਸੁਖਾਲਾ।
ਤਿਸ ਪਰ ਪ੍ਰਸ਼ਨ ਮੋਹਿ ਇਮ ਪਾਵਹੁ। ਤੁਮ ਗੁਰ ਰੂਪ ਜਗਤ ਕਹਿਲਾਵਹੁ॥੨੩॥

ਸੂਰਜ ਨਾਲੋਂ ਗੁਰੂ ਦਾ ਤੇਜ ਜ਼ਿਆਦਾ ਹੈ, ਇਸ ਤੁਕ ਵਿਚ ਇਸ ਤਰ੍ਹਾਂ ਅਰਥ ਸੌਖਾ ਹੈ, ਇਸ ਉੱਤੇ ਮੈਂ ਪ੍ਰਸ਼ਨ ਇਸ ਤਰ੍ਹਾਂ ਪਾਉਂਦਾ ਹਾਂ। ਤੁਸੀਂ ਜਗਤ ਦੇ ਗੁਰੂ ਰੂਪ ਕਹਿਲਾਉਂਦੇ ਹੋ॥੨੩॥

ਚਹੀਅਤਿ ਹੈ ਬਡ ਤੇਜ ਤੁਮਾਰੋ। ਹੋਇ ਨ ਬਹੁ ਸੂਰਜ ਉਜੀਆਰੋ।
ਯਾਂਤੇ ਤਿਸ ਕੋ ਤੇਜ ਦਬਾਇ। ਦਿਨ ਮਹਿਂ ਉਡਗਨ ਦੇਹੁ ਦਿਖਾਇ॥੨੪॥

ਤੁਹਾਡਾ ਵੱਡਾ ਤੇਜ ਚਾਹੀਦਾ ਹੈ, ਬਹੁਤ ਸੂਰਜਾਂ ਦਾ ਚਾਨਣਾ ਨਹੀਂ ਹੋ ਸਕਦਾ, ਇਸ ਕਰਕੇ ਉਸ ਦੇ ਤੇਜ ਨੂੰ ਦਬਾਓ ਤੇ ਦਿਨ ਸਮੇਂ ਤਾਰੇ ਵਿਖਾ ਦੇਵੋ॥੨੪॥

ਲਖਹਿਂ ਤਬਹਿ ਇਹ ਸਾਚੋ ਬਾਚਾ। ਨਾਂਹਿ ਤ ਹਮ ਜਾਨਹਿਂ ਕਹਿ ਕਾਚਾ'।
ਸੁਨਿ ਸ੍ਰੀ ਰਾਮਰਾਇ ਨੇ ਭਾਖਾ। 'ਇਸ ਸਲੋਕ ਮੈਂ ਅਰਥ ਜੁ ਰਾਖਾ॥੨੫॥

ਤਦ ਹੀ ਇਹ ਗੁਰਵਾਕ ਸੱਚਾ ਮੰਨਿਆ ਜਾ ਸਕਦਾ ਹੈ, ਨਹੀਂ ਤਾਂ ਅਸੀਂ ਇਸ ਵਾਕ ਨੂੰ ਕੱਚਾ ਹੀ ਜਾਣਾਂਗੇ।" ਇਹ ਸੁਣ ਕੇ ਸ੍ਰੀ ਰਾਮਰਾਇ ਨੇ ਕਿਹਾ, "ਇਸ ਸਲੋਕ ਵਿਚ ਜੋ ਅਰਥ ਰਖਿਆ ਹੈ॥੨੫॥

ਸੋ ਤੁਮ ਨਹਿਂ ਜਾਨਤਿ ਹੋ ਨੀਕੇ। ਕਿਮ ਸੁਭ ਲਖਹੁ ਕੁਟਿਲ ਹਹੁ ਜੀਕੇ।
ਇਸੀ ਅਰਥ ਕੇ ਨਹਿਂ ਅਧਿਕਾਰੀ। ਯਾਂਤੇ ਹਮ ਨਹਿਂ ਕਰਤਿ ਉਚਾਰੀ॥੨੬॥

ਉਸ ਨੂੰ ਤੁਸੀਂ ਚੰਗੀ ਤਰ੍ਹਾਂ ਨਹੀਂ ਜਾਣਦੇ ਹੋ, ਸ਼ੁਭ ਗੱਲ ਨੂੰ ਕਿਵੇਂ ਸਮਝ ਸਕਦੇ ਹੋ ਜਦ ਕਿ ਤੁਹਾਡੇ ਹਿਰਦੇ ਵਿਚ ਕੁਟਲਤਾ ਭਰੀ ਹੋਈ ਹੈ। ਇਸ ਅਰਥ ਦੇ ਅਸੀਂ ਅਧਿਕਾਰੀ ਨਹੀਂ ਹਾਂ, ਇਸ ਕਰਕੇ ਮੈਂ ਇਸ ਦਾ ਅਰਥ ਉਚਾਰਨ ਨਹੀਂ ਕੀਤਾ ਹੈ॥੨੬॥

ਤੁਮ ਕੋ ਤਾਰੇ ਦੇਂ ਦਿਖਰਾਇ। ਸ੍ਰੀ ਨਾਨਕ ਜੇ ਕਰਿ ਜਗਰਾਇ।
ਤੀਨ ਲੋਕ ਮਹਿਂ ਮਾਨਹਿਂ ਆਨ। ਦੇਵ ਦੈਤ ਪਰ ਸੁਜਸੁ ਮਹਾਨ॥ ੨੭॥

ਤੁਹਾਨੂੰ ਤਾਰੇ ਵਿਖਾ ਦਿੰਦੇ ਹਾਂ, ਸ੍ਰੀ ਨਾਨਕ ਦੇਵ ਜੀ ਜਿਹੜੇ ਜਗਤ ਦੇ ਮਾਲਕ ਹਨ, ਤਿੰਨਾਂ ਲੋਕਾਂ ਵਿਚ ਉਨ੍ਹਾਂ ਦੀ ਈਨ ਮੰਨੀ ਜਾਂਦੀ ਹੈ। ਦੇਵਤਿਆਂ ਦੈਂਤਾਂ ਵਿਚ ਉਨ੍ਹਾਂ ਦਾ ਮਹਾਨ ਸ੍ਰੇਸ਼ਟ ਜਸ ਹੈ॥੨੭॥

ਤੋ ਸੂਰਜ ਕੋ ਤੇਜ ਦਬਾਇ। ਉਡਗਨ ਦਿਪਤਹਿਂ ਨਭ ਦਿਖਰਾਇ।
ਇਮ ਸ੍ਰੀ ਰਾਮਰਾਇ ਜਬਿ ਕਹ੍ਯੋ। ਊਪਰ ਗਗਨ ਦਿਸ਼ਾ ਤਬਿ ਲਹ੍ਯੋ॥੨੮॥

ਇਸ ਲਈ ਸੂਰਜ ਦਾ ਤੇਜ ਦਬਾ ਕੇ, ਅਕਾਸ਼ ਵਿਚ ਤਾਰੇ ਚਮਕਦੇ ਵਿਖਾ ਦਿੰਦੇ ਹਾਂ।'' ਜਦ ਸ੍ਰੀ ਰਾਮਰਾਇ ਨੇ ਇਸ ਤਰ੍ਹਾਂ ਕਿਹਾ ਤਾਂ ਸਾਰਿਆਂ ਉਪਰ ਅਕਾਸ਼ ਦੀ ਹਾਲਤ ਵੇਖੀ॥੨੮॥

ਸੂਰਜ ਜੋਤਿ ਮੰਦ ਹੁਇ ਗਈ। ਉਡਗਨ ਸਭਿਨਿ ਦਿਖਾਈ ਦਈ।
ਕਹ੍ਯੋ 'ਬਿਲੋਕਹੁ ਅਬਿ ਅਸਮਾਨ। ਸ੍ਰੀ ਨਾਨਕ ਕੋ ਤੇਜ ਮਹਾਨ'॥ ੨੯॥

ਸੂਰਜ ਦੀ ਜੋਤ ਮੱਠੀ ਪੈ ਗਈ, ਤਾਰੇ ਸਾਰਿਆਂ ਨੂੰ ਵਿਖਾਈ ਦਿੱਤੇ। ਉਨ੍ਹਾਂ ਕਿਹਾ, ''ਹੁਣ ਆਸਮਾਨ ਵੱਲ ਵੇਖੋ, ਇਸ ਸਮੇਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਮਹਾਨ ਤੇਜ ਹੈ'' ॥੨੯॥

ਸੁਨਤਿ ਸਭਾ ਮਹਿਂ ਬਦਨ ਉਠਾਏ। ਦਿਨ ਮਹਿਂ ਉਡਗਨ ਗਗਨ ਦਿਖਾਏ।
ਹੇਰਿ ਹੇਰਿ ਅਚਰਜ ਉਰ ਹੋਏ। ਜਾਨਤਿ ਭਏ ਤੇਜ ਸਭਿ ਕੋਏ॥ ੩੦॥

ਇਹ ਸੁਣ ਕੇ ਸਭਾ ਵਿਚ ਸਾਰਿਆਂ ਨੇ ਆਪਣੇ ਮੂੰਹ ਉੱਚੇ ਚੁੱਕੇ ਤਾਂ ਉਨ੍ਹਾਂ ਨੂੰ ਦਿਨ ਸਮੇਂ ਆਕਾਸ਼ ਵਿਚ ਤਾਰੇ ਦਿਖਾਈ ਦਿੱਤੇ। ਵੇਖ ਵੇਖ ਕੇ ਬਹੁਤ ਹੈਰਾਨ ਹੋ ਰਹੇ ਸਨ, ਸਾਰੇ ਤੇਜ ਨੂੰ ਜਾਣ ਗਏ॥੩੦॥

ਸਗਰੇ ਪੁਰਿ ਮਹਿਂ ਰੌਰਾ ਪਰ੍ਯੋ। 'ਦਿਨ ਮਹਿਂ ਤਾਰਨਿ ਬ੍ਰਿੰਦ ਨਿਹਰ੍ਯੋ।
ਕਰਾਮਾਤ ਗੁਰਤਾਤ ਲਗਾਈ। ਸੂਰਜ ਕੀ ਅਬਿ ਜੋਤਿ ਦਬਾਈ'॥ ੩੧॥

ਸਾਰੇ ਨਗਰ ਵਿਚ ਰੌਲਾ ਮਚ ਗਿਆ, ''ਦਿਨ ਸਮੇਂ ਬਹੁਤ ਤਾਰੇ ਵੇਖੇ ਹਨ। ਇਹ ਕਰਾਮਾਤ ਗੁਰੂ ਜੀ ਦੇ ਪੁੱਤਰ ਨੇ ਵਿਖਾਈ ਹੈ ਤੇ ਸੂਰਜ ਦੀ ਹੁਣ ਜੋਤ ਦਬਾ ਦਿੱਤੀ ਹੈ'' ॥੩੧॥

ਪੁਨ ਇਕ ਦਿਨ ਮਹਿਂ ਸਭਾ ਮਝਾਰ। ਆਇਓ ਸ੍ਰੀ ਹਰਿਰਾਇ ਕੁਮਾਰ।
ਸਾਦਰ ਬੈਠੇ ਸਭਿਹਿਨਿ ਮਾਹੂ। ਖੇਲਹਿਂ ਚੌਪਰ ਚਾਹ੍ਯੋ ਸ਼ਾਹੂ॥ ੩੨॥

ਫਿਰ ਇਕ ਦਿਨ ਗੁਰੂ ਹਰਿਰਾਇ ਜੀ ਦੇ ਪੁੱਤਰ ਸਭਾ ਵਿਚ ਆਏ। ਬੜੇ ਆਦਰ ਨਾਲ ਸਭਾ ਵਿਚ ਬੈਠ ਗਏ, 'ਚੌਪੜ ਖੇਡੀਏ' ਬਾਦਸ਼ਾਹ ਨੇ ਚਾਹਿਆ॥੩੨॥

ਮਹਦ ਖਿਲਾਰੀ ਨਿਕਟਿ ਬੁਲਾਏ। 'ਸਭਿ ਤੇ ਜਿਤਹਿ ਜਿ ਦਾਵ ਲਗਾਏ।
ਹਮ ਤੁਮ ਖੇਲਹਿਂ ਸਤਿਗੁਰ ਨੰਦ! ਦਾਵ ਲਗਾਇ, ਲਗਾਇ ਬਿਲੰਦ' ॥ ੩੩॥

ਵੱਡੇ-ਵੱਡੇ ਖਿਡਾਰੀ ਪਾਸ ਬੁਲਾ ਲਏ, ''ਜੇ ਦਾਅ ਲਾ ਕੇ ਸਭ ਨੂੰ ਜਿਤ ਜਾਵੇਂਗੇ ਤਾਂ ਹੇ ਸਤਿਗੁਰੂ-ਪੁੱਤਰ, ਫਿਰ ਅਸੀਂ ਦੋਵੇਂ ਖੇਡਾਂਗੇ ਤੇ ਵੱਡੇ ਵੱਡੇ ਦਾਅ ਲਗਾਵਾਂਗੇ'' ॥੩੩॥

ਸਨਮੁਖ ਗੁਰ ਸੁਤ ਅਰੁ ਪਤਿਸ਼ਾਹੂ। ਆਨਿ ਬਿਛਾਯੋ ਚੌਪਰ ਮਾਂਹੂ।
ਸੋਲਹਿ ਨਰਦ ਰੁ ਪਾਸੇ ਤੀਨ। ਲਗ ਜਵਾਹਿਰ ਕੰਚਨ ਭੀਨ॥ ੩੪॥

ਆਹਮਣੇ ਸਾਹਮਣੇ ਸਤਿਗੁਰੂ ਤੇ ਬਾਦਸ਼ਾਹ ਬੈਠ ਗਏ ਤੇ ਵੱਡਾ ਚੌਪੜ ਲਿਆ ਕੇ ਵਿਛਾ ਦਿੱਤਾ। ਸੋਲ੍ਹਾਂ ਨਰਦਾਂ ਤੇ ਤਿੰਨਾ ਪਾਸਿਆਂ ਨੂੰ ਸੋਨਾ ਅਤੇ ਹੀਰੇ ਜਵਾਹਰਾਤ ਲੱਗੇ ਹੋਏ ਸਨ॥੩੪॥

ਅਤਿ ਸੁੰਦਰ ਜੋ ਕਰੇ ਬਨਾਵਨਿ। ਚੌਪਰ ਚਾਰਹੁੰ ਦਿਸ਼ਾ ਸੁਹਾਵਨਿ।
ਪ੍ਰਥਮ ਗਲਾਹ ਲਗਾਯਹੁ ਸ਼ਾਹੂ। ਧਰਿ ਦੀਨਾਰ ਹਜ਼ਾਰ ਸੁ ਮਾਂਹੂ॥ ੩੫॥

ਜਿਹੜੇ ਬੜੇ ਸੁੰਦਰ ਬਣਾਏ ਹੋਏ ਸਨ ਤੇ ਚੌਪੜ ਚਾਰੇ ਪਾਸਿਓਂ ਬੜਾ ਸੁਹਾਵਣਾ ਲੱਗ ਰਿਹਾ ਸੀ। ਪਹਿਲਾ ਦਾਅ ਬਾਦਸ਼ਾਹ ਨੇ ਲਾਇਆ ਤੇ ਹਜ਼ਾਰ ਮੋਹਰਾਂ ਵਿਚ ਧਰ ਦਿੱਤੀਆਂ॥੩੫॥

ਪਾਸੇ ਲਗੇ ਗੇਰਿਬੇ ਦੋਊ। ਕਹੇ ਗੁਰੂ ਸੁਤ, ਪਰਿ ਹੈ ਸੋਊ।
ਨਰਦ ਚਹੈ ਮਾਰੀ, ਤਿਸ ਮਾਰਹਿ। ਜੋ ਚਹਿ ਰਾਖਨਿ ਤਿਸਹਿ ਉਬਾਰਹਿ॥ ੩੬॥

ਦੋਵੇਂ ਜਣੇ ਪਾਸੇ ਸੁੱਟਣ ਲੱਗੇ। ਜੋ ਗੁਰੂ-ਪੁੱਤਰ ਕਹਿੰਦਾ ਸੀ, ਉਹੋ ਕੁਝ ਪੈ ਜਾਂਦਾ ਸੀ। ਜਿਸ ਨਰਦ ਨੂੰ ਮਾਰਨਾ ਚਾਹੁੰਦਾ ਸੀ, ਉਸ ਨੂੰ ਮਾਰ ਲੈਂਦਾ ਸੀ। ਜਿਸ ਨੂੰ ਰੱਖਣੀ ਚਾਹੁੰਦਾ ਸੀ, ਉਸ ਨੂੰ ਬਚਾ ਲੈਂਦਾ ਸੀ॥੩੬॥

ਇਮ ਨਿਜ ਆਠਹੁੰ ਨਰਦ ਪਕਾਈ। ਘਰ ਅੰਤਰ ਬਰ ਸਗਲ ਪੁਗਾਈ।
ਕਾਚੀ ਨਰਦ ਸ਼ਾਹੁ ਕੀ ਪਾਛੇ। ਲਈ ਦਿਨਾਰ ਜੀਤ ਕਰਿ ਆਛੇ॥ ੩੭॥

ਇਸ ਤਰ੍ਹਾਂ ਆਪਣੀਆਂ ਅੱਠੇ ਨਰਦਾਂ ਪਕਾ ਲਈਆਂ, ਆਪਣੇ ਘਰ ਅੰਦਰ ਲੈ ਜਾ ਕੇ ਸਾਰੀਆਂ ਪੁਗਾ ਲਈਆਂ। ਬਾਦਸ਼ਾਹ ਦੀਆਂ ਕੱਚੀਆਂ ਨਰਦਾਂ ਪਿੱਛੇ ਰਹਿ ਗਈਆਂ, ਚੰਗੀ ਤਰ੍ਹਾਂ ਬਾਜ਼ੀ ਜਿੱਤ ਕੇ ਮੋਹਰਾਂ ਲੈ ਲਈਆਂ॥੩੭॥

ਚਪਜੋ ਸ਼ਾਹੁ ਪੁਨ ਜੁਗਮ ਹਜ਼ਾਰ। ਧਰਿ ਕਰ ਪਾਸੇ ਕਹੁ ਧਰ ਡਾਰਿ।
ਪੁਨ ਗੁਰ ਨੰਦਨ ਦੇਤਿ ਰੁੜ੍ਹਾਈ। ਜੁਗ ਆਨਹਿ ਘਰ ਲਉ ਪਹੁੰਚਾਈ॥ ੩੮॥

ਬਾਦਸ਼ਾਹ ਨੇ ਖਿੱਝ ਕੇ ਫਿਰ ਦੋ ਹਜ਼ਾਰ ਲਾ ਦਿੱਤੇ ਤੇ ਹੱਥ ਵਿਚ ਪਾਸੇ ਲੈ ਕੇ ਧਰਤੀ 'ਤੇ ਸੁੱਟੇ। ਫਿਰ ਗੁਰੂ-ਪੁੱਤਰ ਨੇ ਰੋੜ੍ਹ ਦਿੱਤੀਆਂ ਘਰ ਤਕ ਜੋੜਾ ਨਰਦਾਂ ਦਾ ਲਿਆ ਕੇ ਪਹੁੰਚਾ ਦਿੱਤਾ॥੩੮॥

ਸ਼ਾਹੁ ਫੂਟਕਰਿ ਨਰਦ ਚਲਾਵੈ। ਪਹੁੰਚਿ ਦੂਰ ਤੇ ਤਿਸ ਕਉ ਘਾਵੈ।
ਡਲ ਗੇਰਨਿ ਕੀ ਵਿੱਦਜਾ ਜੇਤੀ। ਸ਼ਾਹੁ ਰਹਜੋ ਪਚਿ ਕੇ ਕਰਿ ਤੇਤੀ॥ ੩੯॥

ਬਾਦਸ਼ਾਹ ਵਖਰੀਆਂ ਵਖਰੀਆਂ ਕਰਦਾ ਚਲਾਉਂਦਾ ਸੀ, ਜਿਹੜੀ ਦੂਰ ਪਹੁੰਚ ਜਾਂਦੀ ਸੀ, ਗੁਰੂ-ਪੁੱਤਰ ਉਸ ਨੂੰ ਮਾਰ ਲੈਂਦਾ ਸੀ। ਜਿੰਨੀ ਵੀ ਪਾਸੇ ਸੁਟਣ ਦੀ ਵਿਦਿਆ ਹੈ, ਬਾਦਸ਼ਾਹ ਉਹ ਸਾਰੀ ਵਿਦਿਆ ਵਰਤਦਾ ਰਿਹਾ॥੩੯॥

ਸਤਿਗੁਰ ਸੁਤ ਉਚਰਤਿ, ਸੋ ਆਵੈ। ਚਹਜੋ ਦਾਵ ਨੌਰੰਗ ਨਹਿਂ ਪਾਵੈ।
ਦ੍ਵੈ ਸਹੰਸ੍ਰ ਭੀ ਜੀਤ ਲਈ ਹੈ। ਸ਼ਾਹੁ ਚਪਹਿ ਪੁਨ ਹਾਰ ਭਈ ਹੈ॥ ੪੦॥

ਸਤਿਗੁਰੂ-ਪੁੱਤਰ ਜੋ ਕਹਿੰਦਾ ਸੀ, ਉਹੋ ਆਉਂਦਾ ਸੀ। ਨੌਰੰਗਾ ਦਾਅ ਲਾਉਣਾ ਚਾਹੁੰਦਾ ਸੀ, ਪਰ ਮੌਕਾ ਹੀ ਨਹੀਂ ਸੀ ਮਿਲਦਾ। ਦੋ ਹਜ਼ਾਰ ਮੋਹਰਾਂ ਵੀ ਜਿੱਤ ਲਈਆਂ, ਬਾਦਸ਼ਾਹ ਖਿਝਿਆ ਕਿ ਫਿਰ ਹਾਰ ਹੋਈ ਹੈ॥੪੦॥

ਤ੍ਰੈ ਹਜ਼ਾਰ ਪੁਨ ਧਰਿ ਦੀਨਾਰ। ਲਗੇ ਖੇਲਿਬੇ ਪਾਸੇ ਡਾਰਿ।
ਦਾਵ ਤੀਸਰੋ ਪ੍ਰਥਮ ਸਮਾਨ। ਜੀਤ ਲੀਨਿ ਕਰਿ ਕੈ ਤਿਸ ਹਾਨਿ॥ ੪੧॥

ਫਿਰ ਤਿੰਨ ਹਜ਼ਾਰ ਮੋਹਰਾਂ ਧਰ ਦਿੱਤੀਆਂ, ਤੇ ਪਾਸੇ ਸੁੱਟ ਕੇ ਖੇਡਣ ਲੱਗੇ। ਤੀਸਰੀ ਬਾਜ਼ੀ ਵੀ ਪਹਿਲੀ ਖੇਡ ਸਮਾਨ ਹੀ ਸੀ, ਬਾਦਸ਼ਾਹ ਨੂੰ ਹਰਾ ਕੇ ਉਹ ਬਾਜ਼ੀ ਵੀ ਜਿੱਤ ਲਈ॥੪੧॥

ਖਸ਼ਟ ਸਹੰਸ੍ਰ ਜੀਤ ਜਬਿ ਲਈ। ਅਧਿਕ ਸ਼ਾਹੁ ਕੇ ਮਨ ਚਪ ਭਈ।
ਬਹੁਰੋ ਖਸ਼ਟ ਹਜ਼ਾਰ ਲਗਾਈ। ਜਿਤੋਂ ਬੇਰ ਇਕ, ਜਿਤੀ ਹਰਾਈ॥ ੪੨॥

ਜਦ ਛੇ ਹਜ਼ਾਰ ਜਿੱਤਣ ਦੀ ਬਾਜ਼ੀ ਲਾਈ, ਤਾਂ ਬਾਦਸ਼ਾਹ ਦਾ ਮਨ ਹੋਰ ਖਿੱਝ ਗਿਆ। ਫਿਰ ਛੇ ਹਜ਼ਾਰ ਦੀ ਬਾਜ਼ੀ ਲਗਾਈ ਤੇ ਬਾਦਸ਼ਾਹ ਨੇ ਕਿਹਾ "ਇਕ ਵਾਰ ਜਿਤਾਂਗਾ ਜਿੰਨੀਆਂ ਬਾਜ਼ੀਆਂ ਹਰਾਈਆਂ ਹਨ"॥੪੨॥

ਸਕਲ ਖਿਲਾਰੀ ਕਰਤਿ ਸਹਾਇ। ਨਹਿਂ ਕਿਸ ਕੋ ਇਕ ਚਲਹਿ ਉਪਾਇ।
ਚਹੈਂ ਸੁ ਦਾਵ ਪਰੇ ਨਹਿ ਸੋਈ। ਬੈਠੇ ਘਨੇ ਕਰੇ ਕਯਾ ਕੋਈ॥ ੪੩॥

ਸਾਰੇ ਖਿਡਾਰੀ ਸਹਾਇਤਾ ਕਰਦੇ ਸਨ, ਪਰ ਕਿਸੇ ਦਾ ਇਕ ਉਪਾਅ ਵੀ ਨਹੀਂ ਸੀ ਚਲਦਾ। ਜਿਹੜਾ ਦਾਅ ਚਾਹੁੰਦੇ ਸਨ, ਉਹ ਪੈਂਦਾ ਨਹੀਂ ਸੀ। ਬਹੁਤ ਲੋਕ ਬੈਠੇ ਸਨ, ਪਰ ਕੋਈ ਕੀ ਕਰ ਸਕਦਾ ਸੀ॥੪੩॥

ਰਹੀ ਤਬੈ ਭੀ ਨਰਦ ਪਿਛਾਰੀ। ਰਚੇ ਉਪਾਇ ਗਯੋ ਪੁਨ ਹਾਰੀ।
ਰਹੇ ਉਪਾਇ ਕਰਤਿ ਬਹੁਤੇਰਾ। ਨਹੀਂ ਦਾਵ ਪਾਸੇ ਸੁਭ ਗੇਰਾ॥ ੪੪॥

ਫਿਰ ਵੀ ਨਰਦਾਂ ਪਿੱਛੇ ਹੀ ਰਹੀਆਂ। ਕਈ ਉਪਾਅ ਕੀਤੇ, ਪਰ ਅੰਤ ਹਾਰ ਹੋ ਗਈ। ਬਹੁਤ ਉਪਾਅ ਕਰਦੇ ਰਹੇ, ਪਰ ਪਾਸਿਆਂ ਦਾ ਕੋਈ ਦਾਅ ਵੀ ਸ਼ੁਭ ਨਹੀਂ ਸੀ ਡੇਗਿਆ॥੪੪॥

ਦੋਹਰਾ- ਦਸ ਅਰੁ ਦੋਇ ਸਹੰਸ੍ਰ ਕੋ ਇਮ ਦੀਨਾਰ ਹਰਾਇ।
ਪੁਨ ਨਿਵਾਜ ਕੋ ਸਮੋ ਲਖਿ ਉਠਯੋ ਸ਼ਾਹੁ ਪਛੁਤਾਇ॥ ੪੫॥

ਇਸ ਤਰ੍ਹਾਂ ਬਾਰਾਂ ਹਜ਼ਾਰ ਮੋਹਰਾਂ ਹਰਾ ਦਿੱਤੀਆਂ, ਫਿਰ ਨਿਮਾਜ਼ ਦਾ ਸਮਾਂ ਜਾਣ ਕੇ ਬਾਦਸ਼ਾਹ ਪਛੁਤਾ ਕੇ ਉਠਿਆ॥੪੫॥

ਜੀਤਿ ਮੁਹਰ ਨਿਜ ਸੰਗ ਲੈ ਆਯਹੁ ਸਿਵਰ ਮਝਾਰ।
ਸਕਲ ਸਭਾ ਬਿਸਮਤਿ ਰਹੀ, ਰਹੀ ਸ਼ਾਹੁ ਕੀ ਹਾਰ॥ ੪੬॥

ਜਿੱਤੀਆਂ ਹੋਈਆਂ ਮੋਹਰਾਂ ਆਪਣੇ ਨਾਲ ਲੈ ਕੇ ਗੁਰੂ-ਪੁੱਤਰ ਆਪਣੇ ਡੇਰੇ ਵਿਖੇ ਆ ਗਏ। ਸਾਰੀ ਸਭਾ ਹੈਰਾਨ ਰਹਿ ਗਈ। ਬਾਦਸ਼ਾਹ ਦੀ ਹਾਰ ਹੋਈ॥੪੬॥

ਕਵਿ ਸੰਤੋਖ ਸਿੰਘ ਸਭਿਨਿ ਹੀ ਲਖਯੋ ਨ ਇਨ ਸਮ ਆਨ।
ਅਰੈ ਬਿਜੈ ਕੋ ਨਹਿਂ ਲਹੈ ਸਭਿ ਹੀ ਰੀਤਿ ਮਹਾਨ॥ ੪੭॥

ਹੇ ਕਵੀ ਸੰਤੋਖ ਸਿੰਘ ! ਸਾਰਿਆਂ ਨੇ ਸਮਝਿਆ ਕਿ ਇਸਦੇ ਬਰਾਬਰ ਹੋਰ ਕੋਈ ਨਹੀਂ ਹੈ। ਬੇਸ਼ਕ ਅੜਦਾ ਰਹੇ, ਪਰ ਜਿੱਤ ਪ੍ਰਾਪਤ ਨਹੀਂ ਕਰ ਸਕਦਾ, ਸਾਰੀਆਂ ਹੀ ਰੀਤੀਆਂ ਅਨੁਸਾਰ ਮਹਾਨ ਹੈ॥੪੭॥

*ਨੌਵੀਂ ਰਾਸ ਦਾ ਛਤਾਲੀਵਾਂ ਅਧਿਆਇ ਸਮਾਪਤ ਹੋਇਆ॥੪੬॥*

❖❖❖

# ਅਧਿਆਇ ਸੰਤਾਲੀਵਾਂ

## ਹੈਜ਼ੇ ਦੀ ਬਿਮਾਰੀ ਹਟਾਈ, ਬੱਦਲਾਂ ਦੀ ਛਾਂ ਕੀਤੀ

ਦੋਹਰਾ-ਸ੍ਰੀ ਸਤਿਗੁਰ ਨੰਦਨ ਤਹਾਂ ਬਸਤਜੋ ਸਮੋ ਬਿਸਾਲ।
ਕਰਜੋ ਬਿਤਾਵਨਿ ਕੋ ਜਬੈ ਮਰੀ ਪਰੀ ਇਕ ਕਾਲ॥ ੧॥

ਸ੍ਰੀ ਸਤਿਗੁਰੂ ਜੀ ਦੇ ਪੁੱਤਰ ਨੂੰ ਉਥੇ ਰਹਿੰਦਿਆਂ ਕਾਫ਼ੀ ਸਮਾਂ ਬੀਤ ਗਿਆ। ਉਥੇ ਜਦ ਰਹਿ ਰਹੇ ਸਨ ਤਾਂ ਇਕ ਸਮੇਂ ਹੈਜ਼ੇ ਦੀ ਬੀਮਾਰੀ ਪੈ ਗਈ॥੧॥

ਚੌਪਈ- ਭਯੋ ਤ੍ਰਾਸ ਜਬਿ ਦਿੱਲੀ ਪੁਰਿ ਮੈਂ। ਰੁਦਿਤ ਅਮੁਦਤਿ ਸ਼ੋਕ ਘਰ ਘਰ ਮੈਂ।
ਹਾਹਾਕਾਰ ਮ੍ਰਿਤੂ ਕੇ ਤ੍ਰਾਸਾ। ਮਰਹਿ ਤੁਰਤ ਉਪਚਾਰ ਨ ਆਸਾ॥ ੨॥

ਜਦ ਸਾਰੇ ਦਿੱਲੀ ਸ਼ਹਿਰ ਵਿਚ ਡਰ ਦੀ ਲਹਿਰ ਫੈਲ ਗਈ, ਘਰ ਘਰ ਵਿਚ ਰੋਣ ਧੋਣ ਦਾ ਦੁੱਖ ਹੋ ਰਿਹਾ ਸੀ। ਮੌਤ ਦੇ ਡਰ ਨਾਲ ਹਾਹਾਕਾਰ ਮਚੀ ਹੋਈ ਸੀ। ਲੋਕੀਂ ਤੁਰਤ ਮਰ ਜਾਂਦੇ ਸਨ, ਕਿਸੇ ਪ੍ਰਕਾਰ ਵੀ ਇਲਾਜ ਦੀ ਆਸ ਨਹੀਂ ਸੀ॥੨॥

ਰਾਉ ਰੰਕ ਸਭਿ ਕੇ ਇਕ ਸਾਰ। ਪੰਡਤ ਮੂਢਨਿ ਪਰੀ ਪੁਕਾਰ।
ਘਰ ਘਰ ਰੋਦਿਤਿ ਹੈਂ ਨਰ ਨਾਰੀ। ਕੇਸ ਉਖਾਰਹਿ ਮੁਰਛਾ ਧਾਰੀ॥ ੩॥

ਅਮੀਰ ਗ਼ਰੀਬ ਸਭ ਵਾਸਤੇ ਬਿਮਾਰੀ ਇਕ ਸਮਾਨ ਸੀ। ਵਿਦਵਾਨ ਅਤੇ ਮੂਰਖ ਇਕ ਸਮਾਨ ਪੁਕਾਰ ਕਰ ਰਹੇ ਸਨ। ਘਰ ਘਰ ਇਸਤਰੀ ਮਰਦ ਰੋ ਰਹੇ ਸਨ। ਵਾਲ ਪੁੱਟਦੇ ਸਨ ਤੇ ਬੇਹੋਸ਼ ਹੋ ਜਾਂਦੇ ਸਨ॥੩॥

ਦਸਤ, ਬਮਨ ਦੋਊ ਲਗਿ ਜਾਇ। ਇਕ ਦੁਇ ਜਾਮ ਬਿਖੈ ਮ੍ਰਿਤੁ ਪਾਇ।
ਕਰਿ ਉਪਚਾਰ ਬੈਦ ਪਚ ਹਾਰੇ। ਨਹਿਂ ਬਸ ਚਲਹਿ ਸੁ ਕੌਨ ਬਿਚਾਰੇ॥੪॥

ਉਲਟੀਆਂ ਦਸਤ ਦੋਵੇਂ ਲੱਗ ਜਾਂਦੇ ਸਨ, ਇਕ ਦੋ ਪਹਿਰਾਂ ਵਿਚ ਮੌਤ ਹੋ ਜਾਂਦੀ ਸੀ। ਵੈਦ ਇਲਾਜ ਕਰਦੇ ਕਰਦੇ ਹਾਰ ਗਏ। ਜਦ ਕੁਝ ਵੱਸ ਹੀ ਨਹੀਂ ਸੀ ਚਲਦਾ ਤਦ ਕੌਣ ਵਿਚਾਰ ਕਰ ਸਕਦਾ ਸੀ॥੪॥

ਸ਼ਾਹੁ ਸਭਾ ਮਹਿਂ ਨਿਤਪ੍ਰਤਿ ਬਾਤੀ। ਕਰਹਿਂ ਸਭਾ ਮਹਿਂ, ਮ੍ਰਿਤੁ ਜਿਸ ਭਾਂਤੀ।
'ਆਜ ਪੁਰੀ ਮਹਿਂ ਏਤੇ ਮਰੇ। ਵਹਿਰ ਥਾਨ ਸ਼ਮਸ਼ਾਨਨਿ ਭਰੇ॥ ੫॥

ਬਾਦਸ਼ਾਹ ਦੀ ਸਭਾ ਵਿਚ ਸਦਾ ਗੱਲਾਂ ਚਲਦੀਆਂ ਸਨ, ਜਿਸ ਪ੍ਰਕਾਰ ਮੌਤਾਂ ਹੋ ਰਹੀਆਂ ਸਨ, ਉਸ ਬਾਰੇ ਸਭਾ ਵਿਚ ਗੱਲਾਂ ਕਰਦੇ ਸਨ। ਕਹਿੰਦੇ ਸਨ, 'ਅੱਜ ਨਗਰ ਵਿਚ ਏਨੇ ਮਰ ਗਏ ਹਨ, ਬਾਹਰ ਸ਼ਮਸ਼ਾਨ ਸਥਾਨ ਸਾਰੇ ਭਰੇ ਪਏ ਹਨ॥੫॥

ਦਬਹਿਂ ਸੈਂਕਰੇ ਸੈਂਕਰੇ ਜਾਰਹਿਂ। ਆਵਤਿ ਜਾਤੇ ਰੁਦਤਿ ਪੁਕਾਰਹਿਂ।
ਕਹੂੰ ਬੈਦ ਫਿਰਤੇ ਉਤਲਾਵਤਿ। ਕੇਤਿਕ ਔਖਧਿ ਦੌਰਤਿ ਲਜਾਵਤਿ॥੬॥

ਸੈਂਕੜਿਆਂ ਨੂੰ ਦੱਬਦੇ ਹਨ ਤੇ ਸੈਂਕੜਿਆਂ ਨੂੰ ਸਾੜਦੇ ਹਨ, ਆਉਂਦੇ ਜਾਂਦੇ ਰੋਂਦੇ ਪੁਕਾਰਦੇ ਹਨ। ਕਿਤੇ ਵੈਦ ਉਤਾਵਲੇ ਹੋਏ ਫਿਰਦੇ ਹਨ, ਕਈ ਦਵਾਈਆਂ ਦੌੜ ਦੌੜ ਲਿਆਉਂਦੇ ਹਨ॥੬॥

ਸ਼ਾਹੁ ਨਿਕਟਿ ਕੇ ਕੇਤਿਕ ਮਰੇ। ਜੀਵਤਿ ਮਹਾਂ ਤ੍ਰਾਸ ਕਹੁ ਕਰੇ।
ਏਕ ਬਾਰ ਕਜਾ ਕਜਾਮਤ ਆਈ। ਮਰਹਿਂ ਹਜ਼ਾਰੋਂ ਨਹਿਂ ਬਿਲਮਾਈ॥੭॥

ਬਾਦਸ਼ਾਹ ਦੇ ਨੇੜੇ ਦੇ ਵੀ ਕਈ ਮਰੇ, ਜੀਉਂਦੇ ਵੀ ਬਹੁਤ ਡਰੇ ਹੋਏ ਸਨ। ਇਕ ਵਾਰ ਹੀ ਇਹ ਕੀ ਕਿਆਮਤ ਆ ਗਈ ਹੈ, ਹਜ਼ਾਰਾਂ ਮਰਦੇ ਦੇਰ ਨਹੀਂ ਲਾਉਂਦੇ ਹਨ॥੭॥

ਔਖਧਿ ਦਈ ਲਗਹਿ ਨਹਿਂ ਕਾਹੂੰ। ਬਮਨ ਦਸਤ ਲਾਗੇ ਦੁਖ ਮਾਂਹੂ।
ਊਚੇ ਚਢਜੋ ਸ਼ਾਹੁ ਸੁਨਿ ਸ੍ਰੋਨ। ਪੀਟਤਿ ਰੋਦਤਿ ਜਿਤ ਕਿਤ ਭੌਨ॥ ੮॥

ਕੋਈ ਵੀ ਦਿੱਤੀ ਹੋਈ ਦਵਾਈ ਲੱਗਦੀ ਨਹੀਂ ਹੈ, ਉਲਟੀਆਂ ਦਸਤ ਲੱਗ ਕੇ ਦੁਖੀ ਹੋ ਜਾਂਦੇ ਹਨ। ਬਾਦਸ਼ਾਹ ਉੱਚੇ ਥਾਂ ਚੜ੍ਹ ਕੇ ਸਭ ਆਪਣੇ ਕੰਨਾਂ ਨਾਲ ਸੁਣਦਾ ਸੀ, ਜਿਥੇ ਕਿਥੇ ਘਰ ਘਰ ਰੋਣ ਪਿਟਣ ਚਲ ਰਿਹਾ ਸੀ॥੮॥

ਤਿਸ ਛਿਨ ਚਿਤ ਮਹਿਂ ਇਮ ਫੁਰਿ ਆਈ। 'ਸਤਿਗੁਰ ਸੁਤ ਸੌਂ ਕਹੌਂ ਬੁਲਾਈ।
ਸੋ ਇਹ ਤ੍ਰਾਸ ਮਿਟਾਵਨਿ ਜੋਗ। ਜਿਸ ਤੇ ਬਚਹਿਂ ਪੁਰੀ ਕੇ ਲੋਗ'॥ ੯॥

ਉਸ ਸਮੇਂ ਬਾਦਸ਼ਾਹ ਦੇ ਚਿੱਤ ਵਿਚ ਇਸ ਤਰ੍ਹਾਂ ਗੱਲ ਫੁਰੀ, "ਸਤਿਗੁਰੂ ਜੀ ਦੇ ਪੁੱਤਰ ਨੂੰ ਬੁਲਾ ਕੇ ਕਹਿੰਦਾ ਹਾਂ। ਉਹ ਇਸ ਡਰ ਨੂੰ ਮਿਟਾਉਣ ਜੋਗ ਹੈ, ਜਿਸ ਕਾਰਨ ਇਸ ਨਗਰ ਦੇ ਲੋਕ ਬੱਚ ਸਕਦੇ ਹਨ"॥੯॥

ਆਇ ਸਭਾ ਮਹਿਂ ਬੈਠਜੋ ਸ਼ਾਹੂ। ਗੁਰ ਸੁਤ ਕੋ ਬੁਲਾਵਿਇਹੁ ਪਾਹੂ।
ਦੀਨ ਰੀਤਿ ਸੋਂ ਗਿਰਾ ਬਖਾਨੀ। 'ਪਰੀ ਪੁਰੀ ਮਹਿਂ ਮਰੀ ਮਹਾਨੀ॥ ੧੦॥

ਬਾਦਸ਼ਾਹ ਆ ਕੇ ਸਭਾ ਵਿਚ ਬੈਠ ਗਿਆ ਤੇ ਗੁਰੂ-ਪੁੱਤਰ ਨੂੰ ਆਪਣੇ ਪਾਸ ਬੁਲਾਇਆ। ਬੇਨਤੀ ਵਾਲੀ ਰੀਤੀ ਨਾਲ ਬੋਲਿਆ, "ਨਗਰ ਵਿਚ ਹੈਜ਼ੇ ਦੀ ਬਿਮਾਰੀ ਮਹਾਨ ਫੈਲ ਗਈ ਹੈ॥੧੦॥

ਇਸ ਕੋ ਯਤਨ ਤੁਮਾਰੇ ਯਾਦ। ਜੇ ਕਰਿ ਕਰਹੁ ਹੋਹਿ ਅਹਿਲਾਦ।
ਮਾਨਵ ਮਰੇ ਹਜ਼ਾਰਹੁਂ ਅਬੈ। ਤ੍ਰਾਸ ਕਰਤਿ ਜੇ ਜੀਵਤਿ ਸਬੈ॥ ੧੧॥

ਇਸ ਬਿਮਾਰੀ ਨੂੰ ਹਟਾਉਣ ਦਾ ਯਤਨ ਤੁਹਾਨੂੰ ਯਾਦ ਹੈ, ਜੇ ਇਸ ਨੂੰ ਹਟਾ ਦੇਵੋ ਤਾਂ ਸਭ ਪਾਸੇ ਮਹਾਨ ਅਨੰਦ ਛਾ ਜਾਵੇ। ਹੁਣ ਤਕ ਹਜ਼ਾਰਾਂ ਮਨੁੱਖ ਮਰ ਗਏ ਹਨ। ਜੋ ਜੀਉਂਦੇ ਹਨ, ਉਹ ਵੀ ਸਭ ਡਰੇ ਹੋਏ ਹਨ॥੧੧॥

ਸਭਿਹਿਨਿ ਪਰ ਤੁਮਰੋ ਉਪਕਾਰ। ਜੇ ਅਬਿ ਇਹੁ ਸੰਕਟ ਦਿਹੁ ਟਾਰਿ।
ਜੇ ਔਖਧਿ ਕੋ ਹੋਇ, ਬਤਾਵਹੁ। ਅਪਰ ਉਪਾਇ ਤ ਸੋ ਸਮਝਾਵਹੁ॥ ੧੨॥

ਸਾਰਿਆਂ ਉੱਤੇ ਤੁਹਾਡਾ ਉਪਕਾਰ ਹੋਵੇਗਾ, ਜੇਕਰ ਹੁਣ ਇਸ ਬਿਪਤਾ ਨੂੰ ਟਾਲ ਦੇਵੋਗੇ। ਜੇ ਕੋਈ ਦਵਾਈ ਹੋਵੇ ਤਾਂ ਉਹ ਵੀ ਦੱਸ ਦੇਵੋ। ਕੋਈ ਹੋਰ ਉਪਾਅ ਹੋਵੇ ਤਾਂ ਉਹ ਵੀ ਸਮਝਾ ਦੇਵੋ"॥੧੨॥

ਸੁਨਿ ਸ੍ਰੀ ਰਾਮਰਾਇ ਨੇ ਕਹਜੋ। 'ਜੇ ਮ੍ਰਿਤੁ ਕੋ ਦੁਖ ਸਭਿ ਨੇ ਲਹਜੋ।
ਤਿਸ ਕੋ ਅਬਿ ਉਪਾਇ ਕਰਿ ਦੇਹਿਂ। ਹਮਰੋ ਚਰਨ ਧੋਇ ਕਰ ਲੇਹਿਂ॥ ੧੩॥

ਇਹ ਸੁਣ ਕੇ ਸ੍ਰੀ ਰਾਮਰਾਇ ਨੇ ਕਿਹਾ, "ਜੇ ਮਰਨ ਦਾ ਦੁੱਖ ਸਭ ਨੇ ਪਾਇਆ ਹੈ, ਉਸ ਦਾ ਹੁਣ ਉਪਾਅ ਕਰ ਦਿੰਦੇ ਹਾਂ, ਸਾਡੇ ਪੈਰ ਧੋ ਕੇ ਜਲ ਲਵੋ॥੧੩॥

ਜਿਸ ਕੇ ਬਮਨ ਦਸਤ ਹੁਇ ਜਾਵੈ। ਤਿਸ ਕੇ ਬਦਨ ਬੇਰ ਇਕ ਪਾਵੈਂ।
ਜਿਯਤਿ ਰਹੈ ਸੋ ਮਰੈ ਨ ਤਬੈ। ਇਸ ਬਿਧਿ ਸੰਕਟ ਹਤਿ ਹੁਇਂ ਸਬੈ'॥ ੧੪॥

ਜਿਸ ਨੂੰ ਵੀ ਉਲਟੀ ਦਸਤ ਲੱਗ ਜਾਣ, ਉਸ ਦੇ ਮੂੰਹ ਵਿਚ ਇਕ ਵਾਰ ਉਹ ਜਲ ਪਾ ਦੇਵੋ, ਉਹ ਜੀਉਂਦਾ ਰਹੇਗਾ, ਤਦ ਉਸ ਬਿਮਾਰੀ ਨਾਲ ਨਹੀਂ ਮਰੇਗਾ, ਇਸ ਤਰ੍ਹਾਂ ਸਾਰਾ ਸੰਕਟ ਦੂਰ ਹੋ ਜਾਵੇਗਾ"॥੧੪॥

ਸੁਨਤਿ ਸ਼ਾਹੁ ਨੇ ਮੋਦ ਉਪਾਵਾ। ਸਕਲ ਸਭਾ ਮਹਿਂ ਭਾਖਿ ਸੁਨਾਵਾ।
'ਡਿੰਡਮ ਫੇਰਿ ਦੇਹ ਪੁਰਿ ਸਾਰੇ। ਹੋਇ ਜੁ ਦੁਖੀ ਸੁ ਚਰਨ ਪਖਾਰੇ'॥ ੧੫॥

ਇਹ ਸੁਣ ਕੇ ਬਾਦਸ਼ਾਹ ਬਹੁਤ ਖ਼ੁਸ਼ ਹੋਇਆ ਤੇ ਸਾਰੀ ਸਭਾ ਵਿਚ ਕਹਿ ਕੇ ਸੁਣਾਇਆ, "ਸਾਰੇ ਨਗਰ ਵਿਚ ਡੌਂਡੀ ਫੇਰ ਦੇਵੋ, ਜਿਹੜਾ ਵੀ ਦੁਖੀ ਹੋਵੇ ਉਹ ਚਰਨ ਧੋਵੇ"॥੧੫॥

ਤਬਹਿ ਸਭਾ ਮਹਿਂ ਇਕ ਦੁਇ ਕਹਜੋ। 'ਹਮਰੇ ਸਦਨ ਅਬਹਿ ਦੁਖ ਲਹਜੋ।
ਚਰਨ ਪਖਾਰੇ ਤਤਛਿਨ ਤਾਂਹੂ। ਪਾਯੋ ਸ਼ੀਘ੍ਰ ਦੁਖੀ ਮੁਖ ਮਾਂਹੂ॥ ੧੬॥

ਤਦ ਸਭਾ ਵਿਚ ਇਕ ਦੋ ਨੇ ਕਿਹਾ, "ਸਾਡੇ ਘਰ ਵਿਚ ਹੁਣ ਦੁੱਖ ਪਾਇਆ ਹੈ", ਉਸਨੇ ਤੁਰਤ ਗੁਰੂ-ਪੁੱਤਰ ਦੇ ਚਰਨ ਧੋਤੇ ਤੇ ਛੇਤੀ ਹੀ ਜਲ ਦੁਖੀ ਬਿਮਾਰ ਦੇ ਮੂੰਹ ਵਿਚ ਪਾ ਦਿੱਤਾ॥੧੬॥

ਤੁਰਤ ਕਸ਼ਟ ਕੋ ਦੂਰ ਬਿਦਾਰਾ। ਆਇ ਸ਼ਾਹਿ ਢਿਗ ਤਿਨਹਿਂ ਉਚਾਰਾ।
'ਚਰਨਾਂਮ੍ਰਿਤ ਜਬਿ ਪਾਵਨਿ ਕਰਜੋ। ਸਕਲ ਕਸ਼ਟ ਤਾਤਛਿਨ ਪਰਹਰਜੋ' ॥੧੭॥

ਤੁਰਤ ਕਸ਼ਟ ਦੂਰ ਹੋ ਗਿਆ। ਉਸ ਨੇ ਬਾਦਸ਼ਾਹ ਦੇ ਪਾਸ ਆ ਕੇ ਕਿਹਾ, "ਚਰਨਾਂਮ੍ਰਿਤ ਜਦ ਮੂੰਹ ਵਿਚ ਪਾਇਆ, ਤਾਂ ਸਾਰਾ ਦੁੱਖ ਤੁਰਤ ਦੂਰ ਹੋ ਗਿਆ"॥੧੭॥

ਤਬਿ ਜੇ ਦੁਰਗ ਬਿਖੈ ਦੁਖ ਭਯੋ। ਤਤਕਾਲ ਚਰਨਾਂਮ੍ਰਿਤ ਦਯੋ।
ਸੰਕਟ ਨਸਜੋ ਭਯੋ ਨਹਿਂ ਫੇਰ। ਸੁਨਿ ਸੁਨਿ ਨਰ ਆਏ ਸਚ ਹੇਰਿ॥ ੧੮॥

ਤਦ ਕਿਲ੍ਹੇ ਦੇ ਅੰਦਰ ਜਿਨ੍ਹਾਂ ਨੂੰ ਦੁਖ ਹੋਇਆ ਸੀ, ਉਨ੍ਹਾਂ ਨੂੰ ਤੁਰਤ ਚਰਨਾਂਮ੍ਰਿਤ ਦਿੱਤਾ। ਬਿਮਾਰੀ ਦੂਰ ਹੋ ਗਈ ਤੇ ਦੁਬਾਰਾ ਨਾ ਹੋਈ। ਸੁਣ ਸੁਣ ਸਾਰੇ ਮਨੁੱਖ ਸੱਚ ਵੇਖ ਕੇ ਆਏ॥੧੮॥

ਸਤਿਗੁਰ ਸੁਤ ਗਨਮਜੋ ਤਬਿ ਡੇਰੇ। ਧਾਇ ਧਾਇ ਨਰ ਆਇਂ ਘਨੇਰੇ।
ਚਰਨ ਪਖਾਰਹਿਂ ਲੇ ਲੇ ਜਾਹਿਂ। ਦੁਖੀਅਨਿ ਕੇ ਪਾਵਤਿ ਮੁਖ ਮਾਂਹਿ॥ ੧੯॥

ਸਤਿਗੁਰੂ ਦਾ ਪੁੱਤਰ ਫਿਰ ਆਪਣੇ ਡੇਰੇ ਚਲਾ ਗਿਆ, ਬਹੁਤ ਮਨੁੱਖ ਭੱਜ ਭੱਜ ਕੇ ਆਏ। ਚਰਨ ਧੋ ਕੇ ਲੈ ਲੈ ਜਾਂਦੇ ਸਨ ਤੇ ਦੁਖੀਆਂ ਦੇ ਮੂੰਹ ਵਿਚ ਜਾ ਕੇ ਪਾਉਂਦੇ ਸਨ॥੧੯॥

ਤਤਛਿਨ ਸੰਕਟ ਸਕਲ ਨਸਾਵੈ। ਬਹੁ ਸ੍ਰੀ ਰਾਮਰਾਇ ਜਸੁ ਗਾਵੈਂ।
ਸਨਬੰਧੀ ਜੇ ਮਰੇ ਨਰਨ ਕੇ। ਪਛੁਤਾਵਹਿਂ ਗੁਨ ਸਿਮਰਿ ਮਰਨ ਕੇ॥ ੨੦॥

ਤੁਰਤ ਸਾਰੇ ਦੁੱਖ ਨੂੰ ਦੂਰ ਭਜਾਉਂਦੇ ਸਨ। ਬਹੁਤ ਲੋਕ ਸ੍ਰੀ ਰਾਮਰਾਇ ਦਾ ਜਸ ਗਾਉਂਦੇ ਸਨ। ਜਿਹੜੇ ਮਨੁੱਖਾਂ ਦੇ ਸੰਬੰਧੀ ਮਰ ਗਏ ਸਨ, ਉਹ ਮਰਨ ਵਾਲਿਆਂ ਨੂੰ ਯਾਦ ਕਰਕੇ ਪਛੁਤਾਉਂਦੇ ਸਨ॥੨੦॥

'ਹਮ ਨੇ ਨਹਿਂ ਚਰਨਾਂਮ੍ਰਿਤ ਦਏ। ਬਚਤਿ ਮਰਨ ਤੇ, ਦੁਖ ਕਹੁ ਹਏ।'
ਸਕਲ ਪੁਰੀ ਮਹਿਂ ਮਾਚਜੋ ਰੋਰਾ। ਦੌਰਿ ਦੌਰਿ ਆਵਤਿ ਤਿਸ ਠੌਰਾ॥ ੨੧॥

"ਅਸੀਂ ਉਨ੍ਹਾਂ ਨੂੰ ਚਰਨਾਂਮ੍ਰਿਤ ਨਾ ਦਿੱਤਾ, ਦੁਖ ਦੂਰ ਕਰਵਾ ਕੇ ਉਹ ਮਰਨ ਤੋਂ ਬਚ ਜਾਂਦੇ।" ਸਾਰੇ ਨਗਰ ਵਿਚ ਰੌਲਾ ਪੈ ਗਿਆ ਤੇ ਦੌੜ ਦੌੜ ਕੇ ਲੋਕ ਸ੍ਰੀ ਰਾਮਰਾਇ ਦੇ ਡੇਰੇ ਆਉਂਦੇ ਸਨ॥੨੧॥

ਹਿੰਦੂ ਤੁਰਕ ਰੰਕ ਕੈ ਰਾਊ। ਭਏ ਪ੍ਰਸੰਨ ਬਿਲੋਕਿ ਪ੍ਰਭਾਊ।
ਪੰਡਿਤ ਮੂਢ ਆਇ ਕਰਿ ਪਾਸ। ਚਰਨਾਂਮ੍ਰਿਤ ਲੇਂ ਜੀਵਨ ਆਸ॥ ੨੨॥

ਹਿੰਦੂ ਤੁਰਕ, ਗਰੀਬ ਜਾਂ ਅਮੀਰ, ਇਹ ਪ੍ਰਭਾਵ ਵੇਖ ਕੇ ਬਹੁਤ ਪ੍ਰਸੰਨ ਹੋਏ, ਵਿਦਵਾਨ ਅਤੇ ਮੂਰਖ ਪਾਸ ਆ ਕੇ ਆਪਣੇ ਜੀਵਨ ਦੀ ਆਸ ਚਰਨਾਮ੍ਰਿਤ ਪ੍ਰਾਪਤ ਕਰਦੇ ਸਨ॥੨੨॥

ਸਗਲੀ ਪੁਰੀ ਮਰੀ ਜੋ ਪਰੀ। ਅਤਿ ਦੁਖ ਕਰੀ ਸੁ ਤਤਛਿਨ ਹਰੀ।
ਸਕਲ ਲੋਕ ਚਰਨਾਮ੍ਰਿਤ ਲੇਤਿ। ਸੀਸੇ ਪਾਇ ਸਦਨ ਧਰਿ ਦੇਤਿ॥ ੨੩॥

ਸਾਰੀ ਨਗਰੀ ਵਿਚ ਹੈਜ਼ੇ ਦੀ ਬਿਮਾਰੀ ਜਿਹੜੀ ਪਈ ਸੀ ਤੇ ਜਿਸ ਨੇ ਨਗਰੀ ਦੇ ਲੋਕਾਂ ਨੂੰ ਅਤਿ ਦੁਖੀ ਕੀਤਾ ਸੀ, ਸਾਰੀ ਤੁਰਤ ਹੀ ਦੂਰ ਹੋ ਗਈ। ਸਾਰੇ ਲੋਕ ਚਰਨਾਮ੍ਰਿਤ ਲੈਂਦੇ ਸਨ ਤੇ ਦੇਸੀ ਬਣੇ ਹੋਏ ਕੱਚ ਦੇ ਭਾਂਡਿਆਂ ਵਿਚ ਪਾ ਲੈਂਦੇ ਸਨ ਤੇ ਬਿਮਾਰੀ ਤੋਂ ਬਚਣ ਲਈ ਆਪਣੇ ਘਰਾਂ ਵਿਚ ਰੱਖ ਲੈਂਦੇ ਸਨ॥੨੩॥

*ਨੋਟ: ਉਸ ਸਮੇਂ ਹਾਲੇਂ ਬੋਤਲਾਂ ਜਾਂ ਸ਼ੀਸ਼ੀਆਂ ਨਹੀਂ ਸੀ ਬਣੀਆਂ, ਦੇਸੀ ਕੱਚ ਦੇ ਭਾਂਡਿਆਂ ਨੂੰ ਉਹ ਸ਼ੀਸ਼ਾ ਕਹਿੰਦੇ ਸਨ।*

ਨਿਸ ਆਦਿਕ ਮਹਿਂ ਜਬਿ ਹੁਇ ਚਾਹੂ। ਸ਼ੀਘ੍ਰ ਦੇਤਿ ਦੁਖੀਅਨਿ ਮੁਖ ਮਾਂਹੂ॥
ਇਸ ਪ੍ਰਕਾਰ ਪੁਰਿ ਮਰੀ ਹਟਾਈ। ਘਰ ਘਰ ਬਿਖੈ ਸ਼ਾਂਤਿ ਵਰਤਾਈ॥ ੨੪॥

ਰਾਤ ਆਦਿ ਸਮੇਂ ਜਦ ਲੋੜ ਹੁੰਦੀ ਸੀ ਤਾਂ ਤੁਰਤ ਦੁਖੀਆਂ ਦੇ ਮੂਖ ਵਿਚ ਪਾ ਦਿੰਦੇ ਸਨ। ਇਸ ਪ੍ਰਕਾਰ ਨਗਰੀ ਵਿਚੋਂ ਹੈਜ਼ੇ ਦੀ ਬਿਮਾਰੀ ਹਟਾ ਦਿੱਤੀ ਤੇ ਘਰ ਘਰ ਵਿਚ ਸ਼ਾਂਤੀ ਵਰਤਾ ਦਿੱਤੀ॥੨੪॥

ਮਹਦ ਪ੍ਰਭਾਉ ਸਭਿਨਿ ਤਬਿ ਜਾਨਾ। ਸਤਿਗੁਰ ਘਰ ਮਹਿਂ ਅਧਿਕ ਮਹਾਨਾ।
ਜੋ ਇੱਛਕ ਸੋਈ ਸੁਖ ਲਹੀਅਤਿ। ਸੰਕਟ ਅਨਿਕ ਪ੍ਰਕਾਰਨਿ ਦਹੀਅਤਿ॥੨੫॥

ਗੁਰੂ-ਪੁੱਤਰ ਦਾ ਫਿਰ ਸਭ ਨੇ ਵੱਡਾ ਪ੍ਰਭਾਵ ਜਾਣਿਆ। ਸਤਿਗੁਰੂ ਜੀ ਦੇ ਘਰ ਵਿਚ ਵੱਡੀ ਮਹਾਨਤਾ ਹੈ। ਜਿਹੜਾ ਇੱਛੁਕ ਹੈ, ਸੋਈ ਸੁਖ ਪ੍ਰਾਪਤ ਕਰਦਾ ਹੈ। ਅਨੇਕ ਪ੍ਰਕਾਰ ਦੇ ਸੰਕਟਾਂ ਦਾ ਇਹ ਘਰ ਨਾਸ਼ ਕਰ ਦਿੰਦਾ ਹੈ॥੨੫॥

ਘਰ ਘਰ ਸੁਜਸੁ ਹੋਇ ਅਵਿਦਾਤ। ਮਨਹੁਂ ਚੰਦ੍ਰਿਕਾ ਸੁੰਦਰ ਰਾਤਿ।
ਕੀਰਤਿ ਮਨਹੁਂ ਮਰਾਲਨਿ ਪਾਂਤੀ। ਕਹਹਿਂ ਪਰਸਪਰ ਸੀਤਲ ਛਾਤੀ॥ ੨੬॥

ਘਰ ਘਰ ਸ੍ਰੇਸ਼ਟ ਜਸ ਪ੍ਰਗਟ ਹੋਇਆ, ਮਾਨੋਂ ਪੂਰਨਮਾਸ਼ੀ ਦੀ ਸੁੰਦਰ ਰਾਤ ਸੀ। ਸੁੰਦਰ ਕੀਰਤੀ ਮਾਨੋਂ ਸਫ਼ੈਦ ਹੰਸਾਂ ਦੀ ਪੰਗਤੀ ਹੈ, ਆਪਸ ਵਿਚ ਕਹਿ ਕੇ ਛਾਤੀ ਠੰਡੀ ਕਰਦੇ ਸਨ॥੨੬॥

ਪੁਨ ਕੇਤਿਕ ਦਿਨ ਬੀਤ ਗਏ ਹੈਂ। ਰਾਮਰਾਇ ਤਿਮ ਜਾਤਿ ਭਏ ਹੈਂ।
ਸਭਾ ਬਿਖੈ ਸ਼ੋਭੈਂ ਇਸ ਭਾਂਤੀ। ਉਡਗਨ ਮਹਿਂ ਪੂਰਨ ਸਸਿ ਰਾਤੀ॥ ੨੭॥

ਉਸ ਘਟਨਾ ਤੋਂ ਬਾਅਦ ਕਈ ਦਿਨ ਬੀਤ ਗਏ ਹਨ, ਸ੍ਰੀ ਰਾਮਰਾਇ ਪਹਿਲਾਂ ਵਾਂਗ ਹੀ ਸਭ ਵਿਚ ਜਾਂਦੇ ਹਨ। ਸਭਾ ਵਿਚ ਉਹ ਇਸ ਪ੍ਰਕਾਰ ਸ਼ੋਭਦੇ ਹਨ ਜਿਵੇਂ ਤਾਰਿਆਂ ਵਿਚ ਪੁੰਨਿਆ ਦੀ ਰਾਤ ਦਾ ਚੰਦ ਸ਼ੋਭਦਾ ਹੈ॥੨੭॥

ਚਢਯੋ ਅਖੇਰ ਸ਼ਾਹੁ ਇਕ ਦਿਨ ਮੈਂ। ਗੁਰਸੁਤ ਲੀਨਿ ਸਾਥ ਤਿਸ ਛਿਨ ਮੈਂ।
ਅਧਿਕ ਸਮਾਜ ਨਰਨਿ ਕਉ ਨਾਂਹੀ। ਚਢੇ ਤੁਰੰਗਨਿ ਮਾਰਗ ਜਾਂਹੀ॥ ੨੮॥

ਇਕ ਦਿਨ ਬਾਦਸ਼ਾਹ ਨੇ ਸ਼ਿਕਾਰ ਖੇਡਣ ਵਾਸਤੇ ਚੜ੍ਹਾਈ ਕੀਤੀ ਤੇ ਉਸ ਸਮੇਂ ਗੁਰੂ-ਪੁੱਤਰ ਨੂੰ ਆਪਣੇ ਨਾਲ ਹੀ ਲੈ ਲਿਆ। ਮਨੁੱਖਾਂ ਦੀ ਵੱਡੀ ਭੀੜ ਨਾਲ ਨਹੀਂ ਸੀ, ਜਿਸ ਰਾਹ ਵਿਖੇ ਘੋੜਿਆਂ 'ਤੇ ਸਵਾਰ ਹੋਏ ਜਾ ਰਹੇ ਸਨ॥੨੮॥

ਤਿਸ ਛਿਨ ਨਿਕਸਯੋ ਹਰਨ ਅਗਾਰੀ। ਦੋਨਹੁਂ ਦੇਖਤਿ ਚਲੇ ਪਿਛਾਰੀ।
ਬਡੇ ਬੇਗ ਤੇ ਤੁਰੰਗ ਧਵਾਏ। ਗਏ ਦੂਰ ਮਾਰਗ ਬਿਸਰਾਏ॥ ੨੯॥

ਉਸ ਸਮੇਂ ਇਕ ਹਿਰਨ ਅਗਲੇ ਪਾਸੇ ਤੋਂ ਨਿਕਲਿਆ ਤੇ ਦੋਵੇਂ ਵੇਖਦੇ ਪਿੱਛੇ ਚਲ ਪਏ। ਬੜੇ ਜ਼ੋਰ ਨਾਲ ਘੋੜੇ ਭਜਾਏ, ਬਹੁਤ ਦੂਰ ਚਲੇ ਗਏ ਤੇ ਰਾਹ ਵਿਸਰ ਗਏ॥੨੯॥

ਪਾਛੇ ਹਟੇ ਨ ਚਹਤਿ ਅਖੇਰਾ। ਹਤਯੋ ਨ ਗਯੋ, ਭਯੋ ਨਹਿਂ ਨੇਰਾ।
ਕਿਤਿਕ ਕੋਸ ਪਰ ਪਹੁੰਚੇ ਜਾਇ। ਮਿਲਿ ਤਹਿਂ ਹਤਯੋ ਮਿਰਗ ਕਉ ਧਾਇ॥੩੦॥

ਸ਼ਿਕਾਰ ਨੂੰ ਮਾਰਨਾ ਚਾਹੁੰਦੇ ਹੋਏ ਅੱਗੇ ਵਧੀ ਗਏ, ਪਿੱਛੇ ਨਾ ਹਟੇ। ਮਾਰਿਆ ਨਾ ਗਿਆ ਤੇ ਸ਼ਿਕਾਰ ਦੇ ਨੇੜੇ ਨਾ ਹੋ ਸਕੇ। ਕਈ ਕੋਹਾਂ 'ਤੇ ਜਾ ਕੇ ਪਹੁੰਚ ਗਏ। ਉੱਥੇ ਜਾ ਕੇ ਮਿਲ ਕੇ ਘੋੜੇ ਭਜਾ ਕੇ ਹਿਰਨ ਨੂੰ ਮਾਰਿਆ॥੩੦॥

ਭਏ ਇਕਾਕੀ ਦੋਨਹੁ ਤਹਾਂ। ਸੰਗੀ ਏਕ ਨ ਪਹੁੰਚਯੋ ਜਹਾਂ।
ਹਟਿ ਗਮਨੇ ਜਬਿ ਪੁਰਿ ਕੀ ਓਰ। ਚਢ੍ਯੋ ਦਿਵਸ ਆਤਪ ਭੀ ਜ਼ੋਰ॥੩੧॥

ਉਥੇ ਦੋਵੇਂ ਇਕੱਲੇ ਰਹਿ ਗਏ, ਜਿਥੇ ਇਕ ਵੀ ਸੰਗੀ ਨਾ ਪਹੁੰਚ ਸਕਿਆ। ਪਿੱਛੇ ਹੱਟ ਕੇ ਜਦ ਨਗਰ ਵੱਲ ਚਲੇ ਤਾਂ ਬੜਾ ਦਿਨ ਚੜ੍ਹ ਆਇਆ ਤੇ ਬੜੇ ਜ਼ੋਰ ਦੀ ਗਰਮੀ ਹੋ ਗਈ॥੩੧॥

ਛਤਰੀ ਨਹੀਂ ਕਰਨਿ ਹਿਤ ਛਾਯਾ। ਤੁਰਤ ਸ਼ਾਹੁ ਕੋ ਮੁਖ ਕੁਮਲਾਯਾ।
ਨੌਕਰ ਨਰ ਨਹਿਂ ਨਿਕਟੀ ਕੋਊ। ਆਨਿ ਕਰਹਿ ਆਤਪ ਹਤਿ ਜੋਊ॥੩੨॥

ਛਾਂ ਕਰਨ ਵਾਸਤੇ ਪਾਸ ਛਤਰੀ ਨਹੀਂ ਸੀ, ਤੁਰਤ ਹੀ ਬਾਦਸ਼ਾਹ ਦਾ ਮੂੰਹ ਕੁਮਲਾ ਗਿਆ। ਨੌਕਰ ਜਾਂ ਕੋਈ ਮਨੁੱਖ ਪਾਸ ਨਹੀਂ ਸੀ, ਜਿਹੜਾ ਧੁੱਪ ਨੂੰ ਦੂਰ ਕਰੇ॥੩੨॥

ਘਨੇ ਘਾਮ ਤੇ ਬੋਲਯੋ ਸ਼ਾਹੂ। 'ਅਬਿ ਨਰ ਨਿਕਟਿ ਨ ਹਮ ਤੁਮ ਪਾਹੂ।
ਆਤਪ ਚੰਡ ਪਰਹਿ ਤਪਤਾਈ। ਕਰਹੁ ਆਪ ਇਸ ਕੇਰ ਉਪਾਈ॥੩੩॥

ਬਹੁਤ ਗਰਮੀ ਹੋਣ ਕਰਕੇ ਬਾਦਸ਼ਾਹ ਬੋਲਿਆ, "ਹੁਣ ਕੋਈ ਵੀ ਮਨੁੱਖ ਸਾਡੇ ਪਾਸ ਨਹੀਂ ਹੈ, ਪ੍ਰਚੰਡ ਧੁਪ ਪੈ ਰਹੀ ਹੈ, ਜਿਸ ਦਾ ਬਹੁਤ ਸੇਕ ਹੈ, ਇਸ ਦਾ ਆਪ ਕੋਈ ਉਪਾਅ ਕਰੋ" ॥੩੩॥

ਹਮ ਤੁਮ ਊਪਰ ਹੁਇ ਜਿਮ ਛਾਯਾ। ਸੁਖ ਸੋਂ ਚਲਹਿਂ ਨਾਂਹਿ ਤ ਕੁਮਲਾਯਾ।
ਸੁਨਿ ਸ੍ਰੀ ਰਾਮਰਾਇ ਤਤਕਾਲਾ। ਕਹਤਿ ਭਯੋ 'ਇਹ ਘਾਮ ਕਰਾਲਾ॥੩੪॥

ਸਾਡੇ ਦੋਹਾਂ ਉੱਤੇ ਜਿਵੇਂ ਛਾਂ ਹੋ ਜਾਵੇ, ਸੁੱਖ ਨਾਲ ਚਲੀਏ ਤੇ ਧੁੱਪ ਨਾਲ ਦੁਖੀ ਨਾ ਹੋਈਏ।" ਇਹ ਸੁਣ ਕੇ ਰਾਮਰਾਇ ਨੇ ਤੁਰਤ ਕਿਹਾ, "ਇਹ ਗਰਮੀ ਬਹੁਤ ਵਿਕਰਾਲ ਹੈ॥੩੪॥

ਇਸ ਤੇ ਹੁਇ ਹਮ ਤੁਮ ਪਰ ਛਾਉ। ਮਿਲਹਿਂ ਬਿਲੋਕਹਿਂ ਮਹਾਂ ਪ੍ਰਭਾਉ'।
ਤਬਿ ਛਾਯਾ ਦੋਨਹੁਂ ਪਰ ਭਈ। ਤਪਤ ਘਾਮ ਕੀ ਸਭਿ ਮਿਟ ਗਈ॥੩੫॥

ਇਸ ਨਾਲੋਂ ਸਾਡੇ ਦੋਹਾਂ 'ਤੇ ਛਾਂ ਹੋਣੀ ਚਾਹੀਦੀ ਹੈ, ਜੋ ਲੋਕ ਮਿਲਣਗੇ ਸਾਡਾ ਮਹਾਂ ਪ੍ਰਤਾਪ ਵੇਖਣਗੇ।" ਫਿਰ ਦੋਹਾਂ ਉੱਤੇ ਛਾਂ ਹੋ ਗਈ ਤੇ ਧੁੱਪ ਦੀ ਤਪਸ਼ ਸਾਰੀ ਦੂਰ ਹੋ ਗਈ॥੩੫॥

ਤੁਰੰਗ ਅਰੂਢੇ ਗਮਹਿ ਜਹਾਂ ਕੋ। ਛਾਉਂ ਦੁਹਨਿ ਪਰ ਚਲਹਿ ਤਹਾਂ ਕੋ।
ਨਹੀਂ ਮੇਘ ਨਹਿਂ ਛਤਰੀ ਪਾਸ। ਤਊ ਛਾਉਂ ਹੋਈ ਸੁਖ ਰਾਸ॥੩੬॥

ਘੋੜਿਆਂ 'ਤੇ ਚੜ੍ਹ ਕੇ ਜਿਧਰ ਵੀ ਜਾਂਦੇ ਸਨ, ਦੋਹਾਂ ਉੱਤੇ ਛਾਂ ਵੀ ਨਾਲ ਨਾਲ ਚਲਦੀ ਸੀ। ਨਾ ਬੱਦਲ ਸੀ ਨਾ ਪਾਸ ਛਤਰੀ ਸੀ, ਫਿਰ ਵੀ ਸੁੱਖਾਂ ਦੀ ਰਾਸ ਛਾਂ ਨਾਲ ਨਾਲ ਸੀ॥੩੬॥

ਮਿਲਹਿਂ ਪੰਥ ਬਿਸਮਹਿਂ ਅਵਿਲੋਕ। ਆਵਹਿਂ ਸਾਥ ਦੂਰ ਦੂਰਿ ਲੋਕ।
'ਦੇਖਹੁ ਅਤਿ ਅਚਰਜ ਇਹ ਹੋਵਾ। ਛਤਰੀ ਬਿਨਾ ਘਾਮ ਕਹੁ ਖੋਵਾ॥੩੭॥

ਜਿਹੜੇ ਰਾਹ ਵਿਚ ਲੋਕ ਮਿਲਦੇ ਸਨ, ਉਹ ਵੇਖ ਕੇ ਬਹੁਤ ਹੈਰਾਨ ਹੁੰਦੇ ਸਨ। ਲੋਕ ਦੂਰ ਤਕ ਲੁਕ ਕੇ ਨਾਲ ਨਾਲ ਆਉਂਦੇ ਸਨ ਤੇ ਕਹਿੰਦੇ ਸਨ, "ਵੇਖੋ ਇਹ ਅਤਿ ਅਸਚਰਜ ਹੋਇਆ ਹੈ, ਛਤਰੀ ਤੋਂ ਬਗੈਰ ਹੀ ਧੁੱਪ ਦੀ ਗਰਮੀ ਨੂੰ ਦੂਰ ਕੀਤਾ ਹੈ'॥੩੭॥

ਪੁਰਿ ਮਹਿ ਪ੍ਰਵਿਸ਼ੇ ਦੋਨਹੁ ਭਲੇ। ਲੋਕ ਹਜ਼ਾਰਹੁੰ ਹੇਰਤਿ ਮਿਲੇ।
ਬੰਦਨ ਕਰਹਿ ਨਿਵਾਵਹਿ ਸੀਸ। ਗੁਰ ਸੁਤ ਕੋ ਅਰੁ ਦਿੱਲੀ ਈਸ਼॥ ੩੮॥

ਦੋਵਾਂ ਨੇ ਭਲੀ ਪ੍ਰਕਾਰ ਨਗਰ ਵਿਚ ਪ੍ਰਵੇਸ਼ ਕੀਤਾ। ਹਜ਼ਾਰਾਂ ਲੋਕ ਵੇਖਦੇ ਮਿਲੇ। ਬੰਦਨਾਂ ਕਰਦੇ ਸਨ ਤੇ ਸਿਰ ਨਿਵਾਉਂਦੇ ਸਨ। ਗੁਰੂ-ਪੁੱਤਰ ਅਤੇ ਦਿਲੀ ਦੇ ਬਾਦਸ਼ਾਹ ਨੂੰ ਸਲਾਮਾਂ ਕਰਦੇ ਸਨ॥੩੮॥

ਸਹਿਜ ਸੁਭਾਇਕ ਦੁਰਗ ਪ੍ਰਵੇਸ਼ੇ। ਹੇਰਿ ਹੇਰਿ ਬਿਸਮਾਹਿ ਅਸ਼ੇਸ਼ੇ।
ਅਚਰਜ ਹਰਖ ਹੋਇ ਕਰਿ ਸ਼ਾਹੂ। ਬੈਠਯੋ ਜਾਇ ਜਬਹਿ ਘਰ ਮਾਂਹੂ॥ ੩੯॥

ਸਹਿਜ ਸੁਭਾਇ ਉਨ੍ਹਾਂ ਕਿਲ੍ਹੇ ਵਿਚ ਪ੍ਰਵੇਸ਼ ਕੀਤਾ। ਵੇਖ ਵੇਖ ਲੋਕ ਹੈਰਾਨ ਹੁੰਦੇ ਸਨ। ਬਾਦਸ਼ਾਹ ਬਹੁਤ ਹੈਰਾਨ ਅਤੇ ਪ੍ਰਸੰਨ ਹੋ ਕੇ ਜਦ ਘਰ ਦੇ ਵਿਚ ਜਾ ਬੈਠਾ॥੩੯॥

ਛਾਇਆ ਸੋ ਬਿਲਾਇ ਤਬਿ ਗਈ। ਗੁਰ ਸੁਤ ਉਪਰ ਤੈਸਯੋ ਭਈ।
ਜਬਿ ਅਪਨੇ ਡੇਰੇ ਮਹਿ ਆਯੋ। ਸੁੰਦਰ ਸਦਨ ਵਿਖੈ ਪ੍ਰਵਿਸ਼ਾਯੋ॥ ੪੦॥

ਤਦ ਛਾਂ ਜਿਹੜੀ ਬੁਲਾਈ ਸੀ, ਉਹ ਚਲੀ ਗਈ, ਪਰ ਗੁਰੂ-ਪੁੱਤਰ ਉਪਰ ਵੈਸੇ ਹੀ ਰਹੀ। ਜਦ ਉਹ ਆਪਣੇ ਡੇਰੇ ਵਿਚ ਆਏ ਤੇ ਸੁੰਦਰ ਘਰ ਦੇ ਵਿਚ ਪ੍ਰਵੇਸ਼ ਕੀਤਾ॥੪੦॥

ਮਿਟੀ ਛਾਉਂ ਸਭਿ ਲੋਕਨਿ ਦੇਖੀ। ਅਤਿ ਅਚਰਜ ਚਿਤ ਬਿਸਮ ਬਿਸੇਖੀ।
ਇਸ ਪ੍ਰਕਾਰ ਅਜ਼ਮਤ ਦਿਖਰਾਈ। ਕਵਿ ਸੰਤੋਖ ਸਿੰਘ ਕਹਤਿ ਬਨਾਈ॥੪੧॥

ਖਤਮ ਹੁੰਦੀ ਛਾਂ ਸਭ ਲੋਕਾਂ ਨੇ ਵੇਖੀ। ਉਨ੍ਹਾਂ ਦੇ ਮਨਾਂ ਵਿਚ ਬੜੀ ਅਸਚਰਜਤਾ ਭਰੀ ਸੀ ਤੇ ਬਹੁਤ ਹੈਰਾਨ ਸਨ। ਇਸ ਪ੍ਰਕਾਰ ਕਰਾਮਾਤ ਵਿਖਾਈ ਹੈ, ਕਵੀ ਸੰਤੋਖ ਸਿੰਘ ਕਵਿਤਾ ਬਣਾ ਕੇ ਕਹਿੰਦਾ ਹੈ॥੪੧॥

*ਨੌਵੀਂ ਰਾਸ ਦਾ ਸੰਤਾਲੀਵਾਂ ਅਧਿਆਇ ਸਮਾਪਤ ਹੋਇਆ॥੪੭॥*

## ਅਧਿਆਇ ਅਠਤਾਲੀਵਾਂ

*ਪ੍ਰਸੂਤ ਪੀੜ ਦੂਰ ਕੀਤੀ, ਉਜ਼ਬਕ ਪਹਿਲਵਾਨ ਢੁਹਾਇਆ*

ਦੋਹਰਾ- ਨੌਰੰਗ ਕੀ ਬੇਗਮ ਹੁਤੀ ਗਰਭਵਤੀ ਨਵ ਮਾਸ।
ਸਮੇਂ ਪ੍ਰਸੂਤਨਿ ਕੇ ਤਬੈ ਅਟਕ ਰਹੀ ਦੁਖਰਾਸ॥ ੧॥

ਨੌਰੰਗੇ ਦੀ ਇਕ ਬੇਗਮ ਗਰਭਵਤੀ ਸੀ ਤੇ ਉਸ ਨੂੰ ਨੌਵਾਂ ਮਹੀਨਾ ਲੱਗਾ ਸੀ, ਪ੍ਰਸੂਤ ਦੇ ਸਮੇਂ ਵੱਡੇ ਦੁੱਖ ਵਿਚ ਫਸੀ ਰਹੀ॥੧॥

ਚੌਪਈ- ਜਤਨ ਅਨੇਕ ਕਰਤਿ ਬਹੁ ਸਜਾਨੇ। ਟੋਨਾ ਟਾਮਨ ਕੌਨ ਬਖਾਨੇ।
ਆਨਿ ਹਜ਼ਾਰਹੁਂ ਕਿਯ ਉਪਚਾਰੂ। ਕਿਸਹੂੰ ਤੇ ਨਹਿਂ ਕਾਰਜ ਸਾਰੂ॥੨॥

ਸਿਆਣੇ ਹਕੀਮ ਬਹੁਤ ਜਤਨ ਕਰਦੇ ਰਹੇ। ਜਿੰਨੇ ਉਨ੍ਹਾਂ ਨੇ ਟੂਣੇ ਟਾਣੇ ਕੀਤੇ, ਉਨ੍ਹਾਂ ਬਾਰੇ ਕੌਣ ਕਹਿ ਸਕੇ। ਆ ਕੇ ਹਜ਼ਾਰਾਂ ਇਲਾਜ ਕੀਤੇ, ਪਰ ਕਿਸੇ ਤੋਂ ਵੀ ਕੰਮ ਨਾ ਸਰਿਆ॥੨॥

ਬੇਗਮ ਕਸ਼ਟ ਪਾਇ ਅਤਿ ਰਹੀ। ਸੁਨਿ ਬਹੁ ਬੇਰ ਸ਼ਾਹ ਸੌਂ ਕਹੀ।
ਅਨਿਕ ਸਜਾਨੇ ਪੁਨਹਿ ਬੁਲਾਏ। ਕਰਿ ਉਪਚਾਰ ਥਕੇ ਸਮੁਦਾਏ॥੩॥

ਬੇਗਮ ਬਹੁਤ ਦੁੱਖ ਪਾ ਰਹੀ ਸੀ। ਸੁਣ ਕੇ ਬਹੁਤ ਵਾਰ ਬਾਦਸ਼ਾਹ ਨੂੰ ਕਿਹਾ। ਬਹੁਤ ਸਿਆਣੇ ਫਿਰ ਬੁਲਾਏ। ਉਹ ਸਾਰੇ ਇਲਾਜ ਕਰ ਕੇ ਥੱਕ ਗਏ॥੩॥

ਧਾਇ ਅਨੇਕ ਨਗਰ ਤੇ ਗਈ। ਤਊ ਪ੍ਰਸੂਤ ਨ ਕਿਸ ਤੇ ਭਈ।
ਅਨਿਕ ਰੀਤਿ ਕੇ ਕਰਤਿ ਇਲਾਜ। ਪਚਿ ਪਚਿ ਹਾਰੇ ਬੈਦ ਸਮਾਜ॥੪॥

ਨਗਰ ਵਿਚੋਂ ਅਨੇਕ ਦਾਈਆਂ ਗਈਆਂ, ਫਿਰ ਵੀ ਪ੍ਰਸੂਤ ਦੀ ਪੀੜ ਕਿਸੇ ਪਾਸੋਂ ਵੀ ਦੂਰ ਨਾ ਹੋਈ। ਅਨੇਕ ਰੀਤਾਂ ਦੇ ਇਲਾਜ ਕਰਦੇ ਸਨ। ਸਾਰੇ ਵੈਦ ਹਕੀਮ ਇਲਾਜ ਕਰ ਕਰ ਹਾਰ ਗਏ॥੪॥

ਸਭਾ ਬਿਖੈ ਜਬਿ ਗੁਰ ਸੁਤ ਆਏ। ਸਾਦਰ ਬੋਲਤਿ ਸ਼ਾਹੁ ਬਿਠਾਏ।
'ਬੇਗਮ ਕੈ ਪ੍ਰਸੂਤ ਹੁਇ ਨਾਂਹੀ। ਲਖਹੁ ਇਲਾਜ, ਕਰਹੁ ਅਬਿ ਤਾਂਹੀ॥੫॥

ਜਦ ਸਭਾ ਵਿਚ ਗੁਰੂ-ਪੁੱਤਰ ਆਏ ਤਾਂ ਬੜੇ ਆਦਰ ਨਾਲ ਬੋਲ ਕੇ ਬਾਦਸ਼ਾਹ ਨੇ ਬਿਠਾਇਆ ਤੇ ਕਿਹਾ, "ਬੇਗਮ ਨੂੰ ਪ੍ਰਸੂਤ ਦੀਆਂ ਪੀੜਾਂ ਨਾ ਹੋਣ, ਇਲਾਜ ਸਮਝੋ ਤੇ ਹੁਣੇ ਕਰੋ॥੫॥

ਤੁਮ ਸਮ ਪੁਰਖਨਿ ਪਾਸ ਹੁਵੰਤਿ। ਔਖਧਿ ਕਿਧੌਂ ਜੰਤ੍ਰ ਕੈ ਮੰਤ।
ਕਸ਼ਟ ਛੁਡਾਵਹੁ ਬੇਗਮ ਕੇਰਾ। ਬਹੁ ਕਲਾਮ ਤੇ ਸੁਖ ਨਹਿਂ ਹੇਰਾ॥੬॥

ਤੁਹਾਡੇ ਵਰਗਾ ਪੁਰਖ ਜੋ ਪਾਸ ਹੋਵੇ, ਦਵਾਈ ਜਾਂ ਜੰਤਰ ਮੰਤਰ ਕੀ ਹਨ। ਬੇਗਮ ਦਾ ਦੁੱਖ ਦੂਰ ਕਰੋ, ਬਹੁਤ ਕਲਮਾ ਪੜ੍ਹਨ ਨਾਲ ਵੀ ਸੁਖ ਨਹੀਂ ਵੇਖਿਆ॥੬॥

ਸਕਲ ਸਿਆਨੇ ਰਹਿ ਪਚ ਹਾਰੀ। ਕਿਸ ਕੋ ਸਫਲ ਨ ਕੋ ਉਪਚਾਰੀ'।
ਸੁਨਿ ਸਤਿਗੁਰ ਕੇ ਨੰਦਨ ਕਹੈਂ। 'ਹਮਰੇ ਤੋ ਇਕ ਜਪੁਜੀ ਅਹੈ॥੭॥

ਸਾਰੇ ਸਿਆਣੇ ਇਲਾਜ ਕਰ ਕਰ ਹਾਰ ਗਏ ਹਨ, ਕਿਸੇ ਦਾ ਵੀ ਇਲਾਜ ਸਫਲ ਨਹੀਂ ਹੋਇਆ ਹੈ।" ਇਹ ਸੁਣ ਕੇ ਸਤਿਗੁਰੂ ਜੀ ਦੇ ਪੁੱਤਰ ਨੇ ਕਿਹਾ, "ਸਾਡੇ ਪਾਸ ਤਾਂ ਇਕ ਜਪੁਜੀ ਸਾਹਿਬ ਹੈ"॥੭॥

ਸਗਲੇ ਕਸ਼ਟਨਿ ਕਹੁ ਨਿਰਵਾਰਤਿ। ਭੂਤ ਪ੍ਰੇਤ ਆਦਿਕ ਸਭਿ ਹਾਰਤਿ।
ਇਸ ਆਗੇ ਅਟਕਤਿ ਕਿਛੁ ਨਾਂਹੀ। ਅਤਿ ਬਲਿ ਤੀਨ ਲੋਕ ਕੇ ਮਾਂਹੀ॥੮॥

ਸਾਰੇ ਕਸ਼ਟਾਂ ਨੂੰ ਉਹ ਦੂਰ ਕਰਦਾ ਹੈ, ਭੂਤ ਪ੍ਰੇਤ ਆਦਿ ਸਾਰੇ ਹਾਰ ਜਾਂਦੇ ਹਨ। ਇਸ ਦੇ ਅੱਗੇ ਕੋਈ ਵੀ ਅਟਕਦਾ ਨਹੀਂ ਹੈ। ਇਸ ਦੀ ਤਿੰਨਾਂ ਲੋਕਾਂ ਵਿਚ ਬੜੀ ਵੱਡੀ ਸ਼ਕਤੀ ਹੈ॥੮॥

ਦੁਖ ਕਾਟਤਿ ਅਰੁ ਇੱਛਾ ਪੂਰਹਿ। ਜਗ ਕੇ ਬਿਘਨ ਅਗਨਿ ਕਹੁ ਚੂਰਹਿ।
ਅਬਿ ਕਲਜੁਗ ਕੇ ਸਮੇਂ ਮਝਾਰ। ਇਸ ਕੀ ਸਮ ਨਹਿਂ ਅਪਰ ਉਦਾਰ॥੯॥

ਦੁੱਖ ਕਟਦਾ ਹੈ ਅਤੇ ਇੱਛਾ ਪੂਰੀਆਂ ਕਰਦਾ ਹੈ ਤੇ ਜਗਤ ਦੇ ਅਣਗਿਣਤ ਵਿਘਨਾਂ ਨੂੰ ਖ਼ਤਮ ਕਰ ਦਿੰਦਾ ਹੈ। ਹੁਣ ਕਲਜੁਗ ਦੇ ਸਮੇਂ ਵਿਚ, ਇਸ ਦੇ ਬਰਾਬਰ ਕੋਈ ਹੋਰ ਉੱਤਮ ਨਹੀਂ ਹੈ॥੯॥

ਯਾਂਤੇ ਜਲ ਅਬਿ ਤੁਰਤ ਮੰਗਾਵਹੁ। ਹਮ ਪਠਿ ਦੈ ਹੈਂ, ਤਹਾਂ ਪੁਚਾਵਹੁ।
ਤਤਛਿਨ ਤਿਹ ਪ੍ਰਸੂਤ ਹੁਇ ਜਾਇ। ਸੁਖ ਉਪਜੈ ਦੁਖ ਸਕਲ ਬਿਲਾਇ॥੧੦॥

ਇਸ ਕਰਕੇ ਹੁਣ ਜਲ ਤੁਰਤ ਮੰਗਾਵੋ, ਅਸੀਂ ਜਪੁਜੀ ਸਾਹਿਬ ਦਾ ਪਾਠ ਪੜ੍ਹ ਦਿੰਦੇ ਹਾਂ ਤੇ ਫਿਰ ਉਸ ਜਲ ਨੂੰ ਉਥੇ ਪਹੁੰਚਾ ਦੇਵੋ। ਤੁਰਤ ਪ੍ਰਸੂਤ ਦੀਆਂ ਪੀੜਾਂ ਦੂਰ ਹੋ ਜਾਣਗੀਆਂ, ਸੁੱਖ ਪ੍ਰਾਪਤ ਹੋਵੇਗਾ ਤੇ ਸਾਰੇ ਦੁੱਖ ਦੂਰ ਹੋ ਜਾਣਗੇ॥੧੦॥

ਸੁਨਤਿ ਸ਼ਾਹੁ ਨੇ ਨੀਰ ਮੰਗਾਵਾ। ਗੁਰ ਸੁਤ ਕੇ ਤਹਿਂ ਨਿਕਟਿ ਰਖਾਵਾ।
ਜਪੁਜੀ ਪਾਠ ਸੰਪੂਰਨ ਕੀਨਿ। ਪੁਨ ਜਲ ਅੰਤਰ ਕੋ ਪਠਿ ਦੀਨ॥੧੧॥

ਇਹ ਸੁਣ ਕੇ ਬਾਦਸ਼ਾਹ ਨੇ ਜਲ ਮੰਗਵਾਇਆ ਤੇ ਗੁਰੂ-ਪੁੱਤਰ ਦੇ ਪਾਸ ਰੱਖ ਦਿੱਤਾ। ਉਨ੍ਹਾਂ ਜਪੁਜੀ ਸਾਹਿਬ ਦਾ ਸੰਪੂਰਣ ਪਾਠ ਕੀਤਾ। ਫਿਰ ਜਲ ਮਹਿਲਾਂ ਅੰਦਰ ਭੇਜ ਦਿੱਤਾ॥੧੧॥

ਬੇਗਮ ਕੇ ਮੁਖ ਮੈਂ ਜਬਿ ਪਾਯੋ। ਤੁਰਤ ਪ੍ਰਸੂਤ ਭਯੋ ਸੁਤ ਆਯੋ।
ਭਈ ਸ਼ਾਂਤਿ ਸਭਿ ਅੰਤਹਿਪੁਰ ਮੈਂ। ਬਜੀ ਬਧਾਈ ਨੌਰੰਗ ਘਰ ਮੈਂ॥੧੨॥

ਬੇਗਮ ਦੇ ਮੂੰਹ ਵਿਚ ਜਦ ਜਲ ਪਾਇਆ, ਤੁਰਤ ਪ੍ਰਸੂਤ ਦੀਆਂ ਪੀੜਾਂ ਦੂਰ ਹੋਈਆਂ ਤੇ ਪੁੱਤਰ ਨੇ ਜਨਮ ਲਿਆ। ਮਹਿਲਾਂ ਅੰਦਰ ਪੂਰਣ ਸ਼ਾਂਤੀ ਹੋ ਗਈ ਤੇ ਨੌਰੰਗੇ ਦੇ ਘਰ ਵਿਚ ਵਧਾਈਆਂ ਵੱਜ ਉਠੀਆਂ॥੧੨॥

ਰਾਖਯੋ ਨਾਮ ਬਹਾਦਰ ਸ਼ਾਹੂ। ਸਭਿ ਪ੍ਰਕਾਰ ਕੋ ਕਰਯੋ ਉਛਾਹੂ।
ਜਬਿ ਸਤਿਗੁਰ ਦਸਮੇ ਪਤਿਸ਼ਾਹੂ। ਤਿਨ ਸੌਂ ਮਿਲਯੋ ਰਹਯੋ ਕਰਿ ਚਾਹੂ॥੧੩॥

ਬੱਚੇ ਦਾ ਨਾਂ ਬਹਾਦਰ ਸ਼ਾਹ ਰਖਿਆ ਤੇ ਸਭ ਪ੍ਰਕਾਰ ਦਾ ਉਤਸ਼ਾਹ ਕੀਤਾ। ਜਦ ਸਤਿਗੁਰੂ ਦਸਵੇਂ ਪਾਤਸ਼ਾਹ ਜੀ ਹੋਏ ਤਾਂ ਉਹ ਬੜੀ ਚਾਹ ਨਾਲ ਉਨ੍ਹਾਂ ਦੇ ਨਾਲ ਮਿਲਿਆ ਰਿਹਾ॥੧੩॥

ਜਪੁਜੀ ਪਠੇ ਜਨਮ ਜਿਸ ਹੋਇ। ਯਾਂਤੇ ਮਿਲਯੋ ਸਾਥ ਗੁਰ ਸੋਇ।
ਤਾਰਾ ਆਜ਼ਮ ਪੁੱਤ੍ਰ ਬਿਸਾਲ। ਸੋ ਮਾਰਯੋ ਸਤਿਗੁਰ ਸਰ ਨਾਲ॥੧੪॥

ਜਿਸ ਦਾ ਜਪੁਜੀ ਸਾਹਿਬ ਪੜ੍ਹਨ ਨਾਲ ਜਨਮ ਹੋਇਆ, ਇਸ ਕਰਕੇ ਉਹ ਗੁਰੂ ਜੀ ਨਾਲ ਮਿਲਿਆ ਰਿਹਾ। ਤਾਰਾ ਆਜ਼ਮ ਵੱਡਾ ਪੁੱਤਰ ਸੀ, ਉਸ ਨੂੰ ਗੁਰੂ ਜੀ ਨੇ ਆਪਣੇ ਤੀਰ ਨਾਲ ਮਾਰਿਆ ਸੀ॥੧੪॥

ਪਤਿਸ਼ਾਹਿਤ ਅਰੁ ਸਕਲ ਸਮਾਜਾ। ਇਸ ਕੋ ਬਖ਼ਸ਼ਯੋ ਗੁਰੁ ਮਹਾਂਰਾਜਾ।
ਜਪੁਜੀ ਹੀ ਕਾਰਨ ਇਸ ਕੇਰ। ਸ਼ਰਨ ਤਕੀ ਸਤਿਗੁਰ ਕੀ ਫੇਰ॥੧੫॥

ਬਾਦਸ਼ਾਹੀ ਅਤੇ ਸਾਰਾ ਸਮਾਜ, ਗੁਰੂ ਮਹਾਰਾਜ ਨੇ ਇਸ ਨੂੰ ਬਖ਼ਸ਼ਿਆ। ਇਸ ਦਾ ਜਪੁਜੀ ਸਾਹਿਬ ਹੀ ਕਾਰਨ ਸੀ ਕਿ ਉਸ ਨੇ ਦੁਬਾਰਾ ਸਤਿਗੁਰੂ ਜੀ ਦੀ ਸ਼ਰਨ ਤੱਕੀ॥੧੫॥

ਸੁਨੀ ਬਾਤ ਬੇਗਮ ਨੇ ਸਾਰੀ। ਬਹੁ ਧਨ ਪਠਿ ਕੈ ਬਿਨੈ ਉਚਾਰੀ।
ਸਤਿਗੁਰ ਸੁਤ ਕੋ ਮਾਨਤਿ ਰਹੀ। ਮਹਿੰਮਾ ਅਧਿਕ ਸਭਿਨਿ ਤੇ ਲਹੀ॥੧੬॥

ਬੇਗਮ ਨੇ ਸਾਰੀ ਗੱਲ ਸੁਣੀ ਤੇ ਬਹੁਤ ਧਨ ਭੇਜ ਕੇ ਬੇਨਤੀ ਕੀਤੀ। ਫਿਰ ਸਤਿਗੁਰੂ ਜੀ ਦੇ ਪੁੱਤਰ ਨੂੰ ਮੰਨਦੀ ਰਹੀ। ਸਾਰਿਆਂ ਪਾਸੋਂ ਉਸ ਦੀ ਵੱਡੀ ਮਹਿਮਾਂ ਬਾਰੇ ਜਾਣਿਆ॥੧੬॥

ਕਿਤਿਕ ਦਿਵਸ ਇਮ ਬਹੁਰ ਬਿਤਾਏ। ਇਕ ਦਿਨ ਸਭਾ ਬਿਖੈ ਚਲਿ ਆਏ।
ਨੌਰੰਗ ਸ਼ਾਹੁ ਹਰਖ ਉਰ ਹੋਵਾ। ਮੱਲਜਨਿ ਕੀ ਕੁਸ਼ਤੀ ਕਹੁ ਜੋਵਾ॥ ੧੭॥

ਕਈ ਦਿਨ ਇਸ ਤਰ੍ਹਾਂ ਫਿਰ ਬਤੀਤ ਕੀਤੇ। ਇਕ ਦਿਨ ਸਭਾ ਵਿਚ ਚਲ ਕੇ ਆਏ। ਨੌਰੰਗਾ ਬਾਦਸ਼ਾਹ ਅੱਜ ਹਿਰਦੇ ਵਿਚ ਬਹੁਤ ਪ੍ਰਸੰਨ ਸੀ, ਇਸ ਲਈ ਪਹਿਲਵਾਨਾਂ ਦੀ ਕੁਸ਼ਤੀ ਵੇਖਣ ਲੱਗਾ ਸੀ॥੧੭॥

ਉਜਬਕਿ ਕਿਸੂ ਬਲਾਇਤ ਕੇਰਾ। ਖਾਇ ਬਹੁਤ ਅਰੁ ਓਜ ਘਨੇਰਾ।
ਨਹਿਂ ਮਤਿ ਕਛੁ ਕਰਿਬੇ ਬਿਵਹਾਰੂ। ਰਹੈ ਸੁਪਤਿ ਬਹੁ ਪਾਇ ਅਹਾਰੂ॥ ੧੮॥

ਇਕ ਉਜ਼ਬਕ ਪਹਿਲਵਾਨ ਕਿਸੇ ਵਿਦੇਸ਼ੀ ਦੇਸ਼ ਦਾ ਰਹਿਣ ਵਾਲਾ ਸੀ। ਉਹ ਬਹੁਤ ਖਾਂਦਾ ਸੀ, ਇਸ ਕਰਕੇ ਉਸ ਵਿਚ ਬਹੁਤ ਸ਼ਕਤੀ ਸੀ। ਬੁਧੀਵਾਨ ਨਹੀਂ ਸੀ ਤਾਂ ਹੀ ਕੁਝ ਕੰਮ ਕਾਜ ਨਹੀਂ ਕਰਦਾ ਸੀ, ਬਹੁਤ ਭੋਜਨ ਖਾ ਕੇ ਸੁੱਤਾ ਹੀ ਰਹਿੰਦਾ ਸੀ॥੧੮॥

*ਨੋਟ : ਉਜ਼ਬਕਿ ਤੁਰਕਾਂ ਦੀ ਇਕ ਕੌਮ ਦਾ ਨਾਮ ਹੈ। ਇਸ ਪਹਿਲਵਾਨ ਨੂੰ ਉਸ ਕੌਮ ਵਿਚੋਂ ਹੋਣ ਕਰਕੇ ਉਜ਼ਬਕਿ ਹੀ ਕਹਿੰਦੇ ਸਨ, ਪਰ ਕਈ ਵਿਦਵਾਨ ਉਜ਼ਬਕਿ ਨੂੰ ਪਹਿਲਵਾਨ ਦਾ ਨਾਮ ਵੀ ਸਮਝਦੇ ਹਨ।*

ਜਬਿ ਕੁਸ਼ਤੀ ਕਰਨੀ ਕਿਹ ਸਾਥ। ਨਿਕਟਿ ਹਕਾਰਹਿ ਦਿੱਲੀ ਨਾਥ।
ਤਿਸ ਕੋ ਦੇਖਤਿ ਬਾਕ ਬਖਾਨਾ। 'ਸੁਨਹੁ ਗੁਰੂ ਸੁਤ ਇਹ ਬਲਵਾਨਾ॥ ੧੯॥

ਜਦ ਕਿਸੇ ਨਾਲ ਕੁਸ਼ਤੀ ਲੜਨ ਵਾਸਤੇ ਬਾਦਸ਼ਾਹ ਨੇ ਉਸ ਨੂੰ ਆਪਣੇ ਪਾਸ ਬੁਲਾਇਆ ਤਾਂ ਉਸ ਦੇ ਸਰੀਰ ਨੂੰ ਵੇਖ ਕੇ ਬਾਦਸ਼ਾਹ ਨੇ ਕਿਹਾ, "ਹੇ ਗੁਰੂ-ਪੁੱਤਰ! ਸੁਣੋ, ਇਹ ਵੱਡਾ ਬਲਵਾਨ ਹੈ॥੧੯॥

ਨਹਿਨ ਬਲਾਇਤ ਇਸ ਮਹਿਂ ਐਸੋ। ਕਰਹਿ ਜੁੱਧ ਕੁਸ਼ਤੀ ਕਹੁ ਜੈਸੋ।
ਇਸ ਕੇ ਆਗੇ ਅਰਹਿ ਨ ਕੋਈ। ਦੇਖਤਿ ਹੀ ਤਰਾਸ ਉਰ ਹੋਈ॥ ੨੦॥

ਸਾਡੇ ਦੇਸ਼ ਵਿਚ ਕੋਈ ਐਸਾ ਪਹਿਲਵਾਨ ਨਹੀਂ ਹੈ, ਜਿਹੜਾ ਇਸ ਨਾਲ ਕੁਸ਼ਤੀ ਯੁੱਧ ਕਰ ਸਕੇ। ਇਸ ਦੇ ਅੱਗੇ ਕੋਈ ਵੀ ਅੜ ਨਹੀਂ ਸਕਦਾ, ਵੇਖਦਿਆਂ ਹੀ ਦਿਲ ਵਿਚ ਡਰ ਜਾਵੇ॥੨੦॥

ਅਸ ਨਰ ਤਨ ਦੀਰਘ ਬਲਵਾਨਾ। ਤੁਮ ਨੇ ਭੀ ਦੇਖਜੋ ਕਿਸ ਥਾਨਾ?'।
ਸੁਨਿ ਸ਼੍ਰੀ ਰਾਮਰਾਇ ਬਚ ਭਾਖਾ। 'ਹਮ ਨੇ ਇਕ ਚਮਾਰ ਅਸ ਰਾਖਾ॥ ੨੧॥

ਐਸਾ ਮਨੁੱਖ ਜਿਸਦਾ ਏਡਾ ਵੱਡਾ ਸਰੀਰ ਹੋਵੇ ਤੇ ਏਨਾ ਬਲਵਾਨ ਹੋਵੇ, ਤੁਸਾਂ ਐਸੇ ਪਹਿਲਵਾਨ ਨੂੰ ਕਿਸੇ ਥਾਂ ਵੇਖਿਆ ਹੈ?" ਇਹ ਸੁਣ ਕੇ ਸ੍ਰੀ ਰਾਮਰਾਇ ਨੇ ਬਚਨ ਕੀਤਾ, "ਅਸੀਂ ਵੀ ਇਕ ਅਜਿਹਾ ਨੌਕਰ ਰੱਖਿਆ ਹੈ॥੨੧॥

ਕੁਸ਼ਤੀ ਕਰਤਿ ਨ ਤਜਾਰੈ ਕਾਹੂ। ਤਰੈ ਗਿਰਾਵੈ ਬਹੁ ਬਲ ਜਾਂਹੂ।
ਸੁਨਿ ਨੌਰੰਗ ਨਹਿਂ ਮਾਨਹਿਂ ਬਾਤੀ। 'ਇਸ ਕੇ ਸਮ ਕਿਮ ਹੁਇ ਬੱਖਜਾਤੀ॥੨੨॥

ਐਸੀ ਕੁਸ਼ਤੀ ਕਰਦਾ ਹੈ ਕਿ ਕਿਸੇ ਨੂੰ ਛੱਡਦਾ ਨਹੀਂ। ਜਿਸ ਵਿਚ ਵੀ ਬਹੁਤ ਸ਼ਕਤੀ ਹੋਵੇ, ਉਸ ਨੂੰ ਵੀ ਹੇਠਾਂ ਸੁੱਟ ਲੈਂਦਾ ਹੈ।" ਇਹ ਸੁਣ ਕੇ ਨੌਰੰਗਾ ਗੱਲ ਨੂੰ ਨਾ ਮੰਨਿਆ ਤੇ ਬੋਲਿਆ, "ਇਸ ਦੇ ਬਰਾਬਰ ਕਿਵੇਂ ਕੋਈ ਪਰਗਟ ਰੂਪ ਵਿਚ ਹੋ ਸਕਦਾ ਹੈ॥੨੨॥

ਦੇਖਤਿ ਦੇਹਿ ਪਲਾਵੈ ਸੋਇ। ਸਨਮੁਖ ਭਏ ਸਧੀਰ ਨ ਹੋਇ'।
ਇਮ ਨੌਰੰਗ ਨੇ ਜਬਿ ਹੀ ਕਹਜੋ। ਗੁਰ ਸੁਤ ਨੇ ਨਿਜ ਨਰ ਦਿਸ਼ਿ ਚਹਜੋ॥੨੩॥

ਇਸ ਦਾ ਸਰੀਰ ਵੇਖ ਕੇ ਹੀ ਉਹ ਭੱਜ ਜਾਵੇਗਾ। ਸਾਹਮਣੇ ਹੋ ਕੇ ਧੀਰਜ ਖੋਹ ਬੈਠੇਗਾ।" ਜਦ ਨੌਰੰਗੇ ਨੇ ਇਸ ਤਰ੍ਹਾਂ ਕਿਹਾ ਤਾਂ ਗੁਰੂ-ਪੁੱਤਰ ਨੇ ਆਪਣੇ ਮਨੁੱਖਾਂ ਵਾਲੇ ਪਾਸੇ ਵੇਖਿਆ॥੨੩॥

ਕਰਜੋ ਹਕਾਰਨਿ ਤਤਛਿਨ ਆਵਾ। ਤਿਸੈ ਬਿਲੋਕ ਸ਼ਾਹੁ ਬਿਕਸਾਵਾ।
'ਉਜ਼ਬਕ ਕਹਾਂ ਸੁ ਕਹਾਂ ਚਮਾਰ। ਪੀਸਹਿ ਅੰਗ ਦਾਬਿ ਦੇ ਮਾਰਿ॥ ੨੪॥

ਜਦ ਉਸ ਨੂੰ ਬੁਲਾਇਆ ਤਾਂ ਉਹ ਤੁਰਤ ਆ ਗਿਆ। ਉਸ ਨੂੰ ਵੇਖ ਕੇ ਬਾਦਸ਼ਾਹ ਬਹੁਤ ਹੱਸਿਆ ਤੇ ਕਿਹਾ, "ਉਜ਼ਬਕ ਪਹਿਵਾਨ ਕਿਥੇ, ਤੇ ਕਿਥੇ ਤੁਹਾਡਾ ਇਹ ਗਵਾਰ ਪਹਿਲਵਾਨ। ਉਹ ਇਸ ਦੇ ਅੰਗ ਪੀਹ ਦੇਵੇਗਾ ਤੇ ਦੱਬ ਕੇ ਮਾਰ ਦੇਵੇਗਾ॥੨੪॥

ਕਜੋਂ ਇਸ ਕੇ ਤੁਮ ਪ੍ਰਾਨ ਗਵਾਵਹੁ। ਅਧਿਕ ਬਲੀ ਕੇ ਸੰਗ ਭਿਰਾਵਉ।
ਮੱਲਜ ਦੇਸ਼ ਪਰਦੇਸ਼ਨਿ ਕੇਰੇ। ਕਿਤਿਕ ਦਰੇ ਕੇਤਿਕ ਹਤਿ ਗੇਰੇ॥ ੨੫॥

ਤੁਸੀਂ ਇਸ ਦੇ ਪ੍ਰਾਣ ਕਿਉਂ ਗਵਾਉਣਾ ਚਾਹੁੰਦੇ ਹੋ, ਵੱਡੇ ਸ਼ਕਤੀਸ਼ਾਲੀ ਪਹਿਲਵਾਨ ਦੇ ਨਾਲ ਘੋਲ ਕਰਵਾਉਣਾ ਚਾਹੁੰਦੇ ਹੋ। ਇਸ ਪਹਿਲਵਾਨ ਨੇ ਦੇਸ਼ਾਂ ਪਰਦੇਸ਼ਾਂ ਵਿਚ ਕਈ ਪਹਿਲਵਾਨਾਂ ਨੂੰ ਦਰੜਿਆ ਹੈ ਤੇ ਕਈਆਂ ਨੂੰ ਮਾਰ ਕੇ ਸੁੱਟ ਦਿੱਤਾ ਹੈ॥੨੫॥

ਇਹ ਸਭਿ ਦੇਸਨਿ ਬਿਦਤਿ ਬਿਸਾਲ। ਕੌਨ ਅਰਹਿ ਨਰ ਇਸ ਕੇ ਨਾਲ'।
ਸੁਨਿ ਸ੍ਰੀ ਰਾਮਰਾਇ ਬਚ ਕਰੇ। 'ਦੋਨਹੁ ਅਬਿ ਹਾਜ਼ਰ ਸਤਿ ਅਹੇ॥ ੨੬॥

ਇਹ ਸਾਰੇ ਦੇਸ਼ਾਂ ਵਿਚ ਬਹੁਤ ਮਸ਼ਹੂਰ ਹੈ। ਇਸ ਦੇ ਨਾਲ ਕਿਹੜਾ ਮਨੁੱਖ ਅੜ ਸਕਦਾ ਹੈ।" ਇਹ ਸੁਣ ਕੇ ਸ੍ਰੀ ਰਾਮ ਰਾਇ ਨੇ ਬਚਨ ਕੀਤੇ, "ਦੋਵੇਂ ਹੁਣ ਹਾਜ਼ਰ ਹਨ ਇਹ ਸਚਾਈ ਹੈ॥੨੬॥

ਦੇਖਿ ਲੇਹੁ ਪਤੀਆਵਨਿ ਕਰਿਹੁ। ਪੂਰਬ ਕਹਾਂ ਭਰੋਸਾ ਧਰਿਹੁ।
ਸਭਿਨਿ ਦੇਖਤੇ ਕੁਸ਼ਤੀ ਕਰੈਂ। ਕੋ ਊਪਰ ਕੋ ਹੋਵਹਿ ਤਰੈ॥ ੨੭॥

ਪਰਖ ਕਰਕੇ ਵੇਖ ਲਵੋ, ਪਹਿਲਾਂ ਕਿਵੇਂ ਭਰੋਸਾ ਧਾਰਨ ਕਰਦੇ ਹੋ। ਸਾਰਿਆਂ ਦੇ ਵੇਖਦਿਆਂ ਕੁਸ਼ਤੀ ਕਰਨਗੇ, ਕੋਈ ਉਪਰ ਹੋਵੇਗਾ ਤੇ ਕੋਈ ਥੱਲੇ ਹੋਵੇਗਾ॥੨੭॥

ਜੇ ਕਰਿ ਮਿਲਿ ਮੁਕਾਬਲੇ ਦੋਇ। ਕਹਿਬੋ ਸੁਨਿਬੋ ਕਜਾ ਤਿਨ ਹੋਇ।
ਉਜ਼ਬਕ ਕੋ ਨਿਜ ਹੁਕਮ ਕਰੀਜੈ। ਕੁਸ਼ਤੀ ਰਚੈਂ ਹੇਰਿ ਅਬਿ ਲੀਜੈ'॥ ੨੮॥

ਜੇ ਹੁਣ ਦੋਵਾਂ ਦਾ ਮਿਲ ਕੇ ਮੁਕਾਬਲਾ ਹੋਣਾ ਹੈ, ਫਿਰ ਇਨ੍ਹਾਂ ਬਾਰੇ ਕਹਿਣਾ ਸੁਣਨਾ ਕੀ ਹੈ ? ਉਜ਼ਬਕ ਪਹਿਲਵਾਨ ਨੂੰ ਆਪਣਾ ਹੁਕਮ ਕਰੋ, ਕੁਸ਼ਤੀ ਲੜਨ ਤੇ ਹੁਣੇ ਤੁਸੀਂ ਮੁਕਾਬਲਾ ਵੇਖ ਲਵੋ"॥੨੮॥

ਆਇਸੁ ਜਬਹਿ ਸ਼ਾਹੁ ਨੇ ਦੀਨਿ। ਦੁਹਿਦਿਸ਼ਿ ਦੰਡ ਬਜਾਵਨਿ ਕੀਨਿ।
ਮਹਾਂ ਕੁਰੂਪ ਓਜ ਮਹਿਂ ਭਰੇ। ਮਿਲੇ ਪਰਸਪਰ ਕੁਸ਼ਤੀ ਕਰੇ॥ ੨੯॥

ਜਦ ਬਾਦਸ਼ਾਹ ਨੇ ਉਸ ਉਜ਼ਬਕ ਪਹਿਲਵਾਨ ਨੂੰ ਆਗਿਆ ਦਿੱਤੀ ਤਾਂ ਦੋਵੇਂ ਪਾਸੇ ਦੋਵੇਂ ਪਹਿਲਵਾਨ ਆਪਣੇ ਪਟਾਂ 'ਤੇ ਹੱਥ ਮਾਰਨ ਲੱਗੇ। ਮਹਾਂ ਵਿਕਰਾਲ ਸ਼ਕਤੀ ਨਾਲ ਭਰੇ, ਆਪਸ ਵਿਚ ਮਿਲ ਕੇ ਕੁਸ਼ਤੀ ਕਰਨ ਲੱਗੇ॥੨੯॥

ਆਪਸ ਮਹਿ ਕਹਿ ਕਹਿ ਬਹੁ ਦਾਵ। ਭਿਰਹਿਂ ਦਿਖਾਵਹਿਂ ਰਚਹਿਂ ਉਪਾਵ।
ਅੰਗਨਿ ਪਰ ਅੰਗਨਿ ਕੋ ਮਾਰਹਿਂ। ਭਰਿ ਭਰਿ ਕੌਰੀ ਪਾਇ ਪਸਾਰਹਿਂ॥ ੩੦॥

ਆਪਸ ਵਿਚ ਕਹਿ ਕਹਿ ਬਹੁਤ ਦਾਅ ਲਾ ਕੇ ਭਿੜਦੇ ਸਨ ਤੇ ਕਈ ਉਪਾਅ ਰਚ ਕੇ ਵਿਖਾਉਂਦੇ ਸਨ। ਅੰਗਾਂ ਉੱਤੇ ਅੰਗਾਂ ਨੂੰ ਮਾਰਦੇ ਸਨ ਤੇ ਕਲਾਵੇ ਭਰ ਭਰ ਪੈਰ ਪਸਾਰਦੇ ਸਨ॥੩੦॥

ਕੁਸ਼ਤੀ ਬਹੁਤ ਕਾਲ ਦਿਖਲਾਈ। ਪੁਨ ਉਜ਼ਬਕ ਕਉ ਦੀਨਿ ਗਿਰਾਈ।
ਤਰੇ ਡਾਰਿ ਪੀਸੇ ਤਿਸ ਅੰਗ। ਬਜਾਕੁਲ ਕਰਜੋ ਬਹੁਤ ਬਲ ਭੰਗ॥ ੩੧॥

ਬਹੁਤ ਦੇਰ ਤਕ ਕੁਸ਼ਤੀ ਵਿਖਾਈ, ਫਿਰ ਉਜ਼ਬਕ ਨੂੰ ਡੇਗ ਦਿੱਤਾ ਤੇ ਥੱਲੇ ਸੁੱਟ ਕੇ ਉਸ ਦੇ ਅੰਗਾਂ ਨੂੰ ਰਗੜਾ ਲਾਇਆ ਤੇ ਵਿਆਕੁਲ ਕਰਕੇ ਉਸ ਦੇ ਬਲ ਨੂੰ ਭੰਗ ਕਰ ਦਿੱਤਾ॥੩੧॥

ਸ਼ਾਹੁ ਮੱਲ ਕਹੁ ਤਰੇ ਗਿਰਾਵਾ। ਸਭਿਨਿ ਅਚੰਭਾ ਕਰਿ ਦਿਖਰਾਵਾ।
ਕਿਤ ਚਮਾਰ ਕਿਤ ਉਜ਼ਬਕ ਦੇਹੁ। ਦੁਗਨ ਤਿਗੁਨ ਬਲ ਦੀਰਘ ਦੇਹੁ॥੩੨॥

ਬਾਦਸ਼ਾਹ ਦੇ ਪਹਿਲਵਾਨ ਨੂੰ ਥੱਲੇ ਡੇਗ ਕੇ ਸਾਰਿਆਂ ਨੂੰ ਅਚੰਭਾ ਕਰਕੇ ਵਿਖਾ ਦਿੱਤਾ। ਕਿਥੇ ਇਕ ਗਵਾਰ ਤੇ ਕਿਥੇ ਇਹ ਉਜ਼ਬਕ, ਦੁਗਣਾ, ਤਿੰਨ ਗੁਣਾਂ ਬਲ ਤੇ ਐਡਾ ਵੱਡਾ ਸਰੀਰ ਧਾਰਨ ਕੀਤਾ ਹੈ॥੩੨॥

ਕਹੇ ਸ਼ਾਹਿ 'ਅਜ਼ਮਤ ਕਰਿ ਡਾਰਾ। ਨਿਜ ਅਸ ਸੇਵਕ ਦਿਯ ਬਲ ਭਾਰਾ।
ਤਉ ਉਜ਼ਬਕ ਕੋ ਕਹਾਂ ਬਸਾਵੈ। ਨਰ ਪ੍ਰਾਕ੍ਰਮਿ ਇਹ ਤਰੈ ਗਿਰਾਵੈ॥ ੩੩॥

ਬਾਦਸ਼ਾਹ ਕਹਿਣ ਲੱਗਾ, "ਇਹ ਕਰਾਮਾਤ ਕਰਕੇ ਸੁਟਿਆ ਹੈ, ਆਪਣੇ ਸੇਵਕ ਨੂੰ ਇਸ ਤਰ੍ਹਾਂ ਭਾਰੀ ਬਲ ਦਿੱਤਾ ਹੈ। ਫਿਰ ਵੀ ਉਜ਼ਬਕ ਨੂੰ ਕੌਣ ਵਸ ਕਰ ਸਕਦਾ ਹੈ ਆਪਣਾ ਉੱਦਮ ਕਰਕੇ ਇਹ ਮਨੁੱਖਾਂ ਨੂੰ ਥਲੇ ਡੇਗ ਲੈਂਦਾ ਹੈ॥੩੩॥

ਦੇਸ਼ ਬਿਦੇਸ਼ਨਿ ਕੇ ਬਲਵਾਨ। ਭਿਰੇ ਆਇ, ਕਰਿ ਦੀਨੇ ਹਾਨਿ।
ਇਸ ਕਉ ਜੀਤ ਨ ਗਮਨਜੇ ਕੋਊ। ਦੇਖਤਿ ਤ੍ਰਾਸ ਉਪਾਵਤਿ ਸੋਊ॥ ੩੪॥

ਦੇਸ਼ਾਂ ਵਿਦੇਸ਼ਾਂ ਦੇ ਬਲਵਾਨ ਪਹਿਲਵਾਨ ਜਿਹੜੇ ਵੀ ਇਸ ਨਾਲ ਆ ਕੇ ਭਿੜੇ ਹਨ, ਉਨ੍ਹਾਂ ਸਭ ਨੂੰ ਇਸ ਨੇ ਮਲੀਆਮੇਟ ਕਰ ਦਿੱਤਾ ਹੈ। ਇਸ ਨੂੰ ਜਿੱਤ ਕੇ ਕੋਈ ਨਹੀਂ ਗਿਆ ਹੈ, ਵੇਖ ਕੇ ਹੀ ਸਾਰੇ ਡਰ ਜਾਂਦੇ ਹਨ॥੩੪॥

ਤੁਮ ਤੁਰੰਗ ਕੇ ਦਾਸ ਮਹਾਨਾ। ਅਜ਼ਮਤ ਤੇ ਹੋਯਹੁ ਬਲਵਾਨਾ'।
ਹੇਰਿ ਹੇਰਿ ਅਚਰਜ ਉਰ ਪਾਵਾ। ਕੌਨ ਕਰਹਿ ਇਸ ਕੇ ਸੰਗ ਦਾਵਾ॥ ੩੫॥

ਤੁਹਾਡੇ ਘੋੜਿਆਂ ਦਾ ਇਹ ਵੱਡਾ ਦਾਸ ਹੈ, ਕਰਾਮਾਤ ਪਾ ਕੇ ਬਲਵਾਨ ਹੋ ਗਿਆ ਹੈ।" ਵੇਖ-ਵੇਖ ਕੇ ਹਿਰਦੇ ਵਿਚ ਬੜੀ ਅਸਚਰਜਤਾ ਪਾਈ, ਇਸ ਨਾਲ ਲੜਨ ਦਾ ਕੌਣ ਦਾਅਵਾ ਕਰ ਸਕਦਾ ਹੈ॥੩੫॥

ਅਜ਼ਮਤ ਮਹਿ ਪੂਰਨ ਗੁਰ ਘਰ ਹੈ। ਕੋ ਨਹਿ ਦਿਖੀਅਤਿ ਇਨ ਸਮਸਰ ਹੈ।
ਤਬਿ ਸ੍ਰੀ ਰਾਮਰਾਇ ਚਲਿ ਆਏ। ਸ਼ਾਹ ਮੱਲ ਸਗਰੇ ਪਛੁਤਾਏ॥ ੩੬॥

ਗੁਰੂ ਘਰ ਕਰਾਮਾਤ ਵਿਚ ਪੂਰਨ ਹੈ, ਇਨ੍ਹਾਂ ਦੇ ਬਰਾਬਰ ਕਿਸੇ ਨੂੰ ਨਹੀਂ ਵੇਖਿਆ ਹੈ। ਤਦ ਸ੍ਰੀ ਰਾਮਰਾਇ ਜੀ ਚਲ ਕੇ ਆ ਗਏ, ਬਾਦਸ਼ਾਹ ਦੇ ਸਾਰੇ ਪਹਿਲਵਾਨ ਬਹੁਤ ਪਛੁਤਾਏ॥੩੬॥

'ਓਜ ਦਰਬ ਤੇ ਰੰਕ ਚਮਾਰ। ਤਿਸ ਕੁਸ਼ਤੀ ਕਰਿ ਹਮ ਗੇ ਹਾਰ।
ਅਪਰ ਲੋਕ ਸਭਿ ਕਰਹਿਂ ਧਿਕਾਰੀ। ਕਹਾ ਤੁਮ ਕੋ ਹੋਯੋ ਇਸ ਬਾਰੀ' ॥ ੩੭॥

'ਸ਼ਕਤੀ ਤੇ ਧਨ ਵਿਚ ਇਹ ਗ਼ਰੀਬ ਗਵਾਰ ਕੰਗਾਲ ਸੀ, ਉਸ ਨਾਲ ਕੁਸ਼ਤੀ ਕਰਕੇ ਅਸੀਂ ਹਾਰ ਗਏ ਹਾਂ। ਹੋਰ ਲੋਕ ਸਾਰੇ ਸਾਨੂੰ ਧਿਰਕਾਰਨਗੇ, ਤੁਹਾਨੂੰ ਇਸ ਵਾਰ ਕੀ ਹੋ ਗਿਆ ਹੈ ?" ॥੩੭॥

ਕਰਹਿਂ ਸੁਜਸੁ ਸਗਰੇ ਪੁਰਿ ਮਾਂਹੀ। ਅਨਿਕ ਉਪਾਇਨ ਕਹੁ ਅਰਪਾਹੀਂ।
ਸ਼ਾਹੁ ਪਠੈ ਫਲ ਫੂਲ ਬਿਸਾਲਾ। ਮੇਵਨਿ ਕੀ ਡਾਲੀ ਸਭਿ ਕਾਲਾ॥ ੩੮॥

ਸ੍ਰੀ ਰਾਮਰਾਇ ਦਾ ਸਾਰੇ ਨਗਰ ਵਿਚ ਸ੍ਰੇਸ਼ਟ ਜਸ ਕਰਦੇ ਸਨ। ਅਨੇਕਾਂ ਉਪਹਾਰਾਂ ਨੂੰ ਅਰਪਣ ਕਰਦੇ ਸਨ। ਬਾਦਸ਼ਾਹ ਵਿਸ਼ਾਲ ਫਲ ਫੁੱਲ ਭੇਜਦਾ ਸੀ, ਮੇਵਿਆਂ ਦੀ ਡਾਲੀ ਹਰ ਸਮੇਂ ਜਾਂਦੀ ਸੀ॥੩੮॥

ਦੋਹਰਾ- ਸਾਦਰ ਬੋਲਿ ਪਠਾਵਹੀ ਸਾਦਰ ਬਾਕ ਬਿਲਾਸ।
ਕਵਿ ਸੰਤੋਖ ਸਿੰਘ ਦੇਤਿ ਧਨ ਕਰਹਿ ਕਾਜ ਸੁਭ ਰਾਸ॥ ੩੯॥

ਬਾਦਸ਼ਾਹ ਆਦਰ ਨਾਲ ਬੋਲ ਕੇ ਬੁਲਾਉਂਦਾ ਸੀ ਤੇ ਬੜੇ ਆਦਰ ਨਾਲ ਬਚਨ ਬਿਲਾਸ ਕਰਦਾ ਸੀ। ਹੇ ਕਵੀ ਸੰਤੋਖ ਸਿੰਘ! ਬਾਦਸ਼ਾਹ ਧਨ ਦੇ ਕੇ ਆਪਣੇ ਕਾਰਜ ਸੁਭ ਕਰਵਾ ਲੈਂਦਾ ਸੀ॥੩੯॥

*ਨੌਵੀਂ ਰਾਸ ਦਾ ਅਠਤਾਲੀਵਾਂ ਅਧਿਆਇ ਸਮਾਪਤ ਹੋਇਆ॥੪੮॥*

## ਅਧਿਆਇ ਉਣੰਜਵਾਂ

*ਅਲਾਵਦੀਨ ਦੀ ਮੌਤ ਦੱਸੀ, ਸੁਪਨਾ ਸੁਣਾਇਆ, ਬੇੜੀ ਜੋੜੀ, ਸੁਲੇਮਾਨੀ ਸੁਰਮਾ*

ਦੋਹਰਾ- ਇਕ ਦਿਨ ਬੈਠੇ ਸਭਾ ਮਹਿ ਨੰਦਨ ਸ੍ਰੀ ਹਰਿਰਾਇ।
ਅਪਰ ਸਭਾਸਦ ਅਨਿਕ ਤਹਿ ਬੋਲਹਿਂ ਸਹਿਜ ਸੁਭਾਇ॥ ੧॥

ਇਕ ਦਿਨ ਸ੍ਰੀ ਹਰਿਰਾਇ ਜੀ ਦੇ ਪੁੱਤਰ ਸਭਾ ਵਿਚ ਬੈਠੇ ਸਨ, ਉਥੇ ਹੋਰ ਵੀ ਸਭਾ ਦੇ ਅਨੇਕਾ ਮੈਂਬਰ ਜਿਹੜੇ ਬੈਠੇ ਸਨ, ਉਹ ਸਹਿਜ ਸੁਭਾਅ ਬੋਲੇ॥੧॥

ਚੌਪਈ- ਹੁਤੋ ਅਲਾਵਦੀਨ ਬਿਚ ਬੈਸਾ। ਬਾਤਨਿ ਕੋ ਪ੍ਰਸੰਗ ਕੁਛ ਐਸਾ।
ਭਨਹਿ ਸਭਾ ਮਹਿਂ ਸ਼ਾਹੁ ਸੁਨਾਵਤਿ। ਨਿਜ ਉੱਤਮਤਾ ਅਧਿਕ ਜਨਾਵਤਿ॥੨॥

ਇਕ ਅਲਾਵਦੀਨ ਨਾਮੀ ਵਿਅਕਤੀ ਉਨ੍ਹਾਂ ਵਿਚ ਬੈਠਾ ਸੀ। ਗੱਲਾਂ ਬਾਤਾਂ ਦੇ ਕੁਝ ਪ੍ਰਸੰਗ ਹੀ ਐਸੇ ਚਲ ਰਹੇ ਸਨ। ਬਾਦਸ਼ਾਹ ਨੂੰ ਸੁਣਾ ਕੇ ਸਭਾ ਵਿਚ ਕਹਿ ਰਹੇ ਸਨ, ਆਪਣੀ ਉੱਤਮਤਾ ਜ਼ਿਆਦਾ ਪ੍ਰਗਟ ਕਰ ਰਹੇ ਸਨ॥੨॥

ਸਹਿ ਨ ਸਕਯੋ ਗੁਰ ਸੁਤ ਨੇ ਕਹਯੋ। 'ਨਿਜ ਮ੍ਰਿਤੁ ਕੋ ਦਿਨ ਤੈਂ ਭੀ ਲਹਯੋ ?
ਚਾਤੁਰਤਾ ਜੁਤਿ ਕਹਤਿ ਘਨੇਰੇ। ਲਖਤਿ ਨ ਕਾਲ ਆਇ ਭਾ ਨੇਰੇ॥੩॥

ਗੁਰੂ-ਪੁੱਤਰ ਸਹਿ ਨਾ ਸਕਿਆ ਤੇ ਉਸ ਕਿਹਾ, "ਆਪਣੀ ਮੌਤ ਦਾ ਦਿਨ ਕੀ ਤੂੰ ਵੀ ਜਾਣ ਲਿਆ ਹੈ ? ਚਤੁਰਾਈ ਸਹਿਤ ਬਹੁਤ ਕਹਿੰਦਾ ਹੈਂ, ਇਹ ਨਹੀਂ ਸਮਝਦਾ ਕਾਲ ਤੇਰੇ ਬਹੁਤ ਨੇੜੇ ਆ ਗਿਆ ਹੈ॥੩॥

ਅੰਤਰ ਤੇ ਅੰਧੇ ਨਹਿਂ ਦੀਖਹਿ। ਵਹਿਰ ਬਨਤਿ ਬਡ ਪੀਰ ਸਰੀਖਹਿ'।
ਸੁਨਤਿ ਸ਼ਾਹੁ ਨੇ ਗਿਰਾ ਬਖਾਨੀ। 'ਜੇ ਕਰਿ ਤੁਮ ਨੇ ਇਸ ਮ੍ਰਿਤੁ ਜਾਨੀ॥੪॥

ਜਿਹੜੇ ਅੰਦਰੋਂ ਅੰਨ੍ਹੇ ਹੁੰਦੇ ਹਨ, ਉਹ ਨਹੀਂ ਵੇਖਦੇ, ਬਾਹਰ ਵੱਡੇ ਵੱਡੇ ਪੀਰ ਬਣ ਕੇ ਬਹਿੰਦੇ ਹਨ।" ਇਹ ਸੁਣ ਕੇ ਬਾਦਸ਼ਾਹ ਨੇ ਕਿਹਾ, "ਜੇ ਤੁਸੀਂ ਇਸ ਦੀ ਮੌਤ ਜਾਣ ਲਈ ਹੈ॥੪॥

ਤੋ ਬਤਾਇ ਦੀਜੈ ਸਭਿ ਮਾਂਹੀ। ਕਬਿ ਫਰੇਸਤੇ ਇਸ ਲੇ ਜਾਹੀਂ?।
ਜਾਨਯੋ ਜਾਇ ਸੁ ਬਾਕ ਤੁਮਾਰਾ। ਸੁਨਿ ਕਰਿ ਸਤਿਗੁਰ ਨੰਦ ਉਚਾਰਾ॥੫॥

ਤਾਂ ਸਾਰਿਆਂ ਵਿਚ ਦੱਸ ਦੇਵੋ ਕਿ ਕਦੋਂ ਫਰਿਸ਼ਤੇ ਇਸ ਨੂੰ ਲੈ ਜਾਣਗੇ ? ਤੁਹਾਡਾ ਕਿਹਾ ਹੋਇਆ ਉਹ ਬਚਨ ਜਾਣਿਆ ਜਾਵੇ।" ਇਹ ਸੁਣ ਕੇ ਸਤਿਗੁਰੂ ਜੀ ਦੇ ਪੁੱਤਰ ਨੇ ਕਿਹਾ॥੫॥

'ਰਹੀ ਆਰਬਲ ਅਸ਼ਟ ਦਿਵਸ ਕੀ। ਜਾਮ ਜਾਮਨੀ ਰਹਿ ਮ੍ਰਿਤੁ ਇਸ ਕੀ'।
ਸ਼ਾਹੁ ਸਮੇਤ ਸਭਾ ਨੇ ਸੁਨਜੋ। 'ਇਨਹੁ ਬਾਕ ਕਬਿ ਕੂਰ ਨ ਭਨਜੋ॥ ੬॥

''ਇਸ ਦੀ ਉਮਰ ਅੱਠ ਦਿਨ ਦੀ ਰਹਿ ਗਈ ਹੈ, ਪਹਿਰ ਰਾਤ ਰਹਿੰਦਿਆਂ ਇਸ ਦੀ ਮੌਤ ਹੋ ਜਾਵੇਗੀ।'' ਬਾਦਸ਼ਾਹ ਸਮੇਤ ਸਭਾ ਨੇ ਸੁਣਿਆ, ''ਇਨ੍ਹਾਂ ਨੇ ਕਦੀ ਵੀ ਝੂਠਾ ਬਚਨ ਨਹੀਂ ਕੀਤਾ॥੬॥

ਨਿਸ਼ਚੈ ਮ੍ਰਿੱਤੁ ਕਾਲ ਤਿਸ ਪਾਵੈ। ਬਯ ਪੂਰਨ ਤੇ ਕੌਨ ਬਚਾਵੈ'।
ਸ਼ੰਕਤ ਹੁਇ ਅਲਾਵਦੀਂ ਆਯੋ। ਅਸ਼ਟ ਦਿਵਸ ਜਬਿ ਤਹਾਂ ਬਿਤਾਯੋ॥ ੭॥

ਨਿਸ਼ਚੇ ਰੂਪ ਵਿਚ ਇਹ ਉਸ ਸਮੇਂ ਮ੍ਰਿਤੂ ਪਾਵੇਗਾ। ਉਮਰ ਪੂਰੀ ਹੋ ਜਾਣ 'ਤੇ ਕੌਣ ਬਚਾ ਸਕਦਾ ਹੈ।'' ਸ਼ੰਕੇ ਸਹਿਤ ਹੋ ਕੇ ਅਲਾਵਦੀਨ ਘਰ ਆ ਗਿਆ। ਜਦ ਅੱਠ ਦਿਨ ਉਸ ਦੀ ਉਮਰ ਬੀਤ ਗਈ॥੭॥

ਜਾਮ ਜਾਮਨੀ ਬਾਕੀ ਰਹੀ। ਬਿਤੀ ਆਰਬਲ ਮ੍ਰਿਤੁ ਤਿਹ ਲਹੀ।
ਮਰੇ ਤਾਂਹਿ ਕੇ ਸੁਧ ਸੁਨਿ ਸ਼ਾਹੂ। ਨਿਸ਼ਚੈ ਧਰੈ ਅਧਿਕ ਉਰ ਮਾਂਹੂ॥ ੮॥

ਪਹਿਰ ਰਾਤ ਬਾਕੀ ਰਹੀ ਤਾਂ ਉਸ ਦੀ ਉਮਰ ਪੂਰੀ ਹੋਈ ਅਤੇ ਉਹ ਮਰ ਗਿਆ। ਉਸ ਦੇ ਮਰਨ ਦੀ ਖ਼ਬਰ ਸੁਣ ਕੇ, ਬਾਦਸ਼ਾਹ ਨੇ ਹਿਰਦੇ ਵਿਚ ਬਹੁਤ ਨਿਸ਼ਚਾ ਧਾਰਨ ਕੀਤਾ॥੮॥

ਸਭਿ ਪੁਰਿ ਵਿਖੈ ਬ੍ਰਿਤੰਤ ਬਿਥਾਰਾ। 'ਗੁਰਸੁਤ ਪੀਰਨਿ ਪੀਰ ਉਦਾਰਾ।
ਜਿਸ ਕੇ ਬਾਕ ਨਿਫਲ ਨਹਿਂ ਹੋਇ। ਜੋ ਉਚਰੈ ਸਾਚੋ ਹੁਇ ਸੋਇ॥ ੯॥

ਸਾਰੇ ਨਗਰ ਵਿਚ ਬ੍ਰਿਤਾਂਤ ਫੈਲ ਗਿਆ, ''ਗੁਰੂ ਜੀ ਦੇ ਪੁੱਤਰ ਵੱਡੇ ਪੀਰਾਂ ਦੇ ਪੀਰ ਹਨ, ਜਿਸ ਦਾ ਬਚਨ ਖ਼ਾਲੀ ਨਹੀਂ ਜਾਂਦਾ। ਜੋ ਵੀ ਕਹਿੰਦੇ ਹਨ, ਸੱਚਾ ਹੋ ਜਾਂਦਾ ਹੈ॥੯॥

ਹਿੰਦੂ ਤੁਰਕ ਮਾਨਹਿਂ ਸਭਿ ਕੋਊ। ਦਰਸਹਿਂ ਨਿਕਟਿ ਬੈਠਿ ਕਰਿ ਸੋਊ'।
ਇਕ ਦੀਨ ਸਭਾ ਗਯੋ ਗੁਰਨੰਦਨ। ਦੇਖਤਿ ਕਰਹਿਂ ਹਜ਼ਾਰਹੁਂ ਬੰਦਨ॥੧੦॥

ਹਿੰਦੂ ਤੁਰਕ ਸਾਰੇ ਮੰਨਦੇ ਸਨ, ਤੇ ਨੇੜੇ ਬੈਠ ਕੇ ਸ੍ਰੀ ਰਾਮਰਾਇ ਦੇ ਦਰਸ਼ਨ ਕਰਦੇ ਸਨ।'' ਇਕ ਦਿਨ ਗੁਰੂ ਜੀ ਦਾ ਪੁੱਤਰ ਸਭਾ ਵਿਚ ਗਿਆ, ਵੇਖਕੇ ਹਜ਼ਾਰਾਂ ਲੋਕ ਬੰਦਨਾ ਕਰਦੇ ਸਨ॥੧੦॥

ਸਗਲ ਸਭਾ ਗੁਰ ਸੁਤ ਕੋ ਚੀਨਾ। ਉਠਤਿ ਸ਼ਾਹੁ ਕਰ ਸੋਂ ਕਰ ਲੀਨਾ।
ਸਾਦਰ ਨਿਕਟਿ ਸ਼ਾਹੁ ਬੈਠਾਏ। ਰੀਤਿ ਅਨੇਕ ਪ੍ਰਸੰਗ ਚਲਾਏ॥ ੧੧॥

ਸਾਰੀ ਸਭਾ ਨੇ ਗੁਰੂ-ਪੁੱਤਰ ਨੂੰ ਵੇਖਿਆ। ਬਾਦਸ਼ਾਹ ਨੇ ਉਠ ਕੇ ਉਸ ਦਾ ਹੱਥ ਆਪਣੇ ਹੱਥ ਵਿਚ ਫੜ ਲਿਆ ਤੇ ਬੜੇ ਆਦਰ ਨਾਲ ਆਪਣੇ ਪਾਸ ਬੈਠਾਇਆ॥੧੧॥

ਕਹਿ ਸ੍ਰੀ ਰਾਮਰਾਇ 'ਸੁਨਿ ਸ਼ਾਹੂ! ਹਮ ਕੋ ਸਿਮਰਜੋ ਸੁਪਨੇ ਮਾਂਹੂ।
ਕਜਾ ਲਘੁ ਕਾਰਜ ਅਰਜੋ ਤੁਮਾਰਾ? ਜਿਸ ਹਿਤ ਸਿਮਰਤਿ ਚਹਤਿ ਹਕਾਰਾ॥੧੨॥

ਸ੍ਰੀ ਰਾਮਰਾਇ ਨੇ ਕਿਹਾ, ''ਹੇ ਬਾਦਸ਼ਾਹ! ਸੁਣੋ, ਤੁਸੀਂ ਸਾਨੂੰ ਸੁਪਨੇ ਵਿਚ ਯਾਦ ਕੀਤਾ ਹੈ। ਕੀ ਕੋਈ ਛੋਟਾ ਕੰਮ ਤੁਹਾਡਾ ਅੜ ਗਿਆ ਸੀ, ਜਿਸ ਕਰਕੇ ਯਾਦ ਕਰਕੇ ਮੈਨੂੰ ਬੁਲਾਉਣਾ ਚਾਹੁੰਦੇ ਸੀ''॥੧੨॥

ਸੁਨਤਿ ਸ਼ਾਹੁ ਮਨ ਮੈਂ ਬਿਸਮਾਵਾ। ਆਜ ਨਿਸਾ ਮਹਿਂ ਸੁਪਨੋ ਪਾਵਾ।
ਇਨ ਕੋ ਭੀ ਸਿਮਰਜੋ ਤਿਸ ਕਾਲ। ਸੋ ਇਨ ਜਾਨਜੋ ਸਕਲ ਹਵਾਲ॥੧੩॥

ਇਹ ਸੁਣ ਬਾਦਸ਼ਾਹ ਆਪਣੇ ਮਨ ਵਿਚ ਬੜਾ ਹੈਰਾਨ ਹੋਇਆ ਅਤੇ ਸੋਚਿਆ, "ਅੱਜ ਰਾਤ ਮੈਂ ਇਕ ਸੁਪਨਾ ਵੇਖਿਆ ਸੀ, ਉਸ ਸਮੇਂ ਇਨ੍ਹਾਂ ਨੂੰ ਵੀ ਯਾਦ ਕੀਤਾ ਸੀ, ਉਹ ਸਾਰਾ ਹਾਲ ਇਸ ਨੇ ਜਾਣ ਲਿਆ ਹੈ॥੧੩॥

ਇਨ ਕੋ ਕਰੋਂ ਬੂਝਨੋ ਤੇਊ। ਕਹਜੋ ਸ਼ਾਹੁ 'ਨਿਸ ਸੁਪਨੋ ਜੋਊ।
ਸਗਰੋ ਕਹਿ ਕੈ ਮੋਹਿ ਸੁਨਾਵਊ। ਕਿਮ ਕਿਮ ਹੋਯਹੁ ਸਰਬ ਜਨਾਵਊ ॥੧੪॥

ਉਹ ਸਾਰਾ ਸੁਪਨਾ ਇਨ੍ਹਾਂ ਪਾਸੋਂ ਪੁੱਛਦਾ ਹਾਂ।" ਬਾਦਸ਼ਾਹ ਨੇ ਕਿਹਾ, "ਰਾਤ ਨੂੰ ਜਿਹੜਾ ਮੈਨੂੰ ਸੁਪਨਾ ਆਇਆ ਹੈ, ਸਾਰਾ ਕਹਿ ਕੇ ਮੈਨੂੰ ਸੁਣਾਵੇ, ਜਿਵੇਂ ਜਿਵੇਂ ਵਾਪਰਿਆ ਸਾਰਾ ਦੱਸੇ"॥੧੪॥

ਤਬਿ ਸ੍ਰੀ ਰਾਮਰਾਇ ਕਹਿ ਸਾਰਾ। 'ਜਮਨਾ ਗਮਨੇ ਸੁਪਨ ਮਝਾਰਾ।
ਤਹਿਂ ਕਿਸ਼ਤੀ ਪਰ ਚਢਿ ਕਰਿ ਤਰੇ। ਹਾਥ ਬਿਖੈ ਬਨਸੀ ਕਹੁ ਧਰੇ॥ ੧੫॥

ਤਦ ਸ੍ਰੀ ਰਾਮਰਾਇ ਨੇ ਸਾਰਾ ਸੁਪਨਾ ਕਹਿ ਦਿੱਤਾ, 'ਸੁਪਨੇ ਵਿਚ ਤੁਸੀਂ ਜਮਨਾ ਦਰਿਆ ਪਾਸ ਗਏ ਸੀ। ਉਥੇ ਤੁਸੀਂ ਇਕ ਕਿਸ਼ਤੀ ਵਿਚ ਚੜ੍ਹ ਕੇ ਪਾਣੀ ਉਤੇ ਤਰੇ ਸੀ, ਹੱਥ ਵਿਚ ਤੁਸੀਂ ਮੱਛੀ ਫੜਨ ਵਾਲੀ ਇਕ ਕੁੰਡੀ ਫੜੀ ਸੀ॥੧੫॥

ਮਾਰਤਿ ਮੀਨਨਿ ਬਿਚਰਤਿ ਰਹੇ। ਤਹਿਂ ਤੇ ਇਕ ਭੀ ਹਾਥ ਨ ਲਹੇ।
ਤਬਿ ਸਿਮਰਨ ਤੁਮ ਕੀਨਿ ਹਮਾਰਾ। ਹੋਤਿ ਜਿ ਸੰਗ ਲੇਤਿ ਝਖ ਮਾਰਾ॥੧੬॥

ਮੱਛੀਆਂ ਮਾਰਦੇ ਫਿਰ ਰਹੇ ਸੀ, ਪਰ ਇਕ ਵੀ ਮੱਛੀ ਤੁਹਾਡੇ ਹੱਥ ਨਾ ਆਈ। ਤਦ ਤੁਸੀਂ ਸਾਨੂੰ ਯਾਦ ਕੀਤਾ, ਜੇ ਉਹ ਮੇਰੇ ਪਾਸ ਹੁੰਦੇ ਤਾਂ ਜ਼ਰੂਰ ਕੋਈ ਮੱਛੀ ਮਾਰ ਲੈਂਦੇ॥੧੬॥

ਇਮ ਸੁਪਨੋ ਜਾਮਨਿ ਮਹਿਂ ਆਵਾ। ਸੁਨਤਿ ਸ਼ਾਹੁ ਸਚ ਲਖਿ ਬਿਸਮਾਵਾ।
ਇਨ ਤੇ ਛਪੀ ਨਹੀਂ ਕੋ ਬਾਤ। ਸਮ ਕਰ ਫਲ ਕੇ ਸਭਿ ਬੱਖਜਾਤ॥ ੧੭॥

ਇਸ ਤਰ੍ਹਾਂ ਤੁਹਾਨੂੰ ਰਾਤ ਨੂੰ ਸੁਪਨਾ ਆਇਆ।" ਬਾਦਸ਼ਾਹ ਸੁਪਨਾ ਸੱਚਾ ਸੁਣ ਕੇ ਹੈਰਾਨ ਹੋਇਆ। ਇਨ੍ਹਾਂ ਪਾਸੋਂ ਕੋਈ ਗੱਲ ਵੀ ਲੁਕੀ ਹੋਈ ਨਹੀਂ ਹੈ। ਹਥੇਲੀ 'ਤੇ ਧਰੇ ਫਲ ਵਾਂਗ ਸਭ ਕੁਝ ਪ੍ਰਗਟ ਹੈ॥੧੭॥

ਪੁਨ ਇਕ ਦਿਨ ਗੁਰ ਸੁਤਹਿ ਬੁਲਾਇ। ਰਵਿਤਨੁਜਾ ਜਲ ਦੇਖਨਿ ਜਾਇ।
ਗਏ ਤਹਾਂ ਤਟ ਪਰ ਹੁਇ ਖਰੇ। ਕਿਸ਼ਤੀ ਕੋ ਮੰਗਵਾਵਨਿ ਕਰੇ॥ ੧੮॥

ਫਿਰ ਇਕ ਦਿਨ ਗੁਰੂ-ਪੁੱਤਰ ਨੂੰ ਬੁਲਾਇਆ। ਜਮਨਾ ਨਦੀ ਦਾ ਜਲ ਵੇਖਣ ਗਏ। ਉਥੇ ਦਰਿਆ ਦੇ ਕਿਨਾਰੇ ਜਾ ਕੇ ਖੜੇ ਹੋ ਗਏ ਤੇ ਇਕ ਕਿਸ਼ਤੀ ਮੰਗਵਾਈ॥੧੮॥

ਇਕ ਨੌਕਾ ਥੀ ਨਿਕਟਿ ਪੁਰਾਨੀ। ਸ਼ੀਘ੍ਰ ਚਹਤਿ ਸੋਈ ਤਬਿ ਆਨੀ।
ਤਿਸ ਪਰ ਬੈਠੇ ਚਢਿ ਕਰਿ ਦੋਊ। ਅਪਰ ਸਾਥ ਨਹਿਂ ਲੀਨਸਿ ਕੋਊ॥੧੯॥

ਨੇੜੇ ਇਕ ਪੁਰਾਣੀ ਬੇੜੀ ਸੀ। ਛੇਤੀ ਚਾਹੁੰਦੇ ਸੀ, ਇਸ ਕਰਕੇ ਉਹ ਪੁਰਾਣੀ ਹੀ ਲੈ ਆਂਦੀ। ਉਸ ਉੱਤੇ ਦੋਵੇਂ ਚੜ੍ਹ ਕੇ ਬੈਠ ਗਏ ਤੇ ਹੋਰ ਕਿਸੇ ਨੂੰ ਨਾਲ ਨਾ ਲਿਆ॥੧੯॥

ਜਲ ਜਮਨਾ ਕੋ ਅਤਿ ਸ਼ੈ ਬਾਢਾ। ਬਹੈ ਪ੍ਰਵਾਹਿ ਬੇਗ ਜਿਸ ਗਾਢਾ।
ਗਿਰ ਕੈ ਗਿਰ ਕਰਿ ਕਾਠ ਬਿਸਾਲਾ। ਬਹੇ ਜਾਇਂ ਬਹੁ ਬੇਗ ਕਰਾਲਾ॥੨੦॥

ਜਮਨਾ ਨਦੀ ਦਾ ਪਾਣੀ ਬਹੁਤ ਵਧਿਆ ਹੋਇਆ ਸੀ ਜਿਸ ਦੇ ਜਲ ਦਾ ਪ੍ਰਵਾਹ ਬੜੀ ਤੇਜ਼ੀ ਨਾਲ ਵਹਿ ਰਿਹਾ ਸੀ। ਪਹਾੜਾਂ ਦੇ ਉਪਰੋਂ ਡਿੱਗ ਕੇ ਬਹੁਤ ਲਕੜਾਂ ਬੜੀ ਵਿਕਰਾਲ ਤੇਜ਼ੀ ਨਾਲ ਵਹੀ ਜਾ ਰਹੀਆਂ ਸਨ॥੨੦॥

ਤਰੀ ਆਪਨੀ ਇਨਹੁਂ ਧਵਾਈ। ਬਡੇ ਕਾਠ ਸੰਗ ਲਾਗਸਿ ਜਾਈ।
ਗਈ ਫੂਟ ਤਹਿਂ ਭਏ ਦੁਖੰਡ। ਜਹਾਂ ਬਹਿਤਿ ਹੈ ਨੀਰ ਪ੍ਰਚੰਡ॥ ੨੧॥

ਇਨ੍ਹਾਂ ਨੇ ਬੇੜੀ ਨੂੰ ਭਜਾਇਆ ਤਾਂ ਉਹ ਇਕ ਭਾਰੀ ਲਕੜ ਨਾਲ ਜਾ ਟਕਰਾਈ ਤੇ ਜਿਸ ਥਾਂ 'ਤੇ ਟੁੱਟ ਕੇ ਬੇੜੀ ਦੇ ਦੋ ਹਿੱਸੇ ਹੋ ਗਏ, ਉਥੇ ਉਸ ਸਮੇਂ ਪ੍ਰਚੰਡ ਰੂਪ ਵਿਚ ਜਲ ਵਹਿ ਰਿਹਾ ਸੀ॥੨੧॥

ਕਹਯੋ ਸ਼ਾਹੁ 'ਗੁਰ ਸੁਤ! ਸੁਨਿ ਲੇਹੁ। ਕਿਸ਼ਤੀ ਗਈ ਫੂਟ ਕਰਿ ਏਹੁ।
ਏਕ ਖੰਡ ਪਰ ਮੈਂ ਰਹਿ ਗਯੋ। ਦੁਤਿਯ ਖੰਡ ਪਰ ਤੁਮ ਥਿਤ ਭਯੋ॥ ੨੨॥

ਬਾਦਸ਼ਾਹ ਨੇ ਕਿਹਾ, "ਹੇ ਗੁਰੂ-ਪੁੱਤਰ! ਸੁਣ ਲਵੋ, ਇਹ ਕਿਸ਼ਤੀ ਫਟ ਗਈ ਹੈ। ਇਕ ਹਿੱਸੇ ਵਿਚ ਮੈਂ ਰਹਿ ਗਿਆ ਹਾਂ ਤੇ ਦੂਸਰੇ ਹਿੱਸੇ 'ਤੇ ਤੁਸੀਂ ਸਥਿਤ ਰਹਿ ਗਏ ਹੋ॥੨੨॥

ਅਸ ਨ ਹੋਹਿ ਜਲ ਮਹਿਂ ਚਲਿ ਜਾਇਂ। ਜੋਰਹੁ ਕਿਸ਼ਤੀ ਬਾਕ ਅਲਾਇ।
ਅਪਰ ਤਰੀ ਨਹਿਂ ਨੇਰੇ ਕੋਊ। ਜਿਸ ਪਰ ਜਾਇ ਚਢਹਿਂ ਹਮ ਦੋਊ॥ ੨੩॥

ਐਸਾ ਨਾ ਹੋਵੇ ਕਿ ਇਹ ਜਲ ਵਿਚ ਚਲੀ ਜਾਵੇ, ਬਚਨ ਕਰੋ ਤੇ ਕਿਸ਼ਤੀ ਨੂੰ ਜੋੜ ਲਵੋ। ਹੋਰ ਕੋਈ ਬੇੜੀ ਨੇੜੇ ਨਹੀਂ ਹੈ, ਜਿਸ ਉੱਤੇ ਅਸੀਂ ਦੋਵੇਂ ਜਾ ਚੜ੍ਹੀਏ॥੨੩॥

ਔਰ ਉਪਾਇ ਨ ਕੋਈ ਬਨੇ। ਕਿਸ਼ਤੀ ਜੁਰੇ, ਦੇਹੁ ਬਚ ਭਨੇ'।
ਇਮ ਲਚਾਰ ਜਬਿ ਸ਼ਾਹੁ ਨਿਹਾਰਾ। ਗੁਰ ਨੰਦਨ ਤਬਿ ਬਾਕ ਉਚਾਰਾ॥ ੨੪॥

ਹੋਰ ਕੋਈ ਉਪਾਅ ਨਹੀਂ ਬਣਦਾ ਕਿ ਕਿਸ਼ਤੀ ਜੁੜ ਜਾਵੇ। ਬਚਨ ਕਹਿ ਦੇਵੋ।" ਇਸ ਤਰ੍ਹਾਂ ਲਾਚਾਰ ਜਦ ਬਾਦਸ਼ਾਹ ਨੂੰ ਵੇਖਿਆ ਗੁਰੂ-ਪੁੱਤਰ ਨੇ ਫਿਰ ਬਚਨ ਉਚਾਰਨ ਕੀਤਾ॥੨੪॥

'ਜੁਰੀ ਤਰੀ! ਜਿਮ ਤਰੀ ਅਗਾਰੀ। ਤਿਮ ਹਮਰੇ ਹਿਤ ਹੋਹੁ ਸੁਖਾਰੀ।
ਮਿਲਹਿਂ ਦੁਖੰਡ ਪਰਸਪਰ ਆਇ। ਹਮ ਕੋ ਲੇ ਚਾਲਹੁ ਤਿਸ ਭਾਇ' ॥੨੫॥

'ਹੇ ਜੁੜੀ ਹੋਈ ਬੇੜੀ! ਜਿਵੇਂ ਤੂੰ ਪਹਿਲਾਂ ਤਰਦੀ ਸੀ, ਉਸ ਤਰ੍ਹਾਂ ਸਾਡੇ ਹਿੱਤ ਵਾਸਤੇ ਸੁਖਾਲੀ ਹੋ ਜਾ। ਦੋ ਖੰਡ ਹੋਏ ਦੋਵੇਂ ਭਾਗ ਆਪਸ ਵਿਚ ਮਿਲ ਜਾਣ ਤੇ ਸਾਨੂੰ ਪਹਿਲਾਂ ਵਾਂਗ ਲੈ ਚਲੋ'॥੨੫॥

ਇਮ ਜਬਿ ਬਾਕ ਕਹਯੋ ਗੁਰ ਤਾਤ। ਮਿਲੇ ਦੁਖੰਡ ਆਇ ਤਿਸ ਭਾਂਤਿ।
ਪੂਰਬ ਕੇ ਸਮ ਹ੍ਵੈ ਕਰਿ ਚਲੀ। ਜਹਾਂ ਪ੍ਰਵਾਹੁ ਬਹੈ ਬਹੁ ਬਲੀ॥ ੨੬॥

ਇਸ ਤਰ੍ਹਾਂ ਜਦ ਗੁਰੂ ਜੀ ਦੇ ਪੁੱਤਰ ਨੇ ਬਚਨ ਕੀਤਾ, ਦੋਵੇਂ ਭਾਗ ਪਹਿਲਾਂ ਵਾਂਗ ਆ ਮਿਲੇ। ਪਹਿਲਾਂ ਵਾਂਗ ਹੋ ਕੇ ਚਲ ਪਈ। ਜਿਥੇ ਜਲ ਦਾ ਵੱਡਾ ਬਲਵਾਨ ਪ੍ਰਵਾਹ ਵਹਿ ਰਿਹਾ ਸੀ॥੨੬॥

ਅਜ਼ਮਤ ਦੇਖਿ ਸ਼ਾਹੁ ਸੁਖ ਪਾਵਾ। 'ਆਜ ਨੀਰ ਤੇ ਪ੍ਰਾਨ ਬਚਾਵਾ'।
ਅਧਿਕ ਪ੍ਰੇਮ ਕਰਿ ਘਰ ਕੋ ਆਏ। ਬਾਰ ਬਾਰ ਦੇਖਤਿ ਪਤੀਆਏ॥ ੨੭॥

ਇਹ ਕਰਾਮਾਤ ਵੇਖ ਕੇ ਬਾਦਸ਼ਾਹ ਨੇ ਸੁਖ ਪਾਇਆ ਤੇ ਸੋਚਿਆ, "ਅੱਜ ਪਾਣੀ ਤੋਂ ਮੇਰੇ ਪ੍ਰਾਣ ਬਚਾਏ ਹਨ।" ਬਹੁਤ ਪ੍ਰੇਮ ਕਰਕੇ ਘਰ ਨੂੰ ਆਏ, ਬਾਰ-ਬਾਰ ਪਰਖ ਕਰਕੇ ਵੇਖਦਾ ਸੀ॥੨੭॥

ਪੁਨ ਇਕ ਦਿਨ ਸਤਿਗੁਰ ਸੁਤ ਆਯੋ। ਸ਼ਾਹੁ ਸਭਾ ਮਹਿ ਬੈਠਿ ਸੁਹਾਯੋ।
ਸਿੱਧਨਿ ਕੇ ਪ੍ਰਸੰਗ ਤਬਿ ਚਾਲੇ। 'ਚਹੈਂ ਜਾਹਿਂ ਦੂਰ, ਤਨ ਨ ਦਿਖਾਲੇ॥ ੨੮॥

ਫਿਰ ਇਕ ਦਿਨ ਸਤਿਗੁਰੂ ਪੁੱਤਰ ਆਇਆ ਤੇ ਬਾਦਸ਼ਾਹ ਦੀ ਸਭਾ ਵਿਚ ਬੈਠ ਕੇ ਸ਼ੋਭਾ ਪਾਈ। ਸਿੱਧਾਂ ਦੇ ਫਿਰ ਪ੍ਰਸੰਗ ਚਲੇ। "ਇਹ ਚਾਹੁੰਦੇ ਹਨ ਤਾਂ ਲੁਕ ਜਾਂਦੇ ਹਨ, ਤਨ ਨਹੀਂ ਵਿਖਾਉਂਦੇ ਹਨ॥੨੮॥

ਆਪ ਸਭਿਨਿ ਕੋ ਹੇਰਤਿ ਅਹੈਂ। ਸੋ ਬਿਚਰਹਿਂ ਨਹਿਂ ਕੋਊ ਲਖੈ।
ਇੱਤਜਾਦਿਕ ਹੈ ਸ਼ਕਤਿ ਤਿਨਹੁਂ ਕੀ। ਸੇਵਾ ਤੇ ਪ੍ਰਾਪਤੀ ਜਿਨਹੁਂ ਕੀ'॥੨੯॥

ਆਪ ਸਾਰਿਆਂ ਨੂੰ ਵੇਖਦੇ ਰਹਿੰਦੇ ਹਨ, ਪਰ ਉਨ੍ਹਾਂ ਨੂੰ ਵਿਚਰਦਿਆਂ ਨੂੰ ਕੋਈ ਨਹੀਂ ਵੇਖਦਾ ਹੈ। ਇੱਤਿਆਦਿ ਉਨ੍ਹਾਂ ਵਿਚ ਸ਼ਕਤੀ ਹੈ, ਸੇਵਾ ਤੋਂ ਜਿਨ੍ਹਾਂ ਨੂੰ ਇਹ ਸ਼ਕਤੀ ਪ੍ਰਾਪਤ ਹੁੰਦੀ ਹੈ" ॥੨੯॥

ਸੁਨਿ ਉਲਮਾਉ ਬਾਤ ਤਬਿ ਕਹੀ। 'ਇਹ ਤੋ ਸ਼ਕਤਿ ਲੁਕਾਂਜਨ ਮਹੀ।
ਜੋ ਇਕਬਾਰ ਬਿਲੋਚਨ ਪਾਵੈ। ਬਿਚਰਤਿ ਸਭਿ ਮਹਿਂ ਕੋ ਨ ਲਖਾਵੈ॥੩੦॥

ਇਹ ਸੁਣ ਕੇ ਮੁਸਲਿਮ ਵਿਦਵਾਨਾਂ ਨੇ ਕਿਹਾ, "ਇਹ ਤਾਂ ਸੁਲੇਮਾਨੀ ਸੁਰਮੇ ਦੀ ਸ਼ਕਤੀ ਹੈ, ਜਿਹੜਾ ਉਸ ਨੂੰ ਇਕ ਵਾਰ ਅੱਖਾਂ ਵਿਚ ਪਾ ਲੈਂਦਾ ਹੈ, ਉਹ ਸਾਰਿਆਂ ਵਿਚ ਵਿਚਰਦਾ ਹੈ, ਪਰ ਕੋਈ ਵੀ ਉਸ ਨੂੰ ਵੇਖ ਨਹੀਂ ਸਕਦਾ॥੩੦॥

ਕੇਤਿਕ ਇਸ ਕਹੁ ਸਾਧਨ ਕਰੈਂ। ਪ੍ਰਾਪਤਿ ਹੋਤਿ ਸ਼ਕਤਿ ਇਮ ਧਰੈਂ'।
ਕਹਜੋ ਸ਼ਾਹੁ 'ਗੁਰ ਸੁਤ ਤੇ ਆਨ। ਅਪਰ ਖੋਜੀਅਹਿ ਕਹਾਂ ਮਹਾਨ॥੩੧॥

ਕਈ ਇਸ ਦੀ ਸਾਧਨਾ ਕਰਦੇ ਹਨ, ਪ੍ਰਾਪਤ ਹੋਈ ਸ਼ਕਤੀ ਇਸ ਤਰ੍ਹਾਂ ਧਾਰਨ ਕਰਦੇ ਹਨ।" ਬਾਦਸ਼ਾਹ ਨੇ ਕਿਹਾ, ਇਹ ਸੁਲੇਮਾਨੀ ਸੁਰਮਾ ਗੁਰੂ ਜੀ ਦੇ ਪੁੱਤਰ ਪਾਸੋਂ ਪ੍ਰਾਪਤ ਹੋ ਸਕਦਾ ਹੈ, ਹੋਰ ਮਹਾਨ ਖੋਜ ਕਿੱਥੇ ਕਰੀਏ॥੩੧॥

ਇਹ ਕਰੁਨਾ ਕਰਿ ਦੇਹਹਿਂ ਮੋਹੀ। ਪਾਉਂ ਨੇਤ੍ਰ ਦੁਰਬੇ ਗਤਿ ਹੋਹੀ'।
ਸ਼ਾਹੁ ਲਾਲਸਾ ਪਿਖਿ ਕਰਿ ਘਨੀ। ਛਪਿ ਜੈਬੇ ਕੀ ਗਤਿ ਹੁਇ ਬਨੀ॥੩੨॥

ਇਹ ਕਿਰਪਾ ਕਰਕੇ ਮੈਨੂੰ ਦੇਣਗੇ ਤਾਂ ਮੈਂ ਆਪਣੀਆਂ ਅੱਖਾਂ ਵਿਚ ਪਾਵਾਂਗਾ ਤੇ ਲੁਕਣ ਵਾਲੀ ਮੇਰੀ ਗਤੀ ਹੋ ਜਾਵੇਗੀ।" ਬਾਦਸ਼ਾਹ ਦੀ ਵੱਡੀ ਲਾਲਸਾ ਵੇਖ ਕੇ ਕਿ ਜਿਸ ਨਾਲ ਛੁਪ ਜਾਣ ਦੀ ਗਤੀ ਬਣ ਜਾਏ॥੩੨॥

ਅਪਨਿ ਪਾਸ ਤੇ ਦੀਨਸਿ ਤਾਂਹੀ। ਲੋਕਾਂਜਨ ਸ਼ਕਤੀ ਜਿਸ ਮਾਂਹੀ।
ਲੇ ਕਰਿ ਸ਼ਾਹੁ ਹਰਖ ਬਹੁ ਕਿਯੋ। ਨੇਤ੍ਰਹਿਂ ਬਿਖੈ ਡਾਰਿ ਤਬਿ ਲਿਯੋ॥੩੩॥

ਆਪਣੇ ਪਾਸੋਂ ਉਹ ਸੁਰਮਾ ਦਿੱਤਾ, ਜਿਸ ਵਿਚ ਸੁਲੇਮਾਨੀ ਸੁਰਮੇ ਦੀ ਸ਼ਕਤੀ ਮੌਜੂਦ ਸੀ। ਬਾਦਸ਼ਾਹ ਲੈ ਕੇ ਬਹੁਤ ਪ੍ਰਸੰਨ ਹੋਇਆ ਤੇ ਉਸੇ ਵੇਲੇ ਅੱਖਾਂ ਵਿਚ ਪਾ ਲਿਆ॥੩੩॥

ਤਤਛਿਨ ਤਹਾਂ ਲੋਪ ਹੁਇ ਗਯੋ। ਅੰਤਹਿਪੁਰਿ ਕੋ ਗਮਨਤਿ ਭਯੋ।
ਜਹਿਂ ਬੇਗਮ ਨਿਜ ਸਹਿਜ ਸੁਭਾਇ। ਭੂਖਨ ਧਰੇ ਉਤਾਰਿ ਬਨਾਇ॥੩੪॥

ਤੁਰੰਤ ਉਥੋਂ ਅਲੋਪ ਹੋ ਗਿਆ ਤੇ ਆਪਣੇ ਮਹਿਲਾਂ ਵੱਲ ਚਲਾ ਗਿਆ, ਜਿਥੇ ਬੇਗਮਾਂ ਨੇ ਸਹਿਜ ਸੁਭਾਅ ਗਹਿਣੇ ਲਾਹ ਕੇ ਰੱਖੇ ਸਨ॥੩੪॥

ਕਿਸ ਕੋ ਤਹਿਂ ਤੇ ਹਾਰ ਉਠਾਯੋ॥ ਕਰੁਨਾ ਭਰਨ ਕਿਸੂ ਕੋ ਲਜਾਯੋ।
ਕਿਨਹੁਂ ਪੰਜੇਬ ਧਰੀ ਸੋ ਲਈ। ਸੀਸ ਫੂਲ ਲੀਨਸਿ ਦੁਤਿ ਮਈ॥੩੫॥

ਕਿਸੇ ਦਾ ਉਥੋਂ ਹਾਰ ਚੁੱਕ ਲਿਆ, ਕਿਸੇ ਦਾ ਕੰਨਾਂ ਦਾ ਗਹਿਣਾ ਚੁੱਕ ਲਿਆ, ਕਿਸੇ ਦੀ ਪੰਜੇਬ ਧਰੀ ਫੜ ਲਈ ਤੇ ਕਿਸੇ ਦਾ ਸੁੰਦਰ ਸੁਨੇਹੀ ਫੁੱਲ ਲੈ ਲਿਆ॥੩੫॥

ਇੱਤਜਾਦਿਕ ਭੂਖਨ ਗਨ ਲਜਾਇਵ। ਰਹਨਿ ਥਾਨ ਅਪਨੇ ਧੁਰਿਵਾਇਵ।
ਪਹਿਰਿਨਿ ਕੋ ਬੇਗਮ ਜਬਿ ਚਹਾ। ਪਿਖਹਿਂ ਬਿਭੂਖਨਿ, ਪਾਵਹਿਂ ਕਹਾਂ॥ ੩੬॥

ਇੱਤਿਆਦਿ ਗਹਿਣੇ ਬਹੁਤ ਲੈ ਆਇਆ ਤੇ ਆਪਣੇ ਰਹਿਣ ਵਾਲੇ ਥਾਂ 'ਤੇ ਧਰ ਦਿੱਤੇ। ਜਦ ਬੇਗਮਾਂ ਨੇ ਉਹ ਗਹਿਣੇ ਪਹਿਨਣੇ ਚਾਹੇ ਤਾਂ ਜਦ ਗਹਿਣੇ ਦਿਸੇ ਹੀ ਨਾ ਤਾਂ ਕਿਥੋਂ ਪਾਉਣ॥੩੬॥

ਅਪਨੇ ਅਪਨੇ ਸਭਿਨਿ ਸੰਭਾਰੇ। ਨਹਿਂ ਕਰਿ ਆਏ ਖੋਜਤਿ ਸਾਰੇ।
ਅੰਤਹਿਪੁਰਿ ਮਹਿਂ ਮਾਚਜੋ ਰੌਰਾ। ਖੋਜਨਿ ਲਾਗਿ ਸਭੇ ਬਹੁ ਠੌਰਾ॥ ੩੭॥

ਆਪਣੇ-ਆਪਣੇ ਗਹਿਣੇ ਸਾਰੀਆਂ ਨੇ ਸੰਭਾਲ ਲਏ, ਪਰ ਲੱਭਣ ਨਾਲ ਸਾਰੇ ਗਹਿਣੇ ਹੱਥਾਂ ਵਿਚ ਨਾ ਆਏ। ਮਹਿਲਾਂ ਵਿਚ ਰੌਲਾ ਮਚ ਗਿਆ, ਸਾਰੀਆਂ ਬਹੁਤ ਥਾਂ ਲੱਭਣ ਲੱਗੀਆਂ॥੩੭॥

ਦਿਨ ਮਹਿਂ ਆਇ ਕਵਨ ਲੇ ਗਯੋ। ਤਸਕਰ ਕੌਨ ਆਵਤੋ ਭਯੋ।
ਧਰੇ ਹੁਤੇ ਹਮ ਦੇਰ ਨ ਲਗੀ। ਕਿਧੋਂ ਲੀਏ ਦਾਸੀ ਕੋ ਭਗੀ॥ ੩੮॥

ਉਹ ਕਹਿਣ ਲੱਗੀਆਂ ਕਿ ਦਿਨ ਵਿਚ ਆ ਕੇ ਕੌਣ ਲੈ ਗਿਆ ਹੈ ? ਕਿਹੜਾ ਚੋਰ ਏਧਰ ਆਇਆ ਹੈ ? ਅਸੀਂ ਹਾਲੇ ਲਾਹ ਕੇ ਰੱਖੇ ਹੀ ਸਨ, ਕੋਈ ਬਹੁਤੀ ਦੇਰ ਨਹੀਂ ਸੀ ਹੋਈ ਜਾਂ ਕੋਈ ਦਾਸੀ ਲੈ ਕੇ ਭੱਜ ਗਈ ਹੈ॥੩੮॥

ਕਰੀ ਸੰਭਾਰਿ ਸਭਿਨਿ ਬਿਧਿ ਘਰ ਕੀ। ਪ੍ਰਾਪਤਿ ਭਈ ਨ ਗਤਿ ਤਸਕਰ ਕੀ।
ਕਈ ਲਾਖ ਕੇ ਜ਼ੇਵਰ ਬਨੇ। ਕੋ ਲੇ ਗਯੋ ਬਿਭੂਖਨ ਘਨੇ॥ ੩੯॥

ਸਾਰੀਆਂ ਨੇ ਸਭ ਵਿਧੀਆਂ ਨਾਲ ਘਰ ਦੀ ਸੰਭਾਲ ਕੀਤੀ, ਪਰ ਗਹਿਣੇ ਕਿਸੇ ਥਾਂ ਤੋਂ ਵੀ ਨਾ ਲੱਭੇ ਤਾਂ ਉਨ੍ਹਾਂ ਸਮਝਿਆ ਕਿ ਇਹ ਕਿਸੇ ਚੋਰ ਦਾ ਕੰਮ ਹੈ। ਕਈ ਲੱਖਾਂ ਦੇ ਗਹਿਣੇ ਬਣੇ ਸਨ, ਕੌਣ ਏਨੇ ਜ਼ਿਆਦਾ ਗਹਿਣੇ ਲੈ ਗਿਆ॥੩੯॥

ਤਬੈ ਸ਼ਾਹਿ ਢਿਗ ਸੁਧ ਪਠਵਾਈ। ਅੰਤਹਿਪੁਰਿ ਬਹੁ ਰੌਰ ਮਚਾਈ।
ਗਯੋ ਆਪ ਬੇਗਮ ਸਾਮੀਪ। ਜਾਇ ਦਿਖਾਏ ਸਕਲ ਦਿਲੀਪ॥ ੪੦॥

ਤਦ ਬਾਦਸ਼ਾਹ ਪਾਸ ਖ਼ਬਰ ਪਹੁੰਚਾਈ। ਮਹਿਲਾਂ ਵਿਚ ਬਹੁਤ ਰੌਲਾ ਮਚਾਇਆ। ਬਾਦਸ਼ਾਹ ਬੇਗਮਾਂ ਪਾਸ ਆਪ ਗਿਆ ਤੇ ਦਿੱਲੀ ਦੇ ਬਾਦਸ਼ਾਹ ਨੇ ਆਪਣੀ ਸ਼ਕਲ ਜਾ ਵਿਖਾਈ॥੪੦॥

'ਲੋਕਾਂਜਨ ਮੈਂ ਪਾਇ ਸੁ ਆਯੋ। ਅਪਨੇ ਆਪ ਨ ਕਾਹੁ ਦਿਖਾਯੋ।
ਲੇ ਗਮਨਜੋ ਆਭਰਨ ਤੁਮਾਰੇ। ਨਿਕਟਿ ਫਿਰਤਿ ਮੁਝ ਨਹੀਂ ਨਿਹਾਰੇ॥੪੧॥

ਉਸ ਕਿਹਾ, "ਮੈਂ ਸੁਲੇਮਾਨੀ ਸੁਰਮਾ ਪਾ ਕੇ ਆਇਆ ਸੀ, ਆਪਣਾ ਆਪ ਮੈਂ ਤੁਹਾਨੂੰ ਨਹੀਂ ਵਿਖਾਇਆ ਤੇ ਤੁਹਾਡੇ ਗਹਿਣੇ ਲੈ ਕੇ ਚਲੇ ਗਿਆ, ਨੇੜੇ ਫਿਰਦਿਆਂ ਵੀ ਤੁਸੀਂ ਮੈਨੂੰ ਨਹੀਂ ਵੇਖਿਆ॥੪੧॥

ਸ੍ਰੀ ਗੁਰ ਨੰਦਨ ਦੀਨੋ ਜਬੈ। ਪਾਇ ਬਿਲੋਚਨ ਪਰਖਜੋ ਤਬੈ'।
ਅਜ਼ਮਤ ਦਿਖਰਾਈ ਇਸ ਭਾਂਤਿ। ਕਹਿ ਸੰਤੋਖ ਸਿੰਘ ਬਹੁ ਬੱਖਜਾਤ॥ ੪੨॥

ਸ੍ਰੀ ਗੁਰੂ-ਪੁੱਤਰ ਨੇ ਜਦ ਮੈਨੂੰ ਸੁਰਮਾ ਦਿੱਤਾ ਤਾਂ ਮੈਂ ਅੱਖਾਂ ਵਿਚ ਪਾ ਕੇ ਉਸ ਦੀ ਪਰਖ ਕੀਤੀ। ਉਸ ਸੁਰਮੇ ਨੇ ਇਸ ਪ੍ਰਕਾਰ ਕਰਾਮਾਤ ਵਿਖਾਈ। ਹੇ ਕਵੀ ਸੰਤੋਖ ਸਿੰਘ ! ਇਹ ਕਰਾਮਾਤ ਬਹੁਤ ਪ੍ਰਸਿੱਧ ਹੈ॥੪੨॥

*ਨੌਵੀਂ ਰਾਸ ਦਾ ਉਣੰਜਵਾਂ ਅਧਿਆਇ ਸਮਾਪਤ ਹੋਇਆ॥੪੯॥*

# ਅਧਿਆਇ ਪੰਜਾਹਵਾਂ

ਗਊ ਜਿਵਾਈ, ਤਸਬੀ ਦਾ ਚੋਰ, ਮੋਤੀ ਦਿੱਤਾ

ਦੋਹਰਾ- ਇਕ ਦਿਨ ਉਪਬਨ ਗਮਨ ਕਿਯ ਸ਼ਾਹੁ ਸੰਗ ਗੁਰ ਨੰਦ।
ਮਨਭਾਵਤਿ ਫਿਰ ਕਰਿ ਭਲੇ ਰਿਦੇ ਅਨੰਦ ਬਿਲੰਦ॥ ੧॥

ਇਕ ਦਿਨ ਗੁਰੂ-ਪੁੱਤਰ ਬਾਦਸ਼ਾਹ ਦੇ ਨਾਲ ਬਾਗ਼ ਵਿਚ ਗਿਆ। ਭਲੀ ਪ੍ਰਕਾਰ ਮਨ ਭਾਉਂਦਾ ਫਿਰ ਕੇ ਹਿਰਦੇ ਵਿਚ ਬੜਾ ਆਨੰਦ ਪਾਇਆ॥੧॥

ਚੌਪਈ- ਮਾਰਗ ਗਮਨੇ ਨਿਕਟੇਂ ਦੋਊ। ਪੀਛੇ ਚਲੇ ਆਇਂ ਸਭਿ ਕੋਊ।
ਅਨਿਕ ਭਾਂਤਿ ਕੀ ਬਾਤਨਿ ਢਲੇ। ਸਤਿਗੁਰ ਸੁਤ ਔ ਨੌਰੰਗ ਮਿਲੇ॥੨॥

ਜਦ ਦੋਵੇਂ ਨੇੜੇ ਨੇੜੇ ਰਾਹ ਵਿਚ ਫਿਰ ਰਹੇ ਸਨ ਤਾਂ ਪਿੱਛੇ ਹਰ ਕੋਈ ਚਲ ਕੇ ਆ ਗਿਆ। ਅਨੇਕ ਪ੍ਰਕਾਰ ਦੀਆਂ ਗੱਲਾਂ ਸਤਿਗੁਰੂ-ਪੁੱਤਰ ਤੇ ਨੌਰੰਗੇ ਨੇ ਮਿਲ ਕੇ ਕੀਤੀਆਂ॥੨॥

ਪੰਥ ਪਰੀ ਇਕ ਮਿਰਤਕ ਧੈਨੁ। ਦਿੱਲੀ ਪਤਿ ਦੇਖਤਿ ਭਯੋ ਨੈਨ।
ਜਿਹ ਸਮੀਪ ਲਘੁ ਬਤਸ ਖਰਯੋ ਹੈ। ਨਹਿਂ ਕਬਹੂੰ ਮੁਖ ਤ੍ਰਿਨਨਿ ਚਰਯੋ ਹੈ॥੩॥

ਰਾਹ ਵਿਚ ਇਕ ਮੋਈ ਹੋਈ ਗਾਂ ਪਈ ਸੀ। ਦਿੱਲੀ ਦੇ ਬਾਦਸ਼ਾਹ ਨੇ ਉਸ ਨੂੰ ਆਪਣੀਆਂ ਅੱਖਾਂ ਨਾਲ ਵੇਖਿਆ। ਉਸ ਗਾਂ ਦੇ ਪਾਸ ਇਕ ਛੋਟਾ ਜਿਹਾ ਵੱਛਾ ਖੜਾ ਸੀ, ਜਿਸ ਨੇ ਮੁਖ ਨਾਲ ਹੁਣ ਤਕ ਘਾਹ ਨਹੀਂ ਸੀ ਚਰਿਆ॥੩॥

ਅਵਿਲੋਕਤਿ ਨੌਰੰਗ ਹੁਇ ਖਰੋ। ਗੁਰ ਸੁਤ ਕੋ ਬਚ ਕਹਿਬੋ ਕਰੋ।
'ਇਸ ਕੋ ਦੇਖਿ ਦਯਾ ਉਰ ਆਵੈ। ਛੋਟੋ ਬਤਸ ਅਧਿਕ ਦੁਖ ਪਾਵੈ॥੪॥

ਨੌਰੰਗਾ ਵੇਖ ਕੇ ਖੜਾ ਹੋ ਗਿਆ ਤੇ ਗੁਰੂ-ਪੁੱਤਰ ਨੂੰ ਕਹਿਣ ਲੱਗਾ, "ਇਸ ਨੂੰ ਵੇਖ ਕੇ ਹਿਰਦੇ ਵਿਚ ਦਇਆ ਆਉਂਦੀ ਹੈ, ਛੋਟਾ ਜਿਹਾ ਵੱਛਾ ਬਹੁਤ ਦੁੱਖ ਪਾ ਰਿਹਾ ਹੈ॥੪॥

ਹਮ ਹੈਂ ਤੁਰਕ ਦ੍ਰਵਯੋ ਚਿਤ ਹੇਰੇ। ਤੁਮਰੇ ਹਿੰਦੂ ਧਰਮ ਬਡੇਰੇ।
ਸੰਕਟ ਬਤਸ ਪਾਇ ਬਹੁਤੇਰਾ। ਮਿਲਹਿ ਨ ਛੀਰ ਮਾਤ ਜਿਸ ਕੇਰਾ॥੫॥

ਅਸੀਂ ਤਾਂ ਤੁਰਕ ਹਾਂ ਫਿਰ ਵੀ ਚਿਤ ਵੇਖ ਕੇ ਪੰਘਰ ਗਿਆ ਹੈ ਪਰੰਤੂ ਤੁਹਾਡਾ ਹਿੰਦੂ ਧਰਮ ਤਾਂ ਵੱਡਾ ਦਇਆਵਾਨ ਹੈ। ਵੱਛਾ ਬਹੁਤ ਦੁੱਖ ਪਾਵੇਗਾ, ਜਦ ਉਸ ਨੂੰ ਆਪਣੀ ਮਾਂ ਦਾ ਦੁੱਧ ਨਹੀਂ ਮਿਲੇਗਾ॥੫॥

ਹਮਹਿਂ ਰਹਿਮ ਜੇ ਇਤਨਹੁ ਹੋਯਹੁ। ਤੁਮਹਿਂ ਅਧਿਕ ਹੁਇਗੋ ਇਮ ਜੋਯਹੁ।
ਇਸ ਤੇ ਪਰੇ ਧਰਮ ਕਯਾ ਔਰ। ਦੇਹੁ ਜਿਵਾਇ, ਬਰਹਿਂ ਪੁਨ ਪੌਰ'॥੬॥

ਸਾਨੂੰ ਵੇਖ ਕੇ ਜੇ ਇੰਨਾ ਰਹਿਮ ਆਇਆ ਹੈ ਤਾਂ ਤੁਹਾਨੂੰ ਵੀ ਇਸ ਤਰ੍ਹਾਂ ਵੇਖ ਕੇ ਜ਼ਿਆਦਾ ਰਹਿਮ ਆਇਆ ਹੋਵੇਗਾ। ਇਸ ਤੋਂ ਵੱਧ ਹੋਰ ਕੀ ਧਰਮ ਹੈ ਜੇਕਰ ਇਸ ਗਾਂ ਨੂੰ ਜੀਉਂਦਾ ਕਰ ਦੇਵੇ, ਫਿਰ ਅਸੀਂ ਸ਼ਹਿਰ ਦੇ ਦਰਵਾਜ਼ੇ ਅੰਦਰ ਦਾਖਲ ਹੋਈਏ"॥੬॥

ਇਮ ਕਹਿ ਸ਼ਾਹੁ ਠਾਂਢ ਹੁਇ ਰਹਯੋ। ਸੁਨਿ ਸ੍ਰੀ ਰਾਮਰਾਇ ਉਰ ਲਹਯੋ।
ਨੌਰੰਗ ਹਠੀ ਰਹਯੋ ਥਿਤ ਹੋਇ। ਬਿਨਾਂ ਜਿਵਾਏ ਚਲਹਿ ਨ ਕੋਇ॥੭॥

ਇਸ ਤਰ੍ਹਾਂ ਕਹਿ ਕੇ ਬਾਦਸ਼ਾਹ ਖੜਾ ਰਿਹਾ। ਇਹ ਸੁਣ ਕੇ ਰਾਮਰਾਇ ਨੇ ਹਿਰਦੇ ਵਿਚ ਸੋਚਿਆ ਕਿ ਨੌਰੰਗਾ ਬੜਾ ਜ਼ਿੱਦੀ ਹੈ, ਇਹ ਖੜਾ ਰਿਹਾ ਹੈ, ਜਿਵਾਉਣ ਤੋਂ ਬਗੈਰ ਇਹ ਚਲੇਗਾ ਨਹੀ॥੭॥

ਤਿਹ ਛਿਨ ਜਲ ਅਨਵਾਯਹੁ ਪਾਹੂ। 'ਸੱਤਿਨਾਮ' ਕਹਿ ਲਿਯ ਕਰ ਮਾਂਹੂ।
ਛਿਰਕਯੋ 'ਵਾਹਿਗੁਰ' ਮੁਖ ਭਾਖਯੋ। 'ਜੀਵਹਿ ਧੇਨੁ' ਮਨੋਰਥ ਰਾਖਯੋ॥ ੮॥

ਉਸ ਵੇਲੇ ਨੇੜੇ ਤੋਂ ਪਾਣੀ ਮੰਗਵਾਇਆ, 'ਸਤਿਨਾਮ' ਕਹਿ ਕੇ ਹੱਥ ਵਿਚ ਲਿਆ ਤੇ ਛਿੜਕ ਕੇ ਮੁੱਖ ਤੋਂ 'ਵਾਹਿਗੁਰੂ' ਬੋਲਿਆ 'ਗਾਂ ਜੀਵੇ' ਇਹ ਮਨੋਰਥ ਰਖਿਆ॥੮॥

ਸ਼ਾਹੁ ਸਮਾਜ ਸਮੇਤ ਨਿਹਾਰਤਿ। ਉਠੀ ਧੇਨੁ ਨਿਜ ਬਤਸ ਪੁਕਾਰਤਿ।
ਸਭਿਹਿਨਿ ਮਨ ਮਹਿਂ ਮਾਨਿ ਅਚੰਭਾ। 'ਇਨ ਮਹਿਂ ਅਜ਼ਮਤ ਬਡ ਬਿਨ ਦੰਭਾ' ॥੯॥

ਬਾਦਸ਼ਾਹ ਬਹੁਤ ਲੋਕਾਂ ਸਮੇਤ ਵੇਖ ਰਿਹਾ ਸੀ, ਗਾਂ ਉੱਠ ਕੇ ਆਪਣੇ ਵੱਛੇ ਨੂੰ ਬੁਲਾਉਣ ਲੱਗੀ। ਸਾਰਿਆਂ ਨੇ ਮਨ ਵਿਚ ਅਚੰਭਾ ਮੰਨਿਆ ਤੇ ਕਿਹਾ, "ਇਨ੍ਹਾਂ ਵਿਚ ਕਿਸੇ ਪ੍ਰਕਾਰ ਦੇ ਪਖੰਡ ਤੋਂ ਬਗੈਰ ਵੱਡੀ ਕਰਾਮਾਤ ਹੈ" ॥੯॥

ਹਰਖੇ ਬਿਸਮਾਵਤਿ ਬਿਗਸਾਏ। ਸੁਨਯੋ ਸਭਿਨਿ 'ਗੋ ਮਰੀ ਜਿਵਾਏ'।
ਪਸਰਯੋ ਪੁਰੀ ਮਝਾਰ ਬ੍ਰਿਤਾਂਤ। ਮਿਲਿ ਮਿਲਿ ਜਸੁ ਗਾਵਤਿ ਅਵਦਾਤ॥੧੦॥

ਹੈਰਾਨ ਹੋ ਕੇ ਪ੍ਰਸੰਨ ਹੋਏ ਤੇ ਮੁਸਕਰਾਏ, ਸਾਰਿਆਂ ਨੇ ਸੁਣਿਆ, "ਮਰੀ ਹੋਈ ਗਾਂ ਜਿਵਾਈ ਹੈ।" ਸਾਰੀ ਨਗਰੀ ਵਿਚ ਇਹ ਬ੍ਰਿਤਾਂਤ ਫੈਲ ਗਿਆ। ਸਾਰੇ ਮਿਲ ਮਿਲ ਕੇ ਉੱਜਲ ਜੱਸ ਗਾਉਂਦੇ ਸਨ॥੧੦॥

'ਮੁਰਦੇ ਕੋ ਜਿੰਦਾ ਕਰਿ ਦੇਨਿ। ਇਹ ਤੌ ਅਲਪ ਬਾਤ ਕੁਛ ਹੈ ਨ।
ਜਿਸ ਪਿਤ ਗੁਰ ਅਸ ਅਜ਼ਮਤ ਦੀਨਿ। ਸ਼ਾਹੁ ਸਮੀਪ ਪਠਾਵਨਿ ਕੀਨਿ॥੧੧॥

"ਮੁਰਦੇ ਨੂੰ ਜੀਉਂਦਾ ਕਰ ਦੇਣਾ, ਇਹ ਕੋਈ ਛੋਟੀ ਗੱਲ ਤਾਂ ਨਹੀਂ ਹੈ। ਜਿਸ ਪਿਤਾ ਗੁਰੂ ਜੀ ਨੇ ਐਸੀ ਕਰਾਮਾਤ ਦੇ ਕੇ ਬਾਦਸ਼ਾਹ ਦੇ ਪਾਸ ਭੇਜਿਆ ਹੈ॥੧੧॥

ਤਿਨ ਕੀ ਅਧਿਕ ਮਹਾਂ ਵਡਿਆਈ। ਕੌਨ ਸਕਹਿ ਕਹਿ ਜਥਾ ਸੁਹਾਈ।
ਧੰਨ ਧੰਨ ਸਤਿਗੁਰੂ ਸੁਜਾਨ। ਜਿਨ ਕਹੁ ਸੁਤ ਅਤਿ ਅਜ਼ਮਤਵਾਨ' ॥੧੨॥

ਉਨ੍ਹਾਂ ਦੀ ਮਹਾਨ ਵੱਡੀ ਵਡਿਆਈ ਹੈ, ਕੌਣ ਕਹਿ ਸਕਦਾ ਹੈ ਜਿਵੇਂ ਸੋਭ ਰਹੀ ਹੈ। ਧੰਨ ਧੰਨ ਚਤੁਰ ਸਤਿਗੁਰੂ ਜੀ ਜਿਨ੍ਹਾਂ ਦਾ ਪੁੱਤਰ ਏਨੀ ਕਰਾਮਾਤ ਵਾਲਾ ਹੈ" ॥੧੨॥

ਇਮ ਦਿੱਲੀ ਪੁਰ ਮਹਿਂ ਜਸੁ ਹੋਵਾ। ਆਗੇ ਕਰਹਿਂ ਸੁਨਯੋ ਜਿਸ ਜੋਵਾ।
ਦੇਸ਼ ਬਿਦੇਸ਼ਨਿ ਮਾਂਹਿ ਬ੍ਰਿਤਾਂਤ। ਜਹਿਂ ਕਹਿਂ ਭਯੋ ਅਧਿਕ ਬੱਖਜਾਤ॥੧੩॥

ਇਸ ਤਰ੍ਹਾਂ ਦਿੱਲੀ ਨਗਰ ਵਿਚ ਜਸ ਹੋਇਆ, ਜਿਸ ਨੇ ਸੁਣਿਆ ਵੇਖਿਆ ਸੀ, ਉਹ ਅੱਗੇ ਜਸ ਕਰਦਾ ਸੀ, ਦੇਸ਼ਾਂ ਵਿਦੇਸ਼ਾਂ ਵਿਚ ਬ੍ਰਿਤਾਂਤ ਚਲਿਆ, ਜਿਥੇ ਕਿਥੇ ਬਹੁਤ ਜਸ ਪ੍ਰਗਟ ਹੋਇਆ॥੧੩॥

ਪੁਨ ਨਿਜ ਡੇਰਨਿ ਕੌ ਚਲਿ ਆਏ। ਪ੍ਰਵਿਸ਼ਯੋ ਦੁਰਗ ਸ਼ਾਹਿ ਹਰਖਾਏ।
ਪੁਨ ਇਕ ਦਿਨ ਮਹਿਂ ਸਭਾ ਪ੍ਰਵੇਸ਼ੇ। ਸ੍ਰੀ ਗੁਰ ਨੰਦਨ ਸੁਜਸੁ ਵਿਸ਼ੇਸ਼ੇ॥੧੪॥

ਫਿਰ ਆਪਣੇ ਡੇਰੇ ਨੂੰ ਚੱਲ ਕੇ ਆ ਗਏ ਤੇ ਬਾਦਸ਼ਾਹ ਪ੍ਰਸੰਨ ਹੋ ਕੇ ਕਿਲ੍ਹੇ ਅੰਦਰ ਦਾਖਲ ਹੋ ਗਿਆ। ਫਿਰ ਇਕ ਦਿਨ ਸਭਾ ਵਿਚ ਪ੍ਰਵੇਸ਼ ਕੀਤਾ, ਸ੍ਰੀ ਗੁਰੂ ਜੀ ਦੇ ਪੁੱਤਰ ਦਾ ਵਿਸ਼ੇਸ਼ ਸ੍ਰੇਸ਼ਟ ਜਸ ਸੀ॥੧੪॥

ਤਿਸ ਨਿਸ ਤਸਬੀ ਨੌਰੰਗ ਕੇਰੀ। ਅੰਤਹਿਪੁਰਿ ਮਹਿਂ ਖੋਇ, ਨ ਹੇਰੀ।
ਲਈ ਚੁਰਾਇ ਨਹੀਂ ਕਿਤ ਪਾਈ। ਲਾਖਹੁਂ ਧਨ ਕੋ ਖਰਚ ਬਨਾਈ॥੧੫॥

ਉਸ ਰਾਤ ਨੌਰੰਗੇ ਦੀ ਤਸਬੀ ਮਹਿਲਾਂ ਵਿਚ ਗਵਾਚ ਗਈ ਤੇ ਕਿਸੇ ਵੇਖੀ ਨਹੀਂ, ਕਿਸੇ ਨੇ ਚੁਰਾ ਲਈ ਤੇ ਕਿਸੇ ਥਾਂ ਤੋਂ ਵੀ ਨਾ ਲੱਭੀ। ਲੱਖਾਂ ਦਾ ਧਨ ਖ਼ਰਚ ਕੇ ਉਹ ਬਣਵਾਈ ਸੀ॥੧੫॥

ਅਨਿਕ ਜਵਾਹਿਰ ਜਿਸ ਮਹਿਂ ਲਾਗੇ। ਜ਼ਾਹਰ ਜਗਮਗ ਜੋਤਿ ਸੁ ਜਾਗੇ।
ਜਿਹ ਸਮਾਨ ਕਿਤ ਪੱਯਤਿ ਨਾਂਹੀ। ਸ਼ਾਹੁ ਜਤਨ ਤੇ ਰਾਖਹਿ ਪਾਹੀ॥੧੬॥

ਅਨੇਕਾਂ ਹੀਰੇ ਜਵਾਹਰਾਤ ਜਿਸ ਨੂੰ ਲੱਗੇ ਸਨ, ਉਸ ਵਿਚ ਜੋਤੀ ਜ਼ਾਹਰਾ ਤੌਰ ਤੇ ਜਗਮਗ ਕਰਕੇ ਜਗਦੀ ਸੀ, ਜਿਸ ਵਰਗੀ ਤਸਬੀ ਹੋਰ ਕਿਤੇ ਵੀ ਨਹੀਂ ਸੀ ਮਿਲਦੀ। ਬਾਦਸ਼ਾਹ ਯਤਨ ਕਰਕੇ ਉਸ ਨੂੰ ਆਪਣੇ ਪਾਸ ਹੀ ਰੱਖਦਾ ਸੀ॥੧੬॥

ਜਬਿ ਸਤਿਗੁਰ ਨੰਦਨ ਢਿਗ ਗਏ। ਸਾਦਰ ਬੋਲਿ ਬਿਠਾਵਤਿ ਭਏ।
ਲਗਜੋ ਬਤਾਵਨਿ 'ਤਸਬੀ ਗਈ। ਅੰਤਹਿਪੁਰ ਗਮਨਜੋ ਨਿਸ ਭਈ॥੧੭॥

ਜਦ ਸਤਿਗੁਰੂ ਜੀ ਦੇ ਪੁੱਤਰ ਪਾਸ ਗਏ, ਬੜੇ ਆਦਰ ਨਾਲ ਬੋਲ ਕੇ ਪਾਸ ਬਿਠਾਇਆ। ਫਿਰ ਦੱਸਣ ਲੱਗਾ, "ਤਸਬੀ ਗਵਾਚ ਗਈ ਹੈ, ਮੈਂ ਰਾਤ ਪਈ ਮਹਿਲਾਂ ਵਿਚ ਗਿਆ ਸੀ॥੧੭॥

ਹੁਤੀ ਹਾਥ ਮਹਿਂ ਜਬਿ ਮੈਂ ਗਯੋ। ਖਾਨ ਪਾਨ ਨਿੰਦ੍ਰਾ ਬਸਿ ਭਯੋ।
ਅੰਤਰ ਹੀ ਕਿਨ ਲੀਨਿ ਚੁਰਾਈ। ਜਾਗਜੋ ਬਹੁਰਿ ਹਾਥ ਨਹਿਂ ਆਈ॥੧੮॥

ਜਦ ਮੈਂ ਮਹਿਲਾਂ ਵਿਚ ਗਿਆ ਸੀ, ਉਸ ਸਮੇਂ ਮੇਰੇ ਹੱਥ ਵਿਚ ਸੀ, ਖਾ ਪੀ ਕੇ ਮੈਂ ਨੀਂਦ ਦੇ ਵੱਸ ਹੋ ਗਿਆ। ਅੰਦਰੋਂ ਹੀ ਕਿਸੇ ਨੇ ਚੁਰਾ ਲਈ ਹੈ, ਜਦ ਜਾਗਿਆ ਫਿਰ ਹੱਥ ਨਹੀਂ ਆਈ ਹੈ॥੧੮॥

ਬੇਗਮ ਆਦਿਕ ਦਾਸੀ ਬ੍ਰਿੰਦ। ਕਹਿ ਸਭਿ ਸੋਂ ਡਰ ਦੀਨਿ ਬਿਲੰਦ।
ਨਹਿਂ ਕਿਨ ਮਾਨੀ, ਦਈ ਨ ਫੇਰੇ। ਲਾਖਹੁਂ ਧਨ ਜਿਹ ਲਗਜੋ ਬਡੇਰੇ॥੧੯॥

ਬੇਗਮਾਂ ਆਦਿ ਤੇ ਸਾਰੀਆਂ ਦਾਸੀਆਂ ਨੂੰ ਕਹਿ ਕੇ ਸਭ ਨੂੰ ਬਹੁਤ ਡਰਾਇਆ ਹੈ, ਕੋਈ ਵੀ ਨਹੀਂ ਮੰਨੀ ਤੇ ਕਿਸੇ ਨੇ ਵੀ ਵਾਪਸ ਨਹੀਂ ਦਿੱਤੀ, ਜਿਸ ਉੱਤੇ ਲੱਖਾਂ ਦਾ ਵੱਡਾ ਧਨ ਲੱਗਾ ਹੈ॥੧੯॥

ਤਿਹ ਸਮਾਨ ਪੱਯਤਿ ਨਹਿਂ ਆਨ। ਬਡੇ ਜਤਨ ਤੇ ਆਇਸਿ ਪਾਨ।
ਆਦਿ ਨਜੂਮੀ ਜੇਤਿਕ ਸਜਾਨੇ। ਸਭਿ ਪਚ ਰਹੇ, ਨ ਕਿਸ ਢਿਗ ਮਾਨੇ॥੨੦॥

ਉਸ ਵਰਗੀ ਤਸਬੀ ਹੋਰ ਕਿਤੇ ਵੀ ਨਹੀਂ ਮਿਲਣੀ, ਵੱਡੇ ਯਤਨਾਂ ਨਾਲ ਹੱਥ ਆਈ ਸੀ। ਹੋਰ ਜਿੰਨੇ ਵੀ ਨਜੂਮੀ ਅਤੇ ਸਿਆਣੇ ਹਨ ਸਾਰੇ ਖੱਪ ਰਹੇ ਹਨ, ਕੋਈ ਵੀ ਅਨੁਮਾਨ ਨਹੀਂ ਲਾ ਸਕਿਆ ਹੈ॥੨੦॥

ਆਪ ਬਤਾਵਹੁ ਗੇ ਜਬਿ ਤਾਂਹੀ। ਤਬਿ ਪ੍ਰਾਪਤਿ ਹੈ ਹਮ ਕਰ ਮਾਂਹੀ।
ਨਾਂਹਿ ਤ ਗਈ ਨ ਪਾਵਹਿ ਕੋਈ। ਜਿਹ ਸਮ ਅਪਰ ਨ ਕਜੋਂਹੂੰ ਹੋਈ॥੨੧॥

ਜਦ ਆਪ ਉਸ ਦੇ ਬਾਰੇ ਦੱਸੋਗੇ ਤਦ ਉਹ ਤਸਬੀ ਸਾਡੇ ਹੱਥ ਵਿਚ ਪ੍ਰਾਪਤ ਹੋਵੇਗੀ, ਨਹੀਂ ਤਾਂ ਗਈ ਹੋਰ ਕੋਈ ਨਹੀਂ ਪਾਵਾਂਗੇ, ਉਸ ਵਰਗੀ ਹੋਰ ਕਿਤੇ ਨਹੀਂ ਹੋ ਸਕਦੀ॥੨੧॥

ਬਨਿਹ ਨ ਤੈਸੀ ਬਹੁ ਧਨ ਲਾਗੇ। ਜਰੇ ਜਵਾਹਰ ਜ਼ਾਹਰ ਜਾਗੇ'।
ਸੁਨਿ ਸ੍ਰੀ ਰਾਮਰਾਇ ਤਬਿ ਕਹੀ। 'ਅੰਤਹਿ ਪੁਰ ਮਹਿਂ ਤਸਬੀ ਰਹੀ॥੨੨॥

ਉਸ ਵਰਗੀ ਨਹੀਂ ਬਣ ਸਕਦੀ, ਬਹੁਤ ਧਨ ਲੱਗਾ ਹੈ, ਉਸ ਵਿਚ ਜੜੇ ਹੋਏ ਹੀਰੇ ਪ੍ਰਗਟ ਰੂਪ ਵਿਚ ਜੱਗਦੇ ਹਨ।'' ਇਹ ਸੁਣ ਕੇ ਸ੍ਰੀ ਰਾਮਰਾਇ ਨੇ ਕਿਹਾ, ''ਇਹ ਤਸਬੀ ਮਹਿਲਾਂ ਦੇ ਵਿਚ ਹੀ ਰਹੀ ਹੈ॥੨੨॥

ਅਮਕੀ ਬੇਗਮ ਨੇ ਕਰ ਲੀਨੀ। ਧਰੀ ਚੁਰਾਇ ਨ ਕਿਨਹੂੰ ਚੀਨੀ।
ਤਿਸ ਕੇ ਘਰ ਅੰਤਰ ਘਰ ਜੋਇ। ਦੱਖਣ ਦਿਸ਼ਿ ਕੀ ਭੀਤੀ ਜੋਇ॥ ੨੩॥

ਤੁਹਾਡੀ ਇਕ ਫਲਾਣੀ ਬੇਗਮ ਨੇ ਆਪਣੇ ਹੱਥ ਵਿਚ ਲਈ ਹੈ, ਉਸ ਨੇ ਚੁਰਾ ਕੇ ਰੱਖ ਲਈ ਹੈ ਤੇ ਕਿਸੇ ਨੇ ਵੀ ਵੇਖੀ ਨਹੀਂ ਹੈ। ਉਸ ਦੇ ਘਰ ਵਿਚ ਜਿਹੜਾ ਅੰਦਰਲਾ ਕਮਰਾ ਹੈ, ਦੱਖਣ ਵਾਲੇ ਪਾਸੇ ਦੀ ਜਿਹੜੀ ਕੰਧ ਹੈ॥੨੩॥

ਤਹਾਂ ਤਾਕ ਇਕ ਗੁਪਤ ਨਿਹਾਰਹੁ। ਤਿਸ ਮਹਿਂ ਰਾਖੀ ਜਾਇ ਸੰਭਾਰਹੁ।
ਸਕਲ ਪਤੇ ਸੁਨਿ ਨੌਰੰਗ ਗਯੋ। ਘਰ ਮਹਿਂ ਘਰ ਸੁ ਪ੍ਰਵੇਸ਼ਹਿ ਕਿਯੋ॥ ੨੪॥

ਉਥੇ ਇਕ ਗੁਪਤ ਤਾਕ ਵੇਖੋ, ਉਸ ਵਿਚ ਉਸ ਨੇ ਸੰਭਾਲ ਕੇ ਰਖੀ ਹੈ।'' ਸਾਰਾ ਪਤਾ ਸੁਣ ਕੇ ਨੌਰੰਗਾ ਗਿਆ, ਉਸ ਬੇਗਮ ਦੇ ਘਰ ਵਿਚਲੇ ਘਰ ਵਿਚ ਦਾਖਲ ਹੋ ਗਿਆ॥੨੪॥

ਖਰੇ ਹੋਇ ਸੋ ਤਾਕ ਖੁਲ੍ਹਾਯੋ। ਅੰਤਰ ਤੇ ਸੰਪੁਟ ਨਿਕਸਾਯੋ।
ਤਿਸ ਮਹਿਂ ਤੇ ਤਸਬੀ ਨਿਕਸੀ ਹੈ। ਜੋਤਿ ਜਵਾਹਰ ਕੀ ਬਿਗਸੀ ਹੈ॥ ੨੫॥

ਖੜੇ ਹੋ ਕੇ ਉਹ ਤਾਕ ਖੁਲ੍ਹਵਾਇਆ, ਅੰਦਰੋਂ ਇਕ ਡੱਬਾ ਕਢਵਾਇਆ। ਉਸ ਵਿਚੋਂ ਤਸਬੀ ਨਿਕਲੀ ਹੈ, ਹੀਰੇ ਜਵਾਹਰਾਤ ਦੀ ਜੋਤ ਚਮਕੀ ਹੈ॥੨੫॥

ਹਰਖਯੋ ਸ਼ਾਹੁ ਸਭਾ ਲੇ ਆਯੋ। ਕਰ ਮਹਿਂ ਧਰਿ ਸਭਿ ਕੋ ਦਿਖਰਾਯੋ।
'ਗੁਰ ਨੰਦਨ ਜੇ ਨਹੀਂ ਬਤਾਵੈ। ਤੌ ਤਸਬੀ ਇਹ ਹਾਥ ਨ ਆਵੈ॥ ੨੬॥

ਬਾਦਸ਼ਾਹ ਬਹੁਤ ਪ੍ਰਸੰਨ ਹੋਇਆ ਤੇ ਸਭਾ ਵਿਚ ਲੈ ਆਇਆ ਤੇ ਹੱਥ ਉੱਤੇ ਧਰ ਕੇ ਸਭ ਨੂੰ ਵਿਖਾਈ ਤੇ ਕਹਿਣ ਲੱਗਾ, ''ਗੁਰੂ-ਪੁੱਤਰ ਜੇ ਨਾ ਦੱਸਦੇ ਤਾਂ ਇਹ ਤਸਬੀ ਹੱਥ ਵਿਚ ਨਹੀਂ ਆਉਣੀ ਸੀ॥੨੬॥

ਐਸੇ ਗੁਪਤ ਸਥਲ ਮਹਿਂ ਧਰੀ। ਨਹਿ ਕਜੋਂਹੂੰ ਜਹਿਂ ਹੇਰਨਿ ਕਰੀ'।
ਇਮ ਗੁਰ ਸੁਤ ਕੋ ਕਰਹਿ ਸਰਾਹਨਿ। ਜਿਸ ਤੇ ਹੁਇਂ ਦੁਰਜਨ ਉਰ ਦਾਹਨ॥੨੭॥

ਐਸੇ ਗੁਪਤ ਥਾਂ ਵਿਚ ਰਖੀ ਸੀ, ਜਿਥੇ ਕਿਸੇ ਤਰ੍ਹਾਂ ਵੀ ਵੇਖੀ ਨਹੀਂ ਸੀ ਜਾ ਸਕਦੀ।'' ਇਸ ਤਰ੍ਹਾਂ ਗੁਰੂ ਪੁੱਤਰ ਦੀ ਸ਼ਲਾਘਾ ਕੀਤੀ, ਜਿਸ ਪਾਸੋਂ ਦੁਸ਼ਟਾਂ ਦੇ ਹਿਰਦੇ ਸੜ ਜਾਂਦੇ ਹਨ॥੨੭॥

ਪੁਨ ਇਕ ਦਿਨ ਮਹਿਂ ਸਭਾ ਲਗਾਈ। ਸਭਿ ਉਮਰਾਵ ਮਿਲੇ ਸਮੁਦਾਈ।
ਤਬਿ ਅੰਗ੍ਰੇਜ਼ ਪੁਰੀ ਮਹਿਂ ਆਵਾ। ਮਿਲਨਿ ਸ਼ਾਹਿ ਸੋਂ ਭਾਖਿ ਪਠਾਵਾ॥ ੨੮॥

ਫਿਰ ਇਕ ਦਿਨ ਬਾਦਸ਼ਾਹ ਨੇ ਸਭਾ ਲਗਾਈ, ਸਾਰੇ ਉਮਰਾਵ ਮਿਲ ਕੇ ਇਕੱਠੇ ਹੋਏ। ਤਦ ਇਕ ਅੰਗਰੇਜ਼ ਨਗਰੀ ਵਿਚ ਆਇਆ ਤੇ ਉਸ ਨੇ ਬਾਦਸ਼ਾਹ ਨੂੰ ਮਿਲਣ ਵਾਸਤੇ ਕਹਿ ਭੇਜਿਆ॥੨੮॥

ਵਸਤੁ ਅਜਾਇਬ ਲੇ ਕਰਿ ਸੋਇ। ਆਯੋ ਸਭਾ ਬੀਚ ਅਵਿਲੋਇ।
ਦੇ ਕਰਿ ਨੌਰੰਗ ਕੋ ਤਬਿ ਮਿਲਯੋ। ਮੋਤੀ ਏਕ ਮਨਹੁਂ ਕਿਨ ਢਲਯੋ॥ ੨੯॥

ਉਹ ਅਜੀਬ ਵਸਤੂ ਲੈ ਕੇ ਆਇਆ ਤੇ ਆ ਕੇ ਸਭਾ ਨੂੰ ਵੇਖਿਆ। ਉਹ ਅਜੀਬ ਵਸਤੂ ਨੌਰੰਗੇ ਨੂੰ ਦੇ ਕੇ ਮਿਲਿਆ। ਉਹ ਅਜੀਬ ਵਸਤੂ ਇਕ ਐਸਾ ਮੋਤੀ ਸੀ ਮਾਨੋਂ ਕਿਸੇ ਨੇ ਢਾਲ ਕੇ ਬਣਾਇਆ ਹੋਵੇ॥੨੯॥

ਬ੍ਰਿਤਲਾਕਾਰ ਏਕ ਸਮ ਸਾਰੋ। ਕਰ ਪਰ ਧਰਜੋ ਦਿਪੈ ਉਜੀਆਰੋ।
ਜੋ ਮੁਕਤਾ ਕੇ ਗੁਨ ਸਮੁਦਾਯਾ। ਸੋ ਤਿਸ ਬਿਖੇ ਮਹਾਂ ਦਿਪਤਾਯਾ॥ ੩੦॥

ਉਹ ਗੋਲਾਕਾਰ ਸਾਰੇ ਪਾਸੇ ਇਕ ਸਮਾਨ ਸੀ, ਹੱਥ ਉਤੇ ਧਰਨ ਨਾਲ ਬਹੁਤ ਉੱਜਲ ਚਮਕਦਾ ਸੀ। ਜਿਹੜੇ ਇਕ ਮੋਤੀ ਵਿਚ ਸਾਰੇ ਗੁਣ ਹੁੰਦੇ ਹਨ, ਉਹ ਸਾਰੇ ਗੁਣ ਉਸ ਵਿਚ ਚਮਕ ਰਹੇ ਸਨ॥੩੦॥

ਅਪਰ ਵਸਤੁ ਬਹੁ ਮੋਲੀ ਦੈ ਕੈ। ਮਿਲਜੋ ਸ਼ਾਹੁ ਬਹੁ ਲਿਯੋ ਰਿਝੈ ਕੈ।
ਜੋ ਕਾਰਜ ਤਿਸ ਕੋ ਕਰਿ ਦੀਨਾ। ਪੁਨ ਅੰਗ੍ਰੇਜ਼ ਪਯਾਨੋ ਕੀਨਾ॥ ੩੧॥

ਹੋਰ ਬਹੁਤ ਕੀਮਤੀ ਵਸਤਾਂ ਦੇ ਕੇ, ਬਾਦਸ਼ਾਹ ਨੂੰ ਮਿਲ ਕੇ ਬਹੁਤ ਪ੍ਰਸੰਨ ਕੀਤਾ। ਜਿਹੜਾ ਉਸ ਦਾ ਕੰਮ ਸੀ, ਉਹ ਕਰ ਦਿੱਤਾ, ਫਿਰ ਅੰਗਰੇਜ਼ ਚਲਾ ਗਿਆ॥੩॥

ਤਿਸ ਪਸ਼ਚਾਤ ਸੁ ਮੁਕਤਾ ਲੈ ਕੈ। ਬੇਗਮ ਨਿਕਟਿ ਗਯੋ ਹਿਤ ਕੈ ਕੈ।
ਅਧਿਕ ਸਨੇਹ ਜਾਂਹਿ ਸੰਗ ਲਾਗਾ। ਤਿਸਹਿ ਦਿਖਾਯਹੁ ਧਰਿ ਕਰਿ ਆਗਾ॥੩੨॥

ਉਸ ਤੋਂ ਬਾਅਦ ਉਹ ਮੋਤੀ ਲੈ ਕੇ, ਬਾਦਸ਼ਾਹ ਆਪਣੀ ਬੇਗਮ ਪਾਸ ਬੜਾ ਹਿਤ ਕਰਕੇ ਗਿਆ। ਜਿਸ ਬੇਗਮ ਨੂੰ ਬਹੁਤ ਪਿਆਰ ਕਰਦਾ ਸੀ, ਉਸ ਦੇ ਅੱਗੇ ਧਰ ਕੇ ਉਸ ਨੂੰ ਵਿਖਾਇਆ॥੩੨॥

'ਭੂਖਨ ਬਿਖੈ ਪਹਿਰ ਇਹ, ਪਜਾਰੀ! ਜਿਸ ਤੇ ਹੋਇ ਜ਼ਿਬਾਇਸ਼ ਭਾਰੀ।
ਦੂਰ ਦੇਸ਼ ਤੇ ਆਨਜੋ ਏਹੀ। ਅਧਿਕ ਪਜਾਰ ਸਭਿ ਬੇਗਮ ਤੇਹੀ'॥ ੩੩॥

ਨੌਰੰਗੇ ਨੇ ਫਿਰ ਬੇਗਮ ਨੂੰ ਕਿਹਾ, ''ਹੇ ਪਿਆਰੀ! ਇਸ ਨੂੰ ਆਪਣੇ ਗਹਿਣਿਆਂ ਸਹਿਤ ਪਹਿਨੋ, ਜਿਸ ਨਾਲ ਬਹੁਤ ਵੱਡੀ ਸਜਾਵਟ ਵਧੇਗੀ। ਬੜੇ ਦੂਰ ਦੇਸ਼ ਤੋਂ ਇਹ ਆਇਆ ਹੈ। ਸਾਰੀਆਂ ਬੇਗਮਾਂ ਨਾਲੋਂ ਮੈਂ ਤੈਨੂੰ ਹੀ ਜ਼ਿਆਦਾ ਪਿਆਰ ਕਰਦਾ ਹਾਂ''॥੩੩॥

ਦੇਖਤਿ ਹੀ ਮੁਕਤਾ ਹਰਖਾਈ। ਅਧਿਕ ਆਬ, ਸਮ ਏਕ ਗੁਲਾਈ।
'ਸੁਨਹੁ ਸ਼ਾਹੁ ਜੀ! ਹੈ ਇਹੁ ਨੀਕੋ। ਤਉ ਮਨੋਰਥ ਪੁਰਹੁ ਨ ਜੀ ਕੋ॥ ੩੪॥

ਉਹ ਬੇਗਮ ਮੋਤੀ ਵੇਖਦੀ ਹੀ ਪ੍ਰਸੰਨ ਹੋ ਗਈ। ਬਹੁਤ ਚਮਕ ਤੇ ਇਕ ਸਮਾਨ ਗੋਲਾਈ ਸੀ। ਉਹ ਕਹਿਣ ਲੱਗੀ, ''ਹੇ ਸ਼ਾਹੁ ਜੀ! ਸੁਣੋ, ਇਹ ਮੋਤੀ ਚੰਗਾ ਹੈ, ਫਿਰ ਵੀ ਇਹ ਮੇਰੇ ਜੀ ਦਾ ਮਨੋਰਥ ਪੂਰਾ ਨਹੀਂ ਕਰਦਾ ਹੈ॥੩੪॥

ਇਕ ਮੁਕਤਾ ਤੇ ਹੋਇ ਨ ਕਾਮਾ। ਨਥ ਮਹਿਂ ਕਜੈਂ ਲਾਗਹਿ ਅਭਿਰਾਮਾ।
ਯਾਂਤੇ ਇਸ ਜੋਟੀ ਕੋ ਔਰ। ਕਰਹੁ ਖੁਜਾਵਨਿ ਹੈ ਜਿਸ ਠੌਰ॥ ੩੫॥

ਇਕ ਮੋਤੀ ਨਾਲ ਕੰਮ ਨਹੀਂ ਸਰਦਾ ਹੈ, ਨੱਥ ਵਿਚ ਇਹ ਇਕੱਲਾ ਕਿਵੇਂ ਸੁੰਦਰ ਲਗੇਗਾ, ਇਸ ਕਰਕੇ ਇਸ ਦੇ ਜੋੜੇ ਦਾ ਇਕ ਮੋਤੀ ਹੋਰ ਲੱਭੋ, ਜਿਥੋਂ ਵੀ ਇਹ ਮਿਲਦਾ ਹੈ॥੩੫॥

ਪੁਨ ਇਹ ਸਜਹਿ ਪਰਹਿ ਨਥ ਮਾਂਹੀ'। ਸੁਨਤਿ ਸ਼ਾਹੁ ਕਹਿ 'ਦੂਸਰ ਨਾਂਹੀ।
ਸਾਗਰ ਟਾਪੂ ਤੇ ਇਹ ਆਯੋ। ਆਨ ਸਥਾਨ ਨਹੀਂ ਅਸ ਪਾਯੋ'॥ ੩੬॥

ਫਿਰ ਇਹ ਦੋਵੇਂ ਮੋਤੀ ਨੱਥ ਵਿਚ ਪੈ ਕੇ ਸੱਜਣਗੇ।'' ਇਹ ਸੁਣਕੇ ਬਾਦਸ਼ਾਹ ਨੇ ਕਿਹਾ, ''ਇਸ ਵਰਗਾ ਦੂਸਰਾ ਨਹੀਂ ਹੈ, ਸਮੁੰਦਰ ਪਾਰਲੇ ਟਾਪੂ ਤੋਂ ਇਹ ਮੋਤੀ ਆਇਆ ਹੈ, ਹੋਰ ਕਿਸੇ ਸਥਾਨ 'ਤੇ ਇਹ ਪਾਇਆ ਨਹੀਂ ਜਾਂਦਾ ਹੈ''॥੩੬॥

ਚਿਤਵਤਿ ਚਿਤ ਮਹਿਂ 'ਕਿਤ ਤੇ ਪਾਊਂ?। ਬਿਕਤਿ ਹੋਇ, ਦੇ ਦਰਬ ਮੰਗਾਊਂ।
ਬੇਗਮ ਸੰਗ ਕਹਤਿ ਭਜੋ ਸ਼ਾਹੂ। 'ਖੁਜਵਾਵਹੁਂ ਪ੍ਰਾਪਤਿ ਥਲ ਜਾਂਹੂ'॥ ੩੭॥

ਬਾਦਸ਼ਾਹ ਚਿਤ ਵਿਚ ਸੋਚਣ ਲੱਗਾ, "ਕਿਥੋਂ ਪਾਵਾਂਗਾ ? ਜੇ ਵਿਕਦਾ ਹੋਵੇ ਤਾਂ ਧਨ ਦੇ ਕੇ ਮੰਗਵਾ ਲਵਾਂ।" ਫਿਰ ਬਾਦਸ਼ਾਹ ਬੇਗਮ ਨੂੰ ਕਹਿਣ ਲੱਗਾ, "ਜਿਸ ਸਥਾਨ ਤੋਂ ਇਹ ਪ੍ਰਾਪਤ ਹੁੰਦਾ ਹੈ, ਉਥੋਂ ਹੀ ਲਭਾਵਾਂਗਾ"॥੩੭॥

ਤਬਿ ਅਗਲੇ ਦਿਨ ਸਭਾ ਲਗਾਈ। ਭਏ ਸਭਾਸਦ ਮਿਲਿ ਸਮੁਦਾਈ।
ਪੁਨ ਸ੍ਰੀ ਰਾਮਰਾਇ ਚਲਿ ਆਯੋ। ਸਾਦਰ ਸ਼ਾਹੁ ਕਹਜੋ ਬੈਠਾਯੋ॥ ੩੮॥

ਫਿਰ ਅਗਲੇ ਦਿਨ ਸਭਾ ਲਗਾਈ। ਸਭਾ ਦੇ ਸਾਰੇ ਮੈਂਬਰ ਮਿਲ ਕੇ ਇਕੱਠੇ ਹੋਏ। ਫਿਰ ਸ੍ਰੀ ਰਾਮਰਾਇ ਵੀ ਚਲ ਕੇ ਆ ਗਿਆ ਤੇ ਬਾਦਸ਼ਾਹ ਨੇ ਆਦਰ ਸਹਿਤ ਕਹਿ ਕੇ ਬਿਠਾਇਆ॥੩੮॥

ਦੇਖਤਿ ਹੀ ਮਨ ਮਹਿਂ ਫੁਰਿ ਆਈ। ਇਨ ਤੇ ਮੁਕਤਾ ਲੇਹੁਂ ਮੰਗਾਈ।
ਗੁਰਸੁਤ ਸੌਂ ਤਬਿ ਸ੍ਵਾਲ ਬਖਾਨਾ। ਤਿਸ ਮੁਕਤਾ ਕੋ ਧਰਿ ਨਿਜ ਪਾਨਾ॥ ੩੯॥

ਗੁਰੂ-ਪੁੱਤਰ ਨੂੰ ਵੇਖਦਿਆਂ ਸਾਰ ਹੀ ਮਨ ਵਿਚ ਗੱਲ ਫੁਰ ਪਈ ਕਿ ਇਨ੍ਹਾਂ ਪਾਸੋਂ ਮੋਤੀ ਮੰਗਵਾ ਲੈਂਦੇ ਹਾਂ। ਫਿਰ ਉਸ ਮੋਤੀ ਨੂੰ ਹੱਥ ਉਤੇ ਧਰ ਕੇ ਗੁਰੂ-ਪੁੱਤਰ ਨੂੰ ਸਵਾਲ ਕੀਤਾ॥੩੯॥

'ਅਸ ਇਕ ਅਪਰ ਮਿਲੈ ਇਸ ਸਾਥ। ਦੇਹਿ ਜ਼ਿਬਾਇਸ਼ ਪਰਿ ਕੈ ਨਾਥ।
ਖੋਜੇ ਕਿਤ ਹੂੰ ਹਾਥ ਨ ਆਵੈ। ਜਾਚਜੋ ਦਰਬ ਦੇਉਂ ਜੇ ਪਾਵੈ॥ ੪੦॥

"ਇਸ ਨਾਲ ਦਾ ਜੇ ਇਕ ਹੋਰ ਮੋਤੀ ਮਿਲੇ ਤਾਂ ਉਹ ਨੱਥ ਵਿਚ ਪੈ ਕੇ ਉਸ ਦੀ ਸਜਾਵਟ ਨੂੰ ਬਹੁਤ ਵਧਾ ਦੇਵੇਗਾ। ਲੱਭਣ ਨਾਲ ਇਹ ਕਿਸੇ ਸਥਾਨ ਤੋਂ ਵੀ ਹੱਥ ਨਹੀਂ ਆਵੇਗਾ, ਮੂੰਹ ਮੰਗਿਆ ਧਨ ਦੇਣ ਨੂੰ ਤਿਆਰ ਹਾਂ ਜੇ ਮਿਲ ਜਾਵੇ॥੪੦॥

ਯਾਂਤੇ ਤੁਮ ਮੁਕਤਾ ਇਕ ਲਜਾਵਹੁ। ਸਦਨ ਆਪ ਕੇ ਹੋਇ ਮੰਗਾਵਹੁ।
ਤੁਮਰੋ ਬਡੋ ਗੁਰੂ ਜੋ ਭਯੋ। ਸ੍ਰੀ ਹਰਿਗੋਬਿੰਦ ਨਾਮ ਜੁ ਥਯੋ॥ ੪੧॥

ਇਸ ਕਰਕੇ ਤੁਸੀਂ ਇਕ ਮੋਤੀ ਲਿਆਵੋ, ਜੇ ਆਪ ਦੇ ਘਰ ਹੋਵੇ ਤਾਂ ਮੰਗਵਾ ਲਵੋ, ਤੁਹਾਡੇ ਵੱਡੇ ਜਿਹੜੇ ਗੁਰੂ ਹੋਏ ਹਨ, ਜਿਨ੍ਹਾਂ ਦਾ ਨਾਂ ਗੁਰੂ ਹਰਿਗੋਬਿੰਦ ਸੀ॥੪੧॥

ਮੁਹਿ ਦਾਦਾ ਕਹੁ ਦੀਨਸਿ ਮਾਲਾ। ਅਦਭੁਤ ਮਣਕੇ ਸੁਨੇ ਬਿਸਾਲਾ।
ਇਕਸੋ ਚਾਰ ਹੁਤੇ ਗਿਨਤੀ ਮੈਂ। ਖੋਜਿ ਥਕੇ ਨਹਿਂ ਕਿਤਹੁਂ ਲਹੀ ਮੈਂ॥ ੪੨॥

ਉਨ੍ਹਾਂ ਮੇਰੇ ਦਾਦੇ ਨੂੰ ਮਾਲਾ ਦਿੱਤੀ ਸੀ, ਜਿਸ ਦੇ ਮਣਕੇ ਬੜੇ ਅਦਭੁੱਤ ਸੁਣੇ ਜਾਂਦੇ ਹਨ। ਇਕ ਸੋ ਚਾਰ ਉਹ ਗਿਣਤੀ ਵਿਚ ਸਨ, ਮੈਂ ਬਹੁਤ ਖੋਜ ਕਰਕੇ ਥੱਕ ਗਿਆ ਹਾਂ, ਪਰ ਕਿਸੇ ਸਥਾਨ ਤੋਂ ਵੀ ਨਹੀਂ ਮਿਲੇ ਹਨ॥੪੨॥

ਹੋਇ ਆਪ ਕੇ ਘਰ ਮੁਕਤਾ ਕੋ। ਇਹ ਸਮ ਦਿਹੁ ਮੰਗਾਇ ਕਹਿ ਤਾਂਕੋ'।
ਸੁਨਿ ਸ੍ਰੀ ਰਾਮਰਾਇ ਕਹਿ 'ਦੈ ਹੈਂ। ਪ੍ਰਾਤਿ ਕਚਹਿਰੀ ਮੈਂ ਲੈ ਐ ਹੈਂ॥ ੪੩॥

ਜੇ ਤੁਹਾਡੇ ਘਰ ਅਜਿਹਾ ਕੋਈ ਮੋਤੀ ਹੋਵੇ, ਜਿਹੜਾ ਇਸ ਵਰਗਾ ਹੋਵੇ ਤਾਂ ਕਹਿ ਕੇ ਉਸ ਨੂੰ ਮੰਗਵਾ ਦੇਵੋ।" ਇਹ ਸੁਣ ਕੇ ਸ੍ਰੀ ਰਾਮਰਾਇ ਨੇ ਕਿਹਾ, "ਦੇ ਦਿਆਂਗੇ, ਸਵੇਰੇ ਕਚਹਿਰੀ ਵਿਚ ਲੈ ਆਵਾਂਗੇ"॥੪੩॥

ਅਸ ਕਹਿ ਆਗਲ ਦਿਨ ਲੇ ਗਯੋ। ਤਿਹ ਕੇ ਸਦ੍ਰਿਸ ਮਿਲਾਵਤਿ ਭਯੋ।
ਰੰਗ ਰੂਪ ਆਕ੍ਰਿਤ ਮਹਿਂ ਜੈਸੇ। ਦੂਸਰ ਦਯੋ ਸ਼ਾਹੁ ਕੋ ਤੈਸੇ॥ ੪੪॥

ਇਹ ਕਹਿ ਕੇ ਅਗਲੇ ਦਿਨ ਮੋਤੀ ਲੈ ਗਿਆ, ਉਸ ਮੋਤੀ ਦੇ ਨਾਲਦਾ ਹੀ ਸੀ, ਦੋਵਾਂ ਮੋਤੀਆਂ ਦਾ ਇਕ ਦੂਸਰੇ ਨਾਲ ਮੇਲ ਕਰਾਇਆ। ਰੰਗ, ਰੂਪ ਅਤੇ ਆਕਾਰ ਵਿਚ ਵੈਸਾ ਹੀ ਸੀ, ਦੂਸਰਾ ਮੋਤੀ ਬਾਦਸ਼ਾਹ ਨੂੰ ਇਸ ਤਰ੍ਹਾਂ ਦਿੱਤਾ॥੪੪॥

ਨੌਰੰਗ ਹਰਖ ਕਰਜੋ ਲੇ ਗਯੋ। ਬੇਗਮ ਕੋ ਪਹਿਰਾਵਤਿ ਭਯੋ।
ਕਵਿ ਸੰਤੋਖ ਸਿੰਘ ਉਸਤਤਿ ਕੀਨਿ। ਅਜ਼ਮਤ ਕੋ ਮੁਕਤਾ ਰਚਿ ਦੀਨਿ॥੪੫॥

ਨੌਰੰਗਾ ਬਹੁਤ ਪ੍ਰਸੰਨ ਹੋਇਆ ਤੇ ਲੈ ਕੇ ਚਲਾ ਗਿਆ ਤੇ ਬੇਗਮ ਨੂੰ ਪਹਿਨਾ ਦਿੱਤਾ। ਕਵੀ ਸੰਤੋਖ ਸਿੰਘ ਨੇ ਉਸਤਤ ਕੀਤੀ ਹੈ, ਕਰਾਮਾਤ ਨਾਲ ਉਹੋ ਜਿਹਾ ਮੋਤੀ ਬਣਾ ਦਿੱਤਾ॥੪੫॥

*ਨੌਵੀਂ ਰਾਸ ਦਾ ਪੰਜਾਹਵਾਂ ਅਧਿਆਇ ਸਮਾਪਤ ਹੋਇਆ॥੫੦॥*

# ਅਧਿਆਇ ਇਕਵੰਞਵਾਂ

*ਖਾਧਾ ਹੋਇਆ ਦੱਸਿਆ, ਛੇ ਰੁੱਤਾਂ ਦੇ ਮੇਵੇ ਇਕੱਠੇ ਕੀਤੇ, ਅੱਗ 'ਤੇ ਬਾਗ*

ਦੋਹਰਾ- ਪੁਨ ਇਕ ਦਿਨ ਆਏ ਸਭਾ ਨੰਦਨ ਸ੍ਰੀ ਹਰਿਰਾਇ।
ਸਨਮਾਨਤਿ ਨੌਰੰਗ ਤੇ ਬੈਠੇ ਮੋਦ ਉਪਾਇ॥ ੧॥

ਫਿਰ ਇਕ ਦਿਨ ਸ੍ਰੀ ਗੁਰੂ ਹਰਿਰਾਇ ਜੀ ਦੇ ਪੁੱਤਰ ਨੌਰੰਗੇ ਦੀ ਸਭਾ ਵਿਚ ਆਏ ਤੇ ਨੌਰੰਗੇ ਪਾਸੋਂ ਸਨਮਾਨ ਪ੍ਰਾਪਤ ਕਰਕੇ ਬੜੇ ਪ੍ਰਸੰਨ ਹੋ ਕੇ ਬੈਠ ਗਏ॥੧॥

ਚੌਪਈ- ਕਹਤਿ ਸ਼ਾਹਿ 'ਹਮ ਖਾਯੋ ਆਜ। ਦਿਹੁ ਬਤਾਇ ਸੋ ਸਭਾ ਸਮਾਜ।
ਕਿਤਿਕ ਭਾਂਤਿ ਕੋ ਆਮਿਖ ਖਾਯੋ। ਅਪਰ ਵਸਤੁ ਕਜਾ ਮੁਖ ਮਹਿਂ ਪਾਯੋ॥੨॥

ਬਾਦਸ਼ਾਹ ਨੇ ਕਿਹਾ, "ਜੋ ਅਸੀਂ ਅੱਜ ਖਾਧਾ ਹੈ, ਉਹ ਸਭਾ ਦੇ ਸਾਰੇ ਲੋਕਾਂ ਨੂੰ ਦੱਸ ਦੇਵੋ, ਕਿੰਨੀ ਪ੍ਰਕਾਰ ਦਾ ਮੈਂ ਗੋਸ਼ਤ ਖਾਧਾ ਹੈ, ਤੇ ਹੋਰ ਕਿਹੜੀਆਂ ਵਸਤਾਂ ਮੈਂ ਮੂੰਹ ਵਿਚ ਪਾਈਆਂ ਹਨ॥੨॥

ਤੁਮ ਕਹੁ ਬਡੀ ਬਾਤ ਨਹਿਂ ਕੋਈ। ਦੇਹੁ ਬਤਾਇ ਤ੍ਰਿਕਾਲ ਜੁ ਹੋਈ।
ਤਊ ਆਜ ਕੋ ਅਚਜੋ ਜੁ ਖਾਨਾ। ਆਪ ਸੁਨਾਵਹੁ ਸਭਿ ਕੇ ਕਾਨਾ॥੩॥

ਤੁਹਾਡੇ ਵਾਸਤੇ ਇਹ ਕੋਈ ਵੱਡੀ ਗੱਲ ਨਹੀਂ ਹੈ, ਤੁਸੀਂ ਤਾਂ ਜਿਹੜਾ ਤਿੰਨਾਂ ਕਾਲਾਂ ਵਿਚ ਜੋ ਕੁਝ ਹੁੰਦਾ ਹੈ, ਉਹ ਵੀ ਦੱਸ ਸਕਦੇ ਹੋ, ਫਿਰ ਵੀ ਅੱਜ ਜੋ ਖਾਣਾ ਖਾਧਾ ਹੈ, ਆਪ ਸਭ ਨੂੰ ਸੁਣਾਵੋ"॥੩॥

ਸੁਨਿ ਸ੍ਰੀ ਰਾਮਰਾਇ ਬਚ ਸ਼ਾਹੂ। ਕਰੇ ਬਤਾਵਨਿ ਜੋ ਕਿਛ ਖਾਹੂ।
'ਪੰਚ ਤਰਹਿ ਕੋ ਆਮਿਖ ਖਾਯੋ। ਤੀਨ ਰੀਤਿ ਓਦਨ ਮਿਲਵਾਯੋ॥੪॥

ਬਾਦਸ਼ਾਹ ਦੀ ਗੱਲ ਸੁਣ ਕੇ ਸ੍ਰੀ ਰਾਮਰਾਇ ਜੀ ਉਹ ਸਭ ਕੁਝ ਦੱਸਣ ਲੱਗੇ ਜੋ ਬਾਦਸ਼ਾਹ ਨੇ ਖਾਧਾ ਸੀ। ਪੰਜ ਤਰ੍ਹਾਂ ਦਾ ਮਾਸ ਖਾਧਾ ਹੈ, ਤਿੰਨਾਂ ਰੀਤਿਆਂ ਨਾਲ ਚਾਵਲ ਮਿਲਵਾਏ ਸਨ॥੪॥

ਚਾਰ ਬਿਧਿਨਿ ਕੇ ਫਲ ਸ਼ੁਭ ਖਾਏ। ਇੱਤਜਾਦਿਕ ਸਭਿ ਅਪਰ ਬਤਾਏ।
ਜਿਤੀ ਬੇਰ ਮੁਖ ਪੀਯਹੁ ਪਾਨੀ। ਭੋਜਨ ਕਰਤਿ ਕਹੀ ਜਿਮ ਬਾਨੀ॥ ੫॥

ਚਾਰ ਵਿਧੀਆਂ ਦੇ ਸ਼ੁਭ ਫਲ ਖਾਧੇ, ਇੱਤਿਆਦਿਕ ਸਭ ਹੋਰ ਵੀ ਦੱਸਿਆ, ਜਿੰਨੀ ਵਾਰ ਮੁਖ ਨਾਲ ਪਾਣੀ ਪੀਤਾ ਸੀ, ਭੋਜਨ ਕਰਦਿਆਂ ਜੋ ਕੁਝ ਬੋਲੇ ਸੀ॥੫॥

ਜੇ ਸਮੀਪ ਪਾਚਕ ਸੁ ਬਤਾਏ। ਦਾਸ ਨਿਕਟਿ ਕੇ ਸੋ ਗਿਨਵਾਏ।
ਬਾਸਨ ਧਰੇ ਅਗਾਰੀ ਜੇਤੇ। ਭਿੰਨ ਭਿੰਨ ਭਾਖੇ ਤਬਿ ਤੇਤੇ॥ ੬॥

ਜਿਹੜੇ ਲਾਗੇ ਰਸੋਈਏ ਸਨ, ਉਨ੍ਹਾਂ ਬਾਰੇ ਵੀ ਦੱਸਿਆ। ਜਿਹੜੇ ਸੇਵਕ ਪਾਸ ਸਨ, ਉਨ੍ਹਾਂ ਦੀ ਵੀ ਗਿਣਤੀ ਗਿਣਵਾਈ। ਜਿੰਨੇ ਅੱਗੇ ਬਰਤਨ ਧਰੇ ਸਨ, ਉਨ੍ਹਾਂ ਸਾਰਿਆਂ ਦੀ ਭਿੰਨਤਾ ਬਾਰੇ ਕਿਹਾ॥੬॥

ਅਚਜੋ ਜੁ ਥੋੜਾ, ਸੋ ਕਹਿ ਦੀਨਿ। ਅਪਰ ਸੁਨਾਏ ਗ੍ਰਾਸ ਜਿ ਕੀਨਿ।
ਇਸ ਪ੍ਰਕਾਰ ਜਬਿ ਦਿਯੋ ਬਤਾਈ। ਸੁਨਿ ਸੁਨਿ ਸ਼ਾਹੁ ਸਭਾ ਬਿਸਮਾਈ॥੭॥

ਜੋ ਥੋੜ੍ਹਾ ਖਾਧਾ ਸੀ, ਉਹ ਵੀ ਕਹਿ ਦਿੱਤਾ। ਹੋਰ ਵੀ ਸੁਣਾਇਆ, ਜਿਸ ਪਦਾਰਥ ਦੀ ਵੀ ਬੁਰਕੀ ਖਾਧੀ ਸੀ। ਇਸ ਤਰ੍ਹਾਂ ਜਦ ਸਭ ਦੱਸ ਦਿੱਤਾ ਤਾਂ ਬਾਦਸ਼ਾਹ ਦੀ ਸਾਰੀ ਸਭਾ ਸੁਣ ਸੁਣ ਕੇ ਬਹੁਤ ਹੈਰਾਨ ਹੋਈ॥੭॥

ਮਨਹੁਂ ਨਿਕਟਿ ਬੈਠੇ ਇਨ ਗਨੇ। ਜਸੋਂ ਕੀ ਤਸੋਂ ਸਗਰੀ ਬਿਧਿ ਭਨੇ।
ਮਹਿਦ ਸ਼ਕਤਿ ਕੁਛ ਲਖੀ ਨ ਜਾਇ। ਨੌਰੰਗ ਸੁਨਿ ਸੁਨਿ ਹਰਖ ਉਪਾਇ ॥੮॥

ਮਾਨੋਂ ਨੇੜੇ ਬੈਠ ਕੇ ਇਨ੍ਹਾਂ ਨੇ ਗਿਣਤੀ ਕੀਤੀ ਹੋਵੇ, ਸਾਰੀਆਂ ਵਸਤਾਂ ਬਾਰੇ ਜਿਵੇਂ ਜਿਵੇਂ ਵੀ ਸੀ, ਕਿਹਾ। ਬਹੁਤ ਵੱਡੀ ਸ਼ਕਤੀ ਸੀ, ਕੁਝ ਜਾਣਿਆ ਨਹੀਂ ਸੀ ਜਾਂਦਾ। ਨੌਰੰਗਾ ਸੁਣ ਸੁਣ ਬਹੁਤ ਪ੍ਰਸੰਨ ਹੋਇਆ॥੮॥

ਪੁਨ ਫਲ ਖੈਬੇ ਕੀ ਬਹੁ ਬਾਤ। ਸਭਾ ਬਿਖੇ ਪਰਬ੍ਰਿਤਜੋ ਬ੍ਰਿਤਾਂਤ।
ਕੋ ਕਿਸ ਫਲਹਿ ਸਰਾਹਤਿ ਭਯੋ। ਕਿਸਹੂੰ ਅਪਰ ਸ੍ਵਾਦ ਕਹਿ ਦਿਯੋ॥ ੯॥

ਫਿਰ ਫਲ ਖਾਣ ਦੀਆਂ ਬਹੁਤ ਗੱਲਾਂ ਬਾਰੇ ਸਭਾ ਵਿਚ ਬੜਾ ਬ੍ਰਿਤਾਂਤ ਚਲਿਆ। ਕੋਈ ਕਿਸੇ ਫਲ ਦੀ ਸ਼ਲਾਘਾ ਕਰਦਾ ਸੀ, ਕਈ ਕਿਸੇ ਨੂੰ ਹੋਰ ਸਵਾਦੀ ਕਹਿ ਦਿੰਦੇ ਸਨ॥੯॥

ਖਸ਼ਟ ਰੁਤਨਿ ਕੇ ਫਲ ਅਹੈਂ। ਭਿੰਨ ਭਿੰਨ ਸ੍ਵਾਦ ਰੁ ਗੁਨ ਕਹੈਂ।
ਤਬਿ ਮੁਸਕਾਵਤਿ ਸ਼ਾਹਿ ਬਖਾਨਾ। 'ਸੁਨਹੁ ਗੁਰੂ ਸੁਤ ਅਜ਼ਮਤਵਾਨਾ!॥੧੦॥

ਛਿਆਂ ਰੁੱਤਾਂ ਦੇ ਜਿਹੜੇ ਫਲ ਹੁੰਦੇ ਹਨ, ਉਨ੍ਹਾਂ ਦੇ ਭਿੰਨ-ਭਿੰਨ ਸਵਾਦ ਅਤੇ ਗੁਣ ਕਹਿੰਦੇ ਸਨ। ਤਦ ਬਾਦਸ਼ਾਹ ਨੇ ਮੁਸਕਰਾ ਕੇ ਕਿਹਾ, "ਸੁਣੋ ਗੁਰੂ-ਪੁੱਤਰ! ਤੁਸੀਂ ਕਰਾਮਾਤ ਵਾਲੇ ਹੋ॥੧੦॥

ਤੁਮ ਸਮਾਨ ਮੈਂ ਅਪਰ ਨ ਜਾਨਾ। ਚਹਹੁ ਕਰਹੁ ਤੁਮ ਮਹਿਦ ਮਹਾਨਾ।
ਇਕ ਅਭਿਲਾਖਾ ਮੁਝ ਮਨ ਮਾਂਹੂ। ਸੋ ਅਬਿ ਕਹੌਂ ਆਪਕੇ ਪਾਹੂ॥ ੧੧॥

ਤੁਹਾਡੇ ਵਰਗਾ ਮੈਂ ਹੋਰ ਕੋਈ ਨਹੀਂ ਜਾਣਿਆ ਹੈ, ਜੋ ਵੀ ਮੈਂ ਚਾਹਾਂ ਤੁਸੀਂ ਬਹੁਤ ਮਹਾਨ ਕਰਦੇ ਹੋ। ਇਕ ਅਭਿਲਾਸ਼ਾ ਮੇਰੇ ਮਨ ਵਿਚ ਹੈ, ਉਹ ਮੈਂ ਹੁਣ ਆਪ ਦੇ ਪਾਸ ਕਹਿੰਦਾ ਹਾਂ॥੧੧॥

ਖਸ਼ਟ ਰੁਤਨਿ ਕੇ ਮੇਵੇ ਜੇਈ। ਫਲ ਅਰੁ ਫੂਲ ਸਕਲ ਅਬਿ ਤੇਈ।
ਏਕ ਬਾਰ ਹੀ ਅਬਿ ਦਿਖਰਾਵਹੁ। ਮਨ ਭਾਵਤਿ ਮੁਝ ਦੇਹੁ ਖੁਵਾਵਹੁ' ॥੧੨॥

ਛੇ ਰੁੱਤਾਂ ਦੇ ਜਿਹੜੇ ਮੇਵੇ ਹਨ, ਫਲ ਅਤੇ ਫੁੱਲ ਸਾਰੇ ਜਿਹੜੇ ਹੁਣ ਤਕ ਹੋਏ ਹਨ, ਇਕ ਵਾਰ ਹੀ ਸਾਰੇ ਵਿਖਾਓ। ਮਨ ਭਾਉਂਦੇ ਮੈਨੂੰ ਖਵਾ ਦੇਵੋ" ॥੧੨॥

ਸੁਨਿ ਸ੍ਰੀ ਰਾਮਰਾਇ ਬਚ ਭਾਖਾ। 'ਹਮ ਕਰਿ ਦੇਹਿਂ ਪੂਰ ਅਭਿਲਾਖਾ'।
ਫਲ ਰਸਾਲ ਆਦਿਕ ਮੰਗਵਾਏ। ਸ਼ਾਹੁ ਅਗਾਰੀ ਭੇ ਸਮੁਦਾਏ॥ ੧੩॥

ਇਹ ਸੁਣ ਕੇ ਸ੍ਰੀ ਰਾਮਰਾਇ ਨੇ ਬਚਨ ਕੀਤਾ, "ਅਸੀਂ ਤੇਰੀ ਅਭਿਲਾਸ਼ਾ ਪੂਰੀ ਕਰ ਦਿੰਦੇ ਹਾਂ।" ਰਸੀਲੇ ਫਲ ਆਦਿ ਮੰਗਵਾਏ ਤੇ ਇਕੱਠੇ ਕਰਕੇ ਬਾਦਸ਼ਾਹ ਦੇ ਅੱਗੇ ਰੱਖ ਦਿੱਤੇ॥੧੩॥

ਨਿਜ ਕਰ ਤੇ ਗੁਰ ਸੁਤ ਧਰਿ ਦੇਤਿ। ਹੋਤਿ ਪ੍ਰਮੋਦ ਸ਼ਾਹਿ ਸਭਿ ਲੇਤਿ।
ਜਾਮਨ, ਖਿਰਣੀ, ਰੁਚਿਰ ਖਜੂਰ। ਆੜੂ, ਆਮਰੂਦ ਫਲ ਰੂਰ॥ ੧੪॥

ਆਪਣੇ ਹੱਥਾਂ ਨਾਲ ਗੁਰੂ-ਪੁੱਤਰ ਨੇ ਰੱਖ ਦਿੱਤੇ, ਬਹੁਤ ਪ੍ਰਸੰਨ ਹੋ ਕੇ ਬਾਦਸ਼ਾਹ ਨੇ ਸਭ ਲੈ ਲਏ। ਜਾਮਨ, ਖਿਰਣੀ, ਸਵਾਦੀ ਖਜੂਰਾਂ, ਆੜੂ, ਅਮਰੂਦ ਬੜੇ ਸੁੰਦਰ ਫਲ ਸਨ॥੧੪॥

ਕਟਲ, ਬਦਲ ਅਰ ਸੇਉ, ਅਨਾਰ। ਖਰਬੂਜੇ, ਖਾਰਕ, ਸਹਕਾਰ।
ਸੰਗਤਰੇ, ਨਿੰਬੂ, ਨੌਰੰਗੀ। ਕਦਲੀ ਫਲ, ਅੰਗੂਰ ਸੁਰੰਗੀ॥ ੧੫॥

ਕਟਹਰ, ਢੇਊ, ਸੇਬ, ਅਨਾਰ, ਖਰਬੂਜੇ, ਛੁਹਾਰੇ, ਕਲਮੀ ਅੰਬ, ਸੰਗਤਰੇ, ਨਿੰਬੂ, ਨੌਰੰਗੀ, ਕੇਲੇ, ਅੰਗੂਰ ਸ੍ਰੇਸ਼ਟ ਰੰਗਾਂ ਵਾਲੇ ਸਨ॥੧੫॥

ਖੋਪਾ, ਜ਼ਰਦਾਲੂ, ਨਸ਼ਪਾਤੀ। ਦਾਖ, ਬਦਾਮ, ਸਰਸ ਬਹੁ ਜਾਤੀ।
ਬਦਰੀ ਫਲ, ਤਰਬੂਜ਼, ਬਟੰਕ। ਸਰਦੇ ਮੰਗਵਾਏ ਇਕ ਅੰਕ॥ ੧੬॥

ਖੋਪਾ, ਜ਼ਰਦਾਲੂ, ਨਾਸ਼ਪਾਤੀ, ਦਾਖ, ਬਦਾਮ, ਰਸ ਸਹਿਤ ਬਹੁਤ ਜਾਤੀਆਂ ਦੇ ਸਨ। ਬੇਰ, ਤਰਬੂਜ਼, ਨਾਖ ਤੇ ਸਰਦੇ ਇਕੋ ਵਾਰ ਮੰਗਵਾ ਲਏ॥੧੬॥

ਤੁਰਸ਼ ਫਾਲਸੇ, ਕੰਦਬਿਦਾਰੀ। ਜ਼ਿਮੀਕੰਦ ਫਲਹਰ ਤਿਸ ਬਾਰੀ।
ਅਪਰ ਕਹਾਂ ਲਗਿ ਕਹਿ ਫਲ ਜਾਤੀ। ਧਰੇ ਸ਼ਾਹੁ ਆਗੇ ਬੱਖਜਾਤੀ॥ ੧੭॥

ਖੱਟੇ ਫਾਲਸੇ, ਕੰਦਬਿਦਾਰੀ, ਜ਼ਿਮੀਕੰਦ ਤੇ ਤਾਜ਼ਾ ਬਣ ਦੇ ਫਲ ਮੰਗਵਾ ਲਏ। ਹੋਰ ਫਲਾਂ ਦੀਆਂ ਜ਼ਾਤਾਂ ਦਾ ਕਿਥੋਂ ਤਕ ਨਾਂ ਲਵਾਂ, ਉਹ ਸਾਰੇ ਫਲ ਪ੍ਰਗਟ ਰੂਪ ਵਿਚ ਬਾਦਸ਼ਾਹ ਦੇ ਅੱਗੇ ਧਰ ਦਿੱਤੇ॥੧੭॥

ਫਲ ਸਮੂਹ ਬਿਦਤਾਏ ਜਜੌਂ ਜਜੌਂ। ਅਚਰਜ ਹੋਤਿ ਸਭਿਨਿ ਮਤਿ ਤਜੌਂ ਤਜੌਂ।
ਬ੍ਰਿੰਦ ਫਲਨਿ ਕੋ ਸ਼ਾਹੁ ਅਗਾਰੀ। ਦਿਖਤਿ,ਨ ਲਖੀ ਜਾਇ,ਮਤਿ ਹਾਰੀ॥੧੮॥

ਜਿਵੇਂ ਜਿਵੇਂ ਸਾਰੇ ਫਲ ਪ੍ਰਗਟ ਹੋਏ, ਤਿਵੇਂ ਤਿਵੇਂ ਸਾਰਿਆਂ ਦੀ ਮੱਤ ਅਸਚਰਜਤਾ ਧਾਰਨ ਕਰਦੀ ਸੀ। ਬਹੁਤ ਫਲਾਂ ਦਾ ਢੇਰ ਬਾਦਸ਼ਾਹ ਦੇ ਅੱਗੇ ਲੱਗ ਗਿਆ, ਵੇਖਕੇ ਸਮਝ ਨਹੀਂ ਆਉਂਦੀ, ਮੱਤ ਹਾਰ ਜਾਂਦੀ ਹੈ॥੧੮॥

ਬੈਠੇ ਕਿਤ ਤੇ ਏਹ ਮੰਗਾਏ। ਹੋਤਿ ਬਲਾਇਤ ਮੈਂ, ਸੇ ਆਏ।
ਖ਼ਸ਼ਟ ਰੁਤਨਿ ਕੇ ਉਪਜਨ ਵਾਰੇ। ਇਕ ਦਿਨ ਭੇ ਸਭਿ ਸਭਾ ਨਿਹਾਰੇ॥੧੯॥

ਬੈਠੇ ਨੇ ਹੀ ਇਹ ਕਿਥੋਂ ਮੰਗਵਾ ਲਏ ਹਨ, ਜਿਹੜੇ ਪ੍ਰਦੇਸ਼ ਵਿਚ ਹੁੰਦੇ ਹਨ, ਉਹ ਵੀ ਆ ਗਏ ਹਨ। ਛੇ ਰੁੱਤਾਂ ਵਿਚ ਪੈਦਾ ਹੋਣ ਵਾਲੇ, ਇਕ ਦਿਨ ਵਿਚ ਹੀ ਸਾਰੇ ਸਭਾ ਵਿਚ ਵੇਖ ਲਏ ਹਨ॥੧੯॥

ਅਧਿਕ ਪ੍ਰਸੰਨ ਸ਼ਾਹੁ ਹੁਇ ਰਹਜੋ। ਗੁਰਸੁਤ ਕੋ ਜਸੁ ਬਹੁ ਮੁਖ ਕਹਜੋ।
ਅਧਿਕ ਸ੍ਵਾਦ ਜਬਿ ਲੇ ਕਰਿ ਖਾਏ। ਬਹੁਤ ਸਰਾਹ ਸ੍ਵਾਦ ਸਮੁਦਾਏ॥ ੨੦॥

ਬਾਦਸ਼ਾਹ ਬਹੁਤ ਪ੍ਰਸੰਨ ਹੋਇਆ, ਗੁਰੂ-ਪੁੱਤਰ ਦਾ ਜਸ ਮੂੰਹ ਨਾਲ ਬਹੁਤ ਕੀਤਾ। ਬਹੁਤ ਸਵਾਦ ਲਾ ਕੇ ਜਦ ਖਾਧੇ ਤੇ ਸਾਰਿਆਂ ਬਹੁਤ ਸਵਾਦੀ ਕਹਿ ਕੇ ਸ਼ਲਾਘਾ ਕੀਤੀ॥੨੦॥

'ਬਹੁ ਉਪਬਨ ਫਲ ਅਚੇ ਜੁ ਆਗੇ। ਤਿਨ ਕੋ ਨਹੀਂ ਸ੍ਵਾਦ ਅਸ ਲਾਗੇ।
ਅਧਿਕ ਮਧੁਰਤਾ ਅਰੁ ਤੁਰਸ਼ਾਈ। ਅਚਹਿ ਅਜਾਇਬ ਕਹਜੋ ਨ ਜਾਈ' ॥੨੧॥

"ਬਹੁਤ ਬਾਗ਼ਾਂ ਦੇ ਜਿਹੜੇ ਫਲ ਪਹਿਲਾਂ ਖਾਧੇ ਸਨ, ਉਨ੍ਹਾਂ ਨੂੰ ਖਾ ਕੇ ਅਜਿਹਾ ਸਵਾਦ ਨਹੀਂ ਆਇਆ ਸੀ। ਬਹੁਤ ਮਿੱਠੇ ਅਤੇ ਤੁਰਸ਼ ਹਨ, ਅਜੀਬ ਫਲ ਖਾਧੇ ਹਨ, ਜਿਨ੍ਹਾਂ ਬਾਰੇ ਕਿਹਾ ਨਹੀਂ ਜਾ ਸਕਦਾ" ॥੨੧॥

ਕਤਹੁੰ ਨ ਸ਼ਾਹਿ ਇਤੇ ਫਲ ਖਾਏ। ਰੁਚਿ ਸੋਂ ਅਚਹਿ ਅਧਿਕ ਮਧੁਰਾਏ।
ਸਭਾ ਬਿਖੈ ਸਭਿਹਿਨਿ ਕੋ ਦੀਨੇ। ਅਚਹਿਂ ਸ੍ਵਾਦ ਕੁਛ ਪਰਹਿ ਨ ਚੀਨੇ ॥੨੨॥

ਕਦੀ ਵੀ ਬਾਦਸ਼ਾਹ ਨੇ ਏਨੇ ਫਲ ਨਹੀਂ ਖਾਧੇ ਹਨ, ਰੁਚੀ ਅਨੁਸਾਰ ਖਾਧੇ ਹਨ ਜਿਹੜੇ ਬਹੁਤ ਮਿੱਠੇ ਹਨ। ਸਭਾ ਦੇ ਵਿਚ ਸਾਰਿਆਂ ਨੂੰ ਦਿੱਤੇ, ਸਵਾਦੀ ਫਲ ਖਾਂਦੇ ਸਨ, ਕੁਝ ਪਤਾ ਨਹੀਂ ਸੀ ਲੱਗਦਾ ॥੨੨॥

ਹੁਇ ਅਚਰਜ ਤਬਿ ਸ਼ਾਹੁ ਉਚਾਰਾ। 'ਕਹਾਂ ਲਗਜੋ ਅਬ ਬਾਗ ਉਦਾਰਾ?
ਜਿਸ ਮਹਿਂ ਤੇ ਅਸ ਫਲ ਮੰਗਵਾਏ। ਖਟ ਰੁਤ ਕੇ ਇਕ ਦਿਨ ਮਹਿਂ ਖਾਏ ॥੨੩॥

ਹੈਰਾਨ ਹੋ ਕੇ ਫਿਰ ਬਾਦਸ਼ਾਹ ਨੇ ਕਿਹਾ, "ਐਡਾ ਵੱਡਾ ਬਾਗ਼ ਹੁਣ ਕਿਥੇ ਲਗਿਆ ਹੈ, ਜਿਥੋਂ ਅਜਿਹੇ ਫਲ ਮੰਗਵਾਏ ਹਨ? ਛੇਆਂ ਰੁੱਤਾਂ ਦੇ ਫਲ ਇਕੋ ਦਿਨ ਵਿਚ ਖਾ ਲਏ ਹਨ ॥੨੩॥

ਅਸ ਉਪਬਨ ਦਿਖਰਾਵਹੁ ਮੋਹੀ। ਤੁਰਸ਼ ਮਧੁਰਫਲ ਸ੍ਵਾਦਲ ਹੋਹੀ।
ਤਿਸਕੀ ਪੌਧ ਲਹੈਂ ਸਮੁਦਾਈ। ਅਪਨੇ ਬਾਗਨਿ ਦੇਹੁੰ ਲਗਾਈ ॥ ੨੪ ॥

ਐਸਾ ਬਾਗ਼ ਮੈਨੂੰ ਵਿਖਾਵੋ, ਜਿਥੇ ਤੁਰਸ਼ ਮਿੱਠੇ ਸਵਾਦੀ ਫਲ ਲੱਗਦੇ ਹਨ। ਉਨ੍ਹਾਂ ਸਾਰੇ ਬੂਟਿਆਂ ਦੀ ਪਨੀਰੀ ਲੈ ਕੇ ਆਪਣੇ ਬਾਗ਼ ਵਿਚ ਲਗਾ ਦੇਈਏ ॥੨੪॥

ਅਧਿਕ ਦੂਰ ਹੁਇ ਮਨੁਜ ਪਠਾਵਹੁ। ਹਮਰੇ ਹਿਤ ਲਘੁ ਬੂਟ ਮੰਗਾਵਹੁ।
ਅਦਭੁਤ ਸ੍ਵਾਦ ਲਗਹਿ ਫਲ ਜੋਇ। ਨਿਤ ਖੈਬੇ ਹਿਤ ਹਮ ਕੋ ਹੋਇਂ ॥ ੨੫ ॥

ਬਹੁਤ ਦੂਰ ਹੋਣ ਤਾਂ ਮਨੁੱਖ ਭੇਜੋ, ਸਾਡੇ ਵਾਸਤੇ ਥੋੜ੍ਹੇ ਬੂਟੇ ਮੰਗਵਾਓ। ਜਿਨ੍ਹਾਂ ਨੂੰ ਅਦਭੁੱਤ ਸਵਾਦੀ ਫਲ ਲੱਗਦੇ ਹਨ। ਨਿਤ ਖਾਣ ਵਾਸਤੇ ਸਾਨੂੰ ਮਿਲਦੇ ਰਹਿਣਗੇ" ॥੨੫॥

ਸੁਨਿ ਸ੍ਰੀ ਰਾਮਰਾਇ ਨੇ ਭਾਖਾ। 'ਜੇ ਅਸ ਬਾਗ ਪਿਖਿਨਿ ਅਭਿਲਾਖਾ।
ਸੋ ਹਮ ਤੁਮ ਕੋ ਦੇਹਿਂ ਦਿਖਾਈ। ਤਹਿ ਕੀ ਪੌਧ ਨ ਕਿਨਹੂੰ ਪਾਈ ॥ ੨੬ ॥

ਇਹ ਸੁਣ ਕੇ ਸ੍ਰੀ ਰਾਮਰਾਇ ਨੇ ਕਿਹਾ, "ਜੇ ਐਸਾ ਬਾਗ਼ ਵੇਖਣ ਦੀ ਅਭਿਲਾਸ਼ਾ ਹੈ ਤਾਂ ਉਹ ਅਸੀਂ ਤੁਹਾਨੂੰ ਵਿਖਾ ਦਿੰਦੇ ਹਾਂ, ਪਰ ਉਨ੍ਹਾਂ ਬੂਟਿਆਂ ਦੀ ਪਨੀਰੀ ਕਿਸੇ ਨੇ ਵੀ ਨਹੀਂ ਪਾਈ ਹੈ ॥੨੬॥

ਇਕ ਸਤਿਗੁਰ ਕੇ ਘਰ ਹੀ ਰਹੈ। ਅਪਰਨਿ ਕੋ ਅਧਿਕਾਰ ਨ ਅਹੈ।
ਜਸ ਅਚਰਜ ਫਲ ਪਿਖੇ ਰੁ ਖਾਏ। ਤਸ ਅਚਰਜ ਕੋ ਬਾਗ ਲਗਾਏ ॥ ੨੭ ॥

ਇਹ ਇਕ ਸਤਿਗੁਰੂ ਜੀ ਦੇ ਘਰ ਵਿਚ ਰਹਿੰਦੇ ਹਨ, ਹੋਰਨਾਂ ਦੇ ਇਹ ਅਧਿਕਾਰ ਵਿਚ ਨਹੀਂ ਆਉਂਦੇ ਹਨ। ਜਿਹੜੇ ਅਸਚਰਜ ਫਲ ਵੇਖੇ ਅਤੇ ਖਾਧੇ ਹਨ, ਉਹੋ ਜੇਹੇ ਹੀ ਅਸਚਰਜ ਬਾਗ਼ ਲਗਾਏ ਹਨ ॥੨੭॥

ਸਾਵਧਾਨ ਹੁਇ ਦੇਖਹੁ ਨੈਨ। ਇਮ ਕਹਿ ਕਰਿ ਗੁਰ ਨੰਦਨ ਬੈਨ।
ਕੁਛ ਅਕਾਸ਼ ਲਗਿ ਦ੍ਰਿਸ਼ਟਿ ਲਗਾਈ। ਪ੍ਰਥਮ ਸਭਿਨਿ ਅਗਨੀ ਦ੍ਰਿਸ਼ਟਾਈ ॥੨੮॥

ਸਾਵਧਾਨ ਹੋ ਕੇ ਅੱਖਾਂ ਨਾਲ ਵੇਖੋ।" ਗੁਰੂ-ਪੁੱਤਰ ਨੇ ਇਸ ਤਰ੍ਹਾਂ ਬਚਨ ਕਹਿ ਕੇ, ਅਕਾਸ਼ ਤਕ ਦ੍ਰਿਸ਼ਟੀ ਲਾਈ। ਪਹਿਲਾਂ ਸਾਰਿਆਂ ਨੂੰ ਅਗਨੀ ਵਿਖਾਈ ਦਿੱਤੀ॥੨੮॥

ਸ਼ਾਹੁ ਸਮੇਤ ਸਭਾ ਕੇ ਦੇਖਹਿਂ। ਹੁਇ ਤੂਸ਼ਨ ਬਿਸਮਾਇ ਬਿਸੇਖਹਿਂ।
ਅਰਧਕੋਸ਼ ਲੌ ਜ੍ਵਲਤੀ ਆਗ। ਤਿਸਕੇ ਊਪਰ ਸੁੰਦਰ ਬਾਗ॥ ੨੯॥

ਬਾਦਸ਼ਾਹ ਸਮੇਤ ਸਭਾ ਦੇ ਲੋਕਾਂ ਨੇ ਵੇਖਿਆ, ਚੁਪ ਹੋ ਗਏ ਤੇ ਬਹੁਤ ਹੈਰਾਨ ਹੋਏ। ਅੱਧ ਕੋਹ ਤਕ ਅੱਗ ਬਲਦੀ ਵੇਖੀ, ਉਸ ਦੇ ਉਪਰ ਸੁੰਦਰ ਬਾਗ ਹਨ॥੨੯॥

ਬਿਗਸੇ ਰੰਗ ਰੰਗ ਕੇ ਫੂਲ। ਹਰੇ ਹਰੇ ਦਲ ਮੋਟੇ ਮੂਲ।
ਪਾਕੇ ਫਲ ਕੇ ਗੁੱਛੇ ਘਨੇ। ਪੀਤ ਰਕਤ ਦੀਖਤਿ ਰਸ ਸਨੇ॥ ੩੦॥

ਉਥੇ ਰੰਗ ਬਰੰਗੇ ਫੁੱਲ ਖਿੜੇ ਹਨ, ਹਰੇ ਹਰੇ ਪੱਤੇ ਤੇ ਜੜ੍ਹਾਂ ਮੋਟੀਆਂ ਹਨ। ਪੱਕੇ ਫਲਾਂ ਦੇ ਬੜੇ ਗੁੱਛੇ ਲੱਗੇ ਹਨ ਅਤੇ ਲਾਲ ਪੀਲੇ ਰਸ ਸਹਿਤ ਦਿਖਾਈ ਦਿੰਦੇ ਹਨ॥੩੦॥

ਏਕਸਾਰ ਤਸ ਪੰਕਤਿ ਠਾਂਢੀ। ਜ੍ਵਲਤਿ ਅਗਨਿ ਨੀਚੇ ਜਿਸ ਗਾਢੀ।
ਦਲ ਸੰਘਨੇ ਮੰਜਰੀ ਜੁਤਿ ਸੋਹੇ। ਆਂਬ ਮੌਰ ਜੁਤਿ ਪਿਖਿ ਮਨ ਮੋਹੇ॥ ੩੧॥

ਇਕਸਾਰ ਉਨ੍ਹਾਂ ਦੀ ਪੰਗਤੀ ਖੜੀ ਸੀ, ਜਿਸ ਦੇ ਥੱਲੇ ਬਲਦੀ ਅੱਗ ਗੱਢੀ ਹੋਈ ਸੀ। ਸੰਘਣੇ ਪੱਤਿਆਂ ਵਿਚ ਤੁਲਸੀ ਆਦਿ ਦੀਆਂ ਮੁੰਝਰਾਂ ਵਰਗੇ ਫੁਲ ਸ਼ੋਭ ਰਹੇ ਸਨ। ਫੁੱਲਾਂ ਨੂੰ ਬੂਰ ਸਹਿਤ ਵੇਖ ਕੇ ਮਨ ਮੋਹਿਆ ਜਾਂਦਾ ਸੀ॥੩੧॥

ਸਰਬ ਜਾਤਿ ਕੇ ਤਰੁਵਰੁ ਖਰੇ। ਨਾਮ ਕੌਨ ਲੇ ਗਿਨਤੀ ਕਰੇ।
ਦੇਖਤਿ ਸ਼ਾਹੁ ਮੋਦ ਉਪਜਾਵਤਿ। ਦਿਨਪ੍ਰਤਿ ਅਚਰਜ ਅਧਿਕ ਦਿਖਾਵਤਿ॥੩੨॥

ਸਭ ਜਾਤੀਆਂ ਦੇ ਦਰੱਖ਼ਤ ਖੜੇ ਸਨ। ਉਨ੍ਹਾਂ ਦੇ ਨਾਮ ਕੌਣ ਲਵੇ ਤੇ ਕੌਣ ਉਨ੍ਹਾਂ ਦੀ ਗਿਣਤੀ ਕਰੇ। ਬਾਦਸ਼ਾਹ ਵੇਖ ਕੇ ਬਹੁਤ ਪ੍ਰਸੰਨ ਹੋਇਆ, ਸੋਚਦਾ ਸੀ ਹਰ ਰੋਜ਼ ਬਹੁਤ ਅਸਚਰਜ ਵਿਖਾਉਂਦਾ ਹੈ॥੩੨॥

ਲਗ੍ਯੋ ਆਗ ਪਰ ਬਾਗ ਬਿਸਾਲਾ। ਨਹਿਂ ਕੁਮਲਾਹਿਂ ਖਰੇ ਤਰੁ ਡਾਲਾ।
ਫਲ ਦਲ ਫੂਲ ਅਨੇਕ ਸੁਹਾਏ। ਬਿਦਤ ਸਭਿਨਿ ਕਹੁ ਭਲੇ ਦਿਖਾਏ॥੩੩॥

ਅੱਗ ਦੇ ਉੱਤੇ ਵੱਡਾ ਬਾਗ਼ ਲਗਿਆ, ਕੁਮਲਾਉਂਦਾ ਨਹੀਂ ਹੈ ਤੇ ਦਰੱਖ਼ਤਾਂ ਦੀਆਂ ਡਾਹਣੀਆਂ ਖੜੀਆਂ ਹਨ। ਫਲ, ਪੱਤੇ ਅਤੇ ਫੁੱਲ ਅਨੇਕਾਂ ਦੀ ਗਿਣਤੀ ਵਿਚ ਸ਼ੋਭ ਰਹੇ ਸਨ। ਪ੍ਰਗਟ ਰੂਪ ਵਿਚ ਸਾਰਿਆਂ ਨੂੰ ਚੰਗੀ ਤਰ੍ਹਾਂ ਵਿਖਾਏ॥੩੩॥

ਕੌਨ ਕੌਨ ਗਿਨੀਅਹਿਂ ਗੁਨ ਇਨ ਕੇ। ਅਦਭੁਤ ਚਲਿਤ ਜਾਨੀਅਹਿ ਜਿਨ ਕੇ।
ਇਸ ਪ੍ਰਕਾਰ ਜਸ ਕਹਹਿਂ ਘਨੇਰੇ। 'ਸਭਿ ਪੀਰਨ ਕੇ ਪੀਰ ਬਡੇਰੇ'॥ ੩੪॥

ਇਨ੍ਹਾਂ ਦੇ ਕਿਹੜੇ ਕਿਹੜੇ ਗੁਣ ਗਿਣੀਏ, ਜਿਨ੍ਹਾਂ ਦੇ ਅਦਭੁੱਤ ਚਲਿਤਰ ਜਾਣੀਏ। ਇਸ ਪ੍ਰਕਾਰ ਬਹੁਤ ਜਸ ਕਹਿੰਦੇ ਸਨ, "ਸਭ ਪੀਰਾਂ ਦੇ ਵੱਡੇ ਪੀਰ ਹਨ"॥੩੪॥

ਕੇਤਿਕ ਘਰੀ ਦਿਖਾਯਹੁ ਬਾਗ। ਬਡੀ ਪ੍ਰਕਾਸ਼ ਰਹੀ ਤਰ ਆਗ।
ਪੁਨਹਿ ਦੀਖਿਬੇ ਤੇ ਰਹਿ ਗਯੋ। ਕਹਹਿਂ ਪਰਸਪਰ ਅਚਰਜ ਨਯੋ॥ ੩੫॥

ਕਈ ਘੜੀਆਂ ਤਕ ਬਾਗ਼ ਵਿਖਾਏ, ਥੱਲੇ ਅੱਗ ਵੱਡਾ ਪ੍ਰਕਾਸ਼ ਕਰ ਰਹੀ ਸੀ। ਫਿਰ ਦਿਸਣਾ ਬੰਦ ਹੋ ਗਿਆ। ਨਵੇਂ ਅਸਚਰਜ ਬਾਰੇ ਆਪਸ ਵਿਚ ਗੱਲਾਂ ਕਰਦੇ ਸਨ॥੩੫॥

ਪੁਰਿ ਸਗਰੇ ਮਹਿਂ ਪੌਰਨਿ ਪੌਰ। ਘਰ ਘਰ ਮਹਿਂ ਸਭਿ ਠੌਰਹਿਂ ਠੌਰ।
ਗੁਰ ਨੰਦਨ ਅਜ਼ਮਤ ਕੀ ਬਾਤ। ਮਿਲਿ ਮਿਲਿ ਕਹਹਿਂ ਮਹਦ ਬੱਖਜਾਤ ॥੩੬॥

ਸਾਰੀ ਨਗਰੀ ਵਿਚ ਦਰਵਾਜ਼ੇ ਦਰਵਾਜ਼ੇ, ਘਰ ਘਰ, ਸਭ ਸਥਾਨਾਂ 'ਤੇ ਗੁਰੂ-ਪੁੱਤਰ ਦੀਆਂ ਕਰਾਮਾਤਾਂ ਦੀ ਗੱਲ ਚਲਦੀ ਸੀ, ਮਿਲ ਮਿਲ ਕੇ ਬਹੁਤ ਮਸ਼ਹੂਰ ਕਰਦੇ ਸਨ॥੩੬॥

'ਕੌਨ ਸਕੈ ਕਰਿ ਅਨਬਨ ਏਤੀ। ਨਿਤ ਪ੍ਰਤਿ ਕਰਤਿ ਦਿਖਾਵਤਿ ਜੇਤੀ'।
ਸਭਿ ਹੀ ਸ਼ਰਧਾ ਅਧਿਕ ਬਧਾਵੈਂ। ਅਰਪਹਿਂ ਭੇਟ ਆਨਿ ਦਰਸਾਵੈਂ॥ ੩੭॥

ਕਹਿੰਦੇ ਸਨ, "ਕੌਣ ਏਨੀ ਅਣਬਣ ਕਰ ਸਕਦਾ ਹੈ, ਪ੍ਰਤੀ ਦਿਨ ਕਰਕੇ ਜਿੰਨਾ ਕੁਝ ਵਿਖਾਉਂਦਾ ਹੈ।" ਸਾਰਿਆਂ ਦੀ ਬਹੁਤ ਸ਼ਰਧਾ ਵਧਾਉਂਦਾ ਹੈ, ਭੇਟਾਵਾਂ ਅਰਪਣ ਕਰਕੇ ਆ ਕੇ ਦਰਸ਼ਨ ਕਰਦੇ ਸਨ॥੩੭॥

ਚਰਨਾਂਮ੍ਰਿਤ ਕੀ ਪਾਹੁਲ ਲੇਤਿ। ਜਥਾਸ਼ਕਤਿ ਧਨ ਕੋ ਨਰ ਦੇਤਿ।
ਰਹਹਿ ਭੀਰ ਨਿਤ ਦਰਸ ਕਰਨ ਕੀ। ਪੂਰ ਭਾਵਨਾ ਕਰਹਿਂ ਨਰਨਿ ਕੀ॥੩੮॥

ਚਰਨਾਂਮ੍ਰਿਤ ਦੀ ਪਾਹੁਲ ਲੈਂਦੇ ਸਨ ਤੇ ਜਥਾ-ਸ਼ਕਤੀ ਮਨੁੱਖ ਧਨ ਦਿੰਦੇ ਸਨ। ਦਰਸ਼ਨ ਕਰਨ ਨਿਤ ਭੀੜ ਲੱਗੀ ਰਹਿੰਦੀ ਸੀ, ਮਨੁੱਖਾਂ ਦੀਆਂ ਭਾਵਨਾਵਾਂ ਪੂਰੀਆਂ ਕਰਦੇ ਸਨ॥੩੮॥

ਦੋਹਰਾ- ਬੀਤ ਗਏ ਕੇਤਿਕ ਦਿਵਸ ਦਿੱਲੀ ਪੁਰੀ ਮਝਾਰ।
ਕਵਿ ਸੰਤੋਖ ਸਿੰਘ ਰਹਿ ਤਹਾਂ ਅਜ਼ਮਤਿ ਦੇਤਿ ਉਦਾਰ॥ ੩੯॥

ਦਿੱਲੀ ਨਗਰੀ ਵਿਚ ਰਹਿ ਕੇ ਕਈ ਦਿਨ ਬੀਤ ਗਏ, ਹੇ ਕਵੀ ਸੰਤੋਖ ਸਿੰਘ! ਉਥੇ ਰਹਿ ਕੇ ਉੱਤਮ ਕਰਾਮਾਤਾਂ ਵਿਖਾਉਂਦੇ ਸਨ॥੩੯॥

*ਨੌਵੀਂ ਰਾਸ ਦਾ ਇਕਵੰਜਵਾਂ ਅਧਿਆਇ ਸਮਾਪਤ ਹੋਇਆ॥੫੧॥*

## ਅਧਿਆਇ ਬਵੰਜਵਾਂ

*ਠੰਡੀ ਹਵਾ ਚਲਾਈ, ਸਮਾਧੀ, ਦਰਿਆਈ ਘੋੜਾ ਦਿੱਤਾ*

ਦੋਹਰਾ- ਸਭਾ ਬਿਖੈ ਇਕ ਦਿਵਸ ਮੈਂ ਬੈਠੇ ਸਤਿਗੁਰ ਨੰਦ।
ਜੇਠ ਮਾਸ ਲੂਵਾਂ ਚਲਹਿਂ ਦਸ ਦਿਸ਼ਿ ਤਪਤ ਬਿਲੰਦ॥ ੧॥

ਇਕ ਦਿਨ ਸਤਿਗੁਰੂ ਜੀ ਦੇ ਪੁੱਤਰ ਸਭਾ ਵਿਚ ਬੈਠੇ ਸਨ, ਜੇਠ ਮਹੀਨੇ ਵਿਚ ਲੋਆਂ ਵਗਦੀਆਂ ਸਨ ਤੇ ਹਰ ਪਾਸੇ ਬਹੁਤ ਗਰਮੀ ਸੀ॥੧॥

ਚੌਪਈ- ਬਸਤ੍ਰ ਬਿਭੂਖਨ ਸਦਨ ਉਤੰਗ। ਸੀਸ ਮਹਿਲ ਅਰੁ ਚਿੱਤ੍ਰਿਤ ਰੰਗ।
ਇੱਤ੍ਯਾਦਿਕ ਸਗਰੇ ਤਪਤਾਏ। ਨਹਿਂ ਸੀਤਲਤਾ ਕਤਹੂੰ ਪਾਏ॥ ੨॥

ਵਸਤਰ, ਗਹਿਣੇ, ਘਰ, ਰੰਗਾਂ ਨਾਲ ਚਿਤਰੇ ਹੋਏ ਸ਼ੀਸ਼ ਮਹੱਲ ਇੱਤਿਆਦਿਕ ਸਾਰੇ ਤਪ ਰਹੇ ਸਨ। ਕਿਤੇ ਠੰਡ ਨਹੀਂ ਸੀ ਮਿਲਦੀ॥੨॥

ਪ੍ਰਿਥੀ ਅਕਾਸ਼ ਸਗਲ ਤਪਤਾਯੋ। ਮਨਹੁਂ ਤੇਜ ਅਗਨੀ ਦਿਪਤਾਯੋ।
ਸਭਾ ਬਿਖੈ ਨੌਰੰਗ ਨੇ ਕਹਜੋ। 'ਆਜ ਤਪਤ ਅਤਿਸ਼ੈ ਜਨੁ ਦਹਜੋ॥ ੩॥

ਪ੍ਰਿਥਵੀ ਅਕਾਸ਼ ਸਭ ਗਰਮ ਹੋਏ ਹੋਏ ਸਨ, ਮਾਨੋਂ ਤੇਜ ਅੱਗ ਨੇ ਗਰਮ ਕੀਤੇ ਹੋਣ। ਸਭਾ ਵਿਚ ਨੌਰੰਗੇ ਨੇ ਕਿਹਾ, "ਅੱਜ ਤਪਸ਼ ਮਨੁੱਖਾਂ ਨੂੰ ਬਹੁਤ ਸਾੜ ਰਹੀ ਹੈ॥੩॥

ਗੁਰ ਨੰਦਨ! ਨਿਜ ਬਾਕ ਬਖਾਨਹੁ। ਮਿਟਹਿ ਤਪਤ ਸੀਤਲਤਾ ਠਾਨਹੁ।
ਸਭਾ ਬਿਖੈ ਸੀਤਲ ਬਹਿ ਪੌਨ। ਜਿਸ ਤੇ ਸੁਖਦਾਇਕ ਹੁਇ ਭੌਨ॥ ੪॥

ਹੇ ਗੁਰੂ-ਪੁੱਤਰ! ਆਪਣਾ ਬਚਨ ਕਰੋ, ਗਰਮੀ ਖ਼ਤਮ ਹੋ ਜਾਵੇ ਤੇ ਠੰਡ ਹੋ ਜਾਵੇ ਸਭਾ ਵਿਚ ਠੰਡੀ ਹਵਾ ਚਲੇ, ਜਿਸ ਕਾਰਨ ਸਾਰਾ ਭਵਨ ਸੁਖਦਾਈ ਹੋ ਜਾਵੇ॥੪॥

ਸਭਿਹਿਨਿ ਕੇ ਚਿਤ ਬਜਾਕੁਲ ਅਹੇ। ਮਹਾਂ ਘਾਮ ਜਨੁ ਤਨ ਕੋ ਦਹੇ।
ਸੀਤਲ ਮੰਦ ਸਮੀਰ ਦਲਾਵਹੁ। ਸਭਿ ਕੌ ਸੁਖ ਦਿਹੁ ਤਪਤ ਮਿਟਾਵਹੁ'॥੫॥

ਸਾਰਿਆਂ ਦੇ ਚਿੱਤ ਵਿਆਕੁਲ ਹੋਏ ਹਨ, ਮਹਾਨ ਗਰਮੀ ਮਾਨੋਂ ਤਨ ਨੂੰ ਸਾੜ ਰਹੀ ਹੈ। ਠੰਡੀ ਮੱਠੀ ਹਵਾ ਚਲਾਵੇ, ਸਾਰਿਆਂ ਨੂੰ ਸੁਖ ਦੇ ਕੇ ਤਪਸ਼ ਮਿਟਾਵੇ" ॥੫॥

ਸੁਨਿ ਸ੍ਰੀ ਰਾਮਰਾਇ ਬਚ ਕਹੇ। 'ਹੁਇ ਸੀਤਲ ਜੈਸੇ ਚਿਤ ਚਹੇ।
ਤ੍ਰੈਬਿਧਿ ਕੀ ਸਮੀਰ ਅਬਿ ਆਵੈ। ਰੁਤਿ ਬਸੰਤ ਸਭਿ ਕੋ ਬਿਦਤਾਵੈ॥ ੬॥

ਇਹ ਸੁਣ ਕੇ ਸ੍ਰੀ ਰਾਮਰਾਇ ਨੇ ਬਚਨ ਕਹੇ, "ਜਿਵੇਂ ਚਿਤ ਚਾਹੁੰਦਾ ਹੈ, ਉਸ ਤਰ੍ਹਾਂ ਹੀ ਠੰਡ ਹੋ ਜਾਵੇਗੀ। ਤਿੰਨ ਤਰ੍ਹਾਂ ਦੀ ਹੁਣ ਹਵਾ ਚਲੇਗੀ, ਜਿਹੜੀ ਸੀਤਲ, ਸੁਗੰਧਿਤ ਅਤੇ ਹੌਲੀ ਹੌਲੀ ਚਲਣ ਵਾਲੀ ਹੋਵੇਗੀ ਤੇ ਬਸੰਤ ਰੁਤ ਵਰਗਾ ਮੌਸਮ ਸਾਰੇ ਪ੍ਰਗਟ ਹੋ ਜਾਵੇਗਾ॥੬॥

ਜਿਸ ਕੋ ਹੁਇ ਸਪਰਸ਼ ਤਨ ਆਇ। ਅਧਿਕ ਮੋਦ ਚਿਤ ਕੋ ਉਪਜਾਇ।
ਗ੍ਰੀਖਮ ਭਾਰ ਮਿਟੇ ਅਬਿ ਐਸੇ। ਸੂਰਜ ਉਦੇ ਤਿਮਰ ਗਨ ਜੈਸੇ'॥ ੭॥

ਜਿਸ ਦੇ ਵੀ ਤਨ ਨੂੰ ਆ ਕੇ ਉਹ ਲਗੇਗੀ, ਉਸਦੇ ਚਿਤ ਵਿਚ ਬਹੁਤ ਪ੍ਰਸੰਨਤਾ ਪ੍ਰਗਟ ਕਰੇਗੀ। ਸਾਰੀ ਗਰਮੀ ਹੁਣ ਇਸ ਤਰ੍ਹਾਂ ਮਿਟ ਜਾਵੇਗੀ ਜਿਵੇਂ ਸੂਰਜ ਚੜ੍ਹਿਆ ਨਹੀਂ ਤੇ ਹਾਲੇ ਹਨ੍ਹੇਰਾ ਹੀ ਹੈ" ॥੭॥

ਇਮ ਕਹਿਤਜੋਂ ਸੁਖਦਾਇਕ ਪੌਨ। ਚਾਲੀ ਤ੍ਰੈ ਬਿਧਿ ਕੀ ਤਿਸ ਭੌਨ।
ਮਹਦ ਸੁਗੰਧਤਿ ਅਨੰਦ ਉਪਾਵਤਿ। ਮੰਦ ਮੰਦ, ਸੀਤਲ ਚਲਿ ਆਵਤਿ॥ ੮॥

ਇਸ ਤਰ੍ਹਾਂ ਕਹਿੰਦਿਆਂ ਸੁਖਦਾਇਕ ਹਵਾ ਚਲ ਪਈ ਤੇ ਉਸ ਭਵਨ ਵਿਚ ਤਿੰਨ ਪ੍ਰਕਾਰ ਦੀ ਹਵਾ ਚਲ ਪਈ। ਬਹੁਤ ਸੁਗੰਧਤ ਤੇ ਅਨੰਦ ਉਪਜਾਉਂਦੀ ਸੀ, ਹੌਲੀ-ਹੌਲੀ ਠੰਡੀ ਹਵਾ ਚਲ ਕੇ ਆਉਂਦੀ ਸੀ॥੮॥

ਕਬਹੁਂ ਨ ਆਗੇ ਸੁਨੀ ਨ ਹੇਰੀ। ਹੋਤਿ ਸਪਰਸ਼ ਸੁਖਦ ਤਿਸ ਬੇਰੀ।
ਹਰਖ ਭਰੇ ਉਰ ਸਰਬ ਬਿਸਾਲ। ਬਿਸਮਤਿ ਚਿਤ ਅਸ ਬਾਯੁ ਚਾਲ॥ ੯॥

ਪਹਿਲਾਂ ਕਦੀ ਵੀ ਅਜਿਹੀ ਹਵਾ ਨਾ ਵੇਖੀ ਤੇ ਨਾ ਸੁਣੀ ਸੀ, ਜਿਸ ਨੂੰ ਛੂਹਣ ਦੇ ਨਾਲ ਉਸ ਵੇਲੇ ਸੁਖ ਪ੍ਰਾਪਤ ਹੁੰਦਾ ਸੀ। ਸਾਰਿਆਂ ਦੇ ਹਿਰਦੇ ਖ਼ੁਸ਼ੀ ਨਾਲ ਭਰ ਗਏ, ਐਸੀ ਹਵਾ ਚਲਦੀ ਵੇਖ ਕੇ ਸਾਰੇ ਬਹੁਤ ਹੈਰਾਨ ਹੋਏ॥੯॥

ਤਿਸ ਦਿਨ ਸੰਧਜਾ ਲਗਿ ਸੋ ਬਹੀ। ਸੀਤ, ਸੁਗੰਧਿ, ਮੰਦ ਗਤਿ ਲਹੀ।
ਹੁਇ ਹਰਖਤਿ ਉਰ ਸਮਾਂ ਬਿਤਾਯਹੁ। ਅਧਿਕ ਅਨੰਦ ਸ਼ਾਹੁ ਉਪਜਾਯਹੁ॥੧੦॥

ਉਸ ਦਿਨ ਸ਼ਾਮ ਤਕ ਉਹ ਹਵਾ ਚਲਦੀ ਰਹੀ। ਸੀਤਲ, ਸੁਗੰਧੀ ਵਾਲੀ ਤੇ ਮੰਦ ਗਤੀ ਵਾਲੀ ਹਵਾ ਸਾਰਿਆਂ ਨੇ ਵੇਖੀ। ਹਿਰਦੇ ਵਿਚ ਬਹੁਤ ਪ੍ਰਸੰਨ ਹੋਏ ਤੇ ਚੰਗਾ ਸਮਾਂ ਬਤੀਤ ਕੀਤਾ। ਬਾਦਸ਼ਾਹ ਨੇ ਬਹੁਤ ਅਨੰਦ ਪਾਇਆ ॥੧੦॥

ਪੁਨ ਇਕ ਬਾਸੁਰ ਸਭਾ ਸੁ ਆਏ। ਲਗਨਿ ਸਮਾਧਿ ਬ੍ਰਿਤੰਤ ਚਲਾਏ।
'ਦਸਮੇ ਦ੍ਵਾਰ ਪੌਨ ਥਿਰ ਹੋਇ। ਸੁਧ ਸ਼ਰੀਰ ਕੀ ਲਖਹਿ ਨ ਕੋਇ' ॥ ੧੧ ॥

ਫਿਰ ਇਕ ਦਿਨ ਸਭਾ ਵਿਚ ਆਏ, ਸਮਾਧੀ ਲਾਉਣ ਬਾਰੇ ਬ੍ਰਿਤਾਂਤ ਚਲਾਇਆ, "ਦਸਵੇਂ ਦਵਾਰ ਪੌਣ ਸਥਿਰ ਹੋਵੇ ਤਾਂ ਫਿਰ ਸਰੀਰ ਦੀ ਸੋਝੀ ਕੋਈ ਨਹੀਂ ਜਾਣਦਾ" ॥੧੧॥

ਇੱਤਜਾਦਿਕ ਉਲਮਾਉ ਬਖਾਨੇ। 'ਅਸ ਸਮਾਧਿ ਜੋਗੀ ਕਰਿ ਜਾਨੇ।
ਅਸ਼ਟ ਅੰਗ ਜਿਸ ਸਾਧਨ ਕਰੇ। ਤਬਿ ਦਸ ਦ੍ਵਾਰੇ ਬਾਯੂ ਥਿਰੇ॥ ੧੨ ॥

ਇੱਤਆਦਿਕ ਮੁਲਾਣਿਆਂ ਨੇ ਕਿਹਾ, "ਐਸੀ ਸਮਾਧੀ ਜੋਗੀ ਕਰਨਾ ਜਾਣਦੇ ਹਨ। ਅੱਠ ਅੰਗ ਜਿਹੜਾ ਸਾਧਨ ਕਰੇ ਤਦ ਦਸਵੇਂ ਦਵਾਰ ਹਵਾ ਠਹਿਰਦੀ ਹੈ ॥੧੨॥

*ਨੋਟ : ਅੱਠ ਅੰਗ ਹਨ, ਯਮ, ਨਿਯਮ, ਆਸਨ, ਪ੍ਰਣਾਯਾਮ, ਪ੍ਰਤਯਾਹਾਰ, ਧਾਰਨਾ, ਧਯਾਨ, ਸਮਾਧੀ।*

ਅਧਿਕ ਜੋਗ ਰਸ ਪ੍ਰਾਪਤਿ ਹੋਇ। ਆਰਬਲਾ ਚਿਰਜੀਵੀ ਸੋਇ।
ਗੋਰਖ ਕਠਨ ਪੰਥ ਉਪਰਾਜਾ। ਸਿੱਖਜ ਕਰੇ ਤਿਨ ਬਡ ਬਡ ਰਾਜਾ ॥ ੧੩ ॥

ਫਿਰ ਬਹੁਤ ਜੋਗ ਰਸ ਪ੍ਰਾਪਤ ਹੁੰਦਾ ਹੈ, ਤੇ ਉਮਰ ਬਹੁਤ ਵੱਡੀ ਹੁੰਦੀ ਹੈ। ਗੋਰਖ ਨਾਥ ਨੇ ਕਠਨ ਪੰਥ ਚਲਾਇਆ ਸੀ, ਉਸ ਨੇ ਆਪਣੇ ਸਿੱਖਾਂ ਨੂੰ ਵੱਡੇ ਵੱਡੇ ਰਾਜੇ ਬਣਾਇਆ ਹੈ ॥੧੩॥

ਮਾਰਗ ਜੋਗ ਤਿਨਹੁੰ ਸਿਖਰਾਵਾ। ਚਿਰੰਜੀਵ ਕਰਿ ਦੇਹਿ ਰਖਾਵਾ।
ਅਪਰਨ ਮਹਿਂ ਇਹ ਬਾਤ ਨ ਪਈਅਤਿ। ਗੋਰਖ ਪੰਥ ਬਿਖੈ ਸਿਖ ਲਈਅਤਿ' ॥੧੪॥

ਉਨ੍ਹਾਂ ਨੂੰ ਜੋਗ ਦਾ ਮਾਰਗ ਸਿਖਾਇਆ ਹੈ, ਅਮਰ ਬਣਾ ਕੇ ਉਨ੍ਹਾਂ ਦੇ ਸਰੀਰ ਰੱਖੇ ਹੋਏ ਹਨ, ਹੋਰਨਾਂ ਵਿਚ ਇਹ ਗੱਲ ਨਹੀਂ ਪਾਈ ਜਾਂਦੀ। ਗੋਰਖ ਪੰਥ ਵਿਚ ਹੀ ਜੋਗ ਸਿੱਖਿਆ ਮਿਲਦੀ ਹੈ" ॥੧੪॥

ਸੁਨਤਿ ਸ਼ਾਹੁ ਨੇ ਤਬਹਿ ਬਖਾਨਾ। 'ਸੁਨਹੁ ਗੁਰੂ ਸੁਤ ! ਤੁਮ ਭੀ ਜਾਨਾ।
ਲਾਵਤਿ ਹਹੁ ਸਮਾਧਿ ਕੈ ਨਾਂਹੀ ? ਅਉਰ ਮਹਿਦ ਗੁਨ ਗਨ ਤੁਮ ਮਾਂਹੀ' ॥੧੫॥

ਇਹ ਸੁਣ ਕੇ ਫਿਰ ਬਾਦਸ਼ਾਹ ਨੇ ਕਿਹਾ, "ਹੇ ਗੁਰੂ-ਪੁੱਤਰ ! ਸੁਣੋ। ਤੁਸੀਂ ਵੀ ਸਮਾਧੀ ਲਾਉਂਦੇ ਹੋ ਕਿ ਨਹੀਂ ? ਹੋਰ ਬਹੁਤ ਵੱਡੇ-ਵੱਡੇ ਗੁਣ ਤੁਹਾਡੇ ਵਿਚ ਹਨ" ॥੧੫॥

ਸੁਨਿ ਸ੍ਰੀ ਰਾਮਰਾਇ ਨੇ ਕਹਜੋ। 'ਹਮਰੇ ਸ੍ਰੀ ਨਾਨਕ ਜਿਮ ਚਹਜੋ।
ਸੋ ਬਿਧਿ ਕਰਤੇ ਰਹੇ ਬਿਸਾਲਾ। ਕਰਨਿ ਸਮਾਧਿ ਸੁ ਪੰਥ ਸੁਖਾਲਾ ॥ ੧੬ ॥

ਇਹ ਸੁਣ ਕੇ ਸ੍ਰੀ ਰਾਮਰਾਇ ਨੇ ਕਿਹਾ, "ਸਾਡੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਿਸ ਤਰ੍ਹਾਂ ਚਾਹਿਆ, ਉਹੀ ਉੱਤਮ ਵਿਧੀ ਅਸੀਂ ਕਰਦੇ ਰਹੇ ਹਾਂ, ਸਮਾਧੀ ਲਾਉਣਾ ਬੜਾ ਸੌਖਾ ਮਾਰਗ ਹੈ ॥੧੬॥

ਸਤਿਗੁਰ ਘਰ ਮੈਂ ਸਭਿ ਕਿਛੁ ਪਈਅਤਿ। ਭਗਤਿ ਗਜਾਨ ਮਹਿਮਾ ਅਧਿਕਈਅਤਿ।
ਇਹ ਤੋ ਮੁਖ, ਗੌਨ ਹੈਂ ਆਨ। ਚਹਿਹਿਂ ਕਰਹਿਂ ਦ੍ਰਿਢ, ਲਹਿਂ ਬ੍ਰਹਮ ਗਜਾਨ ॥੧੭॥

ਸਤਿਗੁਰੂ ਦੇ ਘਰ ਵਿਚ ਸਭ ਕੁਝ ਪ੍ਰਾਪਤ ਹੈ, ਭਗਤੀ ਗਿਆਨ ਦੀ ਮਹਿਮਾ ਬਹੁਤ ਜ਼ਿਆਦਾ ਹੈ। ਇਹ ਪੰਥ ਸਭ ਤੋਂ ਮੁਖੀ ਹੈ, ਹੋਰ ਸਭ ਪੰਥ ਮਾਮੂਲੀ ਹਨ। ਜਿਹੜੇ ਦ੍ਰਿੜ੍ਹ ਕਰਨਾ ਚਾਹੁੰਦੇ ਹਨ, ਉਹ ਬ੍ਰਹਮ ਗਿਆਨ ਪ੍ਰਾਪਤ ਕਰਦੇ ਹਨ ॥੧੭॥

ਗੁਰ ਘਰ ਮਹਿਂ ਇਹ ਜੋਗ ਸਮਾਧਿ। ਚਹੈਂ ਸੁ ਕਰੈਂ ਬਿਸਾਲ ਜੁ ਸਾਧ।
ਤਊ ਮੁੱਖਜਤਾ ਨਹਿਂ ਇਸ ਕੇਰੀ। ਬ੍ਰਹਮਗਜਾਨ ਲਗਿ ਬ੍ਰਿਤੀ ਬਡੇਰੀ ॥੧੮॥

ਗੁਰੂ ਘਰ ਵਿਚ ਇਹ ਸਮਾਧੀ ਹੀ ਜੋਗ ਹੈ, ਜਿਹੜੇ ਚਾਹੁਣ ਇਸ ਸਮਾਧੀ ਨੂੰ ਉੱਤਮ ਬਣਾ ਸਕਦੇ ਹਨ ਅਤੇ ਬਿਰਤੀ ਨੂੰ ਇਕਾਗਰ ਕਰਕੇ ਬ੍ਰਹਮ ਗਿਆਨ ਨੂੰ ਪ੍ਰਾਪਤ ਕਰ ਸਕਦੇ ਹਨ"॥੧੮॥

ਸੁਨਿ ਉਲਮਾਉਨਿ ਪੁਨਹਿ ਬਖਾਨੇ। 'ਇਹ ਤੋ ਬਾਤ ਨਹੀਂ ਹਮ ਮਾਨੈਂ।
ਪ੍ਰਥਮ ਪੌਨ ਸਾਧੇ ਤੇ ਬਿਨਾ। ਕਰਹਿ ਸਮਾਧਿ ਲੇਹਿ ਰਸ ਘਨਾ॥ ੧੯॥

ਇਹ ਸੁਣ ਕੇ ਮੁਸਲਿਮ ਵਿਦਵਾਨ ਫਿਰ ਬੋਲੇ, "ਇਹ ਗੱਲ ਅਸੀਂ ਨਹੀਂ ਮੰਨਦੇ, ਪਹਿਲਾਂ ਪੌਣ ਦੀ ਸਾਧਨਾ ਕਰਨ ਤੋਂ ਬਿਨਾਂ ਜਿਹੜੇ ਸਮਾਧੀ ਕਰਦੇ ਹਨ ਉਹ ਬੜਾ ਰਸ ਪ੍ਰਾਪਤ ਕਰਦੇ ਹਨ॥੧੯॥

ਮਹਾਂ ਕਠਨ ਇਹ ਨਹੀਂ ਸੁਖਾਲੇ। ਜਿਮ ਬਿਨ ਸਾਧਨ ਸਿੱਧ ਮਹਾਂ ਲੇ'।
ਨੌਰੰਗ ਕਹਜੋ 'ਸਨਹੁ ਗੁਰ ਨੰਦ ! ਕਹਿਂ ਇਹ ਸਚ, ਹੈ ਕਠਨ ਬਿਲੰਦ॥੨੦॥

ਇਹ ਸਮਾਧੀ ਮਹਾਂ ਕਠਨ ਹੈ, ਸੌਖੀ ਨਹੀਂ ਹੈ, ਜਿਵੇਂ ਬਿਨਾਂ ਸਾਧਨ ਤੋਂ ਕੋਈ ਕਹੇ ਕਿ ਮੈਂ ਮਹਾਨ ਸਿੱਧੀ ਪ੍ਰਾਪਤ ਕਰ ਲਈ ਹੈ।" ਨੌਰੰਗੇ ਨੇ ਕਿਹਾ, "ਹੇ ਗੁਰੂ ਨੰਦ ! ਸੁਣੋ, ਕੀ ਇਹ ਸਚ ਕਹਿੰਦੇ ਹਨ ਕਿ ਸਮਾਧੀ ਬਹੁਤ ਕਠਨ ਹੈ ? ॥੨੦॥

ਜੇ ਤੁਮ ਪੌਨ ਲੇਤਿ ਹੋ ਸਾਧ? ਲਾਇ ਦਿਖਾਵਹੁ ਮੋਹਿ ਸਮਾਧਿ।
ਪੁਨ ਸਭਿ ਮਾਨਹਿਂ ਸਾਚ ਉਬਾਚੀ। ਬਿਨ ਦੇਖੇ ਜਾਨਹਿਂ ਕਹਿਂ ਕਾਚੀ' ॥੨੧॥

ਜੇ ਤੁਸੀਂ ਪੌਣ ਸਾਧ ਲੈਂਦੇ ਹੋ ਤਾਂ ਮੈਨੂੰ ਸਮਾਧੀ ਲਾ ਕੇ ਵਿਖਾਓ। ਫਿਰ ਤੁਹਾਡਾ ਕਿਹਾ ਹੋਇਆ ਸਾਰੇ ਸੱਚ ਮੰਨਣਗੇ। ਵੇਖਣ ਤੋਂ ਬਿਨਾਂ ਸਾਰੇ ਝੂਠੀ ਜਾਣਨਗੇ"॥੨੧॥

ਸੁਨਿ ਸ੍ਰੀ ਰਾਮਰਾਇ ਬਚ ਭਾਖਾ। 'ਜੇ ਕਰਿ ਤੁਮਰੇ ਇਹ ਅਭਿਲਾਖਾ।
ਏਕ ਸਥਾਨ ਦੇਹੁ ਜਹਿ ਬੈਸੈਂ। ਬਰਜਹੁ ਤਹਿਂ ਨ ਜਾਇ ਕੋ ਕੈਸੇ॥ ੨੨॥

ਇਹ ਸੁਣ ਕੇ ਰਾਮਰਾਇ ਨੇ ਬਚਨ ਕੀਤਾ, "ਜੇ ਤੁਹਾਡੀ ਇਹ ਅਭਿਲਾਖਾ ਹੈ, ਤਾਂ ਇਕ ਸਥਾਨ ਦੇਵੋ ਜਿੱਥੇ ਬੈਠੀਏ ਤੇ ਸਭ ਨੂੰ ਰੋਕੋ ਕਿ ਕੋਈ ਵੀ ਕਿਸੇ ਤਰ੍ਹਾਂ ਉਥੇ ਨਾ ਜਾਵੇ॥੨੨॥

ਜਾਵਦ ਰਹੈਂ ਸਮਾਧਿ ਲਗਾਈ। ਨਰ ਬੈਠਹਿਂ ਦਰ ਪਰ ਚੁਕਸਾਈ।
ਕਜੋਂ ਹੂੰ ਸ਼ਬਦ ਨ ਤਿਸ ਥਲ ਜਾਇ। ਰਹੈਂ ਇਕੰਤ ਪੌਨ ਠਹਿਰਾਇ' ॥੨੩॥

ਜਦ ਤਕ ਸਮਾਧੀ ਲੱਗੀ ਰਹੇ, ਤੁਹਾਡੇ ਪਹਿਰੇਦਾਰ ਚੌਕਸੀ ਨਾਲ ਦਰਵਾਜ਼ੇ 'ਤੇ ਬੈਠੇ ਰਹਿਣ। ਕਿਸੇ ਪ੍ਰਕਾਰ ਦੀ ਵੀ ਆਵਾਜ਼ ਉਸ ਥਾਂ ਨਾ ਜਾਵੇ, ਇਕਾਂਤ ਵਿਚ ਪੌਣ ਨੂੰ ਠਹਿਰਾ ਕੇ ਬੈਠਾਂਗੇ"॥੨੩॥

ਸੁਨਤਿ ਸ਼ਾਹਿ ਨੇ ਸੁੰਦਰ ਭੌਨ। ਕਹਜੋ 'ਨ ਇਸ ਥਲ ਗਮਨਹਿ ਕੌਨ'।
ਤਹਾਂ ਜਾਇ ਕਰਿ ਕੀਨਸਿ ਆਸਨ। ਨੇਤ੍ਰ ਮੂੰਦਿ ਕੈ ਪਿਖਿ ਪੌਨਾਸਨ॥੨੪॥

ਇਹ ਸੁਣ ਕੇ ਬਾਦਸ਼ਾਹ ਨੇ ਇਕ ਸੁੰਦਰ ਕਮਰਾ ਦਿੱਤਾ ਤੇ ਸਭ ਨੂੰ ਕਹਿ ਦਿੱਤਾ ਕਿ ਇਸ ਥਾਂ ਕੋਈ ਵੀ ਨਾ ਜਾਵੇ। ਉਥੇ ਜਾ ਕੇ ਆਸਣ ਲਾ ਲਿਆ, ਅੱਖਾਂ ਬੰਦ ਕਰਕੇ ਪੌਣ ਦੇ ਆਸਣ ਨਾਭੀ ਚੱਕਰ ਦਾ ਧਿਆਨ ਧਾਰਨ ਕੀਤਾ॥੨੪॥

ਦਸਮੈ ਦ੍ਵਾਰ ਪੌਨ ਠਹਿਰਾਈ। ਲਗੀ ਸਮਾਧਿ ਅੰਗ ਨ ਉਕਸਾਈ।
ਸਭਿ ਉਲਮਾਉਨਿ ਜਾਇ ਸੁ ਪਰਖਜੋ। ਨੌਰੰਗ ਹੇਰਿ ਅਚਲ ਕੋ ਹਰਖਜੋ॥੨੫॥

ਤੇ ਦਸਮੇ ਦੁਆਰ ਪੌਣ ਠਹਿਰਾਈ। ਐਸੀ ਸਮਾਧੀ ਲੱਗੀ ਕੋਈ ਅੰਗ ਨਾ ਹਿਲਿਆ, ਸਾਰੇ ਮੁਸਲਿਮ ਵਿਦਵਾਨਾਂ ਨੇ ਜਾ ਕੇ ਵੇਖਿਆ। ਨੌਰੰਗਾ ਵੀ ਅਚਲ ਸਮਾਧੀ ਵੇਖ ਕੇ ਪ੍ਰਸੰਨ ਹੋਇਆ॥੨੫॥

ਪੰਚ ਦਿਵਸ ਇਕ ਆਸਨ ਰਹੇ। ਲਗੀ ਸਮਾਧਿ ਜੋਗ ਰਸ ਲਹੇ।
ਦ੍ਵੈਸ਼ੀ ਦੇਖਿ ਦੇਖਿ ਦੁਖ ਦਾਹੈਂ। ਭਾ ਮਿੱਤ੍ਰਨਿ ਕੇ ਅਨੰਦ ਉਛਾਹੈ॥ ੨੬॥

ਪੰਜ ਦਿਨ ਇਕੋ ਆਸਣ 'ਤੇ ਰਹੇ, ਸਮਾਧੀ ਲੱਗੀ ਤੇ ਜੋਗ ਰਸ ਲਿਆ। ਈਰਖਾਲੂ ਵੇਖ-ਵੇਖ ਕੇ ਦੁੱਖ ਨਾਲ ਸੜਦੇ ਸਨ ਤੇ ਜਿਹੜੇ ਮਿੱਤਰ ਸਨ, ਉਹ ਅਨੰਦ ਨਾਲ ਉਛਲਦੇ ਸਨ॥੨੬॥

ਖਸ਼ਟਮ ਬਾਸੁਰ ਬਿਕਸੇ ਨੈਨ। ਨਿਕਸੇ ਤਜਾਗਜੇ ਸ਼ਾਹੁ ਜੁ ਐਨ।
ਨਿਜ ਡੇਰੇ ਮਹਿਂ ਆਨਿ ਬਿਰਾਜੇ। ਮੰਦਮਤੀ ਦ੍ਵੈਸ਼ੀ ਗਨ ਲਾਜੇ॥ ੨੭॥

ਛੇਵੇਂ ਦਿਨ ਜਾ ਕੇ ਨੈਣ ਖੁਲ੍ਹੇ, ਬਾਹਰ ਨਿਕਲ ਕੇ ਬਾਦਸ਼ਾਹ ਦਾ ਕਮਰਾ ਛੱਡ ਦਿੱਤਾ। ਆਪਣੇ ਡੇਰੇ ਵਿਚ ਫਿਰ ਆ ਬਿਰਾਜੇ। ਮਾੜੀ ਮੱਤ ਵਾਲੇ ਈਰਖਾਲੂ ਸ਼ਰਮਿੰਦੇ ਹੋ ਰਹੇ ਸਨ॥੨੭॥

ਪੁਨ ਇਕ ਦਿਨ ਚਢਿ ਨੌਰੰਗ ਚਲਯੋ। ਅਸੁ ਅਰੂਢਿ ਹ੍ਵੈ ਗੁਰ ਸੁਤ ਮਿਲਯੋ।
ਅਧਿਕ ਸਮਾਜ ਸੰਗ ਨਹਿਂ ਲੀਨਹੁ। ਦੋਨਹੁਂ ਵਹਿਰ ਪਯਾਨਹੁ ਕੀਨਹੁ॥੨੮॥

ਫਿਰ ਇਕ ਦਿਨ ਨੌਰੰਗਾ ਘੋੜੇ 'ਤੇ ਚੜ੍ਹ ਕੇ ਚਲਿਆ। ਘੋੜੇ ਉੱਤੇ ਚੜ੍ਹਿਆਂ ਹੀ ਗੁਰੂ-ਪੁੱਤਰ ਭਾਵ ਸ੍ਰੀ ਰਾਮਰਾਇ ਨੂੰ ਮਿਲਿਆ। ਬਹੁਤੇ ਲੋਕ ਨਾਲ ਨਹੀਂ ਸਨ ਲਏ, ਦੋਵੇਂ ਬਾਹਰ ਚਲੇ ਗਏ॥੨੮॥

ਚਢੇ ਤੁਰੰਗਨਿ ਵਹਿਰ ਪਲਾਵੈਂ। ਕਰਹਿਂ ਤੇਜ ਅਰੁ ਤੁੰਗ ਕੁਦਾਵਹਿਂ।
ਬਾਤਨਿ ਕੇ ਰਸ ਢਲੇ ਮਹਾਨੇ। ਬਿਨ ਜਾਨੇ ਹੀ ਦੂਰ ਪਯਾਨੇ॥ ੨੯॥

ਘੋੜਿਆਂ ਉੱਤੇ ਚੜ੍ਹੇ ਹੀ ਬਾਹਰ ਚਲੇ ਗਏ। ਘੋੜਿਆਂ ਨੂੰ ਤੇਜ਼ ਕਰਦੇ ਅਤੇ ਕੁਦਵਾਉਂਦੇ ਸਨ। ਗੱਲਾਂ ਦੇ ਰਸ ਵਿਚ ਬਹੁਤ ਢੱਲ ਗਏ ਸਨ। ਜਾਣਨ ਤੋਂ ਬਗੈਰ ਹੀ ਬਹੁਤ ਦੂਰ ਚਲੇ ਗਏ॥੨੯॥

ਜਮਨਾ ਤੀਰ ਤੀਰ ਚਲਿ ਗਏ। ਰੁਚਿਰ ਸਥਾਨ ਬਿਲੋਕਤਿ ਭਏ।
ਬਹੁਰ ਸ਼ਾਹ ਨੇ ਤੁਰਾ ਪਲਾਯੋ। ਬੇਗ ਸਮੀਰ ਸਮਾਨ ਧਵਾਯੋ॥ ੩੦॥

ਜਮਨਾ ਨਦੀ ਦੇ ਕੰਢੇ ਕੰਢੇ ਚਲੇ ਗਏ। ਇਕ ਬੜਾ ਸੁੰਦਰ ਸਥਾਨ ਵੇਖਿਆ। ਫਿਰ ਬਾਦਸ਼ਾਹ ਨੇ ਘੋੜਾ ਭਜਾਇਆ, ਹਵਾ ਸਮਾਨ ਬਹੁਤ ਤੇਜ਼ ਭਜਾਇਆ॥੩੦॥

ਬਲੀ ਬਿਸਾਲ ਕਰਯੋ ਬਲ ਘੋਰੇ। ਰੋਕ ਰਹਯੋ ਬਹੁ, ਮੁਰਯੋ ਨ ਮੋਰੇ।
ਸ਼ਾਹੁ ਬਿਬਸ ਹ੍ਵੈ ਚਢਯੋ ਸੁ ਜਾਵਤਿ। ਕਰਿ ਉਪਾਇ ਐਂਚਤਿ ਉਤਲਾਵਤਿ ॥੩੧॥

ਘੋੜਾ ਬਹੁਤ ਬਲਵਾਨ ਸੀ ਤੇ ਉਸ ਨੇ ਬਹੁਤ ਬਲ ਵਿਖਾਇਆ। ਨੌਰੰਗਾ ਘੋੜੇ ਨੂੰ ਰੋਕ ਰਿਹਾ ਸੀ, ਪਰ ਉਹ ਰੁਕਿਆ ਨਹੀਂ। ਬਾਦਸ਼ਾਹ ਬੇਵਸ ਹੋ ਕੇ ਉਸ 'ਤੇ ਚੜ੍ਹਿਆ ਜਾਂਦਾ ਸੀ ਤੇ ਬਹੁਤ ਉਪਾਅ ਕਰਕੇ ਲਗਾਮ ਖਿੱਚਦਾ ਸੀ॥੩੧॥

ਇਤਨੇ ਮਹਿਂ ਜਮਨਾ ਜਲ ਆਵਾ। ਰੁਕਯੋ ਨ ਕੈਸਿਹੁਂ, ਸਮੁਖ ਪਲਾਵਾ।
ਤ੍ਰਸਤਿ ਹੋਇ ਰੋਕਤਿ ਬਹੁ ਸ਼ਾਹੂ। ਗਯੋ ਓਜ ਕਰਿ ਸਲਿਤਾ ਮਾਂਹੂ॥ ੩੨॥

ਏਨੇ ਵਿਚ ਅੱਗੇ ਜਮਨਾ ਦਾ ਪਾਣੀ ਆ ਗਿਆ। ਘੋੜਾ ਕਿਸੇ ਤਰ੍ਹਾਂ ਵੀ ਨਾ ਰੁਕਿਆ, ਸਾਹਮਣੇ ਭੱਜਾ ਗਿਆ। ਡਰਿਆ ਹੋਇਆ ਬਾਦਸ਼ਾਹ ਬਹੁਤ ਰੋਕਦਾ ਰਿਹਾ, ਪਰ ਘੋੜਾ ਸ਼ਕਤੀ ਲਾ ਕੇ ਦਰਿਆ ਦੇ ਵਿਚ ਚਲਾ ਗਿਆ॥੩੨॥

ਪ੍ਰਵਿਸ਼ਜੋ ਅਸੁ, ਕੋ ਬਸ ਨ ਬਸਾਯੋ। ਰੁਕਜੋ ਜਾਇ ਜਲ ਮਹਿਂ, ਨ ਪਲਾਯੋ।
ਸਕਲ ਸਮਾਜ ਭੀਜ ਕਰਿ ਗਯੋ। ਸ਼ਸਤ੍ਰ ਬਸਤ੍ਰ ਕਛੁ ਬਚਤਿ ਨ ਭਯੋ॥੩੩॥

ਘੋੜਾ ਇਸ ਤਰ੍ਹਾਂ ਜਲ ਵਿਚ ਪ੍ਰਵੇਸ਼ ਕਰ ਗਿਆ ਤੇ ਕੋਈ ਵੱਸ ਨਾ ਚਲਿਆ। ਘੋੜਾ ਜਲ ਵਿਚ ਜਾ ਕੇ ਰੁਕ ਗਿਆ, ਅੱਗੇ ਨਾ ਗਿਆ। ਸਾਰਾ ਸਾਜ਼ੋ-ਸਾਮਾਨ ਭਿੱਜ ਗਿਆ, ਸ਼ਸਤਰ ਬਸਤਰ ਕੋਈ ਵੀ ਸੁਕਾ ਨਾ ਬਚਿਆ॥੩੩॥

ਬਹੁਤ ਮੋਲ ਕੋ ਜ਼ੀਨ ਬਿਗਾਰਾ। ਇਕ ਵਿਰ ਜਲ ਨਿਮਗਨ ਕਰਿ ਸਾਰਾ।
ਬਹੁ ਬਲ ਤੇ ਬਾਹਰ ਨਿਕਸਾਯੋ। ਤਬਿ ਸ੍ਰੀ ਰਾਮਰਾਇ ਢਿਗ ਆਯੋ॥੩੪॥

ਬਹੁਤ ਕੀਮਤੀ ਕਾਠੀ ਖ਼ਰਾਬ ਹੋ ਗਈ, ਇਕ ਵਾਰ ਜਲ ਨੇ ਸਭ ਕੁਝ ਗਿੱਲਾ ਕਰ ਦਿੱਤਾ। ਬਹੁਤ ਤਾਕਤ ਲਾ ਕੇ ਘੋੜੇ ਨੂੰ ਬਾਹਰ ਕਢਿਆ, ਫਿਰ ਸ੍ਰੀ ਰਾਮਰਾਏ ਪਾਸ ਆਇਆ॥੩੪॥

ਚੌਕ੍ਰਿਤ ਚਿਤ ਭੈ ਕਰਿ ਬਚ ਭਾਖਜੋ। 'ਆਜ ਖ਼ੁਦਾਇ ਹਾਥ ਦੈ ਰਾਖਜੋ।
ਨਾਂਹਿ ਤ ਜਾਤਿ ਜਿ ਬਡ ਜਲ ਮਾਂਹੀ। ਤਹਾਂ ਉਬਾਰ ਹੋਤਿ ਕਿਮ ਨਾਂਹੀ॥੩੫॥

ਚਿਤ ਵਿਚ ਬਹੁਤ ਹੈਰਾਨ ਹੋ ਕੇ ਬੋਲਿਆ, "ਅੱਜ ਖ਼ੁਦਾ ਨੇ ਹੱਥ ਦੇ ਕੇ ਰੱਖਿਆ ਹੈ, ਨਹੀਂ ਤਾਂ ਜੇਕਰ ਵੱਡੇ ਜਲ ਵਿਚ ਚਲਾ ਜਾਂਦਾ ਤਾਂ ਉਥੇ ਜਾ ਕੇ ਕਿਸੇ ਤਰ੍ਹਾਂ ਵੀ ਬਚਾਅ ਨਾ ਹੁੰਦਾ॥੩੫॥

ਬਡੇ ਓਜ ਤੇ ਰੁਕਿ ਅਸੁ ਰਹਜੋ। ਹੋਤਿ ਪ੍ਰਵੇਸ਼ ਤ੍ਰਾਸ ਬਹੁ ਲਹਜੋ।
ਸਭਿ ਕਿਛੁ ਜਲ ਕੇ ਬਿਖੈ ਭਿਗੋਵਾ। ਆਗੇ ਮੈਂ ਨ ਤ੍ਰਾਸ ਅਸ ਜੋਵਾ॥੩੬॥

ਬੜੀ ਸ਼ਕਤੀ ਨਾਲ ਘੋੜਾ ਰੁਕਿਆ ਹੈ, ਪਾਣੀ ਵਿਚ ਦਾਖ਼ਲ ਹੋਣ ਨਾਲ ਬਹੁਤ ਡਰ ਗਿਆ। ਸਭ ਕੁਝ ਜਲ ਦੇ ਨਾਲ ਭਿੱਜ ਗਿਆ ਹੈ, ਪਹਿਲਾਂ ਮੈਂ ਕਦੀ ਐਸਾ ਡਰ ਨਹੀਂ ਵੇਖਿਆ॥੩੬॥

ਤ੍ਰਾਸ ਨਹੀਂ ਮੁਝ ਅਪਰ ਸਥਲ ਤੇ। ਸ਼ੰਕਤਿ ਚਿਤ ਭਾ ਪ੍ਰਵਿਸ਼ਤਿ ਜਲ ਤੇ।
ਤੁਮ ਅਬਿ ਕ੍ਰਿਪਾ ਕਰਹੁ ਨਿਜ ਐਸੇ। ਭੈ ਨਹਿਂ ਕਰਵਿ ਨੀਰ ਤੇ ਜੈਸੇ॥੩੭॥

ਮੈਨੂੰ ਕਿਸੇ ਹੋਰ ਸਥਾਨ ਤੋਂ ਡਰ ਨਹੀਂ ਹੈ, ਪਰ ਜਲ ਵਿਚ ਪ੍ਰਵੇਸ਼ ਕਰਨ ਨਾਲ ਮੇਰੇ ਚਿਤ ਵਿਚ ਸ਼ੰਕਾ ਪੈਦਾ ਹੋਈ। ਤੁਸੀਂ ਹੁਣ ਇਸ ਤਰ੍ਹਾਂ ਆਪਣੀ ਕਿਰਪਾ ਕਰੋ, ਜਿਸ ਤਰ੍ਹਾਂ ਮੈਂ ਕਦੀ ਪਾਣੀ ਤੋਂ ਨਾ ਡਰਾਂ॥੩੭॥

ਅਸ ਅਸੁ ਕੋ ਦੀਜਹਿ ਕਰਿ ਜਤਨ। ਅਤਿ ਗੁਨ ਸਹਿਤ ਹੋਹਿ ਜਿਮ ਰਤਨ।
ਜੋ ਜਲ ਪਰ ਤਰਿ ਜਾਹਿ ਸੁਖਾਰੇ। ਨਹਿਂ ਭੀਜਹਿ ਊਪਰ ਅਸਵਾਰੇ॥੩੮॥

ਇਹੋ ਜਿਹਾ ਕੋਈ ਘੋੜਾ ਜਤਨ ਕਰਕੇ ਦੇਵੋ, ਜਿਹੜਾ ਰਤਨ ਵਾਂਗ ਅਤੀ ਗੁਣਾਂ ਸਹਿਤ ਹੋਵੇ। ਜੋ ਜਲ ਵਿਚ ਸੌਖੇ ਹੀ ਤਰ ਕੇ ਚਲਾ ਜਾਵੇ ਤੇ ਉਸ ਉੱਤੇ ਸਵਾਰੀ ਕਰਨ ਨਾਲ ਵੀ ਗਿੱਲਾ ਨਾ ਹੋਵਾਂ॥੩੮॥

ਸੁਸ਼ਕ ਸਮਾਜ ਰਾਖਿ ਕੈ ਬਾਜ। ਚਲਹਿ ਨਦੀ ਪਰ ਦਿਹੁ ਅਸੁ ਸਾਜ।
ਤੁਮਹਿਂ ਨ ਦੁਰਲਭ ਇਹ ਕਛੁ ਜਾਨਾ। ਹੁਇ ਪ੍ਰਾਪਤਿ ਮੁਝ,ਕਹਹੁ ਬਖਾਨਾ॥੩੯॥

ਘੋੜਾ ਸੁੱਕਾ ਸਾਜ਼ੋ-ਸਾਮਾਨ ਰੱਖ ਕੇ ਨਦੀ ਵਿਚ ਚਲੇ, ਐਸਾ ਘੋੜਾ ਸਾਜ ਕੇ ਦੇਵੋ। ਤੁਹਾਡੇ ਵਾਸਤੇ ਕੁਝ ਵੀ ਦੁਰਲੱਭ ਨਹੀਂ ਹੈ, ਇਹ ਮੈਂ ਜਾਣਿਆ ਹੈ। ਅਜਿਹਾ ਘੋੜਾ ਮੈਨੂੰ ਪ੍ਰਾਪਤ ਹੋ ਜਾਵੇ, ਇਸ ਤਰ੍ਹਾਂ ਦਾ ਬਚਨ ਕਰੋ॥੩੯॥

ਐਸੀ ਕੁਛ ਨ ਲਖਉਂ ਜਗ ਮਾਂਹੀ। ਕਹੇ ਆਪ ਕੇ ਹੋਇ ਜਿ ਨਾਂਹੀ।
ਅਸ ਨਿਸ਼ਚੈ ਮੇਰੇ ਮਨ ਮਹਾਂ। ਪਤਿਆਵਨਿ ਕੀਨਸਿ ਜਹਿਂ ਕਹਾਂ॥੪੦॥

ਇਸ ਜੱਗ ਵਿਚ ਕੋਈ ਵਸਤੂ ਵੀ ਐਸੀ ਨਾ ਸਮਝੋ, ਜਿਹੜੀ ਆਪ ਦੇ ਕਹੇ 'ਤੇ ਪ੍ਰਾਪਤ ਨਹੀਂ ਹੋ ਸਕਦੀ ਹੈ। ਐਸਾ ਮੇਰੇ ਮਨ ਵਿਚ ਮਹਾਨ ਨਿਸ਼ਚਾ ਹੈ, ਜਿੱਥੇ ਕਿੱਥੇ ਮੈਂ ਪਰਖ ਕੇ ਵੇਖਿਆ ਹੈ'' ॥੪੦॥

ਸੁਨਿ ਸ੍ਰੀ ਰਾਮਰਾਇ ਹਰਖਾਇ। ਕਹਜੋ 'ਜਿ ਸ਼ਰਧਾ ਇਮ ਉਪਜਾਇ।
ਤੌ ਤੁਰੰਗ ਪਾਵਹੁ ਦਰਿਆਈ। ਤਰਹਿ ਨਦੀ ਜਲ ਛ੍ਵੈ ਨ ਸਕਾਈ॥ ੪੧॥

ਇਹ ਸੁਣ ਸ੍ਰੀ ਰਾਮਰਾਇ ਬਹੁਤ ਪ੍ਰਸੰਨ ਹੋਏ ਤੇ ਕਿਹਾ, ''ਜੇ ਇਸ ਤਰ੍ਹਾਂ ਸ਼ਰਧਾ ਉਪਜਾਈ ਹੈ ਤਾਂ ਦਰਿਆਈ ਘੋੜਾ ਪਾਵੇਂਗੇ। ਨਦੀ ਦੇ ਜਲ ਉੱਤੇ ਉਹ ਤੁਰੇਗਾ ਤੇ ਜਲ ਉਸ ਦੇ ਸਰੀਰ ਨੂੰ ਛੂਹ ਨਹੀਂ ਸਕੇਗਾ ॥੪੧॥

ਬਰਨ ਪੁਰੀ ਕੋ ਬਲੀ ਬਿਸਾਲਾ। ਅਸ ਤੁਰੰਗ ਨਿਕਸਹੁ ਤਤਕਾਲਾ।
ਸਲਿਤਾ ਜਲ ਤੇ ਆਵਹੁ ਬਾਹਰ। ਸ਼ਾਹੁ ਚੜ੍ਹਾਵਹੁ ਹੁਇ ਕਰਿ ਜ਼ਾਹਰ ॥ ੪੨॥

ਵਰਣ ਦੇਵਤਾ ਦੀ ਨਗਰੀ ਦਾ ਉਹ ਬਹੁਤ ਬਲਵਾਨ ਘੋੜਾ ਹੈ। ਐਸਾ ਘੋੜਾ ਹੁਣ ਤੁਰਤ ਨਿਕਲੇਗਾ। ਨਦੀ ਦੇ ਜਲ ਵਿਚੋਂ ਬਾਹਰ ਆਵੇ ਤੇ ਪ੍ਰਗਟ ਹੋ ਕੇ ਬਾਦਸ਼ਾਹ ਨੂੰ ਸਵਾਰ ਕਰੇ'' ॥੪੨॥

ਇਮ ਜਬਿ ਰਾਮਰਾਇ ਨੇ ਕਹਜੋ। ਜਲ ਤੇ ਅਸੁ ਨਿਕਸਜੋ ਸਭਿ ਲਹਜੋ।
ਬਿਸਦ ਬਰਨ ਸੁੰਦਰ, ਬਲ ਭਰਜੋ। ਨਖ ਸ਼ਿਖ ਤੇ ਜਨੁ ਸੰਚੈ ਢਰਜੋ॥ ੪੩॥

ਇਸ ਤਰ੍ਹਾਂ ਜਦ ਸ੍ਰੀ ਰਾਮਰਾਇ ਨੇ ਕਿਹਾ ਤਾਂ ਜਲ ਵਿਚੋਂ ਘੋੜਾ ਨਿਕਲਦਾ ਸਭ ਨੇ ਵੇਖਿਆ। ਉਸ ਦਾ ਸੁੰਦਰ ਸਫੈਦ ਰੰਗ ਸੀ ਤੇ ਬਲ ਦਾ ਭਰਿਆ ਹੋਇਆ ਸੀ। ਨੋਹਾਂ ਤੋਂ ਲੈ ਕੇ ਸਿਰ ਤਕ ਜਿਵੇਂ ਸੱਚੇ ਵਿਚ ਢਾਲ ਕੇ ਬਣਾਇਆ ਹੋਵੇ ॥੪੩॥

ਮਣਿ ਮਯ ਜ਼ੀਨ ਪ੍ਰਕਾਸ਼ ਕਰੰਤਾ। ਅਤਿ ਚੰਚਲ ਜਨੁ ਨਾਚ ਕਰੰਤਾ।
ਦੇਖਤਿ ਸ਼ਾਹਿ ਪ੍ਰਮੋਦ ਨ ਥੋਰਾ। ਆਗੇ ਕਬਿ ਨ ਪਿਖਜੋ ਅਸ ਘੋਰਾ॥ ੪੪॥

ਕਾਠੀ ਹੀਰਿਆਂ, ਪੰਨਿਆਂ, ਮੋਤੀਆਂ ਆਦਿ ਨਾਲ ਜੜੀ ਹੋਈ ਚਮਕ ਰਹੀ ਸੀ। ਘੋੜਾ ਅਤਿ ਚੰਚਲ ਸੀ ਮਾਨੋਂ ਨਾਚ ਕਰਦਾ ਸੀ। ਬਾਦਸ਼ਾਹ ਵੇਖ ਕੇ ਬਹੁਤ ਪ੍ਰਸੰਨ ਹੋਇਆ। ਪਹਿਲਾਂ ਕਦੀ ਵੀ ਅਜਿਹਾ ਘੋੜਾ ਨਹੀਂ ਸੀ ਵੇਖਿਆ ॥੪੪॥

ਗਹਿ ਕਰਿ ਬਾਗ ਚਢਜੋ ਤਤਕਾਲਾ। ਸਤਿਗੁਰ ਨੰਦ ਸਰਾਹਿ ਬਿਸਾਲਾ।
'ਜਲ ਮਹਿਂ ਤੇ ਨਿਕਸਾਇ ਤੁਰੰਗ। ਮੁਝ ਕੋ ਦਿਯੋ ਏਕ ਬਚ ਸੰਗ' ॥ ੪੫॥

ਵਾਗ ਫੜ ਕੇ ਤੁਰਤ ਉੱਤੇ ਚੜ੍ਹ ਗਿਆ ਤੇ ਸਤਿਗੁਰੂ ਜੀ ਦੇ ਪੁੱਤਰ ਦੀ ਬਹੁਤ ਸ਼ਲਾਘਾ ਕਰਨ ਲੱਗਾ, ''ਜਲ ਵਿਚੋਂ ਘੋੜਾ ਕੱਢਿਆ ਹੈ ਤੇ ਮੇਰੇ ਇਕ ਬਚਨ ਕਹਿਣ ਤੇ ਹੀ ਮੈਨੂੰ ਦੇ ਦਿੱਤਾ ਹੈ'' ॥੪੫॥

ਆਇ ਸਭਾ ਮਹਿਂ ਸਤੁਤਿ ਬਖਾਨੀ। ਸੁਨਿ ਸੁਨਿ ਸਕਲ ਮਾਨਿ ਹੈਰਾਨੀ।
'ਅਤਿ ਅਚਰਜ ਕੀ ਬਾਤ ਕਰੰਤਾ। ਅਜ਼ਮਤ ਸਭਿ ਤੇ ਅਧਿਕ ਧਰੰਤਾ' ॥ ੪੬॥

ਸਭਾ ਵਿਚ ਆ ਕੇ ਬੜੀ ਉਸਤਤਿ ਕੀਤੀ, ਸਾਰੇ ਸੁਣ ਸੁਣ ਕੇ ਹੈਰਾਨ ਹੁੰਦੇ ਸਨ ਤੇ ਕਹਿੰਦੇ ਸਨ, 'ਅਤਿ ਅਸਚਰਜ ਦੀ ਗੱਲ ਕਰਦਾ ਹੈ ਅਤੇ ਸਭ ਨਾਲੋਂ ਜ਼ਿਆਦਾ ਕਰਾਮਾਤ ਰੱਖਦਾ ਹੈ ॥੪੬॥

*ਨੌਵੀਂ ਰਾਸ ਦਾ ਬਵੰਜਵਾਂ ਅਧਿਆਇ ਸਮਾਪਤ ਹੋਇਆ ॥੫੨॥*

❖❖❖

# ਅਧਿਆਇ ਤਰਵੰਝਵਾਂ

## ਭੂਮੀ ਉੱਚੀ ਕੀਤੀ, ਕੱਪੜੇ ਹੇਠੋਂ ਪੱਤਰੇ ਕੱਢੇ

ਦੋਹਰਾ- ਕੀਨਿ ਸ਼ਰਈਅਨਿ ਮੰਤ੍ਰ ਮਿਲਿ 'ਇਕ ਹਿੰਦੂ ਸਭਿ ਮਾਂਹਿ।
ਊਚੇ ਬੈਠਹਿ ਗਰਬ ਕਰਿ ਇਹ ਲਾਇਕ ਕਛੁ ਨਾਂਹਿ' ॥ ੧॥

ਸ਼ਰ੍ਹਾ ਵਾਲੇ ਮੁਲਾਣਿਆਂ ਨੇ ਮਿਲ ਕੇ ਸਲਾਹ ਕੀਤੀ, "ਇਕ ਹਿੰਦੂ ਸਾਰਿਆਂ ਵਿਚ ਘੁਮੰਡ ਕਰਕੇ ਉੱਚੇ ਥਾਂ ਬੈਠਦਾ ਹੈ, ਇਹ ਗੱਲ ਯੋਗ ਨਹੀਂ ਹੈ" ॥੧॥

ਚੌਪਈ- ਗਨ ਉਲਮਾਉ ਮੁਲਾਨੇ ਕਾਜ਼ੀ। ਦੁਖਹਿਂ ਦੇਖਿ ਕਰਿ ਮੂਢ ਸਦਾ ਜੀ।
ਹੋਇ ਨ ਆਵਤਿ ਹੈ ਕਿਮ ਸਮਤਾ। ਤਿਸ ਅਜ਼ਮਤ ਕੋ ਸਭਿ ਜਗ ਨਮਤਾ ॥੨ ॥

ਬਹੁਤ ਮੁਸਲਿਮ ਵਿਦਵਾਨ, ਮੁਲਾਣੇ ਤੇ ਮੂਰਖ ਕਾਜ਼ੀ ਵੇਖ ਕੇ ਸਦਾ ਹੀ ਦਿਲ ਵਿਚ ਬਹੁਤ ਦੁਖੀ ਹੁੰਦੇ ਸਨ। ਬਰਾਬਰੀ ਤਾਂ ਉਨ੍ਹਾਂ ਪਾਸੋਂ ਹੋ ਨਹੀਂ ਸੀ ਸਕਦੀ, ਜਿਸ ਦੇ ਪ੍ਰਤਾਪ ਅੱਗੇ ਸਾਰਾ ਜੱਗ ਨਿਉਂਦਾ ਹੈ ॥੨॥

ਤਿਸ ਕੋ ਲੇਸ਼ ਨ ਮੂਢ ਮਤਨ ਮੈਂ। ਏਕ ਸ਼ਰ੍ਹਾ ਗਹਿ ਗਾਢੇ ਮਨ ਮੈਂ।
ਕਹੈਂ ਪਰਸਪਰ 'ਸ਼ਾਹੁ ਸੁਨਾਵਹੁ। ਤੁਮ ਕਸੋਂ ਸ਼ਰ੍ਹਾ ਵਹਿਰ ਪਗ ਪਾਵਹੁ ॥੩ ॥

ਮੂਰਖਾਂ ਦੀ ਮੱਤ ਵਿਚ ਉਸ ਕਰਾਮਾਤ ਦਾ ਲੇਸ਼ ਭਰ ਵੀ ਭਰੋਸਾ ਨਹੀਂ ਹੈ, ਇਕ ਸ਼ਰ੍ਹਾ ਨੂੰ ਮਨ ਵਿਚ ਗਾਢਿਆ ਹੋਇਆ ਹੈ। ਆਪਸ ਵਿਚ ਕਹਿੰਦੇ ਸਨ, "ਬਾਦਸ਼ਾਹ ਨੂੰ ਸੁਣਾਉਂਦੇ ਹਾਂ, ਤੁਸੀਂ ਸ਼ਰ੍ਹਾ ਦੇ ਬਾਹਰ ਪੈਰ ਕਿਉਂ ਧਰਦੇ ਹੋ ॥੩॥

ਸਰਬ ਤੁਰਕ ਕਰ ਜੋਰਹਿਂ ਖਰੇ। ਸਾਥ ਅਦਾਬ ਸਭਾ ਮਹਿਂ ਬਰੇ।
ਕੋ ਬੈਠਤਿ ਹੁਇ ਨੀਚੇ ਥਾਨ। ਨਾਂਹਿ ਤ ਖਰੇ ਰਹੈਂ ਡਰ ਮਾਂਨਿ ॥ ੪ ॥

ਸਾਰੇ ਤੁਰਕ ਹੱਥ ਜੋੜ ਕੇ ਖੜੇ ਹੁੰਦੇ ਹਨ, ਬੜੇ ਅਦਬ ਨਾਲ ਸਭਾ ਵਿਚ ਦਾਖਲ ਹੁੰਦੇ ਹਨ। ਕਈ ਨੀਵੇਂ ਥਾਂ ਬੈਠ ਜਾਂਦੇ ਹਨ ਨਹੀਂ ਤਾਂ ਡਰ ਮੰਨ ਕੇ ਕਈ ਖੜੇ ਰਹਿੰਦੇ ਹਨ ॥੪॥

ਇਕ ਹਿੰਦੂ ਆਵਤਿ ਹੰਕਾਰਤਿ। ਤਿਸ ਕੋ ਸਭਿ ਤੇ ਊਚ ਬਿਠਾਰਤਿ।
ਕਹੈ ਨ ਕਲਮਾ ਦੀਨ ਨ ਮਾਨਹਿਂ। ਅਪਨੇ ਮਤ ਕੋ ਮਹਿਦ ਬਖਾਨਹਿ ॥੫ ॥

ਇਕ ਹਿੰਦੂ ਬੜੇ ਹੰਕਾਰ ਨਾਲ ਆਉਂਦਾ ਹੈ, ਉਸ ਨੂੰ ਸਭ ਤੋਂ ਉੱਚੀ ਥਾਂ ਬਿਠਾਉਂਦੇ ਹੋ। ਉਹ ਕਲਮਾ ਪੜ੍ਹਦਾ ਨਹੀਂ ਤੇ ਦੀਨ ਨੂੰ ਮੰਨਦਾ ਨਹੀਂ, ਆਪਣੇ ਮੱਤ ਨੂੰ ਵੱਡਾ ਕਹਿੰਦਾ ਹੈ ॥੫॥

ਯਾਂਤੇ ਤੁਮਨੇ ਸ਼ਰ੍ਹਾ ਬਿਗਾਰੀ। ਇਮ ਚਲਿ ਭਾਖਹੁ ਸ਼ਾਹੁ ਅਗਾਰੀ'।
ਕਰਿ ਮਸਲਤ ਨੌਰੰਗ ਢਿਗ ਆਏ। ਪੂਰਬ ਅਪਰ ਪ੍ਰਸੰਗ ਚਲਾਏ ॥ ੬ ॥

ਇਸ ਕਰਕੇ ਤੁਸੀਂ ਸ਼ਰ੍ਹਾ ਵਿਗਾੜੀ ਹੈ, ਇਸ ਤਰ੍ਹਾਂ ਚਲ ਕੇ ਬਾਦਸ਼ਾਹ ਦੇ ਅੱਗੇ ਕਹੋ।" ਉਹ ਸਾਰੇ ਸਲਾਹ ਕਰਕੇ ਨੌਰੰਗੇ ਦੇ ਪਾਸ ਆਏ, ਪਹਿਲਾਂ ਹੋਰ ਪ੍ਰਸੰਗ ਚਲਾਏ ॥੬॥

ਪੁਨ ਨਿਜ ਮਤ ਕੋ ਮਤਾ ਬਖਾਨਾ। 'ਸੁਨਹੁ ਸ਼ਾਹੁ ਜੀ ! ਬਡ ਬੁਧਿਵਾਨਾ।
ਸ਼ਰ੍ਹਾ ਵਹਿਰ ਜੇ ਹਿੰਦੁਨਿ ਮਤ ਹੈ। ਤਿਸ ਕਹੁ ਨਿਤ ਸਨਮਾਨਤਿ ਅਤਿ ਹੈ ॥੭ ॥

ਫਿਰ ਆਪਣੀ ਮਤ ਦੇ ਮਤੇ ਬਾਰੇ ਕਿਹਾ, "ਹੇ ਸ਼ਾਹ ਜੀ ! ਸੁਣੋ, ਤੁਸੀਂ ਵੱਡੇ ਬੁੱਧੀਮਾਨ ਹੋ। ਹਿੰਦੂਆਂ ਦਾ ਮੱਤ ਸ਼ਰ੍ਹਾ ਤੋਂ ਬਾਹਰ ਹੈ, ਉਸ ਦਾ ਤੁਸੀਂ ਸਦਾ ਹੀ ਵੱਡਾ ਸਨਮਾਨ ਕਰਦੇ ਹੋ॥੭॥

ਜਿਨ ਕੋ ਬੋਲਿਨਿ ਮਿਲਿਨਿ ਸ ਦੋਸ਼ਾ। ਤਿਸ ਪਰ ਸਾਦਰ ਰਖਹੁ ਭਰੋਸਾ।
ਤੁਰਕ ਲੋਕ ਗਨ ਖੇਤ ਬਿਸਾਲਾ। ਸਿੰਚਨਹਾਰ ਆਪ ਸਭਿ ਕਾਲਾ॥ ੮॥

ਜਿਨ੍ਹਾਂ ਨਾਲ ਬੋਲਣਾ, ਮਿਲਣਾ ਹੀ ਦੋਸ਼ ਹੈ, ਉਸ ਉੱਤੇ ਤੁਸੀਂ ਬੜੇ ਆਦਰ ਨਾਲ ਭਰੋਸਾ ਰੱਖਦੇ ਹੋ। ਸਾਰੇ ਤੁਰਕ ਲੋਕਾਂ ਦਾ ਇਕ ਵਿਸ਼ਾਲ ਖੇਤ ਹੈ, ਜਿਸ ਨੂੰ ਸਦਾ ਤੁਸੀਂ ਹੀ ਸਿੰਜਣ ਵਾਲੇ ਹੋ॥੮॥

ਸ਼ਰ੍ਹਾ ਬਾਰ ਚਹੁੰ ਦਿਸ਼ਿ ਮਹਿਂ ਯਾਂਕੇ। ਕਰਤਾ ਪੁਸ਼ਟ ਸਦਾ ਤੁਮ ਤਾਂਕੇ।
ਜੇ ਨ ਲੇਹੁ ਸੁਧ ਦੇਹੁ ਬਿਗਾਰੀ। ਅਪਰ ਖਯਾਲ ਲਗਿ ਰਿਦੇ ਬਿਸਾਰੀ॥ ੯॥

ਸ਼ਰ੍ਹਾ ਦੀ ਵਾੜ ਆਪ ਜੀ ਦੇ ਚਾਰੇ ਪਾਸੇ ਹੈ, ਇਸ ਕਰਕੇ ਤੁਸੀਂ ਉਸ ਨੂੰ ਮਜ਼ਬੂਤ ਕਰਦੇ ਹੋ। ਜੇ ਤੁਸੀਂ ਖ਼ਬਰਸਾਰ ਨਹੀਂ ਲਵੋਗੇ ਤਾਂ ਇਸ ਵਾੜ ਨੂੰ ਵਿਗਾੜ ਦੇਵੋਗੇ ਤੇ ਹੋਰ ਖਿਆਲ ਵਿਚ ਲੱਗ ਕੇ ਹਿਰਦੇ ਵਿਚੋਂ ਵਿਸਾਰ ਦੇਵੋਗੇ॥੯॥

ਤਬਿ ਨ ਥਿਰਹਿ, ਇਹ ਤੁਰਤ ਬਿਨਾਸ਼ੀ। ਹੋਹਿ ਕੁਤੋ ਪੁਨ ਜਗਤ ਪ੍ਰਕਾਸ਼ੀ।
ਮੁਸਲਮਾਨ ਕੀ ਸਭਾ ਮਝਾਰੀ। ਪ੍ਰਵਿਸ਼ਹਿ ਆਨਿ ਹਿੰਦੂ ਹੰਕਾਰੀ॥ ੧੦॥

ਤਦ ਇਹ ਸਥਿਰ ਨਹੀਂ ਰਹੇਗੀ, ਇਹ ਤੁਰਤ ਵਿਨਾਸ਼ ਹੋ ਜਾਵੇਗੀ। ਫਿਰ ਜਗਤ ਵਿਚ ਇਸ ਦਾ ਕਿਵੇਂ ਪ੍ਰਕਾਸ਼ ਹੋਵੇਗਾ। ਮੁਸਲਮਾਨਾਂ ਦੀ ਸਭਾ ਵਿਚ ਇਕ ਹੰਕਾਰੀ ਹਿੰਦੂ ਆ ਪ੍ਰਵੇਸ਼ ਕਰਦਾ ਹੈ॥੧੦॥

ਤੁਮ ਸਭਿ ਤੇ ਤਿਹ ਊਚ ਬਿਠਾਵਉ। ਨਿਤਪ੍ਰਤਿ ਪ੍ਰੇਮ ਬਿਸਾਲ ਬਧਾਵਉ।
ਇਹ ਅਜੋਗ ਹੁਇ ਰਿਦੇ ਬਿਚਾਰਹੁ। ਸ਼ਰ੍ਹਾ ਬਾਰ ਕੋ ਨਹਿੰਨ ਬਿਗਾਰਹੁ॥ ੧੧॥

ਤੁਸੀਂ ਸਾਰਿਆਂ ਨਾਲੋਂ ਉਸ ਨੂੰ ਉੱਚਾ ਬੈਠਾਉਂਦੇ ਹੋ ਤੇ ਸਦਾ ਹੀ ਉਸ ਨਾਲ ਬਹੁਤ ਪ੍ਰੇਮ ਵਧਾਉਂਦੇ ਹੋ। ਇਹ ਗੱਲ ਅਜੋਗ ਹੈ, ਹਿਰਦੇ ਵਿਚ ਵਿਚਾਰ ਕੇ ਵੇਖ ਲਵੋ ਤੇ ਸ਼ਰ੍ਹਾ ਰੂਪੀ ਵਾੜ ਨੂੰ ਨਾ ਵਿਗਾੜੋ॥੧੧॥

ਕਰਤਿ ਤੁਰਕ ਤਕਰਾਰ ਤਹਕੀਕੀ। ਕਿਸਹੁਂ ਨ ਮਨ ਕਹੁ ਲਾਗਹਿ ਨੀਕੀ'।
ਸੁਨਤਿ ਸ਼ਾਹੁ ਨੇ ਤਿਨਹਿਂ ਸੁਨਾਯੋ। 'ਅਜ਼ਮਤ ਓਜ ਅਜਬ ਅਜ਼ਮਾਯੋ॥ ੧੨॥

ਤੁਰਕ ਨਿਸ਼ਚੇ ਕਰਕੇ ਝਗੜਾ ਕਰਦੇ ਹਨ, ਕਿਸੇ ਦੇ ਵੀ ਮਨ ਨੂੰ ਇਹ ਗੱਲ ਚੰਗੀ ਨਹੀਂ ਲਗਦੀ ਹੈ।" ਇਹ ਸੁਣ ਬਾਦਸ਼ਾਹ ਨੇ ਉਨ੍ਹਾਂ ਨੂੰ ਸੁਣਾਇਆ, "ਕਰਾਮਾਤ ਦੀ ਅਜੀਬ ਸ਼ਕਤੀ ਪਰਖੀ ਹੈ॥੧੨॥

ਜਿਮ ਹਮ ਬਿਖਮ ਬਖਾਨੀ ਤਾਂਹਿ। ਕਰਿ ਦਿਖਾਇ ਤਨਕ ਨ ਬਿਲਮਾਹਿ।
ਅਪਨੀ ਕਰਾਮਾਤ ਕੇ ਓਜ। ਬੈਠਹਿ ਸਭਿ ਤੇ ਊਚੇ ਰੋਜ਼॥ ੧੩॥

ਜਿਵੇਂ ਅਸੀਂ ਕਿਸੇ ਗੱਲ ਨੂੰ ਬਹੁਤ ਮੁਸ਼ਕਲ ਕਹਿੰਦੇ ਹਾਂ, ਉਹ ਕਰ ਕੇ ਵਿਖਾ ਦਿੰਦਾ ਹੈ, ਰਤਾ ਵੀ ਦੇਰ ਨਹੀਂ ਲਾਉਂਦਾ ਹੈ। ਆਪਣੀ ਕਰਾਮਾਤ ਦੀ ਸ਼ਕਤੀ ਦੇ ਸਹਾਰੇ, ਉਹ ਰੋਜ਼ ਸਭ ਤੋਂ ਉੱਚਾ ਬੈਠਦਾ ਹੈ॥੧੩॥

ਨਹਿਂ ਕਿਸਹੂੰ ਤੇ ਹਟੈ ਹਟਾਯੋ। ਜਿਸ ਕੋ ਜਸੁ ਸਭਿਹਿਨਿ ਪਰ ਛਾਯੋ।
ਕਰਿ ਕਰਿ ਬੰਦਨ ਹੋਵਹਿਂ ਸਿੱਖਜ। ਸੋ ਗਤਿ ਭਾਖਤਿ ਭੂਤ ਭਵਿੱਖਜ॥ ੧੪॥

ਉਹ ਕਿਸੇ ਦੇ ਵੀ ਹਟਾਇਆਂ ਨਹੀਂ ਹਟੇਗਾ, ਜਿਸ ਦਾ ਜੱਸ ਸਾਰਿਆਂ ਉੱਤੇ ਛਾਇਆ ਹੋਇਆ ਹੈ। ਬੰਦਨਾ ਕਰ ਕਰ ਇਸ ਦੇ ਸਿੱਖ ਹੁੰਦੇ ਹਨ। ਉਹ ਭੂਤ ਭਵਿੱਖ ਦੀ ਗਤੀ ਨੂੰ ਦੱਸਦਾ ਹੈ" ॥੧੪॥

ਸ਼ਾਹੁ ਸਾਥ ਪੁਨ ਤੁਰਕ ਬਖਾਨੈਂ। 'ਹਮ ਸਮ ਤੁਰਕ ਨ ਤਿਨ ਕਹੁ ਮਾਨਹਿਂ।
ਅਜ਼ਮਤ ਰੋਜ਼ ਹਜ਼ਾਰਹੁਂ ਕਰੈ। ਤਨਕ ਨ ਨਿਸ਼ਚਾ ਕਜੌਂ ਹੂੰ ਧਰੈਂ॥ ੧੫॥

ਫਿਰ ਬਾਦਸ਼ਾਹ ਨੂੰ ਤੁਰਕ ਕਹਿਣ ਲੱਗੇ, "ਅਸੀਂ ਉਸ ਨੂੰ ਤੁਰਕ ਸਮਾਨ ਨਹੀਂ ਮੰਨ ਸਕਦੇ। ਬੇਸ਼ਕ ਹਜ਼ਾਰਾਂ ਕਰਾਮਾਤਾਂ ਰੋਜ਼ ਕਰਦਾ ਹੈ, ਅਸੀਂ ਉਸ 'ਤੇ ਫਿਰ ਵੀ ਰਤੀ ਭਰ ਨਿਸ਼ਚਾ ਕਿਉਂ ਧਾਰਨ ਕਰੀਏ ?॥੧੫॥

ਹਮ ਤੋ ਸ਼ਰ੍ਹਾ ਬੀਚ ਰਹਿਂ ਠਾਢੇ। ਅਪਨੇ ਮਤ ਕਹੁ ਰਾਖੈਂ ਗਾਢੇ।
ਤੁਮ ਜੇ ਅਜ਼ਮਤ ਓਜ ਬਤਾਵਹੁ। ਆਜ ਨ ਚੌਕੀ ਬੀਚ ਡਸਾਵਹੁ॥ ੧੬॥

ਅਸੀਂ ਤਾਂ ਸ਼ਰ੍ਹਾ ਦੇ ਵਿਚ ਖੜੇ ਰਹਾਂਗੇ ਅਤੇ ਆਪਣੀ ਮੱਤ ਨੂੰ ਗੱਢ ਕੇ ਰਖਾਂਗੇ। ਜੇ ਤੁਸੀਂ ਕਰਾਮਾਤ ਨੂੰ ਸ਼ਕਤੀ ਦੱਸਦੇ ਹੋ ਤਾਂ ਅਜ ਵਿਚ ਚੌਕੀ ਨਾ ਡਾਹਾਵੋ॥੧੬॥

ਸਭਿ ਮੈਂ ਬੈਠਿ ਜਾਇਗੋ ਸੋਇ। ਨਾਂਹਿ ਤ ਆਗੈ ਠਾਂਢੋ ਹੋਇ।
ਇਮ ਕਰਿ ਆਪਨੋ ਦੋਸ਼ ਮਿਟਾਵਹੁ। ਗਨ ਤੁਰਕਨਿ ਮਹਿਂ ਭਲੇ ਕਹਾਵਹੁ' ॥੧੭॥

ਉਹ ਸਾਰਿਆਂ ਦੇ ਵਿਚ ਬੈਠ ਜਾਵੇਗਾ, ਨਹੀਂ ਤਾਂ ਅੱਗੇ ਆ ਕੇ ਖੜਾ ਹੋਵੇਗਾ। ਇਸ ਤਰ੍ਹਾਂ ਕਰਕੇ ਆਪਣਾ ਦੋਸ਼ ਮਿਟਾਵੋ ਤੇ ਤੁਰਕਾਂ ਦੇ ਸਮੂਹ ਵਿਚ ਆਪਣੇ ਆਪ ਨੂੰ ਭਲਾ ਕਹਾਵੋ' ॥੧੭॥

ਇੱਤਜਾਦਿਕ ਬਹੁ ਕਹਿ ਸਮੁਝਾਯਹੁ। ਨਿਸ਼ਚਾ ਰਿਦੇ ਸ਼ਾਹਿ ਮਿਟਵਾਯਹੁ।
ਤਿਸ ਦਿਨ ਸਭਾ ਲਗੀ ਜਬਿ ਆਇ। ਤਹਾਂ ਨ ਚੌਕੀ ਦਈ ਬਿਛਾਇ॥ ੧੮॥

ਇੱਤਿਆਦਿਕ ਕਹਿ ਕੇ ਬਹੁਤ ਸਮਝਾਇਆ ਤੇ ਬਾਦਸ਼ਾਹ ਦੇ ਹਿਰਦੇ ਵਿਚੋਂ ਨਿਸ਼ਚਾ ਮਿਟਾ ਦਿੱਤਾ। ਉਸ ਦਿਨ ਜਦ ਸਭਾ ਲੱਗੀ ਤਾਂ ਉਥੇ ਚੌਕੀ ਵਿਛਾ ਕੇ ਨਾ ਦਿੱਤੀ॥੧੮॥

ਅਪਨੋ ਸਮੋ ਜਾਨਿ ਕਰਿ ਮਨ ਮੈਂ। ਗੁਰੁ ਨੰਦਨ ਆਯੋ ਤਿਸ ਛਿਨ ਮੈਂ।
ਦੇਖਿ ਸਭਾ ਕਉ ਸਭਿਨਿ ਖੁਟਾਈ। ਕਹਿ ਕਹਿ ਸ਼ਾਹੁ ਲੀਨਿ ਭਰਮਾਈ॥ ੧੯॥

ਮਨ ਵਿਚ ਆਪਣਾ ਸਮਾਂ ਜਾਣ ਕੇ ਗੁਰੂ-ਪੁੱਤਰ ਉਸ ਸਮੇਂ ਆ ਗਿਆ। ਸਭਾ ਵਿਚ ਸਭ ਦੀ ਖੁਟਾਈ ਵੇਖੀ, ਜਿਨ੍ਹਾਂ ਕਹਿ ਕਹਿ ਕੇ ਬਾਦਸ਼ਾਹ ਨੂੰ ਭਰਮਾ ਲਿਆ ਸੀ॥੧੯॥

ਗਨ ਤੁਰਕਨਿ ਕਹੁ ਦੋਸ਼ ਬਿਚਾਰਾ। ਬਹੁ ਮੂਰਖ ਮਤਿਮੰਦ ਗਵਾਰਾ।
ਦੇਖੀ ਸੁਜਨੀ ਜਹਾਂ ਡਸਾਈ। ਤਹਿਂ ਤੇ ਊਚੀ ਭੂਮਿ ਉਠਾਈ॥ ੨੦॥

ਤੁਰਕਾਂ ਦੇ ਸਮੂਹ ਦਾ ਇਹ ਦੋਸ਼ ਵਿਚਾਰਿਆ, ਜਿਹੜੇ ਬਹੁਤ ਮੂਰਖ ਅਤੇ ਮਾੜੀ ਮੱਤ ਵਾਲੇ ਗਵਾਰ ਸਨ। ਜਿਥੇ ਨੀਵੇਂ ਥਾਂ ਚੌਕੀ ਡਹਾਈ ਵੇਖੀ, ਉਥੋਂ ਭੂਮੀ ਨੂੰ ਉਪਰ ਚੁੱਕ ਦਿੱਤਾ॥੨੦॥

ਚੌਕੀ ਕੇ ਸਮ ਊਰਧ ਉਠਾਇ। ਸਭਿ ਤੇ ਊਚੇ ਹੁਇ ਅਧਿਕਾਇ।
ਸਮ ਹਮੇਸ਼ ਕੇ ਭਯੋ ਉਤੰਗ। ਬੈਠਿ ਗਯੋ ਸਭਿ ਮਹਿਂ ਦੁਤਿ ਸੰਗਿ॥ ੨੧॥

ਚੌਕੀ ਦੇ ਬਰਾਬਰ ਉਪਰ ਚੁੱਕ ਦਿੱਤਾ ਤੇ ਸਭ ਤੋਂ ਉੱਚਾ ਹੋਣ ਦਾ ਆਪਣਾ ਅਧਿਕਾਰ ਪਾ ਲਿਆ। ਹਮੇਸ਼ਾਂ ਵਾਂਗ ਉੱਚਾ ਸਥਾਨ ਹੋ ਗਿਆ ਤੇ ਸਭ ਦੇ ਵਿਚ ਸ਼ੋਭਾ ਸਹਿਤ ਬੈਠ ਗਿਆ॥੨੧॥

ਬਿਗਸਜੋ ਸ਼ਾਹੁ ਰੁਮਾਲ ਬਦਨ ਦੇ। ਨਿਸ਼ਚੇ ਬਿਖੇ ਅਧਿਕ ਹੀ ਮਨ ਦੇ।
ਕਜਾ ਅਬਿ ਕਹੈਂ ਨ ਬਸ ਸੁ ਬਸਾਵੈ। ਕੌਨ ਮੂਢ ਹੁਇ ਤਰੇ ਬਿਠਾਵੈ॥ ੨੨॥

ਮੂੰਹ ਉੱਤੇ ਰੁਮਾਲ ਦੇ ਕੇ ਬਾਦਸ਼ਾਹ ਹੱਸ ਪਿਆ, ਹਿਰਦੇ ਵਿਚ ਨਿਸ਼ਚਾ ਬਹੁਤ ਹੀ ਵੱਧ ਗਿਆ। ਹੁਣ ਕੀ ਕਹਿਣਗੇ? ਇਨ੍ਹਾਂ ਦਾ ਕੋਈ ਵਸ ਨਹੀਂ ਚਲਦਾ, ਕੌਣ ਮੂਰਖ ਹੋ ਕੇ ਉਸ ਨੂੰ ਥੱਲੇ ਬਿਠਾਵੇ॥੨੨॥

ਚੌਂਕੀ ਸਮ ਊਚੀ ਕਰਿ ਧਰਨੀ। ਬੈਠਜੋ ਅਜ਼ਮਤ ਕੀ ਕਰਿ ਕਰਨੀ।
ਸਭਿ ਤ ਊਚੋ ਬੈਠਿ ਸੁਹਾਵਤਿ। ਮਹਦ ਸ਼ਕਤਿ ਜੁਤਿ ਸਭਾ ਦਬਾਵਤਿ॥੨੩॥

ਚੌਂਕੀ ਦੇ ਬਰਾਬਰ ਧਰਤੀ ਉੱਚੀ ਕਰ ਲਈ ਹੈ, ਕਰਾਮਾਤ ਦੀ ਸ਼ਕਤੀ ਕਰਕੇ ਬੈਠ ਗਿਆ ਹੈ। ਸਭ ਤੋਂ ਉੱਚਾ ਬੈਠ ਕੇ ਸੋਭਦਾ ਹੈ, ਆਪਣੀ ਵੱਡੀ ਸ਼ਕਤੀ ਸਹਿਤ ਸਭਾ ਨੂੰ ਦਬਾਉਂਦਾ ਹੈ॥੨੩॥

ਕਿਮ ਜ਼ਮੀਨ ਊਚੀ ਹ੍ਵੈ ਗਈ। ਸਕਲ ਸਭਾ ਪਿਖਿ ਬਿਸਮੈ ਭਈ।
ਸਭਿ ਤੇ ਊਚੋ ਆਇ ਬਿਰਾਜੈ। ਦੇਖਿ ਦੇਖਿ ਦੁਸ਼ਟਨਿ ਗਨ ਲਾਜੈ॥੨੪॥

ਕਿਵੇਂ ਧਰਤੀ ਉੱਚੀ ਹੋ ਗਈ ਹੈ, ਸਾਰੀ ਸਭਾ ਵੇਖ ਕੇ ਬਹੁਤ ਹੈਰਾਨ ਹੋਈ। ਸਭ ਤੋਂ ਉੱਚੇ ਆ ਕੇ ਬਿਰਾਜ ਗਏ ਹਨ। ਵੇਖ ਵੇਖ ਦੁਸ਼ਟਾਂ ਦਾ ਸਮੂਹ ਸ਼ਰਮਿੰਦਾ ਹੋ ਰਿਹਾ ਸੀ॥੨੪॥

ਸਨਮਾਨਤਿ ਨੌਰੰਗ ਕਹਿ ਬਾਤ। ਕਰਹਿ ਕੁਟਿਲਤਾ ਨਹਿਂ ਬੱਖਜਾਤ।
ਸਭਾ ਉਠੀ ਪੁਨ ਡੇਰਨਿ ਆਏ। ਮਿਲਿ ਮਿਲਿ ਕਹੇ ਰਹੇ ਬਿਸਮਾਏ॥੨੫॥

ਨੌਰੰਗੇ ਨੂੰ ਸਨਮਾਨਿਤ ਕਰਕੇ ਗੱਲਾਂ ਕਰਦੇ ਸਨ, ਕੁਟਿਲਤਾ ਕਰਦੇ ਸਨ ਪਰ ਪਰਗਟ ਨਹੀਂ ਸੀ ਹੁੰਦੇ। ਫਿਰ ਸਭਾ ਉਠ ਗਈ ਤੇ ਸਭ ਆਪਣੇ ਆਪਣੇ ਡੇਰਿਆਂ ਨੂੰ ਆ ਗਏ। ਆਪਸ ਵਿਚ ਮਿਲ ਕੇ ਗੱਲਾਂ ਕਰਦੇ ਸਨ ਤੇ ਬਹੁਤ ਹੈਰਾਨ ਸਨ॥੨੫॥

ਅਗਲੇ ਦਿਨ ਪੁਨ ਗਏ ਮੁਲਾਨੇ। 'ਪਿਖਜੋ ਓਜ ਤਿਨ?' ਸ਼ਾਹੁ ਬਖਾਨੇ।
'ਅਜ਼ਮਤਿ ਮਹਿਂ ਬਿਲਾਸ ਸਭਿ ਰੀਤੀ। ਕਹਹੁ ਕੌਨ ਕਿਮ ਲੇਵਹਿ ਜੀਤੀ?॥੨੬॥

ਅਗਲੇ ਦਿਨ ਫਿਰ ਮੁਲਾਣੇ ਗਏ, "ਉਸਦੀ ਸ਼ਕਤੀ ਵੇਖੀ ਹੈ?" ਬਾਦਸ਼ਾਹ ਨੇ ਕਿਹਾ, "ਕਰਾਮਾਤ ਵਿਚ ਸਭ ਰੀਤੀਆਂ ਨਾਲ ਬਹੁਤ ਵੱਡਾ ਹੈ, ਦੱਸੋ ਕੌਣ ਕਿਸ ਤਰ੍ਹਾਂ ਉਸ ਨੂੰ ਜਿੱਤ ਲਵੇਗਾ?॥੨੬॥

ਗੁਪਤ ਰਿਦਨਿ ਕੋ ਅੰਤਰਜਾਮੀ। ਕਰਹਿ ਬਿਖਮ ਤੇ ਬਿਖਮ ਜੁ ਕਾਮੀ'।
ਸੁਨਤਿ ਸ਼ਰੀਯਨਿ ਪੁਨਹਿ ਬਖਾਨੀ। 'ਇਕ ਬਿਧਿ ਸੋਂ ਅਜ਼ਮਤ ਹੁਇ ਹਾਨੀ॥੨੭॥

ਗੁਪਤ ਪਰਗਟ ਦਾ ਉਹ ਅੰਤਰਜਾਮੀ ਹੈ, ਔਖੇ ਤੋਂ ਔਖਾ ਕੰਮ ਵੀ ਉਹ ਕਰ ਸਕਦਾ ਹੈ।" ਇਹ ਸੁਣ ਕੇ ਸ਼ਰ੍ਹਾ ਵਾਲਿਆਂ ਨੇ ਫਿਰ ਕਿਹਾ, "ਇਕ ਤਰੀਕੇ ਨਾਲ ਇਸ ਦੀ ਅਜ਼ਮਤ ਖ਼ਤਮ ਹੋ ਸਕਦੀ ਹੈ॥੨੭॥

ਲਿਖਜੋ ਗ੍ਰੰਥ ਸਾਹਿਬ ਹੈ ਜੋਈ। ਤਿਨ ਸਭਿਹਿਨਿ ਕਹੁ ਗੁਰ ਹੈ ਸੋਈ।
ਚੌਂਕੀ ਊਪਰ ਸੁਜਨੀ ਤਰੇ। ਕਤਰਹੁ ਪਤਰੇ ਤਹਿਂ ਦਿਹੁ ਧਰੇ॥੨੮॥

ਜਿਹੜਾ ਗ੍ਰੰਥ ਸਾਹਿਬ ਲਿਖਿਆ ਹੈ, ਇਨ੍ਹਾਂ ਸਭ ਦਾ ਓਹੀ ਵੱਡਾ ਗੁਰੂ ਹੈ। ਚੌਂਕੀ ਉੱਤੇ ਜਿਹੜਾ ਵਿਛਾਉਣਾ ਵਿਛਾਇਆ ਹੈ, ਉਸ ਗ੍ਰੰਥ ਸਾਹਿਬ ਦੇ ਪੱਤਰੇ ਕਤਰ ਕੇ ਵਿਛਾਉਣੇ ਦੇ ਥਲੇ ਧਰ ਦੇਵੋ॥੨੮॥

ਕਰਹਿ ਅਵੱਗਜਾ ਗੁਰ ਕੀ ਜਬਿਹੂੰ। ਕਰਾਮਾਤ ਹਤਿ ਹੋਇਸੁ ਤਬਿਹੂੰ।
ਤਿਸਕੇ ਊਪਰ ਬੈਠਹਿ ਆਇ। ਪੀਛੇ ਹਾਸ ਰਚਹੁ ਮਨ ਭਾਇ'॥੨੯॥

ਜਦ ਆਪਣੇ ਗੁਰੂ ਦੀ ਅਵੱਗਿਆ ਕਰੇਗਾ ਤਦ ਸਾਰੀ ਕਰਾਮਾਤ ਖ਼ਤਮ ਹੋ ਜਾਵੇਗੀ, ਉਨ੍ਹਾਂ ਪੱਤਰਿਆਂ ਦੇ ਉੱਤੇ ਆ ਕੇ ਬੈਠੇਗਾ ਤਾਂ ਬਾਅਦ ਵਿਚ ਮਨ ਭਾਉਂਦਾ ਹਾਸਾ ਮਜ਼ਾਕ ਕਰੋ"॥੨੯॥

ਸ਼ਾਹੁ ਸਿਖਾਯੋ ਸੋ ਬਿਧਿ ਕੀਨਿ। ਪੁਰਿ ਮਹਿਂ ਤੇ ਮੰਗਵਾਇ ਸੁ ਲੀਨਿ।
ਜਿਲਤ ਗ੍ਰੰਥ ਸਾਹਿਬ ਕੀ ਕਤਰੀ। ਪ੍ਰਿਥਕ ਪ੍ਰਿਥਕ ਸੈਂਚੀ ਕਿਯ ਪਤਰੀ॥ ੩੦॥

ਬਾਦਸ਼ਾਹ ਨੂੰ ਜਿਵੇਂ ਸਿਖਾਇਆ ਸੀ, ਉਸੇ ਵਿਧੀ ਨਾਲ ਕੀਤਾ। ਨਗਰ ਤੋਂ ਉਹ ਪੱਤਰੇ ਮੰਗਵਾ ਲਏ। ਗ੍ਰੰਥ ਸਾਹਿਬ ਦੀ ਇਕ ਜਿਲਦ ਨੂੰ ਕਤਰਿਆ ਤੇ ਵੱਖ ਵੱਖ ਪੱਤਰੇ ਇਕੱਠੇ ਕਰ ਲਏ॥੩੦॥

ਕੇਤਿਕ ਲੈ ਕੈ ਕਰਿ ਚਤੁਰਾਈ। ਸੰਚੀ ਸੁਜਨੀ ਤਰੇ ਦਬਾਈ।
ਇਕ ਸਮਾਨ ਚੌਂਕੀ ਪਰ ਰੱਖੀ। ਜੋ ਕੈਸੇ ਕਰਿ ਜਾਇ ਨ ਲੱਖੀ॥ ੩੧॥

ਕਈ ਪੱਤਰੇ ਲੈ ਕੇ ਚਤੁਰਾਈ ਕਰਕੇ, ਚੌਂਕੀ 'ਤੇ ਵਿਛੇ ਕੱਪੜੇ ਦੇ ਥੱਲੇ ਰੱਖ ਦਿੱਤੇ। ਇਕ ਸਮਾਨ ਉਹ ਚੌਂਕੀ 'ਤੇ ਰੱਖੇ ਜਿਹੜੇ ਕਿ ਕਿਸੇ ਤਰ੍ਹਾਂ ਵੀ ਸਮਝੇ ਨਾ ਜਾ ਸਕਣ॥੩੧॥

ਇਸ ਬਿਧਿ ਕਰਿ ਪੁਨ ਸਭਾ ਲਗਾਈ। ਮਿਲਿ ਉਮਰਾਉ ਭਏ ਸਮੁਦਾਈ।
ਤਬਿ ਸਤਿਗੁਰ ਨੰਦਨ ਚਲਿ ਆਯੋ। ਉਤਰਿ ਪਾਲਕੀ ਤੇ ਪ੍ਰਵਿਸ਼ਾਯੋ॥ ੩੨॥

ਇਹ ਵਿਧੀ ਕਰਕੇ ਫਿਰ ਸਭਾ ਲਗਾਈ ਤੇ ਉਮਰਾਵ ਮਿਲ ਕੇ ਇਕੱਠੇ ਹੋਏ। ਤਦ ਸਤਿਗੁਰੂ ਜੀ ਦਾ ਪੁੱਤਰ ਚਲ ਕੇ ਆ ਗਿਆ ਤੇ ਪਾਲਕੀ ਤੋਂ ਉਤਰ ਕੇ ਅੰਦਰ ਦਾਖ਼ਲ ਹੋਇਆ॥੩੨॥

ਜਾਇ ਸਭਾ ਮੈਂ ਠਾਢੋ ਰਹਯੋ। ਲਖੀ ਖੁਟਾਈ ਮੂਢਨਿ, ਕਹਯੋ।
'ਖੋਟੇ ਕਾਜ ਆਜ ਬਡ ਕਰਯੋ। ਸੁਜਨੀ ਤਰੇ ਨਾਮ ਸਤਿ ਧਰਯੋ॥ ੩੩॥

ਜਾ ਕੇ ਸਭਾ ਵਿਚ ਖੜ੍ਹਾ ਰਿਹਾ, ਖੋਟ ਸਮਝ ਕੇ ਮੂਰਖਾਂ ਨੂੰ ਕਿਹਾ, "ਅੱਜ ਤੁਸੀਂ ਬਹੁਤ ਖੋਟਾ ਕਰਮ ਕੀਤਾ ਹੈ, ਵਿਛਾਉਣੇ ਥੱਲੇ ਸੱਚੇ ਖ਼ੁਦਾ ਦਾ ਨਾਮ ਧਰ ਦਿੱਤਾ ਹੈ॥੩੩॥

ਕਰਤਾ ਹਰਤਾ ਸਭਿ ਜਗ ਕੇਰੋ। ਸੱਤਿਨਾਮ ਤਿਹ ਬਡੋ ਬਡੇਰੋ।
ਸੋ ਹਮਰੇ ਗੁਰੂ ਬਰਨਨ ਕਰਯੋ। ਗੁਰੂ ਗ੍ਰੰਥ ਸਾਹਿਬ ਮੇ ਧਰਯੋ॥ ੩੪॥

ਉਹ ਸਾਰੇ ਜਗਤ ਨੂੰ ਬਣਾਉਣ ਵਾਲਾ ਤੇ ਮਾਰਨ ਵਾਲਾ ਹੈ। ਉਸ ਅਕਾਲ ਪੁਰਖ ਦਾ ਸੱਚਾ ਨਾਮ ਸਭ ਤੋਂ ਵੱਡਾ ਹੈ। ਉਹ ਸਾਡੇ ਸਤਿਗੁਰੂ ਜੀ ਨੇ ਵਰਣਨ ਕੀਤਾ ਹੈ ਤੇ ਉਸ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਧਰ ਦਿੱਤਾ ਹੈ॥੩੪॥

ਸੋ ਹਮਰੇ ਸਤਿਗੁਰੂ ਸਮਾਨ। ਰਾਖਹਿਂ ਨਿਸਦਿਨ ਮਹਿਂ ਬਹੁ ਮਾਨ।
ਤਿਸ ਕੇ ਪਤਰੇ ਛੇਦਨਿ ਕਰੇ। ਹਮਰੀ ਸੁਜਨੀ ਕੇ ਤਰ ਧਰੇ॥ ੩੫॥

ਉਹ ਸਾਡੇ ਸਤਿਗੁਰੂ ਜੀ ਦੇ ਸਮਾਨ ਹੈ, ਅਸੀਂ ਦਿਨ ਰਾਤ ਉਸ ਦਾ ਬਹੁਤ ਮਾਣ ਕਰਦੇ ਹਾਂ। ਉਸ ਦੇ ਪੱਤਰੇ ਪਾੜੇ ਹਨ ਤੇ ਸਾਡੀ ਚੌਂਕੀ ਦੇ ਵਿਛਾਉਣੇ ਦੇ ਥੱਲੇ ਧਰੇ ਹਨ॥੩੫॥

ਮਹਾਂ ਅਯੋਗ ਕਰਯੋ ਤੁਮ ਕਾਜੂ। ਅਬਿ ਲੌ ਠਾਨਹੁ ਪਰਖਨਿ ਕਾਜੂ।
ਇਮ ਕਹਿ ਪਤਰੇ ਹਾਥ ਉਠਾਏ। ਨਮਸਕਾਰ ਕਰਿ ਪਾਸ ਰਖਾਏ॥ ੩੬॥

ਇਹ ਮਹਾਂ ਅਯੋਗ ਤੁਸੀਂ ਕੰਮ ਕੀਤਾ ਹੈ, ਹੁਣ ਤਕ ਪਰਖਣ ਦਾ ਹੀ ਕੰਮ ਫੜਿਆ ਹੈ।" ਇਹ ਕਹਿ ਕੇ ਪੱਤਰੇ ਹੱਥ ਨਾਲ ਚੁੱਕ ਲਏ ਤੇ ਬੰਦਨਾ ਕਰਕੇ ਪਾਸ ਰੱਖ ਲਏ॥੩੬॥

ਬਿਸਮ ਰਹੇ ਮੂਰਖ ਮਨ ਮਾਨੀ। 'ਬਿਨਾਂ ਭਨੇ ਕਿਮ ਲੀਨਸਿ ਜਾਨੀ।
ਹਮਰੇ ਦਾਵ ਤਰੇ ਨਹਿਂ ਆਵਤਿ। ਜੋ ਹਮ ਕਰਹਿਂ ਸੁ ਪੂਰਬ ਪਾਵਤਿ॥ ੩੭॥

ਘੁਮੰਡੀ ਮੂਰਖ ਹੈਰਾਨ ਰਹੇ, "ਕਹਿਣ ਤੋਂ ਬਗੈਰ ਕਿਵੇਂ ਜਾਣ ਲਿਆ ਹੈ। ਸਾਡੇ ਦਾਅ ਥੱਲੇ ਨਹੀਂ ਆਉਂਦਾ। ਜੋ ਅਸੀਂ ਕਰਦੇ ਹਾਂ ਪਹਿਲਾਂ ਹੀ ਜਾਣ ਲੈਂਦਾ ਹੈ" ॥੩੭॥

ਬਚਨ ਬਿਲਾਸ ਸਭਾ ਮਹਿਂ ਭਏ। ਕਰਹਿਂ ਪ੍ਰਸ਼ਨ ਜਿਮ ਉੱਤਰ ਦਏ।
ਉਰ ਅਚਰਜ ਕੋ ਧਾਰਿ ਬਿਸਾਲਾ। ਉਠੇ ਸਭਾ ਸਦ ਸਭਿ ਤਿਸ ਕਾਲਾ ॥ ੩੮ ॥

ਸਭਾ ਵਿਚ ਬਚਨ ਬਿਲਾਸ ਹੋਏ, ਜਿਵੇਂ ਪ੍ਰਸ਼ਨ ਕਰਦੇ ਸਨ, ਉਸ ਤਰ੍ਹਾਂ ਉਤਰ ਦਿੰਦਾ ਸੀ। ਹਿਰਦੇ ਵਿਚ ਸਾਰੇ ਹੈਰਾਨ ਹੁੰਦੇ ਹਨ। ਉਸ ਵੇਲੇ ਸਭਾ ਦੇ ਸਾਰੇ ਮੈਂਬਰ ਉਠ ਪਏ ॥੩੮॥

ਅਪਨੇ ਅਪਨੇ ਡੇਰੇ ਗਏ। ਮਿਲਿ ਮਿਲਿ ਅਪਰਨਿ ਸੋਂ ਕਹਿ ਦਏ।
ਕਵਿ ਸੰਤੋਖ ਸਿੰਘ ਕੀਰਤਿ ਸੇਤ। ਪੁਰਿ ਮਹਿਂ ਪਸਰੀ ਸਰਬ ਨਿਕੇਤ ॥ ੩੯ ॥

ਆਪਣੇ-ਆਪਣੇ ਡੇਰੇ ਚਲੇ ਗਏ, ਮਿਲ ਮਿਲ ਹੋਰਨਾਂ ਨੂੰ ਕਹਿ ਦਿੱਤਾ। ਹੇ ਕਵੀ ਸੰਤੋਖ ਸਿੰਘ! ਗੁਰੂ-ਪੁੱਤਰ ਦੀ ਉੱਜਲ ਕੀਰਤੀ ਨਗਰ ਵਿਚ ਸਭ ਘਰਾਂ ਵਿਚ ਫੈਲ ਗਈ ਹੈ ॥੩੯॥

*ਨੌਵੀਂ ਰਾਸ ਦਾ ਤਰਵੰਜਵਾਂ ਅਧਿਆਇ ਸਮਾਪਤ ਹੋਇਆ ॥੫੩॥*

## ਅਧਿਆਇ ਚਰਵੰਝਵਾਂ

### ਦਰਵਾਜ਼ਿਆਂ ਦੇ ਤਾਲੇ ਖੋਲ੍ਹੇ, ਸ਼ਰਾਬ ਮਾਸ

ਦੋਹਰਾ- ਸ਼ਾਹੁ ਸਿਖਾਵਨਿ ਪੁਨ ਕੀਯੋ 'ਅਸ ਨਰ ਅਜ਼ਮਤ ਸਾਥ।
ਹੋਹਿ ਤੁਰਕ ਕੈਸੇ ਜਬਹਿ ਬਧਹਿ ਦੀਨ ਕੀ ਗਾਥ॥ ੧॥

ਮੁਲਾਣਿਆਂ ਨੇ ਫਿਰ ਬਾਦਸ਼ਾਹ ਨੂੰ ਸਿਖਾਇਆ, 'ਐਸਾ ਕਰਾਮਾਤੀ ਮਨੁੱਖ, ਕਿਵੇਂ ਤੁਰਕ ਬਣੇਗਾ, ਜਿਸ ਨਾਲ ਸਾਡੇ ਦੀਨ ਦੀ ਕੀਰਤੀ ਵਧੇ ॥੧॥

ਚੌਪਈ- ਜਿਸ ਮਤ ਮਹਿਂ ਐਸੇ ਨਰ ਹੋਇ। ਰਹਿ ਅਨੁਸਾਰ ਹੇਰਿ ਸਭਿ ਕੋਇ।
ਤਿਸ ਮਤ ਕੋ ਮਾਨਹਿਂ ਮਨਮਾਨਵ। ਗ੍ਰਹਨ ਕਰਹਿਂ ਸ਼ਰਧਾ ਉਰ ਠਾਨਵ ॥੨ ॥

ਜਿਸ ਮੱਤ ਵਿਚ ਐਸੇ ਮਨੁੱਖ ਹੋਣ, ਸਾਰੇ ਮਨੁੱਖ ਉਸ ਨੂੰ ਵੇਖ ਕੇ ਉਸ ਅਨੁਸਾਰ ਹੀ ਰਹਿੰਦੇ ਹਨ, ਉਸ ਮੱਤ ਨੂੰ ਸਾਰੇ ਮਨੁੱਖਾਂ ਦੇ ਮਨ ਮੰਨਦੇ ਹਨ ਤੇ ਝਟ ਸ਼ਰਧਾ ਹਿਰਦੇ ਵਿਚ ਧਾਰਨ ਕਰ ਲੈਂਦੇ ਹਨ ॥੨॥

ਸਰਬ ਪ੍ਰਕਾਰ ਬ੍ਰਿਧਾਵਨ ਕਰੈ। ਤੁਮ ਕੋ ਇਤੋ ਜਤਨ ਨਹਿਂ ਪਰੈ।
ਇਹੀ ਏਕ ਜਗ ਤੁਰਕ ਬਨਾਵੈ। ਦੇ ਸ਼ਰਧਾ ਅਜ਼ਮਤ ਦਿਖਰਾਵੈ ॥ ੩ ॥

ਉਹ ਸਭ ਪ੍ਰਕਾਰ ਆਪਣੇ ਪੰਥ ਨੂੰ ਵਧਾਉਂਦੇ ਹਨ। ਤੁਸੀਂ ਇਹ ਯਤਨ ਕਿਉਂ ਨਹੀਂ ਕਰਦੇ ਹੋ ? ਇਹ ਇਕੱਲਾ ਹੀ ਸਾਰੇ ਜੱਗ ਨੂੰ ਤੁਰਕ ਬਣਾ ਲਵੇਗਾ। ਜਦ ਇਹ ਕਰਾਮਾਤ ਵਿਖਾਵੇਗਾ ਤਾਂ ਲੋਕ ਸ਼ਰਧਾ ਧਾਰਨ ਕਰ ਲੈਣਗੇ ॥੩॥

ਅਚਰਜ ਕਰਹਿ ਬਿਲੋਕਹਿਂ ਜਬਿਹੂੰ। ਸਭਿ ਉਠਿ ਪਾਇਨ ਪਰਿ ਹੈਂ ਤਬਿਹੂੰ।
ਜਿਸ ਬਿਧਿ ਕੀ ਸਿੱਖ੍ਯਾ ਸਿਖਰਾਵਹਿ। ਨੀਕੇ ਧਾਰਹਿਂ, ਨਿਸ਼ਚਾ ਲ੍ਯਾਵਹਿਂ ॥੪ ॥

ਜਦ ਵੀ ਬੋਲਦਾ ਹੈ, ਅਸਚਰਜ ਹੀ ਕਰਦਾ ਹੈ। ਤਦ ਸਾਰੇ ਉਠ ਕੇ ਇਸ ਦੇ ਪੈਰੀਂ ਪੈ ਜਾਣਗੇ। ਜਿਸ ਪ੍ਰਕਾਰ ਦੀ ਵੀ ਸਿੱਖਿਆ ਸਿਖਾਵੇਗਾ, ਸਾਰੇ ਹੀ ਨਿਸ਼ਚਾ ਲਿਆ ਕੇ ਚੰਗੀ ਤਰ੍ਹਾਂ ਧਾਰਨ ਕਰਨਗੇ ॥੪॥

ਬਲ ਛਲ ਤੇ ਇਸ ਤੁਰਕ ਬਨਾਵਹੁ। ਰਾਵਰ ਮਨ ਬਾਂਛਤਿ ਕੋ ਪਾਵਹੁ।
ਬਧਹਿ ਦੀਨ ਹੁਇ ਸ਼ਰ੍ਹਾ ਮਝਾਰੀ। ਕਲਮਾ ਪਠਹਿ ਹਰਖ ਕਰਿ ਭਾਰੀ' ॥ ੫ ॥

ਵਲ ਛਲ ਨਾਲ ਇਸ ਨੂੰ ਤੁਰਕ ਬਣਾਵੋ ਤੇ ਆਪ ਮੂੰਹ ਮੰਗੀਆਂ ਮੁਰਾਦਾਂ ਪਾਵੋ। ਦੀਨ ਵਧੇਗਾ ਤੇ ਸਾਰੇ ਸ਼ਰ੍ਹਾ ਦੇ ਵਿਚ ਚਲਣਗੇ ਜਦ ਬੜਾ ਪ੍ਰਸੰਨ ਹੋ ਕੇ ਇਹ ਕਲਮਾ ਪੜ੍ਹੇਗਾ'' ॥੫॥

ਸੁਨਤਿ ਸ਼ਾਹੁ ਮਨ ਤੇ ਲਲਚਾਵਾ। ਤੁਰਕ ਬਨਹਿ, ਕੋ ਰਚਹਿਂ ਉਪਾਵਾ।
ਸਭਿ ਸੁਖੇਨ ਤਬਿ ਹੁਇ ਮਨ ਭਾਈ। ਇਸ ਪੀਛੇ ਬਨਿ ਹੈਂ ਸਮੁਦਾਈ ॥ ੬ ॥

ਇਹ ਸੁਣ ਕੇ ਬਾਦਸ਼ਾਹ ਮਨ ਵਿਚ ਲਲਚਾਇਆ ਤੇ ਕਿਹਾ ''ਤੁਰਕ ਬਣੇ ਇਸ ਬਾਰੇ ਕੋਈ ਉਪਾਅ ਕਰੀਏ ਫਿਰ ਸਭ ਕੁਝ ਸੌਖਾ ਹੋ ਜਾਵੇਗਾ ਤੇ ਸਾਡੀ ਮਨ ਭਾਉਂਦੀ ਗੱਲ ਹੋ ਜਾਵੇਗੀ। ਇਸ ਪਿਛੇ ਲੱਗ ਕੇ ਸਾਰੇ ਮੁਸਲਮਾਨ ਬਣ ਜਾਣਗੇ ॥੬॥

ਆਜ ਨਿਸਾ ਮਹਿਂ ਸਭਾ ਲਗਾਇ। ਰੋਕਹਿਂ ਦੁਰਗ ਬਿਖੈ ਨਹਿਂ ਜਾਇ।
ਅਪਨੋ ਖਾਨਾ ਪੁਨਹਿ ਖਵਾਵਹਿਂ। ਜਨੌਂ ਕਨੌਂ ਕਰਿ ਇਸ ਧਰਮ ਗਿਰਾਵਹਿਂ ॥੭॥

ਅੱਜ ਰਾਤ ਨੂੰ ਸਭਾ ਲਗਾਉਂਦੇ ਹਾਂ। ਇਸ ਨੂੰ ਕਿਲ੍ਹੇ ਵਿਚ ਹੀ ਰੋਕੋ ਤੇ ਜਾਣ ਨਾ ਦੇਵੋ। ਫਿਰ ਆਪਣਾ ਖਾਣਾ ਖਵਾਓ ਜਿਵੇਂ ਕਿਵੇਂ ਕਰਕੇ ਇਸ ਨੂੰ ਧਰਮ ਤੋਂ ਡੇਗ ਦੇਵੋ'' ॥੭॥

ਦਰਵਾਨਨਿ ਸੰਗ ਸ਼ਾਹੁ ਉਚਾਰੇ। 'ਗੁਰ ਸੁਤ ਅੰਤਰ ਰਖਿ, ਦਿਹੁ ਤਾਰੇ।
ਨਿਕਸਨਿ ਕਉ ਜਬਿ ਤੁਮ ਢਿਗ ਆਵਹਿ। ਨਹਿਂ ਖੋਲਹੁ, ਤਬਿ ਅਟਕ ਰਹਾਵੈ ॥੮॥

ਸਾਰੇ ਦਰਵਾਜ਼ਿਆਂ ਦੇ ਚੌਕੀਦਾਰਾਂ ਨੂੰ ਬਾਦਸ਼ਾਹ ਨੇ ਕਿਹਾ, ''ਗੁਰੂ-ਪੁੱਤਰ ਨੂੰ ਅੰਦਰ ਰੱਖ ਕੇ ਤਾਲੇ ਮਾਰ ਦੇਵੋ। ਨਿਕਲਣ ਵਾਸਤੇ ਜਦ ਤੁਹਾਡੇ ਪਾਸ ਆਵੇ ਤਾਂ ਤਾਲੇ ਨਾ ਖੋਲ੍ਹੋ, ਉਸ ਨੂੰ ਅਟਕਾਅ ਕੇ ਰੱਖੋ ॥੮॥

ਤੁਮ ਕਹਿ ਦੇਹੁ ਨ ਤਾਰੀ ਇਹਾਂ। ਪਹੁੰਚੀ ਸ਼ਾਹੁ ਸਥਿਤ ਹੈ ਜਹਾਂ।
ਇਮ ਕਹਿ, ਤੁਸ਼ਨਿ ਹੁਇ ਕਰਿ ਰਹੋ। ਨਿਕਸਨਿ ਥਾਨ ਪਾਂਇ ਨਹਿਂ ਲਹੋ ॥ ੯ ॥

ਤੁਸੀਂ ਕਹਿ ਦੇਵੋ ਕਿ ਏਥੇ ਚਾਬੀ ਨਹੀਂ ਹੈ, ਇਹ ਬਾਦਸ਼ਾਹ ਪਾਸ ਪਹੁੰਚ ਗਈ ਹੈ, ਜਿਥੇ ਵੀ ਉਹ ਹੈ। ਇਸ ਤਰ੍ਹਾਂ ਕਹਿ ਕੇ ਚੁੱਪ ਧਾਰਨ ਕਰੀ ਰੱਖੋ। ਨਿਕਲਣ ਦਾ ਥਾਂ ਨਾ ਪਾਏ ਨਾ ਵੇਖੇ ॥੯॥

ਸਾਦਰ ਕਹਹੁ, ਨ ਬੋਲਹੁ ਫੇਰ। ਹਟਕ ਰਹਹਿਗੋ ਤਾਰੇ ਹੇਰਿ'।
ਇਮ ਸਲਾਹ ਨੌਰੰਗ ਨੈ ਕਰੀ। ਮੂਢ ਮੁਲਾਨ ਕਹੇ ਮਤ ਹਰੀ ॥ ੧੦ ॥

ਆਦਰ ਨਾਲ ਕਹੋਗੇ ਤਾਂ ਫਿਰ ਨਹੀਂ ਬੋਲੇਗਾ, ਤਾਲਿਆਂ ਨੂੰ ਵੇਖ ਕੇ ਅਟਕਿਆ ਰਹੇਗਾ।'' ਇਸ ਤਰ੍ਹਾਂ ਨੌਰੰਗੇ ਨੇ ਸਲਾਹ ਦਿੱਤੀ। ਮੂਰਖ ਮੁਲਾਣਿਆਂ ਦੇ ਕਹਿਣ ਤੇ ਉਸ ਦੀ ਮੱਤ ਮਾਰੀ ਗਈ ॥੧੦॥

ਸਭਾ ਜਾਮਨੀ ਬਿਖੈ ਲਗਾਈ। ਆਨਿ ਭਏ ਮਾਨਵ ਸਮੁਦਾਈ।
ਤਬਿ ਸ੍ਰੀ ਰਾਮਰਾਇ ਚਲਿ ਆਏ। ਜਿਸ ਪ੍ਰਤਾਪ ਤੁਰਕਨਿ ਪਰ ਛਾਏ ॥ ੧੧ ॥

ਰਾਤ ਨੂੰ ਸਭਾ ਲਗਾਈ। ਬਹੁਤ ਮਨੁੱਖ ਆ ਕੇ ਇਕੱਠੇ ਹੋਏ। ਤਦ ਸ੍ਰੀ ਰਾਮਰਾਇ ਚਲ ਕੇ ਆ ਗਏ, ਜਿਸ ਦਾ ਪ੍ਰਤਾਪ ਤੁਰਕਾਂ ਉੱਤੇ ਛਾਇਆ ਹੋਇਆ ਸੀ ॥੧੧॥

ਉਤਰਿ ਪਾਲਕੀ ਤੇ ਤਹਿਂ ਗਯੋ। ਸ਼ਾਹ ਸਭਾ ਮਹਿਂ ਹੇਰਤਿ ਭਯੋ।
ਸਨਮਾਨਤਿ ਕਹਿ ਸ਼ਾਹੁ ਬਿਠਾਵਾ। ਸਭਿਨਿ ਬਿਖੈ ਊਚੇ ਦੁਤਿ ਪਾਵਾ॥੧੨॥

ਪਾਲਕੀ ਤੋਂ ਉਤਰ ਕੇ ਉਹ ਵੀ ਕਿਲ੍ਹੇ ਅੰਦਰ ਚਲਾ ਗਿਆ। ਬਾਦਸ਼ਾਹ ਨੇ ਸਭਾ ਵਿਚ ਆਇਆ ਵੇਖਿਆ ਤਾਂ ਬੜਾ ਸਨਮਾਨ ਕਰਕੇ ਬਿਠਾਇਆ। ਸਾਰਿਆਂ ਦੇ ਵਿਚ ਬੜੀ ਉੱਚੀ ਸ਼ੋਭਾ ਪਾਈ॥੧੨॥

ਅਨਿਕ ਪ੍ਰਕਾਰਨਿ ਕੇਰਿ ਪ੍ਰਸੰਗ। ਬੋਲਤਿ ਸੁਨਤਿ ਸਰਬ ਹਿਤ ਸੰਗ।
ਰਹਨਿ ਸਭਾ ਕੋ ਸਮਯ ਜਿਤੇਕ। ਬਿਗਸਤਿ ਦਿਯੋ ਬਿਤਾਇ ਤਿਤੇਕ॥੧੩॥

ਅਨੇਕ ਪ੍ਰਕਾਰ ਦੇ ਪ੍ਰਸੰਗ, ਸਾਰੇ ਹਿਤ ਨਾਲ ਬੋਲਦੇ ਅਤੇ ਸੁਣਦੇ ਸਨ। ਜਿੰਨਾ ਸਭਾ ਦਾ ਸਮਾਂ ਸੀ, ਪ੍ਰਸੰਨ ਹੋ ਕੇ ਉਨ੍ਹਾਂ ਸਮਾਂ ਦੱਸ ਦਿੱਤਾ॥੧੩॥

ਸਨੇ ਸਨੇ ਪੁਨ ਉਠਿ ਕਰਿ ਚਾਲੇ। ਜੋ ਉਮਰਾਵ ਸਮਾਜ ਬਿਸਾਲੇ।
ਰਾਮਰਾਇ ਸੰਗ ਬਾਤਨਿ ਛਿਰਜੋ। ਸਮਾਂ ਬਿਤਾਵਨਿ ਅਧਿਕੈ ਕਰਜੋ॥੧੪॥

ਜਿਹੜੇ ਵਿਸ਼ਾਲ ਉਮਰਾਵ ਤੇ ਸਮਾਜ ਇਕੱਠਾ ਹੋਇਆ ਸੀ, ਹੌਲੀ-ਹੌਲੀ ਫਿਰ ਉੱਠ ਕੇ ਚਲ ਪਏ। ਨੌਰੰਗਾ ਸ੍ਰੀ ਰਾਮਰਾਇ ਨਾਲ ਗੱਲੀਂ ਛਿੜ ਪਿਆ, ਉਸ ਦਾ ਜ਼ਿਆਦਾ ਸਮਾਂ ਬਤੀਤ ਕਰਵਾ ਦਿੱਤਾ॥੧੪॥

ਦੋਨਹੁੰ ਰਹਿ ਗਏ ਬੋਲਤਿ ਜਬੈ। ਸਰਬ ਪੌਰ ਤਾਰੇ ਦਿਯ ਤਬੈ।
ਲਘੁ ਦੀਰਘ ਕੋ ਰੋਕਨਿ ਕਰੇ। ਦਿਢ ਸਾਂਕਰ ਕਪਾਟ ਬਡ ਖਰੇ॥੧੫॥

ਜਦ ਦੋਵੇਂ ਬੋਲਦੇ ਰਹਿ ਗਏ ਤਦ ਸਾਰਿਆਂ ਦਰਵਾਜ਼ਿਆਂ ਨੂੰ ਤਾਲੇ ਲਗਾ ਦਿੱਤੇ। ਛੋਟੇ ਵੱਡੇ ਨੂੰ ਰੋਕਦੇ ਸਨ, ਬੜੇ ਮਜ਼ਬੂਤ ਸੰਗਲ ਮਾਰ ਦਿੱਤੇ॥੧੫॥

ਸਭਿਨਿ ਪਿਛੇਰੇ ਘਟੀ ਬਿਤਾਈ। ਉਠਜੋ ਸ਼ਾਹੁ ਮਨ ਮੋਦ ਉਪਾਈ।
ਅੰਤਹਪੁਰਿ ਕੋ ਕਿਯਸਿ ਪਯਾਨਾ। ਪਹੁਚੇ ਅਪਰ ਆਪਨੇ ਥਾਨਾ॥੧੬॥

ਸਾਰਿਆਂ ਦੇ ਪਿੱਛੋਂ ਇਕ ਘੜੀ ਬਤੀਤ ਕੀਤੀ। ਫਿਰ ਬਾਦਸ਼ਾਹ ਮਨ ਵਿਚ ਪ੍ਰਸੰਨ ਹੋ ਕੇ ਉੱਠ ਪਿਆ। ਆਪਣੇ ਮਹਿਲਾਂ ਵੱਲ ਚਲਾ ਗਿਆ ਤੇ ਦੂਸਰੇ ਲੋਕ ਆਪਣੇ ਆਪਣੇ ਥਾਂ ਪਹੁੰਚ ਗਏ॥੧੬॥

ਗੁਰਸੁਤ ਸਿਵਕਾ ਪਰ ਅਸਵਾਰ। ਗਮਨਜੋ ਨਿਜ ਡੇਰੇ ਹੁਇ ਤਯਾਰ।
ਜਬਹਿ ਪੌਰ ਆਯੋ ਕਯਾ ਹੇਰਾ। ਕਰਜੋ ਅਸੰਜਤਿ ਤਾਰੋ ਭੇਰਾ॥੧੭॥

ਗੁਰੂ-ਪੁੱਤਰ ਪਾਲਕੀ 'ਤੇ ਸਵਾਰ ਹੋ ਕੇ ਆਪਣੇ ਡੇਰੇ ਵੱਲ ਜਾਣ ਨੂੰ ਤਿਆਰ ਹੋ ਗਿਆ। ਜਦ ਦਰਵਾਜ਼ੇ ਵਿਚ ਆਇਆ ਤਾਂ ਵੇਖਿਆ ਕਿ ਦਰਵਾਜ਼ਾ ਬੰਦ ਕਰਕੇ ਤਾਲਾ ਮਾਰਿਆ ਹੈ॥੧੭॥

ਦਰਵਾਨਨਿ ਸੋਂ ਗੁਰ ਸੁਤ ਭਾਖਾ॥ 'ਹਮ ਕਹੁ ਕਜੋਂ ਤੁਮ ਅੰਤਰ ਰਾਖਾ?
ਸਾਂਕੁਰ ਮੋਚਹੁ, ਗਮਨਹਿਂ ਡੇਰੇ। ਬਹੁਰ ਲੇਹੁ ਇਸ ਹੀ ਬਿਧਿ ਭੇਰੇ'॥੧੮॥

ਦਰਵਾਜ਼ੇ ਦੇ ਚੌਕੀਦਾਰ ਨੂੰ ਸ੍ਰੀ ਰਾਮਰਾਇ ਨੇ ਕਿਹਾ, 'ਸਾਨੂੰ ਤੁਸੀਂ ਕਿਉਂ ਅੰਦਰ ਰਖਿਆ ਹੈ? ਦਰਵਾਜ਼ੇ ਖੋਲ੍ਹੋ ਤਾਂਕਿ ਅਸੀਂ ਆਪਣੇ ਡੇਰੇ ਜਾਈਏ ਤੇ ਫਿਰ ਇਨ੍ਹਾਂ ਨੂੰ ਪਹਿਲਾਂ ਵਾਂਗ ਹੀ ਬੰਦ ਕਰ ਲਵੋ'॥੧੮॥

ਊਚੇ ਬਚਜੋ ਕਹੈ ਦਰਵਾਨ। 'ਅਬਿ ਨਹਿਂ ਤਾਰੀ ਹੈ ਇਸ ਥਾਨ।
ਜਬਿ ਸਭਿ ਪੌਰਨਿ ਤਾਰੇ ਭੇਰੇ। ਸਭਿ ਤਾਰੀ ਅੰਤਰ ਇਸ ਬੇਰੇ॥੧੯॥

ਊੱਚਾ ਚੜ੍ਹਿਆ ਦਰਬਾਨ ਕਹਿਣ ਲੱਗਾ, "ਹੁਣ ਚਾਬੀ ਇਸ ਥਾਂ ਨਹੀਂ ਹੈ। ਜਦ ਸਭ ਦਰਵਾਜ਼ਿਆਂ ਦੇ ਤਾਲੇ ਮਾਰ ਲਏ ਸਨ ਤਾਂ ਸਭ ਚਾਬੀਆਂ ਅੰਦਰ ਮਹਿਲਾਂ ਵਿਚ ਭੇਜ ਦਿੱਤੀਆਂ ਸਨ॥੧੯॥

ਅਪਰ ਉਪਾਇ ਨਹੀਂ ਅਬਿ ਜਾਨੇ। ਅੰਤਰ ਹੀ ਰਹੀਐ ਕਿਸ ਥਾਨੇ।
ਬਹੁਤ ਪੌਰ ਕਿਮ ਖੁਲਹਿਂ ਸੁ ਨਾਂਹੀ। ਤਾਰੀ ਗਈ ਬਿਖਮ ਥਲ ਜਾਂਹੀ॥੨੦॥

ਸਾਡੇ ਪਾਸ ਹੁਣ ਉਪਰ ਜਾਣ ਦਾ ਕੋਈ ਉਪਰਾਲਾ ਨਹੀਂ ਹੈ, ਮਹਿਲਾਂ ਅੰਦਰ ਹੀ ਕਿਸੇ ਸਥਾਨ 'ਤੇ ਰਹੋ। ਬਹੁਤ ਦਰਵਾਜ਼ੇ ਹਨ, ਕਿਸੇ ਤਰ੍ਹਾਂ ਵੀ ਖੁਲ੍ਹ ਨਹੀਂ ਸਕਦੇ। ਚਾਬੀਆਂ ਹੁਣ ਬਹੁਤ ਮੁਸ਼ਕਲ ਸਥਾਨ 'ਤੇ ਗਈਆਂ ਹਨ'॥੨੦॥

ਇਮ ਦਰਵਾਨਨਿ ਗਿਰਾ ਅਲਾਈ। ਗੁਰਸੁਤ ਜਾਨੀ ਸਗਲ ਖੁਟਾਈ।
ਅਤਿ ਮਤਿਮੰਦ ਨ ਸਮਝਹਿਂ ਕੈਸੇ। ਸਭਿ ਨਿਕਸੇ ਰੋਕਯੋ ਮੁਝ ਐਸੇ॥੨੧॥

ਦਰਬਾਨਾਂ ਨੇ ਇਸ ਤਰ੍ਹਾਂ ਕਿਹਾ। ਗੁਰੂ-ਪੁੱਤਰ ਫਿਰ ਸਾਰੀ ਖੋਟ ਨੂੰ ਸਮਝ ਗਏ। ਅਤੀ ਮੂਰਖ ਹਨ, ਇਹ ਕਿਸੇ ਤਰ੍ਹਾਂ ਵੀ ਸਮਝਣਗੇ ਨਹੀਂ: ਸਾਰੇ ਨਿਕਲ ਗਏ ਹਨ, ਮੈਨੂੰ ਏਥੇ ਰੋਕ ਲਿਆ ਹੈ॥੨੧॥

ਕਰਯੋ ਬਚਨ 'ਛੂਟਹਿਂ ਸਭਿ ਤਾਰੇ। ਨਿਕਸਹਿਂ ਸਾਂਕਰ, ਖੁਲਹਿਂ ਕਿਵਾਰੇ।
ਹਮ ਸੁਖੇਨ ਜਿਮ ਡੇਰਨਿ ਜਾਹਿਂ। ਸਕਲ ਪੌਰ ਇਸ ਰੀਤਿ ਖੁਲਾਹਿਂ॥੨੨॥

ਜਦ ਬਚਨ ਕੀਤਾ, "ਸਭ ਤਾਲੇ ਖੁਲ੍ਹ ਜਾਣ, ਸੰਗਲ ਨਿਕਲ ਜਾਣ ਤੇ ਦਰਵਾਜ਼ੇ ਖੁਲ੍ਹ ਜਾਣ। ਅਸੀਂ ਸੌਖੀ ਤਰ੍ਹਾਂ ਜਿਵੇਂ ਡੇਰੇ ਜਾਈਏ, ਸਭ ਦਰਵਾਜ਼ੇ ਉਸ ਰੀਤੀ ਨਾਲ ਖੁਲ੍ਹ ਜਾਣ'॥੨੨॥

ਇਮ ਕਹਿ ਨਿਜ ਦਾਸਨਿ ਕਹੁ ਪ੍ਰੇਰੇ। 'ਚਲਹੁ ਪਾਲਕੀ ਕਰਹੁ ਅਗੇਰੇ'।
ਜਬਿ ਗਮਨੇ ਦਰ ਨਿਕਟੀ ਭਯੋ। ਛੁਟਿ ਸਾਂਕਰ ਤਾਰੇ ਖੁਲ੍ਹਿ ਗਯੋ॥੨੩॥

ਇਸ ਤਰ੍ਹਾਂ ਕਹਿ ਕੇ ਆਪਣੇ ਦਾਸਾਂ ਨੂੰ ਪ੍ਰੇਰਿਆ, "ਚਲੋ ਪਾਲਕੀ ਨੂੰ ਅੱਗੇ ਕਰੋ।" ਜਦ ਦਰਵਾਜ਼ੇ ਦੇ ਪਾਸ ਗਏ ਤਾਂ ਸੰਗਲ ਨਿਕਲ ਗਏ ਤੇ ਤਾਲੇ ਖੁਲ੍ਹ ਗਏ॥੨੩॥

ਚਲੀ ਨਿਕਸਿ ਸਿਵਕਾ ਜਬਿ ਪੌਰ। ਸਭਿ ਬਿਸਮਾਇ ਰਹੇ ਤਿਸ ਠੌਰ।
ਸ਼ਾਹੁ ਸਮੀਪ ਜਾਇ ਸੁਧ ਦਈ। 'ਅਚਰਜ ਗਤਿ ਕੁਛ ਲਖੀ ਨ ਗਈ॥੨੪॥

ਜਦ ਪਾਲਕੀ ਦਰਵਾਜ਼ੇ ਦੇ ਬਾਹਰ ਨਿਕਲ ਗਈ ਤਾਂ ਸਾਰੇ ਉਥੇ ਖਲੋਤੇ ਹੈਰਾਨ ਰਹਿ ਗਏ। ਬਾਦਸ਼ਾਹ ਪਾਸ ਜਾ ਕੇ ਖ਼ਬਰ ਦਿੱਤੀ, "ਅਸਚਰਜ ਗਤੀ ਹੋਈ ਹੈ, ਕੁਝ ਸਮਝ ਵਿਚ ਨਹੀਂ ਆਇਆ ਹੈ॥੨੪॥

ਆਪਹਿ ਛੁਟਿ ਸਾਂਕਰ ਖੁਲਿ ਤਾਰੇ। ਗੁਰਸੁਤ ਗਮਨਯੋ ਵਹਿਰ ਸੁਖਾਰੇ।
ਜਿਮ ਤੁਮ ਕਹਹੁ ਕਰਹਿਂ ਤਿਮ ਜਾਇ'। ਸੁਨਤਿ ਸ਼ਾਹੁ ਹਰਖਯੋ ਬਿਸਮਾਇ॥੨੫॥

ਆਪੇ ਹੀ ਤਾਲੇ ਅਤੇ ਸੰਗਲ ਖੁਲ੍ਹ ਗਏ ਹਨ, ਗੁਰੂ-ਪੁੱਤਰ ਸੌਖੇ ਹੀ ਬਾਹਰ ਚਲੇ ਗਏ ਹਨ। ਜਿਸ ਤਰ੍ਹਾਂ ਤੁਸੀਂ ਕਹੋ ਉਸ ਤਰ੍ਹਾਂ ਹੀ ਜਾ ਕੇ ਕਰੀਏ।" ਬਾਦਸ਼ਾਹ ਇਹ ਸੁਣ ਕੇ ਹੈਰਾਨ ਹੋ ਕੇ ਪ੍ਰਸੰਨ ਹੋਇਆ॥੨੫॥

ਥਿਤ ਸੁਧ ਹਿਤ ਅੰਤਹਿਪੁਰ ਬਾਹਰ। ਅਜ਼ਮਤਿ ਅਤਿ ਜੁਤਿ ਇਹ ਜਗ ਜ਼ਾਹਿਰ।
ਕਹਾਂ ਰੁਕਹਿ ਗਤਿ ਬਡ ਬਲਵਾਨਾ। ਦਰਵਾਨਨਿ ਸੋਂ ਪੁਨਹਿਂ ਬਖਾਨਾ॥੨੬॥

ਬਾਦਸ਼ਾਹ ਸ੍ਰੀ ਰਾਮਰਾਇ ਜੀ ਦੀ ਖ਼ਬਰ ਲੈਣ ਵਾਸਤੇ ਹਾਲੇ ਮਹਿਲਾਂ ਤੋਂ ਬਾਹਰ ਹੀ ਖੜਾ ਸੀ। ਉਹ ਸਮਝ ਗਿਆ ਕਿ ਵੱਡੀ ਕਰਾਮਾਤ ਸਹਿਤ ਹਨ, ਇਹ ਜਗ ਜ਼ਾਹਰ ਹੈ। ਕਿਵੇਂ ਰੁਕ ਸਕਦਾ ਸੀ ? ਵੱਡੀ ਬਲਵਾਨ ਗਤੀ ਹੈ। ਫਿਰ ਦਰਬਾਨਾਂ ਨੂੰ ਕਿਹਾ॥੨੬॥

'ਕਛੂ ਨ ਬੋਲਹੁ ਜਾਨੇ ਦੇਹੁ। ਪੌਰ ਅਰਾਇ ਤਿਸੀ ਬਿਧਿ ਲੇਹੁ'।
ਗੁਰ ਸੁਤ ਆਦਿ ਸੈਨ ਕਹੁ ਕੀਨਾ। ਤੁਰਕ ਉਪਾਇ ਨਿਫਲ ਕਰਿ ਦੀਨਾ॥੨੭॥

"ਕੁਝ ਨਾ ਬੋਲੋ, ਜਾਣ ਦੇਵੋ ਤੇ ਦਰਵਾਜ਼ਿਆਂ ਨੂੰ ਪਹਿਲੀ ਵਿਧੀ ਅਨੁਸਾਰ ਹੀ ਬੰਦ ਕਰ ਲਵੋ।" ਗੁਰੂ-ਪੁੱਤਰ ਆ ਕੇ ਸੌਂ ਗਏ, ਤੁਰਕਾਂ ਦਾ ਉਪਾਅ ਅਸਫਲ ਕਰ ਦਿੱਤਾ॥੨੭॥

ਭਈ ਪ੍ਰਾਤਿ ਉਲਮਾਉ ਹਕਾਰੇ। ਨਿਸ ਬ੍ਰਿਤਾਂਤ ਤਿਨ ਪਾਸ ਉਚਾਰੇ।
'ਰਹ੍ਯੋ ਨ ਰੁਕ੍ਯੋ, ਗਯੋ ਨਿਜ ਡੇਰੇ। ਸਾਂਕਰ ਤਾਰੇ ਖੁਲ੍ਹੇ ਘਨੇਰੇ'॥੨੮॥

ਸਵੇਰ ਹੋਈ ਤਾਂ ਸਾਰੇ ਮੁਸਲਿਮ ਵਿਦਵਾਨ ਬੁਲਾ ਲਏ। ਰਾਤ ਵਾਲਾ ਬ੍ਰਿਤਾਂਤ ਉਨ੍ਹਾਂ ਨੂੰ ਸੁਣਾਇਆ, "ਉਹ ਰੁਕਿਆ ਨਹੀਂ ਰਿਹਾ ਹੈ, ਆਪਣੇ ਡੇਰੇ ਚਲਾ ਗਿਆ ਹੈ, ਸਾਰੇ ਤਾਲੇ ਅਤੇ ਸੰਗਲ ਆਪਣੇ ਆਪ ਖੁੱਲ੍ਹ ਗਏ ਹਨ"॥੨੮॥

ਤਬਿ ਉਲਮਾਉਨਿ ਸ਼ਾਹੁ ਸੁਨਾਯੋ। 'ਹਮ ਕਉ ਅਚਰਜ ਬਡ ਉਰ ਆਯੋ।
ਸੁਨ੍ਯੋ ਕਿਸੂ ਤੇ ਕੈਫ ਰੁ ਮਾਸ। ਨਿਤ ਖਾਵਤਿ ਹੈ ਕਰਤਿ ਬਿਲਾਸ॥੨੯॥

ਤਬ ਮੁਸਲਿਮ ਵਿਦਵਾਨਾਂ ਨੇ ਬਾਦਸ਼ਾਹ ਨੂੰ ਸੁਣਾਇਆ, "ਅਸੀਂ ਹਿਰਦੇ ਵਿਚ ਬਹੁਤ ਹੈਰਾਨ ਹੋਏ ਹਾਂ। ਅਸੀਂ ਕਿਸੇ ਪਾਸੋਂ ਸੁਣਿਆ ਹੈ ਕਿ ਸ਼ਰਾਬ ਅਤੇ ਮਾਸ ਰੋਜ਼ ਖਾਂਦਾ ਹੈ ਤੇ ਅਨੰਦ ਵਿਲਾਸ ਵੀ ਕਰਦਾ ਹੈ॥੨੯॥

ਨਹਿਂ ਮਾਨਉ ਤਉ ਇਕ ਦਿਨ ਚਲਉ। ਤਹਿਂ ਅਹਾਰ ਦੇਖਹੁ ਤਿਹ ਮਿਲਉ'।
ਸੁਨਿ ਕੈ ਸ਼ਾਹੁ ਕਹ੍ਯੋ 'ਹਮ ਜੈਹੈਂ। ਜੁ ਕਛੁ ਖਾਇ ਔਚਕ ਪਿਖਿ ਲੈ ਹੈਂ॥੩੦॥

ਨਹੀਂ ਮੰਨਦੇ ਹੋ ਤਾਂ ਇਕ ਦਿਨ ਚਲੋ, ਉਸ ਨੂੰ ਮਿਲਕੇ ਉਸ ਦਾ ਭੋਜਨ ਵੇਖੋ।" ਇਹ ਸੁਣਕੇ ਬਾਦਸ਼ਾਹ ਨੇ ਕਿਹਾ, "ਅਸੀਂ ਜਾਵਾਂਗੇ। ਜੋ ਕੁਝ ਖਾਂਦਾ ਹੈ ਅਚਾਨਕ ਜਾ ਕੇ ਵੇਖ ਲਵਾਂਗੇ॥੩੦॥

ਇਕ ਜਸੂਸ ਤਹਿਂ ਰਾਖਹੁ ਲਾਇ। ਸੁਧ ਅਹਾਰ ਕੀ ਜੋ ਕਹਿ ਆਇ'।
ਸੁਨਤਿ ਸ਼ਰੀਅਨਿ ਤੈਸੇ ਕੀਨਸਿ। ਸੁਧ ਲੈਬੇ ਹਿਤ ਨਰ ਪਠਿ ਦੀਨਸਿ॥੩੧॥

ਇਕ ਜਾਸੂਸ ਨੂੰ ਉਥੇ ਨਿਗਰਾਨੀ ਵਾਸਤੇ ਲਗਾ ਦੇਵੋ, ਜੋ ਭੋਜਨ ਦੀ ਆਕੇ ਖਬਰ ਦੇਵੇ।" ਇਹ ਸੁਣ ਕੇ ਸ਼ਰ੍ਹਾ ਵਾਲੇ ਮੁਲਾਣਿਆਂ ਨੇ ਉਸ ਤਰ੍ਹਾਂ ਹੀ ਕੀਤਾ। ਖ਼ਬਰ ਰਖਣ ਵਾਸਤੇ ਇਕ ਜਾਸੂਸ ਨੂੰ ਭੇਜ ਦਿੱਤਾ॥੩੧॥

ਭੋਜਨ ਕਰਨਿ ਲਗ੍ਯੋ ਜਿਸ ਛਿਨ ਮੈਂ। ਆਇ ਜਸੂਸ ਕਹੀ ਸੁ ਸਭਿਨਿ ਮੈਂ।
ਉਲਮਾਉਨਿ ਸੁਧ ਸ਼ਾਹੁ ਸੁਨਾਈ। 'ਚਲਹੁ ਆਪ ਅਬਿ ਦੇਖਹੁ ਜਾਈ॥੩੨॥

ਜਿਸ ਸਮੇਂ ਭੋਜਨ ਕਰਨ ਲੱਗਾ ਤਾਂ ਜਾਸੂਸ ਨੇ ਆ ਕੇ ਸਾਰਿਆਂ ਵਿਚ ਕਿਹਾ। ਮੁਸਲਿਮ ਵਿਦਵਾਨਾਂ ਨੇ ਬਾਦਸ਼ਾਹ ਨੂੰ ਖ਼ਬਰ ਦੇ ਦਿੱਤੀ "ਚਲੋ ਆਪ ਹੁਣ ਜਾ ਕੇ ਵੇਖੋ॥੩੨॥

ਅਜ਼ਮਤਵੰਤ ਕਹਾਵਤਿ ਜੋਇ। ਕਰਤਿ ਕੁਕਰਮਨਿ ਦੁਰ ਕਰਿ ਸੋਇ।
ਸਭਿਹਿਨਿ ਮੈਂ ਦਰਵੇਸ਼ ਕਹਾਵੈ। ਕਰਹਿ ਬੰਦਗੀ ਸਭਿਨਿ ਜਨਾਵੈ'॥੩੩॥

ਬੜੀ ਅਜ਼ਮਤ ਵਾਲਾ ਜਿਹੜਾ ਕਹਾਉਂਦਾ ਹੈ, ਉਹ ਲੁਕ ਕੇ ਵੱਡੇ ਭੈੜੇ ਕਰਮ ਕਰਦਾ ਹੈ। ਸਾਰਿਆਂ ਦੇ ਵਿਚ ਦਰਵੇਸ਼ ਕਹਾਉਂਦਾ ਹੈ, ਬੰਦਗੀ ਕਰ ਕੇ, ਸਾਰਿਆਂ ਨੂੰ ਦੱਸਦਾ ਹੈ"॥੩੩॥

ਕਹਤਿ ਸੁਨਤਿ ਇਮ ਆਪਸ ਮਾਂਹਿ। ਪਹੁੰਚੇ ਗੁਰ ਸੁਤ ਡੇਰੇ ਜਾਂਹਿ।
ਬੋਤਲ ਧਰੀ ਦੇਖਿ ਕੈ ਸ਼ਾਹੂ। ਕਹ੍ਯੋ 'ਕਹਾਂ ਹੈ ਇਸ ਕੇ ਮਾਂਹੂ?॥੩੪॥

ਇਸ ਤਰ੍ਹਾਂ ਆਪਸ ਵਿਚ ਕਹਿ ਸੁਣ ਕੇ ਉਹ ਗੁਰੂ-ਪੁੱਤਰ ਦੇ ਡੇਰੇ ਪਹੁੰਚ ਗਏ। ਬਾਦਸ਼ਾਹ ਨੇ ਬੋਤਲ ਧਰੀ ਵੇਖ ਕੇ ਕਿਹਾ, "ਇਸ ਦੇ ਵਿਚ ਕੀ ਹੈ ? ॥੩੪॥

ਤੁਮਰੇ ਦਰਵੇਸ਼ਨਿ ਕੋ ਭੇਸ। ਇਹ ਦੁਰ ਕਰਿ ਕਜਾ ਕਰਹੁ ਹਮੇਸ਼।
ਹਮ ਨੇ ਆਜ ਸੁਨੀ ਤੁਮ ਰੀਤਿ। ਦੇਖੀ ਆਇ, ਕਰਹੁ ਵਿੱਪ੍ਰੀਤ॥ ੩੫ ॥

ਤੁਹਾਡਾ ਦਰਵੇਸ਼ਾਂ ਵਾਲਾ ਭੇਸ ਹੈ, ਇਹ ਲੁਕ ਕੇ ਹਮੇਸ਼ਾਂ ਕੀ ਕਰਦੇ ਹੋ ? ਅਸੀਂ ਅੱਜ ਤੁਹਾਡੀ ਰੀਤੀ ਸੁਣੀ ਹੈ, ਇਹ ਵੇਖਣ ਵਿਚ ਆਉਂਦਾ ਹੈ ਕਿ ਤੁਸੀਂ ਉਲਟੀ ਰੀਤੀ ਅਪਣਾਈ ਹੈ॥੩੫॥

ਰਹਿਨੀ ਸੰਤਨ ਕੀ ਸ਼ੁਭ ਕਹਾਂ। ਤੁਮ ਭੱਖਜਤਿ ਜਿਮ ਬਿਸ਼ਈ ਮਹਾਂ।
ਕਰਾਮਾਤ ਕਿਮ ਤੁਮ ਕੋ ਹੋਈ ?। ਚਲਿਤ ਆਪ ਕੋ ਸ਼ੁਭ ਨਹਿਂ ਕੋਈ' ॥ ੩੬ ॥

ਸੰਤਾਂ ਦੀ ਸ਼ੁਭ ਰਹਿਣੀ ਕਿਥੇ ਹੈ ? ਤੁਸੀਂ ਜਿਵੇਂ ਮਹਾਂ ਵਿਸ਼ਈਆਂ ਵਾਲਾ ਭੋਜਨ ਖਾਂਦੇ ਹੋ। ਕਰਾਮਾਤ ਤੁਹਾਡੇ ਵਿਚ ਕਿਵੇਂ ਹੋਈ ? ਜਦ ਆਪ ਦਾ ਚਰਿੱਤਰ ਹੀ ਸ਼ੁਭ ਨਹੀਂ ਹੈ" ॥੩੬॥

ਤਬਿ ਸ੍ਰੀ ਰਾਮਰਾਇ ਤਿਨ ਕਹ੍ਯੋ। 'ਕਜਾ ਬੋਤਲ ਮੈਂ ਤੁਮ ਨੇ ਲਹ੍ਯੋ ?'।
ਖੋਲਿ ਬਦਨ ਜਬਿ ਪਾਇ ਕਟੋਰੇ। ਨਿਕਸ੍ਯੋ ਦੂਧ ਹੇਰਿ ਭਏ ਹੋਰੇ॥ ੩੭ ॥

ਤਬ ਸ੍ਰੀ ਰਾਮਰਾਇ ਨੇ ਉਸ ਨੂੰ ਕਿਹਾ, "ਤੁਸੀਂ ਬੋਤਲ ਵਿਚ ਕੀ ਵੇਖਿਆ ਹੈ ?" ਢੱਕਣ ਖੋਲ੍ਹ ਕੇ ਜਦ ਉਸ ਨੂੰ ਕਟੋਰੇ ਵਿਚ ਪਾਇਆ, ਤਾਂ ਉਸ ਵਿਚੋਂ ਦੁੱਧ ਨਿਕਲਿਆ, ਜਿਸ ਨੂੰ ਵੇਖ ਕੇ ਸਭ ਹੋਲੇ ਹੋ ਗਏ॥੩੭॥

ਆਮਿਖ ਕੀ ਹੋਈ ਤਰਕਾਰੀ। ਬ੍ਰਿੰਦਾਰਕ ਕੀ ਫਾਂਕ ਸੁਧਾਰੀ।
ਤੂਸ਼ਨਿ ਭਏ ਨ ਕੁਛ ਬਸ ਚਾਲਾ। ਹੇਰਿ ਹੇਰਿ ਹੈਰਾਨ ਬਿਸਾਲਾ॥ ੩੮ ॥

ਮਾਸ ਦੀ ਸਬਜ਼ੀ ਬਣ ਗਈ, ਬੈਂਗਣਾਂ ਦੀਆਂ ਫਾੜੀਆਂ ਬਣ ਗਈਆਂ। ਚੁੱਪ ਹੋ ਗਏ ਤੇ ਕੁਝ ਵੱਸ ਨਾ ਚਲਿਆ। ਵੇਖ-ਵੇਖ ਕੇ ਬਹੁਤ ਹੈਰਾਨ ਹੋਏ॥੩੮॥

ਕੁਛ ਤੇ ਕੁਛ ਕਰਿ ਕੈ ਦਿਖਰਾਵਤਿ। ਕੋਇ ਨ ਸਰਬਰ ਇਹੁ ਸੰਗ ਆਵਤਿ।
ਬਹੁਰ ਸ਼ਾਹੁ ਹਸਿਬੇ ਕੀ ਬਾਤ। ਕਰਤਿ ਰਹ੍ਯੋ ਕੇਤਿਕ ਬੱਖਜਾਤ॥ ੩੯ ॥

ਕੁਝ ਤੋਂ ਕੁਝ ਕਰ ਕੇ ਵਿਖਾ ਦਿੰਦਾ ਹੈ, ਕੋਈ ਵੀ ਇਸ ਦੀ ਬਰਾਬਰੀ ਨਹੀਂ ਕਰ ਸਕਦਾ। ਫਿਰ ਬਾਦਸ਼ਾਹ ਕਈ ਹਾਸੇ ਦੀਆਂ ਪਰਗਟ ਰੂਪ ਵਿਚ ਗੱਲਾਂ ਕਰਦਾ ਰਿਹਾ॥੩੯॥

ਹੋਇ ਪਰਸਪਰ ਮਹਦ ਪ੍ਰਸੰਨ। ਕਹਤਿ ਭਯੋ 'ਤੁਮ ਸਤਿਗੁਰ ਧੰਨ।
ਜਿਨ ਕੀ ਸਮਤਾ ਕਰਹਿ ਨ ਕੋਈ'। ਕਵਿ ਸੰਤੋਖ ਸਿੰਘ 'ਦੀਰਘ ਸੋਈ' ॥੪੦॥

ਆਪਸ ਵਿਚ ਮਿਲ ਕੇ ਬਹੁਤ ਪ੍ਰਸੰਨ ਹੋਏ ਤੇ ਬਾਦਸ਼ਾਹ ਨੇ ਕਿਹਾ, "ਤੁਹਾਡੇ ਸਤਿਗੁਰੂ ਜੀ ਧੰਨ ਹਨ, ਜਿੰਨ੍ਹਾਂ ਦੀ ਕੋਈ ਵੀ ਬਰਾਬਰੀ ਨਹੀਂ ਕਰ ਸਕਦਾ।" ਹੇ ਕਵੀ ਸੰਤੋਖ ਸਿੰਘ ! "ਉਹ ਬਹੁਤ ਮਹਾਨ ਹਨ" ॥੪੦॥

ਦੋਹਰਾ- ਬਿਸਮਾਵਤਿ ਸਭਿ ਨਰਨਿ ਯੁਤਿ ਸ਼ਾਹੁ ਦੁਰਗ ਮਹਿਂ ਆਇ।
ਕਯੋਂਹੂੰ ਹੋਤਿ ਨ ਤਰੇ ਇਹੁ ਪਚ ਹਾਰੇ ਸਮੁਦਾਇ॥ ੪੧ ॥

ਸਾਰੇ ਮਨੁੱਖ ਹੈਰਾਨ ਹੋ ਕੇ ਬਾਦਸ਼ਾਹ ਸਹਿਤ ਕਿਲ੍ਹੇ ਵਿਚ ਆ ਗਏ। ਕਿਸੇ ਤਰ੍ਹਾਂ ਵੀ ਇਹ ਥੱਲੇ ਨਹੀਂ ਲੱਗਦਾ, ਸਾਰੇ ਤੁਰਕ ਖਪ ਖਪ ਕੇ ਹਾਰ ਗਏ॥੪੧॥

*ਨੌਵੀਂ ਰਾਸ ਦਾ ਚਰਵੰਜਵਾਂ ਅਧਿਆਇ ਸਮਾਪਤ ਹੋਇਆ॥੫੪॥*

# ਅਧਿਆਇ ਪਚਵੰਞਵਾਂ

## ਕਹਾਰਾਂ ਤੋਂ ਬਿਨਾਂ ਪਾਲਕੀ ਚਲਾਈ

ਦੋਹਰਾ- ਸਤਿਗੁਰ ਪੁੱਤ੍ਰ ਪ੍ਰਸੰਨ ਅਤਿ ਅਜ਼ਮਤਿ ਪਰਮ ਦਿਖਾਇ।
ਸਭਿ ਕੂਰੇ ਬਹੁ ਬਾਰ ਕਿਯ ਹਾਰੇ ਮੂਢ ਉਪਾਇ॥ ੧॥

ਪਰਮ ਕਰਾਮਾਤ ਵਿਖਾ ਕੇ ਸਤਿਗੁਰੂ-ਪੁੱਤਰ ਬਹੁਤ ਪ੍ਰਸੰਨ ਹੋਏ। ਸਾਰਿਆਂ ਨੂੰ ਬਹੁਤ ਵਾਰ ਝੂਠਿਆਂ ਕੀਤਾ। ਮੂਰਖ ਉਪਾਅ ਕਰ ਕਰ ਕੇ ਹਾਰ ਗਏ॥੧॥

ਚੌਪਈ- ਅਧਿਕ ਰਹਯੋ ਸਭਿਹਿਨਿ ਪਰ ਬਲੀ। ਸ਼ਾਹੁ ਸਮੇਤ ਸਭਿਨਿ ਮਤਿ ਛਲੀ।
'ਕਿਮ ਇਹ ਹਾਰਹਿ ਤੁਰਕ ਬਨਾਵਹਿਂ'। ਮੂਢ ਮੁਲਾਨੇ ਸ਼ਾਹੁ ਸਿਖਾਵਹਿਂ॥੨॥

ਸਾਰਿਆਂ ਦੇ ਉੱਤੇ ਵੱਡਾ ਬਲਵਾਨ ਬਣ ਕੇ ਰਿਹਾ, ਬਾਦਸ਼ਾਹ ਸਮੇਤ ਸਭ ਦੀ ਬੁੱਧੀ ਛਲ ਲਈ। "ਕਿਵੇਂ ਇਹ ਹਾਰੇ ਕਿ ਤੁਰਕ ਬਣਾਵਾਂਗੇ।" ਮੂਰਖ ਮੁਲਾਣੇ ਬਾਦਸ਼ਾਹ ਨੂੰ ਸਿਖਾਉਂਦੇ ਸਨ॥੨॥

ਨਹਿਂ ਬਸ ਚਲਯੋ ਉਪਾਇ ਨਿਫਲਤੇ। ਪਚ ਪਚ ਹਾਰੇ ਸਤਿਗੁਰ ਬਲ ਤੇ।
ਤੀਨ ਲੋਕ ਮਹਿਂ ਅਸ ਨਹਿਂ ਕੋਈ। ਜੀਤ ਸਕੈ ਗੁਰ ਘਰ ਕਹੁ ਜੋਈ॥੩॥

ਕੁਝ ਵੀ ਵੱਸ ਨਾ ਚਲਿਆ, ਸਾਰੇ ਉਪਾਅ ਨਿਸਫਲ ਗਏ। ਸਤਿਗੁਰੂ ਜੀ ਦੇ ਬਲ ਤੋਂ ਖਪ-ਖਪ ਕੇ ਹਾਰ ਗਏ। ਤਿੰਨਾਂ ਲੋਕਾਂ ਵਿਚ ਐਸਾ ਕੋਈ ਨਹੀਂ ਹੈ, ਜਿਹੜਾ ਗੁਰੂ ਘਰ ਨੂੰ ਜਿੱਤ ਸਕੇ॥੩॥

ਤੁਰਕ ਬਾਪੁਰੇ ਗਿਨਤੀ ਕਜਾ ਹੈਂ। ਅਰ ਕਰਿ ਮੂਰਖ ਸਮਤਾ ਚਾਹੈਂ।
ਆਗਯਾ ਸਭਿ ਬ੍ਰਹਮੰਡ ਕੇ ਮਾਂਹੀ। ਨਿਤ ਅਨੁਸਾਰਿ, ਬਿਪਰਜੈ ਨਾਂਹੀ॥੪॥

ਤੁਰਕ ਵਿਚਾਰੇ ਕਿਸ ਗਿਣਤੀ ਵਿਚ ਆਉਂਦੇ ਹਨ, ਅੜ ਕੇ ਮੂਰਖ ਬਰਾਬਰੀ ਚਾਹੁੰਦੇ ਹਨ। ਜਿਨ੍ਹਾਂ ਦੀ ਆਗਿਆ ਸਾਰੇ ਬ੍ਰਹਿਮੰਡ ਦੇ ਵਿਚ ਹੈ, ਨਿਤ ਆਗਿਆ ਵਿਚ ਹਨ, ਕਦੀ ਵੀ ਉਲਟ ਨਹੀਂ ਹੁੰਦੇ॥੪॥

ਜਿਮ ਸਤਿਗੁਰ ਕੇ ਉਰ ਕਹੁ ਭਾਵੈ। ਤਿਸ ਪ੍ਰਕਾਰ ਨਿਜ ਚਲਿਤ ਦਿਖਾਵੈਂ।
ਚੌਦਹਿ ਲੋਕ ਬਿਖੈ ਚਹਿਂ ਜੈਸੇ। ਉਚਿਤਾਨੁਚਿਤ ਰਚਤਿ ਤਬਿ ਤੈਸੇ॥੫॥

ਜਿਵੇਂ ਸਤਿਗੁਰੂ ਜੀ ਦੇ ਦਿਲ ਨੂੰ ਭਾਉਂਦਾ ਹੈ, ਉਸ ਪ੍ਰਕਾਰ ਉਹ ਆਪਣੇ ਕੌਤਕ ਵਿਖਾਉਂਦੇ ਹਨ। ਚੌਦਾਂ ਲੋਕਾਂ ਵਿਚ ਜਿਵੇਂ ਚਾਹੁੰਦੇ ਹਨ, ਉਚਿਤ, ਅਨਉਚਿਤ ਤਦ ਰਚਨਾ ਕਰਦੇ ਹਨ॥੫॥

ਜੇ ਕਰਿਬੋ ਨਹਿਂ ਚਹਿਤ ਗੁਸਾਈਂ। ਸਿਰ ਹਰਿਬੋ ਲਗਿ ਮੋਨ ਰਹਾਈਂ।
ਸ੍ਰੀ ਸਤਿਗੁਰ ਪੂਰਨ ਭਗਵਾਨ। ਸ਼ੁਭ ਸਰਬੱਗਯ ਉਤੰਗ ਮਹਾਨ॥੬॥

ਜੇ ਸਤਿਗੁਰੂ ਜੀ ਕਰਾਮਾਤ ਨਾ ਵਿਖਾਉਣੀ ਚਾਹੁਣ, ਤਾਂ ਸਿਰ ਕਟਾਉਣ ਤਕ ਚੁੱਪ ਰਹਿੰਦੇ ਹਨ। ਸ੍ਰੀ ਸਤਿਗੁਰੂ ਜੀ ਪੂਰਨ ਭਗਵਾਨ ਹਨ, ਸ਼ੁਭ, ਸਰਬ ਸ਼ਕਤੀਮਾਨ ਅਤੇ ਬਹੁਤ ਉੱਚੇ ਹਨ॥੬॥

ਨਿਜ ਸੁਤ ਕੀ ਰਸਨਾ ਪਰ ਬਾਸੇ। ਜਿਮ ਬੋਲਹਿ ਤਿਮ ਕਰਤਿ ਪ੍ਰਕਾਸ਼ੇ।
ਬਿਲਮ ਨ ਲਗਹਿ ਬਨਹਿ ਤਤਕਾਲਹਿ। ਤੀਨ ਲੋਕ ਪਰ ਆਯਸੁ ਚਾਲਹਿ॥੭॥

ਆਪਣੇ ਪੁੱਤਰ ਦੀ ਜ਼ਬਾਨ ਉੱਤੇ ਬੈਠੇ ਹਨ। ਜਿਵੇਂ ਬੋਲਦਾ ਹੈ ਉਸ ਤਰ੍ਹਾਂ ਪ੍ਰਗਟ ਹੁੰਦਾ ਹੈ, ਕੁਝ ਵੀ ਦੇਰ ਨਹੀਂ ਲਗਦੀ, ਝਟ ਬਣ ਜਾਂਦਾ ਹੈ, ਤਿੰਨਾਂ ਲੋਕਾਂ ਵਿਚ ਆਗਿਆ ਚਲਦੀ ਹੈ॥੭॥

ਪੁਨ ਸ੍ਰੀ ਰਾਮਰਾਇ ਮਨ ਜਾਨਾ। ਸਭਾ ਲਗੀ ਚਾਹਜੈ ਪ੍ਰਸਥਾਨਾ।
ਅਸਵਾਰੀ ਸਿਵਕਾ ਮੰਗਵਾਈ। ਨਹਿਂ ਕਹਾਰ ਢਿਗ, ਗਏ ਕਿਥਾਂਈ॥ ੮॥

ਫਿਰ ਸ੍ਰੀ ਰਾਮਰਾਇ ਨੇ ਮਨ ਵਿਚ ਜਾਣਿਆ ਕਿ ਸਭਾ ਲੱਗੀ ਹੈ ਓਥੇ ਜਾਣਾ ਚਾਹੀਦਾ ਹੈ। ਪਾਲਕੀ ਦੀ ਸਵਾਰੀ ਮੰਗਵਾਈ ਪਰ ਕਹਾਰ ਪਾਸ ਨਹੀਂ ਸਨ, ਉਹ ਕਿਸੇ ਥਾਂ ਗਏ ਹੋਏ ਸਨ॥੮॥

ਕੁਛਕ ਬਿਲਮ ਤਿਨ ਆਵਤਿ ਲਾਗਹਿ। ਕਹਤਿ ਦਾਸ 'ਮੈਂ ਲਜਾਵਹੁਂ ਭਾਗਹਿ'।
ਗੁਰ ਨੰਦਨ ਮਨ ਮੈਂ ਇਹ ਠਾਨਾ। ਬਿਨ ਕਹਾਰ ਮੈਂ ਕਰਿਵ ਪਯਾਨਾ॥ ੯॥

ਉਨ੍ਹਾਂ ਦੇ ਆਉਣ ਵਿਚ ਕੁਝ ਦੇਰ ਲੱਗਣੀ ਸੀ। ਦਾਸ ਨੇ ਕਿਹਾ, "ਮੈਂ ਭੱਜ ਕੇ ਲਿਆਵਾਂ" ? ਗੁਰੂ-ਪੁੱਤਰ ਨੇ ਮਨ ਵਿਚ ਇਹ ਧਾਰੀ, "ਬਿਨਾਂ ਕਹਾਰਾਂ ਤੋਂ ਹੀ ਮੈਂ ਚਲਾ ਜਾਵਾਂਗਾ॥੯॥

ਦੇਖਿ ਦੇਖਿ ਦੁਖ ਦੁਸ਼ਟਨਿ ਦਹੈ। ਅਪਰ ਜਿ ਨਰ ਸੁ ਅਚੰਭੈ ਰਹੈਂ।
ਮਹਿਮਾ ਮਹਾਂ ਹੋਇ ਬਿਸਤਾਰਾ। ਬਨਹਿਂ ਸਿੱਖ ਸੁਨਿ ਆਇਂ ਹਜ਼ਾਰਾਂ॥੧੦॥

ਵੇਖ-ਵੇਖ ਦੁਸ਼ਟ ਦੁਖੀ ਹੋਣਗੇ ਤੇ ਸੜਨਗੇ ਤੇ ਹੋਰ ਜਿਹੜੇ ਮਨੁੱਖ ਹਨ, ਉਹ ਹੈਰਾਨ ਹੋਣਗੇ। ਬਹੁਤ ਮਹਿਮਾ ਦਾ ਵਿਸਥਾਰ ਹੋਵੇਗਾ, ਸਿੱਖ ਬਣਨਗੇ ਤੇ ਹਜ਼ਾਰਾਂ ਲੋਕ ਸੁਣ ਕੇ ਆਉਣਗੇ॥੧੦॥

ਹੁਇ ਸੰਗਤਿ ਜਹਿਂ ਕਹਿਂ ਬਹੁ ਮੇਰੀ। ਕਹੈ ਕੀਰਤੀ ਸਭਿਨਿ ਬਡੇਰੀ'।
ਰਿਦੇ ਮਨੋਰਥ ਕਰਤੇ ਐਸੇ। ਬੀਚ ਪਾਲਕੀ ਕੇ ਚਢਿ ਬੈਸੇ॥ ੧੧॥

ਮੇਰੀ ਜਿੱਥੇ ਕਿੱਥੇ ਬਹੁਤ ਸੰਗਤ ਹੋਵੇਗੀ, ਸਾਰੇ ਮੇਰੀ ਵੱਡੀ ਕੀਰਤੀ ਕਰਨਗੇ।" ਦਿਲ ਵਿਚ ਐਸਾ ਮਨੋਰਥ ਧਾਰ ਕੇ, ਪਾਲਕੀ ਵਿਚ ਚੜ੍ਹ ਕੇ ਬੈਠ ਗਿਆ॥੧੧॥

ਮੁਖ ਤੇ ਕਹਜੋ 'ਕਹਾਰ ਬਿਹੀਨੀ। ਚਲਹਿ ਪਾਲਕੀ ਰੀਤਿ ਨਵੀਨੀ।
ਤਿਸ ਛਿਨ ਸ਼ਿਵਕਾ ਉਠਿ ਕਰਿ ਚਾਲੀ। ਦਿਪਤ ਜਵਾਹਰ ਲਗੇ ਬਿਸਾਲੀ॥੧੨॥

ਮੁਖ ਤੋਂ ਕਿਹਾ, "ਕਹਾਰਾਂ ਬਗ਼ੈਰ, ਪਾਲਕੀ ਨਵੀਂ ਰੀਤੀ ਨਾਲ ਚਲੇ।" ਉਸੇ ਵੇਲੇ ਪਾਲਕੀ ਉੱਠ ਕੇ ਚਲ ਪਈ, ਜਿਸ ਨੂੰ ਬਹੁਤ ਹੀਰੇ ਜਵਾਹਰਾਤ ਲੱਗੇ ਹੋਏ ਸਨ ਤੇ ਉਹ ਬਹੁਤ ਚਮਕ ਰਹੀ ਸੀ॥੧੨॥

ਚਮਤਕਾਰ ਨਿਜ ਅਜ਼ਮਤ ਸੰਗ। ਚਹੁਦਿਸ਼ਿ ਕੀਨਸਿ ਅਦਭੁਤ ਰੰਗ।
ਆਗੈ ਨਰ ਢਲੈਤ ਕੁਛ ਚਾਲੇ। ਅਪਰ ਸਿੱਖ ਸੇਵਕ ਗਨ ਨਾਲੇ॥ ੧੩॥

ਆਪਣੀ ਕਰਾਮਾਤ ਨਾਲ ਇਹ ਚਮਤਕਾਰ ਵਿਖਾਇਆ ਤੇ ਚਾਰੇ ਪਾਸੇ ਅਦਭੁੱਤ ਰੰਗ ਵਿਖਾ ਦਿੱਤਾ। ਅੱਗੇ ਕੁਝ ਢਾਲਾਂ ਰੱਖਣ ਵਾਲੇ ਸੇਵਕ ਚਲ ਪਏ ਤੇ ਦੂਸਰੇ ਸਿੱਖ ਸੇਵਕ ਸਾਰੇ ਨਾਲ ਨਾਲ ਹੋ ਗਏ॥੧੩॥

'ਧੰਨ ਧੰਨ ਸ੍ਰੀ ਸਤਿਗੁਰੁ ਧੰਨ'। ਬੋਲਹਿਂ ਚਹੁਦਿਸ਼ਿ ਭਏ ਪ੍ਰਸੰਨ।
ਚਲੀ ਬੀਥਕਾ ਕੁਛਕ ਅਗਾਰੀ। ਸਿਵਕਾ ਬਿਨਾਂ ਕਹਾਰ ਨਿਹਾਰੀ॥ ੧੪॥

'ਧੰਨ ਧੰਨ ਸ੍ਰੀ ਸਤਿਗੁਰੂ ਜੀ ਧੰਨ ਹਨ' ਚਾਰੇ ਪਾਸੇ ਬੋਲ ਰਹੇ ਸਨ ਤੇ ਸਾਰੇ ਬਹੁਤ ਪ੍ਰਸੰਨ ਹੋ ਰਹੇ ਸਨ। ਜਦ ਅੱਗੇ ਜਾ ਕੇ ਲੋਕਾਂ ਨੇ ਖੁਲ੍ਹੀ ਸੜਕ ਵਿਚ ਬਿਨਾਂ ਕਹਾਰਾਂ ਤੋਂ ਪਾਲਕੀ ਨੂੰ ਵੇਖਿਆ॥੧੪॥

ਅਦਭੁਤ ਭਏ ਮਨੁਜ ਗਨ ਮਿਲੇ। ਹੇਰਿ ਹੇਰਿ ਕਰਿ ਪੀਛੇ ਚਲੇ।
ਕਾਰਨ ਬਹੁਤਨਿ ਕੋ ਦਿਖਰਾਨਿ। ਮੰਦ ਮੰਦ ਹੀ ਕਰਹਿਂ ਚਲਾਵਨਿ॥ ੧੫॥

ਤਾਂ ਬਹੁਤ ਮਨੁੱਖ ਮਿਲ ਕੇ ਹੈਰਾਨ ਹੋਏ। ਉਹ ਵੇਖਦੇ ਵੇਖਦੇ ਪਿੱਛੇ ਚਲ ਪਏ। ਬਹੁਤਿਆਂ ਨੂੰ ਵਿਖਾਉਣ ਖ਼ਾਤਰ, ਪਾਲਕੀ ਨੂੰ ਬਹੁਤ ਹੌਲੀ-ਹੌਲੀ ਚਲਾਉਂਦੇ ਸਨ॥੧੫॥

ਉੱਤਮ ਪੋਸ਼ਿਸ਼ ਅੰਗਨਿ ਧਰੇ। ਬੈਠਜੋ ਬੀਚ ਸੁ ਆਸਨ ਕਰੇ।
ਨੇਤ੍ਰ ਬਿਸਾਲ ਕਮਲ ਦਲ ਮਨੋ। ਬਹੁ ਬਿਸਤ੍ਰਿਤਿ ਸੁ ਛਬਿ ਕੇ ਸਨੋ॥ ੧੬॥

ਉੱਤਮ ਪੋਸ਼ਾਕੇ ਸਰੀਰ 'ਤੇ ਧਾਰਨ ਕੀਤੇ ਹੋਏ ਸਨ ਤੇ ਪਾਲਕੀ ਦੇ ਵਿਚ ਆਰਾਮ ਨਾਲ ਬੈਠੇ ਹੋਏ ਸਨ। ਵੱਡੇ-ਵੱਡੇ ਨੇਤਰ ਸਨ ਮਾਨੋਂ ਕੰਵਲ ਦੇ ਪੱਤੇ ਹੋਣ, ਬਹੁਤ ਉੱਤਮ ਛਵੀ ਦੇ ਸਹਿਤ ਸਨ॥੧੬॥

ਦੀਰਘ ਦਰਸ਼ਨ ਬਦਨ ਸੁਹਾਵਤਿ। ਭਰਜੋ ਅਨੰਦ ਮਨਹੁੰ ਮੁਸਕਾਵਤਿ।
ਸ਼ਜਾਮਲ ਕੇਸ਼ ਸੁ ਬੇਸ ਅਸ਼ੇਖ। ਜਨੁ ਰਾਂਕਾਪਤਿ ਤਿਮਰ ਪ੍ਰਵੇਖ॥ ੧੭॥

ਵੱਡੇ ਮੁਖ ਦੇ ਦਰਸ਼ਨ ਬੜੇ ਸ਼ੋਭ ਰਹੇ ਸਨ, ਅਨੰਦ ਨਾਲ ਭਰੇ ਮਾਨੋਂ ਮੁਸਕਰਾ ਰਹੇ ਸਨ। ਕਾਲੇ ਕੇਸ ਬੜੇ ਲੰਮੇ ਸਨ। ਮਾਨੋਂ ਚੰਦਰਮਾਂ ਹਨੇਰੇ ਵਿਚ ਪ੍ਰਵੇਸ਼ਿਆ ਹੈ॥੧੭॥

ਸਕਲ ਦੇਹ ਦੀਰਘ ਦੁਤਿਵੰਤਿ। ਆਯੁਤ ਛਾਤੀ ਭੁਜਾ ਸੁਭੰਤਿ।
ਗੌਰ ਰੰਗ ਤਪਨੀਯ ਸਮਾਨਾ। ਰੁਚਿਰ ਬਿਭੂਖਨ ਪਹਿਰੇ ਨਾਨਾ॥ ੧੮॥

ਸਾਰਾ ਸਰੀਰ ਬੜਾ ਵੱਡਾ ਅਤੇ ਸੁੰਦਰ ਹੈ, ਚੌੜੀ ਛਾਤੀ ਹੈ ਤੇ ਬਾਹਾਂ ਸ਼ੋਭਨੀਕ ਹਨ ਤੇ ਸੋਨੇ ਵਰਗਾ ਗੋਰਾ ਰੰਗ ਹੈ। ਕਈ ਪ੍ਰਕਾਰ ਦੇ ਸੁੰਦਰ ਗਹਿਣੇ ਪਹਿਣੇ ਹੋਏ ਹਨ॥੧੮॥

ਬ੍ਰਿੰਦ ਮਸੰਦ ਮੇਵੜੇ ਦਾਸ। ਸੰਗ ਸਿੱਖ ਸੁਭ ਸੰਗਤਿ ਰਾਸ।
ਚਾਮਰ ਚਾਰੁ ਢੁਰਤਿ ਚਹੁੰਦਿਸ਼ਿ ਮੈਂ। ਉਡਤਿ ਮਰਾਲ ਸੰਭਾਵਨਿ ਜਿਸ ਮੈਂ॥੧੯॥

ਬਹੁਤ ਮਸੰਦ, ਅਰਦਾਸੀਏ, ਸੇਵਕ ਅਤੇ ਬਹੁਤ ਸ਼ੁਭ ਸਿੱਖ ਸੰਗਤ ਨਾਲ ਸੀ। ਸੁੰਦਰ ਚੌਰ ਚਾਰੇ ਪਾਸੇ ਫਿਰ ਰਿਹਾ ਸੀ ਜਿਹੜਾ ਉਪਰ ਉਠਦਾ ਇੰਞ ਲੱਗਦਾ ਸੀ, ਜਿਵੇਂ ਹੰਸ ਉਡਾਰੀਆਂ ਮਾਰ ਰਿਹਾ ਹੋਵੇ॥੧੯॥

ਸ਼ੋਭਤਿ ਸੂਰਜ ਮੁਖੀ ਅਗਾਰੀ। ਚਮਕਤਿ ਚਾਰੁ ਤਰਨਿ ਅਨੁਹਾਰੀ।
ਦਿਪਤਿ ਬੀਜਨਾ ਲਗੇ ਜਵਾਹਰ। ਕਰਤਿ ਅਨਿਕ ਸ਼ੋਭਾ ਕਹੁ ਜ਼ਾਹਰ॥੨੦॥

ਅੱਗੇ ਸੂਰਜ ਮੁਖੀ ਸ਼ੋਭ ਰਿਹਾ ਸੀ, ਜਿਹੜਾ ਸੂਰਜ ਵਾਂਗ ਚਮਕ ਰਿਹਾ ਸੀ। ਚਮਕਦਾ ਹੋਇਆ ਪੱਖਾ ਜਵਾਹਰ ਵਾਂਗ ਲੱਗਦਾ ਹੈ ਤੇ ਅਨੇਕ ਪ੍ਰਕਾਰ ਦੀ ਸ਼ੋਭਾ ਨੂੰ ਜ਼ਾਹਰ ਕਰਦਾ ਹੈ॥੨੦॥

ਬੋਲਤਿ ਜਾਤਿ ਨਕੀਬ ਅਗਾਰੀ। ਚਹੁੰਦਿਸ਼ਿ ਨਰ ਗਨ ਹੈ ਪਰਵਾਰੀ।
ਸ਼ਰਧਾ ਜੁਤਿ ਜੋਰਤਿ ਜੁਗ ਹਾਥ। ਦਿਖਰਾਵਹਿਂ ਨਿਜ ਨਿੰਮ੍ਰੀ ਮਾਥ॥ ੨੧॥

ਅੱਗੇ ਅੱਗੇ ਨਕੀਬ ਬੋਲਦਾ ਜਾਂਦਾ ਹੈ, ਚਾਰੇ ਪਾਸੇ ਬਹੁਤ ਮਨੁੱਖ ਪਰਿਵਾਰਾਂ ਸਹਿਤ ਖੜੇ ਹਨ। ਸਾਰੇ ਸ਼ਰਧਾ ਨਾਲ ਦੋਵੇਂ ਹੱਥ ਜੋੜ ਕੇ ਖੜੇ ਹਨ ਤੇ ਸਨਿਮਰ ਹੋ ਕੇ ਆਪਣੇ ਮੱਥੇ ਨੂੰ ਝੁਕਾ ਕੇ ਵਿਖਾਉਂਦੇ ਹਨ॥੨੧॥

ਪੰਥ ਪਾਲਕੀ ਚਲਤਿ ਨਿਹਾਰੈਂ। ਹਾਰੈ ਮਤਿ ਬਹੁ ਰਿਦੈ ਬਿਚਾਰੈਂ॥
ਚਾਰੈ ਦਿਸ਼ਿ ਚਿਤਵੰਤਿ ਪਧਾਰੈਂ। ਧਾਰੈਂ ਅਚਰਜ, ਬਚਨ ਉਚਾਰੈਂ॥ ੨੨॥

ਰਾਹੇ ਰਾਹ ਪਾਲਕੀ ਚਲਦੀ ਵੇਖਦੇ ਹਨ, ਬੁੱਧੀ ਹਾਰ ਜਾਂਦੀ ਹੈ ਤੇ ਦਿਲ ਵਿਚ ਬਹੁਤ ਵਿਚਾਰ ਕਰਦੇ ਹਨ। ਚਾਰੇ ਪਾਸੇ ਇਸ ਤਰ੍ਹਾਂ ਸੋਚਦੇ ਆਉਂਦੇ ਹਨ। ਅਸਚਰਜਤਾ ਧਾਰ ਕੇ ਬਚਨ ਉਚਾਰਨ ਕਰਦੇ ਹਨ॥੨੨॥

ਸਨੈ ਸਨੈ ਗਮਨਤਿ ਮਗ ਬੀਚ। ਭਏ ਹਜ਼ਾਰਹੁ ਊਚ ਅਰੁ ਨੀਚ।
ਬਿਸਮਾਵਹਿਂ ਸੁਨਿ ਧਾਵਤਿ ਆਵਹਿਂ। ਮਿਲਿ ਮਿਲਿ ਦੇਖਹਿਂ ਸੀਸ ਝੁਕਾਵਹਿਂ॥੨੩॥

ਰਾਹ ਵਿਚ ਪਾਲਕੀ ਬਹੁਤ ਹੋਲੀ ਹੋਲੀ ਚਲਦੀ ਹੈ, ਹਜ਼ਾਰਾਂ ਅਮੀਰ ਗ਼ਰੀਬ ਇਕੱਠੇ ਹੋਏ ਹਨ। ਹੈਰਾਨ ਹੋ ਕੇ ਭੱਜੇ ਆਉਂਦੇ ਹਨ ਮਿਲ ਮਿਲ ਵੇਖਦੇ ਹਨ ਤੇ ਸਿਰ ਝੁਕਾਉਂਦੇ ਹਨ॥੨੩॥

ਹੀਰੇ ਸੁੰਦਰ ਮੁਕਤਾ ਲਰੀ। ਲਰੀ ਬਿਸਾਲਨਿ ਦਿਪਤਹਿਂ ਜ਼ਰੀ।
ਜ਼ਰੀਦੋਜ਼ ਤੇ ਸ਼ੋਭਾ ਖਰੀ। ਖਰੀ ਹੋਤਿ ਚਿਤ ਚਾਹੇ ਤੁਰੀ॥ ੨੪॥

ਸੁੰਦਰ ਹੀਰੇ ਮੋਤੀਆਂ ਦੀਆਂ ਲੜੀਆਂ ਹਨ ਤੇ ਜ਼ਰੀ ਦੀਆਂ ਲੜੀਆਂ ਬਹੁਤ ਪ੍ਰਕਾਸ਼ਦੀਆਂ ਹਨ। ਜ਼ਰੀਦੋਜ਼ ਹੋਣ ਕਰਕੇ ਪਾਲਕੀ ਦੀ ਉੱਤਮ ਸ਼ੋਭਾ ਹੈ ਤੇ ਸ੍ਰੀ ਰਾਮਰਾਇ ਜੀ ਦੇ ਚਿਤ ਚਾਹਿਆਂ ਖੜ੍ਹੀ ਹੁੰਦੀ ਹੈ ਜਾਂ ਤੁਰਦੀ ਹੈ॥੨੪॥

ਘਰ ਘਰ ਮਹਿਂ ਸੁਧ ਸੁਨਿ ਸੁਨਿ ਦੌਰੇ। ਮਿਲਿ ਮਿਲਿ ਹੇਰਿ ਹੇਰਿ ਤਿਸ ਠੌਰੇ।
ਕਰਿ ਕਰਿ ਬੰਦਨ ਚਲਿ ਚਲਿ ਸਾਥ। ਹਰਖ ਹਰਖ ਉਰ ਕਹਿ ਕਹਿ ਗਾਥ॥੨੫॥

ਘਰ-ਘਰ ਵਿਚ ਖ਼ਬਰ ਪਹੁੰਚਣ ਨਾਲ ਸਾਰੇ ਸੁਣ ਕੇ ਦੌੜ ਪਏ, ਮਿਲ-ਮਿਲ, ਵੇਖ ਵੇਖ ਉਸ ਥਾਂ ਖੜੇ ਹੋ ਕੇ ਬੰਦਨਾ ਕਰ ਕਰ ਨਾਲ ਨਾਲ ਚਲ ਪੈਂਦੇ ਸਨ। ਹਿਰਦੇ ਵਿਚ ਪ੍ਰਸੰਨ ਹੋ ਹੋ ਗੱਲਾਂ ਕਰਦੇ ਸਨ॥੨੫॥

ਪੁਰੀ ਬੀਥਕਾ ਬੀਚ ਬਜ਼ਾਰ। ਪਰਜੋ ਰੌਰ ਸੁਨਿ ਧਾਇ ਹਜ਼ਾਰ।
ਚਲਹਿ ਪਾਲਕੀ ਬਿਨਾਂ ਨਰਨ ਤੇ। ਬਿਸਮਤਿ ਸਕਲ ਅਚਰਜ ਕਰਨ ਤੇ॥੨੬॥

ਨਗਰ ਦੀਆਂ ਗਲੀਆਂ ਤੇ ਬਜ਼ਾਰਾਂ ਵਿਚ ਰੌਲਾ ਪੈ ਗਿਆ, ਸੁਣ ਸੁਣ ਕੇ ਹਜ਼ਾਰਾਂ ਲੋਕ ਦੌੜੇ ਆਏ। ਪਾਲਕੀ ਮਨੁੱਖਾਂ ਤੋਂ ਬਗ਼ੈਰ ਚਲਦੀ ਹੈ, ਅਸਚਰਜ ਕਾਰਜ ਕਰਨ 'ਤੇ ਸਾਰੇ ਹੈਰਾਨ ਹੁੰਦੇ ਸਨ॥੨੬॥

ਭਈ ਭੀਰ ਸਘਨੀ ਚਹੁੰ ਓਰ। ਖਰੇ ਹੋਨਿ ਨਹਿਂ ਪੱਜਤਿ ਠੋਰ।
ਧਨੀ ਰੰਕ ਆਵਤਿ ਸਮੁਦਾਇ। ਪੰਡਿਤ ਮੂਰਖ ਸਭਿ ਦਰਸਾਇ॥ ੨੭॥

ਚਾਰੇ ਪਾਸੇ ਬਹੁਤ ਗਾੜ੍ਹੀ ਭੀੜ ਹੋ ਗਈ, ਖੜੇ ਹੋਣ ਨੂੰ ਥਾਂ ਨਹੀਂ ਸੀ ਲੱਭਦਾ। ਅਮੀਰ ਗ਼ਰੀਬ ਇਕੱਠੇ ਹੋ ਕੇ ਆ ਰਹੇ ਹਨ, ਪੰਡਿਤ ਮੂਰਖ ਸਭ ਦਰਸ਼ਨ ਕਰ ਰਹੇ ਹਨ॥੨੭॥

ਹਿੰਦੂ ਤੁਰਕ ਸਮੂਹ ਉਮਾਹਤਿ। ਏਕ ਬਾਰ ਹੇਰਨਿ ਚਿਤ ਚਾਹਤਿ।
ਕੋਠਨਿ ਬੀਚ ਝਰੋਖਨਿ ਬਾਲਾ। ਅਵਿਲੋਕਤਿ ਉਤਲਾਵਤਿ ਜਾਲਾ॥ ੨੮॥

ਹਿੰਦੂ ਤੁਰਕ ਸਾਰੇ ਹੀ ਬਹੁਤ ਕਾਹਲੇ ਹਨ। ਇਕ ਵਾਰ ਵੇਖਣ ਦੀ ਚਿੱਤ ਵਿਚ ਚਾਹਤ ਹੈ। ਕੋਠਿਆਂ ਉੱਤੇ ਚੜ੍ਹ ਕੇ ਇਸਤਰੀਆਂ ਝਰੋਖਿਆਂ ਅਤੇ ਬਾਰੀਆਂ ਵਿਚੋਂ ਵੇਖ ਰਹੀਆਂ ਹਨ। ਇਕੱਠੀਆਂ ਹੋ ਕੇ ਬੜੀਆਂ ਉਤਾਵਲੀਆਂ ਹੋ ਕੇ ਵੇਖਦੀਆਂ ਹਨ॥੨੮॥

ਆਗੇ ਤੇ ਬਡ ਭੀਰ ਹਟਾਵੈਂ। ਤਰੁਨ ਛਲੈਤ ਉਤੰਗ ਅਲਾਵੈਂ।
'ਬੰਦਨ ਕਰਿ ਕਰਿ ਗਮਨਹੁ ਘਰ ਕੋ। ਦਰਸ਼ਨ ਕਰਿ ਲੀਨਹੁ ਸੁਤ ਗੁਰ ਕੋ॥੨੯॥

ਵੱਡੀ ਭੀੜ ਨੂੰ ਅੱਗੇ ਤੋਂ ਹਟਾਉਂਦੇ ਹਨ, ਜਵਾਨ ਸੂਰਮੇ ਬੜੀ ਉੱਚੀ-ਉੱਚੀ ਬੋਲਦੇ ਹਨ, "ਬੰਦਨਾ ਕਰ ਕਰ ਘਰ ਨੂੰ ਜਾਵੋ, ਤੁਸੀਂ ਗੁਰੂ ਜੀ ਦੇ ਪੁੱਤਰ ਦੇ ਦਰਸ਼ਨ ਕਰ ਲਏ ਹਨ॥੨੯॥

ਤਜਹੁ ਪੰਥ ਇਤ ਉਤ ਕੋ ਹੋਵਹੁ। ਸ਼ਰਧਾ ਧਰਹੁ ਨੰਮ੍ਰਿ ਹੁਇ ਜੋਵਹੁ'।
ਇਮ ਸੁਨਿ 'ਧੰਨ ਧੰਨ ਗੁਰ' ਕਹੈਂ। ਸੁਠ ਸੁਰਤਿ ਲਖਿ ਤਜਹੁ ਨ ਚਹੈਂ॥ ੩੦॥

ਰਾਹ ਛੱਡੋ ਤੇ ਏਧਰ ਓਧਰ ਹੋ ਜਾਵੋ, ਸ਼ਰਧਾ ਧਾਰ ਕੇ ਸਨਿਮਰ ਹੋ ਕੇ ਵੇਖੋ।'' ਇਸ ਤਰ੍ਹਾਂ ਸੁਣ ਕੇ ''ਧੰਨ ਧੰਨ ਗੁਰੂ ਜੀ'' ਕਹਿੰਦੇ ਹਨ। ਸੁੰਦਰ ਸੂਰਤ ਵੇਖ ਕੇ ਉਸ ਸਥਾਨ ਨੂੰ ਛੱਡਣਾ ਨਹੀਂ ਸੀ ਚਾਹੁੰਦੇ॥੩੦॥

ਮੁਕਤਾ ਜੁਗਤ ਜਿ ਗੁੰਫੇ ਜ਼ਰੀ। ਬੀਚ ਪਾਲਕੀ ਲਰਕਤਿ ਲਰੀ।
ਨਿਜ ਕਰ ਮਹਿਂ ਗਹਿ ਸਤਿਗੁਰ ਨੰਦਨ। ਦੇਖਹਿ ਇਤ ਉਤ ਕਰਤਿਹੁ ਬੰਦਨ॥੩੧॥

ਮੋਤੀਆਂ ਸਹਿਤ ਜਿਹੜੇ ਜ਼ਰੀਦਾਰ ਗੁੰਫੇ ਹਨ, ਪਾਲਕੀ ਵਿਚ ਉਨ੍ਹਾਂ ਦੀਆਂ ਲੜੀਆਂ ਲਟਕਦੀਆਂ ਹਨ, ਸਤਿਗੁਰੂ-ਪੁੱਤਰ ਉਨ੍ਹਾਂ ਲੜੀਆਂ ਨੂੰ ਏਧਰ ਓਧਰ ਕਰਕੇ ਬੰਦਨਾਂ ਕਰਦਿਆਂ ਨੂੰ ਵੇਖਦੇ ਹਨ॥੩੧॥

ਸਨੇ ਸਨੇ ਗਮਨਤਿ ਇਮ ਗਏ। ਦੁਰਗ ਪੌਰ ਲੌ ਪਹੁੰਚਤਿ ਭਏ।
ਲੋਕ ਹਜ਼ਾਰਨਿ ਕੀ ਸੰਗ ਭੀਰ। ਕਿਨਹੂੰ ਕਹਯੋ ਸ਼ਾਹੁ ਕੇ ਤੀਰ॥ ੩੨॥

ਇਸ ਤਰ੍ਹਾਂ ਹੌਲੀ-ਹੌਲੀ ਚਲਦੇ ਚਲੇ ਗਏ ਤੇ ਕਿਲ੍ਹੇ ਦੇ ਦਰਵਾਜ਼ੇ ਤਕ ਪਹੁੰਚ ਗਏ। ਹਜ਼ਾਰਾਂ ਲੋਕਾਂ ਦੀ ਨਾਲ ਭੀੜ ਸੀ, ਕਿਸੇ ਨੇ ਜਾ ਕੇ ਬਾਦਸ਼ਾਹ ਪਾਸ ਕਿਹਾ॥੩੨॥

'ਗੁਰ ਸੁਤ ਆਵਤਿ ਸਭਿ ਬਿਸਮਾਵਤਿ। ਬਿਨ ਕਹਾਰ ਸਿਵਕਾ ਗਮਨਾਵਤਿ।
ਨਗਰ ਸੰਗ ਜਿਸ ਕੋ ਦਰਸਾਵਤਿ। ਅਬਿ ਸੁਨਿ ਸੁਨਿ ਧਾਵਤਿ ਉਤਲਾਵਤਿ'॥੩੩॥

''ਗੁਰੂ-ਪੁੱਤਰ ਆਉਂਦਾ ਹੋਇਆ ਸਾਰਿਆਂ ਨੂੰ ਹੈਰਾਨ ਕਰ ਰਿਹਾ ਹੈ। ਕਹਾਰਾਂ ਤੋਂ ਬਗੈਰ ਪਾਲਕੀ ਚਲਾ ਰਿਹਾ ਹੈ। ਸਾਰਾ ਨਗਰ ਨਾਲ ਹੋ ਕੇ ਜਿਨ੍ਹਾਂ ਦੇ ਦਰਸ਼ਨ ਕਰ ਰਿਹਾ ਹੈ, ਸਾਰੇ ਸੁਣ ਸੁਣ ਕੇ ਬੜੀ ਕਾਹਲੀ ਭੱਜਦੇ ਹਨ''॥੩੩॥

ਕਹਯੋ ਸ਼ਾਹੁ ਹਰਖਤਿ ਹੁਇ ਚੀਤ। 'ਮਮ ਢਿਗ ਲਗਿ ਆਵੈ ਤਿਸਿ ਰੀਤਿ।
ਪਿਖਹਿ ਕਚਹਿਰੀ ਅਜ਼ਮਤ ਭਾਰੀ। ਨਰ ਬਿਹੀਨ ਸਿਵਕਾ ਅਸਵਾਰੀ'॥ ੩੪॥

ਬਾਦਸ਼ਾਹ ਨੇ ਚਿੱਤ ਵਿਚ ਪ੍ਰਸੰਨ ਹੋ ਕੇ ਕਿਹਾ, ''ਮੇਰੇ ਪਾਸ ਉਸੇ ਰੀਤੀ ਨਾਲ ਪਾਲਕੀ ਉੱਤੇ ਚੜ੍ਹਿਆ ਆਵੇ, ਉਸ ਦੀ ਭਾਰੀ ਕਰਾਮਾਤ ਨੂੰ ਸਾਰੀ ਕਚਹਿਰੀ ਵੇਖੇ, ਜਿਹੜੇ ਮਨੁੱਖਾਂ ਤੋਂ ਬਗੈਰ ਪਾਲਕੀ ਦੀ ਸਵਾਰੀ ਕਰ ਰਹੇ ਹਨ''॥੩੪॥

ਪੌਰ ਦੁਰਗ ਕੇ ਜਬਹਿ ਪ੍ਰਵੇਸ਼ਾ। ਭੀਰ ਨਰਨਿ ਕੀ ਸੰਗ ਵਿਸ਼ੇਸ਼ਾ।
ਸਾਵਧਾਨ ਭੇ ਉਠਿ ਦਰਵਾਨ। ਬਰਜਨ ਕੀਨਸਿ ਤਰਜਿ ਮਹਾਨ॥ ੩੫॥

ਕਿਲ੍ਹੇ ਦੇ ਦਰਵਾਜ਼ੇ ਵਿਚ ਜਦ ਪ੍ਰਵੇਸ਼ ਕੀਤਾ ਤਾਂ ਨਾਲ ਮਨੁੱਖਾਂ ਦੀ ਭਾਰੀ ਭੀੜ ਸੀ। ਦਰਬਾਨ ਉੱਠ ਕੇ ਸਾਵਧਾਨ ਹੋ ਗਏ ਤੇ ਤਾੜ ਕੇ ਲੋਕਾਂ ਨੂੰ ਰੋਕਿਆ॥੩੪॥

ਦੁਰਗ ਦ੍ਵਾਰ ਪਰ ਭੀਰ ਹਟਾਈ। ਸ਼ਾਹੁ ਨਿਕਟਿ ਸਿਵਕਾ ਗਮਨਾਈ।
ਊਚੀ ਊਚੀ ਚਲਿ ਨਰ ਹੀਨੀ। ਸ਼ਾਹੁ ਸਭਾ ਜੁਤਿ ਸਭਿ ਨੇ ਚੀਨੀ॥ ੩੬॥

ਕਿਲ੍ਹੇ ਦੇ ਦਰਵਾਜ਼ੇ ਤੋਂ ਭੀੜ ਹਟਾਈ ਤੇ ਬਾਦਸ਼ਾਹ ਦੇ ਪਾਸ ਪਾਲਕੀ ਭਜਵਾਈ। ਪਾਲਕੀ ਮਨੁੱਖ ਰਹਿਤ ਉੱਚੀ-ਉੱਚੀ ਚਲ ਰਹੀ ਸੀ। ਬਾਦਸ਼ਾਹ ਤੇ ਸਭਾ ਸਹਿਤ ਸਭ ਨੇ ਵੇਖੀ॥੩੬॥

ਦੇਖਿ ਦੇਖਿ ਬਿਸਮਾਵਤਿ ਸਾਰੇ। 'ਇਸ ਕੀ ਅਜ਼ਮਤ ਤੋਟ ਨ ਪਾਰੇ'।
ਜਬਿ ਸਭਿਹਿਨਿ ਅਵਿਲੋਕ ਲਈ ਹੈ। ਅਵਨੀ ਪੁਨਹਿ ਟਿਕਾਇ ਦਈ ਹੈ॥੩੭॥

ਵੇਖ ਵੇਖ ਕੇ ਸਾਰੇ ਹੈਰਾਨ ਹੋ ਰਹੇ ਸਨ, "ਇਸ ਦੀ ਅਜ਼ਮਤ ਦਾ ਕੋਈ ਤੋਟ ਜਾਂ ਪਾਰ ਨਹੀਂ ਹੈ।" ਜਦ ਸਾਰਿਆਂ ਨੇ ਵੇਖ ਲਈ ਤਾਂ ਫਿਰ ਪਾਲਕੀ ਨੂੰ ਧਰਤੀ 'ਤੇ ਟਿਕਾਅ ਦਿੱਤਾ॥੩੭॥

ਤਜਿ ਸਿਵਕਾ ਕੋ ਸਭਾ ਪ੍ਰਵੇਸ਼ਾ। ਚੌਕੀ ਊਚ ਸਭਿਨਿ ਤੇ ਬੈਸਾ।
ਬੂਝਤੇ ਸ਼ਾਹੁ 'ਆਜ ਇਹ ਥਾਂਏ। ਨਰ ਹੀਨੀ ਸਿਵਕਾ ਚਢਿ ਆਏ' ॥ ੩੮ ॥

ਪਾਲਕੀ ਨੂੰ ਛੱਡ ਕੇ ਸਭਾ ਵਿਚ ਦਾਖਲ ਹੋਏ ਤੇ ਸਭ ਤੋਂ ਉੱਚੀ ਚੌਕੀ ਉਤੇ ਬੈਠ ਗਏ। ਬਾਦਸ਼ਾਹ ਨੇ ਪੁੱਛਿਆ, "ਅੱਜ ਇਸ ਥਾਂ ਮਨੁੱਖਾਂ ਰਹਿਤ ਪਾਲਕੀ 'ਤੇ ਚੜ੍ਹ ਕੇ ਆ ਗਏ ਹੋ"॥੩੮॥

ਸੁਨਿ ਸ੍ਰੀ ਰਾਮਰਾਇ ਨੇ ਕਹਜੋ। 'ਸਮੇ ਕਚਹਿਰੀ ਕੋ ਹਮ ਲਹਜੋ।
ਨਿਕਟਿ ਕਹਾਰ ਨਹੀਂ ਤਬਿ ਪਾਏ। ਹਮ ਅਰੂਢਿ ਕਰਿ ਇਮ ਚਲਿ ਆਏ ॥੩੯॥

ਇਹ ਸੁਣ ਕੇ ਸ੍ਰੀ ਰਾਮਰਾਇ ਨੇ ਕਿਹਾ, "ਜਦ ਅਸੀਂ ਕਚਹਿਰੀ ਦਾ ਸਮਾਂ ਹੋਇਆ ਵੇਖਿਆ ਤਦ ਕਹਾਰ ਕੋਲ ਨਹੀਂ ਸਨ। ਅਸੀਂ ਫਿਰ ਉਸ ਤਰ੍ਹਾਂ ਹੀ ਚੜ੍ਹ ਕੇ ਆ ਗਏ॥੩੯॥

ਮੁਖ ਤੇ ਕਹਜੋ 'ਕਹਾਰ ਜਿ ਨਾਂਹੀ। ਸਿਵਕਾ ਆਪ ਚਲੈ ਮਗ ਤਾਂਹੀ'।
ਬਾਕ ਹਮਾਰੇ ਤੇ ਗਮਨਾਈ। ਹੇਰਿ ਹੇਰਿ ਭੇ ਨਰ ਸਮੁਦਾਈ' ॥ ੪੦ ॥

ਅਸਾਂ ਮੁਖ ਤੋਂ ਕਿਹਾ, "ਕਹਾਰ ਜੇ ਨਹੀਂ ਤਾਂ ਆਪ ਹੀ ਰਾਹ ਵਿਚ ਚਲੇ।" ਸਾਡੇ ਕਹਿਣ 'ਤੇ ਚਲ ਪਈ, ਵੇਖ ਵੇਖ ਮਨੁੱਖ ਇਕੱਠੇ ਹੁੰਦੇ ਸਨ"॥੪੦॥

ਇੱਤਜਾਦਿਕ ਜੇ ਬਾਕ ਬਿਲਾਸ। ਬੈਠੇ ਕਰਤਿ ਸ਼ਾਹੁ ਕੇ ਪਾਸ।
ਸਭਾ ਉਠਨਿ ਕੋ ਸਮਾਂ ਜਿ ਹੋਵਾ। ਸ਼ਾਹੁ ਸਮਾਜ ਸਮੇਤ ਖਰੋਵਾ॥ ੪੧ ॥

ਇਤਿਆਦਿਕ ਬਾਦਸ਼ਾਹ ਦੇ ਪਾਸ ਬੈਠੇ ਗੱਲਾਂ-ਬਾਤਾਂ ਕਰਦੇ ਰਹੇ। ਜਦ ਸਭਾ ਉੱਠਣ ਦਾ ਸਮਾਂ ਹੋਇਆ, ਬਾਦਸ਼ਾਹ ਆਪਣੇ ਸਾਰੇ ਅਮਲੇ ਸਹਿਤ ਖੜਾ ਹੋ ਗਿਆ॥੪੧॥

ਅਪਨੇ ਅਪਨੇ ਗਏ ਸਥਾਨ। ਬਿਮਨਤਿ ਕਰਤੇ ਬਾਕ ਬਖਾਨਿ।
ਸਤਿਗੁਰ ਸੁਤ ਆਯੋ ਨਿਜ ਡੇਰੇ। ਬੰਦਤਿ ਜੇ ਨਰ ਮਗ ਮਹਿਂ ਹੇਰੇ॥ ੪੨ ॥

ਆਪਣੇ-ਆਪਣੇ ਸਥਾਨਾਂ ਨੂੰ ਚਲੇ ਗਏ ਤੇ ਹੈਰਾਨ ਹੋਏ ਗੱਲਾਂ ਕਰਦੇ ਸਨ। ਸਤਿਗੁਰੂ ਪੁੱਤਰ ਵੀ ਆਪਣੇ ਡੇਰੇ ਆ ਗਿਆ। ਜਿਹੜੇ ਮਨੁੱਖ ਰਾਹ ਵਿਚ ਵੇਖਦੇ ਸਨ ਤਾਂ ਬੰਦਨਾ ਕਰਦੇ ਹਨ॥੪੨॥

ਤਿਸ ਛਿਨ ਜਿਸ ਨ ਬਿਲੋਕਜੋ ਤੈਸੇ। ਪਛੁਤਾਵਤਿ ਜਿਮ ਕਹੂੰ ਠਗੇ ਸੇ।
ਕਵਿ ਸੰਤੋਖ ਸਿੰਘ ਇਸੀ ਪ੍ਰਕਾਰ। ਕਰਾਮਾਤ ਦਿਖਰਾਇ ਅਪਾਰ॥ ੪੩ ॥

ਉਸ ਸਮੇਂ ਜਿਸ ਨੇ ਵੀ ਕਹਾਰਾਂ ਰਹਿਤ ਪਾਲਕੀ ਨੂੰ ਨਾ ਵੇਖਿਆ, ਪਛੁਤਾਉਂਦਾ ਸੀ ਜਿਵੇਂ ਕਿਸੇ ਨੇ ਠੱਗ ਲਿਆ ਹੋਵੇ। ਹੇ ਕਵੀ ਸੰਤੋਖ ਸਿੰਘ ! ਇਸ ਪ੍ਰਕਾਰ ਗੁਰੂ-ਪੁੱਤਰ ਅਪਾਰ ਕਰਮਾਤਾਂ ਵਿਖਾਉਂਦੇ ਸਨ॥੪੩॥

*ਨੌਵੀਂ ਰਾਸ ਦਾ ਪਚਵੰਜਵਾਂ ਅਧਿਆਇ ਸਮਾਪਤ ਹੋਇਆ॥੫੫॥*

# ਅਧਿਆਇ ਛਪਵੰਜਵਾਂ

### ਰਾਮਰਾਇ ਜੀ ਦੀ ਸਖਾਵਤ, ਬਾਦਸ਼ਾਹਾਂ ਦਾ ਬਾਦਸ਼ਾਹ

ਦੋਹਰਾ- ਪੁਨਿ ਇਕ ਦਿਨ ਰਾਮਨੇ ਸਭਾ, ਨੰਦਨ ਸ੍ਰੀ ਹਰਿਰਾਇ।
ਬੈਠੇ ਊਚੇ ਜਾਇ ਕਰਿ ਜਿਸ ਪ੍ਰਤਾਪ ਰਹਯੋ ਛਾਇ॥ ੧॥

ਫਿਰ ਇਕ ਦਿਨ ਸ੍ਰੀ ਹਰਿਰਾਇ ਜੀ ਦੇ ਪੁੱਤਰ ਸਭਾ ਵਿਚ ਗਏ ਅਤੇ ਜਾ ਕੇ ਉੱਚੇ ਥਾਂ ਬੈਠ ਗਏ, ਜਿਨ੍ਹਾਂ ਦਾ ਪ੍ਰਤਾਪ ਸਾਰੇ ਛਾ ਰਿਹਾ ਸੀ॥੧॥

ਚੌਪਈ- ਸਰਬ ਰੀਤਿ ਤੇ ਸਰਬ ਹਟਾਏ। ਦੋਖੀ ਦੁਸ਼ਟ ਬਿਸਾਲ ਦਬਾਏ।
ਕਰਿ ਨ ਸਕਹਿ ਕੈਸਿਉਂ ਬੁਰਿਆਈ। ਬਾਰ ਬਾਰ ਅਜਮਤਿ ਪਤਿਆਈ॥੨॥

ਸਾਰੀਆਂ ਰੀਤੀਆਂ ਨਾਲ ਸਾਰੇ ਹਟਾ ਦਿੱਤੇ, ਦੋਖੀਆਂ ਦੁਸ਼ਟਾਂ ਨੂੰ ਬਹੁਤ ਦਬਾਇਆ। ਕੋਈ ਵੀ ਕਿਸੇ ਤਰ੍ਹਾਂ ਬੁਰਿਆਈ ਨਹੀਂ ਸੀ ਕਰ ਸਕਦਾ, ਬਾਰ ਬਾਰ ਕਰਾਮਾਤ ਨੂੰ ਪਰਖਦੇ ਸਨ॥੨॥

ਸੂਰਜ ਸਮ ਪ੍ਰਤਾਪ ਕੋ ਕਰਿ ਕੈ। ਤੁਰਕ ਤੇਜ ਤਾਰਨ ਤੁਲ ਹਰਿ ਕੈ।
ਅਚਲ ਸੁਜਸੁ ਅਪਨੋ ਬਿਸਤਾਰਾ। ਸਭਿ ਕੇ ਊਪਰ ਭਯੋ ਅਪਾਰਾ॥੩॥

ਸੂਰਜ ਵਾਂਗ ਆਪਣੇ ਪ੍ਰਤਾਪ ਨੂੰ ਕਰਕੇ ਤੇ ਤੁਰਕਾਂ ਦੇ ਤੇਜ ਨੂੰ ਤਾਰਿਆਂ ਦੇ ਸਮਾਨ ਖੋਹ ਕੇ ਆਪਣਾ ਅਚਲ ਸ੍ਰੇਸ਼ਟ ਜਸ ਫੈਲਾਇਆ ਤੇ ਸਭ ਦੇ ਉਪਰ ਅਪਾਰ ਛਾ ਗਏ॥੩॥

ਸ਼ਾਹੁ ਕਰਯੋ ਅਪਨੇ ਅਨੁਸਾਰੀ। ਦੋਖੀ ਦੁਖਹਿਂ ਦੇਖਿ ਦੁਤਿ ਭਾਰੀ।
ਭਰੀ ਕਚਹਿਰੀ ਬੈਠਯੋ ਸ਼ਾਹੂ। ਤਬਿ ਸੁਗਾਤ ਆਈ ਚਲਿ ਪਾਹੂ॥੪॥

ਬਾਦਸ਼ਾਹ ਨੂੰ ਆਪਣੀ ਆਗਿਆ ਅਨੁਸਾਰ ਕਰ ਲਿਆ, ਦੋਖੀ ਜਿਹੜੇ ਸਨ ਉਹ ਭਾਰੀ ਸ਼ੋਭਾ ਵੇਖ ਕੇ ਦੁਖੀ ਹੁੰਦੇ ਸਨ। ਜਦ ਬਾਦਸ਼ਾਹ ਭਰੀ ਕਚਹਿਰੀ ਵਿਚ ਬੈਠਿਆ, ਤਾਂ ਇਕ ਸੁਗਾਤ ਪਾਸ ਚਲ ਕੇ ਆਈ॥੪॥

ਕਿਸੀ ਦੇਸ਼ ਤੇ ਪਠਈ ਕਾਹੂੰ। ਵਸਤੁ ਅਮੋਲਕ ਦੇਖਹਿ ਤਾਹੂੰ।
ਕੰਚਨ ਕੇ ਕੰਕਨ ਸੁਭ ਬਨੇ। ਜਿਸ ਪਰ ਲਗੇ ਜਵਾਹਰ ਘਨੇ॥੫॥

ਕਿਸੇ ਦੇਸ਼ ਤੋਂ ਕਿਸੇ ਨੇ ਅਮੋਲਕ ਵਸਤੂ ਵੇਖ ਕੇ ਭੇਜੀ ਸੀ। ਸੋਨੇ ਦੇ ਸੁਭ ਕੰਗਣ ਬਣੇ ਸਨ, ਜਿਸ ਉੱਤੇ ਬਹੁਤ ਹੀਰੇ ਜਵਾਹਰਾਤ ਲੱਗੇ ਸਨ॥੫॥

ਹੀਰੇ ਜਟਤਿ ਦਮਕ ਬਡ ਉਠੇ। ਪਹਿਰਨਿ ਸ਼ਾਹੁ ਹੇਤੁ ਕਿਨ ਪਠੇ।
ਸਭਾ ਬਿਲੋਕਤਿ ਰਹੇ ਲੁਭਾਏ। ਪਿਖਹਿ ਨੁਰੰਗਾ ਹਾਥ ਉਠਾਏ॥੬॥

ਜੜੇ ਹੋਏ ਹੀਰਿਆਂ ਦੀ ਚਮਕ ਬਹੁਤ ਉੱਠਦੀ ਸੀ, ਬਾਦਸ਼ਾਹ ਦੇ ਪਹਿਨਣ ਵਾਸਤੇ ਕਿਸੇ ਨੇ ਭੇਜੇ ਸਨ। ਸਭਾ ਵੇਖ ਕੇ ਲਲਚਾ ਕੇ ਰਹਿ ਗਈ। ਨੌਰੰਗਾ ਹੱਥ ਵਿਚ ਚੁੱਕ ਕੇ ਵੇਖਦਾ ਸੀ॥੬॥

ਤਬਿ ਸ੍ਰੀ ਰਾਮਰਾਇ ਬਚ ਕਹੇ। 'ਕੰਕਨ ਅਜਬ ਆਜ ਇਹੁ ਲਹੇ।
ਹਮ ਕਹੁ ਦੇਹੁ ਪਹਿਰ ਹੈਂ ਹਾਥ। ਲੇ ਕਰਿ ਤੁਮ ਤੇ ਦਿੱਲੀ ਨਾਥ! ॥੭॥

ਤਦ ਸ੍ਰੀ ਰਾਮਰਾਇ ਨੇ ਬਚਨ ਕਿਹਾ, "ਅੱਜ ਇਹ ਅਜੀਬ ਕੰਗਣ ਵੇਖੇ ਹਨ, ਸਾਨੂੰ ਇਹ ਦੇਵੋ ਹੇ ਦਿੱਲੀ ਦੇ ਨਾਥ ! ਤੁਹਾਡੇ ਪਾਸੋਂ ਲੈ ਕੇ ਅਸੀਂ ਹੱਥਾਂ ਵਿਚ ਪਹਿਣਦੇ ਹਾਂ॥੭॥

ਨਹੀਂ ਅਸ ਥਲ ਐਸੇ ਹੋਇ। ਨਤੁ ਕਰਵਾਇ ਲੇਤਿ ਇਮ ਦੋਇ।
ਯਾਂਤੇ ਭਏ ਪਸੰਦ ਹਮਾਰੇ। ਪਹਿਰਹਿਂ ਹਾਥਨਿ ਸੁਭਤਿ ਉਦਾਰੇ'॥ ੮॥

ਇਸ ਸਥਾਨ ਵਿਖੇ ਐਸੇ ਨਹੀਂ ਬਣਦੇ ਹਨ, ਨਹੀਂ ਤਾਂ ਮੈਂ ਇਸ ਤਰ੍ਹਾਂ ਦੇ ਦੋ ਘੜਵਾ ਲੈਂਦਾ, ਇਸ ਕਰਕੇ ਇਹ ਮੇਰੇ ਪਸੰਦ ਆਏ ਹਨ, ਹੱਥਾਂ ਵਿਚ ਪਹਿਣਦੇ ਹਾਂ ਜਿਹੜੇ ਬਹੁਤ ਸ਼ੁਭ ਦਿਖਾਈ ਦਿੰਦੇ ਹਨ"॥੮॥

ਸੁਨਿ ਨੌਰੰਗ ਮਨ ਬਿਖੈ ਬਿਚਾਰੇ। ਇਹ ਤੋ ਰਾਖਨਿ ਉਚਿਤ ਹਮਾਰੇ।
ਇਨ ਪਰ ਗੁਰ ਸੁਤ ਕੀਨਿ ਸਵਾਲ। ਕੈਸੇ ਦੇਉਂ ਇਨਹੁਂ ਕਹੁ ਟਾਲਿ॥ ੯॥

ਇਹ ਸੁਣ ਕੇ ਨੌਰੰਗੇ ਨੇ ਮਨ ਵਿਚ ਵਿਚਾਰਿਆ, ਇਹ ਤਾਂ ਆਪਣੇ ਪਾਸ ਰੱਖਣੇ ਉਚਿੱਤ ਹਨ, ਇਨ੍ਹਾਂ ਬਾਰੇ ਗੁਰੂ-ਪੁੱਤਰ ਨੇ ਸਵਾਲ ਪਾ ਦਿੱਤਾ ਹੈ, ਮੈਂ ਇਨ੍ਹਾਂ ਨੂੰ ਕਿਵੇਂ ਟਾਲ ਦੇਵਾਂ॥੯॥

ਅੰਤਰਜਾਮੀ ਜਾਨਹਿ ਮਨ ਕੀ। ਨਹਿ ਮਾਨਹਿ ਇਹ ਟਾਲ ਬਚਨ ਕੀ।
ਮੋਲ ਬਿਸਾਲ ਜਵਾਹਰ ਲਾਗੇ। ਅਦਭੁਤ ਜੋਤਿ ਸਭਿਨਿ ਕੀ ਜਾਗੇ॥ ੧੦॥

ਉਹ ਅੰਤਰਜਾਮੀ ਹੈ ਮਨ ਦੀਆਂ ਜਾਣ ਲੈਂਦਾ ਹੈ, ਇਹ ਟਾਲਣ ਦੇ ਬਚਨ ਨੂੰ ਨਹੀਂ ਮੰਨੇਗਾ। ਬਹੁਤ ਕੀਮਤੀ ਹੈ, ਬਹੁਤ ਹੀਰੇ ਜਵਾਹਰਾਤ ਲੱਗੇ ਹਨ। ਜਿਨ੍ਹਾਂ ਦੀ ਅਦਭੁੱਤ ਜੋਤ ਜੱਗਦੀ ਹੈ॥੧੦॥

ਨਹਿ ਜਬਿ ਦੇਉਂ ਬਿਰਸ ਹੁਇ ਜਾਇ। ਇਨ ਬਹੁ ਦੀਨੀ ਵਸਤੁ ਮੰਗਾਇ।
ਕ੍ਰਿਪਨ ਲਖਹਿ ਮੋਕਹੁ ਮਨ ਛੋਟੋ। ਜਿਸ ਤੇ ਦੁਤਿਯ ਨ ਕਾਰਜ ਖੋਟੋ॥ ੧੧॥

ਜੇ ਨਹੀਂ ਦੇਵਾਂਗਾ ਤਾਂ ਗੁੱਸੇ ਹੋ ਜਾਵੇਗਾ। ਇਸ ਨੇ ਸਾਨੂੰ ਬਹੁਤ ਚੀਜ਼ਾਂ ਮੰਗਵਾ ਕੇ ਦਿੱਤੀਆਂ ਹਨ। ਮੈਨੂੰ ਛੋਟੇ ਦਿਲ ਵਾਲਾ ਕੰਜੂਸ ਸਮਝੇਗਾ। ਇਸ ਕੰਜੂਸੀ ਤੋਂ ਦੂਸਰਾ ਕੋਈ ਕਾਰਜ ਵੀ ਖੋਟਾ ਨਹੀਂ॥੧੧॥

ਇਮ ਬਿਚਾਰਿ ਕਰਿ ਰਿਦੈ ਬਡੇਰਾ। ਦੇਤਿ ਭਯੋ ਕੰਕਨ ਤਿਸ ਬੇਰਾ।
ਗੁਰ ਨੰਦਨ ਨਿਜ ਹਾਥਨਿ ਪਾਏ। ਇਤ ਉਤ ਡੋਲਤਿ ਦੁਤਿ ਦਮਕਾਏ॥੧੨॥

ਇਸ ਤਰ੍ਹਾਂ ਵਿਚਾਰ ਕੇ ਹਿਰਦਾ ਵੱਡਾ ਕੀਤਾ ਤੇ ਉਸੇ ਵੇਲੇ ਕੰਗਣ ਸ੍ਰੀ ਰਾਮਰਾਇ ਨੂੰ ਦੇ ਦਿੱਤੇ। ਗੁਰੂ-ਪੁੱਤਰ ਨੇ ਉਹ ਹੱਥਾਂ ਵਿਚ ਪਾ ਲਏ। ਏਧਰ ਓਧਰ ਹੱਥ ਹਿਲਾ ਕੇ ਉਨ੍ਹਾਂ ਚਮਕ ਵਿਖਾਈ॥੧੨॥

ਦੇਖਤਿ ਦੁਸ਼ਟ ਦਹੇ ਦੁਖਿਆਰੇ। ਹਿਤੂ ਹੇਰਿ ਕਰਿ ਭਏ ਸੁਖਾਰੇ।
ਉਠੀ ਸਭਾ ਪੁਨ ਡੇਰਨਿ ਗਏ। ਮਿਲਤਿ ਪਰਸਪਰ ਭਾਖਤਿ ਭਏ॥ ੧੩॥

ਵੇਖ ਕੇ ਦੁਸ਼ਟ ਸੜ ਕੇ ਬਹੁਤ ਦੁਖੀ ਹੋਏ ਤੇ ਹਿਤੂ ਵੇਖ ਕੇ ਸੁਖੀ ਹੋਏ। ਸਭਾ ਉੱਠ ਗਈ ਤੇ ਫਿਰ ਸਾਰੇ ਡੇਰਿਆਂ ਨੂੰ ਚਲੇ ਗਏ ਤੇ ਆਪਸ ਵਿਚ ਮਿਲ ਕੇ ਗੱਲਾਂ ਕਰਦੇ ਸਨ॥੧੩॥

ਕੇਤਿਕ ਦਿਨ ਸੋ ਕੰਕਨ ਪਹਿਰਤਿ। ਸ਼ਾਹ ਸਮੀਪ ਆਇ ਰਹਿ ਨਿਤ ਪ੍ਰਤਿ।
ਅਧਿਕ ਸਮਾਜ ਬਧ੍ਯੋ ਬਹੁ ਰੀਤੀ। ਸਿੱਖ੍ਯ ਅਨੇਕ ਹੋਤਿ ਚਿਤ ਪ੍ਰੀਤੀ॥੧੪॥

ਸ੍ਰੀ ਰਾਮਰਾਇ ਜੀ ਨੇ ਕਈ ਦਿਨ ਕੰਗਣ ਪਹਿਣੇ ਤੇ ਨਿਤ ਬਾਦਸ਼ਾਹ ਦੇ ਪਾਸ ਆਉਂਦੇ ਸਨ। ਕਈ ਰੀਤੀਆਂ ਨਾਲ ਉਨ੍ਹਾਂ ਦੇ ਸਿੱਖਾਂ ਦੀ ਗਿਣਤੀ ਬਹੁਤ ਵੱਧ ਗਈ। ਬਹੁਤ ਲੋਕ ਚਿਤ ਵਿਚ ਪ੍ਰੀਤ ਧਾਰ ਕੇ ਸਿੱਖ ਬਣਦੇ ਸਨ॥੧੪॥

ਬ੍ਰਿੰਦ ਤੁਰੰਗ ਸੈਨ ਸੰਗ ਹੋਈ। ਸ਼ਸਤ੍ਰ ਬਸਤ੍ਰ ਮਹਿਂ ਸ਼ੋਭਤਿ ਜੋਈ।
ਨਰ ਅਨੇਕ ਆਗੂ ਪਿਛਵਾਏ। ਸਨਮਾਨਤਿ ਸਭਿ ਸੁਜਸੁ ਅਲਾਏ॥ ੧੫॥

ਬਹੁਤ ਘੋੜਿਆਂ ਦੀ ਸੈਨਾ ਨਾਲ ਹੋ ਗਈ, ਜਿਹੜੀ ਸ਼ਸਤਰਾਂ ਬਸਤਰਾਂ ਨਾਲ ਸ਼ੋਭ ਰਹੀ ਸੀ। ਅਨੇਕਾਂ ਮਨੁੱਖ ਆਗੂ ਮੰਨ ਕੇ ਪਿੱਛੇ ਲੱਗੇ ਸਨ। ਸਨਮਾਨ ਕਰਕੇ ਸਾਰੇ ਸ੍ਰੇਸ਼ਟ ਜਸ ਕਰਦੇ ਹਨ॥੧੫॥

ਜਹਿਂ ਤਹਿਂ ਸੰਗਤਿ ਭਈ ਘਨੇਰੀ। ਅਰਪਹਿਂ ਆਨਿ ਉਪਾਇਨ ਫੇਰੀ।
ਆਦਿ ਅਮਾਵਸ ਪਰਬ ਬਡੇਰੇ। ਦਰਸ਼ਨ ਕਰਨਿ ਆਇਂ ਬਹੁਤੇਰੇ॥ ੧੬॥

ਜਿੱਥੇ ਕਿੱਥੇ ਬਹੁਤ ਸੰਗਤ ਹੋ ਗਈ ਤੇ ਆ ਕੇ ਉਪਹਾਰ ਅਰਪਣ ਕਰਦੀ ਹੈ। ਸੰਗ੍ਰਾਂਦ ਅਤੇ ਮੱਸਿਆਂ ਨੂੰ ਵੱਡਾ ਮੇਲਾ ਲੱਗਦਾ ਸੀ, ਬਹੁਤ ਲੋਕ ਦਰਸ਼ਨ ਕਰਨ ਆਉਂਦੇ ਸਨ॥੧੬॥

ਦੀਪਕ ਮਾਲ, ਦੁਸਹਿਰਾ, ਹੋਰੀ। ਦਰਸਹਿਂ ਸੰਗਤਿ ਕਰਿ ਕਰ ਜੋਰੀ।
ਬਹੁ ਅਰਦਾਸ ਮੇਵੜੇ ਕਰਿਹੀਂ। ਸੰਗਤਿ ਅੱਗ੍ਰ ਮਸੰਦ ਸੁ ਥਿਰਿਹੀਂ॥ ੧੭॥

ਦੀਵਾਲੀ, ਦੁਸਹਿਰਾ, ਹੋਲੀ ਨੂੰ ਸੰਗਤ ਹੱਥ ਜੋੜ ਕੇ ਦਰਸ਼ਨ ਕਰਦੀ ਸੀ, ਅਰਦਾਸੀਏ ਬਹੁਤ ਅਰਦਾਸ ਕਰਦੇ ਸਨ ਤੇ ਸੰਗਤ ਅੱਗੇ ਮਸੰਦ ਸਥਿਰ ਰਹਿੰਦੇ ਸਨ॥੧੭॥

ਨਿਤਪ੍ਰਤਿ ਬਡ ਸਮਾਜ ਬਿਰਧਾਵੈ। ਲੋਕ ਅਨੇਕ ਦਰਬ ਅਰਪਾਵੈਂ।
ਕੇਤਿਕ ਸਮੇਂ ਬਿਤਾਵਨ ਕਰੇ। ਏਕ ਦਿਵਸ ਗਮਨਤਿ ਪੁਰਿ ਚਰੇ॥ ੧੮॥

ਨਿਤਾਪ੍ਰਤੀ ਬੜਾ ਸਾਜੋ-ਸਾਮਾਨ ਵਧਦਾ ਜਾਂਦਾ ਸੀ। ਅਨੇਕਾਂ ਲੋਕ ਧਨ ਅਰਪਣ ਕਰਦੇ ਸਨ। ਕਈ ਸਮਾਂ ਬਤੀਤ ਕਰਦੇ ਸਨ। ਇਕ ਦਿਨ ਪਾਲਕੀ ਵਿਚ ਚੜ੍ਹੇ ਹੋਏ ਸ਼ਹਿਰ ਵਿਚ ਜਾ ਰਹੇ ਸਨ॥੧੮॥

ਸੰਗ ਢਲੈਤ ਨਕੀਬ ਬੁਲੰਤਾ। ਬਹੁ ਨਰ ਭੀਰ ਪਾਛ ਗਮਨੰਤਾ।
ਰੀਤਿ ਸਮਾਜ ਰਾਜ ਸੰਗ ਚਾਲਹਿਂ। ਜਾਤਿ ਬਜਾਰ ਨਰਨਿ ਅਲਬਾਲਹਿਂ॥੧੯॥

ਨਾਲ ਢਾਲਾਂ ਵਾਲੇ ਸੇਵਕ ਅਤੇ ਨਕੀਬ ਬੋਲਦੇ ਸਨ। ਬਹੁਤ ਲੋਕਾਂ ਦੀ ਭੀੜ ਪਿੱਛੇ ਪਿੱਛੇ ਜਾ ਰਹੀ ਸੀ। ਬਹੁਤ ਲੋਕ ਨਾਲ ਚਲ ਰਹੇ ਸਨ। ਮਨੁੱਖਾਂ ਨਾਲ ਘੇਰੇ ਹੋਏ ਬਜ਼ਾਰ ਵਿਚ ਜਾ ਰਹੇ ਸਨ॥੧੯॥

ਹੁਤੋ ਬੇਨਵਾ ਏਕ ਫਕੀਰ। ਤਿਨ ਪਿਖਿ ਸਤਿਗੁਰ ਸੁਤ ਸੰਗ ਭੀਰ।
ਹੇਰਤਿ ਬੋਲਜੋ ਊਚ ਅਵਾਜ। 'ਕਰਾਮਾਤ ਸਾਹਿਬ ਸੁਨਿ ਆਜ॥ ੨੦॥

ਇਕ ਬੇਨਵਾ ਫ਼ਕੀਰ ਸੀ, ਉਸ ਨੇ ਸਤਿਗੁਰੂ-ਪੁੱਤਰ ਨੂੰ ਬਹੁਤ ਵੱਡੀ ਭੀੜ ਨਾਲ ਵੇਖਿਆ। ਵੇਖਦਿਆਂ ਹੀ ਬੜੀ ਉੱਚੀ ਆਵਾਜ਼ ਵਿਚ ਬੋਲਿਆ, ''ਅੱਜ ਆਪ ਜੀ ਦੀ ਕਰਾਮਾਤ ਬਾਰੇ ਸੁਣਿਆ ਹੈ॥੨੦॥

ਸ਼ਾਹੁਨ ਸ਼ਾਹ ਕਛੂ ਦਿਲਵਾਵਹੁ। ਸ੍ਰੀ ਸਤਿਗੁਰ ਨੰਦਨ! ਜਸੁ ਪਾਵਹੁ।
ਨਹੀਂ ਆਪ ਕੇ ਅਪਰ ਸਮਾਨ। ਹਮਹਿ ਖ਼ੈਰਾਇਤ ਦੇਹੁ ਮਹਾਨ'॥ ੨੧॥

ਹੇ ਬਾਦਸ਼ਾਹਾਂ ਦੇ ਬਾਦਸ਼ਾਹ! ਕੁਝ ਦਿਵਾਵੋ! ਹੇ ਸਤਿਗੁਰੂ-ਪੁੱਤਰ ਜਸ ਪਾਵੋ। ਦੁਨੀਆਂ ਵਿਚ ਆਪ ਜੀ ਦੇ ਬਰਾਬਰ ਹੋਰ ਕੋਈ ਨਹੀਂ ਹੈ, ਸਾਨੂੰ ਬਹੁਤ ਦਾਨ ਦੇਵੋ''॥੨੧॥

ਸੁਨਿ ਸ੍ਰੀ ਰਾਮਰਾਇ ਜਸੁ ਕਾਨੇ। ਸ਼ਾਹੁਨਸ਼ਾਹੁ ਮਹਾਨ ਬਖਾਨੇ।
ਜੋ ਅਵਰੰਗ ਤੇ ਕੰਕਨ ਲਏ। ਕਰ ਨਿਕਾਸਿ ਬੇਨਵ ਕੋ ਦਏ॥ ੨੨॥

ਜਦ ਸ੍ਰੀ ਰਾਮਰਾਇ ਨੇ ਕੰਨਾਂ ਨਾਲ ਆਪਣਾ ਜਸ ਸੁਣਿਆ ਕਿ ਮਹਾਨ ਬਾਦਸ਼ਾਹਾਂ ਦੇ ਬਾਦਸ਼ਾਹ ਕਹਿ ਦਿੱਤਾ ਹੈ ਤਾਂ ਜਿਹੜੇ ਨੌਰੰਗੇ ਤੋਂ ਕੰਗਣ ਲਏ ਸਨ, ਹੱਥਾਂ ਤੋਂ ਲਾਹ ਕੇ ਬੇਨਵਾ ਫ਼ਕੀਰ ਨੂੰ ਦੇ ਦਿੱਤੇ॥੨੨॥

ਬਹੁ ਮੋਲੇ ਗਨ ਲਾਇਸਿ ਹੀਰਾ। ਚਮਤਕਾਰ ਕੋਰਨ ਕਰਿ ਚੀਰਾ।
ਸ਼ਾਹੁ ਲੁਭਾਯੋ ਹੇਰਤਿ ਜੋਇ। ਜਾਚੇ ਦਏ ਬੇਨਵੇ ਸੋਇ॥ ੨੩॥

ਉਹ ਬਹੁਤ ਕੀਮਤੀ ਸਨ ਤੇ ਹੀਰਿਆਂ ਨਾਲ ਜੜ੍ਹੇ ਹੋਏ ਸਨ, ਉਹ ਪਹਿਲਾਂ ਐਸੇ ਕੱਢੇ ਹੋਏ ਸਨ ਕਿ ਬਹੁਤ ਚਮਕ ਦਿੰਦੇ ਸਨ। ਬਾਦਸ਼ਾਹ ਜਿਨ੍ਹਾਂ ਨੂੰ ਵੇਖ ਕੇ ਲਲਚਾ ਗਿਆ ਸੀ, ਮੰਗਣ 'ਤੇ ਉਹ ਬੇਨਵੇ ਫ਼ਕੀਰ ਨੂੰ ਦੇ ਦਿੱਤੇ॥੨੩॥

ਲਾਖਹੁੰ ਧਨ ਖਰਚਯੋ ਜਿਹ ਕਾਰਨ। ਪਠੇ ਸ਼ਾਹ ਕਰਿ ਹੈ ਕਰ ਧਾਰਨ।
ਰਹਿ ਲੁਭਾਇ ਦੇ ਸਕਹਿ ਨ ਕੋਇ। ਜਾਚੇ ਦਏ ਬੇਨਵੇ ਸੋਇ॥ ੨੪॥

ਜਿਸ ਵਾਸਤੇ ਲੱਖਾਂ ਦਾ ਧਨ ਖ਼ਰਚਿਆ ਸੀ, ਕਿਸੇ ਨੇ ਬਾਦਸ਼ਾਹ ਦੇ ਹੱਥਾਂ ਵਿਚ ਪਾਉਣ ਵਾਸਤੇ ਭੇਜੇ ਸਨ। ਉਨ੍ਹਾਂ ਨੂੰ ਵੇਖ ਕੇ ਹਰ ਕੋਈ ਲੁਭਾਇਮਾਨ ਹੋ ਜਾਂਦਾ ਸੀ ਤੇ ਕੋਈ ਵੀ ਕਿਸੇ ਨੂੰ ਦੇ ਨਹੀਂ ਸੀ ਸਕਦਾ, ਮੰਗਣ 'ਤੇ ਉਹ ਬੇਨਵੇ ਫ਼ਕੀਰ ਨੂੰ ਦੇ ਦਿੱਤੇ॥੨੪॥

ਜਾਚਤਿ ਸੁਨਯੋ ਤੁਰਕ ਗਨ ਤਹਾਂ। ਮਿਲਿ ਮਿਲਿ ਕਹਹਿਂ ਜਰਹਿਂ ਦੁਖ ਮਹਾਂ।
'ਦੇਖਹੁ ਕਰਤਿ ਬਧੀਕੀ ਬਾਤ। ਸ਼ਾਹਨਸ਼ਾਹੁ ਕਹਾਇ ਬਖ੍ਯਾਤ॥ ੨੫॥

ਮੰਗਦਿਆਂ ਬਹੁਤ ਤੁਰਕਾਂ ਨੇ ਸੁਣਿਆ, ਮਿਲ ਮਿਲ ਕੇ ਮਹਾਂ ਦੁਖੀ ਹੋ ਕੇ ਸੜਦੇ ਸਨ ਤੇ ਕਹਿੰਦੇ ਸਨ, "ਵੇਖੋ ਇਹ ਬਹੁਤ ਵਧੀਕੀ ਦੀ ਗੱਲ ਕਰਦਾ ਹੈ, ਪ੍ਰਗਟ ਰੂਪ ਵਿਚ ਬਾਦਸ਼ਾਹਾਂ ਦਾ ਬਾਦਸ਼ਾਹ ਕਹਾਉਂਦਾ ਹੈ॥੨੫॥

ਨੌਰੰਗ ਤੇ ਜੋ ਕੰਕਨ ਲੀਨੇ। ਅਲਪ ਜਾਨਿ ਬੇਨਵੇ ਕੋ ਦੀਨੇ।
ਨਹੀਂ ਤ੍ਰਾਸ ਕੁਛ ਮਨ ਮਹਿਂ ਠਾਨਾ। ਬਧਯੋ ਬਿਸਾਲ ਰਿਦੇ ਗਰਬਾਨਾ॥੨੬॥

ਨੌਰੰਗੇ ਤੋਂ ਜਿਹੜੇ ਕੰਗਣ ਲਏ ਸੀ, ਘਟੀਆ ਜਾਣ ਕੇ ਬੇਨਵੇ ਨੂੰ ਦੇ ਦਿੱਤੇ ਹਨ। ਦਿਲ ਵਿਚ ਕੋਈ ਵੀ ਡਰ ਨਹੀਂ ਮੰਨਿਆ ਹੈ, ਬਹੁਤ ਦਿਲ ਵਧਿਆ ਹੈ ਤੇ ਹੰਕਾਰਿਆ ਗਿਆ ਹੈ॥੨੬॥

ਸ਼ਾਹੁਨਸ਼ਾਹਿ ਕਹਾਵਹਿ ਜੈਸੇ। ਨਹਿਂ ਚਵਗੱਤਾ ਕੋ ਸੁਧ ਐਸੇ।
ਅਬਿ ਹਮ ਚਲਹਿਂ ਸੁਨਾਵਹਿਂ ਸ਼ਾਹੂ। ਸੁਨਹਿ,ਉਪਾਵਹਿ ਰਿਸ ਉਰ ਮਾਂਹੂ॥੨੭॥

ਜਿਵੇਂ ਬਾਦਸ਼ਾਹਾਂ ਦਾ ਬਾਦਸ਼ਾਹ ਕਹਾਉਂਦਾ ਹੈ। ਨੌਰੰਗੇ ਚਵਗੱਤੇ ਨੂੰ ਇਸ ਦੀ ਕੋਈ ਖ਼ਬਰ ਨਹੀਂ ਹੈ। ਅਸੀਂ ਹੁਣ ਚਲ ਕੇ ਬਾਦਸ਼ਾਹ ਨੂੰ ਸੁਣਾਉਂਦੇ ਹਾਂ, ਉਹ ਸੁਣ ਕੇ ਮਨ ਵਿਚ ਬਹੁਤ ਗੁੱਸਾ ਧਾਰਨ ਕਰੇਗਾ"॥੨੭॥

ਇਮ ਕਾਜ਼ੀ ਉਲਮਾਉ ਮੁਲਾਨੇ। ਹੁਇ ਇਕਠੇ ਢਿਗ ਸ਼ਾਹ ਬਖਾਨੇ।
ਮਿਲਿ ਕਰਿ ਸਭਿਨਿ ਸੁਨਾਵਨਿ ਕੀਨਸਿ। 'ਰਾਵਰ ਕਟਕ ਜਰਾਊ ਦੀਨਸਿ॥੨੮॥

ਇਸ ਤਰ੍ਹਾਂ ਕਾਜ਼ੀ, ਉਲਮਾ ਤੇ ਮੁਲਾਣੇ ਇਕੱਠੇ ਹੋ ਕੇ ਬਾਦਸ਼ਾਹ ਦੇ ਪਾਸ ਗਏ ਤੇ ਮਿਲ ਕੇ ਸਭ ਨੂੰ ਸੁਣਾ ਕੇ ਕਿਹਾ, "ਆਪ ਜੀ ਨੇ ਜਿਹੜੇ ਜੜਾਊ ਕੰਗਣ ਦਿੱਤੇ ਸਨ॥੨੮॥

ਆਪ ਕਹਾਯਹੁ ਸ਼ਾਹਿਨ ਸ਼ਾਹੂ। ਦਿਏ ਨਿਕਾਸਿ ਬੇਨਵੇ ਪਾਹੂ।
ਨਹਿਂ ਰਾਵਰ ਕੋ ਤ੍ਰਾਸ ਕਰੰਤਾ। ਤੁਮ ਤੇ ਅਧਿਕ ਆਪ ਜਾਨੰਤਾ॥ ੨੯॥

ਉਹ ਆਪ ਬਾਦਸ਼ਾਹਾਂ ਦਾ ਬਾਦਸ਼ਾਹ ਕਹਾਉਂਦਾ ਹੈ ਤੇ ਉਹ ਕੰਗਣ ਕੱਢ ਕੇ ਬੇਨਵੇ ਫ਼ਕੀਰ ਨੂੰ ਦੇ ਦਿੱਤੇ ਹਨ। ਆਪ ਜੀ ਦਾ ਡਰ ਨਹੀਂ ਮੰਨਦਾ ਹੈ ਆਪਣੇ ਆਪ ਨੂੰ ਤੁਹਾਡੇ ਨਾਲੋਂ ਵੀ ਵੱਡਾ ਜਾਣਦਾ ਹੈ"॥੨੯॥

ਇੱਤਜਾਦਿਕ ਦੂਤੀ ਬਹੁ ਕਰੀ। ਜਿਸ ਤੇ ਸ਼ਾਹੁ ਰਿਦੈ ਰਿਸ ਭਰੀ।
ਜਬਹਿ ਕਚਹਿਰੀ ਸ਼ਾਹੁ ਲਗਾਈ। ਆਇ ਸਭਾਸਦ ਭੇ ਸਮੁਦਾਈ॥ ੩੦॥

ਇਤਿਆਦਿਕ ਬਹੁਤ ਚੁਗਲੀਆਂ ਕੀਤੀਆਂ, ਜਿਸ ਨਾਲ ਬਾਦਸ਼ਾਹ ਦਾ ਹਿਰਦਾ ਗੁੱਸੇ ਨਾਲ ਭਰ ਗਿਆ। ਜਦ ਬਾਦਸ਼ਾਹ ਨੇ ਕਚਹਿਰੀ ਲਗਾਈ ਤਾਂ ਸਾਰੇ ਮੈਂਬਰ ਆ ਕੇ ਇਕੱਠੇ ਹੋ ਗਏ॥੩੦॥

ਗੁਰ ਨੰਦਨ ਤਬਿ ਚਲਿ ਕਰਿ ਆਵਾ। ਸਭਾ ਪ੍ਰਵੇਸ਼ਜੋ ਬੈਠਿ ਸੁਹਾਵਾ।
ਕਿਤਿਕ ਬਾਰ ਪੀਛੇ ਕਰਿ ਸ਼ਾਹੂ। 'ਕੰਕਨ ਆਜ ਨਹੀਂ ਤੁਮ ਪਾਹੂ॥ ੩੧॥

ਗੁਰੂ ਜੀ ਦਾ ਪੁੱਤਰ ਫਿਰ ਚੱਲ ਕੇ ਆਇਆ। ਸਭਾ ਵਿਚ ਪ੍ਰਵੇਸ਼ ਕਰਕੇ ਬਹੁਤ ਸ਼ੋਭਾ ਪਾਈ। ਕੁਝ ਦੇਰ ਬਾਅਦ ਬਾਦਸ਼ਾਹ ਨੇ ਕਿਹਾ, "ਅਜ ਤੁਸੀਂ ਕੰਗਣ ਨਹੀਂ ਪਾਏ ਹਨ॥੩੧॥

ਕਿਸ ਕਾਰਨ ਕਰਿ ਕਰ ਨਹਿਂ ਪਾਏ? ਛੂਛੇ ਆਜ ਸਭਾ ਮਹਿਂ ਆਏ'।
ਸੁਨਿ ਗੁਰ ਨੰਦਨ ਬਚਨ ਉਬਾਚਾ। 'ਹਮੇ ਬੇਨਵੇ ਨੇ ਮਗ ਜਾਚਾ॥ ੩੨॥

ਕਿਸ ਕਾਰਨ ਕਰਕੇ ਕੜੇ ਹੱਥ ਵਿਚ ਨਹੀਂ ਪਾਏ ਹਨ, ਸਖਣੇ ਹੱਥ ਹੀ ਅੱਜ ਸਭਾ ਵਿਚ ਆ ਗਏ ਹੋ।" ਇਹ ਸੁਣ ਕੇ ਗੁਰੂ-ਪੁੱਤਰ ਨੇ ਬਚਨ ਕੀਤਾ, "ਰਾਹ ਵਿਚ ਜਾਂਦਿਆਂ ਇਕ ਬੇਨਵੇ ਫ਼ਕੀਰ ਨੇ ਸਾਡੇ ਪਾਸੋਂ ਮੰਗ ਲਏ ਸਨ॥੩੨॥

ਤਿਸ ਕਹੁ ਦੋਨਹੁ ਦੇ ਕਰਿ ਆਏ। ਭਯੋ ਆਪ ਕੋ ਜਸੁ ਅਧਿਕਾਏ।
ਲੇ ਕਰਿ ਬਹੁ ਪ੍ਰਸੰਨ ਮਨ ਹੋਵਾ। ਅਦਭੁਤ ਸਭਿਨਿ ਪਦਾਰਥ ਜੋਵਾ'॥ ੩੩॥

ਉਸਨੂੰ ਦੋਵੇਂ ਕੜੇ ਦੇ ਦਿੱਤੇ ਹਨ, ਆਪ ਜੀ ਦਾ ਜਸ ਬਹੁਤ ਵਧਿਆ ਹੈ। ਕੜੇ ਲੈ ਕੇ ਉਸ ਦਾ ਮਨ ਬਹੁਤ ਪ੍ਰਸੰਨ ਹੋਇਆ। ਅਦਭੁੱਤ ਪਦਾਰਥ ਜਿਹੜਾ ਸਾਰਿਆਂ ਨੇ ਵੇਖਿਆ ਹੈ"॥੩੩॥

ਰਿਸ ਕਰਿ ਕੁਛ ਨੌਰੰਗ ਉਚਾਰਾ। 'ਕੰਕਨ ਜੋਰੀ ਮੋਲ ਉਦਾਰਾ।
ਜਾਗਤਿ ਜੋਤਿ ਜਵਾਹਰ ਜਾਂਹੂ। ਮੈਂ ਹਿਤ ਕਰਿ ਦੀਨੇ ਤੁਮ ਪਾਹੂ॥ ੩੪॥

ਗੁੱਸਾ ਕਰਕੇ ਨੌਰੰਗੇ ਨੇ ਕਿਹਾ, "ਸੋਨੇ ਦੀ ਕੜਿਆਂ ਦੀ ਜੋੜੀ ਸੀ, ਜਿਸ ਦਾ ਮੁੱਲ ਬਹੁਤ ਜ਼ਿਆਦਾ ਸੀ ਜਿਸ ਨੂੰ ਜਗਦੀ ਜੋਤੀ ਵਾਲੇ ਹੀਰੇ ਲੱਗੇ ਹੋਏ ਸਨ। ਮੈਂ ਹਿਤ ਕਰਕੇ ਤੁਹਾਨੂੰ ਦੇ ਦਿੱਤੇ ਸਨ॥੩੪॥

ਲੇਕਰਿ ਅਪਰ ਥਾਨ ਸੋ ਦੀਨਿ। ਮੋਹਿ ਤ੍ਰਾਸ ਨਹਿਂ ਰੰਚਕ ਕੀਨਿ।
ਅਬਿ ਕੰਕਨ ਸੋਈ ਮੁਝ ਦੇਹੁ। ਮੰਗਵਾਵਹੁ ਨਹਿਂ ਬਿਲਮ ਕਰੇਹੁ॥ ੩੫॥

ਤੁਸਾਂ ਲੈ ਕੇ ਹੋਰ ਥਾਂ ਦੇ ਦਿੱਤੇ, ਮੇਰਾ ਰਤੀ ਭਰ ਵੀ ਡਰ ਨਹੀਂ ਮੰਨਿਆ। ਹੁਣ ਉਹੀ ਕੰਗਣ ਮੈਨੂੰ ਦੇਵੋ, ਮੰਗਵਾਵੋ ਤੇ ਕੋਈ ਦੇਰ ਨਾ ਕਰੋ॥੩੫॥

ਉਚਿਤ ਪਹਿਰਬੇ ਕਰ ਬਰ ਮੇਰੇ। ਨਾਂਹਿ ਤ ਰਹਤਿ ਹਾਥ ਮਹਿਂ ਤੇਰੇ।
ਅਪਰਨ ਕੀ ਲਾਇਕ ਸੋ ਨਾਂਹੀ। ਵਸਤੁ ਅਮੋਲਕ ਨਹਿਂ ਕਿਸ ਪਾਹੀ'॥ ੩੬॥

ਉਹ ਕੰਗਣ ਮੇਰੇ ਪਹਿਨਣ ਦੇ ਉਚਿਤ ਹਨ, ਨਹੀਂ ਤਾਂ ਉਹ ਤੁਹਾਡੇ ਹੱਥ ਵਿਚ ਰਹਿੰਦੇ। ਹੋਰਨਾਂ ਦੇ ਉਹ ਲਾਇਕ ਨਹੀਂ ਹਨ, ਐਸੀ ਅਮੋਲਕ ਵਸਤੂ ਕਿਸੇ ਦੇ ਪਾਸ ਨਹੀਂ ਹੈ"॥੩੬॥

ਸੁਨਿ ਸ਼੍ਰੀ ਰਾਮਰਾਇ ਨੇ ਭਾਖਾ। 'ਅਬਿ ਤਿਨ ਕੀ ਕਜਾ ਕਰਹੁ ਭਿਲਾਖਾ।
ਜਾਚਤਿ ਦੀਨਿ ਦਏ ਕਰਿ ਦਾਨ। ਪੁਨ ਕਿਮ ਲੇਹੁਂ ਆਪਨੇ ਪਾਨ॥ ੩੭॥

ਇਹ ਸੁਣ ਕੇ ਸ੍ਰੀ ਰਾਮਰਾਇ ਨੇ ਕਿਹਾ, "ਹੁਣ ਉਨ੍ਹਾਂ ਦੀ ਕੀ ਅਭਿਲਾਸ਼ਾ ਰੱਖਦੇ ਹੋ, ਗ਼ਰੀਬ ਦੇ ਮੰਗਣ 'ਤੇ ਉਸ ਨੂੰ ਦਾਨ ਕਰ ਦਿੱਤੇ ਹਨ, ਫਿਰ ਉਨ੍ਹਾਂ ਨੂੰ ਆਪਣੇ ਹੱਥ ਵਿਚ ਕਿਵੇਂ ਲੈ ਸਕਦੇ ਹਾਂ॥੩੭॥

ਅਪਰ ਜਿ ਹੋਤਿ, ਦੇਤਿ ਭੀ ਫੇਰ। ਲਿਏ ਬੇਨਵੇ ਕ੍ਰਮ ਬਡੇਰ।
ਜਾਚੇ ਤਿਸ ਤੇ ਹਾਥ ਨ ਆਵਹਿਂ। ਬਲ ਤੇ ਛੀਨਹਿਂ ਤਊ ਨ ਪਾਵਹਿਂ॥ ੩੮॥

ਜੇ ਕੋਈ ਹੋਰ ਹੁੰਦਾ ਤਾਂ ਫਿਰ ਦੇ ਵੀ ਦਿੰਦਾ, ਬੇਨਵੇ ਫ਼ਕੀਰ ਨੇ ਲਏ ਹਨ ਜਿਸ ਦੇ ਵੱਡੇ ਭਾਗ ਹਨ। ਉਸ ਪਾਸੋਂ ਮੰਗਣ 'ਤੇ ਹੱਥ ਨਹੀਂ ਆਉਣਗੇ, ਤਾਕਤ ਨਾਲ ਖੋਹੀਏ ਤਦ ਵੀ ਨਹੀਂ ਪਾ ਸਕਾਂਗੇ॥੩੮॥

ਯਾਂਤੇ ਰਿਦੇ ਬਿਸਾਰਹੁ ਸੋਇ। ਨਹਿਂ ਅਬਿ ਲੋਭਹੁ ਉਚਿਤ ਨ ਕੋਇ।
ਪੁਨਹਿ ਸ਼ਾਹੁ ਨੇ ਕਹਜੋ ਸੁਨਾਇ। 'ਇਮ ਮੇਰੇ ਮਨ ਮਹਿਂ ਨਹਿਂ ਆਇ॥ ੩੯॥

ਇਸ ਕਰਕੇ ਹੁਣ ਹਿਰਦੇ ਵਿਚੋਂ ਵਿਸਾਰ ਦੇਵੋ, ਹੁਣ ਲੋਭ ਕਰਨਾ ਉਚਿਤ ਨਹੀਂ ਹੈ।" ਬਾਦਸ਼ਾਹ ਨੇ ਫਿਰ ਕਹਿ ਕੇ ਸੁਣਾਇਆ, "ਇਸ ਤਰ੍ਹਾਂ ਮੇਰੇ ਮਨ ਵਿਚ ਨਹੀਂ ਆਉਂਦਾ ਹੈ॥੩੯॥

ਮੋਹਿ ਸਭਾ ਮਹਿਂ ਕੰਕਨ ਸੋਇ। ਤੁਮ ਪਹਿਰਹੁ ਕੈ ਮੁਝ ਢਿਗ ਹੋਇ।
ਅਬਿ ਮੰਗਵਾਇ ਦੇਹੁ ਮੁਝ ਤਾਂਈ। ਜਿਮ ਜਾਨਹੁ ਤਿਮ ਰਚਹੁ ਉਪਾਈ॥ ੪੦॥

ਮੇਰੀ ਸਭਾ ਵਿਚ ਉਹ ਕੰਗਣ ਜਾਂ ਤੁਸੀਂ ਪਹਿਣੋ ਜਾਂ ਮੈਂ ਪਾਵਾਂ। ਹੁਣੇ ਮੈਨੂੰ ਮੰਗਾ ਕੇ ਦੇ ਦੇਵੋ, ਜਿਵੇਂ ਜਾਣਦੇ ਹੋ ਉਸ ਤਰ੍ਹਾਂ ਉਪਾਅ ਕਰੋ॥੪੦॥

ਤਿਨ ਬਿਨ ਮੋਹਿ ਪ੍ਰਸੰਨਤਾ ਨਾਂਹੀ। ਵਸਤੁ ਅਮੋਲ ਰੰਕ ਕੇ ਪਾਹੀ।
ਅਨਿਕ ਬਾਤ ਕਿਮ ਕਹਉ ਕਹਾਵਉ। ਸੋ ਕੰਕਨ ਬਿਨ ਬਿਲਮ ਮੰਗਾਵਉ॥੪੧॥

ਉਨ੍ਹਾਂ ਤੋਂ ਬਗ਼ੈਰ ਮੈਂ ਪ੍ਰਸੰਨ ਨਹੀਂ ਹੋ ਸਕਦਾ। ਅਮੋਲ ਵਸਤੂ ਇਕ ਗ਼ਰੀਬ ਦੇ ਪਾਸ ਰੱਖੀ ਹੈ। ਅਨੇਕ ਗੱਲਾਂ ਕਿਵੇਂ ਕਹੋ ਅਤੇ ਕਹਾਵੇ ? ਉਹ ਕੰਗਣ ਕਿਸੇ ਦੇਰ ਬਗ਼ੈਰ ਮੰਗਵਾਓ"॥੪੧॥

ਇਮ ਰੁਖ਼ ਲਖਿ ਕਰਿ ਨੌਰੰਗ ਕੇਰਾ। ਗੁਰਸੁਤ ਅਜ਼ਮਤ ਕਰਿ ਤਿਸ ਬੇਰਾ।
ਜਿਹ ਸਥਾਨ ਕੰਕਨ ਸ਼ੁਭ ਧਰੇ। ਬਹੁਤ ਜਤਨ ਤੇ ਗੁਪਤੀ ਕਰੇ॥ ੪੨॥

ਨੌਰੰਗੇ ਦਾ ਅਜਿਹਾ ਰੁਖ ਵੇਖ ਕੇ, ਗੁਰੂ-ਪੁੱਤਰ ਨੇ ਉਸੇ ਸਮੇਂ ਕਰਾਮਾਤ ਕਰਕੇ, ਜਿਸ ਥਾਂ ਸ਼ੁਭ ਕੰਗਣ ਧਰੇ ਸਨ ਤੇ ਬਹੁਤ ਯਤਨਾਂ ਨਾਲ ਲੁਕਾਏ ਹੋਏ ਸਨ॥੪੨॥

ਇਕ ਦੁਇ ਰਾਖੇ ਤਿਸ ਥਲ ਰਹੈਂ। ਮਣਿ ਕੀ ਸਮ ਪੰਨਗ ਨਿਤ ਲਹੈ।
ਗੁਰਸੁਤ ਨੇ ਤਹਿਂ ਤੇ ਨਿਕਸਾਏ। ਆਗੇ ਧਰਿ ਕਰਿ ਸ਼ਾਹੁ ਦਿਖਾਏ॥ ੪੩॥

ਇਕ ਦੋ ਰਾਖੇ ਉਸ ਥਾਂ ਰਹਿੰਦੇ ਸਨ। ਸੱਪ ਮਣੀ ਨੂੰ ਨਿਤ ਜਿਵੇਂ ਵੇਖਦਾ ਹੈ, ਤਿਸ ਵਾਂਗ ਰਾਖੇ ਹਰ ਵੇਲੇ ਰਾਖੀ ਕਰਦੇ ਸਨ। ਗੁਰੂ-ਪੁੱਤਰ ਨੇ ਉਥੋਂ ਕੰਗਣ ਕਢਵਾ ਲਏ ਤੇ ਬਾਦਸ਼ਾਹ ਦੇ ਅੱਗੇ ਧਰ ਕੇ ਉਸ ਨੂੰ ਵਿਖਾ ਦਿੱਤੇ॥੪੩॥

ਬੈਠੇ ਤਹਾਂ ਮੰਗਾਵਨਿ ਕਰੇ। ਪਿਖੇ ਸ਼ਾਹੁ ਕੁਛ ਸਮਤਾ ਧਰੇ।
ਤਜੀ ਬਿਖਮਤਾ ਬੋਲਤਿ ਜੈਸੇ। ਤਊ ਲਗਜੋ ਬੂਝਨਿ ਕਹਿ ਐਸੇ॥ ੪੪॥

ਉਥੇ ਬੈਠੇ ਨੇ ਮੰਗਵਾ ਲਏ। ਬਾਦਸ਼ਾਹ ਨੇ ਵੇਖੇ ਤਾਂ ਕੁਝ ਸ਼ਾਂਤੀ ਧਾਰਨ ਕੀਤੀ। ਜਿਵੇਂ ਪਹਿਲਾਂ ਰੁਖੇਪਨ ਨਾਲ ਬੋਲਦਾ ਸੀ, ਉਸ ਲਹਿਜੇ ਨੂੰ ਛੱਡ ਦਿੱਤਾ। ਫਿਰ ਵੀ ਇਸ ਤਰ੍ਹਾਂ ਕਹਿ ਕੇ ਪੁੱਛਣ ਲੱਗਾ॥੪੪॥

'ਕਜੋਂ ਤੁਮ ਸ਼ਾਹੁਨਸ਼ਾਹੁ ਕਹਾਵਉ ? ਸੁਨਿ ਸੁਨਿ, ਦਰਬ ਦੇਹੁ ਹਰਖਾਵਉ।
ਕਿਸ ਪ੍ਰਕਾਰ ਤੁਮ ਸ਼ਾਹਿਨਸ਼ਾਹੂ ? ਇਹ ਉੱਤਰ ਦੀਜੈ ਮੁਝ ਪਾਹੂ' ॥ ੪੫ ॥

"ਤੁਸਾਂ ਕਿਉਂ ਬਾਦਸ਼ਾਹਾਂ ਦਾ ਬਾਦਸ਼ਾਹ ਕਹਾਇਆ ? ਸੁਣ ਸੁਣ ਧਨ ਦੇ ਕੇ ਪ੍ਰਸੰਨ ਹੁੰਦੇ ਹੋ। ਕਿਸ ਪ੍ਰਕਾਰ ਤੁਸੀਂ ਬਾਦਸ਼ਾਹਾਂ ਦੇ ਬਾਦਸ਼ਾਹ ਹੋ ? ਇਹ ਉੱਤਰ ਮੇਰੇ ਪਾਸ ਦੇਵੋ" ॥੪੫॥

ਤਬਿ ਸ੍ਰੀ ਰਾਮਰਾਇ ਨੇ ਕਹਯੋ। 'ਇਸ ਕੋ ਅਰਥ ਨਹੀਂ ਤੁਮ ਲਹਯੋ।
ਨਿਕਸਯੋ ਸਾਹੁ ਆਇ ਕੈ ਨਾਂਹੀ। ਅਸ ਨਿਸਚਾ ਹਮਰੇ ਮਨ ਮਾਂਹੀ ॥ ੪੬ ॥

ਤਦ ਸ੍ਰੀ ਰਾਮਰਾਇ ਨੇ ਕਿਹਾ, "ਇਸ ਦੇ ਤੁਸੀਂ ਅਰਥ ਨਹੀਂ ਸਮਝੇ ਹਨ। ਨਿਕਲਿਆ ਹੋਇਆ ਸਾਹ ਫਿਰ ਵਾਪਸ ਆਵੇਗਾ ਕਿ ਨਹੀਂ, ਇਸ ਤਰ੍ਹਾਂ ਦਾ ਨਿਸ਼ਚਾ ਸਾਡੇ ਮਨ ਵਿਚ ਹੈ ॥੪੬॥

*ਨੋਟ : ਇਸ ਵਿਚ ਸ਼ਾਹ ਪਦ ਨੂੰ ਸਾਹ ਦੱਸ ਕੇ ਇਕ ਸ਼ਬਦੀ ਭੁਲੇਖਾ ਪਾਇਆ ਹੈ ਪਰ ਧੁਨੀ ਵਿਚ ਇਹ ਹੈ ਕਿ ਅਸੀਂ ਦਮ ਦਾ ਭਰੋਸਾ ਨਹੀਂ ਕਰਦੇ, ਇਸ ਕਰਕੇ ਕੇਵਲ ਹਰ ਸੁਆਸ ਦੇ ਨਹੀਂ ਬਲਕਿ ਸੁਆਸ ਦੇ ਬਾਹਰ ਨਿਕਲਣ ਤੇ ਅੰਦਰ ਜਾਣ ਸਮੇਂ ਨਾਮ ਦੇ ਸਿਮਰਨ ਵਿਚ ਸਾਵਧਾਨ ਰਹਿੰਦੇ ਹਾਂ। ਇਸ ਸੁਚੇਤਤਾ ਕਰਕੇ ਧਰਮ ਵਿਚ ਸਾਨੂੰ ਸ਼ਾਹਨਸ਼ਾਹ ਕਿਹਾ ਜਾਂਦਾ ਹੈ।*

ਯਾਂਤੇ ਸਾਹੁ ਨ ਸਾਹੁ ਕਹੰਤੇ। ਇਸ ਬਿਧਿ ਹਮਰੋ ਮਤੋ ਲਖੰਤੇ'।
ਕਵਿ ਸੰਤੋਖ ਸਿੰਘ ਰੁਖ਼ ਲਖਿ ਸ਼ਾਹੂ। ਗਏ ਸਕਲ ਨਿਜ ਡੇਰਨਿ ਮਾਂਹੂ ॥ ੪੭ ॥

ਇਸ ਕਰਕੇ ਸਾਨੂੰ ਸਾਹੁਨਸਾਹੁ ਕਹਿੰਦੇ ਹਨ, ਇਸ ਵਿਧੀ ਨਾਲ ਸਾਡਾ ਮੱਤ ਸਮਝਿਆ ਜਾਂਦਾ ਹੈ।" ਹੇ ਕਵੀ ਸੰਤੋਖ ਸਿੰਘ ! ਬਾਦਸ਼ਾਹ ਦਾ ਰੁੱਖ ਵੇਖ ਕੇ ਸਾਰੇ ਲੋਕ ਆਪਣੇ ਆਪਣੇ ਡੇਰਿਆਂ ਨੂੰ ਚਲੇ ਗਏ ॥੪੭॥

*ਨੌਵੀਂ ਰਾਸ ਦਾ ਛਪੰਵਿਆਂ ਅਧਿਆਇ ਸਮਾਪਤ ਹੋਇਆ ॥੫੬॥*

## ਅਧਿਆਇ ਸਤਵੰਝਵਾਂ

*ਮਿੱਟੀ ਮੁਸਲਮਾਨ ਕੀ*

ਦੋਹਰਾ- ਪੁਨ ਇਕ ਦਿਨ ਗਮਨੇ ਸਭਾ ਨੰਦਨ ਸ੍ਰੀ ਹਰਿਰਾਇ।
ਉਮਰਾਵਨਿ ਮਹਿਂ ਸ਼ਾਹੁ ਢਿਗ ਬੈਠਯੋ ਊਚੀ ਥਾਇਂ ॥ ੧ ॥

ਫਿਰ ਇਕ ਦਿਨ ਸ੍ਰੀ ਗੁਰੂ ਹਰਿਰਾਇ ਜੀ ਦੇ ਪੁੱਤਰ ਸਭਾ ਵਿਚ ਗਏ। ਉਮਰਾਵਾਂ ਵਿਚ ਬਾਦਸ਼ਾਹ ਸਭ ਤੋਂ ਉੱਚੀ ਥਾਂ ਬੈਠਾ ਸੀ ॥੧॥

ਚੌਪਈ- ਪੂਰਬ ਦੁਸ਼ਟਨਿ ਸ਼ਾਹੁ ਸਿਖਾਯੋ। 'ਸ੍ਰੀ ਨਾਨਕ ਨਿਜ ਸ਼ਬਦ ਬਨਾਯੋ।
ਤਿਸ ਮਹਿਂ ਕਹਯੋ ਤੁਰਕ ਮਤਿ ਖੰਡਨ। ਹਿੰਦੁਨਿ ਮਤਿ ਕੋ ਕੀਨਸਿ ਮੰਡਨ ॥੨ ॥

ਪਹਿਲਾਂ ਦੁਸ਼ਟਾਂ ਨੇ ਬਾਦਸ਼ਾਹ ਨੂੰ ਸਿਖਾਇਆ, "ਸ੍ਰੀ ਗੁਰੂ ਨਾਨਕ ਦੇਵ ਨੇ ਇਕ ਸ਼ਬਦ ਬਣਾਇਆ ਹੈ, ਜਿਸ ਵਿਚ ਤੁਰਕਾਂ ਦੇ ਮੱਤ ਦਾ ਖੰਡਨ ਕੀਤਾ ਹੈ ਤੇ ਹਿੰਦੂਆਂ ਦੇ ਮੱਤ ਨੂੰ ਮੰਨਿਆ ਹੈ ॥੨॥

ਪ੍ਰਿਥੀ ਬਿਖੈ ਜੁ ਤੁਰਕ ਦਫਨਾਵੈਂ। ਸੋ ਭੀ ਜਰਹਿਂ ਅਗਨਿ ਦਿਪਤਾਵੈਂ।
ਬੂਝਹੁ ਰਾਮਰਾਇ ਕੇ ਆਏ। ਕਜਾ ਉੱਤਰ ਇਸ ਕਹੁ ਬਤਲਾਏ' ॥ ੩॥

ਜ਼ਮੀਨ ਵਿਚ ਜਿਹੜੇ ਤੁਰਕ ਦਫ਼ਨਾਉਂਦੇ ਹਨ, ਉਹ ਵੀ ਅੱਗ ਵਿਚ ਸੜ ਕੇ ਬਲਦੇ ਹਨ। ਇਸ ਬਾਰੇ ਰਾਮਰਾਇ ਤੋਂ ਪੁੱਛੋ, ਇਸ ਦਾ ਉਹ ਕੀ ਉੱਤਰ ਦਿੰਦਾ ਹੈ' ॥੩॥

ਇੱਤਜਾਦਿਕ ਕਹਿ ਸ਼ਾਹੁ ਸਿਖਾਯੋ। ਜਬਿ ਸ੍ਰੀ ਰਾਮਰਾਇ ਚਲਿ ਆਯੋ।
ਅਪਰ ਪ੍ਰਸੰਗ ਅਨੇਕ ਚਲਾਏ। ਜੋ ਉਲਮਾਉ ਤਹਾਂ ਸਮੁਦਾਏ॥ ੪॥

ਇਤਿਆਦਿਕ ਕਹਿ ਕੇ ਬਾਦਸ਼ਾਹ ਨੂੰ ਸਿਖਾਇਆ। ਜਦ ਸ੍ਰੀ ਰਾਮਰਾਇ ਚਲ ਕੇ ਆਏ ਤਾਂ ਹੋਰ ਅਨੇਕ ਪ੍ਰਸੰਗ ਚਲਾਏ। ਜਿਹੜੇ ਉਲਮਾ ਉਥੇ ਇਕੱਠੇ ਹੋ ਕੇ ਬੈਠੇ ਸਨ॥੪॥

ਜੁਕਤਿ ਉਕਤਿ ਕਰਿ ਮਤਿ ਚਤੁਰਾਈ। ਸ਼ਾਹੁ ਸੁਨਾਵਹਿਂ ਹਰਖ ਉਪਾਈ।
ਚਲੇ ਪ੍ਰਸੰਗ ਬੂਝਨੋ ਚਹਯੋ। 'ਸ੍ਰੀ ਨਾਨਕ ਜੀ ਇਹ ਕਜਾ ਕਹਯੋ॥ ੫॥

ਜੋਗ ਉਤਰ ਦੇ ਕੇ ਆਪਣੀ ਬੁੱਧੀ ਦੀ ਚਤਰਾਈ ਬਾਦਸ਼ਾਹ ਨੂੰ ਸੁਣਾ ਕੇ ਬਹੁਤ ਪ੍ਰਸੰਨ ਹੁੰਦੇ ਸਨ। ਪ੍ਰਸੰਗ ਚਲਦਿਆਂ ਪੁੱਛਣ ਲੱਗੇ, ''ਸ੍ਰੀ ਨਾਨਕ ਜੀ ਨੇ ਇਹ ਕੀ ਕਿਹਾ ਹੈ॥੫॥

*ਸ੍ਰੀ ਮੁਖਵਾਕ-*

*ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮ੍ਹਿਆਰ॥*
*ਘੜਿ ਭਾਂਡੇ ਇਟਾ ਕੀਆ ਜਲਦੀ ਕਰੇ ਪੁਕਾਰ॥*
*ਜਲਿ ਜਲਿ ਰੋਵੈ ਬਪੁੜੀ ਝੜਿ ਝੜਿ ਪਵਹਿ ਅੰਗਿਆਰ॥*
*ਨਾਨਕ ਜਿਨਿ ਕਰਤੈ ਕਾਰਣੁ ਕੀਆ ਸੋ ਜਾਣੈ ਕਰਤਾਰੁ॥ ੨॥ (ਪੰਨਾ ੪੬੬)*

ਮੁਸਲਮਾਨ ਦੀ ਕਬਰ ਦੀ ਮਿੱਟੀ ਘੁਮਾਰ ਦੇ ਚੱਕੇ ਵਿਚ ਪੈਂਦੀ ਹੈ। ਇਸ ਤੋਂ ਬਰਤਨ ਬਣਾਏ ਜਾਂਦੇ ਹਨ ਤੇ ਇੱਟਾਂ ਘੜੀਆਂ ਜਾਂਦੀਆਂ ਹਨ। ਜਦ ਬਰਤਨਾਂ ਅਤੇ ਇੱਟਾਂ ਨੂੰ ਪਕਾਉਂਦੇ ਹਨ ਤਾਂ ਸੜਦੀ ਹੋਈ ਇਹ ਮਿੱਟੀ ਚੀਖ-ਚਹਾੜਾ ਪਾਉਂਦੀ ਹੈ। ਵਿਚਾਰੀ ਮਿੱਟੀ ਸੜ ਸੜ ਕੇ ਰੋਂਦੀ ਹੈ ਅਤੇ ਸੜੇ ਹੋਏ ਕੋਇਲੇ ਇਸ ਤੋਂ ਭਿੱਗ-ਭਿੱਗ ਪੈਂਦੇ ਹਨ।

ਹੇ ਨਾਨਕ ! ਕੇਵਲ ਵਾਹਿਗੁਰੂ ਸਿਰਜਣਹਾਰ ਹੀ ਜਾਣਦਾ ਹੈ, ਜਿਸ ਨੇ ਇਹ ਸੰਸਾਰ ਬਣਾਇਆ ਹੈ ਕਿ ਸਾੜਨਾ ਚੰਗਾ ਹੈ ਕਿ ਦੱਬਣਾ ਚੰਗਾ ਹੈ॥੨॥

ਚੌਪਈ- ਕਰਹੁ ਮਾਇਨਾ ਸਭਿਨਿ ਸੁਨਾਇ। ਇਹ ਕਜਾ ਕਹਯੋ ਦੇਹੁ ਸਮੁਝਾਇ ?'।
ਸੁਨਿ ਸ੍ਰੀ ਰਾਮਰਾਇ ਮਨ ਜਾਨਾ। ਗਨ ਦੋਖੀ ਸਿਖਰਾਇ ਮਹਾਨਾ ॥੬॥

ਸਾਰਿਆਂ ਨੂੰ ਸੁਣਾ ਕੇ ਇਸ ਦੇ ਅਰਥ ਕਰੋ, ਇਹ ਕੀ ਕਿਹਾ ਹੈ, ਇਸ ਬਾਰੇ ਸਮਝਾ ਦੇਵੋ ?'' ਇਹ ਸੁਣ ਕੇ ਸ੍ਰੀ ਰਾਮਰਾਇ ਨੇ ਮਨ ਵਿਚ ਜਾਣਿਆ, ''ਸਮੂਹ ਦੋਖੀਆਂ ਨੇ ਬਹੁਤ ਸਿਖਾਇਆ ਹੈ॥੬॥

ਕਹੌਂ ਵਾਸਤਵ ਅਰਥ ਜਿ ਅਬੈ। ਦੋਖੀ ਤਰਕ ਬਧਾਵਹਿਂ ਸਬੈ।
ਜਿਸ ਤੇ ਸ਼ਾਹੁ ਫਰਕ ਉਰ ਪਾਵੈ। ਤਿਮ ਇਹ ਦੁਸ਼ਟ ਕੁਬਾਦ ਉਠਾਵੈਂ॥੭॥

ਜੇ ਹੁਣ ਅਸਲ ਅਰਥ ਕਰਦੇ ਹਾਂ ਤਾਂ ਸਾਰੇ ਦੋਖੀ ਤਰਕ ਵਧਾਉਣਗੇ, ਜਿਸ ਕਰਕੇ ਬਾਦਸ਼ਾਹ ਦੇ ਹਿਰਦੇ ਵਿਚ ਫਰਕ ਪਾਵੇਗਾ, ਫਿਰ ਉਸ ਤਰ੍ਹਾਂ ਇਹ ਤੁਰਕ ਝਗੜਾ ਖੜਾ ਕਰਨਗੇ॥੭॥

ਸ਼ਰ੍ਹਾ ਬਿਖੇ ਮਨ ਬੰਧਯੋ ਸ਼ਾਹੂ। ਠਾਨਹਿ ਦ੍ਵੈਸ਼ ਅਧਿਕ ਮਨ ਮਾਂਹੂ।
ਬਨੀ ਬਾਤ ਮੇਰੀ ਬਿਗਰੈ ਹੈ। ਬਹੁਰ ਕਿਸੂ ਬਿਧਿ ਨਹਿਂ ਸੁਧਰੈ ਹੈ॥ ੮॥

ਬਾਦਸ਼ਾਹ ਦਾ ਮਨ ਸ਼ਰ੍ਹਾ ਵਿਚ ਬੰਨ੍ਹਿਆ ਹੈ, ਉਹ ਮਨ ਵਿਚ ਬਹੁਤ ਈਰਖਾ ਧਾਰਨ ਕਰੇਗਾ। ਮੇਰੀ ਬਣੀ ਗੱਲ ਵਿਗੜ ਜਾਵੇਗੀ, ਫਿਰ ਬਾਅਦ ਵਿਚ ਕਿਸੇ ਵਿਧੀ ਨਾਲ ਵੀ ਸੁਧਰੇਗਾ ਨਹੀਂ॥੮॥

ਕਰਤਿ ਰਹੇ ਨਿਤਪ੍ਰਤਿ ਦੁਸ਼ਟਾਈ। ਮੈਂ ਅਜ਼ਮਤ ਕੇ ਜ਼ੋਰ ਬਚਾਈ।
ਮੁਝ ਕੋ ਧਨ ਲਾਖਹੁਂ ਇਹ ਦੇਤਿ। ਬਿਗਰ ਜਾਇ ਪੁਨ ਰਹੈ ਨ ਹੇਤ॥ ੯॥

ਨਿਤਾਪ੍ਰਤੀ ਦੁਸ਼ਟਤਾ ਕਰਦਾ ਰਹੇਗਾ, ਮੈਂ ਤਾਂ ਆਪਣੀ ਕਰਾਮਾਤ ਦੇ ਜ਼ੋਰ 'ਤੇ ਬਚਾ ਕੀਤਾ ਹੈ। ਮੈਨੂੰ ਇਹ ਲੱਖਾਂ ਦਾ ਧਨ ਦਿੰਦਾ ਹੈ, ਜਦ ਵਿਗੜ ਜਾਵੇਗਾ ਫਿਰ ਪਿਆਰ ਨਹੀਂ ਰਹੇਗਾ॥੯॥

ਇੱਤਯਾਦਿਕ ਉਰ ਬਹੁਤ ਬਿਚਾਰੇ। ਪਦ ਕੇ ਅੱਛਰ ਅਪਰ ਉਚਾਰੇ।
'ਮਿੱਟੀ ਬੇਇਮਾਨ ਕੀ ਕਹੀ। ਸਕਲ ਤੁਰਕ ਕੀ ਇਹ ਗਤਿ ਨਹੀਂ॥ ੧੦॥

ਇਤਿਆਦਿਕ ਹਿਰਦੇ ਵਿਚ ਬਹੁਤ ਵਿਚਾਰ ਕੀਤੀ ਤੇ ਪਦ ਦੇ ਅੱਖਰ ਹੋਰ ਉਚਾਰਨ ਕਰ ਦਿੱਤੇ। ਮਿੱਟੀ ਬੇਈਮਾਨ ਦੀ ਕਹੀ, ਸਾਰੇ ਤੁਰਕਾਂ ਦੀ ਇਹ ਗਤੀ ਨਹੀਂ॥੧੦॥

ਬੇਇਮਾਨ ਕੀ ਨਿੰਦਯਾ ਸਾਰੇ। ਬਿਚ ਕੁਰਾਨ ਭੀ ਕਹਯੋ ਤੁਮਾਰੇ।
ਕਯਾ ਸੰਸੈ ਹੋਯਹੁ ਇਸ ਮਹੀ। ਬੇਇਮਾਨ ਕੀ ਦੁਰਗਤਿ ਕਹੀ॥ ੧੧॥

ਬੇਈਮਾਨ ਦੀ ਸਾਰੇ ਨਿੰਦਿਆ ਹੁੰਦੀ ਹੈ, ਤੁਹਾਡੇ ਕੁਰਾਨ ਵਿਚ ਵੀ ਹੈ। ਇਸ ਵਿਚ ਕੀ ਸ਼ੰਕਾ ਹੋਇਆ ਹੈ, ਬੇਈਮਾਨ ਦੀ ਦੁਰਗਤੀ ਕਹੀ ਹੈ॥੧੧॥

ਹਮਰੇ ਤੁਮਰੇ ਸਕਲ ਸਥਾਨ। ਨਿੰਦਤਿ ਹੈਂ ਜਿਨ ਤਜਯੋ ਇਮਾਨ।
ਸਭਿ ਕੋ ਮਤੋ ਏਕ ਬਿਧਿ ਕਹੈਂ। ਜਯੋਂ ਕਯੋਂ ਧਰਮ ਭਲੇ ਨਿਰਬਹੈਂ॥ ੧੨॥

ਸਾਡੇ ਤੁਹਾਡੇ ਸਾਰੇ ਸਥਾਨ, ਉਸ ਦੀ ਨਿੰਦਾ ਕਰਦੇ ਹਨ, ਜਿਹੜਾ ਈਮਾਨ ਛੱਡ ਦਿੰਦਾ ਹੈ। ਸਾਰਿਆਂ ਨੇ ਮੱਤ ਇਕ ਵਿਧੀ ਨਾਲ ਕਹਿੰਦੇ ਹਨ, ਜਿਵੇਂ ਜਿਵੇਂ ਧਰਮ ਭਲੇ ਨਿਭਦੇ ਹਨ॥੧੨॥

ਸਭਿ ਗੁਨ ਮੂਲ ਧਰਮ ਹੈ ਏਕ। ਹੋਤਿ ਧਰਮ ਤੇ ਰਿਦੇ ਬਿਬੇਕ।
ਸਥਿਤ ਜਗਤ ਕੋ ਧਰਮ ਰਖੰਤਾ। ਧਰਮ ਸਦਾ ਸੁਖ ਕੋ ਉਪਜੰਤਾ॥ ੧੩॥

ਸਭ ਗੁਣ ਮੂਲ ਧਰਮ ਇਕ ਹੈ, ਧਰਮ ਨਾਲ ਹੀ ਹਿਰਦੇ ਵਿਚ ਗਿਆਨ ਪ੍ਰਗਟ ਹੁੰਦਾ ਹੈ। ਧਰਮ ਹੀ ਜਗਤ ਨੂੰ ਸਥਿਤ ਰੱਖਦਾ ਹੈ। ਧਰਮ ਹੀ ਸਦਾ ਸੁਖ ਉਪਜਾਉਂਦਾ ਹੈ॥੧੩॥

ਧਰਮ ਰੂਪ ਹੈ ਖੇਤ ਬਿਸਾਲਾ। ਸਤਿ ਸੰਤੋਖ ਬੀਜ ਸਭਿ ਕਾਲਾ।
ਸਮਤਾ, ਸੁਚਤਾ, ਮੁਦਤਾ, ਖਿਮਾਂ। ਸ਼ਰਧਾ, ਦਯਾ ਕਰਤਿ ਇਨ ਜਮਾਂ॥ ੧੪॥

ਧਰਮ ਇਕ ਵਿਸ਼ਾਲ ਖੇਤ ਸਮਾਨ ਹੈ, ਜਿਸ ਵਿਚ ਸਤਿ ਸੰਤੋਖ ਦਾ ਬੀਜ ਸਦਾ ਹੀ ਬੀਜਿਆ ਜਾਂਦਾ ਹੈ। ਸ਼ਾਂਤੀ, ਸੁਚੱਤਾ, ਪ੍ਰਸੰਨਤਾ, ਖਿਮਾ ਸ਼ਰਧਾ, ਦਇਆ ਆਦਿ ਇਨ੍ਹਾਂ ਵਿਚ ਜਮਾਂ ਕਰਦੇ ਹਨ॥੧੪॥

ਪ੍ਰਾਨੀ ਜੀਵਹਿ ਜਗ ਮਹਿਂ ਜਾਵਦ। ਰੱਛਯਾ ਧਰਮ ਕਰਤਿ ਹੈ ਤਾਵਦ।
ਤਜਾਗੈ ਪ੍ਰਾਨ ਮ੍ਰਿਤਕ ਜਬਿ ਕੋਇ। ਚਲਹਿ ਬਡੇ ਮਗ ਏਕਲ ਹੋਇ॥ ੧੫॥

ਜਦ ਤਕ ਪ੍ਰਾਣੀ ਜੱਗ ਵਿਚ ਜੀਉਂਦਾ ਹੈ, ਤਦ ਤਕ ਧਰਮ ਉਸ ਦੀ ਰਖਿਆ ਕਰਦਾ ਹੈ। ਜਦ ਮਨੁੱਖ ਪ੍ਰਾਣ ਤਿਆਗ ਕੇ ਮਰ ਜਾਂਦਾ ਹੈ ਤਾਂ ਉਹ ਇਕੱਲਾ ਹੋ ਕੇ ਵੱਡੇ ਮਾਰਗ 'ਤੇ ਚਲਦਾ ਹੈ॥੧੫॥

ਤਬਹਿ ਸਹਾਇਕ ਧਰਮ ਅਸ਼ੋਕ। ਸਭਿ ਸੁਖ ਦੇਤਿ ਬੀਚ ਪਰਲੋਕ।
ਯਾਂਤੇ ਸ਼ੁਭ ਇਮਾਨ ਸਭਿ ਹੀ ਕੋ। ਤਜਹਿ ਨ ਕਬਹੂੰ ਚਹਿ ਸੁਖ ਜੀ ਕੋ॥੧੬॥

ਤਦ ਹੀ ਸਹਾਇਕ ਧਰਮ ਸ਼ੋਕ ਰਹਿਤ ਹੈ ਤੇ ਪਰਲੋਕ ਵਿਚ ਵੀ ਸਭ ਨੂੰ ਸੁਖ ਦਿੰਦਾ ਹੈ। ਇਸ ਕਰਕੇ ਸਾਰਿਆਂ ਵਾਸਤੇ ਸ਼ੁਭ ਈਮਾਨ ਚੰਗਾ ਹੈ। ਜੇ ਆਪਣੇ ਜੀ ਦਾ ਸੁਖ ਚਾਹੁੰਦਾ ਹੈਂ ਤਾਂ ਇਸ ਨੂੰ ਕਦੀ ਵੀ ਨਾ ਛੱਡੇ॥੧੬॥

ਬੇਇਮਾਨ ਦੁਖ ਦੋਨਹੁ ਲੋਕ। ਬੇਇਮਾਨ ਕੇ ਸਦ ਹੀ ਸ਼ੋਕ।
ਬੇਇਮਾਨ ਦੋਜ਼ਕ ਮਹਿਂ ਜਾਇ। ਬੇਇਮਾਨ ਕੀ ਗੋਰ ਜਲਾਇ॥੧੭॥

ਬੇਈਮਾਨ ਦੋਹਾਂ ਲੋਕਾਂ ਵਿਚ ਦੁੱਖ ਪਾਉਂਦਾ ਹੈ, ਬੇਈਮਾਨ ਸਦਾ ਹੀ ਦੁਖੀ ਰਹਿੰਦਾ ਹੈ, ਬੇਈਮਾਨ ਨਰਕਾਂ ਵਿਚ ਜਾਂਦਾ ਹੈ ਤੇ ਬੇਈਮਾਨ ਦੀ ਕਬਰ ਨੂੰ ਵੀ ਸਾੜ ਦਿੰਦੇ ਹਨ॥੧੭॥

ਇੱਤ੍ਯਾਦਿਕ ਗੁਰਸੁਤ ਨੇ ਕਹ੍ਯੋ। ਸ਼ਾਹ ਖੁਸ਼ਾਮਦ ਕੋ ਚਿਤ ਚਹ੍ਯੋ।
ਅਪਨੇ ਬਲ ਕੀ ਸੁਧ ਬਿਸਰਾਈ। ਸਤਿਗੁਰ ਗਿਰਾ ਦੀਨਿ ਉਲਟਾਈ॥੧੮॥

ਇਤਿਆਦਿਕ ਗੁਰੂ ਪੁੱਤਰ ਨੇ ਕਿਹਾ, ਬਾਦਸ਼ਾਹ ਦੀ ਖ਼ੁਸ਼ਾਮਦ ਕਰਨ ਨੂੰ ਚਿੱਤ ਵਿਚ ਚਾਹਿਆ। ਆਪਣੀ ਸਮਰੱਥਾ, ਆਪਣੀ ਸ਼ਕਤੀ ਦੀ ਖ਼ਬਰ ਹੀ ਭੁਲ ਗਿਆ ਤੇ ਸਤਿਗੁਰਾਂ ਦੇ ਬਚਨਾਂ ਨੂੰ ਉਲਟਾ ਦਿੱਤਾ॥੧੮॥

ਅਦਬ ਨ ਸਮਝ੍ਯੋ ਪਹਿਲੇ ਗੁਰ ਕੋ। ਖੋਟੋ ਕਰ੍ਯੋ ਮਨੋਰਥ ਉਰ ਕੋ।
ਗੰਢ ਸ਼ਾਹੁ ਸੋਂ ਮੇਰੋ ਰਹੈ। ਲਾਖਹੁਂ ਦਰਬ ਦੇਤਿ ਨਿਤ ਅਹੈ॥੧੯॥

ਪਹਿਲੇ ਗੁਰੂ ਸਾਹਿਬ ਦਾ ਅਦਬ ਨਾ ਸਮਝਿਆ, ਆਪਣੇ ਦਿਲ ਦੇ ਮਨੋਰਥ ਨੂੰ ਪੂਰਾ ਕਰਨ ਵਾਸਤੇ ਖੋਟਾ ਕਰਮ ਕੀਤਾ, ਕਿਉਂਕਿ ਉਹ ਚਾਹੁੰਦਾ ਸੀ ਕਿ ਬਾਦਸ਼ਾਹ ਨਾਲ ਮੇਰੀ ਬਣੀ ਰਹੇ, ਉਹ ਮੈਨੂੰ ਨਿਤ ਲੱਖਾਂ ਦਾ ਧਨ ਦਿੰਦਾ ਹੈ॥੧੯॥

ਤਿਸ ਦਿਨ ਤੇ ਟੂਟ੍ਯੋ ਗੁਰ ਦਿਸ਼ਿ ਤੇ। ਕਰੇ ਖੁਸ਼ਾਮਤ ਪਲਟ੍ਯੋ ਜਿਸ ਤੇ।
ਅਪਰ ਪ੍ਰਸੰਗ ਅਨੇਕ ਚਲੇ ਹੈਂ। ਉੱਤਰ ਸਭਿ ਕੋ ਦਿਯੋ ਭਲੇ ਹੈਂ॥੨੦॥

ਉਸ ਦਿਨ ਤੋਂ ਗੁਰੂ ਜੀ ਵਾਲੇ ਪਾਸੇ ਤੋਂ ਟੁੱਟ ਗਿਆ। ਬਾਦਸ਼ਾਹ ਦੀ ਖ਼ੁਸ਼ਾਮਦ ਕੀਤੀ ਤੇ ਗੁਰੂ ਜੀ ਦਾ ਵਾਕ ਬਦਲਾਇਆ। ਹੋਰ ਕਈ ਪ੍ਰਸੰਗ ਚਲੇ ਹਨ, ਸਭ ਦਾ ਉਤਰ ਭਲੀ ਪ੍ਰਕਾਰ ਦਿੱਤਾ॥੨੦॥

ਸਭਾ ਉਠੀ ਪੁਨ ਆਯਹੁ ਡੇਰੇ। ਖਾਨ ਪਾਨ ਕਰਿ ਹਰਖ ਬਡੇਰੇ।
ਆਗੇ ਜੇਤਿਕ ਅਜ਼ਮਤ ਦਈ। ਲਿਖਿ ਲਿਖਿ ਸਕਲ ਪਠਾਵਨਿ ਕਈ॥੨੧॥

ਜਦ ਸਭਾ ਉੱਠ ਗਈ ਫਿਰ ਡੇਰੇ ਵਿਚ ਆਇਆ ਤੇ ਖਾ ਪੀ ਕੇ ਬਹੁਤ ਪ੍ਰਸੰਨ ਹੋਇਆ। ਪਹਿਲਾਂ ਜਿੰਨੀ ਕਰਾਮਾਤ ਵਿਖਾਈ ਸੀ, ਸਾਰੀ ਲਿਖ ਲਿਖ ਭੇਜ ਦਿੱਤੀ॥੨੧॥

ਇਹ ਬ੍ਰਿਤਾਂਤ ਸੁਨਿ ਕੈ ਸਿਖ ਕੋਈ। ਲਿਖਿ ਅਰਦਾਸ ਚਲ੍ਯੋ ਲੇ ਸੋਈ।
ਸਕਲ ਕੁਸ਼ਲ ਕੀ ਗਾਥ ਪਠਾਈ। ਸ਼ਾਹੁ ਸਾਥ ਜਿਮ, ਲਿਖ੍ਯੋ ਤਥਾਈ॥੨੨॥

ਇਹ ਬ੍ਰਿਤਾਂਤ ਸੁਣ ਕੇ ਕੋਈ ਸਿੱਖ ਬੇਨਤੀ ਲਿਖ ਕੇ ਲੈ ਕੇ ਚਲ ਪਿਆ। ਸਾਰੀ ਸੁਖਸਾਂਦ ਦੀ ਕਹਾਣੀ ਲਿਖ ਕੇ ਭੇਜੀ, ਬਾਦਸ਼ਾਹ ਨਾਲ ਜਿਵੇਂ ਗੱਲ ਹੋਈ, ਉਸ ਤਰ੍ਹਾਂ ਹੀ ਲਿਖ ਦਿੱਤਾ॥੨੨॥

ਦਿੱਲੀ ਤੇ ਚਲਿ ਕੈ ਸਿਖ ਤੂਰਨ। ਕ੍ਰਮ ਤੇ ਉਲੰਘਜੋ ਪੰਥ ਸਪੂਰਨ।
ਕੀਰਤਿਪੁਰਿ ਸਤਿਗੁਰ ਹਰਿਰਾਇ। ਤਿਨ ਢਿਗ ਪਹੁੰਚਜੋ ਬੰਦੇ ਪਾਇ॥ ੨੩॥

ਉਹ ਸਿੱਖ ਤੁਰਤ ਦਿੱਲੀ ਤੋਂ ਚਲ ਕੇ, ਸਾਰਾ ਪੈਂਡਾ ਲੰਘ ਆਇਆ। ਕੀਰਤਪੁਰ ਜਿਥੇ ਗੁਰੂ ਹਰਿਰਾਇ ਜੀ ਰਹਿੰਦੇ ਸਨ, ਉਨ੍ਹਾਂ ਦੇ ਪਾਸ ਪਹੁੰਚ ਕੇ ਚਰਨਾਂ 'ਤੇ ਬੰਦਨਾ ਕੀਤੀ॥੨੩॥

ਸਕਲ ਕੁਸ਼ਲ ਅਰਦਾਸ ਸੁਨਾਈ। ਅਪਰ ਹਕੀਕਤ ਪੁਨਹਿ ਬੁਝਾਈ।
'ਅੰਤਰਜਾਮੀ ਰਾਵਰ ਸਾਰੇ। ਬਿਨਾਂ ਕਹੇ ਜਾਨਹੁ ਜਗੁ ਕਾਰੇ'॥ ੨੪॥

ਸਾਰੀ ਸੁਖ ਸਾਂਦ ਦੀ ਬੇਨਤੀ ਸੁਣਾਈ, ਹੋਰ ਹਕੀਕਤ ਬਾਅਦ ਵਿਚ ਦੱਸੀ, "ਹੇ ਪ੍ਰਭੂ ਜੀ ! ਆਪ ਅੰਤਰਜਾਮੀ ਹੋ, ਬਿਨਾਂ ਦੱਸਿਆ ਹੀ ਜਗ ਦੇ ਕਾਰਜ ਜਾਣਦੇ ਹੋ"॥੨੪॥

ਸ੍ਰੀ ਹਰਿਰਾਇ ਨਿਕਟਿ ਸਿਖ ਸੰਗਤਿ। ਬੈਠੇ ਹੁਤੇ ਨਿਕਟਿ ਕਰਿ ਪੰਗਤਿ।
ਸਭਿਹਿਨਿ ਕੇ ਸੁਨਾਇਬੇ ਕਾਰਨ। ਸਿਖ ਸੋਂ ਸਤਿਗੁਰ ਕੀਨਿ ਉਚਾਰਨਿ॥੨੫॥

ਸ੍ਰੀ ਹਰਿਰਾਇ ਜੀ ਦੇ ਪਾਸ ਸਿੱਖ ਸੰਗਤ ਪੰਗਤ ਬਣਾ ਕੇ ਨੇੜੇ ਬੈਠੀ ਸੀ। ਸਾਰਿਆਂ ਨੂੰ ਸੁਣਾਉਣ ਵਾਸਤੇ ਉਸ ਸਿੱਖ ਨੂੰ ਸਤਿਗੁਰੂ ਜੀ ਨੇ ਕਿਹਾ॥੨੫॥

'ਕਹੁ ਬ੍ਰਿਤਾਂਤ ਦਿੱਲੀ ਮਹਿਂ ਜੈਸਾ। ਤੁਰਕੇਸੁਰ ਬਰਤੈ, ਕਹੁ ਕੈਸਾ ?।
ਰਾਮਰਾਇ ਕੋ ਮਿਲਿਬੋ ਭਯੋ। ਕਿਸ ਪ੍ਰਕਾਰ ਪੂਰਬ ਚਲਿ ਗਯੋ ?॥ ੨੬॥

"ਦਿੱਲੀ ਬਾਰੇ ਬ੍ਰਿਤਾਂਤ ਦੱਸੋ ਜੈਸਾ ਹੈ, ਤੁਰਕ ਬਾਦਸ਼ਾਹ ਕੈਸਾ ਵਰਤਾਓ ਕਰਦਾ ਹੈ। ਰਾਮਰਾਇ ਨੂੰ ਮਿਲਦਾ ਹੈ, ਕਿਸ ਪ੍ਰਕਾਰ ਪਹਿਲਾਂ ਚਲ ਕੇ ਗਿਆ ?॥੨੬॥

ਬਚਨ ਸਪਰਸ਼ਨ ਕੈਸੇ ਕੀਏ ?। ਕਿਮ ਉੱਤਰ ਬਾਦੀ ਕਹ ਦੀਏ ?।
ਲੇਨਿ ਦੇਨਿ ਕੋ ਕਿਮ ਬਿਵਹਾਰ ?। ਕਿਮ ਸਨਮਾਨ ਅਮਾਨ, ਉਚਾਰ ? ॥੨੭॥

ਬਚਨ ਮੇਲ ਜੋਲ ਕੈਸਾ ਕੀਤਾ ? ਉਸ ਝਗੜਾਲੂ ਨੂੰ ਕਿਵੇਂ ਉੱਤਰ ਦਿੱਤੇ ? ਲੈਣ ਦੇਣ ਦਾ ਕੀ ਵਿਹਾਰ ਹੈ, ਕਿਵੇਂ ਆਦਰ ਅਨਾਦਰ ਉਚਾਰਨ ਕਰਦਾ ਹੈ ?॥੨੭॥

ਕਿਤਿਕ ਦਿਵਸ ਮਹਿਂ ਮੇਲ ਕਰੰਤੇ ?। ਕਰਾਮਾਤ ਕਿਮ ਤਿਸੈ ਦਿਖੰਤੇ ?।
ਕਿਮ ਸਤਿਗੁਰ ਘਰ ਕੀ ਵਡਿਆਈ। ਰਾਖਹਿ ਸ਼ਾਹੁ ਕਿ ਬਾਦ ਉਠਾਈ ?॥੨੮॥

ਕਿੰਨੇ ਦਿਨਾਂ ਬਾਅਦ ਮਿਲਦੇ ਹਨ ? ਉਸ ਨੂੰ ਕਿਸ ਤਰ੍ਹਾਂ ਕਰਾਮਾਤ ਵਿਖਾਉਂਦਾ ਹੈ ? ਕਿਵੇਂ ਸਤਿਗੁਰੂ ਜੀ ਦੇ ਘਰ ਦੀ ਵਡਿਆਈ ਹੈ ? ਬਾਦਸ਼ਾਹ ਵਡਿਆਈ ਰਖਦਾ ਹੈ ਕਿ ਝਗੜਾ ਉਠਾਉਂਦਾ ਹੈ ?॥੨੮॥

ਆਗੈ ਭੀ ਸੁਧਿ ਆਵਤਿ ਰਹੀ। ਜਿਮ ਬੀਤੀ ਨਰ ਗਨ ਤਿਮ ਕਹੀ।
ਤਊ ਸਮੀਪੀ ਤੂੰ ਨਿਤ ਰਹੈਂ। ਅਲਪ ਅਧਿਕ ਗਤਿ ਸਭਿ ਹੂੰ ਲਹੈਂ॥ ੨੯॥

ਪਹਿਲਾਂ ਵੀ ਖ਼ਬਰ ਆਉਂਦੀ ਰਹੀ ਹੈ, ਜਿਵੇਂ ਬੀਤੀ ਹੈ ਬਹੁਤ ਮਨੁੱਖਾਂ ਨੇ ਕਹੀ ਹੈ। ਫਿਰ ਵੀ ਤੂੰ ਸਦਾ ਨੇੜੇ ਰਹਿੰਦਾ ਹੈਂ, ਛੋਟੀਆਂ ਵੱਡੀਆਂ ਗਤੀਆਂ ਤੂੰ ਸਭ ਵੇਖਦਾ ਹੈਂ॥੨੯॥

ਜਬਿ ਕੇ ਦਿੱਲੀ ਨਗਰ ਪ੍ਰਵੇਸ਼ੇ। ਤਬਿ ਕੋ ਸਭਿ ਬ੍ਰਿਤਾਂਤ ਕਹੁ ਤੈਸੇ'।
ਇਮ ਸਤਿਗੁਰ ਤੇ ਸੁਨਿ ਸਿਖ ਸੋਇ। ਕਰੀ ਅਰਦਾਸ ਬੰਦਿ ਕਰ ਦੋਇ॥ ੩੦॥

ਜਦ ਦਾ ਉਹ ਦਿੱਲੀ ਨਗਰ ਵਿਚ ਦਾਖ਼ਲ ਹੋਇਆ ਹੈ, ਉਸ ਸਮੇਂ ਤੋਂ ਸਾਰਾ ਬ੍ਰਿਤਾਂਤ ਸੁਣਾਓ।'' ਇਸ ਤਰ੍ਹਾਂ ਸਤਿਗੁਰੂ ਜੀ ਪਾਸੋਂ ਸੁਣ ਕੇ ਉਸ ਸਿੱਖ ਨੇ ਦੋਵੇਂ ਹੱਥ ਜੋੜ ਕੇ ਬੇਨਤੀ ਕੀਤੀ॥੩੦॥

'ਜਬਿ ਕੇ ਪੁਰੀ ਪ੍ਰਵੇਸ਼ੇ ਜਾਇ। ਰਹੇ ਤਹਾਂ ਆਨੰਦ ਉਪਜਾਇ।
ਅਜ਼ਮਤ ਜਾਚਤਿ ਜਿਮ ਤੁਰਕੇਸ਼। ਪੁੱਤ੍ਰ ਆਪ ਕੋ ਦੇ ਤਿਮ ਬੇਸ਼॥ ੩੧॥

''ਜਦ ਦਾ ਨਗਰ ਵਿਚ ਜਾ ਕੇ ਪ੍ਰਵੇਸ਼ ਕੀਤਾ ਹੈ, ਉਥੇ ਬਹੁਤ ਅਨੰਦ ਨਾਲ ਰਹਿ ਰਿਹਾ ਹੈ। ਜਿਵੇਂ ਬਾਦਸ਼ਾਹ ਕਰਾਮਾਤ ਚਾਹੁੰਦਾ ਹੈ ਆਪ ਜੀ ਦਾ ਪੁੱਤਰ ਚੰਗੀ ਕਰਾਮਾਤ ਕਰਕੇ ਵਿਖਾ ਦਿੰਦਾ ਹੈ॥੩੧॥

ਦਸ ਅਰੁ ਤੀਨ ਹਜ਼ਾਰ ਦਰਬ ਦੇ। ਨਿਤਪ੍ਰਤਿ ਬਾਂਛਤਿ ਅਪਰ ਸਰਬ ਦੇ।
ਬਧਜੋ ਸਮਾਜ ਤੁਰੰਗਮ ਆਦਿ। ਢਿਗ ਸਿਖ ਸੰਗਤਿ ਬਹੁ ਅਹਿਲਾਦ॥ ੩੨॥

ਤੇਰਾਂ ਹਜ਼ਾਰ ਉਹ ਰੋਜ਼ ਦਾ ਧਨ ਦਿੰਦਾ ਹੈ ਤੇ ਨਿਤਪ੍ਰਤਿ ਮੂੰਹ ਮੰਗਿਆ ਹੋਰ ਸਭ ਕੁਝ ਦਿੰਦਾ ਹੈ। ਸਾਜ਼ੋ-ਸਾਮਾਨ ਅਤੇ ਘੋੜੇ ਆਦਿ ਬਹੁਤ ਵਧੇ ਹਨ ਤੇ ਸਿੱਖ ਸੰਗਤ ਬਹੁਤ ਅਨੰਦ ਪ੍ਰਸੰਨ ਹੈ॥੩੨॥

ਸਿੱਖ ਹਜ਼ਾਰਹੁੰ ਹੋਏ ਆਨਿ। ਅਧਿਕ ਪ੍ਰਤਾਪ ਭਯੋ ਤਿਸ ਥਾਨ।
ਨਿਕਟਿ ਨੁਰੰਗੇ ਕੇ ਨਿਤ ਜਾਤਿ। ਸਨਮਾਨਤਿ ਕਹਿ ਮਾਧੁਰ ਬਾਤ॥ ੩੩॥

ਆ ਕੇ ਹਜ਼ਾਰਾਂ ਲੋਕ ਸਿੱਖ ਬਣੇ ਹਨ, ਉਸ ਥਾਂ ਉਸ ਦਾ ਬਹੁਤ ਪ੍ਰਤਾਪ ਵਧਿਆ ਹੈ। ਨੌਰੰਗੇ ਦੇ ਪਾਸ ਸਦਾ ਜਾਂਦਾ ਹੈ, ਉਹ ਬਹੁਤ ਮਿੱਠੀਆਂ ਗੱਲਾਂ ਕਰਕੇ ਸਨਮਾਨਦਾ ਹੈ॥੩੩॥

ਵਸਤੁ ਅਮੋਲਕ ਅਰਪਨਿ ਕਰੈ। ਅਜ਼ਮਤ ਦੇਖਿ ਭਾਉ ਉਰ ਧਰੈ।
ਚਢਹਿ ਕਿਤਹੁੰ ਨਿਜ ਸਾਥ ਚਢਾਵਹਿ। ਸੁਭ ਬਾਤਨਿ ਕਹੁ ਕਹੈ ਕਹਾਵਹਿ॥ ੩੪॥

ਬਹੁਤ ਅਮੋਲਕ ਵਸਤਾਂ ਅਰਪਣ ਕਰਦਾ ਹੈ, ਕਰਾਮਾਤਾਂ ਵੇਖ ਕੇ ਹਿਰਦੇ ਵਿਚ ਪ੍ਰੇਮ ਧਾਰਨ ਕਰਦਾ ਹੈ। ਜਦ ਵੀ ਕਿਤੇ ਚੜ੍ਹਾਈ ਕਰਦਾ ਹੈ ਤਾਂ ਆਪਣੇ ਨਾਲ ਚੜ੍ਹਾ ਕੇ ਲੈ ਜਾਂਦਾ ਹੈ, ਸ਼ੁਭ ਗੱਲਾਂ ਕਹਿੰਦਾ ਅਤੇ ਕਹਾਉਂਦਾ ਹੈ॥੩੪॥

ਬ੍ਰਿੱਤ ਅਖੇਰ ਜਾਤਿ ਹੈ ਸੰਗ। ਗਜ ਸਿਵਕਾ ਕੈ ਚਢਹਿ ਤੁਰੰਗ।
ਗੁਰ ਅਰਜਨ ਸ੍ਰੀ ਹਰਿਗੋਬਿੰਦ। ਇਨ ਕੋ ਭਾ ਜਿਮ ਮਾਨ ਬਿਲੰਦ॥ ੩੫॥

ਸ਼ਿਕਾਰ ਖੇਡਣ ਨਾਲ ਜਾਂਦਾ ਹੈ, ਹਾਥੀ ਪਾਲਕੀ ਜਾਂ ਘੋੜੀ ਦੀ ਸਵਾਰੀ ਕਰਦਾ ਹੈ। ਗੁਰੂ ਅਰਜਨ ਦੇਵ, ਗੁਰੂ ਹਰਿਗੋਬਿੰਦ ਵਾਂਗ ਬੜਾ ਉੱਚਾ ਮਾਣ ਹੈ॥੩੫॥

ਤਿਸੀ ਰੀਤਿ ਰਾਵਰ ਕੇ ਸੁਤ ਕੋ। ਕਰਹਿ ਸ਼ਾਹੁ ਅਰੁ ਰਾਖਹਿ ਹਿਤ ਕੋ।
ਬਹਿਲੋ ਕੇ ਭਾਈ ਗੁਰਦਾਸ। ਇੱਤਜਾਦਿਕ ਸਿਖ ਸਭਿ ਰਹਿਂ ਪਾਸ॥ ੩੬॥

ਉਸੇ ਰੀਤੀ ਅਨੁਸਾਰ ਆਪ ਜੀ ਦੇ ਪੁੱਤਰ ਦਾ ਬਾਦਸ਼ਾਹ ਸਤਿਕਾਰ ਕਰਦਾ ਹੈ ਅਤੇ ਹਿੱਤ ਰੱਖਦਾ ਹੈ। ਬਹਿਲੋ ਦਾ ਭਰਾ ਭਾਈ ਗੁਰਦਾਸ ਇਤਿਆਦਿਕ ਸਿੱਖ ਸਭ ਪਾਸ ਰਹਿੰਦੇ ਹਨ॥੩੬॥

ਬਡੀ ਭੀਰ ਨਿਤਪ੍ਰਤਿ ਢਿਗ ਹੋਵੈ। ਧਰਹਿਂ ਭਾਵ ਦਰਸ਼ਨ ਕਹੁ ਜੋਵੈਂ।
ਬਹੁ ਧਨ ਧਰਹਿਂ ਉਪਾਇਨ ਅਰਪਹਿਂ। ਬਰ ਕੋ ਜਾਚਿ ਸ੍ਰਾਪ ਤੇ ਡਰਪਹਿਂ॥ ੩੭॥

ਸਦਾ ਹੀ ਪਾਸ ਵੱਡੀ ਭੀੜ ਜੁੜੀ ਰਹਿੰਦੀ ਹੈ। ਵੱਡੀ ਪ੍ਰੇਮ ਭਾਵਨਾ ਧਾਰ ਕੇ ਦਰਸ਼ਨ ਕਰਦੇ ਹਨ। ਬਹੁਤ ਧਨ ਧਰ ਕੇ ਉਪਹਾਰ ਅਰਪਣ ਕਰਦੇ ਹਨ, ਵਰ ਮੰਗਦੇ ਹਨ ਤੇ ਸਰਾਪ ਤੋਂ ਡਰਦੇ ਹਨ॥੩੭॥

ਜੈ ਜੈਕਾਰ ਗੁਰਨਿ ਕੋ ਸਾਰੇ। ਨਮੋ ਕਰਹਿਂ ਅਰੁ ਬਿਨੈ ਉਚਾਰੇਂ।
ਜਾਨਤਿ ਹੋ ਬਰਤੈ ਜਗ ਜਿਤੀ। ਅਜ਼ਮਤ ਦੀਨਿ ਕਹੌਂ ਅਬਿ ਤਿਤੀ॥ ੩੮॥

ਗੁਰੂ ਸਾਹਿਬਾਨ ਦੀ ਸਾਰੇ ਜੈ ਜੈਕਾਰ ਹੈ, ਨਮਸਕਾਰ ਉਚਾਰਨ ਕਰਕੇ ਬੇਨਤੀ ਕਰਦੇ ਹਨ। ਜਗਤ ਵਿਚ ਜੋ ਵੀ ਵਰਤਾਰਾ ਹੋ ਰਿਹਾ ਹੈ, ਉਸ ਬਾਰੇ ਤੁਸੀਂ ਜਾਣਦੇ ਹੋ, ਜਿੰਨੀਆਂ ਕਰਾਮਾਤਾਂ ਕੀਤੀਆਂ ਹਨ, ਉਨ੍ਹਾਂ ਬਾਰੇ ਵੀ ਮੈਂ ਕਹਿੰਦਾ ਹਾਂ॥੩੮॥

ਕਬਿੱਤ-ਅਜ ਕੋ ਜਿਵਾਇ, ਬੈਠੇ ਕੂਪ ਪਰ ਜਾਇ, ਫਲ ਮੱਕੇ ਤੇ ਮੰਗਾਇ, ਹਿਤੂ ਬੇਗਮ ਬਤਾਈਐ।
ਪਦਮਨੀ ਆਨਿ, ਚੰਦ ਦੂਜੋ ਅਸਮਾਨ ਭਯੋ, ਤੋਸ਼ੇ ਖਾਨੇ ਥਾਨ ਕਰਿ ਗਿਨਤੀ ਸੁਨਾਈਐ।
ਕੇਹਰੀ ਅਖੇਰ ਕੋ, ਜਨਮ ਬਾਜ ਪੂਰਬ ਕੋ, ਫਲ ਦੇਵਰੁਖ ਕੇ, ਚਿਕਰ ਸਜਾਮਤਾਈਐ।
ਜਮਨਾ ਪੈ ਫਿਰੇ, ਓਰੇ ਹਰੇ, ਮੱਤਜ ਕਰੀ ਚਰੇ, ਜੀਹ ਠਾਕ, ਤਾਰੇ ਦਿਨ, ਧਨ ਜੀਤ ਪਾਈਐ॥੩੯॥

ਬੱਕਰੇ ਨੂੰ ਜਿਵਾ ਕੇ, ਖੂਹ ਉੱਤੇ ਜਾ ਬੈਠੇ, ਮੱਕੇ ਤੋਂ ਫਲ ਮੰਗਵਾਏ, ਹਿਤੂ ਬੇਗਮ ਬਾਰੇ ਦੱਸਿਆ, ਪਦਮਨੀ ਲਿਆਂਦੀ, ਦੂਸਰਾ ਚੰਦ ਆਸਮਾਨ ਵਿਚ ਚਾੜ੍ਹਿਆ, ਤੋਸ਼ੇਖਾਨੇ ਦੇ ਸਥਾਨ ਦੀ ਗਿਣਤੀ ਕਰਕੇ ਸੁਣਾਈ। ਸ਼ੇਰ ਦਾ ਸ਼ਿਕਾਰ ਕੀਤਾ, ਬਾਜ਼ ਦਾ ਪਿਛਲਾ ਜਨਮ ਦੱਸਿਆ, ਕਲਪ ਬ੍ਰਿਛ ਦੇ ਫਲ ਲਿਆਂਦੇ, ਬਾਦਸ਼ਾਹ ਦੇ ਕੇਸ ਕਾਲੇ ਬਣਾ ਦਿੱਤੇ, ਜਮਨਾ ਨਦੀ ਦੇ ਉੱਤੇ ਤੁਰੇ, ਚੌਪੜ ਖੇਡ ਕੇ ਬਾਦਸ਼ਾਹ ਪਾਸੋਂ ਧਨ ਜਿੱਤਿਆ॥੩੯॥

ਮਰੀ ਕੋ ਹਟਾਇ, ਛਾਉ ਛਾਈ ਪੈ, ਪ੍ਰਸੂਤ ਸਿਸ, ਉਜਬਕ ਢਾਹਿ, ਅਲਾਵਦੀਨ ਮ੍ਰਿਤੁ ਉਕਤਾ।
ਸੁਪਨੋ ਬਤਾਇ, ਨੌਕਾ ਜੋਰਿ ਕੈ, ਲੁਕਾਂਜਨ ਦੇ, ਧੇਨੁ ਕੋ ਜਿਵਾਇ, ਦਈ ਤਸਬੀ, ਸੁ ਮੁਕਤਾ।
ਖਾਯੋ ਸੋ ਬਤਾਯੋ, ਖਟ ਰਿਤੁ ਫਲ ਏਕਠੈ ਕੈ, ਆਗ ਪਰ ਬਾਗ ਭਾ, ਸਮਾਧਿ ਸੰਗ ਜੁਗਤਾ।
ਅੱਸ੍ਰ ਦਰਿਆਈ, ਜੇਠ ਸੀਤਲ ਚਲਾਈ ਬਾਉ, ਭੂਮਕੋ ਉਚਾਈ, ਕਹਿ ਸੰਤੋਖ ਸਿੰਘ ਬਕਤਾ॥੪੦॥

ਹੈਜ਼ੇ ਦੀ ਬਿਮਾਰੀ ਹਟਾਈ, ਬਾਦਸ਼ਾਹ ਉਪਰ ਬਦਲਾਂ ਦੀ ਛਾਂ ਕੀਤੀ, ਪ੍ਰਸੂਤ ਦੀ ਪੀੜਾ ਹਟਾਈ ਤੇ ਬੱਚੇ ਨੇ ਜਨਮ ਲਿਆ, ਉਜ਼ਬਕ ਪਹਿਲਵਾਨ ਨੂੰ ਇਕ ਆਮ ਬੰਦੇ ਤੋਂ ਢੁਹਾਇਆ, ਅਲਾਵਦੀਨ ਦੀ ਮੌਤ ਦੱਸੀ, ਬਾਦਸ਼ਾਹ ਦਾ ਸੁਪਨਾ ਦੱਸਿਆ, ਦੋ ਫਾੜ ਹੋਈ ਬੇੜੀ ਜੋੜੀ, ਸੁਲੇਮਾਨੀ ਸੁਰਮਾ ਦਿੱਤਾ, ਗਊ ਨੂੰ ਜਿਵਾਇਆ, ਤਸਬੀ ਲਭ ਕੇ ਦਿੱਤੀ, ਸ੍ਰੇਸ਼ਟ ਮੋਤੀ ਦਿੱਤਾ, ਬਾਦਸ਼ਾਹ ਦਾ ਖਾਧਾ ਹੋਇਆ ਦੱਸਿਆ, ਛੇ ਰੁੱਤਾਂ ਦੇ ਫਲ ਇਕੱਠੇ ਕੀਤੇ, ਅੱਗ ਉੱਤੇ ਬਾਗ ਵਿਖਾਏ, ਸਮਾਧੀ ਵਿਚ ਜੁੜੇ ਰਹੇ ਬਾਦਸ਼ਾਹ ਨੂੰ ਦਰਿਆਈ ਘੋੜਾ ਦਿੱਤਾ, ਜੇਠ ਦੇ ਮਹੀਨੇ ਵਿਚ ਠੰਡੀ ਪੌਣ ਚਲਾਈ, ਭੂਮੀ ਨੂੰ ਉੱਚਾ ਕੀਤਾ। ਅਜਿਹੀਆਂ ਕਰਾਮਾਤਾਂ ਕੀਤੀਆਂ, ਕਵੀ ਸੰਤੋਖ ਸਿੰਘ ਕਹਿੰਦਾ ਹੈ॥੪੦॥

ਪੱਤਰੇ ਨਿਕਾਸੇ ਤਰੇ ਸੁਜਨੀ ਤੇ ਬੈਠੇ ਪੁਨ, ਪੌਰਨਿ ਕੇ ਤਾਰੇ ਪਾਟ ਸਾਂਕਰ ਛੁਟਾਵਨੇ।
ਆਮਿਖ ਸੁਰਾ ਕੋ ਕਰਯੋ ਚਾਵਰ ਦੁਗਧ ਤਬਿ, ਪਾਲਕੀ ਚਲਾਈ ਬਿਨਾ ਨਰ ਦਿਖਰਾਵਨੇ।
ਕੰਚਨ ਕੇ ਕੰਕਨ ਮੰਗਾਇ ਤਾਤਕਾਲ ਢਿਗ ਨੌਰੰਗ ਕੋ ਦਿਯੇ ਹੇਤੁ ਰਸ ਕੇ ਰਖਾਵਨੇ।
ਜਗ ਬਿਸਮਾਯੋ ਦੇਖਿ ਸੁਨਿ ਕੈ ਲੁਭਾਏ ਬਹੁ ਸ਼ਾਹ ਕੇ ਸਹਿਤ ਸਭਾ ਅਚਰਜ ਪਾਵਨੇ॥੪੧॥

ਚੌਂਕੀ ਦੇ ਵਿਛਾਉਣੇ ਹੇਠੋਂ ਪੱਤਰੇ ਕੱਢੇ, ਦਰਵਾਜ਼ਿਆਂ ਦੇ ਸਾਰੇ ਤਾਲੇ ਤੇ ਸੰਗਲ ਖੋਲ੍ਹੇ, ਮਾਸ ਅਤੇ ਸ਼ਰਾਬ ਨੂੰ ਸਬਜ਼ੀ ਅਤੇ ਦੁੱਧ ਬਣਾ ਦਿੱਤਾ, ਬਿਨਾਂ ਕਹਾਰਾਂ ਪਾਲਕੀ ਚਲਾਈ, ਸੋਨੇ ਦੇ ਕੰਗਣ ਮੰਗਵਾਏ ਤੇ ਤੁਰਤ ਨੌਰੰਗੇ ਨੂੰ ਦੇ ਦਿੱਤੇ। ਜਗਤ ਨੂੰ ਹੈਰਾਨ ਕੀਤਾ, ਵੇਖ ਸੁਣ ਕੇ ਸਭ ਰੀਝ ਪੈਂਦੇ ਹਨ, ਬਾਦਸ਼ਾਹ ਸਹਿਤ ਸਭ ਬਹੁਤ ਅਸਚਰਜਤਾ ਪਾਉਂਦੇ ਹਨ॥੪੧॥

ਚੌਪਈ- ਇਮ ਅਜ਼ਮਤ ਬਹੁ ਬਾਰ ਦਿਖਾਈ। ਤਊ ਤੁਰਕ ਜੇ ਬਾਦ ਉਠਾਈ।
ਕਰਤੇ ਰਹੇ ਦ੍ਵੈਸ਼ ਬਹੁਤੇਰੇ। ਫਸੇ ਸ਼ਰ੍ਹਾ ਮਹਿਂ ਮੂਢ ਬਡੇਰੇ॥ ੪੨॥

ਇਸ ਤਰ੍ਹਾਂ ਬਹੁਤ ਵਾਰ ਕਰਾਮਾਤਾਂ ਵਿਖਾਈਆਂ, ਫਿਰ ਵੀ ਤੁਰਕ ਬਹੁਤ ਝਗੜਾ ਕਰਦੇ ਰਹੇ, ਬਹੁਤ ਈਰਖਾ ਕਰਦੇ ਸਨ, ਮੂਰਖ ਜਿਹੜੇ ਵੱਡੀ ਸ਼ਰ੍ਹਾ ਵਿਚ ਫੱਸੇ ਹਨ॥੪੨॥

ਕਰਾਮਾਤ ਕੇ ਜ਼ੋਰ ਦਬਾਏ। ਸਭਾ ਬਿਖੇ ਨਹਿਂ ਬੋਲਨਿ ਪਾਏ।
ਦੂਨ ਚਊਨੀ ਬਹੁ ਵਡਿਆਈ। ਰਾਵਰ ਕੇ ਸੁਤ ਨਿਤਪ੍ਰਤਿ ਪਾਈ ॥੪੩॥

ਪਰ ਕਰਾਮਾਤ ਦੇ ਜ਼ੋਰ ਨਾਲ ਸਭ ਦਬਾ ਲਏ, ਫਿਰ ਸਭਾ ਵਿਚ ਬੋਲ ਨਾ ਸਕੇ। ਦੂਣੀ ਚੌਣੀ ਬਹੁਤ ਵਡਿਆਈ ਹੋਈ, ਆਪ ਜੀ ਦੇ ਪੁੱਤਰ ਨੇ ਬਹੁਤ ਵਡਿਆਈ ਸਦਾ ਹੀ ਪ੍ਰਾਪਤ ਕੀਤੀ' ॥੪੩॥

*ਨੌਵੀਂ ਰਾਸ ਦਾ ਸਤਵੰਞਵਾਂ ਅਧਿਆਇ ਸਮਾਪਤ ਹੋਇਆ॥੫੭॥*

## *ਅਧਿਆਇ ਅਠਵੰਞਵਾਂ*

### *ਸ੍ਰੀ ਗੁਰੂ ਹਰਿਰਾਇ ਜੀ ਨੇ ਪੁੱਤਰ ਤਿਆਗਣਾ*

ਦੋਹਰਾ- 'ਕਾਜ਼ੀ ਗਨ ਉਲਮਾਉ ਜੇ ਕਰਤਿ ਦ੍ਵੈਖ ਕੀ ਬਾਤ।
ਕਈ ਬਾਰ ਤਰਕਤਿ ਰਹੈਂ ਕਰਿ ਦਲੀਲ ਬੱਖਜਾਤ॥ ੧॥

ਸਮੂਹ ਕਾਜ਼ੀ ਅਤੇ ਉਲਮਾ ਈਰਖਾ ਦੀ ਗੱਲ ਕਰਦੇ ਹਨ। ਕਈ ਵਾਰ ਤਰਕ ਕਰਦੇ ਰਹਿੰਦੇ ਹਨ ਤੇ ਆਪਣੀਆਂ ਦਲੀਲਾਂ ਦਿੰਦੇ ਹਨ॥੧॥

ਚੌਪਈ- ਕਰਤਿ ਬਾਦ ਦੁਇ ਚੰਦ ਦਿਖਾਏ। ਦਿਵਸ ਬਿਖੈ ਤਾਰੇ ਨਿਕਸਾਏ।
ਇੱਤਜਾਦਿਕ ਅਜ਼ਮਤਿ ਤਿਨ ਕਾਰਨ। ਸਾਹਿਬਜ਼ਾਦੇ ਕਰੀ ਦਿਖਾਰਨਿ ॥੨॥

ਜਦ ਝਗੜਾ ਕਰਦੇ ਸਨ ਤਾਂ ਦੋ ਚੰਦ ਵਿਖਾ ਦਿੱਤੇ ਤੇ ਦਿਨ ਵੇਲੇ ਤਾਰੇ ਨਿਕਲ ਆਏ। ਇਤਿਆਦਿਕ ਉਨ੍ਹਾਂ ਦੇ ਕਾਰਨ ਸਾਹਿਬਜ਼ਾਦੇ ਨੇ ਕਰਾਮਾਤਾਂ ਵਿਖਾਈਆਂ॥੨॥

ਪੁਨ ਇਕ ਦਿਨ ਬਹੁ ਬਾਦ ਉਠਾਵਾ। ਸ੍ਰੀ ਨਾਨਕ ਕੋ ਸ਼ਬਦ ਅਲਾਵਾ।
ਮਿੱਟੀ ਮੁਸਲਮਾਨ ਕੀ ਜੋਇ। ਇਸ ਕੋ ਅਰਥ ਕਹੋ ਕਿਮ ਹੋਇ? ॥੩॥

ਫਿਰ ਇਕ ਦਿਨ ਬਹੁਤ ਝਗੜਾ ਖੜਾ ਕੀਤਾ, ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਿਹੜਾ ਸ਼ਬਦ ਉਚਾਰਨ ਕੀਤਾ ਹੈ, "ਮਿਟੀ ਮੁਸਲਮਾਨ ਕੀ' ਕਹਿਣ ਲੱਗੇ ਇਸ ਦੇ ਅਰਥ ਕਹੋ ਕੀ ਹਨ?॥੩॥

ਏਵ ਸ਼ਰਈਅਨਿ ਸ਼ਾਹੁ ਸਿਖਾਯੋ। ਸੋ ਪ੍ਰਸੰਗ ਬਿਚ ਸਭਾ ਚਲਾਯੋ।
ਤਬਿ ਹੀ ਤੁਮਰੇ ਪੁੱਤ੍ਰ ਬਿਚਾਰਾ। ਅਰਥ ਵਾਸਤਵ ਕਰੈਂ ਉਚਾਰਾ॥ ੪॥

ਇਸ ਤਰ੍ਹਾਂ ਸ਼ਰੱਈਆਂ ਨੇ ਬਾਦਸ਼ਾਹ ਨੂੰ ਸਿਖਾਇਆ ਤੇ ਉਹ ਪ੍ਰਸੰਗ ਸਭਾ ਦੇ ਵਿਚ ਚਲਾਇਆ। ਤਦ ਤੁਹਾਡੇ ਪੁੱਤਰ ਨੇ ਇਹ ਵਿਚਾਰ ਕੀਤੀ ਜੇ ਵਾਸਤਵ ਅਰਥ ਉਚਾਰਨ ਕਰਦੇ ਹਾਂ॥੪॥

ਬਿਗਰਹਿ ਸ਼ਾਹੁ ਸ਼ਰ੍ਹਾ ਮੈਂ ਗਾਢੋ। ਹਿੰਦੁਨਿ ਸੰਗ ਬਾਦ ਜਿਸ ਬਾਢੋ।
ਯਾਂਤੇ ਨਹੀਂ ਜਥਾਰਥ ਕਹਜੋ। ਰਸ ਨੌਰੰਗ ਸੋਂ ਰਾਖਨਿ ਚਹਜੋ॥ ੫॥

ਤਾਂ ਗੱਲ ਵਿਗੜ ਜਾਵੇਗੀ, ਕਿਉਂਕਿ ਬਾਦਸ਼ਾਹ ਸ਼ਰ੍ਹਾ ਵਿਚ ਬੜਾ ਕੱਟੜ ਹੈ, ਹਿੰਦੂਆਂ ਨਾਲ ਉਸਦਾ ਝਗੜਾ ਬਹੁਤ ਵੱਧ ਜਾਵੇਗਾ। ਇਸ ਕਰਕੇ ਉਨ੍ਹਾਂ ਜਥਾਰਥ ਅਰਥ ਨਾ ਕੀਤੇ, ਨੌਰੰਗੇ ਨਾਲ ਉਹ ਪਿਆਰ ਰਖਣਾ ਚਾਹੁੰਦੇ ਸਨ॥੫॥

ਅਧਿਕ ਦਰਬ ਤਿਹਂ ਤੇ ਨਿਤ ਆਵੈ। ਬਡ ਡੇਰੇ ਕੀ ਕਾਰ ਚਲਾਵੈ।
ਮਾਨ ਰਾਖਿਬੇ ਕਾਰਨ ਸ਼ਾਹੂ। ਨਾਤੁਰ ਬਹਸ ਪਰਤਿ ਰਿਸ ਮਾਂਹੂ॥ ੬॥

ਉਸ ਪਾਸੋਂ ਨਿਤ ਬਹੁਤ ਧਨ ਆਉਂਦਾ ਹੈ, ਵੱਡੇ ਡੇਰੇ ਦਾ ਕਾਰ ਵਿਹਾਰ ਚਲਦਾ ਹੈ। ਬਾਦਸ਼ਾਹ ਦਾ ਮਾਣ ਰੱਖਣ ਕਾਰਨ, ਨਹੀਂ ਤਾਂ ਝਮੇਲ ਵਿਚ ਗ਼ੁੱਸੇ ਦੇ ਵਿਚ ਆ ਜਾਂਦਾ॥੬॥

ਤੌਰ ਕਚਹਿਰੀ ਕੋ ਪਿਖਿ ਕਰਿ ਕੈ। ਅਪਰ ਰੀਤੀ ਸੋਂ ਸ਼ਬਦ ਉਚਰਿਕੈ।
ਰਾਖਜੋ ਸ਼ਾਹੁ ਸੰਗ ਰਸ ਨੀਕੋ। ਬੋਲਤਿ ਹੋਤਿ ਭਏ ਨਹਿਂ ਫੀਕੋ॥ ੭॥

ਕਚਹਿਰੀ ਦਾ ਤੌਰ ਤਰੀਕਾ ਵੇਖ ਕੇ, ਹੋਰ ਰੀਤੀ ਨਾਲ ਸ਼ਬਦ ਉਚਾਰਨ ਕਰਕੇ ਬਾਦਸ਼ਾਹ ਨਾਲ ਚੰਗਾ ਪ੍ਰੇਮ ਰੱਖ ਲਿਆ, ਇਸ ਤਰ੍ਹਾਂ ਬੋਲਦੇ ਰਹੇ ਹਨ ਜਿਸ ਤਰ੍ਹਾਂ ਫਿਕ ਨਾ ਪੈ ਜਾਵੇ॥੭॥

ਮਿੱਟੀ ਬੇਇਮਾਨ ਕੀ ਅਹੈ। ਸਗਲ ਤੁਰਕ ਕੀ ਨਹਿਂ ਗਤਿ ਇਹੈ।
ਪੁਨ ਇਮਾਨ ਕੀ ਸਤੁਤਿ ਬਖਾਨੀ। ਇਮ ਦਲੀਲ ਕੀਨਸਿ ਤਿਨ ਹਾਨੀ'॥੮॥

ਉਚਾਰਨ ਕੀਤਾ ਕਿ ਸ਼ਬਦ ਵਿਚ ਮਿੱਟੀ ਮੁਸਲਮਾਨ ਕੀ ਨਹੀਂ, ਬਲਕਿ ਮਿੱਟੀ ਬੇਈਮਾਨ ਕੀ ਹੈ, ਸਾਰੇ ਤੁਰਕਾਂ ਦੀ ਇਹ ਗਤੀ ਨਹੀਂ ਹੈ। ਫਿਰ ਈਮਾਨ ਦੀ ਉਸਤਤੀ ਕੀਤੀ ਅਤੇ ਇਸ ਢੰਗ ਨਾਲ ਉਨ੍ਹਾਂ ਦੀ ਦਲੀਲ ਨਾਸ਼ ਕਰ ਦਿੱਤੀ ਭਾਵ ਇੰਝ ਉੱਤਰ ਦਿੱਤਾ''॥੮॥

ਇਮ ਸੁਨਿ ਸ੍ਰੀ ਸਤਿਗੁਰ ਹਰਿਰਾਇ। ਸੁਤ ਦਿਸ਼ਿ ਤੇ ਕੁਛ ਰਿਸ ਮਨ ਲਜਾਇ।
ਗੁਰਤਾ ਉਚਿਤ ਨਹੀਂ ਸੁਭ ਲਹਜੋ। 'ਭਯੋ ਨਲਾਇਕ ਧੀਰ ਨ ਰਹਜੋ॥ ੯॥

ਇਸ ਤਰ੍ਹਾਂ ਸੁਣ ਕੇ ਸਤਿਗੁਰੂ ਹਰਿਰਾਇ ਜੀ, ਪੁੱਤਰ ਵਾਲੇ ਪਾਸੇ ਤੋਂ ਮਨ ਵਿਚ ਕੁਝ ਕ੍ਰੋਧ ਭਰ ਲਿਆਏ। ਇਹ ਸਮਝ ਲਿਆ ਕਿ ਉਹ ਗੁਰਤਾ ਦੇ ਉਚਿਤ ਨਹੀਂ ਹੈ, ''ਨਾਲਾਇਕ ਨਿਕਲਿਆ ਹੈ, ਧੀਰਜ ਧਾਰ ਕੇ ਨਹੀਂ ਰਿਹਾ ਹੈ॥੯॥

ਤੁਰਕੇਸ਼ੁਰ ਕੋ ਰਾਖਜੋ ਮਾਨ। ਸ਼ਬਦ ਬਿਪਰਜੈ ਕੀਨਿ ਬਖਾਨਿ।
ਪਹਿਲੇ ਪਾਤਿਸ਼ਾਹਿ ਕੇ ਬਾਕ। ਫੇਰ ਸਕਹਿ ਕੋ ਇਨ ਮਤਿ ਰਾਂਕ॥ ੧੦॥

ਤੁਰਕ ਬਾਦਸ਼ਾਹ ਦਾ ਮਾਣ ਰਖਿਆ ਹੈ ਤੇ ਉਲਟ ਸ਼ਬਦ ਕਹਿ ਦਿੱਤਾ ਹੈ। ਪਹਿਲੀ ਪਾਤਿਸ਼ਾਹੀ ਦੇ ਬਚਨ ਹਨ। ਕਿਹੜਾ ਕੰਗਾਲ ਉਨ੍ਹਾਂ ਦਾ ਮੱਤ ਬਦਲ ਸਕਦਾ ਹੈ॥੧੦॥

ਬਾਨ ਅਮੋਘ ਤਜੈ ਧਨੁ ਧਾਰੀ। ਜਿਮ ਤਿਸ ਕੋ ਨ ਸਕਹਿ ਕਿਮ ਟਾਰੀ।
ਬ੍ਰਹਮ ਅਸਤ੍ਰ ਜਿਮ ਸਫਲ ਸਦਾਈ। ਜਿਨ ਮਹਿਂ ਪੂਰਨ ਸ਼ਕਤਿ ਮਹਾਂਈ॥੧੧॥

ਧਨੁੱਖਧਾਰੀ ਨੇ ਅਮੋਘ ਬਾਣ ਛੱਡੇ ਸਨ, ਜਿਵੇਂ ਉਨ੍ਹਾਂ ਨੂੰ ਕਿਸੇ ਤਰ੍ਹਾਂ ਵੀ ਕੋਈ ਟਾਲ ਨਹੀਂ ਸਕਦਾ ਹੈ, ਬ੍ਰਹਮ ਅਸਤਰ ਜਿਵੇਂ ਸਦਾ ਸਫਲ ਹੈ, ਜਿਨ੍ਹਾਂ ਵਿਚ ਪੂਰਨ ਮਹਾਂ ਸ਼ਕਤੀ ਹੁੰਦੀ ਹੈ॥੧੧॥

ਪੀਰ ਮੀਰ ਸਿਧ ਸਾਧਿਕ ਬ੍ਰਿੰਦ। ਜੇ ਅਜ਼ਮਤ ਕੋ ਧਰਤਿ ਬਿਲੰਦ।
ਤਿਨ ਕੇ ਬਚਨ ਸਭਿਨਿ ਸਿਰ ਧਰੇ। ਕੋ ਅਸ ਮੂਢ ਤਰਕ ਜੋ ਕਰੇ॥ ੧੨॥

ਪੀਰ ਮੀਰ ਸਿਧ ਸਾਧਿਕ ਸਾਰੇ ਜਿਹੜੇ ਵੱਡੀ ਅਜ਼ਮਤ ਧਾਰਨ ਕਰਦੇ ਹਨ, ਉਨ੍ਹਾਂ ਦੇ ਬਚਨ ਸਾਰਿਆਂ ਨੇ ਆਪਣੇ ਸਿਰ 'ਤੇ ਧਾਰਨ ਕੀਤੇ ਹਨ, ਕੌਣ ਐਸਾ ਮੂਰਖ ਹੈ ਜਿਹੜਾ ਤਰਕ ਕਰੇ॥੧੨॥

ਔਚਕ ਦੰਡ ਮਿਲੈ ਤਿਸ ਤਾਂਈ। ਦੂਖ ਤੇ ਦੁਖ ਪਾਵੈ ਸਭਿ ਥਾਂਈ।
ਚੱਕ੍ਰਵਰਤਿ ਨ੍ਰਿਪ ਜਥਾ ਦੁਹਾਈ। ਨਹਿਂ ਮਾਨਹਿਂ ਜੋ ਕਰਿ ਦੁਸ਼ਟਾਈ॥੧੩॥

ਅਚਣਚੇਤ ਉਸ ਨੂੰ ਦੰਡ ਮਿਲੇਗਾ, ਸਭ ਥਾਈਂ ਦੁੱਖ ਹੀ ਦੁੱਖ ਪਾਵੇਗਾ। ਜਿਵੇਂ ਚਕਰਵਰਤੀ ਬਾਦਸ਼ਾਹ ਦਾ ਹੁਕਮ ਹੁੰਦਾ ਹੈ, ਜੇ ਕੋਈ ਦੁਸ਼ਟਾਈ ਕਰਕੇ ਨਹੀਂ ਮੰਨਦਾ॥੧੩॥

ਤਿਸ ਕੋ ਜਹਾਂ ਕਹਾਂ ਗਹਿ ਲੇਹਿਂ। ਮੂਢ ਜਾਨਿ ਤਿਹ ਸੰਕਟ ਦੇਹਿਂ।
ਤਿਮ ਸ਼੍ਰੀ ਨਾਨਕ ਦੇਸ਼ ਬਿਦੇਸ਼। ਮੇਰੁ ਆਦਿ ਗਿਰ ਸਥਲ ਵਿਸ਼ੇਸ਼॥੧੪॥

ਉਸ ਨੂੰ ਜਿਥੇ ਕਿਥੇ ਫੜ ਲੈਂਦੇ ਹਨ, ਮੂਰਖ ਜਾਣ ਕੇ ਉਸ ਨੂੰ ਦੁੱਖ ਦਿੰਦੇ ਹਨ। ਉਸ ਤਰ੍ਹਾਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸੁਮੇਰ ਆਦਿ ਪਰਬਤਾਂ ਵਾਂਗ ਵਿਸ਼ੇਸ਼ ਸਥਾਨ ਹੈ॥੧੪॥

ਸਿੰਧੁ ਦੀਪ ਕੇਤਿਕ ਸਭਿ ਗਿਨੀਅਹਿਂ। ਬਡੇ ਸ਼ਕਤਿ ਜੁਤਿ ਹੁਤੇ ਸੁ ਜਨੀਅਹਿ।
ਜਿਨ ਜਿਨ ਕਰਜੋ ਬਾਦ ਸਭਿ ਜੀਤੇ। ਭਰੇ ਗਰਬ ਸੋਂ ਕੀਨਸਿ ਰੀਤੇ॥੧੫॥

ਸਾਗਰ ਟਾਪੂ ਜਿੰਨੇ ਵੀ ਸਭ ਗਿਣੇ ਜਾਂਦੇ ਹਨ, ਵੱਡੀ ਸ਼ਕਤੀ ਸਹਿਤ ਹੋਏ ਹਨ, ਸਭ ਜਾਣਦੇ ਹਨ। ਜਿਸ ਜਿਸ ਨੇ ਵੀ ਉਨ੍ਹਾਂ ਨਾਲ ਵਿਵਾਦ ਕੀਤਾ, ਉਨ੍ਹਾਂ ਸਭ ਨੂੰ ਜਿੱਤ ਲਿਆ, ਜਿਹੜੇ ਹੰਕਾਰ ਨਾਲ ਭਰੇ ਸਨ, ਸਭ ਖ਼ਾਲੀ ਕਰ ਦਿੱਤੇ॥੧੫॥

ਹੈ ਅਸ ਕੋਨ ਜੁ ਤਿਨ ਪਦ ਫੇਰੇ। ਅਪਨੀ ਕੁਸ਼ਲ ਹੋਨਿ ਪੁਨਿ ਹੇਰੇ।
ਹਮ ਨੈ ਕਰਜੋ ਪਠਾਵਨਿ ਜਬੈ। ਨ੍ਰਿਭੈ ਕਰਜੋ ਕਹਿ ਕਰਿ ਬਿਧਿ ਸਬੈ॥੧੬॥

ਦੁਨੀਆਂ ਵਿਚ ਐਸਾ ਕੌਣ ਹੈ ਜਿਹੜਾ ਉਨ੍ਹਾਂ ਦੇ ਵਾਕ ਨੂੰ ਉਲਟਾਏ ਤੇ ਫਿਰ ਆਪਣੀ ਭਲਾਈ ਵੇਖੇ। ਅਸੀਂ ਜਦੋਂ ਉਸ ਨੂੰ ਭੇਜਿਆ ਸੀ ਤਾਂ ਸਭ ਵਿਧੀਆਂ ਨਾਲ ਕਹਿ ਕੇ ਨਿਰਭੈ ਕੀਤਾ ਸੀ॥੧੬॥

ਤੇਰੋ ਕਹਜੋ ਨਿਫਲ ਨਹਿਂ ਹੋਇ। ਜੋ ਚਿਤ ਚਹਹਿ ਬਨਹਿ ਬਿਧਿ ਸੋਇ।
ਸ਼ਾਹੁ ਖੁਸ਼ਾਮਦ ਕਰਹੁ ਨ ਕੈਸੇ। ਹੋਇ ਜਥਾਰਥ ਬੋਲਹੁ ਤੈਸੇ॥੧੭॥

ਤੇਰਾ ਕਿਹਾ ਨਿਸ਼ਫਲ ਨਹੀਂ ਹੋਵੇਗਾ, ਜੋ ਚਿਤ ਵਿਚ ਚਾਹੇਂਗਾ ਉਸੇ ਵਿਧੀ ਅਨੁਸਾਰ ਬਣ ਜਾਵੇਗਾ। ਬਾਦਸ਼ਾਹ ਦੀ ਕਿਸੇ ਤਰ੍ਹਾਂ ਵੀ ਖ਼ੁਸ਼ਾਮਦ ਨਹੀਂ ਕਰਨੀ ਹੈ, ਜਿਵੇਂ ਯਥਾਰਥ ਹੋਵੇ, ਉਸ ਤਰ੍ਹਾਂ ਹੀ ਬੋਲਣਾ ਹੈ॥੧੭॥

ਮਿੱਟੀ ਮੁਸਲਮਾਨ ਕੀ ਜੋਇ। ਕਰ ਕੁਲਾਲ ਕੇ ਪ੍ਰਾਪਤਿ ਹੋਇ।
ਈਂਟ ਰੁ ਭਾਂਡੇ ਘਰਿ ਘਰਿ ਧਰੈ। ਪੁਨ ਚਹੁੰਦਿਸ਼ਿ ਪਾਵਕ ਪਰ ਜਰੈ॥੧੮॥

ਮਿੱਟੀ ਮੁਸਲਮਾਨ ਦੀ ਜਿਹੜੀ ਹੈ, ਉਹ ਘੁਮਿਆਰ ਦੇ ਹੱਥਾਂ ਵਿਚੋਂ ਪ੍ਰਾਪਤ ਹੁੰਦੀ ਹੈ। ਇੱਟਾਂ ਭਾਂਡੇ ਬਣਾ ਬਣਾ ਘੜ ਘੜ ਧਰਦਾ ਹੈ, ਫਿਰ ਚਾਰੇ ਪਾਸੇ ਅੱਗ ਬਾਲ ਕੇ ਉਨ੍ਹਾਂ ਨੂੰ ਸਾੜਦਾ ਹੈ॥੧੮॥

ਇਸ ਮਹਿਂ ਅਸਮੰਜਸ ਕਜਾ ਜਾਨਾ। ਜਿਸ ਤੇ ਪਦ ਉਲਟਾਇ ਬਖਾਨਾ।
ਸ਼੍ਰੀ ਨਾਨਕ ਕੋ ਅਦਬ ਨ ਰਾਖਾ। ਤੁਰਕ ਮਾਨ ਹਿਤ ਬਿਪ੍ਰਿ ਭਾਖਾ॥੧੯॥

ਇਸ ਵਿਚ ਉਲਟ ਕੀ ਜਾਣਿਆ ਹੈ, ਜਿਸ ਕਰਕੇ ਪਦ ਉਲਟਾ ਕੇ ਕਿਹਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅਦਬ ਨਹੀਂ ਰਖਿਆ ਹੈ, ਤੁਰਕ ਦਾ ਮਾਣ ਰਖਣ ਵਾਸਤੇ ਉਲਟ ਬੋਲਿਆ ਹੈ॥੧੯॥

ਇਕ ਤੇ ਇਹ ਅਸਮੰਜਸ ਕੀਨਿ। ਗੁਰਤਾ ਉਚਿਤ ਨਹੀਂ ਲਖਿ ਲੀਨਿ।
ਦੁਤੀਏ ਜਬਿ ਕੇ ਦਿੱਲੀ ਗਯੋ। ਬਾਰ ਬਾਰ ਅਜ਼ਮਤ ਕੋ ਦਯੋ॥ ੨੦॥

ਇਕ ਤਾਂ ਇਹ ਉਲਟ ਕੀਤਾ ਹੈ, ਇਸ ਤੋਂ ਅਸੀਂ ਜਾਣ ਲਿਆ ਹੈ ਕਿ ਉਹ ਗੁਰਤਾ ਅਨੁਕੂਲ ਨਹੀਂ ਹੈ। ਦੂਸਰਾ ਜਦ ਦਾ ਉਹ ਦਿੱਲੀ ਗਿਆ ਹੈ, ਬਾਰ ਬਾਰ ਕਰਾਮਾਤਾਂ ਵਿਖਾਉਂਦਾ ਹੈ॥੨੦॥

ਬਿਨ ਕਾਰਜ ਤੇ ਕਰਤਿ ਰਹਯੋ ਹੈ। ਇਸ ਮਹਿਂ ਇਮ ਅਨੁਮਾਨ ਲਹਯੋ ਹੈ।
ਜਾਚੀ ਵਸਤੁ ਲੇਤਿ ਜਿਮ ਕੋਇ। ਨਹਿਂ ਅਪਨੀ ਪਹਿਚਾਨਤਿ ਸੋਇ॥ ੨੧॥

ਬਿਨਾਂ ਕਿਸੇ ਕਾਰਜ ਤੋਂ ਕਰਾਮਾਤਾਂ ਕਰਦਾ ਰਿਹਾ ਹੈ, ਇਸ ਤੋਂ ਅਸੀਂ ਇਸ ਤਰ੍ਹਾਂ ਅਨੁਮਾਨ ਲਾਇਆ ਹੈ, ਜਿਵੇਂ ਕੋਈ ਮਾਂਗਵੀਂ ਚੀਜ਼ ਲੈਂਦਾ ਹੈ ਤੇ ਉਸ ਨੂੰ ਆਪਣੀ ਨਹੀਂ ਪਹਿਚਾਣਦਾ॥੨੧॥

ਜਿਤਨੋ ਲਾਭ ਲੀਯੋ ਤਿਸ ਜਾਇ। ਤਿਤੋ ਲੇਤਿ, ਨਹਂ ਧੀਰ ਧਰਾਇ।
ਮੁਝ ਢਿਗ ਰਹੈ ਨ ਜਾਨੈ ਐਸੇ। ਖਰਚ ਲੇਉਂ ਮੈਂ ਜੈਸੇ ਕੈਸੇ॥ ੨੨॥

ਉਸ ਵਸਤੂ ਪਾਸੋਂ ਜਿੰਨਾ ਵੀ ਲਾਭ ਲਿਆ ਜਾ ਸਕੇ, ਉਨਾ ਹੀ ਲਾਭ ਲੈਂਦਾ ਹੈ ਤੇ ਧੀਰਜ ਨਹੀਂ ਧਾਰਨ ਕਰਦਾ। ਇਸ ਤਰ੍ਹਾਂ ਜਾਣਦਾ ਹੈ ਕਿ ਮੇਰੇ ਪਾਸ ਦੁਬਾਰਾ ਨਹੀਂ ਆਵੇਗੀ, ਇਸ ਨੂੰ ਜਿਵੇਂ ਕਿਵੇਂ ਮੈਂ ਖ਼ਰਚ ਕਰ ਲਵਾਂ॥੨੨॥

ਅਸ ਪੁਰਸ਼ਨਿ ਢਿਗ ਇਹ ਪਹੁੰਚੈ ਹੈਂ। ਨਹਿਂ ਦਿਖਰਾਇਂ, ਸੀਸ ਕਉ ਦੈਹੈਂ।
ਪੂਰਬ ਸ੍ਰੀ ਗੁਰ ਅਰਜਨ ਭਏ। ਰੁਕੇ ਕੈਦ, ਦੁਖ ਤਨ ਪਰ ਲਏ॥ ੨੩॥

ਹੁਣ ਇਹ ਕਰਾਮਾਤ ਐਸੇ ਪੁਰਸ਼ਾਂ ਪਾਸ ਪਹੁੰਚੇਗੀ, ਉਹ ਕਰਾਮਾਤ ਨਹੀਂ ਵਿਖਾਉਣਗੇ, ਸਿਰ ਦੇ ਦੇਣਗੇ। ਪਹਿਲਾਂ ਸਾਡੇ ਵਡੇਰੇ ਗੁਰੂ ਅਰਜਨ ਦੇਵ ਜੀ ਹੋਏ ਹਨ, ਕੈਦ ਵਿਚ ਰਹੇ, ਸਰੀਰ ਉੱਤੇ ਬਹੁਤ ਦੁੱਖ ਬਰਦਾਸ਼ਤ ਕੀਤੇ॥੨੩॥

ਪ੍ਰਾਨ ਹਾਨ ਲੌ ਸਰਬ ਸਹਾਰੀ। ਮਹਾਂ ਸ਼ਕਤਿ ਜੁਤਿ ਧੀਰਜ ਧਾਰੀ।
ਤਊ ਨ ਅਜ਼ਮਤ ਕਿਤਹੁ ਦਿਖਾਈ। ਕ੍ਰਿਪਨ ਦਰਬ ਲੌ ਦੁਲੰਭ ਦੁਰਾਈ॥੨੪॥

ਪ੍ਰਾਣਾਂ ਦਾ ਨਾਸ਼ ਹੋਣ ਤਕ ਸਭ ਕੁਝ ਸਹਾਰਿਆ, ਮਹਾਂ ਸ਼ਕਤੀ ਸਹਿਤ ਸਨ, ਪਰ ਧੀਰਜ ਧਾਰਨ ਕਰ ਛੱਡਿਆ, ਫਿਰ ਵੀ ਕਿਸੇ ਤਰ੍ਹਾਂ ਕਰਾਮਾਤ ਨਹੀਂ ਵਿਖਾਈ, ਕੰਜੂਸ ਦੇ ਧਨ ਵਾਂਗ ਲੁਕਾ ਕੇ ਰੱਖ ਛੱਡੀ॥੨੪॥

ਆਗੈ ਭੀ ਗੁਰਤਾ ਅਸ ਲਹੈਂ। ਸਿਰ ਦੇਵਹਿਂ, ਧੀਰਜ ਧਰਿ ਰਹੈਂ।
ਤਿਨ ਕੇ ਉਚਿਤ ਦੇਨ ਕਹੁ ਇਹੀ। ਕਰਹਿਂ ਦੁਰਾਵਨਿ ਬਹੁ ਜਹਿਂ ਕਹੀਂ॥੨੫॥

ਅੱਗੇ ਵੀ ਅਜਿਹੇ ਪੁਰਸ਼ ਹੀ ਗੁਰਤਾ ਪਾਉਣਗੇ, ਸਿਰ ਦੇ ਦੇਣਗੇ, ਪਰ ਧੀਰਜ ਧਾਰ ਕੇ ਰਹਿਣਗੇ। ਇਹ ਕਰਾਮਾਤ ਉਨ੍ਹਾਂ ਨੂੰ ਹੀ ਦੇਣ ਦੇ ਉਚਿਤ ਹੈ, ਉਹ ਇਸ ਨੂੰ ਜਿਥੇ ਕਿਥੇ ਬਹੁਤਾ ਲੁਕਾ ਕੇ ਹੀ ਰੱਖਣਗੇ॥੨੫॥

ਤ੍ਰਿਤੀਏ ਔਰ ਸੁਨਹੁ ਤਿਸ ਬਾਤ। ਜਿਮ ਕੀਨਸਿ, ਸਭਿ ਕੋ ਬੱਖਜਾਤ।
ਕੀਰਤਿਪੁਰਿ ਤੇ ਜਬਿ ਕੋ ਗਯੋ। ਆਇ ਨਹੀਂ ਪੁਨ ਦੇਖਤਿ ਭਯੋ॥ ੨੬॥

ਤੀਸਰੀ ਉਸ ਦੀ ਹੋਰ ਗੱਲ ਜਾਣੋ ਜਿਵੇਂ ਕੀਤਾ ਹੈ ਜਿਹੜੀ ਗੱਲ ਸਭ ਵਿਚ ਪ੍ਰਗਟ ਹੈ। ਕੀਰਤਪੁਰ ਤੋਂ ਜਦ ਦਾ ਗਿਆ ਹੈ, ਬਾਅਦ ਵਿਚ ਵਾਪਸ ਨਹੀਂ ਆਇਆ ਹੈ, ਇਹ ਤਾਂ ਅਸੀਂ ਵੇਖਦੇ ਪਏ ਹਾਂ॥੨੬॥

ਮਨ ਮੈਂ ਲਖੀ ਜੁ ਹੈ ਢਿਗ ਮੇਰੇ। ਮਿਲੌਂ ਜਾਇ, ਸੋ ਲੇਹਿਂ ਨ ਫੇਰੇ।
ਜਿਤ ਜਿਤ ਕੋ ਗਮਨਯੋ ਨੌਰੰਗ। ਗਯੋ ਆਪ ਤਿਸ ਮਾਰਗ ਸੰਗ॥ ੨੭॥

ਮਨ ਵਿਚ ਇਹ ਸਮਝਿਆ ਹੈ, ਜੋ ਮੇਰੇ ਪਾਸ ਹੈ, ਜੇ ਮੈਂ ਆਪਣੇ ਪਿਤਾ ਜੀ ਨੂੰ ਜਾ ਮਿਲਾਂਗਾ ਤਾਂ ਉਹ ਵਾਪਸ ਹੀ ਨਾ ਲੈ ਲੈਣ। ਜਿਧਰ ਜਿਧਰ ਨੂੰ ਨੌਰੰਗਾ ਗਿਆ ਹੈ, ਆਪ ਉਸੇ ਮਾਰਗ 'ਤੇ ਉਸ ਦੇ ਨਾਲ ਗਿਆ ਹੈ॥੨੭॥

ਕਰਿ ਕਰਿ ਕਹੂੰ ਕਹੂੰ ਬਿਸਰਾਮ। ਪੁਨ ਪਹੁੰਚਜੋ ਦਿੱਲੀ ਪੁਰਿ ਧਾਮ।
ਉਤ ਹੀ ਬਿਚਰਹਿ ਆਵਤਿ ਜਾਤੇ। ਮਿਲਜੋ ਨ ਕਜੋਂਹੂੰ ਧਨ ਮਨ ਰਾਤੇ॥੨੮॥

ਕਿਤੇ ਕਿਤੇ ਵਿਸਰਾਮ ਕਰ ਕਰ ਫਿਰ ਦਿੱਲੀ ਨਗਰੀ ਵਿਚ ਘਰ ਪੁੱਜਾ ਹੈ। ਉਥੇ ਹੀ ਆਉਂਦਾ ਜਾਂਦਾ ਵਿਚਰਦਾ ਹੈ। ਕਿਉਂ ਨਾ ਮਿਲਿਆ ਰਹੇ, ਮਨ ਧਨ ਵਿਚ ਰੰਗਿਆ ਹੈ॥੨੮॥

ਬਡ ਐਸ਼੍ਵਰਜ ਹੇਰ ਕਰਿ ਫੂਲਾ। ਆਸ਼ੈ ਸਤਿਗੁਰ ਉਰ ਤੇ ਭੂਲਾ।
ਅਬਿ ਹਮਰੇ ਮੁਖ ਲਾਗਹਿ ਨਾਂਹੀ। ਰਹਹੁ ਆਪ ਤੁਰਕੇਸ਼ੁਰ ਪਾਹੀ॥ ੨੯॥

ਵੱਡਾ ਧਨ ਦੌਲਤ ਵੇਖ ਕੇ ਫੁਲਿਆ ਹੈ, ਸਤਿਗੁਰੂ ਦੇ ਹਿਰਦੇ ਦੇ ਆਸ਼ੇ ਨੂੰ ਭੁੱਲ ਗਿਆ ਹੈ। ਹੁਣ ਸਾਡੇ ਮੂੰਹ ਨਾ ਲੱਗੇ, ਹੁਣ ਬਾਦਸ਼ਾਹ ਦੇ ਪਾਸ ਹੀ ਰਹੇ॥੨੯॥

ਛੋਰਹਿ ਅਬਿ ਤੇ ਮੇਲ ਹਮਾਰੋ। ਕਰਿ ਐਸ਼੍ਵਰਜ ਕੋ ਰਹੇ ਸੁਖਾਰੋ।
ਦਰਸਹਿ ਨਹਿਂ ਦਰਸਾਵਹਿ ਦਰਸ਼ਨ। ਕਰਹੁ ਤੁਰਕ ਲਛਮੀ ਜੁ ਸਪਰਸ਼ਨ॥੩੦॥

ਹੁਣ ਸਾਡਾ ਮੇਲ ਜੋਲ ਛੱਡ ਦੇਵੇ। ਧਨ ਦੌਲਤ ਸੁਖ ਆਰਾਮ ਪਾ ਕੇ ਸੁਖਾਲਾ ਰਹੇ। ਹੁਣ ਨਾ ਅਸੀਂ ਉਸ ਨੂੰ ਵੇਖਾਂਗੇ ਤੇ ਨਾ ਹੀ ਆਪਣੇ ਦਰਸ਼ਨ ਵਿਖਾਵਾਂਗੇ, ਤੁਰਕਾਂ ਦੇ ਧਨ ਦੌਲਤ ਨਾਲ ਹੀ ਮੇਲ ਜੋਲ ਰੱਖੇ॥੩੦॥

ਇਤਿ ਮੁਖ ਕਰਿ ਇਸ ਦੇਸ਼ ਨ ਆਵਹੁ। ਉਤ ਹੀ ਬਸਿ ਕਰਿ ਬੈਸ ਬਿਤਾਵਹੁ।
ਅਪਰਾਧੀ ਸ਼੍ਰੀ ਨਾਨਕ ਕੇਰ। ਹਮ ਸੋਂ ਨੇਰ ਹੋਇ ਕਿਮ ਫੇਰ॥ ੩੧॥

ਏਧਰ ਮੂੰਹ ਕਰਕੇ ਇਸ ਦੇਸ਼ ਵਿਚ ਨਾ ਆਵੇ, ਉਥੇ ਹੀ ਵੱਸ ਕੇ ਉਮਰ ਬਤੀਤ ਕਰੇ। ਜਿਹੜਾ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅਪਰਾਧੀ ਹੈ, ਉਹ ਫਿਰ ਸਾਡੇ ਨੇੜੇ ਕਿਵੇਂ ਹੋਵੇ?॥੩੧॥

ਨਿਜ ਮਨ ਤੇ ਹਮ ਤਜਾਗਨਿ ਕਰਜੋ। ਗੁਰਤਾ ਪਦ ਤੇ ਸੋ ਪਰਹਰਜੋ।
ਜਿਸ ਕੋ ਧੁਰ ਤੇ ਬਖਸ਼ਿਸ਼ ਕਰੀ। ਤਿਸ ਕੋ ਹੁਇ ਪ੍ਰਾਪਤ, ਲੇ ਜਰੀ॥ ੩੨॥

ਅਸੀਂ ਉਸ ਨੂੰ ਆਪਣੇ ਮਨ ਤੋਂ ਤਿਆਗ ਦਿੱਤਾ ਹੈ, ਗੁਰਤਾ ਪਦਵੀ ਤੋਂ ਉਸ ਨੂੰ ਦੂਰ ਕਰ ਦਿੱਤਾ ਹੈ। ਜਿਸ ਨੂੰ ਧੁਰ ਤੋਂ ਬਖਸ਼ਿਸ਼ ਕੀਤੀ ਹੈ, ਉਸ ਨੂੰ ਹੀ ਇਹ ਪ੍ਰਾਪਤ ਹੋਵੇਗੀ, ਜਿਹੜੇ ਲੈ ਕੇ ਜਰ ਲੈਣਗੇ॥੩੨॥

ਅਜਰ ਵਸਤੁ ਕੋ ਜੋ ਜਰਿ ਜਾਵੈ। ਤਿਹ ਪ੍ਰਾਪਤਿ ਹੁਇ, ਅਪਰ ਨ ਪਾਵੈ।
ਰਿਦਾ ਗੰਭੀਰ ਸਧੀਰਜ ਹੋਇ। ਖਿਮਾਂ ਆਦਿ ਗੁਣ ਸੰਗ੍ਰਹਿ ਜੋਇ॥ ੩੩॥

ਨਾ ਜਰੀ ਜਾਣ ਵਾਲੀ ਵਸਤੂ ਨੂੰ ਜਿਹੜੇ ਜਰ ਜਾਂਦੇ ਹਨ, ਉਨ੍ਹਾਂ ਨੂੰ ਪ੍ਰਾਪਤ ਹੋਵੇਗੀ, ਹੋਰ ਨਹੀਂ ਕੋਈ ਪਾਵੇਗਾ। ਹਿਰਦਾ ਗੰਭੀਰ ਅਤੇ ਧੀਰਜ ਵਾਲਾ ਹੋਵੇ, ਖਿਮਾ ਆਦਿ ਦੇ ਗੁਣ ਜਿਸ ਵਿਚ ਸ਼ਾਮਲ ਹੋਣ॥੩੩॥

ਸੋ ਇਸ ਕੋ ਬਾਸਨ ਅਤਿ ਸੂਚਾ। ਕਰਹਿ ਪਚਾਵਨਿ, ਅਤਿ ਪਦ ਊਚਾ।
ਦੁਗਧ ਸ਼ੇਰਨੀ ਕੋ ਜੁ ਨਿਕਾਰੇ। ਕੰਚਨ ਕੋ ਬਾਸਨ ਤਿਸ ਧਾਰੇ॥ ੩੪॥

ਗੁਰਤਾ ਦਾ ਉਹੀ ਅਤਿ ਸੁੱਚਾ ਬਰਤਨ ਹੈ, ਉਹ ਇਸ ਪਦ ਨੂੰ ਅਤਿ ਉੱਚਾ ਪਹੁੰਚਾ ਦੇਵੇਗਾ। ਜੋ ਸ਼ੇਰਨੀ ਦਾ ਦੁੱਧ ਕੱਢੇ ਸੋਨੇ ਦਾ ਭਾਂਡਾ ਵੀ ਉਹ ਹੀ ਰੱਖ ਸਕਦਾ ਹੈ॥੩੪॥

ਅਪਰ ਪਾਤ੍ਰ ਕੋ ਕਰਿ ਨਿਜ ਜੋਰ। ਪਰਜੋ ਦੇਤਿ ਹੈ ਤਤਛਿਨ ਫੋਰਿ।
ਤਿਮ ਅਤਿ ਸ਼ੁੱਧ ਰਿਦਾ ਹ੍ਵੈ ਜਾਂਹੀ। ਉਚਿਤ ਅਹੈ, ਸੋ ਬਹੁਤੋ ਨਾਂਹੀ॥ ੩੫॥

ਹੋਰ ਕਿਸੇ ਧਾਤ ਦੇ ਬਣੇ ਭਾਂਡੇ ਵਿਚ ਪੈਂਦਿਆਂ ਹੀ ਸ਼ੇਰਨੀ ਦਾ ਦੁੱਧ ਆਪਣੇ ਜ਼ੋਰ ਨਾਲ ਤੁਰਤ ਤੋੜ ਦਿੰਦਾ ਹੈ। ਇਸ ਤਰ੍ਹਾਂ ਜਿਸਦਾ ਅਤਿ ਸ਼ੁੱਧ ਹਿਰਦਾ ਹੋ ਜਾਂਦਾ ਹੈ, ਉਹ ਹੀ ਗੁਰਤਾ ਦੇ ਲਾਇਕ ਹੈ, ਪਰ ਐਸੇ ਬਹੁਤੇ ਨਹੀਂ ਹੋ ਸਕਦੇ॥੩੫॥

ਜਰਹਿ ਅਜਰ ਨਹਿਂ ਕਿਸਹਿ ਦਿਖਾਵਹਿ। ਸੀਸ ਹਾਨ ਲਗਿ ਸਿਰਰ ਪੁਗਾਵਹਿ।
ਨਿਜ ਧੀਰਜ ਤੇ ਚਲਹਿ ਨ ਐਸੇ। ਲਗੇ ਬਾਉ ਗਿਰ ਮੇਰੁ ਜੈਸੇ॥ ੩੬॥

ਨਾ ਜਰੇ ਜਾਣ ਵਾਲੇ ਨੂੰ ਜਰੇ ਤੇ ਕਿਸੇ ਨੂੰ ਕਰਾਮਾਤ ਨਾ ਵਿਖਾਵੇ ਤੇ ਸੀਸ ਦੀ ਕੁਰਬਾਨੀ ਤਕ ਸਿਰੜ ਨੂੰ ਪੁਗਾਵੇ। ਜਿਹੜਾ ਨਿਜੀ ਧੀਰਜ ਨਾਲ ਇਸ ਤਰ੍ਹਾਂ ਨਹੀਂ ਚਲਦਾ ਹੈ, ਉਹ ਹਵਾ ਲੱਗਣ ਨਾਲ ਸੁਮੇਰ ਪਰਬਤ ਵਾਂਗ ਡਿੱਗ ਪੈਂਦਾ ਹੈ॥੩੬॥

ਇੱਤਜਾਦਿਕ ਸੁਤ ਕੇ ਲਖਿ ਦੋਖ। ਤਜਾਗਜੋ ਸ੍ਰੀ ਹਰਿਰਾਇ ਸਰੋਖ।
ਦੰਡ ਬਿਸਾਲ ਨ ਇਸ ਤੇ ਪਰੇ। ਮਿਲਿ ਕੈ ਕਬਹੁਂ ਨ ਦਰਸ਼ਨ ਕਰੇ॥ ੩੭॥

ਇਤਿਆਦਿਕ ਪੁੱਤਰ ਦੇ ਦੋਸ਼ ਵੇਖਕੇ ਸ੍ਰੀ ਗੁਰੂ ਹਰਿਰਾਇ ਜੀ ਨੇ ਗੁੱਸੇ ਨਾਲ ਆਪਣੇ ਪੁੱਤਰ ਨੂੰ ਤਿਆਗ ਦਿੱਤਾ। ਇਸ ਤੋਂ ਵੱਡੀ ਹੋਰ ਕੀ ਸਜ਼ਾ ਸੀ, ਮਿਲ ਕੇ ਕਦੀ ਵੀ ਦਰਸ਼ਨ ਨਾ ਕਰੇ, ਅਜਿਹਾ ਹੁਕਮ ਸੀ॥੩੭॥

ਹੁਤੋ ਪੁੱਤ੍ਰ ਬਡ ਪਰਮ ਸੁ ਪਜਾਰੋ। ਦੇਸ਼ ਬਿਦੇਸ਼ਨਿ ਜਸੁ ਬਿਸਤਾਰੋ।
ਐਸ਼੍ਵਰਜ ਪੂਰਬ ਤੇ ਬਿਰਧਾਯੋ। ਆਪਾ ਤੁਰਕਨਿ ਬਿਖੈ ਜਨਾਯੋ॥ ੩੮॥

ਪਰਮ ਪਿਆਰਾ ਵੱਡਾ ਪੁੱਤਰ ਸੀ, ਜਿਸ ਦਾ ਦੇਸਾਂ ਵਿਦੇਸ਼ਾਂ ਵਿਚ ਜਸ ਫੈਲਿਆ ਹੋਇਆ ਸੀ। ਧਨ ਦੌਲਤ ਪਹਿਲਾਂ ਨਾਲੋਂ ਵਧਾਇਆ ਤੇ ਤੁਰਕਾਂ ਵਿਚ ਆਪਣੀ ਚੰਗੀ ਪਹਿਚਾਣ ਬਣਾਈ॥੩੮॥

ਸਿੱਖ ਕਰੇ ਜਹਿਂ ਕਹਿਂ ਸਮੁਦਾਯਾ। ਅਪਨੋ ਅਧਿਕ ਪ੍ਰਤਾਪ ਬਧਾਯਾ।
ਬੁਧਿ ਬਿਸਾਲ ਲੌਕਿਕ ਬਿਵਹਾਰੂ। ਗਿਨੌਂ ਕਹਾ ਲਗਿ ਗੁਨ ਜੁ ਉਦਾਰੂ॥ ੩੯॥

ਜਿਥੇ ਕਿਥੇ ਬਹੁਤ ਲੋਕ ਸਿੱਖ ਬਣਾਏ ਤੇ ਆਪਣਾ ਬਹੁਤ ਵੱਡਾ ਪ੍ਰਤਾਪ ਵਧਾਇਆ। ਵਿਸ਼ਾਲ ਬੁੱਧੀ ਸੀ ਤੇ ਲੌਕਿਕ ਕਾਰ ਵਿਹਾਰ ਸੀ, ਕਿਥੋਂ ਤਕ ਗਿਣਾਂ ਜਿਹੜੇ ਉਸ ਵਿਚ ਉੱਤਮ ਗੁਣ ਸਨ॥੩੯॥

ਤਊ ਸੁ ਨਿਸ਼ਚੈ ਬੀਚ ਕਚਾਈ। ਤਨ ਹੰਤਾ ਮਹਿਂ ਜਿਸ ਚਪਲਾਈ।
ਸਤਿਗੁਰ ਰਿਦੈ ਨ ਰੰਚਕ ਭਾਯੋ। ਅਤਿਸੈਤਾ ਮਹਿਂ ਜਿਨ ਚਿਤ ਲਾਯੋ॥ ੪੦॥

ਫਿਰ ਵੀ ਉਹ ਭਰੋਸੇ ਵਿਚ ਕੱਚਾ ਰਿਹਾ, ਆਪਣੇ ਸਰੀਰ ਦੇ ਹੰਕਾਰ ਵਿਚ ਜਿਸ ਦਾ ਮਨ ਬੜਾ ਚੰਚਲ ਸੀ। ਉਹ ਸਤਿਗੁਰੂ ਜੀ ਦੇ ਹਿਰਦੇ ਨੂੰ ਰਤੀ ਭਰ ਵੀ ਚੰਗਾ ਨਾ ਲੱਗਾ, ਬਹੁਲਤਾ ਵਾਲੇ ਪਦਾਰਥਾਂ ਵਿਚ ਜਿਸ ਚਿੱਤ ਲਾਇਆ॥੪੦॥

ਜਗਤ ਪਦਾਰਥ ਲਖਿ ਮਨਿ ਨੀਕੇ। ਜਿਸਤੇ ਪਰਜੋ ਗੁਰੂ ਦਿਸਿ ਫੀਕੇ।
ਤ੍ਰਿਣ ਸਮਾਨ ਪ੍ਰਿਯ ਸੁਤ ਕੋ ਤਜਾਗਾ। ਫੇਰਜੋ ਸ਼ਬਦ ਨ ਆਛੋ ਲਾਗਾ॥ ੪੧॥

ਮਨ ਵਿਚ ਜਗਤ ਪਦਾਰਥਾਂ ਨੂੰ ਚੰਗਾ ਸਮਝਿਆ, ਜਿਸ ਕਰਕੇ ਗੁਰੂ ਜੀ ਵਾਲੇ ਪਾਸੇ ਤੋਂ ਹੌਲਾ ਪੈ ਗਿਆ। ਇਕ ਤੀਲੇ ਵਾਂਗ ਪਿਆਰੇ ਪੁੱਤਰ ਨੂੰ ਤਿਆਗ ਦਿੱਤਾ। ਗੁਰੂ ਜੀ ਦੀ ਬਾਣੀ ਨੂੰ ਬਦਲਾਉਣਾ ਉਨ੍ਹਾਂ ਨੂੰ ਚੰਗਾ ਨਾ ਲੱਗਾ॥੪੧॥

*ਨੌਵੀਂ ਰਾਸ ਦਾ ਅਠਵੰਞਵਾਂ ਅਧਿਆਇ ਸਮਾਪਤ ਹੋਇਆ॥੫੮॥*

# ਅਧਿਆਇ ਉਣਾਹਠਵਾਂ

### ਦੋਵੇਂ ਪੁੱਤਰ ਕਿਵੇਂ ਪਰਖੇ ਸਨ ?

ਦੋਹਰਾ- ਪੂਰਬ ਭੀ ਪਰਖੇ ਹੁਤੇ ਦੋਨਹੁੰ ਪੁੱਤ੍ਰ ਬਿਸਾਲ।
ਜਗ ਗੁਰਤਾ ਕੇ ਉਚਿਤ ਕੋ, ਲੇ ਸਿਖ ਕਰਹਿ ਨਿਹਾਲ॥ ੧ ॥

ਪਹਿਲਾਂ ਵੀ ਦੋਹਾਂ ਪੁੱਤਰਾਂ ਨੂੰ ਚੰਗੀ ਤਰ੍ਹਾਂ ਪਰਖਿਆ ਸੀ। ਜਗਤ ਗੁਰਤਾ ਦੇ ਉਚਿਤ ਹੋ ਕੇ ਜਿਹੜਾ ਸਿੱਖਾਂ ਨੂੰ ਨਿਹਾਲ ਕਰੇਗਾ॥੧॥

ਚੌਪਈ- ਸ੍ਰੋਤਾ ਇਮ ਸੁਨਿ ਕੈ ਸੁਖ ਪਾਇ। ਬੂਝਨਿ ਲਗੇ ਕਥਾ ਇਸ ਭਾਇ।
'ਦੋਨੋ ਸੁਤ ਪਰਖੇ ਤਿਮ ਕਹੋ। ਤੁਮ ਸਰਬੱਗਜ ਸਰਬ ਕਹੁ ਲਹੋ॥ ੨ ॥

ਸ੍ਰੋਤਿਆਂ ਨੇ ਇਸ ਤਰ੍ਹਾਂ ਸੁਣ ਕੇ ਸੁਖ ਪਾਇਆ। ਪੁੱਛਣ ਲੱਗੇ ਜਿਸ ਪ੍ਰਕਾਰ ਪ੍ਰਸੰਗ ਹੋਇਆ ਸੀ, "ਜਿਵੇਂ ਤੁਸੀਂ ਦੋਵਾਂ ਪੁੱਤਰਾਂ ਦੀ ਪਰਖ ਕੀਤੀ ਸੀ, ਉਸ ਤਰ੍ਹਾਂ ਸੁਣਾਓ, ਤੁਸੀਂ ਸਰਬਗਿਆਤਾ ਹੋ, ਸਭ ਕੁਝ ਜਾਣਦੇ ਹੋ॥੨॥

ਕੋ ਪੂਰਾ ਉਤਰਯੋ ਕੋ ਛੂਛਾ?। ਕਹੋ ਪ੍ਰਸੰਗ ਸਭਿਨਿ ਹਮ ਪੂਛਾ'।
ਸ੍ਰੀ ਗੁਰਬਖਸ ਸਿੰਘ ਸੁਨਿ ਐਸੇ। ਕਥਾ ਕਹਨਿ ਲਗਿ ਬੀਤੀ ਜੈਸੇ॥ ੩ ॥

ਕਿਹੜਾ ਪੁੱਤਰ ਪੂਰਾ ਉਤਰਿਆ ਤੇ ਕਿਹੜਾ ਖ਼ਾਲੀ ਰਿਹਾ ? ਤੁਸੀਂ ਇਹ ਪ੍ਰਸੰਗ ਸੁਣਾਓ ਅਸੀਂ ਸਾਰਿਆਂ ਨੇ ਪੁੱਛਿਆ ਹੈ।" ਸ੍ਰੀ ਗੁਰਬਖਸ਼ ਸਿੰਘ ਇਸ ਤਰ੍ਹਾਂ ਸੁਣ ਕੇ ਕਥਾ ਕਹਿਣ ਲੱਗੇ ਜਿਵੇਂ ਬੀਤੀ ਸੀ॥੩॥

ਸ੍ਰੀ ਗੁਰਬਖਸ਼ ਸਿੰਘ ਉਵਾਚ

ਚੌਪਈ- ਸੁਨਹੁ ਕਥਾ ਬਾਂਛਤਿ ਫਲ ਦਾਨੀ। ਸ੍ਰੀ ਸਤਿਗੁਰ ਸ਼ਰਧਾ ਰਜਧਾਨੀ।
ਜਿਸ ਤੇ ਜਨਮ ਮਰਨ ਕਟਿ ਜਾਇ। ਅਬਚਲ ਪਦਵੀ ਬਿਖੈ ਸਮਾਇ॥੪॥

ਮੂੰਹ ਮੰਗਿਆ ਫਲ ਦੇਣ ਵਾਲੀ ਕਥਾ ਸੁਣੋ। ਸ੍ਰੀ ਸਤਿਗੁਰੂ ਜੀ ਸ਼ਰਧਾ ਰੂਪੀ ਮਹਾਨ ਨਗਰੀ ਹੈ, ਜਿਸ ਨਾਲ ਜਨਮ ਮਰਨ ਕਟਿਆ ਜਾਂਦਾ ਹੈ ਤੇ ਅਬਚਲ ਪਦਵੀ ਵਿਚ ਸਮਾ ਜਾਂਦਾ ਹੈ॥੪॥

ਏਕ ਸਮੇਂ ਸਤਿਗੁਰ ਕੇ ਤੀਰ। ਏਕ ਸਿੱਖਜ ਆਯਹੁ ਮਤਿ ਧੀਰ।
ਬ੍ਰਿੰਦ ਸੰਗਤੀ ਸੰਗ ਲਗਾਏ। ਦਰਸ਼ਨ ਕਰਨਿ ਹੇਤੁ ਚਲਿ ਆਏ॥ ੫ ॥

ਇਕ ਸਮੇਂ ਸਤਿਗੁਰੂ ਜੀ ਦੇ ਪਾਸ ਇਕ ਸਿੱਖ ਆਇਆ, ਜਿਸ ਦੀ ਬੁੱਧੀ ਬਹੁਤ ਧੀਰਜ ਵਾਲੀ ਸੀ। ਬਹੁਤ ਸੰਗਤਾਂ ਨਾਲ ਲੈ ਕੇ, ਦਰਸ਼ਨ ਕਰਨ ਵਾਸਤੇ ਚਲ ਕੇ ਆਇਆ॥੫॥

ਅਨਿਕ ਉਪਾਇਨ ਅਰਪਨਿ ਕੀਨਿ। ਅਘਨਾਸ਼ਨ ਚਰਨਨਿ ਚਿਤ ਦੀਨਿ।
ਬਿਕਸਯੋ ਰਿਦਾ ਕਮਲ ਅਨੁਹਾਰੀ। ਸਤਿਗੁਰ ਸੂਰਜ ਦਰਸ ਨਿਹਾਰੀ॥੬॥

ਬਹੁਤ ਉਪਹਾਰ ਅਰਪਣ ਕੀਤੇ ਤੇ ਪਾਪਾਂ ਦਾ ਨਾਸ਼ ਕਰਨ ਵਾਲੇ ਚਰਨਾਂ 'ਤੇ ਚਿਤ ਲਾਇਆ। ਹਿਰਦਾ ਕੰਵਲ ਵਾਂਗ ਖਿੜ ਗਿਆ ਜਦ ਸੂਰਜ ਰੂਪੀ ਸਤਿਗੁਰੂ ਜੀ ਦੇ ਦਰਸ਼ਨ ਕੀਤੇ॥੬॥

ਸ੍ਰੀ ਹਰਿਰਾਇ ਮਯੰਕ ਮਨਿੰਦ। ਚਖ ਚਕੋਰ ਭੇ ਸਿੱਖਜਨਿ ਬ੍ਰਿੰਦ।
ਮ੍ਰਿਦੁਲ ਚਰਨ ਸੁੰਦਰ ਅਰਬਿੰਦੂ। ਮਨ ਦਾਸਨਿ ਕੇ ਥਿਰੇ ਮਲਿੰਦ॥ ੭॥

ਸ੍ਰੀ ਹਰਿਰਾਇ ਜੀ ਚੰਦ ਵਾਂਗ ਹਨ, ਸਿੱਖਾਂ ਦੀਆਂ ਚਕੋਰ ਵਾਂਗ ਉਨ੍ਹਾਂ ਵੱਲ ਅੱਖਾਂ ਲੱਗੀਆਂ ਹੋਈਆਂ ਸਨ। ਕੋਮਲ ਚਰਨ ਸੁੰਦਰ ਕੰਵਲ ਵਾਂਗ ਸਨ, ਸੇਵਕਾਂ ਦੇ ਮਨ ਭੌਰਿਆਂ ਵਾਂਗ ਸਥਿਰ ਹੋ ਗਏ॥੭॥

ਬਚਨ ਸੁਨਨਿ ਅਰੁ ਦਰਸ਼ ਕਰਨਿ ਕੀ। ਬਧੀ ਲਾਲਸਾ ਤਿਨਹੁੰ ਉਰਨਿ ਕੀ।
ਕੇਤਿਕ ਦਿਨ ਸਮੀਪ ਹੀ ਰਹੇ। ਨਿਤਪ੍ਰਤਿ ਸਤਿਗੁਰ ਦਰਸ਼ਨ ਲਹੇ॥ ੮॥

ਬਚਨ ਸੁਣਨ ਅਤੇ ਦਰਸ਼ਨ ਕਰਨ ਦੀ ਉਨ੍ਹਾਂ ਦੀ ਹਿਰਦਿਆਂ ਦੀ ਲਾਲਸਾ ਵਧੀ। ਕਈ ਦਿਨ ਗੁਰੂ ਜੀ ਦੇ ਪਾਸ ਹੀ ਰਹੇ। ਸਦਾ ਗੁਰੂ ਜੀ ਦੇ ਦਰਸ਼ਨ ਕਰਦੇ ਸਨ॥੮॥

ਇਕ ਦਿਨ ਬੈਠੇ ਸ੍ਰੀ ਹਰਿਰਾਇ। ਨਿਕਟਿ ਸਿੱਖਜ ਗਨ ਮੁਦ ਉਪਜਾਇ।
ਚਲਯੋ ਪ੍ਰਸੰਗ ਸਭਾ ਮਹਿਂ ਕੋਈ। ਹਾਥ ਜੋਰਿ ਸਿਖ ਬੂਝਤਿ ਸੋਈ॥ ੯॥

ਇਕ ਦਿਨ ਸ੍ਰੀ ਗੁਰੂ ਹਰਿਰਾਇ ਜੀ ਬੈਠੇ ਸਨ, ਕਈ ਸਿੱਖ ਪ੍ਰਸੰਨਤਾ ਧਾਰ ਕੇ ਪਾਸ ਬੈਠੇ ਸਨ। ਸਭਾ ਦੇ ਵਿਚ ਕੋਈ ਪ੍ਰਸੰਗ ਚਲਿਆ: ਹੱਥ ਜੋੜ ਕੇ ਇਕ ਸਿੱਖ ਉਸ ਬਾਰੇ ਪੁੱਛਣ ਲੱਗਾ॥੯॥

'ਦੋਨਹੁ ਸੁੰਦਰ ਸਾਹਿਬਜ਼ਾਦੇ। ਜਿਨਹੁੰ ਬਿਲੋਕਤਿ ਚਿਤ ਅਹਿਲਾਦੇ।
ਸ਼ੁਭ ਗੁਨ ਕੇ ਸਪੰਨ ਮ੍ਰਿਦੁ ਮੂਰਤਿ। ਭਾਗਨਿ ਤੇ ਪੂਰਤ ਸ਼ੁਭ ਸੂਰਤਿ ॥੧੦॥

"ਦੋਵੇਂ ਸਾਹਿਬਜ਼ਾਦੇ ਬੜੇ ਸੁੰਦਰ ਹਨ, ਜਿਨ੍ਹਾਂ ਨੂੰ ਵੇਖ ਕੇ ਚਿੱਤ ਪ੍ਰਸੰਨ ਹੋ ਜਾਂਦਾ ਹੈ। ਸ਼ੁਭ ਗੁਣਾਂ ਵਿਚ ਸੰਪੂਰਣ ਕੋਮਲ ਮੂਰਤਾਂ ਹਨ, ਭਾਗਾਂ ਨਾਲ ਭਰੀਆਂ ਹੋਈਆਂ ਸ਼ੁਭ ਸੂਰਤਾਂ ਹਨ॥੧੦॥

ਜਗ ਗੁਰਤਾ ਕੇ ਉਚਿਤੈ ਕੌਨ? ਸਰਬ ਰੀਤਿ ਸੇ ਸਮ ਹੈਂ ਦੌਨ।
ਅਜਰ ਜਰਨ ਕੋ ਧੀਰਜ ਜੋਇ। ਇਕ ਮਹਿਂ ਹੋਇ, ਕਿ ਜੁਗ ਮਹਿਂ ਹੋਇ॥੧੧॥

ਇਨ੍ਹਾਂ ਵਿਚੋਂ ਜਗ ਗੁਰਤਾ ਦੇ ਉਚਿਤ ਕੌਣ ਹੈ? ਸਾਰੀਆਂ ਰੀਤੀਆਂ ਵਿਚ ਦੋਵੇਂ ਬਰਾਬਰ ਹਨ। ਨਾ ਜਰੇ ਜਾਣ ਵਾਲੇ ਨੂੰ ਜਰਨ ਦਾ ਜੋ ਧੀਰਜ ਹੈ, ਉਹ ਇਕ ਵਿਚ ਹੈ ਕਿ ਦੋਵਾਂ ਵਿਚ ਹੈ?॥੧੧॥

ਕੋ ਲੇ ਸਰਬੋਤਮ ਬਡਿਆਈ? ਕਰਹੁ ਕ੍ਰਿਪਾ ਇਹੁ ਦੇਹੁ ਬਤਾਈ।
ਹਮ ਬਿਦੇਸ਼ ਤੇ ਆਵਹਿਂ ਕਬੈ। ਸੁਨਤਿ ਹੋਇ ਮਮ ਦ੍ਰਿੜਤਾ ਤਬੈ॥ ੧੨॥

ਕੌਣ ਸਰਬੋਤਮ ਵਡਿਆਈ ਪ੍ਰਾਪਤ ਕਰੇਗਾ? ਕਿਰਪਾ ਕਰੋ ਤੇ ਇਹ ਦੱਸ ਦੇਵੋ। ਅਸੀਂ ਬਦੇਸ਼ ਵਿਚੋਂ ਕਦੀ ਕਦੀ ਹੀ ਆਉਂਦੇ ਹਾਂ। ਸੁਣ ਕੇ ਤਦ ਹੀ ਮੇਰੇ ਮਨ ਵਿਚ ਦ੍ਰਿੜ੍ਹਤਾ ਆਵੇਗੀ॥੧੨॥

ਜਦਪਿ ਗੋਪ ਇਹ ਰਾਖਨਿ ਚਹੋ। ਮੁਝ ਪਰਦੇਸੀ ਲਖਿ ਕਰਿ ਕਹੋ।
ਹੌਂ ਨਹਿਂ ਕਰੌਂ ਕਹੂੰ ਬੱਖਯਾਤੀ। ਰਾਖੋਂ ਮੇਲ ਜਥਾ ਮਣਿ ਥਾਤੀ॥ ੧੩॥

ਜੇ ਇਹ ਗੁਪਤ ਰਖਣਾ ਚਾਹੋ, ਤਾਂ ਮੈਨੂੰ ਪਰਦੇਸੀ ਸਮਝ ਕੇ ਕਹੋ ਮੈਂ ਇਸ ਨੂੰ ਕਿਤੇ ਵੀ ਪ੍ਰਗਟ ਨਹੀਂ ਕਰਾਂਗਾ ਅਤੇ ਸਦਾ ਹੀ ਮਣੀਆਂ ਦੀ ਥੈਲੀ ਵਾਂਗ ਆਪਣੇ ਪਾਸ ਸਾਂਭ ਕੇ ਰਖਾਂਗਾ॥੧੩॥

ਹਮ ਰਾਵਰ ਕੇ ਦਾਸ ਕਦੀਮੀ। ਸਿਮਰਹਿਂ ਧਰਿ ਸ਼ਰਧਾ ਸੁਖ ਸੀਮੀ।
ਆਪ ਕ੍ਰਿਪਾਲ ਦਾਸ ਰਖਵਾਰੇ। ਦੁਖਤਿ ਲੋਕ ਤੇ ਲੇਹੁ ਉਬਾਰੇ॥ ੧੪॥

ਅਸੀਂ ਆਪ ਜੀ ਦੇ ਕਦੀਮੀ ਸੇਵਕ ਹਾਂ, ਸਰਧਾ ਧਾਰ ਕੇ ਸਿਮਰਨ ਕਰਦੇ ਹਾਂ, ਜੋ ਸੁੱਖ ਦੀ ਹੱਦ ਹੈ। ਆਪ ਕ੍ਰਿਪਾਲੂ ਆਪਣੇ ਸੇਵਕਾਂ ਦੇ ਰਖਵਾਲੇ ਹੋ, ਦੁਖਤ ਲੋਕ ਤੋਂ ਬਚਾ ਲੈਂਦੇ ਹੋ॥੧੪॥

ਪੁੱਤ੍ਰ ਆਪ ਕੇ ਦੋਇਨ ਮਾਂਹੀ। ਜਿਹ ਸੋਂ ਪ੍ਰੀਤਿ ਬ੍ਰਿਧੈ ਇਮ ਚਾਹੀ।
ਮਨ ਮਹਿਂ ਸਿਮਰਹਿਂ ਸ਼ਰਧਾ ਧਾਰਹਿਂ। ਬਿਘਨ ਬਿਸ਼ਾਲ ਅਨੇਕਨਿ ਟਾਰਹਿਂ ॥੧੫॥

ਆਪ ਜੀ ਦੇ ਦੋਵਾਂ ਪੁੱਤਰਾਂ ਵਿਚੋਂ ਕਿਸ ਨਾਲ ਪ੍ਰੀਤ ਵਧੇ, ਇਸ ਤਰ੍ਹਾਂ ਚਾਹੁੰਦਾ ਹਾਂ। ਮਨ ਵਿਚ ਸ਼ਰਧਾ ਧਾਰ ਕੇ ਸਿਮਰਨ ਕਰੀਏ ਤਾਂ ਅਨੇਕਾਂ ਵਿਸ਼ਾਲ ਵਿਘਨਾਂ ਦਾ ਨਾਸ਼ ਹੁੰਦਾ ਹੈ' ॥੧੫॥

ਇਮ ਸੁਨਿ ਸਿਖ ਤੇ ਸ੍ਰੀ ਹਰਿਰਾਇ। ਕਹਯੋ ਮ੍ਰਿਦੁਲ ਮੁਖ ਤੇ ਮੁਸਕਾਇ।
'ਚਿਤ ਮਹਿਂ ਚਹਿਤ ਜੁ ਅਸੁ ਬਿਰਤਾਂਤ। ਪਾਵਹਿਂ ਨਿਸ਼ਚੇ ਹੋਤਿ ਪ੍ਰਭਾਤਿ' ॥੧੬॥

ਇਸ ਤਰ੍ਹਾਂ ਸਿੱਖ ਪਾਸੋਂ ਸੁਣ ਕੇ ਸ੍ਰੀ ਹਰਿਰਾਇ ਜੀ ਨੇ ਮੁਖ ਤੋਂ ਮੁਸਕਰਾ ਕੇ ਕੋਮਲ ਬਚਨ ਕਹੇ, 'ਜੇ ਐਸਾ ਬ੍ਰਿਤਾਂਤ ਆਪਣੇ ਚਿੱਤ ਵਿਚ ਚਾਹੁੰਦੇ ਹੋ ਤਾਂ ਸਵੇਰ ਹੋਣ 'ਤੇ ਨਿਸ਼ਚਾ ਪਾਵੇਂਗੇ' ॥੧੬॥

ਸੁਨਿ ਸ੍ਰੀ ਮੁਖ ਤੇ ਸੀਸ ਨਿਵਾਯਹੁ। ਸਮੋ ਜਾਨਿ ਨਿਜ ਡੇਰੇ ਆਯਹੁ।
ਬੀਤੀ ਰਿਦੇ ਬਿਚਾਰਤਿ ਰਾਤੀ। ਸੁਚ ਸ਼ਨਾਨ ਉਠਿ ਕੀਨਸਿ ਪ੍ਰਾਤੀ॥ ੧੭॥

ਗੁਰੂ ਜੀ ਦੇ ਮੁੱਖ ਤੋਂ ਇਸ ਤਰ੍ਹਾਂ ਸੁਣ ਕੇ ਸਿੱਖ ਨੇ ਸਿਰ ਨਿਵਾਇਆ ਤੇ ਸਮਾਂ ਹੋ ਗਿਆ ਜਾਣ ਕੇ ਆਪਣੇ ਡੇਰੇ ਆ ਗਿਆ। ਬੀਤੀ ਗੱਲ ਨੂੰ ਰਾਤ ਨੂੰ ਆਪਣੇ ਹਿਰਦੇ ਵਿਚ ਵਿਚਾਰਦਾ ਸੀ। ਫਿਰ ਸਵੇਰੇ ਉੱਠ ਕੇ ਸੁੱਚ ਇਸ਼ਨਾਨ ਕੀਤਾ॥੧੭॥

ਸਿੱਖਜਨਿ ਬਿਖੈ ਮੁੱਖਜ ਪੁਨ ਗਯੋ। ਬੰਦਤਿ ਚਰਨ ਗੁਰਨਿ ਕੇ ਭਯੋ।
ਸ਼ਰਧਾ ਸਲਿਤਾ ਕੋ ਮਨ ਮੀਨ। ਪੁਨਹ ਨੇਤ੍ਰ ਭਰਿ ਦਰਸ਼ਨ ਕੀਨਿ॥ ੧੮॥

ਉਹ ਸਿੱਖ ਫਿਰ ਦੂਸਰੇ ਸਿੱਖਾਂ ਦੇ ਵਿਚ ਗਿਆ ਤੇ ਜਾ ਕੇ ਗੁਰੂ ਜੀ ਦੇ ਚਰਨਾਂ 'ਤੇ ਬੰਦਨਾ ਕੀਤੀ। ਉਸਦਾ ਮਨ ਸ਼ਰਧਾ ਦੀ ਨਦੀ ਦੀ ਮੱਛੀ ਵਾਂਗ ਸੀ। ਫਿਰ ਨੇਤਰ ਭਰ ਕੇ ਦਰਸ਼ਨ ਕੀਤੇ॥੧੮॥

ਪਿਖ ਸਤਿਗੁਰ ਸਿਖ ਕੀ ਅਭਿਲਾਖਾ। ਨਿਰਨੈ ਕਰਨਿ ਬਿਖੈ ਅਸ ਭਾਖਾ।
'ਦ੍ਵੈ ਸਾਹਿਬਜ਼ਾਦੇ ਇਕ ਥਾਨੀ। ਪਠਹਿਂ ਗ੍ਰਿੰਥ ਸਾਹਿਬ ਬਰ ਬਾਨੀ॥ ੧੯॥

ਸਤਿਗੁਰੂ ਜੀ ਨੇ ਸਿੱਖ ਨੂੰ ਵੇਖ ਕੇ ਉਸ ਦੀ ਅਭਿਲਾਸ਼ਾ ਦਾ ਨਿਰਨੇ ਕਰਨ ਵਾਸਤੇ ਇਸ ਤਰ੍ਹਾਂ ਕਿਹਾ, "ਦੋਵੇਂ ਸਾਹਿਬਜ਼ਾਦੇ ਇਕ ਥਾਂ ਹਨ ਤੇ ਗ੍ਰੰਥ ਸਾਹਿਬ ਦੀ ਸ੍ਰੇਸ਼ਟ ਬਾਣੀ ਦਾ ਪਾਠ ਕਰ ਰਹੇ ਹਨ॥੧੯॥

ਏਕ ਸੂਚਕਾ ਨਿਜ ਕਰ ਲੇਹੁ। ਜਾਹੁ ਤਹਾਂ ਤੁਮ ਦਰਸ ਕਰੇਹੁ।
ਬੰਦਨ ਕਰਿ ਬੈਠਹੁ ਤਿਨ ਤੀਰ। ਬਾਨੀ ਸੁਨਹੁ ਪਠਹਿਂ ਜੁਗ ਬੀਰ॥ ੨੦॥

ਇਕ ਸੂਈ ਆਪਣੇ ਹੱਥ ਵਿਚ ਲਵੋ, ਉਥੇ ਜਾ ਕੇ ਉਨ੍ਹਾਂ ਦੇ ਦਰਸ਼ਨ ਕਰੋ। ਬੰਦਨਾ ਕਰਕੇ ਉਨ੍ਹਾਂ ਦੇ ਪਾਸ ਬੈਠ ਜਾਵੋ, ਬਾਣੀ ਸੁਣੋ, ਦੋਵੇਂ ਵੀਰ ਬਾਣੀ ਪੜ੍ਹ ਰਹੇ ਹਨ॥੨੦॥

ਦੋਹਰਾ- ਸ੍ਰੀ ਗ੍ਰੰਥ ਸਾਹਿਬ ਤਰੇ ਰੁਚਿਰ ਪੰਘੂਰੇ ਜੇਯ।
ਤਿਨ ਪਾਵੇ ਬਿਚ ਸੂਚਕਾ ਸੰਚਰਾਵਹੁ ਕਰ ਲੇਯ॥ ੨੧॥

ਸ੍ਰੀ ਗ੍ਰੰਥ ਸਾਹਿਬ ਥੱਲੇ ਜਿਹੜੇ ਸੁੰਦਰ ਪੰਘੂੜੇ ਹਨ, ਉਨ੍ਹਾਂ ਪੰਘੂੜਿਆਂ ਦੇ ਪਾਵਿਆਂ ਵਿਚ ਸੂਈਆਂ ਹੱਥ ਵਿਚ ਲੈ ਕੇ ਖੁਭਾਵੋ॥੨੧॥

ਚੌਪਈ-ਜਿਸ ਪਾਵੇ ਬਿਚਿ ਸੰਚਰਿ ਜਾਇ। ਸ਼ਬਦ ਪਠਤਿ ਕਾਸ਼ਟ ਨਰਮਾਇ।
ਪਾਹਨ ਆਦਿ ਮੋਮ ਸਮ ਹੋਇ। ਗੁਰਤਾ ਕੀ ਲਾਇਕ ਲਖਿ ਸੋਇ ॥੨੨ ॥

ਜਿਸ ਦੇ ਪਾਵੇ ਵਿਚ ਸੂਈ ਖੁਭ ਜਾਵੇ, ਸ਼ਬਦ ਪੜ੍ਹਨ ਨਾਲ ਲਕੜੀ ਨਰਮ ਹੋ ਜਾਂਦੀ ਹੈ, ਪੱਥਰ ਆਦਿ ਮੋਮ ਵਾਂਗ ਬਣ ਜਾਂਦੇ ਹਨ, ਉਸ ਨੂੰ ਗੁਰਤਾ ਦੇ ਲਾਇਕ ਸਮਝ ਲਵੋ" ॥੨੨ ॥

ਇਮ ਸੁਨਿ ਗੁਰ ਤੇ ਸਿੱਖ ਸੁਜਾਨਾ। ਗਮਨਜੋ ਤਹਿਂ ਤੇ ਚਾਉ ਮਹਾਨਾਂ।
ਜਹਿਂ ਸ਼੍ਰੀ ਰਾਮਰਾਇ ਜੀ ਬੈਸੇ। ਪੂਰਬ ਜਾਇ ਸਥਾਨ ਪ੍ਰਵੇਸ਼ੇ॥ ੨੩ ॥

ਚਤੁਰ ਸਿੱਖ ਗੁਰੂ ਜੀ ਪਾਸੋਂ ਇਸ ਤਰ੍ਹਾਂ ਸੁਣ ਕੇ ਮਹਾਨ ਖੁਸ਼ੀ ਨਾਲ ਭਰਿਆ ਹੋਇਆ ਉਥੋਂ ਚਲਾ ਗਿਆ। ਜਿਥੇ ਸ੍ਰੀ ਰਾਮਰਾਇ ਜੀ ਬੈਠੇ ਸਨ, ਪਹਿਲਾਂ ਉਸ ਸਥਾਨ ਵਿਚ ਜਾ ਪ੍ਰਵੇਸ਼ ਕੀਤਾ ॥੨੩ ॥

ਕੀਨਿ ਬੰਦਨਾ ਸੀਸ ਨਿਵਾਇ। ਬੈਸਿ ਸਮੀਪ ਸੁਨਤਿ ਚਿਤ ਲਾਇ।
ਪਠਹਿ ਗ੍ਰੰਥ ਸਾਹਿਬ ਕੀ ਬਾਨੀ। ਭਗਤਿ ਵਿਰਾਗ ਗਜਾਨ ਗੁਨ ਸਾਨੀ ॥੨੪ ॥

ਬੰਦਨਾ ਕਰਕੇ ਸਿਰ ਨਿਵਾਇਆ, ਪਾਸ ਬੈਠ ਕੇ ਚਿਤ ਲਾ ਕੇ ਪਾਠ ਸੁਣਨ ਲੱਗੇ। ਉਹ ਗ੍ਰੰਥ ਸਾਹਿਬ ਦੀ ਬਾਣੀ ਪੜ੍ਹ ਰਹੇ ਸਨ, ਜਿਸ ਗ੍ਰੰਥ ਸਾਹਿਬ ਜੀ ਦਾ ਭਗਤੀ ਵਿਰਾਗ ਅਤੇ ਗਿਆਨ ਵਾਲੇ ਗੁਣਾਂ ਵਿਚ ਕੋਈ ਸਾਨੀ ਨਹੀਂ ਹੈ ॥੨੪ ॥

ਜਬਿ ਸੂਚੀ ਸੰਚਰਾਵਨਿ ਲਾਗੋ। ਨਹਿਂ ਪਾਵੇ ਮਹਿਂ ਪ੍ਰਵਿਸ਼ਹਿ ਆਗੋ।
ਪਰਖਤਿ ਕੇਤਿਕ ਚਿਰ ਤਹਿਂ ਰਹਜੋ। ਗੁਰਤਾ ਪਦ ਨਹਿਂ ਲਾਇਕ ਲਹਜੋ ॥੨੫ ॥

ਜਦ ਸੂਈ ਚੁਭਾਵਣ ਲੱਗਾ, ਉਹ ਪਾਵੇ ਵਿਚ ਅੱਗੇ ਪ੍ਰਵੇਸ਼ ਨਾ ਕੀਤੀ। ਪਰਖ ਕਰਦਾ ਕੁਝ ਚਿਰ ਉਥੇ ਰਿਹਾ, ਗੁਰਤਾ ਪਦਵੀ ਦੇ ਲਾਇਕ ਨਾ ਸਮਝਿਆ ॥੨੫ ॥

ਕਰਿ ਬੰਦਨ ਕੋ ਤਬਿ ਉਠਿ ਗਯੋ। ਗੁਰ ਸੁਤ ਲਘੁ ਢਿਗ ਪਹੁੰਚਤਿ ਭਯੋ।
ਪਠਤਿ ਗ੍ਰੰਥ ਸਾਹਿਬ ਕੀ ਬਾਨੀ। ਮ੍ਰਿਦੁਲ ਰਿਦਾ ਸਰਬੱਗਜ ਸੁ ਗਜਾਨੀ ॥੨੬ ॥

ਬੰਦਨਾ ਕਰ ਕੇ ਫਿਰ ਉੱਠ ਕੇ ਚਲਾ ਗਿਆ। ਗੁਰੂ ਜੀ ਦੇ ਛੋਟੇ ਪੁੱਤਰ ਦੇ ਪਾਸ ਪਹੁੰਚ ਗਿਆ। ਉਹ ਵੀ ਗ੍ਰੰਥ ਸਾਹਿਬ ਦੀ ਬਾਣੀ ਪੜ੍ਹ ਰਹੇ ਸਨ, ਜਿਨ੍ਹਾਂ ਦਾ ਕੋਮਲ ਹਿਰਦਾ ਸਰਬ ਗਿਆਤਾ ਅਤੇ ਗਿਆਨਵਾਨ ਸੀ ॥੨੬ ॥

ਸਿੱਖਜ ਨਮੋ ਕਰਿ ਬੈਠਜੋ ਜਾਇ। ਸੁਨਤਿ ਸ਼ਬਦ ਸਗਰੇ ਸੁਖਦਾਇ।
ਪੁਨ ਸ੍ਰੀ ਗ੍ਰੰਥ ਪੰਘੂਰੇ ਪਾਵਾ। ਲੀਨਿ ਸੂਚਕਾ ਨੋਕ ਚੁਭਾਵਾ ॥ ੨੭ ॥

ਸਿੱਖ ਨਮਸਕਾਰ ਕਰਕੇ ਜਾ ਕੇ ਬੈਠ ਗਿਆ, ਸਾਰੇ ਸੁਖਦਾਇਕ ਸ਼ਬਦਾਂ ਨੂੰ ਸੁਣਨ ਲੱਗਾ। ਫਿਰ ਸ੍ਰੀ ਗ੍ਰੰਥ ਸਾਹਿਬ ਦੇ ਪੰਘੂੜੇ ਦੇ ਪਾਵੇ ਵਿਚ ਸੂਈ ਦੀ ਨੋਕ ਨੂੰ ਚੁਭਾਇਆ ॥੨੭ ॥

ਹੁਤੋ ਮੋਮ ਸਮ, ਸਭਿ ਗਡਿ ਗਈ। ਰਹਯੋ ਨਿਕਾਸ ਬੀਚ ਲੈ ਭਈ।
ਤੂਸ਼ਨਿ ਰਹਜੋ ਨ ਕਛੂ ਬਖਾਨਾ। ਗੁਰਤਾ ਕੇ ਲਾਇਕ ਪਹਿਚਾਨਾ ॥੨੮ ॥

ਪਾਵਾ ਮੋਮ ਵਾਂਗ ਸੀ, ਸਾਰੀ ਸੂਈ ਖੁਭ ਗਈ, ਉਹ ਕਢਦਾ ਰਿਹਾ ਪਰ ਉਹ ਪਾਵੇ ਦੇ ਅੰਦਰ ਚਲੀ ਗਈ। ਚੁੱਪ ਰਿਹਾ ਤੇ ਕੁਝ ਨਾ ਬੋਲਿਆ। ਉਨ੍ਹਾਂ ਨੂੰ ਗੁਰਤਾ ਦੇ ਲਾਇਕ ਪਹਿਚਾਣਿਆ ॥੨੮ ॥

ਸ਼ਰਧਾ ਧਰਿ ਕਰਿ, ਕਰ ਜੁਗ ਜੋਰੇ। ਨਿੰਮ੍ਰਿ ਹੋਇ ਕਰਿ ਚਰਨ ਨਿਹੋਰੇ।
'ਸ਼੍ਰੀ ਹਰਿ ਕ੍ਰਿਸ਼ਨ ਕ੍ਰਿਸ਼ਨ ਅਵਤਾਰ। ਇਹੀ ਸਹਾਰਹਿਂ ਗੁਰਤਾ ਭਾਰ ॥੨੯ ॥

ਸਰਧਾ ਧਾਰ ਕੇ ਦੋਵੇਂ ਹੱਥ ਜੋੜੇ, ਸਨਿਮਰ ਹੋ ਕੇ ਚਰਨਾਂ ਨੂੰ ਵੇਖਿਆ ਤੇ ਸੋਚਿਆ, "ਸ੍ਰੀ ਹਰਿ ਕ੍ਰਿਸ਼ਨ ਜੀ ਕ੍ਰਿਸ਼ਨ ਦਾ ਅਵਤਾਰ ਹਨ, ਇਹੀ ਗੁਰਤਾ ਭਾਰ ਸਹਾਰਨਗੇ" ॥੨੯॥

ਸ੍ਰੀ ਹਰਿਰਾਇ ਨਿਕਟਿ ਸਿਖ ਆਵਾ। ਦੋਨਹੁੰ ਕੇਰ ਬ੍ਰਿਤੰਤ ਬਤਾਵਾ।
'ਕਾਸ਼ਟ ਹੋਯਹੁ ਮੈਨ ਸਮਾਨਾ। ਉਚਿਤ ਕ੍ਰਿਪਾ ਤੁਮਾਰੀ ਤੇ ਜਾਨਾ॥ ੩੦॥

ਫਿਰ ਉਹ ਸਿੱਖ ਸ੍ਰੀ ਗੁਰੂ ਹਰਿਰਾਇ ਜੀ ਪਾਸ ਆਇਆ ਤੇ ਦੋਵਾਂ ਬਾਰੇ ਬ੍ਰਿਤਾਂਤ ਦੱਸਿਆ, "ਲੱਕੜ ਮੋਮ ਵਾਂਗ ਹੋ ਗਈ। ਤੁਸੀਂ ਕਿਰਪਾ ਨਾਲ ਇਹ ਸਭ ਕੁਝ ਜਾਣਿਆ ਹੈ॥੩੦॥

ਜਿਨ ਕੈ ਸ਼ਬਦ ਬਿਖੈ ਅਤਿ ਸ਼ਕਤਿ। ਹੋਇ ਕਠਨ ਮਨ ਸੋ ਭੀ ਸੁਧਰਤਿ।
ਮ੍ਰਿਦੁਲ ਰਿਦਨਿ ਕੀ ਕਹਾ ਹੈ ਗਿਨਤੀ। ਉਧਰਹਿਂ ਸੇਵਕ ਕਰਿ ਕਰਿ ਬਿਨਤੀ ॥੩੧॥

ਜਿਨ੍ਹਾਂ ਦੇ ਸ਼ਬਦ ਵਿਚ ਅਤਿ ਸ਼ਕਤੀ ਹੈ, ਜਿਹੜਾ ਕਠੋਰ ਮਨ ਹੋਵੇ ਉਹ ਵੀ ਸੁਧਰ ਜਾਂਦਾ ਹੈ। ਕੋਮਲ ਹਿਰਦਿਆਂ ਦੀ ਕੀ ਗਿਣਤੀ ਹੈ, ਸੇਵਕ ਬੇਨਤੀਆਂ ਕਰ ਕਰ ਆਪਣਾ ਉਧਾਰ ਕਰਵਾ ਲੈਂਦੇ ਹਨ॥੩੧॥

ਨਿਰਨੈ ਕਰਿ ਨਿਸ਼ਚੈ ਮਨ ਠਾਨਾ। ਜੋ ਹੋਵਹਿ ਸਤਿਗੁਰੂ ਸੁਜਾਨਾ।
ਨਹਿਂ ਬ੍ਰਿਤੰਤ ਬਹੁ ਤਿਨ ਬਿਦਤਾਵਾ। ਜਾਨਜੋ ਚਹਿ ਸੁ ਜਾਨਿ ਹਰਖਾਵਾ॥੩੨॥

ਜਿਹੜੇ ਪੂਰਨ ਸਤਿਗੁਰੂ ਜੀ ਹੋਣਗੇ, ਪਰਖ ਕਰਕੇ ਮਨ ਵਿਚ ਨਿਸ਼ਚਾ ਧਾਰਨ ਕੀਤਾ, ਉਸ ਨੇ ਇਹ ਬ੍ਰਿਤਾਂਤ ਫਿਰ ਪ੍ਰਗਟ ਨਾ ਕੀਤਾ। ਜੋ ਜਾਣਨਾ ਚਾਹੁੰਦਾ ਸੀ, ਉਹ ਜਾਣ ਕੇ ਪ੍ਰਸੰਨ ਹੋ ਗਿਆ॥੩੨॥

ਕਿਤਿਕ ਦਿਵਸ ਰਹਿ ਸਤਿਗੁਰ ਪਾਸ। ਪੁਨ ਰੁਖਸਦ ਹੁਇ ਗਯੋ ਅਵਾਸ।
ਇਸ ਪ੍ਰਕਾਰ ਪਰਖੇ ਸੁਤ ਗੁਰ ਕੇ। ਤਿਸ ਪ੍ਰਾਪਤ ਹੁਇ, ਭਾਗ ਜੁ ਧੁਰ ਕੇ॥੩੩॥

ਕਈ ਦਿਨ ਸਤਿਗੁਰੂ ਜੀ ਪਾਸ ਰਹਿ ਕੇ, ਫਿਰ ਵਿਦਾ ਹੋ ਕੇ ਆਪਣੇ ਘਰ ਗਿਆ। ਇਸ ਪ੍ਰਕਾਰ ਗੁਰੂ ਜੀ ਦੇ ਪੁੱਤਰਾਂ ਦੀ ਪਰਖ ਕੀਤੀ। ਜਿਨ੍ਹਾਂ ਦੇ ਭਾਗਾਂ ਵਿਚ ਧੁਰੋਂ ਲਿਖੀ ਹੈ, ਉਨ੍ਹਾਂ ਨੂੰ ਹੀ ਗੁਰਗੱਦੀ ਪ੍ਰਾਪਤ ਹੁੰਦੀ ਹੈ॥੩੩॥

ਸ੍ਰੀ ਸਤਿਗੁਰ ਹਰਿਰਾਇ ਸੁਜਾਨਾ। ਸੁਤ ਤਜਾਗਨਿ ਕੋ ਜਬਹਿ ਬਖਾਨਾ।
ਤਬਿ ਤੇ ਰਾਮਰਾਇ ਇਤ ਆਵਨਿ। ਨਾਂਹਿਨ ਕੀਨਸਿ ਮਨ ਲਲਚਾਵਨ॥੩੪॥

ਸ੍ਰੀ ਸਤਿਗੁਰ ਹਰਿਰਾਇ ਜੀ ਨੇ ਜਦ ਪੁੱਤਰ ਦੇ ਤਿਆਗਣ ਬਾਰੇ ਕਿਹਾ, ਤਦ ਤੋਂ ਸ੍ਰੀ ਰਾਮਰਾਇ ਨੇ ਏਧਰ ਆਉਣ ਦਾ ਮਨ ਵਿਚ ਲਾਲਚ ਨਾ ਕੀਤਾ॥੩੪॥

ਭਯੋ ਨਿਰਾਸ ਪਿਤਾ ਕੀ ਦਿਸ਼ਿ ਤੇ। ਗੁਰਤਾ ਚਹਿਤਿ ਹੁਤੇ ਨਿਤ ਜਿਸ ਤੇ।
ਰਿਦੈ ਬਿਚਾਰਤਿ 'ਮੈਂ ਸਭਿ ਲਾਯਕ। ਭਏ ਹਜ਼ਾਰਹੁਂ ਸਿਖ ਧਨਦਾਯਕ॥੩੫॥

ਆਪਣੇ ਪਿਤਾ ਜੀ ਵਲੋਂ ਨਿਰਾਸ਼ ਹੋ ਗਿਆ, ਜਿਸ ਪਾਸੋਂ ਸਦਾ ਗੁਰਤਾ ਚਾਹੁੰਦਾ ਸੀ। ਹਿਰਦੇ ਵਿਚ ਵਿਚਾਰ ਕਰਦਾ ਸੀ, "ਮੈਂ ਸਭ ਤਰ੍ਹਾਂ ਨਾਲ ਲਾਇਕ ਹਾਂ। ਹਜ਼ਾਰਾਂ ਧਨਾਢ ਲੋਕ ਮੇਰੇ ਸਿੱਖ ਹੋਏ ਹਨ॥੩੫॥

ਸਕਲ ਸਮਾਜ ਬਧਯੋ ਅਧਿਕਾਇ। ਸੈਨਾ ਆਦਿਕ ਬਹੁਤ ਸਹਾਇ।
ਧਨ ਕੀ ਕਮੀ ਨਹੀਂ ਕੁਛ ਮੇਰੇ। ਅਬਿ ਅਰੁ ਆਗੇ ਆਇਂ ਘਨੇਰੇ॥੩੬॥

ਸਾਰਾ ਸਾਜ਼-ਸਾਮਾਨ ਬਹੁਤ ਵਧਿਆ ਹੈ, ਸੈਨਾ ਆਦਿ ਬਹੁਤ ਸ਼ੋਭ ਰਹੀ ਹੈ। ਧਨ ਦੀ ਮੇਰੇ ਪਾਸ ਕੋਈ ਘਾਟ ਨਹੀਂ ਹੈ, ਹੁਣ ਤਾਂ ਅੱਗੇ ਨੂੰ ਵੀ ਬਹੁਤ ਆਵੇਗੀ॥੩੬॥

ਤੁਰਕੇਸੁਰ ਸੰਗ ਰਸ ਮੈਂ ਰਾਖਾ। ਦੇਤਿ ਮੋਹਿ ਕੋ ਜੋ ਅਭਿਲਾਖਾ।
ਇਤ ਹੀ ਦਿਸ਼ਿ ਮੈਂ ਕਰੌਂ ਅਵਾਸ। ਕਹਾ ਹੁਇ ਜੋ ਨ ਜਾਉਂ ਪਿਤ ਪਾਸ॥੩੭॥

ਬਾਦਸ਼ਾਹ ਨਾਲ ਮੈਂ ਬੜਾ ਮੇਲ ਮਿਲਾਪ ਰਖਿਆ ਹੈ, ਜਿਹੜਾ ਮੇਰੀ ਅਭਿਲਾਸ਼ਾ ਅਨੁਸਾਰ ਧਨ ਪਦਾਰਥ ਦਿੰਦਾ ਹੈ। ਇਸ ਦੇ ਪਾਸ ਹੀ ਨਿਵਾਸ ਕਰਾਂਗਾ, ਕੀ ਹੋ ਜਾਵੇਗਾ ਜੇ ਪਿਤਾ ਪਾਸ ਨਹੀਂ ਜਾਵਾਂਗਾ॥੩੭॥

ਸਭਿ ਬਿਧਿ ਮੈਂ ਬਿਸਾਲ ਸਮਰੱਥ। ਕਰੌਂ ਚਹੌਂ ਚਿਤ ਸਭਿ ਮਮ ਹੱਥ।
ਇਕ ਤੋ ਸਿੱਖੀ ਬਹੁ ਜਗ ਮੇਰੀ। ਸ਼ਾਹੁ ਸੰਗ ਰਸ ਰੀਤਿ ਘਨੇਰੀ। ੩੮॥

ਸਭ ਬਿਧੀਆਂ ਅਨੁਸਾਰ ਮੈਂ ਵਿਸ਼ਾਲ ਸਮਰੱਥ ਹਾਂ। ਜੋ ਚਿੱਤ ਵਿਚ ਚਾਹੁੰਦਾ ਹਾਂ ਕਰਦਾ ਹਾਂ। ਸਭ ਕੁਝ ਮੇਰੇ ਹੱਥ ਵਿਚ ਹੈ। ਇਕ ਤਾਂ ਜੱਗ ਵਿਚ ਮੇਰੀ ਵੱਡੀ ਸਿੱਖੀ ਸੇਵਕੀ ਹੈ ਤੇ ਬਾਦਸ਼ਾਹ ਦੇ ਨਾਲ ਵੱਡਾ ਮੇਲ ਮਿਲਾਪ ਹੈ॥੩੮॥

ਆਜ ਕਮੀ ਕਿਸ ਬਾਤ ਨ ਮੋਹੀ। ਨਿਤਪ੍ਰਤਿ ਸਕਲ ਅਧਿਕਤਾ ਹੋਹੀ'।
ਇੱਤਜਾਦਿਕ ਗਿਨਤੀ ਕਹੁ ਕਰਿ ਕੈ। ਉਤ ਹੀ ਰਹਜੋ ਪੁਰੀ ਮਹਿਂ ਥਿਰਿਕੈ॥੩੯॥

ਅੱਜ ਮੈਨੂੰ ਕਿਸੇ ਗੱਲ ਦੀ ਘਾਟ ਨਹੀਂ ਹੈ, ਨਿਤਾਪ੍ਰਤੀ ਇਹ ਵਧਦੀ ਹੀ ਜਾਂਦੀ ਹੈ।" ਇਤਿਆਦਿਕ ਗਿਣਤੀਆਂ ਕਰਕੇ, ਉਸ ਤਰ੍ਹਾਂ ਹੀ ਨਗਰ ਦੇ ਵਿਚ ਰਿਹਾ॥੩੯॥

ਅਧਿਕ ਦਰਬ ਨਿਤ ਆਵਹਿ ਪਾਸ। ਲਜਾਇ ਉਪਾਇਨ ਸੰਗਤਿ ਰਾਸ।
ਜਿਮ ਸਤਿਗੁਰ ਕੇ ਘਰ ਕੀ ਰੀਤਿ। ਤਿਮ ਗੁਰ ਬਨਜੋ ਕਰਤਿ ਰਹਿ ਨੀਤ॥੪੦॥

ਸਦਾ ਹੀ ਬਹੁਤ ਧਨ ਪਾਸ ਆਉਂਦਾ ਹੈ, ਸੰਗਤਾਂ ਬਹੁਤ ਧਨ ਅਤੇ ਉਪਹਾਰ ਪਾਸ ਲਿਆਉਂਦੀਆਂ ਹਨ। ਜਿਵੇਂ ਸਤਿਗੁਰੂ ਦੇ ਘਰ ਦੀ ਰੀਤ ਹੈ, ਤਿਵੇਂ ਗੁਰੂ ਬਣਿਆ ਉਸੇ ਤਰ੍ਹਾਂ ਸਦਾ ਕਾਰ ਵਿਹਾਰ ਕਰਦਾ ਰਹਿੰਦਾ ਹੈ॥੪੦॥

ਬ੍ਰਿੰਦ ਮਸੰਦ ਮੇਵੜੇ ਭਏ। ਸਿੱਖਜਨਿ ਤੇ ਨਿਤ ਧਨ ਕੋ ਲਿਏ।
ਅਜ਼ਮਤ ਬ੍ਰਿੰਦ ਦੇਖਿਬੇ ਕਰਿ ਕੈ। ਬਹੁ ਸੰਗਤਿ ਭੀ ਸੁਜਸੁ ਉਚਰਿ ਕੈ॥੪੧॥

ਬਹੁਤ ਮਸੰਦ ਅਤੇ ਅਰਦਾਸੀਏ ਹੋ ਗਏ, ਉਹ ਸਿੱਖਾਂ ਤੋਂ ਨਿਤ ਧਨ ਲੈਂਦੇ ਹਨ। ਬਹੁਤ ਵੱਡੀ ਕਰਾਮਾਤ ਵੇਖਣ ਕਰਕੇ ਸ੍ਰੇਸ਼ਟ ਜਸ ਉਚਾਰ ਕੇ ਬਹੁਤ ਸੰਗਤ ਹੋ ਗਈ ਹੈ॥੪੧॥

ਗਾਇਂ ਰਬਾਬੀ ਸ਼ਬਦ ਹਮੇਸ਼। ਬੈਠਹਿ ਮੰਜੀ ਹੁਇ ਸ਼ੁਭ ਬੇਸ਼।
ਕਰਤਿ ਖਰੇ ਅਰਦਾਸ ਅਗਾਰੀ। ਸਹਿਤ ਪ੍ਰੇਮ ਕੇ ਹੁਇ ਬਲਿਹਾਰੀ॥ ੪੨॥

ਰਬਾਬੀ ਹਮੇਸ਼ਾਂ ਸ਼ਬਦ ਗਾਉਂਦੇ ਹਨ, ਸ੍ਰੀ ਰਾਮਰਾਇ ਸ਼ੁਭ ਭੇਸ ਧਾਰਨ ਕਰਕੇ ਮੰਜੀ 'ਤੇ ਬੈਠਦਾ ਹੈ, ਸਿੱਖ ਸਾਹਮਣੇ ਖਲੋ ਕੇ ਬੇਨਤੀ ਕਰਦੇ ਹਨ ਤੇ ਪ੍ਰੇਮ ਸਹਿਤ ਹੋ ਕੇ ਬਲਿਹਾਰ ਜਾਂਦੇ ਹਨ॥੪੨॥

ਇਕ ਸਤਿਗੁਰ ਸੁਤ ਹੋਵਨਿ ਕਰਿ ਕੈ। ਗੁਰ ਕਹਾਇ ਅਜ਼ਮਤ ਸੁ ਦਿਖਰਿ ਕੈ।
ਅਧਿਕ ਸਮਾਜ ਬਧਜੋ ਸਭਿ ਭਾਂਤੀ। ਦੇਸ਼ ਬਿਦੇਸ਼ਨਿ ਭਾ ਬੱਖਜਾਤੀ ॥੪੩॥

ਇਕ ਸਤਿਗੁਰੂ ਦਾ ਪੁੱਤਰ ਹੋਣ ਕਰਕੇ, ਦੂਸਰਾ ਕਰਾਮਾਤ ਵਿਖਾ ਕੇ ਗੁਰੂ ਕਹਾਉਂਦਾ ਹੈ। ਸਭ ਪ੍ਰਕਾਰ ਬਹੁਤ ਸਾਜ਼ੋ-ਸਾਮਾਨ ਵਧਿਆ ਹੈ ਤੇ ਦੇਸ਼ਾਂ ਵਿਦੇਸ਼ਾਂ ਵਿਚ ਪ੍ਰਸਿੱਧ ਹੋ ਗਿਆ ਹੈ॥੪੩॥

ਨੌਰੰਗ ਨਿਕਟਿ ਰਹਜੋ ਚਿਰ ਕਾਲ। ਪਹੁੰਚਹਿ ਢਿਗ ਨਿਤ ਆਦਰ ਨਾਲ।
ਬਾਦੀ ਦੁਸ਼ਟ ਬਿਸਾਲ ਦਬਾਏ। ਚਹੈਂ ਬੁਰੋ, ਪਰ ਬਸ ਨ ਬਸਾਏ॥ ੪੪॥

ਬੜੀ ਦੇਰ ਤਕ ਨੌਰੰਗੇ ਦੇ ਪਾਸ ਰਿਹਾ, ਤੇ ਸਦਾ ਆਦਰ ਨਾਲ ਉਸ ਦੇ ਪਾਸ ਪਹੁੰਚਦਾ ਸੀ। ਝਗੜਾਲੂ ਦੁਸ਼ਟਾਂ ਨੂੰ ਬਹੁਤ ਦਬਾ ਲਿਆ ਹੈ। ਉਹ ਸਦਾ ਝਗੜਾ ਚਾਹੁੰਦੇ ਹਨ, ਪਰ ਉਨ੍ਹਾਂ ਮੁਲਾਣਿਆਂ ਆਦਿ ਦੇ ਕੁਝ ਵੱਸ ਨਹੀਂ ਸੀ ਚਲਦਾ॥੪੪॥

ਜਿਮ ਸੂਬੇ ਪਤਿਸ਼ਾਹੀ ਆਵਤਿ। ਸਿਵਕਾ ਰੂਢ ਸਦਾ ਤਿਮ ਜਾਵਤਿ।
ਕਵਿ ਸੰਤੋਖ ਸਿੰਘ ਸਤਿਗੁਰ ਨੰਦ। ਸਕਲ ਸਮਾਜ, ਬ੍ਰਿਧਾਇ ਬਿਲੰਦ॥ ੪੫॥

ਬਾਦਸ਼ਾਹ ਸੂਬੇ ਜਿਵੇਂ ਆਉਂਦੇ ਹਨ, ਉਸ ਤਰ੍ਹਾਂ ਹੀ ਪਾਲਕੀ ਵਿਚ ਚੜ੍ਹ ਕੇ ਜਾਂਦਾ ਹੈ। ਹੇ ਕਵੀ ਸੰਤੋਖ ਸਿੰਘਾ! ਸਤਿਗੁਰੂ ਜੀ ਦੇ ਪੁੱਤਰ ਨੇ ਸਭ ਪ੍ਰਕਾਰ ਦਾ ਸਮਾਜ ਬਹੁਤ ਵਧਾਇਆ ਸੀ॥੪੫॥

*ਨੌਵੀਂ ਰਾਸ ਦਾ ਉਣਾਹਠਵਾਂ ਅਧਿਆਇ ਸਮਾਪਤ ਹੋਇਆ॥੫੯॥*

## ਅਧਿਆਇ ਸੱਠਵਾਂ

*ਸ੍ਰੀ ਰਾਮਰਾਇ ਲਾਹੌਰ ਵਲ ਗਿਆ*

ਦੋਹਰਾ- ਪੁਨ ਕੇਤਿਕ ਦਿਨ ਬਿਤ ਗਏ ਹਠ ਤੇ ਫਿਰਯੋ ਸੁਭਾਇ।
ਬਡਤਾ ਪਿਤ ਕੀ ਸਿਮਰਿ ਉਰ ਮਿਲਨਿ ਚਾਹਿ ਉਪਜਾਇ॥ ੧॥

ਫਿਰ ਜਦ ਕਈ ਦਿਨ ਬੀਤ ਗਏ ਤਾਂ ਹੱਠ ਕਰਨ ਤੋਂ ਸੁਭਾਅ ਬਦਲ ਗਿਆ। ਪਿਤਾ ਜੀ ਦੀ ਵਡਿਆਈ ਯਾਦ ਕਰਕੇ, ਹਿਰਦੇ ਵਿਚ ਉਨ੍ਹਾਂ ਨੂੰ ਮਿਲਣ ਦੀ ਚਾਹ ਪ੍ਰਗਟ ਹੋਈ॥੧॥

ਸ੍ਰੀ ਸਤਿਗੁਰ ਨਿਜ ਪਿਤਾ ਕੋ ਕ੍ਰੋਧ ਸੁਨਯੋ ਦੁਖ ਪਾਇ।
'ਕਹਾਂ ਬਾਤ ਬਿਪ੍ਰੀ ਭਈ' ਨਿਸ ਦਿਨ ਬਹੁ ਪਛੁਤਾਇ॥ ੨॥

ਆਪਣੇ ਪਿਤਾ ਸ੍ਰੀ ਸਤਿਗੁਰੂ ਜੀ ਦਾ ਕ੍ਰੋਧ ਸੁਣ ਕੇ ਹਿਰਦੇ ਵਿਚ ਬੜਾ ਦੁੱਖ ਪਾਇਆ, "ਕਿਵੇਂ ਉਲਟ ਗੱਲ ਹੋ ਗਈ ਹੈ", ਦਿਨ ਰਾਤ ਬਹੁਤ ਪਛੁਤਾਉਂਦਾ ਸੀ॥੨॥

ਚੌਪਈ- 'ਅਬਿ ਕਰਤੱਬਯ ਅਹੈ ਕਯਾ ਮੋਹੀ'। ਰਿਦੇ ਬਿਚਾਰਤਿ ਸੰਕਟ ਹੋਹੀ।
'ਜਾਵੋਂ ਪਿਤ ਸਮੀਪ ਇਕ ਵਾਰੀ। ਬਖ਼ਸ਼ਾਵੋਂ ਕਰ ਜੋਰਿ ਅਗਾਰੀ'॥ ੩॥

'ਹੁਣ ਮੈਨੂੰ ਕੀ ਕਰਨਾ ਬਣਦਾ ਹੈ' ਹਿਰਦੇ ਵਿਚ ਵਿਚਾਰਨ ਨਾਲ ਦੁੱਖ ਹੁੰਦਾ ਸੀ। "ਇਕ ਵਾਰ ਪਿਤਾ ਜੀ ਦੇ ਪਾਸ ਜਾਵਾਂਗਾ ਤੇ ਅੱਗੇ ਖਲੋ ਕੇ ਹੱਥ ਜੋੜ ਕੇ ਆਪਣੀ ਗ਼ਲਤੀ ਬਖ਼ਸ਼ਾਵਾਂਗਾ"॥੩॥

ਇਮ ਨਿਸ਼ਚੇ ਕਰਿ ਕੈ ਬਹੁ ਭਾਇ। ਗੁਰ ਸੁਤ ਰਾਮਰਾਇ ਪਛੁਤਾਇ।
ਨੌਰੰਗ ਸੰਗ ਕਹਯੋ ਬਚ ਐਸੇ। 'ਅਬਿ ਰੁਖਸਦ ਦਿਹੁ ਜੈਸੇ ਕੈਸੇ'॥੪॥

ਇਸ ਤਰ੍ਹਾਂ ਬਹੁਤ ਪ੍ਰਕਾਰ ਨਿਸ਼ਚਾ ਕਰਕੇ, ਗੁਰ-ਪੁੱਤਰ ਸ੍ਰੀ ਰਾਮਰਾਇ ਪਛੁਤਾਇਆ ਤੇ ਫਿਰ ਨੌਰੰਗੇ ਨੂੰ ਜਾ ਕੇ ਕਿਹਾ, "ਹੁਣ ਜਿਵੇਂ ਕਿਵੇਂ ਮੈਨੂੰ ਵਿਦਾ ਕਰੋ"॥੪॥

ਸ਼ਾਹੁ ਨ ਮਾਨੈ ਕਹੈ ਬਨਾਇ। 'ਤੁਮਰੇ ਦਰਸ਼ਨ ਕੀ ਮੁਝ ਚਾਹਿ।
ਰਹਹੁ ਕਿਤਿਕ ਦਿਨ ਇਹਾਂ ਗੁਜਾਰਹੁ। ਮੋਹਿ ਹਰਖ ਕਰਿ ਪੁਨਹਿ ਪਧਾਰਹੁ॥੫॥

ਬਾਦਸ਼ਾਹ ਮੰਨਦਾ ਨਹੀਂ ਸੀ ਤੇ ਗੱਲ ਬਣਾ ਕੇ ਕਹਿੰਦਾ ਸੀ, "ਤੁਹਾਡੇ ਦਰਸ਼ਨਾਂ ਦੀ ਮੈਨੂੰ ਚਾਹ ਹੈ। ਕੁਝ ਦਿਨ ਹੋਰ ਏਥੇ ਰਹਿ ਕੇ ਗੁਜ਼ਾਰੋ, ਮੈਨੂੰ ਖ਼ੁਸ਼ ਕਰਕੇ ਫਿਰ ਚਲੇ ਜਾਵੋ" ॥੫॥

ਚਤੁਰ ਪੰਚ ਦਿਨ ਬੂਝਤਿ ਰਹੇ। ਰੁਖਸਦ ਕਰਨਿ ਸ਼ਾਹੁ ਨਹਿਂ ਕਹੇ।
ਤਬਿ ਸ੍ਰੀ ਰਾਮਰਾਇ ਅਕੁਲਾਏ। ਹਮਹਿਂ ਜ਼ਰੂਰ ਬਨਿਹ ਤਹਿਂ ਜਾਏ॥ ੬॥

ਚਾਰ ਪੰਜ ਦਿਨ ਪੁੱਛਦਾ ਰਿਹਾ, ਪਰ ਵਿਦਾ ਕਰਨ ਵਾਸਤੇ ਬਾਦਸ਼ਾਹ ਨਹੀਂ ਕਹਿੰਦਾ ਸੀ। ਫਿਰ ਸ੍ਰੀ ਰਾਮਰਾਇ ਵਿਆਕੁਲ ਹੋ ਗਿਆ, ਸਾਡਾ ਉਥੇ ਜਾਣਾ ਬਹੁਤ ਜ਼ਰੂਰੀ ਬਣਦਾ ਹੈ॥੬॥

ਇਕ ਦਿਨ ਸ਼ਾਹੁ ਸ਼ਿਕਾਰ ਸਿਧਾਯਹੁ। ਬੋਲਿ ਗੁਰੂ ਸੁਤ ਸੰਗ ਰਲਾਯਹੁ।
ਜਹਾਂ ਸ਼ਿਕਾਰਗਾਹ ਤਹਿਂ ਗਏ। ਜੀਵ ਘਾਤ ਹਿਤ ਬਿਚਰਤਿ ਭਏ॥ ੭॥

ਇਕ ਦਿਨ ਬਾਦਸ਼ਾਹ ਸ਼ਿਕਾਰ ਖੇਡਣ ਗਿਆ, ਤੇ ਗੁਰੂ-ਪੁੱਤਰ ਨੂੰ ਕਹਿ ਕੇ ਨਾਲ ਮਿਲਾ ਲਿਆ। ਜਿਥੇ ਸ਼ਿਕਾਰਗਾਹ ਸੀ ਉਥੇ ਚਲੇ ਗਏ। ਜੀਵ ਮਾਰਨ ਵਾਸਤੇ ਤੁਰੇ ਫਿਰਦੇ ਸਨ॥੭॥

ਤਬਿ ਸ੍ਰੀ ਰਾਮਰਾਇ ਰਿਸ ਆਈ। ਮਹਾਂ ਘਟਾ ਘਨ ਕੀ ਘੁਮਡਾਈ।
ਅਧਿਕ ਬੇਗ ਤੇ ਪਵਨ ਚਲਾਯਹੁ। ਮਹਾਂ ਧੂਲ ਜੁਤਿ ਡਰ ਉਪਜਾਯਹੁ॥ ੮॥

ਤਦ ਸ੍ਰੀ ਰਾਮਰਾਇ ਬਹੁਤ ਗੁੱਸੇ ਵਿਚ ਆ ਗਿਆ। ਬਦਲਾਂ ਦੀ ਮਹਾਨ ਘਟਾ ਚੜ੍ਹ ਕੇ ਆ ਗਈ। ਬਹੁਤ ਤੇਜ਼ ਹਵਾ ਚਲਾਈ। ਬਹੁਤ ਘੱਟਾ ਮਿੱਟੀ ਚੜ੍ਹਾ ਕੇ ਬਾਦਸ਼ਾਹ ਨੂੰ ਡਰ ਪਾਇਆ॥੮॥

ਓਰਨਿ ਕੀ ਬਰਖਾ ਬਡ ਭਈ। ਲਗਹਿ ਦੇਹ ਪਰ ਪੀਰਾ ਦਈ।
ਅਵਰੰਗ ਕਹੂੰ ਮਹਿਦ ਅਕੁਲਾਵਾ। ਲਸ਼ਕਰ ਭਗਜੇ ਮਹਾਂ ਦੁਖ ਪਾਵਾ॥ ੯॥

ਫਿਰ ਗੜਿਆਂ ਦੀ ਬਹੁਤ ਭਾਰੀ ਵਰਖਾ ਕਰ ਦਿੱਤੀ ਜਿਹੜੇ ਮੋਟੇ-ਮੋਟੇ ਗੜੇ ਸਰੀਰ ਨੂੰ ਵੱਜ ਕੇ ਬਹੁਤ ਦੁੱਖੀ ਕਰਦੇ ਸਨ। ਨੌਰੰਗਾ ਬਹੁਤ ਵਿਆਕੁਲ ਹੋ ਗਿਆ, ਲਸ਼ਕਰ ਭੱਜ ਗਿਆ ਤਾਂ ਬਹੁਤ ਦੁੱਖ ਪਾਇਆ॥੯॥

ਨਹੀਂ ਸ਼ਾਹਿ ਕਿਤ ਪਾਇਵ ਠੌਰ। ਪਵਨ ਧੂਲ ਓਰਨਿ ਤੇ ਬੌਰ।
ਜਹਿਂ ਸ੍ਰੀ ਰਾਮਰਾਇ ਥਿਰ ਰਹੇ। ਤਹਿਂ ਨਹਿਂ ਓਰਾ, ਪਵਨ ਨ ਬਹੇ॥ ੧੦॥

ਬਾਦਸ਼ਾਹ ਨੂੰ ਕਿਤੇ ਵੀ ਬਚਾਅ ਵਾਸਤੇ ਥਾਂ ਨਹੀਂ ਸੀ ਲੱਭਦਾ। ਹਨੇਰੀ, ਧੂੜ ਅਤੇ ਗੜਿਆਂ ਨੇ ਕਮਲਾ ਕਰ ਦਿੱਤਾ। ਜਿਥੇ ਸ੍ਰੀ ਰਾਮਰਾਇ ਖੜਾ ਸੀ, ਉਥੇ ਨਾ ਹਨੇਰੀ ਸੀ, ਨਾ ਧੂੜ ਸੀ ਅਤੇ ਨਾ ਹੀ ਗੜੇ ਡਿੱਗਦੇ ਸਨ॥੧੦॥

ਕਿਤਿਕ ਕਾਲ ਲੌ ਇਤ ਉਤ ਫਿਰਿ ਕੈ। ਆਵਤਿ ਭਾ ਸਮੀਪ ਸੁਤ ਗੁਰ ਕੈ।
ਦੇਖਿ ਸ਼ਾਹੁ ਨੇ ਰਿਦੇ ਬਿਚਾਰਾ।-ਇਨਹੁਂ ਕ੍ਰੋਧ ਕੁਛ ਮੇ ਪਰ ਧਾਰਾ॥ ੧੧॥

ਕਾਫ਼ੀ ਦੇਰ ਏਧਰ ਓਧਰ ਫਿਰ ਕੇ ਫਿਰ ਗੁਰੂ ਪੁੱਤਰ ਦੇ ਪਾਸ ਆਇਆ। ਬਾਦਸ਼ਾਹ ਨੇ ਵੇਖ ਕੇ ਹਿਰਦੇ ਵਿਚ ਵਿਚਾਰ ਕੀਤੀ, 'ਇਸ ਨੇ ਕੁਝ ਕ੍ਰੋਧ ਮੇਰੇ 'ਤੇ ਧਾਰਨ ਕੀਤਾ ਹੈ॥੧੧॥

ਰੁਖ਼ਸਦ ਮਾਂਗਤਿ ਮੈਂ ਨਹਿਂ ਦੀਨਿ। ਯਾਂਤੇ ਮਮ ਐਸੀ ਗਤਿ ਕੀਨਿ।
ਨੰਮ੍ਰਿ ਹੋਇ ਕਰਿ ਬਾਕ ਬਖਾਨਾ। 'ਸ਼ੌਂਕ ਦਰਸ ਕੋ ਮੋਹਿ ਮਹਾਨਾ॥ ੧੨॥

ਵਿਦਾਇਗੀ ਮੰਗਦਾ ਹੈ ਤੇ ਮੈਂ ਦਿੰਦਾ ਨਹੀਂ, ਇਸ ਕਰਕੇ ਮੇਰੀ ਅਜਿਹੀ ਗਤੀ ਕੀਤੀ ਹੈ। ਫਿਰ ਸਨਿਮਰ ਹੋ ਕੇ ਬਚਨ ਕੀਤਾ, 'ਮੈਨੂੰ ਤੁਹਾਡੇ ਦਰਸ਼ਨਾਂ ਦਾ ਵੱਡਾ ਸ਼ੌਕ ਹੈ॥੧੨॥

ਯਾਂਤੇ ਮੈਂ ਰੁਖ਼ਸਦ ਨਹਿਂ ਕਰੇ। ਅਬਿ ਤਿਮ ਕਰਹੁ ਜਥਾ ਉਰ ਧਰੇ।
ਪੁਨ ਤੂਰਨ ਹੀ ਦਰਸ਼ਨ ਦੀਜੈ। ਅਪਨੇ ਸਦਨ ਵਿਖੈ ਗਮਨੀਜੈ ॥ ੧੩॥

ਇਸ ਕਰਕੇ ਮੈਂ ਵਿਦਾ ਨਹੀਂ ਸੀ ਕੀਤਾ। ਹੁਣ ਉਸ ਤਰ੍ਹਾਂ ਹੀ ਕਰੋ ਜਿਵੇਂ ਮਨ ਵਿਚ ਧਾਰਨ ਕੀਤਾ ਹੈ। ਬਾਅਦ ਵਿਚ ਤੁਰਤ ਦਰਸ਼ਨ ਦੇਵੋ, ਆਪਣੇ ਘਰ ਵਿਚ ਚਲੇ ਜਾਵੋ"॥੧੩॥

ਤਬਿ ਸ੍ਰੀ ਰਾਮਰਾਇ ਮੁਸਕਾਨੇ। 'ਤੁਵ ਮਨ ਬਹੁ ਹੰਕਾਰ ਕੋ ਠਾਨੇ।
ਜਿਸ ਸੈਨਾਂ ਤੇ ਲਖੈਂ ਬਡੇਰੇ। ਸੋ ਅਬਿ ਕਹਾਂ, ਨ ਦੀਖਤਿ ਨੇਰੇ॥ ੧੪॥

ਫਿਰ ਸ੍ਰੀ ਰਾਮਰਾਇ ਮੁਸਕਰਾਇਆ, "ਤੁਸੀਂ ਆਪਣੇ ਮਨ ਵਿਚ ਬੜਾ ਹੰਕਾਰ ਧਾਰਨ ਕੀਤਾ ਸੀ, ਜਿਸ ਸੈਨਾ ਕਰਕੇ ਆਪਣੇ ਆਪ ਨੂੰ ਵੱਡਾ ਸਮਝਦਾ ਹੈਂ, ਉਹ ਸੈਨਾ ਹੁਣ ਕਿਥੇ ਹੈ, ਉਹ ਕਿਤੇ ਨੇੜੇ ਵਿਖਾਈ ਨਹੀਂ ਦਿੰਦੀ॥੧੪॥

ਯਾਂਤੇ ਸਭਿ ਖੁਦਾਇ ਕੇ ਹਾਥ। ਕਹਾਂ ਹੋਇ ਧਨ ਦਲ ਬਲ ਸਾਥ।
ਅਬਿ ਹਮ ਪਿਤ ਸਤਿਗੁਰ ਢਿਗ ਜਾਵੈਂ। ਦਰਸ਼ਨ ਦੇਖਹਿਂ ਸੀਸ ਨਿਵਾਵੈਂ॥੧੫॥

ਇਸ ਕਰਕੇ ਸਭ ਕੁਝ ਖ਼ੁਦਾ ਦੇ ਹੱਥ ਵਿਚ ਹੈ। ਇਹ ਧਨ ਅਤੇ ਫੌਜੀ ਸ਼ਕਤੀ ਨਾਲ ਕੀ ਹੁੰਦਾ ਹੈ। ਹੁਣ ਅਸੀਂ ਪਿਤਾ ਜੀ ਸਤਿਗੁਰੂ ਜੀ ਪਾਸ ਜਾਵਾਂਗੇ, ਦਰਸ਼ਨ ਕਰਕੇ ਸਿਰ ਨਿਵਾਵਾਂਗੇ॥੧੫॥

ਦਾਤਾ ਸਾਸ ਗਿਰਾਸ ਹਮਾਰੋ। ਸਰਬ ਭਾਂਤਿ ਸਮਰਥ ਗੁਰ ਭਾਰੋ'।
ਪੁਰਿ ਦਿੱਲੀ ਮਹਿਂ ਤਬਿ ਚਲਿ ਆਏ। ਸ਼ਾਹੁ ਪਦਾਰਥ ਬਹੁ ਅਰਪਾਏ॥੧੬॥

ਉਹ ਸਾਡੇ ਦਾਤਾ ਹਰ ਸਾਹ ਵਿਚ ਵੱਸਦੇ ਹਨ, ਉਹ ਹਰ ਪ੍ਰਕਾਰ ਸਮਰੱਥ ਭਾਰੀ ਗੁਰੂ ਹਨ।" ਫਿਰ ਦਿੱਲੀ ਨਗਰ ਵਿਚ ਚਲ ਕੇ ਆ ਗਏ। ਬਾਦਸ਼ਾਹ ਨੇ ਬਹੁਤ ਪਦਾਰਥ ਅਰਪਣ ਕੀਤੇ॥੧੬॥

ਜੋ ਬਹੁ ਮੋਲੇ ਬਸਤ੍ਰ ਅਭਰਨ। ਦਿਏ ਸ਼ਾਹ ਹਿਤ ਰੁਖ਼ਸਦ ਕਰਨਿ।
ਦਰਬ ਤੁਰੰਗਮ ਬ੍ਰਿੰਦ ਪਠਾਏ। ਗੁਰ ਨੰਦਨ ਡੇਰੇ ਕਹੁ ਆਏ॥ ੧੭॥

ਜਿਹੜੇ ਬਹੁਤ ਕੀਮਤੀ ਵਸਤਰ ਅਤੇ ਗਹਿਣੇ ਸਨ, ਉਹ ਬਾਦਸ਼ਾਹ ਨੇ ਵਿਦਾ ਕਰਨ ਵਾਸਤੇ ਦਿੱਤੇ। ਧਨ ਅਤੇ ਘੋੜੇ ਬਹੁਤ ਭੇਜੇ ਤੇ ਗੁਰੂ-ਪੁੱਤਰ ਆਪਣੇ ਡੇਰੇ ਨੂੰ ਆ ਗਏ॥੧੭॥

ਰਿਦਾ ਉਦਾਸ ਬਹੁਤ ਜਿਨ ਕੇਰਾ। ਹਰਖ ਨ ਕਰਹਿਂ ਕਬਹੁੰ ਤਿਸ ਬੇਰਾ।
ਸਕਲ ਸਮਾਜ ਤਹਾਂ ਹੀ ਛੋਰਾ। ਲੇ ਕਰਿ ਸੰਗ ਆਪਨੇ ਥੋਰਾ॥ ੧੮॥

ਜਿਸ ਦਾ ਹਿਰਦਾ ਬਹੁਤ ਉਦਾਸ ਸੀ, ਉਸ ਸਮੇਂ ਕਿਸੇ ਵੇਲੇ ਵੀ ਪ੍ਰਸੰਨ ਨਹੀਂ ਸੀ ਹੁੰਦਾ। ਸਾਰੇ ਸਮਾਜ ਨੂੰ ਉਥੇ ਹੀ ਛੱਡ ਦਿੱਤਾ ਤੇ ਥੋੜ੍ਹੇ ਸਿੱਖ ਆਪਣੇ ਨਾਲ ਲੈ ਕੇ ਚਲ ਪਿਆ॥੧੮॥

ਦਿੱਲੀ ਪੁਰ ਨਿਜ ਸਿੱਖਜ ਟਿਕਾਏ। ਰਾਖਜੋ ਸਭਿ ਸਮਾਜ ਸਮੁਦਾਏ।
ਅਲਪ ਨਰਨਿ ਸੋਂ ਕੀਨਸਿ ਪਯਾਨਾ। ਚਲਤਿ ਬਿਸੂਰਤਿ ਰਿਦੇ ਮਹਾਨਾ॥੧੯॥

ਦਿੱਲੀ ਵਿਚ ਹੀ ਆਪਣੇ ਸਿੱਖਾਂ ਨੂੰ ਟਿਕਾ ਦਿੱਤਾ, ਜਿਹੜਾ ਸਾਰਾ ਲਾਮ ਲਸ਼ਕਰ ਇਕੱਠਾ ਕਰਕੇ ਰਖਿਆ ਸੀ। ਥੋੜ੍ਹੇ ਮਨੁੱਖ ਲੈ ਕੇ ਚਲ ਪਿਆ। ਚਲਦੇ ਸਮੇਂ ਹਿਰਦਾ ਬਹੁਤ ਮੁਰਝਾਇਆ ਹੋਇਆ ਸੀ॥੧੯॥

ਮਾਰਗ ਆਵਤਿ ਕੀਰਤਿ ਪੁਰਿ ਕੇ। ਰਿਦੇ ਬਿਚਾਰਤਿ ਚਰਿਤ ਜਿ ਗੁਰ ਕੇ।
ਕ੍ਰਮ ਤੇ ਕਰਜੋ ਉਲੰਘਨਿ ਸਾਰੋ। ਦ੍ਵਾਦਸ਼ ਕੋਸ ਪੰਥ ਰਹਿ ਸਾਰੋ॥ ੨੦॥

ਕੀਰਤਪੁਰ ਦੇ ਰਸਤੇ ਆ ਰਿਹਾ ਸੀ ਤੇ ਹਿਰਦੇ ਵਿਚ ਗੁਰੂ ਜੀ ਦਾ ਚਰਿੱਤਰ ਵਿਚਾਰ ਰਿਹਾ ਸੀ। ਸਾਰਾ ਪੈਂਡਾ ਤਹਿ ਕਰ ਲਿਆ, ਕੇਵਲ ਬਾਰਾਂ ਕੋਹ ਪੈਂਡਾ ਬਾਕੀ ਰਹਿ ਗਿਆ॥੨੦॥

ਡੇਰਾ ਕਰਜੋ ਟਿਕਾਵਨਿ ਤਹੀਂ। ਗੁਰਬਚ ਕੋ ਚਿਤਵਜੋ ਚਿਤ ਮਹੀਂ।
'ਮੁਖ ਨ ਦਿਖਾਵੇ ਅਪੁਨੋ ਆਇ'। ਯਾਂਤੇ ਨਹਿ ਗਮਨਜੋ ਅਗੁਵਾਇ॥ ੨੧॥

ਉਥੇ ਹੀ ਡੇਰਾ ਟਿਕਾ ਲਿਆ ਤੇ ਗੁਰੂ ਜੀ ਦੇ ਬਚਨਾਂ ਨੂੰ ਆਪਣੇ ਚਿਤ ਵਿਚ ਯਾਦ ਕੀਤਾ, "ਮੈਨੂੰ ਆ ਕੇ ਆਪਣਾ ਮੂੰਹ ਨਾ ਵਿਖਾਓ" ਉਸ ਥਾਂ ਤੋਂ ਫਿਰ ਕੀਰਤਪੁਰ ਵੱਲ ਅੱਗੇ ਨਾ ਗਿਆ॥੨੧॥

ਰਿਦੈ ਬਿਖੇ ਗਿਨਿ ਗਿਨਿ ਬਹੁ ਗਿਨਤੀ। ਲਿਖੀ ਪਤ੍ਰਿਕਾ ਨਿਜ ਕਰਿ ਬਿਨਤੀ।
'ਰਾਵਰ ਕੀ ਆਗਜਾ ਜਿਮ ਹੋਇ। ਕਰੀ ਜਾਇ ਸਭਿ ਹੂੰ ਤੇ ਸੋਇ॥ ੨੨॥

ਹਿਰਦੇ ਵਿਚ ਬਹੁਤ ਗਿਣਤੀਆਂ ਗਿਣ ਕੇ, ਬੇਨਤੀ ਕਰਕੇ ਗੁਰੂ ਜੀ ਨੂੰ ਚਿੱਠੀ ਲਿਖੀ, "ਜਿਵੇਂ ਆਪ ਜੀ ਦੀ ਆਗਿਆ ਹੋਵੇ, ਸਭ ਉਸ ਤਰ੍ਹਾਂ ਹੀ ਕੀਤਾ ਜਾਵੇਗਾ॥੨੨॥

ਬਿਨ ਮਰਜ਼ੀ ਮੈਂ ਨਿਕਟ ਨ ਆਯੋ। ਦਰਸ਼ਨ ਕੋ ਹਿਯਰਾ ਲਲਚਾਯੋ।
ਜਿਮ ਆਇਸੁ ਅਬਿ ਤੈਸ ਕਰੌਂ। ਅਪਨੋ ਦੋਸ਼ ਆਪ ਹੀ ਭਰੌਂ'॥ ੨੩॥

ਆਪ ਜੀ ਦੀ ਮਰਜ਼ੀ ਬਗ਼ੈਰ ਮੈਂ ਪਾਸ ਨਹੀਂ ਆਇਆ ਹਾਂ ਪਰ ਦਰਸ਼ਨਾਂ ਵਾਸਤੇ ਹਿਰਦਾ ਲਲਚਾਇਆ ਹੈ। ਜਿਵੇਂ ਆਪ ਜੀ ਦੀ ਆਗਿਆ ਹੋਵੇ ਉਸ ਤਰ੍ਹਾਂ ਕਰਾਂਗਾ, ਆਪਣਾ ਦੋਸ਼ ਆਪ ਹੀ ਭਰਾਂਗਾ"॥੨੩॥

ਇੱਤਜਾਦਿਕ ਲਿਖਿ ਪੱਤ੍ਰ ਪਠਾਈ। ਸ੍ਰੀ ਸਤਿਗੁਰ ਕੇ ਢਿਗ ਪਹੁੰਚਾਈ।
ਦੇਖਤਿ ਸ੍ਰੀ ਹਰਿਰਾਇ ਸੁਜਾਨਾ। ਸੁਤ ਕੋ ਸਰਬ ਬ੍ਰਿਤਾਂਤ ਪਛਾਨਾ॥ ੨੪॥

ਇਤਿਆਦਿਕ ਲਿਖ ਕੇ ਚਿੱਠੀ ਸਤਿਗੁਰੂ ਜੀ ਦੇ ਪਾਸ ਭੇਜ ਦਿੱਤੀ। ਵੇਖਦਿਆਂ ਹੀ ਸ੍ਰੇਸ਼ਟ ਸਤਿਗੁਰੂ ਹਰਿਰਾਇ ਜੀ ਨੇ ਪੁੱਤਰ ਦੇ ਸਾਰੇ ਬ੍ਰਿਤਾਂਤ ਨੂੰ ਪਛਾਣ ਲਿਆ॥੨੪॥

ਕਹਜੋ ਤਾਂਹਿ ਜੋ ਪੱਤ੍ਰੀ ਲਜਾਯੋ। 'ਹਮ ਮਿਲਿਬੇ ਕਿਮ ਚਿਤ ਲਲਚਾਯੋ?
ਹੁਕਮ ਅਦੂਲੀ ਕਰਿ ਅਪਰਾਧੂ। ਕੈਸੇ ਬਨਜੋ ਚਹੈ ਅਬਿ ਸਾਧੂ?॥ ੨੫॥

ਜਿਹੜਾ ਚਿੱਠੀ ਲੈ ਕੇ ਆਇਆ ਸੀ ਉਸ ਨੂੰ ਕਿਹਾ, "ਸਾਨੂੰ ਮਿਲਣ ਵਾਸਤੇ ਕਿਵੇਂ ਚਿੱਤ ਲਲਚਾਇਆ ਹੈ? ਹੁਕਮ ਅਦੂਲੀ ਦਾ ਅਪਰਾਧ ਕਰਕੇ ਕਿਵੇਂ ਹੁਣ ਸਾਧੂ ਬਣਨਾ ਚਾਹੁੰਦਾ ਹੈ?॥੨੫॥

ਗਮਨ ਸਮੇਂ ਹਮ ਬਹੁ ਸਮਝਾਯੋ। ਸਿੱਖਜਾ ਨਹੀਂ ਨੈਕ ਮਨ ਲਜਾਯੋ।
ਇਕ ਤੋ ਬਾਰ ਬਾਰ ਕਰਿ ਅਜ਼ਮਤ। ਬਿਨਾਂ ਪ੍ਰਯੋਜਨ ਠਾਨੀ ਜਿਤ ਕਿਤ॥੨੬॥

ਚਲਣ ਸਮੇਂ ਅਸੀਂ ਬਹੁਤ ਸਮਝਾਇਆ ਸੀ, ਸਾਡੀ ਸਿੱਖਿਆ ਨੂੰ ਰਤਾ ਭਰ ਵੀ ਮਨ ਵਿਚ ਨਹੀਂ ਲਿਆਇਆ। ਇਕ ਤਾਂ ਬਾਰ ਬਾਰ ਕਰਾਮਾਤਾਂ ਕਿਸੇ ਕਰਤਵ ਤੋਂ ਬਗ਼ੈਰ ਹੀ ਜਿਥੇ ਕਿਥੇ ਕੀਤੀਆਂ ਹਨ॥੨੬॥

ਤੁਰਕੇਸ਼ੁਰ ਸੋਂ ਸੁਤ ਰਖੇਬੇ। ਕਰਿ ਮੁਲਾਹਜ਼ਾ ਕੀਨਿ ਫਰੇਬੇ।
ਸ੍ਰੀ ਨਾਨਕ ਪਤਿ ਚੌਦਹਿ ਲੋਕ। ਤਿਨ ਕੋ ਆਸ਼ੈ ਬੀਚ ਸ਼ਲੋਕ॥ ੨੭॥

ਬਾਦਸ਼ਾਹ ਨਾਲ ਬਣਾਈ ਰਖਣ ਵਾਸਤੇ ਲਿਹਾਜ਼ ਕਰਕੇ ਫ਼ਰੇਬ ਕੀਤਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਚੌਦਾਂ ਲੋਕਾਂ ਦੇ ਮਾਲਕ ਹਨ, ਸਲੋਕ ਵਿਚ ਜਿਹੜਾ ਉਨ੍ਹਾਂ ਦਾ ਆਸ਼ਾ ਸੀ॥੨੭॥

ਸੋ ਛਿਪਾਇ ਕੈ ਅਨਤ ਸੁਨਾਯੋ। ਹੁਤੋ ਅਪਰ ਤਿਸ ਅਪਰ ਬੁਝਾਯੋ।
ਕਹਾਂ ਤ੍ਰਾਸ ਤੁਰਕੇਸ਼ੁਰ ਕੇਰਾ। ਜਿਸ ਕੋ ਮਾਨਯੋ ਜਾਨਿ ਬਡੇਰਾ॥ ੨੮॥

ਉਸ ਨੂੰ ਲੁਕਾ ਕੇ ਹੋਰ ਹੀ ਸੁਣਾ ਦਿੱਤਾ ਹੈ। ਜਿਹੜਾ ਹੋਰ ਸੀ, ਉਸ ਨੂੰ ਹੋਰ ਹੀ ਦੱਸ ਦਿੱਤਾ ਹੈ। ਬਾਦਸ਼ਾਹ ਦਾ ਉਸਨੂੰ ਕਾਹਦਾ ਡਰ ਸੀ, ਜਿਸ ਨੂੰ ਜਾਣ ਬੁਝ ਕੇ ਵੱਡਾ ਮੰਨਿਆ।

ਸਦਾ ਸਹਾਇਕ ਹਮ ਤਿਸ ਕੇਰੇ। ਚਹੈਂ ਸੁ ਕਰਤਿ ਨ ਲਾਗਤਿ ਦੇਰੇ।
ਮਾਟੀ ਤੁਰਕਨਿ ਕੀ ਜਿਮ ਜਲੈ। ਬੀਚ ਪਜਾਵੇ ਆਵੈ ਬਲੈ॥ ੨੯॥

ਸਦਾ ਅਸੀਂ ਉਸ ਦੇ ਸਹਾਇਕ ਰਹੇ ਹਾਂ। ਜੋ ਚਾਹੁੰਦਾ ਉਹੀ ਕਰ ਸਕਦਾ ਸੀ, ਕੁਝ ਵੀ ਦੇਰ ਨਹੀਂ ਸੀ ਲੱਗਣੀ। ਤੁਰਕਾਂ ਦੀ ਮਿੱਟੀ ਜਿਵੇਂ ਆਵੇ ਦੇ ਵਿਚ ਸੜਦੀ ਹੈ॥੨੯॥

ਅਜ਼ਮਤ ਬਲ ਤੇ ਤਿਸ ਅਗਵਾਈ। ਮਾਟੀ ਜਲਤੀ ਕਯੋਂ ਨ ਦਿਖਾਈ।
ਹੁਤੀ ਵਾਸਤਵ ਦਿਖਤਿ ਬਿਦਤਿ ਹੈ। ਤ੍ਰਾਸ ਨ ਤਨਕ ਜਿ ਤੁਰਕ ਜਿਦਤਿ ਹੈ॥੩੦॥

ਕਰਾਮਾਤ ਦੇ ਬਲ ਨਾਲ ਬਾਦਸ਼ਾਹ ਦੇ ਸਾਹਮਣੇ ਮਿੱਟੀ ਸੜਦੀ ਕਿਉਂ ਨਹੀਂ ਵਿਖਾਈ ? ਜਿਹੜੀ ਸੱਚੀ ਗੱਲ ਹੈ ਉਹ ਪ੍ਰਗਟ ਰੂਪ ਵਿਚ ਦਿਖਾ ਦਿੰਦਾ, ਜ਼ਰਾ ਵੀ ਡਰਨ ਦੀ ਲੋੜ ਨਹੀਂ ਸੀ, ਜੇ ਤੁਰਕ ਜ਼ਿੱਦ ਵੀ ਕਰਦਾ॥੩੦॥

ਯਾਂਤੇ ਹਮੈਂ ਨ ਦਰਸ ਦਿਖਾਵਹੁ। ਜਿਤ ਦਿਸ਼ਿ ਮੁਖ ਤਿਤ ਹੀ ਚਲਿ ਜਾਵਹੁ'।
ਸਤਿਗੁਰ ਕੀ ਰਿਸ ਜੁਤਿ ਸੁਨਿ ਬਾਨੀ। ਹਟਯੋ ਸੁ ਸਿਖ ਜਿਸ ਪੱਤ੍ਰੀ ਆਨੀ॥੩੧॥

ਇਸ ਕਰਕੇ ਸਾਨੂੰ ਆਪਣਾ ਮੂੰਹ ਨਾ ਵਿਖਾਓ, ਜਿਸ ਪਾਸੇ ਤੁਹਾਡਾ ਮੂੰਹ ਹੈ ਓਧਰ ਹੀ ਚਲੇ ਜਾਵੋ।" ਸਤਿਗੁਰੂ ਜੀ ਦੀ ਗੁੱਸੇ ਵਾਲੀ ਬਾਣੀ ਸੁਣ ਕੇ ਉਹ ਸਿੱਖ ਜਿਹੜਾ ਚਿੱਠੀ ਲੈ ਕੇ ਆਇਆ ਸੀ, ਵਾਪਸ ਚਲਾ ਗਿਆ॥੩੧॥

ਤੁਰਤ ਗਮਨ ਕਰਿ ਤਹਿੰ ਤੇ ਆਯਹੁ। ਜਹਿੰ ਸ੍ਰੀ ਰਾਮਰਾਇ ਉਤਰਾਯਹੁ।
ਖਰੇ ਹੁਤੇ ਤਬਿ ਸਹਿਜ ਸੁਭਾਇ। ਚਿਤ ਮਹਿੰ ਚਿੰਤਾ ਬਹੁ ਉਪਜਾਇ॥ ੩੨॥

ਤੁਰਤ ਚੱਲ ਕੇ ਉਥੇ ਪਹੁੰਚ ਗਿਆ ਜਿਥੇ ਸ੍ਰੀ ਰਾਮਰਾਇ ਨੇ ਉਤਾਰਾ ਕੀਤਾ ਸੀ। ਉਹ ਉਸ ਸਮੇਂ ਸਹਿਜ ਸੁਭਾਅ ਖੜਾ ਸੀ ਤੇ ਚਿੱਤ ਵਿਚ ਬਹੁਤ ਚਿੰਤਾ ਉਪਜਾਈ ਸੀ॥੩੨॥

ਸ੍ਰੀ ਸਤਿਗੁਰ ਸਰਬਗ ਗੁਨ ਖਾਨੀ। ਪਿਤਾ ਧੀਰ ਕਹਾ ਕਰਹਿੰ ਬਖਾਨੀ!।
ਬਖਸ਼ਹਿੰ ਮੋਹਿ ਕਿ ਨਹਿੰ ਅਪਰਾਧੂ। ਲਖਿ ਨ ਸਕਯੋ ਮੈਂ ਰਿਦਾ ਅਗਾਧੂ॥੩੩॥

ਸ੍ਰੀ ਸਤਿਗੁਰੂ ਜੀ ਸਰਬ ਗਿਆਤਾ ਅਤੇ ਗੁਣਾਂ ਦੀ ਖਾਣ ਹਨ, ਧੀਰਜਵਾਨ ਪਿਤਾ ਜੀ ਕੀ ਕਹਿੰਦੇ ਹਨ, ਮੇਰਾ ਅਪਰਾਧ ਬਖਸ਼ਣਗੇ ਕਿ ਨਹੀਂ, ਮੈਂ ਉਨ੍ਹਾਂ ਦੇ ਅਗਾਧ ਹਿਰਦੇ ਨੂੰ ਸਮਝ ਨਾ ਸਕਿਆ॥੩੩॥

ਇਤਨੇ ਮਹਿੰ ਸਿਖ ਸੋ ਚਲਿ ਆਯੋ। ਗੁਰ ਕੋ ਕਹਿਬੋ ਸਕਲ ਸੁਨਾਯੋ।
'ਜਿਤ ਦਿਸ਼ਿ ਮੁਖ ਤਿਤ ਹੀ ਚਲਿ ਜਾਵਹੁ। ਹਮ ਢਿਗ ਆਇ ਨ ਦਰਸ ਦਿਖਾਵਹੁ॥੩੪॥

ਏਨੇ ਵਿਚ ਉਹ ਸਿੱਖ ਚਲ ਕੇ ਆ ਗਿਆ ਤੇ ਗੁਰੂ ਜੀ ਦਾ ਕਿਹਾ ਹੋਇਆ ਸਾਰਾ ਸੁਣਾਇਆ, "ਜਿਸ ਪਾਸੇ ਮੂੰਹ ਹੈ ਓਧਰ ਹੀ ਚਲੇ ਜਾਵੋ, ਸਾਡੇ ਪਾਸ ਆ ਕੇ ਮੂੰਹ ਨਾ ਵਿਖਾਓ॥੩੪॥

ਸੁਨਯੋ ਪਿਤਾ ਕੋ ਅਸ ਜਬਿ ਮਤੋ। ਲਵਪੁਰਿ ਦਿਸ਼ਿ ਤਬਿ ਤਿਸ ਮੁਖ ਹੁਤੋ।
ਹਾਥ ਜੋਰਿ ਧਰ ਪਰ ਧਰਿ ਮਾਥਾ। ਮਾਨਯੋ ਹੁਕਮ ਪ੍ਰੇਮ ਕੇ ਸਾਥਾ॥ ੩੫॥

ਜਦ ਪਿਤਾ ਜੀ ਦਾ ਅਜਿਹਾ ਮੱਤ ਸੁਣਿਆ, ਉਸ ਸਮੇਂ ਮੂੰਹ ਲਾਹੌਰ ਵਾਲੇ ਪਾਸੇ ਸੀ। ਹੱਥ ਜੋੜ ਕੇ ਧਰਤੀ 'ਤੇ ਮੱਥਾ ਧਰਿਆ ਤੇ ਹੁਕਮ ਨੂੰ ਪ੍ਰੇਮ ਦੇ ਨਾਲ ਮੰਨ ਲਿਆ॥੩੫॥

ਭਯੋ ਅਰੂਢਿ ਠਾਨਿ ਕਰਿ ਤਯਾਰੀ। ਗਮਨਯੋ ਲਵਪੁਰਿ ਪੰਥ ਮਝਾਰੀ।
ਸਨੈ ਸਨੈ ਡੇਰਾ ਕਰਿ ਜਾਤਿ। ਅਪਨਿ ਖੋਟ ਕੋ ਲਖਿ ਪਛੁਤਾਤ॥ ੩੬॥

ਤਿਆਰੀ ਕਰਕੇ ਘੋੜੇ 'ਤੇ ਚੜ੍ਹ ਗਿਆ ਤੇ ਲਾਹੌਰ ਦੇ ਰਾਹ ਚਲ ਪਿਆ। ਹੌਲੀ ਹੌਲੀ ਡੇਰਾ ਕਰਦਾ ਜਾਂਦਾ ਸੀ ਤੇ ਆਪਣਾ ਖੋਟ ਸਮਝ ਕੇ ਪਛੁਤਾਉਂਦਾ ਸੀ॥੩੬॥

ਸੁਨੀ ਸਰਬ ਸੁਧ ਸ੍ਰੀ ਹਰਿਰਾਇ। 'ਹੁਕਮ ਮਾਨਿ ਲਵਪੁਰਿ ਕੋ ਜਾਇ'।
ਲਿਖਯੋ ਹੁਕਮਨਾਮਾ ਤਿਸ ਕਾਲ। ਸਿਖ ਸੰਗਤਿ ਤਹਿਂ ਰਹੇ ਬਿਸਾਲ॥ ੩੭॥

ਸ੍ਰੀ ਗੁਰੂ ਹਰਿਰਾਇ ਜੀ ਨੇ ਸਾਰੀ ਖ਼ਬਰ ਸੁਣੀ, "ਹੁਕਮ ਮੰਨ ਕੇ ਲਾਹੌਰ ਨੂੰ ਜਾ ਰਿਹਾ ਹੈ।" ਉਸ ਸਮੇਂ ਇਕ ਹੁਕਮ-ਨਾਮਾ ਲਾਹੌਰ ਦੀ ਸੰਗਤ ਦੇ ਨਾਮ ਲਿਖ ਦਿੱਤਾ, ਕਿਉਂਕਿ ਲਾਹੌਰ ਵਿਖੇ ਬਹੁਤ ਸਿੱਖ ਸੰਗਤ ਰਹਿੰਦੀ ਸੀ॥੩੭॥

ਤਿਨ ਪਰ ਹੁਕਮ ਸੁ ਅਸ ਫੁਰਮਾਇਵ। 'ਸਿੱਖ ਹਮਾਰੋ ਜੋਨ ਕਹਾਇਵ।
ਪੈਸਾ ਕੌਡੀ ਅੰਸ ਜੁ ਗੁਰ ਕੀ। ਅਰਪਹਿ ਗਨ ਸ਼ਰਧਾ ਧਰਿ ਉਰਕੀ॥ ੩੮॥

ਉਨ੍ਹਾਂ ਵਾਸਤੇ ਇਸ ਤਰ੍ਹਾਂ ਹੁਕਮ ਫੁਰਮਾ ਦਿੱਤਾ, "ਜਿਹੜਾ ਸਾਡਾ ਸਿੱਖ ਕਹਾਉਂਦਾ ਹੈ, ਉਹ ਗੁਰੂ ਦੀ ਸੰਤਾਨ ਜਾਣ ਕੇ, ਪੈਸਾ ਜਾਂ ਕੌਡੀ ਹਿਰਦੇ ਵਿਚ ਬੜੀ ਸ਼ਰਧਾ ਧਾਰ ਕੇ ਅਰਪਣ ਕਰਦਾ ਹੈ॥੩੮॥

ਪੁਰਿ ਮਹਿਂ ਰਾਮਰਾਇ ਜਬ ਆਵਹਿ। ਨਹੀਂ ਕਾਰ ਕੋ ਇਸ ਅਰਪਾਵਹਿ।'
ਕਾਸਦ ਲੇ ਗੁਰ ਕੋ ਜਬਿ ਗਯੋ। ਸੁਨਿ ਕਰਿ ਸਭਿਨਿ ਅਚੰਭਾ ਭਯੋ॥ ੩੯॥

ਨਗਰ ਵਿਚ ਹੁਣ ਮੇਰਾ ਪੁੱਤਰ ਰਾਮਰਾਇ ਆਵੇਗਾ, ਇਸ ਨੂੰ ਕਿਸੇ ਪ੍ਰਕਾਰ ਦੀ ਕਾਰ ਭੇਟ ਅਰਪਣ ਨਹੀਂ ਕਰਨੀ ਹੈ।" ਜਦ ਗੁਰੂ ਜੀ ਦਾ ਏਲਚੀ ਇਹ ਸੁਨੇਹਾ ਲੈ ਕੇ ਗਿਆ ਤਾਂ ਸੁਣ ਕੇ ਸਾਰੇ ਬਹੁਤ ਹੈਰਾਨ ਹੋਏ॥੩੯॥

'ਗੁਰ ਚਰਿੱਤ੍ਰ ਕਛੁ ਲਖਯੋ ਨ ਜਾਈ। ਪਯਾਰੇ ਸੁਤ ਕੀ ਪੂਜ ਹਟਾਈ।
ਲਾਇਕ ਕੇ ਅਜ਼ਮਤ ਮਹਿਂ ਭਾਰੇ। ਹੋਤਿ ਤਥਾ ਮੁਖ ਜਥਾ ਉਚਾਰੈ॥ ੪੦॥

ਕਹਿਣ ਲੱਗੇ, "ਗੁਰੂ ਜੀ ਦਾ ਚਰਿੱਤਰ ਕੁਝ ਸਮਝਿਆ ਨਹੀਂ ਜਾਂਦਾ। ਆਪਣੇ ਪਿਆਰੇ ਪੁੱਤਰ ਦੀ ਪੂਜਾ ਹਟਾ ਦਿੱਤੀ ਹੈ। ਲਾਇਕ ਤੇ ਵੱਡਾ ਕਰਾਮਾਤੀ ਹੈ, ਉਸ ਤਰ੍ਹਾਂ ਹੀ ਹੋ ਜਾਂਦਾ ਹੈ ਜਿਵੇਂ ਮੁਖ ਤੋਂ ਉਚਾਰਨ ਕਰਦਾ ਹੈ॥੪੦॥

ਸਤਿਗੁਰ ਅੰਸ ਅਹੈਂ ਅਵਤਾਰਾ। ਸਿਖ ਸੰਗਤਿ ਇਮ ਭਏ ਹਜ਼ਾਰਾ।
'ਜੇ ਹਮ ਦਰਸ ਕਰਨਿ ਨਹਿਂ ਜਾਵੈਂ। ਕਰੇ ਕੋਪ ਕੋ ਮਾਰਿ ਮਿਟਾਵੈਂ॥ ੪੧॥

ਸਤਿਗੁਰੂ ਦੀ ਅੰਸ਼ ਵਜੋਂ ਜਨਮ ਲਿਆ ਹੈ।" ਸਿੱਖ ਸੰਗਤ ਇਸ ਤਰ੍ਹਾਂ ਹਜ਼ਾਰਾਂ ਇਕੱਠੀ ਹੋ ਗਈ ਤੇ ਕਹਿਣ ਲੱਗੀ, "ਜੇ ਅਸੀਂ ਦਰਸ਼ਨ ਕਰਨ ਨਹੀਂ ਜਾਵਾਂਗੇ ਤਾਂ ਗੁੱਸਾ ਕਰੇਗਾ ਤੇ ਸਾਨੂੰ ਮਾਰ ਮਿਟਾਵੇਗਾ॥੪੧॥

ਛੂਛੇ ਮਿਲੈਂ ਜਾਇ ਕਰਿ ਕੈਸੇ। ਉਤ ਗੁਰ ਬਾਕ ਭਯੰਕਰ ਤੈਸੇ।
ਬਨੀ ਕਠਨ, ਕੋ ਕਰਹਿਂ ਉਪਾਈ?' ਮਿਲਿ ਸੰਗਤਿ ਇਕਠੀ ਸਮੁਦਾਈ॥ ੪੨॥

ਖ਼ਾਲੀ ਹੱਥ ਉਸ ਨੂੰ ਕਿਵੇਂ ਮਿਲਾਂਗੇ, ਓਧਰ ਗੁਰੂ ਜੀ ਦੇ ਬਚਨ ਵੀ ਬੜੇ ਸਖ਼ਤ ਹਨ। ਬਹੁਤ ਮੁਸ਼ਕਲ ਆ ਬਣੀ ਹੈ, ਕੀ ਉਪਾਅ ਕਰੀਏ? ਸਾਰੀ ਸੰਗਤ ਮਿਲ ਕੇ ਇਕੱਠੀ ਹੋਈ॥੪੨॥

ਗਟੀ ਗਿਨਤਿ ਬਹੁ ਕਰੈਂ ਬਿਚਾਰਨਿ। 'ਕਿਮ ਦੁਇ ਦਿਸ਼ਿ ਤੇ ਹੋਇ ਉਬਾਰਨਿ।
ਕਿਤਿਕ ਸਮੇਂ ਮਹਿਂ ਇਮ ਠਹਿਰਾਈ। 'ਉਬਰਹਿਂ ਦੁਹਿਦਿਸ਼ਿ ਏਵ ਉਪਾਈ ॥੪੩॥

ਬਹੁਤ ਗਿਣਤੀਆਂ ਕਰਕੇ ਵਿਚਾਰ ਕਰਦੀ ਸੀ, "ਕਿਵੇਂ ਦੋਵਾਂ ਪਾਸਿਆਂ ਤੋਂ ਬਚਾਅ ਹੋਵੇ।" ਕੁਝ ਸਮੇਂ ਬਾਅਦ ਇਸ ਤਰ੍ਹਾਂ ਤਹਿ ਕੀਤਾ, "ਇਹ ਉਪਾਅ ਕਰਕੇ ਦੋਵਾਂ ਪਾਸਿਆਂ ਤੋਂ ਬਚ ਸਕਦੇ ਹਾਂ॥੪੩॥

ਪੈਸਾ ਕੌਡੀ ਗੁਰੂ ਉਚਾਰਾ। ਨਹਿਂ ਕੋ ਸਿਖ ਦੇ ਅੰਸ ਹਮਾਰਾ।
ਕੰਚਨ ਰਜਤ ਬਚਨ ਮਹਿਂ ਨਾਂਹੀ। ਸੋ ਲੇ ਚਲਹੁ ਗੁਰੂ ਸੁਤ ਪਾਹੀ ॥ ੪੪॥

ਗੁਰੂ ਜੀ ਨੇ ਇਹ ਉਚਾਰਨ ਕੀਤਾ ਹੈ ਕਿ ਕੋਈ ਵੀ ਸਿੱਖ ਪੈਸਾ ਜਾਂ ਕੌਡੀ ਸਾਡੀ ਅੰਸ਼ ਨੂੰ ਅਰਪਣ ਨਾ ਕਰੇ, ਪਰ ਉਨ੍ਹਾਂ ਦੇ ਬਚਨ ਵਿਚ ਸੋਨੇ ਚਾਂਦੀ ਬਾਰੇ ਕੁਝ ਨਹੀਂ ਕਿਹਾ ਹੈ, ਇਸ ਲਈ ਸੋਨਾ ਚਾਂਦੀ ਗੁਰੂ ਜੀ ਦੇ ਪੁੱਤਰ ਪਾਸ ਲੈ ਕੇ ਚਲੋ"॥੪੪॥

ਕੌਡੀ ਪੈਸਾ ਦੋਨਹੁਂ ਛੋਰਿ। ਮੁਹਰ ਰਜਤਪਣ ਕਰਿ ਇਕ ਠੌਰ।
ਉਤਰੇ ਰਾਮਰਾਇ ਜਿਸ ਥਾਨ। ਤਬਿ ਗਮਨੇ ਲੇ ਭੇਟ ਮਹਾਂਨ॥ ੪੫॥

ਕੌਡੀ ਪੈਸਾ ਦੋਵੇਂ ਛੱਡ ਦਿੱਤੇ, ਸੋਨੇ ਦੀਆਂ ਮੁਹਰਾਂ ਤੇ ਚਾਂਦੀ ਦੇ ਰੁਪਏ ਇਕ ਥਾਂ ਇਕੱਠੇ ਕਰ ਲਏ। ਜਿਸ ਥਾਂ ਸ੍ਰੀ ਰਾਮਰਾਇ ਨੇ ਉਤਾਰਾ ਕੀਤਾ ਸੀ ਉਥੇ ਮਹਾਨ ਭੇਟਾ ਲੈ ਕੇ ਪਹੁੰਚ ਗਏ॥੪੫॥

ਕਰਿ ਕਰਿ ਬੰਦਨ ਨਿਜ ਕਰ ਬੰਦੇ। ਲਹਿ ਦਰਸ਼ਨ ਕੋ ਰਿਦੇ ਅਨੰਦੇ।
ਯਹਿ ਬ੍ਰਿਤੰਤ ਸਤਿਗੁਰ ਜੀ ਸੁਨਜੋ। ਬਿਗਸੇ ਬਹੁਤ, ਬਦਨ ਤੇ ਭਨਜੋ॥ ੪੬॥

ਦੋਵੇਂ ਹੱਥ ਜੋੜ ਕੇ ਬੰਦਨਾ ਕਰਦੇ ਸਨ ਤੇ ਦਰਸ਼ਨ ਕਰਕੇ ਹਿਰਦੇ ਵਿਚ ਪ੍ਰਸੰਨ ਹੁੰਦੇ ਸਨ। ਜਦ ਇਹ ਬ੍ਰਿਤਾਂਤ ਸਤਿਗੁਰੂ ਜੀ ਨੇ ਸੁਣਿਆ ਤਾਂ ਬਹੁਤ ਹੱਸੇ ਤੇ ਮੁਖ ਤੋਂ ਕਿਹਾ॥੪੬॥

'ਲਵਪੁਰਿ ਕੀ ਸੰਗਤਿ ਸਮੁਦਾਈ। ਮਾਨਜੋ ਬਾਕ ਨ, ਕੀਨਿ ਖੁਟਾਈ।
ਠਾਨਿ ਕਪਟ ਕੀ ਜੁਗਤਿ ਮਹਾਨਾ। ਬਰਜੇ ਰਹੇ ਨ ਮੋਕਹੁ ਜਾਨਾ॥ ੪੭॥

"ਲਾਹੌਰ ਦੀ ਸਾਰੀ ਸੰਗਤ ਨੇ ਸਾਡੇ ਬਚਨ ਨਹੀਂ ਮੰਨੇ ਹਨ ਤੇ ਖੁਟਾਈ ਕੀਤੀ ਹੈ। ਕਪਟ ਦੀ ਮਹਾਨ ਜੁਗਤੀ ਬਣਾ ਕੇ ਵਰਜੇ ਨਹੀਂ ਰਹੇ ਹਨ ਤੇ ਨਾ ਹੀ ਮੈਨੂੰ ਜਾਣਿਆ ਹੈ॥੪੭॥

ਇਹ ਅੰਤਰਿ ਤੇ ਖੋਟੇ ਰਹੈਂ। ਮੁਖ ਤੇ ਮਿਸ਼ਟ ਗਿਰਾ ਕੋ ਕਹੈਂ।
ਗੁਰ ਬਚ ਮਾਨੇ ਸਿਖ ਹੈ ਸੋਈ। ਇਨ ਕੀ ਮਤਿ ਲੇ ਕਬਹੁਂ ਨ ਕੋਈ ॥ ੪੮॥

ਇਹ ਅੰਦਰ ਤੋਂ ਖੋਟੇ ਰਹਿਣਗੇ, ਮੂੰਹ ਤੋਂ ਮਿੱਠੇ ਬਚਨ ਕਰਨਗੇ। ਜਿਹੜਾ ਗੁਰੂ ਦਾ ਬਚਨ ਮੰਨਦਾ ਹੈ, ਉਹੀ ਸਿੱਖ ਹੈ, ਕੋਈ ਵੀ ਇਨ੍ਹਾਂ ਦੀ ਮੱਤ ਨਾ ਲਵੇ"॥੪੮॥

ਇਮ ਕਹਿ ਸਤਿਗੁਰ ਤੂਸ਼ਨ ਭਏ। ਪਜਾਰੇ ਪੁੱਤ੍ਰ ਤਜਾਗ ਹੀ ਦਏ।
ਅਪਨਿ ਸਮੀਪ ਨ ਆਵਨਿ ਦੀਨਿ। ਪਿਖਜੋ ਦੋਸ਼ ਜੋ ਕੀਨਸਿ ਪੀਨ॥ ੪੯॥

ਇਸ ਤਰ੍ਹਾਂ ਕਹਿ ਕੇ ਸਤਿਗੁਰੂ ਜੀ ਚੁਪ ਹੋ ਗਏ। ਪਿਆਰੇ ਪੁੱਤਰ ਨੂੰ ਤਿਆਗ ਦਿੱਤਾ, ਆਪਣੇ ਪਾਸ ਨਾ ਆਉਣ ਦਿੱਤਾ। ਉਸ ਦੇ ਦੋਸ਼ ਨੂੰ ਵੇਖਿਆ ਜਿਹੜਾ ਉਸ ਬਹੁਤ ਵੱਡਾ ਕੀਤਾ ਸੀ॥੪੯॥

ਨਵਮਿ ਰਾਸਿ ਪੂਰਨ ਅਬਿ ਭਈ। ਸ੍ਰੀ ਹਰਿਰਾਇ ਕਥਾ ਰਸ ਮਈ।
ਜੇਤਿਕ ਸੁਨੀ ਲਿਖੀ ਪਠਿ ਸਾਰੀ। ਸਾਰ ਕਥਜੋ ਗੁਰੁ ਕੀਰਤ ਭਾਰੀ॥ ੫੦॥

ਹੁਣ ਨੌਵੀਂ ਰਾਸ ਪੂਰੀ ਹੋਈ ਹੈ, ਸ੍ਰੀ ਗੁਰੂ ਹਰਿਰਾਇ ਜੀ ਦੀ ਕਥਾ ਬੜੀ ਰਸੀਲੀ ਹੈ। ਜਿੰਨੀ ਸੁਣੀ, ਸਾਰੀ ਪੜ੍ਹ ਕੇ ਲਿਖੀ ਹੈ ਤੇ ਭਾਰੀ ਗੁਰੂ ਕੀਰਤੀ ਦਾ ਸਾਰ ਕਥਨ ਕੀਤਾ ਹੈ॥੫੦॥

ਪਾਪਨਿ ਪੁੰਜ ਪਲਾਵਨਿ ਹਾਰੀ। ਜਿਮ ਸੁਰਸਰੀ ਬਿਮਲ ਬਰ ਬਾਰੀ।
ਸ੍ਰੀ ਸਤਿਗੁਰ ਕੇ ਚਰਨ ਮਨਾਇ। ਪੂਰਨ ਰਾਸ ਕਰੀ ਸੁਖਦਾਇ॥ ੧੫॥

ਇਹ ਸਮੂਹ ਪਾਪਾਂ ਨੂੰ ਦੂਰ ਕਰਨ ਵਾਲੀ ਹੈ, ਜਿਵੇਂ ਗੰਗਾ ਨਦੀ ਦਾ ਸ੍ਰੇਸ਼ਟ ਨਿਰਮਲ ਜਲ ਹੈ। ਸ੍ਰੀ ਸਤਿਗੁਰੂ ਜੀ ਦੇ ਚਰਨਾਂ 'ਤੇ ਮੈਂ ਬੰਦਨਾ ਕਰਦਾ ਹਾਂ, ਜਿਸ ਕਾਰਨ ਸੁਖਦਾਈ ਰਾਸ ਪੂਰੀ ਕੀਤੀ ਹੈ॥੧੫॥

ਕਵਿ ਸੰਤੋਖ ਸਿੰਘ ਗਹਿ ਗੁਰ ਸ਼ਰਨੀ। ਮਤਿ ਅਨੁਸਾਰ ਕਥਾ ਬਰ ਬਰਨੀ।
ਗੁਰ ਜਸੁ ਪਾਵਨ ਕਰਤਾ ਕਹਜੋ। ਹੈ ਬਿਅੰਤ ਪਰ ਜੇਤਿਕ ਲਹਜੋ॥ ੫੨॥

ਕਵੀ ਸੰਤੋਖ ਸਿੰਘ ਨੇ ਗੁਰੂ ਜੀ ਦੀ ਸ਼ਰਨ ਫੜ ਕੇ, ਆਪਣੀ ਮੱਤ ਅਨੁਸਾਰ ਸ੍ਰੇਸ਼ਟ ਕਥਾ ਵਰਣਨ ਕੀਤੀ ਹੈ। ਪਵਿਤਰ ਕਰਨ ਵਾਲਾ ਗੁਰੂ ਜੀ ਦਾ ਜੱਸ ਕਿਹਾ ਹੈ। ਬੇਅੰਤ ਹੈ, ਪਰ ਜਿੰਨਾ ਪ੍ਰਾਪਤ ਹੋਇਆ ਹੈ, ਓਨਾ ਕਿਹਾ ਹੈ॥੫੨॥

*ਨੌਵੀਂ ਰਾਸ ਦਾ ਸੱਠਵਾਂ ਅਧਿਆਇ ਸਮਾਪਤ ਹੋਇਆ॥੬੦॥*

*ਨੌਵੀਂ ਰਾਸ ਸਮਾਪਤ ਹੋਈ॥*

❖❖❖

ੴ ਸਤਿਗੁਰ ਪ੍ਰਸਾਦਿ॥

## ਦਸਵੀਂ ਰਾਸ

# ਅਧਿਆਇ ਪਹਿਲਾ

### ਮੰਗਲਾਚਰਨ ਸ੍ਰੀ ਗੁਰੂ ਹਰਿਰਾਇ ਜੀ ਕਰਤਾਰਪੁਰ ਆਏ

੧. ਇਸ਼ੁ ਦੇਵ-ਸ੍ਰੀ ਅਕਾਲ ਪੁਰਖ ਦਾ ਮੰਗਲ

ਦੋਹਰਾ- ਸਤਿ ਚਿਤ ਅਨੰਦ ਪ੍ਰਮਾਤਮਾ ਸਭਿ ਜੀਵਨ ਕੋ ਜੀਵ।
ਸਦਾ ਸ਼ਾਂਤਿ, ਨਭ ਸਮ ਰਵਜੇ, ਸਰਬ ਸ਼ਕਤਿ ਕੋ ਸੀਵ॥ ੧॥

ਸਤਿ ਚਿਤ ਆਨੰਦ ਪਰਮਾਤਮਾ ਸਾਰੇ ਜੀਵਾਂ ਨੂੰ ਜੀਵਨ ਦਾਨ ਕਰ ਰਿਹਾ ਹੈ। ਉਹ ਸਦਾ ਸ਼ਾਂਤ ਹੈ ਅਕਾਸ਼ ਵਾਂਗ ਸਾਰੇ ਰਵ ਰਿਹਾ ਹੈ। ਉਹ ਸਰਬਵਿਆਪਕ ਹੀ ਨਹੀਂ, ਉਹ ਸਾਰੀਆਂ ਸ਼ਕਤੀਆਂ ਦੀ ਹੱਦ ਹੈ॥੧॥

੨. 'ਕਵਿ-ਸੰਕੇਤ' ਮਿਰ੍ਯਾਦਾ ਦਾ ਮੰਗਲ

ਕਬਿੱਤ- ਚੰਦ੍ਰਮਾ ਬਦਨ, ਸੁਭ ਮੌਤਿ ਕੀ ਸਦਨ ਸਦ, ਬਿਸਦ ਰਦਨ ਕੀ ਦਿਪਤਿ ਦੁਤਿ ਦਾਮਨੀ।
ਬੇਨੁੰ ਦੰਡ ਪਾਨੀ ਤੀਨ ਲੋਕ ਮੈਂ ਸੁਜਾਨ ਜਾਨੀ, ਸਭੈ ਮਨ ਭਾਨੀ ਮਹਾਰਾਨੀ ਅਭਿਰਾਮਨੀ।
ਪੁੰਜ ਗੁਨਖਾਨੀ, ਗਨ ਬਿਘਨ ਪਰਾਨੀ ਗਾਨੀ, ਅਰੁਣ ਬਰਣ ਪਾਨੀ, ਸਲਿਤਾ ਪ੍ਰਗਾਮਨੀ।
ਮਹਾਂ ਮੋਦ ਮਾਨੀ, ਬਾਨੀ ਰੂਪ ਹੈ ਸਮਾਨੀ ਜਗ, ਬੰਦਨਾ ਸੰਤੋਖ ਸਿੰਘ ਠਾਨੀ ਦਿਨ ਜਾਮਨੀ॥੨॥

ਚੰਦ ਵਰਗੇ ਮੁਖੜੇ ਵਾਲੀ ਸਦਾ ਸ੍ਰੇਸ਼ਟ ਮੱਤ ਦਾ ਘਰ, ਜਿਸ ਦੇ ਚਿੱਟੇ ਦੰਦਾਂ ਦੀ ਸ਼ੋਭਾ ਬਿਜਲੀ ਵਾਂਗ ਪ੍ਰਕਾਸ਼ਦੀ ਹੈ, ਵੀਣਾ ਜਿਸ ਦੇ ਹੱਥ ਵਿਚ ਹੈ, ਤਿੰਨਾਂ ਲੋਕਾਂ ਵਿਚ ਜੋ ਵੀਣਾ ਵਜਾਉਣ ਵਿਚ ਕਾਮਲ ਸਮਝੀ ਜਾਂਦੀ ਹੈ। ਇਹ ਸੁੰਦਰ ਮਹਾਰਾਣੀ ਸਭ ਦੇ ਮਨ ਨੂੰ ਚੰਗੀ ਲੱਗਦੀ ਹੈ।

ਸਾਰੇ ਗੁਣਾਂ ਦੀ ਖਾਣ ਤੇ ਸਾਰੇ ਵਿਘਨਾਂ ਨੂੰ ਨਾਸ਼ ਕਰਨ ਵਾਲੀ ਹੈ ਜਿਸ ਦੀ ਕੀਰਤੀ ਗਾਈ ਜਾਂਦੀ ਹੈ। ਲਾਲ ਰੰਗ ਦੇ ਜਿਸ ਦੇ ਹੱਥ ਹਨ ਤੇ ਚਾਲ ਜਿਸਦੀ ਨਦੀ ਵਾਂਗ ਗੰਭੀਰ ਹੈ। ਜਿਹੜੀ ਮਹਾਂ ਆਨੰਦ ਨੂੰ ਧਾਰਨ ਵਾਲੀ ਹੈ ਤੇ ਜਗਤ ਦੇ ਵਿਚ ਬਾਣੀ ਸਰੂਪ ਮੰਨੀ ਜਾਂਦੀ ਹੈ। ਕਵੀ ਸੰਤੋਖ ਸਿੰਘ ਕਹਿੰਦੇ ਹਨ ਮੈਂ ਐਸੇ ਪ੍ਰਕਾਸ਼ ਮਈ ਸਰੂਪ ਨੂੰ ਦਿਨ ਰਾਤ ਬੰਦਨਾ ਕਰਦਾ ਹਾਂ॥੨॥

੩. ਇਸ਼ੁ ਗੁਰੂ-ਸ੍ਰੀ ਗੁਰੂ ਨਾਨਕ ਦੇਵ ਜੀ ਦਾ ਮੰਗਲ

ਸੁੰਦਰ ਕੀਰਤਿ ਚੰਦ੍ਰਿਕਾ ਚਹੁੰਦਿਸ਼ਿ ਤਨਜੇ ਬਿਤਾਨ।
ਸ੍ਰੀ ਨਾਨਕ ਜਗ ਗੁਰੂ ਕੋ ਨਮੋ ਜੋਰਿ ਜੁਗ ਪਾਨ॥ ੩॥

ਸ੍ਰੀ ਗੁਰੂ ਨਾਨਕ ਦੇਵ ਜਗਤ ਗੁਰੂ ਜੀ ਦੀ ਕੀਰਤੀ ਚੰਦ ਦੀ ਚਾਨਣੀ ਵਾਂਗ ਉੱਜਲ ਹੈ। ਇਸ ਚਾਂਦਨੀ ਦਾ ਮਾਨੋਂ ਚੰਦੋਆ ਸਾਰੇ ਜਗਤ ਦੇ ਚਾਰੇ ਪਾਸੇ ਤਣ ਰਿਹਾ ਹੈ। ਐਸੇ ਗੁਰੂ ਜੀ ਨੂੰ ਮੇਰੀ ਦੋਵੇਂ ਹੱਥ ਜੋੜ ਕੇ ਨਮਸਕਾਰ ਹੈ॥੩॥

੪. ਇਸ਼ੁ ਗੁਰੂ-ਸ੍ਰੀ ਗੁਰੂ ਅੰਗਦ ਦੇਵ ਜੀ ਦਾ ਮੰਗਲ

ਅਜਰ ਜਰਨਿ, ਧੀਰਜ ਧਰਨਿ ਧਰਨਿ ਮਨਿੰਦ ਬਿਲੰਦ।
ਸ੍ਰੀ ਅੰਗਦ ਪਦ ਪਦਮ ਕੋ ਬੰਦਨ ਬਿਘਨ ਨਿਕੰਦ॥ ੪॥

ਸ੍ਰੀ ਗੁਰੂ ਅੰਗਦ ਦੇਵ ਜੀ ਅਜਰ ਦੇ ਜਰਨ ਵਾਲੇ ਤੇ ਧਰਤੀ ਵਰਗੇ ਬੜੇ ਧੀਰਜ ਵਾਲੇ ਹੋਏ ਹਨ, ਉਨ੍ਹਾਂ ਦੇ ਵਿਘਨ ਨਾਸ਼ਕ ਚਰਨ ਕੰਵਲਾਂ 'ਤੇ ਮੈਂ ਨਮਸਕਾਰ ਕਰਦਾ ਹਾਂ॥੪॥

*੫. ਇਸ਼ਟ ਗੁਰੂ-ਸ੍ਰੀ ਗੁਰੂ ਅਮਰਦਾਸ ਜੀ ਦਾ ਮੰਗਲ*

ਕੁਲ ਭੱਲਜਨਿ ਕੀ ਕਲਸ ਭੇ ਅਜ਼ਮਤ ਕੇ ਦਾਤਾਰ।
ਸ੍ਰੀ ਗੁਰ ਅਮਰ ਅਨੰਦ ਮੈ ਨਮੋ ਚਰਨ ਪਰਿ ਧਾਰਿ॥ ੫॥

ਅਨੰਦ ਸਰੂਪ ਸ੍ਰੀ ਗੁਰੂ ਅਮਰਦਾਸ ਜੀ ਜੋ ਭਲਿਆਂ ਦੀ ਕੁਲ ਵਿਚ ਸ਼ਿਰੋਮਣੀ ਅਤੇ ਅਜ਼ਮਤ ਦੇ ਦਾਤਾ ਹੋਏ ਹਨ, ਮੈਂ ਉਨ੍ਹਾਂ ਦੇ ਚਰਨ ਕੰਵਲਾਂ 'ਤੇ ਸਿਰ ਧਰ ਕੇ ਨਮਸਕਾਰ ਕਰਦਾ ਹਾਂ॥੫॥

*੬. ਇਸ਼ਟ ਗੁਰੂ-ਸ੍ਰੀ ਗੁਰੂ ਰਾਮਦਾਸ ਜੀ ਦਾ ਮੰਗਲ*

ਸਦਾ ਸ਼ਾਂਤਿ ਚਿਤ ਗ੍ਰਿਹਸਤ ਮਹਿਂ ਬਡਿ ਸੋਢੀ ਸੁਲਤਾਨ।
ਰਾਮਦਾਸ ਸ੍ਰੀ ਸਤਿਗੁਰੂ ਤਿਨਿ ਪਦ ਬੰਦਨ ਠਾਨਿ॥ ੬॥

ਵੱਡੇ ਸੋਢੀ ਸੁਲਤਾਨ ਸਤਿਗੁਰੂ ਰਾਮਦਾਸ ਜੀ ਗ੍ਰਿਹਸਤ ਵਿਚ ਸਦਾ ਹੀ ਸ਼ਾਂਤ ਚਿਤ ਰਹਿਣ ਵਾਲੇ ਹੋਏ ਹਨ, ਉਨ੍ਹਾਂ ਦੇ ਚਰਨ ਕੰਵਲਾਂ 'ਤੇ ਮੈਂ ਬੰਦਨਾ ਕਰਦਾ ਹਾਂ॥੬॥

*੭. ਇਸ਼ਟ ਗੁਰੂ-ਸ੍ਰੀ ਗੁਰੂ ਅਰਜਨ ਦੇਵ ਜੀ ਦਾ ਮੰਗਲ*

ਹੇਤ ਭਵਿੱਖਜਤ ਤਾਰਿਬੇ ਰਚਜੋ ਗ੍ਰਿੰਥ ਸ੍ਰੁਤਿ ਸਾਰ।
ਸ੍ਰੀ ਅਰਜਨ ਪਗ ਕਮਲ ਪਰ ਨਮਸਕਾਰ ਸਿਰ ਧਾਰਿ॥ ੭॥

ਸ੍ਰੀ ਗੁਰੂ ਅਰਜਨ ਦੇਵ ਜੀ, ਜਿਨ੍ਹਾਂ ਨੇ ਆਉਣ ਵਾਲੇ ਸਮੇਂ ਦੇ ਲੋਕਾਂ ਨੂੰ ਤਾਰਨ ਵਾਸਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਚਨਾ ਕੀਤੀ, ਜੋ ਸਭ ਸ੍ਰੁਤੀਆਂ ਤੋਂ ਵੀ ਸ੍ਰੇਸ਼ਟ ਹਨ, ਉਨ੍ਹਾਂ ਦੇ ਚਰਨ ਕੰਵਲਾਂ ਉਪਰ ਸਿਰ ਧਰ ਕੇ ਮੈਂ ਨਮਸਕਾਰ ਕਰਦਾ ਹਾਂ॥੭॥

*੮. ਇਸ਼ਟ ਗੁਰੂ-ਸ੍ਰੀ ਗੁਰੂ ਹਰਿਗੋਬਿੰਦ ਜੀ ਦਾ ਮੰਗਲ*

ਕਟ ਨਿਖੰਗ, ਕਰ ਧਨੁ ਧਰੇ, ਸਿਪਰ, ਦੋਇ ਸ਼ਮਸ਼ੇਰ।
ਮ੍ਰਿਗ ਸ਼ੱਤ੍ਰ ਸਮੁਦਾਇ ਕੋ ਸੰਘਰ ਮਹਿਂ ਸਮ ਸ਼ੇਰ॥ ੮॥

ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਲੱਕ ਵਿਚ ਭੱਥਾ ਤੇ ਹੱਥ ਵਿਚ ਧਨੁੱਖ ਧਰ ਕੇ, ਪਿੱਠ ਪਿੱਛੇ ਢਾਲ ਤੇ ਤਨ ਨਾਲ ਦੋ ਤਲਵਾਰਾਂ ਸਜਾ ਕੇ ਜੰਗ ਵਿਚ ਮ੍ਰਿਗ ਰੂਪੀ ਸਾਰੇ ਵੈਰੀਆਂ ਨੂੰ ਸ਼ੇਰ ਵਾਂਗ ਮਾਰ ਦਿੱਤਾ, ਉਨ੍ਹਾਂ ਨੂੰ ਮੈਂ ਨਮਸਕਾਰ ਕਰਦਾ ਹਾਂ॥੮॥

*੯. ਇਸ਼ਟ ਗੁਰੂ-ਸ੍ਰੀ ਗੁਰੂ ਹਰਿਰਾਇ ਜੀ ਦਾ ਮੰਗਲ*

ਕਰੇ ਰੰਕ ਤੇ ਰਾਵ ਗਨ ਸ੍ਰੀ ਮੁਖ ਤੇ ਕਹਿ ਬੈਨ।
ਸ੍ਰੀ ਸਤਿਗੁਰ ਹਰਿਰਾਇ ਜੀ ਸਿਮਰੇ ਜਿਨ ਜਮ ਭੈ ਨ॥ ੯॥

ਸ੍ਰੀ ਸਤਿਗੁਰੂ ਹਰਿਰਾਇ ਜੀ ਜਿਨ੍ਹਾਂ ਨੇ ਸ੍ਰੀ ਮੁੱਖ ਤੋਂ ਇਕ ਬਚਨ ਕਹਿ ਕੇ ਹੀ ਕੰਗਾਲਾਂ ਨੂੰ ਰਾਜੇ ਬਣਾ ਦਿੱਤਾ ਤੇ ਜਿਨ੍ਹਾਂ ਦੇ ਸਿਮਰਨ ਨਾਲ ਯਮਾਂ ਦਾ ਭੈਅ ਨਹੀਂ ਰਹਿੰਦਾ, ਉਨ੍ਹਾਂ ਨੂੰ ਮੇਰੀ ਨਮਸਕਾਰ ਹੈ॥੯॥

*੧੦. ਇਸ਼ਟ ਗੁਰੂ-ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦਾ ਮੰਗਲ*

ਬਾਲਿਕ ਬਯ ਅਤਿ ਸ਼ਕਤਿ ਮਹਿਂ ਦਰਸ਼ਨ ਤੇ ਦੁਖ ਜਾਇ।
ਸ੍ਰੀ ਹਰਿਕ੍ਰਿਸ਼ਨ ਅਨੰਦ ਘਨ ਬੰਦੋ ਪੰਕਜ ਪਾਇ॥ ੧੦॥

ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਜੋ ਬਦਲ ਵਾਂਗ ਅਨੰਦ ਦੇ ਦਾਤੇ ਹਨ ਤੇ ਜਿਹੜੇ ਬਾਲਕ ਅਵਸਥਾ ਵਿਚ ਹੀ ਬੜੀ ਭਾਰੀ ਸ਼ਕਤੀ ਵਾਲੇ ਹਨ, ਉਨ੍ਹਾਂ ਦੇ ਦਰਸ਼ਨ ਕਰਨ ਨਾਲ ਦੁਖ ਨਾਸ਼ ਹੁੰਦੇ ਹਨ। ਉਨ੍ਹਾਂ ਦੇ ਚਰਨ ਕੰਵਲਾਂ 'ਤੇ ਮੈਂ ਨਮਸਕਾਰ ਕਰਦਾ ਹਾਂ॥੧੦॥

*੧੧. ਇਸ਼੍ਰ ਗੁਰੂ-ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਮੰਗਲ*

ਸਿਮਰੇ ਹਾਦਰ ਹੋਤਿ ਹੈਂ ਚਾਦਰ ਸੇਵਕ ਬ੍ਰਿੰਦ।
ਤੇਗ ਬਹਾਦਰ ਸਤਿਗੁਰੂ ਸਾਦਰ ਤਿਨਿ ਪਦ ਬੰਦਿ॥ ੧੧॥

ਸ੍ਰੀ ਗੁਰੂ ਤੇਗ ਬਹਾਦਰ ਜੀ ਸਮੂਹ ਸੇਵਕਾਂ ਦੇ ਰਖਵਾਲੇ ਹਨ, ਜਿਹੜਾ ਜਿਥੇ ਵੀ ਉਨ੍ਹਾਂ ਨੂੰ ਯਾਦ ਕਰੇ, ਤੁਰਤ ਹਾਜ਼ਰ ਹੁੰਦੇ ਹਨ। ਉਨ੍ਹਾਂ ਸਤਿਗੁਰਾਂ ਦੇ ਚਰਨ ਕੰਵਲਾਂ 'ਤੇ ਮੈਂ ਆਦਰ ਸਹਿਤ ਨਮਸਕਾਰ ਕਰਦਾ ਹਾਂ॥੧੧॥

*੧੨. ਇਸ਼੍ਰ ਗੁਰੂ-ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਮੰਗਲ*

ਤੁਰਕ ਤੇਜ ਤਮ ਤੋਮ ਕੋ ਹਰਤਾ ਭਾਨੁ ਮਨਿੰਦ।
ਸ੍ਰੀ ਗੁਰੂ ਗੋਵਿੰਦ ਸਿੰਘ ਜੀ ਕਰਤਾ ਦਾਸ ਨਰਿੰਦ॥ ੧੨॥

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪਣੇ ਦਾਸਾਂ ਨੂੰ ਰਾਜੇ ਬਣਾ ਦੇਣ ਵਾਲੇ ਹਨ ਤੇ ਜੋ ਤੁਰਕਾਂ ਦੇ ਤੇਜ ਰੂਪੀ ਸੰਘਣੇ ਹਨ੍ਹੇਰੇ ਨੂੰ ਸੂਰਜ ਸਮਾਨ ਹੋ ਕੇ ਨਾਸ਼ ਕਰਨ ਵਾਲੇ ਹਨ, ਉਨ੍ਹਾਂ ਦੇ ਚਰਨਾਂ ਉਪਰ ਮੇਰੀ ਨਮਸਕਾਰ ਹੈ॥੧੨॥

*ਬਿਨਤੀ*

*ਕਬਿੱਤ*-ਸਭੈ ਗੁਨ ਊਰ, ਭਰਪੂਰ ਭਯੋ ਔਗੁਨਨਿ, ਕਾਮ ਕ੍ਰੋਧ ਕਹੂ ਹੂ ਕੀ ਬ੍ਰਿੱਧਤਾ ਫਰਦ ਕੀ।
ਹੋਯੋ ਮਨਿ ਚੂਰ ਚੂਰ, ਰਹੀ ਮਤਿ ਝੂਰਿ ਝੂਰਿ ਦੇਖਿ ਰਹ੍ਯੋ ਦੂਰ ਦੂਰ, ਦਾਰੂ ਨ ਦਰਦ ਕੀ।
ਮਿਲੇ ਗੁਰੁ ਪੂਰਨ ਸੰਤੋਖ ਸਿੰਘ ਤੂਰਨ, ਸੋ ਲਖਿ ਦੁਖ ਭੂਰ ਗਤਿ ਏਕਲੀ ਨਰਦ ਕੀ।
ਨਾਮ ਹੈ ਸ਼ਰਨ ਸੂਰ ਪਾਵਨ ਪਤਿਤ ਰੂਰ ਰਾਖਿ ਹੈਂ ਜ਼ਰੂਰ ਲਾਜ ਆਪਨੇ ਬਿਰਦ ਕੀ॥੧੩॥

ਮੈਂ ਸਾਰੇ ਸ਼ੁਭ ਗੁਣਾਂ ਤੋਂ ਖ਼ਾਲੀ ਹਾਂ, ਔਗੁਣਾਂ ਨਾਲ ਭਰਪੂਰ ਹੋਇਆ ਹਾਂ ਤੇ ਕਾਮ ਕ੍ਰੋਧ ਅਤੇ ਝੂਠ ਦੀ ਸੂਚੀ ਵਧੀ ਹੋਈ ਹੈ, ਮੇਰਾ ਮਨ ਏਸੇ ਦੁਖ ਕਰਕੇ ਚੂਰ-ਚੂਰ ਹੋਇਆ ਹੈ। ਬੁੱਧੀ ਮੇਰੀ ਬਹੁਤ ਝੂਰ ਰਹੀ ਹੈ, ਮੈਂ ਦੂਰ-ਦੂਰ ਤਕ ਵੇਖ ਚੁੱਕਾ ਹਾਂ, ਪਰ ਇਸ ਦਰਦ ਦੀ ਦਵਾ ਨਹੀਂ ਮਿਲੀ ਹੈ। ਪੂਰਨ ਗੁਰੂ ਛੇਤੀ ਤੋਂ ਛੇਤੀ ਕਵੀ ਸੰਤੋਖ ਸਿੰਘ ਨੂੰ ਆ ਮਿਲੇ ਅਤੇ ਮੇਰੀ ਅਤਿ ਦੁੱਖਾਂ ਭਰੀ ਹਾਲਤ ਨੂੰ ਵੇਖੇ, ਜਿਹੜੀ ਵਿਛੇ ਹੋਏ ਚੌਪੜ ਤੇ ਇਕੱਲੀ ਰਹਿ ਗਈ ਨਰਦ ਵਾਂਗ ਹੋ ਗਈ ਹੈ। ਗੁਰੂ ਜੀ ਜਿਨ੍ਹਾਂ ਦਾ ਨਾਮ ਸ਼ਰਨ ਆਇਆਂ ਦੀ ਰੱਖਿਆ ਕਰਨ ਵਾਲਾ ਹੈ ਤੇ ਪਤਿਤਾਂ ਨੂੰ ਪਵਿੱਤਰ ਕਰਨ ਵਾਲਾ ਸੁੰਦਰ ਹੈ, ਉਹ ਜ਼ਰੂਰ ਆਪਣੇ ਬਿਰਦ ਦੀ ਲਾਜ ਰੱਖਣਗੇ॥੧੩॥

*੧੩. ਸਮਸਤ ਗੁਰ ਮੰਗਲ*

ਦੋਹਰਾ- ਬਰਨੌਂ ਦਸਮੀ ਰਾਸ ਕੋ ਸਭਿ ਸਤਿਗੁਰੂ ਮਨਾਇ।
ਬਿਘਨ ਬਿਨਾਸ਼ਨਿ ਕੋ ਕਰਹਿਂ ਹੋਵਹਿਂ ਸਦਾ ਸਹਾਇ॥ ੧੪॥

ਸਾਰੇ ਸਤਿਗੁਰਾਂ ਨੂੰ ਪੂਜ ਕੇ ਹੁਣ ਮੈਂ ਦਸਵੀਂ ਰਾਸ ਕਥਨ ਕਰਦਾ ਹਾਂ ਤੇ ਸਤਿਗੁਰਾਂ ਅੱਗੇ ਇਹ ਬੇਨਤੀ ਕਰਦਾ ਹਾਂ ਕਿ ਉਹ ਮੇਰੇ ਵਿਘਨਾਂ ਦਾ ਨਾਸ਼ ਕਰਨ ਤੇ ਸਦਾ ਹੀ ਇਸ ਮਹਾਨ ਕਾਰਜ ਵਿਖੇ ਮੇਰੇ ਸਹਾਈ ਹੋਣ॥੧੪॥

*ਮੰਗਲਾਚਰਨ ਸਮਾਪਤ*

## ਸ੍ਰੀ ਗੁਰੂ ਹਰਿਰਾਇ ਜੀ ਕਰਤਾਰਪੁਰ ਆਏ

ਚੌਪਈ- ਕੀਰਤਿ ਪੁਰ ਕੇਤਿਕ ਦਿਨ ਬਾਸੇ। ਦਾਸ ਉਧਾਰਨਿ ਬਿਲਸ ਬਿਲਾਸੇ।
ਨੇਤੀ ਮਾਤਾ ਦੋਨਹੁ ਭ੍ਰਾਤਾ। ਪ੍ਰਿਥਕ ਪ੍ਰਿਥਕ ਜਾਨੇ ਨਿਜਤਾਤਾ॥੧੫॥

ਕੀਰਤਪੁਰ ਵਿਚ ਕਈ ਦਿਨ ਵਸੇ, ਆਪਣੇ ਸੇਵਕਾਂ ਦਾ ਉਧਾਰ ਕਰਕੇ ਬੜੇ ਪ੍ਰਸੰਨ ਹੁੰਦੇ ਸਨ। ਨੇਤੀ ਮਾਤਾ ਨੇ ਦੋਵੇਂ ਭਰਾਵਾਂ ਭਾਵ ਆਪਣੇ ਦੋਵੇਂ ਪੁੱਤਰਾਂ ਸ੍ਰੀ ਗੁਰੂ ਹਰਿਰਾਇ ਜੀ ਤੇ ਧੀਰ ਮਲ ਜੀ ਨੂੰ ਵੱਖੋ ਵੱਖ ਹੋਏ ਵੇਖਿਆ॥੧੫॥

ਹਿਤ ਕੇ ਮਧੁਰ ਬਚਨ ਕਹਿ ਕਰਿ ਕੈ। ਚਹਿਤਿ ਮਿਲਾਵਨਿ ਕੋ ਸੁਖ ਧਰਿ ਕੈ।
ਸ੍ਰੀ ਹਰਿਰਾਇ ਸੰਗ ਬਹੁ ਕਹਜੋ। 'ਗੁਰਤਾ ਪਦ ਦੀਰਘ ਤੁਮ ਲਹਜੋ॥੧੬॥

ਪ੍ਰੇਮ ਦੇ ਮਿੱਠੇ ਬਚਨ ਕਹਿ ਕੇ, ਦੋਹਾਂ ਨੂੰ ਸੁਖ ਧਾਰ ਕੇ ਮਿਲਾਉਣਾ ਚਾਹੁੰਦੀ ਸੀ। ਸ੍ਰੀ ਹਰਿਰਾਇ ਜੀ ਨੂੰ ਬਹੁਤ ਕਿਹਾ, "ਤੁਸੀਂ ਵੱਡੀ ਗੁਰਤਾ ਪਦਵੀ ਪਾਈ ਹੈ॥੧੬॥

ਬਡੇ ਭ੍ਰਾਤ ਸੌਂ ਰਾਖਹੁ ਮੇਲ। ਚਲੋ ਪਿਤਾਮੇ ਪੁਰਿ ਕੇ ਗੈਲ'।
ਇੱਤਜਾਇਕ ਜਨਨੀ ਬਹੁ ਭਾਖਾ। 'ਪੁਰਿਕਰਤਾਰ ਚਲਨਿ ਕੀ ਕਾਂਖਾ॥੧੭॥

ਇਸ ਲਈ ਵੱਡੇ ਭਰਾ ਨਾਲ ਮੇਲ ਰਖੋ ਤੇ ਆਪਣੇ ਪਿਤਾਮੇ ਦੇ ਨਗਰ ਪਾਸ ਚਲੋ।" ਇਤਿਆਦਿਕ ਮਾਂ ਨੇ ਬਹੁਤ ਕਿਹਾ, 'ਮੇਰੀ ਕਰਤਾਰਪੁਰ ਜਾਣ ਦੀ ਇੱਛਾ ਹੈ॥੧੭॥

ਨਿਜ ਮਸੰਦ ਧੀਰ ਮੱਲ ਏਕ। ਭੇਜਜੋ ਤਬਿ ਕਹਿ ਬਾਤ ਅਨੇਕ।
ਅਪਨੇ ਘਰ ਮਹਿਂ ਇਹ ਬਡਿਆਈ। ਹਮ ਤੁਮ ਏਕ ਮਾਤ ਤੇ ਭਾਈ॥੧੮॥

ਧੀਰਮਲ ਨੇ ਇਕ ਨਿਜੀ ਮਸੰਦ ਨੂੰ ਬਹੁਤ ਗੱਲਾਂ ਕਹਿ ਕੇ ਭੇਜਿਆ ਕਿ ਆਪਣੇ ਘਰ ਵਿਚ ਇਹ ਵਡਿਆਈ ਹੈ, ਸਾਡੇ ਦੋਹਾਂ ਦੀ ਇਕ ਮਾਤਾ ਹੈ ਤੇ ਅਸੀਂ ਦੋਵੇਂ ਭਰਾ ਹਾਂ॥੧੮॥

ਅਪਰ ਸ਼ਰੀਕ ਲੇਤਿ ਜੇ ਕੋਈ। ਨਹਿਂ ਆਛੀ ਹਮ ਕੋ ਕਿਮ ਸੋਈ।
ਕ੍ਰਿਪਾ ਕਰਹੁ ਆਵਹੁ ਪੁਰਿ ਮਾਂਹੀ। ਏਕੋ ਸਦਨ ਭੇਦ ਕੋ ਨਾਂਹੀ' ॥੧੯॥

ਜੇ ਕੋਈ ਹੋਰ ਸ਼ਰੀਕ ਗੱਦੀ ਲੈ ਲੈਂਦਾ, ਫਿਰ ਉਹ ਕਿਸੇ ਤਰ੍ਹਾਂ ਵੀ ਸਾਨੂੰ ਚੰਗੀ ਨਹੀਂ ਸੀ ਲੱਗਣੀ। ਇਸ ਲਈ ਕਿਰਪਾ ਕਰਕੇ ਇਸ ਨਗਰੀ ਵਿਚ ਆਵੋ, ਇਕੋ ਘਰ ਹੈ ਕੋਈ ਭੇਦ ਨਹੀਂ ਹੈ" ॥੧੯॥

ਸ੍ਰੀ ਹਰਿਰਾਇ ਸ਼ਾਂਤਿ ਚਿਤ ਧੀਰਾ। ਕਹੀ ਮਾਤ ਕੀ ਮਾਨਿ ਗਹੀਰਾ।
ਤਜਾਰੀ ਕਰੀ ਅਰੂਢਨਿ ਕੇਰੀ। ਸਭਿ ਮਹਿਂ ਸੁਧ ਬਿਦਤੀ ਤਿਸ ਬੇਰੀ॥੨੦॥

ਸ੍ਰੀ ਹਰਿਰਾਇ ਜੀ ਬੜੇ ਸ਼ਾਂਤ ਚਿਤ ਤੇ ਧੀਰਜਵਾਨ ਸਨ ਤੇ ਮਾਤਾ ਜੀ ਦੀ ਕਹੀ ਹੋਈ ਗੱਲ ਮੰਨ ਲਈ। ਸਵਾਰ ਹੋਣ ਦੀ ਤਿਆਰੀ ਕੀਤੀ, ਉਸ ਸਮੇਂ ਸਾਰਿਆਂ ਵਿਚ ਖ਼ਬਰ ਫੈਲ ਗਈ॥੨੦॥

ਦੁੰਦਭਿ ਚੋਬਨਿ ਹਨੇ ਬਜਾਏ। ਤਜਾਰੀ ਸਕਲ ਸੈਨ ਕਰਿਵਾਏ।
ਪਰੇ ਤੁਰੰਗਨਿ ਪਰ ਬਰ ਜ਼ੀਨ। ਬਸਤ੍ਰ ਸ਼ਸਤ੍ਰ ਭਟ ਧਾਰਨਿ ਕੀਨਿ॥੨੧॥

ਨਗਾਰੇ ਤੇ ਚੋਬਾਂ ਵੱਜ ਉਠੀਆਂ ਤੇ ਸਾਰੀ ਸੈਨਾਂ ਦੀ ਤਿਆਰੀ ਕਰਵਾਈ। ਘੋੜਿਆਂ ਉੱਤੇ ਕਾਠੀਆਂ ਪਵਾਈਆਂ ਗਈਆਂ ਤੇ ਸੂਰਮਿਆਂ ਨੇ ਬਸਤਰ ਸ਼ਸਤਰ ਧਾਰਨ ਕਰ ਲਏ॥੨੧॥

ਚਢੇ ਪਾਲਕੀ ਸ੍ਰੀ ਹਰਿਰਾਇ। ਚਮਤਕਾਰ ਦੀਪਤਿ ਬਹੁ ਭਾਇ।
ਕੰਚਨ ਲਗ੍ਯੋ ਗੋਲ ਗਨ ਮੋਤੀ। ਲਰੀ ਝਾਲਰਾਂ ਜੋਤਿ ਉਦੋਤੀ॥ ੨੨॥

ਸ੍ਰੀ ਹਰਿਰਾਇ ਜੀ ਪਾਲਕੀ ਵਿਚ ਸਵਾਰ ਹੋ ਗਏ, ਜਿਹੜੀ ਬਹੁਤ ਪ੍ਰਕਾਰ ਚਮਕਦੀ ਸੀ, ਸੋਨਾ ਲਗਾ ਸੀ ਤੇ ਬਹੁਤ ਗੋਲ ਮੋਤੀ ਲੱਗੇ ਸਨ ਤੇ ਝਾਲਰਾਂ ਦੀਆਂ ਲੜੀਆਂ ਬਹੁਤ ਪ੍ਰਕਾਸ਼ਮਾਨ ਹੋ ਰਹੀਆਂ ਸਨ॥੨੨॥

ਸਰਬ ਸਨੁਖਾ ਕੇਰ ਸਮੇਤੀ। ਡੋਰੇ ਸ੍ਯੰਦਨ ਮਹਿਂ ਚਢਿ ਨੇਤੀ।
ਗਮਨੀ ਸੰਗਿ ਹਰਖ ਕਹੁ ਧਾਰਾ। ਤਟ ਥਿਰ ਸਤੱਦ੍ਰਵ ਤੀਰ ਨਿਹਾਰਾ॥ ੨੩॥

ਸਾਰੀਆਂ ਨੂੰਹਾਂ ਦੇ ਸਮੇਤ ਡੋਲਿਆਂ ਅਤੇ ਰੱਥਾਂ ਵਿਚ ਨੇਤੀ ਚੜ੍ਹ ਗਈ। ਬਹੁਤ ਪ੍ਰਸੰਨਤਾ ਧਾਰ ਕੇ ਚਲ ਪਈ ਤੇ ਜਾ ਕੇ ਸਤਿਲੁਜ ਦਰਿਆ ਦਾ ਕਿਨਾਰਾ ਵੇਖਿਆ॥੨੩॥

ਕੇਵਟ ਤਰੀ ਲਜਾਇ ਤਤਕਾਲਾ। ਸਰਿਤਾ ਸਰਬ ਤਰਾਇ ਉਤਾਲਾ।
ਸੈਨਾ ਸਹਿਤ ਸਮਾਜ ਬਿਸਾਲੇ। ਪਰੇ ਪਾਰ ਤਟ ਮਾਰਗ ਚਾਲੇ॥ ੨੪॥

ਮਲਾਹ ਤੁਰਤ ਬੇੜੀਆਂ ਲੈ ਆਏ ਤੇ ਸਭ ਨੂੰ ਬਹੁਤ ਛੇਤੀ ਪਾਰ ਕਰਵਾ ਦਿੱਤਾ। ਸੈਨਾ ਸਹਿਤ ਬਹੁਤ ਸਾਜ਼ੋ-ਸਾਮਾਨ ਨਾਲ ਸੀ ਤੇ ਦਰਿਆ ਪਾਰ ਕਰਕੇ ਰਾਹੇ ਰਾਹ ਚਲ ਪਏ॥੨੪॥

ਕ੍ਰਮ ਕ੍ਰਮ ਪੰਥ ਉਲੰਘਤਿ ਭਏ। ਸ੍ਰੀ ਕਰਤਾਰ ਪੁਰਾ ਨਿਯਰਏ।
ਆਗੈ ਲੈਨਿ ਧੀਰਮੱਲ ਆਯੋ। ਅਨੁਜ ਸਮਾਜ ਪਿਖ੍ਯੋ ਬਿਰਧਾਯੋ॥ ੨੫॥

ਕ੍ਰਮਵਾਰ ਪੈਂਡਾ ਲੰਘਦੇ ਜਾਂਦੇ ਸਨ ਤੇ ਸ੍ਰੀ ਕਰਤਾਰਪੁਰ ਨੇੜੇ ਆ ਗਿਆ। ਧੀਰਮਲ ਅਗੋਂ ਲੈਣ ਆਇਆ। ਛੋਟਾ ਭਰਾ ਤੇ ਹੋਰ ਸਾਜ਼ੋ-ਸਾਮਾਨ ਅਤੇ ਸਮਾਜ ਨੂੰ ਵੇਖਿਆ॥੨੫॥

ਮਿਲੇ ਪਰਸਪਰ ਹਰਖ ਉਪਾਵਤਿ। ਬੂਝਤਿ ਸਗਲੀ ਕੁਸ਼ਲ ਬਤਾਵਤਿ।
ਡੇਰਾ ਕਰ੍ਯੋ ਆਨਿ ਪੁਰਿ ਮਾਂਹੀ। ਉਪਬਨ ਛਾਯਾ ਪਿਖਿ ਕਰਿ ਤਾਂਹੀ॥ ੨੬॥

ਬੜੇ ਪ੍ਰਸੰਨ ਹੋ ਕੇ ਆਪਸ ਵਿਚ ਮਿਲੇ, ਇਕ ਦੂਸਰੇ ਨੂੰ ਸੁਖਸਾਂਦ ਪੁੱਛਦੇ ਅਤੇ ਦੱਸਦੇ ਸਨ। ਨਗਰ ਦੇ ਵਿਚ ਆ ਕੇ ਡੇਰਾ ਲਾ ਲਿਆ ਜਿਥੇ ਬਾਗ਼ ਵਿਚ ਚੰਗੀ ਛਾਂ ਵੇਖੀ॥੨੬॥

ਉਤਰੀ ਚਮੂੰ ਸੁਥਲ ਅਵਿਲੋਕਾ। ਹਰਖੇ ਹੇਰਿ ਨਗਰ ਕੇ ਲੋਕਾ।
ਸਭਿ ਮਿਲਿ ਲੈ ਲੈ ਕਰਿ ਉਪਹਾਰੇ। ਆਨਿ ਧਰੀ ਸਤਿਗੁਰੂ ਅਗਾਰੇ॥ ੨੭॥

ਸ੍ਰੇਸ਼ਟ ਸਥਾਨ ਵੇਖ ਕੇ ਫ਼ੌਜ ਨੇ ਵੀ ਉਤਾਰਾ ਕਰ ਲਿਆ ਤੇ ਨਗਰ ਦੇ ਲੋਕ ਵੇਖ ਕੇ ਬਹੁਤ ਪ੍ਰਸੰਨ ਹੋਏ। ਸਾਰੇ ਉਪਹਾਰ ਲੈ ਲੈ ਕੇ ਇਕੱਠੇ ਹੋਏ ਤੇ ਆ ਕੇ ਭੇਟਾਵਾਂ ਗੁਰੂ ਜੀ ਦੇ ਅੱਗੇ ਧਰ ਦਿੱਤੀਆਂ॥੨੭॥

ਕਰਿ ਕਰਿ ਬੰਦਨ ਬੈਠੇ ਪਾਸ। ਦਰਸ਼ਨ ਕੀਨੋ ਅਨੰਦ ਪ੍ਰਕਾਸ਼।
ਸ੍ਰੀ ਹਰਿਰਾਇ ਸਭਿਨਿ ਕੈ ਸੰਗ। ਬੂਝੀ 'ਕੁਸ਼ਲ ਅਹੈ ਸਰਬੰਗ?॥ ੨੮॥

ਬੰਦਨਾ ਕਰ ਕਰ ਪਾਸ ਬੈਠ ਗਏ ਤੇ ਦਰਸ਼ਨ ਕਰਨ ਨਾਲ ਅਨੰਦ ਦਾ ਪ੍ਰਕਾਸ਼ ਹੋਇਆ। ਸ੍ਰੀ ਗੁਰੂ ਹਰਿਰਾਇ ਜੀ ਨੇ ਸਾਰਿਆਂ ਨੂੰ ਪੁੱਛਿਆ, "ਹਰ ਤਰ੍ਹਾਂ ਨਾਲ ਅਨੰਦ ਪ੍ਰਸੰਨ ਹੋ?" ॥੨੮॥

ਸੁਖ ਸੋਂ ਬਾਸ ਅਹੈ ਗੁਰ ਪੁਰਿ ਮੈਂ? ਕਹੋ ਜਥਾਰਥ ਜੈਸੇ ਉਰ ਮੈਂ।
ਗੁਰੂ ਪਿਤਾਮੇ ਨੇ ਰਨ ਕੀਨਿ। ਪੁਨ ਚਢਿ ਗਏ ਨਰਨ ਸੁਖ ਚੀਨ॥ ੨੯॥

ਗੁਰੂ ਦੀ ਨਗਰੀ ਵਿਚ ਸੁਖ ਨਾਲ ਵੱਸ ਰਹੇ ਹੋ, ਕਹੋ ਜਿਵੇਂ ਆਪਣੇ ਦਿਲ ਵਿਚ ਸਚੇ ਸੱਚ ਅਨੁਭਵ ਕਰਦੇ ਹੋ। ਸਾਡੇ ਪਿਤਾਮੇ ਗੁਰੂ ਜੀ ਨੇ ਏਥੇ ਯੁੱਧ ਕੀਤਾ ਸੀ, ਫਿਰ ਮਨੁੱਖਾਂ ਦਾ ਸੁਖ ਵੇਖ ਕੇ ਪਹਾੜਾਂ 'ਤੇ ਚੜ੍ਹ ਗਏ॥੨੯॥

ਤੁਰਕ ਸੈਨ ਪੁਨ ਆਵਹਿ ਨਾਂਹੀ। ਇਸ ਹਿਤ ਗੇ ਕੀਰਤਪੁਰਿ ਮਾਂਹੀ।
'ਪਿਤਾ ਬਸਾਯਹੁ ਨਗਰ ਉਦਾਰਾ। ਯਾਂਤੇ ਸੁਖ ਦੇਵਨਿ ਹਿਤ ਧਾਰਾ' ॥ ੩੦ ॥

ਤੁਰਕ ਸੈਨਾ ਦੁਬਾਰਾ ਨਾ ਆ ਜਾਵੇ, ਇਸ ਕਰਕੇ ਕੀਰਤਪੁਰ ਵਿਚ ਚਲੇ ਗਏ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਸੋਚਿਆ ਕਿ ਸਾਡੇ ਪਿਤਾ ਜੀ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੋਹਣਾ ਨਗਰ ਵਸਾਇਆ ਹੋਇਆ ਹੈ, ਇਸ ਕਰਕੇ ਸੁੱਖ ਦੇਣਾ ਹਿਤ ਵਿਚ ਧਾਰਨ ਕੀਤਾ ਹੈ''॥੩੦॥

ਸੁਨਿ ਸਭਿਹੂੰ ਕਰ ਜੋਰਿ ਉਚਾਰੀ। 'ਸਭਿ ਹੀ ਸੁਖ ਹੈ ਕ੍ਰਿਪਾ ਤੁਮਾਰੀ।
ਸਤਿਗੁਰ ਮਾਲਿਕ ਹੈਂ ਜਿਨ ਕੇਰੇ। ਕਿਮ ਸੰਕਟ ਤਿਨ ਆਵਤਿ ਨੇਰੇ॥ ੩੧ ॥

ਇਹ ਸੁਣ ਕੇ ਸਾਰਿਆਂ ਨੇ ਹੱਥ ਜੋੜ ਕੇ ਉਚਾਰਨ ਕੀਤਾ, ''ਤੁਹਾਡੀ ਕਿਰਪਾ ਕਰਕੇ ਸਭ ਪ੍ਰਕਾਰ ਦੀ ਸੁਖਸਾਂਦ ਹੈ। ਜਿਨ੍ਹਾਂ ਦੇ ਸਤਿਗੁਰੂ ਜੀ ਮਾਲਕ ਹਨ, ਉਨ੍ਹਾਂ ਦੇ ਨੇੜੇ ਸੰਕਟ ਕਿਵੇਂ ਆ ਸਕਦਾ ਹੈ?॥੩੧॥

ਰੱਛਾ ਕਰਤਿ ਹਾਥ ਦੇ ਸਾਰੇ। ਲੋਕ ਪ੍ਰਲੋਕ ਕਸ਼ਟ ਨਿਰਵਾਰੇ।
ਤੁਰਕ ਸੈਨ ਜਬਿ ਗਨ ਚਢਿ ਆਈ। ਹਿਤ ਸ੍ਰੀ ਹਰਿਗੋਬਿੰਦ ਲਰਾਈ॥ ੩੨ ॥

ਸਾਰਿਆਂ ਦੇ ਸਿਰਾਂ 'ਤੇ ਹੱਥ ਧਰ ਕੇ ਰੱਖਿਆ ਕਰਦੇ ਹਨ ਤੇ ਲੋਕ ਪਰਲੋਕ ਦੇ ਕਸ਼ਟ ਦੂਰ ਕਰਦੇ ਹਨ। ਜਦ ਬਹੁਤ ਤੁਰਕ ਸੈਨਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨਾਲ ਲੜਾਈ ਕਰਨ ਵਾਸਤੇ ਚੜ੍ਹ ਕੇ ਆ ਗਈ ਸੀ॥੩੨॥

ਸਗਰੋ ਨਗਰ ਬਚਾਵਨਿ ਕਰਿਓ। ਰਿਪੁ ਕੋ ਦਲ ਬਾਹਰ ਪਰਹਰਿਓ।
ਕਰਤਿ ਰਹੇ ਬਲ ਅਨਿਕ ਪ੍ਰਕਾਰੇ। ਪ੍ਰਵਿਸ਼ੇ ਪੁਰ ਤੇ ਵਹਿਰ ਨਿਕਾਰੇ॥ ੩੩ ॥

ਤਾਂ ਉਨ੍ਹਾਂ ਨੇ ਸਾਰਾ ਨਗਰ ਬਚਾਇਆ ਸੀ, ਦੁਸ਼ਮਣ ਦੇ ਦਲ ਨੂੰ ਬਾਹਰ ਦੂਰ ਹੀ ਰਖਿਆ ਸੀ। ਅਨੇਕ ਪ੍ਰਕਾਰ ਦਾ ਜ਼ੋਰ ਲਾਉਂਦੇ ਰਹੇ ਤੇ ਸ਼ਹਿਰ ਵਿਚ ਦਾਖਲ ਹੋਏ ਵੀ ਬਾਹਰ ਕੱਢ ਦਿੱਤੇ॥੩੩॥

ਕੈ ਖੜਗਨਿ ਸੋਂ ਕਟਾ ਕਰੇ ਹੈਂ। ਕਰਤਿ ਹੇਲ ਤਤਕਾਲ ਮਰੇ ਹੈਂ।
ਰਣ ਬਿਸਾਲ ਤੇ ਸ਼ਸਤ੍ਰ ਪ੍ਰਹਾਰੇ। ਸਤਿਗੁਰ ਜੋਧਾ ਬਲ ਮਹਿਂ ਭਾਰੇ॥ ੩੪ ॥

ਕਈਆਂ ਨੂੰ ਤਲਵਾਰਾਂ ਨਾਲ ਕੱਟ ਦਿੱਤਾ ਤੇ ਹਮਲਾ ਕਰਕੇ ਤੁਰਤ ਮਾਰ ਦਿੱਤੇ ਸਨ। ਵੱਡਾ ਯੁੱਧ ਹੋਇਆ ਤੇ ਸ਼ਸਤਰ ਦੇ ਬਹੁਤ ਵਾਰ ਕੀਤੇ। ਸਤਿਗੁਰੂ ਜੀ ਭਾਰੀ ਸ਼ਕਤੀਸ਼ਾਲੀ ਯੋਧੇ ਸਨ॥੩੪॥

ਸ੍ਰੀ ਗੁਰ ਅਰਜਨ ਨਗਰ ਬਸਾਯੋ। ਤਬਿ ਕੋ ਸੰਕਟ ਨੇਰ ਨ ਆਯੋ।
ਭਏ ਸਹਾਇਕ ਜਿਸ ਕਿਸ ਭਾਇ। ਜਾਨਿ ਆਪਨੇ ਲੇਤਿ ਬਚਾਇ॥ ੩੫ ॥

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਨਗਰ ਵਸਾਇਆ ਸੀ, ਤਦ ਕੋਈ ਵੀ ਸੰਕਟ ਨੇੜੇ ਨਾ ਆਇਆ। ਜਿਸ ਕਿਸ ਢੰਗ ਨਾਲ ਵੀ ਉਹ ਸਹਾਇਕ ਬਣੇ ਤੇ ਆਪਣੇ ਜਾਣ ਕੇ ਬਚਾ ਲਏ॥੩੫॥

ਬਡੇ ਜਤਨ ਤੇ ਨਰ ਬੁਲਿਵਾਏ। ਦੇ ਦੇ ਹਿਤ ਪੁਰਿ ਬਿਖੇ ਬਸਾਏ।
ਤਬਿ ਕੇ ਬਸਹਿਂ ਮਹਾਂ ਸੁਖ ਪਾਵਹਿਂ। ਸ੍ਰੀ ਅਰਜਨ ਕੇ ਗੁਨ ਗਨ ਗਾਵਹਿਂ॥ ੩੬ ॥

ਬੜੇ ਯਤਨਾਂ ਨਾਲ ਮਨੁੱਖਾਂ ਨੂੰ ਬੁਲਵਾਇਆ ਤੇ ਬੜਾ ਪਿਆਰ ਦੇ ਕੇ ਨਗਰ ਵਿਚ ਵਸਾਇਆ। ਤਦ ਦੇ ਵਸਦੇ ਮਹਾਂ ਸੁਖ ਪਾ ਰਹੇ ਹਾਂ, ਸ੍ਰੀ ਗੁਰੂ ਅਰਜਨ ਦੇਵ ਜੀ ਦੇ ਬਹੁਤ ਗੁਣ ਗਾਉਂਦੇ ਹਾਂ॥੩੬॥

ਅਬਿ ਗਾਦੀ ਕੇ ਮਾਲਿਕ ਆਪ। ਧਾਰਹੁ ਸ਼ਕਤਿ ਉਥਾਪਨ ਥਾਪ'।
ਇਮ ਪੁਰਿ ਜਨ ਕੇ ਬਾਕਨਿ ਸੁਨੇ। ਸ੍ਰੀ ਹਰਿਰਾਇ ਬਡਨਿ ਜਸੁ ਗੁਨੇ ॥ ੩੭ ॥

ਹੁਣ ਗੱਦੀ ਦੇ ਆਪ ਮਾਲਕ ਹੋ, ਮਿਟਾਉਣ ਜਿਵਾਉਣ ਦੀ ਆਪ ਨੇ ਸ਼ਕਤੀ ਧਾਰਨ ਕਰ ਰਖੀ ਹੈ।" ਇਸ ਤਰ੍ਹਾਂ ਨਗਰ ਦੇ ਲੋਕਾਂ ਦੇ ਬਚਨ ਸੁਣੇ, ਸ੍ਰੀ ਹਰਿਰਾਇ ਜੀ ਆਪਣੇ ਵੱਡਿਆਂ ਦਾ ਜਸ ਕਰਦੇ ਸਨ॥੩੭॥

ਸੁਨੇ ਚਰਿਤ ਗੁਨ ਬਹੁਰ ਤਿਨਹੁਂ ਕੇ। ਬਰਨਨਿ ਕੀਨੇ ਪ੍ਰਥਮ ਜਿਨਹੁਂ ਕੇ।
'ਸ੍ਰੀ ਅਰਜਨ ਪੂਰਬ ਕਿਮ ਆਏ ? ਕਹਾਂ ਬੈਠਿ ਕਰਿ ਪਾਵਨ ਥਾਂਏ ? ॥ ੩੮ ॥

ਉਨ੍ਹਾਂ ਦੇ ਫਿਰ ਗੁਣ ਸੁਣਨਾ ਚਾਹੁੰਦੇ ਸਨ, ਜਿਨ੍ਹਾਂ ਦੇ ਗੁਣ ਪਹਿਲਾਂ ਵਰਣਨ ਕੀਤੇ ਸਨ, "ਸ੍ਰੀ ਗੁਰੂ ਅਰਜਨ ਦੇਵ ਜੀ ਪਹਿਲਾਂ ਕਿਵੇਂ ਆਏ ਸਨ ? ਕਿਥੇ ਬੈਠ ਕੇ ਥਾਂ ਪਵਿੱਤਰ ਕੀਤਾ"? ॥੩੮॥

ਕਿਮ ਇਹੁ ਪੁਰਿ ਕਰਤਾਰ ਬਸਾਯਹੁ ?। ਅਪਰਿ ਬਾਸ ਹਿਤ ਮਹਿਲ ਚਿਨਾਯਹੁ।
ਕਹਹੁ ਪ੍ਰਸੰਗ ਬਿਲੋਕਯੋ ਜੈਸੇ। ਕਿਧੌਂ ਸੁਨਯੋ ਬਡਿਯਨਿ ਤੇ ਕੈਸੇ'॥ ੩੯ ॥

ਕਿਵੇਂ ਇਹ ਕਰਤਾਰਪੁਰ ਨਗਰ ਵਸਾਇਆ ਤੇ ਆਪਣੇ ਵਸੇਬੇ ਵਾਸਤੇ ਮਹਿਲਾਂ ਦੀ ਚਿਣਵਾਈ ਕੀਤੀ ? ਉਹ ਪ੍ਰਸੰਗ ਸੁਣਾਓ ਜਿਵੇਂ ਤੁਸੀਂ ਵੇਖਿਆ ਹੈ ਜਾਂ ਆਪਣੇ ਵਡੇਰਿਆਂ ਤੋਂ ਕਿਸੇ ਤਰ੍ਹਾਂ ਸੁਣਿਆ ਹੈ" ॥੩੯॥

ਪੁਰਿ ਬਸਾਇਬੇ ਕੋ ਬਿਰਤਾਂਤ। ਸ੍ਰੀ ਹਰਿਰਾਇ ਸੁ ਬੂਝੀ ਬਾਤ।
ਸੁਨਿ ਕੈ ਪੁਰਿ ਜਨ ਸਕਲ ਬਿਚਾਰਾ। ਹੇਤੁ ਸੁਨਾਵਨਿ ਬਦਨ ਉਚਾਰਾ ॥ ੪੦ ॥

ਨਗਰ ਵਸਾਉਣ ਦੇ ਬਿਰਤਾਂਤ ਬਾਰੇ ਸ੍ਰੀ ਹਰਿਰਾਇ ਜੀ ਨੇ ਗੱਲ ਪੁੱਛੀ। ਇਹ ਸੁਣ ਕੇ ਨਗਰ ਦੇ ਲੋਕਾਂ ਸਭ ਕੁਝ ਵਿਚਾਰਿਆ ਤੇ ਸੁਣਾਉਣ ਵਾਸਤੇ ਮੁਖ ਤੋਂ ਉਚਾਰਨ ਕੀਤਾ॥੪੦॥

*ਦਸਵੀਂ ਰਾਸ ਦਾ ਪਹਿਲਾ ਅਧਿਆਇ ਸਮਾਪਤ ਹੋਇਆ॥੧॥*

## ਅਧਿਆਇ ਦੂਸਰਾ

*ਕਰਤਾਰਪੁਰ ਵਸਾਉਣ ਦੀ ਕਥਾ*

ਦੋਹਰਾ- ਸ੍ਰੀ ਸਤਿਗੁਰ ਹਰਿਰਾਇ ਤੇ ਸੁਨਿ ਬੂਝਨਿ ਪੁਰਿ ਬਾਤ।
ਹੁਤੇ ਬ੍ਰਿੱਧ ਜੇ ਤਿਨ ਬਿਖੈ ਜਾਨਤਿ, ਭਨਯੋ ਬ੍ਰਿਤਾਂਤ॥ ੧॥

ਸਤਿਗੁਰੂ ਹਰਿਰਾਇ ਜੀ ਵਲੋਂ ਨਗਰ ਨੂੰ ਵਸਾਉਣ ਬਾਰੇ ਗੱਲ ਪੁੱਛਣ 'ਤੇ, ਉਨ੍ਹਾਂ ਵਿਚ ਜਿਹੜੇ ਬ੍ਰਿੱਧ ਬੈਠੇ ਸਨ, ਉਹ ਜਾਣਦੇ ਸਨ ਤੇ ਉਨ੍ਹਾਂ ਨੇ ਬ੍ਰਿਤਾਂਤ ਸੁਣਾਇਆ॥੧॥

ਚੌਪਈ-"ਸ੍ਰੀ ਸਤਿਗੁਰ ! ਤੁਮ ਸਭਿ ਕੇ ਸੁਆਮੀ। ਭੂਤ ਭਵਿੱਖਤ ਅੰਤਰਜਾਮੀ।
ਹਮ ਅਲਪੱਗਜ ਕਹਾਂ ਕੁਛ ਕਹੈਂ। ਤਊ ਆਪ ਕੀ ਆਇਸੁ ਅਹੈ ॥੨॥

"ਹੇ ਸਤਿਗੁਰੂ ਜੀ ! ਤੁਸੀ ਸਭ ਦੇ ਮਾਲਕ ਹੋ, ਅੰਤਰਜਾਮੀ ਹੋਣ ਕਰਕੇ ਭੂਤ ਭਵਿੱਖ ਸਭ ਜਾਣਦੇ ਹੋ। ਅਸੀਂ ਛੋਟੀ ਬੁੱਧੀ ਵਾਲੇ ਕਿਥੇ ਕੁਝ ਕਹਿ ਸਕਦੇ ਹਾਂ। ਫਿਰ ਵੀ ਆਪ ਜੀ ਦੀ ਅਗਿਆ ਹੈ॥੨॥

ਯਾਂਤੇ ਜਿਮ ਦੇਖਯੋ ਹਮ ਤਬੈ। ਰਾਵਰ ਨਿਕਟ ਬਖਾਨੈਂ ਸਬੈ।
ਸਹਿਜ ਸੁਭਾਇਕ ਸ੍ਰੀ ਗੁਰੁ ਅਰਜਨ। ਗਮਨ ਸੁਧਾਸਰ ਤੇ ਗਿਨ ਕਰਿ ਮਨ॥ ੩ ॥

ਇਸ ਕਰਕੇ ਜਿਵੇਂ ਅਸੀਂ ਉਸ ਸਮੇਂ ਵੇਖਿਆ ਸੀ, ਆਪ ਜੀ ਪਾਸ ਬਿਆਨ ਕਰਦੇ ਹਾਂ। ਸਹਿਜ ਸੁਭਾਅ ਸ੍ਰੀ ਗੁਰੂ ਅਰਜਨ ਦੇਵ ਜੀ ਅੰਮ੍ਰਿਤਸਰ ਤੋਂ ਮਨ ਵਿਚ ਕੁਝ ਵਿਚਾਰ ਕੇ ਚਲ ਪਏ॥੩॥

ਕੇਤਿਕ ਸਿੱਖ ਸੰਗ ਲੇ ਚਾਲੇ। ਤਜਾਗਯੋ ਮਾਝਾ ਦੇਸ਼ ਬਿਸਾਲੇ।
ਗੋਇੰਦਵਾਲ ਬਸੇ ਦਿਨ ਚਾਰ। ਮਿਲਿ ਕਰਿ ਭੱਲਜਨਿ ਕੁਲ ਪਰਿਵਾਰਿ॥ ੪ ॥

ਕਈ ਸਿੱਖਾਂ ਨੂੰ ਨਾਲ ਲੈ ਕੇ ਚਲ ਪਏ ਤੇ ਵਿਸ਼ਾਲ ਮਾਝੇ ਦੇਸ਼ ਨੂੰ ਛੱਡ ਦਿੱਤਾ। ਚਾਰ ਦਿਨ ਗੋਇੰਦਵਾਲ ਵਿਚ ਠਹਿਰੇ ਤੇ ਭਲਿਆਂ ਦੇ ਕੁਲ ਪਰਿਵਾਰ ਨੂੰ ਮਿਲੇ॥੪॥

ਜਥਾ ਜੋਗ ਸਾਦਰ ਮਿਲਿ ਕਰਿ ਕੈ। ਨਦੀ ਬਿਪਾਸਾ ਪਾਰਿ ਉਤਰਿਕੈ।
ਸ਼ਕਰਗੰਗ ਜਹਿਂ ਕੂਪ ਬਨਾਯੋ। ਇਹਾਂ ਆਨਿ ਉਤਰੇ ਸੁਖ ਪਾਯੋ॥ ੫ ॥

ਯਥਾ ਯੋਗ ਆਦਰ ਨਾਲ ਉਨ੍ਹਾਂ ਨੂੰ ਮਿਲ ਕੇ ਤੇ ਬਿਆਸਾ ਨਦੀ ਪਾਰ ਕਰਕੇ, ਜਿਥੇ ਸ਼ਕਰਗੰਗ ਖੂਹ ਬਣਾਇਆ ਹੈ, ਏਥੇ ਆ ਕੇ ਉਤਾਰਾ ਕਰਕੇ ਸੁਖ ਪਾਇਆ॥੫॥

ਹੁਤੋ ਤਰੋਵਰੁ ਸੰਘਨੀ ਛਾਯਾ। ਡੇਰਾ ਕਰਯੋ ਭਲੈ ਮਨ ਭਾਯਾ।
ਬਿੱਪ੍ਰ ਮਲਕ ਜਾਤੀ ਮਤਿਵਾਨ। ਸਾਥ ਸੰਘੇੜਾ, ਜੇਠਾ ਆਨ॥ ੬ ॥

ਉਥੇ ਦਰੱਖਤਾਂ ਦੀ ਸੰਘਣੀ ਛਾਂ ਸੀ। ਉਹ ਛਾਂ ਮਨ ਨੂੰ ਚੰਗੀ ਲੱਗਣ ਕਰਕੇ ਉਥੇ ਡੇਰਾ ਲਾ ਲਿਆ। ਉਨ੍ਹਾਂ ਦੇ ਨਾਲ ਬੁਧੀਵਾਨ ਬ੍ਰਾਹਮਣ ਜਾਤੀ ਮਲਕ, ਸੰਘੇੜਾ ਅਤੇ ਜੇਠਾ ਆਦਿ ਹੋਰ ਸਿੱਖ ਵੀ ਸਨ॥੬॥

ਅਮੀਆਂ ਹੇਹਰ ਰਾਹਕ ਪਾਸ। ਮੁਹਰੂ ਰਿੰਧਾਵਾ ਗੁਰਦਾਸ।
ਊੱਦਾ ਦਾਊ ਦੋਇ ਹਰੀਕੇ। ਇੱਤਜਾਦਿਕ ਸਿਖ ਸੰਗ ਗੁਰੂ ਕੇ॥ ੭ ॥

ਅਮੀਆ ਹੇਹਰ ਕਿਸਾਨ ਪਾਸ ਸੀ ਤੇ ਮਿਹਰੂ ਰਿੰਧਾਵਾ ਤੇ ਭਾਈ ਗੁਰਦਾਸ ਵੀ ਨਾਲ ਸਨ। ਊੱਦਾ, ਦਾਊ ਦੋਵੇਂ ਹਰੀਕੇ ਦੇ ਰਹਿਣ ਵਾਲੇ ਸਨ, ਇਤਿਆਦਿਕ ਸਿੱਖ ਗੁਰੂ ਜੀ ਦੇ ਨਾਲ ਸਨ॥੭॥

ਬਸਹਿ ਗ੍ਰਾਮ ਲਘੁ ਤਬਿ ਇਸ ਥਾਂਇ। ਰਾਹਕ ਕੇਤਿਕ ਸਦਨ ਬਨਾਇ।
ਸੱਦੂ, ਬੂੜਾ, ਅਰੁ ਪੀਰਾਣਾ। ਇੱਤਜਾਦਿਕ ਤਿਨ ਨਾਮ ਬਖਾਣਾ॥ ੮ ॥

ਤਦ ਇਸ ਥਾਂ ਇਕ ਛੋਟਾ ਜੇਹਾ ਪਿੰਡ ਵੱਸਦਾ ਸੀ, ਕਈ ਕਿਸਾਨਾਂ ਨੇ ਘਰ ਬਣਾਏ ਸਨ। ਸੱਦੂ, ਬੂੜਾ ਅਤੇ ਪੀਰਾਣਾ ਇਤਿਆਦਿਕ ਉਨ੍ਹਾਂ ਦੇ ਨਾਂ ਸਨ॥੮॥

ਸਭਿਹਿਨਿ ਕੋ ਸਤਿਗੁਰੂ ਹਕਾਰਾ। ਸੁਨਿ ਆਏ ਕੁਛ ਲੇ ਉਪਹਾਰਾ।
ਕਰਿ ਕਰਿ ਬੰਦਨ ਬੈਠੇ ਪਾਸ। ਦਰਸ਼ਨ ਕਰਤਿ ਭਏ ਸੁਖਰਾਸ॥ ੯ ॥

ਸਾਰਿਆਂ ਨੂੰ ਸਤਿਗੁਰੂ ਜੀ ਨੇ ਬੁਲਾਇਆ। ਸੁਣ ਕੇ ਕਈ ਭੇਟਾਵਾਂ ਲੈ ਕੇ ਆਏ। ਬੰਦਨਾ ਕਰ ਕਰ ਪਾਸ ਬੈਠ ਗਏ ਅਤੇ ਸੁਖਾਂ ਦੀ ਰਾਸ ਭਾਵ ਗੁਰੂ ਜੀ ਦੇ ਦਰਸ਼ਨ ਕਰਦੇ ਸਨ॥੯॥

ਤਿਨ ਕੀ ਦਿਸ਼ਾ ਦੇਖਿ ਗੋਸਾਈਂ। ਪੁਰਿ ਬਸਾਇਬੇ ਹੇਤੁ ਅਲਾਈ।
'ਦੀਜਹਿ ਜਾਚੀ ਹਮਕੋ ਅਵਨੀ। ਕਰੈਂ ਬਸਾਵਨਿ ਨਗਰੀ ਰਵਨੀ॥ ੧੦ ॥

ਉਨ੍ਹਾਂ ਸਭ ਵਲ ਵੇਖ ਕੇ ਮਾਲਕ ਗੁਰੂ ਜੀ ਨੇ ਨਗਰ ਵਸਾਉਣ ਦੀ ਗੱਲ ਕੀਤੀ। "ਸਾਨੂੰ ਮੰਗੀ ਹੋਈ ਜ਼ਮੀਨ ਦੇਵੇ, ਅਸੀਂ ਇਸ ਸਥਾਨ 'ਤੇ ਨਗਰੀ ਵਸਾਈਏ॥੧੦॥

ਸਭਿ ਸੁਖ ਪ੍ਰਾਪਤਿ ਹੋਹਿਂ ਤੁਮਾਰੇ। ਗੁਰ ਪੁਰਿ ਬਸਹਿ ਵਧਹਿ ਵਿਵਹਾਰੇ।
ਬਹੁ ਜਨ ਪਰ ਉਪਕਾਰ ਤੁਹਾਰਾ। ਅਰੁ ਸਫਲਹਿ ਗੁਰ ਸੇਵ ਉਦਾਰਾ' ॥੧੧॥

ਤੁਹਾਨੂੰ ਸਾਰੇ ਸੁਖ ਪ੍ਰਾਪਤ ਹੋਣਗੇ। ਗੁਰੂ ਦੀ ਨਗਰੀ ਵਸੇਗੀ ਤਾਂ ਕਾਰੋਬਾਰ ਵਧੇਗਾ। ਬਹੁਤ ਲੋਕਾਂ 'ਤੇ ਤੁਹਾਡਾ ਪਰਉਪਕਾਰ ਹੋਵੇਗਾ ਅਤੇ ਗੁਰੂ ਦੀ ਸੇਵਾ ਉੱਤਮ ਸਫਲ ਹੋਵੇਗੀ" ॥੧੧॥

ਗਾਹਕ ਸੁਨਹਿਂ ਧਿਰਾ ਦੁਇ ਤਿਨ ਕੀ। ਇਕ ਤੇ ਹੁਇ ਅਨੁਸਾਰਿ ਬਚਨ ਕੀ।
ਹਾਥ ਜੋਰਿ ਕਰਿ ਬਿਨੈ ਸੁਨਾਈ। 'ਸ੍ਰੀ ਗੁਰ ਸਭਿ ਰਾਵਰ ਕੀ ਥਾਈਂ॥ ੧੨ ॥

ਜਦ ਦੋ ਤਿੰਨ ਕਿਸਾਨਾਂ ਦੀਆਂ ਧਿਰਾਂ ਨੇ ਗੁਰੂ ਜੀ ਦੇ ਅਜਿਹੇ ਬਚਨ ਸੁਣੇ ਤਾਂ ਇਕ ਧਿਰ ਗੁਰੂ ਜੀ ਦੇ ਬਚਨਾਂ ਅਨੁਸਾਰ ਹੋ ਗਈ। ਹੱਥ ਜੋੜ ਕੇ ਉਸ ਬੇਨਤੀ ਕੀਤੀ, "ਹੇ ਗੁਰੂ ਜੀ ! ਇਹ ਸਭ ਆਪ ਦੀ ਹੀ ਜ਼ਮੀਨ ਹੈ॥੧੨॥

ਨਗਰ ਬਸਾਇ ਪਾਲਨਾ ਕਰੀਯਹਿ। ਆਪ ਬਾਸ ਕਰਿ ਦਾਸ ਉਧਰੀਯਹਿ।
ਦਰਸ਼ਨ ਦਰਸਹਿਂ ਅਨੰਦ ਹਮੇਸ਼ਾ। ਹਮ ਤੇ ਅਪਰ ਨ ਭਾਗ ਵਿਸ਼ੇਸ਼ਾ ॥੧੩॥

ਨਗਰ ਵਸਾ ਕੇ ਸਾਡੀ ਪਾਲਣਾ ਕਰੋ, ਆਪ ਵੱਸ ਕੇ ਸੇਵਕਾਂ ਦਾ ਉਧਾਰ ਕਰੋ। ਆਪ ਜੀ ਦੇ ਦਰਸ਼ਨ ਕਰਕੇ ਹਮੇਸ਼ਾ ਆਨੰਦ ਪਾਵਾਂਗੇ। ਸਾਥੋਂ ਚੰਗੇ ਹੋਰ ਕਿਸ ਦੇ ਭਾਗ ਹੋਣਗੇ" ॥੧੩॥

ਸੁਨਿ ਕਰਿ ਸਤਿਗੁਰ ਭਏ ਪ੍ਰਸੰਨ। ਖੁਸ਼ੀ ਕਰੀ ਕਹਿ ਮ੍ਰਿਦੁਲ ਬਚੰਨ।
ਦੂਸਰ ਧਿਰ ਕੋ ਬੂਝਜੋ ਜਬੈ। ਸ਼ਰਧਾ ਹੀਨ ਕਹਤਿ ਭਾ ਤਬੈ॥ ੧੪ ॥

ਸਤਿਗੁਰੂ ਜੀ ਸੁਣ ਕੇ ਪ੍ਰਸੰਨ ਹੋ ਗਏ ਤੇ ਕੋਮਲ ਬਚਨ ਬੋਲ ਕੇ ਖ਼ੁਸ਼ ਹੋ ਗਏ। ਜਦ ਦੂਸਰੀ ਧਿਰ ਨੂੰ ਪੁੱਛਿਆ ਤਾਂ ਉਸ ਸ਼ਰਧਾ ਹੀਣ ਨੇ ਤਦ ਕਿਹਾ॥੧੪॥

'ਹਮਰੇ ਮਾਨਵ ਅਹੈਂ ਘਨੇਰੇ। ਅਵਨੀ ਅਲਪ ਨ ਮੇਵਹਿਂ ਹੇਰੇ।
ਯਾਂਤੇ ਦਈ ਨ ਜਾਇ ਹਮਹੁ ਤੇ। ਇਹ ਸਾਚੀ ਕਹਿਂ ਗਿਰਾ ਤੁਮਹੁ ਤੇ' ॥੧੫॥

"ਸਾਡੇ ਬਹੁਤ ਮਨੁੱਖ ਹਨ, ਧਰਤੀ ਥੋੜ੍ਹੀ ਹੈ, ਪਹਿਲਾਂ ਹੀ ਸਮਾਉਂਦੇ ਹੋਏ ਨਹੀਂ ਦਿੱਸਦੇ ਹਨ। ਇਸ ਕਰਕੇ ਸਾਥੋਂ ਧਰਤੀ ਦਿੱਤੀ ਨਹੀਂ ਜਾਣੀ; ਇਹ ਸੱਚੀ ਗੱਲ ਤੁਹਾਨੂੰ ਦੱਸ ਦਿੱਤੀ ਹੈ" ॥੧੫॥

ਸੁਨਿ ਗੁਰ ਬੋਲੇ ਸਹਿਜ ਸੁਭਾਇ। 'ਨਰ ਥੋਰੇ ਛਿਤ ਬਹੁ ਰਹਿ ਜਾਇ।
ਪ੍ਰਾਨੀ ਬਿਨਸਨਹਾਰ ਸਦਾਈ। ਅਵਿਨੀ ਰਹੈ ਸਥਿਰ ਇਸਿ ਭਾਈ॥ ੧੬ ॥

ਇਹ ਸੁਣ ਗੁਰੂ ਜੀ ਸਹਿਜ ਸੁਭਾਅ ਬੋਲੇ, "ਮਨੁੱਖ ਥੋੜ੍ਹੇ ਹੋ ਜਾਣਗੇ ਤੇ ਧਰਤੀ ਬਹੁਤ ਰਹਿ ਜਾਵੇਗੀ। ਪ੍ਰਾਣੀ ਸਦਾ ਹੀ ਖ਼ਤਮ ਹੋ ਜਾਂਦੇ ਹਨ ਤੇ ਧਰਤੀ ਇਸ ਪ੍ਰਕਾਰ ਹੀ ਸਥਿਰ ਰਹਿੰਦੀ ਹੈ॥੧੬॥

ਜਿਤ ਦਿਸ਼ਿ ਅਧਿਕ ਧਰਾ ਤਿਨ ਦੀਨਿ। ਬਧਹਿ ਬ੍ਰਿੰਦ ਮਾਨਵ ਕੋ ਚੀਨ'।
ਇਮ ਦੇ ਸ੍ਰਾਪ ਸੁ ਬਰ ਤਿਨ ਗਾਹਕ। ਨਗਰ ਬਸਾਵਨਿ ਕੋ ਚਿਤ ਚਾਹਕ ॥੧੭॥

ਜਿਸ ਪਾਸ ਬਹੁਤੀ ਧਰਤੀ ਹੈ, ਉਸ ਦਿੱਤੀ ਹੈ, ਉਸ ਦੇ ਬਹੁਤ ਮਨੁੱਖ ਵਧਣਗੇ, ਇਹ ਵੇਖ ਲੈਣਾ।" ਇਸ ਤਰ੍ਹਾਂ ਇਕ ਧਿਰ ਨੂੰ ਸਰਾਪ ਦੇ ਦਿੱਤਾ ਤੇ ਦੂਸਰੀ ਨੂੰ ਸ੍ਰੇਸ਼ਟ ਵਰ ਦੇ ਦਿੱਤਾ, ਨਗਰ ਵਸਾਉਣ ਦੀ ਚਿੱਤ ਵਿਚ ਚਾਹਤ ਸੀ॥੧੭॥

ਡੇਰੇ ਕੋ ਮੁਕਾਮ ਕਰਿ ਰਹੇ। ਇਕ ਦੁਇ ਦਿਨ ਬੀਤੇ ਜਬਿ ਲਹੇ।
ਬੇਲਦਾਰ ਬੁਲਵਾਇ ਮਜੂਰ। ਫਿਰਿਕੈ ਅਵਿਲੋਕਯੋ ਥਲ ਰੂਰ॥ ੧੮॥

ਆਪਣੇ ਡੇਰੇ ਵਿਚ ਹੀ ਨਿਵਾਸ ਕਰ ਰਹੇ ਸਨ। ਜਦ ਵੇਖਿਆ ਇਕ ਦੋ ਦਿਨ ਬੀਤ ਗਏ ਹਨ ਤਾਂ ਬੇਲਦਾਰ ਤੇ ਮਜ਼ਦੂਰ ਬੁਲਾਏ। ਸਾਰੇ ਫਿਰ ਕੇ ਇਕ ਸੁੰਦਰ ਸਥਾਨ ਵੇਖਿਆ॥੧੮॥

ਭਾਈ ਬ੍ਰਿਧ, ਭਗਤੂ ਤੇ ਆਦਿ। ਜੇ ਗੁਰ ਦਰਸ਼ਨ ਤੇ ਅਹਿਲਾਦ।
ਬ੍ਰਿੰਦ ਪ੍ਰਸ਼ਾਦਿ ਮਧੁਰ ਅਨਵਾਯੋ। ਸ੍ਰੀ ਨਾਨਕ ਕੋ ਪੂਰਬ ਧਯਾਯੋ॥ ੧੯॥

ਬਾਬਾ ਬੁੱਢਾ ਜੀ, ਭਾਈ ਭਗਤੂ ਆਦਿ ਜਿਹੜੇ ਗੁਰੂ ਜੀ ਦੇ ਦਰਸ਼ਨ ਕਰਕੇ ਆਨੰਦ ਪਾਉਂਦੇ ਸਨ, ਉਨ੍ਹਾਂ ਪਾਸੋਂ ਬਹੁਤ ਮਿੱਠਾ ਪ੍ਰਸ਼ਾਦ ਮੰਗਵਾਇਆ, ਪਹਿਲਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਧਿਆਇਆ॥੧੯॥

ਸਰਬ ਗੁਰਨਿ ਕੇ ਸਿਮਰੇ ਨਾਮਾ। ਕਰਿ ਅਰਦਾਸ ਰੀਤਿ ਅਭਿਰਾਮਾ।
ਸਤਿਗੁਰ ਸਹਿਤ ਸੀਸ ਕੋ ਨਯਾਇ। ਸਭਿਹਿਨਿ ਮੈਂ ਪ੍ਰਸਾਦਿ ਬਰਤਾਇ॥੨੦॥

ਫਿਰ ਸਾਰੇ ਗੁਰੂ ਸਾਹਿਬਾਨ ਦੇ ਨਾਮ ਯਾਦ ਕੀਤੇ ਤੇ ਸੁੰਦਰ ਰੀਤੀ ਅਨੁਸਾਰ ਅਰਦਾਸ ਕੀਤੀ। ਸਤਿਗੁਰੂ ਸਹਿਤ ਸਭ ਨੇ ਸਿਰ ਨਿਵਾਇਆ, ਫਿਰ ਸਾਰਿਆਂ ਦੇ ਵਿਚ ਪ੍ਰਸ਼ਾਦ ਵਰਤਾਇਆ॥੨੦॥

ਬੇਲਦਾਰ ਕੋ ਆਇਸੁ ਦਈ। 'ਕਰਹੁ ਕੋਟ ਚਹੁੰਦਿਸ਼ਿ ਦ੍ਰਿਢ ਮਈ।
ਸੁਨਿ ਗੁਰੁ ਹੁਕਮ ਸੁ ਕਸੀ ਉਭਾਰੀ। ਖਨਨਿ ਹੇਤੁ ਅਵਿਨੀ ਮਹਿਂ ਮਾਰੀ॥੨੧॥

ਫਿਰ ਬੇਲਦਾਰ ਨੂੰ ਆਗਿਆ ਕੀਤੀ, "ਨਗਰ ਦੇ ਚਾਰੇ ਪਾਸੇ ਪੱਕੇ ਕਿਲ੍ਹੇ ਦੀ ਉਸਾਰੀ ਕਰੋ।" ਗੁਰੂ ਜੀ ਦਾ ਹੁਕਮ ਸੁਣ ਕੇ ਉਸ ਕਹੀ ਚੁੱਕੀ ਤੇ ਮਿੱਟੀ ਪੁੱਟਣ ਵਾਸਤੇ ਧਰਤੀ 'ਤੇ ਮਾਰੀ॥੨੧॥

ਹਾਲਯੋ ਤਬਿ ਪਗੀਆ ਗਿਰ ਪਰੀ। ਸਭਿ ਲੋਕਨਿ ਮਨ ਸੰਸਾ ਕਰੀ।
ਸ੍ਰੀ ਅਰਜਨ ਸਭਿ ਉਰ ਕੀ ਜਾਨੀ। ਮੁਸਕਾਵਤਿ ਬੋਲੇ ਗੁਨ ਖਾਨੀ॥ ੨੨॥

ਜਦ ਉਹ ਹਿਲਿਆ ਤਾਂ ਉਸ ਦੀ ਪੱਗ ਡਿੱਗ ਪਈ, ਸਾਰੇ ਲੋਕਾਂ ਨੇ ਮਨ ਵਿਚ ਸ਼ੰਕਾ ਕੀਤੀ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਾਰਿਆਂ ਦੇ ਦਿਲ ਦੀ ਗੱਲ ਜਾਣ ਲਈ ਤੇ ਮੁਸਕਰਾਉਂਦੇ ਹੋਏ ਉਹ ਬੋਲੇ॥੨੨॥

'ਚਢੀ ਕਮਾਨ ਜੁ ਚਢਿ ਇਤ ਆਵੈ। ਸੋ ਉਤਰਾਹਿ ਅਪਨਿ ਘਰ ਜਾਵੈ।
ਜੰਗ ਜੀਤਬੇ ਕੋ ਇਹ ਥਾਨ। ਮਰਹਿਂ ਤੁਰਕ ਹੁਇ ਬੇਈਮਾਨ॥ ੨੩॥

"ਕਮਾਨ ਚੜ੍ਹਾ ਕੇ ਜੋ ਇਸ ਨਗਰੀ 'ਤੇ ਚੜ੍ਹ ਕੇ ਆਵੇਗਾ, ਉਹ ਪੱਗੜੀ ਉਤਰਵਾ ਕੇ ਆਪਣੇ ਘਰ ਜਾਵੇਗਾ। ਜੰਗ ਜਿੱਤਣ ਦਾ ਇਹ ਸਥਾਨ ਹੈ, ਤੁਰਕ ਬੇਈਮਾਨ ਹੋਣ ਤੇ ਮਾਰਿਆ ਜਾਵੇਗਾ॥੨੩॥

ਗੁਰ ਘਰ ਕੀ ਅਬਚਲ ਹੈ ਨੀਵ। ਜਾਇ ਨ ਕਬਹੂੰ, ਰਹੈ ਸਦੀਵ'।
ਇਮ ਕਹਿ ਸਭਿਕੋ ਭ੍ਰਮੁ ਨਿਰਵਾਰਾ। ਲਗੇ ਮਜੂਰ ਕਰਨਿ ਗਨ ਕਾਰਾ॥੨੪॥

ਗੁਰੂ ਘਰ ਦੀ ਅਚੱਲ ਨੀਂਹ ਹੈ। ਇਹ ਕਿਤੇ ਨਹੀਂ ਜਾਵੇਗੀ, ਸਦਾ ਰਹੇਗੀ।" ਇਸ ਤਰ੍ਹਾਂ ਕਹਿ ਕੇ ਸਾਰਿਆਂ ਦਾ ਭਰਮ ਦੂਰ ਕੀਤਾ। ਬਹੁਤ ਮਜ਼ਦੂਰ ਕੰਮ ਕਰਨ ਲੱਗ ਗਏ॥੨੪॥

ਪੁਰੀ ਕੋਟ ਰਚਿ ਮ੍ਰਿਤਕਾ ਸੰਗ। ਚਹੁੰਦਿਸ਼ਿ ਮੈਂ ਭਾ ਰੁਚਿਰ ਉਤੰਗ।
ਬਹੁਰ ਹੁਕਮ ਘਰ ਚਿਨਿਬੇ ਕਰਿਓ। ਸੁੰਦਰ ਨਾਮ ਗੁਰੂ ਤਬਿ ਧਰਿਓ॥੨੫॥

ਮਿਟੀ ਨਾਲ ਕਿਲ੍ਹੇ ਦੀ ਉਸਾਰੀ ਕਰਕੇ, ਚਾਰੇ ਪਾਸੇ ਸੁੰਦਰ ਉੱਚੀ ਦੀਵਾਰ ਬਣਾ ਦਿੱਤੀ। ਫਿਰ ਘਰ ਬਣਾਉਣ ਦਾ ਹੁਕਮ ਦਿੱਤਾ। ਫਿਰ ਗੁਰੂ ਜੀ ਨੇ ਨਗਰੀ ਦਾ ਸੁੰਦਰ ਨਾਂ ਰੱਖਿਆ॥੨੫॥

'ਸ੍ਰੀ ਕਰਤਾਰ ਪੁਰਾ ਸਭਿ ਬੀਚ। ਬਿਦਤ ਹੋਇ ਕਹਿਂ ਉਚ ਰੁ ਨੀਚ।
ਸ੍ਰੀ ਅਰਜਨ ਪੁਨ ਲੋਕ ਬੁਲਾਏ। ਮਾਨ ਦਾਨ ਦੇ ਘਨੇ ਬਸਾਏ॥ ੨੬॥

"ਇਸ ਨਗਰ ਦਾ ਨਾਂ ਸਭ ਅਮੀਰਾਂ ਗ਼ਰੀਬਾਂ ਵਿਚ ਸ੍ਰੀ ਕਰਤਾਰਪੁਰ ਪ੍ਰਸਿੱਧ ਹੋਵੇਗਾ" ਸ੍ਰੀ ਗੁਰੂ ਅਰਜਨ ਦੇਵ ਜੀ ਨੇ ਲੋਕਾਂ ਨੂੰ ਬੁਲਾਇਆ ਤੇ ਮਾਨ ਤੇ ਦਾਨ ਦੇ ਕੇ ਬਹੁਤ ਲੋਕਾਂ ਨੂੰ ਸ਼ਹਿਰ ਦੇ ਵਿਚ ਵਸਾਇਆ॥੨੬॥

ਪਰਜੇ ਬਜ਼ਾਰ ਸਘਨ ਅਰੁ ਸੁੰਦਰ। ਬਨਨਿ ਲਗੇ ਪੁਨਿ ਪੁਰਿ ਮਹਿਂ ਮੰਦਿਰ।
ਧਨੀ ਰੰਕ ਧਨ ਕੇ ਅਨੁਸਾਰਾ। ਅਲਪ ਬਿਸਾਲ ਰਚੈਂ ਘਰ ਬਾਰਾ॥ ੨੭॥

ਸੰਘਣਾ ਅਤੇ ਸੁੰਦਰ ਬਾਜ਼ਾਰ ਬਣਾਇਆ, ਫਿਰ ਨਗਰ ਵਿਚ ਘਰ ਬਣਨ ਲੱਗੇ, ਬਹੁਤ ਗ਼ਰੀਬ ਅਤੇ ਅਮੀਰਾਂ ਦੇ ਅਨੁਸਾਰ, ਛੋਟੇ ਵੱਡੇ ਘਰ ਬਣਾਉਣ ਲੱਗੇ॥੨੭॥

ਬਨਕ ਲਗੇ ਬਿਵਹਾਰ ਕਰਨਿ ਕੋ। ਲੇਤਿ ਲਾਭ ਹੁਇ ਗੁਰੂ ਸ਼ਰਨ ਕੋ।
ਇਸ ਪ੍ਰਕਾਰ ਪੁਰਿ ਗੁਰੂ ਬਸਾਯੋ। ਬਾਕ ਉਚਾਰਯੋ ਬਿਦਤ ਦਿਖਾਯੋ॥ ੨੮॥

ਬਾਣੀਏ ਵਪਾਰ ਕਰਨ ਲੱਗੇ, ਗੁਰੂ ਜੀ ਦੀ ਸ਼ਰਨ ਆ ਕੇ ਲਾਭ ਪ੍ਰਾਪਤ ਕਰਦੇ ਸਨ। ਇਸ ਪ੍ਰਕਾਰ ਗੁਰੂ ਜੀ ਨੇ ਨਗਰੀ ਨੂੰ ਵਸਾਇਆ। ਜਿਹੜਾ ਬਚਨ ਉਚਾਰਿਆ ਸੀ, ਉਸ ਨੂੰ ਪ੍ਰਗਟ ਕਰਕੇ ਵਿਖਾਇਆ॥੨੮॥

ਬਰ ਅਰੁ ਸ੍ਰਾਪ ਰਾਹਕਨਿ ਜੋਇ। ਕਹੇ ਜਥਾ ਦੇਖੇ ਦ੍ਰਿਗ ਸੋਇ।
ਅਨਗਨ ਸੈਨ ਰਿਪੁਨਿ ਕੀ ਆਈ। ਪਿਖਿ ਕਰਿ ਤ੍ਰਾਸ ਭਯੋ ਸਮੁਦਾਈ॥ ੨੯॥

ਕਿਸਾਨਾਂ ਨੂੰ ਜਿਹੜਾ ਵਰ ਤੇ ਸ੍ਰਾਪ ਦਿੱਤਾ ਸੀ, ਜਿਵੇਂ ਕਿਹਾ ਸੀ, ਉਸ ਤਰ੍ਹਾਂ ਹੀ ਹੋਇਆ ਅੱਖਾਂ ਨਾਲ ਵੇਖਿਆ ਹੈ। ਵੈਰੀਆਂ ਦੀ ਅਣਗਿਣਤ ਸੈਨਾ ਆਈ, ਵੇਖ ਕੇ ਸਭ ਲੋਕ ਬਹੁਤ ਡਰ ਗਏ॥੨੯॥

ਚਹੁੰਦਿਸ਼ਿ ਘੇਰਾ ਤੁਰਕਨਿ ਕਰਿਓ। ਬੀਰ ਜਾਮਨੀ ਸੰਘਰ ਪਰਿਓ।
ਸ੍ਰੀ ਹਰਿਗੋਬਿੰਦ ਬਲੀ ਬਹਾਦੁਰ। ਦੇਖੇ ਸ਼ੱਤ੍ਰੂ ਆਇ ਭੇ ਹਾਦਰ॥ ੩੦॥

ਚਾਰੇ ਪਾਸੇ ਤੁਰਕਾਂ ਨੇ ਘੇਰਾ ਪਾ ਲਿਆ ਤੇ ਰਾਤ ਸਮੇਂ ਬੜਾ ਸੰਘਰਸ਼ ਹੋਇਆ। ਸ੍ਰੀ ਹਰਿਗੋਬਿੰਦ ਜੀ ਬਲਵਾਨ ਬਹਾਦਰ ਨੇ ਜਦ ਵੇਖਿਆ ਕਿ ਦੁਸ਼ਮਣ ਆ ਗਿਆ ਹੈ॥੩੦॥

ਦਾਰੁਨ ਜੰਗ ਮਚਯੋ ਇਕ ਸਾਰ। ਚਲੈ ਤੇਗ ਤੋਮਰ ਤਰਵਾਰ।
ਤਬਿ ਸਤਿਗੁਰ ਜੀ ਚਢੇ ਤੁਰੰਗ। ਭਰਿ ਕਰਿ ਖਪਰੇ ਬ੍ਰਿੰਦ ਨਿਖੰਗ॥ ੩੧॥

ਬਹੁਤ ਭਿਆਨਕ ਇਕ ਸਾਰ ਜੰਗ ਮਚ ਉਠਿਆ, ਤੇਗੇ, ਨੇਜ਼ੇ ਅਤੇ ਤਲਵਾਰਾਂ ਚਲਦੀਆਂ ਸਨ। ਤਦ ਸਤਿਗੁਰੂ ਜੀ ਘੋੜੇ 'ਤੇ ਚੜ੍ਹ ਗਏ ਤੇ ਉਨ੍ਹਾਂ ਬਹੁਤ ਤਿੱਖੇ ਤੀਰਾਂ ਨਾਲ ਭੱਥੇ ਭਰ ਲਏ॥੩੧॥

ਅਲਪ ਚਮੂੰ ਹੀ ਹੋਤੀ ਸਾਥ। ਹਨੇ ਤੁਰਕ ਦਿਖਰਾਏ ਹਾਥ।
ਸੰਘਰ ਮਹਿਂ ਜੋਧਾ ਅਰੁ ਘੋਰਾ। ਮਰਿ ਕਰਿ ਕੋਟ ਭਯੋ ਚਹੂੰ ਓਰਾ॥ ੩੨॥

ਬਹੁਤ ਥੋੜ੍ਹੀ ਫ਼ੌਜ ਹੀ ਨਾਲ ਸੀ, ਤੇ ਕਰਾਰੇ ਹੱਥ ਵਿਖਾ ਕੇ ਤੁਰਕਾਂ ਨੂੰ ਮਾਰਿਆ। ਯੁੱਧ ਵਿਚ ਯੋਧੇ ਅਤੇ ਘੋੜੇ ਮਰ ਮਰ ਕੇ ਚਾਰੇ ਪਾਸੇ ਡਿੱਗ ਪਏ॥੩੨॥

ਚਲਯੋ ਨ ਜਾਇ ਕਿਸੂ ਦਿਸ਼ਿ ਮਾਂਹੀ। ਏਤਿਕ ਮ੍ਰਿਤਕ ਭਏ ਇਸ ਜਾਹੀ।
ਪੁਰਿ ਕੋ ਤਾਤੀ ਵਾਉ ਨ ਲਾਗੀ। ਬਚੀ ਚਮੂੰ ਕੁਛ, ਰਣ ਤਜਿ ਭਾਗੀ ॥ ੩੩ ॥

ਕਿਸੇ ਪਾਸੇ ਵੀ ਚਲਿਆ ਨਹੀਂ ਸੀ ਜਾਂਦਾ। ਇਸ ਸਥਾਨ 'ਤੇ ਏਨੇ ਮੁਰਦੇ ਪਏ ਸਨ, ਪਰ ਨਗਰ ਨੂੰ ਤੱਤੀ ਹਵਾ ਨਹੀਂ ਲੱਗੀ। ਤੁਰਕਾਂ ਦੀ ਜਿਹੜੀ ਕੁਝ ਫੌਜ ਬਚੀ ਸੀ, ਉਹ ਰਣਖੇਤਰ ਛੱਡ ਕੇ ਭੱਜ ਗਈ॥੩੩॥

ਚਢੀ ਆਇ ਉਤਰਾਇ ਸੁ ਗਯੋ। ਸ੍ਰੀ ਗੁਰ ਬਾਕ ਸਪੂਰਨ ਭਯੋ।
ਸ੍ਰੀ ਅਰਜਨ ਕੋ ਸੁਨਹੁ ਪ੍ਰਸੰਗ। ਨਿਜ ਹਿਤ ਜਿਮ ਘਰ ਕਰੇ ਉਤੰਗ ॥ ੩੪ ॥

ਚੜ੍ਹਾਈ ਕਰਕੇ ਆਏ ਸਨ, ਹਾਰ ਕੇ ਭੱਜ ਗਏ ਭਾਵ ਪੱਗ ਲੁਹਾ ਕੇ ਚਲੇ ਗਏ। ਸ੍ਰੀ ਗੁਰੂ ਜੀ ਦਾ ਬਚਨ ਪੂਰਾ ਹੋਇਆ। ਸ੍ਰੀ ਗੁਰੂ ਅਰਜਨ ਦੇਵ ਜੀ ਦਾ ਪ੍ਰਸੰਗ ਸੁਣੋ, ਆਪਣੇ ਵਾਸਤੇ ਜਿਵੇਂ ਘਰ ਉੱਚੇ ਬਣਾਏ॥੩੪॥

ਲਗੇ ਬਸਾਵਨਿ ਪੁਰਿ ਕਰਤਾਰੰ। ਅਪਨਿ ਬਾਸ ਹਿਤ ਸੁਥਲ ਨਿਹਾਰੰ।
'ਰਚਹੁ ਸਦਨ ਕੋ' ਆਇਸੁ ਦੀਨਿ। ਤੁਰਤ ਮਸੰਦਨਿ ਉੱਦਮ ਕੀਨਿ ॥ ੩੫ ॥

ਜਦ ਕਰਤਾਰਪੁਰ ਵਸਾਉਣ ਲੱਗੇ, ਆਪਣੇ ਵਸੇਬੇ ਵਾਸਤੇ ਸੁੰਦਰ ਸਥਾਨ ਵੇਖਿਆ, "ਇਥੇ ਘਰ ਬਣਾਓ" ਆਗਿਆ ਕੀਤੀ। ਤੁਰਤ ਮਸੰਦਾਂ ਨੇ ਕੰਮ ਅਰੰਭ ਕਰ ਦਿੱਤਾ॥੩੫॥

ਕਾਰੀਗਰ ਬੁਲਾਇ ਲਗਵਾਏ। 'ਦੀਰਘ ਰਚਹੁ' ਗੁਰੂ ਫੁਰਮਾਏ।
ਘਰ ਕ੍ਰਿਤ ਅਰੁ ਮਸੰਦ ਮਿਲਿ ਕੈ ਸਬਿ। ਹਾਥ ਜੋਰਿ ਕਰਿ ਅਰਜ਼ ਕਰੀ ਤਬਿ ॥੩੬॥

ਕਾਰੀਗਰ ਬੁਲਾ ਕੇ ਲਗਵਾਏ, "ਬਹੁਤ ਵੱਡਾ ਸਤਿਸੰਗ ਘਰ ਬਣਾਓ" ਗੁਰੂ ਜੀ ਨੇ ਫੁਰਮਾਇਆ। ਘਰ ਬਣਾਉਣ ਵਾਲੇ ਰਾਜ ਅਤੇ ਸਾਰੇ ਮਸੰਦਾਂ ਨੇ ਮਿਲ ਕੇ ਹੱਥ ਜੋੜ ਕੇ ਬੇਨਤੀ ਕੀਤੀ॥੩੬॥

'ਹੇ ਪ੍ਰਭੁ ! ਦੁਾਬੇ ਦੇਸ਼ ਮਝਾਰ। ਦੀਰਘ ਮੋਟ ਨ ਪ੍ਰਾਪਤਿ ਦਾਰ।
ਬਿਨਾ ਦਾਰ ਤੇ ਸਦਨ ਦਰਾਜ਼। ਬਨਤਿ ਨਹੀਂ ਕਿਮ, ਸਭਾ ਸਮਾਜ' ॥ ੩੭ ॥

"ਹੇ ਪ੍ਰਭੂ ! ਦਵਾਬੇ ਦੇਸ਼ ਵਿਚ ਬਹੁਤ ਮੋਟੀ ਲਕੜੀ ਨਹੀਂ ਮਿਲਦੀ। ਮੋਟੀ ਲਕੜ ਦੇ ਬਗ਼ੈਰ ਵੱਡੇ ਘਰ ਕਿਵੇਂ ਬਣ ਸਕਦੇ ਹਨ, ਜਿਥੇ ਸਭਾ ਦਾ ਇਕੱਠ ਬੈਠ ਸਕੇ" ॥੩੭॥

ਸ੍ਰੀ ਸਤਿਗੁਰ ਸੁਨਿ ਗਿਰਾ ਉਚਾਰੀ। 'ਖੋਜਹੁ ਦੂਰ ਨਿਕਟਿ, ਜਹਿਂ ਭਾਰੀ।
ਜਿਤਿਕ ਮੋਲ ਕੋ ਲੇਵਹਿ ਕੋਇ। ਦੇ ਕਰਿ ਆਨਹੁ ਕਾਰਜ ਹੋਇ ॥ ੩੮ ॥

ਸਤਿਗੁਰੂ ਜੀ ਨੇ ਸੁਣ ਕੇ ਬਚਨ ਕੀਤਾ, "ਦੂਰ ਨੇੜੇ ਜਿਥੋਂ ਵੀ ਭਾਰੀ ਲਕੜੀ ਮਿਲ ਸਕਦੀ ਹੈ, ਉਸ ਦੀ ਖੋਜ ਕਰੋ। ਜਿੰਨੇ ਮੁੱਲ ਨੂੰ ਵੀ ਮਿਲਦੀ ਹੈ, ਦੇ ਕੇ ਲਿਆਵੋ ਤਾਂਕਿ ਕਾਰਜ ਪੂਰਾ ਹੋਵੇ॥੩੮॥

ਦਾਰ ਦਰਾਜ਼ ਲਗੇ ਘਰ ਬਨੇ। ਤਥਾ ਬਨਾਵਹੁ ਦੇ ਧਨ ਘਨੇ'।
ਸੁਨਿ ਆਇਸੁ ਕੋ ਸਕਲ ਮਸੰਦ। ਜਿਤ ਕਿਤ ਖੋਜਤਿ ਪਠਿ ਨਰ ਬ੍ਰਿੰਦ ॥ ੩੯ ॥

ਜਿਵੇਂ ਮੋਟੀ ਲਕੜੀ ਲੱਗ ਕੇ ਘਰ ਬਣੇ, ਉਸ ਤਰ੍ਹਾਂ ਬਣਾਵੋ ਤੇ ਬਹੁਤ ਧਨ ਦੇਵੋ।" ਇਹ ਆਗਿਆ ਸੁਣ ਕੇ ਸਾਰੇ ਮਸੰਦਾਂ ਨੇ ਜਿਥੇ ਕਿਥੇ ਮੋਟੀ ਲਕੜ ਲੱਭਣ ਵਾਸਤੇ ਆਪਣੇ ਬੰਦੇ ਭੇਜੇ॥੩੯॥

ਜਿਸ ਥਲ ਕਾਸ਼ਟ ਹੋਇ ਬਿਸਾਲ। ਸੁਧਿ ਕੋ ਦੇਹੁ ਲਜਾਇ ਤਤਕਾਲ।
ਦਰਬ ਜਿਤਿਕ ਲੈ ਸੋ ਤਿਹ ਦੈਹੈਂ। ਗੁਰੂ ਹੁਕਮ, ਘਰ ਦੀਹ ਬਨੈ ਹੈਂ' ॥ ੪੦ ॥

ਜਿਥੇ ਵੀ ਮੋਟੀ ਲਕੜ ਪ੍ਰਾਪਤ ਹੋਵੇ, ਖ਼ਬਰ ਕਰੋ ਤਾਕਿ ਜਾ ਕੇ ਤੁਰਤ ਲਿਆਈਏ। ਜੋ ਵੀ ਧਨ ਉਹ ਲੈਣਾ ਚਾਹੁਣ ਅਸੀਂ ਦਿਆਂਗੇ। ਗੁਰੂ ਜੀ ਦਾ ਹੁਕਮ ਹੈ ਕਿ ਘਰ ਵੱਡੇ ਬਣਾਉਣੇ ਹਨ॥੪੦॥

ਦਸਵੀਂ ਰਾਸ ਦਾ ਦੂਸਰਾ ਅਧਿਆਇ ਸਮਾਪਤ ਹੋਇਆ॥੨॥

# ਅਧਿਆਇ ਤੀਸਰਾ

## ਕਰਤਾਰਪੁਰ ਦੀ ਕਥਾ

ਦੋਹਰਾ- ਜਿਤ ਕਿਤ ਨਰ ਖੋਜਨਿ ਲਗੇ ਜਿਤਿਕ ਦਾਰ ਬਡ ਚਾਹਿ।
ਕਰੀ ਬਿਲੋਕਨਿ ਗ੍ਰਾਮ ਬਹੁ ਕਤਹੂੰ ਪ੍ਰਾਪਤਿ ਨਾਂਹਿ॥ ੧॥

ਏਧਰੋਂ ਓਧਰੋਂ ਮਨੁੱਖ ਲਭਣ ਲੱਗੇ ਜਿਥੋਂ ਵੀ ਮੋਟੀ ਲਕੜੀ ਮਿਲ ਸਕੇ। ਬਹੁਤ ਪਿੰਡਾਂ ਵਿਚ ਜਾ ਕੇ ਵੇਖਿਆ ਪਰ ਅਜਿਹੀ ਲਕੜੀ ਕਿਸੇ ਸਥਾਨ ਤੋਂ ਵੀ ਨਾ ਮਿਲੀ॥੧॥

ਚੌਪਈ- ਸ੍ਰੀ ਅਰਜਨ ਕੇ ਨਿਕਟਿ ਮਸੰਦ। ਕਰੀ ਅਰਜ਼ 'ਨਹਿਂ ਦਾਰੁ ਬਿਲੰਦ।
ਦੂਰ ਕਿ ਨਿਕਟਿ ਗ੍ਰਾਮ ਸਮੁਦਾਇ। ਕਰੇ ਬਿਲੋਕਨਿ ਜਿਤ ਕਿਤ ਥਾਂਇ॥੨॥

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਪਾਸ ਇਕ ਮਸੰਦ ਆਇਆ ਤੇ ਉਸ ਬੇਨਤੀ ਕੀਤੀ, "ਮੋਟੀ ਅਤੇ ਲੰਮੀ ਲਕੜ ਦੂਰ ਨੇੜੇ ਦੇ ਪਿੰਡਾਂ ਵਿਚ ਕਿਸੇ ਸਥਾਨ 'ਤੇ ਵੀ ਨਹੀਂ ਹੈ। ਹਰ ਥਾਂ ਜਾ ਕੇ ਵੇਖਿਆ ਹੈ॥੨॥

ਹੁਇ ਪ੍ਰਾਪਤਿ, ਦੇ ਦਰਬ ਮੰਗਾਵੈਂ। ਜਥਾ ਹੁਕਮ ਘਰ ਤਥਾ ਬਨਾਵੈਂ।
ਆਗੇ ਜਿਮ ਰਾਵਰ ਕੀ ਮਰਜ਼ੀ। ਸੋ ਹਮ ਕਰਜੋ ਚਹੈਂ ਸਤਿਗੁਰ ਜੀ!' ॥੩॥

ਜੇ ਪ੍ਰਾਪਤ ਹੋਵੇ ਤਾਂ ਧਨ ਦੇ ਕੇ ਮੰਗਵਾਈਏ, ਜਿਵੇਂ ਤੁਹਾਡਾ ਹੁਕਮ ਹੈ ਫਿਰ ਉਸ ਤਰ੍ਹਾਂ ਦਾ ਘਰ ਬਣਾਈਏ। ਅੱਗੇ ਜਿਵੇਂ ਆਪ ਜੀ ਦੀ ਮਰਜ਼ੀ ਹੈ, ਜਿਵੇਂ ਸਤਿਗੁਰੂ ਜੀ ਚਾਹੁਣ ਉਸ ਤਰ੍ਹਾਂ ਕਰਾਂਗੇ"॥੩॥

ਜਬਹਿ ਮਸੰਦਨਿ ਏਵ ਉਚਾਰੀ। ਇਕ ਸਿਖ ਬੈਠਜੋ ਸਭਾ ਮਝਾਰੀ।
ਹਾਥ ਜੋਰਿ ਤਿਨ ਅਰਜ਼ ਬਖਾਨੀ। 'ਏਕ ਸਿੰਸਪਾ ਖਰੀ ਮਹਾਨੀ॥ ੪॥

ਜਦ ਮਸੰਦਾਂ ਇਸ ਤਰ੍ਹਾਂ ਉਚਾਰਨ ਕੀਤਾ, ਉਸ ਸਮੇਂ ਇਕ ਸਿੱਖ ਸਭਾ ਵਿਚ ਬੈਠਾ ਸੀ। ਹੱਥ ਜੋੜ ਕੇ ਉਸ ਬੇਨਤੀ ਕੀਤੀ, "ਇਕ ਮਹਾਨ ਵੱਡੀ ਟਾਹਲੀ ਖੜੀ ਹੈ॥੪॥

ਜਿਸ ਕੇ ਸਮ ਨਹਿਂ ਦੂਰ ਕਿ ਨੇਰੇ। ਪੀਨ ਬਡੀ ਅਰੁ ਦੀਹ ਘਨੇਰੇ।
ਬਿਨ ਸਤਿਗੁਰ ਸੋ ਹਾਥ ਨ ਆਵੈ। ਕੋ ਨਹਿਂ ਤਿਹ ਦਲ ਤੋਰਨਿ ਪਾਵੈ॥੫॥

ਉਸ ਵਰਗੀ ਦੂਰ ਨੇੜੇ ਹੋਰ ਕੋਈ ਟਾਹਲੀ ਨਹੀਂ ਹੈ। ਉਹ ਬਹੁਤ ਮੋਟੀ ਅਤੇ ਲੰਮੀ ਹੈ, ਪਰ ਸਤਿਗੁਰੂ ਜੀ ਤੋਂ ਬਗੈਰ ਉਹ ਹੱਥ ਨਹੀਂ ਆਉਣੀ, ਹੋਰ ਕੋਈ ਵੀ ਉਸ ਨੂੰ ਕੱਟ ਨਹੀਂ ਸਕਦਾ॥੫॥

ਕੋ ਇਕ ਸ਼ਕਤਿਵੰਤਿ ਤਿਸ ਮਾਂਹੀ। ਬਸਤਿ ਬਿਤਜੋ ਚਿਰਕਾਲਹਿ ਤਾਂਹੀ।
ਬੀਸ ਬੀਸ ਕੋਸਿਕ ਕੇ ਗ੍ਰਾਮੂ। ਮਾਨਹਿਂ ਜਾਇ ਕਰੰਤਿ ਪ੍ਰਣਾਮੂ॥ ੬॥

ਉਸ ਟਾਹਲੀ ਵਿਚ ਕੋਈ ਸ਼ਕਤੀ ਵਸਦੀ ਹੈ। ਉਸਨੂੰ ਵਸਦਿਆਂ ਬਹੁਤ ਲੰਮਾ ਸਮਾਂ ਬੀਤ ਗਿਆ ਹੈ। ਵੀਹਾਂ ਵੀਹਾਂ ਕੋਹਾਂ ਦੇ ਪਿੰਡ ਉਸ ਟਾਹਲੀ ਨੂੰ ਮੰਨਦੇ ਹਨ ਤੇ ਜਾ ਕੇ ਪ੍ਰਣਾਮ ਕਰਦੇ ਹਨ॥੬॥

ਗਨ ਵਸਤੁਨਿ ਕੋ ਅਰਪਨ ਕਰੈਂ। ਅਨਿਕ ਕਾਮਨਾ ਉਰ ਮੈਂ ਧਰੈਂ।
ਜਿਤ ਕਿਤ ਕੇ ਨਰ ਸੀਸ ਝੁਕਾਵੈਂ। ਨਹਿਂ ਤ੍ਰਿਸਕਾਰ ਕਰੈਂ, ਡਰਪਾਵੈਂ ॥ ੭॥

ਬਹੁਤ ਵਸਤਾਂ ਉਸ ਨੂੰ ਅਰਪਣ ਕਰਦੇ ਹਨ ਤੇ ਅਨੇਕ ਕਾਮਨਾਵਾਂ ਹਿਰਦੇ ਵਿਚ ਧਾਰਨ ਕਰਦੇ ਹਨ। ਹਰ ਥਾਂ ਤੋਂ ਮਨੁੱਖ ਸੀਸ ਨਿਵਾਉਂਦੇ ਹਨ, ਡਰਦੇ ਉਸਨੂੰ ਛੇੜਦੇ ਨਹੀਂ ਅਤੇ ਨਾ ਹੀ ਤ੍ਰਿਸਕਾਰ ਕਰਦੇ ਹਨ" ॥੭॥

ਸੁਨਿ ਕਰਿ ਸਤਿਗੁਰ ਬਾਕ ਬਖਾਨੇਂ। 'ਗਮਨੈ ਸਿਖ ਕੋ ਤਿਤ ਹੀ ਥਾਨੇ।
ਛੇਦਨ ਕਰੈ ਸਿੰਸਪਾ ਜਾਇ। ਜਿਸ ਤੇ ਘਰ ਕਾਰਜ ਸੁਧਰਾਇ' ॥ ੮॥

ਇਹ ਸੁਣ ਕੇ ਸਤਿਗੁਰੂ ਜੀ ਨੇ ਬਚਨ ਕੀਤਾ, "ਉਸ ਥਾਂ ਕੋਈ ਸਿੱਖ ਜਾਵੇ, ਉਹ ਜਾ ਕੇ ਉਸ ਟਾਹਲੀ ਨੂੰ ਵੱਢੇ, ਜਿਸ ਨਾਲ ਘਰਾਂ ਦਾ ਕਾਰਜ ਸੁਧਾਰੀਏ" ॥੮॥

ਸੁਨਤਿ ਪਿਰਾਣੇ ਕੀਨਿ ਪਯਾਨਾ। ਜਹਾਂ ਖਰੋ ਤਰੁ ਪੀਨ ਮਹਾਨਾ।
ਕਰ ਕੁਠਾਰ ਖਾਤੀ ਲੇ ਸਾਥ। ਗਯੋ ਤਹਾਂ ਸਿਮਰਤਿ ਗੁਰ ਨਾਥ॥ ੯॥

ਇਹ ਸੁਣ ਕੇ ਭਾਈ ਪਿਰਾਣਾ ਉਧਰ ਚਲ ਪਿਆ, ਜਿਥੇ ਬਹੁਤ ਮੋਟੀ ਟਾਹਲੀ ਖੜੀ ਸੀ। ਹੱਥ ਵਿਚ ਕੁਹਾੜਾ ਅਤੇ ਤਰਖਾਣ ਨੂੰ ਨਾਲ ਲੈ ਕੇ ਗੁਰੂ ਜੀ ਦਾ ਸਿਮਰਨ ਕਰਦਾ ਉਥੇ ਚਲਾ ਗਿਆ॥੯॥

ਜਾਇ ਸਿੰਸਪਾ ਹੇਰਨਿ ਕਰੀ। ਖਰੀ ਦਾਰ ਜਿਸ ਕੀ ਦਿਢ ਖਰੀ।
ਖਾਤੀ ਨਾਮ 'ਸਧਾਰਣਾ' ਕਹੈਂ। ਤਨ ਮਨ ਕਰਿ ਗੁਰ ਕੋ ਸਿਖ ਅਹੈ॥ ੧੦॥

ਜਾ ਕੇ ਟਾਹਲੀ ਨੂੰ ਵੇਖਿਆ, ਬੜੀ ਖਰੀ, ਸੋਹਣੀ ਅਤੇ ਨਿਗਰ ਟਾਹਲੀ ਖੜੀ ਸੀ। ਜਿਹੜੇ ਤਰਖਾਣ ਨੂੰ ਨਾਲ ਲੈ ਕੇ ਗਿਆ ਸੀ, ਉਸ ਦਾ ਨਾਂ 'ਸਧਾਰਣਾ' ਕਹਿੰਦੇ ਸਨ। ਜਿਹੜਾ ਤਨ ਮਨ ਤੋਂ ਗੁਰੂ ਜੀ ਦਾ ਪੱਕਾ ਸਿੱਖ ਸੀ॥੧੦॥

ਤਿਸ ਨੇ ਕੀਨਿ ਬਿਲੋਕਨ ਸਾਰੋ। ਇਕ ਤੋ ਥੰਭ ਬਨਹਿ ਸੁਭ ਭਾਰੋ।
ਜਿਸ ਤੇ ਸੁੰਦਰ ਮੰਦਿਰ ਬਨੇ। ਸਹੈ ਭਾਰ ਦਿਢ ਲਖੀਯਤਿ ਘਨੇ॥ ੧੧॥

ਉਸ ਨੇ ਸਾਰੀ ਟਾਹਲੀ ਨੂੰ ਚੰਗੀ ਤਰ੍ਹਾਂ ਵੇਖਿਆ। ਉਸ ਟਾਹਲੀ ਦਾ ਇਕ ਵੱਡਾ ਭਾਰੀ ਥੰਭ ਵੀ ਬਣਦਾ ਸੀ, ਜਿਸ ਉੱਤੇ ਸੁੰਦਰ ਮੰਦਰ ਬਣ ਸਕਦਾ ਸੀ। ਉਹ ਦ੍ਰਿੜ੍ਹ ਤੌਰ 'ਤੇ ਸਭ ਭਾਰ ਸਹਿ ਸਕਦਾ ਸੀ ਅਤੇ ਬੜਾ ਸਖਤ ਦਿਖਾਈ ਦਿੰਦਾ ਸੀ॥੧੧॥

ਚਿਰੰਕਾਲ ਕੀ ਲਕਰੀ ਪਾਕੀ। ਅਪਰ ਨ ਪ੍ਰਾਪਤਿ ਸਮਸਰ ਯਾਂਕੀ।
ਔਰ ਕਾਰ ਘਰ ਮਹਿਂ ਜਿਤ ਹੋਇ। ਕਾਸ਼ਟ ਕਾਂਡਨਿ ਕੋ ਲਗਿ ਜੋਇ॥ ੧੨॥

ਬਹੁਤ ਪੁਰਾਣੀ ਟਾਹਲੀ ਹੋਣ ਕਰਕੇ ਉਸ ਦੀ ਸਾਰੀ ਲਕੜੀ ਪੱਕੀ ਸੀ। ਉਸ ਦੇ ਬਰਾਬਰ ਹੋਰ ਕਿਤੇ ਵੀ ਪ੍ਰਾਪਤ ਨਹੀਂ ਸੀ। ਘਰ ਦੀ ਉਸਾਰੀ ਸਮੇਂ ਜੋ ਹੋਰ ਕੰਮ ਪਵੇਗਾ ਉਸ ਵਾਸਤੇ ਡਾਹਣੀਆਂ ਦੀ ਜੋ ਲਕੜੀ ਹੈ, ਉਹ ਲੱਗ ਜਾਵੇਗੀ॥੧੨॥

ਨਿਕਟਿ ਹੋਇ ਲੇ ਹਾਥ ਕੁਠਾਰਾ। ਛੇਦਨਿ ਹੇਤੁ ਸੋ ਓਜ ਪ੍ਰਹਾਰਾ।
ਲਾਗਯੋ ਜਬਹਿ ਸਿੰਸਪਾ ਮਾਂਹਿ। ਛੇਦਨਿ ਕੀਨਿ ਕੁਛਕ ਹੀ ਤਾਂਹਿ॥ ੧੩॥

ਨੇੜੇ ਹੋ ਕੇ ਹੱਥ ਵਿਚ ਕੁਹਾੜਾ ਲੈ ਕੇ, ਟਾਹਲੀ ਨੂੰ ਕੱਟਣ ਵਾਸਤੇ ਬੜੇ ਜ਼ੋਰ ਨਾਲ ਵਾਰ ਕੀਤਾ। ਜਦ ਉਹ ਵਾਰ ਟਾਹਲੀ ਨੂੰ ਲੱਗਾ ਤਾਂ ਟਾਹਲੀ ਨੂੰ ਥੋੜ੍ਹਾ ਜਿਹਾ ਹੀ ਟਕ ਲੱਗਾ॥੧੩॥

ਨਿਕਸਜੋ ਸ਼ਬਦ ਬ੍ਰਿਛ ਤੇ ਤਬੈ। 'ਸੁਨਹੁ ਪਿਰਾਣੇ! ਮਮ ਗਤਿ ਸਬੈ।
ਚਿਰੰਕਾਲ ਕੋ ਇਸ ਮਹਿਂ ਬਾਸਾ। ਤੂ ਪਹੁੰਚਜੋ ਅਬਿ ਕਰਸਿ ਬਿਨਾਸਾ॥੧੪॥

ਤਦ ਟਾਹਲੀ ਦੇ ਰੁੱਖ ਵਿਚੋਂ ਇਕ ਆਵਾਜ਼ ਆਈ, "ਹੇ ਪਿਰਾਣੇ! ਮੇਰੀ ਗਤੀ ਬਾਰੇ ਸੁਣੋ, ਮੈਂ ਬਹੁਤ ਦੇਰ ਤੋਂ ਇਸ ਟਾਹਲੀ ਵਿਚ ਵਸਦਾ ਹਾਂ, ਤੂੰ ਹੁਣ ਪਹੁੰਚ ਕੇ ਇਸ ਦਾ ਵਿਨਾਸ਼ ਕਰ ਦੇਵੇਂਗਾ॥੧੪॥

ਗੁਰ ਅਰੁ ਗੁਰੁ ਕੇ ਸਿੱਖ ਅਨੰਤਾ। ਤਿਨ ਪਰ ਮੇਰੋ ਬਸ ਨ ਚਲੰਤਾ।
ਮੈਂ ਸਤਿਗੁਰ ਕੋ ਕੁਛ ਨ ਬਿਗਾਰਜੋ। ਕਜੋਂ ਮੇਰੋ ਚਹਿਂ ਬਾਸ ਬਿਦਾਰਜੋ॥੧੫॥

ਗੁਰੂ ਅਤੇ ਗੁਰੂ ਦੇ ਸਿੱਖ ਅਨੰਤ ਹਨ, ਉਨ੍ਹਾਂ ਉੱਤੇ ਮੇਰਾ ਵੱਸ ਨਹੀਂ ਚਲਦਾ। ਮੈਂ ਸਤਿਗੁਰੂ ਜੀ ਦਾ ਕੁਝ ਨਹੀਂ ਵਿਗਾੜਿਆ ਹੈ, ਫਿਰ ਉਹ ਮੇਰੇ ਅਵਾਸ ਨੂੰ ਕਿਉਂ ਢਾਹੁਣਾ ਚਾਹੁੰਦੇ ਹਨ॥੧੫॥

ਪੂਜਾ ਅਧਿਕ ਜਗਤ ਮਹਿਂ ਮੇਰੀ। ਅਰਪਹਿਂ ਲੋਕ ਅਕੋਰ ਘਨੇਰੀ।
ਹਟਿ ਰਹੀਅਹਿ, ਨਹਿਂ ਬ੍ਰਿੱਛ ਬਿਦਾਰਹੁ। ਗੁਰ ਆਗੇ ਮਮ ਅਰਜ਼ ਗੁਜ਼ਾਰਹੁ॥੧੬॥

ਜਗਤ ਦੇ ਵਿਚ ਮੇਰੀ ਬਹੁਤ ਪੂਜਾ ਹੈ, ਲੋਕ ਬਹੁਤ ਉਪਹਾਰ ਲਿਆ ਕੇ ਅਰਪਣ ਕਰਦੇ ਹਨ। ਹਟ ਜਾਵੋ, ਇਸ ਬ੍ਰਿਛ ਦਾ ਨਾਸ਼ ਨਾ ਕਰੋ, ਗੁਰੂ ਅੱਗੇ ਮੇਰੀ ਬੇਨਤੀ ਕਰੋ॥੧੬॥

ਸ਼ਰਨ ਪਰੇ ਕੀ ਰੱਛਾ ਕੀਜਹਿ। ਅਪਨੋ ਜਾਨਿ ਰਾਖਿ ਕਰਿ ਲੀਜਹਿ।
ਇਮ ਕਹਿ ਸਗਰੀ ਬ੍ਰਿਥਾ ਸੁਨਾਵਹੁ। ਜਿਮ ਗੁਰ ਹੁਕਮ ਹੋਇ ਸੁਨਿ ਆਵਹੁ॥੧੭॥

ਸ਼ਰਨ ਪਏ ਦੀ ਮੇਰੀ ਰੱਖਿਆ ਕਰੋ, ਆਪਣਾ ਜਾਣ ਕੇ ਰੱਖ ਲਵੋ। ਇਸ ਤਰ੍ਹਾਂ ਕਹਿ ਕੇ ਸਾਰੀ ਵਿਥਿਆ ਸੁਣਾਵੋ, ਜਿਵੇਂ ਗੁਰੂ ਜੀ ਦਾ ਹੁਕਮ ਹੋਵੇ ਸੁਣ ਕੇ ਆ ਜਾਵੋ'॥੧੭॥

ਸੁਨਿ ਤਿਖਾਣ ਪੀਰਾਣਾ ਦੋਇ। ਉਰ ਬਿਸਮਾਏ ਅਚਰਜ ਹੋਇ।
ਕਹੈਂ ਪਰਸਪਰ 'ਨਾਂਹਿਨ ਆਛੇ। ਇਸ ਤਰੁ ਸਦਾ ਬਾਸ ਕੋ ਬਾਛੇ॥੧੮॥

ਇਹ ਸੁਣ ਤਰਖਾਣ ਅਤੇ ਪਿਰਾਣਾਂ ਦੋਵੇਂ ਇਹ ਅਸਚਰਜ ਵੇਖ ਕੇ ਬਹੁਤ ਹੈਰਾਨ ਹੋਏ। ਆਪਸ ਵਿਚ ਕਹਿਣ ਲੱਗੇ, "ਇਹ ਗੱਲ ਚੰਗੀ ਨਹੀਂ, ਇਸ ਦਰੱਖਤ 'ਤੇ ਸਦਾ ਹੀ ਆਪਣਾ ਵਾਸਾ ਰਖਣਾ ਚਾਹੁੰਦਾ ਹੈ॥੧੮॥

ਬਹੁਰ ਦੀਨ ਹੁਇ ਬੋਲਤਿ ਬਿਨਤੀ। ਨਹਿਂ ਹੰਕਾਰ ਆਦਿ ਕੀ ਗਿਨਤੀ।
ਇਕ ਬਾਰੀ ਗੁਰ ਨਿਕਟਿ ਸੁਨਾਇ। ਬਹੁਰ ਬਿਦਾਰਹਿਂ ਗੇ ਤਰੁ ਆਇ'॥੧੯॥

ਫਿਰ ਬਹੁਤ ਦੀਨ ਹੋ ਕੇ ਬੇਨਤੀ ਕਰਦਾ ਹੈ। ਇਸ ਵਿਚ ਹੰਕਾਰ ਆਦਿ ਦੀ ਕੋਈ ਗਿਣਤੀ ਨਹੀਂ ਹੈ। ਇਕ ਵਾਰ ਗੁਰੂ ਜੀ ਪਾਸ ਸੁਣਾਉਂਦੇ ਹਾਂ, ਫਿਰ ਆ ਕੇ ਦਰੱਖ਼ਤ ਨੂੰ ਵੱਢ ਲਵਾਂਗੇ'॥੧੯॥

ਇਮ ਕਹਿ ਗਮਨੇ ਪੁਰਿ ਕੀ ਓਰ। ਸ੍ਰੀ ਅਰਜਨ ਬੈਠੇ ਜਿਸ ਠੌਰ।
ਹਾਥ ਜੋਰਿ ਕਰਿ ਅਰਜ਼ ਗੁਜ਼ਾਰੀ। 'ਸੁਨਹੁ ਪ੍ਰਭੂ! ਸੁ ਮਹੀਰੁਹ ਭਾਰੀ॥੨੦॥

ਇਹ ਕਹਿ ਕੇ ਨਗਰ ਵਾਲੇ ਪਾਸੇ ਚਲੇ ਗਏ ਅਤੇ ਉਥੇ ਪਹੁੰਚ ਗਏ ਜਿਥੇ ਸ੍ਰੀ ਗੁਰੂ ਅਰਜਨ ਦੇਵ ਜੀ ਬੈਠੇ ਸਨ, ਜਾ ਕੇ ਹੱਥ ਜੋੜ ਕੇ ਬੇਨਤੀ ਕੀਤੀ, 'ਹੇ ਪ੍ਰਭੂ! ਸੁਣੋ, ਉਹ ਬ੍ਰਿੱਛ ਬਹੁਤ ਭਾਰੀ ਹੈ॥੨੦॥

ਨਿਕਸੀ, ਛੇਦਨਿ ਲਗੇ, ਅਵਾਜ। 'ਕਜੋਂ ਮੇਰੋ ਤੁਮ ਕਰਤਿ ਕੁਕਾਜ।
ਮਨਤਾ ਮੇਰੀ ਗ੍ਰਾਮ ਕਰੰਤੇ। ਭਾਂਤਿ ਭਾਂਤਿ ਕੀ ਭੇਟ ਚੜ੍ਹੰਤੇ॥੨੧॥

ਜਦ ਅਸੀਂ ਉਸ ਨੂੰ ਵੱਢਣ ਲੱਗੇ ਤਾਂ ਉਸ ਵਿਚੋਂ ਇਕ ਆਵਾਜ਼ ਨਿਕਲੀ, "ਮੇਰਾ ਤੁਸੀਂ ਕੰਮ ਕਿਉਂ ਵਿਗਾੜਦੇ ਹੋ, ਪਿੰਡਾਂ ਦੇ ਲੋਕ ਮੇਰੀ ਮਾਨਤਾ ਕਰਦੇ ਹਨ ਤੇ ਭਾਂਤ ਭਾਂਤ ਦੀਆਂ ਭੇਟਾਵਾਂ ਚੜ੍ਹਾਉਂਦੇ ਹਨ॥੨੧॥

ਤਰੁ ਬਿਨਸੇ ਤੇ ਬਿਨਸਹਿ ਸਾਰੀ। ਕੋਇ ਨ ਜਾਨ ਸਕਹਿ ਨਰ ਨਾਰੀ।
ਇਹ ਮਮ ਬ੍ਰਿਥਾ ਸੁਨਾਵਹੁ ਜਾਇ। ਪੁਨ ਕੀਜਹਿ ਜਿਮ ਗੁਰ ਫੁਰਮਾਇ-' ॥੨੨॥

ਦਰੱਖ਼ਤ ਦੇ ਨਸ਼ਟ ਕਰਨ ਨਾਲ, ਮੇਰੀ ਸਾਰੀ ਮਾਨਤਾ ਨਸ਼ਟ ਹੋ ਜਾਵੇਗੀ ਤੇ ਕੋਈ ਵੀ ਨਰ ਨਾਰੀ ਮੈਨੂੰ ਜਾਣ ਨਹੀਂ ਸਕੇਗਾ, ਇਹ ਮੇਰੀ ਵਿਥਿਆ ਗੁਰੂ ਜੀ ਨੂੰ ਸੁਣਾਵੋ, ਫਿਰ ਉਸ ਤਰ੍ਹਾਂ ਕਰੋ ਜਿਵੇਂ ਗੁਰੂ ਜੀ ਫੁਰਮਾਉਣ" ॥੨੨॥

ਸ੍ਰੀ ਅਰਜਨ ਸੁਨਿ ਕੈ ਤਿਸ ਕਾਲ। ਮ੍ਰਿਦੁਲ ਰਿਦਾ ਸੁ ਕ੍ਰਿਪਾਲੁ ਬਿਸਾਲ।
ਕਹਜੋ 'ਚਲੈਂ ਹਮ ਤਿਸ ਕੇ ਤੀਰ। ਸਰਬ ਪ੍ਰਕਾਰ ਦੇਹਿਂ ਕਰਿ ਧੀਰ' ॥੨੩॥

ਉਸ ਸਮੇਂ ਸ੍ਰੀ ਗੁਰੂ ਅਰਜਨ ਦੇਵ ਜੀ, ਜਿਨ੍ਹਾਂ ਦਾ ਹਿਰਦਾ ਬਹੁਤ ਕੋਮਲ ਤੇ ਵਿਸ਼ਾਲ ਕਿਰਪਾਲੂ ਹੈ, ਬੋਲੇ, "ਅਸੀਂ ਉਸ ਦੇ ਪਾਸ ਜਾਂਦੇ ਹਾਂ ਤੇ ਸਭ ਪ੍ਰਕਾਰ ਧੀਰਜ ਦੇਵਾਂਗੇ" ॥੨੩॥

ਇਮ ਕਹਿ ਖਾਸੇ ਪਰ ਚਢਿ ਚਲੇ। ਪਿਖਨਿ ਬ੍ਰਿਛ ਕੋ ਛੇਦਨਿ ਭਲੇ।
ਸੇਵਕ ਬ੍ਰਿੰਦ ਸੰਗ ਤਬਿ ਗਏ। ਤਰੁ ਮਹਿਂ ਸ਼ਬਦ ਬਿਸਮ ਉਰ ਭਏ॥੨੪॥

ਇਸ ਤਰ੍ਹਾਂ ਕਹਿ ਕੇ ਪਾਲਕੀ ਵਿਚ ਚੜ੍ਹ ਕੇ ਚਲ ਪਏ, ਉਸ ਬ੍ਰਿਛ ਨੂੰ ਵੇਖਣ ਚਲੇ ਗਏ ਜਿਸਦਾ ਵੱਢਣਾ ਭਲਾ ਹੈ। ਤਦ ਬਹੁਤ ਸੇਵਕ ਵੀ ਨਾਲ ਗਏ, ਜਿਹੜੇ ਇਹ ਸੁਣਕੇ ਬੜੇ ਹੈਰਾਨ ਹੋਏ ਸਨ ਕਿ ਦਰੱਖ਼ਤ ਬੋਲਦਾ ਹੈ॥੨੪॥

ਸਨੇ ਸਨੇ ਚਲਿ ਪਹੁੰਚੇ ਨੇਰੇ। ਥਿਰ ਜਬਿ ਹੋਇ ਸਰਬ ਹੀ ਹੇਰੇ।
ਭਈ ਅਵਾਜ਼ ਨੰਮ੍ਰਿ ਕਰਿ ਨਮੋ। ਬਿਨਤੀ ਕਰਨਿ ਲਗਜੋ ਤਿਹ ਸਮੋ॥੨੫॥

ਹੌਲੀ-ਹੌਲੀ ਚਲ ਕੇ ਉਸ ਦੇ ਨੇੜੇ ਪਹੁੰਚ ਗਏ। ਜਦ ਸਾਰਿਆਂ ਨੂੰ ਆ ਕੇ ਖਲੋਤੇ ਵੇਖਿਆ ਤਾਂ ਫਿਰ ਆਵਾਜ਼ ਆਈ ਤੇ ਸਨਿਮਰ ਹੋ ਕੇ ਉਸ ਨਮਸਕਾਰ ਕੀਤੀ ਤੇ ਉਸ ਸਮੇਂ ਬੇਨਤੀ ਕਰਨ ਲੱਗਾ॥੨੫॥

'ਪ੍ਰਭੁ ਜੀ! ਸਭਿ ਕੇ ਹੋ ਸੁਖਦਾਤਾ। ਮਮ ਸਥਾਨ ਕਿਮ ਕਰਿ ਹੋ ਘਾਤਾ।
ਗੁਰ ਘਰ ਕੇ ਨਹਿਂ ਕਾਜ ਬਿਗਾਰਜੋ। ਕੋ ਮੇਰੋ ਅਪਰਾਧ ਬਿਚਾਰਜੋ? ॥੨੬॥

"ਹੇ ਪ੍ਰਭੂ ਜੀ! ਤੁਸੀਂ ਸਾਰਿਆਂ ਦੇ ਸੁਖਾਂ ਦੇ ਦਾਤੇ ਹੋ, ਮੇਰੇ ਨਿਵਾਸ ਸਥਾਨ ਦਾ ਕਿਉਂ ਘਾਤ ਕਰਦੇ ਹੋ। ਮੈਂ ਗੁਰੂ ਘਰ ਦਾ ਕੋਈ ਕੰਮ ਨਹੀਂ ਵਿਗਾੜਿਆ ਹੈ, ਮੇਰਾ ਕੀ ਅਪਰਾਧ ਵਿਚਾਰਿਆ ਹੈ? ॥੨੬॥

ਨਿਕਟਿ ਦੂਰ ਕੇ ਗ੍ਰਾਮ ਘਨੇਰੇ। ਨੰਮ੍ਰੀ ਹੋਤਿ ਅਗਾਰੀ ਮੇਰੇ।
ਬਿਨਾਂ ਸਿੰਸਪਾ ਸਭਿ ਹਟਿ ਜੈ ਹੈਂ। ਨਹੀਂ ਉਪਾਇਨ ਕੋ ਪੁਨ ਦੈ ਹੈਂ॥੨੭॥

ਦੂਰ ਨੇੜੇ ਦੇ ਬਹੁਤ ਪਿੰਡ ਹਨ, ਉਹ ਮੇਰੇ ਅੱਗੇ ਖਲੋ ਕੇ ਸਿਰ ਨਿਵਾਉਂਦੇ ਹਨ। ਟਾਹਲੀ ਦੇ ਦਰੱਖ਼ਤ ਨੂੰ ਨਾ ਵੇਖ ਕੇ ਸਭ ਹਟ ਜਾਣਗੇ, ਫਿਰ ਕੋਈ ਵੀ ਮੈਨੂੰ ਭੇਟ ਆਦਿ ਨਹੀਂ ਦੇਵੇਗਾ" ॥੨੭॥

ਸੁਨਿ ਸਤਿਗੁਰ ਤਬਿ ਧੀਰਜ ਦੀਨੋ। 'ਤਰੁ ਦੀਰਘ ਤੇ ਦੇਸ਼ ਬਿਹੀਨੋ।
ਕਾਸ਼ਟ ਰਹੇ ਖੋਜ ਨਹਿਂ ਪਾਯੋ। ਚਾਹਤਿ ਹੈਂ ਹਮ ਸਦਨ ਬਨਾਯੋ॥ ੨੮॥

ਇਹ ਸੁਣ ਕੇ ਸਤਿਗੁਰੂ ਜੀ ਨੇ ਧੀਰਜ ਦਿੱਤਾ, "ਇਹ ਦੇਸ਼ ਵੱਡੇ ਰੁੱਖਾਂ ਤੋਂ ਸੱਖਣਾ ਹੈ, ਮੋਟੀ ਲੱਕੜ ਲਭਦੇ ਰਹੇ ਹਾਂ ਪਰ ਕਿਸੇ ਥਾਂ ਤੋਂ ਵੀ ਮਿਲੀ ਨਹੀਂ ਹੈ, ਅਸੀਂ ਆਪਣਾ ਘਰ ਬਣਾਉਣਾ ਚਾਹੁੰਦੇ ਹਾਂ॥੨੮॥

ਦੁਰਲਭ ਦਾਰ ਹੇਤੁ ਘਰ ਜਾਨਾ। ਅਪਰ ਨਹੀਂ ਇਸ ਤਰੂ ਸਮਾਨਾ।
ਤਵ ਮਨਤਾ ਕੋ ਨਹੀਂ ਬਿਗਾਰਹਿਂ। ਜਹਾਂ ਥੰਭ ਦੇ ਸਦਨ ਉਸਾਰਹਿਂ॥ ੨੯॥

ਘਰ ਵਾਸਤੇ ਇਹ ਦੁਰਲਭ ਲਕੜੀ ਵੇਖੀ ਹੈ, ਹੋਰ ਕੋਈ ਦਰੱਖ਼ਤ ਇਸ ਵਰਗਾ ਨਹੀਂ ਹੈ। ਤੇਰੀ ਮਾਨਤਾ ਨੂੰ ਨਹੀਂ ਵਿਗਾੜਾਂਗੇ। ਜਿਥੇ ਥੰਮ੍ਹ ਦੇ ਕੇ ਘਰ ਦੀ ਉਸਾਰੀ ਕਰਾਂਗੇ॥੨੯॥

ਤਿਹ ਠਾਂ ਹੋਵਹਿ ਪੂਜਾ ਤੇਰੀ। ਅਬਿ ਤੇ ਭੀ ਬਨ ਜਾਹਿ ਘਨੇਰੀ।
ਪ੍ਰਥਮੇ ਤੌ ਕਹੁ ਮਾਨੈ ਜੋਇ। ਪਾਛੇ ਹਮਰੋ ਦਰਸ਼ਨ ਹੋਇ॥ ੩੦॥

ਉਸ ਥਾਂ ਤੇਰੀ ਪੂਜਾ ਹੋਵੇਗੀ, ਉਹ ਪੂਜਾ ਏਥੇ ਨਾਲੋਂ ਵੀ ਜ਼ਿਆਦਾ ਵਧ ਜਾਵੇਗੀ। ਪਹਿਲਾਂ ਉਹ ਤੈਨੂੰ ਮੰਨਣਗੇ ਬਾਅਦ ਵਿਚ ਸਾਡੇ ਦਰਸ਼ਨ ਕਰਨਗੇ॥੩੦॥

ਕਰਹੁ ਸੁਖੇਨ ਬਾਸ ਕੋ ਤਹਾਂ। ਹੋਹਿ ਅਨੇਕ ਮੰਨਤਾ ਮਹਾਂ।
ਨਹਿਂ ਕੀਜਹਿ ਚਿਤ ਮੈਂ ਦੁਚਿਤਾਈ। ਪੂਰਬ ਤੇ ਅਬਿ ਬਨਹਿ ਸਵਾਈ' ॥ ੩੧॥

ਉਥੇ ਸੌਖੇ ਢੰਗ ਨਾਲ ਰਹੋ, ਤੇਰੀ ਅਨੇਕ ਪ੍ਰਕਾਰ ਨਾਲ ਮਹਾਨ ਮਾਨਤਾ ਹੋਵੇਗੀ। ਚਿੱਤ ਵਿਚ ਕਿਸੇ ਪ੍ਰਕਾਰ ਦੀ ਚਿੰਤਾ ਨਾ ਕਰੋ। ਪਹਿਲਾਂ ਨਾਲੋਂ ਇਹ ਪੂਜਾ ਦੂਣੀ ਹੋ ਜਾਵੇਗੀ' ॥੩੧॥

ਇਮ ਸੁਨਿ ਕੈ ਸਤਿਗੁਰ ਤੇ ਸੋਇ। ਰਿਦੇ ਅਨੰਦ ਬਿਲੰਦੈ ਹੋਇ।
ਕਰੀ ਬੰਦਨਾ ਤੂਸ਼ਨਿ ਹੋਯੋ। ਅਪਨੋ ਹਿਤ ਛੇਦਨ ਮਹਿਂ ਜੋਯੋ॥ ੩੨॥

ਸਤਿਗੁਰੂ ਜੀ ਪਾਸੋਂ ਇਸ ਤਰ੍ਹਾਂ ਸੁਣ ਕੇ, ਉਹ ਹਿਰਦੇ ਵਿਚ ਬਹੁਤ ਪ੍ਰਸੰਨ ਹੋ ਗਿਆ ਤੇ ਬੰਦਨਾ ਕਰਕੇ ਚੁੱਪ ਹੋ ਗਿਆ। ਆਪਣਾ ਹਿਤ ਦਰੱਖ਼ਤ ਦੇ ਕੱਟਣ ਵਿਚ ਹੀ ਜਾਣਿਆ॥੩੨॥

ਸ੍ਰੀ ਮੁਖ ਤੇ ਫੁਰਮਾਯੋ ਫੇਰ। 'ਸੁਨਹੁ ਤ੍ਰਿਖਾਣ ਸਧਾਰਣ ਹੇਰਿ।
ਜਿਤੋ ਸਥੰਭ ਰਾਖਿਬੋ ਕਰਨੋ। ਕਰਿ ਮਿਨਤੀ ਕੋ ਭਲੇ ਸੁਧਰਨੋ॥ ੩੩॥

ਗੁਰੂ ਜੀ ਨੇ ਫਿਰ ਮੁਖ ਤੋਂ ਫ਼ੁਰਮਾਇਆ, "ਹੇ ਸਧਾਰਣ ਤ੍ਰਿਖਾਣ ਸੁਣੋ ਤੇ ਵੇਖੋ, ਜਿੰਨਾ ਸਥੰਭ ਰਖਣਾ ਹੈ, ਮਿਣਤੀ ਕਰਕੇ ਭਲੀ ਪ੍ਰਕਾਰ ਸੁਧਾਰ ਲਵੋ॥੩੩॥

ਸਭਿ ਬਿਧਿ ਕਰਿ ਕੈ ਇਹ ਠਾਂ ਤਜਾਰ। ਹੌਰਾ ਹੋਇ ਜਾਇਗੋ ਭਾਰ।
ਬਹੁਰ ਸਕਟ ਪਰ ਧਰਿ ਕੈ ਲਜਾਵਹੁ। ਬ੍ਰਿਖਭ ਬ੍ਰਿੰਦ ਤਿਹ ਸੰਗ ਲਗਾਵਹੁ ॥੩੪॥

ਸਭ ਵਿਧੀਆਂ ਕਰਕੇ ਉਸ ਨੂੰ ਇਸ ਥਾਂ ਤਿਆਰ ਕਰ ਲਵੋ, ਉਸ ਦਾ ਭਾਰ ਹੌਲਾ ਹੋ ਜਾਵੇਗਾ। ਫਿਰ ਗੱਡੇ 'ਤੇ ਰੱਖ ਕੇ ਲੈ ਆਵੋ, ਬਹੁਤ ਬਲਦ ਉਸ ਦੇ ਨਾਲ ਜੋੜੋ" ॥੩੪॥

ਕਹਿ ਸਤਿਗੁਰ ਪੁਰਿ ਕੋ ਹਟਿ ਆਏ। ਸੇਵਕ ਸੁਜਸੁ ਕਰਤਿ ਸਮੁਦਾਏ।
ਧਰਿ ਕੁਠਾਰ ਪੁਨ ਛੇਦਤਿ ਖਾਤੀ। ਬਲ ਤੇ ਕਰਯੋ ਮੂਲ ਤੇ ਘਾਤੀ॥ ੩੫॥

ਇਹ ਕਹਿ ਕੇ ਸਤਿਗੁਰੂ ਜੀ ਨਗਰ ਨੂੰ ਵਾਪਸ ਆ ਗਏ। ਸਾਰੇ ਸੇਵਕ ਸ੍ਰੇਸ਼ਟ ਜਸ ਕਰਦੇ ਸਨ। ਫਿਰ ਕੁਹਾੜਾ ਲੈ ਕੇ ਤਰਖਾਣ ਦਰੱਖ਼ਤ ਕੱਟਣ ਲੱਗ ਗਿਆ, ਸਾਰਾ ਦਰੱਖ਼ਤ ਜੜ ਤੋਂ ਹੀ ਵੱਢ ਦਿੱਤਾ॥੩੫॥

ਬਹੁ ਨਰ ਲਗਿ ਕਰਿ ਦੀਓ ਗਿਰਾਇ। ਕਦਨ ਸਿਕੰਧ ਕਰੇ ਸਮੁਦਾਇ।
ਮਿਨ ਕਰਿ ਜਿਤੋ ਚਹਿਯ ਪਰਮਾਨ। ਤਿਤੋ ਰਾਖਿ ਕਰਿ ਪੀਨ ਮਹਾਨ॥ ੩੬॥

ਬਹੁਤ ਲੋਕਾਂ ਨੇ ਲੱਗ ਕੇ ਉਸ ਦਰੱਖਤ ਨੂੰ ਡੇਗ ਦਿੱਤਾ ਤੇ ਸਾਰੇ ਡਾਹਣੇ ਅਤੇ ਟਹਿਣੀਆਂ ਕੱਟ ਦਿੱਤੀਆਂ। ਮਿਣ ਕੇ ਜਿੰਨੀ ਮਿਣਤੀ ਚਾਹੀਦੀ ਸੀ, ਓਨੀ ਮੋਟੀ ਲਕੜੀ ਰੱਖ ਲਈ॥੩੬॥

ਨੀਕੇ ਘਰਜੋ ਗੋਲ ਸਭਿ ਕਰਜੋ। ਆਕ੍ਰਿਤ ਸੁੰਦਰ ਕਰਿ ਤਹਿੰ ਧਰਜੋ।
ਬ੍ਰਿਖਭ ਬ੍ਰਿੰਦ ਜੁਤਿ ਸਕਟ ਮੰਗਾਯੋ। ਬਹੁ ਮਾਨਵ ਮਿਲਿ ਤਹਾਂ ਚਢਾਯੋ॥੩੭॥

ਚੰਗੀ ਤਰ੍ਹਾਂ ਘੜ ਕੇ ਸਾਰਾ ਗੋਲ ਕਰ ਲਿਆ ਤੇ ਸੁੰਦਰ ਰੂਪ ਵਾਲਾ ਬਣਾ ਕੇ ਉਥੇ ਧਰ ਦਿੱਤਾ। ਇਕ ਗੱਡਾ ਮੰਗਵਾ ਕੇ ਉਸ ਨੂੰ ਕਈ ਬਲਦ ਜੁੱਤੇ ਤੇ ਬਹੁਤ ਮਨੁੱਖਾਂ ਨੇ ਮਿਲਕੇ ਸੁਥੰਭ ਨੂੰ ਗੱਡੇ ਉਤੇ ਚੜ੍ਹਾ ਦਿੱਤਾ॥੩੭॥

ਬਡੇ ਜਤਨ ਤੇ ਲਜਾਵਨਿ ਕੀਨਿ। ਜਹਿਂ ਘਰ ਚਿਨਹਿ ਤਹਾਂ ਧਰਿ ਦੀਨਿ।
ਸ੍ਰੀ ਸਤਿਗੁਰ ਹੇਰਨ ਹਿਤ ਆਏ। 'ਸੁੰਦਰ ਘਰਜੋ' ਕਹਤਿ ਸਮੁਦਾਏ॥੩੮॥

ਬੜੇ ਯਤਨਾਂ ਨਾਲ ਉਸ ਨੂੰ ਲੈ ਆਏ ਤੇ ਜਿਥੇ ਘਰ ਬਣਾਉਂਦੇ ਸੀ, ਉਥੇ ਰੱਖ ਦਿੱਤਾ। ਸ੍ਰੀ ਸਤਿਗੁਰੂ ਜੀ ਵੇਖਣ ਵਾਸਤੇ ਆਏ, "ਬਹੁਤ ਸੁੰਦਰ ਘੜਿਆ ਹੈ" ਸਾਰਿਆਂ ਨੂੰ ਕਹਿੰਦੇ ਸਨ॥੩੮॥

ਤਬਿ ਕਾਰੀਗਰ ਜਬੈ ਨਿਹਾਰਾ। ਖਰੋ ਕਰਨਿ ਕੋ ਬਜੋਂਤ ਬਿਚਾਰਾ।
ਨਰ ਗਨ ਲਗੇ ਉਚਾਯਹੁ ਸੋਇ। ਖਰੋ ਕਰਜੋ ਆਛੇ ਥਲ ਜੋਇ॥੩੯॥

ਤਦ ਜਦ ਕਾਰੀਗਰ ਨੂੰ ਵੇਖਿਆ ਤਾਂ ਖੜੇ ਕਰਨ ਦੀ ਵਿਉਂਤ 'ਤੇ ਵਿਚਾਰ ਕੀਤੀ, ਬਹੁਤ ਮਨੁੱਖਾਂ ਨੇ ਇਕੱਠੇ ਹੋ ਕੇ ਚੁੱਕ ਲਿਆ 'ਤੇ ਚੰਗੇ ਥਾਂ ਤੇ ਖੜਾ ਕਰ ਦਿੱਤਾ॥੩੯॥

ਚਹਿਯਤਿ ਹਾਥ ਸਵਾ ਨੌ ਥੰਭਾ। ਭਯੋ ਕਮੀ ਪਿਖਿ ਰਿਦੇ ਅਚੰਭਾ।
ਅਸ਼ਟ ਆਂਗੁਰੀ ਘਟ ਸੋ ਹੋਯੋ। ਬਿਗਰਜੋ ਕਾਜ ਮਿਨਜੋ ਜਬਿ ਜੋਯੋ ॥੪੦॥

ਸਵਾ ਨੌ ਹੱਥ ਥੰਭਾ ਚਾਹੁੰਦੇ ਸਨ, ਘਟ ਵੇਖ ਕੇ ਹਿਰਦੇ ਵਿਚ ਬਹੁਤ ਹੈਰਾਨ ਹੋਏ। ਅੱਠ ਉਂਗਲੀਆਂ ਘੱਟ ਹੋ ਗਿਆ, ਜਦ ਮਿਣ ਕੇ ਵੇਖਿਆ ਤਾਂ ਕੰਮ ਵਿਗੜਿਆ ਜਾਣਿਆ॥੪੦॥

ਅਪਰ ਨ ਪੱਯਤਿ ਹੈ ਸਮ ਯਾਂਕੇ। ਮੰਦਿਰ ਬਨਹਿ ਆਸਰੇ ਕਾਂਕੇ।
ਗੁਰ ਆਗੇ ਤਬਿ ਅਰਜ਼ ਗੁਜ਼ਾਰੇ। 'ਪ੍ਰਭੁ ਜੀ! ਦੀਰਘ ਕਾਜ ਬਿਗਾਰੇ॥੪੧॥

ਇਸ ਵਰਗਾ ਹੋਰ ਕਿਤੇ ਲੱਭ ਨਹੀ ਸਕਦਾ ਤਾਂ ਫਿਰ ਘਰ ਕਿਸ ਦੇ ਆਸਰੇ ਬਣੇ। ਗੁਰੂ ਜੀ ਅੱਗੇ ਫਿਰ ਬੇਨਤੀ ਕੀਤੀ, "ਪ੍ਰਭੂ ਜੀ! ਵੱਡਾ ਕੰਮ ਵਿਗੜ ਗਿਆ ਹੈ॥੪੧॥

ਦੁਰਲਭ ਦਾਰ ਜਤਨ ਕਰਿ ਲੀਨਿ। ਅਸ਼ਟ ਆਂਗੁਰੀ ਭਯੋ ਬਿਹੀਨ।
ਸਗਰੋ ਸਦਨ ਬਿਗਰ ਕਰਿ ਜਾਇ। ਜੇ ਇਸ ਪਰ ਅਬਿ ਚਿਨਹਿਂ ਬਨਾਇ॥੪੨॥

ਦੁਰਲੱਭ ਲਕੜੀ ਜਿਹੜੀ ਬੜਾ ਯਤਨ ਕਰਕੇ ਲਈ ਸੀ, ਉਹ ਅੱਠ ਉਂਗਲੀਆਂ ਘੱਟ ਨਿਕਲੀ ਹੈ। ਸਾਰਾ ਘਰ ਦਾ ਕੰਮ ਵਿਗੜ ਜਾਵੇਗਾ। ਜੇ ਇਸ ਉੱਤੇ ਹੁਣ ਚਿਣਾਈ ਕਰਾਂਗੇ॥੪੨॥

ਅਪਰ ਉਪਾਇ ਨਹੀਂ ਬਨਿ ਆਵੈ। ਕਰਹਿਂ ਜਥਾ ਰਾਵਰ ਕੋ ਭਾਵੈ'।
ਸੁਨਿ ਸਤਿਗੁਰ ਚਲਿ ਆਏ ਤਹਾਂ। ਖਰੋ ਸਥੰਭ ਹੀਨ ਹੁਇ ਜਹਾਂ॥੪੩॥

ਤਾਂ ਹੋਰ ਉਪਾਅ ਨਹੀਂ ਬਣ ਆਉਣਗੇ। ਉਸ ਤਰ੍ਹਾਂ ਹੀ ਕਰੀਏ ਜਿਸ ਤਰ੍ਹਾਂ ਤੁਹਾਨੂੰ ਚੰਗਾ ਲੱਗੇ।" ਇਹ ਸੁਣ ਕੇ ਸਤਿਗੁਰੂ ਜੀ ਉਥੇ ਚਲ ਕੇ ਆਏ, ਜਿਥੇ ਥੰਭਾ ਘੱਟ ਹੋਇਆ ਖੜਾ ਸੀ॥੪੩॥

ਬਿਘਨ ਸਦਨ ਕੇ ਬਨਿਬੇ ਬਿਖੇ। ਠਾਂਢੇ ਮਾਨਵ ਸਗਰੇ ਪਿਖੇ।
ਪਸ਼ਚਾਤਾਪ ਕਰਹਿਂ ਮੁਖ ਭਾਖੇ। 'ਇਸ ਕੇ ਸਮ ਅਬਿ ਕਹਾਂ ਭਿਲਾਖੇ॥ ੪੪॥

ਘਰ ਦੇ ਬਣਨ ਵਿਚ ਵਿਘਨ ਪੈ ਜਾਣ ਕਰਕੇ ਸਾਰੇ ਮਨੁੱਖ ਖੜੇ ਹੋ ਕੇ ਵੇਖ ਰਹੇ ਸਨ। ਪਛੁਤਾਉਂਦੇ ਸਨ ਅਤੇ ਮੁਖ ਨਾਲ ਕਹਿੰਦੇ ਸਨ, "ਇਸ ਵਰਗਾ ਹੁਣ ਕਿਥੋਂ ਲਭਾਂਗੇ ? ॥੪੪॥

ਭਾਰੀ ਤਰੁ ਛੇਦਨਿ ਕਰਿ ਖੋਯੋ। ਨਾਂਹਿਨ ਕਾਮ ਧਾਮ ਕੋ ਹੋਯੋ'।
ਸ੍ਰੀ ਅਰਜਨ ਲਘੁ ਦੇਖਨਿ ਕੀਨਾ। ਭਯੋ ਬਿਫਲ ਹੀ ਦੀਰਘ ਪੀਨਾ॥ ੪੫॥

ਭਾਰੀ ਦਰੱਖ਼ਤ ਵੱਢ ਕੇ ਗਵਾ ਦਿੱਤਾ ਹੈ, ਘਰ ਦਾ ਕੰਮ ਵੀ ਨਹੀਂ ਹੋਇਆ ਹੈ।" ਗੁਰੂ ਅਰਜਨ ਦੇਵ ਜੀ ਨੇ ਘੱਟ ਹੋਏ ਥੰਮ੍ਹ ਨੂੰ ਵੇਖਿਆ, ਜਿਹੜਾ ਬਹੁਤ ਮੋਟਾ ਦਰੱਖ਼ਤ ਵਧਿਆ ਸੀ, ਵਿਅਰਥ ਗਿਆ ਹੈ॥੪੫॥

ਸ੍ਰੀ ਮੁਖ ਤੇ ਕੀਨਸਿ ਫੁਰਮਾਵਨਿ। 'ਗੁਰ ਘਰ ਹਿਤ ਤਰੁ ਛਿਦਜੋ ਘਰਾਵਨਿ।
ਅਪਨਿ ਖੁਸ਼ੀ ਤੇ ਪ੍ਰਥਮ ਬਿਸਾਲਾ। ਵਧਜੋ ਹੁਤੋ ਇਹ ਬ੍ਰਿੰਦ ਸਡਾਲਾ॥ ੪੬॥

ਗੁਰੂ ਜੀ ਨੇ ਆਪਣੇ ਮੁਖ ਤੋਂ ਫੁਰਮਾਇਆ, "ਗੁਰੂ ਘਰ ਵਾਸਤੇ ਇਹ ਦਰੱਖ਼ਤ ਵਢਿਆ ਅਤੇ ਘੜਾਇਆ ਹੈ। ਆਪਣੀ ਖ਼ੁਸ਼ੀ ਨਾਲ ਇਹ ਪਹਿਲਾਂ ਬਹੁਤ ਡਾਹਣੀਆਂ ਸਮੇਤ ਵਧਿਆ ਹੋਇਆ ਸੀ॥੪੬॥

ਸਤਿਸੰਗਤਿ ਸਤਿਨਾਮ ਸਦਨ ਮੈਂ। ਇਸ ਘਰ ਮਹਿਂ ਸਿਮਰਹਿਂ ਨਿਸ ਦਿਨ ਮੈਂ।
ਯਾਂਤੇ ਇਹ ਅਬਿ ਹਮਰੇ ਕਹੇ। ਵਧਹਿ ਬਿਸਾਲ ਜਿਤਿਕ ਇਤ ਚਹੇਂ॥ ੪੭॥

ਇਸ ਘਰ ਵਿਚ ਸਦਾ ਸਤਿਸੰਗਤ ਅਤੇ ਸਤਿਨਾਮ ਦਾ ਰਾਤ ਦਿਨ ਸਿਮਰਨ ਹੁੰਦਾ ਹੈ, ਇਸ ਕਰਕੇ ਸਾਡੇ ਕਹੇ 'ਤੇ ਇਹ ਵਿਸ਼ਾਲ ਵਧੇ ਜਿੰਨਾ ਵੀ ਇਹ ਚਾਹੁੰਦਾ ਹੈ"॥੪੭॥

ਸਭਿ ਨਰ ਬ੍ਰਿੰਦ ਬਿਲੋਕਤਿ ਠਾਢੇ। ਤਤਛਿਨ ਅਸ਼ਟ ਆਂਗੁਰੀ ਬਾਢੇ।
ਜਿਤੋ ਚਹਤਿ ਕਾਰੀਗਰ ਤਹਾਂ। ਭਯੋ ਤਿਤਕ ਬਿਸਮੇ ਉਰ ਮਹਾਂ॥ ੪੮॥

ਸਾਰੇ ਮਨੁੱਖ ਖੜੇ ਹੋਏ ਵੇਖ ਰਹੇ ਸਨ। ਤੁਰਤ ਅੱਠ ਉਂਗਲੀਆਂ ਵਧ ਗਿਆ, ਜਿੰਨਾ ਉਹ ਕਾਰੀਗਰ ਚਾਹੁੰਦੇ ਸਨ। ਉਹ ਸਾਰੇ ਹਿਰਦੇ ਵਿਚ ਬਹੁਤ ਹੈਰਾਨ ਹੋਏ॥੪੮॥

ਕਰਿ ਠਾਢੋ ਨੀਕੇ ਹਰਿਖਾਏ। ਰਹਿਬੇ ਹੇਤੁ ਨਿਕੇਤ ਬਨਾਏ।
ਸਤਿਸੰਗਤਿ ਜੇਤਿਕ ਚਲਿ ਆਵੈ। ਪ੍ਰਥਮ ਭੇਟ ਦੇ ਸੀਸ ਨਿਵਾਵੈ॥ ੪੯॥

ਥੰਮ੍ਹੇ ਨੂੰ ਖੜਾ ਕਰਕੇ ਬਹੁਤ ਪ੍ਰਸੰਨ ਹੋਏ ਤੇ ਰਹਿਣ ਵਾਸਤੇ ਘਰ ਬਣਾਏ। ਜਿੰਨੀ ਸੰਗਤ ਚਲ ਕੇ ਆਉਂਦੀ ਸੀ, ਪਹਿਲਾਂ ਥੰਮ੍ਹੇ ਨੂੰ ਭੇਟਾ ਦੇ ਕੇ ਸੀਸ ਨਿਵਾਉਂਦੀ ਸੀ॥੪੯॥

ਗੁਰ ਦਰਸ਼ਨ ਕੋ ਦੇਖਹਿਂ ਪਾਛੈ। ਇਮ ਮਨਤਾ ਇਸ ਥਲ ਭੀ ਆਛੈ।
ਸੁਨਹੁ ਗੁਰੂ ਸਿਖ ਥੰਮ੍ਹ ਪ੍ਰਸੰਗ। ਮਾਨਵ ਮਨਹਿਂ ਭਾਵਨਾ ਸੰਗ॥ ੫੦॥

ਬਾਅਦ ਵਿਚ ਗੁਰੂ ਜੀ ਦੇ ਦਰਸ਼ਨ ਕਰਦੀ ਸੀ, ਇਸ ਤਰ੍ਹਾਂ ਇਸ ਸਥਾਨ ਦੀ ਵੀ ਬਹੁਤ ਮਾਨਤਾ ਹੋ ਗਈ। ਹੇ ਗੁਰਸਿੱਖੋ, ਉਸ ਥੰਮ੍ਹ, ਦਾ ਪ੍ਰਸੰਗ ਸੁਣੋ, ਮਨੁੱਖ ਉਸ ਨੂੰ ਬੜੀ ਭਾਵਨਾ ਸਹਿਤ ਮੰਨਦੇ ਹਨ॥੫੦॥

ਚਿਰੰਕਾਲ ਤਿਸ ਘਰ ਮਹਿਂ ਰਹਜੋ। ਪੂਜਾ ਭਈ ਜਥਾ ਗੁਰ ਕਹਜੋ।
ਰਾਜ ਖਾਲਸੇ ਕਾ ਜਬਿ ਭਯੋ। ਤੁਰਕਨਿ ਸਾਥ ਬੈਰ ਬਧਿ ਗਯੋ॥ ੫੧॥

ਬਹੁਤ ਲੰਮੇ ਸਮੇਂ ਤਕ ਉਹ ਘਰ ਵਿਚ ਰਿਹਾ, ਉਸ ਤਰ੍ਹਾਂ ਹੀ ਉਸ ਦੀ ਪੂਜਾ ਹੋਈ ਜਿਵੇਂ ਗੁਰੂ ਜੀ ਨੇ ਕਿਹਾ ਸੀ। ਜਦ ਖਾਲਸੇ ਦਾ ਰਾਜ ਆਇਆ, ਤੁਰਕਾਂ ਨਾਲ ਵੈਰ ਵੱਧ ਗਿਆ ॥੫੧॥

ਪਸ਼ਚਮ ਦਿਸ਼ਿ ਕੇ ਜਮਨ ਬਿਸਾਲੇ। ਆਏ ਮਿਲਿ ਸਮੁਦਾਇ ਕਰਾਲੇ।
ਸਿੰਘ ਲਰੇ ਬਹੁ ਬਨੇ ਸ਼ਹੀਦ। ਭਈ ਰਿਪੁਨਿ ਕੀ ਇਹਾਂ ਰਸੀਦ॥ ੫੨॥

ਪੱਛਮ ਵਾਲੇ ਪਾਸੇ ਤੋਂ ਵਿਕਰਾਲ ਮੁਸਲਮਾਨ ਇਕੱਠੇ ਹੋ ਕੇ ਆਏ। ਉਨ੍ਹਾਂ ਨਾਲ ਬਹੁਤ ਸਿੰਘ ਲੜ ਕੇ ਸ਼ਹੀਦ ਹੋ ਗਏ, ਵੈਰੀਆਂ ਦੀ ਏਥੋਂ ਤਕ ਪਹੁੰਚ ਹੋ ਗਈ॥੫੨॥

ਪੂਜਨ ਥਾਨ ਜਾਨਿ ਖਲ ਮੂੜ੍ਹੇ। ਕਾਸ਼ਟ ਬ੍ਰਿੰਦ ਲਜਾਇ ਕਰਿ ਕੂੜੇ।
ਧਰ ਸਥੰਭ ਕੇ ਚਹੁੰ ਦਿਸ਼ਿ ਮਾਂਹੀ। ਲਾਇ ਹੁਤਾਸਨ ਤੂਰਨ ਤਾਂਹੀ॥ ੫੩॥

ਫਿਰ ਮੂਰਖ ਪੂਜਾ ਸਥਾਨ ਵੇਖ ਕੇ, ਬਹੁਤ ਲਕੜਾਂ ਇਕੱਠੀਆਂ ਕਰ ਕੇ ਲਿਆਏ। ਉਨ੍ਹਾਂ ਲਕੜਾਂ ਨੂੰ ਥੰਭ ਦੇ ਚਾਰੇ ਪਾਸੇ ਧਰ ਕੇ ਤੁਰਤ ਅੱਗ ਲਾ ਦਿੱਤੀ॥੫੩॥

ਬਡ ਚਿੰਘਾਰ ਮਾਰਿ ਤਤਕਾਲ। ਮ੍ਰਿਤਕ ਜਮਨ ਕੇ ਮੂਰਛ ਨਾਲ।
ਅਵਿਨੀ ਬਿਖੇ ਪ੍ਰਵੇਸ਼ਨਿ ਹੋਯੋ। ਬਹੁਰ ਕਿਸੂ ਨੇ ਕਜੋਂਹੂੰ ਨ ਜੋਯੋ॥ ੫੪॥

ਤੁਰਤ ਬਹੁਤ ਉੱਚੀ ਚੀਖ ਵੱਜੀ ਜਿਸ ਨਾਲ ਕੁਝ ਮੁਸਲਮਾਨ ਮਰ ਗਏ ਤੇ ਕੁਝ ਬੇਹੋਸ਼ ਹੋ ਗਏ। ਥੰਭ ਉਸੇ ਵੇਲੇ ਧਰਤੀ ਵਿਚ ਪ੍ਰਵੇਸ਼ ਕਰ ਗਿਆ। ਉਸ ਨੂੰ ਫਿਰ ਕਿਸੇ ਤਰ੍ਹਾਂ ਵੀ ਕਿਸੇ ਨੇ ਨਹੀਂ ਵੇਖਿਆ॥੫੪॥

ਅਬਿ ਲੌ ਤਿਸ ਥਲ ਸਿਖ ਜੇ ਜਾਇਂ। ਅਰਪਿ ਉਪਾਇਨ ਸੀਸ ਨਿਵਾਇਂ।
ਪੁਰਿ ਜਨ ਕਹਯੋ "ਸੁਨਹੁ ਗੁਰ ਪੂਰੇ! ਇਮ ਸ੍ਰੀ ਅਰਜਨ ਕੇ ਗੁਨ ਰੂਰੇ" ॥੫੫॥

ਹੁਣ ਤਕ ਉਸ ਥਾਂ ਜਿਹੜਾ ਸਿੱਖ ਜਾਂਦਾ ਹੈ ਭੇਟ ਅਰਪਣ ਕਰਕੇ ਸਿਰ ਝੁਕਾਉਂਦਾ ਹੈ। ਨਗਰ ਦੇ ਲੋਕਾਂ ਕਿਹਾ, "ਹੇ ਪੂਰਨ ਗੁਰੂ ਜੀ! ਸੁਣੋ, ਇਸ ਤਰ੍ਹਾਂ ਗੁਰੂ ਅਰਜਨ ਦੇਵ ਜੀ ਦੇ ਸੁੰਦਰ ਗੁਣ ਹਨ" ॥੫੫॥

ਦੋਹਰਾ- ਜਿਮ ਪ੍ਰਸੰਗ ਬੂਝਯੋ ਹੁਤੇ ਸ੍ਰੀ ਸਤਿਗੁਰ ਹਰਿਰਾਇ।
ਪੁਰਿ ਕਰਤਾਰ ਬਸਾਇਬੇ ਦੀਨੋ ਸਰਬ ਸੁਨਾਇ॥ ੫੬॥

ਜਿਵੇਂ ਸਤਿਗੁਰੂ ਹਰਿਰਾਇ ਜੀ ਨੇ ਪ੍ਰਸੰਗ ਪੁੱਛਿਆ ਸੀ ਕਿ ਕਰਤਾਰਪੁਰ ਨਗਰ ਨੂੰ ਕਿਵੇਂ ਵਸਾਇਆ ਗਿਆ, ਉਹ ਸਾਰਾ ਸੁਣਾ ਦਿੱਤਾ ਹੈ॥੫੬॥

*ਦਸਵੀਂ ਰਾਸ ਦਾ ਤੀਸਰਾ ਅਧਿਆਇ ਸਮਾਪਤ ਹੋਇਆ॥੩॥*

## ਅਧਿਆਇ ਚੌਥਾ

*ਭਾਈ ਭਗਤੂ*

ਦੋਹਰਾ- ਜੇਸ਼ਟ ਭ੍ਰਾਤਾ ਸੰਗ ਮਿਲਿ ਨੀਕੇ ਸ੍ਰੀ ਹਰਿਰਾਇ।
ਡੇਰਾ ਕੀਨੋ ਕੁਸ਼ਲ ਜੁਤਿ ਉਤਰਯੋ ਦਲ ਸਮੁਦਾਇ॥ ੧॥

ਸ੍ਰੀ ਹਰਿਰਾਇ ਜੀ ਨੇ ਆਪਣੇ ਵੱਡੇ ਭਰਾ ਨਾਲ ਚੰਗੀ ਤਰ੍ਹਾਂ ਮਿਲ ਕੇ ਬੜੇ ਆਰਾਮ ਨਾਲ ਉਥੇ ਡੇਰਾ ਕੀਤਾ ਤੇ ਸਾਰੀ ਸੈਨਾ ਨੇ ਉਥੇ ਉਤਾਰਾ ਕਰ ਲਿਆ॥੧॥

ਚੌਪਈ- ਕੇਤਿਕ ਦਿਨੁ ਬਿਚ ਪੁਰਿ ਕਰਤਾਰਾ। ਕਰਜੋ ਬਾਸ ਸਤਿਗੁਰਨਿ ਸੁਖਾਰਾ।
ਦੇਸ਼ ਬਿਦੇਸ਼ਨਿ ਤੇ ਸੁਨਿ ਆਵੈਂ। ਅਨਿਕ ਅਕੋਰਨ ਕੋ ਸਿਖ ਲਜਾਵੈਂ॥੨॥

ਕਈ ਦਿਨ ਕਰਤਾਰਪੁਰ ਵਿਚ ਰਹਿ ਕੇ ਸਤਿਗੁਰੂ ਜੀ ਨੇ ਸੁਖ ਨਾਲ ਵਾਸਾ ਕੀਤਾ। ਸਿੱਖ ਦੇਸ਼ਾਂ ਵਿਦੇਸ਼ਾਂ ਤੋਂ ਸੁਣ ਕੇ ਆਉਂਦੇ ਸਨ ਤੇ ਅਨੇਕ ਪ੍ਰਕਾਰ ਦੇ ਉਪਹਾਰ ਲਿਆਉਂਦੇ ਸਨ॥੨॥

ਬਿਤੇ ਚੇਤ ਭਾ ਪਰਬ ਬਿਸਾਖੀ। ਚਲੇ ਆਇਂ ਨਰ ਦਰਸ਼ਨ ਕਾਂਖੀ।
ਜੰਗਲ ਦੇਸ਼ ਦਾਸੁ ਸਮੁਦਾਈ। ਅਜ਼ਮਤ ਪੂਰਨ ਭਗਤੂ ਭਾਈ॥੩॥

ਚੇਤ ਦਾ ਮਹੀਨਾ ਬੀਤਣ ਤੋਂ ਬਾਅਦ ਵਿਸਾਖੀ ਦਾ ਤਿਉਹਾਰ ਆਉਂਦਾ ਹੈ। ਦਰਸ਼ਨ ਅਭਿਲਾਸ਼ੀ ਲੋਕ ਚਲ ਕੇ ਆਉਂਦੇ ਸਨ। ਮਾਲਵੇ ਦੇਸ਼ ਵਿਚ ਬਹੁਤ ਸੇਵਕ ਇਕੱਠੇ ਹੋ ਕੇ ਕਰਨੀ ਵਾਲੇ ਭਾਈ ਭਗਤੂ ਨਾਲ ਆਉਂਦੇ ਸਨ॥੩॥

ਦੀਪਮਾਲਕਾ ਅਪਰ ਬਸੋਏ। ਖ਼ਸ਼ਟ ਮਾਸ ਗੁਰ ਦਰਸ਼ਨ ਜੋਏ।
ਸਿਖ ਸੰਗਤਿ ਕੇਤਿਕ ਕੇ ਸਾਥ। ਜਾਇ ਬਿਲੋਕਹਿ ਸਤਿਗੁਰ ਨਾਥ॥੪॥

ਦੀਵਾਲੀ ਤੇ ਹੋਰ ਜਿਹੜੇ ਤਿਉਹਾਰ ਸਨ, ਉਹ ਛੇ ਮਹੀਨੇ ਗੁਰੂ ਜੀ ਦੇ ਦਰਸ਼ਨ ਕਰਦਾ ਸੀ। ਕਾਫ਼ੀ ਸਿੱਖ ਸੰਗਤ ਨੂੰ ਨਾਲ ਲੈ ਕੇ ਉਹ ਸਤਿਗੁਰੂ ਜੀ ਨੂੰ ਜਾ ਵੇਖਦਾ ਸੀ॥੪॥

ਅਲਪ ਬੈਸ ਤੇ ਸ੍ਰੀ ਹਰਿਰਾਇ। ਦੇਖਹਿਂ ਭਗਤੂ ਕੋ ਮੁਸਕਾਇ।
ਹਸਨ ਹੇਤੁ ਮੁਖ ਗਿਰਾ ਅਲਾਵੈਂ। ਮਹਾਂ ਬ੍ਰਿੱਧ ਕੋ ਪਿਖਿ ਹਰਖਾਵੈਂ॥੫॥

ਛੋਟੀ ਉਮਰ ਤੋਂ ਹੀ ਸ੍ਰੀ ਗੁਰੂ ਹਰਿਰਾਇ ਜੀ ਭਾਈ ਭਗਤੂ ਨੂੰ ਮੁਸਕਰਾਉਂਦਾ ਵੇਖਦੇ ਸਨ। ਉਸ ਦੇ ਹੱਸਣ ਵਾਸਤੇ ਮੁਖ ਤੋਂ ਬਚਨ ਕਰਦੇ ਸਨ, ਮਹਾਂ ਬ੍ਰਿਧ ਨੂੰ ਵੇਖ ਕੇ ਬਹੁਤ ਪ੍ਰਸੰਨ ਹੁੰਦੇ ਸਨ॥੫॥

'ਆਵਹੁ ਭਾਈ! ਕੋ ਅਬਿ ਘਰਨੀ। ਕਰਹੁ ਸਹੇਰਨਿ ਸੁੰਦਰ ਤਰੁਨੀ'।
ਕਹਿ ਸਿੱਖਨਿ ਮਹਿਂ ਉਰ ਹਰਖਾਵੈਂ। ਹਸਹਿਂ ਹੇਰਿ ਕਰਿ ਮਾਨ ਬਧਾਵੈਂ॥੬॥

"ਆਵੋ ਭਾਈ! ਹੁਣ ਘਰ ਵਾਲੀ ਨਹੀਂ ਹੈ, ਕੋਈ ਸੁੰਦਰ ਇਸਤਰੀ ਵੇਖ ਕੇ ਵਿਆਹ ਕਰਵਾ ਲਵੋ।" ਸਿੱਖਾਂ ਵਿਚ ਕਹਿ ਕੇ ਹਿਰਦੇ ਵਿਚ ਬਹੁਤ ਪ੍ਰਸੰਨ ਹੁੰਦੇ ਸਨ, ਵੇਖ ਕੇ ਹੱਸਦੇ ਸਨ ਤੇ ਮਾਣ ਵਧਾਉਂਦੇ ਸਨ॥੬॥

ਸੁਨਿ ਭਗਤੂ ਬੰਦਨ ਕਰਿ ਪਾਇਨ। ਨਿਕਟਿ ਸੁ ਬੈਠਹਿ ਅਰਪਿ ਉਪਾਇਨ।
ਜਬਿ ਡੇਰਾ ਲਖਿ ਪੁਰਿ ਕਰਤਾਰੁ। ਗੁਰ ਦਰਸ਼ਨ ਕੋ ਸਮਾ ਬਿਚਾਰੁ॥੭॥

ਸੁਣ ਕੇ ਭਾਈ ਭਗਤੂ ਚਰਨਾਂ 'ਤੇ ਬੰਦਨਾ ਕਰਦਾ ਸੀ ਤੇ ਉਪਹਾਰ ਅਰਪਣ ਕਰਕੇ ਪਾਸ ਬੈਠ ਜਾਂਦਾ ਸੀ। ਜਦ ਉਸ ਸਮਝਿਆ ਕਿ ਗੁਰੂ ਜੀ ਦਾ ਡੇਰਾ ਕਰਤਾਰਪੁਰ ਹੈ ਤਾਂ ਗੁਰੂ ਦਰਸ਼ਨਾਂ ਦਾ ਉਸ ਨੇ ਸਮਾਂ ਵਿਚਾਰਿਆ॥੭॥

ਗਮਨਜੋ ਘਰ ਤੇ ਮਗ ਮਹਿਂ ਆਯੋ। ਤਨ ਕੋ ਅੰਤ ਸਮਾਂ ਨਿਯਰਾਯੋ।
ਇਹ ਮਨ ਜਾਨਿ ਬਿਚਾਰਤਿ ਭਯੋ। ਸ੍ਰੀ ਗੁਰ ਬਾਕ ਬਾਰ ਬਹੁ ਕਿਯੋ॥੮॥

ਘਰ ਤੋਂ ਚਲ ਕੇ ਰਾਹ ਵਿਚ ਆਇਆ ਤੇ ਸਰੀਰ ਦਾ ਅੰਤਮ ਸਮਾਂ ਨੇੜੇ ਆਇਆ ਵੇਖਿਆ। ਦਿਲ ਵਿਚ ਸੋਚਿਆ, ਇਹ ਮਨ ਪਰਲੋਕ ਜਾਣ ਬਾਰੇ ਸੋਚਦਾ ਹੈ, ਪਰ ਗੁਰੂ ਜੀ ਨੇ ਜਿਹੜਾ ਬਾਰ ਬਾਰ ਬਚਨ ਕੀਤਾ ਹੈ॥੮॥

ਚਰਖਾ ਕਰਹੁ ਸਹੇਰਨਿ ਕੋਈ। ਕੈਸੇ ਨਿਸ਼ਫਲ ਹੁਇ ਹੈ ਸੋਈ।
ਕਰਿਬੋ ਬਨਹਿ ਮੋਹਿ ਕਹੁ ਸਾਚਾ। ਅਨਿਕ ਬਾਰ ਗੁਰ ਹਸਤਿ ਉਬਾਚਾ॥੯॥

ਕਿਸੇ ਇਸਤਰੀ ਨਾਲ ਵਿਆਹ ਕਰ ਲਵੇ, ਉਨ੍ਹਾਂ ਦਾ ਕਿਹਾ ਉਹ ਵਾਕ ਸਫਲ ਨਹੀਂ ਹੋਵੇਗਾ। ਮੈਨੂੰ ਹੁਣ ਵਿਆਹ ਕਰਵਾ ਲੈਣਾ ਬਣਦਾ ਹੈ ਤਾਂਕਿ ਗੁਰੂ ਜੀ ਦਾ ਬਚਨ ਪੂਰਾ ਹੋਵੇ, ਅਨੇਕ ਵਾਰ ਗੁਰੂ ਜੀ ਨੇ ਹੱਸ ਕੇ ਕਿਹਾ ਹੈ॥੯॥

ਅਬਿਕੈ, ਮਮ ਤਨ ਤਜਿਬੋ ਹੋਇ। ਯਾਂਤੇ ਕਰਨਿ ਬਜਾਹ ਭਲ ਜੋਇ।
ਨਾਂਹਿ ਤ ਰਹਿ ਜੈ ਹੈ ਅਧ ਮਾਂਹਿ। ਇਮ ਕੋ ਕਹੁ ਕਬਿ ਨੀਕੋ ਨਾਂਹਿ॥੧੦॥

ਹੁਣ ਦੀ ਵਾਰ ਮੈਂ ਸਰੀਰ ਛੱਡ ਦੇਣਾ ਹੈ, ਇਸ ਕਰਕੇ ਹੁਣ ਵਿਆਹ ਕਰ ਲੈਣਾ ਚਾਹੀਦਾ ਹੈ। ਇਹ ਭਲੀ ਗੱਲ ਹੈ ਨਹੀਂ ਤਾਂ ਅੱਧ ਵਿਚ ਹੀ ਰਹਿ ਜਾਵਾਂਗਾ, ਭਾਵ ਗੁਰੂ ਜੀ ਦਾ ਕਿਹਾ ਵਾਕ ਸਫਲ ਨਹੀਂ ਹੋਵੇਗਾ"॥੧੦॥

ਇਸ ਬਿਧਿ ਮਗ ਮਹਿਂ ਚਿਤਵਤ ਆਵਤਿ। ਦੇਖਯੋ ਏਕ ਖੇਤ ਮਨ ਭਾਵਤਿ।
ਪਾਕਨ ਲਗਯੋ ਬਾਜਰਾ ਤਹਾਂ। ਮਿਲੇ ਬਿਹੰਗਮ ਚੁਗਿਬੇ ਜਹਾਂ॥ ੧੧॥

ਇਸ ਤਰ੍ਹਾਂ ਰਾਹ ਵਿਚ ਸੋਚਦਾ ਆਉਂਦਾ ਸੀ। ਇਕ ਮਨ ਭਾਉਂਦਾ ਖੇਤ ਵੇਖਿਆ, ਉਸ ਖੇਤ ਵਿਚ ਬਾਜਰਾ ਪੱਕਣ ਲੱਗਾ ਸੀ, ਜਾਨਵਰ ਮਿਲ ਕੇ ਸਿੱਟੇ ਖਾ ਜਾਂਦੇ ਸਨ॥੧੧॥

ਦ੍ਵਾਦਸ਼ ਬਰਖਨਿ ਕੀ ਇਕ ਕੰਨਯਾਂ। ਸੁੰਦਰ ਰੂਪ ਬਿਸਾਲ ਸਪੰਨਯਾਂ।
ਕਰਤਿ ਉਡਾਵਨ ਖਗ ਸਮੁਦਾਇਆ। ਖੇਤ ਪਕਾਵਤਿ ਚੁਗਨਿ ਬਚਾਇਆ॥੧੨॥

ਬਾਰਾਂ ਸਾਲ ਦੀ ਇਕ ਲੜਕੀ ਸੀ ਜਿਹੜੀ ਬੜੀ ਸੁੰਦਰ ਤੇ ਹਰ ਪੱਖੋਂ ਸੰਪੂਰਣ ਸੀ। ਉਹ ਪੰਛੀਆਂ ਨੂੰ ਉਡਾ ਰਹੀ ਸੀ। ਖੇਤ ਪਕਾਉਣ ਲਈ ਜਾਨਵਰਾਂ ਦੇ ਚੁਗਣ ਤੋਂ ਬਚਾਇਆ ਸੀ॥੧੨॥

ਤਿਸੇ ਬਿਲੋਕਤਿ ਚਿਤ ਮਹਿਂ ਆਈ। 'ਇਹ ਰਾਹਕ ਕੀ ਸੁਤਾ ਸੁਹਾਈ।
ਗੁਰ ਕੋ ਬਾਕ ਸਫਲ ਕਰਿ ਦੈ ਹੌਂ। ਇਸ ਕੇ ਸੰਗ ਬਜਾਹ ਕਰਿ ਲੈਹੌਂ'॥੧੩॥

ਉਸ ਨੂੰ ਵੇਖ ਕੇ ਚਿਤ ਵਿਚ ਆਇਆ, "ਇਹ ਕਿਸਾਨ ਦੀ ਪੁੱਤਰੀ ਬੜੀ ਸ਼ੋਭ ਰਹੀ ਹੈ, ਗੁਰੂ ਦਾ ਕਿਹਾ ਬਚਨ ਪੂਰਾ ਕਰ ਦਿੰਦਾ ਹਾਂ, ਇਸ ਦੇ ਨਾਲ ਵਿਆਹ ਕਰ ਲੈਂਦਾ ਹਾਂ"॥੧੩॥

ਇਮ ਬਿਚਾਰ ਕਰਿ ਬ੍ਰਿਧ ਬਹੁ ਭਾਈ। ਹਾਥ ਲਸ਼ਟਕਾ ਚਲਤਿ ਟਿਕਾਈ।
ਸਨੇ ਸਨੇ ਮਗ ਮਹਿਂ ਪਗ ਡਾਲਤਿ। ਜਬਿ ਢਿਗ ਪਹੁੰਚਯੋ ਤਿਸ ਕੇ ਚਾਲਤਿ॥੧੪॥

ਇਸ ਤਰ੍ਹਾਂ ਵਿਚਾਰ ਕੇ ਬ੍ਰਿਧ ਭਾਈ ਭਗਤੂ ਨੇ ਚਲਦਿਆਂ ਹੱਥ ਵਾਲੀ ਸੋਟੀ ਟਿਕਾ ਦਿੱਤੀ। ਹੌਲੀ-ਹੌਲੀ ਰਾਹ ਵਿਚ ਪੈਰ ਰਖਦਾ ਸੀ ਤੇ ਚਲਦਾ ਚਲਦਾ ਉਸ ਦੇ ਪਾਸ ਪਹੁੰਚਿਆ॥੧੪॥

ਊਪਰ ਦ੍ਰਿਸ਼ਟਿ ਕਰੀ ਤਿਸ ਹੇਰਾ। ਫੇਰੇ ਫਿਰਨ ਹੇਤੁ ਕਹਿ ਫੇਰਾ।
'ਬੂਟ ਕਾਸ ਕੋ ਅਹੈ ਉਗਾਹ। ਇਸ ਤਿਯ ਸੰਗ ਕਰੌਂ ਮੈ ਬਜਾਹ॥ ੧੫॥

ਉਪਰ ਦ੍ਰਿਸ਼ਟੀ ਕਰਕੇ ਜਦ ਉਸ ਨੇ ਵੇਖਿਆ ਤੇ ਫੇਰੇ ਕਰਨ ਵਾਸਤੇ ਉਸ ਕਿਹਾ, "ਇਹ ਕਾਈ ਦੇ ਬੂਟੇ ਗਵਾਹ ਹਨ, ਇਸ ਇਸਤਰੀ ਨਾਲ ਹੁਣ ਮੈਂ ਵਿਆਹ ਕਰਾਂਗਾ॥੧੫॥

ਭਈ ਭਾਰਜਾ ਮੇਰੀ ਅਬੈ। ਤ੍ਰਿਣ ਖਗ ਆਨਿ ਸੁਨਹੁਂ ਇਹ ਸਭੈ'।
ਕਾਸ ਬੂਟ ਕੇ ਚਹੁੰਦਿਸ਼ਿ ਮਾਂਹਿ। ਫੇਰ ਲਸ਼ਟਕਾ ਜਿਮ ਹੁਇ ਬਜਾਹ॥੧੬॥

ਹੁਣ ਇਹ ਮੇਰੀ ਇਸਤਰੀ ਹੋ ਗਈ ਹੈ। ਕਾਈ, ਪੰਛੀ, ਘਾਹ ਸਾਰੇ ਸੁਣ ਲਵੋ।" ਕਾਈ ਦੇ ਬੂਟਿਆਂ ਦੇ ਚਾਰੇ ਪਾਸੇ ਸੋਟੀ ਫੇਰੀ ਜਿਵੇਂ ਵਿਆਹ ਹੋਵੇ॥੧੬॥

ਤਿਸ ਕੰਨਜਾਂ ਕਹੁ ਗਿਰਾ ਸੁਨਾਈ। ਮਹਾਂ ਬ੍ਰਿਧ ਤੇ ਸੁਨਤਿ ਲਜਾਈ।
ਕਛੂ ਨ ਬੋਲੀ ਤੂਸ਼ਨਿ ਠਾਨੀ। ਚਿਤ ਮਹਿਂ ਚਿਤਵਤਿ ਸੁਨੀ ਜੁ ਬਾਨੀ॥੧੭॥

ਉਸ ਕੰਨਿਆ ਨੂੰ ਉਸ ਸੁਣਾ ਕੇ ਕਿਹਾ, ਉਹ ਬਹੁਤ ਬ੍ਰਿਧ ਵਿਅਕਤੀ ਤੋਂ ਸੁਣ ਕੇ ਬਹੁਤ ਸ਼ਰਮਾਈ, ਕੁਝ ਵੀ ਨਾ ਬੋਲੀ ਤੇ ਚੁਪ ਰਹੀ। ਜੋ ਗੱਲ ਸੁਣੀ ਸੀ, ਉਸ ਨੂੰ ਚਿਤ ਵਿਚ ਵਿਚਾਰਦੀ ਸੀ॥੧੭॥

ਭਾਈ ਮਗ ਚਲਿ ਪਰਯੋ ਅਗਾਰੀ। ਆਯੋ ਪੁਰਿ ਕਰਤਾਰ ਮਝਾਰੀ।
ਸ੍ਰੀ ਹਰਿਰਾਇ ਸੁਹਾਵਤਿ ਗਾਦੀ। ਦਰਸ ਬਿਲੋਕਿ ਭਯੋ ਅਹਿਲਾਦੀ॥੧੮॥

ਭਾਈ ਭਗਤੂ ਰਾਹੇ ਰਾਹ ਅੱਗੇ ਚਲ ਪਿਆ ਤੇ ਕਰਤਾਰਪੁਰ ਨਗਰੀ ਦੇ ਵਿਚ ਆ ਗਿਆ। ਸ੍ਰੀ ਹਰਿਰਾਇ ਜੀ ਗੱਦੀ 'ਤੇ ਸੋਭ ਰਹੇ ਸਨ। ਉਨ੍ਹਾਂ ਦੇ ਦਰਸ਼ਨ ਕਰਕੇ ਆਨੰਦ ਪ੍ਰਸੰਨ ਹੋ ਗਿਆ॥੧੮॥

ਕਰਿ ਬੰਦਨ ਕੋ ਬੈਠਯੋ ਪਾਸ। ਕਹਿਯੋ ਗੁਰੂ ਕੁਛ ਠਾਂਨਤਿ ਹਾਸ।
'ਆਵਹੁ ਭਾਈ! ਬ੍ਰਿਧ ਬਯ ਮਾਂਹੀ। ਕਰਯੋ ਸਹੇਰਨਿ ਘਰ ਕੈ ਨਾਂਹੀ?॥੧੯॥

ਬੰਦਨਾ ਕਰਕੇ ਪਾਸ ਬੈਠ ਗਿਆ। ਗੁਰੂ ਜੀ ਨੇ ਕੁਝ ਹੱਸ ਕੇ ਕਿਹਾ, "ਆਵੋ ਭਾਈ ਜੀ! ਉਮਰ ਬਹੁਤ ਬ੍ਰਿਧ ਹੋ ਗਈ ਹੈ, ਵਿਆਹ ਕਰਵਾਇਆ ਹੈ ਕਿ ਨਹੀਂ?॥੧੯॥

ਨਿਰਬਲ ਅਬਿ ਸਰੀਰ ਹੁਇ ਗਯੋ। ਸਿੱਖੀ ਕੋ ਰਸ ਬਹੁ ਨਿਤ ਲਯੋ।
ਨੀਠ ਨੀਠ ਮਗ ਆਵਹੁ ਚਲੇ। ਅਬਿ ਭੀ ਤਪ ਮਹਿਂ ਚਿਤ ਹੈ ਭਲੇ॥੨੦॥

ਹੁਣ ਸਰੀਰ ਬਹੁਤ ਨਿਰਬਲ ਹੋ ਗਿਆ ਹੈ, ਸਿੱਖੀ ਦਾ ਰਸ ਨਿਤ ਬਹੁਤ ਲਿਆ ਹੈ। ਹੌਲੀ-ਹੌਲੀ ਰਾਹ ਵਿਚ ਚਲ ਕੇ ਆ ਗਏ ਹੋ, ਕੀ ਹੁਣ ਵੀ ਤਪ ਵਿਚ ਭਲੀ ਪ੍ਰਕਾਰ ਚਿੱਤ ਲੱਗਾ ਹੈ" ॥੨੦॥

ਸੁਨਿ ਕਰਿ ਜੋਰਤਿ ਭਗਤੂ ਭਾਖਾ। 'ਸਦਾ ਆਪ ਕੀ ਸਫਲਤਿ ਕਾਂਖਾ।
ਬਜਾਹ ਪੰਥ ਮਹਿਂ ਮੈਂ ਕਰਿ ਆਵਾ। ਬਨ ਤ੍ਰਿਣ ਆਦਿਕ ਸਭਿਨਿ ਸੁਨਾਵਾ॥੨੧॥

ਇਹ ਸੁਣ ਕੇ ਭਗਤੂ ਹੱਥ ਜੋੜ ਕੇ ਬੋਲਿਆ, "ਸਦਾ ਆਪ ਜੀ ਦੇ ਬਚਨਾਂ ਦੇ ਪੂਰੇ ਹੋਣ ਦੀ ਅਭਿਲਾਸ਼ਾ ਹੈ। ਮੈਂ ਰਾਹ ਦੇ ਵਿਚ ਹੀ ਵਿਆਹ ਕਰਵਾ ਆਇਆ ਹਾਂ ਤੇ ਘਾਹ ਫੂਸ ਆਦਿ ਸਭ ਨੂੰ ਸੁਣਾ ਕੇ ਕਹਿ ਦਿੱਤਾ ਹੈ" ॥੨੧॥

ਸੁਨਿ ਕੈ ਹਸੇ ਅਧਿਕ ਗੁਰ ਪੂਰੇ। 'ਭਗਤੂ ਸਿੱਖ ਮਹਾਂ ਗੁਨ ਰੂਰੇ।
ਸਿੱਖੀ ਕੇਰਿ ਮ੍ਰਿਜਾਦਾ ਰਾਖਹੁ। ਗੁਰ ਘਰ ਕੇ ਮੁਖਿ, ਜਸੁ ਅਭਿਲਾਖਹੁ' ॥੨੨॥

ਇਹ ਸੁਣ ਕੇ ਪੂਰਨ ਗੁਰੂ ਜੀ ਬਹੁਤ ਹੱਸੇ, "ਭਗਤੂ ਸੁੰਦਰ ਮਹਾਨ ਗੁਣਾਂ ਵਾਲਾ ਸਿੱਖ ਹੈ। ਸਿੱਖੀ ਦੀ ਮਰਯਾਦਾ ਨੂੰ ਰੱਖਦਾ ਹੈ ਤੇ ਮੁਖ ਤੋਂ ਗੁਰੂ ਘਰ ਦੇ ਜਸ ਦਾ ਅਭਿਲਾਸ਼ੀ ਹੈ" ॥੨੨॥

ਪੁਨ ਮੇਲਾ ਬੈਸਾਖੀ ਕੇਰਾ। ਆਇ ਮਿਲਯੋ ਗੁਰ ਨਿਕਟਿ ਘਨੇਰਾ।
ਅਨਿਕ ਅਕੋਰਨ ਲਗੇ ਅੰਬਾਰਾ। ਦਰਸ਼ਨ ਕਰਹਿਂ ਲਹੇ ਸੁਖਸਾਰਾ॥੨੩॥

ਫਿਰ ਵੈਸਾਖੀ ਦਾ ਮੇਲਾ ਆ ਗਿਆ ਤੇ ਬਹੁਤ ਸਿੱਖ ਸੰਗਤ ਗੁਰੂ ਜੀ ਨੂੰ ਆ ਕੇ ਮਿਲੀ। ਅਨੇਕਾਂ ਪ੍ਰਕਾਰ ਦੇ ਉਪਹਾਰਾਂ ਦਾ ਢੇਰ ਲੱਗ ਗਿਆ ਤੇ ਸਾਰੇ ਦਰਸ਼ਨ ਕਰਕੇ ਸੁਖ ਪ੍ਰਾਪਤ ਕਰਦੇ ਸਨ॥੨੩॥

ਪੰਚ ਦਿਵਸ ਲਗਿ ਮੇਲਾ ਰਹਯੋ। ਸੁਖ ਸੋਂ ਸਤਿਗੁਰ ਦਰਸ਼ਨ ਲਹਯੋ॥
ਨਿਜ ਨਿਜ ਸਦਨ ਗਏ ਪੁਨ ਸਾਰੇ। ਪਾਇ ਕਾਮਨਾ ਸੁਜਸੁ ਉਚਾਰੇ॥੨੪॥

ਪੰਜ ਦਿਨ ਤਕ ਮੇਲਾ ਲੱਗਾ ਰਿਹਾ ਤੇ ਸੁਖ ਨਾਲ ਸਤਿਗੁਰੂ ਜੀ ਦੇ ਦਰਸ਼ਨ ਕਰਦੇ ਸਨ। ਫਿਰ ਸਾਰੇ ਆਪਣੇ ਆਪਣੇ ਘਰੀਂ ਚਲੇ ਗਏ ਤੇ ਕਾਮਨਾਵਾਂ ਪ੍ਰਾਪਤ ਕਰਕੇ ਸ੍ਰੇਸ਼ਟ ਜਸ ਉਚਾਰਨ ਕਰਦੇ ਸਨ॥੨੪॥

ਜਾਨਿ ਅੰਤ ਤਨ ਕੋ ਤਬਿ ਭਾਈ। ਪੁਰਿ ਕਰਤਾਰ ਰਹ੍ਯੋ ਸੁਖਦਾਈ।
ਕੇਤਿਕ ਦਿਨ ਮੈਂ ਪਰ ਕਰਿ ਰਹ੍ਯੋ। ਅਤੀਸਾਰ ਕੋ ਸੰਕਟ ਲਹ੍ਯੋ॥ ੨੫॥

ਤਦ ਭਾਈ ਭਗਤੂ ਨੇ ਆਪਣੇ ਸਰੀਰ ਦਾ ਅੰਤ ਨੇੜੇ ਜਾਣਕੇ, ਸੁਖਦਾਇਕ ਕਰਤਾਰਪੁਰ ਵਿਚ ਹੀ ਰਹਿ ਪਿਆ। ਕਈ ਦਿਨ ਲੰਮਾ ਪਿਆ ਰਿਹਾ ਤੇ ਦਸਤ ਲਗਣ ਕਰਕੇ ਬਹੁਤ ਦੁਖ ਪਾਇਆ॥੨੫॥

ਦੇਖਿ ਦੇਖਿ ਸਿਖ ਉਰ ਬਿਸਮਾਏ। ਇਨਹੁ ਕਸ਼ਟ ਕਯੋਂ ਦੀਰਘ ਪਾਏ।
ਜਿਨ ਕੇ ਸਿੱਖ ਸੈਂਕਰੇ ਅਹੈਂ। ਹਿਤ ਪਰਲੋਕ ਭਰੋਸੇ ਰਹੈਂ॥ ੨੬॥

ਵੇਖ-ਵੇਖ ਕੇ ਸਿੱਖ ਹਿਰਦੇ ਵਿਚ ਬਹੁਤ ਹੈਰਾਨ ਹੁੰਦੇ ਸਨ, ਇਸ ਨੇ ਏਡਾ ਵੱਡਾ ਦੁਖ ਕਿਉਂ ਪਾਇਆ ਹੈ? ਜਿਨ੍ਹਾਂ ਦੇ ਆਪਣੇ ਹੀ ਸੈਂਕੜੇ ਸਿੱਖ ਹਨ, ਪਰਲੋਕ ਵਾਸਤੇ ਇਨ੍ਹਾਂ ਦੇ ਭਰੋਸੇ 'ਤੇ ਰਹਿੰਦੇ ਹਨ॥੨੬॥

ਇਮ ਬਿਚਾਰ ਕਰਿ ਕੇਤਿਕ ਮਿਲੇ। ਜਿਹ ਠਾਂ ਪਰੇ ਤਹਾਂ ਕੋ ਚਲੇ।
ਦੇਖਯੋ ਅਤੀਸਾਰ ਕੋ ਰੋਗ। ਦੁਰਬਲ ਦੇਹਿ ਰਹ੍ਯੋ ਦੁਖ ਭੋਗ॥ ੨੭॥

ਇਸ ਤਰ੍ਹਾਂ ਵਿਚਾਰ ਕੇ ਕਈ ਆ ਕੇ ਮਿਲੇ, ਜਿਸ ਥਾਂ ਪਿਆ ਸੀ, ਉਧਰ ਚਲੇ ਗਏ। ਵੇਖਿਆ ਦਸਤਾਂ ਦਾ ਰੋਗ ਲੱਗਾ ਹੈ, ਬਹੁਤ ਦੁਰਬਲ ਸਰੀਰ ਸੀ ਤੇ ਦੁਖ ਭੋਗ ਰਿਹਾ ਸੀ॥੨੭॥

ਬੰਦਨ ਕਰਿ ਬੈਠੇ ਢਿਗ ਜਾਇ। ਬੂਝਨਿ ਲਗੇ ਹੋਇ ਸਮੁਦਾਇ।
'ਤੁਮ ਗੁਰ ਕੇ ਸਿਖ ਪੂਰਨ ਅਹੋ। ਅੰਤ ਸਮੇਂ ਕਿਮ ਬਡ ਦੁਖ ਲਹੋ?॥ ੨੮॥

ਬੰਦਨਾ ਕਰਕੇ ਪਾਸ ਜਾ ਕੇ ਬੈਠ ਗਏ, ਸਾਰੇ ਇਕੱਠੇ ਹੋ ਕੇ ਪੁੱਛਣ ਲੱਗੇ, "ਤੁਸੀਂ ਗੁਰੂ ਜੀ ਦੇ ਪੂਰਨ ਸਿੱਖ ਹੋ, ਅੰਤ ਸਮੇਂ ਕਿਉਂ ਵੱਡਾ ਦੁਖ ਪਾ ਰਹੇ ਹੋ?॥੨੮॥

ਸਿੱਖ ਹਜ਼ਾਰਹੁ ਰਾਵਰ ਕੇਰੇ। ਸੋ ਸਹਾਇਤਾ ਚਹੈਂ ਅਗੇਰੇ।
ਜੇ ਤੁਮ ਸਕੇ ਨ ਅਪਨਿ ਹਟਾਇ। ਕਿਮ ਦਾਸਨਿ ਕੇ ਬਨਹੁ ਸਹਾਇ?' ॥੨੯॥

ਆਪ ਜੀ ਦੇ ਹਜ਼ਾਰਾਂ ਸਿੱਖ ਹਨ, ਉਹ ਪਰਲੋਕ ਵਿਚ ਤੁਹਾਡੀ ਸਹਾਇਤਾ ਚਾਹੁੰਦੇ ਹਨ। ਜੇ ਤੁਸੀਂ ਆਪਣਾ ਦੁਖ ਨਾ ਹਟਾ ਸਕੇ ਤਾਂ ਫਿਰ ਸੇਵਕਾਂ ਦੀ ਕਿਵੇਂ ਸਹਾਇਤਾ ਕਰੋਗੇ?" ॥੨੯॥

ਸੁਨਿ ਭਾਈ ਭਗਤੂ ਤਬਿ ਕਹ੍ਯੋ। 'ਹਮ ਨੇ ਜਾਨਿ ਇਤੋ ਦੁਖ ਲਹ੍ਯੋ।
ਗੋਧਨ ਲੂਟ ਲੂਟ ਬਹੁ ਲ੍ਯਾਏ। ਹਮਰੇ ਸਿਖ ਬਿਰਾੜ ਸਮੁਦਾਏ॥ ੩੦॥

ਇਹ ਸੁਣ ਕੇ ਭਾਈ ਭਗਤੂ ਨੇ ਕਿਹਾ, "ਅਸੀਂ ਜਾਣ ਕੇ ਏਨਾ ਦੁੱਖ ਲਿਆ ਹੈ। ਗਊ ਰੂਪ ਧਨ ਬਹੁਤ ਲੁਟ ਲੁਟ ਲਿਆਂਦਾ ਹੈ। ਸਾਡੇ ਸਿੱਖ ਸਾਰੇ ਬਿਰਾੜ ਹਨ॥੩੦॥

ਤਿਨ ਧੇਨਨਿ ਕੋ ਦੁਗਧ ਬਿਸਾਲਾ। ਹਮ ਕੋ ਦੇਤਿ ਰਹੇ ਸਭਿ ਕਾਲਾ।
ਸੋ ਲੇਖਾ ਅਬਿ ਇਹਾਂ ਨਿਬੇਰੈਂ। ਲੈਕਰਿ ਗਮਨਹਿ ਨਾਹਿ ਅਗੇਰੈ॥ ੩੧॥

ਉਨ੍ਹਾਂ ਦੀਆਂ ਗਾਈਆਂ ਬਹੁਤ ਦੁੱਧ ਦਿੰਦੀਆਂ ਹਨ, ਉਹ ਹਰ ਸਮੇਂ ਸਾਨੂੰ ਬਹੁਤ ਦੁੱਧ ਦਿੰਦੇ ਰਹੇ ਹਨ। ਉਹ ਲੇਖਾ ਹੁਣ ਏਥੇ ਹੀ ਨਬੇੜਾਂਗੇ, ਅੱਗੇ ਲੈ ਕੇ ਨਹੀਂ ਜਾਵਾਂਗੇ॥੩੧॥

ਨਿਰਮਲ ਹੁਇ ਪਰਲੋਕ ਸਿਧਾਇਂ। ਨਿਜ ਸਿੱਖਨਿ ਕੇ ਬਨਹਿਂ ਸਹਾਇ'।
ਸੁਨਿ ਕੈ ਸਭਿਹਿਨਿ ਸੀਸ ਝੁਕਾਯੋ। 'ਭਾਈ ਭਗਤੂ ਧੰਨ' ਅਲਾਯੋ॥ ੩੨॥

ਨਿਰਮਲ ਹੋ ਕੇ ਪਰਲੋਕ ਜਾਵਾਂਗੇ ਤੇ ਆਪਣੇ ਸਿੱਖਾਂ ਦੀ ਸਹਾਇਤਾ ਕਰਾਂਗੇ।'' ਸਾਰਿਆਂ ਨੇ ਸੁਣ ਕੇ ਸਿਰ ਝੁਕਾਇਆ ਤੇ ਕਿਹਾ, ''ਭਾਈ ਭਗਤੂ ਧੰਨ ਹੈ''॥੩੨॥

ਇਮ ਕੇਤਿਕ ਦਿਨ ਦੁਖ ਕੋ ਪਾਇ। ਅਤੀਸਾਰ ਨਿਤ ਚਲਜੋ ਸੁ ਜਾਇ।
ਸਤਿਗੁਰ ਸਿਮਰਤਿ ਤਨ ਕੋ ਤਜਾਗਾ। ਗੁਰੂ ਰੂਪ ਹੋਯਹੁ ਬਡਭਾਗਾ॥ ੩੩॥

ਇਸ ਤਰ੍ਹਾਂ ਕਈ ਦਿਨ ਦੁਖ ਪਾਇਆ, ਦਸਤ ਸਦਾ ਚਲਦੇ ਜਾਂਦੇ ਸਨ। ਸਤਿਗੁਰੂ ਦਾ ਸਿਮਰਨ ਕਰਦਿਆਂ ਸਰੀਰ ਨੂੰ ਛੱਡਿਆ ਤੇ ਵੱਡੇ ਭਾਗਾਂ ਵਾਲਾ ਗੁਰੂ ਦਾ ਰੂਪ ਹੋ ਗਿਆ॥੩੩॥

ਸ੍ਰੀ ਹਰਿਰਾਇ ਸੁਨਤਿ ਚਲਿ ਆਏ। ਸੰਗਿ ਮਸੰਦ ਦਾਸ ਸਮੁਦਾਏ।
ਦਾਹਿ ਦੇਨਿ ਕੀ ਕੀਨਸਿ ਤਯਾਰੀ। ਰਚਜੋ ਬਿਬਾਨ ਲਾਇ ਧਨ ਭਾਰੀ॥੩੪॥

ਸ੍ਰੀ ਹਰਿਰਾਇ ਜੀ ਸੁਣ ਕੇ ਚਲ ਕੇ ਆਏ, ਨਾਲ ਬਹੁਤ ਮਸੰਦ ਅਤੇ ਸਿੱਖ ਸੇਵਕ ਸਨ। ਫਿਰ ਸਸਕਾਰ ਕਰਨ ਦੀ ਤਿਆਰੀ ਕੀਤੀ ਤੇ ਬਹੁਤ ਧਨ ਲਾ ਕੇ ਬਿਬਾਨ ਬਣਵਾਇਆ॥੩੪॥

ਨਗਨ ਚਰਨ ਤੇ ਸੰਗ ਸਿਧਾਰੇ। ਵਹਿਰ ਗਏ ਮਿਲਿਗੇ ਸਿਖ ਸਾਰੇ।
ਕਾਸ਼ਟ ਸੰਚੈ ਕਰਿ ਇਕ ਠਾਇ। ਦਿਯੋ ਚਿਖਾ ਪੁਰ ਪੁਨ ਪੌਢਾਇ॥ ੩੫॥

ਗੁਰੂ ਜੀ ਨੰਗੇ ਪੈਰੀਂ ਨਾਲ ਗਏ, ਬਾਹਰ ਜਾਣ ਤੇ ਸਾਰੇ ਸਿੱਖ ਮਿਲ ਗਏ। ਇਕ ਥਾਂ ਬਹੁਤ ਲਕੜਾਂ ਇਕੱਠੀਆਂ ਕੀਤੀਆਂ ਤੇ ਫਿਰ ਚਿਖਾ ਉੱਤੇ ਲਿਟਾ ਦਿੱਤਾ॥੩੫॥

ਭਏ ਤਯਾਰ ਲਾਂਬ ਕੇ ਹੇਤੁ। ਨਿਜ ਸਿਖ ਕੋ ਗੁਰ ਕ੍ਰਿਪਾ ਨਿਕੇਤ।
ਹਾਥ ਬੰਦਿ ਸਿਖ ਬ੍ਰਿੰਦ ਮਸੰਦ। ਕਰੈਂ ਹਟਾਵਨਿ, 'ਹੇ ਸੁਖਕੰਦ!॥ ੩੬॥

ਕਿਰਪਾ ਦਾ ਘਰ ਗੁਰੂ ਜੀ ਆਪਣੇ ਸਿੱਖ ਨੂੰ ਆਪ ਲਾਂਬੂ ਲਾਉਣ ਵਾਸਤੇ ਤਿਆਰ ਹੋ ਗਏ। ਹੱਥ ਜੋੜ ਕੇ ਕਈ ਮਸੰਦ ਅਤੇ ਸਿੱਖ ਗੁਰੂ ਜੀ ਨੂੰ ਹਟਾਉਣ ਲੱਗੇ, ਕਹਿਣ ਲੱਗੇ, ''ਹੇ ਸੁਖਾਂ ਦੇ ਮੇਘ!॥੩੬॥

ਕਰਹੁ ਅਪਰ ਕੋ ਹੁਕਮ ਕ੍ਰਿਪਾਲਾ। ਦੇ ਲਾਂਬੂ ਸਿਖ ਹੈ ਜੁ ਬਿਸਾਲਾ'।
ਸੁਨਿ ਗੁਰ ਕਹਜੋ 'ਉਚਿਤ ਹੈ ਹਮ ਕੋ। ਇਸ ਕੀ ਸੁਧਿ ਨਾਂਹਿਨ ਕੁਛ ਤੁਮ ਕੋ॥੩੭॥

ਹੇ ਕ੍ਰਿਪਾਲੂ! ਕਿਸੇ ਹੋਰ ਨੂੰ ਹੁਕਮ ਕਰੋ ਜਿਹੜਾ ਕਿ ਵੱਡਾ ਸਿੱਖ ਹੋਵੇ ਉਹ ਲਾਂਬੂ ਲਾਵੇ।'' ਇਹ ਸੁਣ ਕੇ ਗੁਰੂ ਜੀ ਨੇ ਕਿਹਾ, ''ਇਹ ਮੇਰੇ ਵਾਸਤੇ ਹੀ ਉਚਿਤ ਹੈ, ਇਸ ਬਾਰੇ ਤੁਹਾਨੂੰ ਕੋਈ ਜਾਣਕਾਰੀ ਨਹੀਂ ਹੈ॥੩੭॥

ਰਾਮ ਦਾਸ ਗੁਰ ਬਡੇ ਹਮਾਰੇ। ਤਿਨ ਕੋ ਅੰਸ਼ ਜਨਮ ਇਹ ਧਾਰੇ।
ਯਾਂਤੇ ਹਮ ਕੋ ਉਚਿਤ ਪਛਾਨੋ। ਲਾਂਬੂ ਦੇਨਿ ਭਲੇ ਮਨ ਮਾਨੋ'॥ ੩੮॥

ਸ੍ਰੀ ਰਾਮਦਾਸ ਜੀ ਸਾਡੇ ਵੱਡੇ ਗੁਰੂ ਹੋਏ ਹਨ, ਉਨ੍ਹਾਂ ਦੀ ਅੰਸ਼ ਤੋਂ ਹੀ ਇਨ੍ਹਾਂ ਨੇ ਜਨਮ ਲਿਆ ਹੈ। ਇਸ ਕਰਕੇ ਸਾਨੂੰ ਹੀ ਇਹ ਕਾਰਜ ਕਰਨ ਵਾਸਤੇ ਉਚਿਤ ਪਛਾਣੋ, ਲਾਂਬੂ ਲਾਉਣਾ ਆਪਣੇ ਮਨ ਵਿਚ ਭਲਾ ਮੰਨੋ''॥੩੮॥

ਇਮ ਕਹਿਕੈ ਸਤਿਗੁਰ ਹਿਤ ਧਰਜੋ। ਅਪਨੇ ਹਾਥ ਦਾਹੁ ਸੋ ਕਰਜੋ।
ਸਰਬ ਕ੍ਰਿਯਾ ਕਰਿ ਕੈ ਬਿਧਿ ਨਾਲ। ਕੀਨਿ ਸ਼ਨਾਨ ਕ੍ਰਿਪਾਲ ਕਿਲਾਲ॥੩੯॥

ਇਸ ਤਰ੍ਹਾਂ ਕਹਿ ਕੇ ਸਤਿਗੁਰੂ ਜੀ ਨੇ ਹਿੰਤ ਧਾਰਨ ਕੀਤਾ ਤੇ ਆਪਣੇ ਹੱਥਾਂ ਨਾਲ ਦਾਹ ਸੰਸਕਾਰ ਕੀਤਾ। ਵਿਧੀ ਅਨੁਸਾਰ ਸਾਰੀ ਕ੍ਰਿਆ ਕਰਕੇ, ਸਤਿਗੁਰੂ ਜੀ ਨੇ ਜਲ ਨਾਲ ਇਸ਼ਨਾਨ ਕੀਤਾ॥੩੯॥

ਸਨੇ ਸਨੇ ਚਲਿ ਨਿਜ ਥਲ ਆਏ। ਬੈਠਿ ਜਥੋਚਿਤ ਸਿਖ ਸਮੁਦਾਏ।
ਸੁਜਸੁ ਕਹ੍ਯੋ ਸ੍ਰੀ ਮੁਖ ਤੇ ਆਪ। ਜਿਨ ਕੇ ਨਾਮ ਲੇਤਿ ਹਤਿ ਪਾਪ॥ ੪੦॥

ਹੌਲੀ-ਹੌਲੀ ਚਲ ਕੇ ਆਪਣੇ ਸਥਾਨ ਵਿਖੇ ਆ ਗਏ ਤੇ ਸਿੱਖ ਸੰਗਤ ਆਪਣੀ ਮਰਜੀ ਅਨੁਸਾਰ ਬੈਠ ਗਈ। ਸ੍ਰੀ ਗੁਰੂ ਜੀ ਨੇ ਆਪਣੇ ਮੁਖ ਤੋਂ ਭਾਈ ਭਗਤੂ ਦਾ ਸ੍ਰੇਸ਼ਟ ਜਸ ਉਚਾਰਨ ਕੀਤਾ, ਜਿਸ ਦਾ ਨਾਮ ਲੈਣ ਨਾਲ ਹੀ ਪਾਪ ਨਾਸ਼ ਹੋ ਜਾਂਦੇ ਹਨ॥੪੦॥

ਇਮ ਕੇਤਿਕ ਦਿਨ ਪੁਰਿ ਕਰਤਾਰ। ਸ੍ਰੀ ਹਰਿਰਾਇ ਬਸੇ ਮਦ ਧਾਰਿ।
ਬਹੁਰ ਕੂਚ ਕੀਨੋ ਨਿਜ ਡੇਰਾ। ਜੰਗਲ ਦੇਸ਼ ਚਹਤਿ ਚਿਤ ਹੇਰਾ॥ ੪੧॥

ਇਸ ਤਰ੍ਹਾਂ ਸ੍ਰੀ ਗੁਰੂ ਹਰਿਰਾਇ ਜੀ ਪ੍ਰਸੰਨਤਾ ਧਾਰ ਕੇ ਕਈ ਦਿਨ ਕਰਤਾਰਪੁਰ ਵਿਚ ਠਹਿਰੇ। ਫਿਰ ਨਿਜ ਡੇਰੇ ਨੂੰ ਕੂਚ ਕਰਵਾਇਆ। ਸਤਿਗੁਰੂ ਜੀ ਚਿਤ ਵਿਚ ਮਾਲਵੇ ਦੇਸ਼ ਨੂੰ ਵੇਖਣਾ ਚਾਹੁੰਦੇ ਸਨ॥੪੧॥

ਧੌਂਸਾ ਧੁੰਕਾਰਤਿ ਚਲਿ ਆਗੇ। ਸਾਥ ਮਸੰਦ ਸਿੱਖ ਬਡਭਾਗੇ।
ਦ੍ਵੈ ਹਜ਼ਾਰ ਦੋ ਸੈ ਭਟ ਸੰਗ। ਚਢਿ ਕਰਿ ਚੰਚਲ ਚਲਹਿਂ ਤੁਰੰਗ॥ ੪੨॥

ਨਗਾਰੇ ਵਜਾਉਂਦੇ ਅੱਗੇ ਚਲ ਪਏ, ਨਾਲ ਮਸੰਦ ਅਤੇ ਵੱਡੇ ਭਾਗਾਂ ਵਾਲੇ ਸਿੱਖ ਵੀ ਸਨ। ਬਾਈ ਸੌ ਸੂਰਮੇ ਨਾਲ ਸਨ ਜਿਹੜੇ ਚੰਚਲ ਘੋੜਿਆਂ 'ਤੇ ਚੜ੍ਹ ਕੇ ਚਲ ਪਏ॥੪੨॥

ਉਡਹਿ ਧੂਲ ਛਾਦਹਿ ਅਸਮਾਨ। ਹੋਤਿ ਹਿਰੇਖਾ ਹਯਨਿ ਮਹਾਨ।
ਗ੍ਰਾਮ ਮੁਕੰਦ ਪੁਰਾ ਇਕ ਥਾਨ। ਸਨੇ ਸਨੇ ਤਹਿਂ ਉਤਰੇ ਆਨਿ॥ ੪੩॥

ਧੂੜ ਉੱਡਦੀ ਸੀ ਜਿਸ ਨੇ ਅਸਮਾਨ ਨੂੰ ਢੱਕ ਲਿਆ ਸੀ ਤੇ ਘੋੜੇ ਬਹੁਤ ਪ੍ਰਸੰਨ ਹੋ ਰਹੇ ਸਨ। ਇਕ ਪਿੰਡ ਮੁਕੰਦਪੁਰਾ ਸੀ, ਹੌਲੀ-ਹੌਲੀ ਉਥੇ ਆ ਉਤਾਰਾ ਕੀਤਾ॥੪੩॥

ਦਿਨ ਕੇਤਿਕ ਰਹਿ ਤਹਾਂ ਬਿਤਾਏ। ਗਾਡੇ ਕਿਲਕ ਬਿਰਛ ਹੁਇ ਆਏ।
ਅਬਿ ਲੌ ਤਹਾਂ ਖਰੀ ਤਰੁ ਬਨੀ। ਹਮ ਨੇ ਕਰੀ ਨਿਹਾਰਨਿ ਘਨੀ॥ ੪੪॥

ਕਈ ਦਿਨ ਉਥੇ ਰਹਿ ਕੇ ਬਤੀਤ ਕੀਤੇ। ਜਿਹੜੇ ਕਿੱਲੇ ਗੱਡੇ ਸਨ ਉਹ ਬਿਰਛ ਬਣ ਗਏ ਹਨ, ਬ੍ਰਿਛਾਂ ਦੀ ਮਾਨੋਂ ਵਾੜੀ ਹੁਣ ਤਕ ਖੜੀ ਹੈ। ਇਹ ਸੰਘਣੀ ਵਾੜੀ ਕਵੀ ਜੀ ਨੇ ਆਪਣੀਆਂ ਅੱਖਾਂ ਨਾਲ ਵੇਖੀ ਹੈ॥੪੪॥

ਕੂਚ ਕਰ੍ਯੋ ਤਹਿਂ ਤੇ ਚਢਿ ਚਲੇ। ਸਤੁਦ੍ਰਵ ਸਲਿਤਾ ਉਤਰੇ ਭਲੇ।
ਦੱਖਣ ਦਿਸ਼ਾ ਕਰੇ ਮੁਖ ਆਏ। ਜਿਤਹੁਂ ਪਿਤਾਮਾ ਜੰਗ ਮਚਾਏ॥ ੪੫॥

ਕੂਚ ਕਰਕੇ ਉਥੋਂ ਚੜ੍ਹ ਕੇ ਚਲ ਪਏ ਤੇ ਸਤਿਲੁਜ ਨਦੀ ਦੇ ਕਿਨਾਰੇ ਜਾ ਕੇ ਭਲੀ ਪ੍ਰਕਾਰ ਉਤਾਰਾ ਕਰ ਲਿਆ। ਫਿਰ ਦੱਖਣ ਵਾਲੇ ਪਾਸੇ ਮੂੰਹ ਕਰ ਲਿਆ, ਜਿਥੇ ਪਿਤਾਮਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਜੰਗ ਮਚਾਈ ਸੀ॥੪੫॥

ਦਸਵੀਂ ਰਾਸ ਦਾ ਚੌਥਾ ਅਧਿਆਇ ਸਮਾਪਤ ਹੋਇਆ॥੪॥

❖❖❖

# ਅਧਿਆਇ ਪੰਜਵਾਂ

## ਕੌੜੇ ਤੇ ਮਰਾਜ ਗੋਤ ਦੇ ਕਿਸਾਨ

ਦੋਹਰਾ- ਜੰਗਲ ਦੇਸ਼ ਪ੍ਰਵੇਸ਼ ਭੇ ਸ੍ਰੀ ਸਤਿਗੁਰ ਹਰਿਰਾਇ।
ਰਾਹਕ ਕੌੜੇ ਜਹਿਂ ਬਸਹਿਂ ਮਿਲਿ ਭ੍ਰਾਤਾ ਸਮੁਦਾਇ॥ ੧॥

ਸ੍ਰੀ ਸਤਿਗੁਰੂ ਹਰਿਰਾਇ ਜੀ ਮਾਲਵੇ ਦੇਸ਼ ਵਿਚ ਪ੍ਰਵੇਸ਼ ਕਰ ਗਏ, ਜਿੱਥੇ ਕੌੜੇ ਗੋਤ ਦੇ ਕਿਸਾਨ ਭਰਾ ਸਾਰੇ ਮਿਲ ਕੇ ਵੱਸਦੇ ਸਨ॥੧॥

ਚੌਪਈ- ਤਹਾਂ ਜਾਇ ਕਰਿ ਕੀਨਸਿ ਡੇਰੇ। ਲਸ਼ਕਰ ਸੰਗ ਤੁਰੰਗ ਬਡੇਰੇ।
ਦੋਇ ਹਜ਼ਾਰ ਦੋਇ ਸੈ ਰਹੈਂ। ਬਲੀ ਸ਼ਸਤ੍ਰ ਧਾਰੀ ਭਟ ਅਹੈਂ॥ ੨॥

ਉਥੇ ਜਾ ਕੇ ਡੇਰਾ ਕਰ ਲਿਆ, ਨਾਲ ਲਸ਼ਕਰ ਅਤੇ ਵੱਡੇ-ਵੱਡੇ ਘੋੜੇ ਸਨ। ਬਾਈ ਸੌ ਘੋੜ ਸਵਾਰ ਉਨ੍ਹਾਂ ਦੇ ਨਾਲ ਰਹਿੰਦੇ ਸਨ, ਸ਼ਕਤੀਸ਼ਾਲੀ ਸ਼ਸਤਰਧਾਰੀ ਸੂਰਬੀਰ ਸਨ॥੨॥

ਗੁਰ ਆਗਵਨ ਦੇਸ਼ ਨਰ ਤਾਹੂ। ਸੇਵਾ ਹੇਤ ਆਇਗੇ ਪਾਹੂ।
ਪੂਰਬ ਸ੍ਰੀ ਹਰਿਗੋਬਿੰਦ ਆਏ। ਲਲਾਬੇਗ ਕੰਬਰ ਜਬਿ ਘਾਏ॥ ੩॥

ਉਸ ਦੇਸ਼ ਦੇ ਲੋਕਾਂ ਨੇ ਜਦ ਗੁਰੂ ਜੀ ਦੇ ਆਉਣ ਬਾਰੇ ਸੁਣਿਆ ਤਾਂ ਉਹ ਸੇਵਾ ਵਾਸਤੇ ਪਾਸ ਆ ਗਏ। ਪਹਿਲਾਂ ਏਥੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਆਏ ਸਨ, ਜਦ ਉਨ੍ਹਾਂ ਲਲਾਬੇਗ, ਕੰਬਰ ਬੇਗ ਆਦਿ ਨੂੰ ਮਾਰਿਆ ਸੀ॥੩॥

ਤਬਿ ਮੇਲਾ ਇਕ ਲਗਜੋ ਬਡੇਰਾ। ਸ੍ਰੀ ਗੁਰੁ ਗਮਨੇ ਹੁਤੇ ਅਖੇਰਾ।
ਸੁਨਤਿ ਕੁਲਾਹਲ ਤਿਤ ਦਿਸ਼ਿ ਆਏ। ਹਿਤ ਦਰਸ਼ਨ ਕੇ ਨਰ ਉਮਡਾਏ॥੪॥

ਜਦ ਗੁਰੂ ਹਰਿਗੋਬਿੰਦ ਜੀ ਜੰਗਲ ਵਿਚ ਸ਼ਿਕਾਰ ਖੇਡਣ ਗਏ ਤਦ ਇਕ ਬੜਾ ਭਾਰੀ ਮੇਲਾ ਲਗਿਆ ਹੋਇਆ ਸੀ। ਗੁਰੂ ਜੀ ਰੌਲਾ ਸੁਣ ਕੇ ਉਸ ਪਾਸੇ ਆਏ ਤੇ ਦਰਸ਼ਨ ਕਰਨ ਵਾਸਤੇ ਮਨੁੱਖ ਉਮੜ ਕੇ ਆ ਗਏ॥੪॥

ਹਾਥ ਜੋਰਿ ਬੰਦਨ ਬਹੁ ਕਰੈਂ। ਸ਼ਸਤ੍ਰ ਸਹਤ ਪਿਖਿ ਆਨੰਦ ਧਰੈਂ।
ਤਬਿ ਇਹ ਕੌੜੇ ਰਾਹਕ ਬ੍ਰਿੰਦ। ਕਰਹਿਂ ਮਾਲਕੀ ਵਧਹਿ ਬਿਲੰਦ॥ ੫॥

ਹੱਥ ਜੋੜ ਕੇ ਬੰਦਨਾ ਕਰਦੇ ਸਨ, ਸ਼ਸਤਰ ਸਹਿਤ ਵੇਖ ਕੇ ਬਹੁਤ ਅਨੰਦ ਧਾਰਨ ਕਰਦੇ ਸਨ। ਤਦ ਇਹ ਕੌੜੇ ਗੋਤ ਦੇ ਕਿਸਾਨ ਉਸ ਸਥਾਨ ਦੀ ਮਾਲਕੀ ਕਰਦੇ ਸਨ ਤੇ ਉਨ੍ਹਾਂ ਦੀ ਗਿਣਤੀ ਬਹੁਤ ਵਧੀ ਹੋਈ ਸੀ॥੫॥

ਕੁਲ ਕੇ ਭ੍ਰਾਤ ਮਿਲਹਿਂ ਸਮੁਦਾਇ। ਸਭਿ ਪਰਿ ਅਪਨੋ ਹੁਕਮ ਚਲਾਇਂ।
ਮੇਲੇ ਬਿਖੈ ਓਜ ਦਿਖਰਾਵਤਿ। ਨਿਜ ਮਰਜ਼ੀ ਅਨੁਸਾਰਿ ਚਲਾਵਤਿ॥ ੬॥

ਕੌੜੇ ਕੁਲ ਦੇ ਸਾਰੇ ਭਰਾ ਮਿਲ ਕੇ ਸਾਰਿਆਂ ਉਤੇ ਆਪਣਾ ਹੁਕਮ ਚਲਾਉਂਦੇ ਸਨ। ਮੇਲੇ ਵਿਚ ਬੜੀ ਸ਼ਕਤੀ ਵਿਖਾਉਂਦੇ ਸਨ ਤੇ ਸਾਰਾ ਮੇਲਾ ਆਪਣੀ ਮਰਜ਼ੀ ਅਨੁਸਾਰ ਚਲਾਉਂਦੇ ਸਨ॥੬॥

ਸੇ ਭੀ ਲਖਿ ਕਰਿ ਗੁਰ ਢਿਗ ਆਏ। ਹਾਥ ਜੋਰਿ ਸਭਿ ਸੀਸ ਨਿਵਾਏ।
ਹਿਤ ਦਰਸ਼ਨ ਕੇ ਖਰੇ ਅਗਾਰੀ। ਹੁਤੇ ਬ੍ਰਿੰਦ ਅਰੁ ਆਯੁਧਧਾਰੀ॥ ੭॥

ਉਹ ਵੀ ਵੇਖ ਕੇ ਗੁਰੂ ਜੀ ਪਾਸ ਆਏ, ਹੱਥ ਜੋੜ ਕੇ ਸਭ ਨੇ ਸਿਰ ਨਿਵਾਏ। ਦਰਸ਼ਨਾਂ ਵਾਸਤੇ ਅੱਗੇ ਖਲੋ ਗਏ, ਸਾਰੇ ਵੱਡੀ ਗਿਣਤੀ ਵਿਚ ਸਨ ਤੇ ਸਾਰਿਆਂ ਨੇ ਸ਼ਸਤਰ ਧਾਰਨ ਕੀਤੇ ਹੋਏ ਸਨ॥੭॥

ਤਿਨ ਕੀ ਦਿਸ਼ਾ ਬਿਲੋਕ ਗੁਸਾਈਂ। ਜੋ ਸਮੁਦਾਇ ਖਰੇ ਅਗੁਵਾਈ।
'ਕਿਸ ਕੋ ਇਸ ਥਲ ਮਹਿ ਲਗਿ ਮੇਲਾ ?। ਕਿਸ ਕਾਰਨ ਤੇ ਭਯੋ ਸਕੇਲਾ ?' ॥੮॥

ਜਿਹੜੇ ਇਕੱਠੇ ਹੋ ਕੇ ਅੱਗੇ ਖੜੇ ਸਨ, ਗੁਰੂ ਹਰਿਗੋਬਿੰਦ ਜੀ ਨੇ ਉਨ੍ਹਾਂ ਵੱਲ ਵੇਖ ਕੇ ਪੁੱਛਿਆ, "ਇਸ ਸਥਾਨ 'ਤੇ ਕਿਸ ਦਾ ਮੇਲਾ ਲੱਗਦਾ ਹੈ ? ਕਿਸ ਕਾਰਨ ਏਨਾ ਇਕੱਠ ਜਮਾਂ ਹੋਇਆ ਹੈ ?"॥੮॥

ਸੁਨਿ ਕਰਿ ਬੋਲੇ ਰਾਹਕ ਕੌਰੇ। 'ਹਮਰੋ ਬਡੋ ਭਯੋ ਇਸ ਠੌਰੇ।
ਬਰਕਤਵੰਤਿ ਪ੍ਰਤਾਪ ਬਿਸਾਲਾ। ਚਿਤ ਬਾਂਛਤਿ ਕੋ ਦੇ ਸਭਿ ਕਾਲਾ॥ ੯॥

ਇਹ ਸੁਣ ਕੇ ਕੋੜੇ ਕਿਸਾਨ ਬੋਲੇ, "ਇਸ ਥਾਂ ਸਾਡਾ ਵਡੇਰਾ ਹੋਇਆ ਹੈ, ਉਹ ਵੱਡੀ ਬਰਕਤ ਵਾਲਾ ਹੈ ਤੇ ਉਸ ਦਾ ਵਿਸ਼ਾਲ ਪ੍ਰਤਾਪ ਹੈ। ਹਰ ਸਮੇਂ ਮੂੰਹ ਮੰਗੀਆਂ ਮੁਰਾਦਾਂ ਦਿੰਦਾ ਹੈ॥੯॥

ਤਿਸ ਕੋ ਇਹ ਮੇਲਾ ਲਗਿ ਭਾਰੀ। ਮਿਲੈਂ ਆਨਿ ਕਰਿ ਜੋ ਨਰ ਨਾਰੀ।
ਸਭਿ ਕੀ ਅਰਜ਼ ਸੁਨਹਿ ਅਰੁ ਦੇਤਿ। ਨਰ ਤੇ ਅਪਨਿ ਉਪਾਇਨ ਲੇਤਿ' ॥੧੦॥

ਉਸ ਦਾ ਹੀ ਇਹ ਭਾਰੀ ਮੇਲਾ ਲੱਗਦਾ ਹੈ, ਜਿਹੜਾ ਵੀ ਇਸਤਰੀ ਪੁਰਸ਼ ਆ ਕੇ ਮਿਲਦਾ ਹੈ, ਸਾਰਿਆਂ ਦੀ ਬੇਨਤੀ ਸੁਣਦਾ ਹੈ ਅਤੇ ਦਾਤਾਂ ਦਿੰਦਾ ਹੈ ਤੇ ਮਨੁੱਖਾਂ ਪਾਸੋਂ ਆਪਣਾ ਉਪਹਾਰ ਲੈਂਦਾ ਹੈ" ॥੧੦॥

ਇਮ ਜਬਿ ਬੋਲੇ ਸਹਤ ਬਡਾਈ। ਸ੍ਰੀ ਮੁਖ ਤੇ ਮੁਸਕਾਇ ਗੁਸਾਈਂ।
ਬੂਝੇ ਬਹੁਰ 'ਕਹਾਂ ਅਬਿ ਸੋਈ ? ਜਿਸ ਤੇ ਬਾਂਛਤਿ ਲੇ ਸਭਿ ਕੋਈ॥ ੧੧॥

ਇਸ ਤਰ੍ਹਾਂ ਜਦ ਵਡਿਆਈ ਸਹਿਤ ਬੋਲੇ ਤਾਂ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਜੀ ਮੁਸਕਰਾਏ। ਫਿਰ ਪੁੱਛਿਆ, "ਹੁਣ ਉਹ ਕਿਥੇ ਹੈ ? ਜਿਸ ਪਾਸੋਂ ਲੋਕ ਮੂੰਹ ਮੰਗੀਆਂ ਮੁਰਾਦਾਂ ਪਾਉਂਦੇ ਹਨ॥੧੧॥

ਕਿਤ ਬੈਠਯੋ ਸੋ ਬਡੋ ਤੁਮਾਰਾ ?। ਲੇਤਿ ਸਭਿਨਿ ਤੇ ਜਥਾ ਉਚਾਰਾ'।
ਸੁਨਿ ਰਾਹਕ ਕੋਰੇ ਪੁਨ ਕਹੈਂ। 'ਸਭਿ ਮੇਲੇ ਮਹਿਂ ਪੂਰਨ ਅਹੈ॥ ੧੨॥

ਹੁਣ ਤੁਹਾਡਾ ਵਡੇਰਾ ਕਿਥੇ ਬੈਠਿਆ ਹੈ, ਜਿਹੜਾ ਉਚਾਰਨ ਅਨੁਸਾਰ ਸਭ ਪਾਸੋਂ ਭੇਟਾਵਾਂ ਲੈਂਦਾ ਹੈ ?" ਇਹ ਸੁਣ ਕੇ ਕੋੜੇ ਗੋਤ ਦੇ ਕਿਸਾਨਾਂ ਨੇ ਫਿਰ ਕਿਹਾ, "ਸਾਰੇ ਮੇਲੇ ਵਿਚ ਪੂਰਨ ਰੂਪ ਵਿਚ ਮਿਲਿਆ ਹੋਇਆ ਹੈ॥੧੨॥

ਜਹਿਂ ਕਹਿਂ ਸਭਿਨਿ ਕਾਮਨਾਂ ਦੇਤਿ। ਤਿਸ ਹਿਤ ਬੰਦਤਿ ਸੋ ਨਿਜ ਲੇਤਿ।
ਨਿਜ ਪ੍ਰਭਾਵ ਤੇ ਰਹਯੋ ਸਮਾਇ। ਮਾਨਵ ਮਿਲੇ ਅਧਿਕ ਗੁਨ ਗਾਇਂ' ॥੧੩॥

ਜਿਥੇ ਕਿਥੇ ਸਭ ਦੀਆਂ ਕਾਮਨਾਵਾਂ ਪੂਰੀਆਂ ਕਰਦਾ ਹੈ। ਉਸਨੂੰ ਜਿਹੜਾ ਵੀ ਹਿਤ ਨਾਲ ਬੰਦਨਾਂ ਕਰਦਾ ਹੈ, ਉਹ ਉਸ ਤੋਂ ਆਪਣੀ ਕਾਮਨਾ ਪ੍ਰਾਪਤ ਕਰ ਲੈਂਦਾ ਹੈ। ਆਪਣੇ ਪ੍ਰਭਾਵ ਨਾਲ ਸਾਰੇ ਪਾਸੇ ਸਮਾ ਰਿਹਾ ਹੈ ਤੇ ਮਨੁੱਖ ਮਿਲ ਕੇ ਬਹੁਤ ਗੁਣ ਗਾਉਂਦੇ ਹਨ"॥੧੩॥

ਸ੍ਰੀ ਹਰਿਗੋਬਿੰਦ ਚਤੁਰ ਸੁਜਾਨਾ। ਗਨ ਰਾਹਕ ਕੋ ਮੂਰਖ ਜਾਨਾ।
ਤਿਨ ਸਭਿ ਮਹਿਂ ਜੋ ਨਰ ਪਰਧਾਨਾ। ਅੱਗ੍ਰ ਖਰੋ ਪਿਖਿ ਬਾਕ ਬਖਾਨਾ॥ ੧੪॥

ਸ੍ਰੀ ਹਰਿਗੋਬਿੰਦ ਜੀ ਬੜੇ ਚਤੁਰ ਅਤੇ ਗਿਆਨਵਾਨ ਸਨ, ਉਨ੍ਹਾਂ ਨੇ ਉਨ੍ਹਾਂ ਕਿਸਾਨਾਂ ਨੂੰ ਮੂਰਖ ਜਾਣਿਆ। ਉਨ੍ਹਾਂ ਵਿਚ ਜਿਹੜਾ ਪਰਧਾਨ ਮਨੁੱਖ ਸੀ, ਉਹ ਗੁਰੂ ਜੀ ਦੇ ਅੱਗੇ ਖੜਾ ਸੀ, ਉਸ ਨੂੰ ਗੁਰੂ ਜੀ ਨੇ ਕਿਹਾ॥੧੪॥

'ਮੂੰਦ ਬਿਲੋਚਨ ਰਿਦੇ ਜਨਾਵੈਂ। ਅਬਹਿ ਤਾਂਹਿ ਕੋ ਤੋਹਿ ਦਿਖਾਵੈਂ।
ਦੇਖਿ ਲੀਜਿਯਹਿ ਅਪਨਿ ਵਡੇਰਾ। ਜੋ ਮੇਲੇ ਮਹਿਂ ਰਮਜੋ ਜਿਠੇਰਾ ॥ ੧੫ ॥

"ਅੱਖਾਂ ਬੰਦ ਕਰਕੇ ਹਿਰਦੇ ਵਿਚ ਝਾਤੀ ਮਾਰੋ, ਹੁਣ ਤੁਹਾਨੂੰ ਤੁਹਾਡਾ ਵਡੇਰਾ ਵਿਖਾਉਂਦੇ ਹਾਂ ਤੇ ਤੁਸੀਂ ਆਪਣਾ ਵਡੇਰਾ ਵੇਖ ਲਵੋ, ਜਿਹੜਾ ਤੁਹਾਡਾ ਜਠੇਰਾ ਮੇਲੇ ਵਿਚ ਰਮ ਰਿਹਾ ਹੈ"॥੧੫॥

ਮਾਨਿ ਬੈਨ ਕੋ ਮੂੰਦੇ ਨੈਨ। ਛਟੀ ਜੁ ਕਰ ਮਹਿਂ ਕਰੁਣਾ ਐਨ।
ਜਬਿ ਤਿਸ ਕੇ ਸਿਰ ਧਾਰਨ ਕਰੀ। ਅਪਨਿ ਬਡੇ ਕੀ ਸੋਝੀ ਪਰੀ॥ ੧੬ ॥

ਉਸ ਕੌੜੇ ਨੇ ਗੁਰੂ ਜੀ ਦੇ ਬਚਨ ਮੰਨ ਕੇ ਅੱਖਾਂ ਬੰਦ ਕਰ ਲਈਆਂ, ਜਿਹੜੀ ਹੱਥ ਵਿਚ ਸੋਟੀ ਸੀ ਉਹ ਕਿਰਪਾ ਦੇ ਘਰ ਭਾਵ ਗੁਰੂ ਹਰਿਗੋਬਿੰਦ ਜੀ ਨੇ ਜਦ ਉਸ ਦੇ ਸਿਰ 'ਤੇ ਰੱਖੀ ਤਾਂ ਉਸ ਨੂੰ ਆਪਣੇ ਵੱਡੇ ਦੀ ਸੋਝੀ ਹੋ ਗਈ॥੧੬॥

ਅਨਿਕ ਜਨਮ ਧਰਿ ਮਰਿ ਮਰਿ ਗਯੋ। ਅਬਿ ਤਨ ਕਾਕ ਪਹਾਰੀ ਭਯੋ।
ਇਕ ਊਚੀ ਰੋਰੀ ਪਰ ਸੋਇ। ਰਹਯੋ ਬੈਠਿ ਸੁਧ ਜਾਂਹਿ ਨ ਕੋਇ॥ ੧੭ ॥

ਅਨੇਕਾਂ ਜਨਮ ਧਾਰ-ਧਾਰ ਕੇ ਮਰ ਗਿਆ ਸੀ, ਹੁਣ ਪਹਾੜੀ ਕਾਂ ਦਾ ਸਰੀਰ ਧਾਰਨ ਕੀਤਾ ਸੀ ਤੇ ਉੱਚੀ ਰੋੜੀ 'ਤੇ ਬੈਠਾ ਸੀ, ਜਿਸ ਨੂੰ ਹੁਣ ਕੋਈ ਵੀ ਸੋਝੀ ਨਹੀਂ ਸੀ॥੧੭॥

ਅਬਿ ਐਸੀ ਸੁਧ ਉਰ ਹੁਇ ਆਈ। ਪੁਨ ਬੂਝਨਿ ਕੀਨਿਸਿ ਗੋਸਾਈਂ।
'ਕਹੁ ਅਬਿ ਕਿਸ ਥਲ ਤੋਹਿ ਬਡੇਰੋ ? ਸਭਿਨਿ ਸੁਨਾਉ ਜਥਾ ਬਿਧਿ ਹੇਰੋ' ॥੧੮॥

ਜਦ ਉਸ ਕੌੜੇ ਕਿਸਾਨ ਨੂੰ ਐਸੀ ਸੋਝੀ ਹੋ ਗਈ। ਤਾਂ ਗੁਰੂ ਜੀ ਨੇ ਉਸ ਨੂੰ ਪੁੱਛਿਆ, "ਦੱਸੋ, ਹੁਣ ਤੁਹਾਡਾ ਵਡੇਰਾ ਕਿਥੇ ਹੈ ? ਜਿਸ ਤਰ੍ਹਾਂ ਵੇਖਿਆ ਹੈ, ਉਸ ਤਰ੍ਹਾਂ ਹੀ ਸਭ ਕੁਝ ਸੁਣਾਓ"॥੧੮॥

ਸੁਨਿ ਸਤਿਗੁਰ ਤੇ ਤਾਂਹਿ ਬਤਾਯੋ। 'ਹਮਰੇ ਬਡੇ ਕਾਕ ਤਨ ਪਾਯੋ।
ਊਚੀ ਰੋੜੀ ਪਰ ਅਬਿ ਬੈਸਾ। ਅਹੈ ਪਹਾਰੀ ਬਾਇਸ ਜੈਸਾ'॥ ੧੯ ॥

ਸਤਿਗੁਰੂ ਜੀ ਪਾਸੋਂ ਸੁਣ ਕੇ ਉਸ ਦੱਸਿਆ, "ਸਾਡੇ ਵਡੇਰੇ ਨੇ ਹੁਣ ਕਾਂ ਦਾ ਸਰੀਰ ਪਾਇਆ ਹੈ, ਉੱਚੀ ਰੋੜੀ ਉੱਤੇ ਹੁਣ ਬੈਠਾ ਹੈ ਤੇ ਪਹਾੜੀ ਕਾਂ ਵਰਗਾ ਹੈ"॥੧੯॥

ਪੁਨ ਗੁਰ ਬੂਝਯੋ 'ਇਸ ਥਲ ਮੇਲਾ। ਕਹੁ ਕਿਸ ਕੋ ਬਡ ਭਯੋ ਸਕੇਲਾ ?'।
ਸੁਨਿ ਕੈ ਹਾਥ ਜੋਰਿ ਤਬਿ ਕਹੀ। 'ਭੇਡ ਚਾਲ ਲੋਕਨਿ ਕੀ ਲਹੀ॥ ੨੦ ॥

ਫਿਰ ਗੁਰੂ ਜੀ ਨੇ ਪੁੱਛਿਆ, "ਇਸ ਥਾਂ ਮੇਲਾ ਦੱਸੋ ਕਿਸ ਦਾ ਵਡੇਰਾ ਹੋਇਆ ਹੈ, ਜਿਸ ਵਾਸਤੇ ਇਕੱਠ ਹੋਇਆ ਹੈ ?" ਇਹ ਸੁਣ ਕੇ ਫਿਰ ਹੱਥ ਜੋੜ ਕੇ ਕਿਹਾ, "ਲੋਕਾਂ ਦੀ ਭੇਡ ਚਾਲ ਵੇਖੀ ਹੈ॥੨੦॥

ਜਿਤ ਦਿਸ਼ਿ ਏਕ ਭੇਡ ਚਲਿ ਜਾਇ। ਦੇਖਤਿ ਸਗਰੀ ਧਾਇ ਸਿਧਾਇਂ।
ਤਿਮ ਹੀ ਜਗ ਕੇ ਮੂਰਖ ਨਰ ਹੈਂ। ਪਿਖਿ ਚਲਿ ਜਾਇਂ,ਬਿਚਾਰ ਨ ਉਰ ਹੈ॥੨੧॥

ਜਿਸ ਪਾਸੇ ਇਕ ਭੇਡ ਚਲੀ ਜਾਵੇ, ਵੇਖਕੇ ਸਾਰੀਆਂ ਭੇਡਾਂ ਭੱਜ ਕੇ ਓਧਰ ਚਲੀਆਂ ਜਾਂਦੀਆਂ ਹਨ। ਉਸ ਤਰ੍ਹਾਂ ਹੀ ਜਗਤ ਦੇ ਮੂਰਖ ਮਨੁੱਖ ਹਨ, ਵੇਖ ਕੇ ਚਲੇ ਜਾਂਦੇ ਹਨ ਤੇ ਹਿਰਦੇ ਵਿਚ ਵਿਚਾਰਦੇ ਨਹੀਂ ਹਨ॥੨੧॥

ਦੇਖਾ ਦੇਖੀ ਸਭਿ ਚਲਿ ਆਏ। ਨਹਿਂ ਜਾਨਹਿਂ ਕਜਾ ਪਾਜ ਸਿਧਾਏਂ।
ਕਹਯੋ ਸਭਿਨਿ ਮਹਿਂ ਜਬਹਿ ਹਵਾਲ। ਭਏ ਅਚੰਭੇ ਰਿਦੇ ਬਿਸਾਲ॥ ੨੨ ॥

ਵੇਖਾ ਵੇਖੀ ਸਭ ਚਲ ਕੇ ਆ ਗਏ ਹਨ, ਇਹ ਨਹੀਂ ਜਾਣਦੇ ਜਾ ਕੇ ਕੀ ਪਾਵਾਂਗੇ।'' ਜਦ ਸਾਰੇ ਕੌੜਿਆਂ ਵਿਚ ਇਹ ਬ੍ਰਿਤਾਂਤ ਕਿਹਾ ਤੇ ਸਾਰੇ ਹਿਰਦੇ ਵਿਚ ਬਹੁਤ ਹੈਰਾਨ ਹੋਏ॥੨੨॥

'ਹਮ ਹੰਕਾਰ ਛੂਛ ਹੀ ਕਰਤੇ। ਸਤਿਗੁਰ ਪੁਰਖ ਸ਼ਕਤਿ ਸਭਿ ਧਰਤੇ।
ਜਿਨਹੁ ਬਡੇ ਕੋ ਜਨਮ ਦਿਖਾਯੋ। ਸਿਰ ਧਰ ਛਰੀ ਬ੍ਰਿਤੰਤ ਜਨਾਯੋ॥ ੨੩॥

''ਅਸੀਂ ਫੋਕਾ ਹੀ ਹੰਕਾਰ ਕਰਦੇ ਰਹੇ। ਸਤਿਗੁਰੂ ਪੁਰਖ ਸਭ ਸ਼ਕਤੀ ਧਾਰਨ ਕਰਦੇ ਹਨ, ਜਿਨ੍ਹਾਂ ਨੇ ਸਾਡੇ ਵਡੇਰੇ ਦੇ ਜਨਮ ਵਿਖਾ ਦਿੱਤੇ ਹਨ, ਸਿਰ 'ਤੇ ਸੋਟੀ ਰੱਖ ਸਾਰੇ ਬ੍ਰਿਤਾਂਤ ਤੋਂ ਜਾਣੂ ਕਰਵਾ ਦਿੱਤਾ ਹੈ''॥੨੩॥

ਮਹਿਮਾ ਅਧਿਕ ਗੁਰੂ ਕੀ ਜਾਨੀ। ਸ਼ਰਧਾ ਰਿਦੇ ਸਭਿਨਿ ਹੀ ਠਾਨੀ।
ਭੂਮ ਰਾਜ ਕੋ ਤਊ ਹੰਕਾਰ। ਮਨ ਮੈਂ ਰਾਖਯੋ, ਨਹਿੰ ਨਿਰਵਾਰਿ॥ ੨੪॥

ਗੁਰੂ ਹਰਿਗੋਬਿੰਦ ਸਾਹਿਬ ਦੀ ਵੱਡੀ ਮਹਿਮਾ ਜਾਣੀ ਤੇ ਸਾਰਿਆਂ ਨੇ ਹਿਰਦੇ ਵਿਚ ਸ਼ਰਧਾ ਧਾਰਨ ਕਰ ਲਈ। ਫਿਰ ਵੀ ਉਨ੍ਹਾਂ ਨੂੰ ਧਰਤੀ ਦੇ ਮਾਲਕ ਹੋਣ ਦਾ ਹੰਕਾਰ ਸੀ, ਉਸ ਨੂੰ ਉਨ੍ਹਾਂ ਨੇ ਮਨ ਵਿਚ ਰਖਿਆ, ਦੂਰ ਨਹੀਂ ਕੀਤਾ॥੨੪॥

ਸਤਿਗੁਰ ਕਰਿ ਅਖੇਰ ਗੇ ਡੇਰੇ। ਉਤਰਿ ਥਿਰੇ ਪ੍ਰਜੰਕ ਤਿਸ ਬੇਰੇ।
ਰਾਹਕ ਕੌਰੇ ਮਿਲਿ ਸਮੁਦਾਏ। ਗੁਰ ਮਹਿਮਾ ਲਖਿ ਕਰਿ ਮਨ ਭਾਏ॥ ੨੫॥

ਸਤਿਗੁਰੂ ਜੀ ਸ਼ਿਕਾਰ ਖੇਡ ਕੇ ਆਪਣੇ ਡੇਰੇ ਚਲੇ ਗਏ ਤੇ-ਉਸ ਸਮੇਂ ਉਤਰ ਕੇ ਆਪਣੇ ਪਲੰਘ ਤੇ ਲੇਟ ਗਏ। ਕੌੜੇ ਕਿਸਾਨ ਸਾਰੇ ਇਕੱਠੇ ਹੋਏ, ਗੁਰੂ ਜੀ ਦੀ ਮਹਿਮਾ ਸਮਝ ਕੇ ਉਨ੍ਹਾਂ ਦੇ ਮਨ ਨੂੰ ਚੰਗੀ ਲੱਗੀ॥੨੫॥

ਸਕਲ ਇਕੱਤ੍ਰ ਹੋਇ ਚਲਿ ਆਏ। ਸ੍ਰੀ ਹਰਿਗੋਬਿੰਦ ਜਹਾਂ ਸੁਹਾਏ।
ਕਰਿ ਕਰਿ ਬੰਦਨ ਨਿਕਟਿ ਖਿਰੇ ਹੈਂ। ਕੁਛਕ ਉਪਾਇਨ ਅੱਗ੍ਰ ਧਰੇ ਹੈਂ॥੨੬॥

ਸਾਰੇ ਇਕੱਠੇ ਹੋ ਕੇ ਚਲ ਕੇ ਆ ਗਏ, ਜਿੱਥੇ ਸ੍ਰੀ ਹਰਿਗੋਬਿੰਦ ਜੀ ਸ਼ੋਭ ਰਹੇ ਸਨ। ਬੰਦਨਾ ਕਰ ਕਰ ਪਾਸ ਖੜੇ ਹੋ ਗਏ, ਕੁਝ ਉਪਹਾਰ ਅੱਗੇ ਧਰੇ ਹਨ॥੨੬॥

ਭੂਮ ਮਾਲਕੀ ਅਪਨੀ ਜਾਨੈਂ। ਯਾਂਤੇ ਉਰ ਅਹੰਕਾਰ ਮਹਾਨੈ।
ਅੰਤਰਜਾਮੀ ਸਭਿ ਕਿਛੁ ਜਾਨੀ। ਭੂਤ ਭਵਿੱਖਜਤ ਜਿਮ ਕਿਨ ਠਾਨੀ॥੨੭॥

ਆਪਣੇ ਆਪ ਨੂੰ ਧਰਤੀ ਦਾ ਮਾਲਕ ਜਾਣਦੇ ਸਨ, ਇਸ ਕਰਕੇ ਹਿਰਦੇ ਵਿਚ ਬਹੁਤ ਹੰਕਾਰ ਸੀ। ਅੰਤਰਜਾਮੀ ਗੁਰੂ ਜੀ ਨੇ ਸਭ ਕੁਝ ਜਾਣ ਲਿਆ, ਭੂਤ ਭਵਿੱਖ ਜਿਵੇਂ ਵੀ ਕਿਸੇ ਨੇ ਧਾਰਨ ਕੀਤੀ ਹੋਈ ਸੀ॥੨੭॥

ਹਾਥ ਜੋਰਿ ਸਭਿ ਰਾਹਕ ਕਹੈਂ। 'ਮਹਾਂ ਸ਼ਕਤਿ ਧਰਿ ਰਾਵਰ ਅਹੈਂ।
ਸਿੱਖ ਆਪਨੇ ਹਮੈ ਬਨਾਵਹੁ। ਦੇ ਉਪਦੇਸ਼ ਸੁ ਪਥ ਚਲਾਵਹੁ॥ ੨੮॥

ਹੱਥ ਜੋੜ ਕੇ ਸਾਰੇ ਕਿਸਾਨ ਕਹਿਣ ਲੱਗੇ, ''ਆਪ ਜੀ ਨੇ ਮਹਾਨ ਸ਼ਕਤੀ ਧਾਰਨ ਕੀਤੀ ਹੋਈ ਹੈ, ਸਾਨੂੰ ਆਪਣੇ ਸਿੱਖ ਬਣਾਵੋ, ਉਪਦੇਸ਼ ਦੇ ਕੇ ਸ੍ਰੇਸ਼ਟ ਰਾਹ 'ਤੇ ਚਲਾਵੋ॥੨੮॥

ਜਿਸ ਪ੍ਰਕਾਰ ਸਿਖ ਅਪਰ ਤੁਮਾਰੇ। ਹਮ ਭੀ ਬਨਹਿੰ ਤਥਾ ਅਨੁਸਾਰੇ।
ਦੇਤੇ ਰਹਹਿੰ ਉਪਾਇਨ ਸਦਾ। ਬਨਹੁ ਸਹਾਇਕ ਤੁਮ ਜਦ ਕਦਾ॥ ੨੯॥

ਜਿਸ ਪ੍ਰਕਾਰ ਤੁਹਾਡੇ ਹੋਰ ਸਿੱਖ ਹਨ, ਅਸੀਂ ਵੀ ਉਨ੍ਹਾਂ ਵਾਂਗ ਸਿੱਖ ਬਣ ਜਾਈਏ। ਸਦਾ ਹੀ ਆਪ ਜੀ ਨੂੰ ਉਪਹਾਰ ਦਿੰਦੇ ਰਹਾਂਗੇ। ਤੁਸੀਂ ਸਾਡੇ ਸਦਾ ਸਹਾਇਕ ਬਣੋ''॥੨੯॥

ਸ੍ਰੀ ਹਰਿਗੋਵਿੰਦ ਲਖਿ ਤਿਨ ਖੋਟੇ। ਉਰ ਹੰਕਾਰੀ ਬਹੁ ਮਤ ਮੋਟੇ।
ਕਹ੍ਯੋ ਕਿ 'ਹਮ ਨਹਿਂ ਸਿੱਖ ਬਨਾਵੈਂ। ਅਧਿਕਾਰੀ ਤੁਮ ਕੋ ਨਹਿਂ ਪਾਵੈਂ॥੩੦॥

ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਉਨ੍ਹਾਂ ਦੀ ਖੋਟ ਵੇਖ ਕੇ, ਕਿ ਇਨ੍ਹਾਂ ਦੇ ਹਿਰਦਿਆਂ ਵਿਚ ਵੱਡਾ ਹੰਕਾਰ ਹੈ ਅਤੇ ਮੱਤ ਦੇ ਮੋਟੇ ਹਨ, ਕਿਹਾ, "ਅਸੀਂ ਤੁਹਾਨੂੰ ਆਪਣੇ ਸਿੱਖ ਨਹੀਂ ਬਣਾਵਾਂਗੇ। ਤੁਹਾਨੂੰ ਅਸੀਂ ਸਿੱਖੀ ਦੇ ਅਧਿਕਾਰੀ ਨਹੀਂ ਸਮਝਿਆ ਹੈ॥੩੦॥

ਸਿੱਖੀ ਪਦ ਲੇ ਨਿਰਹੰਕਾਰੀ। ਕਬਹੁੰ ਨ ਬਨਹਿ ਬਿਸਾਲ ਬਿਕਾਰੀ।
ਤਿਸ ਕੇ ਹੋਹਿਂ ਸਹਾਯਕ ਸਦਾ। ਹਲਤ ਪਲਤ ਦੁਖ ਲਹਹਿ ਨ ਕਦਾ॥੩੧॥

ਸਿੱਖ ਪਦ ਕੇਵਲ ਨਿਰਹੰਕਾਰੀ ਹੀ ਪਾ ਸਕਦਾ ਹੈ, ਇਕ ਵਿਕਾਰੀ ਇਨਸਾਨ ਵੱਡਾ ਨਹੀਂ ਬਣ ਸਕਦਾ। ਜਿਹੜਾ ਸਾਡਾ ਸਿੱਖ ਬਣਦਾ ਹੈ, ਉਸ ਦੇ ਅਸੀਂ ਸਦਾ ਸਹਾਇਕ ਬਣਦੇ ਹਾਂ ਤੇ ਲੋਕ ਪਰਲੋਕ ਵਿਚ ਉਹ ਕਦੀ ਵੀ ਦੁਖ ਨਹੀਂ ਪਾਉਂਦਾ ਹੈ॥੩੧॥

ਤੁਮ ਤੇ ਲੇਨਿ ਉਪਾਯਨ ਜੋਈ। ਹਮਰੇ ਚਿਤ ਮੈਂ ਚਾਹ ਨ ਕੋਈ।
ਤੁਮਰੀ ਵਸਤੁ ਅਕੋਰ ਨ ਲੇਹੀਂ। ਅਪਨੀ ਸਿੱਖੀ ਕੋ ਨਹਿਂ ਦੇਹੀਂ'॥੩੨॥

ਤੁਹਾਡੇ ਉਪਹਾਰ ਲੈਣ ਦੀ ਸਾਡੇ ਚਿੱਤ ਵਿਚ ਕਿਸੇ ਪ੍ਰਕਾਰ ਦੀ ਚਾਹਤ ਨਹੀਂ ਹੈ। ਤੁਹਾਡੀ ਕੋਈ ਵੀ ਵਸਤੂ ਅਤੇ ਉਪਹਾਰ ਨਹੀਂ ਲਵਾਂਗੇ, ਤੁਹਾਨੂੰ ਆਪਣੀ ਸਿੱਖੀ ਨਹੀਂ ਦੇਵਾਂਗੇ'॥੩੨॥

ਇਮ ਜਬਾਬ ਜਬਿ ਸਤਿਗੁਰ ਦਯੋ। ਨਹੀਂ ਨੰਮ੍ਰਿ ਹੁਇ ਪੁਨ ਪਦ ਲਯੋ।
ਅਵਿਨੀ ਕੇ ਮਾਲਿਕ ਹਮ ਅਹੈਂ। ਇਸ ਹੰਕਾਰ ਤੇ ਅਫਰੇ ਰਹੈਂ॥੩੩॥

ਇਸ ਤਰ੍ਹਾਂ ਜਦ ਸਤਿਗੁਰੂ ਜੀ ਨੇ ਜਵਾਬ ਦਿੱਤਾ ਫਿਰ ਵੀ ਸਨਿਮਰ ਭਾਵ ਹੰਕਾਰ ਰਹਿਤ ਨਾ ਹੋਏ ਤੇ ਆਪਣੇ ਆਪ ਨੂੰ ਧਰਤੀ ਦੇ ਮਾਲਕ ਸਮਝਦੇ ਰਹੇ। ਇਸ ਹੰਕਾਰ ਵਿਚ ਹੀ ਆਫਰੇ ਰਹੇ॥੩੩॥

ਧਰੇ ਮੋਨ ਨਿਜ ਘਰ ਕੋ ਗਏ। ਨਹਿਂ ਬਡ ਭਾਗ ਤਿਨਹੁ ਕੇ ਭਏ।
ਇਮ ਸ੍ਰੀ ਹਰਿਗੋਬਿੰਦ ਹਟਾਏ। ਨਹੀਂ ਆਪਨੇ ਸਿੱਖ ਬਨਾਏ॥੩੪॥

ਚੁੱਪ ਹੀ ਕੇ ਆਪਣੇ ਘਰਾਂ ਨੂੰ ਚਲੇ ਗਏ ਤੇ ਉਨ੍ਹਾਂ ਦੇ ਵੱਡੇ ਭਾਗ ਨਾ ਹੋਏ। ਇਸ ਤਰ੍ਹਾਂ ਗੁਰੂ ਹਰਿਗੋਬਿੰਦ ਸਾਹਿਬ ਨੇ ਵਾਪਸ ਮੋੜ ਦਿੱਤੇ ਤੇ ਆਪਣੇ ਸਿੱਖ ਨਾ ਬਣਾਏ॥੩੪॥

ਤਿਸ ਥਲ ਸ੍ਰੀ ਸਤਿਗੁਰ ਹਰਿਰਾਇ। ਪਹੁਚੇ ਡੇਰਾ ਦਿਯੋ ਲਗਾਇ।
ਕੁਲ ਮਰ੍ਹਾਜ ਕੇ ਰਾਹਕ ਜੇਈ। ਸਿਰਕੀ ਬਾਸ ਪਰੇ ਗਨ ਤੇਈ॥੩੫॥

ਉਸ ਥਾਂ ਸ੍ਰੀ ਸਤਿਗੁਰੂ ਹਰਿਰਾਇ ਜੀ ਨੇ ਪਹੁੰਚ ਕੇ ਡੇਰਾ ਲਾ ਦਿੱਤਾ। ਮਰ੍ਹਾਜ ਗੋਤ ਦੇ ਜਿਹੜੇ ਕਿਸਾਨ ਸਨ, ਉਹ ਉਥੇ ਸਿਰਕੀਆਂ ਬੰਨ੍ਹ ਕੇ ਵਿਚ ਵਾਸਾ ਕਰਦੇ ਸਨ॥੩੫॥

ਬਸ੍ਯੋ ਚਹੈਂ ਕਿਸ ਥਲ ਮਹਿਂ ਸੋਇ। ਨਹੀਂ ਸਥਿਰਤਾ ਕਿਤਹੂੰ ਹੋਇ।
ਸ੍ਰੀ ਹਰਿਰਾਇ ਸੁਨੇ ਜਬਿ ਆਏ। ਮਿਲਨਿ ਗਏ ਹ੍ਵੈ ਕੈ ਸਮੁਦਾਏ॥੩੬॥

ਉਹ ਕਿਸੇ ਥਾਂ ਪੱਕੇ ਤੌਰ ਤੇ ਵੱਸਣਾ ਚਾਹੁੰਦੇ ਸਨ, ਪਰ ਕਿਤੇ ਵੀ ਉਨ੍ਹਾਂ ਨੂੰ ਸਥਿਰਤਾ ਨਹੀਂ ਸੀ ਮਿਲਦੀ। ਜਦ ਉਨ੍ਹਾਂ ਸ੍ਰੀ ਗੁਰੂ ਹਰਿਰਾਇ ਜੀ ਦੇ ਆਉਣ ਬਾਰੇ ਸੁਣਿਆ ਤਾਂ ਸਾਰੇ ਇਕੱਠੇ ਹੋ ਕੇ ਗੁਰੂ ਜੀ ਨੂੰ ਮਿਲਣ ਗਏ॥੩੬॥

ਅਧਿਕ ਪ੍ਰੇਮ ਧਰਿ ਅਰਪਿ ਉਪਾਇਨ। ਆਨਿ ਲਗੇ ਤਤਛਿਨ ਗੁਰ ਪਾਇਨਿ।
'ਬਡੇ ਭਾਗ ਅਬਿ ਭਏ ਹਮਾਰੇ। ਦਰਸ ਆਪ ਕੋ ਨਿਕਟਿ ਨਿਹਾਰੇ॥੩੭॥

ਬਹੁਤ ਪ੍ਰੇਮ ਨਾਲ ਉਪਹਾਰ ਅਰਪਣ ਕੀਤੇ ਤੇ ਤੁਰਤ ਗੁਰੂ ਜੀ ਦੇ ਚਰਨਾਂ 'ਤੇ ਆ ਕੇ ਝੁਕ ਕੇ ਕਹਿਣ ਲੱਗੇ, "ਸਾਡੇ ਵੱਡੇ ਭਾਗ ਹੋਏ ਹਨ, ਤੁਹਾਡੇ ਨੇੜੇ ਆ ਕੇ ਦਰਸ਼ਨ ਕੀਤੇ ਹਨ" ॥੩੭॥

ਸਤਿਗੁਰ ਕੁਸ਼ਲ ਬੂਝ ਕਰਿ ਤਿਨਕੀ। ਆਸ਼੍ਵਾਸਨ ਕਰਿ ਮ੍ਰਿਦੁਲ ਬਚਨ ਕੀ।
ਸਿੱਖ ਆਪਨੇ ਸਕਲ ਬਨਾਏ। ਦੇ ਉਪਦੇਸ਼ ਭਲੇ ਮਗ ਪਾਏ॥ ੩੮॥

ਸਤਿਗੁਰੂ ਜੀ ਨੇ ਉਨ੍ਹਾਂ ਦੀ ਸੁਖਸਾਂਦ ਪੁੱਛੀ ਤੇ ਦਿਲਾਸਾ ਦੇ ਕੇ ਮਿੱਠੇ ਬਚਨ ਕਹੇ। ਸਾਰਿਆਂ ਨੂੰ ਆਪਣੇ ਸਿੱਖ ਬਣਾ ਲਿਆ ਤੇ ਉਪਦੇਸ਼ ਦੇ ਕੇ ਭਲੇ ਮਾਰਗ 'ਤੇ ਪਾਏ॥੩੮॥

ਸਤਿਗੁਰ ਕੇ ਦਰਸ਼ਨ ਨਿਤ ਕਰੈਂ। ਸੇਵਹਿਂ ਰਿਦੇ ਕਾਮਨਾ ਧਰੈਂ।
ਬੈਠਹਿਂ ਨਿਕਟਿ ਸਦੀਵ ਸੁ ਆਏ। ਜਿਮ ਭੂਪਤਿ ਚਾਕਰ ਕੇ ਭਾਏ॥ ੩੯॥

ਉਹ ਸਤਿਗੁਰੂ ਜੀ ਦੇ ਨਿਤ ਦਰਸ਼ਨ ਕਰਦੇ ਸਨ ਅਤੇ ਕਾਮਨਾ ਧਰ ਕੇ ਹਿਰਦੇ ਵਿਚ ਸਿਮਰਨ ਕਰਦੇ ਸਨ। ਸਦਾ ਪਾਸ ਆ ਕੇ ਬੈਠੇ ਰਹਿੰਦੇ ਸਨ, ਜਿਵੇਂ ਨੌਕਰ ਨੂੰ ਰਾਜਾ ਚੰਗਾ ਲੱਗਦਾ ਹੈ॥੩੯॥

ਕਬਿ ਕਬਿ ਕੌਰੇ ਗੁਰ ਦਰਸੰਤੇ। ਨਿਰ ਹੰਕਾਰ ਨ ਨੰਮ੍ਰਿ ਬਨੰਤੇ।
ਸਿੱਖੀ ਪਦ ਨਹਿਂ ਦੀਨਸਿ ਤਿਨ ਕੋ। ਸਤਿਗੁਰ ਲਖਿ ਬਿਕਾਰ ਬਡ ਮਨ ਕੋ ॥੪੦॥

ਕਦੀ ਕਦੀ ਕੌੜੇ ਵੀ ਗੁਰੂ ਜੀ ਦੇ ਦਰਸ਼ਨ ਕਰਦੇ ਸਨ, ਪਰ ਹੰਕਾਰ ਰਹਿਤ ਅਤੇ ਸਨਿਮਰ ਨਹੀਂ ਸੀ ਬਣਦੇ। ਉਨ੍ਹਾਂ ਨੂੰ ਸਿੱਖੀ ਦੀ ਪਦਵੀ ਨਾ ਦਿੱਤੀ। ਸਤਿਗੁਰੂ ਜੀ ਨੇ ਉਨ੍ਹਾਂ ਦੇ ਮਨ ਦਾ ਵੱਡਾ ਵਿਕਾਰ ਵੇਖਿਆ॥੪੦॥

*ਦਸਵੀਂ ਰਾਸ ਦਾ ਪੰਜਵਾਂ ਅਧਿਆਇ ਸਮਾਪਤ ਹੋਇਆ॥੫॥*

## ਅਧਿਆਇ ਛੇਵਾਂ

*ਮਰ੍ਹਾਜ ਗੋਤ ਅਤੇ ਕੌੜੇ ਗੋਤ ਦੇ ਕਿਸਾਨ*

ਦੋਹਰਾ- ਬੀਤੇ ਕੇਤਿਕ ਦਯੋਸ ਤਹਿਂ ਟਿਕੇ ਗੁਰੂ ਹਰਿਰਾਇ।
ਨਿਕਟਿ ਨਿਕਟਿ ਕੇ ਗ੍ਰਾਮ ਜੇ ਸਿੱਖ ਬਨਹਿਂ ਸਮੁਦਾਇ॥ ੧॥

ਗੁਰੂ ਹਰਿਰਾਇ ਜੀ ਨੂੰ ਉਥੇ ਰਹਿੰਦਿਆਂ ਕਈ ਦਿਨ ਬੀਤ ਗਏ। ਨੇੜੇ ਨੇੜੇ ਦੇ ਜਿਹੜੇ ਪਿੰਡ ਸਨ, ਉਹ ਸਭ ਸਿੱਖ ਬਣ ਗਏ॥੧॥

ਚੌਪਈ- ਗ੍ਰਾਹਕ ਜੇ ਮਰ੍ਹਾਜ ਕੇ ਅਹੈਂ। ਤਿਨ ਪਰ ਕ੍ਰਿਪਾ ਕਰਤਿ ਗੁਰ ਰਹੈਂ।
ਨਹਿਂ ਕੌੜੇ ਤਿਨ ਆਦਰ ਕਰੈਂ। ਸਭਾ ਮਾਂਹਿ ਤਿਨਕੋ ਪਰਹਰੈਂ॥ ੨॥

ਜਿਹੜੇ ਮਰ੍ਹਾਜ ਗੋਤ ਦੇ ਕਿਸਾਨ ਸਨ, ਉਨ੍ਹਾਂ ਉੱਤੇ ਗੁਰੂ ਜੀ ਕਿਰਪਾ ਕਰਦੇ ਰਹੇ। ਕੌੜੇ ਮਰ੍ਹਾਜ ਗੋਤ ਦੇ ਕਿਸਾਨਾਂ ਦਾ ਆਦਰ ਨਹੀਂ ਸੀ ਕਰਦੇ, ਸਭਾ ਵਿਚੋਂ ਉਨ੍ਹਾਂ ਨੂੰ ਬਾਹਰ ਕੱਢ ਦਿੰਦੇ ਸਨ॥੨॥

'ਇਹ ਪਰਦੇਸੀ ਕਿਤ ਤੇ ਆਏ। ਕਰਹਿਂ ਗੁਜ਼ਰ ਬੈਠੇ ਇਸ ਥਾਂਏ'।
ਤਿਨ ਪਰ ਹੁਕਮ ਕਰਤਿ ਸਦ ਰਹੈਂ। ਮਨਭਾਵਤਿ ਮੁਖ ਵਾਕਨਿ ਕਹੈਂ॥੩॥

ਕਹਿੰਦੇ ਸਨ "ਇਹ ਪਰਦੇਸੀ ਕਿਸੇ ਥਾਂ ਤੋਂ ਆਏ ਹਨ ਤੇ ਇਸ ਥਾਂ ਬੈਠ ਕੇ ਗੁਜ਼ਾਰਾ ਕਰਦੇ ਹਨ' ਸਦਾ ਉਨ੍ਹਾਂ 'ਤੇ ਹੁਕਮ ਕਰਦੇ ਰਹਿੰਦੇ ਸਨ ਤੇ ਮਨ-ਭਾਉਂਦੀਆਂ ਮੁਖ ਵਿਚ ਗੱਲਾਂ ਕਹਿੰਦੇ ਸਨ॥੩॥

ਰਹਿਂ ਮਰ੍ਵਾਜ ਕੇ ਸਿਰਕੀਬਾਸ। ਨਿਜ ਛਿਤ ਛਿਨ ਕਿਤ ਕਰਹਿਂ ਅਵਾਸ।
ਬਸਜੋ ਚਹੈਂ, ਪਰ ਪ੍ਰਾਪਤਿ ਨਾਂਹੀ। ਅਵਿਨੀ ਜਹਿਂ ਅਪਨਾਇ ਬਸਾਹੀਂ॥ ੪॥

ਮਰ੍ਵਾਜ ਗੋਤ ਦੇ ਸਿਰਕੀ ਵਾਸ ਹੋ ਕੇ ਰਹਿੰਦੇ ਹਨ, ਕਿਸੇ ਥਾਂ ਘਰ ਬਣਾ ਕੇ ਵੱਸਣਾ ਚਾਹੁੰਦੇ ਸਨ, ਪਰ ਕੋਈ ਥਾਂ ਪ੍ਰਾਪਤ ਨਹੀਂ ਸੀ, ਕਿਸੇ ਥਾਂ ਧਰਤੀ ਅਪਨਾ ਕੇ ਵਸ ਲੈਣ॥੪॥

ਸਤਿਗੁਰ ਕੀ ਸੇਵਾ ਮਹੁਂ ਲਾਗੇ। ਕ੍ਰਿਪਾ ਦ੍ਰਿਸ਼ਟਿ ਤੇ ਮਨ ਅਨੁਰਾਗੇ।
ਜਹਿਂ ਕੌਰਨਿ ਇਕ ਕੂਪ ਲਗਾਯੋ। ਤਹਿਂ ਤੇ ਸਭਿਹਿਨਿ ਜਲ ਕੋ ਪਾਯੋ॥ ੫॥

ਸਤਿਗੁਰੂ ਜੀ ਦੀ ਸੇਵਾ ਵਿਚ ਲੱਗ ਗਏ, ਉਨ੍ਹਾਂ ਦੀ ਕ੍ਰਿਪਾ ਦ੍ਰਿਸ਼ਟੀ ਨਾਲ ਮਨ ਵਿਚ ਪ੍ਰੇਮ ਜਾਗਿਆ ਸੀ। ਜਿੱਥੇ ਕੌੜਿਆਂ ਨੇ ਇਕ ਖੂਹ ਲਵਾਇਆ ਸੀ, ਉਥੋਂ ਹੀ ਸਾਰੇ ਪਾਣੀ ਲੈਂਦੇ ਸਨ॥੫॥

ਸਭਿ ਮਰ੍ਵਾਜ ਕੇ ਗਾਹਕ ਜੇਜ। ਇਨ ਕੀ ਹੁਤੀ ਭਾਰਜਾ, ਸੇਜ।
ਤਿਸੀ ਕੂਪ ਤੇ ਆਨਤਿ ਬਾਰੀ। ਮਿਲਿ ਕਰਿ ਗ਼ਮਨਤਿ ਹੈਂ ਤਹਿ ਸਾਰੀ॥ ੬॥

ਸਾਰੇ ਮਰ੍ਵਾਜ ਜਿਹੜੇ ਕਿਸਾਨ ਸਨ, ਉਨ੍ਹਾਂ ਦੀਆਂ ਇਸਤਰੀਆਂ ਵੀ ਸਨ। ਉਸੇ ਖੂਹ ਤੋਂ ਪਾਣੀ ਲਿਆਉਂਦੀਆਂ ਸਨ ਤੇ ਸਾਰੀਆਂ ਮਿਲ ਕੇ ਉਏ ਜਾਂਦੀਆਂ ਸਨ॥੬॥

ਭਰਹਿਂ ਕੂਪ ਤੇ ਘਟ ਲੇ ਆਵੈਂ। ਖਾਨ ਪਾਨ ਬਿਵਹਾਰ ਚਲਾਵੈਂ।
ਤਿਹਠਾਂ ਕੌਰੇ ਤਰੁਨ ਜਿ ਨਰ ਹੈਂ। ਥਿਰਹਿਂ ਕੂਪ ਪਰ ਸੋ ਇਮ ਕਰਿ ਹੈਂ॥ ੭॥

ਖੂਹ 'ਤੇ ਘੜੇ ਲੈ ਕੇ ਆਉਂਦੀਆਂ ਸਨ ਤੇ ਪਾਣੀ ਭਰਦੀਆਂ ਸਨ ਤੇ ਖਾਣ ਪੀਣ ਦਾ ਵਿਹਾਰ ਚਲਾਉਂਦੀਆਂ ਸਨ। ਉਥੇ ਕੌੜੇ ਜਿਹੜੇ ਗਭਰੂ ਮਨੁੱਖ ਸਨ, ਉਹ ਖੂਹ 'ਤੇ ਖੜੇ ਹੋ ਕੇ ਇਸ ਤਰ੍ਹਾਂ ਕਰਦੇ ਸਨ॥੭॥

ਤਰਨੀ ਤੇ ਸੋ ਦਾਮ ਖਿਚਾਵੈਂ। ਚੜ ਊਪਰ ਜਲ ਕੋ ਨਿਕਸਾਵੈਂ।
ਕਰਹਿਂ ਸਪਰਸ਼ ਸਰੀਰਨਿ ਅੰਗ। ਬਹੁ ਬਿਧਿ ਕੇ ਕਹਿਂ ਬਾਕ ਅਨੰਗ॥ ੮॥

ਇਸਤਰੀਆਂ ਪਾਸੋਂ ਉਹ ਲੱਜ ਖਿਚਾਉਂਦੇ ਸਨ ਤੇ ਖੂਹ ਉਪਰ ਚੜ੍ਹ ਕੇ ਪਾਣੀ ਕੱਢਦੇ ਸਨ। ਇਸ ਤਰ੍ਹਾਂ ਉਹ ਇਸਤਰੀਆਂ ਦੇ ਸਰੀਰਾਂ ਨਾਲ ਸਪਰਸ ਕਰਦੇ ਸਨ ਤੇ ਬਹੁਤ ਵਿਧੀਆਂ ਨਾਲ ਬੇਸ਼ਰਮੀ ਦੇ ਨੰਗੇ ਬੋਲ ਬੋਲਦੇ ਸਨ॥੮॥

ਹਸਹਿਂ ਬਿਲਾਸ ਕਰਹਿਂ ਮਨ ਭਾਏ। ਬਿਨਾਂ ਲਾਜ ਤੇ ਬਾਕ ਸੁਨਾਏ।
ਜਲ ਕੇ ਹੇਤੁ ਸਹਹਿਂ ਸਭਿ ਨਾਰੀ। ਜੇ ਕੁਬਾਕ ਕਹਿਂ ਅਨਿਕ ਪ੍ਰਕਾਰੀ॥ ੯॥

ਮਨ ਭਾਉਂਦਾ ਹਾਸ-ਬਿਲਾਸ ਕਰਦੇ ਸਨ ਤੇ ਸ਼ਰਮ ਰਹਿਤ ਗੱਲਾਂ ਕਰਦੇ ਸਨ। ਜਲ ਦੇ ਕਾਰਨ ਇਸਤਰੀਆਂ ਸਭ ਗੱਲਾਂ ਬਰਦਾਸ਼ਤ ਕਰਦੀਆਂ ਸਨ ਜਿਹੜੇ ਉਹ ਅਨੇਕਾਂ ਪ੍ਰਕਾਰ ਦੇ ਭੈੜੇ ਬੋਲ ਬੋਲਦੇ ਸਨ॥੯॥

ਅਪਰ ਥਾਨ ਜਲ ਪ੍ਰਾਪਤਿ ਨਾਂਹੀ। ਬਿਨ ਜਲ ਤੇ ਨਹਿਂ ਜੀਵਨ ਪਾਂਹੀ।
ਯਾਂਤੇ ਬਿਨਾਂ ਕੋਪ ਚਲਿ ਜਾਇਂ। ਦਿਨ ਪ੍ਰਤਿ ਐਸੋ ਕੁਮਤਿ ਕਮਾਇਂ॥ ੧੦॥

ਹੋਰ ਕਿਸੇ ਥਾਂ ਜਲ ਪ੍ਰਾਪਤ ਨਹੀਂ ਸੀ ਤੇ ਜਲ ਤੋਂ ਬਗੈਰ ਜੀਵਨ ਨਹੀਂ ਸੀ। ਇਸ ਕਰਕੇ ਖੂਹ ਨਾ ਹੋਣ ਕਰਕੇ ਚਲ ਕੇ ਉਥੇ ਜਾਂਦੀਆਂ ਸਨ ਤੇ ਰੋਜ਼ ਐਸੀ ਭੈੜੀ ਦਸ਼ਾ ਕਰਵਾਉਂਦੀਆਂ ਸਨ॥੧੦॥

ਸ੍ਰੀ ਹਰਿਰਾਇ ਗਏ ਤਹਿਂ ਜਬੈ। ਇਮ ਪ੍ਰਸੰਗ ਹੋਵਤਿ ਭਾ ਤਬੈ।
ਨਵੀਂ ਬਧੂ ਤਿਨ ਕੈ ਇਕ ਆਈ। ਸੋ ਘਟ ਲੈ ਜਲ ਹੇਤੁ ਸਿਧਾਈ॥ ੧੧॥

ਜਦ ਸ੍ਰੀ ਗੁਰੂ ਹਰਿਰਾਇ ਜੀ ਓਥੇ ਗਏ, ਉਸ ਸਮੇਂ ਇਸ ਤਰ੍ਹਾਂ ਦਾ ਪ੍ਰਸੰਗ ਚਲਦਾ ਪਿਆ ਸੀ। ਉਨ੍ਹਾਂ ਵਿਚੋਂ ਕਿਸੇ ਦੇ ਘਰ ਇਕ ਨਵੀਂ ਵਹੁਟੀ ਆਈ, ਉਹ ਘੜਾ ਲੈ ਕੇ ਪਾਣੀ ਵਾਸਤੇ ਗਈ॥੧੧॥

ਕੂਪ ਸਥਾਨ ਤਰੁਨ ਨਰ ਖਰੇ। ਨਿਤ ਸਮ ਹਸਨਿ ਬੋਲਿਬੋ ਕਰੇ।
ਗਈ ਤ੍ਰਿਯਾ ਗਨ ਪਾਨੀ ਭਰਿਬੇ। ਘਟ ਕੋ ਭਰੇ ਟਿਕਾਵਨਿ ਕਰਿਬੇ॥ ੧੨॥

ਖੂਹ ਉੱਤੇ ਨੌਜਵਾਨ ਮਨੁੱਖ ਖੜੇ ਸਨ, ਨਿਤ ਵਾਂਗ ਹੱਸਦੇ ਅਤੇ ਕਬੋਲ ਬੋਲ ਰਹੇ ਸਨ। ਕਈ ਇਸਤਰੀਆਂ ਪਾਣੀ ਭਰ ਕੇ ਚਲੇ ਗਈਆਂ, ਘੜੇ ਭਰ ਕੇ ਟਿਕਾਉਂਦੀਆਂ ਸਨ॥੧੨॥

ਦਾਮ ਲਗੀ ਖੈਂਚਨਿ ਤਬਿ ਨਾਰੀ। ਨਰ ਅਸਵਾਰੀ ਭਯੋ ਪਿਛਾਰੀ।
ਜਥਾ ਬੈਲ ਖੈਂਚਤਿ ਚਢਿ ਜਾਇ। ਤਿਮ ਅਰੂਢਿ ਕਰਿ ਅੱਗ੍ਰ ਚਲਾਇ॥ ੧੩॥

ਤਦ ਇਸਤਰੀ ਲੱਜ ਖਿੱਚਣ ਲਗੀ ਤਾਂ ਪਿਛੇ ਨੌਜਵਾਨ ਅਸਵਾਰ ਹੋ ਗਏ ਜਿਵੇਂ ਬਲਦ ਖਿੱਚ ਕੇ ਚੜ੍ਹ ਜਾਵੇ, ਇਸ ਤਰ੍ਹਾਂ ਸਵਾਰ ਹੋ ਕੇ ਅੱਗੇ ਚਲਾਉਂਦੇ ਸਨ॥੧੩॥

ਬਧੂ ਨਵੀਨ ਸੰਗ ਤਬਿ ਤੈਸੇ। ਕਰਤਿ ਹਾਸ ਕੋ ਤਿਨ ਹੀ ਜੈਸੇ।
ਕਰਿ ਸਪਰਸ਼ ਤੇ ਕ੍ਰੁੱਧਤਿ ਹ੍ਵੈ ਕੈ। ਘਟ ਕੋ ਝਟਕ ਪਟਕਬੋ ਕੈ ਕੈ॥ ੧੪॥

ਨਵੀਂ ਵਹੁਟੀ ਨਾਲ ਜਦ ਉਸ ਤਰ੍ਹਾਂ ਹਾਸ-ਵਿਲਾਸ ਕੀਤਾ ਜਿਵੇਂ ਪਹਿਲੀਆਂ ਨਾਲ ਕਰਦੇ ਸਨ ਤਾਂ ਛੂਹਣ ਨਾਲ ਉਹ ਬਹੁਤ ਗੁੱਸੇ ਵਿਚ ਆ ਗਈ ਤੇ ਘੜੇ ਨੂੰ ਝਟਕ ਕੇ ਪਟਕਾ ਕੇ ਮਾਰਿਆ॥੧੪॥

ਗਾਰੀ ਦੇਤਿ ਗਈ ਨਿਜ ਡੇਰੇ। ਸਭਿ ਤ੍ਰਿਯਨਿ ਸੋਂ ਕਹਿ ਤਿਸ ਬੇਰੇ।
ਕਰਜੋ ਧਿਕਾਰ ਨਰਨਿ ਕੈ ਤਾਂਈ। 'ਕਹਾਂ ਆਪਨੀ ਲਾਜ ਗਵਾਈ॥ ੧੫॥

ਗਾਲ੍ਹਾਂ ਕੱਢਦੀ ਆਪਣੇ ਡੇਰੇ ਚਲੀ ਗਈ। ਸਾਰੀਆਂ ਇਸਤਰੀਆਂ ਨੂੰ ਉਸ ਸਮੇਂ ਕਹਿ ਕੇ ਮਰਦਾਂ ਨੂੰ ਬਹੁਤ ਦੁਰਕਾਰਿਆ। ਕਹਿਣ ਲੱਗੀ, "ਕਿਉਂ ਆਪਣੀ ਸ਼ਰਮ ਗਵਾਈ ਹੈ ?॥੧੫॥

ਜਿਨ ਕੀ ਦਾਰਾ ਸੋਂ ਨਰ ਹਸੈਂ। ਤਿਨ ਕੇ ਕਹੁ ਕੈਸੇ ਘਰ ਬਸੈਂ।
ਖਰੇ ਕੂਪ ਪਰ ਕਹਤਿ ਕੁਵਾਕਨਿ। ਜਿਸ ਤੇ ਅਪਜਸੁ ਹ੍ਵੈ ਸਭਿ ਸਾਕਨਿ॥੧੬॥

ਜਿਨ੍ਹਾਂ ਦੀਆਂ ਪਤਨੀਆਂ ਉਤੇ ਮਨੁੱਖ ਹੱਸਦੇ ਹਨ, ਉਨ੍ਹਾਂ ਦੇ ਘਰ ਕਿਵੇਂ ਵਸਣਗੇ। ਖੂਹ ਦੇ ਉਤੇ ਖਲੋ ਕੇ ਭੈੜੇ ਬੋਲ ਬੋਲਦੇ ਹਨ, ਜਿਸ ਕਰਕੇ ਸਾਰੇ ਰਿਸ਼ਤੇਦਾਰਾਂ ਵਿਚ ਬੜੀ ਬਦਨਾਮੀ ਹੋਵੇਗੀ॥੧੬॥

ਮੈਂ ਨਹਿ ਜੈਹੋਂ ਲਜਾਵਨਿ ਪਾਨੀ। ਕਰਹਿਂ ਸਪਰਸ਼ਨਿ ਹਾਸ ਬਖਾਨੀ।
ਹ੍ਵੈ ਨਿਰਲਾਜ ਨ ਜੀਵਨ ਆਛੋ। ਅਪਰ ਥਾਨ ਬਸਿਬੇ ਚਿਤ ਬਾਂਛੋਂ॥ ੧੭॥

ਮੈਂ ਪਾਣੀ ਲਿਆਉਣ ਨਹੀਂ ਜਾਵਾਂਗੀ, ਉਹ ਛੇੜਖਾਨੀ ਕਰਕੇ ਹੱਸਦੇ ਹਨ। ਇਹ ਸ਼ਰਮ ਰਹਿਤ ਜ਼ਿੰਦਗੀ ਚੰਗੀ ਨਹੀਂ, ਹੋਰ ਕਿਸੇ ਥਾਂ ਰਹਿਣ ਨੂੰ ਚਿੱਤ ਕਰਦਾ ਹੈ॥੧੭॥

ਇਹਾਂ ਰਹਨਿ ਕੋ ਧਰਮ ਨ ਕੋਈ। ਜਹਾਂ ਨਿਸ਼ੰਕੀ ਅਸ ਨਰ ਹੋਈ।
ਇੱਤਜਾਦਿਕ ਤਿਨ ਨਿਸ਼ਠੁਰ ਬਾਨੀ। ਕਹੀ ਸਭਿਨਿ ਸੋਂ ਤਰਕ ਮਹਾਨੀ॥੧੮॥

ਇਥੇ ਰਹਿਣ ਦਾ ਕੋਈ ਧਰਮ ਨਹੀਂ ਹੈ, ਜਿਥੇ ਮਰਦ ਇਸ ਤਰ੍ਹਾਂ ਬੇਸ਼ਰਮ ਹੋ ਗਏ ਹਨ।'' ਇੱਤਿਆਦਿਕ ਉਸ ਬਹੁਤ ਕਠੋਰ ਬੋਲ ਬੋਲੇ ਤੇ ਸਾਰਿਆਂ ਨੂੰ ਮਹਾਨ ਤਰਕ ਸੁਣਾ ਕੇ ਕਿਹਾ॥੧੮॥

ਸੁਨਿ ਮਰ੍ਵਾਜ ਕੇ ਸੰਕਟ ਪਾਵੈਂ। ਬਿਨ ਜਲ ਤੇ ਕੁਛ ਬਸ ਨ ਬਸਾਵੈ।
ਸਭਿ ਮਿਲਿ ਮਸਲਤ ਕੀਨਿ ਬਿਸਾਲਾ। 'ਕਿਤ ਕੋ ਚਲਹਿਂ ਬਸਹਿਂ ਇਸ ਕਾਲਾ॥੧੯॥

ਮਰ੍ਵਾਜ ਲੋਕ ਸੁਣ ਕੇ ਬਹੁਤ ਦੁਖੀ ਹੋਏ। ਜਲ ਤੋਂ ਬਗੈਰ ਕੁਝ ਵੱਸ ਨਹੀਂ ਸੀ ਚਲਦਾ। ਸਾਰਿਆਂ ਨੇ ਮਿਲ ਕੇ ਸਲਾਹ ਕੀਤੀ, ''ਕਿਥੇ ਚਲ ਕੇ ਇਸ ਸਮੇਂ ਵਸੀਏ॥੧੯॥

ਬਿਨਾਂ ਬਾਸ ਤੇ ਨਹਿਂ ਗੁਜ਼ਰਾਨ। ਨਹਿਂ ਅਵਨੀ ਪ੍ਰਾਪਤਿ ਕਿਸ ਥਾਨ।
ਰਾਹਕ ਕੌਰੇ ਦੁਸ਼ਟ ਬਿਲੰਦ। ਕਰਹਿਂ ਵਧੀਕੀ ਮਿਲਿ ਨਰ ਬ੍ਰਿੰਦ'॥੨੦॥

ਵੱਸਣ ਤੋਂ ਬਗੈਰ ਗੁਜ਼ਾਰਾ ਨਹੀਂ, ਕਿਸੇ ਥਾਂ ਧਰਤੀ ਵੀ ਪ੍ਰਾਪਤ ਨਹੀਂ ਹੈ, ਕੋੜੇ ਕਿਸਾਨ ਵੱਡੇ ਦੁਸ਼ਟ ਹਨ, ਬਹੁਤ ਮਨੁੱਖ ਮਿਲ ਕੇ ਵਧੀਕੀ ਕਰਦੇ ਹਨ''॥੨੦॥

ਬਹੁਰ ਪਰਸਪਰ ਭਲੇ ਬਿਚਾਰਾ। 'ਅਪਰ ਉਪਾਇ ਨ ਚਲਹਿ ਹਮਾਰਾ।
ਉਤਰੇ ਸ੍ਰੀ ਸਤਿਗੁਰ ਹਰਿਰਾਇ। ਤਿਨ ਤੇ ਹੋਇ ਸਕਹਿ ਹਮ ਥਾਂਇ॥੨੧॥

ਆਪਸ ਵਿਚ ਭਲੀ ਪ੍ਰਕਾਰ ਬਹੁਤ ਵਿਚਾਰ ਕੀਤੀ, ''ਹੋਰ-ਸਾਡਾ ਕੋਈ ਉਪਾਅ ਨਹੀਂ ਚਲਦਾ ਹੈ, ਸ੍ਰੀ ਸਤਿਗੁਰੂ ਹਰਿਰਾਇ ਜੀ ਨੇ ਏਥੇ ਉਤਾਰਾ ਕੀਤਾ ਹੈ, ਉਨ੍ਹਾਂ ਪਾਸੋਂ ਅਸੀਂ ਕੋਈ ਥਾਂ ਲੈ ਕੇ ਵੱਸ ਸਕਦੇ ਹਾਂ॥੨੧॥

ਸਰਬ ਕਲਾ ਸਮਰਥ ਬਲਵੰਤੇ। ਕਰਤਿ ਨ ਬਿਲਮਹਿਂ ਜਥਾ ਚਹੰਤੇ।
ਸ਼ਰਨ ਪਰਨ ਕਰਿ ਲਿਹੁ ਤਿਨ ਮਰਜ਼ੀ। ਗ਼ਰਜ਼ੀ ਹੋਇ ਗੁਜ਼ਾਰਹੁ ਅਰਜ਼ੀ॥੨੨॥

ਉਹ ਸਰਬਕਲਾ ਸਮਰੱਥ ਅਤੇ ਬਲਵਾਨ ਹਨ। ਜਿਸ ਤਰ੍ਹਾਂ ਵੀ ਚਾਹੁੰਦੇ ਹਨ, ਉਸ ਵਿਚ ਦੇਰ ਨਹੀਂ ਕਰਦੇ। ਉਨ੍ਹਾਂ ਦੀ ਸ਼ਰਨ ਵਿਚ ਪੈ ਕੇ, ਉਨ੍ਹਾਂ ਦੀ ਸਲਾਹ ਲਵੋ ਤੇ ਲੋੜਵੰਦ ਹੋ ਕੇ ਬੇਨਤੀ ਕਰੋ॥੨੨॥

ਸੋ ਹਮ ਕੋ ਕਿਤ ਕਰਹਿਂ ਬਸਾਵਨਿ। ਚਲਹਿ ਹੁਕਮ ਤਿਨ ਕੋ ਸਭ ਥਾਵਨਿ'।
ਇਮ ਕਹਿ ਸਭਿ ਇਕੱਤ੍ਰ ਨਰ ਹੋਏ। ਜਾਇ ਗੁਰੂ ਕੇ ਦਰਸ਼ਨ ਜੋਏ॥੨੩॥

ਉਹ ਸਾਨੂੰ ਕਿਸੇ ਥਾਂ ਵਸਾ ਦੇਣਗੇ, ਸਭ ਥਾਂ ਉਨ੍ਹਾਂ ਦਾ ਹੀ ਹੁਕਮ ਚਲਦਾ ਹੈ।'' ਇਸ ਤਰ੍ਹਾਂ ਕਹਿ ਕੇ ਸਾਰੇ ਮਨੁੱਖ ਇਕੱਠੇ ਹੋਏ ਤੇ ਜਾ ਕੇ ਗੁਰੂ ਜੀ ਦੇ ਦਰਸ਼ਨ ਕੀਤੇ॥੨੩॥

ਪਦ ਅਰਬਿੰਦਨਿ ਕਰਿ ਕਰਿ ਨਮੋ। ਥਿਰਿ ਮਰ੍ਵਾਜ ਕੇ ਭੇ ਤਿਹ ਸਮੋ।
ਬੰਦਿ ਹਾਥ ਬੋਲੇ ਨਿਜ ਬਿਨਤੀ। 'ਸ੍ਰੀ ਪ੍ਰਭੁ ਜੀ! ਹਮਰੇ ਬਡ ਗਿਨਤੀ॥੨੪॥

ਨਮਸਕਾਰ ਕਰ ਕਰ ਚਰਨਕੰਵਲਾਂ 'ਤੇ ਬੰਦਨਾ ਕੀਤੀ ਅਤੇ ਮਰ੍ਵਾਜ ਗੋਤ ਦੇ ਲੋਕ ਉਸ ਸਮੇਂ ਉਥੇ ਖਲੋ ਗਏ। ਫਿਰ ਹੱਥ ਜੋੜ ਕੇ ਬੇਨਤੀ ਕੀਤੀ, ''ਹੇ ਪ੍ਰਭੂ ਜੀ! ਅਸੀਂ ਵੱਡੀ ਚਿੰਤਾ ਵਿਚ ਡੁੱਬੇ ਹੋਏ ਹਾਂ॥੨੪॥

ਬਿਨਾਂ ਤੁਮਾਰੇ ਪਰਤਿ ਨ ਪਾਰ। ਰਹੇ ਬੂਡ ਚਿਤ ਚਿੰਤਾ ਧਾਰ।
ਨਹਿਂ ਬੈਠਨਿ ਕਹੁ ਅਵਿਨੀ ਪਾਵਹਿਂ। ਜਹਾਂ ਬਾਸ ਕਰਿ ਸਮੋਂ ਬਿਤਾਵਹਿਂ॥੨੫॥

ਤੁਹਾਡੇ ਬਗੈਰ ਅਸੀਂ ਪਾਰ ਨਹੀਂ ਪਾ ਸਕਦੇ, ਵੱਡੇ ਚਿੰਤਾ ਦੇ ਪ੍ਰਵਾਹ ਵਿਚ ਡੁੱਬੇ ਹੋਏ ਹਾਂ। ਸਾਨੂੰ ਵੱਸਣ ਵਾਸਤੇ ਕਿਤੇ ਧਰਤੀ ਨਹੀਂ ਲਭਦੀ, ਜਿੱਥੇ ਵੱਸ ਕੇ ਅਸੀਂ ਸਮਾਂ ਗੁਜ਼ਾਰੀਏ॥੨੫॥

ਇਤ ਕੌਰੇ ਭ੍ਰਾਤਾ ਸਮੁਦਾਇ। ਧਰਾ ਮਾਲਕੀ ਕਰਹਿਂ ਬਨਾਇ।
ਜੈਤ ਪਿਰਾਣਾ ਆਦਿਕ ਔਰ। ਰਾਖੀ ਸਭਿ ਸੰਭਾਰ ਕਰਿ ਠੌਰ॥ ੨੬॥

ਏਥੇ ਕੋੜੇ ਭਰਾਵਾਂ ਦਾ ਸਮੂਹ ਰਹਿੰਦਾ ਹੈ। ਇਸ ਧਰਤੀ ਉੱਤੇ ਉਨ੍ਹਾਂ ਆਪਣੀ ਮਾਲਕੀ ਬਣਾਈ ਹੈ। ਜੈਤ ਪਿਰਾਣਾ ਆਦਿ ਜਿਹੜੇ ਹੋਰ ਹਨ: ਉਨ੍ਹਾਂ ਸਾਰੀ ਧਰਤੀ ਸੰਭਾਲ ਕੇ ਆਪਣੇ ਪਾਸ ਰੱਖੀ ਹੈ॥੨੬॥

ਅਸ ਅਵਨੀ ਨਹਿਂ ਜਾਨੀ ਜਾਇ। ਜਹਿਂ ਬੈਠਹਿਂ ਹਮ ਗ੍ਰਾਮ ਬਨਾਇ।
ਸਰਬ ਕਲਾ ਸਮਰਥ ਗੁਨਵੰਤੇ। ਸਭਿ ਤੇ ਅਧਿਕ ਆਪ ਬਲਵੰਤੇ॥ ੨੭॥

ਐਸੀ ਧਰਤੀ ਨਹੀਂ ਜਾਣੀ ਜਾਂਦੀ, ਜਿੱਥੇ ਪਿੰਡ ਬਣਾ ਕੇ ਅਸੀਂ ਬੈਠੀਏ। ਆਪ ਸਰਬਕਲਾ ਸਮਰੱਥ ਅਤੇ ਗੁਣਵਾਨ ਤੇ ਸਭ ਤੋਂ ਵੱਧ ਆਪ ਬਲਵਾਨ ਹੋ॥੨੭॥

ਕਹਹੁ ਬਚਨ ਸਿਧ ਹੋਵਤਿ ਕਾਜ। ਕਹਹੁ ਤ ਕਜੋਂ ਨ ਹੋਹਿ ਮਹਾਰਾਜ।
ਅਪਨੇ ਕਰਿ ਕੈ ਹਮਹੁ ਬਸਾਵਹੁ। ਜਹਿਂ ਜਾਨਹੁ ਤਹਿਂ ਅਵਿਨਿ ਦਿਵਾਵਹੁ ॥੨੮॥

ਬਚਨ ਕਹੋ ਤਾਂ ਕਾਰਜ ਸਿੱਧ ਹੋ ਜਾਂਦਾ ਹੈ। ਜੇ ਤੁਸੀਂ ਕਹੋਗੇ ਤਾਂ ਮਹਾਰਾਜ ਕਿਉਂ ਕਾਰਜ ਨਹੀਂ ਹੋਵੇਗਾ। ਆਪਣੇ ਸਮਝ ਕੇ ਸਾਨੂੰ ਵਸਾਵੋ, ਜਿਥੇ ਜਾਣੋ ਸਾਨੂੰ ਧਰਤੀ ਦਿਵਾਵੋ' ॥੨੮॥

ਸ੍ਰੀ ਹਰਿਰਾਇ ਲਖੇ ਨਿਜ ਦਾਸ। ਬਸਹਿਂ ਖੇਦ ਜੁਤਿ ਸਿਰਕੀ ਬਾਸ।
ਜੇ ਕਿਤ ਧਰਾ ਪਾਇਂ ਹੁਇ ਗ੍ਰਾਮ। ਰਹੈਂ ਸੁਖੈਨ ਕਰੈਂ ਨਿਜ ਧਾਮ॥ ੨੯॥

ਸ੍ਰੀ ਗੁਰੂ ਹਰਿਰਾਇ ਜੀ ਨੇ ਉਨ੍ਹਾਂ ਨੂੰ ਆਪਣਾ ਦਾਸ ਜਾਣਿਆ। ਇਹ ਦੁਖੀ ਹੋਏ ਸਿਰਕੀ ਵਾਸ ਕਿਸੇ ਥਾਂ ਵੱਸਣ, ਜੇ ਕਿਤੇ ਧਰਤੀ ਮਿਲੇ ਤਾਂ ਪਿੰਡ ਵੱਸ ਪਵੇ ਤੇ ਆਪਣੇ ਘਰ ਬਣਾ ਕੇ ਸੁਖੀ ਰਹਿਣ॥੨੯॥

ਇਮ ਬਿਚਾਰਿ ਗੁਰ ਧੀਰਜ ਦੀਨਿ। 'ਖੇਦ ਤੁਮਰੋ ਹਮ ਲਖਿ ਲੀਨਿ।
ਲੈ ਦੈਹੈਂ ਅਵਿਨੀ ਹਿਤ ਬਾਸ। ਕਰਹੁ ਗ੍ਰਾਮ ਅਪਨੋ ਬਿਨ ਤ੍ਰਾਸ' ॥ ੩੦॥

ਇਸ ਤਰ੍ਹਾਂ ਵਿਚਾਰ ਕੇ ਗੁਰੂ ਜੀ ਨੇ ਧੀਰਜ ਦਿੱਤਾ, ''ਤੁਹਾਡੇ ਦੁੱਖ ਨੂੰ ਅਸੀਂ ਸਮਝ ਲਿਆ ਹੈ, ਤੁਹਾਡੇ ਵੱਸਣ ਵਾਸਤੇ ਅਸੀਂ ਧਰਤੀ ਲੈ ਦਿੰਦੇ ਹਾਂ, ਕਿਸੇ ਡਰ ਤੋਂ ਬਗੈਰ ਆਪਣਾ ਪਿੰਡ ਵਸਾਓ'' ॥੩੦॥

ਸੁਨਿ ਮਰ੍ਹਾਜ ਕੇ ਹਰਖਤਿ ਹੋਇ। ਬੋਲੇ ਪੁਨ ਕਰ ਬੰਦੇ ਦੋਇ।
'ਸਭਿ ਜਾਨਹੁਂ ਤੁਮ ਅੰਤਰਜਾਮੀ। ਕਰਤਿ ਜਿਤਿਕ ਕੌਰੇ ਨਰ ਖਾਮੀ॥ ੩੧॥

ਮਰ੍ਹਾਜ ਗੋਤ ਦੇ ਲੋਕ ਇਹ ਸੁਣ ਕੇ ਬਹੁਤ ਪ੍ਰਸੰਨ ਹੋਏ, ਦੋਵੇਂ ਹੱਥ ਜੋੜ ਕੇ ਬੋਲੇ, ''ਤੁਸੀਂ ਅੰਤਰਜਾਮੀ ਸਭ ਕੁਝ ਜਾਣਦੇ ਹੋ, ਕੌੜੇ ਮਨੁੱਖ ਜਿੰਨੀ ਖੁਟਿਆਈ ਕਰ ਰਹੇ ਹਨ॥੩੧॥

ਸਹੀ ਨ ਜਾਇ ਬਿਸਾਲ ਖੁਟਾਈ। ਗਹੀ ਆਪ ਕੀ ਅਬਿ ਸ਼ਰਣਾਈ।
ਜਲ ਕਾਰਨ ਤ੍ਰਿਯ ਜਾਇਂ ਹਮਾਰੀ। ਤਿਨ ਸੌਂ ਰਚਹਿਂ ਹਾਸ ਡਰ ਡਾਰੀ' ॥੩੨॥

ਉਨ੍ਹਾਂ ਦੀ ਵਿਸ਼ਾਲ ਖੋਟ ਬਰਦਾਸ਼ਤ ਨਹੀਂ ਹੁੰਦੀ, ਹੁਣ ਅਸੀਂ ਤੁਹਾਡੀ ਸ਼ਰਨ ਫੜੀ ਹੈ। ਪਾਣੀ ਲੈਣ ਵਾਸਤੇ ਸਾਡੀਆਂ ਇਸਤਰੀਆਂ ਜਾਂਦੀਆਂ ਹਨ, ਉਨ੍ਹਾਂ ਨਾਲ ਨਿਡੱਰ ਹੋ ਕੇ ਹਾਸਾ-ਠੱਠਾ ਕਰਦੇ ਹਨ' ॥੩੨॥

ਸੁਨਿ ਸਤਿਗੁਰ ਸੋ ਦਿਵਸ ਬਿਤਾਏ। ਨਰ ਕੌਰੇ ਨਿਜ ਪਾਸ ਬੁਲਾਏ।
ਕਰਿ ਬੰਦਨ ਕੋ ਬੈਠੇ ਸਭੈ। ਤਿਨ ਕੀ ਦਿਸ਼ਾ ਬਿਲੋਕਯੋ ਤਬੈ॥ ੩੩॥

ਇਹ ਸੁਣ ਕੇ ਸਤਿਗੁਰੂ ਜੀ ਨੇ ਉਹ ਦਿਨ ਬਤੀਤ ਕੀਤਾ ਤੇ ਕੋੜਿਆਂ ਦੇ ਮਨੁੱਖ ਆਪਣੇ ਪਾਸ ਬੁਲਾਏ। ਬੰਦਨਾ ਕਰਕੇ ਸਾਰੇ ਬੈਠ ਗਏ। ਗੁਰੂ ਜੀ ਨੇ ਫਿਰ ਉਨ੍ਹਾਂ ਵੱਲ ਵੇਖਿਆ॥੩੩॥

ਅਹੈਂ ਬ੍ਰਿੰਦ ਬਲਵਾਨ ਬਡੇਰੇ। ਤਿਨ ਕੇ ਉਰ ਅਹੰਕਾਰ ਘਨੇਰੇ।
ਸ੍ਰੀ ਸਤਿਗੁਰ ਹਰਿਰਾਇ ਉਚਾਰੇ। 'ਰਾਹਕ ਜੇ ਮਰ੍ਹਾਜ ਕੇ ਸਾਰੇ॥ ੩੪॥

ਉਹ ਬਹੁਤ ਵੱਡੇ ਅਤੇ ਬਲਵਾਨ ਸਨ। ਉਨ੍ਹਾਂ ਦੇ ਹਿਰਦੇ ਵਿਚ ਬਹੁਤ ਹੰਕਾਰ ਭਰਿਆ ਸੀ। ਸਤਿਗੁਰੂ ਹਰਿਰਾਇ ਜੀ ਨੇ ਕਿਹਾ, "ਜਿਹੜੇ ਮਰ੍ਹਾਜ ਦੇ ਕਿਸਾਨ ਹਨ॥੩੪॥

ਸਿਰਕੀਬਾਸ ਬਿਖੈ ਦੁਖਿਆਰੇ। ਬਿਨ ਧਰਨੀ ਨਹਿਂ ਧਾਮ ਉਸਾਰੇ॥
ਜਮ ਨਹਿਂ ਸਕੇ ਪਾਂਇ ਕਿਸ ਥਾਂਇ। ਆਏ ਅਬਹਿ ਬਾਸ ਨਹਿਂ ਪਾਇ॥ ੩੫॥

ਸਿਰਕੀਆਂ ਵਿਚ ਵਾਸ ਕਰਨ ਕਰਕੇ ਬਹੁਤ ਦੁਖੀ ਹਨ, ਧਰਤੀ ਨਾ ਹੋਣ ਕਰਕੇ ਉਨ੍ਹਾਂ ਘਰ ਨਹੀਂ ਬਣਾਏ ਹਨ। ਉਨ੍ਹਾਂ ਦੇ ਕਿਸੇ ਥਾਂ ਪੈਰ ਨਹੀਂ ਜੰਮ ਸਕੇ ਹਨ, ਹੁਣੇ ਆਏ ਹਨ ਤੇ ਕਿਤੇ ਵੀ ਵਾਸਾ ਨਹੀਂ ਪਾਇਆ ਹੈ॥੩੫॥

ਹਮਰੋ ਕਹਜੋ ਮਾਨਿ ਕਰਿ ਲੀਜੈ। ਪੰਚਹਲਨਿ ਕੀ ਅਵਿਨੀ ਦੀਜੈ।
ਤਿਸ ਮੈਂ ਕਰਿ ਲੈਹੈਂ ਗੁਜ਼ਰਾਨ। ਬਸਹਿਂ ਸਦਨ ਕਰਿ ਸੁਖ ਕੋ ਮਾਨਿ॥ ੩੬॥

ਸਾਡਾ ਕਿਹਾ ਮੰਨ ਲਵੋ ਤੇ ਪੰਜ ਹਲਾਂ ਦੀ ਧਰਤੀ ਦੇਵੋ, ਉਸ ਵਿਚ ਇਹ ਗੁਜ਼ਾਰਾ ਕਰ ਲੈਣਗੇ ਤੇ ਆਪਣੇ ਘਰਾਂ ਵਿਚ ਸੁੱਖ ਤੇ ਮਾਣ ਨਾਲ ਵੱਸਣਗੇ"॥੩੬॥

ਸੁਨਿ ਰਾਹਕ ਕੋਰਨ ਗੁਰਬਾਨੀ। ਨਹਿਂ ਮਾਨੀ ਮੁਖ ਕੀਨਿ ਬਖਾਨੀ।
'ਕਹਾਂ ਪੰਚ ਹਲ ਕੀ ਛਿਤ ਹੋਇ। ਕਹਾਂ ਕਮਾਇ ਖਾਇ ਹੈਂ ਸੋਇ?॥ ੩੭॥

ਗੁਰੂ ਜੀ ਦੇ ਬਚਨ ਸੁਣ ਕੇ ਕੋੜੇ ਕਿਸਾਨ ਨਾ ਮੰਨੇ ਤੇ ਮੁੱਖ ਤੋਂ ਕਿਹਾ, "ਕਿਥੇ ਪੰਜ ਹਲਾਂ ਦੀ ਜ਼ਮੀਨ ਹੈ, ਕਿਥੋਂ ਕਮਾਈ ਕਰਕੇ ਇਹ ਖਾਣਗੇ?॥੩੭॥

ਤਿਸ ਪਰ ਕੈਸੇ ਗ੍ਰਾਮ ਬਸਾਵੈਂ?। ਕਹਾਂ ਜੀਵਕਾ ਸਕਲ ਚਲਾਵੈਂ'।
ਸ੍ਰੀ ਹਰਿਰਾਇ ਬਖਾਨਜੋ ਫੇਰੀ। 'ਇਨ ਕੋ ਤਿਤਨੀ ਅਹੈ ਘਨੇਰੀ॥ ੩੮॥

ਉਸ ਉੱਤੇ ਕਿਸ ਤਰ੍ਹਾਂ ਪਿੰਡ ਵਸਾਉਣਗੇ, ਕਿਥੋਂ ਸਾਰੀ ਜੀਵਕਾ ਚਲਾਉਣਗੇ।" ਸ੍ਰੀ ਹਰਿਰਾਇ ਜੀ ਨੇ ਫਿਰ ਕਿਹਾ, "ਇਨ੍ਹਾਂ ਵਾਸਤੇ ਓਨੀ ਵੀ ਬਹੁਤ ਹੈ॥੩੮॥

ਛਿਤ ਥੋਰੀ ਮੈਂ ਸਕਲ ਕਮਾਵੈਂ। ਹਮ ਬਰਕਤ ਤਿਸ ਮਹਿਂ ਬਹੁ ਪਾਵੈਂ।
ਸਹਤ ਕੁਟੰਬਨਿ ਹੁਇ ਗੁਜ਼ਰਾਨ। ਤਿਸ ਮਹਿਂ ਤੇ ਹੁਇ ਅੰਨ ਮਹਾਨ

ਥੋੜ੍ਹੀ ਧਰਤੀ ਵਿਚ ਹੀ ਸਾਰੇ ਕਮਾਈ ਕਰ ਲੈਣਗੇ, ਅਸੀਂ ਉਨ੍ਹਾਂ ਦੀ ਕਮਾਈ ਵਿਚ ਬਹੁਤ ਬਰਕਤ ਪਾਵਾਂਗੇ। ਪਰਿਵਾਰਾਂ ਸਹਿਤ ਉਨ੍ਹਾਂ ਦਾ ਗੁਜ਼ਾਰਾ ਚਲੇਗਾ ਤੇ ਉਸ ਧਰਤੀ ਵਿਚ ਮਹਾਨ ਅੰਨ੍ਹ ਪੈਦਾ ਹੋਵੇਗਾ"॥ ੩੯॥

ਸੁਨਿ ਕੋਰੇ ਬੋਲੇ ਗੁਰ ਪਾਹੀ। 'ਹਮ ਅਵਿਨੀ ਦੇਵਹਿਂ ਕਿਮ ਨਾਹੀ।
ਹਲ ਕੀ ਮੁਖੀ ਅੱਗ੍ਰ ਹੁਇ ਜਿਤੀ। ਇਨ ਕੋ ਹਮ ਨਹਿਂ ਦੈਹੈਂ ਤਿਤੀ॥ ੪੦॥

ਇਹ ਸੁਣ ਕੇ ਕੋੜੇ ਗੁਰੂ ਜੀ ਪਾਸ ਬੋਲੇ, "ਅਸੀਂ ਕਿਸੇ ਤਰ੍ਹਾਂ ਵੀ ਧਰਤੀ ਨਹੀਂ ਦੇਵਾਂਗੇ, ਹੱਲ ਦੇ ਮੁੱਖ ਜਿੰਨੀ ਜੇ ਧਰਤੀ ਹੋਵੇ ਅਸੀਂ ਓਨੀ ਧਰਤੀ ਵੀ ਇਨ੍ਹਾਂ ਨੂੰ ਨਹੀਂ ਦੇਵਾਂਗੇ॥੪੦॥

ਬਸਹਿਂ ਸ਼ਰੀਕਾ ਫੇਰ ਕਮਾਵਹਿਂ। ਹੁਇ ਛਿਤ ਮਾਲਿਕ ਰਾਰ ਵਧਾਵੈਂ।
ਯਾਂਤੇ ਅਬਿ ਜਬਾਬ ਕਹਿ ਦੇਹਿਂ। ਕਜੋਂ ਬਸਾਇ ਸਮ ਕੇ ਕਰਿ ਲੇਹਿਂ॥ ੪੧॥

ਇਹ ਵੱਸ ਕੇ ਫਿਰ ਸ਼ਰੀਕਾ ਕਮਾਉਣਗੇ, ਧਰਤੀ ਦੇ ਮਾਲਕ ਹੋ ਕੇ ਝਗੜਾ ਵਧਾਉਣਗੇ, ਇਸ ਕਰਕੇ ਹੁਣੇ ਹੀ ਜਵਾਬ ਦੇ ਦਿੰਦੇ ਹਾਂ, ਕਿਉਂ ਵਸਾ ਕੇ ਇਨ੍ਹਾਂ ਨੂੰ ਆਪਣੇ ਬਰਾਬਰ ਦੇ ਕਰ ਲਈਏ॥੪੧॥

ਸਜਾਨੇ ਪੁਰਖਨਿ ਕੀ ਸਿਖ ਏਹੋ। ਗ੍ਰਾਸ ਦੇਹੁ ਪਰ ਬਾਸ ਨ ਦੇਹੋ।
ਇਮ ਉੱਤਰ ਦੇ ਤੂਸ਼ਨਿ ਰਹੇ। ਨਹੀਂ ਦੇਤਿ ਸਤਿਗੁਰ ਉਰ ਲਹੇ॥ ੪੨॥

ਸਿਆਣੇ ਪੁਰਸ਼ਾਂ ਦੀ ਇਹੋ ਸਿੱਖਿਆ ਹੈ, "ਰੋਟੀ ਦੇ ਦੇਵੇ ਪਰ ਵੱਸਣ ਵਾਸਤੇ ਥਾਂ ਨਾ ਦੇਵੇ।" ਇਸ ਤਰ੍ਹਾਂ ਉਤਰ ਦੇ ਕੇ ਚੁੱਪ ਹੋ ਗਏ। ਸਤਿਗੁਰੂ ਜੀ ਮਨ ਵਿਚ ਸਮਝ ਗਏ ਕਿ ਇਹ ਜ਼ਮੀਨ ਨਹੀਂ ਦੇਣਗੇ॥੪੨॥

ਉਠਿ ਕਰਿ ਗਏ ਆਪਨੇ ਧਾਮ। ਸ੍ਰੀ ਹਰਿਰਾਇ ਕਰਯੋ ਬਿਸਰਾਮ।
ਸੁਨ ਮਰ੍ਹਾਜ ਕੇ ਭਏ ਸਚਿੰਤ। ਅਪਨਿ ਬਾਸ ਬਹੁ ਥਲ ਚਿਤਵੰਤਿ॥ ੪੩॥

ਸਾਰੇ ਉੱਠ ਕੇ ਆਪਣੇ ਘਰਾਂ ਨੂੰ ਚਲੇ ਗਏ ਤੇ ਸ੍ਰੀ ਹਰਿਰਾਇ ਜੀ ਵਿਸਰਾਮ ਕਰਨ ਲੱਗੇ। ਮਰ੍ਹਾਜੀ ਲੋਕ ਸੁਣ ਕੇ ਚਿੰਤਿਤ ਹੋ ਗਏ। ਆਪਣੇ ਵਸੇਬੇ ਵਾਸਤੇ ਬਹੁਤ ਥਾਵਾਂ ਬਾਰੇ ਸੋਚਦੇ ਸਨ॥੪੩॥

*ਦਸਵੀਂ ਰਾਸ ਦਾ ਛੇਵਾਂ ਅਧਿਆਇ ਸਮਾਪਤ ਹੋਇਆ॥੬॥*

## ਅਧਿਆਇ ਸਤਵਾਂ

*ਮਰ੍ਹਾਜ ਤੇ ਕੋੜੇ ਕਿਸਾਨ*

ਦੋਹਰਾ- ਭਈ ਪ੍ਰਭਾਤਿ ਮਰ੍ਹਾਜ ਕੇ ਮਿਲੇ ਪਰਸਪਰ ਬ੍ਰਿੰਦ।
ਨਹਿੰ ਮਾਨੀ ਕੌਰਾਨਿ ਸਭਿ ਸ੍ਰੀ ਗੁਰ ਗਿਰਾ ਬਿਲੰਦ॥ ੧॥

ਸਵੇਰ ਹੋਈ ਤਾਂ ਮਰ੍ਹਾਜ ਕੁਲ ਦੇ ਲੋਕ ਇਕੱਠੇ ਹੋ ਕੇ ਆਪਸ ਵਿਚ ਮਿਲੇ। ਸ੍ਰੀ ਗੁਰੂ ਜੀ ਦੀ ਗੱਲ ਕੋੜਿਆਂ ਨੇ ਨਹੀਂ ਮੰਨੀ ਹੈ॥੧॥

ਚੌਪਈ- ਦਰਸ਼ਨ ਪਰਮ ਪਾਵਨੋ ਕਰਿ ਕੈ। ਪਦ ਅਰਬਿੰਦ ਸੀਸ ਕਹੁ ਧਰਿਕੈ।
ਬੈਠੇ ਨਿਕਟਿ ਸਕਲ ਕਰ ਬੰਦਿ। ਕ੍ਰਿਪਾ ਦ੍ਰਿਸ਼ਟਿ ਸੌਂ ਪਿਖਤਿ ਮੁਕੰਦ॥੨॥

ਪਰਮ ਪਵਿੱਤਰ ਦਰਸ਼ਨ ਕਰਕੇ ਤੇ ਚਰਨ ਕੰਵਲਾਂ 'ਤੇ ਸਿਰ ਧਰਕੇ ਸਾਰੇ ਮਨੁੱਖ ਗੁਰੂ ਜੀ ਦੇ ਪਾਸ ਹੱਥ ਜੋੜ ਕੇ ਬੈਠ ਗਏ। ਮੁਕਤੀ ਦਾਤੇ ਗੁਰੂ ਜੀ ਨੇ ਕਿਰਪਾ ਦ੍ਰਿਸ਼ਟੀ ਨਾਲ ਵੇਖਿਆ॥੨॥

ਅਵਿਨਿ ਲੇਨਿ ਕੋ ਸਕਲ ਪ੍ਰਸੰਗ। ਕਹਯੋ ਭਯੋ ਜਿਮ ਕੌਰਨਿ ਸੰਗ।
ਸੁਨਿ ਕੈ ਦੀਨ ਹੋਇ ਕਰਿ ਭਨੈ। 'ਰਾਵਰ ਤੇ ਸਭਿ ਕਾਰਜ ਬਨੈ॥੩॥

ਧਰਤੀ ਲੈਣ ਦੇ ਸਾਰੇ ਪ੍ਰਸੰਗ ਕਹੇ, ਜਿਵੇਂ ਕੋੜਿਆਂ ਨਾਲ ਹੋਏ ਸਨ। ਉਹ ਸੁਣ ਕੇ ਦੀਨ ਹੋ ਕੇ ਬੋਲੇ, "ਆਪ ਜੀ ਸਾਰੇ ਕਾਰਜ ਬਣਾ ਸਕਦੇ ਹੋ॥੩॥

ਅਗਮ ਹੋਇ ਬਹੁ ਸੁਗਮ ਕਰੰਤੇ। ਜਿਨਹਿ ਸੁਗਮ ਤਿਹ ਅਗਮ ਰਚੰਤੇ।
ਨਹੀਂ ਆਸਰਾ ਦੂਸਰ ਕੋਈ। ਤੁਮਰੇ ਚਰਨ ਪਰਾਇਨ ਹੋਈ॥ ੪॥

ਕਿੰਨਾ ਵੀ ਔਖਾ ਕੰਮ ਹੋਵੇ ਤੁਸੀਂ ਬਹੁਤ ਸੌਖਾ ਕਰ ਲੈਂਦੇ ਹੋ। ਜਿਹੜਾ ਬਹੁਤ ਆਸਾਨ ਹੋਵੇ, ਉਸ ਨੂੰ ਮੁਸ਼ਕਲ ਕਰ ਸਕਦੇ ਹੋ। ਦੂਸਰਾ ਕੋਈ ਆਸਰਾ ਨਹੀਂ ਹੈ, ਤੁਹਾਡੇ ਚਰਨਾਂ ਦਾ ਹੀ ਆਸਰਾ ਹੈ॥੪॥

ਹੋਇ ਉਪਾਇ ਸੁ ਦੇਹੁ ਬਤਾਈ। ਜਥਾ ਬਾਸ ਹਮ ਤੇ ਬਨਿਆਈ।
ਬਿਨਾ ਬਾਸ ਤੇ ਨਹਿਂ ਬਿਸਰਾਮ। ਲਾਜ ਬਡਾਈ ਨਹਿਂ ਬਿਨ ਧਾਮ' ॥ ੫ ॥

ਜੇ ਕੋਈ ਉਪਾਅ ਹੋ ਸਕੇ ਤਾਂ ਦੱਸ ਦੇਵੋ, ਜਿਸ ਤਰ੍ਹਾਂ ਸਾਡਾ ਕਿਤੇ ਵਸੇਬਾ ਹੋ ਸਕੇ। ਵਸੇਬੇ ਤੋਂ ਬਿਨਾਂ ਆਰਾਮ ਨਹੀਂ ਹੈ। ਲਾਜ ਅਤੇ ਵਡਿਆਈ ਆਪਣੇ ਘਰ ਤੋਂ ਬਗੈਰ ਪ੍ਰਾਪਤ ਨਹੀਂ ਹੁੰਦੀ' ॥੫॥

ਸ੍ਰੀ ਹਰਿਰਾਇ ਗੁਰੂ ਸੁਨਿ ਕਾਨ। ਬਿਨਤੀ ਸਿੱਖਨਿ ਕੀਨਿ ਮਹਾਨ।
ਭਏ ਦੀਨ ਸੇ ਚਾਹਤਿ ਧਰਨੀ। ਤਿਨ ਕੇ ਹਿਤ ਕੀ ਬਾਨੀ ਬਰਨੀ॥ ੬ ॥

ਸ੍ਰੀ ਗੁਰੂ ਹਰਿਰਾਇ ਜੀ ਨੇ ਆਪਣੇ ਕੰਨਾਂ ਨਾਲ ਸੁਣਿਆ, ਸਿੱਖਾਂ ਨੇ ਬੜੀ ਮਹਾਨ ਬੇਨਤੀ ਕੀਤੀ ਹੈ। ਉਹ ਬਹੁਤ ਦੀਨ ਹੋ ਗਏ ਹਨ ਅਤੇ ਧਰਤੀ ਮੰਗਦੇ ਹਨ, ਫਿਰ ਗੁਰੂ ਜੀ ਨੇ ਉਨ੍ਹਾਂ ਦੇ ਹਿਤ ਦੀ ਬਾਣੀ ਕਹੀ॥੬॥

'ਕਰਹੁ ਕੂਚ ਤੁਮ ਅਪਨੋ ਡੇਰਾ। ਲੇ ਕਰਿ ਸਰਬ ਸਾਥ ਇਕ ਬੇਰਾ।
ਚਲਤਿ ਜਹਾਂ ਸੰਧਜਾ ਪਰ ਜਾਇ। ਤਹਿਂ ਡੇਰੇ ਕੋ ਲੇਹੁ ਟਿਕਾਇ॥ ੭ ॥

"ਤੁਸੀਂ ਆਪਣਾ ਡੇਰਾ ਕੂਚ ਕਰੋ ਤੇ ਸਾਰਿਆਂ ਨੂੰ ਇਕ ਵਾਰ ਆਪਣੇ ਨਾਲ ਲੈ ਲਵੋ, ਚਲਦਿਆਂ ਚਲਦਿਆਂ ਜਿਥੇ ਰਾਤ ਪੈ ਜਾਵੇ ਉਥੇ ਆਪਣਾ ਡੇਰਾ ਲਾ ਲਵੋ॥੭॥

ਰਚਹੁ ਸਦਨ ਸਭਿ ਗ੍ਰਾਮ ਬਸਾਵਹੁ। ਕਰਹੁ ਬਾਸ ਕੋ ਮਿਲਿ ਸੁਖ ਪਾਵਹੁ।
ਤਹਾਂ ਬਿਘਨ ਜੇ ਹੋਇ ਤੁਮਾਰੇ। ਸਤਿਗੁਰ ਹੁਇਂ ਸਹਾਇ, ਦੈਂ ਟਾਰੇ' ॥ ੮ ॥

ਉਥੇ ਆਪਣੇ ਮਕਾਨ ਬਣਾ ਕੇ ਪਿੰਡ ਵਸਾਵੋ ਤੇ ਵਸੇਬਾ ਕਰਕੇ ਮਿਲ ਕੇ ਸੁੱਖ ਪਾਵੋ। ਉਥੇ ਜੇ ਤੁਹਾਨੂੰ ਕੋਈ ਵਿਘਨ ਆ ਪਵੇਗਾ ਤਾਂ ਸਤਿਗੁਰੂ ਜੀ ਸਹਾਇਕ ਹੋਣਗੇ ਤੇ ਵਿਘਨਾਂ ਨੂੰ ਟਾਲ ਦੇਣਗੇ" ॥੮॥

ਇਮ ਸੁਨਿਕੈ ਸਗਰੇ ਕਰ ਬੰਦਿ। ਕੀਨਿ ਬੰਦਨਾ ਪਦ ਅਰਬਿੰਦ।
ਮਾਨਜੋ ਹੁਕਮ ਸਿਦਕ ਉਰ ਧਾਰਾ। ਸਫਲ ਕਾਜ ਹੁਇ ਰਿਦੇ ਬਿਚਾਰਾ॥ ੯ ॥

ਇਸ ਤਰ੍ਹਾਂ ਸੁਣ ਕੇ ਸਾਰਿਆਂ ਨੇ ਹੱਥ ਜੋੜ ਕੇ ਚਰਨ ਕੰਵਲਾਂ 'ਤੇ ਬੰਦਨਾ ਕੀਤੀ। ਹੁਕਮ ਮੰਨ ਕੇ ਹਿਰਦੇ ਵਿਚ ਸਿਦਕ ਧਾਰਨ ਕੀਤਾ, "ਕਾਰਜ ਸਫਲ ਹੋਇਆ" ਹਿਰਦੇ ਵਿਚ ਵਿਚਾਰਿਆ॥੯॥

ਜਿਨ ਆਇਸੁ ਮਹਿਂ ਚੌਦਾਂ ਭਵਨ। ਨਰ ਬਪੁਰੇ ਕੀ ਗਿਨਤੀ ਕਵਨ।
ਗੁਰ ਤੇ ਹੋਇ ਬਿਸਰਜਨ ਚਲੇ। ਸਿਰਕੀਬਾਸ ਲਾਦਿ ਕਰਿ ਭਲੇ॥ ੧੦ ॥

ਜਿਸ ਦੀ ਆਗਿਆ ਵਿਚ ਚੌਦਾਂ ਲੋਕ ਹਨ ਤਾਂ ਫਿਰ ਵਿਚਾਰਾ ਮਨੁੱਖ ਕਿਸ ਗਿਣਤੀ ਵਿਚ ਰਹਿ ਜਾਂਦਾ ਹੈ। ਗੁਰੂ ਜੀ ਪਾਸੋਂ ਵਿਦਾਇਗੀ ਲੈ ਕੇ ਚਲ ਪਏ, ਸਿਰਕੀਵਾਸ ਆਪਣਾ ਸਾਮਾਨ ਭਲੀ ਪ੍ਰਕਾਰ ਲੱਦ ਕੇ ਚਲ ਪਏ॥੧੦॥

ਮਾਰਗ ਚਲਤਿ ਦਿਵਸ ਕੋ ਟਾਰਾ। ਇਸਤ੍ਰੀ ਪੁਰਖ ਸਹਤ ਪਰਿਵਾਰਾ।
ਗਮਨਤਿ ਜਬਿ ਸੰਧਜਾ ਪਰਿ ਗਈ। ਡੇਰਾ ਕਰਨਿ ਥਾਂਵ ਲਖਿ ਲਈ॥ ੧੧ ॥

ਮਾਰਗ ਚਲਦਿਆ ਇਕ ਦਿਨ ਭਲੀ ਪ੍ਰਕਾਰ ਲੰਘਾਇਆ, ਇਸਤਰੀ ਪੁਰਖ ਪਰਿਵਾਰ ਸਹਿਤ ਜਾ ਰਹੇ ਸਨ। ਚਲਦਿਆਂ ਚਲਦਿਆਂ ਜਦ ਸ਼ਾਮ ਹੋ ਗਈ, ਡੇਰਾ ਕਰਨ ਵਾਸਤੇ ਇਕ ਥਾਂ ਵੇਖੀ॥੧੧॥

ਅਵਨੀ ਰਵਨੀ ਬਸਿਬੇ ਜੋਗ। ਕੀਨਿ ਬਿਲੋਕਨ, ਉਤਰੇ ਲੋਗ।
ਅਬਿ ਮਰ੍ਹਾਜ ਕੇ ਗ੍ਰਾਮ ਜਹਾਂ ਹੈਂ। ਗੁਰੂ ਹੁਕਮ ਤੇ ਥਿਰੇ ਤਹਾਂ ਹੈ॥ ੧੨॥

ਪਧਰੀ ਧਰਤੀ ਵੱਸਣ ਯੋਗ ਸੀ, ਚੰਗੀ ਤਰ੍ਹਾਂ ਵੇਖ ਸਾਰੇ ਲੋਕ ਉਤਰ ਗਏ। ਹੁਣ ਮਰ੍ਹਾਜ ਦਾ ਜਿਥੇ ਪਿੰਡ ਹੈ, ਗੁਰੂ ਜੀ ਦੇ ਹੁਕਮ ਨਾਲ ਉਥੇ ਬੈਠ ਗਏ॥੧੨॥

ਕਰਜੋ ਜਾਮਨੀ ਮਹਿਂ ਬਿਸਰਾਮੁ। ਖਾਨ ਪਾਨ ਤੇ ਲੀਨਿ ਅਰਾਮੁ।
ਭਈ ਪ੍ਰਭਾਤਿ ਧਾਮ ਜਿਮ ਹੋਇ। ਤਿਮ ਬਿਥਾਰ ਕਰਿ ਉਤਰੇ ਸੋਇ॥ ੧੩॥

ਰਾਤ ਸਮੇਂ ਉਥੇ ਵਿਸਰਾਮ ਕੀਤਾ, ਖਾ ਪੀ ਕੇ ਅਰਾਮ ਲਿਆ। ਸਵੇਰ ਹੋਈ ਤਾਂ ਜਿਵੇਂ ਘਰ ਹੋਵੇ ਉਸ ਤਰ੍ਹਾਂ ਫੈਲ ਕੇ ਉਤਾਰੇ ਕਰ ਲਏ॥੧੩॥

ਜੈਤ ਪਿਰਾਣਾ ਰਾਹਕ ਰਹੈ। ਮਾਲਕ ਤਿਸ ਅਵਿਨੀ ਕੋ ਅਹੈ।
ਜਿਸ ਕੇ ਸਮ ਦੂਜਾ ਬਲਵਾਨ ਨ। ਪਕਰਹਿ ਪਾਨਨ ਤੇ ਪੰਚਾਨਨ॥ ੧੪॥

ਉਥੇ ਜੈਤ ਪਿਰਾਣਾ ਕਿਸਾਨ ਰਹਿੰਦਾ ਸੀ, ਉਹ ਉਸ ਧਰਤੀ ਦਾ ਮਾਲਕ ਸੀ। ਉਸ ਵਰਗਾ ਕੋਈ ਦੂਸਰਾ ਬਲਵਾਨ ਨਹੀਂ ਸੀ। ਉਹ ਸ਼ੇਰ ਨੂੰ ਹੱਥ ਨਾਲ ਹੀ ਫੜ ਲੈਂਦਾ ਸੀ॥੧੪॥

ਤਿਸ ਨੇ ਇਨ ਕੀ ਸੁਧ ਸਭਿ ਸੁਨੀ। 'ਬਸਿਬੇ ਹਿਤ ਅਵਨੀ ਚਹਿਂ ਘਨੀ।
ਕਾਲਾ ਕਰਮਚੰਦ ਜੇ ਰਾਹਕ। ਮੁਖਿ ਮਰ੍ਹਾਜ ਕੇ ਮਹਿਂ ਮਹਿ ਗਾਹਕ'॥ ੧੫॥

ਉਸ ਨੇ ਇਨ੍ਹਾਂ ਲੋਕਾਂ ਬਾਰੇ ਸਾਰੀ ਖ਼ਬਰ ਸੁਣੀ, "ਵਸੇਬੇ ਵਾਸਤੇ ਬਹੁਤ ਧਰਤੀ ਚਾਹੁੰਦੇ ਹਨ। ਕਾਲਾ ਤੇ ਕਰਮਚੰਦ ਜਿਹੜੇ ਕਿਸਾਨ ਹਨ, ਉਹ ਮਰ੍ਹਾਜ ਕਿਆਂ ਵਿਚੋਂ ਮੁਖੀ ਧਰਤੀ ਦੇ ਗਾਹਕ ਹਨ"॥੧੫॥

ਅਪਨੋ ਮਾਨੁਖ ਤੁਰਤ ਪਠਾਯੋ। 'ਇਹਾਂ ਨ ਠਹਿਰਹੁ' ਭਾਖਿ ਸੁਨਾਯੋ।
'ਮੈਂ ਬੈਠਜੋ ਮਾਲਕ ਨਿਜ ਧਰਨੀ। ਕਰੋਂ ਸੰਭਾਰਨਿ ਜਜੋਂ ਨਿਜ ਤਰੁਨੀ॥ ੧੬॥

ਆਪਣਾ ਆਦਮੀ ਤੁਰਤ ਭੇਜਿਆ, ਉਸ ਨੇ ਆ ਕੇ ਕਿਹਾ, "ਏਥੇ ਨਾ ਠਹਿਰੋ, ਮੈਂ ਧਰਤੀ ਦਾ ਮਾਲਕ ਬੈਠਾ ਹਾਂ, ਇਸ ਨੂੰ ਇਸ ਤਰ੍ਹਾਂ ਸੰਭਾਲ ਲਵਾਂਗਾ ਜਿਵੇਂ ਆਪਣੀ ਵਹੁਟੀ ਹੋਵੇ॥੧੬॥

ਬਿਨਾਂ ਬਿਲੰਬ ਕੂਚ ਕਰਿ ਜਾਵਹੁ। ਆਨ ਥਾਨ ਕਿਤ ਬਾਸ ਬਸਾਵਹੁ।
ਨਾਂਹਿ ਤ ਮੈਂ ਚਢਿ ਕੈ ਚਲਿ ਆਵਹੁਂ। ਲਰੇ ਹਨੋਂ ਨਤੁ ਲੂਟ ਮਚਾਵਹੁਂ॥ ੧੭॥

ਕਿਸੇ ਦੇਰ ਤੋਂ ਬਗ਼ੈਰ ਕੂਚ ਕਰ ਜਾਵੋ, ਕਿਸੇ ਹੋਰ ਥਾਂ ਜਾ ਕੇ ਵਸੇਬਾ ਕਰੋ। ਨਹੀਂ ਤਾਂ ਮੈਂ ਚੜ੍ਹ ਕੇ ਚਲ ਆਵਾਂਗਾ ਤੇ ਲੜ ਕੇ ਮਾਰ ਦੇਵਾਂਗਾ, ਨਹੀਂ ਤਾਂ ਲੁਟ ਮਚਾ ਦੇਵਾਂਗਾ॥੧੭॥

ਅਪਨੀ ਸੀਮ ਨਿਕਾਸੋਂ ਸਾਰੇ। ਜੇ ਅਰ ਪਰਹਿਂ ਲਖਹੁ ਸੇ ਮਾਰੇ'।
ਇੱਤਜਾਦਿਕ ਭੇਜਜੋ ਕਹਿ ਤਬੈ। ਆਯੋ ਨਰ ਬੈਠੇ ਜਹਿਂ ਸਭੈ॥ ੧੮॥

ਸਾਰਿਆਂ ਨੂੰ ਆਪਣੀ ਹੱਦ ਵਿਚੋਂ ਕੱਢ ਦੇਵਾਂਗਾ, ਜੇ ਅਗੋਂ ਅੜਦੇ ਵੇਖਾਂਗਾ ਤਾਂ ਮਾਰ ਦੇਵਾਂਗਾ।" ਜਦ ਇੱਤਿਆਦਿਕ ਕਹਿ ਕੇ ਭੇਜਿਆ ਤਾਂ ਇਕ ਮਨੁੱਖ ਉਥੇ ਆਇਆ ਜਿਥੇ ਸਾਰੇ ਬੈਠੇ ਹੋਏ ਸਨ॥੧੮॥

ਕਹੀ ਜੈਤ ਕੀ ਸਕਲ ਸੁਨਾਈ। 'ਕਜੋਂ ਤੁਮ ਉਤਰਿ ਪਰੇ ਇਸ ਥਾਂਈ?
ਨਹਿਂ ਬੂਝਜੋ ਨਹਿਂ ਆਇਸੁ ਲਈ। ਰਿਦੇ ਢੀਠਤਾ ਕਜੋਂ ਕਰਿ ਭਈ? ॥੧੯॥

ਉਸ ਨੇ ਆ ਕੇ ਜੈਤ ਦੀ ਕਹੀ ਹੋਈ ਗੱਲ ਸੁਣਾਈ, "ਤੁਸੀਂ ਇਸ ਥਾਂ ਕਿਉਂ ਉਤਾਰਾ ਕੀਤਾ ਹੈ ? ਨਾ ਕਿਸੇ ਪਾਸੋਂ ਪੁੱਛਿਆ ਹੈ ਅਤੇ ਨਾ ਹੀ ਆਗਿਆ ਲਈ ਹੈ, ਹਿਰਦੇ ਵਿਚ ਢੀਠਤਾ ਕਿਉਂ ਧਾਰਨ ਕੀਤੀ ਹੈ ?॥੧੯॥

ਲਖਹੁ ਕਿ ਨਹੀਂ ਜੈਤ ਕੋ ਜ਼ੋਰ? ਜਿਸ ਕੇ ਸਮ ਨਹਿ ਜਗ ਮੈਂ ਔਰ।
ਬੀਰ ਸੈਂਕਰੇ ਹੇਰਤਿ ਭਾਜੇ। ਲਰ ਨਹਿੰ ਸਕਹਿੰ ਤਜੈਂ ਕੁਲ ਲਾਜੇ'॥ ੨੦॥

ਤੁਸੀਂ ਜੈਤ ਦੀ ਤਾਕਤ ਨੂੰ ਜਾਣਦੇ ਹੋ ਕਿ ਨਹੀਂ ? ਜਿਸ ਦੇ ਬਰਾਬਰ ਜੱਗ ਵਿਚ ਕੋਈ ਹੋਰ ਨਹੀਂ ਹੈ। ਸੈਂਕੜੇ ਸੂਰਮੇ ਵੇਖਦਿਆਂ ਹੀ ਭੱਜ ਜਾਂਦੇ ਹਨ, ਲੜ ਨਹੀਂ ਸਕਦੇ ਤੇ ਕੁਲ ਦੀ ਲਾਜ ਛੱਡ ਕੇ ਭੱਜ ਜਾਂਦੇ ਹਨ' ॥੨੦॥

ਕਾਲੇ ਕਹਜੋ 'ਬਿਸਾਲ ਮਹੀ ਹੈ। ਸੁਨਜੋ ਜੈਤ ਬਲਵਾਨ ਸਹੀ ਹੈ।
ਹਮ ਬਿਰੋਧ ਨਹਿੰ ਸਕਹਿੰ ਕਮਾਇ। ਤਿਹ ਸਮਸਰਤਾ ਪਾਇ ਨ ਜਾਇ॥੨੧॥

ਕਾਲੇ ਨੇ ਕਿਹਾ, "ਜੈਤ ਪਾਸ ਵਿਸ਼ਾਲ ਜ਼ਮੀਨ ਹੈ, ਇਹ ਸੁਣਿਆ ਹੈ ਕਿ ਜੈਤ ਬਲਵਾਨ ਬਹੁਤ ਹੈ। ਅਸੀਂ ਉਸ ਨਾਲ ਵਿਰੋਧ ਨਹੀਂ ਕਮਾ ਸਕਦੇ, ਉਸ ਦੀ ਬਰਾਬਰੀ ਕੀਤੀ ਨਹੀਂ ਜਾ ਸਕਦੀ॥੨੧॥

ਸ੍ਰੀ ਹਰਿਰਾਇ ਗੁਰੂ ਸਭਿ ਜਗ ਕੇ। ਤਿਨ ਕੇ ਰਹੈਂ ਆਸਰੇ ਲਗਿ ਕੇ।
ਕਰਜੋ ਹੁਕਮ ਹਮ ਕੋ ਇਸ ਥਾਨ। ਰਚਨਿ ਸਦਨ ਹਿਤ ਬੈਠੇ ਆਨਿ॥ ੨੨॥

ਸ੍ਰੀ ਹਰਿਰਾਇ ਜੀ ਸਭ ਜਗਤ ਦੇ ਗੁਰੂ ਹਨ, ਉਨ੍ਹਾਂ ਦੇ ਆਸਰੇ ਲੱਗ ਕੇ ਅਸੀਂ ਰਹਿ ਰਹੇ ਹਾਂ। ਸਾਨੂੰ ਇਸ ਥਾਂ ਵੱਸਣ ਦਾ ਉਨ੍ਹਾਂ ਹੁਕਮ ਕੀਤਾ ਹੈ। ਘਰ ਬਣਾਉਣ ਵਾਸਤੇ ਏਥੇ ਆ ਕੇ ਬੈਠੇ ਹਾਂ॥੨੨॥

ਜਾਚੀ ਦੇਹੁ, ਅਧਿਕ ਛਿਤ ਅਹੇ। ਸਮੈ ਬਿਤਾਵਹਿੰ ਹਮ ਇਤ ਰਹੇ।
ਇਕ ਤੌ ਗੁਰੂ ਹੁਕਮ ਕੋ ਮਾਨੋ। ਦੂਜੇ ਹਮ ਪਰ ਕਰਹੁ ਅਸਾਨੋ॥ ੨੩॥

ਜ਼ਮੀਨ ਬਹੁਤ ਪਈ ਹੋਈ ਹੈ, ਜਿਹੜੀ ਅਸੀਂ ਮੰਗੀ ਹੈ ਦੇ ਦੇਵੋ। ਸਮਾਂ ਬਿਤਾਉਣ ਵਾਸਤੇ ਅਸੀਂ ਏਥੇ ਰਹਾਂਗੇ। ਇਕ ਤਾਂ ਗੁਰੂ ਜੀ ਦਾ ਹੁਕਮ ਮੰਨੋ, ਦੂਸਰਾ ਸਾਡੇ ਉਤੇ ਅਹਿਸਾਨ ਕਰੋ॥੨੩॥

ਅਪਰ ਬਸਹਿੰ ਜਿਮ ਹੁਇ ਅਨੁਸਾਰੀ। ਤਿਮ ਹਮ ਰਹੈਂ ਸਦਾ ਹਿਤ ਧਾਰੀ'।
ਸੁਨਤਿ ਦੂਤ ਢਿਗ ਜੈਤ ਗਯੋ ਹੈ। ਇਨ ਕੋ ਕਹਜੋ ਸੁਨਾਇ ਦਯੋ ਹੈ॥ ੨੪॥

ਹੋਰ ਥਾਂ ਵਸਾਂਗੇ ਜਿਵੇਂ ਆਗਿਆ ਹੋਵੇਗੀ, ਉਸ ਤਰ੍ਹਾਂ ਹੀ ਅਸੀਂ ਸਦਾ ਆਗਿਆ ਧਾਰ ਕੇ ਰਹਾਂਗੇ'। ਇਹ ਸੁਣ ਕੇ ਦੂਤ ਜੈਤ ਦੇ ਪਾਸ ਗਿਆ ਤੇ ਇਨ੍ਹਾਂ ਦਾ ਕਿਹਾ ਸਾਰਾ ਸੁਣਾ ਦਿੱਤਾ॥੨੪॥

'ਸ੍ਰੀ ਹਰਿਰਾਇ ਬਿਲੰਦ ਬਲੀ ਹੈਂ। ਪੀਰੀ ਮੀਰੀ ਧਰੈਂ ਭਲੀ ਹੈਂ।
ਭਏ ਸਹਾਇਕ, ਥਾਨ ਬਤਾਯੋ। ਸੋ ਚਾਹਤਿ ਹੈਂ ਇਨਹੁੰ ਬਸਾਯੋ'॥ ੨੫॥

"ਸ੍ਰੀ ਹਰਿਰਾਇ ਜੀ ਵੱਡੇ ਬਲਵਾਨ ਹਨ, ਉਨ੍ਹਾਂ ਭਲੀ ਪ੍ਰਕਾਰ ਪੀਰੀ ਮੀਰੀ ਧਾਰਨ ਕੀਤੀ ਹੈ, ਉਹ ਉਨ੍ਹਾਂ ਦੇ ਸਹਾਇਕ ਬਣੇ ਹਨ ਅਤੇ ਉਨ੍ਹਾਂ ਨੇ ਹੀ ਇਸ ਥਾਂ ਬਾਰੇ ਦੱਸਿਆ ਹੈ, ਉਹ ਇਨ੍ਹਾਂ ਨੂੰ ਵਸਾਉਣਾ ਚਾਹੁੰਦੇ ਹਨ" ॥੨੫॥

ਕਹੈ ਜੈਤ 'ਗੁਰ ਛੀਨਸਿ ਕਾਹੂ। ਚਹੈਂ ਬਸਾਯੋ ਹਮ ਛਿਤ ਮਾਹੂ।
ਸੋ ਮੈਂ ਦੇਤਿ ਨਹੀਂ ਕਿਸ ਰੀਤਿ। ਨਹੀਂ ਸਹਾਰੌਂ ਅਸ ਬਿਪਰੀਤ॥ ੨੬॥

ਜੈਤ ਨੇ ਕਿਹਾ, "ਗੁਰੂ ਜੀ ਜ਼ਮੀਨ ਕਿਉਂ ਖੋਹ ਲੈਣਗੇ ? ਉਹ ਸਾਡੀ ਜ਼ਮੀਨ ਵਿਚ ਇਨ੍ਹਾਂ ਨੂੰ ਕਿਉਂ ਵਸਾਉਣਾ ਚਾਹੁੰਦੇ ਹਨ ? ਮੈਂ ਇਹ ਜ਼ਮੀਨ ਕਿਸੇ ਰੀਤੀ ਅਨੁਸਾਰ ਵੀ ਦੇਣ ਨੂੰ ਤਿਆਰ ਨਹੀਂ ਹਾਂ, ਮੈਂ ਐਸੀ ਉਲਟੀ ਰੀਤ ਨਹੀਂ ਬਰਦਾਸ਼ਤ ਕਰਾਂਗਾ॥੨੬॥

ਅਬਿ ਕੇ ਜਾਹੁ ਦੇਹੁ ਸਮੁਝਾਇ। ਭਲਾ ਚਹਹੁ ਨਿਜ ਤੌ ਚਢਿ ਜਾਇਂ।
ਆਨ ਥਾਨ ਖੋਜਹੁ ਹਿਤ ਬਾਸ। ਰਚੀਅਹਿ ਜਹਾਂ ਨਚਿੰਤ ਅਵਾਸ' ॥ ੨੭ ॥

ਹੁਣ ਜਾ ਕੇ ਸਮਝਾ ਦੇਵੋ, ਜੇ ਆਪਣਾ ਭਲਾ ਚਾਹੁੰਦੇ ਹੋ ਤਾਂ ਚੜ੍ਹ ਕੇ ਚਲੇ ਜਾਵੋ। ਆਪਣੇ ਵਸੇਬੇ ਬਾਰੇ ਕੋਈ ਹੋਰ ਥਾਂ ਲੱਭੋ, ਉਥੇ ਆਪਣੇ ਘਰ ਬਣਾਓ ਜਿਹੜਾ ਚਿੰਤਾ ਰਹਿਤ ਹੋਵੇ' ॥੨੭॥

ਆਇ ਦੂਤ ਪੁਨ ਸਕਲ ਸੁਨਾਈ। ਕਾਲੇ ਆਦਿਕ ਚਿੰਤ ਉਪਾਈ।
ਮਹਾਂ ਬਲੀ ਇਹ ਬਸਨਿ ਨ ਦੈਹੈ। ਹਮਰੋ ਬੈਰ ਨਹੀਂ ਨਿਬਹੈ ਹੈ ॥ ੨੮ ॥

ਦੂਤ ਨੇ ਆ ਕੇ ਫਿਰ ਜੈਤ ਦੀ ਸਾਰੀ ਗੱਲ ਸੁਣਾਈ। ਕਾਲੇ ਆਦਿ ਨੇ ਸੁਣ ਕੇ ਬਹੁਤ ਚਿੰਤਾ ਪਾਈ। ਇਹ ਮਹਾਂਬਲੀ ਹੈ, ਵਸਣ ਨਹੀਂ ਦੇਵੇਗਾ, ਸਾਡਾ ਇਸ ਨਾਲ ਵੈਰ ਨਹੀਂ ਨਿਭਣਾ ਹੈ॥੨੮॥

ਹੋਇ ਦੀਨ ਗੁਰ ਕੇ ਢਿਗ ਆਏ। ਹਾਥ ਜੋਰਿ ਕਰਿ ਸੀਸ ਨਿਵਾਏ।
ਬੈਠਤਿ ਅਪਨੀ ਅਰਜ਼ ਗੁਜ਼ਾਰੀ। 'ਸੁਨਹੁ ਪ੍ਰਭੂ! ਜਿਮ ਜੈਤ ਉਚਾਰੀ ॥ ੨੯ ॥

ਦੀਨ ਹੋ ਕੇ ਫਿਰ ਗੁਰੂ ਜੀ ਪਾਸ ਆਏ। ਹੱਥ ਜੋੜ ਕੇ ਸਿਰ ਨਿਵਾਏ ਤੇ ਬੈਠ ਕੇ ਆਪਣੀ ਬੇਨਤੀ ਕੀਤੀ, "ਹੇ ਪ੍ਰਭੂ ਜੀ ! ਸੁਣੋ, ਜਿਵੇਂ ਜੈਤ ਨੇ ਉਚਾਰਨ ਕੀਤਾ ਹੈ॥੨੯॥

ਭਈ ਸੰਝ ਤੁਮ ਹੁਕਮ ਚਿਤਾਰਾ। ਪਿਖਿ ਸਥਾਨ ਕੋ ਸਿਵਰ ਉਤਾਰਾ।
ਜੈਤ ਪਿਰਾਣੇ ਕੀ ਛਿਤ ਸੋਇ। ਸੁਨਿ ਨਰ ਭੇਜਜੋ ਰਿਸ ਮੈਂ ਹੋਇ ॥ ੩੦ ॥

ਜਦ ਸ਼ਾਮ ਹੋਈ ਜਿਵੇਂ ਤੁਸੀਂ ਹੁਕਮ ਫੁਰਮਾਇਆ, ਸਥਾਨ ਨੂੰ ਵੇਖ ਕੇ ਅਸੀਂ ਆਪਣਾ ਡੇਰਾ ਕਰ ਲਿਆ। ਉਹ ਸਾਰੀ ਜ਼ਮੀਨ ਜੈਤ ਪਿਰਾਣੇ ਦੀ ਹੈ, ਉਸ ਨੇ ਸੁਣ ਕੇ ਗੁੱਸੇ ਵਿਚ ਆ ਕੇ ਇਕ ਦੂਤ ਭੇਜਿਆ॥੩੦॥

ਲੈਹੋਂ ਲੂਟ ਨਤੁਰ ਉਠਿ ਜੱਯੈ। ਆਨ ਸਥਾਨ ਬਾਸ ਕੋ ਕੱਯੈ।
ਲਿਯੋ ਆਪ ਕੋ ਨਾਮ ਨ ਮਾਨਾ। ਲਰਿਬੇ ਹੇਤ ਦ੍ਵੈਸ਼ ਕੋ ਠਾਨਾ' ॥ ੩੧ ॥

ਲੁੱਟ ਲਵਾਂਗਾ ਨਹੀਂ ਤਾਂ ਉੱਠ ਜਾਵੇ, ਕਿਸੇ ਹੋਰ ਥਾਂ ਜਾ ਕੇ ਵੱਸੇ। ਅਸੀਂ ਆਪ ਜੀ ਦਾ ਨਾਂ ਲਿਆ ਹੈ, ਪਰ ਉਹ ਮੰਨਿਆ ਨਹੀਂ, ਲੜਨ ਵਾਸਤੇ ਈਰਖਾ ਧਾਰਨ ਕੀਤੀ ਹੈ" ॥੩੧॥

ਸੁਨਿ ਗੁਰ ਕਹਜੋ 'ਧਰਹੁ ਉਤਸਾਹੂ। ਹਤਹੁ ਜੈਤ ਕਰਿ ਬਲ ਰਣ ਮਾਂਹੂ।
ਉਰ ਤੇ ਕਾਤੁਰਤਾ ਅਬਿ ਤਜਾਗਹੁ। ਕਰਿ ਪੁਰਸ਼ਾਰਥ ਕੋ ਹਿਤ ਲਾਗਹੁ ॥ ੩੨ ॥

ਇਹ ਸੁਣ ਕੇ ਗੁਰੂ ਜੀ ਨੇ ਕਿਹਾ, "ਉਤਸ਼ਾਹ ਧਾਰਨ ਕਰੋ, ਯੁੱਧ ਵਿਚ ਬਲ ਧਾਰ ਕੇ ਜੈਤ ਨੂੰ ਮਾਰ ਦੇਵੋ। ਹਿਰਦੇ ਵਿਚੋਂ ਹੁਣ ਕਾਇਰਤਾ ਨੂੰ ਛੱਡੋ, ਉੱਦਮ ਕਰਕੇ ਉਸ ਨੂੰ ਮਾਰੋ॥੩੨॥

ਅਪਨਿ ਗ੍ਰਾਮ ਕੋ ਲੇਹੁ ਬਸਾਈ। ਚਢਿ ਆਵਹਿ ਕੋ ਕਰਹੁ ਲਰਾਈ'।
ਕਾਲਾ ਕਰਮਚੰਦ ਤੇ ਆਦਿ। ਕਹਜੋ 'ਕਹਾਂ ਬਨਿ ਆਵਹਿ ਬਾਦ ॥ ੩੩ ॥

ਆਪਣੇ ਪਿੰਡ ਨੂੰ ਹੁਣ ਵਸਾ ਲਵੋ, ਜੇ ਕੋਈ ਚੜ੍ਹ ਕੇ ਆਵੇ ਤਾਂ ਲੜਾਈ ਕਰੋ।" ਕਾਲਾ, ਕਰਮਚੰਦ ਆਦਿ ਨੇ ਕਿਹਾ, "ਝਗੜਾ ਕਰਨਾ ਕਿੱਥੇ ਬਣਦਾ ਹੈ॥੩੩॥

ਜੈਤ ਮਹਾਂ ਪ੍ਰਾਕ੍ਰਮ ਕੇ ਸੰਗ। ਜਿਸ ਕੇ ਸਮ ਨਹਿਂ ਅਪਰ ਸੁਭੰਗ।
ਗਜ ਸੌਂ ਭਿਰਨਿ ਸਮਰਥ ਬਿਸਾਲਾ। ਇਕਲੋ ਕੇਹਰਿ ਹਤਹਿ ਕਰਾਲਾ ॥ ੩੪ ॥

ਜੈਤ ਵੱਡੀ ਤਾਕਤ ਵਾਲਾ ਹੈ, ਸਭ ਤਰ੍ਹਾਂ ਨਾਲ ਜਿਸ ਵਰਗਾ ਹੋਰ ਕੋਈ ਨਹੀਂ। ਉਹ ਤਾਂ ਹਾਥੀ ਨਾਲ ਵੀ ਭਿੜਨ ਦੇ ਸਮਰੱਥ ਹੈ। ਇਕੱਲਾ ਹੀ ਵਿਕਰਾਲ ਸ਼ੇਰ ਨੂੰ ਮਾਰ ਸਕਦਾ ਹੈ॥੩੪॥

ਸਭਿ ਸ਼ੱਤ੍ਰੁ ਜਿਸ ਤੇ ਭੈ ਮਾਨੈਂ। ਨਹਿਂ ਸਨਮੁਖ ਹ੍ਵੈ ਰਣ ਕੋ ਠਾਨੈਂ।
ਸਗਰੇ ਦੇਸ਼ ਬਿਦਤਿ ਬਲਵੰਤਾ। ਬਰਛੀ ਤੀਛਨ ਹਾਥ ਧਰੰਤਾ॥ ੩੫॥

ਸਾਰੇ ਵੈਰੀ ਜਿਸ ਤੋਂ ਡਰਦੇ ਹਨ, ਕੋਈ ਵੀ ਯੁੱਧ ਕਰਨ ਵਾਸਤੇ ਸਾਹਮਣੇ ਨਹੀਂ ਹੁੰਦਾ। ਸਾਰੇ ਦੇਸ਼ ਵਿਚ ਇਸ ਦੀ ਸ਼ਕਤੀ ਪ੍ਰਗਟ ਹੈ ਤੇ ਤਿੱਖੀ ਬਰਛੀ ਹੱਥ ਵਿਚ ਧਾਰਨ ਕਰਕੇ ਰਖਦਾ ਹੈ॥੩੫॥

ਜਿਸ ਲਗਿ ਪਹੁੰਚਹਿ, ਜਿਯਤਿ ਨ ਫੇਰ। ਇਮ ਘਾਲਹਿ ਘਮਸਾਨ ਘਨੇਰ।
ਤਿਸ ਏਕਲ ਕੇ ਆਗੇ ਬ੍ਰਿੰਦ। ਭਾਜਤਿ ਹੈਂ ਤਜਿ ਲਾਜ ਬਿਲੰਦ॥ ੩੬॥

ਜਿਸ ਦੇ ਲਾਗੇ ਪਹੁੰਚਣ ਨਾਲ ਫਿਰ ਕੋਈ ਜੀਉਂਦਾ ਨਹੀਂ ਰਹਿੰਦਾ। ਇਸ ਤਰ੍ਹਾਂ ਘਮਸਾਨ ਦਾ ਯੁੱਧ ਕਰਦਾ ਹੈ। ਉਸ ਦੇ ਇਕੱਲੇ ਦੇ ਅੱਗੇ ਕਈ ਮਨੁੱਖ ਲਾਜ ਛੱਡ ਕੇ ਭੱਜ ਉੱਠਦੇ ਹਨ॥੩੬॥

ਜੈਤ ਅਗਾਰੀ ਹਮ ਹੈਂ ਕਹਾਂ। ਜਿਸ ਕੀ ਧਾਂਕ ਸੁਨੀ ਜਹਿਂ ਕਹਾਂ'।
ਇਸ ਪ੍ਰਕਾਰ ਜਬਿ ਕਰੀ ਬਡਾਈ। ਸਤਿਗੁਰ ਪੂਛਤਿ ਭੇ ਤਿਨ ਤਾਂਈਂ॥ ੩੭॥

ਜੈਤ ਦੇ ਅੱਗੇ ਅਸੀਂ ਕੀ ਹਾਂ, ਜਿਸ ਦੀ ਕਈ ਥਾਵਾਂ ਤੋਂ ਧਾਂਕ ਸੁਣੀ ਹੈ।'' ਇਸ ਪ੍ਰਕਾਰ ਜਦ ਵਡਿਆਈ ਕੀਤੀ ਤਾਂ ਸਤਿਗੁਰੂ ਜੀ ਉਨ੍ਹਾਂ ਨੂੰ ਪੁੱਛਣ ਲੱਗੇ॥੩੭॥

'ਕਿਸ ਕਾਰਨ ਤੇ ਬਡ ਬਲਵਾਨਾ?। ਭਯੋ ਜੈਤ ਕੇ ਦੇਹ ਮਹਾਨਾ।
ਸੋ ਹਮਕੋ ਸਭਿ ਦੇਹੁ ਸੁਨਾਈ। ਜਿਸ ਤੇ ਰਿਪੁ ਪਲਾਇਂ ਸਮੁਦਾਈ॥ ੩੮॥

''ਕਿਸ ਕਾਰਨ ਉਹ ਵੱਡਾ ਬਲਵਾਨ ਹੈ? ਕੀ ਜੈਤ ਦੀ ਦੇਹ ਬਹੁਤ ਵੱਡੀ ਹੈ, ਉਹ ਸਭ ਕੁਝ ਸਾਨੂੰ ਸੁਣਾ ਦੇਵੋ, ਜਿਸ ਕਾਰਨ ਸਾਰੇ ਦੁਸ਼ਮਣ ਭੱਜ ਜਾਂਦੇ ਹਨ॥੩੮॥

ਤ੍ਰਾਸ ਮਾਨਿ ਤੁਮ ਥਿਰਹੁ ਨ ਆਗੇ। ਬਿਨਾ ਲਰੇ ਚਾਹਤਿ ਹਹੁ ਭਾਗੇ।
ਤੁਮਰੋ ਬਸਿਬੋ ਭੀ ਕਿਮ ਹੋਇ। ਕਹਿ ਸਮੁਝਾਵਹੁ ਸਭਿ ਹੀ ਸੋਇ॥ ੩੯॥

ਡਰ ਮੰਨ ਕੇ ਤੁਸੀਂ ਅੱਗੇ ਖਲੋਂਦੇ ਨਹੀਂ, ਲੜਨ ਤੋਂ ਬਗੈਰ ਹੀ ਭੱਜ ਜਾਣਾ ਚਾਹੁੰਦੇ ਹੋ। ਤੁਹਾਡਾ ਵਸੇਬਾ ਫਿਰ ਕਿਵੇਂ ਹੋਵੇਗਾ। ਸਭ ਕੁਝ ਕਹਿ ਕੇ ਮੈਨੂੰ ਸਮਝਾਵੋ॥੩੯॥

ਪੁਨ ਉਪਾਇ ਹਮ ਕਰਹਿਂ ਤੁਮਾਰਾ। ਚਹੈਂ ਬਸਾਯਹੁ ਗ੍ਰਾਮ ਉਦਾਰਾ'।
ਕਾਲਾ ਕਰਮਚੰਦ ਸੁਨਿ ਤਬੈ। ਗੁਰ ਢਿਗ ਚਹਿਂ ਪ੍ਰਸੰਗ ਕਹਿ ਸਬੈ॥ ੪੦॥

ਫਿਰ ਅਸੀਂ ਤੁਹਾਡਾ ਉਪਾਅ ਕਰਾਂਗੇ। ਅਸੀਂ ਤੁਹਾਡਾ ਉੱਤਮ ਪਿੰਡ ਵਸਾਉਣਾ ਚਾਹੁੰਦੇ ਹਾਂ।'' ਕਾਲਾ ਕਰਮ ਚੰਦ ਤਦ ਸੁਣ ਕੇ ਗੁਰੂ ਜੀ ਪਾਸ ਸਾਰਾ ਪ੍ਰਸੰਗ ਸੁਣਾਉਣਾ ਚਾਹੁੰਦੇ ਸਨ॥੪੦॥

ਦਸਵੀਂ ਰਾਸ ਦਾ ਸਤਵਾਂ ਅਧਿਆਇ ਸਮਾਪਤ ਹੋਇਆ॥੭॥

❖❖❖

# ਅਧਿਆਇ ਅਠਵਾਂ

## ਜੈਤ ਪਿਰਾਣਾ ਬੱਧ

ਦੋਹਰਾ- ਕਹਿਂ ਮਰ੍ਹਾਜ ਕੇ ਬੰਦਿ ਕਰ 'ਸੁਨਹੁ ਪ੍ਰਭੂ ਸੁਖਦਾਇ!
ਜੈਤ ਪਿਰਾਣੇ ਜਨਮ ਕੀ ਭਈ ਕਥਾ ਜਿਸ ਭਾਇ॥ ੧॥

ਮਰ੍ਹਾਜ ਕੁਲ ਦੇ ਲੋਕ ਹੱਥ ਜੋੜ ਕੇ ਕਹਿਣ ਲੱਗੇ, "ਹੇ ਸੁਖਦਾਇਕ ਪ੍ਰਭੂ ਜੀ ! ਸੁਣੋ। ਜਿਸ ਪ੍ਰਕਾਰ ਜੈਤ ਪਿਰਾਣੇ ਦੇ ਜਨਮ ਦੀ ਕਥਾ ਹੋਈ ਹੈ॥੧॥

ਚੌਪਈ- ਜਿਸ ਨਿਸ ਮਹਿਂ ਗ੍ਰਭ ਧਾਰਨਿ ਕੀਨਾ। ਤਰੁਨੀ ਇਸ ਕੀ ਮਾਤ ਨਵੀਨਾ।
ਪਤਿ ਸੌਂ ਭਈ ਸੰਜੋਗਨਿ ਰਾਤੀ। ਕਰੇ ਬਿਲਾਸ ਜਾਗ ਬਹੁ ਭਾਂਤੀ॥੨॥

ਜੈਤ ਦੀ ਮੁਟਿਆਰ ਮਾਂ ਨੇ ਜਿਸ ਰਾਤ ਗਰਭ ਧਾਰਨ ਕੀਤਾ। ਰਾਤ ਨੂੰ ਪਤੀ ਨਾਲ ਸੰਜੋਗ ਕੀਤਾ, ਜਾਗ ਕੇ ਬਹੁਤ ਅਨੰਦ ਵਿਲਾਸ ਕੀਤਾ॥੨॥

ਜਾਮ ਜਾਮਨੀ ਜਬਿ ਰਹਿ ਗਈ। ਪਰੀ ਮੰਚ ਨਿੰਦ੍ਰਾ ਬਸਿ ਭਈ।
ਊਪਰ ਕੋਠੇ ਸੁਪਤ ਪਰੀ ਹੈ। ਸਗਰੀ ਰਾਤ ਬਿਤੀਤ ਕਰੀ ਹੈ॥ ੩॥

ਜਦ ਪਹਿਰ ਰਾਤ ਰਹਿ ਗਈ, ਤਾਂ ਮੰਜੇ 'ਤੇ ਪਈ ਨੀਂਦ ਦੇ ਵੱਸ ਹੋ ਗਈ। ਕੋਠੇ ਉੱਤੇ ਸੁੱਤੀ ਪਈ ਸੀ ਤੇ ਸਾਰੀ ਰਾਤ ਉਪਰ ਹੀ ਬਤੀਤ ਕੀਤੀ॥੩॥

ਤਟ ਤਲਾਉ ਕੇ ਘਰ ਮਹਿਂ ਰਹੈਂ। ਨੀਰ ਸੰਗ ਸਭਿ ਪੂਰਨ ਅਹੈ।
ਸੂਰਜ ਉਦੈ ਹੋਨਿ ਕੋ ਕਾਲਾ। ਆਇ ਕੇਹਰੀ ਏਕ ਕਰਾਲਾ॥ ੪॥

ਉਸ ਦਾ ਘਰ ਇਕ ਤਾਲਾਬ ਦੇ ਕਿਨਾਰੇ ਸੀ, ਜਿਹੜਾ ਪਾਣੀ ਨਾਲ ਭਰਿਆ ਹੋਇਆ ਸੀ। ਸੂਰਜ ਚੜ੍ਹਨ ਦਾ ਸਮਾਂ ਸੀ। ਇਕ ਭਿਆਨਕ ਸ਼ੇਰ ਆਇਆ॥੪॥

ਇਕ ਦਿਸ਼ਿ ਗ੍ਰਾਮ ਦੁਤਿਯ ਦਿਸ਼ਿ ਸੋਇ। ਆਯੋ ਸ਼ੇਰ ਤ੍ਰਿਖਾਤੁਰ ਹੋਇ।
ਜਲ ਕੋ ਪਾਨ ਕਰਜੋ ਮਨ ਭਾਵਾ। ਪੁਨ ਗਰਜਜੋ ਬਡ ਸ਼ਬਦ ਸੁਨਾਵਾ॥੫॥

ਇਕ ਪਾਸੇ ਨਗਰ ਸੀ ਤੇ ਦੂਸਰੇ ਪਾਸੇ ਸ਼ੇਰ ਸੀ: ਸ਼ੇਰ ਪਿਆਸਾ ਹੋਣ ਕਰਕੇ ਆਇਆ ਤੇ ਉਸ ਮਨ ਭਾਉਂਦਾ ਪਾਣੀ ਪੀਤਾ। ਫਿਰ ਉਹ ਬਹੁਤ ਉੱਚੀ ਆਵਾਜ਼ ਵਿਚ ਗੱਜਿਆ॥੫॥

ਜੈਤ ਮਾਤ ਸੁਪਤੀ ਤਬਿ ਜਾਗੀ। ਔਚਕ ਉਤਹਿ ਦੇਖਿਬੇ ਲਾਗੀ।
ਰਵਿ ਪ੍ਰਤਿਬਿੰਬ ਪਰਜੋ ਜਲ ਮਾਂਹੀ। ਦੂਸਰ ਸ਼ੇਰ ਖਰੋ ਬਡ ਤਾਂਹੀ॥੬॥

ਜੈਤ ਦੀ ਮਾਂ ਸੁੱਤੀ ਹੋਈ ਜਾਗ ਪਈ। ਅਚਾਨਕ ਓਧਰ ਵੇਖਣ ਲੱਗੀ। ਸੂਰਜ ਦਾ ਅਕਸ ਤਾਲਾਬ ਦੇ ਜਲ ਵਿਚ ਪੈ ਰਿਹਾ ਸੀ, ਦੂਸਰਾ ਬਹੁਤ ਵੱਡਾ ਸ਼ੇਰ ਖੜਾ ਸੀ॥੬॥

ਨੇਤ੍ਰ ਉਘਾਰਿ ਪ੍ਰਥਮ ਦੋ ਹੇਰੇ। ਦੋਨਹੁਂ ਕੇ ਮੁਖ ਲਗੀ ਸਵੇਰੇ।
ਧੀਰਜ ਧਰੇ ਦੇਖਤੀ ਰਹੀ। ਇਤ ਉਤ ਦ੍ਰਿਸ਼ਟਿ ਸੁ ਟਾਰੀ ਨਹੀਂ॥ ੭॥

ਅੱਖਾਂ ਖੋਲ੍ਹ ਕੇ ਪਹਿਲਾ ਦੋਵੇਂ ਵੇਖੇ, ਦੋਵਾਂ ਦੇ ਸਵੇਰੇ ਮੱਥੇ ਲੱਗੀ। ਧੀਰਜ ਧਾਰ ਕੇ ਵੇਖਦੀ ਰਹੀ, ਏਧਰ ਓਧਰ ਦ੍ਰਿਸ਼ਟੀ ਨਹੀਂ ਕੀਤੀ॥੭॥

ਤਿਸ ਕਾਰਨ ਤੇ ਗਰਭ ਮਝਾਰਾ। ਭਯੋ ਬਲੀ ਅਰੁ ਸੂਰ ਉਦਾਰਾ।
ਲਰਹਿ ਹਜ਼ਾਰਨਿ ਕੇ ਸੰਗ ਸੋਈ। ਧੀਰ ਨ ਧਰਹਿ ਅਗਾਰੀ ਕੋਈ॥ ੮॥

ਇਸ ਕਾਰਨ ਗਰਭ ਵਿਚਲਾ ਪੁੱਤਰ ਬੜਾ ਬਲਵਾਨ ਅਤੇ ਸੂਰਬੀਰ ਹੋ ਗਿਆ। ਉਹ ਹਜ਼ਾਰਾਂ ਨਾਲ ਇਕੱਲਾ ਹੀ ਲੜਦਾ ਹੈ, ਕੋਈ ਵੀ ਉਸ ਅੱਗੇ ਧੀਰਜ ਧਾਰਨ ਨਹੀਂ ਕਰਦਾ॥੮॥

ਤਿਸ ਕੇ ਸੰਗ ਲਰਹਿਂ ਹਮ ਕੈਸੇ। ਜਿਸ ਤੇ ਤ੍ਰਾਸ ਧਰਹਿਂ ਸਭਿ ਐਸੇ।
ਹਮ ਤੇ ਨਹਿਂ ਸਮਸਰਤਾ ਹੋਇ। ਨਰਨਿ ਮਾਰਿ ਕਰਿ ਲੂਟਹਿ ਸੋਇ॥ ੯॥

ਉਸ ਦੇ ਨਾਲ ਅਸੀਂ ਕਿਵੇਂ ਲੜੀਏ, ਜਿਸ ਪਾਸੋਂ ਸਾਰੇ ਇਸ ਤਰ੍ਹਾਂ ਡਰਦੇ ਹਨ। ਸਾਥੋਂ ਉਸ ਦੀ ਬਰਾਬਰੀ ਨਹੀਂ ਹੁੰਦੀ। ਮਨੁੱਖਾਂ ਨੂੰ ਮਾਰ ਕੇ ਉਹ ਲੁੱਟ ਲਵੇਗਾ"॥੯॥

ਸ੍ਰੀ ਹਰਿਰਾਇ ਸੁਨੀ ਸਭਿ ਗਾਥਾ। ਕਹਜੋ ਬਾਕ ਕਾਲੇ ਕੇ ਸਾਥਾ।
'ਨਿਸ਼ਚੇ ਮਹਾਂ ਬਲੀ ਸੋ ਅਹੈ। ਜਿਸ ਤੇ ਡਰ ਕਰਿ ਸਗਰੇ ਰਹੈਂ॥ ੧੦॥

ਸ੍ਰੀ ਗੁਰੂ ਹਰਿਰਾਇ ਜੀ ਨੇ ਸਾਰੀ ਕਹਾਣੀ ਸੁਣੀ ਤੇ ਫਿਰ ਕਾਲੇ ਨਾਲ ਬਚਨ ਕੀਤਾ, "ਨਿਸ਼ਚੇ ਹੀ ਉਹ ਮਹਾਂ ਬਲਵਾਨ ਹੈ, ਜਿਸ ਪਾਸੋਂ ਸਾਰੇ ਡਰ ਕੇ ਰਹਿੰਦੇ ਹਨ॥੧੦॥

ਹਮ ਚਾਹਤਿ ਹੈਂ ਤੁਮਹਿ ਬਸਾਯੋ। ਨਿਫਲ ਨ ਹੋਇ ਬਾਕ ਜੋ ਗਾਯੋ।
ਸਭਿ ਮਾਨਵ ਜੋਧਾ ਮਿਲਿ ਕਰਿਕੈ। ਲਰਹੁ ਜੈਤ ਸੋਂ ਪ੍ਰਾਕ੍ਰਮ ਧਰਿਕੈ॥ ੧੧॥

ਅਸੀਂ ਤੁਹਾਨੂੰ ਵਸਾਉਣਾ ਚਾਹੁੰਦੇ ਹਾਂ, ਜੋ ਅਸੀਂ ਬਚਨ ਕੀਤਾ ਹੈ ਉਹ ਨਿਸ਼ਫਲ ਨਹੀਂ ਜਾਏਗਾ। ਸਾਰੇ ਮਨੁੱਖ ਅਤੇ ਜੋਧੇ ਮਿਲ ਕੇ ਤੇ ਵੱਡਾ ਉੱਦਮ ਧਾਰਨ ਕਰਕੇ ਜੈਤ ਦੇ ਨਾਲ ਯੁੱਧ ਕਰੋ॥੧੧॥

ਜਬਿ ਰਣ ਮਹਿਂ ਚਾਲਹਿਂ ਹਥਿਆਰੇ। ਤਬਿ ਸਹਾਇ ਹਮ ਹੋਹਿਂ ਤੁਮਾਰੇ।
ਹਤਹੁ ਜੈਤ ਕਾਰਜ ਕਰਿ ਲੀਜੈ। ਬਿਨ ਚਿੰਤਾ ਪੁਨ ਬਾਸ ਕਰੀਜੈ॥ ੧੨॥

ਜਦ ਯੁੱਧ ਵਿਚ ਹਥਿਆਰ ਚਲਣਗੇ, ਉਸ ਸਮੇਂ ਅਸੀਂ ਤੁਹਾਡੀ ਸਹਾਇਤਾ ਕਰਾਂਗੇ। ਜੈਤ ਨੂੰ ਮਾਰ ਦੇਵੇ ਤੇ ਕਾਰਜ ਪੂਰਾ ਕਰ ਲਵੇ, ਫਿਰ ਚਿੰਤਾ ਰਹਿਤ ਹੋ ਕੇ ਵਾਸਾ ਕਰੋ॥੧੨॥

ਸਭਿ ਅਵਿਨੀ ਬੀਰਨਿ ਕੀ ਅਹੇ। ਰਣ ਕਰਤਾ ਭੋਗਹਿ ਇਸ ਲਹੇ।
ਕਰਤਿ ਜੁੱਧ ਜੇ ਮਰਿ ਕਰਿ ਜਾਹਿ। ਭੁਗਤਹਿ ਸੁਖਨਿ ਸੁਰਗ ਕੇ ਮਾਂਹਿ॥੧੩॥

ਇਹ ਸਾਰੀ ਧਰਤੀ ਸੂਰਮਿਆਂ ਦੀ ਹੈ, ਯੁੱਧ ਕਰਨ ਵਾਲਾ ਹੀ ਇਸ ਧਰਤੀ ਨੂੰ ਭੋਗਦਾ ਅਤੇ ਪ੍ਰਾਪਤ ਕਰਦਾ ਹੈ। ਯੁੱਧ ਕਰਦਾ ਜੇ ਮਰ ਜਾਵੇ ਤਾਂ ਸਵਰਗਾਂ ਵਿਚ ਸੁਖ ਭੋਗਦਾ ਹੈ॥੧੩॥

ਜੀਵਤਿ ਰਹੈ ਅਵਿਨਿ ਕੇ ਮਾਲਿਕ। ਬਸਨਹਾਰ ਭੀ ਹੁਇ ਤਿਸ ਤਾਲਕ।
ਇਉਂ ਮਹਿੰਮਾ ਰਣ ਕੀ ਬਡ ਜਾਨਹੁ। ਹੋਇ ਸੁਚੇਤ ਜੈਤ ਕੋ ਹਾਨਹੁ॥ ੧੪॥

ਜੇ ਜੀਉਂਦਾ ਰਹਿੰਦਾ ਹੈ ਤਾਂ ਧਰਤੀ ਦਾ ਮਾਲਕ ਬਣਦਾ ਹੈ ਤੇ ਧਰਤੀ 'ਤੇ ਵੱਸਣ ਵਾਲੇ ਵੀ ਉਸ ਅਧੀਨ ਹੁੰਦੇ ਹਨ। ਇਸ ਤਰ੍ਹਾਂ ਯੁੱਧ ਦੀ ਵੱਡੀ ਮਹਿਮਾ ਜਾਣੋ ਤੇ ਸੁਚੇਤ ਹੋ ਕੇ ਜੈਤ ਨੂੰ ਮਾਰੋ॥੧੪॥

ਅੰਗ ਸੰਗ ਹਮ ਰਹੈਂ ਤੁਮਾਰੇ। ਕਰਿ ਉਤਸਾਹ ਲੇਹੁ ਰਿਪੁ ਮਾਰੇ।
ਨਹੀਂ ਤ੍ਰਾਸ ਕੋ ਮਨ ਮਹਿਂ ਧਾਰਹੁ। ਸਮੁਖ ਜੁ ਆਇ ਸ਼ਸਤ੍ਰ ਗਹਿ ਮਾਰਹੁ' ॥੧੫॥

ਅਸੀਂ ਤੁਹਾਡੇ ਅੰਗ ਸੰਗ ਰਹਾਂਗੇ, ਉਤਸ਼ਾਹ ਕਰਕੇ ਵੈਰੀ ਨੂੰ ਮਾਰ ਲਵੋ। ਡਰ ਨੂੰ ਮਨ ਵਿਚ ਨਾ ਧਾਰਨ ਕਰੋ, ਜਿਹੜਾ ਵੀ ਸਾਹਮਣੇ ਆਵੇ ਸ਼ਸਤਰ ਫੜ ਕੇ ਮਾਰ ਦੇਵੋ'' ॥੧੫॥

ਇਮ ਕਹਿ ਬਾਰ ਬਾਰ ਗੁਰ ਪੂਰੇ। ਕਾਲੇ ਆਦਿ ਕਰੇ ਸਭਿ ਸੂਰੇ।
ਤਊ ਦੀਨ ਹ੍ਵੈ ਜੋਰਤਿ ਹਾਥ। 'ਸ੍ਰੀ ਗੁਰ ਬਨਹੁ ਆਪ ਜੇ ਨਾਥ॥ ੧੬॥

ਪੂਰਨ ਗੁਰੂ ਜੀ ਨੇ ਬਾਰ ਬਾਰ ਇਸ ਤਰ੍ਹਾਂ ਕਹਿ ਕੇ ਕਾਲੇ ਆਦਿ ਸਭ ਨੂੰ ਸੂਰਬੀਰ ਬਣਾ ਦਿੱਤਾ। ਫਿਰ ਵੀ ਹੱਥ ਜੋੜ ਕੇ ਦੀਨ ਹੋ ਕੇ ਕਿਹਾ, ''ਹੇ ਗੁਰੂ ਜੀ ! ਆਪ ਜੀ ਸਾਡੇ ਮਾਲਕ ਬਣੋ॥੧੬॥

ਤੌ ਹਮ ਮਾਰ ਸਕਹਿਂ ਰਿਪੁ ਭਾਰੇ। ਤੁਮਰੇ ਬਲ ਭਰੋਸ ਉਰ ਧਾਰੇ।
ਤਿਸ ਆਗੇ ਹਮ ਕੁਛ ਨਹਿਂ ਅਹੈਂ। ਕ੍ਰਿਪਾ ਆਪ ਕੀ ਤੇ ਪਦ ਲਹੈਂ' ॥੧੭॥

ਤਾਂ ਅਸੀਂ ਭਾਰੀ ਤੋਂ ਭਾਰੀ ਵੈਰੀ ਨੂੰ ਮਾਰ ਸਕਦੇ ਹਾਂ, ਤੁਹਾਡੇ ਬਲ ਕਰਕੇ ਹਿਰਦੇ ਵਿਚ ਭਰੋਸਾ ਧਾਰਨ ਕੀਤਾ ਹੈ। ਉਸ ਦੇ ਅੱਗੇ ਅਸੀਂ ਕੁਝ ਨਹੀਂ ਹਾਂ, ਪਰ ਆਪ ਜੀ ਦੀ ਕਿਰਪਾ ਨਾਲ ਪਦਵੀ ਪ੍ਰਾਪਤ ਕਰਾਂਗੇ'' ॥੧੭॥

ਕਰਿ ਮਸਲਤ ਲਰਿਬੇ ਕੀ ਤਬੈ। ਸਤਿਗੁਰ ਚਰਨ ਬੰਦਿ ਕਰਿ ਸਬੈ।
ਅਪਨੇ ਡੇਰੇ ਮਹਿਂ ਚਲਿ ਗਏ। ਸਾਵਧਾਨ ਸ਼ਸਤ੍ਰਨਿ ਜੁਤਿ ਭਏ॥ ੧੮॥

ਫਿਰ ਯੁੱਧ ਕਰਨ ਦੀ ਸਲਾਹ ਕਰਕੇ, ਸਤਿਗੁਰੂ ਜੀ ਦੇ ਚਰਨਾਂ 'ਤੇ ਸਾਰੇ ਬੰਦਗੀ ਕਰਕੇ ਆਪਣੇ ਡੇਰੇ ਵਿਚ ਚਲੇ ਗਏ ਤੇ ਸ਼ਸਤਰਾਂ ਸਹਿਤ ਹੋ ਕੇ ਸਾਵਧਾਨ ਹੋ ਗਏ॥੧੮॥

ਦੂਤ ਜੈਤ ਕੋ ਤਬਿ ਚਲਿ ਆਯੋ। 'ਤੁਮਹਿ ਉਠਾਵਨਿ ਮੋਹਿ ਪਠਾਯੋ
ਜੇ ਕਰਿ ਚਲੇ ਜਾਹੁ ਗੇ ਆਜ। ਬਚਹਿ ਪ੍ਰਾਨ ਜੁਤਿ ਸਰਬ ਸਮਾਜ॥ ੧੯॥

ਜੈਤ ਦਾ ਦੂਤ ਫਿਰ ਚਲ ਕੇ ਆ ਗਿਆ ਤੇ ਉਸ ਕਿਹਾ, ''ਤੁਹਾਨੂੰ ਉਠਾਉਣ ਵਾਸਤੇ ਮੈਨੂੰ ਭੇਜਿਆ ਹੈ। ਜੇ ਅੱਜ ਚਲੇ ਜਾਵੋਗੇ ਤਾਂ ਸਾਰੇ ਸਾਮਾਨ ਸਮੇਤ ਤੁਹਾਡੇ ਪ੍ਰਾਣ ਬਚੇ ਰਹਿਣਗੇ॥੧੯॥

ਨਾਂਹਿ ਤ ਮੈਂ ਚਢਿ ਐ ਹੋਂ ਕਾਲੀ। ਲੂਟ ਲੇਇ ਹੋਂ ਵਸਤੁ ਬਿਸਾਲੀ।
ਸੁਧ ਹਿਤ ਮੈਂ ਆਯੋ ਲਖਿ ਲੇਹੋ। ਲਰਹੁ ਕਿ ਅਵਿਨੀ ਕੋ ਤਜਿ ਦੇਹੋ ?' ॥੨੦॥

ਨਹੀਂ ਤਾਂ ਮੈਂ ਕਾਲ ਦੇ ਰੂਪ ਵਿਚ ਚੜ੍ਹ ਕੇ ਆ ਜਾਵਾਂਗਾ ਤੇ ਵਸਤਾਂ ਲੁੱਟ ਲਵਾਂਗਾ। ਇਹ ਸਮਝ ਲਵੋ ਮੈਂ ਖ਼ਬਰ ਦੇਣ ਵਾਸਤੇ ਆਇਆ ਹਾਂ, ਲੜੋਗੇ ਕਿ ਧਰਤੀ ਨੂੰ ਛੱਡ ਦਿਉਗੇ ?'' ॥੨੦॥

ਸੁਨਿ ਕਾਲੇ ਤਬਿ ਤਾਂਹਿ ਸੁਨਾਯਹੁ। 'ਹਮ ਚਾਹਤਿ ਇਤ ਗ੍ਰਾਮ ਬਸਾਯਹੁ।
ਗੁਰੂ ਹੁਕਮ ਤੇ ਬੈਠੇ ਜਾਨਹੁ। ਨਾਹਕ ਦ੍ਵੈਸ਼ ਕਹਾਂ ਤੁਮ ਠਾਨਹੁ॥ ੨੧॥

ਇਹ ਸੁਣ ਕੇ ਕਾਲੇ ਨੇ ਉਸ ਨੂੰ ਸੁਣਾ ਕੇ ਕਿਹਾ, ''ਅਸੀਂ ਏਥੇ ਪਿੰਡ ਵਸਾਉਣਾ ਚਾਹੁੰਦੇ ਹਾਂ, ਗੁਰੂ ਜੀ ਦੇ ਹੁਕਮ ਨਾਲ ਬੈਠੇ ਹਾਂ, ਇਹ ਜਾਣ ਲਵੋ, ਫਜ਼ੂਲ ਵਿਚ ਈਰਖਾ ਤੁਸੀਂ ਕਿਉਂ ਧਾਰਨ ਕਰਦੇ ਹੋ॥੨੧॥

ਜੇ ਨਹਿਂ ਜੈਤਿ ਬੈਠਿਬੇ ਦੇਹਿ। ਤੌ ਹਮ ਸਨਮੁਖ ਲੋਹਾ ਲੇਹਿਂ।
ਨਿਤ ਨਿਰਬਲ ਕੇ ਬਲ ਗੁਰ ਅਹੈਂ। ਬਿਦਤਿ ਬਾਤ ਇਹ ਸਭਿ ਜਗ ਕਹੈ ॥੨੨॥

ਜੇ ਜੈਤ ਬੈਠਣ ਨਹੀਂ ਦੇਵੇਗਾ ਤਾਂ ਅਸੀਂ ਸਾਹਮਣੇ ਹੋ ਕੇ ਲੋਹਾ ਲਵਾਂਗੇ। ਗੁਰੂ ਜੀ ਸਦਾ ਹੀ ਨਿਰਬਲ ਦਾ ਬਲ ਹੁੰਦੇ ਹਨ, ਇਹ ਪ੍ਰਗਟ ਗੱਲ ਸਾਰਾ ਜੱਗ ਕਹਿੰਦਾ ਹੈ॥੨੨॥

ਭੁਜ ਬਲ ਕੋ ਭਰੋਸ ਹੈ ਤਾਂਹੀ। ਹਮਹਿਂ ਆਸਰੋ ਗੁਰ ਪਗ ਕਾ ਹੀ।
ਲਰਿਬੇ ਆਇ ਤ ਸਨਮੁਖ ਲਰੈਂ। ਗੁਰ ਪ੍ਰਤਾਪ ਤੇ ਰਣ ਕੋ ਕਰੈਂ॥ ੨੩॥

ਉਨ੍ਹਾਂ ਕਰਕੇ ਹੀ ਸਾਨੂੰ ਆਪਣੀਆਂ ਬਾਹਾਂ ਦੇ ਬਲ 'ਤੇ ਭਰੋਸਾ ਹੈ, ਸਾਨੂੰ ਗੁਰੂ ਚਰਨਾਂ ਦਾ ਆਸਰਾ ਹੈ। ਲੜਨ ਆਵੇਗਾ ਤਾਂ ਸਾਹਮਣੇ ਹੋ ਕੇ ਲੜਾਂਗੇ, ਗੁਰੂ ਜੀ ਦੇ ਪ੍ਰਤਾਪ ਨਾਲ ਯੁੱਧ ਕਰਾਂਗੇ"॥੨੩॥

ਸੁਨਤਿ ਦੂਤ ਤੂਰਨ ਤਬਿ ਗਯੋ। ਜੈਤ ਸਾਥ ਸਭਿ ਉਚਰਤਿ ਭਯੋ।
'ਲਰਿਬੇ ਕਹੁ ਬਨਿ ਬੈਠੇ ਤਯਾਰ। ਅਪਨੋ ਗੁਰੂ ਆਸਰਾ ਧਾਰਿ॥ ੨੪॥

ਇਹ ਸੁਣ ਕੇ ਦੂਤ ਤੁਰਤ ਚਲਾ ਗਿਆ ਤੇ ਜੈਤ ਨੂੰ ਜਾ ਕੇ ਸਭ ਕੁਝ ਸੁਣਾਇਆ, "ਲੜਾਈ ਕਰਨ ਵਾਸਤੇ ਤਿਆਰ ਹੋ ਕੇ ਬੈਠੇ ਹਨ ਤੇ ਆਪਣੇ ਗੁਰੂ ਜੀ ਦਾ ਆਸਰਾ ਧਾਰਨ ਕੀਤਾ ਹੈ॥੨੪॥

ਅਵਨੀ ਤਜਹਿਂ ਨਹੀਂ ਅਬਿ ਸੋਇ। ਹਤਹਿਂ ਕਿ ਅਪਨਿ ਪ੍ਰਾਨ ਦੇਂ ਖੋਇ।
ਜਿਮ ਹੁਇ ਪਿਤਾ ਪਿਤਾਮੇ ਧਰਾ। ਤਿਮ ਬੈਠੇ ਮਨ ਮਹਿਂ ਹਠ ਧਰਾ॥ ੨੫॥

ਹੁਣ ਉਹ ਧਰਤੀ ਛੱਡਣਗੇ ਨਹੀਂ, ਤੈਨੂੰ ਮਾਰ ਦੇਣਗੇ ਜਾਂ ਆਪਣੇ ਪ੍ਰਾਣ ਗਵਾ ਲੈਣਗੇ। ਜਿਵੇਂ ਪਿਤਾ ਪਿਤਾਮੇ ਦੀ ਧਰਤੀ ਹੋਵੇ, ਇਸ ਤਰ੍ਹਾਂ ਮਨ ਵਿਚ ਹੱਠ ਧਾਰ ਕੇ ਬੈਠੇ ਹਨ॥੨੫॥

ਲਰਹੁ ਸੰਘਾਰਹੁ ਤੌ ਛਿਤ ਲੇਹੂ। ਧਰਹੁ ਛਿਮਾਂ ਤਿਨ ਬਸਿਬੇ ਦੇਹੂ'।
ਸੁਨਤਿ ਜੈਤ ਮਨ ਕੋਪ ਉਪਾਯੋ। 'ਕੋ ਅਸ, ਮਮ ਛਿਤ ਪਗ ਜਿਨ ਪਾਯੋ॥੨੬॥

ਲੜੋ, ਉਨ੍ਹਾਂ ਨੂੰ ਮਾਰੋ ਤਦ ਜ਼ਮੀਨ ਲਵੋ ਜਾਂ ਖਿਮਾ ਧਾਰਨ ਕਰੋ ਤੇ ਉਨ੍ਹਾਂ ਨੂੰ ਵੱਸਣ ਦੇਵੋ।" ਇਹ ਸੁਣ ਕੇ ਜੈਤ ਨੇ ਮਨ ਵਿਚ ਬੜਾ ਗੁੱਸਾ ਕੀਤਾ, "ਕੌਣ ਹੈ ਐਸਾ ਜਿਸ ਨੇ ਮੇਰੀ ਧਰਤੀ ਵਿਚ ਪੈਰ ਪਾਇਆ ਹੈ॥੨੬॥

ਸੁਨਯੋਂ ਕਿ ਨਹੀਂ ਜਥਾ ਬਲ ਮੇਰਾ। ਸਮੁਖ ਨ ਹੋਤਿ ਹੁਤੋ ਜੇ ਹੇਰਾ।
ਬਸਤ੍ਰ ਸ਼ਸਤ੍ਰ ਆਨਹੁ ਅਬਿ ਮੋਰਾ। ਜ਼ੀਨ ਸਜਾਇ ਚਪਲ ਬਲਿ ਘੋਰਾ'॥੨੭॥

ਉਨ੍ਹਾਂ ਨੇ ਮੇਰੀ ਤਾਕਤ ਬਾਰੇ ਸੁਣਿਆ ਹੈ ਕਿ ਨਹੀਂ, ਜੇ ਮੈਨੂੰ ਵੇਖਿਆ ਹੁੰਦਾ ਤਾਂ ਮੇਰੇ ਸਾਹਮਣੇ ਨਾ ਹੁੰਦੇ। ਹੁਣ ਮੇਰੇ ਵਸਤਰ ਸ਼ਸਤਰ ਲੈ ਕੇ ਆਵੋ, ਤੇ ਚੰਚਲ ਬਲਵਾਨ ਘੋੜੇ ਤੇ ਕਾਠੀ ਪਾ ਦੇਵੋ"॥੨੭॥

ਇਮ ਕਹਿ ਸਭਿ ਨਰ ਕਰਿ ਕੈ ਤਯਾਰੀ। ਭ੍ਰਾਤਾਦਿਕ ਜੇ ਆਯੁਧ ਧਾਰੀ।
ਲਰਨਿ ਹੇਤੁ ਬਜਵਾਯਸਿ ਢੋਲੂ। ਬਲ ਹੰਕਾਰ ਕੇ ਕਹਿ ਕਰਿ ਬੋਲੂ॥ ੨੮॥

ਇਸ ਤਰ੍ਹਾਂ ਕਹਿ ਕੇ ਸਭ ਮਨੁੱਖਾਂ ਨੇ ਤਿਆਰੀ ਕੀਤੀ, ਭਰਾ ਆਦਿ ਜਿਹੜੇ ਸ਼ਸਤਰਧਾਰੀ ਸਨ, ਉਹ ਵੀ ਨਾਲ ਸਨ। ਲੜਨ ਵਾਸਤੇ ਢੋਲ ਵਜਵਾਇਆ ਤੇ ਬਲ ਤੇ ਹੰਕਾਰ ਦੇ ਬੋਲ ਕਹਿੰਦਾ ਸੀ॥੨੮॥

ਨਿਕਸਯੋ ਵਹਿਰ ਗ੍ਰਾਮ ਤੇ ਠਾਢੋ। ਲਰਿਬੇ ਹੇਤੁ ਚਾਉ ਚਿਤ ਬਾਢੋ।
ਤੋਮਰ ਸ਼ਕਤੀ ਗਹਿ ਸ਼ਮਸ਼ੇਰ। ਸਿਪਰ ਤੁਪਕ ਜੋਧਾ ਸਮ ਸ਼ੇਰ॥ ੨੯॥

ਪਿੰਡ ਵਿਚੋਂ ਬਾਹਰ ਨਿਕਲ ਕੇ ਖਲੋ ਗਿਆ, ਲੜਨ ਵਾਸਤੇ ਚਿੱਤ ਵਿਚ ਬੜਾ ਚਾਹ ਵਧਿਆ। ਨੇਜ਼ਾ, ਬਰਛੀ ਅਤੇ ਤਲਵਾਰ ਫੜ ਲਈ। ਢਾਲ ਬੰਦੂਕ ਲੈ ਕੇ ਸ਼ੇਰ ਵਰਗਾ ਯੋਧਾ ਬਣ ਗਿਆ॥੨੯॥

ਢੋਲ ਬਜਾਵਤਿ ਚਾਲਿ ਉਤਾਲੇ। ਬੋਲਤਿ ਗਰਬ ਬਿਸਾਲ ਕਰਾਲੇ।
ਕਾਲੇ ਕਰਮ ਚੰਦ ਸੁਧ ਪਾਈ। ਤੁਰਤ ਤਜਾਰ ਭੇ ਹੇਤੁ ਲਰਾਈ॥ ੩੦॥

ਢੋਲ ਵਜਾਉਂਦਾ ਬੜੀ ਕਾਹਲੀ ਨਾਲ ਚਲ ਪਿਆ। ਬੜੇ ਹੰਕਾਰ ਨਾਲ ਬੋਲਦਾ ਸੀ ਤੇ ਵੱਡਾ ਵਿਕਰਾਲ ਰੂਪ ਸੀ। ਕਾਲੇ ਤੇ ਕਰਮ ਚੰਦ ਨੂੰ ਜਦ ਪਤਾ ਲੱਗਾ ਤਾਂ ਉਹ ਤੁਰਤ ਲੜਾਈ ਵਾਸਤੇ ਤਿਆਰ ਹੋ ਗਏ॥੩੦॥

ਗਮਨੇ ਗਹਿ ਗਹਿ ਸ਼ਸਤ੍ਰ ਅਗਾਰੀ। ਏਕ ਟੇਕ ਸਤਿਗੁਰ ਕੀ ਧਾਰੀ।
ਸ੍ਰੀ ਹਰਿਰਾਇ ਨਾਮ ਕੋ ਲੈ ਕੈ। ਨਿਕਸੇ ਵਹਿਰ ਕੋਪ ਮਨ ਤੈ ਕੈ॥ ੩੧॥

ਸ਼ਸਤਰ ਫੜ ਕੇ ਅੱਗੇ ਚਲੇ ਗਏ, ਇਕ ਓਟ ਸਤਿਗੁਰੂ ਜੀ ਦੀ ਧਾਰਨ ਕੀਤੀ। ਸ੍ਰੀ ਗੁਰੂ ਹਰਿਰਾਇ ਜੀ ਦਾ ਨਾਮ ਲੈ ਕੇ ਬੜੇ ਗ਼ੁੱਸੇ ਵਿਚ ਆ ਕੇ ਬਾਹਰ ਨਿਕਲੇ॥੩੧॥

ਚਿਤਵਹਿਂ ਜੈਤ ਓਜ ਕੋ ਸਾਰੇ। 'ਕਹਹੁ ਕੌਨ ਜੋ ਤਿਸੈ ਸੰਹਾਰੇ।
ਪਕੜੇ ਸ਼ਕਤਿ ਖੜਗ ਜਬਿ ਜਾਵੈ। ਨਿਜ ਤਨ ਸ਼ਸਤ੍ਰ ਖਾਇ ਅਰੁ ਘਾਵੈ॥੩੨॥

ਸਾਰੇ ਜੈਤ ਦੀ ਸ਼ਕਤੀ ਬਾਰੇ ਸੋਚਦੇ ਸਨ, "ਦੱਸੋ ਕੌਣ ਉਸ ਨੂੰ ਸਹਾਰੇਗਾ ਜਿਹੜਾ ਤਲਵਾਰ ਫੜ ਕੇ ਪੂਰੀ ਸ਼ਕਤੀ ਨਾਲ ਜਾਵੇ, ਆਪਣੇ ਸਰੀਰ 'ਤੇ ਸ਼ਸਤਰ ਖਾਵੇ ਤੇ ਉਸ ਨੂੰ ਮਾਰੇ॥੩੨॥

ਤਿਸ ਕੈ ਬਨਹਿਂ ਸਹਾਇਕ ਸਾਰੇ। ਮਿਲਿ ਬਲ ਕਰਹੁ ਤੁਰਤ ਲਿਹੁ ਮਾਰੇ'।
ਕਹਿ ਸੁਨਿ ਕੈ ਧਾਰੀ ਸਭਿ ਮੋਨ। ਪ੍ਰਥਮ ਅਗਾਰੀ ਅਰਹਿ ਸੁ ਕੌਨ॥ ੩੩॥

ਉਸ ਦੇ ਸਾਰੇ ਸਹਾਇਕ ਬਣਨਗੇ, ਮਿਲ ਕੇ ਤਾਕਤ ਲਾਵੇ ਤੇ ਤੁਰਤ ਉਸ ਨੂੰ ਮਾਰ ਲਵੇ।" ਕਹਿ ਸੁਣ ਕੇ ਸਭ ਨੇ ਚੁੱਪ ਧਾਰਨ ਕਰ ਲਈ, ਪਹਿਲਾਂ ਅੱਗੇ ਜਾ ਕੇ ਕੌਣ ਅੜੇ ਅਤੇ ਲੜੇ॥੩੩॥

ਧੀਰਜ ਸਭਿ ਕੈ ਰਿਦੈ ਬਿਨਾਸਾ। ਰਿਪੁ ਬਲ ਸ਼ਕਤੀ ਤੇ ਬਡ ਤ੍ਰਾਸਾ।
ਸ੍ਰੀ ਹਰਿਰਾਇ ਕੇਰ ਧਰਿ ਆਸਾ। ਸਭਿ ਮਹਿਂ ਕਾਲੇ ਬਾਕ ਪ੍ਰਕਾਸ਼ਾ॥ ੩੪॥

ਸਾਰਿਆਂ ਦੇ ਹਿਰਦੇ ਦਾ ਧੀਰਜ ਜਾਂਦਾ ਰਿਹਾ, ਵੈਰੀ ਦੀ ਵੱਡੀ ਸ਼ਕਤੀ ਤੋਂ ਸਭ ਡਰ ਗਏ। ਸ੍ਰੀ ਗੁਰੂ ਹਰਿਰਾਇ ਜੀ ਦੀ ਆਸ ਧਾਰਨ ਕਰਕੇ ਫਿਰ ਸਾਰਿਆਂ ਦੇ ਵਿਚ ਕਾਲੇ ਨੇ ਕਿਹਾ॥੩੪॥

'ਗੁਰੂ ਬਾਕ ਪਰ ਮੋਹਿ ਪ੍ਰਤੀਤ। ਨਿਸ਼ਚੈ ਹੋਇ ਹਮਹੁਂ ਕੀ ਜੀਤ।
ਬਨਹਿਂ ਸਹਾਇਕ ਜੈਤ ਸੰਘਾਰੈਂ। ਅਪਨੇ ਬਿਰਦ ਬਿਸਾਲ ਸੰਭਾਰੈਂ॥ ੩੫॥

"ਮੈਨੂੰ ਗੁਰੂ ਜੀ ਦੇ ਬਚਨਾਂ 'ਤੇ ਪ੍ਰਤੀਤ ਹੈ, ਨਿਸ਼ਚਿਤ ਰੂਪ ਵਿਚ ਸਾਡੀ ਜਿੱਤ ਹੋਵੇਗੀ। ਉਹ ਸਹਾਇਕ ਬਣਨਗੇ ਤੇ ਜੈਤ ਨੂੰ ਮਾਰਨਗੇ ਤੇ ਆਪਣੇ ਵਿਸ਼ਾਲ ਬਿਰਦ ਨੂੰ ਸੰਭਾਲਣਗੇ॥੩੫॥

ਮੈਂ ਸਭਿ ਤੇ ਆਗੇ ਹੁਇ ਲਰੌਂ। ਹਤੌਂ ਜੈਤ ਕੋ ਕੈ ਅਬਿ ਮਰੌਂ।
ਤੁਮ ਸਭਿ ਭ੍ਰਾਤਾ ਬਨਹੁ ਸਹਾਇਕ। ਸਨਮੁਖ ਹੋਇ ਹਤਹੁ ਖਗ ਸਾਯਕ' ॥੩੬॥

ਮੈਂ ਸਭ ਤੋਂ ਅੱਗੇ ਹੋ ਕੇ ਲੜਾਂਗਾ, ਜੈਤ ਨੂੰ ਮਾਰ ਦੇਵਾਂਗਾ ਜਾਂ ਹੁਣ ਮੈਂ ਮਰ ਜਾਵਾਂਗਾ। ਤੁਸੀਂ ਸਭ ਭਰਾ ਮੇਰੇ ਸਹਾਇਕ ਬਣੋ, ਸਾਹਮਣੇ ਹੋ ਕੇ ਤਲਵਾਰ ਤੇ ਤੀਰ ਨਾਲ ਮਾਰ ਦੇਵਾਂਗਾ' ॥੩੬॥

ਇਮ ਕਾਲੇ ਕੀਨਸਿ ਉਤਸ਼ਾਹੂ। ਚਲੇ ਚੌਂਪ ਕਰਿ ਸਭਿ ਚਿਤ ਮਾਂਹੂ।
ਖਰੇ ਦੂਰ ਕੁਛ ਤੁਪਕ ਚਲਾਈ। ਲਰਤਿ ਪਰਸਪਰ ਭੇ ਅਗਵਾਈ॥ ੩੭॥

ਇਸ ਤਰ੍ਹਾਂ ਕਾਲੇ ਨੇ ਉਤਸ਼ਾਹ ਕੀਤਾ, ਸਾਰੇ ਚਿਤ ਵਿਚ ਚਾਅ ਭਰਕੇ ਚਲ ਪਏ। ਦੂਰ ਖੜੇ ਹੋ ਕੇ ਕੁਝ ਬੰਦੂਕਾਂ ਚਲਾਈਆਂ ਤੇ ਫਿਰ ਅੱਗੇ ਹੋ ਕੇ ਆਪਸ ਵਿਚ ਭਿੜ ਪਏ॥੩੭॥

ਦੇਖਿ ਜੁੱਧ ਕੋ ਕ੍ਰੁੱਧਤਿ ਭਾਰੀ। ਊਚੇ ਬੋਲਿ ਜੈਤ ਅਹੰਕਾਰੀ।
ਗਹਿ ਕਰਿ ਬਰਛੀ ਤੀਛਨ ਭੀਛਨ। ਰਿਸ ਈਛਨ ਤੇ ਕਰਤਿ ਨਿਰੀਛਨਿ॥੩੮॥

ਯੁੱਧ ਨੂੰ ਵੇਖ ਕੇ ਬਹੁਤ ਗੁੱਸੇ ਵਿਚ ਭਰ ਗਏ ਸਨ, ਜੈਤ ਅਹੰਕਾਰੀ ਬਹੁਤ ਉੱਚੀ-ਉੱਚੀ ਬੋਲਦਾ ਸੀ। ਭਿਆਨਕ ਤੇ ਤਿੱਖੀ ਬਰਛੀ ਫੜ ਕੇ ਕ੍ਰੋਧ ਭਰੀਆਂ ਅੱਖਾਂ ਨਾਲ ਵੇਖਦਾ ਹੈ॥੩੮॥

ਜਿਮ ਗਜ ਬ੍ਰਿੰਦ ਨ ਕੇਹਰਿ ਗਿਨਹਿ। ਬਿਨ ਡਰ ਤਿਮ ਰਿਪੁ ਗਨ ਕੋ ਹਨਹਿ।
ਆਯੋ ਸਨਮੁਖ ਸ਼ਕਤਿ ਉਠਾਏ। ਦੇਤਿ ਤ੍ਰਾਸ ਕੋ ਸ਼ੱਤ੍ਰੂ ਦਬਾਏ॥ ੩੯॥

ਜਿਵੇਂ ਕਈ ਹਾਥੀਆਂ ਨੂੰ ਇਕ ਸ਼ੇਰ ਕੁਝ ਨਹੀਂ ਗਿਣਦਾ ਹੈ, ਬਿਨਾਂ ਡਰ ਤੋਂ ਉਸ ਤਰ੍ਹਾਂ ਬਹੁਤ ਵੈਰੀਆਂ ਨੂੰ ਮਾਰਦਾ ਹੈ। ਫਿਰ ਬਰਛੀ ਫੜ ਕੇ ਅੱਗੇ ਆਇਆ ਤੇ ਡਰ ਪਾ ਕੇ ਵੈਰੀ ਨੂੰ ਦਬਾ ਲਿਆ॥੩੯॥

ਕਾਲੇ ਤਬਹਿ ਬਿਲੋਕਯੋ ਆਵਤਿ। ਅਧਿਕ ਬਲੀ ਹਮਰੇ ਭਟ ਘਾਵਤਿ।
ਸ੍ਰੀ ਹਰਿਰਾਇ ਅਰਾਧਨਿ ਕਰੇ। 'ਬਨਹੁ ਸਹਾਇਕ ਨਿਜ ਬਲ ਧਰੇ' ॥੪੦॥

ਕਾਲੇ ਨੇ ਫਿਰ ਆਉਂਦਾ ਵੇਖਿਆ, ਅਧਿਕ ਬਲੀ ਸਾਡੇ ਸੂਰਮਿਆਂ ਨੂੰ ਮਾਰਦਾ ਹੈ। ਸ੍ਰੀ ਗੁਰੂ ਹਰਿਰਾਇ ਜੀ ਦੀ ਅਰਾਧਨਾ ਕੀਤੀ, "ਨਿਜ ਬਲ ਧਾਰ ਕੇ ਸਹਾਇਕ ਬਣੋ" ॥੪੦॥

ਅਪਨੋ ਬਿਰਦ ਸੰਭਾਰਨਿ ਕੀਨਿ। ਰੱਛਾ ਹਿਤ ਪਹੁੰਚੇ ਜਨ ਚੀਨ।
ਜੈਤ ਰੁ ਕਾਲੇ ਕੇ ਭਟ ਭੇਰ। ਪਰਯੋ ਸੁ ਗਾੜ੍ਹ ਹੋਤਿ ਭਾ ਨੇਰ॥ ੪੧॥

ਆਪਣਾ ਬਿਰਦ ਸੰਭਾਲ ਲਿਆ ਜਿਵੇਂ ਗੁਰੂ ਜੀ ਰੱਖਿਆ ਵਾਸਤੇ ਪਹੁੰਚ ਗਏ ਜਾਣ ਲਿਆ। ਜੈਤ ਤੇ ਕਾਲੇ ਦੇ ਸੂਰਮਿਆਂ ਦਾ ਆਪਸ ਵਿਚ ਨੇੜੇ ਆ ਜਾਣ ਕਰਕੇ ਬਹੁਤ ਸੰਘਣਾ ਭੇੜ ਹੋ ਗਿਆ॥੪੧॥

ਬਰਛੀ ਜਬਿ ਉਭਾਰ ਕਰਿ ਊਚੋ। ਹਤਨਿ ਹੇਤੁ ਕਰਿ ਨਿਕਟਿ ਪਹੂਚੋ।
ਚਤੁਰ ਬੀਰ ਗੁਰ ਤੁਰਤ ਪਠਾਏ। ਤਿਨ ਮਹਿਂ ਦ੍ਵੈ ਪਾਇਨਿ ਲਪਟਾਏ॥ ੪੨॥

ਜਦ ਬਰਛੀ ਉੱਚੀ ਉਭਾਰ ਕੇ ਮਾਰਨ ਵਾਸਤੇ ਨੇੜੇ ਪਹੁੰਚਿਆ ਤਾਂ ਗੁਰੂ ਜੀ ਨੇ ਚਾਰ ਗੁਪਤ ਸੂਰਬੀਰ ਤੁਰਤ ਭੇਜੇ, ਉਨ੍ਹਾਂ ਵਿਚੋਂ ਦੋ ਪੈਰ ਨੂੰ ਚੰਬੜ ਗਏ॥੪੨॥

ਦ੍ਵੈ ਭੁਜਦੰਡਨ ਕੋ ਗਹਿ ਦੋਇ। ਜੈਤ ਓਜ ਕੋ ਰੋਕਤਿ ਸੋਇ।
ਤਊ ਬੇਗ ਤੇ ਸ਼ਕਤਿ ਪ੍ਰਹਾਰੀ। ਤਬਿ ਗੁਰ ਅਹਿਰਣ ਕੀਨਿ ਅਗਾਰੀ॥ ੪੩॥

ਦੋਵਾਂ ਨੇ ਦੋ ਬਾਹਾਂ ਫੜ ਲਈਆਂ ਤੇ ਜੈਤ ਦੀ ਸਾਰੀ ਸ਼ਕਤੀ ਨੂੰ ਰੋਕ ਲਿਆ। ਫਿਰ ਵੀ ਉਸ ਬੜੀ ਤੇਜ਼ੀ ਨਾਲ ਬਰਛੀ ਦਾ ਵਾਰ ਕੀਤਾ ਤੇ ਗੁਰੂ ਜੀ ਨੇ ਅੱਗੇ ਢਾਲ ਕਰ ਦਿੱਤੀ॥੪੩॥

ਮੁਖ ਮਹਿਂ ਮਾਰਨ ਵਾਰ ਚਲਾਯਹੁ। ਰੁਕਯੋ ਨ ਬੀਰਨ ਤੇ, ਢਿਗ ਆਯਹੁ।
ਅਹਿਰਨ ਕਉ ਬੇਧਨਿ ਕਰਿ ਗਈ। ਗੁਰੂ ਹਥੇਰੀ ਲਾਗਤਿ ਭਈ॥ ੪੪॥

ਮੁੱਖ ਤੇ ਮਾਰਨ ਵਾਸਤੇ ਵਾਰ ਚਲਾਇਆ, ਗੁਪਤ ਬੀਰਾਂ ਤੋਂ ਰੁਕਿਆ ਨਹੀਂ, ਪਾਸ ਆ ਗਿਆ। ਢਾਲ ਨੂੰ ਵਿੰਨ੍ਹ ਗਈ ਤੇ ਗੁਰੂ ਜੀ ਦੀ ਹਥੇਲੀ ਨੂੰ ਲੱਗ ਗਈ॥੪੪॥

ਤਹਾਂ ਸਾਂਗ ਕੀ ਨੋਕ ਥਿਰੀ ਹੈ। ਰੁਕਯੋ ਬੇਗ ਬਿਧਿਬੋ ਨ ਕਰੀ ਹੈ।
ਤਊ ਧਕੇਲਾ ਬਲ ਤੇ ਲਾਗਾ। ਤੋਰੇ ਦੰਤ ਗਿਰੇ ਤਬਿ ਆਗਾ॥ ੪੫॥

ਉਥੇ ਬਰਛੀ ਦੇ ਨੋਕ ਉਥੇ ਖਲੋ ਗਈ, ਵੇਗ ਰੁਕ ਗਿਆ ਤੇ ਵਿੰਨ੍ਹਿਆ ਨਹੀਂ। ਫਿਰ ਵੀ ਬੜਾ ਸ਼ਕਤੀਸ਼ਾਲੀ ਧੱਕਾ ਲੱਗਾ ਤੇ ਕਾਲੇ ਦੇ ਦੰਦ ਟੁੱਟ ਕੇ ਅੱਗੇ ਡਿੱਗ ਪਏ॥੪੫॥

ਨਿਫਲ ਵਾਰ ਕਾਲੇ ਤਬਿ ਜਾਨਾ। ਕਹਤਿ ਲੋਕ ਇਹ ਬਲੀ ਮਹਾਨਾ।
ਹਤੀ ਸਾਂਗ ਤੇ ਕੁਛ ਨ ਸਰਯੋ ਹੈ। ਅਪਨੋ ਬਲ ਇਨ ਸਕਲ ਕਰਯੋ ਹੈ॥੪੬॥

ਤਦ ਕਾਲੇ ਨੇ ਜਾਣਿਆ ਕਿ ਜੈਤ ਦਾ ਵਾਰ ਖ਼ਾਲੀ ਗਿਆ ਹੈ, ਉਸ ਨੇ ਮਨ ਵਿਚ ਸੋਚਿਆ, ਇਸ ਨੂੰ ਲੋਕ ਮਹਾਨ ਬਲਵਾਨ ਕਹਿੰਦੇ ਹਨ ਤੇ ਇਸ ਬਰਛੀ ਮਾਰੀ ਹੈ, ਪਰ ਇਸ ਪਾਸੋਂ ਕੁਝ ਵੀ ਸਰਿਆ ਨਹੀਂ ਹੈ, ਆਪਣਾ ਇਸ ਸਾਰਾ ਬਲ ਲਾਇਆ ਹੈ॥੪੬॥

ਅਪਨੋ ਵਾਰ ਕਰੋਂ ਅਬਿ ਇਸਕੋ। ਇਮ ਬਿਚਾਰਿ, ਕਰਿ ਦੀਰਘ ਰਿਸ ਕੋ।
ਖੈਂਚਿ ਖੜਗ ਕਰ ਬਲ ਤੇ ਝਾਰਯੋ। ਬਹਯੋ ਜਨੇਊ ਕੇ ਸਮ ਮਾਰਯੋ॥ ੪੭॥

ਹੁਣ ਮੈਂ ਇਸ ਉੱਤੇ ਆਪਣਾ ਵਾਰ ਕਰਦਾ ਹਾਂ। ਇਸ ਤਰ੍ਹਾਂ ਵਿਚਾਰ ਕੇ ਬੜੇ ਗੁੱਸੇ ਵਿਚ ਭਰ ਕੇ ਤਲਵਾਰ ਖਿਚ ਕੇ ਬੜੇ ਜ਼ੋਰ ਨਾਲ ਮਾਰੀ। ਤਲਵਾਰ ਨੇ ਇਸ ਤਰ੍ਹਾਂ ਕੱਟ ਕੇ ਸੁੱਟ ਦਿੱਤਾ ਜਿਵੇਂ ਜਨੇਊ ਕਟਿਆ ਗਿਆ ਹੋਵੇ॥੪੭॥

ਗਿਰਯੋ ਤੁਰਤ ਜਿਮ ਬਾਯੁ ਬਹੇ। ਬ੍ਰਿਛ ਪੁਰਾਨੋ ਗਿਰਨੋ ਲਹੇ।
ਸ਼੍ਰੋਣਤ ਪਸਰਯੋ ਅਵਨੀ ਸਾਰੇ। ਪਰਯੋ ਪ੍ਰਿਥੀ ਪਰ ਪਾਉਂ ਪਸਾਰੇ॥ ੪੮॥

ਤੁਰਤ ਧਰਤੀ 'ਤੇ ਇਸ ਤਰ੍ਹਾਂ ਡਿੱਗ ਪਿਆ ਜਿਵੇਂ ਤੇਜ਼ ਹਵਾ ਚਲਣ ਨਾਲ ਪੁਰਾਣਾ ਬ੍ਰਿਛ ਡਿੱਗ ਪੈਂਦਾ ਹੈ। ਸਾਰੀ ਧਰਤੀ 'ਤੇ ਖ਼ੂਨ ਪੱਸਰ ਗਿਆ ਤੇ ਪੈਰ ਪਸਾਰ ਕੇ ਧਰਤੀ 'ਤੇ ਲੇਟ ਗਿਆ॥੪੮॥

ਮਰਯੋ ਜੈਤ ਕੋ ਦੇਖਿ ਸੁ ਭ੍ਰਾਤਾ। ਹਟੇ ਤੁਰਤ ਲਖਿ ਕਰਿ ਗੁਰ ਤ੍ਰਾਤਾ।
ਕਾਲੇ ਆਦਿਕ ਧਰਯੋ ਅਨੰਦ। ਆਇ ਸੁ ਡੇਰੇ ਮਹਿਂ ਮਿਲਿ ਬ੍ਰਿੰਦ॥ ੪੯॥

ਜੈਤ ਨੂੰ ਮਰਿਆ ਹੋਇਆ ਵੇਖ ਕੇ, ਉਸ ਦੇ ਭਰਾ ਤੁਰਤ ਪਿਛੇ ਹਟ ਗਏ। ਉਹ ਸਮਝ ਗਏ ਕਿ ਇਨ੍ਹਾਂ ਦੇ ਗੁਰੂ ਜੀ ਰਖਵਾਲੇ ਹਨ। ਕਾਲਾ ਆਦਿ ਇਹ ਵੇਖ ਕੇ ਬਹੁਤ ਪ੍ਰਸੰਨ ਹੋਏ, ਆਪਣੇ ਡੇਰੇ ਵਿਚ ਆ ਕੇ ਸਾਰੇ ਮਿਲ ਕੇ ਇਕੱਠੇ ਹੋਏ॥੪੯॥

*ਦਸਵੀਂ ਰਾਸ ਦਾ ਅਠਵਾਂ ਅਧਿਆਇ ਸਮਾਪਤ ਹੋਇਆ॥੮॥*

## *ਅਧਿਆਇ ਨੌਵਾਂ*

*ਮਰ੍ਹਾਜ ਕਿਆਂ ਦਾ ਵੱਸਣਾ*

ਦੋਹਰਾ- ਚਿਤ ਪ੍ਰਮੋਦ ਕਾਲਾ ਭਯੋ ਮਿਲਿ ਕਰਿ ਸੋ ਸਮੁਦਾਇ।
ਕਰਤਿ ਭਏ ਆਗਵਨ ਕੋ ਨਿਕਟਿ ਗੁਰੂ ਹਰਿਰਾਇ॥ ੧॥

ਆਪਣੇ ਸਾਰੇ ਸਾਥੀਆਂ ਨੂੰ ਮਿਲ ਕੇ ਕਾਲਾ ਚਿੱਤ ਵਿਚ ਬਹੁਤ ਪ੍ਰਸੰਨ ਹੋਇਆ। ਗੁਰੂ ਹਰਿਰਾਇ ਜੀ ਪਾਸ ਆਉਣ ਵਾਸਤੇ ਸਲਾਹ ਕਰਨ ਲੱਗੇ॥੧॥

ਚੌਪਈ- ਦੇਖਿ ਦੂਰ ਤੇ ਜੁਗ ਕਰ ਜੋਰੇ। ਪਹੁਚੇ ਨਿਕਟਿ ਹਰਖ ਨਹਿਂ ਥੋਰੇ।
ਚਰਨ ਕਮਲ ਪਰ ਸੀਸ ਨਿਵਾਯਹੁ। 'ਧੰਨ ਗਰੀਬ ਨਿਵਾਜ' ਅਲਾਯਹੁ ॥੨ ॥

ਦੂਰ ਤੋਂ ਵੇਖ ਕੇ ਦੋਵੇਂ ਹੱਥ ਜੋੜੇ, ਜਦ ਨੇੜੇ ਪਹੁੰਚੇ ਤਾਂ ਬਹੁਤ ਪ੍ਰਸੰਨ ਸਨ। ਗੁਰੂ ਜੀ ਦੇ ਚਰਨ ਕੰਵਲਾਂ 'ਤੇ ਸਿਰ ਨਿਵਾਇਆ ਤੇ ਕਿਹਾ, "ਧੰਨ ਗ਼ਰੀਬ ਨਿਵਾਜ਼!" ॥੨ ॥

ਬਿਰਦ ਆਪਨੋ ਸਦਾ ਸੰਭਾਰਹੁ। ਜਨੁ ਕੇ ਦੁਸ਼ਟ ਅਰਿਸ਼ਟ ਨਿਵਾਰਹੁ।
ਅਬਿ ਹਮ ਬਸਹਿਂ ਅਨੰਦਤਿ ਧਰਾ। ਮਹਾਂ ਬਲੀ ਸ਼ੱਤ੍ਰੂ ਰਣ ਮਰਾ' ॥ ੩ ॥

ਸਦਾ ਹੀ ਆਪਣਾ ਬਿਰਦ ਸੰਭਾਲਦੇ ਹੋ। ਗ਼ਰੀਬਾਂ ਦੇ ਦੁਸ਼ਟ ਅਤੇ ਦੁਖਦਾਈ ਵੈਰੀਆਂ ਨੂੰ ਮਾਰਦੇ ਹੋ। ਹੁਣ ਅਨੰਦ ਧਾਰ ਕੇ ਵਸਾਂਗੇ। ਮਹਾਂ ਬਲੀ ਵੈਰੀ ਰਣਖੇਤਰ ਵਿਚ ਮਾਰਿਆ ਗਿਆ" ॥੩ ॥

ਸਤਿਗੁਰ ਲਗੇ ਬੂਝਿਬੇ ਫੇਰ। 'ਕਹੁ ਕਾਲੇ! ਕਿਮ ਕੀਨਸਿ ਫੇਰ?
ਰਚਜੋ ਜੰਗ ਤੁਮ ਕੌਨ ਪ੍ਰਕਾਰਾ? ਕਿਮ ਬਲ ਭਯੋ, ਸ਼ੱਤ੍ਰੂ ਕਿਮ ਮਾਰਾ?' ॥੪ ॥

ਫਿਰ ਸਤਿਗੁਰੂ ਜੀ ਪੁੱਛਣ ਲੱਗੇ, "ਹੇ ਕਾਲੇ! ਫਿਰ ਕਿਸ ਤਰ੍ਹਾਂ ਲੜਾਈ ਕੀਤੀ। ਤੂੰ ਕਿਸ ਪ੍ਰਕਾਰ ਜੰਗ ਦੀ ਰਚਨਾ ਕੀਤੀ? ਕਿਵੇਂ ਬਲ ਮਿਲਿਆ? ਵੈਰੀ ਨੂੰ ਕਿਵੇਂ ਮਾਰਿਆ?" ॥੪ ॥

'ਸੁਨਹੁ ਪ੍ਰਭੂ! ਜਿਮ ਸੁਨਤੇ ਰਹੇ। ਸੰਘਰ ਬਿਖੈ ਨ ਕੁਛ ਬਲ ਲਹੇ।
ਸਭਿ ਤੇ ਦੀਰਘ ਜਿਸ ਕੋ ਜਾਨਾ। ਸੋ ਸਭਿਹਿਨਿ ਤੇ ਲਘੁ ਕਰਿ ਮਾਨਾ ॥੫ ॥

ਕਾਲੇ ਨੇ ਕਿਹਾ, "ਹੇ ਪ੍ਰਭੂ ਜੀ! ਸੁਣੋ, ਜਿਵੇਂ ਸੁਣਦੇ ਰਹੇ ਹਾਂ, ਪਰ ਸੰਘਰਸ਼ ਦੌਰਾਨ ਉਸ ਦਾ ਕੁਝ ਬਲ ਵੀ ਨਹੀਂ ਵੇਖਿਆ ਹੈ। ਸਭ ਤੋਂ ਵੱਡਾ ਜਿਸ ਨੂੰ ਜਾਣਦੇ ਸੀ, ਉਸ ਨੂੰ ਸਭ ਤੋਂ ਛੋਟਾ ਕਰਕੇ ਮੰਨਿਆ ਹੈ ॥੫ ॥

ਵਾਰ ਸ਼ਕਤਿ ਕੋ ਏਕ ਚਲਾਯੋ। ਜਿਸ ਤੇ ਕਛੂ ਘਾਵ ਨਹਿਂ ਆਯੋ।
ਲਗਯੋ ਧਕੇਲਾ ਸਮਸਰ ਆਇ। ਤੋਰੇ ਦੰਤਨਿ ਦੀਏ ਗਿਰਾਇ ॥ ੬ ॥

ਉਸ ਨੇ ਸ਼ਕਤੀ ਦਾ ਇਕ ਵਾਰ ਚਲਾਇਆ ਸੀ, ਜਿਸ ਨਾਲ ਥੋੜ੍ਹਾ ਜਿੰਨਾ ਜ਼ਖ਼ਮ ਵੀ ਨਹੀਂ ਹੋਇਆ। ਸਾਹਮਣੇ ਆ ਕੇ ਧਕਾ ਲੱਗਾ ਹੈ ਜਿਸ ਨਾਲ ਦੰਦ ਤੋੜ ਕੇ ਡੇਗ ਦਿੱਤੇ ॥੬ ॥

ਨਹਿਂ ਆਗੇ ਤਿਸ ਪ੍ਰਵਿਸ਼ੀ ਨੋਕ। ਤਹਿਂ ਲੌ ਬਲ ਕਰਿ ਰਹੀ ਸੁ ਰੋਕ।
ਯਾਂਤੇ ਅਲਪ ਬਲੀ ਮੈਂ ਜਾਨਯੋ। ਖੈਂਚਿ ਖੜਗ ਮੈਂ ਤਤਛਿਨ ਹਾਨਯੋ' ॥੭ ॥

ਉਸ ਦੀ ਨੋਕ ਅੱਗੇ ਪ੍ਰਵੇਸ਼ ਨਹੀਂ ਹੋਈ, ਉਥੋਂ ਤਕ ਹੀ ਬਲ ਕਰਕੇ ਉਹ ਰੁਕੀ ਰਹੀ। ਇਸ ਕਰਕੇ ਮੈਂ ਉਸ ਨੂੰ ਬਹੁਤ ਘੱਟ ਬਲਵਾਨ ਜਾਣਿਆ ਹੈ, ਤਲਵਾਰ ਖਿਚ ਕੇ ਮੈਂ ਤੁਰਤ ਮਾਰ ਦਿੱਤਾ" ॥੭॥

ਸ੍ਰੀ ਹਰਿਰਾਇ ਸੁਨਤਿ ਮੁਸਕਾਏ। ਜੈਤ ਹਤਨਿ ਕੋ ਭੇਵ ਬਤਾਏ।
'ਅਲਪ ਬਲੀ ਨਹਿਂ ਤਿਸ ਕੋ ਜਾਨਹੁ। ਸੋ ਬਲਵੰਤ ਸਦਾ ਪਹਿਚਾਨਹੁਂ ॥੮ ॥

ਸ੍ਰੀ ਹਰਿਰਾਇ ਜੀ ਸੁਣ ਕੇ ਮੁਸਕਰਾਏ ਤੇ ਜੈਤ ਨੂੰ ਮਾਰਨ ਦਾ ਭੇਦ ਦੱਸਿਆ, "ਉਸ ਨੂੰ ਥੋੜ੍ਹਾ ਬਲੀ ਨਾ ਜਾਣੋ, ਉਸ ਨੂੰ ਵੱਡਾ ਸੂਰਬੀਰ ਸਦਾ ਪਹਿਚਾਣੋ ॥੮ ॥

ਜਬਿ ਤੁਮ ਜੁਟੇ ਬੀਚ ਰਣ ਖੇਤ। ਪਹੁਚੇ ਹਮ ਸਹਾਇ ਕੇ ਹੇਤ।
ਦੋਇ ਬੀਰ ਪਾਇਨਿ ਲਪਟਾਏ। ਦੋਇ ਭੁਜਾ ਕੋ ਬੇਗ ਰੁਕਾਏ ॥ ੯ ॥

ਜਦ ਤੁਸੀਂ ਰਣ ਖੇਤਰ ਵਿਚ ਜੁਟੇ ਹੋਏ ਸੀ ਤਾਂ ਮੈਂ ਸਹਾਇਤਾ ਵਾਸਤੇ ਉਥੇ ਪਹੁੰਚਿਆ ਸੀ। ਦੋ ਗੁਪਤ ਬੀਰ ਮੈਂ ਪੈਰਾਂ ਨਾਲ ਚੰਬੜਾ ਦਿੱਤੇ ਸੀ ਤੇ ਦੋ ਦੋਹਾਂ ਬਾਹਾਂ ਨੂੰ ਚੰਬੜ ਗਏ ਸੀ॥੯॥

ਤਊ ਪਹੁੰਚਿ ਤਿਨ ਸਾਂਗ ਪ੍ਰਹਾਰੀ। ਤਬਿ ਹਮ ਅਹਿਰਣ ਨਿਜ ਕਰ ਧਾਰੀ।
ਸਾਥ ਸ਼ੀਘ੍ਰਤਾ ਕੀਨਿ ਅਗਾਰੀ। ਲਗਯੋ ਵਾਰ ਤਿਸ ਕੇਰ ਮਝਾਰੀ॥ ੧੦॥

ਫਿਰ ਵੀ ਉਸ ਪਹੁੰਚ ਕੇ ਬਰਛੀ ਦਾ ਵਾਰ ਕੀਤਾ, ਫਿਰ ਅਸੀਂ ਮੋਟੇ ਲੋਹੇ ਦੀ ਢਾਲ ਹੱਥ ਵਿਚ ਫੜੀ ਤੇ ਬੜੀ ਤੇਜ਼ੀ ਨਾਲ ਅੱਗੇ ਕਰ ਦਿੱਤੀ। ਉਸ ਢਾਲ ਦੇ ਵਿਚਕਾਰ ਐਸਾ ਵਾਰ ਲੱਗਾ॥੧੦॥

ਅਹਿਰਣ ਫੋਰਤਿ ਅੱਗ੍ਰ ਧਕੇਲੀ। ਰੜਕੀ ਹਮਰੀ ਜਾਇ ਹਥੇਲੀ।
ਚੁਭੀ ਚੁੰਚ, ਇਹ ਦੇਖਨਿ ਕੀਜੈ। ਰੁਕੀ ਰਹੀ ਪੁਨ ਰਿਦੈ ਜਨੀਜੈ॥ ੧੧॥

ਜਿਹੜਾ ਢਾਲ ਨੂੰ ਪਾੜ ਕੇ ਅੱਗੇ ਲੰਘ ਗਿਆ ਤੇ ਮੇਰੇ ਹੱਥ ਦੀ ਹਥੇਲੀ ਨੂੰ ਜਾ ਰੜਕਿਆ। ਉਸ ਬਰਛੀ ਦੀ ਨੋਕ ਚੁਭ ਗਈ ਇਹ ਮੇਰੀ ਹਥੇਲੀ ਵੇਖੋ। ਫਿਰ ਰੁਕੀ ਰਹੀ ਇਹ ਹਿਰਦੇ ਵਿਚ ਜਾਣ ਲਵੋ॥੧੧॥

ਇਸ ਤੇ ਜਾਨਿ ਲੇਹੁ ਮਨ ਮਾਂਹੀ। ਅਲਪ ਕਿ ਬਡੋ ਹੁਤੋ ਬਲ ਤਾਂਹੀ।
ਤੁਝ ਕੋ ਜੈਤ ਜਾਨਤੋ ਕਹਾਂ। ਕੋ ਨਹਿਂ ਸਮੁਖ ਹੋਤਿ ਬਲਿ ਮਹਾਂ॥ ੧੨॥

ਇਸ ਤੋਂ ਮਨ ਵਿਚ ਜਾਣ ਲਵੋ, ਉਸ ਦੀ ਸ਼ਕਤੀ ਛੋਟੀ ਸੀ ਕਿ ਵੱਡੀ ਸੀ। ਤੈਨੂੰ ਜੈਤ ਕੀ ਜਾਣਦਾ ਸੀ। ਕੋਈ ਵੀ ਉਸ ਦੇ ਸਾਹਮਣੇ ਨਹੀਂ ਸੀ ਹੁੰਦਾ, ਉਹ ਮਹਾਨ ਬਲੀ ਸੀ॥੧੨॥

ਹਾਥ ਕਿ ਲਾਤ ਪ੍ਰਹਾਰਹਿ ਮਾਰਤ। ਹਮ ਬਿਨ ਅਪਰ ਕੌਨ ਧ੍ਰਿਤੁ ਧਾਰਤਿ
ਸੁਨਿ ਕੈ ਰਾਹਕ ਹੇਰਹਿ ਤਬੈ। ਬੰਦਤਿ ਹਾਥ ਬੰਦਿ ਕਰ ਸਭੈ॥ ੧੩॥

ਹੱਥ ਜਾਂ ਲੱਤ ਦਾ ਵਾਰ ਕਰਕੇ ਹੀ ਮਾਰ ਦਿੰਦਾ, ਸਾਡੇ ਬਗੈਰ ਹੋਰ ਕੌਣ ਦ੍ਰਿੜ੍ਹਤਾ ਧਾਰਨ ਕਰਦਾ।" ਇਹ ਸੁਣ ਕੇ ਕਿਸਾਨਾਂ ਨੇ ਵੇਖਿਆ ਤੇ ਹੱਥ ਜੋੜ ਕੇ ਸਭ ਨੇ ਬੰਦਨਾ ਕੀਤੀ॥੧੩॥

'ਧੰਨ ਧੰਨ ਗੁਰ ਬਿਰਦ ਤੁਮਾਰਾ। ਸਿੱਖ ਸਹਾਇਕ ਸ਼ੱਤ੍ਰੂ ਮਾਰਾ।
ਇਹ ਕੁਛ ਨਈ ਬਾਤ ਹੈ ਨਹੀਂ। ਰੱਛਹੁ ਸੇਵਕ ਜਗ ਜਹਿਂ ਕਹੀਂ'॥ ੧੪॥

"ਹੇ ਗੁਰੂ ਜੀ! ਧੰਨ ਧੰਨ ਤੁਹਾਡਾ ਧਰਮ ਹੈ, ਸਿੱਖਾਂ ਦੀ ਸਹਾਇਤਾ ਕਰਕੇ ਵੈਰੀ ਨੂੰ ਮਾਰਿਆ ਹੈ। ਇਹ ਕੋਈ ਨਵੀਂ ਗੱਲ ਨਹੀਂ ਹੈ। ਹਰ ਥਾਂ ਜਗਤ ਵਿਚ ਆਪਣੇ ਸੇਵਕਾਂ ਦੀ ਰੱਖਿਆ ਕਰਦੇ ਹੋ" ॥੧੪॥

ਇਮ ਸਤਿਗੁਰ ਸੌਂ ਮਿਲਿ ਹਰਖਾਏ। ਨਮੋ ਠਾਨਿ ਡੇਰੇ ਨਿਜ ਆਏ।
ਅਪਨੋ ਗ੍ਰਾਮ ਬਸਾਵਨ ਕੀਨਾ। ਗੁਰ ਸੇਵਾ ਕੇ ਰਹੇ ਅਧੀਨਾ॥ ੧੫॥

ਇਸ ਤਰ੍ਹਾਂ ਸਤਿਗੁਰੂ ਜੀ ਨੂੰ ਮਿਲ ਕੇ ਬਹੁਤ ਪ੍ਰਸੰਨ ਹੋਏ ਤੇ ਨਮਸਕਾਰ ਕਰਕੇ ਆਪਣੇ ਡੇਰੇ ਆ ਗਏ। ਆਪਣਾ ਪਿੰਡ ਉਨ੍ਹਾਂ ਵਸਾ ਲਿਆ ਅਤੇ ਗੁਰੂ ਸੇਵਾ ਦੇ ਅਧੀਨ ਰਹੇ॥੧੫॥

ਕੇਤਿਕ ਸਮੋ ਬਿਤਾਯੋ ਜਬੈ। ਸਾਕ ਸੁਤਾ ਸੁਤ ਕੇ ਚਹਿਂ ਤਬੈ।
ਨਹਿਂ ਤਿਸ ਦੇਸ਼ ਕਰਹਿਂ ਇਨ ਸਾਥ। ਲਖਹਿਂ ਬਿਦੇਸ਼ੀ ਕੁਲ ਕੀ ਗਾਥ॥੧੬॥

ਜਦ ਕਾਫ਼ੀ ਸਮਾਂ ਬਤੀਤ ਕੀਤਾ ਤਦ ਪੁੱਤ ਪੁੱਤਰੀ ਦਾ ਸਾਕ ਚਾਹੁੰਦੇ ਸਨ। ਉਸ ਦੇਸ਼ ਵਿਚ ਉਨ੍ਹਾ ਨਾਲ ਕੋਈ ਸਾਕ ਨਹੀਂ ਸੀ ਕਰਦਾ। ਉਹ ਉਨ੍ਹਾਂ ਦੀ ਕੁਲ ਨੂੰ ਬਿਦੇਸ਼ੀ ਸਮਝਦੇ ਸਨ॥੧੬॥

'ਅਹੈਂ ਕੌਨ ਕਿਤ ਤੇ ਇਹ ਆਏ'। ਲੇਤਿ ਨ ਦੇਤਿ ਨ, ਸਾਕ ਹਟਾਏ।
ਮਿਲਿ ਸਭਿਹਿਨਿ ਗੁਰ ਨਿਕਟਿ ਬਖਾਨੀ। 'ਮਿਲਤਿ ਨ ਹਮ ਸੋਂ ਰਾਹਕ ਮਾਨੀ ॥੧੭॥

ਕਹਿੰਦੇ ਸਨ, "ਪਤਾ ਨਹੀਂ ਇਹ ਕੌਣ ਹਨ ਅਤੇ ਕਿਥੋਂ ਆਏ ਹਨ" ਨਾ ਸਾਕ ਲੈਂਦੇ ਸਨ, ਨਾ ਸਾਕ ਦਿੰਦੇ ਸਨ, ਸਾਕ ਕਰਨ ਤੋਂ ਹਟਾ ਦਿੱਤਾ ਸੀ। ਮਰ੍ਹਾਜ ਸਾਰੇ ਮਿਲ ਕੇ ਗੁਰੂ ਜੀ ਪਾਸ ਆਏ ਅਤੇ ਕਿਹਾ, "ਅਭਿਮਾਨੀ ਕਿਸਾਨ ਸਾਡੇ ਨਾਲ ਰਿਸ਼ਤੇ ਨਾਤੇ ਨਹੀਂ ਕਰਦੇ ਹਨ ॥੧੭॥

ਗ੍ਰਿਹਸਤੀ ਕੋ ਇਮ ਨਹਿਂ ਬਨਿ ਆਵੈ। ਬਿਨ ਸਰਬੰਧ ਕਰੇ ਕਿਮ ਭਾਵੈ।
ਭਏ ਸੁਤਾ ਸੁਤ ਬੈਸ ਬਡੇਰੇ। ਬਿਨਾਂ ਬਜਾਹ ਤੇ ਹਮ ਤਿਨ ਹੇਰੇਂ ॥ ੧੮ ॥

ਗ੍ਰਿਹਸਤੀ ਦਾ ਇਸ ਤਰ੍ਹਾਂ ਗੁਜ਼ਾਰਾ ਨਹੀਂ ਹੁੰਦਾ। ਸੰਬੰਧ ਕਰਨ ਤੋਂ ਬਗੈਰ ਕਿਵੇਂ ਭਾਉਂਦਾ ਹੈ। ਸਾਡੇ ਧੀਆਂ ਪੁੱਤਰਾਂ ਦੀਆਂ ਉਮਰਾਂ ਵੱਡੀਆਂ ਹੋ ਗਈਆਂ ਹਨ, ਵਿਆਹ ਤੋਂ ਬਗੈਰ ਹੀ ਅਸੀਂ ਉਨ੍ਹਾਂ ਨੂੰ ਵੇਖਦੇ ਹਾਂ ॥੧੮॥

ਇਹ ਚਿੰਤਾ ਨਿਤ ਉਪਜੀ ਰਹੇ। ਸ਼ਰਨ ਪਰੇ ਰਾਵਰ ਕੀ' ਕਹੇਂ।
ਸ਼੍ਰੀ ਹਰਿਰਾਇ ਕ੍ਰਿਪਾਲੁ ਸੁਭਾਇ। ਭਾਖਜੋ 'ਇਹ ਭੀ ਸਿਧ ਹੁਇ ਜਾਇ' ॥੧੯॥

ਇਹ ਚਿੰਤਾ ਨਿਤ ਕਾਇਮ ਰਹਿੰਦੀ ਹੈ, ਅਸੀਂ ਆਪ ਜੀ ਦੀ ਸ਼ਰਨ ਪੈ ਕੇ ਬੇਨਤੀ ਕਰਦੇ ਹਾਂ।" ਇਹ ਸੁਣ ਕੇ ਕ੍ਰਿਪਾਲੂ ਸੁਭਾਅ ਦੇ ਸ੍ਰੀ ਗੁਰੂ ਹਰਿਰਾਇ ਜੀ ਨੇ ਕਿਹਾ, "ਇਹ ਵੀ ਸਿੱਧ ਹੋ ਜਾਵੇਗਾ" ॥੧੯॥

ਗੁਰ ਢਿਗ ਅਪਰ ਗ੍ਰਾਮ ਕੇ ਆਵੈਂ। ਬਨਹਿਂ ਸਿੱਖ ਅਰੁ ਭੇਟ ਚਢਾਵੈਂ।
ਤਿਨ ਕੇ ਸੰਗ ਉਚਾਰਹਿਂ ਵਾਕ। 'ਲਿਹੁ ਅਰੁ ਦਿਹੁ ਮਰ੍ਹਾਜ ਕੇ ਸਾਕ ॥ ੨੦ ॥

ਗੁਰੂ ਜੀ ਪਾਸ ਹੋਰਨਾਂ ਪਿੰਡਾਂ ਦੇ ਲੋਕ ਵੀ ਆਉਂਦੇ ਹਨ, ਉਹ ਭੇਟ ਚੜ੍ਹਾਉਂਦੇ ਹਨ ਤੇ ਸਿੱਖ ਬਣਦੇ ਹਨ। ਉਨ੍ਹਾਂ ਦੇ ਨਾਲ ਅਸੀਂ ਬਚਨ ਕਰਾਂਗੇ, "ਮਰ੍ਹਾਜ ਵਾਲਿਆਂ ਨਾਲ ਵੀ ਸਾਕ ਲਵੋ ਅਤੇ ਦੇਵੋ ॥੨੦॥

ਇਨ ਕੀ ਕੁਲ ਆਛੀ ਪਹਿਚਾਨਹੁ। ਨਿਜ ਮਨ ਮਹਿਂ ਨਹਿਂ ਸੰਸਾ ਠਾਨਹੁ'।
ਗੁਰ ਕੋ ਕਹਜੋ ਸੀਸ ਪਰ ਧਾਰਾ। ਉੱਤਮ ਤਿਨਕੋ ਬੰਸ ਬਿਚਾਰਾ ॥ ੨੧ ॥

ਇਨ੍ਹਾਂ ਦੀ ਕੁਲ ਚੰਗੀ ਪਹਿਚਾਣੋ, ਆਪਣੇ ਮਨ ਵਿਚ ਕੋਈ ਸ਼ੰਕਾ ਨਾ ਰਖੋ।" ਗੁਰੂ ਜੀ ਦਾ ਕਿਹਾ ਉਨ੍ਹਾਂ ਨੇ ਸਿਰ 'ਤੇ ਧਾਰਨ ਕੀਤਾ ਅਤੇ ਉਨ੍ਹਾਂ ਦੀ ਵੰਸ਼ ਨੂੰ ਉੱਤਮ ਸਮਝਿਆ ॥੨੧॥

ਕਰਤਿ ਭਏ ਅਪਨੇ ਸਨਬੰਧ। ਸਕਲ ਦੇਸ਼ ਬਾਸੀ ਕਿਯ ਸੰਧਿ।
ਸੁਤ ਅਰੁ ਸੁਤਾ ਬਜਾਹੁ ਸਭਿ ਲੀਨੇ। ਇਕ ਸਮ ਹੁਇ ਕਰਿ ਬਾਸਾ ਕੀਨੇ ॥੨੨॥

ਮਰ੍ਹਾਜ ਵਾਲਿਆਂ ਨਾਲ ਆਪਣੇ ਸੰਬੰਧ ਕਰਨ ਲੱਗੇ। ਸਾਰੇ ਦੇਸ਼ ਵਾਸੀਆਂ ਨੇ ਸੰਧੀ ਕਰ ਲਈ। ਉਨ੍ਹਾਂ ਨੇ ਸਾਰੇ ਪੁੱਤਰ ਧੀਆਂ ਵਿਆਹ ਲਏ ਤੇ ਬਰਾਬਰ ਦੇ ਹੋ ਕੇ ਉਥੇ ਵਾਸਾ ਕੀਤਾ ॥੨੨॥

ਗੁਰ ਕਰੁਨਾ ਤੇ ਚਹਤਿ ਸੁ ਪਾਯੋ। ਕੁਲ ਮਰ੍ਹਾਜ ਕੋ ਬਾਸ ਕਰਾਯੋ।
ਬਖਸ਼ਿਸ਼ ਜਥਾ ਬਿਸਾਲੀ ਦੀਨਿ। ਸੋ ਅਬਿ ਕਥਾ ਸੁਨਹੁ ਸੁਭ ਚੀਨ ॥ ੨੩ ॥

ਗੁਰੂ ਕਿਰਪਾ ਨਾਲ ਜੋ ਵੀ ਚਾਹਿਆ ਸੋ ਪਾਇਆ, ਮਰ੍ਹਾਜ ਕੁਲ ਦਾ ਵਾਸਾ ਕਰਾਇਆ। ਸਦਾ ਹੀ ਵਿਸ਼ਾਲ ਬਖਸ਼ਿਸ਼ ਕੀਤੀ, ਇਸ ਕਰਕੇ ਹੁਣ ਕਥਾ ਸੁਣੋ ਅਤੇ ਸਮਝੋ ॥੨੩॥

ਦੋਹਰਾ-ਲੋਹੀਆ ਦੂਸਰ ਸੰਦਲੀ ਬਾਲ ਅਵਸਥਾ ਮਾਂਹਿ।
ਕਾਲੇ ਕੇਰ ਭਤੀਜ ਦ੍ਵੈ ਪਿਤਾ ਮਾਤ ਮ੍ਰਿਤੁ ਤਾਂਹਿ ॥੨੪॥

ਲੋਹੀਆ ਅਤੇ ਸੰਦਲੀ ਨਾਂ ਦੇ ਦੋ ਬੱਚੇ ਬਾਲ ਅਵਸਥਾ ਵਿਚ ਸਨ। ਉਹ ਦੋਵੇਂ ਕਾਲੇ ਦੇ ਭਤੀਜੇ ਸਨ ਤੇ ਉਨ੍ਹਾਂ ਦੇ ਮਾਤਾ ਪਿਤਾ ਦੀ ਮੌਤ ਹੋ ਗਈ ਸੀ॥੨੪॥

ਚੌਪਈ- ਅਲਪ ਬੈਸ ਮਹਿਂ ਦੋਨਹੁਂ ਰਹੇ। ਮਾਤਾ ਪਿਤਾ ਮ੍ਰਿਤੂ ਪਦ ਲਹੇ।
ਕਾਲੇ ਤਬਿ ਹਿਤ ਕਰਿ ਪ੍ਰਤਿਪਾਰੇ। ਨਿਜ ਪੁੱਤ੍ਰਨਿ ਸਮ ਤਿਨਹੁਂ ਨਿਹਾਰੇ॥੨੫॥

ਛੋਟੀ ਉਮਰ ਦੇ ਦੋਵੇਂ ਰਹਿ ਗਏ, ਮਾਤਾ ਪਿਤਾ ਦੀ ਮੌਤ ਹੋ ਗਈ। ਕਾਲੇ ਨੇ ਫਿਰ ਪ੍ਰੇਮ ਨਾਲ ਦੋਹਾਂ ਨੂੰ ਪਾਲਿਆ, ਆਪਣੇ ਪੁੱਤਰਾਂ ਵਾਂਗ ਉਨ੍ਹਾਂ ਨੂੰ ਵੇਖਿਆ॥੨੫॥

ਇਕ ਦਿਨ ਦੋਨਹੁਂ ਕੋ ਲੇ ਸੰਗ। ਇਕ ਉਠਾਇ ਲਿਯ ਅੰਕ ਉਤੰਗ।
ਦੁਤੀਏ ਕੋ ਅੰਗੁਰੀ ਗਹਿਵਾਈ। ਆਵਤਿ ਭਾ ਸਮੀਪ ਸੁਖਦਾਈ॥੨੬॥

ਇਕ ਦਿਨ ਕਾਲਾ ਦੋਵਾਂ ਨੂੰ ਨਾਲ ਲੈ ਕੇ ਇਕ ਨੂੰ ਕੁਛੜ ਚੁੱਕ ਲਿਆ ਤੇ ਦੂਸਰੇ ਨੂੰ ਉਂਗਲੀ ਫੜਾ ਲਈ ਤੇ ਗੁਰੂ ਜੀ ਦੇ ਪਾਸ ਆ ਗਏ॥੨੬॥

ਮਗ ਮਹਿਂ ਭਲੇ ਸਿਖਾਵਨਿ ਕਰੇ। ਬੰਦਨ ਠਾਨਿ ਭਏ ਤਬਿ ਖਰੇ।
ਦੋਨੋ ਬਾਲਿਕ ਥਿਤਿ ਤਿਸ ਕਾਲਾ। ਪੇਟ ਬਜਾਵਤਿ ਹਾਥ ਉਤਾਲਾ॥੨੭॥

ਰਾਹ ਵਿਚ ਉਨ੍ਹਾਂ ਭਲੀ ਪ੍ਰਕਾਰ ਸਿਖਾ ਲਿਆ ਸੀ। ਗੁਰੂ ਜੀ ਪਾਸ ਆ ਕੇ ਬੰਦਨਾ ਕਰਕੇ ਉਹ ਖੜੇ ਹੋ ਗਏ। ਦੋਵੇਂ ਬਾਲਕ ਉਥੇ ਖੜੇ ਉਸ ਸਮੇਂ ਆਪਣੇ ਢਿੱਡ ਨੂੰ ਹੱਥਾਂ ਨਾਲ ਵਜਾਉਂਦੇ ਸਨ॥੨੭॥

ਦੇਖਿ ਕ੍ਰਿਪਾਲ ਤਿਨਹੁਂ ਕੀ ਢਾਲ। ਬੂਝਤੇ ਕਾਲੇ ਕੋ ਸੁ ਹਵਾਲ।
'ਇਹ ਬਾਲਿਕ ਦੋਨਹੁਂ ਕਯਾ ਕਰਿਹੀਂ ?। ਹਾਥਿ ਪ੍ਰਹਾਰ ਉਦਰ ਪਰ ਧਰਿਹੀਂ॥੨੮॥

ਕ੍ਰਿਪਾਲੂ ਗੁਰੂ ਜੀ ਨੇ ਉਨ੍ਹਾਂ ਵੱਲ ਵੇਖ ਕੇ ਕਾਲੇ ਨੂੰ ਉਨ੍ਹਾਂ ਦੇ ਹਾਲ ਬਾਰੇ ਪੁੱਛਿਆ, "ਇਹ ਦੋਵੇਂ ਬਾਲਕ ਕੀ ਕਰਦੇ ਹਨ ? ਆਪਣੇ ਹੱਥ ਢਿੱਡ 'ਤੇ ਮਾਰਦੇ ਹਨ"॥੨੮॥

ਕਰ ਜੋਰਤਿ ਕਾਲੇ ਬਚ ਭਾਖੇ। 'ਮਾਤਾ ਪਿਤਾ ਹੀਨਮੈਂ ਰਾਖੇ।
ਕ੍ਰਿਪਾ ਆਪਕੀ ਤੇ ਪ੍ਰਤਿਪਾਰੇ। ਅਬਿ ਇਹ ਪਹੁੰਚੇ ਨਿਕਟਿ ਤੁਮ੍ਹਾਰੇ॥੨੯॥

ਹੱਥ ਜੋੜ ਕੇ ਕਾਲੇ ਨੇ ਕਿਹਾ, "ਮਾਤਾ ਪਿਤਾ ਬਗੈਰ ਹਨ, ਮੈਂ ਆਪਣੇ ਪਾਸ ਰੱਖੇ ਹਨ। ਆਪ ਜੀ ਦੀ ਕਿਰਪਾ ਨਾਲ ਪ੍ਰਤਿਪਾਲਣਾ ਕਰ ਰਿਹਾ ਹਾਂ, ਹੁਣ ਇਹ ਤੁਹਾਡੇ ਪਾਸ ਪਹੁੰਚੇ ਹਨ॥੨੯॥

ਛੁਧਤਿ ਰਹਤਿ ਇਹ ਉਦਰ ਬਜਾਵੈਂ। ਕਹਿਨਿ ਸ਼ਕਤਿ ਨਹਿਂ, ਏਵ ਜਨਾਵੈਂ।
ਆਪ ਗ਼ਰੀਬ ਨਿਵਾਜ ਮਹਾਨੇ। ਬਾਲ ਅਨਾਥ ਗਰੀਬ ਨਿਮਾਨੇ॥੩੦॥

ਇਹ ਭੁੱਖੇ ਰਹਿੰਦੇ ਹਨ, ਇਸ ਕਰਕੇ ਪੇਟ ਨੂੰ ਵਜਾਉਂਦੇ ਹਨ। ਕਹਿਣ ਦੀ ਇਨ੍ਹਾਂ ਵਿਚ ਸ਼ਕਤੀ ਨਹੀਂ, ਇਸ ਕਰਕੇ ਆਪ ਜੀ ਨੂੰ ਦੱਸਦੇ ਹਨ। ਆਪ ਜੀ ਮਹਾਨ ਗ਼ਰੀਬ ਨਿਵਾਜ ਹੋ, ਅਨਾਥ ਬਾਲ ਨਿਮਾਣੇ ਗ਼ਰੀਬ ਹਨ"॥੩੦॥

ਸੁਨਿ ਕੈ ਸ੍ਰੀ ਹਰਿਰਾਇ ਬਖਾਨਾ। 'ਇਹ ਮਹਾਨ ਤੇ ਬਨਹਿਂ ਮਹਾਨਾ।
ਜੋ ਤੈਂ ਊਪਰ ਰਖ੍ਯੋ ਉਠਾਇ। ਇਸ ਕੋ ਬੰਸ ਬਧਹਿ ਅਧਿਕਾਇ॥੩੧॥

ਇਹ ਸੁਣ ਕੇ ਸ੍ਰੀ ਹਰਿਰਾਇ ਜੀ ਨੇ ਕਿਹਾ, "ਇਹ ਮਹਾਨ ਤੋਂ ਮਹਾਨ ਬਣ ਜਾਣਗੇ। ਜਿਹੜਾ ਤੂੰ ਉਪਰ ਚੁੱਕ ਕੇ ਰਖਿਆ ਹੈ, ਇਸ ਦਾ ਵੰਸ਼ ਬਹੁਤ ਵਧੇਗਾ॥੩੧॥

ਮਹਿਪਾਲਕ ਬਡ ਸੈਨ ਸਮੇਤਾ। ਸਕਲ ਪਦਾਰਥ ਹੋਹਿ ਨਿਕੇਤਾ।
ਜਮਨਾ ਮਹਿਂ ਜਲ ਪਾਨ ਕਰਾਵੈ। ਚਢਿ ਤੁਰੰਗ ਨਿਜ ਓਜ ਜਨਾਵੈ॥ ੩੨॥

ਵੱਡੀ ਸੈਨਾ ਸਮੇਤ ਇਹ ਰਾਜਾ ਹੋਵੇਗਾ, ਸਾਰੇ ਪਦਾਰਥ ਇਸ ਦੇ ਘਰ ਹੋਣਗੇ। ਘੋੜਿਆਂ ਨੂੰ ਜਮਨਾ ਵਿਚ ਜਲ ਪਿਆਵੇਗਾ ਤੇ ਘੋੜੇ 'ਤੇ ਚੜ੍ਹ ਕੇ ਆਪਣੀ ਸ਼ਕਤੀ ਵਿਖਾਵੇਗਾ॥੩੨॥

ਬਹੁ ਪੁਸ਼ਤਨਿ ਲੌ ਰਾਜ ਕਮਾਵਹਿ। ਗੁਰ ਸੇਵਕ ਬਨ ਜਗਤ ਸੁਹਾਵਹਿ।
ਨੀਚੇ ਬਾਲਿਕ ਜੋ ਅਬਿ ਖਰੋ। ਇਸ ਕੋ ਬੰਸ ਹੋਹਿ ਜਗ ਖਰੋ॥ ੩੩॥

ਬਹੁਤ ਪੁਸ਼ਤਾਂ ਤਕ ਰਾਜ ਕਰੇਗਾ ਤੇ ਗੁਰੂ ਸੇਵਕ ਬਣ ਜਗਤ ਵਿਚ ਸ਼ੋਭਾ ਪਾਵੇਗਾ। ਹੇਠਲਾ ਬਾਲਕ ਜਿਹੜਾ ਹੁਣ ਖੜਾ ਹੈ, ਇਸ ਦਾ ਵੰਸ਼ ਜਗਤ ਵਿਚ ਚੰਗਾ ਹੋਵੇਗਾ॥੩੩॥

ਰਾਜ ਸਹਿਤ ਚੌਧਰਤਾ ਕਰੇ। ਨਾਮ ਚੌਧਰੀ ਸਭਿ ਮਹਿਂ ਪਰੇ।
ਬਰ ਕੇ ਸਹਿਤ ਗੁਰੂ ਕੇ ਬੈਨ। ਸੁਨਿ ਕਾਲਾ ਪਰਫੁੱਲਜਤਿ ਨੈਨ॥ ੩੪॥

ਰਾਜ ਸਹਿਤ ਚੌਧਰਤਾ ਕਰੇਗਾ ਤੇ ਨਾਮ ਚੌਧਰੀ ਸਾਰਿਆਂ ਵਿਚ ਪੈ ਜਾਵੇਗਾ।" ਵਰ ਵਾਲੇ ਗੁਰੂ ਜੀ ਦੇ ਬਚਨ ਸੁਣ ਕੇ ਕਾਲੇ ਦੇ ਨੈਣ ਖਿੜ ਗਏ॥੩੪॥

ਕਰ ਬੰਦਨ ਅਪਨੇ ਘਰ ਗਯੋ। ਸੰਗ ਭਾਰਜਾ ਬੋਲਤਿ ਭਯੋ।
'ਸ੍ਰੀ ਸਤਿਗੁਰ ਹਰਿਰਾਇ ਕ੍ਰਿਪਾਲਾ। ਆਜ ਬਾਕ ਕਹਿ ਕਰੇ ਨਿਹਾਲਾ॥ ੩੫॥

ਬੰਦਨਾ ਕਰਕੇ ਆਪਣੇ ਘਰ ਨੂੰ ਗਿਆ ਤੇ ਆਪਣੀ ਪਤਨੀ ਨੂੰ ਕਹਿਣ ਲੱਗਾ, "ਕ੍ਰਿਪਾਲੂ ਗੁਰੂ ਹਰਿਰਾਇ ਜੀ ਨੇ, ਅੱਜ ਬਚਨ ਕਹਿ ਕੇ ਨਿਹਾਲ ਕਰ ਦਿੱਤਾ ਹੈ॥੩੫॥

ਜੁਗਮ ਭਤੀਜੇ ਲੇ ਦਿਖਰਾਏ। ਇਨ ਕੁਲ ਹੁਇ ਮਹਿਪਾਲ ਬਤਾਏ।
ਜਮਨਾ ਜਲ ਅਸੁ ਪਾਨ ਕਰਾਏ। ਰਾਜ ਚੌਧ੍ਰਤਾ ਦੀਰਘ ਪਾਏਂ॥ ੩੬॥

ਦੋਵੇਂ ਭਤੀਜੇ ਲੈ ਕੇ ਮੈਂ ਵਿਖਾਏ, "ਇਨ੍ਹਾਂ ਦੀ ਕੁਲ ਵਿਚ ਰਾਜੇ ਮਹਾਰਾਜੇ ਪੈਦਾ ਹੋਣਗੇ" ਇਹ ਦੱਸਿਆ ਹੈ। ਜਮਨਾ ਦਰਿਆ ਦਾ ਇਹ ਆਪਣੇ ਘੋੜਿਆਂ ਨੂੰ ਪਾਣੀ ਪਿਆਇਆ ਕਰਨਗੇ। ਰਾਜ ਚੌਧਰਤਾ ਬਹੁਤ ਵੱਡੀ ਪ੍ਰਾਪਤ ਕਰਨਗੇ"॥੩੬॥

ਸੁਨਤਿ ਕੋਪ ਕਰਿ ਬੋਲੀ ਦਾਰਾ। 'ਏ ਨ੍ਰਿਪ ਹੁਇ ਸੁਨਿ ਤੈਂ ਮੁਦ ਧਾਰਾ।
ਮੋਰ ਪੇਟ ਤੇ ਜਨਮੇ ਜੇਈ। ਪ੍ਰਜਾ ਇਨਹੁਂ ਕੀ ਬਨਿ ਹਹਿਂ ਸੇਈ॥ ੩੭॥

ਇਹ ਸੁਣ ਕੇ ਗੁੱਸਾ ਕਰਕੇ ਉਸ ਦੀ ਇਸਤਰੀ ਬੋਲੀ, "ਇਨ੍ਹਾਂ ਦੇ ਰਾਜੇ ਹੋਣ ਬਾਰੇ ਸੁਣ ਕੇ ਤੂੰ ਪ੍ਰਸੰਨਤਾ ਧਾਰਨ ਕੀਤੀ ਹੈ। ਮੇਰੇ ਪੇਟ ਤੋਂ ਜਿਹੜੇ ਜੰਮੇ ਹਨ, ਉਹ ਇਨ੍ਹਾਂ ਦੀ ਪਰਜਾ ਬਣਨਗੇ॥੩੭॥

ਕਰਿ ਖੇਤੀ ਹਾਲਾ ਸੋ ਭਰੈਂ। ਹੁਕਮ ਇਨਹੁ ਪਰ ਇਹ ਤਬਿ ਕਰੈਂ।
ਬਿਨ ਸਮੁਝੇ ਬਰ ਲੇ ਕਰਿ ਆਯੋ। ਕਹਾਂ ਜਾਨਿ ਏਤੋ ਹਰਖਾਯੋ?'॥ ੩੮॥

ਖੇਤੀ ਕਰਕੇ ਮਾਲੀਆ ਭਰਨਗੇ, ਇਨ੍ਹਾਂ ਉੱਤੇ ਉਹ ਫਿਰ ਹੁਕਮ ਕਰਨਗੇ। ਸਮਝਣ ਤੋਂ ਬਗੈਰ ਹੀ ਵਰ ਲੈ ਕੇ ਆਏ ਹੋ, ਕੀ ਜਾਣ ਕੇ ਤੂੰ ਏਨਾ ਪ੍ਰਸੰਨ ਹੋਇਆ ਹੈਂ?"॥੩੮॥

ਸੁਨਿ ਕਾਲੇ ਦਾਰਾ ਪ੍ਰਤਿ ਕਹਜੋ। 'ਭਾਗ ਇਨਹੁਂ ਕੇ ਗੁਰ ਬਚ ਲਹਜੋ।
ਮਸਲਤ ਕਰਿ ਹਉਂ ਗਯੋ ਨ ਕੋਈ। ਔਚਕ ਬਾਕ ਗੁਰੂ ਕਿਯ ਸੋਈ॥ ੩੯॥

ਇਹ ਸੁਣ ਕੇ ਕਾਲੇ ਨੇ ਆਪਣੀ ਪਤਨੀ ਨੂੰ ਕਿਹਾ, "ਇਨ੍ਹਾਂ ਨੇ ਆਪਣੇ ਭਾਗਾਂ ਕਰਕੇ ਗੁਰੂ ਬਚਨ ਪ੍ਰਾਪਤ ਕੀਤਾ ਹੈ, ਮੈਂ ਕੋਈ ਸਲਾਹ ਕਰਕੇ ਤਾਂ ਗਿਆ ਨਹੀਂ ਸੀ, ਅਚਾਨਕ ਗੁਰੂ ਜੀ ਨੇ ਇਹ ਬਚਨ ਕੀਤੇ ਹਨ॥੩੯॥

ਅਬਿ ਉਪਾਵ ਕਹੁ ਕਿਮ ਬਨਿ ਆਇ। ਤੇਰੇ ਪੁੱਤ੍ਰ ਰਾਜ ਜਿਮ ਪਾਇਂ।
ਸੋ ਬਿਧਿ ਕਰਿਹਿ ਗੁਰੂ ਢਿਗ ਜੈ ਕੈ। ਜਿਸ ਤੇ ਦੈਂ ਬਰ ਉਰ ਹਰਖੈ ਕੈ'॥੪੦॥

ਹੁਣ ਦੱਸ ਕੀ ਉਪਾਅ ਕਰੀਏ ਕਿ ਤੇਰੇ ਪੁੱਤਰ ਵੀ ਜਿਵੇਂ ਰਾਜ ਪ੍ਰਾਪਤ ਕਰ ਲੈਣ। ਉਸ ਤਰ੍ਹਾਂ ਗੁਰੂ ਜੀ ਪਾਸ ਜਾ ਕੇ ਕਰੀਏ, ਜਿਸ ਕਰਕੇ ਉਹ ਪ੍ਰਸੰਨ ਹੋ ਕੇ ਵਰ ਦੇਣ'॥੪੦॥

ਸੁਨਿ ਤ੍ਰਿਯ ਕਹ੍ਯੋ 'ਜਥਾ ਇਹ ਗਏ। ਜਿਸ ਕ੍ਰਿਤ ਕੋ ਕਰਿ ਬਰ ਕੋ ਲਏ।
ਤਿਸ ਬਿਧਿ ਨਿਜ ਸੁਤ ਤੇ ਕਰਿਵਾਵਹੁ। ਮਨਭਾਵਤਿ ਗੁਰ ਤੇ ਬਰ ਪਾਵਹੁ'॥੪੧॥

ਇਹ ਸੁਣ ਕੇ ਇਸਤਰੀ ਨੇ ਕਿਹਾ, "ਜਿਵੇਂ ਇਹ ਗਏ, ਜਿਹੜਾ ਕਾਰਜ ਕਰਕੇ ਇਨ੍ਹਾਂ ਨੇ ਵਰ ਪ੍ਰਾਪਤ ਕੀਤੇ, ਉਸ ਤਰ੍ਹਾਂ ਹੀ ਆਪਣੇ ਪੁੱਤਾਂ ਤੋਂ ਕਰਵਾਕੇ ਤੇ ਮਨ ਭਾਉਂਦਾ ਗੁਰੂ ਜੀ ਤੋਂ ਵਰ ਪ੍ਰਾਪਤ ਕਰੋ"॥੪੧॥

ਕਹੇ ਭਾਰਜਾ ਕੇ ਲੈ ਨੰਦਨ। ਗਯੋ ਗੁਰੂ ਢਿਗ ਕੀਨਸਿ ਬੰਦਨ।
ਸਿੱਖਜਾ ਦੇਤਿ ਉਦਰ ਬਜਵਾਏ। ਖਰੇ ਸਮੁਖ ਕਰਿ ਗੁਰਹਿਂ ਦਿਖਾਏ॥ ੪੨॥

ਆਪਣੀ ਪਤਨੀ ਦੇ ਕਹਿਣ 'ਤੇ ਕਾਲਾ ਆਪਣੇ ਪੁੱਤਰਾਂ ਨੂੰ ਨਾਲ ਲੈ ਕੇ ਗੁਰੂ ਜੀ ਪਾਸ ਗਿਆ ਤੇ ਬੰਦਨਾ ਕੀਤੀ। ਉਨ੍ਹਾਂ ਨੂੰ ਸਿਖਿਆ ਦਿੱਤੀ ਕਿ ਪੇਟ ਵਜਾਉਣ ਤੇ ਗੁਰੂ ਜੀ ਦੇ ਸਾਹਮਣੇ ਖੜੇ ਕਰਕੇ ਗੁਰੂ ਜੀ ਨੂੰ ਵਿਖਾਏ॥੪੨॥

ਸ੍ਰੀ ਹਰਿਰਾਇ ਹੇਰਿ ਮੁਸਕਾਇ। ਤਿਨ ਆਸ਼ੈ ਲਖਿ ਬਾਕ ਅਲਾਇ।
'ਭੋ ਕਾਲੇ ! ਇਹ ਬਾਲਿਕ ਔਰ। ਕਜਾ ਅਬਿ ਕਰਤਿ ਖਰੇ ਇਸ ਠੌਰ ?'॥੪੩॥

ਸ੍ਰੀ ਗੁਰੂ ਹਰਿਰਾਇ ਜੀ ਵੇਖ ਕੇ ਮੁਸਕਰਾਏ। ਉਨ੍ਹਾਂ ਨੇ ਆਸ਼ਾ ਸਮਝ ਕੇ ਬਚਨ ਕੀਤਾ, "ਹੇ ਕਾਲੇ ! ਇਹ ਹੋਰ ਬਾਲਕ ਏਥੇ ਖੜੇ ਕੀ ਕਰਦੇ ਹਨ ?"॥੪੩॥

ਬਿਨਤੀ ਬੋਲ੍ਯੋ ਜੋਰਤਿ ਕਰ ਕੋ। 'ਇਨ ਕੀ ਮਾਤ ਸੁਨ੍ਯੋ ਤੁਮ ਬਰ ਕੋ।
ਭਏ ਭਤੀਜਨਿ ਕੁਲ ਮਹਿਪਾਲਾ। ਮਮ ਸੁਤ ਭਰਹਿਂ ਤਿਨਹੁਂ ਕੋ ਹਾਲਾ॥੪੪॥

ਕਾਲੇ ਨੇ ਹੱਥ ਜੋੜ ਕੇ ਬੇਨਤੀ ਕੀਤੀ, "ਇਨ੍ਹਾਂ ਦੀ ਮਾਂ ਨੇ ਤੁਹਾਡਾ ਦਿੱਤਾ ਵਰ ਸੁਣਿਆ ਹੈ। ਕਹਿੰਦੀ ਹੈ ਭਤੀਜਿਆਂ ਦੀ ਕੁਲ ਰਾਜੇ ਹੋਣਗੇ ਤੇ ਮੇਰੇ ਪੁੱਤ ਉਨ੍ਹਾਂ ਦਾ ਹਾਲਾ ਭਰਿਆ ਕਰਨਗੇ॥੪੪॥

ਹੋਇ ਪ੍ਰਜਾ ਇਮ ਬਸਹਿਂ ਦੁਖਾਰੇ। ਹੁਕਮ ਸ਼ਰੀਕਨਿ ਸਦਾ ਸਹਾਰੇਂ।
ਦੰਡ ਕੈਦ ਆਦਿਕ ਜੇ ਹੋਇ। ਇਨ ਪਰ ਬਲ ਤੇ ਕਰਿ ਹੈਂ ਸੋਇ॥ ੪੫॥

ਇਹ ਪਰਜਾ ਹੋ ਕੇ ਇਸ ਤਰ੍ਹਾਂ ਦੁਖੀ ਵੱਸਣਗੇ ਤੇ ਸਦਾ ਸ਼ਰੀਕਾਂ ਦਾ ਹੁਕਮ ਸਹਾਰਨਗੇ। ਜੁਰਮਾਨਾ, ਕੈਦ ਆਦਿ ਜੋ ਹੋਵੇ ਇਨ੍ਹਾਂ ਉੱਤੇ ਸ਼ਕਤੀ ਨਾਲ ਉਹ ਲਾਗੂ ਕਰਨਗੇ॥੪੫॥

ਸੁਨਤਿ ਰਿਦੇ ਮੈਂ ਨੀਕ ਬਿਚਾਰੀ। ਲੇ ਕਰਿ ਪਹੁਂਚ੍ਯੋ ਆਪ ਅਗਾਰੀ'।
ਸ੍ਰੀ ਹਰਿਰਾਇ ਕਹ੍ਯੋ ਤਬਿ ਐਸੇ। 'ਸੋ ਮਹਿਪਾਲ ਬਨ੍ਯੋ ਬਰ ਜੈਸੇ॥ ੪੬॥

ਇਹ ਸੁਣਕੇ ਮੈਂ ਹਿਰਦੇ ਵਿਚ ਚੰਗੀ ਤਰ੍ਹਾਂ ਵਿਚਾਰ ਕੀਤੀ ਹੈ ਤੇ ਇਨ੍ਹਾਂ ਬੱਚਿਆਂ ਨੂੰ ਲੈ ਕੇ ਆਪ ਜੀ ਪਾਸ ਪਹੁੰਚਿਆ ਹਾਂ।" ਸ੍ਰੀ ਹਰਿਰਾਇ ਜੀ ਨੇ ਤਦ ਇਸ ਤਰ੍ਹਾਂ ਕਿਹਾ, "ਉਹ ਤਾਂ ਜਿਵੇਂ ਵਰ ਹੋਇਆ ਹੈ ਰਾਜੇ ਬਣਨਗੇ॥੪੬॥

ਇਹ ਭੀ ਅਪਨੀ ਬਾਹੀ ਕਰੈਂ। ਖਾਇ ਆਪ ਨਹਿੰ ਹਾਲਾ ਭਰੈਂ।
ਜੇ ਇਨ ਕੋ ਦੁਖ ਦੈ ਹੈਂ ਸੋਇ। ਬਿਘਨ ਦੁਖਦ ਤਬਿ ਪ੍ਰਾਪਤਿ ਹੋਇ' ॥੪੭॥

ਇਹ ਵੀ ਆਪਣੀ ਖੇਤੀ ਕਰਨਗੇ ਤੇ ਆਪ ਹੀ ਖਾਣਗੇ ਤੇ ਹਾਲਾ ਨਹੀਂ ਭਰਨਗੇ। ਜੇ ਉਹ ਇਨ੍ਹਾਂ ਨੂੰ ਦੁਖ ਦੇਣਗੇ ਤਾਂ ਉਨ੍ਹਾਂ ਦੇ ਕੰਮ ਕਾਜ ਵਿਚ ਵਿਘਨ ਪਵੇਗਾ ਤੇ ਉਹ ਦੁੱਖ ਪ੍ਰਾਪਤ ਕਰਨਗੇ" ॥੪੭॥

ਸੁਨਿ ਬਰ ਕੋ ਲੇ ਕਾਲਾ ਗਯੋ। ਨਿਜ ਦਾਰਾ ਸੰਗ ਭਾਖਤਿ ਭਯੋ।
'ਇਸ ਪ੍ਰਕਾਰ ਸਤਿਗੁਰ ਬਰ ਦੀਨਿ। ਤਊ ਪ੍ਰਥਮ ਤੇ ਸੁਭ ਹੀ ਚੀਨ' ॥੪੮॥

ਇਹ ਵਰ ਸੁਣ ਕੇ ਕਾਲਾ ਉਨ੍ਹਾਂ ਨੂੰ ਲੈ ਕੇ ਚਲਾ ਗਿਆ ਤੇ ਆਪਣੀ ਪਤਨੀ ਨੂੰ ਕਹਿਣ ਲੱਗਾ, "ਇਸ ਪ੍ਰਕਾਰ ਸਤਿਗੁਰੂ ਜੀ ਨੇ ਵਰ ਦਿੱਤਾ ਹੈ, ਫਿਰ ਵੀ ਪਹਿਲਾਂ ਨਾਲੋਂ ਸੁਭ ਹੀ ਸਮਝੋ" ॥੪੮॥

ਇਮ ਬਰ ਦੀਨਿ ਗੁਰੂ ਹਰਿਰਾਇ। ਨਿਜ ਸੇਵਕ ਕੀਨੇ ਨਰ ਰਾਇ।
ਸੇਵਾ ਅਧਿਕ ਸੁ ਰਾਹਕ ਕਰੈ। ਤਨ ਮਨ ਕਰਿ ਸਤਿਗੁਰ ਅਨੁਸਰੈ॥ ੪੯॥

ਇਸ ਤਰ੍ਹਾਂ ਗੁਰੂ ਜੀ ਨੇ ਵਰ ਦਿੱਤੇ ਤੇ ਆਪਣੇ ਸੇਵਕਾਂ ਨੂੰ ਰਾਜੇ ਬਣਾ ਦਿੱਤਾ। ਕਿਸਾਨ ਬਹੁਤ ਸੇਵਾ ਕਰਦੇ ਸਨ, ਤਨ ਮਨ ਕਰਕੇ ਸਤਿਗੁਰੂ ਅਨੁਸਾਰ ਰਹਿੰਦੇ ਸਨ॥੪੯॥

ਤਿਨ ਕੀ ਕੁਲ ਪਟਿਆਲੇ ਵਾਲੇ। ਕਰਤਿ ਰਾਜ ਕੋ ਦੇਸ਼ ਬਿਸਾਲੇ।
ਦੂਸਰ ਨਾਭੇ ਪੁਰਿ ਸੁਖ ਧਰੈਂ। ਰਾਜ ਸਹਤ ਚੌਧਰਤਾ ਕਰੈਂ॥ ੫੦॥

ਉਨ੍ਹਾਂ ਦੀ ਕੁਲ ਪਟਿਆਲੇ ਵਾਲੀ ਹੈ, ਵਿਸ਼ਾਲ ਦੇਸ਼ 'ਤੇ ਰਾਜ ਕਰਦੇ ਹਨ। ਦੂਸਰੇ ਨਾਭੇ ਨਗਰ ਵਿਚ ਸੁੱਖ ਧਾਰਨ ਕਰਦੇ ਹਨ, ਰਾਜ ਸਹਿਤ ਚੌਧਰਤਾ ਕਰਦੇ ਹਨ॥੫੦॥

ਕਾਲੇ ਸੁਤਨਿ ਬੰਸ ਜੋ ਅਹੈ। ਅਬਿ ਲੌ ਤਿਸੀ ਦੇਸ਼ ਮਹਿੰ ਰਹੈ।
ਆਪੇ ਬੀਜ ਆਪ ਹੀ ਖਾਵੈਂ। ਹਾਲਾ ਲੇਨਿ ਨਹੀਂ ਕੋ ਜਾਵੈ॥ ੫੧॥

ਕਾਲੇ ਦੇ ਪੁੱਤਰਾਂ ਦੀ ਜੋ ਵੰਸ਼ ਹੈ, ਹੁਣ ਤਕ ਉਸੇ ਦੇਸ਼ ਵਿਚ ਰਹਿੰਦੇ ਹਨ। ਆਪ ਬੀਜਦੇ ਆਪੇ ਹੀ ਖਾਂਦੇ ਹਨ, ਹਾਲਾ ਲੈਣ ਕੋਈ ਨਹੀਂ ਜਾਂਦਾ॥੫੧॥

ਸ੍ਰੀ ਸਤਿਗੁਰ ਕੇ ਬਰ ਅਬਿਨਾਸ਼ੀ। ਅਬਿ ਲੌ ਰਾਜੇ ਹੈਂ ਧਨ ਰਾਸ਼ੀ।
ਬਿਦਤ ਜਗਤ ਮਹਿੰ ਦੋਨਹੁਂ ਘਰ ਹੈਂ। ਦੀਰਘ ਦੇਸ਼ ਹੁਕਮ ਕੋ ਕਰਿ ਹੈਂ॥੫੨॥

ਸ੍ਰੀ ਸਤਿਗੁਰੂ ਜੀ ਦੇ ਵਰ ਅਟੱਲ ਹਨ, ਹੁਣ ਤਕ ਰਾਜੇ ਹਨ ਤੇ ਬਹੁਤ ਧਨ ਪਾਸ ਹੈ। ਜਗਤ ਵਿਚ ਦੋਵੇਂ ਘਰ ਮਸ਼ਹੂਰ ਹਨ। ਵੱਡੇ ਦੇਸ਼ 'ਤੇ ਉਨ੍ਹਾਂ ਦਾ ਹੁਕਮ ਚਲਦਾ ਹੈ॥੫੨॥

ਇਮ ਸਤਿਗੁਰ ਕਛੁ ਦਿਵਸ ਬਿਤਾਏ। ਜੰਗਲ ਦੇਸ਼ ਬਿਖੇ ਸੁਖ ਪਾਏ।
ਨਿਜ ਦਾਸਨਿ ਕੋ ਕਰਤਿ ਨਿਹਾਲ। ਜੁਗ ਲੋਕਨਿ ਦੇ ਅਨੰਦ ਬਿਸਾਲ॥੫੩॥

ਇਸ ਤਰ੍ਹਾਂ ਸਤਿਗੁਰੂ ਜੀ ਨੇ ਉਥੇ ਕੁਝ ਦਿਨ ਬਤੀਤ ਕੀਤੇ ਤੇ ਮਾਲਵੇ ਦੇਸ਼ ਵਿਚ ਸੁਖ ਪਾਇਆ। ਆਪਣੇ ਦਾਸਾਂ ਨੂੰ ਨਿਹਾਲ ਕਰਦੇ ਹਨ ਤੇ ਦੋਵਾਂ ਲੋਕਾਂ ਵਿਚ ਵਿਸ਼ਾਲ ਆਨੰਦ ਦਿੰਦੇ ਹਨ॥੫੩॥

*ਦਸਵੀਂ ਰਾਸ ਦਾ ਨੌਵਾਂ ਅਧਿਆਇ ਸਮਾਪਤ ਹੋਇਆ॥੯॥*

# ਅਧਿਆਇ ਦਸਵਾਂ

*ਗੋਰਾ ਜਨਮ, ਭਗਤੂ ਦੀ ਨਵੀਂ ਵਿਆਹੁਤਾ ਦਾ ਹਾਲ, ਜੱਸੇ ਦੀ ਬੋਲੀ*

ਦੋਹਰਾ- ਅਪਰ ਕਥਾ ਸੁਨਿ ਗੁਰਨਿ ਕੀ ਜੰਗਲ ਦੇਸ਼ ਮਝਾਰ।
ਭਗਤੂ ਕੇ ਸੁਤ ਦੋ ਭਏ ਏਕ ਬੀਰ ਬਲ ਧਾਰਿ॥ ੧॥

ਮਾਲਵੇ ਦੇਸ਼ ਵਿਚ ਰਹਿੰਦਿਆਂ ਗੁਰੂ ਜੀ ਦੀ ਹੋਰ ਕਥਾ ਸੁਣੋ। ਭਾਈ ਭਗਤੂ ਦੇ ਦੋ ਪੁੱਤਰ ਹੋਏ ਹਨ, ਉਨ੍ਹਾਂ ਵਿਚੋਂ ਇਕ ਵੱਡਾ ਬਲੀ ਸੂਰਬੀਰ ਸੀ॥੧॥

ਚੌਪਈ- ਜੇਸ਼ਟ ਪੁੱਤ੍ਰ ਗਰਭ ਜਬਿ ਆਯੋ। ਨੌ ਮਾਸਨਿ ਕੋ ਬਾਸ ਬਿਤਾਯੋ।
ਸਮੈ ਪ੍ਰਸੂਤ ਹੋਨਿ ਕੋ ਭਯੋ। ਟਿਕਯੋ ਗਰਭ ਮਹਿਂ ਜਨਮ ਨ ਲਿਯੋ॥੨॥

ਜੇਠਾ ਪੁੱਤਰ ਜਦ ਗਰਭ ਵਿਚ ਆਇਆ ਤੇ ਨੌਂ ਮਹੀਨਿਆਂ ਦਾ ਉਸ ਸਮਾਂ ਪੂਰਾ ਕੀਤਾ ਪ੍ਰਸੂਤ ਦਾ ਸਮਾਂ ਆਇਆ ਤਾਂ ਗਰਭ ਵਿਚ ਟਿੱਕ ਗਿਆ ਤੇ ਜਨਮ ਨਹੀਂ ਸੀ ਧਾਰਨ ਕਰਦਾ॥੨॥

ਜਨਨੀ ਕੋ ਸੰਕਟ ਬਡ ਹੋਵਾ। ਕਰੇ ਉਪਾਇ ਨ ਕਯੋਂਹੂੰ ਖੋਵਾ।
ਤਬਿ ਸਗਰੇ ਸਿਖ ਮਿਲਿ ਸਮੁਦਾਏ। ਪਹੁਚੇ ਥਿਰ ਭਗਤੂ ਜਿਸ ਥਾਏਂ॥੩॥

ਮਾਤਾ ਨੇ ਬਹੁਤ ਦੁਖ ਪਾਇਆ, ਬਹੁਤ ਉਪਾਅ ਕੀਤੇ ਪਰ ਦੁਖ ਦੂਰ ਨਾ ਹੋਇਆ। ਤਦ ਸਾਰੇ ਸਿੱਖ ਮਿਲ ਕੇ ਇਕੱਠੇ ਹੋਏ ਤੇ ਉਥੇ ਪਹੁੰਚੇ ਜਿਥੇ ਭਾਈ ਭਗਤੂ ਬਿਰਾਜਮਾਨ ਸੀ॥੩॥

'ਕਰਾਮਾਤ ਕਾਮਲ ਤੁਮ ਅਹੋ। ਘਰ ਸੰਕਟ ਕੋ ਕਯੋਂ ਨਹਿਂ ਲਹੋ।
ਸਿੱਖ ਸੈਂਕਰੇ ਤੁਮ ਤੇ ਜਾਚਿ। ਚਾਹਤਿ ਹੈਂ ਦੁਖ ਤੇ ਨਿਤ ਬਾਚਿ'॥ ੪॥

ਸਿੱਖ ਕਹਿਣ ਲੱਗੇ, "ਤੁਹਾਡੇ ਵਿਚ ਕਾਮਲ ਕਰਾਮਾਤ ਹੈ, ਘਰ ਵਿਚਲੇ ਸੰਕਟ ਨੂੰ ਕਿਉਂ ਨਹੀਂ ਵੇਖਦੇ ਹੋ ? ਸੈਂਕੜੇ ਸਿੱਖ ਤੁਹਾਡੇ ਪਾਸੋਂ ਮੰਗਦੇ ਹਨ, ਸਦਾ ਉਹ ਦੁੱਖ ਤੋਂ ਬਚਣਾ ਚਾਹੁੰਦੇ ਹਨ"॥੪॥

ਸੁਨਿ ਭਾਈ ਸਭਿ ਭੇਤ ਬਤਾਯੋ। 'ਅੰਤਰ ਅਰਯੋ ਕਸ਼ਟ ਉਪਜਾਯੋ।
ਦੁਹੁਂ ਲੋਕਨਿ ਕੋ ਰਾਜ ਅਨੰਦ। ਜਾਚਤਿ ਸਾਹਸ ਧਰਯੋ ਬਿਲੰਦ॥੫॥

ਇਹ ਸੁਣ ਕੇ ਭਾਈ ਨੇ ਸਾਰਾ ਭੇਦ ਦਸਿਆ, "ਪੁੱਤਰ ਅੰਦਰ ਅੜ ਪਿਆ ਹੈ ਤੇ ਬਹੁਤ ਦੁੱਖ ਦਿੱਤਾ ਹੈ। ਦੋਵਾਂ ਲੋਕਾਂ ਦਾ ਰਾਜ ਮੰਗਦਾ ਹੈ ਤੇ ਬੜਾ ਹਠ ਧਾਰਨ ਕੀਤਾ ਹੋਇਆ ਹੈ॥੫॥

ਏਕ ਲੋਕ ਕੋ ਹਮ ਤਿਸ ਦੇਤਿ। ਭੋਗਹੁ ਰਾਜ ਅਨੰਦ ਨਿਕੇਤ।
ਸਮੁਝਾਯੋ ਸਮੁਝਤਿ ਸੋ ਨਾਂਹੀ। ਨਹਿਂ ਨਿਕਸਤਿ ਥਿਰ ਭਾ ਗ੍ਰਭ ਮਾਂਹੀ'॥੬॥

ਇਕ ਲੋਕ ਦਾ ਅਸੀਂ ਉਸ ਨੂੰ ਰਾਜ ਦਿੰਦੇ ਹਾਂ, ਆਪਣੇ ਘਰ ਵਿਚ ਅਨੰਦ ਸਹਿਤ ਰਾਜ ਭੋਗੇ। ਸਮਝਾਉਣ ਨਾਲ ਵੀ ਸਮਝਦਾ ਨਹੀਂ, ਬਾਹਰ ਨਹੀਂ ਆਉਂਦਾ, ਗਰਭ ਵਿਚ ਹੀ ਸਥਿਰ ਹੋ ਗਿਆ ਹੈ"॥੬॥

ਸੁਨਤਿ ਸਿੱਖ ਮਨ ਮਹਿਂ ਬਿਸਮਾਏ। ਦੁਖ ਹਤਿਬੇ ਹਿਤ ਬਹੁਤ ਅਲਾਏ।
'ਅੰਤਰ ਬਾਲਕ ਹਠ ਕਰਿ ਰਹਯੋ। ਤਊ ਤੁਮਾਰੇ ਘਰ ਦੁਖ ਲਹਯੋ॥੭॥

ਇਹ ਸੁਣ ਕੇ ਸਿੱਖ ਮਨ ਵਿਚ ਬਹੁਤ ਹੈਰਾਨ ਹੋਏ ਤੇ ਦੁੱਖ ਹਟਾਉਣ ਵਾਸਤੇ ਬਹੁਤ ਜ਼ੋਰ ਦੇ ਕੇ ਬੋਲੇ, "ਅੰਦਰ ਬਾਲਕ ਹੱਠ ਕਰ ਰਿਹਾ ਹੈ ਤੇ ਆਪਦੀ ਇਸਤਰੀ ਨੂੰ ਦੁੱਖ ਪ੍ਰਾਪਤ ਹੋ ਰਿਹਾ ਹੈ॥੭॥

ਤਿਸਹਿ ਨਿਵਾਰਨ ਰਿਦੈ ਬਿਚਾਰੋ। ਕਹਾਂ ਪੁੱਤ੍ਰ ਪਰ ਦ੍ਰਿਸ਼ਟੀ ਧਾਰੋ।
ਤੀਨ ਦਿਵਸ ਬੀਤੇ ਇਕਸਾਰ। ਹਾਇ ਹਾਇ ਬਹੁ ਕਰਤਿ ਉਚਾਰ॥ ੮॥

ਦੁੱਖ ਨੂੰ ਦੂਰ ਕਰਨ ਬਾਰੇ ਹਿਰਦੇ ਵਿਚ ਵਿਚਾਰ ਕਰੋ, ਆਪਣੇ ਪੁੱਤਰ ਉੱਤੇ ਦ੍ਰਿਸ਼ਟੀ ਧਾਰਨ ਕਰੋ। ਤਿੰਨ ਦਿਨ ਇਕਸਾਰ ਬੀਤੇ ਹਨ ਤੇ ਤੁਹਾਡੀ ਇਸਤਰੀ ਹਾਏ ਹਾਏ ਦਾ ਬਹੁਤ ਉਚਾਰਨ ਕਰ ਰਹੀ ਹੈ॥੮॥

ਜੇ ਪਰੌਸ ਹੈਂ ਸੁਨਜੋ ਨ ਜਾਈ। ਨਤੁ ਮਰਿ ਰਹੈਂ ਕਸ਼ਟ ਕੋ ਪਾਈ।
ਹਮ ਸਿਖ ਸਗਰੇ ਕਰਹਿਂ ਅਰਾਧਾ। ਹੋਇ ਕ੍ਰਿਪਾਲੁ ਹਤਹੁ ਘਰ ਬਾਧਾ॥ ੯॥

ਜਿਹੜੇ ਗਵਾਂਢ ਵਿਚ ਰਹਿੰਦੇ ਹਨ, ਉਨ੍ਹਾਂ ਪਾਸੋਂ ਸੁਣਿਆ ਨਹੀ ਜਾਂਦਾ, ਨਹੀਂ ਤਾਂ ਦੁੱਖ ਪਾ ਕੇ ਮਰ ਜਾਵੇਗੀ। ਅਸੀਂ ਸਾਰੇ ਸਿੱਖ ਬੇਨਤੀ ਕਰਦੇ ਹਾਂ, ਕ੍ਰਿਪਾਲੂ ਹੋ ਕੇ ਘਰ ਦੇ ਦੁੱਖ ਨੂੰ ਦੂਰ ਕਰੋ॥੯॥

ਜਾਵਤ ਬਾਲਿਕ ਜਨਮਹਿ ਨਾਂਹੀ। ਤਾਵਤ ਹਮ ਬੈਠਹਿਂ ਤੁਮ ਪਾਹੀ।
ਉਤ ਬਾਲਿਕ ਨੇ ਜਿਮ ਹਠ ਧਾਰਾ। ਤਿਮ ਹਮ ਕੋ ਜਾਨਹੁ ਨਿਰਧਾਰਾ' ॥੧੦॥

ਜਦ ਤਕ ਇਹ ਬਾਲਕ ਜਨਮ ਨਹੀਂ ਲੈਂਦਾ, ਤਦ ਤਕ ਅਸੀਂ ਤੇਰੇ ਪਾਸ ਬੈਠਾਂਗੇ। ਓਧਰ ਬਾਲਕ ਜਿਵੇਂ ਹੱਠ ਧਾਰਨ ਕੀਤਾ ਹੈ, ਉਸ ਤਰ੍ਹਾਂ ਹੀ ਸਾਡੇ ਹੱਠ ਨੂੰ ਜਾਣ ਕੇ ਨਿਰਧਾਰਨ ਕਰੋ" ॥੧੦॥

ਸੁਨਿ ਭਗਤੂ ਤਬਿ ਕੀਨਿ ਬਖਾਨ। 'ਜੇ ਕਰਿ ਸਭਿ ਕੋ ਮਤ ਇਮ ਜਾਨ।
ਦੀਨੋ ਰਾਜ ਲੋਕ ਜੁਗ ਕੇਰਾ। ਲੇਹੁ ਜਨਮ ਕੋ ਜਗ ਇਸ ਬੇਰਾ' ॥ ੧੧॥

ਇਹ ਸੁਣ ਕੇ ਫਿਰ ਭਗਤੂ ਨੇ ਕਿਹਾ, "ਜੇ ਸਾਰਿਆਂ ਨੇ ਮਨ ਵਿਚ ਇਸ ਤਰ੍ਹਾਂ ਜਾਣਿਆ ਹੈ ਤਾਂ ਮੈਂ ਦੋਹਾਂ ਲੋਕਾਂ ਦਾ ਰਾਜ ਦਿੱਤਾ ਤੇ ਜੱਗ ਵਿਚ ਇਸ ਵਾਰ ਜਨਮ ਲੈ ਲਵੇ" ॥੧੧॥

ਕਰਜੋ ਬਚਨ ਤਬਿ ਜਨਮ ਲਿਯੋ ਹੈ। ਗੋਰਾ ਨਾਮ ਸੁ ਤਾਂਹਿ ਭਯੋ ਹੈ।
ਦੂਸਰ ਸੁਤ ਜੀਵਨ ਤਿਸ ਨਾਇ। ਕਰਾਮਾਤ ਕੇ ਸਹਤਿ ਸੁਹਾਇ॥ ੧੨॥

ਭਾਈ ਜੀ ਨੇ ਜਦ ਇਹ ਬਚਨ ਕੀਤਾ ਤਾਂ ਪੁੱਤਰ ਨੇ ਉਸੇ ਸਮੇਂ ਜਨਮ ਲੈ ਲਿਆ, 'ਗੋਰਾ' ਨਾਮ ਉਸ ਦਾ ਏਸੇ ਕਰਕੇ ਪਿਆ ਹੈ। ਦੂਸਰੇ ਪੁੱਤਰ ਦਾ ਨਾਮ 'ਜੀਵਨ' ਹੈ, ਉਹ ਵੀ ਕਰਾਮਾਤ ਸਹਿਤ ਸ਼ੋਭਦਾ ਹੈ॥੧੨॥

ਬਡੇ ਪੁੱਤ੍ਰ ਨੇ ਰਾਜ ਕਮਾਯੋ। ਨਗਰ ਬਠਿੰਡੇ ਆਦਿਕ ਪਾਯੋ।
ਸੈਨਾ ਸੰਗ ਚਢੈ ਸਮੁਦਾਯਾ। ਸਭਿ ਮਹਿਂ ਅਪਨੋ ਤੇਜ ਬਧਾਯਾ॥ ੧੩॥

ਵੱਡੇ ਪੁੱਤਰ ਨੇ ਰਾਜ ਕਮਾਇਆ ਤੇ ਬਠਿੰਡਾ ਆਦਿ ਨਗਰ ਪਾਏ। ਸਾਰੀ ਸੈਨਾ ਸਾਥ ਚੜ੍ਹਾਈ ਕਰਦਾ ਸੀ ਤੇ ਸਾਰਿਆਂ ਵਿਚ ਆਪਣਾ ਤੇਜ ਵਧਾਇਆ ਸੀ॥੧੩॥

ਸੋ ਮਿਲਿਬੇ ਹਿਤ ਕੋ ਚਲਿ ਆਯੋ। ਜਹਿਂ ਸਤਿਗੁਰ ਦੀਵਾਨ ਲਗਾਯੋ।
ਜਬਿ ਇਨ ਸੁਨਜੋ ਹੁਤੋ ਪਿਤ ਕਾਲ। ਕਰਿ ਕੈ ਬਜਾਹ ਬਾਕ ਕੇ ਨਾਲ॥੧੪॥

ਭਾਈ ਗੋਰਾ ਗੁਰੂ ਜੀ ਨੂੰ ਮਿਲਣ ਵਾਸਤੇ ਆਇਆ, ਜਿਥੇ ਸਤਿਗੁਰੂ ਜੀ ਨੇ ਦੀਵਾਨ ਲਾਇਆ ਸੀ। ਜਦ ਉਸ ਸੁਣਿਆ ਕਿ ਪਿਤਾ ਜੀ ਆਪਣੇ ਬਚਨ ਨਾਲ ਵਿਆਹ ਕਰਕੇ ਸਵਰਗਵਾਸ ਹੋ ਗਏ ਹਨ॥੧੩॥

ਸੋ ਰਾਹਕ ਕੀ ਕੰਨਜਾਂ ਸੁਨਿ ਕੈ। ਲੱਜਤਿ ਹੋਤਿ ਰਿਦੇ ਬਹੁ ਗੁਨਿ ਕੈ।
ਗਈ ਸਦਨ ਮਹਿਂ ਦਿਯੋ ਬਤਾਇ। 'ਬ੍ਰਿੱਧ ਪੁਰਖ ਇਕ ਮਾਰਗ ਜਾਇ ॥੧੫॥

ਉਸ ਕਿਸਾਨ ਦੀ ਕੰਨਿਆ ਇਹ ਸੁਣ ਕੇ ਅਤੇ ਵਿਚਾਰ ਕਰਕੇ ਬਹੁਤ ਸ਼ਰਮਸਾਰ ਹੁੰਦੀ ਸੀ। ਉਸ ਨੇ ਆਪਣੇ ਘਰ ਵਿਚ ਜਾ ਕੇ ਸਭ ਕੁਝ ਦੱਸ ਦਿੱਤਾ, ''ਇਕ ਬਿਰਧ ਮਨੁੱਖ ਰਾਹੇ ਰਾਹ ਜਾ ਰਿਹਾ ਸੀ॥੧੫॥

ਸੋ ਮੁਝ ਸੰਗ ਬਜਾਹ ਕਰਿ ਗਯੋ। ਤਬਿ ਤੇ ਮੇਰੋ ਮਨ ਥਿਤ ਭਯੋ।
ਅਪਰ ਸੰਗ ਮੁਹਿ ਨਹਿਂ ਪਰਨਾਵਹੁ। ਜਿਹ ਥਲ ਹੋਹਿ ਤਹਾਂ ਪਹੁੰਚਾਵਹੁ' ॥੧੬॥

ਉਹ ਮੇਰੇ ਨਾਲ ਵਿਆਹ ਕਰਕੇ ਚਲਾ ਗਿਆ, ਤਦ ਤੋਂ ਮੇਰੇ ਮਨ ਨੂੰ ਇਕਾਗਰਤਾ ਪ੍ਰਾਪਤ ਹੋਈ ਹੈ। ਹੁਣ ਮੈਨੂੰ ਹੋਰ ਕਿਸੇ ਨਾਲ ਨਾ ਵਿਆਹੋ, ਜਿਸ ਥਾਂ ਉਹ ਹੋਵੇ ਉਥੇ ਹੀ ਪਹੁੰਚਾਵੋ' ॥੧੬॥

ਸੁਨਿ ਤਿਸ ਕੇ ਪਿਤ ਖੋਜਨ ਕੀਨਿ। 'ਜੋ ਕਰਿ ਗਯੋ ਬਤਾਵਹੁ ਚੀਨ'।
ਇਕ ਨਰ ਹੇਰਤਿ ਤਾਂਹਿ ਬਤਾਯੋ। 'ਭਾਈ ਭਗਤੂ ਇਤ ਮਗ ਆਯੋ ॥੧੭॥

ਇਹ ਸੁਣ ਕੇ ਉਸ ਦੇ ਪਿਤਾ ਜੀ ਨੇ ਖੋਜ ਕੀਤੀ, ''ਕੌਣ ਵਿਆਹ ਕਰਕੇ ਚਲੇ ਗਿਆ ਹੈ, ਇਹ ਵੇਖ ਕੇ ਦੱਸੋ।'' ਇਕ ਮਨੁੱਖ ਵੇਖ ਰਿਹਾ ਸੀ ਉਸ ਨੇ ਦੱਸਿਆ, ''ਭਾਈ ਭਗਤੂ ਇਸ ਰਾਹ ਗਿਆ ਹੈ॥੧੭॥

ਨਿਸ਼ਚੈ ਕਰਯੋ ਬਚਨ ਕੇ ਬਜਾਹ। ਕਰਾਮਾਤ ਜੁਤਿ ਬਹੁ ਸਿਖ ਜਾਂਹਿ'।
ਸੁਨਿਕੈ ਕੇਤਿਕ ਮਾਸ ਬਿਤਾਏ। ਰਹਯੋ ਪ੍ਰਤੀਖਤਿ ਬਹੁਰ ਨ ਆਏ॥ ੧੮॥

ਉਸ ਨੇ ਨਿਸ਼ਚੇ ਹੀ ਬਚਨ ਕਰਕੇ ਵਿਆਹ ਕੀਤਾ ਹੈ, ਜਿਹੜਾ ਕਰਾਮਾਤ ਸਹਿਤ ਹੈ ਤੇ ਬਹੁਤ ਲੋਕ ਉਸ ਦੇ ਸਿੱਖ ਹਨ।'' ਇਹ ਸੁਣਕੇ ਕਈ ਮਹੀਨੇ ਬਤੀਤ ਕੀਤੇ, ਇੰਤਜ਼ਾਰ ਕਰਦੇ ਰਹੇ, ਪਰ ਭਗਤੂ ਵਾਪਸ ਨਾ ਆਇਆ॥੧੮॥

ਸੁਤਾ ਨ ਬਜਾਹ ਅਪਰ ਸੋਂ ਚਾਹਾ। ਤਿਮ ਹੀ ਰਹੀ ਸੁ ਹਠ ਉਰ ਮਾਂਹਾ।
ਬਹੁਰ ਸੁਨਯੋ 'ਭਗਤੂ ਮ੍ਰਿਤੁ ਭਯੋ'। ਬਿਧਵਾ ਭੇਖ ਧਾਰਿ ਤਿਹ ਲਯੋ॥ ੧੯॥

ਪੁੱਤਰੀ ਨੇ ਹੋਰ ਵਿਆਹ ਕਰਵਾਉਣਾ ਨਾ ਚਾਹਿਆ, ਉਸ ਤਰ੍ਹਾਂ ਹੀ ਰਹੀ, ਹਿਰਦੇ ਵਿਚ ਹਠ ਰਖਿਆ। ਬਾਅਦ ਵਿਚ ਸੁਣਿਆ, ''ਭਗਤੂ ਦੀ ਮੌਤ ਹੋ ਗਈ ਹੈ।'' ਉਸ ਨੇ ਵਿਧਵਾ ਭੇਸ ਧਾਰਨ ਕਰ ਲਿਆ॥੧੯॥

ਕਿਸ ਕੀ ਕਹੀ ਨ ਮਾਨੀ ਕੈਸੇ। ਸਤ ਕੋ ਧਾਰਿ ਰਹੀ ਥਿਤ ਤੈਸੇ।
ਤਿਸ ਕੋ ਪਿਤਾ ਗਯੋ ਤਿਸ ਠੌਰਾ। ਜਹਾਂ ਸਹਤ ਸੈਨਾ ਥਿਰ ਗੋਰਾ॥ ੨੦॥

ਕਿਸੇ ਦੀ ਕਹੀ ਗੱਲ ਕਿਸੇ ਤਰ੍ਹਾਂ ਵੀ ਨਾ ਮੰਨੀ, ਸਤ ਨੂੰ ਧਾਰ ਕੇ ਦ੍ਰਿੜ੍ਹ ਰਹੀ। ਉਸ ਦਾ ਪਿਤਾ ਉਸ ਥਾਂ ਗਿਆ, ਜਿਥੇ ਸੈਨਾ ਸਹਿਤ ਗੋਰਾ ਬੈਠਾ ਸੀ॥੨੦॥

ਨਿਜ ਤਨੁਜਾ ਕੀ ਬ੍ਰਿਥਾ ਸੁਨਾਈ। 'ਤੁਮ ਚਲਿ ਲੇ ਆਵਹੁ ਘਰ ਮਾਈ।
ਪਿਤ ਕੋ ਬਸਤ੍ਰ ਸੰਗ ਕਰਿ ਬਜਾਹੂ। ਲੇ ਰਾਖਹੁ ਅਪਨੇ ਘਰ ਮਾਂਹੂ' ॥ ੨੧॥

ਉਸ ਨੇ ਆਪਣੀ ਪੁੱਤਰੀ ਦੀ ਵਿਥਿਆ ਸੁਣਾਈ, ''ਤੁਸੀਂ ਚਲ ਕੇ ਆਪਣੀ ਮਾਤਾ ਜੀ ਨੂੰ ਘਰ ਲੈ ਆਵੋ। ਪਿਤਾ ਦੇ ਕਿਸੇ ਵਸਤਰ ਨਾਲ ਉਸ ਦਾ ਵਿਆਹ ਕਰ ਦੇਵੋ ਤੇ ਲੈ ਕੇ ਆਪਣੇ ਘਰ ਵਿਚ ਰਖੋ' ॥੨੧॥

ਸੁਨਿ ਗੋਰੇ ਨਿਸ਼ਚੇ ਕਰਿ ਸੋਈ। ਪਿਤ ਕਰ ਲਈ ਲਸ਼ਟਕਾ ਜੋਈ।
ਕੇਤਿਕ ਨਰ ਲੇ ਗਯੋ ਨਿਸ਼ੰਗ। ਫੇਰੇ ਦਏ ਲਸ਼ਟਕਾ ਸੰਗ॥ ੨੨॥

ਇਹ ਸੁਣ ਕੇ ਗੋਰੇ ਨੇ ਨਿਸ਼ਚੇ ਕਰਕੇ ਪਿਤਾ ਜੀ ਦੀ ਉਹ ਸੋਟੀ ਆਪਣੇ ਹੱਥ ਵਿਚ ਲਈ ਤੇ ਕਈ ਮਨੁੱਖਾਂ ਨੂੰ ਸ਼ੰਕੇ ਰਹਿਤ ਹੋ ਕੇ ਨਾਲ ਲੈ ਕੇ ਗਿਆ ਤੇ ਉਸ ਸੋਟੀ ਦੇ ਨਾਲ ਫੇਰੇ ਕੀਤੇ॥੨੨॥

ਡੋਰੇ ਮਹਿਂ ਚਢਾਇ ਕਰਿ ਆਨੀ। ਰਾਖੀ ਸਦਨ ਮਾਤ ਕਰਿ ਮਾਨੀ।
ਸੋ ਗੌਰਾ ਦਰਸ਼ਨ ਕੋ ਆਯੋ। ਕਿਤਿਕ ਬਰਾਰ ਸੰਗ ਨਿਜ ਲਯਾਯੋ॥ ੨੩॥

ਡੋਲੇ ਵਿਚ ਚੜ੍ਹਾ ਘਰ ਲੈ ਆਇਆ ਤੇ ਘਰ ਵਿਚ ਰੱਖੀ ਤੇ ਮਾਤਾ ਕਰਕੇ ਮੰਨੀ। ਫਿਰ ਗੋਰਾ ਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਆਇਆ ਤੇ ਕਈ ਬਰਾੜਾਂ ਨੂੰ ਆਪਣੇ ਨਾਲ ਲੈ ਕੇ ਆਇਆ॥੨੩॥

ਸ੍ਰੀ ਹਰਿਰਾਇ ਦਰਸ ਕੀ ਚਾਹੂ। ਉਤਰਿ ਤੁਰੰਗ ਗਯੋ ਪੁਨ ਪਾਹੂ।
ਧਰੀ ਉਪਾਇਨ ਧਨ ਤੇ ਆਦਿ। ਹਯ ਦੀਨਸ ਜਿਸ ਚਢਿ ਅਹਿਲਾਦ॥੨੪॥

ਸ੍ਰੀ ਹਰਿਰਾਇ ਜੀ ਦੇ ਦਰਸ਼ਨਾਂ ਦੀ ਚਾਹਤ ਸੀ, ਘੋੜੇ ਤੋਂ ਉਤਰ ਕੇ ਗੁਰੂ ਜੀ ਪਾਸ ਗਿਆ। ਧਨ ਆਦਿ ਉਪਹਾਰ ਗੁਰੂ ਜੀ ਅੱਗੇ ਰਖੇ ਤੇ ਇਕ ਘੋੜਾ ਦਿੱਤਾ ਜਿਸ 'ਤੇ ਚੜ੍ਹ ਕੇ ਬੜਾ ਆਨੰਦ ਆਉਂਦਾ ਸੀ॥੨੪॥

ਕਰਿ ਬੰਦਨ ਗੁਰ ਪਦ ਅਰਬਿੰਦ। ਬੈਠਯੋ ਸਭਾ ਸੰਗ ਨਰ ਬ੍ਰਿੰਦ।
ਕੁਸ਼ਲ ਪ੍ਰਸ਼ਨ ਸਤਿਗੁਰ ਸਭਿ ਕਰੇ। 'ਸਰਬ ਅਨੰਦ ਕ੍ਰਿਪਾ ਤੁਮ ਧਰੇ' ॥੨੫॥

ਗੁਰੂ ਜੀ ਦੇ ਚਰਨ ਕੰਵਲਾਂ 'ਤੇ ਬੰਦਨਾ ਕਰਕੇ, ਬਹੁਤ ਮਨੁੱਖਾਂ ਦੇ ਨਾਲ ਸਭਾ ਵਿਚ ਬੈਠ ਗਿਆ। ਸਤਿਗੁਰੂ ਜੀ ਨੇ ਸੁਖਸਾਂਦ ਪੁੱਛੀ ਤੇ ਉਸ ਕਿਹਾ, "ਤੁਹਾਡੀ ਕਿਰਪਾ ਨਾਲ ਹਰ ਪ੍ਰਕਾਰ ਦਾ ਆਨੰਦ ਹੈ"॥੨੫॥

ਇਕ ਜੱਸਾ ਕਰ ਮਹਿਂ ਜਿਸ ਚੋਰ। ਕਰਤਿ ਹੁਤੋ ਗੁਰ ਪਰ ਤਿਸ ਠੌਰ।
ਸੁੰਦਰ ਜਿਹ ਸਰੂਪ ਸਰਬੰਗ। ਮਨਹੁਂ ਲੀਨ ਅਵਤਾਰ ਅਨੰਗ॥ ੨੬॥

ਉਥੇ ਇਕ ਜੱਸਾ ਨਾਮੀ ਸਿੱਖ ਸੀ, ਜਿਸ ਨੇ ਹੱਥ ਵਿਚ ਚੌਰ ਫੜਿਆ ਸੀ ਤੇ ਉਹ ਗੁਰੂ ਜੀ ਪਾਸ ਖੜਾ ਚੌਰ ਕਰ ਰਿਹਾ ਸੀ। ਉਸ ਦਾ ਸਭ ਪ੍ਰਕਾਰ ਸੁੰਦਰ ਸਰੂਪ ਸੀ, ਮਾਨੋਂ ਕਾਮਦੇਵ ਦਾ ਅਵਤਾਰ ਧਾਰਨ ਕੀਤਾ ਹੋਵੇ॥੨੬॥

ਕ੍ਰਿਪਾ ਕਰਹਿਂ ਨਿਤ ਰਾਖਿ ਹਜ਼ੂਰੀ। ਸੇਵਤਿ ਸਭਿ ਬਿਧਿ ਸੂਰਤ ਰੂਰੀ।
ਹਾਸ ਕਰਤਿ ਬੋਲਯੋ ਇਸ ਭਾਇ। 'ਭਾਈ ਭਗਤੂ ਪ੍ਰਲੋਕ ਸਿਧਾਇ॥ ੨੭॥

ਗੁਰੂ ਜੀ ਕਿਰਪਾ ਧਾਰ ਕੇ ਸਦਾ ਆਪਣੇ ਹਜ਼ੂਰ ਰਖਦੇ ਸਨ, ਸਭ ਪ੍ਰਕਾਰ ਸੇਵਾ ਕਰਦਾ ਸੀ ਤੇ ਸੁੰਦਰ ਸੂਰਤ ਸੀ। ਉਹ ਹੱਸਦਾ ਹੋਇਆ ਇਸ ਪ੍ਰਕਾਰ ਬੋਲਿਆ, "ਭਾਈ ਭਗਤੂ ਹੁਣ ਪ੍ਰਲੋਕ ਸਿਧਾਰ ਗਿਆ ਹੈ॥੨੭॥

ਪੀਛੇ ਰਹੀ ਤ੍ਰਿਯਾ ਤਿਸ ਤਰੁਨੀ। ਸੁੰਦਰ ਸੁਨੀ ਸੁ ਚੰਪਕ ਬਰਨੀ।
ਸੋ ਦੀਜੈ ਮੈਂ ਕਰਿ ਹੌਂ ਦਾਰਾ। ਉਪਜੈ ਹੌਂ ਸੰਤਤਿ ਸੁ ਕੁਮਾਰਾ॥ ੨੮॥

ਉਸ ਦੇ ਪਿਛੇ ਜਵਾਨ ਇਸਤਰੀ ਰਹਿ ਗਈ ਹੈ ਜਿਹੜੀ ਸੁਣਿਆ ਹੈ ਚੰਬੇ ਦੇ ਫੁੱਲ ਵਰਗੀ ਬਹੁਤ ਸੁੰਦਰ ਹੈ। ਉਹ ਮੈਨੂੰ ਦੇ ਦੇਵੋ ਮੈਂ ਉਸ ਨੂੰ ਆਪਣੀ ਪਤਨੀ ਬਣਾ ਲਵਾਂਗਾ ਤੇ ਸੁੰਦਰ ਪੁੱਤਰ ਪੈਦਾ ਕਰਾਂਗਾ॥੨੮॥

ਸ੍ਰੀ ਸਤਿਗੁਰ ਸਿਖ ਭਗਤੂ ਜੈਸਾ। ਮੋ ਕਹੁ ਭੀ ਜਾਨਹੁ ਤੁਮ ਤੈਸਾ।
ਯਾਂਤੇ ਭ੍ਰਾਤਾ ਹੋਯਹੁ ਮੇਰੋ। ਦੋਸ਼ ਨ ਲਗਹਿ ਭਲੀ ਬਿਧਿ ਹੇਰੋ॥ ੨੯॥

ਜਿਸ ਤਰ੍ਹਾਂ ਦਾ ਭਾਈ ਭਗਤੂ ਗੁਰੂ ਜੀ ਦਾ ਸਿੱਖ ਸੀ, ਮੈਨੂੰ ਵੀ ਤੁਸੀਂ ਉਸ ਤਰ੍ਹਾਂ ਦਾ ਹੀ ਸਿੱਖ ਜਾਣੋ, ਇਸ ਕਰਕੇ ਉਹ ਮੇਰਾ ਗੁਰਭਾਈ ਹੋਇਆ। ਜੇ ਭਲੀ ਵਿਧੀ ਨਾਲ ਵੇਖੋ ਤਾਂ ਦੋਸ਼ ਨਹੀਂ ਲੱਗਦਾ॥੨੯॥

ਨਾਂਹਿ ਤ ਨਿਸ਼ਫਲ ਬੈਠੀ ਰਹੈ। ਤੁਮਰੇ ਕਿਸੂ ਕਾਜ ਨਹਿਂ ਅਹੈ'।
ਸੁਨਿ ਗੋਰੇ ਉਰ ਕ੍ਰੋਧ ਉਪਾਯੋ। ਲਾਲ ਬਦਨ ਲੋਚਨ ਹੁਇ ਆਯੋ॥ ੩੦॥

ਨਹੀਂ ਤਾਂ ਫਲ ਰਹਿਤ ਬੈਠੀ ਰਹੇਗੀ ਤੇ ਤੁਹਾਡੇ ਕਿਸੇ ਕੰਮ ਨਹੀਂ ਆਵੇਗੀ।'' ਇਹ ਸੁਣ ਗੋਰੇ ਦੇ ਹਿਰਦੇ ਵਿਚ ਬਹੁਤ ਕ੍ਰੋਧ ਉਤਪੰਨ ਹੋਇਆ, ਅੱਖਾਂ ਲਾਲ ਹੋ ਗਈਆਂ॥੩੦॥

ਫਰਕਤਿ ਅਧਰ ਨ ਬਸ ਕੁਛ ਚਲੈ। ਕਹਿਬੇ ਕੋ ਫਲ ਕਿਮ ਇਸ ਮਿਲੈ।
ਚਹਤਿ ਖੜਗ ਕੋ ਕਰਯੋ ਪ੍ਰਹਾਰ। ਤਊ ਆਪਨੀ ਰਿਸ ਕੋ ਮਾਰਿ॥ ੩੧॥

ਬੁਲ੍ਹ ਫੜਕਦੇ ਸਨ ਤੇ ਕੁਝ ਵੱਸ ਨਹੀਂ ਸੀ ਚਲਦਾ। ਇਸ ਦੇ ਇਸ ਤਰ੍ਹਾਂ ਕਹਿਣ ਦਾ ਇਸ ਨੂੰ ਕਿਵੇਂ ਫਲ ਮਿਲੇ। ਉਸੇ ਵੇਲੇ ਤਲਵਾਰ ਦਾ ਵਾਰ ਕਰਨਾ ਚਾਹੁੰਦਾ ਸੀ, ਫਿਰ ਵੀ ਆਪਣੇ ਗੁੱਸੇ ਨੂੰ ਮਾਰ ਲਿਆ॥੩੧॥

ਗੁਰ ਤੇ ਡਰਤਿ ਬਿਲੋਕਤਿ ਰਹਯੋ। ਪ੍ਰਤਿ ਉੱਤਰ ਕਯੋਹੂੰ ਨਹਿਂ ਕਹਯੋ।
ਕਿਤਿਕ ਦੇਰ ਲੌ ਬੈਠਯੋ ਤੀਰ। ਕਰਿ ਬੰਦਨ ਗਮਨਯੋ ਪੁਨ ਬੀਰ॥ ੩੨॥

ਗੁਰੂ ਜੀ ਪਾਸੋਂ ਡਰਦਾ, ਉਸ ਵੱਲ ਵੇਖਦਾ ਰਿਹਾ, ਕੋਈ ਵੀ ਕਿਸੇ ਪ੍ਰਕਾਰ ਦਾ ਉੱਤਰ ਨਾ ਦਿੱਤਾ। ਕੁਝ ਸਮੇਂ ਤਕ ਗੁਰੂ ਜੀ ਦੇ ਪਾਸ ਬੈਠਿਆ, ਫਿਰ ਬੰਦਨਾ ਕਰਕੇ ਸੂਰਮਾ ਗੋਰਾ ਚਲੇ ਗਿਆ॥੩੨॥

ਲਗੀ ਤੀਰ ਸੀ ਬਾਨੀ ਕਹੀ। ਬਾਧਾ ਅਧਿਕ, ਘਾਵ ਕਿਯ ਨਹੀਂ।
ਕ੍ਰੋਧ ਸਚਿੰਤ ਬਿਸਾਲ ਕਰਾਲਾ। ਹਤੌਂ ਹੋਇ ਗੁਰ ਤੇ ਸੁ ਨਿਰਾਲਾ॥ ੩੩॥

ਜੱਸੇ ਦੇ ਕਹੇ ਹੋਏ ਬੋਲ ਉਸ ਨੂੰ ਤੀਰ ਵਾਂਗ ਲੱਗੇ। ਜ਼ਖਮ ਮਾਸ ਵਿਚ ਨਹੀਂ ਲੱਗਾ, ਪਰ ਪੀੜ ਬਹੁਤ ਹੋਈ ਹੈ। ਕ੍ਰੋਧ ਅਤੇ ਚਿੰਤਾ ਸਹਿਤ ਬਹੁਤ ਵਿਆਕੁਲ ਹੋ ਗਿਆ। ਮਨ ਵਿਚ ਸੋਚਦਾ ਸੀ ਜਦ ਗੁਰੂ ਜੀ ਨਾਲੋਂ ਵੱਖ ਹੋਵੇਗਾ ਤਾਂ ਇਸ ਨੂੰ ਮਾਰ ਦੇਵਾਂਗਾ॥੩੩॥

ਸ਼ਸਤ੍ਰ ਘਾਵ ਮਿਲਿ ਕੈ ਮਿਟਿ ਜਾਹਿ। ਬਚਨ ਘਾਵ ਕਰਕਤਿ ਉਰ ਮਾਂਹਿ।
ਅਦਬ ਕਰਨ ਕੋ ਹੁਤੋ ਸਥਾਨ। ਤਊ ਕੁਬਚਨੀ ਪੀਰ ਮਹਾਨ॥ ੩੪॥

ਸ਼ਸਤਰ ਦਾ ਜ਼ਖਮ ਮਿਲ ਕੇ ਫਿਰ ਮਿੱਟ ਜਾਂਦਾ ਹੈ, ਪਰ ਬੋਲੀ ਦੇ ਜ਼ਖਮ ਹਿਰਦੇ ਵਿਚ ਬਹੁਤ ਰੜਕਦੇ ਹਨ। ਆਦਰ ਕਰਨ ਦਾ ਥਾਂ ਸੀ, ਫਿਰ ਵੀ ਖੋਟੇ ਬੋਲਾਂ ਦੀ ਪੀੜ ਬਹੁਤ ਜ਼ਿਆਦਾ ਸੀ॥੩੪॥

ਬਹੁਰ ਬੀਰ ਬਡ ਆਯੁਧ ਧਾਰੀ। ਬੀਚ ਸਭਾ ਕਿਮ ਸਕਹਿ ਸਹਾਰੀ।
ਸੁਨਯੋ ਸ੍ਰਵਨ ਮਹਿਂ, ਫੋਰਯੋ ਰਿਦਾ। ਜਿਮ ਨਟਸਾਲ, ਕਰਕ ਬਹੁ ਤਦਾ॥ ੩੫॥

ਫਿਰ ਉਹ ਵੱਡਾ ਸੂਰਬੀਰ ਅਤੇ ਸ਼ਸਤਰਧਾਰੀ ਸੀ, ਸਭ ਦੇ ਵਿਚ ਉਹ ਕਿਵੇਂ ਸਹਾਰ ਸਕਦਾ ਸੀ। ਕੰਨਾਂ ਵਿਚ ਸੁਣਿਆ ਪਰ ਉਸ ਨੇ ਹਿਰਦਾ ਪਾੜ ਦਿਤਾ। ਜਿਵੇਂ ਬਰਛੀ ਜਾਂ ਤੀਰ ਦੀ ਨੋਕ ਟੁੱਟ ਕੇ ਜਿਹੜੀ ਜ਼ਖਮ ਵਿਚ ਰਹਿ ਜਾਵੇ ਤਾਂ ਉਹ ਬਹੁਤ ਰੜਕਦੀ ਹੈ॥੩੫॥

ਡੇਰੇ ਆਇ ਸੁ ਉਤਰਯੋ ਗੋਰਾ। ਅਪਨੇ ਸਿੱਖ ਕਰੇ ਇਕ ਠੋਰਾ।
ਸਭਿਨਿ ਸੁਨਾਵਤਿ ਬਾਕ ਬਖਾਨਾ। 'ਤੁਮ ਹੋ ਹਮਰੇ ਹਿਤੂ ਮਹਾਨਾ॥ ੩੬॥

ਆਪਣੇ ਡੇਰੇ ਆ ਕੇ ਉਤਾਰਾ ਕੀਤਾ ਤੇ ਆਪਣੇ ਸਾਰੇ ਸਿੱਖ ਇਕ ਥਾਂ ਇਕੱਠੇ ਕੀਤੇ। ਸਾਰਿਆਂ ਨੂੰ ਸੁਣਾ ਕੇ ਕਿਹਾ, ''ਤੁਸੀਂ ਸਾਡੇ ਮਹਾਨ ਹਿਤੂ ਹੋ॥੩੬॥

ਭੋ ਸਿੱਖਹੁ! ਸਭਿ ਸਭਾ ਮਝਾਰਾ। ਸੁਨਜੋ ਸ੍ਰਵਨ ਜਿਮ ਕੁਬਚ ਉਚਾਰਾ।
ਕੌਨ ਸਕਹਿ ਸਹਿ ਏਵ ਕੁਚਾਲੀ। ਜੇ ਜੋਧਾ ਬੁਧਿ ਆਯੁਧ ਨਾਲੀ॥ ੩੭॥

ਹੇ ਸਿੱਖੋ! ਤੁਸੀਂ ਸਾਰੇ ਸਭਾ ਵਿਚ ਮੌਜੂਦ ਸੀ, ਤੁਸੀਂ ਆਪਣੇ ਕੰਨਾਂ ਨਾਲ ਸੁਣੇ ਹਨ ਜਿਹੜੇ ਖੋਟੇ ਬਚਨ ਬੋਲੇ ਹਨ। ਅਜਿਹੀ ਭੈੜੀ ਬੋਲੀ ਨੂੰ ਕੌਣ ਸਹਿ ਸਕਦਾ ਹੈ, ਜਿਹੜਾ ਬੁਧੀਵਾਨ ਯੋਧਾ ਸ਼ਸਤਰਧਾਰੀ ਹੋਵੇ॥੩੭॥

ਚਿਤ ਮਹਿਂ ਹੁਤੀ ਹਤੌਂ ਸ਼ਮਸ਼ੇਰ। ਕਰੌਂ ਦੁਖੰਡ ਅਵਨਿ ਪਰ ਗੇਰਿ।
ਲੈ ਹੈ ਸ੍ਵਾਦ ਕਹੇ ਕੋ ਤਬੈ। ਲਖਹਿਂ ਸਭਾਸਦ ਬੈਠੇ ਸਭੈ॥ ੩੮॥

ਮੇਰੇ ਚਿਤ ਵਿਚ ਸੀ ਕਿ ਤਲਵਾਰ ਮਾਰ ਕੇ ਮਾਰ ਦੇਵਾਂ ਤੇ ਦੋ ਟੋਟੇ ਕਰਕੇ ਧਰਤੀ 'ਤੇ ਡੇਗ ਦੇਵਾਂ, ਉਸੇ ਸਮੇਂ ਆਪਣੇ ਕਹੇ ਦਾ ਸਵਾਦ ਲੈ ਲੈਂਦਾ, ਪਰ ਮੈਂ ਸਭਾ ਵਿਚ ਸਾਰੇ ਪੁਰਸ਼ ਜਦ ਬੈਠੇ ਵੇਖੇ॥੩੮॥

ਮਰਿਬੇ ਕੋ ਡਰ ਉਰ ਨਹਿਂ ਧਰੌਂ। ਅਸ ਕੁਬਾਕ ਤੇ ਦੀਰਘ ਜਰੌਂ।
ਨੀਠ ਨੀਠ ਹਿਯ ਮਹਿਂ ਧਰਿ ਧੀਰ। ਖੜਗ ਨ ਖੈਂਚਿ ਹਤਜੋ ਗੁਰ ਤੀਰ॥ ੩੯॥

ਮੈਂ ਮਰਨ ਦਾ ਡਰ ਹਿਰਦੇ ਵਿਚ ਨਹੀਂ ਰਖਦਾ, ਪਰ ਇਸ ਖੋਟੇ ਬੋਲ ਨਾਲ ਬਹੁਤ ਸੜ ਰਿਹਾ ਹਾਂ, ਮਸਾਂ ਮਸਾਂ ਹਿਰਦੇ ਵਿਚ ਧੀਰਜ ਰੱਖ ਕੇ ਤਲਵਾਰ ਨਾ ਖਿਚੀ ਤੇ ਗੁਰੂ ਜੀ ਦੇ ਪਾਸ ਨਹੀਂ ਮਾਰਿਆ॥੩੯॥

ਮਮ ਅਪਰਾਧ ਦੇਖਿ ਰਿਸ ਧਰੈਂ। ਸ਼ਕਲ ਬੰਸ ਕੋ ਸ੍ਰਾਪਤਿ ਕਰੈਂ।
ਇਮ ਬਿਚਾਰਿ ਉਰ ਕੀਨਸਿ ਟਾਰਾ। ਅਬਿ ਮੈਂ ਚਾਹਤਿ ਤਿਸਹਿ ਸੰਘਾਰਾ॥੪੦॥

ਮੇਰਾ ਅਪਰਾਧ ਵੇਖ ਕੇ ਗੁੱਸਾ ਧਾਰਨ ਕਰਨਗੇ ਤੇ ਸਾਰੇ ਵੰਸ਼ ਨੂੰ ਸਰਾਪ ਦੇ ਦੇਣਗੇ। ਦਿਲ ਵਿਚ ਇਸ ਤਰ੍ਹਾਂ ਵਿਚਾਰ ਕੇ ਟਾਲ ਗਿਆ, ਪਰ ਹੁਣ ਮੈਂ ਉਸ ਨੂੰ ਮਾਰਨਾ ਚਾਹੁੰਦਾ ਹਾਂ॥੪੦॥

ਜਗ ਮਹਿਂ ਜੀਵਤਿ ਸੁਨੌਂ ਸੁ ਜਾਵਤ। ਤਾਵਤ ਮੋਹਿ ਨ ਸ਼ਾਂਤੀ ਆਵਤਿ।
ਬੁਧਿ ਕਰਿ ਬਲ ਕਰਿ ਜਤਨ ਕਰੀਜਹਿ। ਜਿਸ ਤੇ ਜੱਸੇ ਕਹੁ ਹਤਿ ਲੀਜਹਿ॥੪੧॥

ਜੱਗ ਵਿਚ ਜਦ ਤਕ ਜੱਸੇ ਨੂੰ ਜੀਉਂਦਾ ਸੁਣਾਂਗਾ ਤਦ ਤਕ ਮੈਨੂੰ ਸ਼ਾਂਤੀ ਨਸੀਬ ਨਹੀਂ ਹੋਣੀ। ਇਸ ਲਈ ਬੁੱਧੀ ਅਤੇ ਬਲ ਕਰਕੇ ਯਤਨ ਕਰੋ ਜਿਸ ਨਾਲ ਜੱਸੇ ਨੂੰ ਮਾਰ ਲਵਾਂ॥੪੧॥

ਤਾਂ ਦਿਨ ਸ਼ਸਤ੍ਰ ਧਰਨ ਫਲ ਹੋਹਿ। ਨਾਂਹਿ ਤ ਖਾਨ ਪਾਨ ਧਿਕ ਮੋਹਿ'।
ਗੋਰਸਾਲ ਕੇ ਬਾਕਨਿ ਸੁਨਿ ਕੈ। ਸਿਖ ਬੈਰਾੜ ਗੁਰੂ ਡਰ ਗੁਨਿ ਕੈ॥ ੪੨॥

ਉਸ ਦਿਨ ਮੈਨੂੰ ਸ਼ਸਤਰ ਧਾਰਨ ਕਰਨ ਦਾ ਫਲ ਪ੍ਰਾਪਤ ਹੋਵੇਗਾ ਨਹੀਂ ਤਾਂ ਮੈਨੂੰ ਖਾਣਾ ਪੀਣਾ ਧਿਰਕਾਰ ਹੈ।'' ਗੋਰੇ ਦੇ ਇਹ ਬਚਨ ਸੁਣ ਕੇ, ਬਰਾੜ ਸਿੱਖ ਗੁਰੂ ਜੀ ਦਾ ਡਰ ਮੰਨ ਕੇ॥੪੨॥

ਕਹਤਿ ਭਏ 'ਕੈਸੇ ਤਿਸ ਮਾਰਹਿਂ। ਕ੍ਰਿਪਾ ਅਧਿਕ ਪ੍ਰਭੁ ਜੀ ਨਿਤ ਧਾਰਹਿਂ।
ਚੌਰ ਦਾਰ ਸੋ ਰਹੈ ਹਜ਼ੂਰ। ਸਮਾਂ ਪਾਇ ਕਬਹੂੰ ਹੁਇ ਦੂਰ॥ ੪੩॥

ਕਹਿਣ ਲੱਗੇ, ''ਉਸ ਨੂੰ ਕਿਸ ਤਰ੍ਹਾਂ ਮਾਰੀਏ, ਗੁਰੂ ਜੀ ਸਦਾ ਹੀ ਉਸ ਉੱਤੇ ਬਹੁਤ ਕਿਰਪਾ ਧਾਰਨ ਕਰਦੇ ਹਨ, ਚੌਰ ਬਰਦਾਰ ਹੋਣ ਕਰ ਕੇ ਉਹ ਸਦਾ ਹਜ਼ੂਰੀ ਵਿਚ ਰਹਿੰਦਾ ਹੈ। ਉਸ ਵੇਲੇ ਹੀ ਮੌਕਾ ਪਾਵਾਂਗੇ ਜਦ ਉਹ ਗੁਰੂ ਜੀ ਤੋਂ ਦੂਰ ਹੋਵੇਗਾ॥੪੩॥

ਜੇ ਕਰਿ ਵਹਿਰ ਇਕਾਂਕੀ ਪਾਇ। ਕਰਹਿਂ ਸੰਘਾਰਨਿ ਤੁਪਕ ਚਲਾਇ।
ਇਹ ਤੋ ਗਤਿ ਹੈ ਸਕਲ ਅਸਾਨ। ਪਾਛੇ ਮੁਸ਼ਕਲ ਬਨਹਿ ਮਹਾਨ॥ ੪੪॥

ਜੇ ਬਾਹਰ ਇਕੱਲਾ ਪਾਵਾਂਗੇ ਤੇ ਬੰਦੂਕ ਚਲਾ ਕੇ ਮਾਰ ਦੇਵਾਂਗੇ। ਇਹ ਤਾਂ ਸਾਰੀ ਗੱਲ ਬਹੁਤ ਆਸਾਨ ਹੈ, ਪਰ ਪਿਛੋਂ ਬਹੁਤ ਵੱਡੀ ਮੁਸ਼ਕਲ ਆ ਬਣੇਗੀ॥੪੪॥

ਹਮ ਤੇ ਮਾਰਜੋ ਸੁਨੈਂ ਗੁਰੂ ਜਬਿ। ਦੇ ਕਰਿ ਸ੍ਰਾਪ ਬਿਨਾਸਹਿਂਗੇ ਤਬਿ।
ਇਕ ਬਚ ਕਹਿ ਕਰਿ ਜਰਾਂ ਉਖਾਰਹਿਂ। ਸਹਤ ਕੁਤੰਬ ਸਭਿਨਿ ਕੋ ਗਾਰਹਿਂ॥੪੫॥

ਸਾਡੇ ਪਾਸੋਂ ਮਾਰਿਆ ਗਿਆ ਜਦ ਗੁਰੂ ਜੀ ਸੁਣਨਗੇ ਤਾਂ ਸਰਾਪ ਦੇ ਕੇ ਸਾਡਾ ਵਿਨਾਸ਼ ਕਰ ਦੇਣਗੇ। ਇਕ ਬਚਨ ਕਹਿ ਕੇ ਸਾਡੀਆਂ ਜੜ੍ਹਾਂ ਪੁੱਟ ਦੇਣਗੇ, ਪਰਿਵਾਰ ਸਹਿਤ ਸਾਰਿਆਂ ਨੂੰ ਗਾਲ਼ ਦੇਣਗੇ॥੪੫॥

ਬ੍ਰਹਮ ਅਸਤ੍ਰ ਕੇ ਮਨਹੁ ਸਮਾਨ। ਕੈਧੌਂ ਰਾਮਚੰਦ੍ਰ ਕੇ ਬਾਨ।
ਸ਼ਿਵ ਤ੍ਰਿਸੂਲ,ਜਿਮ ਚੱਕ੍ਰ ਬਿਸ਼ਨੁ ਕੋ। ਜਿਮ ਜਮ ਦੰਡਾ,ਬੱਜ੍ਰ ਜਿਸ਼ਨ ਕੋ॥੪੬॥

ਉਨ੍ਹਾਂ ਦੇ ਬਚਨ ਬ੍ਰਹਮ ਅਸਤਰ ਸਮਾਨ ਹਨ ਜਾਂ ਜਿਵੇਂ ਰਾਮ ਚੰਦਰ ਜੀ ਦੇ ਬਾਣ ਹੋਣ, ਸ਼ਿਵਜੀ ਦਾ ਤ੍ਰਿਸੂਲ ਹੋਵੇ ਤੇ ਜਿਵੇਂ ਵਿਸ਼ਨੂੰ ਦਾ ਚੱਕਰ ਹੋਵੇ, ਜਿਵੇਂ ਧਰਮ ਰਾਜ ਦਾ ਡੰਡ ਹੋਵੇ, ਜਿਵੇਂ ਇੰਦਰ ਦਾ ਬੱਜਰ ਹੋਵੇ॥੪੬॥

*ਨੋਟ : ਬ੍ਰਹਮ ਅਸਤਰ ਇਕ ਪ੍ਰਕਾਰ ਦਾ ਅਸਤਰ ਹੈ, ਜੋ ਮੰਤਰ ਪੜ੍ਹ ਕੇ ਚਲਾਉਣ ਨਾਲ ਫਿਰ ਉਸਦਾ ਵਾਰ ਖ਼ਾਲੀ ਨਹੀਂ ਜਾਂਦਾ। ਰਾਮ ਚੰਦਰ ਜੀ ਵਲੋਂ ਚਲਾਏ ਤੀਰ, ਸ਼ਿਵਜੀ ਵਲੋਂ ਚਲਾਇਆ ਤ੍ਰਿਸੂਲ, ਵਿਸ਼ਨੂੰ ਵਲੋਂ ਚਲਾਇਆ ਸੁਦਰਸ਼ਨ ਚੱਕਰ, ਧਰਮਰਾਜ ਦਾ ਡੰਡ ਤੇ ਇੰਦਰ ਦੇ ਬੱਜਰ ਦਾ ਵਾਰ ਕਦੇ ਖ਼ਾਲੀ ਨਹੀਂ ਜਾਂਦਾ।*

ਤਿਮ ਗੁਰ ਬਾਕ ਕਹਜੋ ਸਫਲਾਵੈ। ਤ੍ਰੈਲੋਕਨਿ ਮਹਿਂ ਨਹਿਂ ਬਿਲਮਾਵੈ।
ਕਿਮ ਜਗ ਮਹਿਂ ਜਰ ਰਹੈ ਹਮਾਰੀ। ਕ੍ਰੋਧ ਕਰਹਿਂ ਜਬਿ ਸ੍ਰਾਪ ਉਚਾਰੀ'॥੪੭॥

ਉਸ ਤਰ੍ਹਾਂ ਹੀ ਗੁਰੂ ਜੀ ਦਾ ਕਿਹਾ ਹੋਇਆ ਬਚਨ ਖ਼ਾਲੀ ਨਹੀਂ ਜਾਂਦਾ, ਤ੍ਰਿੰਨਾਂ ਲੋਕਾਂ ਵਿਚ ਸਫਲ ਹੁੰਦਾ ਦੇਰ ਨਹੀਂ ਲਾਉਂਦਾ। ਜੱਗ ਵਿਚ ਸਾਡੀ ਜੜ੍ਹ ਕਿਵੇਂ ਰਹੇਗੀ ਜਦ ਗੁਰੂ ਜੀ ਕ੍ਰੋਧ ਕਰਕੇ ਸਰਾਪ ਉਚਾਰਨਗੇ'॥੪੭॥

ਸੁਨਿ ਗੋਰੇ ਤ੍ਰਾਸਤਿ ਸਿਖ ਜਾਨੇ। ਧੀਰ ਦੇਨਿ ਕੇ ਹੇਤੁ ਬਖਾਨੇ।
'ਅਬਚਲ ਜਗ ਮਹਿਂ ਜਰ੍ਹਾਂ ਤੁਮਾਰੀ। ਰਹੈਂ ਸਦਾ ਜਿਮ ਅਹੈਂ ਹਮਾਰੀ॥੪੮॥

ਇਹ ਸੁਣ ਕੇ ਗੋਰਾਂ ਸਮਝ ਗਿਆ ਕਿ ਸਿੱਖ ਡਰਦੇ ਹਨ ਤਾਂ ਧੀਰਜ ਦੇਣ ਵਾਸਤੇ ਉਸ ਕਿਹਾ, "ਤੁਹਾਡੀਆਂ ਜੜ੍ਹਾਂ ਜੱਗ ਵਿਚ ਅਚੱਲ ਹਨ, ਜਿਸ ਤਰ੍ਹਾਂ ਸਾਡੀ ਹੈ ਉਸ ਤਰ੍ਹਾਂ ਤੁਹਾਡੀ ਵੀ ਜੜ੍ਹ ਸਦਾ ਲੱਗੀ ਰਹੇਗੀ॥੪੮॥

ਤੁਮਰੀ ਜਰ ਮੇਰੀ ਜਰ ਸਾਥ। ਮਮ ਜਰ ਮਿਲੀ ਜਹਾਂ ਗੁਰ ਨਾਥ।
ਸੋ ਅਬਚਲ ਜਾਨਹੁ ਤੁਮ ਐਸੇ। ਮੇਰੂ ਖਰੋ ਮਹਾਂ ਦ੍ਰਿੜ ਜੈਸੇ॥੪੯॥

ਤੁਹਾਡੀ ਜੜ੍ਹ ਮੇਰੀ ਜੜ੍ਹ ਦੇ ਨਾਲ ਹੀ ਹੈ, ਮੇਰੀ ਜੜ੍ਹ ਉਥੇ ਜਾ ਕੇ ਮਿਲਦੀ ਹੈ ਜਿਥੇ ਮਾਲਕ ਗੁਰੂ ਜੀ ਦੀ ਜੜ੍ਹ ਹੈ। ਇਸ ਕਰਕੇ ਮੈਂ ਤੁਹਾਨੂੰ ਅਬਚਲ ਜਾਣਦਾ ਹਾਂ, ਜਿਵੇਂ ਸੁਮੇਰ ਪਰਬਤ ਮਹਾਂ ਦ੍ਰਿੜ੍ਹ ਖੜਾ ਹੈ॥੪੯॥

ਸਤਿਗੁਰ ਕੋ ਪ੍ਰਸੰਨ ਕਰਿ ਲੇਵੈਂ। ਬਨਹਿਂ ਦੀਨ ਕਰਿ ਬਿਨਤੀ ਸੇਵੈਂ।
ਜੱਸੇ ਕਹੁ ਮਾਰਨਿ ਮਮ ਕਾਮੂ। ਕਰਹੁ ਅਬਹਿ ਬ੍ਰਿੰਧਹਿ ਸੁਖ ਧਾਮੂ'॥੫੦॥

ਸਤਿਗੁਰੂ ਜੀ ਨੂੰ ਪ੍ਰਸੰਨ ਕਰ ਲਵਾਂਗੇ, ਫਿਰ ਦੀਨ ਬਣ ਕੇ ਸੇਵਾ ਕਰਕੇ ਬੇਨਤੀ ਕਰ ਲਵਾਂਗੇ। ਜੱਸੇ ਨੂੰ ਮਾਰਨਾ ਮੇਰਾ ਕੰਮ ਹੈ, ਹੁਣੇ ਕਰੋ, ਫਿਰ ਆਪਣੇ ਘਰਾਂ ਵਿਚ ਜਾ ਕੇ ਸੁੱਖ ਪਾਵੋ'॥੫੦॥

ਇੱਤਜਾਦਿਕ ਬਹੁ ਕਹਿ ਸਮੁਝਾਏ। ਮਾਰਨ ਮਤੋ ਨੀਕ ਠਹਿਰਾਏ।
ਬਨੀ ਆਇ ਅਸ ਅਨਬਨ ਬਾਤੀ। ਉਤ ਗੁਰ ਡਰ,ਇਤ ਸੁਲਗਤਿ ਛਾਤੀ॥੫੧॥

ਇੱਤਿਆਦਿਕ ਬਹੁਤ ਕਹਿ ਕੇ ਸਮਝਾਏ ਤੇ ਮਾਰਨ ਦਾ ਮਤਾ ਚੰਗਾ ਠਹਿਰਾਇਆ। ਐਸੀ ਉਲਟੀ ਗੱਲ ਬਣ ਗਈ ਹੈ, ਓਧਰ ਗੁਰੂ ਜੀ ਦਾ ਡਰ ਹੈ ਤੇ ਏਧਰ ਛਾਤੀ ਵਿਚ ਅੱਗ ਧੁਖਦੀ ਹੈ॥੫੧॥

*ਦਸਵੀਂ ਰਾਸ ਦਾ ਦਸਵਾਂ ਅਧਿਆਇ ਸਮਾਪਤ ਹੋਇਆ॥੧੦॥*

## ਅਧਿਆਇ ਗਿਆਰ੍ਹਵਾਂ

*ਜੱਸੇ ਦੀ ਮੌਤ, ਗੌਰੇ ਨੂੰ ੧੦੧ ਸ੍ਰਾਪ, ਕੀਰਤਪੁਰ ਪੁੱਜੇ*

ਦੋਹਰਾ- ਮਾਰਨਿ ਕੀ ਮਸਲਤ ਕਰੀ ਘਾਤ ਬਿਲੋਕਤਿ ਫੇਰ।
'ਮਿਲਹਿ ਇਕਾਕੀ ਵਹਿਰ ਜਬਿ ਹਤਹਿਂ ਤੁਪਕ ਦੇਂ ਗੇਰ'॥ ੧॥

ਜਦ ਜੱਸੇ ਨੂੰ ਮਾਰਨ ਦੀ ਸਲਾਹ ਪੱਕੀ ਕਰ ਲਈ ਤਾਂ ਦਾਅ ਲਾਉਣ ਦਾ ਮੌਕਾ ਵੇਖਣ ਲੱਗੇ। ਸੋਚਦੇ ਸਨ, "ਜਦ ਬਾਹਰ ਇਕੱਲਾ ਮਿਲ ਜਾਵੇਗਾ ਤਾਂ ਗੋਲੀ ਮਾਰ ਕੇ ਡੇਗ ਲਵਾਂਗੇ"॥੧॥

ਚੌਪਈ- ਰਾਖਯੋ ਲਾਇ ਨਿਕਟਿ ਨਰ ਕੋਈ। ਇਕ ਦਿਨ ਤੁਰੰਗ ਅਰੂਢਯੋ ਸੋਈ।
ਗਮਨਯੋ ਵਹਿਰ ਇਕਾਕੀ ਜਬੈ। ਸੁਧ ਜਸੂਸ ਕਰਿ ਦੀਨਸਿ ਤਬੈ॥ ੨॥

ਇਕ ਮਨੁੱਖ ਨੂੰ ਉਸ ਦੇ ਪਿੱਛੇ ਲਗਾ ਦਿੱਤਾ। ਇਕ ਦਿਨ ਉਹ ਘੋੜੇ 'ਤੇ ਚੜ੍ਹ ਕੇ ਇਕੱਲਾ ਹੀ ਜਦ ਬਾਹਰ ਆਇਆ ਤਾਂ ਜਸੂਸ ਨੇ ਓਸੇ ਸਮੇਂ ਗੌਰੇ ਨੂੰ ਖ਼ਬਰ ਦੇ ਦਿੱਤੀ ॥ ੨॥

'ਅਮਕੀ ਦਿਸ਼ਾ ਗਯੋ ਚਢਿ ਸੋਇ। ਬਡੋ ਤੁਰੰਗ ਏਕਲੋ ਹੋਇ'।
ਸੁਨਿ ਸੁਚੇਤ ਹੁਇ ਚਢੇ ਬਰਾਰ। ਦੁਇ ਤੀਨਕ ਜੋਧਾ ਅਸਵਾਰ॥ ੩॥

"ਫਲਾਣੀ ਤਰਫ ਉਹ ਚੜ੍ਹ ਕੇ ਗਿਆ ਹੈ, ਵੱਡੇ ਘੋੜੇ ਤੇ ਉਹ ਇਕੱਲਾ ਗਿਆ ਹੈ।" ਇਹ ਸੁਣ ਕੇ ਬਰਾੜ ਸੁਚੇਤ ਹੋ ਕੇ ਘੋੜਿਆਂ ਤੇ ਚੜ੍ਹ ਗਏ, ਦੋ ਤਿੰਨ ਸੂਰਮੇ ਸਵਾਰ ਹੋ ਗਏ"॥੩॥

ਜਿਤ ਦਿਸ਼ਿ ਗਯੋ ਸੁਨਯੋ ਤਿਤ ਗਏ। ਵਹਿਰ ਉਜਾਰ ਬਿਲੋਕਤਿ ਭਏ।
ਫਿਰਤਿ ਇਕਾਕੀ ਹਟਯੋ ਸੁ ਆਵਤਿ। ਚੰਚਲ ਬਾਜੀ ਕੋ ਚਪਲਾਵਤਿ॥ ੪॥

ਜਿਸ ਪਾਸੇ ਗਿਆ ਸੁਣਿਆ, ਉਸੇ ਪਾਸੇ ਗਏ। ਬਾਹਰ ਉਜਾੜ ਵਿਚ ਵੇਖਦੇ ਪਏ ਸਨ। ਇਕੱਲਾ ਫਿਰਦਾ ਉਹ ਵਾਪਸ ਆ ਰਿਹਾ ਸੀ ਤੇ ਚੰਚਲ ਘੋੜੇ ਨੂੰ ਕੁਦਵਾ ਰਿਹਾ ਸੀ॥ ੪॥

ਇਨਹੁਂ ਤੁਫੰਗ ਤਜਾਰ ਕਰਿ ਲੀਨਿ। ਸਨੇ ਸਨੇ ਸਾਮੀਪੀ ਕੀਨਿ।
ਨਿਕਟਿ ਹੋਇ ਕਰਿ ਉਚ ਬਖਾਨਾ। 'ਰਹੁ ਠਾਂਢੇ ਨਹਿਂ ਕਰਹੁ ਪਿਆਨਾ॥੫॥

ਇਨ੍ਹਾਂ ਨੇ ਬੰਦੂਕ ਤਿਆਰ ਕਰ ਲਈ ਤੇ ਹੌਲੀ ਹੌਲੀ ਨੇੜੇ ਹੋ ਗਏ। ਪਾਸ ਹੋ ਕੇ ਉੱਚੀ ਅਵਾਜ਼ ਵਿਚ ਕਿਹਾ, "ਖੜੇ ਰਹੋ, ਹੁਣ ਨਹੀਂ ਚਲਣਾ॥੫॥

ਕਹੀ ਬਾਤ ਕੋ ਫਲ ਅਬਿ ਲੈਹੋ। ਬਨਹੁ ਸੁਚੇਤ ਜਾਨਿ ਨਹਿਂ ਪੈਹੋ'।
ਦੇਖਿ ਅਚਾਨਕ ਪਹੁੰਚੇ ਆਇ। ਤਤਛਿਨ ਬਨਯੋ ਨ ਕੋਇ ਉਪਾਇ॥੬॥

ਕਹੀ ਹੋਈ ਬੋਲੀ ਦਾ ਹੁਣ ਫਲ ਲਵੇ, ਸੁਚੇਤ ਹੋ ਜਾਵੇ। ਹੁਣ ਤੁਸੀਂ ਜਾ ਨਹੀਂ ਸਕੋਗੇ।'' ਜਦ ਜੱਸੇ ਵੇਖਿਆ ਕਿ ਅਚਾਨਕ ਆ ਪਹੁੰਚੇ ਹਨ ਤਾਂ ਤੁਰਤ ਕੋਈ ਉਪਾਅ ਨਾ ਬਣਿਆ॥੬॥

ਛੁਟੀ ਤੁਫੰਗ ਲਗੀ ਬਿਚ ਰਿਦੇ। ਦੜ ਗਿਰ ਪਰਜੋ ਭੂਮ ਪਰ ਤਦੇ।
ਕਰਿ ਸੰਘਾਰ ਹਟੇ ਅਸਵਾਰ। ਡੇਰੇ ਪਹੁਚੇ ਤੂਰਨ ਧਾਰਿ॥ ੭॥

ਗੋਲੀ ਚੱਲ ਕੇ ਉਸ ਦੇ ਹਿਰਦੇ ਵਿਚ ਵੱਜੀ। ਤਦ ਦੜੈਂ ਕਰਕੇ ਧਰਤੀ 'ਤੇ ਡਿੱਗ ਪਿਆ। ਘੋੜ ਸਵਾਰ ਮਾਰ ਕੇ ਵਾਪਸ ਆ ਗਏ ਤੇ ਬੜੀ ਫੁਰਤੀ ਨਾਲ ਡੇਰੇ ਵਿਚ ਪਹੁੰਚ ਗਏ॥੭॥

ਗੋਰਮਾਲ ਕੋ ਖਬਰ ਸੁਨਾਈ। 'ਕੀਨਸਿ ਕਾਜ ਲੀਨਿ ਰਿਪੁ ਘਾਈ'।
ਹਰਖਜੋ ਬਰ ਦਾਸਨਿ ਕੋ ਦੀਏ। 'ਪੂਰਨ ਕਰੀ ਭਾਵਨਾ ਹੀਏ॥ ੮॥

ਗੋਰੇ ਨੂੰ ਜਾ ਕੇ ਖ਼ਬਰ ਸੁਣਾਈ, ''ਤੁਹਾਡਾ ਕੰਮ ਕਰ ਦਿੱਤਾ ਹੈ ਤੇ ਵੈਰੀ ਨੂੰ ਮਾਰ ਦਿੱਤਾ ਹੈ।'' ਪ੍ਰਸੰਨ ਹੋ ਕੇ ਸੇਵਕਾਂ ਨੂੰ ਵਰ ਦਿੱਤਾ ''ਤੁਸੀਂ ਮੇਰੇ ਹਿਰਦੇ ਦੀ ਭਾਵਨਾ ਪੂਰੀ ਕੀਤੀ ਹੈ॥੮॥

ਉਤਰਜੋ ਰਿਣ ਕੁਬਾਕ ਜੋ ਕਹਜੋ। ਸਭਾ ਬੀਚ ਦੀਰਘ ਉਰ ਦਹਜੋ'।
ਉਤ ਸੁਧ ਸੁਨੀ ਗੁਰੂ ਹਰਿਰਾਇ। 'ਜੱਸਾ ਚੋਰ ਦਾਰ ਦਿਯ ਘਾਇ॥ ੯॥

ਜਿਹੜੇ ਖੋਟੇ ਬੋਲ ਬੋਲੇ ਸਨ, ਉਸ ਦਾ ਕਰਜ਼ਾ ਉੱਤਰ ਗਿਆ ਹੈ, ਸਭਾ ਵਿਚ ਉਸ ਮੇਰੇ ਹਿਰਦੇ ਨੂੰ ਬਹੁਤ ਸਾੜਿਆ ਸੀ।'' ਓਧਰ ਗੁਰੂ ਹਰਿਰਾਇ ਜੀ ਨੇ ਖ਼ਬਰ ਸੁਣੀ, ''ਚੋਰ ਬਰਦਾਰ ਜੱਸੇ ਨੂੰ ਮਾਰ ਦਿੱਤਾ ਹੈ''॥੯॥

ਹਯ ਪਰ ਚਢਿ ਬਾਹਰ ਸੋ ਗਯੋ। ਮੇਲ ਬਿਰਾੜਨਿ ਕੇ ਸੰਗ ਭਯੋ।
ਔਚਕ ਮਾਰਿ ਤੁਫੰਗ ਗਿਰਾਯੋ'। ਕ੍ਰੋਧ ਗੁਰੂ ਕੇ ਉਰ ਸੁਨਿ ਛਾਯੋ॥ ੧੦॥

ਜੱਸਾ ਘੋੜੇ 'ਤੇ ਚੜ੍ਹ ਕੇ ਬਾਹਰ ਗਿਆ ਸੀ, ਉਸ ਦਾ ਬਿਰਾੜਾਂ ਦੇ ਨਾਲ ਮੇਲ ਹੋਇਆ। ਅਚਾਨਕ ਗੋਲੀ ਮਾਰ ਕੇ ਮਾਰ ਦਿੱਤਾ।'' ਇਹ ਸੁਣ ਕੇ ਗੁਰੂ ਜੀ ਦੇ ਹਿਰਦੇ ਵਿਚ ਬਹੁਤ ਕ੍ਰੋਧ ਛਾ ਗਿਆ॥੧੦॥

ਸਕਲੀ ਬਾਤ ਘਾਤ ਕੀ ਜਾਨੀ। ਗੋਰੇ ਸੰਗ ਹਾਸ ਕੀ ਬਾਨੀ।
ਸੋ ਰਿਸ ਮਨ ਤੇ ਨਾਹਿ ਗਵਾਈ। ਏਕਲ ਪੇਖਿ ਤੁਪਕ ਤੇ ਘਾਈ॥ ੧੧॥

ਮਾਰਨ ਦੀ ਸਾਰੀ ਗੱਲ ਜਾਣੀ, ਗੋਰੇ ਨਾਲ ਜੱਸੇ ਨੇ ਜਿਹੜੀ ਹੱਸ ਕੇ ਗੱਲ ਕੀਤੀ ਸੀ, ਉਹ ਗ਼ੁੱਸਾ ਮਨ ਤੋਂ ਨਾ ਗਵਾਇਆ, ਇਕੱਲੇ ਨੂੰ ਵੇਖ ਕੇ ਬੰਦੂਕ ਨਾਲ ਮਾਰ ਦਿੱਤਾ॥੧੧॥

ਹਮ ਤੇ ਨਹੀਂ ਤ੍ਰਾਸ ਕੁਛ ਧਾਰਾ। ਮਹਾਂ ਢੀਠ ਹ੍ਵੈ ਕੀਨਿ ਸੰਘਾਰਾ।
ਜੇ ਕਰਿ ਇਸ ਕੋ ਕੁਛ ਨਹਿੰ ਕਹੈਂ। ਨਹੀਂ ਅਦਬ ਸਿੱਖਨਿ ਮਹਿੰ ਰਹੈ॥ ੧੨॥

ਸਾਡਾ ਕੁਝ ਵੀ ਡਰ ਮਨ ਵਿਚ ਨਹੀਂ ਰੱਖਿਆ, ਢੀਠ ਹੋ ਕੇ ਜੱਸੇ ਨੂੰ ਮਾਰ ਦਿੱਤਾ ਹੈ। ਜੇ ਹੁਣ ਇਸ ਨੂੰ ਕੁਝ ਨਹੀਂ ਕਹਾਂਗੇ ਤਾਂ ਸਿੱਖਾਂ ਵਿਚ ਆਦਰ ਨਹੀਂ ਰਹੇਗਾ॥੧੨॥

ਯਾਂਤੇ ਦੇਨੀ ਬਨਹਿ ਸਜ਼ਾਇ। ਇਮ ਬਿਚਾਰ ਕਰਿ ਸ੍ਰੀ ਹਰਿਰਾਇ।
ਮਹਾਂ ਕ੍ਰੋਧ ਤੇ ਸ੍ਰਾਪ ਬਖਾਨੇ। ਸੁਨਤਿ ਸਭਾਸਦ ਸਭਿ ਹੀ ਕਾਨੇ॥ ੧੩॥

ਇਸ ਕਰਕੇ ਉਸ ਨੂੰ ਸਜ਼ਾ ਦੇਣੀ ਬਣਦੀ ਹੈ। ਇਸ ਤਰ੍ਹਾਂ ਵਿਚਾਰ ਕਰਕੇ ਸ੍ਰੀ ਗੁਰੂ ਹਰਿਰਾਇ ਜੀ ਨੇ ਮਹਾਂ ਕ੍ਰੋਧ ਕਰਕੇ ਸਰਾਪ ਦਿੱਤੇ ਤੇ ਸਭਾ ਵਿਚ ਬੈਠੇ ਸਭ ਸਿੱਖਾਂ ਨੂੰ ਸੁਣਾਏ॥੧੩॥

ਭਗਤੂ ਕੇਰ ਨਨਾਵਾ ਨਾਇ। ਤਬਿ ਤੇ ਧਰਜੋ ਨ ਅਪਰ ਅਲਾਇ।
'ਪਾਥਰ ਕੀ ਜੋਨੀ ਤੁਝ ਪਾਵੈਂ। ਕੁਲ ਕੀ ਕੈਲਾਂ ਟੂਟਿ ਟੂਟਿ ਜਾਵੈਂ॥ ੧੪॥

ਭਗਤੂ ਦੇ ਪੁੱਤਰ ਦਾ ਨਾਂ ਨਿਨਾਵਾਂ ਤਦੋਂ ਤੋਂ ਰਖਿਆ ਤੇ ਗੁਰੂ ਜੀ ਫਿਰ ਏਸੇ ਨਾਮ ਨਾਲ ਉਸ ਨੂੰ ਉਚਾਰਦੇ ਸਨ ਤੇ ਹੋਰ ਕੋਈ ਨਾਂ ਨਹੀਂ ਸੀ ਲੈਂਦੇ। ਉਨ੍ਹਾਂ ਫਿਰ ਸਰਾਪ ਦਿੱਤੇ, "ਤੂੰ ਪੱਥਰ ਦੀ ਜੂਨ ਪਾਵੇਂ। ਤੇਰੇ ਪੁੱਤਰ ਧੀਆਂ ਦਰੱਖ਼ਤ ਦੀਆਂ ਲਗਰਾਂ ਵਾਂਗ ਟੁੱਟ ਜਾਣ, ਭਾਵ ਤੇਰੀ ਕੁਲ ਹੀ ਨਾਸ਼ ਹੋ ਜਾਵੇ॥੧੪॥

ਆਂਖਨਿ ਤੇ ਬਿੜਾਲ ਸਮ ਅਹੈਂ। ਕਾਕ ਜੋਨਿ ਕੋ ਮਰਿ ਕਰਿ ਲਹੈਂ।
ਸੂਕਰ, ਕੂਕਰ, ਕੋਕ, ਕੁਰੰਗ। ਕੇਹਰਿ, ਕੁਰਕਟ, ਕੀਰ, ਕੁਲੰਗ॥ ੧੫॥

ਅੱਖਾਂ ਤੇਰੀਆਂ ਬਿਲੇ ਵਾਂਗ ਹਨ, ਮਰ ਕੇ ਤੂੰ ਕਾਂ ਦੀ ਜੂਨ ਪਾਵੇਂ। ਸੂਰ, ਕੁੱਤਾ, ਬਘਿਆੜ, ਹਿਰਨ, ਸ਼ੇਰ, ਕੁਕੜ, ਤੋਤਾ ਅਤੇ ਸਾਰਸ ਦੀ ਜੂਨ ਪਾਵੇਂ॥੧੫॥

ਕਾਨਖਜੂਰ, ਕੁੰਡਲੀ, ਕ੍ਰੋਧੀ। ਜੂਨ ਪਸੂ ਕੀ ਪਰਹਿ ਅਬੋਧੀ!।
ਕੇਕ, ਭੇਕ, ਕਿੰਚੁਲ, ਕਨਕਾਯਾ। ਕੀਟਨਿ ਕੀ ਜੂਨੀ ਸਮੁਦਾਯਾ॥ ੧੬॥

ਤੈਨੂੰ ਕੰਨ ਖਜੂਰੇ ਅਤੇ ਕ੍ਰੋਧੀ ਕੁੰਡਲੀਏ ਸਪ ਦੀ ਜੂਨ ਨਸੀਬ ਹੋਵੇ। ਹੇ ਮੂਰਖ ! ਤੂੰ ਪਸ਼ੂਆਂ ਦੀ ਜੂਨ ਵਿਚ ਪੈ ਜਾਵੇਂ। ਕੇਕੜੇ, ਡੱਡੂ, ਗੰਡੋਏ ਅਤੇ ਅਨ੍ਹੋਹਾਂ ਦੀ ਜੂਨ ਪਾਵੇਂ, ਸਾਰੇ ਕੀੜਿਆਂ ਦੀ ਜੂਨ ਤੈਨੂੰ ਪ੍ਰਾਪਤ ਹੋਵੇ॥੧੬॥

ਪੁਨ ਮੇਘਨਿ ਕੀ ਜੂਨੀ ਪਾਵੈਂ। ਜਗ ਮਹਿਂ ਨੀਰ ਅਤੋਲ ਢੁਕਾਵੈਂ।
ਮਰਹਿਂ ਅੰਤ ਫਾਹੇ ਕੀ ਮੌਤ। ਤਵ ਕੁਲ ਕੇ ਬਹੁ ਜੈ ਹੈਂ ਔਤ'॥ ੧੭॥

ਫਿਰ ਬਦਲਾਂ ਦੀ ਜੂਨ ਪਾਵੇਂ, ਜੱਗ ਵਿਚ ਬਹੁਤ ਭਾਰੀ ਜਲ ਢੋਵੇਂਗਾ ਅਤੇ ਫਾਹੇ ਦੀ ਮੌਤ ਮਰੇਂਗਾ, ਤੇਰੀ ਕੁਲ ਦੇ ਸਾਰੇ ਔਂਤਰੇ ਹੀ ਜਾਣਗੇ"॥੧੭॥

ਇਸ ਬਿਧਿ ਕੇਤਿਕ ਗਿਨੀਅਹਿਂ ਸ੍ਰਾਪ। ਇਕ ਸੈ ਏਕ ਦੀਏ ਗੁਰ ਆਪ।
'ਅਬਿ ਤੇ ਮੁਖ ਨਹਿਂ ਲਗਹਿ ਹਮਾਰੇ। ਰਹੈ ਦੂਰ ਨਹਿਂ ਪਰਹਿ ਨਿਹਾਰੇ॥੧੮॥

ਇਸ ਤਰ੍ਹਾਂ ਕਿੰਨੇ ਸਰਾਪ ਗਿਣੀਏ, ਗੁਰੂ ਜੀ ਨੇ ਆਪ ਇਕ ਸੌ ਇਕ ਸਰਾਪ ਦਿੱਤਾ ਤੇ ਫਿਰ ਕਿਹਾ, "ਹੁਣ ਤੋਂ ਸਾਡੇ ਮੱਥੇ ਨਾ ਲੱਗੇ, ਦੂਰ ਹੀ ਰਹੇ ਸਾਨੂੰ ਦਿਖਾਈ ਨਾ ਦੇਵੇ॥੧੮॥

ਨਹੀਂ ਸਿਪਾਰਸ਼ ਕਰਿ ਹੈ ਕੋਈ। ਕਰਹਿ ਜੁ, ਸੰਗੀ ਤਿਸ ਕੋ ਹੋਈ'।
ਇਮ ਬਹੁ ਦੁਖਦ ਸ੍ਰਾਪ ਗਨ ਕਹੇ। ਜੱਸੇ ਕੋ ਸਿਮਰਤਿ ਰਿਸ ਲਹੇ॥ ੧੯॥

ਉਸ ਦੀ ਕੋਈ ਵੀ ਸਫ਼ਾਰਸ਼ ਨਾ ਕਰੇ, ਜਿਹੜਾ ਕਰੇਗਾ ਉਹ ਉਸ ਦਾ ਸਾਥੀ ਹੋਵੇਗਾ।" ਇਸ ਤਰ੍ਹਾਂ ਬਹੁਤ ਦੁਖਦਾਇਕ ਸਰਾਪ ਦਿੱਤੇ, ਜੱਸੇ ਨੂੰ ਯਾਦ ਕਰਕੇ ਗੁੱਸੇ ਵਿਚ ਆ ਜਾਂਦੇ ਸਨ॥੧੯॥

ਲੋਥ ਮੰਗਾਇ ਦਾਹ ਕਰਿਵਾਇਵ। ਪਿਖਿ ਗੁਰ ਰਿਸ ਕੋ ਸਭਿ ਡਰਪਾਇਵ।
ਏਕ ਨਿਸਾ ਤਬਿ ਰਾਖਜੋ ਡੇਰਾ। ਕਰਜੋ ਕੂਚ ਪੁਨ ਹੇਰਿ ਸਵੇਰਾ॥ ੨੦॥

ਉਸ ਦੀ ਲੋਥ ਮੰਗਵਾ ਕੇ ਸਸਕਾਰ ਕਰਵਾਇਆ। ਗੁਰੂ ਜੀ ਦੇ ਗੁੱਸੇ ਨੂੰ ਵੇਖ ਕੇ ਸਭ ਨੇ ਡਰ ਮੰਨਿਆ। ਇਕ ਰਾਤ ਫਿਰ ਉਥੇ ਡੇਰਾ ਰਖਿਆ, ਫਿਰ ਸਵੇਰ ਵੇਖ ਕੇ ਕੂਚ ਕਰ ਦਿੱਤਾ॥੨੦॥

ਗੋਰੇ ਨਿਕਟਿ ਗਈ ਸੁਧ ਸਾਰੀ। 'ਤਵ ਪਰ ਭਯੋ ਕ੍ਰੋਧ ਗੁਰ ਭਾਰੀ।
ਲੋਕ ਪ੍ਰਲੋਕ ਬਿਖੇ ਸੁਖ ਘਨੇ। ਦੇ ਦੇ ਸ੍ਰਾਪ ਸਕਲ ਹੀ ਹਨੇ'॥ ੨੧॥

ਗੌਰੇ ਦੇ ਪਾਸ ਸਾਰੀ ਖ਼ਬਰ ਪਹੁੰਚ ਗਈ, "ਤੁਹਾਡੇ 'ਤੇ ਗੁਰੂ ਜੀ ਨੇ ਬਹੁਤ ਗੁੱਸਾ ਕੀਤਾ ਹੈ, ਲੋਕ-ਪ੍ਰਲੋਕ ਦਾ ਜਿਹੜਾ ਵੱਡਾ ਸੁਖ ਸੀ, ਉਹ ਸਰਾਪ ਦੇ ਦੇ ਸਾਰਾ ਹੀ ਨਸ਼ਟ ਕਰ ਦਿੱਤਾ ਹੈ" ॥੨੧॥

ਜੇ ਗੁਰ ਭਾਖੇ ਸਕਲ ਸੁਨਾਏ। ਜਾਨੇ ਗੌਰਸਾਲ ਦੁਖਦਾਏ।
ਰਿਦੇ ਤ੍ਰਾਸ ਧਰਿ ਬਨਿ ਕਰਿ ਦੀਨ। ਸੇਵਾ ਕਰਨਿ ਬਿਖੇ ਚਿਤ ਦੀਨਿ॥੨੨॥

ਜਿਹੜੇ ਸਰਾਪ ਗੁਰੂ ਜੀ ਨੇ ਕਹੇ ਸਨ, ਉਹ ਸਾਰੇ ਸੁਣਾਏ। ਗੌਰਾ ਜਾਣ ਕੇ ਬੜਾ ਦੁਖੀ ਹੋਇਆ। ਹਿਰਦੇ ਵਿਚ ਡਰ ਮੰਨ ਕੇ ਦੀਨ ਹੋ ਗਿਆ ਤੇ ਸੇਵਾ ਕਰਨ ਵਿਚ ਚਿਤ ਦੇ ਦਿੱਤਾ॥੨੨॥

ਕਰਿ ਗੁਰ ਕਾਰਜ ਭਲੇ ਰਿਝਾਊਂ। ਨਾਂਹਿ ਤ ਅਪਨੇ ਪ੍ਰਾਨ ਗਵਾਊਂ।
ਦਾਰੁਨ ਸ੍ਰਾਪ ਬਖਸ਼ਿ ਹੈਂ ਜਾਂ ਤੇ। ਮਨ ਬਚ ਕਰਮਨਿ ਸੇਵੌਂ ਤਾਂ ਤੇ॥੨੩॥

ਗੁਰੂ ਜੀ ਦਾ ਕੰਮ ਕਰਕੇ ਉਨ੍ਹਾਂ ਨੂੰ ਚੰਗੀ ਤਰ੍ਹਾਂ ਪ੍ਰਸੰਨ ਕਰਾਂਗਾ, ਨਹੀਂ ਤਾਂ ਆਪਣੇ ਪ੍ਰਾਣ ਦੇ ਦੇਵਾਂਗਾ। ਜਿਸ ਕਰਕੇ ਇਹ ਭਿਆਨਕ ਸਰਾਪ ਬਖਸ਼ ਦੇਣ, ਮਨ, ਬਚਨ ਅਤੇ ਕਰਮ ਕਰਕੇ ਐਸੀ ਸੇਵਾ ਕਮਾਵਾਂਗਾ॥੨੩॥

ਫੁਰਨਹਾਰ ਭੀਖਨ ਦੁਖਦਾਨੀ। ਭਈ ਕ੍ਰੋਧ ਤੇ ਸਤਿਗੁਰ ਬਾਨੀ।
ਹੋਹਿ ਪ੍ਰਸੰਨ ਨ ਬਖਸ਼ਹਿਂ ਜਾਵਦ। ਨਿਸ ਦਿਨ ਸੇਵਾ ਲਾਗੌਂ ਤਾਵਦ॥੨੪॥

ਬੜੀ ਦੁਖਦਾਈ ਅਤੇ ਫਲ ਦਿੱਤੇ ਬਗੈਰ ਨਾ ਟਲਣ ਵਾਲੀ ਬਾਣੀ ਜੋ ਕ੍ਰੋਧ ਨਾਲ ਸਤਿਗੁਰੂ ਤੋਂ ਹੋਈ ਹੈ, ਜਦ ਤਕ ਪ੍ਰਸੰਨ ਹੋ ਕੇ ਬਖਸ਼ ਨਹੀਂ ਦੇਣਗੇ ਤਦ ਤਕ ਰਾਤ ਦਿਨ ਸੇਵਾ ਵਿਚ ਲੱਗਾ ਰਹਾਂਗਾ॥੨੪॥

ਇਮ ਦ੍ਰਿਢ ਮਨ ਕੌ ਕਰਿਕੈ ਗੌਰਾ। ਸੇਵਨ ਹਿਤ ਪ੍ਰਨ ਧਰਿ ਤਿਸ ਠੌਰਾ।
ਗੁਰ ਸੌਂ ਫਰਕ ਕੋਸ ਕੋ ਰਾਖਿ। ਚਢਜੋ ਪਿਛਾਰੀ ਨਿਜ ਹਿਤ ਕਾਂਖਿ॥੨੫॥

ਇਸ ਤਰ੍ਹਾਂ ਗੌਰੇ ਨੇ ਮਨ ਨੂੰ ਦ੍ਰਿੜ੍ਹ ਕਰਕੇ ਸੇਵਾ ਵਾਸਤੇ ਉਸ ਥਾਂ ਪ੍ਰਣ ਧਾਰਨ ਕਰ ਲਿਆ। ਉਹ ਗੁਰੂ ਜੀ ਨਾਲੋਂ ਇਕ ਕੋਹ ਦਾ ਫ਼ਰਕ ਰਖਦਾ ਸੀ, ਆਪਣਾ ਹਿਤ ਜਾਣ ਕੇ ਉਹ ਗੁਰੂ ਜੀ ਦੇ ਪਿੱਛੇ ਸਵਾਰ ਹੋ ਕੇ ਜਾਂਦਾ ਸੀ॥੨੫॥

ਕ੍ਰਮ ਕ੍ਰਮ ਕਰਿ ਘਾਲਤਿ ਮਗ ਡੇਰੇ। ਸੈਨਾ ਗਮਨਤਿ ਸੰਗ ਘਨੇਰੇ।
ਸ੍ਰੀ ਹਰਿਰਾਇ ਪਾਲਕੀ ਮਾਂਹਿ। ਹੋਹਿ ਅਰੂਢਨ ਸੁਖ ਸੌਂ ਜਾਹਿਂ॥੨੬॥

ਯਥਾ ਕ੍ਰਮ ਡੇਰੇ ਦੇ ਰਾਹੇ ਰਾਹ ਚਲ ਰਹੇ ਸਨ, ਬਹੁਤ ਸੈਨਾ ਨਾਲ ਜਾ ਰਹੀ ਸੀ। ਸ੍ਰੀ ਗੁਰੂ ਹਰਿਰਾਇ ਜੀ ਪਾਲਕੀ ਵਿਚ ਸਵਾਰ ਹੋ ਕੇ ਬੜੇ ਸੁਖ ਨਾਲ ਜਾ ਰਹੇ ਸਨ॥੨੬॥

ਗਨ ਦੁੰਦਭਿ ਬਾਜਤ ਸੰਗ ਚਾਲੇ। ਅਯੁਧ ਧਾਰੀ ਸੁਭਟ ਬਿਸਾਲੇ।
ਕਤਹੂੰ ਨਿਕਸਹਿ ਅੱਗ੍ਰ ਕੁਰੰਗ। ਦੇਖਤਿ ਤੂਰਨ ਚਢਹਿਂ ਤੁਰੰਗ॥੨੭॥

ਬਹੁਤ ਨਗਾਰੇ ਵੱਜਦੇ ਨਾਲ ਜਾ ਰਹੇ ਸਨ, ਸੂਰਮਿਆਂ ਵਿਸ਼ਾਲ ਸ਼ਸਤਰ ਧਾਰਨ ਕੀਤੇ ਹੋਏ ਸਨ। ਜੇ ਅੱਗੇ ਕਿਤੇ ਕੋਈ ਹਿਰਨ ਨਿਕਲਦਾ ਸੀ ਤਾਂ ਤੁਰਤ ਪਿੱਛੇ ਘੋੜੇ ਨੂੰ ਭਜਾ ਲੈਂਦੇ ਸਨ॥੨੭॥

ਬਡੇ ਬੇਗ ਤੇ ਚਲਹਿਂ ਧਵਾਇ। ਮਹਾਂ ਬਲੀ ਹਯ ਸਮਤਾ ਬਾਇ।
ਖੰਡ ਘੀਵ ਕਰਿ ਪਾਲਨ ਕੀਨੇ। ਚਪਲ ਚਲਾਕੀ ਮਹਿਂ ਚਿਤ ਦੀਨੇ॥੨੮॥

ਘੋੜਿਆਂ ਨੂੰ ਬਹੁਤ ਤੇਜ਼ ਭਜਾਉਂਦੇ ਸਨ। ਮਹਾਨ ਬਲਵਾਨ ਘੋੜੇ ਪੌਣ ਦਾ ਮੁਕਾਬਲਾ ਕਰਦੇ ਸਨ, ਭਾਵ ਹਵਾ ਵਾਂਗ ਤੇਜ਼ ਦੌੜਦੇ ਸਨ। ਖੰਡ ਘਿਉ ਖਵਾ ਕੇ ਉਹ ਪਾਲੇ ਸਨ, ਜਿਨ੍ਹਾਂ ਨੇ ਚੰਚਲ ਚਾਲਾਕੀ ਵਿਚ ਚਿੱਤ ਲਾਇਆ ਹੋਇਆ ਸੀ॥੨੮॥

ਮ੍ਰਿਗਨਿ ਹਰਾਇ ਧਾਇ ਕੈ ਗਹੈਂ। ਮੇਚਕ ਪ੍ਰਿਸ਼ਟ ਜਿਨਹੁਂ ਕੀ ਅਹੇ।
ਦੀਰਘ ਸ਼੍ਰਿੰਗਨਿ ਤੇ ਗਹਿ ਲੇਤਿ। ਪੁਨ ਦਾਸਨਿ ਪਕਰਾਇ ਸੁ ਦੇਤਿ॥੨੯॥

ਹਿਰਨਾਂ ਨੂੰ ਹਰਾ ਕੇ ਦੌੜ ਕੇ ਫੜ ਲੈਂਦੇ ਸਨ। ਜਿਨ੍ਹਾਂ ਦੀ ਪਿੱਠ ਕਾਲੇ ਰੰਗ ਦੀ ਹੁੰਦੀ ਸੀ ਭਾਵ ਜਿਹੜੇ ਹੀਰੇ ਹਿਰਨ ਹੁੰਦੇ ਸਨ, ਉਨ੍ਹਾਂ ਨੂੰ ਵੱਡੇ-ਵੱਡੇ ਸਿੰਗਾਂ ਤੋਂ ਫੜ ਲੈਂਦੇ ਸਨ, ਫਿਰ ਸੇਵਕਾਂ ਨੂੰ ਫੜਾ ਦਿੰਦੇ ਸਨ॥੨੯॥

ਇਸ ਪ੍ਰਕਾਰ ਮਗ ਕਰਤਿ ਬਿਲਾਸਾ। ਪਾਲਤਿ ਮ੍ਰਿਗਨਿ, ਨ ਹੋਤਿ ਬਿਨਾਸਾ।
ਭਏ ਇਕੱਤ੍ਰ ਹਜ਼ਾਰੋਂ ਜੀਵੰ। ਬਨ ਤੇ ਆਨਿ ਪਾਲਨਾ ਥੀਵੰ॥ ੩੦॥

ਇਸ ਤਰ੍ਹਾਂ ਰਾਹ ਵਿਚ ਅਨੰਦ ਵਿਲਾਸ ਕਰਦੇ ਜਾਂਦੇ ਸਨ। ਹਿਰਨਾਂ ਨੂੰ ਪਾਲਦੇ ਸਨ, ਉਨ੍ਹਾਂ ਨੂੰ ਮਾਰਦੇ ਨਹੀਂ ਸਨ। ਹਜ਼ਾਰਾਂ ਜੀਵ ਇਕੱਠੇ ਕੀਤੇ ਸਨ, ਜੰਗਲ ਤੋਂ ਲਿਆ ਕੇ ਪਾਲਦੇ ਸਨ॥੩੦॥

ਜਹਾਂ ਸਿਵਰ ਕੋ ਘਾਲਹਿਂ ਜਾਇ। ਸੁਨਿ ਗੋਰਾ ਪੀਛੇ ਠਹਿਰਾਇ।
ਕੋਸ ਫਰਕ ਤੇ ਡੇਰਾ ਕਰੈ। ਗੁਰੂ ਰਿਝਾਵਨਿ ਇੱਛਾ ਧਰੈ॥ ੩੧॥

ਜਿਥੇ ਜਾ ਕੇ ਡੇਰਾ ਲਾਉਂਦੇ ਸਨ, ਗੋਰਾ ਸੁਣ ਕੇ ਪਿੱਛੇ ਹੀ ਠਹਿਰ ਜਾਂਦਾ ਸੀ। ਇਕ ਕੋਹ ਦੀ ਵਿੱਥ 'ਤੇ ਡੇਰਾ ਕਰਦਾ ਸੀ ਤੇ ਮਨ ਵਿਚ ਗੁਰੂ ਜੀ ਨੂੰ ਪ੍ਰਸੰਨ ਕਰਨ ਦੀ ਇੱਛਾ ਧਾਰਨ ਕੀਤੀ ਸੀ॥੩੧॥

ਅਪਨੀ ਸੈਨਾ ਰਾਖਹਿ ਸੰਗ। ਬਡੇ ਸੁਭਟ ਬਲਿ ਚਪਲ ਤੁਰੰਗ।
ਨਹਿਂ ਨੇਰੇ ਗੁਰ ਕੇ ਕਬਿ ਹੋਵੈ। ਮਹਾਂ ਕੋਪ ਅਪਨੇ ਪਰ ਜੋਵੈ॥ ੩੨॥

ਆਪਣੀ ਸੈਨਾ ਨੂੰ ਨਾਲ ਰੱਖਦਾ ਸੀ। ਉਸ ਦੇ ਪਾਸ ਬੜੇ ਬਲਵਾਨ ਸੂਰਬੀਰ ਸਨ ਅਤੇ ਬੜੇ ਸ਼ਕਤੀਸ਼ਾਲੀ ਚੰਚਲ ਘੋੜੇ ਸਨ। ਕਦੇ ਵੀ ਗੁਰੂ ਜੀ ਦੇ ਨੇੜੇ ਨਹੀਂ ਸੀ ਹੁੰਦਾ। ਆਪਣੇ ਉੱਤੇ ਗੁਰੂ ਜੀ ਦੇ ਮਹਾਨ ਕ੍ਰੋਧ ਨੂੰ ਸਮਝਦਾ ਹੈ॥੩੨॥

ਦੁਖਦ ਭਯੰਕਰ ਦੀਰਘ ਸ੍ਰਾਪ। ਕਰੋਂ ਪ੍ਰਸੰਨ, ਬਖਸ਼ ਹੈਂ ਆਪ।
ਕੋਸ ਫਰਕ ਤੇ ਸੰਗ ਸਿਧਾਰਹਿ। ਤਿਮ ਹੀ ਅਪਨੋ ਸਿਵਰ ਉਤਾਰਹਿ॥ ੩੩॥

ਬੜੇ ਦੁਖਦਾਇਕ ਅਤੇ ਭਿਆਨਕ ਸਰਾਪ ਹਨ, ਗੁਰੂ ਜੀ ਨੂੰ ਪ੍ਰਸੰਨ ਕਰਾਂਗਾ ਤਾਂ ਆਪੇ ਬਖ਼ਸ਼ ਦੇਣਗੇ। ਇਕ ਕੋਹ ਦੇ ਫਰਕ ਉੱਤੇ ਨਾਲ ਚਲਦਾ ਸੀ ਤੇ ਉਸ ਤਰ੍ਹਾਂ ਇਕ ਕੋਹ ਦੀ ਵਿੱਥ 'ਤੇ ਆਪਣਾ ਡੇਰਾ ਲਾਉਂਦਾ ਸੀ॥੩੩॥

ਆਯੁਧ ਧਾਰੀ ਬੀਰ ਬਿਸਾਲਾ। ਰਣ ਠਾਨਤਿ ਰਿਪੁ ਤੇ ਨਹਿਂ ਚਾਲਾ।
ਇਸ ਬਿਧਿ ਗਮਨਤਿ ਮਗ ਉਲੰਘਾਯੋ। ਸ੍ਰੀ ਕੀਰਤਿਪੁਰ ਤਬਿ ਨਿਯਰਾਯੋ॥੩੪॥

ਸ਼ਸਤਰਧਾਰੀ ਵੱਡੇ ਸੂਰਬੀਰ ਸਨ, ਜਦ ਯੁੱਧ ਕਰਦੇ ਸਨ ਤਾਂ ਵੈਰੀ ਪਾਸੋਂ ਡਰਦੇ ਨਹੀਂ ਸਨ। ਇਸ ਤਰ੍ਹਾਂ ਚਲਦੇ ਸਾਰਾ ਪੈਂਡਾ ਮੁਕਾ ਲਿਆ ਤੇ ਫਿਰ ਕੀਰਤਪੁਰ ਨਗਰ ਨੂੰ ਨੇੜੇ ਆਇਆ ਵੇਖਿਆ॥੩੪॥

ਕੋਸ ਦੂਰ ਪੁਰਿ ਤੇ ਜਹਿਂ ਠੌਰਾ। ਅਪਨਿ ਸੈਨ ਜੁਤਿ ਉਤਰਯੋ ਗੋਰਾ।
ਸ੍ਰੀ ਹਰਿਰਾਇ ਪ੍ਰਵੇਸ਼ੇ ਜਾਇ। ਹਰਖੇ ਨਰ ਨਾਰੀ ਸਮੁਦਾਇ॥ ੩੫॥

ਨਗਰ ਤੋਂ ਇਕ ਕੋਹ ਉੱਤੇ ਜਿਹੜਾ ਸਥਾਨ ਸੀ, ਆਪਣੀ ਸੈਨਾ ਸਹਿਤ ਗੋਰਾ ਓਥੇ ਉਤਰ ਗਿਆ। ਸ੍ਰੀ ਗੁਰੂ ਹਰਿਰਾਇ ਜੀ ਨਗਰੀ ਦੇ ਵਿਚ ਚਲੇ ਗਏ, ਸਾਰੇ ਇਸਤਰੀ ਪੁਰਸ਼ ਵੇਖ ਕੇ ਬਹੁਤ ਪ੍ਰਸੰਨ ਹੋਏ॥੩੫॥

ਚਢਿ ਕੋਠਨਿ ਪਰ ਫੂਲ ਬਸਾਵੈਂ। ਦੇਖਿ ਦੇਖਿ ਸਭਿ ਸੀਸ ਨਿਵਾਵੈਂ।
ਉਤਸਵ ਕਰਯੋ ਅਨੇਕ ਪ੍ਰਕਾਰਾ। ਪੁਰਿ ਪ੍ਰਵਿਸ਼ਯੋ ਸਤਿਗੁਰੂ ਨਿਹਾਰਾ॥ ੩੬॥

ਉਹ ਕੋਠਿਆਂ ਉੱਤੇ ਚੜ੍ਹ ਕੇ, ਫੁੱਲਾਂ ਦੀ ਵਰਖਾ ਕਰਦੇ ਸਨ ਤੇ ਸਾਰੇ ਵੇਖ ਵੇਖ ਕੇ ਸਿਰ ਨਿਵਾਉਂਦੇ ਸਨ। ਅਨੇਕ ਪ੍ਰਕਾਰ ਦੇ ਉਤਸਵ ਕੀਤੇ ਜਦ ਗੁਰੂ ਜੀ ਨੂੰ ਨਗਰ ਵਿਚ ਪ੍ਰਵੇਸ਼ ਕਰਦਿਆਂ ਵੇਖਿਆ॥੩੬॥

ਨਿਜ ਮੰਦਿਰ ਸੁੰਦਰ ਜਹਿਂ ਬਨਜੋ। ਚਿੱਤ੍ਰਤਿ ਅੰਦਰ ਤੇ ਸੁਖ ਸਨਜੋ।
ਵਾਹਨ ਤਜਾਗਿ ਪ੍ਰਵੇਸ਼ੇ ਜਾਇ। ਦੀਹ ਪ੍ਰਯੰਕ ਬਿਛੌਨਾ ਛਾਇ॥ ੩੭॥

ਜਿਥੇ ਆਪਣਾ ਸੁੰਦਰ ਘਰ ਬਣਿਆ ਸੀ ਜਿਹੜਾ ਸੁੱਖ ਸਹਿਤ ਅੰਦਰ ਤੋਂ ਕਈ ਪ੍ਰਕਾਰ ਦੇ ਚਿੱਤਰਾਂ ਨਾਲ ਚਿਤਰਿਆ ਹੋਇਆ ਸੀ, ਸਵਾਰੀਆਂ ਨੂੰ ਛੱਡ ਕੇ ਉਥੇ ਪ੍ਰਵੇਸ਼ ਕਰ ਗਏ, ਵੱਡੇ ਵੱਡੇ ਪਲੰਘ ਅਤੇ ਵਿਛਾਉਣੇ ਪਏ ਸਨ॥੩੭॥

ਦਾਸਨਿ ਆਨਿ ਡਸਾਵਨਿ ਕੀਨਿ। ਸ੍ਰੀ ਹਰਿਰਾਇ ਹੇਰਿ ਆਸੀਨ।
ਚਹੁੰਦਿਸ਼ਿ ਮਾਂਹਿ ਫਰਸ਼ ਜੋ ਹੋਵਾ। ਰੰਗ ਅਨੇਕਨਿ ਕੋ ਸੁਠ ਜੋਵਾ॥ ੩੮॥

ਸੇਵਕਾਂ ਨੇ ਆ ਕੇ ਪਲੰਘ ਡਾਹ ਦਿੱਤਾ ਤੇ ਸਤਿਗੁਰੂ ਹਰਿਰਾਇ ਜੀ ਪਲੰਘ 'ਤੇ ਬਿਰਾਜਮਾਨ ਹੋ ਗਏ। ਚਾਰੇ ਪਾਸੇ ਜਿਹੜੀਆਂ ਵਿਛਾਈਆਂ ਵਿਛੀਆਂ ਸਨ, ਜਿਹੜੀਆਂ ਅਨੇਕ ਰੰਗਾਂ ਨਾਲ ਸ਼ੋਭ ਰਹੀਆਂ ਸਨ॥੩੮॥

ਲੇ ਲੇ ਬਹੁ ਬਿਧਿ ਕੇ ਉਪਹਾਰ। ਪੁਰਿ ਜਨ ਪਹੁੰਚੇ ਆਨੰਦ ਧਾਰਿ।
ਬੰਦਨ ਕਰਿ ਅਰਬਿੰਦ ਚਰਨ ਕੋ। ਦੇਖਤਿ ਦਰਸ਼ਨ ਕਸ਼ਟ ਹਰਨਿ ਕੋ॥ ੩੯॥

ਬਹੁਤ ਪ੍ਰਕਾਰ ਦੇ ਉਪਹਾਰ ਲੈ ਲੈ ਕੇ, ਨਗਰ ਦੇ ਲੋਕ ਅਨੰਦ ਧਾਰ ਕੇ ਉਥੇ ਪਹੁੰਚ ਗਏ। ਗੁਰੂ ਜੀ ਦੇ ਚਰਨ ਕੰਵਲਾਂ 'ਤੇ ਬੰਦਨਾ ਕਰਦੇ ਸਨ ਤੇ ਦੁੱਖ ਦੂਰ ਕਰਨ ਵਾਸਤੇ ਦਰਸ਼ਨ ਕਰਦੇ ਸਨ॥੩੯॥

ਕੁਸ਼ਲ ਪ੍ਰਸ਼ਨ ਸਭਿ ਸੋਂ ਗੁਰ ਕਰਜੋ। 'ਕ੍ਰਿਪਾ ਆਪ ਕੀ' ਤਿਨਹੁ ਉਚਰਜੋ।
'ਪਿਤਾ ਆਪ ਕੇ ਨਗਰ ਬਸਾਯਹੁ। ਨਰ ਨਾਰਿਨਿ ਆਨੰਦ ਉਪਜਾਯਹੁ॥੪੦॥

ਗੁਰੂ ਜੀ ਨੇ ਸਾਰਿਆਂ ਨੂੰ ਸੁਖਸਾਂਦ ਪੁੱਛੀ। ਉਨ੍ਹਾਂ ਨੇ ਅੱਗੋਂ ਕਿਹਾ, "ਤੁਹਾਡੀ ਕ੍ਰਿਪਾ ਹੈ, ਆਪ ਜੀ ਦੇ ਪਿਤਾ ਜੀ ਨੇ ਨਗਰ ਵਸਾਇਆ ਹੈ। ਸਭ ਇਸਤਰੀ ਪੁਰਸ਼ਾਂ ਨੂੰ ਸੁਖ ਅਨੰਦ ਦਿੱਤਾ ਹੈ॥੪੦॥

ਤੁਮ ਭੀ ਨਹਿਂਨ ਬਿਸਾਰਹੁ ਇਨ ਕੋ। ਅਹੋ ਆਸਰਾ ਇਨ ਪੁਰਿ ਜਨ ਕੋ।
ਚਿਰੰਕਾਲ ਬਾਹਰ ਭੀ ਰਹੇ। ਸਦਾ ਪ੍ਰਤੀਖਤਿ ਹਮ ਮਗ ਲਹੇ॥ ੪੧॥

ਤੁਸੀਂ ਵੀ ਇਨ੍ਹਾਂ ਨੂੰ ਨਾ ਵਿਸਾਰੋ, ਤੁਸੀਂ ਇਸ ਨਗਰ ਦੇ ਆਸਰਾ ਹੋ। ਬਹੁਤ ਦੇਰ ਤਕ ਬਾਹਰ ਰਹੇ ਹੋ, ਅਸੀਂ ਸਦਾ ਹੀ ਇੰਤਜ਼ਾਰ ਕਰਦੇ ਰਾਹ ਵੇਖਦੇ ਰਹੇ ਹਾਂ॥੪੦॥

ਅਪਰ ਨਹੀਂ ਇਸ ਪੁਰਿ ਕੋ ਮਾਲਿਕ। ਰਾਖਨਿ ਪਾਲਨਿ ਤੁਮਰੇ ਤਾਲਿਕ'।
ਸੁਨਿ ਕਰਿ ਬੋਲੇ ਸ੍ਰੀ ਹਰਿਰਾਇ। 'ਰਹੇ ਪਿਤਾਮਾ ਜੀ ਇਸ ਥਾਇਂ॥ ੪੨॥

ਹੋਰ ਕੋਈ ਇਸ ਨਗਰ ਦਾ ਮਾਲਕ ਨਹੀਂ ਹੈ, ਰੱਖਣਾ ਪਾਲਣਾ ਤੁਹਾਡੇ ਨਾਲ ਸੰਬੰਧਤ ਹੈ।" ਇਹ ਸੁਣ ਕੇ ਗੁਰੂ ਹਰਿਰਾਇ ਜੀ ਬੋਲੇ, "ਇਸ ਥਾਂ ਸਾਡੇ ਪਿਤਾਮਾ ਜੀ ਰਹਿੰਦੇ ਸਨ॥੪੨॥

ਹਮ ਭੀ ਤਿਮ ਇਤ ਬਾਸ ਕਰੈਂਗੇ। ਪੁਰਿ ਕੋ ਖੇਦ ਨ ਕੋਇ ਧਰੈਂਗੇ।
ਬਸਹੁ ਨਿਚਿੰਤ ਅਨੰਦ ਉਪਜਾਵਹੁ। ਗੁਰ ਗੁਰ ਸਿਮਰਹੁ ਬਿਘਨ ਮਿਟਾਵਹੁ॥੪੩॥

ਅਸੀਂ ਵੀ ਉਸ ਤਰ੍ਹਾਂ ਹੀ ਏਥੇ ਵਸੇਬਾ ਕਰਾਂਗੇ, ਨਗਰ ਨੂੰ ਕਿਸੇ ਪ੍ਰਕਾਰ ਦਾ ਵੀ ਦੁੱਖ ਨਹੀਂ ਦੇਵਾਂਗੇ। ਨਿਸਚਿੰਤ ਹੋ ਕੇ ਵਸੋ ਤੇ ਆਨੰਦ ਮਾਣੋ ਤੇ ਗੁਰੂ ਗੁਰੂ ਸਿਮਰ ਕੇ ਵਿਘਨਾਂ ਨੂੰ ਦੂਰ ਕਰੋ"॥੪੩॥

ਸ੍ਰੀ ਹਰਿ ਕ੍ਰਿਸ਼ਨ ਚੰਦ ਕੋ ਪਾਸ। ਆਨਜੋ ਗੋਦ ਉਠਾਏ ਦਾਸ।
ਪਿਤ ਕੇ ਸਨਮੁਖ ਹ੍ਵੈ ਕਰਿ ਠਾਢੇ। ਕਰੀ ਨਮੋ ਸੁ ਚਾਉ ਚਿਤ ਬਾਢੇ॥ ੪੪॥

ਸੇਵਕ ਸ੍ਰੀ ਹਰਿਕ੍ਰਿਸ਼ਨ ਜੀ ਨੂੰ ਗੋਦੀ ਵਿਚ ਚੁੱਕ ਕੇ ਲਿਆਇਆ ਤੇ ਉਹ ਆਪਣੇ ਪਿਤਾ ਜੀ ਦੇ ਸਾਹਮਣੇ ਖੜੇ ਹੋ ਗਏ ਤੇ ਨਮਸਕਾਰ ਕਰਕੇ ਆਪਣੇ ਚਿੱਤ ਦੇ ਚਾਅ ਨੂੰ ਵਧਾਇਆ॥੪੪॥

ਲਘੁ ਸੁਤ ਕੋ ਪਿਖਿ ਗਹਿ ਕਰਿ ਬਾਹੂ। ਲੀਏ ਬਿਠਾਇ ਅੰਕ ਕੇ ਮਾਹੂ।
ਮੁਖ ਹੇਰਤਿ ਫੇਰਤਿ ਸਿਰ ਹਾਥ। ਜਾਨਹਿਂ ਬਨਹਿਂ ਤਖਤ ਕੋ ਨਾਥ॥ ੪੫॥

ਛੋਟੇ ਪੁੱਤਰ ਨੂੰ ਵੇਖ ਕੇ ਬਾਹਾਂ ਤੋਂ ਫੜ ਕੇ ਚੁੱਕ ਕੇ ਗੋਦੀ ਵਿਚ ਬਿਠਾ ਲਿਆ। ਮੁਖੜੇ ਵੱਲ ਵੇਖ ਕੇ ਸਿਰ 'ਤੇ ਹੱਥ ਫੇਰਿਆ। ਜਾਣਦੇ ਸਨ ਕਿ ਇਹ ਤਖਤ ਦਾ ਮਾਲਕ ਬਣੇਗਾ॥੪੫॥

ਪੁਨ ਉਠਿ ਕਰਿ ਤਹਿਂ ਜਲਧਿ ਬਿਬੇਕਾ। ਮਾਤਾ ਨੇਤੀ ਪਗ ਸਿਰ ਟੇਕਾ।
ਸੁਤ ਕੋ ਪਿਖਤਿ ਆਸ਼ਿਖਾ ਦਈ। ਰਿਦੇ ਅਨੰਦ ਪ੍ਰਫੁੱਲਿਤ ਭਈ॥ ੪੬॥

ਫਿਰ ਗਿਆਨ ਦੇ ਸਾਗਰ ਭਾਵ ਗੁਰੂ ਜੀ ਨੇ ਉਥੋਂ ਉੱਠ ਕੇ ਆਪਣੀ ਮਾਤਾ ਨੇਤੀ ਦੇ ਚਰਨਾਂ 'ਤੇ ਮੱਥਾ ਟੇਕਿਆ। ਉਸ ਨੇ ਪੁੱਤਰ ਨੂੰ ਵੇਖ ਕੇ ਅਸੀਸ ਦਿੱਤੀ ਤੇ ਹਿਰਦੇ ਵਿਚ ਆਨੰਦ ਨਾਲ ਖਿੜ ਗਈ॥੪੬॥

ਪੁਨ ਸਭਿ ਮਹਿਲਾ ਦਰਸ਼ਨ ਕੀਨਿ। ਬੰਦਹਿਂ ਪਦ ਰਿਦ ਮੁਦ ਮਹਿਂ ਲੀਨਿ।
ਇਸ ਬਿਧਿ ਕੀਰਤਿ ਪੁਰਿ ਮਹਿਂ ਜਾਇ। ਬਸੇ ਆਨਿ ਸ੍ਰੀ ਗੁਰ ਹਰਿਰਾਇ॥੪੭॥

ਫਿਰ ਸਾਰੀਆਂ ਮਹਿਲਾਂ ਨੇ ਦਰਸ਼ਨ ਕੀਤੇ, ਹਿਰਦੇ ਵਿਚ ਪ੍ਰਸੰਨ ਹੋ ਕੇ ਚਰਨਾਂ 'ਤੇ ਬੰਦਨਾ ਕੀਤੀ। ਇਸ ਤਰ੍ਹਾਂ ਕੀਰਤਪੁਰ ਵਿਚ ਆ ਕੇ, ਸ੍ਰੀ ਗੁਰੂ ਹਰਿਰਾਇ ਜੀ ਵੱਸ ਗਏ॥੪੭॥

*ਦਸਵੀਂ ਰਾਸ ਦਾ ਗਿਆਰ੍ਹਵਾਂ ਅਧਿਆਇ ਸਮਾਪਤ ਹੋਇਆ॥੧੧॥*

## ਅਧਿਆਇ ਬਾਰ੍ਹਵਾਂ

### *ਸ੍ਰੀ ਗੁਰੂ ਜੀ ਦਾ ਨਿੱਤ ਦਾ ਕਾਰਜ*

ਦੋਹਰਾ- ਖਸ਼ਟ ਮਾਸ ਪੁਰਿ ਮਹਿਂ ਬਸੇ ਨਾਨਾ ਕਰਤਿ ਬਿਲਾਸ।
ਚਹੁੰਦਿਸ਼ਿ ਕੀ ਗਨ ਸੰਗਤਾਂ ਸੰਗ ਮਸੰਦ ਸੁ ਦਾਸ॥ ੧॥

ਕਈ ਪ੍ਰਕਾਰ ਦੇ ਅਨੰਦ ਵਿਲਾਸ ਕਰਦੇ ਛੇ ਮਹੀਨੇ ਨਗਰ ਵਿਚ ਰਹੇ। ਚਾਰੇ ਪਾਸਿਆਂ ਦੀਆਂ ਸੰਗਤਾਂ ਮਸੰਦਾਂ ਅਤੇ ਸੇਵਕਾਂ ਸਹਿਤ ਆ ਰਹੀਆਂ ਸਨ॥੧॥

ਚੌਪਈ- ਲੈ ਲੈ ਅਨਿਕ ਅਕੋਰਨਿ ਆਵੈਂ। ਦਰਸਹਿਂ ਮਨੋ ਕਾਮਨਾ ਪਾਵੈਂ।
ਦੇਸ਼ ਬਿਦੇਸ਼ ਜਗਤ ਮਹਿਂ ਸਾਰੇ। ਗੁਰ ਕੀਰਤਿ ਪਸਰੀ ਸੁਖ ਸਾਰੇ॥੨॥

ਸੰਗਤਾਂ ਅਨੇਕਾਂ ਪ੍ਰਕਾਰ ਦੇ ਉਪਹਾਰ ਲੈ ਕੇ ਆਉਂਦੀਆਂ ਸਨ ਤੇ ਗੁਰੂ ਜੀ ਦੇ ਦਰਸ਼ਨ ਕਰਕੇ ਮਨੋਕਾਮਨਾਵਾਂ ਪੂਰੀਆਂ ਕਰਦੀਆਂ ਸਨ। ਦੇਸ਼ ਵਿਦੇਸ਼ ਸਾਰੇ ਜਗਤ ਵਿਚ ਸੁਖਦਾਇਕ ਗੁਰੂ ਜੀ ਦੀ ਕੀਰਤੀ ਫੈਲੀ ਹੋਈ ਸੀ॥੨॥

ਦੀਪਮਾਲ ਬੈਸਾਖੀ ਆਦਿ। ਮੇਲਾ ਹੋਇ ਸੰਤ ਸੰਬਾਦ।
ਭਜਨ ਕੀਰਤਨ ਆਠਹੁੰ ਜਾਮੂ। ਕੇਤਿਕ ਲਿਵ ਲਾਗੀ ਸਤਿ ਨਾਮੂ॥ ੩॥

ਦੀਵਾਲੀ, ਵੈਸਾਖੀ ਆਦਿ ਸਮੇਂ ਮੇਲਾ ਲੱਗਦਾ ਸੀ ਤੇ ਸੰਤਾਂ ਦਾ ਆਪਸ ਵਿਚ ਵਾਰਤਾਲਾਪ ਹੁੰਦਾ ਸੀ। ਭਜਨ ਕੀਰਤਨ ਅੱਠੇ ਪਹਿਰ ਹੁੰਦਾ ਸੀ, ਕਈਆਂ ਦੀ ਸਤਿਨਾਮ ਨਾਲ ਲਿਵ ਲੱਗੀ ਹੋਈ ਸੀ॥੩॥

ਸਿੱਖ ਅਨੇਕ ਮੰਜੀਅਨਿ ਵਾਰੇ। ਨਿਜ ਨਿਜ ਸੰਗਤਿ ਕੀਨਿ ਉਦਾਰੇ।
ਫੁਰਹਿ ਬਾਕ ਤੂਰਨ ਬਰ ਸ੍ਰਾਪੇ। ਅਜ਼ਮਤ ਜੁਤਿ ਗਨ, ਗੁਰੂ ਸਥਾਪੇ॥ ੪॥

ਅਨੇਕਾਂ ਮੰਜੀਆਂ ਵਾਲੇ ਸਿੱਖਾਂ, ਆਪਣੀਆਂ ਵੱਡੀਆਂ-ਵੱਡੀਆਂ ਸੰਗਤਾਂ ਬਣਾਈਆਂ ਸਨ। ਜਿਵੇਂ ਵਰ ਸਰਾਪ ਦਾ ਬਚਨ ਕਰਦੇ ਸਨ ਤੁਰਤ ਪੂਰਾ ਹੋ ਜਾਂਦਾ ਸੀ, ਜਿਨ੍ਹਾਂ ਨੂੰ ਗੁਰੂ ਜੀ ਨੇ ਥਾਪਿਆ ਸੀ, ਉਹ ਸਾਰੇ ਕਰਾਮਾਤ ਸਹਿਤ ਹੋ ਗਏ ਸਨ॥੪॥

ਸੋ ਸਭਿ ਦਰਸ਼ਨ ਕੋ ਚਲਿ ਆਵੈਂ। ਵਸਤੁ ਅਜਾਇਬ ਗੁਰ ਹਿਤ ਲਜਾਵੈਂ।
ਚੱਕ੍ਰਵਰਤਿ ਜਿਮ ਮਹਾਂ ਅਧੀਸ਼। ਸਭਿ ਨ੍ਰਿਪ ਆਇ ਨਿਵਾਵੈਂ ਸੀਸ॥ ੫॥

ਉਹ ਸਾਰੇ ਦਰਸ਼ਨ ਕਰਨ ਵਾਸਤੇ ਚਲ ਕੇ ਆਉਂਦੇ ਸਨ ਤੇ ਅਜੀਬ ਵਸਤਾਂ ਗੁਰੂ ਜੀ ਵਾਸਤੇ ਲਿਆਉਂਦੇ ਸਨ। ਜਿਵੇਂ ਪ੍ਰਿਥਵੀ ਪਤੀ ਚਕਰਵਰਤੀ ਰਾਜੇ ਹੁੰਦੇ ਹਨ, ਸਾਰੇ ਰਾਜੇ ਆ ਕੇ ਸਿਰ ਨਿਵਾਉਂਦੇ ਸਨ॥੫॥

ਤਥਾ ਤਖਤ ਪਰ ਸ਼੍ਰੀ ਹਰਿਰਾਇ। ਦੇਤਿ ਦਾਨ ਬਹੁ ਰਹੇ ਸੁਹਾਇ।
ਮਨੋ ਕਾਮਨਾ ਮਨ ਤੇ ਜਾਚੈਂ। ਕੇਤਿਕ ਜਾਚਤਿ ਬਚਨ ਉਬਾਚੈਂ॥ ੬॥

ਉਸ ਤਰ੍ਹਾਂ ਹਰਿਰਾਇ ਜੀ ਤਖ਼ਤ 'ਤੇ ਬੈਠਦੇ ਸਨ, ਦਾਤਾਂ ਦੇ ਕੇ ਬਹੁਤ ਸ਼ੋਭ ਰਹੇ ਸਨ। ਕਈ ਮਨੋਕਾਮਨਾਵਾਂ ਮਨ ਵਿਚ ਧਾਰ ਕੇ ਮੰਗਦੇ ਸਨ, ਕਈ ਮਨੋਂਕਾਮਨਾਵਾਂ ਮੰਗਣ ਲੱਗੇ ਮੂੰਹ ਨਾਲ ਬੋਲ ਕੇ ਕਹਿੰਦੇ ਸਨ॥੬॥

ਗੁਪਤਿ ਬਿਦਤਿ ਦਾਸਨਿ ਕੀ ਆਸ। ਪੂਰਵਤਿ ਸਗਰੀ ਦੇਤਿ ਹੁਲਾਸ।
ਕੇਚਿਤ ਪੁੱਤ੍ਰ ਕਾਮਨਾ ਪਾਵੈਂ। ਕੇਚਿਤ ਬਿਤ ਪ੍ਰਾਪਤਿ ਹਰਖਾਵੈਂ॥ ੭॥

ਗੁਪਤ ਪ੍ਰਗਟ ਸੇਵਕਾਂ ਦੀ ਆਸ ਹਰ ਪ੍ਰਕਾਰ ਨਾਲ ਪੂਰੀ ਕਰਕੇ ਉਨ੍ਹਾਂ ਨੂੰ ਪ੍ਰਸੰਨ ਕਰਦੇ ਸਨ। ਕਈ ਤਾਂ ਪੁੱਤਰਾਂ ਦੀਆਂ ਕਾਮਨਾਵਾਂ ਪਾਉਂਦੇ ਸਨ। ਕਈ ਧਨ ਪ੍ਰਾਪਤ ਕਰਕੇ ਪ੍ਰਸੰਨ ਹੁੰਦੇ ਸਨ॥੭॥

ਕੇਚਿਤ ਤਨ ਅਰੋਗਤਾ ਜਾਚੈਂ। ਕੇਚਿਤ ਬਿਘਨ ਬਿਨਾਸਿ ਉਬਾਚੈਂ।
ਕੇਚਿਤ ਭੀਰ ਪਰਹਿ ਜਬਿ ਆਇ। ਜਾਚਤਿ ਬਨਿ ਕੈ ਦੀਨ ਸਹਾਇ॥ ੮॥

ਕਈ ਤਨ ਦੀ ਅਰੋਗਤਾ ਮੰਗਦੇ ਸਨ, ਕਈ ਵਿਘਨਾਂ ਨੂੰ ਦੂਰ ਕਰਨ ਦੀ ਬੇਨਤੀ ਕਰਦੇ ਸਨ। ਕਈ ਕਿਸੇ ਪ੍ਰਕਾਰ ਦੀ ਭੀੜ ਪੈਣ 'ਤੇ ਆਉਂਦੇ ਸਨ ਤਾਂ ਉਹ ਦੀਨ ਬਣ ਕੇ ਸਹਾਇਤਾ ਮੰਗਦੇ ਸਨ॥੮॥

ਕੋ ਕੌ ਕਾਰਜ ਗਿਨੀਅਹਿਂ ਜਗ ਕੇ। ਪਾਵਹਿਂ ਨਿਕਟਿ ਗੁਰੂ ਸਰਬਗ ਕੇ।
ਗਾਦੀ ਉਚਿਤ ਬੈਠਿ ਛਬਿ ਪਾਵੈਂ। ਭਟ ਚਹੁੰ ਦਿਸ਼ਾ ਦਿਵਾਨ ਲਗਾਵੈਂ॥ ੯॥

ਜੱਗ ਦਾ ਕਿਹੜਾ ਕਿਹੜਾ ਕਾਰਜ ਗਿਣੀਏ, ਉਹ ਸਰਬ ਸਮਰੱਥ ਗੁਰੂ ਜੀ ਪਾਸੋਂ ਪਾਉਂਦੇ ਸਨ। ਉੱਚੀ ਗੱਦੀ 'ਤੇ ਬੈਠ ਕੇ ਸ਼ੋਭਾ ਪਾਉਂਦੇ ਸਨ ਤੇ ਭੱਟ ਚਾਰੇ ਪਾਸੇ ਦੀਵਾਨ ਲਗਾਉਂਦੇ ਸਨ॥੯॥

ਚੌਰਦਾਰ ਢੋਰਤਿ ਬਰ ਚੌਰ। ਚੋਬਦਾਰ ਠਾਢੇ ਬਡ ਪੌਰ।
ਹਾਥ ਲਸ਼ਟਕਾ ਕੰਚਨ ਧਾਰੈਂ। ਹੁਕਮ ਗੁਰੂ ਕੋ ਅੱਗ੍ਰ ਉਚਾਰੈਂ॥ ੧੦॥

ਚੋਰਬਰਦਾਰ ਆ ਕੇ ਚੌਰ ਕਰਦਾ ਸੀ ਤੇ ਚੋਬਦਾਰ ਦਰਵਾਜ਼ੇ ਵਿਚ ਖੜਾ ਹੁੰਦਾ ਸੀ। ਸੋਨੇ ਦੀ ਲਾਠੀ ਨੂੰ ਉਹ ਹੱਥ ਵਿਚ ਫੜਦਾ ਸੀ ਤੇ ਗੁਰੂ ਜੀ ਦਾ ਹੁਕਮ ਅੱਗੇ ਉਚਾਰਨ ਕਰਦਾ ਸੀ॥੧੦॥

ਭਾਟ ਨਕੀਬ ਸੁਜਸੁ ਕੋ ਕਹੈਂ। ਬ੍ਰਿੰਦ ਢਲੈਤ ਖਰੇ ਦ੍ਰਿਢ ਰਹੈਂ।
ਸੂਰਜਮੁਖੀ ਸੁਹਾਇ ਅਗਾਰੀ। ਜਗਮਗਾਤ ਸੂਰਜ ਅਨੁਹਾਰੀ॥ ੧੧॥

ਭੱਟ ਨਕੀਬ ਸ੍ਰੇਸ਼ਟ ਜਸ ਕਹਿੰਦੇ ਸਨ ਤੇ ਕਈ ਸੂਰਬੀਰ ਪਹਿਰੇ 'ਤੇ ਪਕੀ ਤਰ੍ਹਾਂ ਖੜੇ ਰਹਿੰਦੇ ਸਨ। ਸੂਰਜਮੁਖੀ ਪੱਖਾ ਅੱਗੇ ਸੋਭਦਾ ਸੀ ਤੇ ਸੂਰਜ ਵਾਂਗ ਜਗਮਗ ਕਰਦਾ ਸੀ॥੧੧॥

ਖਰੇ ਮੇਵੜੇ ਸੰਗਤਿ ਕੇਰੇ। ਕਰਿ ਅਰਦਾਸ ਸੁਨਾਇ ਅਗੇਰੇ।
ਧਨੀ ਮਸੰਦਨਿ ਤੇ ਪਰਿਵਾਰਤਿ। ਚਹੁੰਦਿਸ਼ਿ ਤੇ ਬਾਕਨਿ ਸਤਿਕਾਰਤਿ॥੧੨॥

ਸੰਗਤ ਦੇ ਅਰਦਾਸੀਏ ਖੜੇ ਸਨ ਤੇ ਉਹ ਅਰਦਾਸ ਕਰਕੇ ਅੱਗੇ ਸੁਣਾਉਂਦੇ ਸਨ। ਧਨੀ ਮਸੰਦਾਂ ਨਾਲ ਘਿਰੇ ਹੋਏ ਹਨ ਤੇ ਉਹ ਆ ਕੇ ਚਾਰੇ ਪਾਸਿਆਂ ਤੋਂ ਸਤਿਕਾਰ ਦੇ ਬਚਨ ਕਹਿੰਦੇ ਹਨ॥੧੨॥

ਅਨਿਕ ਅਕੋਰਨਿ ਕੇ ਅੰਬਾਰੇ। ਹੋਤਿ ਜਾਤਿ ਹੈਂ ਗੁਰੂ ਅਗਾਰੇ।
ਕਰ ਜੁਗ ਜੋਰਿ ਜੋਰਿ ਚਹੁੰ ਓਰ। ਜਾਚਹਿਂ ਰਾਚਹਿਂ ਚਰਨ ਨਿਹੋਰਿ॥ ੧੩॥

ਅਨੇਕ ਉਪਹਾਰਾਂ ਦੇ ਢੇਰ ਗੁਰੂ ਜੀ ਅੱਗੇ ਇਕੱਠੇ ਹੁੰਦੇ ਜਾਂਦੇ ਹਨ। ਚਾਰੇ ਪਾਸਿਆਂ ਤੋਂ ਦੋਵੇਂ ਹੱਥ ਜੋੜ ਜੋੜ ਕੇ ਚਰਨਾਂ ਵਿਚ ਬਿਨੈ ਕਰਕੇ ਮੰਗਣ ਵਿਚ ਰਚਦੇ ਹਨ ਭਾਵ ਪ੍ਰੀਤਵਾਨ ਹੋ ਕੇ ਮੰਗਦੇ ਹਨ॥੧੩॥

ਕਬਿ ਕਬਿ ਕ੍ਰਿਪਾ ਦ੍ਰਿਸ਼ਟਿ ਕੋ ਡਾਰੈਂ। ਸਭਿ ਦਿਸ਼ਿ ਸੰਗਤਿ ਖਰੀ ਨਿਹਾਰੈਂ।
ਇਕ ਸੌ ਇਕ ਪਾਲਨਿ ਕੋ ਜਾਮਾ। ਸੂਖਮ ਬਸਤ੍ਰ ਪਹਿਰਿ ਅਭਿਰਾਮਾ॥੧੪॥

ਗੁਰੂ ਜੀ ਕਦੀ ਕਦੀ ਕਿਰਪਾ ਦੀ ਦ੍ਰਿਸ਼ਟੀ ਪਾਉਂਦੇ ਹਨ ਤੇ ਸਾਰੇ ਪਾਸੇ ਖੜੀ ਸੰਗਤ ਨੂੰ ਵੇਖਦੇ ਹਨ। ਇਕ ਸੌ ਇਕ ਕਲੀਆਂ ਵਾਲਾ ਜਾਮਾ ਪਾਉਂਦੇ ਹਨ ਤੇ ਸੁੰਦਰ ਅਤੇ ਕੋਮਲ ਕਪੜੇ ਪਹਿਨਦੇ ਹਨ॥੧੪॥

ਬਹੁਤ ਮੋਲ ਕੋ ਲਲਿਤ ਦੁਕੂਲ। ਡਾਰਜੋ ਰਹੈ ਦੀਹ ਭੁਜਮੂਲ।
ਮੁਕਤਾਲਨਿ ਕੀ ਮਾਲ ਬਿਸਾਲਾ। ਉੱਜਲ ਗੋਲ ਦਿਪਤਿ ਦੁਤਿ ਜਾਲਾ॥੧੫॥

ਬਹੁਤ ਕੀਮਤੀ ਰੇਸ਼ਮੀ ਕਪੜਾ ਭਾਰੀ ਮੋਢਿਆਂ 'ਤੇ ਪਾਈ ਰਖਦੇ ਹਨ। ਸਫ਼ੈਦ ਤੇ ਗੋਲ ਮੋਤੀਆਂ ਦੀ ਵੱਡੀ ਮਾਲਾ ਬਹੁਤ ਚਮਕਦੀ ਹੋਈ ਸ਼ੋਭਾ ਪਾਉਂਦੀ ਹੈ॥੧੫॥

ਬਿਚ ਲਲੰਤਕਾ ਲੁਲਿਤ ਲਲਾਮੂ। ਹੀਰੇ ਬਡੇ ਜਟਿਤਿ ਅਭਿਰਾਮ।
ਨਵਰਤਨੇ ਭੁਜਦੰਡ ਬਿਰਾਜੇ। ਨਵ ਗ੍ਰੈਹ ਨਿਜ ਦੁਤਿਜਨੁ ਉਪਰਾਜੇ॥ ੧੬॥

ਨਾਭੀ ਤੱਕ ਲਟਕਣ ਵਾਲੀ ਸੁੰਦਰ ਮਾਲਾ ਲਟਕ ਰਹੀ ਹੈ। ਬੜੇ ਸੁੰਦਰ ਹੀਰੇ ਜੜੇ ਹਨ। ਨੌਂ ਰਤਨ ਬਾਹਾਂ ਨਾਲ ਸ਼ੋਭ ਰਹੇ ਹਨ ਮਾਨੋਂ ਨੌਂ ਗ੍ਰਹਿ ਆਪਣੀ ਸ਼ੋਭਾ ਪੈਦਾ ਕਰ ਰਹੇ ਹਨ॥੧੬॥

ਜਾਤਰੂਪ ਕੇ ਕਟਕ ਸੁਹਾਇ। ਕੋਰ ਦਾਰ ਜਟਿਤੀ ਸਮੁਦਾਇ।
ਛਾਪ ਛਲਾਯਨਿ ਸ਼ੋਭਤਿ ਹੀਰੇ। ਰਚੇ ਚਕੋਰ ਚਾਰੁ ਰੁਚਿ ਚੀਰੇ॥ ੧੭॥

ਸੋਨੇ ਦੇ ਕੜੇ ਸੁਹਾ ਰਹੇ ਹਨ, ਜਿਨ੍ਹਾਂ ਵਿਚ ਕਿਨਾਰੇਦਾਰ ਜੜਾਈ ਹੋਈ ਹੈ। ਛਾਪਾਂ ਛਲਿਆਂ ਵਿਚ ਹੀਰੇ ਸ਼ੋਭ ਰਹੇ ਹਨ, ਜਿਹੜੇ ਸੁੰਦਰ ਚੀਰ ਕੇ ਚਕੋਰ ਬਣਾਏ ਹਨ॥੧੭॥

ਦੁਇ ਮੁਖ ਮੰਡਲ ਕਾਨਨ ਕੁੰਡਲ। ਡੋਲਤਿ, ਸ਼ੋਭਤਿ ਮਨਹੁੰ ਅਖੰਡਲ।
ਸੁੰਦਰ ਸੂਖਮ ਸਿਰ ਉਸ਼ਨੀਕ। ਊਪਰ ਜਿਗਾ ਬੰਧਿ ਬਿਧਿ ਨੀਕ॥ ੧੮॥

ਮੁਖ ਮੰਡਲ ਤੇ ਕੰਨਾਂ ਵਿਚ ਕੁੰਡਲ ਪਾਏ ਹਨ, ਹਿਲਦੇ ਇਸ ਤਰ੍ਹਾਂ ਸ਼ੋਭਾ ਪਾਉਂਦੇ ਹਨ ਮਾਨੋਂ ਇੰਦਰ ਦੇਵਤਾ ਨੇ ਪਾਏ ਹੋਣ। ਸੁੰਦਰ ਸੂਖਮ ਸਿਰ 'ਤੇ ਦਸਤਾਰ ਸਜਾਈ ਹੈ ਤੇ ਉਸ ਦੇ ਉਪਰ ਚੰਗੀ ਵਿਧੀ ਅਨੁਸਾਰ ਜਿਗ੍ਹਾ ਬੰਨ੍ਹੀ ਹੈ॥੧੮॥

ਮਨਹੁਂ ਸ਼ਾਂਤਿ ਰਸ ਕੇ ਧਰਿ ਬੇਸ। ਸੋਹਤਿ ਸੂਰਜ ਗਯਾਨ ਵਿਸ਼ੇਸ਼।
ਬੋਲ ਅਮੋਲਕ ਕੋਮਲ ਮੀਠੇ। ਮੁਖ ਤੇ ਨਿਕਸਤਿ ਚਿਤ ਕੋ ਈਠੇ॥ ੧੯॥

ਮਾਨੋਂ ਸ਼ਾਂਤ ਰਸ ਦਾ ਭੇਸ ਧਾਰਨ ਕਰਕੇ ਗਿਆਨ ਦੇ ਸੂਰਜ ਭਾਵ ਗੁਰੂ ਜੀ ਵਿਸ਼ੇਸ਼ ਤੌਰ ਤੇ ਸ਼ੋਭ ਰਹੇ ਹਨ। ਅਮੋਲਕ ਬੋਲ ਕੋਮਲ ਅਤੇ ਮਿੱਠੇ ਹਨ ਜਿਹੜੇ ਮੁਖ ਵਿਚੋਂ ਨਿਕਲ ਕੇ ਚਿਤ ਨੂੰ ਮੋਹ ਲੈਂਦੇ ਹਨ॥੧੯॥

ਕਮਲ ਪਾਂਖਰੀ ਆਂਖ ਬਿਸਾਲਾ। ਕ੍ਰਿਪਾ ਭਰੀ ਤੇ ਪਿਖਹਿਂ ਕ੍ਰਿਪਾਲਾ।
ਗਰ ਸ਼ਮਸ਼ੇਰ ਧਰੀ ਖਰ ਧਾਰਾ। ਜਟਤਿ ਜਵਾਹਰ ਮੁਸ਼ਟ ਸੁਧਾਰਾ॥ ੨੦॥

ਕੰਵਲ ਦੀਆਂ ਪੰਖੜੀਆਂ ਵਰਗੀਆਂ ਵੱਡੀਆਂ ਵੱਡੀਆਂ ਅੱਖਾਂ ਹਨ। ਗਲ ਵਿਚ ਤਿੱਖੀ ਧਾਰ ਵਾਲੀ ਕਿਰਪਾਨ ਧਾਰਨ ਕੀਤੀ ਹੋਈ ਹੈ, ਜਿਸ ਦੀ ਮੁੱਠੀ ਨੂੰ ਸੁਧਾਰ ਕੇ ਹੀਰੇ ਜਵਾਹਰਾਤ ਜੜੇ ਹੋਏ ਹਨ॥੨੦॥

ਸਰ ਤੀਖਨ ਭੀਖਨ ਤੇ ਭਰਜੋ। ਤਰਕਸ਼ ਮੁਕਤਾ ਗੁੱਛਨਿ ਜਰਜੋ।
ਧਰਹਿ ਧਨੁਖ ਕੋ ਅਧਿਕ ਕਠੋਰ। ਐਂਚਜੋ ਜਾਇ ਨ ਨਰ ਕੇ ਜੋਰ॥ ੨੧॥

ਭੱਥਾ ਤਿੱਖੇ ਤੀਰਾਂ ਨਾਲ ਭਰਿਆ ਹੈ ਤੇ ਕਮਾਨ ਨੂੰ ਮੋਤੀਆਂ ਦੇ ਗੁੱਛੇ ਜੜੇ ਹੋਏ ਹਨ। ਬੜਾ ਸਖ਼ਤ ਧਨੁੱਖ ਰਖਦੇ ਹਨ, ਆਮ ਮਨੁੱਖ ਜਿਸ ਨੂੰ ਖਿੱਚ ਨਹੀਂ ਸਕਦਾ॥੨੧॥

ਸਰਬ ਸ਼ਸਤ੍ਰ ਕਬਿ ਨਿਕਟਿ ਧਰਾਵੈਂ। ਕਬਿਹੂੰ ਅਪਨੇ ਅੰਗ ਲਗਾਵੈਂ।
ਬਾਕ ਪਿਤਾਮੇ ਕੋ ਨਿਤ ਪਾਲਤਿ। ਜਿਸ ਕਾਰਨ ਤੇ ਜੰਗ ਨ ਡਾਲਤਿ॥ ੨੨॥

ਕਈ ਵਾਰ ਸਾਰੇ ਸ਼ਸਤਰਾਂ ਨੂੰ ਆਪਣੇ ਪਾਸ ਰਖਵਾ ਲੈਂਦੇ ਹਨ। ਕਈ ਵਾਰ ਆਪਣੇ ਸਰੀਰ 'ਤੇ ਪਹਿਣ ਲੈਂਦੇ ਹਨ। ਆਪਣੇ ਪਿਤਾਮਾ ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਬਚਨਾਂ ਦੀ ਸਦਾ ਪਾਲਣਾ ਕਰਦੇ ਹਨ, ਜਿਸ ਕਰਕੇ ਯੁੱਧ ਨਹੀਂ ਕਰਦੇ ਹਨ॥੨੨॥

ਤੁਰਕਾਦਿਕ ਜੇ ਰਿਪੁ ਹੁਇ ਆਵੈ। ਔਚਕ ਬਿਘਨ ਤਿਨਹੁਂ ਪਰਿ ਜਾਵੈ।
ਆਇ ਸਕਹਿਂ ਨਹਿਂ ਨਿਕਟਿ ਅਰਾਤੀ। ਬਿਨਸਤਿ ਬਿਨਾਂ ਬਾਰ ਬਿਨ ਘਾਤੀ॥੨੩॥

ਤੁਰਕ ਆਦਿ ਜੇ ਵੈਰੀ ਬਣ ਕੇ ਆ ਜਾਣ ਤਾਂ ਅਚਾਨਕ ਉਨ੍ਹਾਂ 'ਤੇ ਕੋਈ ਬਿਪਤਾ ਆ ਪੈਂਦੀ ਹੈ ਤੇ ਉਹ ਗੁਰੂ ਜੀ ਦੇ ਪਾਸ ਨਹੀਂ ਆ ਸਕਦੇ। ਬਿਨਾਂ ਮਾਰੇ, ਬਿਨਾਂ ਵਾਰ ਕੀਤੇ ਹੀ ਨਸ਼ਟ ਹੋ ਜਾਂਦੇ ਹਨ॥੨੩॥

ਜਾਮ ਜਾਮਨੀ ਜਾਗਨਿ ਕਰਿ ਹੀਂ। ਸੌਚ ਸ਼ਨਾਨ ਠਾਨਿ ਪਟ ਧਰਿਹੀਂ।
ਬੈਠਹਿਂ ਮਨ ਪਾਵੈਂ ਬਿਸਰਾਮ। ਇਕ ਲਿਵ ਲਗਹਿ ਆਤਮਾ ਰਾਮ॥ ੨੪॥

ਪਹਿਰ ਰਾਤ ਰਹਿੰਦਿਆਂ ਜਾਗਦੇ ਹਨ, ਸੋਚ ਇਸ਼ਨਾਨ ਕਰਕੇ ਕੱਪੜੇ ਪਹਿਣ ਲੈਂਦੇ ਹਨ। ਬੈਠ ਕੇ ਮਨ ਨੂੰ ਵਿਸ਼ਰਾਮ ਦਿੰਦੇ ਹਨ ਤੇ ਆਤਮਾ ਦੀ ਲਿਵ ਇਕ ਪ੍ਰਭੂ ਨਾਲ ਲੱਗ ਜਾਂਦੀ ਹੈ॥੨੪॥

ਰਾਗ ਦ੍ਵੈਸ਼ ਦ੍ਵੈਤ ਨ ਜਹਿਂ ਲੇਸ਼। ਇਕ ਅਸ਼ੇਸ਼ ਮਹਿਂ ਨਹਿਂ ਨ ਕਲੇਸ਼।
ਆਵਹਿਂ ਬ੍ਰਿੰਦ ਰਬਾਬੀ ਪਾਸੇ। ਆਸਾਵਾਰਿ ਸੋ ਰਾਗ ਪ੍ਰਕਾਸ਼ੇਂ॥ ੨੫॥

ਜਿਨ੍ਹਾਂ ਵਿਚ ਮੋਹ ਅਹੰਕਾਰ ਤੇ ਈਰਖਾ ਲੇਸ ਮਾਤਰ ਵੀ ਨਹੀਂ। ਜਿਸ ਵਿਚ ਨਾ ਕੋਈ ਕਲੇਸ਼ ਹੈ, ਉਸ ਇਕ ਪੂਰਨ ਵਿਚ ਫਿਰ ਟਿੱਕ ਜਾਂਦੇ ਹਨ। ਬਹੁਤ ਰਬਾਬੀ ਪਾਸ ਆਉਂਦੇ ਹਨ ਤੇ ਆਸਾ ਦੀ ਵਾਰ ਦਾ ਸ੍ਰੇਸ਼ਟ ਰਾਗਾਂ ਵਿਚ ਗਾਇਣ ਕਰਦੇ ਹਨ॥੨੫॥

ਜਿਮ ਅੰਮ੍ਰਿਤ ਕੀ ਬਰਖਾ ਹੋਇ। ਸੁਨਹਿਂ ਪ੍ਰੀਤ ਵਡਭਾਗੀ ਜੋਇ।
ਹੋਇ ਪ੍ਰਕਾਸ਼ ਭੋਗ ਜਬਿ ਪਰੈ। ਭਾਟ ਨਕੀਬ ਸੁਜਸੁ ਕੋ ਕਰੈਂ॥ ੨੬॥

ਜਿਵੇਂ ਅੰਮ੍ਰਿਤ ਦੀ ਵਰਖਾ ਹੁੰਦੀ ਹੈ, ਜਿਹੜੇ ਵੱਡੇ ਭਾਗਾਂ ਵਾਲੇ ਹਨ ਉਹ ਪ੍ਰੀਤ ਨਾਲ ਸੁਣਦੇ ਹਨ। ਜਦ ਚਾਨਣ ਹੁੰਦਾ ਹੈ ਤਾਂ ਭੋਗ ਪੈਂਦਾ ਹੈ ਤਾਂ ਫਿਰ ਭਟ ਨਕੀਬ ਸ੍ਰੇਸ਼ਟ ਜਸ ਗਾਉਂਦੇ ਹਨ॥੨੬॥

ਘਸਿ ਚੰਦਨ ਕੋ ਕੇਸਰ ਸਾਥ। ਆਨਹਿਂ ਦਾਸ ਧਰੇ ਜੁਗ ਹਾਥ।
ਸੁਭਹਿ ਗੁਰਮੁਖੀ ਦੀਰਘ ਨੀਕਾ। ਨਿਜ ਕਰ ਸੰਗ ਨਿਕਾਸਹਿਂ ਟੀਕਾ॥੨੭॥

ਚੰਦਨ ਘਸਾ ਕੇ ਕੇਸਰ ਨਾਲ ਮਿਲਾ ਕੇ, ਸੇਵਕ ਲਿਆ ਕੇ ਦੋਹਾਂ ਹੱਥਾਂ ਵਿਚ ਰੱਖ ਦਿੰਦਾ ਹੈ। ਜਿਹੜਾ ਗੁਰਮੁਖ ਚੰਗਾ ਸ਼ੋਭਨੀਕ ਹੋਵੇ, ਐਸਾ ਟਿੱਕਾ ਫਿਰ ਆਪਣੇ ਹੱਥਾਂ ਨਾਲ ਉਸਨੂੰ ਲਾਉਂਦੇ ਹਨ॥੨੭॥

ਦਰਸਹਿਂ ਬਿਚ ਆਦਰਸ਼ ਬਦਨ ਕੋ। ਸ਼ੋਭਤਿ ਸੁੰਦਰ ਦੁਤੀ ਸਦਨ ਕੋ।
ਬਾਰੰਬਾਰ ਸ਼ਮਸ ਪਰ ਹਾਥ। ਫੇਰਤਿ ਕਰਹਿਂ ਸੁਧਾਰਨਿ ਨਾਥ॥ ੨੮॥

ਫਿਰ ਆਪਣੇ ਮੁਖੜੇ ਨੂੰ ਸ਼ੀਸ਼ੇ ਵਿਚ ਵੇਖਦੇ ਹਨ, ਸੁੰਦਰਤਾ ਦਾ ਘਰ ਬੜਾ ਸੁੰਦਰ ਸ਼ੋਭਦਾ ਹੈ। ਬਾਰ ਬਾਰ ਦਾੜ੍ਹੇ 'ਤੇ ਹੱਥ ਫੇਰ ਕੇ ਉਸ ਨੂੰ ਸੁਧਾਰਦੇ ਹਨ॥੨੮॥

ਸਭਾ ਸਥਾਨ ਬਹੁਰ ਚਲਿ ਆਵੈਂ। ਸਕਲ ਸਮਾਜ ਦੇਖਿ ਸੁਖ ਪਾਵੈਂ।
ਚਹੁੰਦਿਸ਼ ਤੇ ਬੰਦਨ ਗਨ ਹੋਵੈ। ਜਿਤ ਦਿਸ਼ਿ ਪਿਖੈਂ ਤਾਪ ਤ੍ਰੈ ਖੋਵੈਂ॥੨੯॥

ਫਿਰ ਸਭਾ ਦੇ ਸਥਾਨ 'ਤੇ ਚਲ ਕੇ ਆ ਜਾਂਦੇ ਹਨ। ਸਾਰਾ ਸਮਾਜ ਵੇਖ ਕੇ ਸੁਖ ਪਾਉਂਦਾ ਹੈ। ਚਾਰੇ ਪਾਸਿਆਂ ਤੋਂ ਬੰਦਨਾ ਹੁੰਦੀਆਂ ਹਨ। ਜਿਸ ਪਾਸੇ ਵੇਖਦੇ ਹਨ, ਤਿੰਨੇ ਤਾਪ ਦੂਰ ਹੋ ਜਾਂਦੇ ਹਨ॥੨੯॥

*ਨੋਟ: ਤਿੰਨ ਤਾਪ ਹਨ ਆਧਿ (ਮਨ ਦੇ ਰੋਗ), ਬਿਆਧ (ਸਰੀਰ ਦੇ ਰੋਗ) ਤੇ ਉਪਾਧਿ (ਭਰਮ ਭੁਲੇਖਿਆਂ ਦੇ ਰੋਗ)।*

ਹੋਤਿ ਬਿਲਾਵਲ ਚੌਕੀ ਫੇਰ। ਬਜਤਿ ਮ੍ਰਿਦੰਗ ਰਬਾਬ ਬਡੇਰ।
ਸਭਾ ਲਗੀ ਸਭਿ ਸ਼ਬਦ ਸੁਨੰਤੇ। ਬਿਮਲ ਆਤਮਾ ਹ੍ਵੈ ਮਤਿਵੰਤੇ॥ ੩੦॥

ਫਿਰ ਬਿਲਾਵਲ ਦੀ ਚੌਕੀ ਹੁੰਦੀ ਹੈ। ਮ੍ਰਿਦੰਗ ਤੇ ਰਬਾਬ ਬਹੁਤ ਵਜਾਏ ਜਾਂਦੇ ਹਨ। ਸਭਾ ਲੱਗਣ 'ਤੇ ਸਭ ਸ਼ਬਦ ਸੁਣਦੇ ਹਨ ਤੇ ਘੁਮੰਡੀਆਂ ਦੀ ਆਤਮਾ ਨਰਮ ਹੋ ਜਾਂਦੀ ਹੈ॥੩੦॥

ਕੇਚਿਤ ਗ੍ਯਾਨ ਬਾਰਤਾ ਬੂਝਹਿਂ। ਉਪਦੇਸ਼ਹਿਂ ਤਿਸ ਆਤਮ ਸੂਝਹਿਂ।
ਕੇਚਿਤ ਸੇਵਾ ਕਰਹਿਂ ਬਿਸਾਲਾ। ਹੋਹਿ ਪ੍ਰਸੰਨ ਕਟਹਿਂ ਜਮ ਜਾਲਾ॥ ੩੧॥

ਕਈ ਗਿਆਨ ਵਾਰਤਾ ਪੁੱਛਦੇ ਹਨ, ਉਸ ਨੂੰ ਉਪਦੇਸ਼ ਦੇ ਕੇ ਆਤਮਕ ਸੂਝ ਦਿੰਦੇ ਹਨ। ਕਈ ਵਿਸ਼ਾਲ ਸੇਵਾ ਕਰਦੇ ਹਨ। ਉਹ ਪ੍ਰਸੰਨ ਹੋ ਜਾਂਦੇ ਹਨ ਤੇ ਉਨ੍ਹਾਂ ਦਾ ਜਨਮ ਮਰਨ ਦਾ ਚੱਕਰ ਕਟਿਆ ਜਾਂਦਾ ਹੈ॥੩੧॥

ਕੇਚਿਤ ਕਰਹਿਂ ਭਗਤਿ ਅਭਿਰਾਮੂ। ਉਪਦੇਸ਼ਤਿ ਗੁਰ ਤਿਨ ਸਤਿਨਾਮੂ।
ਐਸੀ ਲਿਵ ਲਾਗਹਿ ਉਰ ਅੰਤਰ। ਸਿਮਰਨਿ ਨਿਸ ਦਿਨ ਰਹੈ ਨਿਰੰਤਰ॥੩੨॥

ਕਈ ਸੁੰਦਰ ਭਗਤੀ ਕਰਦੇ ਹਨ, ਗੁਰੂ ਜੀ ਉਨ੍ਹਾਂ ਨੂੰ ਸਤਿਨਾਮ ਦਾ ਉਪਦੇਸ਼ ਦਿੰਦੇ ਹਨ। ਹਿਰਦੇ ਦੇ ਅੰਦਰ ਐਸੀ ਲਿਵ ਲੱਗ ਜਾਂਦੀ ਹੈ ਤੇ ਦਿਨ ਰਾਤ ਨਿਰੰਤਰ ਸਿਮਰਨ ਕਰਦੇ ਰਹਿੰਦੇ ਹਨ॥੩੨॥

ਜਿਸ ਤੇ ਮਨ ਹੁਇ ਜਾਇ ਇਕਾਗਰ। ਜਥਾ ਜੋਤਿ ਜੋਗੀਨਿ ਉਜਾਗਰ।
ਅੰਤ ਸਮੇਂ ਗੁਰ ਪੁਰਿ ਮਹਿਂ ਬਾਸਹਿਂ। ਜਹਾਂ ਸਦੀਵ ਅਨੰਦ ਪ੍ਰਕਾਸ਼ਹਿ॥ ੩੩॥

ਜਿਸ ਨਾਲ ਮਨ ਇਕਾਗਰ ਹੋ ਜਾਂਦਾ ਹੈ ਤੇ ਜੋਗੀਆਂ ਵਰਗੀ ਜੋਤੀ ਉਜਾਗਰ ਹੋ ਜਾਂਦੀ ਹੈ। ਉਹ ਅੰਤ ਸਮੇਂ ਗੁਰੂ ਦੀ ਪੁਰੀ ਵਿਚ ਵੱਸਦੇ ਹਨ, ਜਿਥੇ ਸਦਾ ਅਨੰਦ ਦਾ ਪ੍ਰਕਾਸ਼ ਹੁੰਦਾ ਹੈ॥੩੩॥

ਕੇਚਿਤ ਪਾਵਹਿਂ ਆਤਮ ਗ੍ਯਾਨ। ਜਨਮ ਜਨਮ ਕੇ ਬੰਧਨ ਹਾਨਿ।
ਡੇਢ ਜਾਮ ਲੌ ਜਬਿ ਦਿਨ ਆਵੈ। ਤਾਵਤ ਬੈਠੇ ਸਭਾ ਸੁਹਾਵੈਂ॥ ੩੪॥

ਕਈ ਆਤਮ ਗਿਆਨ ਪ੍ਰਾਪਤ ਕਰਦੇ ਹਨ, ਉਨ੍ਹਾਂ ਦੇ ਜਨਮਾਂ ਜਨਮਾਂ ਦੇ ਬੰਧਨ ਕੱਟੇ ਜਾਂਦੇ ਹਨ। ਜਦ ਡੇਢ ਪਹਿਰ ਦਿਨ ਚੜ੍ਹ ਆਉਂਦਾ ਹੈ, ਤਦ ਤਕ ਬੈਠੇ ਸਭਾ ਵਿਚ ਸੋਭਦੇ ਹਨ॥੩੪॥

ਜਥਾ ਜੋਗ ਉਪਦੇਸ਼ਹਿਂ ਦਾਸ। ਕਰਹਿਂ ਕੁਮਤਿ ਕੇ ਬੰਧ ਬਿਨਾਸ਼।
ਪੁਨਹਿ ਰਸੋਈਆ ਹਾਦਰ ਹੋਇ। ਠਾਢੇ ਰਹੈ ਬੰਦਿ ਕਰ ਦੋਇ॥ ੩੫॥

ਯਥਾਯੋਗ ਦਾਸਾਂ ਨੂੰ ਉਪਦੇਸ਼ ਦਿੰਦੇ ਹਨ ਤੇ ਭੈੜੀ ਮੱਤ ਦੇ ਬੰਧਨ ਨਾਸ਼ ਕਰ ਦਿੰਦੇ ਹਨ। ਫਿਰ ਰਸੋਈਆ ਹਾਜ਼ਰ ਹੁੰਦਾ ਹੈ ਤੇ ਉਹ ਦੋਵੇਂ ਹੱਥ ਜੋੜ ਕੇ ਬੰਦਨਾ ਕਰਦਾ ਹੈ॥੩੫॥

ਦ੍ਰਿਸ਼ਟਿ ਪਰਹਿ ਤਬ ਅਰਜ਼ ਗੁਜ਼ਾਰਹਿ। 'ਮਹਾਂਰਾਜ ਜੀ ਭੋਜਨ ਤਯਾਰਹਿਂ'।
ਉਠਹਿਂ ਗੁਰੂ, ਸੁਚ ਸੰਗ ਸਥਾਨ। ਬੈਠਹਿਂ, ਚਰਨ ਪਖਾਰਹਿਂ ਪਾਨ॥ ੩੬॥

ਜਦ ਉਸ ਵੱਲ ਗੁਰੂ ਜੀ ਦੀ ਦ੍ਰਿਸ਼ਟੀ ਪੈਂਦੀ ਹੈ ਤਾਂ ਉਹ ਬੇਨਤੀ ਕਰਦਾ ਹੈ, "ਮਹਾਰਾਜ ਜੀ! ਭੋਜਨ ਤਿਆਰ ਹੈ" ਫਿਰ ਗੁਰੂ ਜੀ ਉੱਠਦੇ ਹਨ ਤੇ ਸੁੱਚਤਾ ਵਾਲੇ ਥਾਂ 'ਤੇ ਜਾ ਬੈਠਦੇ ਹਨ ਤੇ ਹੱਥ ਪੈਰ ਧੋਂਦੇ ਹਨ॥੩੬॥

ਇਕ ਚੌਕੀ ਪਰ ਦੀਰਘ ਥਾਰ। ਇਕ ਪਰ ਬੈਠਹਿਂ ਆਪ ਉਦਾਰ।
ਮਨ ਭਾਵਤਿ ਅਚਿ ਭੋਜਨ ਨਾਨਾ। ਪਾਨੀ ਪਾਨ ਪਖਾਰਹਿਂ ਪਾਨਾ॥ ੩੭॥

ਇਕ ਚੌਕੀ ਉਤੇ ਵੱਡਾ ਥਾਲ ਰੱਖ ਦਿੰਦੇ ਹਨ ਤੇ ਇਕ ਚੌਕੀ ਉਤੇ ਆਪ ਬੈਠ ਜਾਂਦੇ ਹਨ। ਮਨ ਭਾਉਂਦਾ ਕਈ ਪ੍ਰਕਾਰ ਦਾ ਭੋਜਨ ਛੱਕ ਕੇ ਪਾਣੀ ਪੀ ਕੇ ਫਿਰ ਹੱਥ ਧੋਂਦੇ ਹਨ॥੩੭॥

ਪੁਨ ਉਠਿ ਸੁਠ ਪ੍ਰਯੰਕ ਪਰ ਥਿਰੈਂ। ਕੇਤਿਕ ਕਾਲ ਸੁਖੋਪਤਿ ਧਰੈਂ।
ਡੇਢ ਜਾਮ ਦਿਨ ਤੇ ਉਠ ਕਰਿ ਕੈ। ਧਰਹਿਂ ਸੌਚ ਆਲਸ ਪਰ ਹਰਿਕੈ॥ ੩੮॥

ਫਿਰ ਉਠ ਕੇ ਸੁੰਦਰ ਪਲੰਘ 'ਤੇ ਲੇਟ ਜਾਂਦੇ ਹਨ ਤੇ ਕਾਫ਼ੀ ਸਮੇਂ ਤਕ ਆਰਾਮ ਕਰਦੇ ਹਨ। ਡੇਢ ਪਹਿਰ ਦਿਨ ਦੇ ਰਹਿਣ 'ਤੇ ਉੱਠ ਪੈਂਦੇ ਹਨ ਤੇ ਆਲਸ ਨੂੰ ਦੂਰ ਕਰਕੇ ਸ਼ੁੱਧੀ ਧਾਰਨ ਕਰਦੇ ਹਨ॥੩੮॥

ਬਹੁਰ ਦਿਵਾਨ ਬਿਖੇ ਥਿਤ ਹੋਇ। ਦਰਸ਼ਨ ਕਰਹਿ ਆਨਿ ਸਭਿ ਕੋਇ।
ਸੰਧ੍ਯਾ ਲਗਿ ਸੁਨਿ ਸ਼ਬਦ ਸ ਰਾਗ। ਕਰਹਿਂ ਸ਼੍ਰੇਯ ਜਨ ਪਿਖਿ ਅਨੁਰਾਗ॥ ੩੯॥

ਫਿਰ ਦੀਵਾਨ ਵਿਚ ਬੈਠ ਜਾਂਦੇ ਹਨ ਤੇ ਸਾਰੇ ਸਿੱਖ-ਸੇਵਕ ਆ ਕੇ ਦਰਸ਼ਨ ਕਰਦੇ ਹਨ। ਸ਼ਾਮ ਤਕ ਰਾਗਾਂ ਵਿਚ ਗਾਏ ਸ਼ਬਦ ਸੁਣਦੇ ਹਨ, ਪਿਆਰ ਵੇਖ ਲੋਕਾਂ ਦਾ ਕਲਿਆਣ ਕਰਦੇ ਹਨ॥੩੯॥

ਚਤੁਰ ਘਟੀ ਨਿਸ ਬੀਤੀ ਹੇਰਿ। ਭੋਜਨ ਕਰਹਿਂ ਗੁਰ ਪੁਨ ਫੇਰ।
ਜਾਮ ਜਾਇ ਨਿੰਦ੍ਰਾ ਬਸਿ ਹੋਇਂ। ਪੌਢਹਿਂ ਬਰ ਪ੍ਰਯੰਕ ਪਰ ਸੋਇਂ॥ ੪੦॥

ਚਾਰ ਘੜੀਆਂ ਰਾਤ ਬੀਤੀ ਵੇਖ ਕੇ, ਗੁਰੂ ਜੀ ਫਿਰ ਭੋਜਨ ਕਰਦੇ ਹਨ। ਪਹਿਰ ਰਾਤ ਜਾਣ 'ਤੇ ਨੀਂਦ ਵੱਸ ਹੋ ਜਾਂਦੇ ਹਨ ਤੇ ਫਿਰ ਪਲੰਘ 'ਤੇ ਲੇਟ ਕੇ ਸੌਂ ਜਾਂਦੇ ਹਨ॥੪੦॥

ਜਾਮ ਜਾਮਨੀ ਤੇ ਪੁਨ ਜਾਗਹਿਂ। ਸੌਚ ਸ਼ਨਾਨ ਕਰਨਿ ਕੋ ਲਾਗਹਿਂ।
ਇਕ ਸੌ ਇਕ ਗਾਗਰ ਕੇ ਸੰਗ। ਸਰਬ ਰਿਤੁਨਿ ਮੱਜਤਿ ਸਰਬੰਗ॥ ੪੧॥

ਪਹਿਰ ਰਾਤ ਰਹਿੰਦਿਆਂ ਫਿਰ ਜਾਗ ਪੈਂਦੇ ਹਨ ਤੇ ਸੋਚ ਇਸ਼ਨਾਨ ਕਰਨ ਲੱਗ ਜਾਂਦੇ ਹਨ। ਇਕ ਸੌ ਇਕ ਗਾਗਰ ਦੇ ਨਾਲ ਸਾਰੀਆਂ ਰੀਤੀਆਂ ਨਾਲ ਪੂਰਣ ਇਸ਼ਨਾਨ ਕਰਦੇ ਹਨ॥੪੧॥

ਇਮ ਨਿਸ ਦਿਨ ਕੀ ਕ੍ਰਿਯਾ ਕਰੰਤੇ। ਜਿਨ ਤੇ ਜਨ ਅਨੇਕ ਉਧਰੰਤੇ।
ਖਸ਼ਟ ਮਾਸ ਕੀਰਤਿਪੁਰਿ ਮਾਂਹੀ। ਕਰਜੋ ਬਾਸ ਸਤਿਗੁਰ ਚਿਤ ਚਾਹੀ॥ ੪੨॥

ਇਸ ਤਰ੍ਹਾਂ ਦਿਨ ਰਾਤ ਦੀ ਕ੍ਰਿਆ ਕਰਦੇ ਹਨ, ਜਿਸ ਨਾਲ ਅਨੇਕਾਂ ਮਨੁੱਖਾਂ ਦਾ ਉਧਾਰ ਹੁੰਦਾ ਹੈ। ਛੇ ਮਹੀਨੇ ਕੀਰਤਪੁਰ ਵਿਚ ਸਤਿਗੁਰੂ ਜੀ ਨੇ ਚਿਤ ਚਾਹ ਕੇ ਵਾਸਾ ਕੀਤਾ॥੪੨॥

*ਦਸਵੀਂ ਰਾਸ ਦਾ ਬਾਰ੍ਹਵਾਂ ਅਧਿਆਇ ਸਮਾਪਤ ਹੋਇਆ॥੧੨॥*

## ਅਧਿਆਇ ਤੇਰ੍ਹਵਾਂ

### ਗੁਰੂ ਜੀ ਦਾ ਡੇਰਾ ਤੁਰਕਾਂ ਦੇ ਘੇਰੇ ਵਿਚ

ਦੋਹਰਾ- ਰਹਜੋ ਕੋਸ ਭਰ ਨਗਰ ਤੇ ਗੋਰਾ ਸਿਵਰ ਲਗਾਇ।
ਚਾਹਤਿ ਕਰਜੋ ਪ੍ਰਸੰਨ ਗੁਰ ਘਾਤ ਕਛੂ ਨਹਿਂ ਪਾਇ॥ ੧॥

ਗੋਰਾ ਕੀਰਤਪੁਰ ਨਗਰ ਤੋਂ ਇਕ ਕੋਹ ਦੂਰ ਡੇਰਾ ਲਗਾ ਕੇ ਰਿਹਾ। ਗੁਰੂ ਜੀ ਨੂੰ ਪ੍ਰਸੰਨ ਕਰਨਾ ਚਾਹੁੰਦਾ ਸੀ, ਪਰ ਕੋਈ ਮੌਕਾ ਨਹੀਂ ਸੀ ਮਿਲ ਰਿਹਾ॥੧॥

ਚੌਪਈ- ਨਿਸ ਦਿਨ ਸਿਮਰਨਿ ਕਰਤਿ ਬਿਤਾਵੈ। ਨਿਜ ਸੈਨਾ ਕੋ ਧੀਰ ਧਰਾਵੈ।
ਖਾਨ ਪਾਨ ਤੇ ਪੋਖਨਿ ਕਰੈ। ਸ਼ਸਤ੍ਰ ਬਸਤ੍ਰ ਤੇ ਤਜਾਰੀ ਧਰੈ॥ ੨॥

ਦਿਨ ਰਾਤ ਗੁਰੂ ਜੀ ਨੂੰ ਯਾਦ ਕਰਨ ਵਿਚ ਬਤੀਤ ਕਰਦਾ ਸੀ ਤੇ ਆਪਣੀ ਸੈਨਾ ਨੂੰ ਧੀਰਜ ਦਿੰਦਾ ਸੀ। ਖੁਆ ਪਿਆ ਕੇ ਉਨ੍ਹਾਂ ਦੀ ਪਾਲਣਾ ਕਰਦਾ ਸੀ ਤੇ ਸ਼ਸਤਰ ਵਸਤਰ ਨਾਲ ਤਿਆਰੀ ਧਾਰਨ ਕਰਦਾ ਸੀ॥੨॥

ਸ੍ਰੀ ਹਰਿਰਾਇ ਚਢਨਿ ਕੋ ਚਾਹਾ। ਬਿਚਰਹਿਂ ਦੇਸ਼ਨਿ ਜੰਗਲ ਮਾਂਹਾ।
ਸਨੇ ਸਨੇ ਸਤੱਦ੍ਰਵ ਕੇ ਤੀਰ। ਗਮਨੇ ਸੰਗ ਮਹਾਂ ਭਟ ਭੀਰ॥ ੩॥

ਸ੍ਰੀ ਗੁਰੂ ਹਰਿਰਾਇ ਜੀ ਨੇ ਸਵਾਰੀ ਕਰਨੀ ਚਾਹੀ। ਉਹ ਮਾਲਵੇ ਦੇਸ਼ ਵਿਚ ਫਿਰਨਾ ਚਾਹੁੰਦੇ ਸਨ। ਹੌਲੀ-ਹੌਲੀ ਉਹ ਸਤਲੁੱਜ ਦੇ ਕੰਢੇ ਪਹੁੰਚ ਗਏ। ਸਾਰੇ ਸੂਰਬੀਰ ਉਨ੍ਹਾਂ ਦੇ ਨਾਲ ਗਏ॥੩॥

ਬਜਹਿ ਦੁਚੋਬ ਦੁੰਦਭਿਨਿ ਦੀਹਾ। ਜਿਹ ਸੁਨਿ ਸੂਰਨਿ ਹੁਇ ਰਣ ਪ੍ਰੀਹਾ।
ਹਯ ਪ੍ਰੇਰਹਿਂ ਗਹਿਂ ਤੁਪਕ ਚਲਾਵਹਿਂ। ਕੇਚਤਿ ਵਾਹਨਿ ਪੁਸ਼ਟ ਕੁਦਾਵਹਿਂ॥੪॥

ਨਗਾਰਿਆਂ ਉੱਤੇ ਭਾਰੀ ਡੱਗਾ ਵੱਜਿਆ, ਜਿਸ ਨੂੰ ਸੁਣ ਕੇ ਸੂਰਮਿਆਂ ਵਿਚ ਯੁੱਧ ਦੀ ਇੱਛਾ ਪਰਬਲ ਹੋਈ। ਘੋੜਿਆਂ ਨੂੰ ਪ੍ਰੇਰ ਕੇ ਬੰਦੂਕਾਂ ਚਲਾਉਂਦੇ ਸਨ; ਕਈ ਬਲਵਾਨ ਘੋੜਿਆਂ ਨੂੰ ਨਚਾਉਂਦੇ-ਟਪਾਉਂਦੇ ਸਨ॥੪॥

ਸ੍ਰੀ ਹਰਿਰਾਇ ਅਰੂਢਿ ਤੁਰੰਗ। ਬੇਗੀ ਚੰਚਲ ਬਲ ਸਰਬੰਗ।
ਬਾਗ ਉਠਾਇ ਤੁੰਦ ਤਬਿ ਕਰਜੇ। ਨਟ ਸਮ ਫਾਂਦਤਿ ਚਪਲਤਿ ਚਰਜੇ॥ ੫॥

ਸ੍ਰੀ ਹਰਿਰਾਇ ਜੀ ਵੀ ਘੋੜੇ 'ਤੇ ਚੜ੍ਹ ਗਏ ਜਿਹੜਾ ਘੋੜਾ ਹਰ ਤਰ੍ਹਾਂ ਨਾਲ ਤੇਜ਼, ਚੰਚਲ ਅਤੇ ਬਲਵਾਨ ਸੀ। ਵਾਗਾਂ ਚੁੱਕ ਕੇ ਉਸ ਨੂੰ ਤੇਜ਼ ਕੀਤਾ, ਘੋੜਾ ਨਟਾਂ ਵਾਂਗ ਛਾਲਾਂ ਮਾਰਦਾ ਬੜੀ ਚੰਚਲਤਾ ਨਾਲ ਚਲਿਆ॥੫॥

ਕਰਹਿਂ ਕਵਾਇਦ ਤੋਮਰ ਤੀਰ। ਜਿਮ ਰਣ ਮਾਰਤਿ ਹੈਂ ਬਰ ਬੀਰ।
ਅਧਿਕ ਧਵਾਇ ਦੀਨਿ ਮੈਦਾਨ। ਮਨ ਮਨਿੰਦ ਜਿਹ ਬੇਗ ਮਹਾਨ॥ ੬॥

ਨੇਜ਼ੇ ਅਤੇ ਤੀਰ ਚਲਾਉਣ ਦੀ ਇਸ ਤਰ੍ਹਾਂ ਮਸ਼ਕ ਕਰਦੇ ਸਨ, ਜਿਵੇਂ ਰਣਖੇਤਰ ਵਿਚ ਸ੍ਰੇਸ਼ਟ ਸੂਰਬੀਰਾਂ ਨੂੰ ਮਾਰਦੇ ਹੋਣ। ਘੋੜਿਆਂ ਨੂੰ ਮੈਦਾਨ ਵਿਚ ਬਹੁਤ ਭਜਾ ਦਿੱਤਾ, ਮਨ ਵਾਂਗ ਜਿਹੜੇ ਬਹੁਤ ਤੇਜ਼ ਸਨ॥੬॥

ਸਭਿਨਿ ਦਿਖਾਇ ਫੇਰਿ ਕਰਿ ਆਛੇ। ਖਰੇ ਮਿਲਾਵਨ ਸੈਨਾ ਪਾਛੇ।
ਮਾਰਗ ਚਲਤਿ ਅਨੇਕ ਪ੍ਰਕਾਰਾ। ਕੌਤਕ ਕਰਤਿ ਗੁਰੂ ਕਰਤਾਰਾ॥ ੭॥

ਸਾਰਿਆਂ ਨੇ ਚੰਗੀ ਤਰ੍ਹਾਂ ਫੇਰ ਕੇ ਵਿਖਾਏ ਤੇ ਪਿਛਲੀ ਸੈਨਾ ਨੂੰ ਨਾਲ ਮਿਲਾਉਣ ਵਾਸਤੇ ਖੜ੍ਹੇ ਹੋ ਗਏ। ਰਾਹ ਦੇ ਵਿਚ ਅਨੇਕ ਪ੍ਰਕਾਰ ਨਾਲ ਚਲਦੇ ਸਨ, ਪ੍ਰਭੂ ਗੁਰੂ ਜੀ ਕੌਤਕ ਕਰ ਰਹੇ ਸਨ॥੭॥

ਸਿੱਖੀ ਮਗ ਦ੍ਰਿੜ ਕਰਨਿ ਅਨੂਪ। ਜਗਤੇਸ਼ੁਰ ਕੋ ਸਪਤਮ ਰੂਪ।
ਸਤੱਦ੍ਰਵ ਤੀਰ ਤੀਰ ਚਲਿ ਆਵੈਂ। ਦਿਨ ਗਮਨੈਂ ਡੇਰਾ ਨਿਸ ਪਾਵੈਂ॥ ੮॥

ਸਿੱਖੀ ਵਿਚ ਅਨੂਪਮ ਦ੍ਰਿੜ੍ਹ ਕਰਦੇ ਸਨ। ਜਗਤ ਦੇ ਮਾਲਕ ਦਾ ਸਤਵਾਂ ਸਰੂਪ ਸਨ। ਸਤਲੁਜ ਦਰਿਆ ਦੇ ਕੰਢੇ-ਕੰਢੇ ਚਲ ਕੇ ਆ ਰਹੇ ਸਨ। ਦਿਨੇ ਚਲਦੇ ਸਨ ਤੇ ਰਾਤ ਨੂੰ ਡੇਰਾ ਕਰਦੇ ਸਨ॥੮॥

ਕੇਤਿਕ ਮਹਿਲਾਂ ਕੇ ਸੰਗ ਡੋਰੇ। ਲਜਾਏ ਸਤਿਗੁਰ ਇਤ ਹੀ ਓਰੇ।
ਸਜੰਦਨਿ ਸਕਟਨਿ ਮਹਿਂ ਗਨ ਦਾਸੀ। ਸੇਵਾ ਠਾਨਹਿਂ ਜੇ ਨਿਜ ਪਾਸੀ॥ ੯॥

ਮਹਿਲਾਵਾਂ ਦੇ ਨਾਲ ਕਈ ਡੋਲੇ ਸਨ। ਉਨ੍ਹਾਂ ਨੂੰ ਵੀ ਸਤਿਗੁਰੂ ਜੀ ਨਾਲ ਹੀ ਲਿਆਏ ਸਨ। ਰੱਥਾਂ ਅਤੇ ਗੱਡਿਆਂ ਵਿਚ ਬਹੁਤ ਦਾਸੀਆਂ ਬੈਠੀਆਂ ਸਨ, ਜਿਹੜੀਆਂ ਪਾਸ ਰਹਿ ਕੇ ਸੇਵਾ ਕਰਦੀਆਂ ਸਨ॥੯॥

ਜਹਾਂ ਪ੍ਰਭੂ ਉਤਰੇ ਸੁਖ ਪਾਯੋ। ਹਿਤ ਤੇ ਗੌਰਾ ਕੋਸ ਰਹਾਯੋ।
ਸੰਗ ਤੀਨ ਸੈ ਭਟ ਅਸਵਾਰ। ਰਚਹਿਂ ਜੰਗ ਬਡ ਆਯੁਧ ਧਾਰਿ॥ ੧੦॥

ਜਿਥੇ ਪ੍ਰਭੂ ਜੀ ਉਤਰ ਕੇ ਸੁਖ ਪਾਉਂਦੇ ਸਨ, ਉਸ ਤੋਂ ਗੌਰਾ ਇਕ ਕੋਹ ਪਿੱਛੇ ਡੇਰਾ ਲਾ ਲੈਂਦਾ ਸੀ। ਉਸ ਦੇ ਨਾਲ ਤਿੰਨ ਸੌ ਘੋੜ ਸਵਾਰ ਸੂਰਮਾ ਸੀ, ਬੜੇ ਸ਼ਸਤਰ ਧਾਰਨ ਕਰਕੇ ਉਹ ਜੰਗ ਲੜਦੇ ਸਨ॥੧੦॥

ਨਿਸ ਬਿਸਰਾਮ ਕੀਨਿ ਸੁਖ ਪਾਏ। ਖਾਨ ਪਾਨ ਤੇ ਪੁਨ ਸੁਪਤਾਏ।
ਭਈ ਪ੍ਰਭਾਤਿ ਸੋਚ ਇਸ਼ਨਾਨੇ। ਜ਼ੀਨ ਡਾਰਿ ਹਯ ਕੀਨਿ ਪਯਾਨੇ॥ ੧੧॥

ਰਾਤ ਨੂੰ ਸੁਖ ਪਾ ਕੇ ਆਰਾਮ ਕੀਤਾ, ਖਾ ਪੀ ਕੇ ਫਿਰ ਸੌਂ ਗਏ। ਸਵੇਰ ਹੋਈ ਤਾਂ ਸੋਚ ਇਸ਼ਨਾਨ ਕੀਤਾ ਤੇ ਘੋੜਿਆਂ 'ਤੇ ਕਾਠੀਆਂ ਪਾ ਕੇ ਚਲ ਪਏ॥੧੧॥

ਸ੍ਰੀ ਹਰਿਰਾਇ ਅਗਾਰੀ ਚਾਲੇ। ਦੁੰਦਭਿ ਬਜਯੋ ਚਢ੍ਯੋ ਦਲ ਨਾਲੇ।
ਪਾਛੇ ਸਤਿਗੁਰ ਕੇ ਰਣਵਾਸ। ਡੋਰੇ ਸਜੰਦਨ ਦਾਸੀ ਦਾਸ॥ ੧੨॥

ਸ੍ਰੀ ਗੁਰੂ ਹਰਿਰਾਇ ਜੀ ਸਭ ਤੋਂ ਅੱਗੇ ਚਲੇ। ਨਗਾਰੇ ਵੱਜੇ ਤਾਂ ਸਾਰੀ ਸੈਨਾ ਵੀ ਨਾਲ ਚਲ ਪਈ। ਗੁਰੂ ਜੀ ਦੇ ਪਿੱਛੇ ਮਹਿਲਾਵਾਂ ਦੇ ਡੋਲੇ ਸਨ ਤੇ ਦਾਸ ਦਾਸੀਆਂ ਦੇ ਰੱਥ ਅਤੇ ਗੱਡੇ ਸਨ॥੧੨॥

ਸੁਧ ਲੇ ਕਰਿ ਗੌਰਾ ਚਢਿ ਚਾਲਾ। ਨਿਜ ਬਜਵਾਇ ਨਿਸ਼ਾਨ ਬਿਸਾਲਾ।
ਸਤੁੱਦ੍ਰਵ ਨਿਕਟਿ ਨਿਕਟਿ ਚਲਿ ਆਵੈ। ਸਕਲ ਬਹੀਰ ਪਰਯੋ ਤਿਤ ਜਾਵੈ॥੧੩॥

ਖ਼ਬਰ ਲੈ ਕੇ ਗੋਰਾ ਵੀ ਚੜ੍ਹ ਕੇ ਚਲ ਪਿਆ ਤੇ ਉਸ ਨੇ ਵੀ ਆਪਣੇ ਨਗਾਰੇ ਬਹੁਤ ਉੱਚੀ ਵਜਾਏ। ਸਤਿਲੁਜ ਦਰਿਆ ਦੇ ਨੇੜੇ ਨੇੜੇ ਹੀ ਚਲ ਕੇ ਆ ਰਹੇ ਸਨ, ਸਾਰੀ ਵਹੀਰ ਉਸੇ ਰਾਹ ਪਈ ਚਲੀ ਜਾ ਰਹੀ ਸੀ॥੧੩॥

ਲਵਪੁਰਿ ਤੇ ਤੁਰਕਨਿ ਕੋ ਡੇਰਾ। ਜਾਤਿ ਚਲਯੋ ਉਮਰਾਵ ਬਡੇਰਾ।
ਦਿੱਲੀ ਪੁਰਿ ਤੁਰਕੇਸ਼ਰ ਤੀਰ। ਪਹੁੰਚਯੋ ਚਹੈ ਮਹਾਂ ਭਟ ਭੀਰ॥ ੧੪॥

ਲਾਹੌਰ ਤੋਂ ਤੁਰਕਾਂ ਦੇ ਇਕ ਵੱਡੇ ਅਮੀਰ ਦਾ ਡੇਰਾ ਚਲਿਆ ਜਾ ਰਿਹਾ ਸੀ। ਉਹ ਦਿੱਲੀ ਤੁਰਕ ਬਾਦਸ਼ਾਹ ਪਾਸ ਪਹੁੰਚਣਾ ਚਾਹੁੰਦਾ ਸੀ ਤੇ ਉਸ ਦੇ ਨਾਲ ਸੂਰਮਿਆਂ ਦੀ ਵੱਡੀ ਭੀੜ ਸੀ॥੧੪॥

ਸ੍ਰੀ ਹਰਿਰਾਇ ਅਗਾਰੀ ਆਏ। ਪਾਛੇ ਮਹਿਲਾਦਿਕ ਸਮੁਦਾਏ।
ਸਨੇ ਸਨੇ ਚਲਿਬੋ ਤਿਨ ਹੋਇ। ਤੁਰਕਨਿ ਅਨੀ ਬਿਲੋਕੇ ਸੋਇ॥ ੧੫॥

ਸ੍ਰੀ ਗੁਰੂ ਹਰਿਰਾਇ ਜੀ ਅੱਗੇ ਅੱਗੇ ਆ ਰਹੇ ਸਨ ਤੇ ਮਹਿਲਾਵਾਂ ਆਦਿਕ ਸਾਰੇ ਬਹੁਤ ਪਿੱਛੇ ਸਨ। ਉਨ੍ਹਾਂ ਪਾਸੋਂ ਬਹੁਤ ਹੌਲੀ ਚਲਿਆ ਜਾਂਦਾ ਸੀ। ਤੁਰਕਾਂ ਦੀ ਫੌਜ ਨੇ ਮਹਿਲਾਵਾਂ ਦੇ ਡੋਲਿਆਂ ਆਦਿ ਨੂੰ ਵੇਖਿਆ॥੧੫॥

ਬੂਝਯੋ 'ਇਹ ਕਿਸ ਕੋ ਹੈ ਡੇਰਾ?। ਗਮਨਤਿ ਜਾਤਿ ਵਹੀਰ ਬਡੇਰਾ'।
ਕਹਯੋ ਸੁਨਾਇ 'ਗੁਰੂ ਹਰਿਰਾਇ। ਆਗੇ ਗਏ ਸੈਨ ਸਮੁਦਾਇ॥ ੧੬॥

ਪੁੱਛਿਆ, "ਇਹ ਕਿਸ ਦਾ ਡੇਰਾ ਹੈ ? ਵੱਡੀ ਵਹੀਰ ਚਲੀ ਜਾ ਹੀ ਹੈ।" ਉਨ੍ਹਾਂ ਨੂੰ ਸੁਣਾ ਕੇ ਕਿਹਾ, "ਗੁਰੂ ਹਰਿਰਾਇ ਜੀ ਸਾਰੀ ਸੈਨਾ ਸਮੇਤ ਅੱਗੇ ਗਏ ਹਨ॥੧੬॥

ਤਿਨ ਕੋ ਇਹ ਬਹੀਰ ਉਤ ਜਾਈ'। ਜਬਿ ਤੁਰਕਨਿ ਐਸੀ ਸੁਧਿ ਪਾਈ।
ਸੋ ਉਮਰਾਵ ਕਹਨਿ ਤਬਿ ਲਾਗਯੋ। ਪ੍ਰਥਮ ਸ਼ੱਤ੍ਰੁਤਾ ਕੋਪ ਸੁ ਜਾਗਯੋ॥ ੧੭॥

ਉਨ੍ਹਾਂ ਦੀ ਇਹ ਵਹੀਰ ਓਧਰ ਜਾ ਰਹੀ ਹੈ", ਜਦ ਤੁਰਕਾਂ ਨੇ ਐਸੀ ਖ਼ਬਰ ਸੁਣੀ ਤਾਂ ਉਹ ਉਮਰਾਵ ਕਹਿਣ ਲੱਗਾ ਤੇ ਪਹਿਲੇ ਵੈਰ ਦਾ ਉਸ ਨੂੰ ਕ੍ਰੋਧ ਜਾਗਿਆ॥੧੭॥

'ਇਨ ਕੋ ਹੁਤੇ ਪਿਤਾਮਾ ਜਬੈ। ਮੋਰ ਪਿਤਾਮਾ ਮਾਰਯੋ ਤਬੈ।
ਮੁਗਲਸਖਾਨ ਬੀਰ ਬਰ ਬੰਕਾ। ਰਣ ਮੈਂ ਕਰਯੋ ਸੰਘਾਰ ਨਿਸ਼ੰਕਾ॥ ੧੮॥

"ਇਨ੍ਹਾਂ ਦਾ ਜਦ ਪਿਤਾਮਾ ਸੀ ਤਾਂ ਉਸ ਨੇ ਮੇਰੇ ਪਿਤਾਮਾ ਨੂੰ ਮਾਰਿਆ ਸੀ, ਮੁਖਲਸ ਖਾਨ ਵੱਡਾ ਬਾਂਕਾ ਸੂਰਮਾ ਸੀ, ਰਣਖੇਤਰ ਵਿਚ ਨਿਸ਼ੰਕ ਹੋ ਕੇ ਇਸ ਦੇ ਪਿਤਾਮਾ ਨੇ ਉਸ ਨੂੰ ਮਾਰਿਆ॥੧੮॥

ਅਬਿ ਔਚਕ ਭਾ ਮੇਲ ਹਮਾਰਾ। ਲੂਟ ਲੇਉ ਇਨ ਕੋ ਦਲ ਸਾਰਾ।
ਸਜੰਦਨ ਡੋਰੇ ਲੀਜਹਿ ਘੇਰ। ਜਾਨਿ ਨਹੀਂ ਦਿਹੁ ਇਨਹਿ ਅਗੇਰ॥ ੧੯॥

ਹੁਣ ਅਚਾਨਕ ਸਾਡਾ ਮੇਲ ਹੋ ਗਿਆ ਹੈ, ਇਨ੍ਹਾਂ ਦੇ ਸਾਰੇ ਦਲ ਨੂੰ ਲੁਟ ਲੈਂਦਾ ਹਾਂ, ਰੱਬ ਤੇ ਭੋਲੇ ਘੇਰ ਲਵੇ, ਇਨ੍ਹਾਂ ਨੂੰ ਅੱਗੇ ਨਾ ਜਾਣ ਦੇਵੇ॥੧੯॥

ਤੋਰੇ ਸਕਲ ਧੁਖਾਵਨਿ ਕਰੋ। ਜੇ ਕਰਿ ਖਰੋ ਕਰਹਿ ਤਬਿ ਲਰੋ'।
ਇਮ ਸੁਨਿ ਸ਼੍ਰੋਨ ਤੁਰਕ ਸਮੁਦਾਏ। ਘੇਰਿ ਬਹੀਰ ਖਰੇ ਅਗੁਵਾਏ॥ ੨੦॥

ਬੰਦੂਕਾਂ ਦੇ ਸਾਰੇ ਤੋੜੇ ਧੁਖਾ ਲਵੋ, ਜੇ ਆਪਣਾ ਦਲ ਲੜਨ ਵਾਸਤੇ ਖੜਾ ਕਰਨ ਤਦ ਲੜੋ।'' ਇਹ ਸੁਣ ਕੇ ਤੁਰਕਾਂ ਦੇ ਸਮੂਹ ਨੇ ਗੁਰੂ ਜੀ ਦੀ ਵਹੀਰ ਨੂੰ ਅੱਗੇ ਹੋ ਕੇ ਘੇਰ ਲਿਆ॥੨੦॥

ਇਕ ਅਸਵਾਰ ਧਵਾਵਤਿ ਗਯੋ। ਮਿਲਜੋ ਗੁਰੂ ਸੰਗ ਭਾਖਤਿ ਭਯੋ।
'ਪ੍ਰਭੁ ਜੀ! ਆਪ ਚਲੇ ਇਤ ਜਾਤੇ। ਪੀਛੇ ਮਿਲੇ ਤੁਰਕ ਰਿਸ ਰਾਤੇ॥ ੨੧॥

ਇਕ ਅਸਵਾਰ ਘੋੜਾ ਭਜਾਉਂਦਾ ਗਿਆ ਤੇ ਗੁਰੂ ਜੀ ਨੂੰ ਮਿਲ ਕੇ ਉਸ ਨੇ ਕਿਹਾ, ''ਪ੍ਰਭੂ ਜੀ! ਆਪ ਜੀ ਅੱਗੇ ਚਲੇ ਜਾ ਰਹੇ ਹੋ, ਪਿੱਛੇ ਤੁਰਕ ਬੜਾ ਗੁੱਸਾ ਖਾ ਕੇ ਆ ਪਏ ਹਨ॥੨੧॥

ਘੇਰਜੋ ਸਕਲ ਵਹੀਰ ਤੁਮਾਰਾ। ਹਟਿ ਕਰਿ ਬਨਹੁ ਸਹਾਇ ਉਦਾਰਾ'।
ਸੁਨਿ ਕਰਿ ਪ੍ਰਭੁ ਤੁਰੰਗ ਠਹਿਰਾਯੋ। ਸਕਲ ਪ੍ਰਬਲ ਦਲ ਸੰਗ ਮਿਲਾਯੋ॥੨੨॥

ਤੁਹਾਡੀ ਸਾਰੀ ਵਹੀਰ ਨੂੰ ਉਨ੍ਹਾਂ ਘੇਰ ਲਿਆ ਹੈ, ਵਾਪਸ ਮੁੜ ਕੇ ਉਨ੍ਹਾਂ ਦੇ ਵੱਡੇ ਸਹਾਇਕ ਬਣੋ।'' ਇਹ ਸੁਣ ਕੇ ਗੁਰੂ ਜੀ ਨੇ ਘੋੜਾ ਰੋਕਿਆ, ਸਾਰਾ ਬਲਵਾਨ ਦਲ ਨਾਲ ਮਿਲ ਪਿਆ॥੨੨॥

ਆਨਿ ਜੰਗ ਕੋ ਕਾਰਜ ਪਰਯੋ। ਹਮਹਿ ਪਿਤਾਮੇ ਬਰਜਨਿ ਕਰਯੋ।
ਅਸਮੰਜਸ ਹੋਈ ਅਬਿ ਆਨਿ। ਖਰੇ ਬਿਚਾਰਯੋ ਗੁਰ ਭਗਵਾਨ॥ ੨੩॥

ਇਹ ਤਾਂ ਜੰਗ ਦਾ ਕਾਰਜ ਆ ਪਿਆ ਹੈ, ਸਾਡੇ ਪਿਤਾਮਾ ਨੇ ਜੰਗ ਕਰਨ ਤੋਂ ਮਨ੍ਹਾਂ ਕੀਤਾ ਹੈ। ਇਹ ਹੁਣ ਨਾਮੁਨਾਸਿਬ ਗੱਲ ਆ ਪਈ ਹੈ। ਗੁਰੂ ਭਗਵਾਨ ਨੇ ਖੜੇ ਹੋ ਕੇ ਵਿਚਾਰ ਕੀਤੀ॥੨੩॥

ਸ੍ਰੀ ਮੁਖ ਬੂਝਯੋ 'ਕੌਨ ਪਿਛਾਰੀ?। ਜਥੇਦਾਰ ਆਵਤਿ ਬਲ ਭਾਰੀ'।
ਹਾਥ ਜੋਰਿ ਤਿਨ ਸਕਲ ਸੁਨਾਈ। 'ਪ੍ਰਭੁ ਜੀ ਸੈਨਾ ਸਭਿ ਚਲਿ ਆਈ॥੨੪॥

ਗੁਰੂ ਜੀ ਨੇ ਪੁੱਛਿਆ ''ਪਿਛੇ ਕੌਣ ਹੈ? ਕਿਹੜਾ ਭਾਰੀ ਬਲ ਵਾਲਾ ਜਥੇਦਾਰ ਆ ਰਿਹਾ ਹੈ?'' ਹੱਥ ਜੋੜ ਕੇ ਉਸ ਸਵਾਰ ਨੇ ਸਾਰੀ ਗੱਲ ਸੁਣਾਈ, ''ਪ੍ਰਭੂ ਜੀ! ਸਾਰੀ ਸੈਨਾ ਚਲ ਕੇ ਆ ਗਈ ਹੈ॥੨੪॥

ਸ਼ਸਤ੍ਰਹੀਨ ਸਭਿ ਆਇ ਪਿਛਾਰੇ। ਸੁਨਯੋ ਦੂਰ ਦੁੰਦਭਿ ਧੁਨਕਾਰੇ।
ਭਗਤੂ ਕੇਰ ਨਿਨਾਵਾ ਆਵਤਿ। ਅਪਰ ਨ ਸੈਨਾਪਤਿ ਕੋ ਪਾਵਤਿ'॥ ੨੫॥

ਸ਼ਸਤਰਹੀਣ ਸਾਰੇ ਪਿੱਛੇ ਆ ਰਹੇ ਹਨ। ਦੂਰ ਨਗਾਰੇ ਦੀ ਆਵਾਜ਼ ਸੁਣੀ ਹੈ, ਭਾਈ ਭਗਤੂ ਦਾ ਗੋਰਾ ਆ ਰਿਹਾ ਹੈ, ਹੋਰ ਤਾਂ ਕੋਈ ਸੈਨਾਪਤੀ ਨਹੀਂ ਵੇਖਿਆ ਹੈ''॥੨੫॥

ਸੁਨਿ ਕਰਿ ਸ੍ਰੀ ਹਰਿਰਾਇ ਬਖਾਨਾ। 'ਜੇ ਭਗਤੂ ਸੁਤ ਹੈ ਤਿਸ ਥਾਨਾ।
ਅਪਨੀ ਮਾਤਨਿ ਆਪਹਿ ਲਜਾਵਹਿ। ਲਰਹਿ ਤੁਰਕ ਸੋਂ ਸਕਲ ਬਚਾਵਹਿ'॥੨੬॥

ਇਹ ਸੁਣ ਕੇ ਸ੍ਰੀ ਗੁਰੂ ਹਰਿਰਾਇ ਜੀ ਨੇ ਕਿਹਾ, ''ਜੇ ਭਗਤੂ ਦਾ ਪੁੱਤਰ ਉਸ ਥਾਂ ਹੈ ਤਾਂ ਉਹ ਆਪਣੀਆਂ ਮਾਤਾਵਾਂ ਨੂੰ ਆਪੇ ਲਿਆਵੇਗਾ, ਤੁਰਕ ਨਾਲ ਲੜ ਕੇ ਸਭ ਨੂੰ ਬਚਾਵੇਗਾ''॥੨੬॥

ਇਮ ਕਹਿ ਚਪਲ ਤੁਰੰਗ ਚਲਾਯੋ। ਪਾਛੇ ਕਟਕ ਚਲਯੋ ਉਮਡਾਯੋ।
ਮਨ ਮਹਿਂ ਗਿਨਹਿਂ ਨ ਸਤਿਗੁਰ ਮੁਰੇ। ਹਮ ਕੋ ਲਰਨਿ ਹੁਕਮ ਨਹਿਂ ਕਰੇ ॥੨੭॥

ਇਹ ਕਹਿ ਕੇ ਚੰਚਲ ਘੋੜੇ ਨੂੰ ਅੱਗੇ ਚਲਾਇਆ ਤੇ ਸੈਨਾ ਦਾ ਦਲ ਉਮਡ ਕੇ ਆ ਗਿਆ। ਸੈਨਾ ਦੇ ਸੂਰਬੀਰ ਮਨ ਵਿਚ ਸੋਚਦੇ ਸਨ ਕਿ ਨਾ ਹੀ ਸਤਿਗੁਰੂ ਮੁੜੇ ਹਨ ਤੇ ਨਾ ਲੜਨ ਵਾਸਤੇ ਸਾਨੂੰ ਹੁਕਮ ਕੀਤਾ ਹੈ ॥੨੭॥

ਦਲ ਤੁਰਕਨਿ ਕੋ ਹੋਇ ਘਨੇਰਾ। ਹਮ ਮਾਰਹਿਂ, ਤਹਿਂ ਕਹੈਂ ਨ ਫੇਰਾ।
ਗੁਰ ਸਨਮੁਖ ਕੋ ਕਹੇ ਨ ਬੈਨ। ਸੰਗ ਚਲਤਿ ਕਰਿ ਨੀਚੇ ਨੈਨ॥ ੨੮॥

ਤੁਰਕਾਂ ਦਾ ਦਲ ਬਹੁਤ ਵੱਡਾ ਹੋਵੇਗਾ, ਜੇ ਅਸੀਂ ਮਾਰੀਏ ਤਾਂ ਫਿਰ ਇਹ ਨਾ ਕਹਿਣ ਕਿ ਤੁਸੀਂ ਕਿਉਂ ਲੜੇ, ਗੁਰੂ ਜੀ ਦੇ ਸਾਹਮਣੇ ਕੋਈ ਬੋਲਦਾ ਨਹੀਂ ਸੀ, ਸਾਰੇ ਨੀਵੀਆਂ ਅੱਖਾਂ ਕਰਕੇ ਨਾਲ ਚਲ ਰਹੇ ਸਨ ॥੨੮॥

ਆਵਤਿ ਅੰਤਹਿਪੁਰਿ ਗੁਰ ਕੇਰਾ। ਇਹ ਕਾਰਜ ਭਾ ਖੋਟ ਬਡੇਰਾ।
ਸਭਿ ਜੋਧਾ ਸੈਨਾਪਤਿ ਆਦਿ। ਤੂਸ਼ਨਿ ਚਲੇ ਬਿਨਾ ਅਹਿਲਾਦ॥ ੨੯॥

ਗੁਰੂ ਜੀ ਦੇ ਮਹਿਲ ਆ ਰਹੇ ਹਨ, ਇਹ ਕਾਰਜ ਬੜਾ ਖੋਟਾ ਹੈ। ਸਭ ਯੋਧੇ ਸੈਨਾਪਤੀ ਆਦਿ ਖ਼ੁਸ਼ੀ ਰਹਿਤ ਹੋ ਕੇ ਚੁੱਪ ਵੱਟੀ ਨਾਲ ਚਲੇ ਜਾ ਰਹੇ ਸਨ ॥੨੯॥

ਜਹਾਂ ਤੁਰਕ ਦਲ ਇਕਠੋ ਹੋਯੋ। ਆਨਿ ਤਹਾਂ ਗੋਰੇ ਸਭਿ ਜੋਯੋ।
ਨਿਜ ਅਸਵਾਰਿਕ ਤਹਾਂ ਪਠਾਯੋ। 'ਗੁਰ ਵਹੀਰ ਕਯੋਂ ਤੁਮ ਅਟਕਾਯੋ ? ॥੩੦॥

ਜਿਥੇ ਤੁਰਕ ਦਲ ਇਕੱਠਾ ਹੋਇਆ, ਉਥੇ ਆ ਕੇ ਗੋਰੇ ਨੇ ਸਭ ਕੁਝ ਵੇਖਿਆ। ਆਪਣੇ ਇਕ ਅਸਵਾਰ ਨੂੰ ਭੇਜਿਆ, ਉਸ ਨੇ ਜਾ ਕੇ ਪੁੱਛਿਆ, "ਗੁਰੂ ਜੀ ਦੀ ਵਹੀਰ ਨੂੰ ਤੁਸੀਂ ਕਿਉਂ ਰੋਕਿਆ ਹੈ ? ॥੩੦॥

ਆਗਾ ਛੋਰਿ ਦੇਹੁ ਹਮ ਜਾਨਾ। ਨਾਂਹਿ ਤ ਪਰਹਿ ਸ਼ਸਤ੍ਰ ਘਮਸਾਨਾ।
ਇਹਾਂ ਪ੍ਰਜਾ ਕੇ ਨਾਂਹਿਨ ਲੋਕ। ਕਰਿ ਬਲ ਕੋ ਜਿਨ ਲੇਤੇ ਰੋਕ॥ ੩੧॥

ਰਾਹ ਛੱਡ ਦੇਵੋ ਅਸੀਂ ਜਾਣਾ ਹੈ, ਨਹੀਂ ਤਾਂ ਸ਼ਸਤਰਾਂ ਦਾ ਵੱਡਾ ਯੁੱਧ ਮੱਚ ਜਾਵੇਗਾ। ਇਹ ਤੁਹਾਡੀ ਪਰਜਾ ਦੇ ਲੋਕ ਨਹੀਂ ਹਨ, ਬਲ ਕਰਕੇ ਜਿਨ੍ਹਾਂ ਨੂੰ ਰੋਕ ਲੈਂਦੇ ਹੋ ॥੩੧॥

ਮਾਰਨ ਮਰਨੋ ਕਾਜ ਹਮਾਰੋ। ਨਹਿਂ ਸਨਮੁਖ ਹੁਇ ਖਰੇ ਨਿਹਾਰੋ'।
ਸੁਨਿ ਤੁਰਕਨਿ ਮਨ ਮਾਨ ਬਡੇਰੇ। ਭਾਖੇ ਬਾਕ ਸਕੋਪ ਘਨੇਰੇ॥ ੩੨॥

ਮਰਨਾ ਮਾਰਨਾ ਸਾਡਾ ਕਾਰਜ ਹੈ, ਸਾਹਮਣੇ ਖੜੇ ਹੋ ਕੇ ਨਾ ਵੇਖੋ, ਸਾਡਾ ਰਾਹ ਛੱਡ ਦੇਵੋ।" ਇਹ ਸੁਣ ਕੇ ਤੁਰਕ ਜਿਨ੍ਹਾਂ ਦੇ ਮਨ ਵਿਚ ਵੱਡਾ ਘੁਮੰਡ ਸੀ, ਬੜੇ ਗੁੱਸੇ ਨਾਲ ਬੋਲੇ ॥੩੨॥

'ਸ਼ਸਤ੍ਰ ਤੁਹਾਰੇ ਲੈ ਹੈਂ ਛੀਨ। ਹਤਹਿਂ ਨ ਫੇਰ ਬਨਹੁ ਜੇ ਦੀਨ।
ਜੇ ਪ੍ਰਿਯ ਪ੍ਰਾਨ ਆਪਨੇ ਜਾਨਹੁ। ਹਯ ਆਯੁਧ ਕੋ ਤਯਾਗਿ ਪਯਾਨਹੁ' ॥੩੩॥

"ਤੁਹਾਡੇ ਸ਼ਸਤਰ ਖੋਹ ਲਵਾਂਗੇ। ਜੇ ਦੀਨ ਬਣ ਜਾਵੋਗੇ ਤੇ ਫਿਰ ਨਹੀਂ ਮਾਰਾਂਗੇ। ਜੇ ਆਪਣੇ ਪ੍ਰਾਣ ਪਿਆਰੇ ਜਾਣਦੇ ਹੋ ਤਾਂ ਘੋੜੇ ਅਤੇ ਸ਼ਸਤਰ ਛੱਡ ਕੇ ਚਲੇ ਜਾਵੋ" ॥੩੩॥

ਇਮ ਗੋਰੇ ਜਬਿ ਤਿਨ ਕੀ ਸੁਨੀ। ਲਰਨ ਹੇਤੁ ਰਿਸ ਕੀਨਸਿ ਘਨੀ।
ਅਬਿ ਗੁਰ ਹਿਤ ਕੈ ਪ੍ਰਾਨ ਗਵਾਵੋਂ। ਕੈ ਰਣ ਜੀਤਿ ਖਤਾ ਬਖ਼ਸ਼ਾਵੋਂ॥ ੩੪॥

ਗੋਰੇ ਨੇ ਜਦ ਉਨ੍ਹਾਂ ਦੀ ਇਹ ਗੱਲ ਸੁਣੀ ਤਾਂ ਲੜਨ ਵਾਸਤੇ ਬਹੁਤ ਗੁੱਸਾ ਧਾਰਨ ਕੀਤਾ। ਹੁਣ ਮੈਂ ਗੁਰੂ ਵਾਸਤੇ ਆਪਣੇ ਪ੍ਰਾਣ ਗਵਾ ਦੇਵਾਂਗਾ, ਜਾਂ ਯੁੱਧ ਜਿੱਤ ਕੇ ਆਪਣੀ ਭੁੱਲ ਬਖ਼ਸ਼ਾਵਾਂਗਾ॥੩੪॥

ਸਮਾਂ ਪ੍ਰਤੀਖਤਿ ਰਹਜੋ ਹਮੇਸ਼। ਪਾਯੋ ਆਜ ਸਮੋਂ ਇਹ ਬੇਸ਼।
ਮੋ ਕੋ ਸ੍ਰਾਪ ਦੇਇ ਸਮੁਦਾਇ। ਦੋਨਹੁੰ ਲੋਕਨਿ ਕਸ਼ਟ ਉਪਾਇ॥ ੩੫॥

ਮੈਂ ਅਜਿਹੇ ਸਮੇਂ ਦੀ ਸਦਾ ਇੰਤਜ਼ਾਰ ਕਰਦਾ ਰਿਹਾ ਹਾਂ। ਹੁਣ ਮੈਂ ਇਹ ਵਧੀਆ ਸਮਾਂ ਪਾਇਆ ਹੈ। ਮੈਨੂੰ ਬਹੁਤ ਸਰਾਪ ਦਿੱਤੇ ਹਨ, ਦੋਵਾਂ ਲੋਕਾਂ ਵਿਚ ਦੁੱਖ ਪਾਵਾਂਗਾ॥੩੫॥

ਸੋ ਅਬਿ ਮਿਟਹਿ ਕਰਹਿਂ ਪੁਰਸ਼ਾਰਥ। ਇਸ ਤੇ ਕੋ ਆਛੋ ਹੁਇ ਸ੍ਵਾਰਥ।
ਇਮ ਗਿਨ ਮਨ ਮਹਿਂ ਬਹੁ ਉਤਸਾਹਾ। ਕਰੌਂ ਜੰਗ ਭੀਖਨ ਚਿਤ ਚਾਹਾ॥ ੩੬॥

ਉਹ ਹੁਣ ਖ਼ਤਮ ਹੋ ਜਾਣਗੇ, ਇਸ ਲਈ ਉੱਦਮ ਕਰਦਾ ਹਾਂ, ਇਸ ਨਾਲੋਂ ਹੋਰ ਵੱਡਾ ਕਿਹੜਾ ਸਵਾਰਥ ਹੈ। ਇਸ ਤਰ੍ਹਾਂ ਸੋਚ ਕੇ ਮਨ ਵਿਚ ਬੜਾ ਉਤਸ਼ਾਹ ਕੀਤਾ, "ਬੜੀ ਭਿਆਨਕ ਜੰਗ ਕਰਾਂਗਾ" ਚਿੱਤ ਵਿਚ ਉਸ ਨੇ ਚਾਹਿਆ॥੩੬॥

ਜੇ ਅਬਿ ਲਰੌਂ ਨ ਮੈਂ ਰਿਸ ਧਰਿ ਕੈ। ਕਰੌਂ ਨ ਮਾਰਨ ਮਰਨ ਬਿਚਰਿਕੈ।
ਗੁਰ ਕੋ ਕਾਜ ਬਿਗਰ ਬਡ ਜੈ ਹੈ। ਤੁਰਕ ਨ ਟਰਨਿਂ ਲੁਟਿ ਸਭਿ ਲੈ ਹੈਂ॥ ੩੭॥

ਜੇ ਹੁਣ ਮੈਂ ਗੁੱਸਾ ਧਾਰ ਕੇ ਨਹੀਂ ਲੜਾਂਗਾ, ਮਰਨ ਮਾਰਨ ਵਿਚਾਰ ਕੇ ਨਹੀਂ ਕਰਾਂਗਾ ਤਾਂ ਗੁਰੂ ਜੀ ਦਾ ਵੱਡਾ ਕਾਰਜ ਵਿਗੜ ਜਾਵੇਗਾ। ਤੁਰਕ ਟਲਣਗੇ ਨਹੀਂ, ਸਭ ਕੁਝ ਲੁੱਟ ਲੈਣਗੇ॥੩੭॥

ਧ੍ਰਿਗ ਜੀਵਨ ਮੇਰੋ ਜਗ ਮਾਹੀ। ਕਹੈ ਜਗਤ 'ਜੋਧਾ ਇਹ ਨਾਂਹੀ।
ਬਿਗਰਤਿ ਗੁਰ ਕੋ ਕਾਜ ਨਿਹਾਰਾ। ਲਰਿ ਕਰਿ ਗਨ ਰਿਪੁ ਕੋ ਨਹਿਂ ਮਾਰਾ॥ ੩੮॥

ਜੱਗ ਵਿਚ ਮੇਰੇ ਜੀਵਨ ਨੂੰ ਧਿਰਕਾਰ ਹੈ, ਜਗਤ ਦੇ ਲੋਕ ਇਹ ਕਹਿਣਗੇ "ਇਹ ਜੋਧਾ ਨਹੀਂ ਹੈ। ਗੁਰੂ ਜੀ ਦਾ ਕਾਰਜ ਵਿਗੜਦਾ ਵੇਖਿਆ ਹੈ ਪਰ ਲੜ ਕੇ ਕੁਝ ਦੁਸ਼ਮਣਾਂ ਨੂੰ ਨਹੀਂ ਮਾਰਿਆ ਹੈ"॥੩੮॥

ਯਾਂਤੇ ਸਫਲ ਮਰਨ ਹੈ ਮੇਰਾ। ਜੀਤੇ ਸੁਧਰਹਿ ਕਾਜ ਬਡੇਰਾ।
ਭਏ ਸਹਾਇ ਆਨਿ ਗੁਰ ਨਾਥ। ਜਿਸ ਤੇ ਅਵਸਰ ਲਹਿ ਅਸ ਹਾਥ'॥ ੩੯॥

ਇਸ ਕਰਕੇ ਹੁਣ ਮੇਰਾ ਮਰਨਾ ਸਫਲ ਹੈ, ਜਿੱਤਾਂਗਾ ਤਾਂ ਵੱਡਾ ਕਾਰਜ ਸੁਧਾਰ ਲਵਾਂਗਾ। ਗੁਰੂ ਮਾਲਕ ਜੀ ਆਪੇ ਆ ਕੇ ਸਹਾਈ ਹੋ ਗਏ ਹਨ, ਜਿਸ ਕਰਕੇ ਐਸਾ ਅਵਸਰ ਹੱਥ ਵਿਚ ਆਇਆ ਹੈ"॥੩੯॥

ਇਮ ਬਿਚਾਰ ਕਰਿ ਹੁਕਮ ਬਖਾਨਾ। 'ਜੰਗੀ ਦੇਹੁ ਬਜਾਇ ਨਿਸ਼ਾਨਾ।
ਭੋ ਸਿਖਹੁ! ਲਿਹੁ ਬਲ ਸੰਭਾਰੇ। ਜੁਗ ਲੋਕਨਿ ਕੇ ਗੁਰ ਰਖਵਾਰੇ॥ ੪੦॥

ਇਸ ਤਰ੍ਹਾਂ ਵਿਚਾਰ ਕੇ ਹੁਕਮ ਦਿੱਤਾ, "ਜੰਗ ਦਾ ਨਗਾਰਾ ਵਜਾ ਦੇਵੋ, ਹੇ ਸਿਖੋ! ਬਲ ਸੰਭਾਲ ਲਵੋ, ਦੋਵਾਂ ਲੋਕਾਂ ਦੇ ਗੁਰੂ ਜੀ ਰਖਵਾਲੇ ਹਨ॥੪੦॥

ਪਜਾਰੇ ਪ੍ਰਾਨ ਨਹੀਂ ਅਬਿ ਕੀਜਹਿ। ਤੁਰਕ ਸਿੰਘਾਰਨਿ ਮਹਿਂ ਮਨ ਦੀਜਹਿ'।
ਸੁਭਟ ਤੀਨ ਸੈ ਹੁਤੇ ਜੁ ਸੰਗ। ਸਭਿ ਕੋ ਪ੍ਰੇਰਤਿ ਭਾ ਹਿਤ ਜੰਗ॥ ੪੧॥

ਹੁਣ ਪ੍ਰਾਣਾਂ ਨੂੰ ਪਿਆਰ ਨਹੀਂ ਕਰਨਾ, ਤੁਰਕਾਂ ਨੂੰ ਮਾਰਨ ਵਿਚ ਮਨ ਲਗਾਵੋ।" ਤਿੰਨ ਸੌ ਸੂਰਮੇ ਜੋ ਨਾਲ ਸਨ, ਸਾਰਿਆਂ ਨੂੰ ਜੰਗ ਵਾਸਤੇ ਪ੍ਰੇਰਿਆ॥੪੧॥

ਸਭਿ ਸੂਰਨਿ ਕੇ ਭਯੋ ਅਨੰਦ। ਤੁਰਕ ਬ੍ਰਿੰਦ ਕੋ ਕਰਹਿਂ ਨਿਕੰਦ।
ਜਬਿ ਦੁੰਦਭਿ ਇਨਹੂੰ ਬਜਵਾਯੋ। ਲਸ਼ਕਰ ਲਰਿਬੇ ਕੋ ਉਮਡਾਯੋ॥ ੪੨॥

ਸਾਰੇ ਸੂਰਮੇ ਪ੍ਰਸੰਨ ਹੋ ਗਏ। ਸਾਰੇ ਤੁਰਕਾਂ ਦਾ ਨਾਸ਼ ਕਰ ਦੇਵਾਂਗੇ। ਜਦ ਇਨ੍ਹਾਂ ਨੇ ਨਗਾਰਾ ਵਜਾਇਆ ਤਾਂ ਸਾਰਾ ਲਸ਼ਕਰ ਲੜਨ ਵਾਸਤੇ ਉੱਮਡ ਪਿਆ॥੪੨॥

ਸਭਿ ਬਹੀਰ ਇਕ ਦਿਸ਼ਿ ਮਹਿਂ ਕਰਜੋ। ਫਰਕ ਸਾਥ ਗੁਰ ਦਿਸ਼ਿ ਚਲ ਪਰਜੋ।
ਰੋਕਨਿ ਲਗੇ, ਸੁ ਗੋਰਾ ਅਰਜੋ। ਤਜਾਗਿ ਤੁਫੰਗੈਂ ਤੂਰਨ ਲਰਜੋ॥ ੪੩॥

ਸਾਰੀ ਵਹੀਰ ਨੂੰ ਇਕ ਪਾਸੇ ਕੀਤਾ, ਕੁਝ ਫ਼ਰਕ ਨਾਲ ਗੁਰੂ ਜੀ ਵਾਲੇ ਪਾਸੇ ਚਲ ਪਿਆ। ਰੋਕਣ ਲੱਗੇ ਤਾਂ ਵਿਚ ਗੋਰਾ ਅੜ ਗਿਆ, ਬੰਦੂਕਾਂ ਛੱਡ ਕੇ ਤੁਰਤ ਲੜਾਈ ਛੇੜ ਦਿੱਤੀ॥੪੩॥

*ਦਸਵੀਂ ਰਾਸ ਦਾ ਤੇਰ੍ਹਵਾਂ ਅਧਿਆਇ ਸਮਾਪਤ ਹੋਇਆ॥੧੩॥*

## ਅਧਿਆਇ ਚੌਦ੍ਹਵਾਂ

*ਗੋਰੇ ਦਾ ਤੁਰਕਾਂ ਨਾਲ ਯੁੱਧ*

ਦੋਹਰਾ- ਸ਼ਲਖ ਤੁਫੰਗਨਿ ਕੀ ਛੁਟੀ ਲਗੇ ਤੁਰਕ ਤਨ ਘਾਇ।
ਗਿਰੇ ਤੁਰੰਗਨਿ ਤੇ ਤੁਰਤ ਜੇ ਅਤਿ ਹੈਂ ਅਗੁਵਾਇ॥ ੧॥

ਬੰਦੂਕਾਂ ਵਿਚੋਂ ਗੋਲੀਆਂ ਨਿਕਲ ਤੁਰਕਾਂ ਦੇ ਸਰੀਰਾਂ ਨੂੰ ਜ਼ਖ਼ਮੀ ਕਰ ਦਿੱਤਾ, ਤੁਰਤ ਘੋੜੇ 'ਤੇ ਜਿਹੜੇ ਸਭ ਤੋਂ ਅੱਗੇ ਤੁਰਕ ਸਨ, ਡਿੱਗ ਪਏ॥੧॥

*ਭੁਜੰਗ ਛੰਦ*-ਲਿਯੋ ਘੇਰ ਆਗੋ ਖਰੇ ਤਾਂਹਿ ਠੋਰੇ। ਸਭੈ ਰੋਕਿ ਸ਼ੱਤ੍ਰੂ, ਬਡੇ ਬੀਰ ਗੋਰੇ।
ਭਯੋ ਦੂਰ ਕੇ ਪੰਥ ਚਾਲਜੋ ਬਹੀਰਾ। ਗੁਰੂ ਓਰ ਕੋ, ਛੋਰਿ ਚਿੰਤਾ, ਸਧੀਰਾ॥੨॥

ਅੱਗੇ ਖੜੇ ਹੋ ਕੇ ਉਨ੍ਹਾਂ ਨੂੰ ਘੇਰ ਲਿਆ, ਵੱਡੇ ਸੂਰਬੀਰ ਗੋਰੇ ਨੇ ਸਭ ਵੈਰੀ ਰੋਕ ਲਏ। ਵਹੀਰ ਤੁਰਕ ਦਲ ਤੋਂ ਦੂਰ ਹੋ ਕੇ ਗੁਰੂ ਜੀ ਦੇ ਪਾਸੇ ਵਾਲੇ ਰਸਤੇ 'ਤੇ ਚਲ ਪਈ ਤੇ ਉਨ੍ਹਾਂ ਚਿੰਤਾ ਛੱਡ ਦਿੱਤੀ ਤੇ ਧੀਰਜ ਨਾਲ ਚਲ ਪਏ॥੨॥

ਰਿਪੂ ਦੌਰਿ ਜਾਂਹੀ ਦਿਸ਼ਾ ਕੋ ਚਲੰਤੇ। ਤਿਤੈ ਘੇਰਿ ਆਗੈ ਤੁਫੰਗੈਂ ਹਨੰਤੇ।
ਨਹੀਂ ਜਾਨਿ ਦੀਨੇ ਬਹੀਰੰ ਪਿਛਾਰੀ। ਰਚਜੋ ਜੰਗ ਭੀਮੰ ਰਿਸੇ ਸ਼ਸਤ੍ਰ ਧਾਰੀ॥੩॥

ਜਿਸ ਤਰਫ ਵਹੀਰ ਜਾਂਦੀ ਸੀ, ਗੋਰੇ ਦੇ ਆਦਮੀ ਉਸੇ ਪਾਸੇ ਬੰਦੂਕਾਂ ਮਾਰਦੇ ਸਨ, ਉਨ੍ਹਾਂ ਨੂੰ ਵਹੀਰ ਦੇ ਪਿੱਛੇ ਨਾ ਜਾਣ ਦਿੱਤਾ। ਬੜਾ ਭਿਆਨਕ ਜੰਗ ਰਚਿਆ ਤੇ ਸ਼ਸਤਰਧਾਰੀ ਸਿੱਖ ਬਹੁਤ ਕ੍ਰੋਧ ਵਿਚ ਆ ਗਏ॥੩॥

ਕਰੇ ਤੇਜ ਤਾਜੀ ਧਰੇ ਹਾਥ ਨੇਜੇ। ਪਰੋਏ ਪਰੇ ਸੋ ਜਮੰਧਾਮ ਭੇਜੇ।
ਚਲੈਂ ਤੀਰ ਤੀਖੇ ਧਸੈਂ ਦੇਹ ਫੋਰੇਂ। ਗਿਰੇ ਬੀਰ ਭੂਮੈਂ, ਫਿਰੈਂ ਛੂਛ ਘੋਰੇ॥ ੪॥

ਹੱਥ ਵਿਚ ਨੇਜ਼ੇ ਫੜ ਕੇ ਘੋੜਿਆਂ ਨੂੰ ਤੇਜ਼ ਕਰਦੇ ਸਨ। ਜਿਹੜੇ ਵੈਰੀ ਵੀ ਨੇਜ਼ਿਆਂ ਨਾਲ ਪਰੋਏ ਗਏ, ਉਨ੍ਹਾਂ ਨੂੰ ਜਮਾਂ ਦੇ ਘਰ ਭੇਜ ਦਿੱਤਾ। ਤਿੱਖੇ ਤੀਰ ਚਲਦੇ ਸਨ ਤੇ ਧੱਸ ਕੇ ਸਰੀਰਾਂ ਨੂੰ ਪਾੜ ਰਹੇ ਸਨ। ਸੂਰਮੇ ਘੋੜਿਆਂ ਤੋਂ ਡਿੱਗ ਪੈਂਦੇ ਸਨ ਤੇ ਘੋੜੇ ਖ਼ਾਲੀ ਫਿਰਦੇ ਸਨ॥੪॥

ਕੜਾਕਾੜ ਬੰਦੂਕ ਛੁੱਟੀ ਕੜੱਕੈਂ। ਭਏ ਘਾਵ ਜੋਧਾਨਿ ਤੇਗੇ ਸੜੱਕੈਂ।
ਮਿਲੈਂ ਬੀਰ, ਬਾਹੇਂ ਕਟੈਂ ਅੰਗ ਡਾਰੈਂ। ਕਰੈਂ ਬੀਰ ਹੇਲਾ ਸੁ ਮਾਰੰ ਪੁਕਾਰੈਂ॥ ੫॥

ਬੰਦੂਕਾਂ ਕੜ ਕੜ ਕਰਕੇ ਕੜਕ ਕੇ ਚਲਦੀਆਂ ਹਨ, ਜੋਧੇ ਜ਼ਖ਼ਮੀ ਹੋ ਗਏ ਤੇ ਤਲਵਾਰਾਂ ਸਰਕਦੀਆਂ ਸਨ। ਯੋਧੇ ਆਪਸ ਵਿਚ ਭਿੜ ਕੇ ਬਾਹਾਂ ਤੇ ਹੋਰ ਅੰਗ ਕੱਟ ਕੇ ਸੁੱਟ ਦਿੰਦੇ ਸਨ। ਸੂਰਬੀਰ ਹਮਲਾ ਕਰਦੇ ਸਨ ਤੇ ਮਾਰ ਲਵੋ ਮਾਰ ਲਵੋ ਪੁਕਾਰਦੇ ਸਨ॥੫॥

ਜਬੈ ਮਾਰ ਐਸੀ ਕਰੀ ਸੂਰ ਗੋਰੇ। ਹਟੇ ਮੂੰਡ ਫੂਟੇ ਪਿਖੇ ਤਾਹਿ ਠੌਰੇ।
ਪਰੇ ਘਾਵ ਖੈ ਕੇ ਕਿਤੇ ਪਾਨਿ ਜਾਚੇਂ। ਭਕਾਭੱਕ ਲੋਹੂ ਚਲੈ ਧੂਲ ਰਾਚੇ॥ ੬॥

ਜਦ ਸੂਰਬੀਰ ਗੋਰੇ ਨੇ ਐਸੀ ਮਾਰ ਮਾਰੀ ਤਾਂ ਮੂੰਹ ਪੜਵਾ ਕੇ ਪਿੱਛੇ ਹੱਟ ਕੇ ਉਸ ਥਾਂ ਨੂੰ ਵੇਖਦੇ ਸਨ। ਜ਼ਖ਼ਮੀ ਹੋ ਕੇ ਪਏ ਸਨ ਤੇ ਕਿਤੇ ਕੋਈ ਪਾਣੀ ਮੰਗਦਾ ਸੀ। ਭਕਾਭੱਕ ਲਹੂ ਵੱਗ ਕੇ ਧੂੜ ਵਿਚ ਮਿਲ ਜਾਂਦਾ ਸੀ॥੬॥

ਦੋਹਰਾ- ਠਟਕੀ ਚਮੂੰ ਬਿਲੋਕਿ ਕੈ ਰਿਸਜੋ ਕਹਤਿ ਉਮਰਾਵ।
'ਪਿਖਹੁ ਕਹਾਂ ਠਾਂਢੇ ਅਬਹਿ ਕਰੋਂ ਨ ਡਾਲਤੇ ਘਾਵ॥ ੭॥

ਠਠੰਬਰੀ ਸੈਨਾ ਵੇਖ ਕੇ ਉਮਰਾਵ ਬੜੇ ਗ਼ੁੱਸੇ ਵਿਚ ਆ ਕੇ ਕਹਿਣ ਲੱਗੇ, "ਹੁਣ ਖੜੇ ਕੀ ਵੇਖਦੇ ਹੋ, ਕਿਉਂ ਵੈਰੀ ਨੂੰ ਜ਼ਖ਼ਮੀ ਨਹੀਂ ਕਰਦੇ ਹੋ॥੭॥

ਇਨਿਹਿ ਪਲਾਵਹੁ ਜੇ ਖਰੇ ਇਕ ਬਿਰ ਹੇਲਾ ਡਾਲਿ।
ਪੁਨ ਬਹੀਰ ਲੂਟਹੁ ਸਕਲ ਬਡੋ ਸਮਾਲਹੁ ਮਾਲ'॥ ੮॥

ਇਕ ਵਾਰ ਹਮਲਾ ਕਰਕੇ ਜਿਹੜੇ ਖੜੇ ਹਨ, ਇਨ੍ਹਾਂ ਨੂੰ ਭਜਾ ਦੇਵੋ, ਫਿਰ ਵਹੀਰ ਨੂੰ ਲੁਟੋ, ਤੇ ਸਾਰਾ ਵੱਡਾ ਮਾਲ ਅਸਬਾਬ ਸੰਭਾਲ ਲਵੋ"॥੮॥

ਰਸਾਵਲ ਛੰਦ- ਸੁਨੀ ਕਾਨ ਬਾਨੀ। ਪਤੀ ਜਾਨ ਮਾਨੀ। ਤੁਫੰਗੈਂ ਸੰਭਾਰੀ। ਬਰੂਦਾਨਿ ਡਾਰੀ॥੯॥

ਅਮੀਰ ਦੀ ਗੱਲ ਸੁਣੀ ਤੇ ਮਾਲਕ ਜਾਣ ਕੇ ਮੰਨੀ, ਬੰਦੂਕਾਂ ਸੰਭਾਲੀਆਂ ਤੇ ਉਨ੍ਹਾਂ ਵਿਚ ਬਰੂਦ ਪਾਇਆ॥੯॥

ਠੁਕੀ ਫੇਰ ਗੋਰੀ। ਕਰੀ ਤਜਾਰ ਛੋਰੀ। ਤੜਾਕੇ ਉਠਾਏ। ਪਲੀਤੇ ਧੁਖਾਏ॥੧੦॥

ਫਿਰ ਵਿਚ ਗੋਲੀਆਂ ਠੋਕੀਆਂ ਤੇ ਤਿਆਰ ਕਰਕੇ ਚਲਾਈਆਂ। ਤੜ-ਤੜ ਦੀ ਆਵਾਜ਼ ਉੱਠੀ ਤੇ ਫਿਰ ਪਲੀਤੇ ਧੁਖਾਏ॥੧੦॥

ਭਵਾਏ ਤੁਰੰਗਾ। ਬਡੇ ਬੇਗ ਸੰਗਾ। ਕਰੇ ਨੇਰ ਆਏ। ਸੁ ਨੇਜ਼ੇ ਭ੍ਰਮਾਏ॥੧੧॥

ਘੋੜਿਆਂ ਨੂੰ ਬੜੀ ਤੇਜ਼ੀ ਨਾਲ ਭੰਵਾਇਆ ਤੇ ਫਿਰ ਨੇੜੇ ਆ ਕੇ ਨੇਜ਼ੇ ਭਰਮਾਏ॥੧੧॥

ਰਿਸਜੋ ਬੀਰ ਗੋਰਾ। ਖਰੋ ਤਾਂਹਿ ਠੋਰਾ। ਸੁ ਪੈਰੇਂ ਜਮਾਏ। ਨਹੀਂ ਚਾਲ ਪਾਏ॥੧੨॥

ਸੂਰਬੀਰ ਗੋਰਾ ਬਹੁਤ ਗ਼ੁੱਸੇ ਵਿਚ ਆਇਆ। ਉਹ ਉਸ ਥਾਂ ਹੀ ਖੜਾ ਸੀ, ਪੈਰਾਂ ਨੂੰ ਚੰਗੀ ਤਰ੍ਹਾਂ ਜਮਾਇਆ, ਪੈਰ ਚਲਾਏ ਨਹੀਂ॥੧੨॥

ਤੁਫੰਗਾਨਿ ਗੋਰੀ। ਇਕੈ ਬਾਰਿ ਛੋਰੀ। ਬਕੈਂ ਸਿੱਖ ਸਾਰੇ। 'ਲਿਜੈ ਸ਼ੱਤ੍ਰ ਮਾਰੇ'॥੧੩॥

ਬੰਦੂਕਾਂ ਵਿਚੋਂ ਗੋਲੀਆਂ, ਇਕੋ ਵਾਰ ਛੱਡੀਆਂ, ਸਾਰੇ ਸਿੱਖ ਬੋਲਦੇ ਸਨ, "ਵੈਰੀ ਨੂੰ ਮਾਰ ਲਵੋ"॥੧੩॥

ਤਿਨ੍ਹੋ ਜ਼ੋਰ ਘਾਲਾ। ਮਹਾਂ ਹੇਲ ਡਾਲਾ। ਸਹਜੋ ਠਾਂਢ ਹ੍ਵੈ ਕੈ। ਹਨੈ ਕ੍ਰੋਧ ਕੈ ਕੈ॥੧੪॥

ਤਿਨ੍ਹਾਂ ਨੇ ਜ਼ੋਰ ਪਾਇਆ, ਵੱਡਾ ਹਮਲਾ ਕੀਤਾ, ਖੜੇ ਹੋ ਕੇ ਝਲਿਆ ਤੇ ਕ੍ਰੋਧ ਕਰ ਕਰ ਕੇ ਮਾਰੇ॥੧੪॥

ਉਥੱਲੈਂ, ਪਥੱਲੈਂ। ਨਹੀਂ ਪਾਇ ਹੱਲੈਂ। ਰਿਪੂ ਤੁੰਡ ਤੋਰਾ। ਦਿਯੋ ਪਾਛ ਮੋਰਾ॥੧੫॥

ਉਥੱਲਦੇ ਸਨ, ਪਥੱਲਦੇ ਸਨ, ਪਰ ਇਕ ਪੈਰ ਵੀ ਨਹੀਂ ਸੀ ਹਿੱਲਦੇ, ਵੈਰੀ ਦਾ ਮੂੰਹ ਤੋੜ ਦਿੱਤਾ ਤੇ ਪਿੱਛੇ ਮੋੜ ਦਿੱਤਾ॥੧੫॥

ਪੁਨੰ ਕੋਪ ਛਾਈ। ਘਨੀ ਸੈਨ ਆਈ। ਤੁਫੰਗੈਂ ਚਲਾਈ। ਸੁ ਧੌਸੇ ਬਜਾਈ॥੧੬॥

ਫਿਰ ਬਹੁਤ ਕ੍ਰੋਧ ਛਾ ਗਿਆ, ਬਹੁਤ ਸੈਨਾ ਆਈ ਤੇ ਉਨ੍ਹਾਂ ਬੰਦੂਕਾਂ ਚਲਾਈਆਂ ਤੇ ਨਗਾਰੇ ਵਜਾਏ॥੧੬॥

ਉਲੰਘਯੋ ਬਹੀਰੰ। ਪਿਖਯੋ ਨਾਂਹਿ ਤੀਰੰ। ਤਬੈ ਗੋਰ ਬੀਰੰ। ਲਰਯੋ ਧਾਰਿ ਧੀਰੰ॥੧੭॥

ਵਹੀਰ ਦੂਰ ਲੰਘ ਗਈ। ਗੋਰੇ ਨੇ ਆਪਣੇ ਨੇੜੇ ਨਾ ਵੇਖਿਆ ਤਦ ਸੂਰਬੀਰ ਗੋਰਾ, ਧੀਰਜ ਧਾਰ ਕੇ ਲੜਿਆ॥੧੭॥

ਹਟੇ ਥੋਰ ਪਾਛੇ। ਮਚਯੋ ਲੋਹ ਆਛੇ। ਦਿਨੰ ਅੰਤ ਜਾਨਾ। ਹਨੈ ਤਾਹਿ ਬਾਨਾ॥੧੮॥

ਗੋਰਾ ਥੋੜ੍ਹਾ ਪਿੱਛੇ ਹਟ ਗਿਆ, ਚੰਗਾ ਲੋਹਾ ਖੜਕਿਆ, ਜਦ ਦਿਨ ਦਾ ਅੰਤ ਜਾਣਿਆ ਤਾਂ ਤੀਰ ਨਾਲ ਮਾਰੇ॥੧੮॥

ਕ੍ਰਿਪਾਨੈਂ ਨਿਕਾਰੀ। ਢਿਗੰ ਢੂਕਿ ਮਾਰੀ। ਹੱਥਾਵੱਥ ਹੋਏ। ਰਿਪੂ ਪ੍ਰਾਨ ਖੋਏ॥੧੯॥

ਫਿਰ ਕਿਰਪਾਨਾਂ ਕਢੀਆਂ ਤੇ ਨੇੜੇ ਢੁਕ ਕੇ ਮਾਰੀਆਂ, ਹੱਥੋ ਹੱਥੀ ਹੋ ਗਏ, ਦੁਸ਼ਮਣ ਦੇ ਪ੍ਰਾਣ ਖੋਹ ਲਏ॥੧੯॥

ਨਹੀਂ ਜਾਨਿ ਦੀਨੇ। ਜਿਨੋਂ ਵਾਰ ਕੀਨੇ। ਮਹਾਂ ਬੀਰ ਗੋਰਾ। ਫਿਰਯੋ ਜੰਗ ਦੋਰਾ॥੨੦॥

ਜਿਸ ਵੀ ਵਾਰ ਕੀਤਾ ਜਾਣ ਨਹੀਂ ਦਿੱਤਾ। ਗੋਰਾ ਮਹਾਨ ਸੂਰਬੀਰ ਹੈ, ਜੰਗ ਦੇ ਮੈਦਾਨ ਵਿਚ ਸਾਰੇ ਦੌੜ ਕੇ ਫਿਰਿਆ॥੨੦॥

ਭਰੀ ਸ੍ਰੋਣ ਸਾਰੀ। ਕ੍ਰਿਪਾਨੈ ਸੰਭਾਰੀ। ਖਚਾਖੱਚ ਬਾਹੈਂ। ਕਟੈਂ, ਅੰਗ ਲਾਹੈਂ॥੨੧॥

ਲਹੂ ਨਾਲ ਲਿਬੜੀਆਂ ਕ੍ਰਿਪਾਨਾਂ ਸੰਭਾਲੀਆਂ, ਖਚਾਖੱਚ ਤਲਵਾਰਾਂ ਚਲਾਉਂਦੇ ਸਨ ਤੇ ਵੈਰੀ ਦੇ ਅੰਗ ਕੱਟ ਕੇ ਲਾਹ ਦਿੰਦੇ ਸਨ॥੨੧॥

ਘਨੋ ਜੰਗ ਘਾਲਾ। ਭਈ ਭੂਮ ਲਾਲਾ। ਗਿਰੇ ਰੁੰਡ ਮੁੰਡੰ। ਕਰੇ ਖੰਡ ਤੁੰਡੰ॥੨੨॥

ਵੱਡਾ ਜੰਗ ਘਾਲਿਆ, ਸਾਰੀ ਧਰਤੀ ਲਾਲ ਹੋ ਗਈ, ਰੁੰਡ ਮੁੰਡ ਹੋ ਕੇ ਡਿੱਗ ਪਏ, ਸਿਰਾਂ ਦੇ ਟੋਟੇ ਟੋਟੇ ਕਰ ਦਿੱਤੇ॥੨੨॥

ਦੋਹਰਾ- ਲਰਤਿ ਰਹਯੋ ਗਨ ਤੁਰਕ ਸੋਂ ਹਤਹਿ ਤੁਪਕ ਤਰਵਾਰ।
ਨਹੀਂ ਜਾਨਿ ਆਗੇ ਦੀਏ ਅਰਯੋ ਮਨਿੰਦ ਕਿਵਾਰ॥ ੨੩॥

ਸਮੂਹ ਤੁਰਕਾਂ ਨਾਲ ਲੜਦਾ ਰਿਹਾ, ਤੇ ਬੰਦੂਕਾਂ ਤਲਵਾਰਾਂ ਨਾਲ ਉਨ੍ਹਾਂ ਨੂੰ ਮਾਰਿਆ, ਵੈਰੀਆਂ ਨੂੰ ਵਹੀਰ ਦੇ ਪਿੱਛੇ ਅੱਗੇ ਨਹੀਂ ਜਾਣ ਦਿੱਤਾ ਤੇ ਤਖ਼ਤੇ ਵਾਂਗ ਅੜਿਆ ਰਿਹਾ॥੨੩॥

ਅੰਤਹਿਪੁਰਿ ਸਤਿਗੁਰੂ ਕੋ ਅਪਰ ਬਹੀਰ ਸਮੂਹ।
ਵਸਤੁ ਸਹਿਤ ਸੁਖ ਸੋਂ ਗਏ ਭਯੋ ਨ ਕੋ ਪ੍ਰਤਿਯੂਹ॥ ੨੪॥

ਗੁਰੂ ਜੀ ਦੇ ਮਹਿਲ ਤੇ ਹੋਰ ਸਾਰੀ ਵਹੀਰ, ਆਪਣੀਆਂ ਵਸਤਾਂ ਸਹਿਤ ਚਲੇ ਗਏ ਤੇ ਰਾਹ ਵਿਚ ਕਿਸੇ ਪ੍ਰਕਾਰ ਦਾ ਕੋਈ ਵਿਘਨ ਨਾ ਪਿਆ॥੨੪॥

ਤੋਟਕ ਛੰਦ-ਦਿਨ ਕੇਰ ਪ੍ਰਕਾਸ਼ ਰਹਯੋ ਜਬਿ ਲੋਂ। ਕਰਿ ਜੰਗ ਅਰਯੋ ਥਿਰ ਹ੍ਵੈ ਤਬਿ ਲੋਂ।
ਪੁਨ ਸੂਰ ਅਥਯੋ ਤਮ ਫੈਲ ਗਯੋ। ਰਣ ਮੈਂ ਨਹਿ ਦੇਖਨਿ ਹੋਤਿ ਭਯੋ॥੨੫॥

ਜਦ ਤਕ ਦਿਨ ਦਾ ਪ੍ਰਕਾਸ਼ ਰਿਹਾ, ਤਦ ਤਕ ਸਥਿਰ ਹੋ ਕੇ ਜੰਗ ਕਰਦਾ ਅੜਿਆ ਰਿਹਾ। ਫਿਰ ਸੂਰਜ ਡੁੱਬ ਗਿਆ, ਹਨੇਰਾ ਫੈਲ ਗਿਆ, ਰਣਖੇਤਰ ਵਿਚ ਕੁਝ ਵੀ ਵਿਖਾਈ ਨਹੀਂ ਸੀ ਦਿੰਦਾ॥੨੫॥

ਤੁਰਕਾਨਿ ਤਬੈ ਤਮ ਜਾਨਿ ਤਹਾਂ। ਰਣ ਤਜਾਗਿ ਹਟੇ ਉਮਰਾਵ ਜਹਾਂ।
ਅਬਿ ਨਾਂਹਿ ਚਲੈ ਬਸ ਰਾਤ ਪਰੀ। ਅਰੁ ਸੈਨ ਅਰੀ ਕਰਿ ਜੋਰਿ ਲਰੀ ॥੨੬॥

ਤੁਰਕ ਤਦ ਹਨੇਰਾ ਜਾਣ ਕੇ, ਯੁੱਧ ਛੱਡ ਕੇ ਵਾਪਸ ਹੋ ਗਏ ਜਿੱਥੇ ਅਮੀਰ ਦਾ ਡੇਰਾ ਸੀ। ਹੁਣ ਰਾਤ ਪੈ ਗਈ ਹੈ ਤੇ ਕੁਝ ਵੀ ਵੱਸ ਨਹੀਂ ਚਲਦਾ ਅਤੇ ਵੈਰੀ ਸੈਨਾ ਬੜਾ ਜ਼ੋਰ ਲਾ ਕੇ ਲੜੀ ਹੈ॥੨੬॥

ਬਿਚਲੇ ਨਹਿਂ ਧੀਰਜ ਧਾਰਿ ਰਹੇ। ਭਟ ਨਾਹਕ ਭੇੜ ਮ੍ਰਿਤੂ ਸੁ ਲਹੇ।
ਤੁਰਕਾਨਿ ਤਹਾਂ ਹਟਿ ਡੇਰ ਕਿਯੋ। ਮ੍ਰਿਤੁ ਘਾਇਲ ਦੇਖਿ ਸੰਭਾਲ ਲਿਯੋ ॥੨੭॥

ਉਹ ਘਬਰਾਏ ਨਹੀਂ ਹਨ, ਧੀਰਜ ਧਾਰ ਕੇ ਲੜੇ ਹਨ, ਫ਼ਜ਼ੂਲ ਵਿਚ ਸੂਰਮਿਆਂ ਨੂੰ ਭੇੜ ਕੇ ਮਰਵਾ ਲਿਆ ਹੈ। ਤੁਰਕਾਂ ਨੇ ਪਿੱਛੇ ਹਟ ਕੇ ਡੇਰਾ ਕਰ ਲਿਆ। ਮਰੇ ਹੋਏ ਅਤੇ ਜ਼ਖ਼ਮੀ ਵੇਖ ਕੇ ਸੰਭਾਲ ਲਏ॥੨੭॥

ਭਗਤੂ ਸੁਤ ਦੁੰਦਭਿ ਵਾਵਤਿ ਭਾ। ਹਰਿਰਾਇ ਗੁਰੂ ਦਿਸ਼ਿ ਜਾਵਤਿ ਭਾ।
ਜਬਿ ਕੋਸ ਰਹੇ ਥਿਰ ਹੋਤਿ ਭਯੋ। ਨਿਜ ਸੂਰ ਸੁ ਡੇਰ ਲਗਾਇ ਦਿਯੋ ॥੨੮॥

ਭਾਈ ਭਗਤੂ ਦਾ ਪੁੱਤਰ ਨਗਾਰੇ ਵਜਵਾ ਰਿਹਾ ਸੀ ਤੇ ਗੁਰੂ ਹਰਿਰਾਇ ਜੀ ਵਾਲੇ ਪਾਸੇ ਜਾ ਰਿਹਾ ਸੀ। ਜਦ ਇਕ ਕੋਹ ਪਿੱਛੇ ਰਹਿ ਗਿਆ ਤਾਂ ਖੜਾ ਹੋ ਗਿਆ ਤੇ ਆਪਣੇ ਸੂਰਮਿਆਂ ਦਾ ਡੇਰਾ ਲਾ ਦਿੱਤਾ॥੨੮॥

ਗੁਰ ਤੀਰ ਬਹੀਰ ਗਯੋ ਸਭਿ ਹੂੰ। ਗੁਰ ਬੂਝਨ ਕੀਨਿ ਮਿਲੇ ਜਬਿ ਹੂੰ।
'ਤੁਰਕਾਂਨਿ ਨਹੀਂ ਨੁਕਸਾਨ ਕਿਯੋ। ਪਹੁਚੇ ਅਪਨੀ ਵਸਤੂ ਸੁ ਲਿਯੋ ॥੨੯॥

ਵਹੀਰ ਸਾਰੀ ਗੁਰੂ ਜੀ ਦੇ ਪਾਸ ਪਹੁੰਚ ਗਈ, ਜਦ ਉਹ ਮਿਲੇ ਤਾਂ ਗੁਰੂ ਜੀ ਨੇ ਪੁੱਛਿਆ, "ਤੁਰਕਾਂ ਨੇ ਤੁਹਾਡਾ ਕੋਈ ਨੁਕਸਾਨ ਤਾਂ ਨਹੀਂ ਕੀਤਾ, ਆਪਣੀਆਂ ਸਾਰੀਆਂ ਵਸਤਾਂ ਲੈ ਕੇ ਪਹੁੰਚ ਗਏ ਹੋ॥੨੯॥

ਕਿਮ ਜੰਗ ਭਯੋ ਬਡ ਨਾਦ ਉਠਜੋ। ਕਹੁ ਕੇਤਿਕ ਸੂਰਨਿ ਬ੍ਰਿੰਦ ਲੁਠਜੋ ?'।
ਤਿਨ ਬੀਚ ਹੁਤੇ ਮਤਿਮਾਨ ਮਹਾਂ। ਸਭਿ ਜੰਗ ਪ੍ਰਸੰਗ ਸੁਨਾਇ ਕਹਾ ॥੩੦॥

ਕਿਵੇਂ ਜੰਗ ਹੋਇਆ ਤੇ ਵੱਡਾ ਰੌਲਾ ਮਚਿਆ ਤੇ ਇਹ ਦੱਸੋ ਕਿੰਨੇ ਸੂਰਮਿਆਂ ਦੇ ਸਮੂਹ ਨੇ ਤੁਹਾਨੂੰ ਰੋਕਿਆ ?" ਉਨ੍ਹਾਂ ਵਿਚ ਇਕ ਮਹਾਨ ਬੁਧੀਮਾਨ ਵਿਅਕਤੀ ਸੀ, ਉਸ ਨੇ ਸਾਰੀ ਜੰਗ ਦਾ ਪ੍ਰਸੰਗ ਸੁਣਾ ਕੇ ਕਿਹਾ॥੩੦॥

'ਭਗਤੂ ਸੁਤ ਸ਼ੱਤ੍ਰੂ ਬਿਲੋਕ ਲਏ। ਲਲਕਾਰਤਿ ਨੇਰ ਜਿ ਆਨ ਕਿਏ।
ਬਰਜੇ ਤਰਜੇ ਬਹੁ ਬਾਰਿ ਜਬੈ। ਨ ਮਿਟੇ ਕਰਿ ਦੌਰ ਪਰੇ ਸੁ ਤਬੈ ॥੩੧॥

"ਭਗਤੂ ਦੇ ਪੁੱਤਰ ਨੇ ਵੈਰੀ ਨੂੰ ਵੇਖ ਲਿਆ ਜਿਹੜਾ ਲਲਕਾਰਦਾ ਉਨ੍ਹਾਂ ਦੇ ਨੇੜੇ ਗਿਆ। ਜਦ ਉਨ੍ਹਾਂ ਨੂੰ ਬਹੁਤ ਵਾਰ ਵਰਜਿਆ ਅਤੇ ਰੋਕਿਆ ਤਾਂ ਉਹ ਹਟੇ ਨਹੀਂ ਤੇ ਉਹ ਦੌੜ ਪਏ॥੩੧॥

ਨਿਜ ਸੂਰਨਿ ਕੋ ਲਲਕਾਰਿ ਭਲੇ। ਥਿਰ ਅੱਗ੍ਰ ਭਯੋ ਨਹਿ ਪੈਰ ਚਲੇ।
ਰਣ ਥੰਭ ਮਨੋ ਤਿਸ ਥਾਨ ਖਰਜੋ। ਤੁਰਕਾਨਿ ਬਿਲੋਕਤਿ ਜ਼ੋਰ ਕਰਜੋ ॥੩੨॥

ਫਿਰ ਗੋਰਾ ਆਪਣੇ ਸੂਰਮਿਆਂ ਨੂੰ ਲਲਕਾਰ ਕੇ ਸਥਿਰ ਹੋ ਕੇ ਅੱਗੇ ਆ ਖਲੋਤਾ ਤੇ ਇਕ ਪੈਰ ਵੀ ਨਾ ਚਲਿਆ। ਰਣ-ਖੇਤਰ ਵਿਚ ਮਾਨੋਂ ਉਸ ਸਮੇਂ ਇਕ ਖੰਭਾ ਖੜਾ ਸੀ, ਤੁਰਕਾਂ ਨੇ ਵੇਖ ਕੇ ਜ਼ੋਰ ਲਾਇਆ॥੩੨॥

ਤਬਿ ਮਾਰ ਤੁਫੰਗਨਿ ਹੋਨਿ ਲਗੀ। ਬਹੁ ਜੰਗ ਮਚਜੋ ਰਿਸ ਭੂਰ ਜਗੀ।
ਸਭਿ ਰੋਕ ਰਖੇ ਹਤਿ ਸ਼ੱਤ੍ਰੂ ਤਹਾਂ। ਨਹਿਂ ਆਵਨਿ ਦੀਨਿ ਬਹੀਰ ਜਹਾਂ ॥੩੩॥

ਬੰਦੂਕਾਂ ਦੀ ਮਾਰ ਹੋਣ ਲੱਗੀ, ਬਹੁਤ ਜੰਗ ਮਚਿਆ ਤੇ ਦੋਵੀਂ ਪਾਸੀਂ ਬਹੁਤ ਗੁੱਸਾ ਜਾਗਿਆ। ਵੈਰੀਆਂ ਨੂੰ ਮਾਰ ਕੇ ਸਭ ਨੂੰ ਉਥੇ ਰੋਕ ਰਖਿਆ ਤੇ ਫਿਰ ਉਨ੍ਹਾਂ ਨੂੰ ਉਥੇ ਨਹੀਂ ਆਉਣ ਦਿੱਤਾ ਜਿਥੇ ਵਹੀਰ ਜਾ ਰਹੀ ਸੀ॥੩੩॥

ਤਰਵਾਰਨਿ ਕੇ ਸੁ ਪ੍ਰਹਾਰ ਕਰੇ। ਗਨ ਸ਼ੱਤ੍ਰ ਮਰੇ ਅਗਵਾਨ ਲਰੇ।
ਬਹੁ ਘਾਲ ਰਹੇ ਬਲ ਆਵਨ ਕੋ। ਤਿਹ ਥਾਨ ਰੱਖੇ, ਕਰਿ ਘਾਵਨ ਕੋ॥ ੩੪॥

ਤਲਵਾਰਾਂ ਦੇ ਵਾਰ ਕੀਤੇ ਤੇ ਬਹੁਤ ਵੈਰੀ ਜੋ ਅੱਗੇ ਹੋ ਕੇ ਲੜੇ, ਮਾਰੇ ਗਏ। ਸਾਡੇ ਵੱਲ ਆਉਣ ਵਾਸਤੇ ਬਹੁਤ ਸ਼ਕਤੀ ਲਾਉਂਦੇ ਰਹੇ, ਪਰ ਮਾਰ ਮਾਰ ਅਤੇ ਘਾਇਲ ਕਰਕੇ ਉਸ ਅਸਥਾਨ ਹੀ ਖੜੇ ਰੱਖੇ॥੩੪॥

ਵਸਤੂ ਨ ਗਈ, ਨਹਿੰ ਤ੍ਰਾਸ ਭਯੋ। ਪਹੁਚੇ ਚਲਿ ਪੰਥ ਅਨੰਦ ਕਿਯੋ।
ਤੁਮ ਆਪ ਸਹਾਇਕ ਹੋਇ ਰਹੇ। ਭਗਤੂ ਸੁਤ ਬੀਰ ਬਿਲੰਦ ਅਹੇ॥ ੩੫॥

ਕੋਈ ਵੀ ਵਸਤੂ ਨਹੀਂ ਗਈ ਹੈ ਅਤੇ ਨਾ ਹੀ ਕਿਸੇ ਪ੍ਰਕਾਰ ਦਾ ਡਰ ਅਨੁਭਵ ਹੋਇਆ ਹੈ। ਰਾਹ ਵਿਚ ਅਨੰਦ ਨਾਲ ਚਲ ਕੇ ਪਹੁੰਚੇ ਹਾਂ। ਤੁਸੀਂ ਆਪ ਹੀ ਸਹਾਇਕ ਹੋਇ ਰਹੇ ਹੋ, ਭਾਈ ਭਗਤੂ ਦਾ ਪੁੱਤਰ ਬੜਾ ਵੱਡਾ ਸੂਰਮਾ ਹੈ॥੩੫॥

ਡਰਹੀਨ ਲਰਜੋ, ਤੁਰਕਾਨ ਹਤੇ। ਬਹੁ ਸ਼ੱਤ੍ਰ ਹੁਤੇ ਪਰ ਲੀਨ ਫਤੇ।
ਜਬਿ ਲੌ ਉਲਘੇ ਸਭਿ ਆਇ ਗਏ। ਤਬਿ ਲੌ ਲਰਤੇ ਥਿਤ ਹੋਤਿ ਭਏ॥ ੩੬॥

ਉਹ ਡਰ ਰਹਿਤ ਹੋ ਕੇ ਲੜਿਆ ਹੈ ਅਤੇ ਤੁਰਕਾਂ ਨੂੰ ਮਾਰਿਆ ਹੈ। ਦੁਸ਼ਮਣ ਦੀ ਸੈਨਾ ਬਹੁਤ ਵੱਡੀ ਸੀ, ਪਰ ਫਿਰ ਵੀ ਫਤਹਿ ਪ੍ਰਾਪਤ ਕੀਤੀ। ਜਦ ਤਕ ਅਸੀਂ ਸਾਰੇ ਲੰਘ ਕੇ ਆ ਨਹੀਂ ਗਏ ਤਦ ਤਕ ਖੜੇ ਹੋ ਕੇ ਲੜਦੇ ਰਹੇ॥੩੬॥

ਜਬਿ ਜਾਨਿ ਲਈ ਸੁਖ ਸੰਗ ਸਬੈ। ਪਹੁਚੇ ਗੁਰ ਤੀਰ ਚਲਜੋ ਸੁ ਤਬੈ।
ਨਹਿੰ ਜਾਇ ਤਰੀਫ ਕਰੀ ਤਿਸ ਕੀ। ਹਤਿ ਬ੍ਰਿੰਦ,ਸਹਾਇ ਨਹੀਂ ਕਿਸ ਕੀ॥੩੭॥

ਜਦ ਇਹ ਜਾਣ ਲਿਆ ਕਿ ਸਾਰੇ ਗੁਰੂ ਜੀ ਦੇ ਪਾਸ ਸੁੱਖ ਸਹਿਤ ਪਹੁੰਚ ਗਏ ਹਨ, ਤਦ ਉਹ ਚਲ ਪਿਆ। ਉਸ ਦੀ ਸਿਫਤ ਨਹੀਂ ਕੀਤੀ ਜਾ ਸਕਦੀ, ਵੱਡੇ ਸਮੂਹ ਨੂੰ ਮਾਰਿਆ, ਪਰ ਉਸ ਨੇ ਕਿਸੇ ਦੀ ਵੀ ਸਾਡੇ ਵਿਚੋਂ ਸਹਾਇਤਾ ਨਹੀਂ ਮੰਗੀ ਹੈ॥੩੭॥

ਗੁਰ ਹੇਤੁ ਸ਼ਰੀਰ ਨ ਪਜਾਰ ਧਰਜੋ। ਭਟ ਥੋਰ ਲੀਏ ਬਹੁ ਸੰਗ ਲਰਜੋ।
ਤਮ ਹੋਤਿ ਭਏ ਪਿਖਿ ਸ਼ੱਤ੍ਰ ਹਟੇ। ਤਜਿ ਦੂਰ ਗਏ ਤਬਿ ਏਹੁ ਮਿਟੇ॥ ੩੮॥

ਗੁਰੂ ਜੀ ਵਾਸਤੇ ਆਪਣੇ ਸਰੀਰ ਨੂੰ ਪਿਆਰ ਨਹੀਂ ਕੀਤਾ ਹੈ। ਥੋੜ੍ਹੇ ਸੂਰਮੇ ਲੈ ਕੇ ਬਹੁਤ ਵੱਡੀ ਸੈਨਾ ਨਾਲ ਲੜਿਆ ਹੈ। ਹਨ੍ਹੇਰਾ ਹੋਣ 'ਤੇ ਵੈਰੀ ਪਿੱਛੇ ਹਟ ਗਏ ਵੇਖ ਕੇ ਕਿ ਇਹ ਛੱਡ ਕੇ ਦੂਰ ਚਲੇ ਗਏ ਹਨ, ਹੁਣ ਦੁਬਾਰਾ ਆਉਣ ਵਾਲੇ ਨਹੀਂ॥੩੮॥

ਅਬਿ ਦੁੰਦਭਿ ਵਾਵਤਿ ਆਵਤਿ ਭਾ। ਹੋਇ ਦੂਰ ਸੁ ਡੇਰ ਲਗਾਵਤਿ ਭਾ।
ਸੁਨਿ ਸ੍ਰੀ ਹਰਿਰਾਇ ਪ੍ਰਸੰਨ ਭਏ। ਨਿਜ ਸਿੱਖ ਮਹਾਨ ਸੁ ਜਾਨਿ ਲਏ॥ ੩੯॥

ਹੁਣ ਨਗਾਰੇ ਵਜਾਉਂਦਾ ਆ ਰਿਹਾ ਹੈ, ਕੁਝ ਦੂਰ ਹੋ ਕੇ ਡੇਰਾ ਲਗਾ ਲਿਆ ਹੈ।'' ਇਹ ਸੁਣ ਕੇ ਸ੍ਰੀ ਗੁਰੂ ਹਰਿਰਾਇ ਜੀ ਬਹੁਤ ਪ੍ਰਸੰਨ ਹੋਏ, ਆਪਣੇ ਸਿੱਖ ਦੀ ਮਹਾਨਤਾ ਨੂੰ ਉਹ ਜਾਣ ਗਏ॥੨੯॥

ਤਤਕਾਲ ਪਠਾਵਨ ਦਾਸ ਕਰਜੋ। 'ਤਿਹ ਲਜਾਉ ਹਕਾਰਿ, ਬਿਸਾਲ ਲਰਜੋ।
ਅਪਰਾਧ ਕਰਜੋ, ਬਖਸ਼ੈਂ ਸਭਿ ਹੂੰ। ਦੁਖ ਬ੍ਰਿੰਦਨਿ ਤੇ ਛੁਟਕੈਂ ਅਬਿਹੂੰ॥ ੪੦॥

ਗੁਰੂ ਜੀ ਨੇ ਤੁਰਤ ਇਕ ਸੇਵਕ ਨੂੰ ਗੋਰੇ ਵੱਲ ਭੇਜ ਕੇ ਕਿਹਾ, ''ਉਸ ਨੂੰ ਬੁਲਾ ਕੇ ਲਿਆਵੋ, ਵੱਡਾ ਯੁੱਧ ਲੜਿਆ ਹੈ। ਜਿਹੜਾ ਉਸ ਅਪਰਾਧ ਕੀਤਾ ਹੈ, ਸਭ ਬਖਸ਼ ਦੇਈਏ ਤੇ ਸਾਰੇ ਦੁੱਖਾਂ ਤੋਂ ਹੁਣੇ ਹੀ ਛੁਟਕਾਰਾ ਕਰਵਾ ਦੇਈਏ''॥੪੦॥

ਸੁਨਿ ਆਇਸੁ ਸੇਵਕ ਧਾਇ ਗਯੋ। ਗੁਰ ਬਾਕ ਸੁਨਾਵਨਿ ਤਾਂਹਿ ਕਿਯੋ।
ਭਗਤੂ ਸੁਤ ਹਾਥਨਿ ਬੰਦਿ ਭਲੇ। ਅਭਿਬੰਦਨ ਕੀਨਿ ਤਹਾਂ ਸੁ ਖਲੇ ॥ ੪੧ ॥

ਇਹ ਸੁਣ ਕੇ ਸੇਵਕ ਭੱਜਾ ਗਿਆ ਤੇ ਉਸ ਨੂੰ ਗੁਰੂ ਜੀ ਦਾ ਬਚਨ ਸੁਣਾਇਆ। ਭਾਈ ਭਗਤੂ ਦੇ ਪੁੱਤਰ ਨੇ ਭਲੀ ਪ੍ਰਕਾਰ ਹੱਥ ਜੋੜੇ ਤੇ ਉਥੇ ਖੜੇ ਖੜੇ ਹੀ ਅਭਿਬੰਦਨਾ ਕੀਤੀ ॥੪੧॥

ਕਹਿ 'ਤੂੰ ਚਲਿ, ਮੈਂ ਪੁਨ ਆਵਤਿ ਹੌਂ। ਨਿਜ ਸੂਰਨ ਡੇਰ ਲਗਾਵਤਿ ਹੌਂ।
ਤਨ ਘਾਇਲ ਸ੍ਰੋਣ ਥੰਭਾਵਤਿ ਹੌਂ। ਮ੍ਰਿਦੁ ਬਾਕਨਿ ਧੀਰ ਬਤਾਵਤਿ ਹੌਂ ॥ ੪੨ ॥

ਸੇਵਕ ਨੂੰ ਕਿਹਾ, "ਤੁਸੀਂ ਚਲੋ ਮੈਂ ਬਾਅਦ ਵਿਚ ਆਉਂਦਾ ਹਾਂ। ਮੈਂ ਆਪਣੇ ਸੂਰਮਿਆਂ ਦਾ ਡੇਰਾ ਲਗਾ ਰਿਹਾ ਹਾਂ। ਜਿਨ੍ਹਾਂ ਦੇ ਸਰੀਰ ਜ਼ਖਮੀ ਹੋਏ, ਮੱਲ੍ਹਮ ਪਟੀ ਕਰਕੇ ਉਨ੍ਹਾਂ ਦਾ ਵਗਦਾ ਖ਼ੂਨ ਬੰਦ ਕਰਦਾ ਹਾਂ। ਮਿੱਠੇ ਬਚਨ ਕਹਿ ਕੇ ਉਨ੍ਹਾਂ ਨੂੰ ਧੀਰਜ ਕਰਨ ਵਾਸਤੇ ਕਹਿੰਦਾ ਹਾਂ" ॥੪੨॥

ਸੁਨਿ ਸੇਵਕ ਬਾਜ ਧਵਾਇ ਗਯੋ। ਜਿਮ ਗੌਰ ਕਹ੍ਯੋ ਜੁ ਸੁਨਾਇ ਦਯੋ।
ਗੁਰ ਫੇਰ ਪਠਾਵਨਿ ਕੀਨਿ ਤਬੈ। 'ਬਿਨ ਦੇਰ ਇਹਾਂ ਤਿਸ ਲ੍ਯਾਉ ਅਬੈ' ॥੪੩ ॥

ਇਹ ਸੁਣ ਕੇ ਸੇਵਕ ਘੋੜੇ ਨੂੰ ਭੱਜਾ ਕੇ ਚਲਾ ਗਿਆ, ਜਿਸ ਤਰ੍ਹਾਂ ਗੋਰੇ ਨੇ ਕਿਹਾ ਸੋ ਗੁਰੂ ਜੀ ਨੂੰ ਸੁਣਾ ਦਿੱਤਾ। ਗੁਰੂ ਜੀ ਨੇ ਫਿਰ ਉਸ ਨੂੰ ਭੇਜਿਆ, "ਕਿਸੇ ਦੇਰ ਤੋਂ ਬਗੈਰ ਉਸ ਨੂੰ ਹੁਣੇ ਏਥੇ ਲਿਆਵੋ" ॥੪੩॥

ਪੁਨਿ ਧਾਇ ਗਯੋ 'ਸਹਿਸਾਇ ਚਲੋ। ਗੁਰ ਤੋਹਿ ਪ੍ਰਤੀਖਤਿ ਆਪ ਖਲੋ।
ਕਹਿ ਮੋਹਿ ਉਤਾਇਲ ਭੇਜ ਦਿਯੋ। ਅਬਿ ਚਾਹਸਿ ਤੀਰ ਮਿਲਾਇ ਲਿਯੋ ॥੪੪ ॥

ਫਿਰ ਉਹ ਘੋੜਾ ਭਜਾ ਕੇ ਗਿਆ ਅਤੇ ਕਿਹਾ, "ਜਲਦੀ ਚਲੋ, ਗੁਰੂ ਜੀ ਆਪ ਖੜੇ ਹੋ ਕੇ ਤੁਹਾਡੀ ਇੰਤਜ਼ਾਰ ਕਰ ਰਹੇ ਹਨ। ਮੈਨੂੰ ਕਹਿ ਕੇ ਤੁਰਤ ਭੇਜ ਦਿੱਤਾ ਹੈ, ਹੁਣ ਆਪਣੇ ਨਾਲ ਮਿਲਾਉਣਾ ਚਾਹੁੰਦੇ ਹਨ" ॥੪੪॥

ਭਗਤੂ ਸੁਤ ਫੇਰ ਉਚਾਰਤਿ ਹੈ। 'ਕਹੀਏ ਪਗ ਪਾਨ ਪਖਾਰਤਿ ਹੈ।
ਰਜ ਅੰਗ ਉਤਾਰਿ ਸੁ ਆਵਤਿ ਹੈ। ਗੁਰ ਹੇਰਨਿ ਕੋ ਲਲਚਾਵਤਿ ਹੈ' ॥ ੪੫ ॥

ਭਾਈ ਭਗਤੂ ਦੇ ਪੁੱਤਰ ਨੇ ਫਿਰ ਉਚਾਰਨ ਕੀਤਾ, "ਉਨ੍ਹਾਂ ਨੂੰ ਜਾ ਕੇ ਕਹੋ ਕਿ ਹੱਥ ਪੈਰ ਧੋਂਦਾ ਹੈ, ਅੰਗਾਂ ਤੋਂ ਧੂੜ ਉਤਾਰ ਕੇ ਆਉਂਦਾ ਹੈ ਅਤੇ ਗੁਰੂ ਜੀ ਦੇ ਚਰਨਾਂ ਦੇ ਦਰਸ਼ਨ ਕਰਨ ਲਈ ਬੜਾ ਲਲਚਾਇਆ ਹੋਇਆ ਹੈ" ॥੪੫॥

ਸੁਨਿ ਸੇਵਕ ਜਾਇ ਸੁਨਾਇ ਦਿਯੋ। ਗੁਰ ਦਾਸ ਪਠਾਵਨ ਆਨ ਕਿਯੋ।
'ਅਬਿ ਜਾਇ ਕਹੋ ਭਗਤੁ ਸੁਤ ਕੋ। ਚਲਿ ਜੇ ਨਹਿਂ ਆਵਤਿ ਹੈਂ ਇਤ ਕੋ ॥੪੬ ॥

ਸੇਵਕ ਨੇ ਇਹ ਸੁਣ ਗੁਰੂ ਜੀ ਨੂੰ ਆ ਸੁਣਾਇਆ। ਗੁਰੂ ਜੀ ਨੇ ਕਿਸੇ ਹੋਰ ਸੇਵਕ ਨੂੰ ਭੇਜ ਦਿੱਤਾ ਤੇ ਕਿਹਾ, "ਹੁਣ ਭਾਈ ਭਗਤੂ ਦੇ ਪੁੱਤਰ ਨੂੰ ਜਾ ਕੇ ਕਹੋ ਕਿ ਜੇ ਤੂੰ ਏਧਰ ਚਲ ਕੇ ਨਹੀਂ ਆਉਂਦਾ ॥੪੬॥

ਗੁਰ ਤੇ ਢਿਗ ਆਪਹਿ ਆਵਤਿ ਹੈਂ। ਗਮਨੋ ਨਤੁ, ਆਪ ਬੁਲਾਵਤਿ ਹੈਂ।
ਇਮ ਜਾਇ ਕਹ੍ਯੋ ਸੁਨਿ ਤੂਰਨ ਹੀ। ਗਮਨ੍ਯੋ ਪਿਖਿਬੇ ਗੁਰ ਪੂਰਨ ਹੀ ॥ ੪੭ ॥

ਤਾਂ ਗੁਰੂ ਜੀ ਤੁਹਾਡੇ ਪਾਸ ਆਪ ਆਉਂਦੇ ਹਨ। ਨਹੀਂ ਤਾਂ ਜਾਵੇ ਗੁਰੂ ਜੀ ਆਪ ਨੂੰ ਬੁਲਾਉਂਦੇ ਹਨ।" ਇਸ ਤਰ੍ਹਾਂ ਜਾ ਕੇ ਕਿਹਾ ਤਾਂ ਸੁਣ ਕੇ ਪੂਰਨ ਗੁਰੂ ਜੀ ਨੂੰ ਸਮਝ ਕੇ ਤੁਰੰਤ ਚਲਾ ਗਿਆ ॥੪੭॥

ਦੋਹਰਾ- ਰਜ ਸਮੇਤ ਆਯੁਧ ਲਗੇ ਚਢਿ ਕਰਿ ਚਲ੍ਯੋ ਤੁਰੰਗ।
ਬੈਠੇ ਸ੍ਰੀ ਹਰਿਰਾਇ ਜਹਿਂ ਭਏ ਪ੍ਰਸੰਨ ਉਮੰਗ॥ ੪੮ ॥

ਮਿੱਟੀ ਘਟੇ ਅਤੇ ਸ਼ਸਤਰਾਂ ਸਮੇਤ ਘੋੜੇ 'ਤੇ ਚੜ੍ਹ ਕੇ ਚਲ ਪਿਆ ਤੇ ਉਥੇ ਪਹੁੰਚ ਗਿਆ ਜਿਥੇ ਗੁਰੂ ਹਰਿਰਾਇ ਜੀ ਬੜੇ ਉਤਸ਼ਾਹ ਭਰੇ ਪ੍ਰਸੰਨ ਬੈਠੇ ਸਨ॥੪੮॥

ਦਸਵੀਂ ਰਾਸ ਦਾ ਚੌਦ੍ਹਵਾਂ ਅਧਿਆਇ ਸਮਾਪਤ ਹੋਇਆ॥੧੪॥

# ਅਧਿਆਇ ਪੰਦਰ੍ਹਵਾਂ

## ਗੋਰੇ ਦੇ ਸ੍ਰਾਪ ਬਖਸ਼ੇ

ਦੋਹਰਾ- ਬੇਗ ਗਯੋ ਸਤਿਗੁਰੂ ਢਿਗ ਡੇਰਾ ਜਹਾਂ ਲਗਾਇ।
ਪਹੁੰਚਯੋ ਉਤਰਿ ਤੁਰੰਗ ਤੇ ਖਰੋ ਭਯੋ ਅਗੁਵਾਇ॥ ੧॥

ਗੋਰਾ ਤੁਰਤ ਸਤਿਗੁਰੂ ਜੀ ਪਾਸ ਪਹੁੰਚ ਗਿਆ, ਜਿਥੇ ਉਨ੍ਹਾਂ ਨੇ ਡੇਰਾ ਲਾਇਆ ਹੋਇਆ ਸੀ। ਘੋੜੇ ਤੋਂ ਉਤਰ ਕੇ ਉਹ ਗੁਰੂ ਜੀ ਦੇ ਅੱਗੇ ਜਾ ਕੇ ਖੜ੍ਹਾ ਹੋ ਗਿਆ॥੧॥

ਚੌਪਈ- ਅਪਰਾਧੀ ਬਹੁ ਆਪ ਬਿਚਾਰੇ। ਹਾਥ ਜੋਰਿ ਥਿਤ ਭਯੋ ਅਗਾਰੇ।
ਸ੍ਰੀ ਹਰਿਰਾਇ ਬਿਲੋਕਿ ਕ੍ਰਿਪਾਲਾ। ਮਨ ਤੇ ਭਏ ਪ੍ਰਸੰਨ ਬਿਸਾਲਾ॥੨॥

ਆਪਣੇ ਆਪ ਨੂੰ ਬਹੁਤ ਅਪਰਾਧੀ ਵਿਚਾਰਿਆ ਤੇ ਹੱਥ ਜੋੜ ਕੇ ਅੱਗੇ ਖੜਾ ਹੋ ਗਿਆ। ਕ੍ਰਿਪਾਲੂ ਸ੍ਰੀ ਗੁਰੂ ਹਰਿਰਾਇ ਜੀ ਵੇਖ ਕੇ ਮਨ ਵਿਚ ਬਹੁਤ ਪ੍ਰਸੰਨ ਹੋਏ॥੨॥

ਨਿਕਟਿ ਬਿਠਾਵਨ ਹੇਤੁ ਹਕਾਰੇ। ਸਾਦਰ ਬੋਲੇ 'ਆਉ ਅਗਾਰੇ।
ਨਾਹਨ ਖਰੋ ਦੂਰ ਅਬਿ ਹੋਹੂ॥ ਜਾਚਹੁ ਲਖਿ ਪ੍ਰਸੰਨ ਮਨ ਮੋਹੂ'॥੩॥

ਪਾਸ ਬਿਠਾਉਣ ਵਾਸਤੇ ਬੁਲਾਇਆ ਤੇ ਬੜੇ ਆਦਰ ਨਾਲ ਬੋਲੇ, "ਅੱਗੇ ਆ ਜਾਵੋ, ਹੁਣ ਦੂਰ ਖੜੇ ਨਾ ਹੋਵੋ, ਮੇਰਾ ਮਨ ਪ੍ਰਸੰਨ ਸਮਝ ਕੇ ਹੁਣ ਕੁਝ ਮੰਗੋ"॥੩॥

ਸੁਨਤਿ ਗੁਰੂ ਕੇ ਬਾਕ ਸੁਹਾਏ। ਖਰੋ ਰਹਯੋ ਮੁਖ ਬਿਨੈ ਅਲਾਏ।
'ਅਪਰਾਧੀ ਮੈਂ ਨਾਥ ਤਿਹਾਰੋ। ਬਖਸ਼ਹੁ ਅਪਨੋ ਦਾਸ ਬਿਚਾਰੋ॥੪॥

ਗੁਰੂ ਜੀ ਦੇ ਸੁਹਾਵਣੇ ਬਚਨ ਸੁਣ ਕੇ ਖੜਾ ਰਿਹਾ ਤੇ ਮੁੱਖ ਤੋਂ ਬੋਲਿਆ, "ਹੇ ਸਵਾਮੀ! ਮੈਂ ਤੁਹਾਡਾ ਅਪਰਾਧੀ ਹਾਂ, ਆਪਣਾ ਦਾਸ ਵਿਚਾਰ ਕੇ ਮੈਨੂੰ ਬਖਸ਼ ਦੇਵੋ॥੪॥

ਸਭਿ ਬਿਧਿ ਤੇ ਹਮ ਔਗੁਨ ਹਾਰੇ। ਗੁਰਨਿ ਬਿਰਦ ਬਖਸ਼ਿੰਦ ਉਦਾਰੇ।
ਕਰਿ ਪਾਵਨ ਪਾਵਨ ਅਬਿ ਲਾਵਹੁ। ਜੁਗ ਲੋਕਨਿ ਕੇ ਕਸ਼ਟ ਮਿਟਾਵਹੁ॥੫॥

ਸਭ ਵਿਧੀਆਂ ਨਾਲ ਮੈਂ ਔਗੁਣਹਾਰਾ ਹਾਂ, ਤੁਹਾਡਾ ਉੱਤਮ ਧਰਮ ਬਖਸ਼ਣ ਵਾਲਾ ਹੈ। ਹੁਣ ਪਵਿੱਤਰ ਕਰਕੇ ਆਪਣੇ ਚਰਨੀਂ ਲਾਵੋ ਤੇ ਦੋ ਲੋਕਾਂ ਦੇ ਕਸ਼ਟ ਦੂਰ ਕਰੋ॥੫॥

ਤਨ ਧਨ ਆਦਿਕ ਸਕਲ ਸਮਾਜਾ। ਜੋ ਰਾਵਰ ਕੇ ਆਵਹਿ ਕਾਜਾ।
ਸੋ ਸਫਲਹਿ ਨਤੁ ਬਿਰਥਾ ਸਾਰੇ। ਇਹੈ ਭਾਵਨਾ ਰਿਦੈ ਹਮਾਰੇ'॥੬॥

ਤਨ, ਧਨ ਆਦਿ ਸਾਰਾ ਸਮਾਜ, ਜਿਹੜਾ ਆਪ ਜੀ ਦੇ ਕੰਮ ਆਵੇ ਸੋ ਹੀ ਸਫਲ ਹੈ, ਬਾਕੀ ਸਭ ਵਿਅਰਥ ਹੈ, ਇਹੋ ਭਾਵਨਾ ਮੇਰੇ ਹਿਰਦੇ ਵਿਚ ਹੈ'' ॥੬॥

ਸੁਨਿ ਗੁਰ ਸ੍ਰਾਪ ਮਿਟਾਵਨਿ ਲਾਗੇ। ਕ੍ਰਿਪਾ ਦ੍ਰਿਸ਼ਟਿ ਪਿਖਿ ਠਾਂਢੋ ਆਗੇ।
'ਪਾਥਰ, ਪੰਨਗ, ਮੇਘਨਿ ਜੋਨੀ। ਕਹੀ ਸੁ ਬਖਸ਼ੀ, ਕੋਇ ਨ ਹੋਨੀ॥ ੭॥

ਇਹ ਸੁਣ ਕੇ ਗੁਰੂ ਜੀ ਸਰਾਪ ਮਿਟਾਉਣ ਲੱਗੇ, ਕਿਰਪਾ ਦ੍ਰਿਸ਼ਟੀ ਵੇਖ ਕੇ ਗੋਰਾ ਅੱਗੇ ਖੜਾ ਰਿਹਾ। ''ਪੱਥਰ, ਸੱਪ ਅਤੇ ਜੋ ਬਦਲ ਦੀ ਜੂਨ ਹੈ, ਉਹ ਤੈਨੂੰ ਬਖਸ਼ੀ, ਕੋਈ ਨਹੀਂ ਹੋਵੇਗੀ॥੭॥

ਚਲਹਿ ਬੰਸ, ਬਿਥਰਹਿ ਜਗ ਮਾਂਹੀ। ਕਹੇ ਸ੍ਰਾਪ ਸੇ ਲਾਗਹਿਂ ਨਾਂਹੀ।
ਤੁਵ ਕੁਲ ਕੇ ਹੁਇ ਹੈਂ ਸਭਿ ਸੋਤ। ਬਖਸ਼ੀ ਅਬਿ ਫਾਹੇ ਕੀ ਮੋਤ॥ ੮॥

ਤੇਰਾ ਵੰਸ਼ ਚਲੇਗਾ ਤੇ ਸਾਰੇ ਜੱਗ ਵਿਚ ਫੈਲ ਜਾਵੇਗਾ, ਕਿਹਾ ਕੋਈ ਸਰਾਪ ਵੀ ਨਹੀਂ ਲੱਗੇਗਾ। ਤੇਰੀ ਕੁਲ ਦੇ ਸਾਰੇ ਹੀ ਔਲਾਦ ਵਾਲੇ ਹੋਣਗੇ, ਹੁਣ ਤੈਨੂੰ ਫਾਹੇ ਦੀ ਮੌਤ ਵੀ ਬਖਸ਼ ਦਿੱਤੀ ਹੈ'' ॥੮॥

ਇਮ ਸਭਿ ਸ੍ਰਾਪ ਬਖਸ਼ ਜਬਿ ਦਿਏ। ਗੋਰਾ ਕਹੇ ਨੰਮ੍ਰਿਤਾ ਲਏ।
'ਬਖਸ਼ੇ ਆਪ ਸ੍ਰਾਪ ਕਰਿ ਕਰੁਨਾ। ਤਊ ਸ਼ਰੀਰਨਿ ਸਭਿ ਹੀ ਮਰਨਾ॥ ੯॥

ਇਸ ਤਰ੍ਹਾਂ ਜਦ ਸਾਰੇ ਸਰਾਪ ਬਖਸ਼ ਦਿੱਤੇ, ਤਾਂ ਗੋਰੇ ਨੇ ਬੜੀ ਨਿਮ੍ਰਤਾ ਨਾਲ ਕਿਹਾ, ''ਆਪ ਜੀ ਨੇ ਕਿਰਪਾ ਕਰਕੇ ਮੇਰੇ ਸਰਾਪ ਬਖਸ਼ ਦਿੱਤੇ ਹਨ, ਫਿਰ ਵੀ ਸਾਰੇ ਸਰੀਰਾਂ ਨੇ ਮਰਨਾ ਹੈ॥੯॥

ਥਿਰ ਜਗ ਬਿਖੈ ਰਹੈ ਨਹਿਂ ਕੋਈ। ਅੰਤ ਸਮਾ ਸਭਿ ਤਨ ਕੋ ਹੋਈ।
ਯਾਂਤੇ ਮ੍ਰਿਤੁ ਮਮ ਪਰ ਕੈ ਫਾਹੀ। ਏਕ ਸ੍ਰਾਪ ਇਹ ਬਖਸ਼ਹੁ ਨਾਂਹੀ॥ ੧੦॥

ਜਗਤ ਵਿਚ ਕੋਈ ਵੀ ਸਥਿਰ ਨਹੀਂ ਰਹਿੰਦਾ, ਅੰਤ ਸਮਾਂ ਸਾਰੇ ਸਰੀਰਾਂ 'ਤੇ ਆਉਣਾ ਹੈ, ਇਸ ਲਈ ਮੇਰੀ ਮੌਤ ਫਾਹੇ ਦੇ ਨਾਲ ਹੋਵੇ, ਇਹ ਮੇਰਾ ਇਕ ਸਰਾਪ ਨਾ ਬਖ਼ਸ਼ੋ॥੧੦॥

ਫਾਹੇ ਮੋਤ ਬਿਖੈ ਮੈਂ ਮਰੌ। ਸ੍ਰਾਪ ਆਪ ਕੋ ਐਸੋ ਧਰੌਂ।
ਜੋ ਇਕ ਸ੍ਰਾਪ ਭੀ ਨ ਸਫਲਾਵੈ। ਕਿਤਿਕ ਅਸ਼ਰਧਕ ਏਵ ਅਲਾਵੈਂ॥ ੧੧॥

ਮੈਂ ਫਾਹੇ ਦੀ ਮੌਤ ਨਾਲ ਹੀ ਮਰਾਂ, ਆਪ ਜੀ ਇਹ ਸਰਾਪ ਇਸੇ ਤਰ੍ਹਾਂ ਰਹਿਣ ਦਿਉ। ਜੇ ਇਕ ਸਰਾਪ ਵੀ ਸਫਲ ਨਹੀਂ ਹੋਵੇਗਾ ਤਾਂ ਕਈ ਸ਼ਰਧਾ ਰਹਿਤ ਇਸ ਤਰ੍ਹਾਂ ਕਹਿਣਗੇ॥੧੧॥

ਗੁਰ ਕੇ ਬਚਨ ਭਏ ਸਭਿ ਝੂਠੇ। ਸਫਲਜੋ ਏਕ ਨ, ਫੁਰੇ ਅਪੂਠੇ।
ਰਹਨਿ ਦੇਹੁ ਇਹ ਕ੍ਰਿਪਾ ਨਿਧਾਨਾ!' ਸੁਨਿ ਪੁਨਿ ਗੁਰੂ ਪ੍ਰਸੰਨ ਮਹਾਨਾ॥੧੨॥

ਗੁਰੂ ਜੀ ਦੇ ਸਾਰੇ ਬਚਨ ਝੂਠੇ ਹੋਏ ਹਨ, ਇਕ ਵੀ ਸਫਲ ਨਹੀਂ ਹੋਇਆ ਹੈ, ਉਲਟੇ ਖ਼ਾਲੀ ਗਏ ਹਨ। ਇਸ ਕਰਕੇ ਕਿਰਪਾ ਨਿਧਾਨ ਇਹ ਆਪਣਾ ਸਰਾਪ ਰਹਿਣ ਦੇਵੋ।'' ਇਹ ਸੁਣ ਕੇ ਫਿਰ ਗੁਰੂ ਜੀ ਮਹਾਨ ਪ੍ਰਸੰਨ ਹੋਏ॥੧੨॥

'ਸਿੱਖਨਿ ਕੋ ਇਮ ਹੀ ਬਨਿ ਆਵੈ। ਜਿਸ ਤੇ ਗੁਰ ਮਹਿਮਾਂ ਅਧਿਕਾਵੈ।
ਜਾਂਕੇ ਕਰੇ ਹੀਨਤਾ ਹੋਇ। ਤਿਸ ਕੋ ਕਰਹਿ ਨਹੀਂ ਸਿਖ ਜੋਇ॥ ੧੩॥

ਉਨ੍ਹਾਂ ਕਿਹਾ, ''ਸਿੱਖਾਂ ਨੂੰ ਇਸ ਤਰ੍ਹਾਂ ਹੀ ਬਣ ਆਉਂਦੀ ਹੈ, ਜਿਸ ਨਾਲ ਗੁਰੂ ਮਹਿਮਾ ਬਹੁਤ ਵੱਧਦੀ ਹੈ। ਜਿਸ ਦੇ ਕਰਨ ਨਾਲ ਹੀਣਤਾ ਹੋਵੇ, ਉਸ ਨੂੰ ਕੋਈ ਵੀ ਸਿੱਖ ਨਹੀਂ ਕਰਦਾ॥੧੩॥

ਇਹ ਆਛੀ ਤੈ ਰਿਦੈ ਬਿਚਾਰੀ। ਏਕ ਸ੍ਰਾਪ ਰਾਖ੍ਯੋ ਇਸ ਬਾਰੀ।
ਅਪਨੋ ਭਲੋ ਸਕਲ ਹੀ ਕੀਨਾ। ਗੁਰ ਮਹਿਮਾ ਮਹਿਂ ਰਹ੍ਯੋ ਪ੍ਰਬੀਨਾ ॥ ੧੪ ॥

ਇਹ ਹਿਰਦੇ ਵਿਚ ਚੰਗੀ ਗੱਲ ਵਿਚਾਰੀ ਹੈ, ਇਸ ਸਮੇਂ ਇਕ ਸਰਾਪ ਰੱਖ ਲਿਆ ਹੈ। ਸਾਰਾ ਹੀ ਆਪਣਾ ਭਲਾ ਕੀਤਾ ਹੈ, ਗੁਰੂ ਮਹਿਮਾ ਵਿਚ ਨਿਪੁੰਨ ਰਿਹਾ ਹੈਂ ॥੧੪॥

ਫਾਹੀ ਮੌਤ ਜੁ ਰਾਖਨਿ ਕਰੀ। ਸੋ ਭੀ ਹੁਇ ਸੁਖੇਨ ਤਿਸ ਘਰੀ।
ਮਰਹਿਂ ਸੁਛੰਦ ਪਾਇ ਗਰ ਫਾਹੀ। ਅਪਰ ਬਹਾਨਾ ਕੋ ਬਨਿ ਜਾਹੀ' ॥ ੧੫ ॥

ਜਿਹੜੀ ਫਾਹੇ ਦੀ ਮੌਤ ਰੱਖੀ ਹੈ, ਉਹ ਵੀ ਉਸ ਸਮੇਂ ਸੌਖੀ ਹੋਵੇਗੀ। ਫਾਂਸੀ ਨਹੀਂ ਪਰ ਗਲ਼ ਵਿਚ ਆਪੇ ਕੋਈ ਰੱਸੀ ਪੈ ਕੇ ਮੌਤ ਹੋ ਜਾਵੇਗੀ, ਜਾਂ ਕੋਈ ਹੋਰ ਬਹਾਨਾ ਬਣ ਜਾਵੇਗਾ" ॥੧੫॥

ਇਮ ਬਖਸ਼੍ਯੋ ਨਿਜ ਨਿਕਟਿ ਬਿਠਾਯੋ। ਕੇਤਿਕ ਘਾਵ ਲਗੇ ਦਰਸਾਯੋ।
'ਕਿਤਿਕ ਸਿੱਖ ਘਾਇਲ ਕੈ ਮਰੇ? ਹਤੇ ਤੁਰਕ ਕੇਤਿਕ ਜੇ ਅਰੇ?' ॥ ੧੬ ॥

ਇਸ ਤਰ੍ਹਾਂ ਆਪਣੇ ਪਾਸ ਬਿਠਾ ਕੇ ਬਖ਼ਸ਼ ਦਿੱਤਾ: ਜਿਹੜੇ ਕਈ ਜ਼ਖ਼ਮ ਲੱਗੇ ਸਨ, ਉਹ ਗੁਰੂ ਜੀ ਨੇ ਵੇਖੇ ਤੇ ਕਿਹਾ, "ਕਿੰਨੇ ਸਿੱਖ ਘਾਇਲ ਹੋਏ ਜਾਂ ਮਰੇ ਹਨ? ਕਿੰਨੇ ਤੁਰਕ ਮਾਰੇ ਹਨ, ਜਿਹੜੇ ਅੜੇ ਸਨ?" ॥੧੬॥

ਹਾਥ ਜੋਰਿ ਗੋਰਾ ਪੁਨ ਕਹੈ। 'ਜਿਸ ਕੋ ਰਾਖਹੁ ਸੋ ਜਗ ਰਹੈ।
ਜਿਸ ਕੋ ਮਾਰਹੁ ਸੋ ਮਰਿ ਜਾਇ। ਇਹ ਰਾਵਰ ਕੀ ਸਰਬ ਰਜ਼ਾਇ ॥ ੧੭ ॥

ਹੱਥ ਜੋੜ ਕੇ ਫਿਰ ਗੋਰੇ ਨੇ ਕਿਹਾ, "ਜਿਸ ਨੂੰ ਰੱਖਦੇ ਹੋ ਸੋ ਜੱਗ ਵਿਚ ਰਹਿੰਦਾ ਹੈ, ਜਿਸ ਨੂੰ ਮਾਰਦੇ ਹੋ ਉਹ ਮਰ ਜਾਂਦਾ ਹੈ। ਇਹ ਸਾਰੀ ਆਪ ਜੀ ਦੀ ਰਜ਼ਾ ਹੈ ॥੧੭॥

ਕਹੌਂ ਕਹਾਂ ਮੈਂ ਆਪ ਅਗਾਰੀ। ਕਾਰਨ ਕਰਨ ਏਕ ਤੁਮ ਭਾਰੀ'।
ਸਾਦਰ ਦੇਖਿ ਗੁਰੂ ਨਿਜ ਹਾਥ। ਮੁਖ ਤੇ ਧੂਲ ਪੌਂਛਿ ਪਟ ਸਾਥ ॥ ੧੮ ॥

ਮੈਂ ਆਪ ਜੀ ਦੇ ਅੱਗੇ ਕੀ ਕਹਾਂ, ਤੁਸੀਂ ਇਕੋ ਕਰਨ ਕਾਰਨ ਸਮਰੱਥ ਹੋ।" ਗੁਰੂ ਜੀ ਨੇ ਆਦਰ ਨਾਲ ਵੇਖ ਕੇ ਉਸ ਦੇ ਮੁੱਖ ਤੋਂ ਆਪਣੇ ਪਰਨੇ ਨਾਲ ਧੂੜ ਪੂੰਝ ਦਿੱਤੀ ॥੧੮॥

ਹੁਤੋ ਮਹਾਂ ਅਪਰਾਧੀ ਜੋਇ। ਨਿਜ ਸੇਵਕ ਲਖਿ ਬਖਸ਼੍ਯੋ ਸੋਇ।
ਸਭਿ ਡੇਰਾ ਨਿਜ ਨਿਕਟਿ ਮੰਗਾਯੋ। ਸੈਨ ਆਪਨੀ ਬਿਖੈ ਮਿਲਾਯੋ ॥ ੧੯ ॥

ਜਿਹੜਾ ਮਹਾਂ ਅਪਰਾਧੀ ਸੀ, ਉਸ ਨੂੰ ਆਪਣਾ ਸੇਵਕ ਸਮਝ ਕੇ ਬਖ਼ਸ਼ ਦਿੱਤਾ। ਫਿਰ ਉਸ ਦੇ ਸਾਰੇ ਡੇਰੇ ਨੂੰ ਆਪਣੇ ਪਾਸ ਬੁਲਾਇਆ ਤੇ ਆਪਣੀ ਸੈਨਾ ਵਿਚ ਮਿਲਾ ਲਿਆ ॥੧੯॥

ਹਰਖ੍ਯੋ ਗੋਰਾ ਗੁਰ ਕਰੁਨਾ ਤੇ। ਦੁਖਦ ਸ੍ਰਾਪ ਚਿੰਤਾ ਜੁਤਿ ਹਾਤੇ।
ਨਿਜ ਡੇਰੇ ਮਹਿਂ ਸਭਿ ਕੀ ਸਾਰ। ਜੰਗ ਕਰਤਿ ਜੇ ਕਿਤਿਕ ਸੁਮਾਰ ॥ ੨੦ ॥

ਗੁਰੂ ਜੀ ਦੀ ਕਿਰਪਾ ਵੇਖ ਕੇ ਗੋਰਾ ਬਹੁਤ ਪ੍ਰਸੰਨ ਹੋਇਆ। ਜਿਹੜੇ ਚਿੰਤਾ ਸਹਿਤ ਦੁਖਦਾਇਕ ਸਰਾਪ ਸਨ, ਉਹ ਸਾਰੇ ਬਖ਼ਸ਼ ਦਿੱਤੇ। ਆਪਣੇ ਡੇਰੇ ਵਿਚ ਮੰਗਵਾ ਕੇ ਸਭ ਦੀ ਖ਼ਬਰਸਾਰ ਲਈ, ਜੰਗ ਕਰਦੇ ਸਮੇਂ ਜਿਹੜੇ ਜ਼ਖ਼ਮੀ ਹੋਏ ਸਨ ॥੨੦॥

ਖਾਨ ਪਾਨ ਕੀ ਸੁਧ ਸਭਿ ਲੀਨਿ। ਸੋ ਸਰਬਰੀ ਬਿਤਾਵਨਿ ਕੀਨਿ।
ਦਿਨ ਮਹਿਂ ਸਤਿਗੁਰ ਕਰ੍ਯੋ ਮੁਕਾਮੁ। ਲਗ੍ਯੋ ਦਿਵਾਨ ਭਜਨ ਸਤਿਨਾਮੁ ॥੨੧ ॥

ਖਾਣ ਪੀਣ ਦੀ ਸਾਰੀ ਖ਼ਬਰ ਲਈ, ਸਾਰਿਆਂ ਨੇ ਜਿਸ ਥਾਂ ਜ਼ਖ਼ਮ ਜਾਂ ਸੱਟ ਲੱਗੀ ਸੀ, ਉਸ ਬਾਰੇ ਦੱਸਿਆ। ਦਿਨ ਸਮੇਂ ਵੀ ਸਤਿਗੁਰੂ ਜੀ ਨੇ ਉਥੇ ਡੇਰਾ ਰਖਿਆ ਤੇ ਦੀਵਾਨ ਲੱਗਾ ਤੇ ਸਤਿਨਾਮ ਦਾ ਭਜਨ ਕੀਰਤਨ ਹੋਇਆ॥੨੧॥

ਬ੍ਰਿੰਦ ਮਸੰਦ ਮੇਵੜੇ ਪਾਸ। ਸੁਭਟਨਿ ਕੋ ਸਮੁਦਾਇ ਸੁ ਦਾਸ।
ਸੰਗਤਿ ਨਈ ਪੁੰਜ ਚਲਿ ਆਈ। ਅਨਿਕ ਅਕੋਰਨ ਕੋ ਅਰਪਾਈ॥ ੨੨॥

ਕਈ ਮਸੰਦ ਅਤੇ ਅਰਦਾਸੀਏ ਪਾਸ ਸਨ, ਸਮੂਹ ਸੂਰਮੇ ਅਤੇ ਦਾਸ ਮੌਜੂਦ ਸਨ। ਨਵੀਂ ਸੰਗਤ ਚਲ ਕੇ ਆਈ ਤੇ ਉਨ੍ਹਾਂ ਉਪਹਾਰ ਅਰਪਣ ਕੀਤੇ॥੨੨॥

ਤਬਿ ਗੋਰਾ ਬੁਲਿਵਾਯੋ ਪਾਸ। ਆਯੋ ਨਿਕਟਿ ਸੰਗ ਗਨ ਦਾਸ।
ਕਹਿ ਸਾਦਰ ਸਤਿਗੁਰ ਬੈਠਾਯੋ। ਸੁਜਸੁ ਸੁਰਤਾ ਸ੍ਰੀ ਮੁਖ ਗਾਯੋ॥ ੨੩॥

ਤਦ ਗੋਰੇ ਨੂੰ ਆਪਣੇ ਪਾਸ ਬੁਲਾਇਆ ਤੇ ਉਹ ਕਈ ਸੇਵਕਾਂ ਦੇ ਨਾਲ ਪਾਸ ਆਇਆ। ਸਤਿਗੁਰੂ ਜੀ ਨੇ ਆਦਰ ਨਾਲ ਕਹਿ ਕੇ ਪਾਸ ਬੈਠਾਇਆ ਤੇ ਆਪਣੇ ਮੁਖ ਤੋਂ ਉਸ ਦੀ ਬਹਾਦਰੀ ਦਾ ਸ੍ਰੇਸ਼ਟ ਜੱਸ ਕੀਤਾ॥੨੩॥

ਕਹਜੋ ਤਬਹਿ 'ਅਪਨੇ ਘਰ ਜਾਓ। ਕਰਹੁ ਰਾਜ ਸਭਿ ਕਾਜ ਚਲਾਓ।
ਦਿਵਸ ਘਨੇ ਬੀਤੇ ਇਤ ਆਏ। ਜਾਇ ਸੰਭਾਲਹੁ ਸੁਖ ਉਪਜਾਏ'॥ ੨੪॥

ਤਦ ਕਿਹਾ, "ਹੁਣ ਆਪਣੇ ਘਰ ਜਾਵੋ, ਰਾਜ ਕਰੋ ਤੇ ਸਾਰੇ ਕੰਮ ਚਲਾਓ। ਏਧਰ ਆਏ ਨੂੰ ਕਾਫ਼ੀ ਲੰਮਾ ਸਮਾਂ ਬੀਤ ਗਿਆ ਹੈ ਤੇ ਸੁਖੀ ਹੋ ਕੇ ਆਪਣਾ ਕੰਮ ਕਾਜ ਜਾ ਕੇ ਸੰਭਾਲੋ"॥੨੪॥

ਹਾਥ ਜੋਰਿ ਗੋਰਾ ਤਬਿ ਕਹੇ। 'ਰਾਵਰ ਕੀ ਰਜ਼ਾਇ ਮਹਿਂ ਰਹੇ'।
ਸਿਰੇਪਾਵ ਤਬਿ ਗੁਰੂ ਮੰਗਾਯੋ। ਨਿਜ ਕਰ ਤੇ ਤਿਸ ਤਨ ਪਹਿਰਾਯੋ॥ ੨੫॥

ਹੱਥ ਜੋੜ ਕੇ ਫਿਰ ਗੋਰੇ ਨੇ ਕਿਹਾ, "ਆਪ ਜੀ ਦੀ ਰਜ਼ਾ ਵਿਚ ਰਹਾਂਗਾ।" ਗੁਰੂ ਜੀ ਨੇ ਫਿਰ ਸਿਰੋਪਾ ਮੰਗਵਾਇਆ ਤੇ ਆਪਣੇ ਹੱਥਾਂ ਨਾਲ ਉਸ ਦੇ ਸਰੀਰ ਨੂੰ ਪਹਿਨਾਇਆ॥੨੫॥

ਹੁਇ ਪ੍ਰਸੰਨ ਕਰਿ ਬਿਦਾ ਉਚਾਰਾ। 'ਹਮ ਗਮਨੈਂ ਹਟਿ ਪੁਰਿ ਕਰਤਾਰਾ।
ਕੇਤਿਕ ਸਮਾ ਬਿਤਾਵਹਿਂ ਤਹਾਂ। ਤੂੰ ਚਲਿ ਜਾਹੁ ਬਠਿੰਡਾ ਜਹਾਂ॥ ੨੬॥

ਗੁਰੂ ਜੀ ਨੇ ਪ੍ਰਸੰਨ ਹੋ ਕੇ ਵਿਦਾ ਕਰਕੇ ਕਿਹਾ, "ਅਸੀਂ ਵਾਪਸ ਮੁੜ ਕੇ ਕਰਤਾਰਪੁਰ ਜਾਵਾਂਗੇ। ਕਾਫ਼ੀ ਸਮਾਂ ਉਥੇ ਬਤੀਤ ਕਰਾਂਗੇ, ਤੂੰ ਹੁਣ ਬਠਿੰਡੇ ਵਲ ਚਲਿਆ ਜਾ॥੨੬॥

ਤਿਸੀ ਦੇਸ਼ ਮਹਿਂ ਘਾਲਹੁ ਜ਼ੋਰ। ਅਪਨਾ ਰਾਜ ਬਧਾਵਹੁ ਹੋਰ'।
ਸਭਿਨਿ ਸੁਨਾਇ ਭਨੀ ਬਡਿਆਈ। ਖਰੋ ਹੋਇ ਤਬਿ ਗ੍ਰੀਵ ਨਿਵਾਈ॥ ੨੭॥

ਉਸੇ ਦੇਸ਼ ਵਿਚ ਜ਼ੋਰ ਲਾਵੇ ਤੇ ਆਪਣਾ ਰਾਜ ਹੋਰ ਵਧਾਵੇ।" ਸਾਰਿਆਂ ਨੂੰ ਸੁਣਾ ਕੇ ਫਿਰ ਵਡਿਆਈ ਕੀਤੀ ਤੇ ਗੋਰਾ ਸਿਰ ਨਿਵਾ ਕੇ ਖੜਾ ਰਿਹਾ॥੨੭॥

ਚਰਨ ਸਪਰਸ਼ਤਿ ਬੰਦਨ ਕਰਿਕੈ। ਚਲਜੋ ਅਧਿਕ ਉਰ ਆਨੰਦ ਧਰਿਕੈ।
ਏਕ ਨਿਸਾ ਬੀਤੀ ਪੁਨ ਔਰਾ। ਚਲਿਬੇ ਕੋ ਤਯਾਰ ਭਾ ਗੋਰਾ॥ ੨੮॥

ਉਸ ਨੇ ਬੰਦਨਾ ਕਰਕੇ ਗੁਰੂ ਜੀ ਦੇ ਚਰਨਾਂ ਨੂੰ ਛੂਹਿਆ ਤੇ ਹਿਰਦੇ ਵਿਚ ਬਹੁਤ ਅਨੰਦ ਧਾਰ ਕੇ ਆਪਣੇ ਡੇਰੇ ਵਲ ਚਲਾ ਗਿਆ। ਇਕ ਰਾਤ ਹੋਰ ਬਤੀਤ ਕੀਤੀ ਤੇ ਫਿਰ ਚਲਣ ਵਾਸਤੇ ਤਿਆਰ ਹੋ ਗਿਆ॥੨੮॥

ਜਥਾ ਜੋਗ ਸਭਿ ਸੋਂ ਮਿਲਿ ਕਰਿ ਕੈ। ਸ੍ਰੀ ਸਤਿਗੁਰ ਕੇ ਪਾਇਨਿ ਪਰਿਕੈ।
ਜੰਗਲ ਦੇਸ਼ ਬਿਖੇ ਚਲਿ ਗਯੋ। ਅਪਨੋ ਜ਼ੋਰ ਜਨਾਵਤਿ ਭਯੋ॥ ੨੯॥

ਜਥਾਯੋਗ ਸਭ ਨੂੰ ਮਿਲ ਕੇ ਤੇ ਸ੍ਰੀ ਸਤਿਗੁਰੂ ਜੀ ਦੇ ਪੈਰਾਂ 'ਤੇ ਮੱਥਾ ਟੇਕ ਕੇ ਮਾਲਵੇ ਦੇਸ਼ ਵੱਲ ਚਲਾ ਗਿਆ ਤੇ ਉਥੇ ਜਾ ਕੇ ਆਪਣੀ ਤਾਕਤ ਵਧਾਉਣ ਲੱਗਾ॥੨੯॥

ਅਧਿਕ ਗ੍ਰਾਮ ਤਿਹ ਕੇ ਅਪਨਾਏ। ਸਭਿ ਪਰ ਨਰ ਪਠਿ ਹੁਕਮ ਚਲਾਏ।
ਮਹਾਂ ਕਠੋਰ ਹੋਇ ਕਿਯ ਰਾਜਾ। ਘਰ ਮੈਂ ਬਰਧਯੋ ਸਕਲ ਸਮਾਜਾ॥ ੩੦॥

ਉਸ ਇਲਾਕੇ ਦੇ ਹੋਰ ਕਈ ਪਿੰਡ ਉਸਨੇ ਆਪਣੇ ਰਾਜ ਵਿਚ ਮਿਲਾਏ ਤੇ ਸਾਰਿਆਂ ਵੱਲ ਮਨੁੱਖ ਭੇਜ ਕੇ ਹੁਕਮ ਚਲਾਇਆ। ਮਹਾਂ ਕਠੋਰ ਰਾਜਾ ਬਣ ਕੇ, ਘਰ ਵਿਚ ਸਾਰਾ ਸਾਜ਼ੋ-ਸਾਮਾਨ ਆਦਿ ਵਧਾਇਆ॥੩੦॥

ਰਹਯੋ ਬਠਿੰਡੇ ਮਹਿਂ ਚਿਰਕਾਲ। ਸੰਗ ਬਿਰਾੜਨਿ ਚਮੂੰ ਬਿਸਾਲ।
ਅਬਿ ਸਤਿਗੁਰ ਕੀ ਕਥਾ ਸੁਨੀਜੈ। ਜਨਮ ਅਨੇਕ ਪਾਪ ਹਨਿ ਦੀਜੈ॥ ੩੧॥

ਬਹੁਤ ਦੇਰ ਤਕ ਬਠਿੰਡੇ ਵਿਚ ਰਿਹਾ ਤੇ ਉਸ ਦੇ ਨਾਲ ਬਰਾੜਾਂ ਦੀ ਵੱਡੀ ਸੈਨਾ ਸੀ। ਹੁਣ ਸਤਿਗੁਰੂ ਜੀ ਦੀ ਕਥਾ ਸੁਣੋ, ਜਿਹੜੀ ਅਨੇਕ ਜਨਮਾਂ ਦੇ ਪਾਪ ਦੂਰ ਕਰ ਦਿੰਦੀ ਹੈ॥੩੧॥

ਚਢਿ ਕਰਿ ਸਭਿ ਅਨੀਕ ਲੇ ਸਾਥ। ਸਤੱਦ੍ਰਵ ਤਟ ਪਹੁਚੇ ਗੁਰ ਨਾਥ।
ਕੇਵਟ ਕੋ ਤਤਕਾਲ ਬੁਲਾਯੋ। ਬ੍ਰਿੰਦ ਤਰੀ ਲੈ ਕਰਿ ਸੋ ਆਯੋ॥ ੩੨॥

ਆਪਣੀ ਸਾਰੀ ਸੈਨਾ ਲੈ ਕੇ ਗੁਰੂ ਜੀ ਚੜ੍ਹਾਈ ਕਰਕੇ ਚਲ ਪਏ ਤੇ ਗੁਰੂ ਸਵਾਮੀ ਜੀ ਸਤਲੁਜ ਦੇ ਕੰਢੇ 'ਤੇ ਪਹੁੰਚ ਗਏ। ਮਲਾਹ ਨੂੰ ਤੁਰਤ ਬੁਲਾਇਆ, ਜਿਹੜਾ ਬਹੁਤ ਬੇੜੀਆਂ ਲੈ ਕੇ ਆਇਆ॥੩੨॥

ਦ੍ਰਿਢ ਤਰਨੀ ਪਰ ਬੈਠਤਿ ਭਏ। ਪਰਲੇ ਪਾਰ ਉਤਰਿ ਗੁਰ ਗਏ।
ਪੁਨ ਸਭਿ ਸੈਨਾ ਪਾਰਿ ਉਤਾਰੀ। ਕੇਵਟ ਕੋ ਬਖਸ਼ਯੋ ਧਨ ਭਾਰੀ॥ ੩੩॥

ਮਜ਼ਬੂਤ ਬੇੜੀਆਂ 'ਤੇ ਬੈਠ ਗੁਰੂ ਜੀ ਪਰਲੇ ਪਾਰ ਉਤਰ ਗਏ। ਫਿਰ ਸਾਰੀ ਸੈਨਾ ਨੂੰ ਪਾਰ ਕਰਵਾਇਆ ਤੇ ਮਲਾਹ ਨੂੰ ਬਹੁਤ ਧਨ ਬਖਸ਼ਿਆ॥੩੩॥

ਤਹਿਂ ਨਿਸ ਬਸਿ ਕੈ ਭੋਰ ਸਿਧਾਏ। ਮਗ ਮਹਿਂ ਕਰਿ ਬਿਲਾਸ ਸਮੁਦਾਏ।
ਸ੍ਰੀ ਕਰਤਾਰ ਪੁਰੇ ਚਲਿ ਗਏ। ਧੀਰਮੱਲ ਆਗੂ ਹੁਇ ਲਏ॥ ੩੪॥

ਉਥੇ ਰਾਤ ਠਹਿਰ ਕੇ ਸਵੇਰੇ ਚਲ ਪਏ। ਸਾਰੇ ਹੀ ਰਾਹ ਵਿਚ ਕਈ ਪ੍ਰਕਾਰ ਦੇ ਹੁਲਾਸ ਵਿਲਾਸ ਕਰਦੇ ਜਾਂਦੇ ਸਨ। ਸ੍ਰੀ ਕਰਤਾਰਪੁਰ ਪਹੁੰਚ ਗਏ, ਜਿਥੇ ਧੀਰਮਲ ਅੱਗੋ ਹੋ ਕੇ ਲੈਣ ਆਇਆ॥੩੪॥

ਗਨ ਪੁਰਿ ਜਨ ਬਹੁ ਲੀਨਿ ਅਕੋਰ। ਦਰਸਹਿਂ ਆਇ ਗੁਰੂ ਕਰ ਜੋਰਿ।
ਕੁਸ਼ਲ ਪ੍ਰਸੰਨ ਕਰਿ ਸਭਿ ਕੇ ਸਾਥ। ਭਏ ਪ੍ਰਵੇਸ਼ ਨਗਰ ਮਹਿਂ ਨਾਥ॥ ੩੫॥

ਨਗਰ ਦੇ ਲੋਕਾਂ ਨੇ ਬਹੁਤ ਉਪਹਾਰ ਲਏ ਤੇ ਹੱਥ ਜੋੜ ਕੇ ਆ ਕੇ ਗੁਰੂ ਜੀ ਦੇ ਦਰਸ਼ਨ ਕਰਨ ਲੱਗੇ। ਗੁਰੂ ਜੀ ਨੇ ਸਭ ਨੂੰ ਸੁਖਸਾਂਦ ਪੁੱਛੀ ਤੇ ਨਗਰ ਵਿਚ ਪ੍ਰਵੇਸ਼ ਕਰ ਗਏ॥੩੫॥

ਦਲ ਉਤਰਯੋ ਬਾਗਨਿ ਕੀ ਛਾਯਾ। ਹੇਰਿ ਹੇਰਿ ਜਿਹ ਜਿਹ ਮਨ ਭਾਯਾ।
ਅੰਤਹਿਪੁਰਿ ਗੁਰ ਕੋ ਤਹਿਂ ਗਯੋ। ਸਦਨ ਖਾਸ ਮਹਿਂ ਉਤਰਤਿ ਭਯੋ॥ ੩੬॥

ਬਾਗਾਂ ਦੀ ਛਾਂ ਵਿਚ ਫ਼ੌਜ ਨੇ ਉਤਾਰਾ ਕੀਤਾ। ਵੇਖ-ਵੇਖ ਕੇ ਜਿਥੇ ਕਿਸੇ ਦੇ ਮਨ ਨੂੰ ਚੰਗਾ ਲਗਾ ਠਹਿਰ ਗਿਆ। ਗੁਰੂ ਜੀ ਦੇ ਮਹਿਲ ਉਥੇ ਚਲੇ ਗਏ ਜਿਥੇ ਗੁਰੂ ਘਰ ਦੇ ਵਿਸ਼ੇਸ਼ ਮਹਿਲ ਸਨ॥੩੬॥

ਸਜੰਦਨ ਡੋਰੇ ਵਾਹਨ ਤਜਾਗੇ। ਸੁਖ ਕੇ ਸੰਗ ਬਸਨ ਘਰ ਲਾਗੇ।
ਧੀਰਮੱਲ ਬੂਝੀ ਸੁ ਲਰਾਈ। 'ਕਿਮ ਆਵਤਿ ਇਹ ਬਾਦ ਮਚਾਈ?॥ ੩੭॥

ਰੱਥ, ਡੋਲੇ ਅਤੇ ਸਵਾਰੀਆਂ ਛੱਡ ਦਿੱਤੀਆਂ, ਸੁੱਖ ਦੇ ਨਾਲ ਘਰ ਵਿਚ ਵਸਣ ਲੱਗੇ। ਧੀਰਮਲ ਨੇ ਲੜਾਈ ਬਾਰੇ ਪੁੱਛਿਆ, "ਇਹ ਝਗੜਾ ਕਿਵੇਂ ਕਰ ਕੇ ਆਏ ਹੋ?॥੩੭॥

ਤੁਰਕਨਿ ਸੋਂ ਬਿਰੋਧ ਨਹਿਂ ਕਰੀਅਹਿ। ਛੇਮ ਸਹਤ ਘਰ ਸਮਾਂ ਗੁਜ਼ਰੀਅਹਿ।
ਸ੍ਰੀ ਹਰਿਰਾਇ ਸਕਲ ਸਮੁਝਾਈ। 'ਮੁਖ਼ਲਸਖਾਂ ਪੋਤ੍ਰ ਰਿਸ ਛਾਈ॥ ੩੮॥

ਤੁਰਕਾਂ ਨਾਲ ਵਿਰੋਧ ਨਾ ਕਰੋ, ਅਨੰਦ ਸਹਿਤ ਘਰ ਵਿਚ ਰਹਿ ਕੇ ਆਪਣਾ ਸਮਾਂ ਬਤੀਤ ਕਰੋ।" ਸ੍ਰੀ ਹਰਿਰਾਇ ਜੀ ਨੇ ਸਾਰੀ ਗੱਲ ਸਮਝਾਈ "ਮੁਖਲਸ ਖ਼ਾਂ ਦੇ ਪੋਤਰੇ ਨੇ ਪਿਛਲਾ ਗੁੱਸਾ ਕੱਢਿਆ ਹੈ॥੩੮॥

ਬੈਰ ਪਿਤਾਮੇ ਕੋ ਸੰਭਾਰਾ। ਹਮ ਸੋਂ ਚਹਜੋ ਕਰਨਿ ਕੋ ਰਾਰਾ।
ਸੈਨਾ ਪ੍ਰੇਰੀ ਨਿਜ ਸਮੁਦਾਈ। ਸਭਿ ਵਹੀਰ ਹਮਰੇ ਪਰ ਆਈ॥ ੩੯॥

ਉਸ ਨੇ ਆਪਣੇ ਪਿਤਾਮੇ ਦੇ ਵੈਰ ਨੂੰ ਸੰਭਾਲਿਆ ਤੇ ਸਾਡੇ ਨਾਲ ਲੜਾਈ ਕਰਨਾ ਚਾਹੁੰਦਾ ਸੀ। ਆਪਣੀ ਸਾਰੀ ਸੈਨਾ ਨੂੰ ਪ੍ਰੇਰਿਆ ਤੇ ਸਾਰਿਆਂ ਨੇ ਆ ਕੇ ਸਾਡੀ ਵਹੀਰ ਨੂੰ ਘੇਰ ਲਿਆ॥੩੯॥

ਸੁਧ ਪਾਈ ਹਮ ਜਾਤਿ ਅਗਾਰੀ। ਬਹੁਰ ਪਿਤਾਮੇ ਗਿਰਾ ਬਿਚਾਰੀ।
ਜੰਗ ਕਰਨ ਕੋ ਬਰਜੇ ਹੁਤੇ। ਹਮ ਹਟਿ ਰਹੇ ਜਾਨਿ ਸੋ ਮਤੇ॥ ੪੦॥

ਸਾਨੂੰ ਅੱਗੇ ਜਾ ਕੇ ਇਹ ਖ਼ਬਰ ਮਿਲੀ। ਪਰ ਅਸੀਂ ਆਪਣੇ ਪਿਤਾਮੇ ਦੇ ਬਚਨਾਂ 'ਤੇ ਵਿਚਾਰ ਕੀਤੀ, ਜਿਨ੍ਹਾਂ ਨੇ ਸਾਨੂੰ ਜੰਗ ਕਰਨ ਤੋਂ ਵਰਜਿਆ ਹੈ। ਅਸੀਂ ਵਾਪਸ ਆਉਣ ਲੱਗੇ ਸੀ, ਬੇਸ਼ਕ ਛੇਵੇਂ ਗੁਰੂ ਸਾਹਿਬ ਦਾ ਹੁਕਮ ਹੈ ਕਿ ਅਸੀਂ ਲੜਾਈ ਨਾ ਕਰੀਏ॥੪੦॥

ਭਗਤੂ ਸੁਤ ਬਡ ਹੁਤੋ ਪਿਛਾਰੀ। ਤਿਨ ਤੁਰਕਨਿ ਕੀ ਚਮੂੰ ਨਿਹਾਰੀ।
ਜਬਿ ਬਹੀਰ ਪਰ ਆਵਨ ਲਾਗੀ। ਹਤੇ ਸ਼ਸਤ੍ਰ ਤਬਿ ਤਿਹ ਰਿਸ ਜਾਗੀ॥੪੧॥

ਭਾਈ ਭਗਤੂ ਦਾ ਵੱਡਾ ਪੁੱਤਰ ਪਿੱਛੇ ਸੀ। ਉਸ ਨੇ ਜਦ ਤੁਰਕਾਂ ਦੀ ਫ਼ੌਜ ਵੇਖੀ ਤੇ ਜਦ ਉਹ ਵਹੀਰ ਵਲ ਆਉਣ ਲੱਗੇ ਤਾਂ ਉਸ ਵਿਚ ਗੁੱਸਾ ਜਾਗਿਆ ਤੇ ਉਸ ਨੇ ਸ਼ਸਤਰ ਫੜ ਕੇ ਉਨ੍ਹਾਂ ਨੂੰ ਮਾਰਿਆ॥੪੧॥

ਅਪਨੇ ਸਭਿ ਬਚਾਇ ਸੋ ਮਾਰੇ। ਨਿਸਾ ਪਰੀ ਨਿਜ ਦਿਸ਼ਾ ਸਿਧਾਰੇ।
ਔਚਕ ਭੇਰ ਪਰਜੋ ਇਸ ਭਾਂਤਿ। ਦੁਹਿਦਿਸ਼ਿ ਹਟੇ ਪਰੀ ਲਖਿ ਰਾਤਿ'॥੪੨॥

ਸਾਡੀ ਸਾਰੀ ਵਹੀਰ ਨੂੰ ਬਚਾ ਲਿਆ ਤੇ ਉਨ੍ਹਾਂ ਨੂੰ ਮਾਰਿਆ। ਫਿਰ ਰਾਤ ਪੈਣ ਤੇ ਆਪਣੇ ਪਾਸੇ ਚਲੇ ਗਏ। ਇਸ ਤਰ੍ਹਾਂ ਅਚਾਨਕ ਭੇੜ ਹੋ ਗਿਆ, ਰਾਤ ਪਈ ਵੇਖ ਕੇ ਦੋਵੇਂ ਪਾਸੇ ਹਟ ਗਏ"॥੪੨॥

*ਦਸਵੀਂ ਰਾਸ ਦਾ ਪੰਦਰ੍ਹਵਾਂ ਅਧਿਆਇ ਸਮਾਪਤ ਹੋਇਆ॥੧੫॥*

# ਅਧਿਆਇ ਸੋਲ੍ਹਵਾਂ

## ਕਰਤਾਰਪੁਰ ਨਿਵਾਸ, ਬ੍ਰਾਹਮਣ ਪੁੱਤਰ ਮੋਇਆ

ਦੋਹਰਾ- ਬਸਤਿ ਭਏ ਸ੍ਰੀ ਸਤਿਗੁਰੂ ਅਪਨੇ ਪੁਰਿ ਕਰਤਾਰ।
ਬ੍ਰਿੰਦ ਸੰਗਤਾਂ ਦਿਸ਼ਿਨਿ ਤੇ ਆਵਹਿਂ ਚਲੀ ਉਦਾਰ॥ ੧॥

ਸਤਿਗੁਰੂ ਜੀ ਕਰਤਾਰਪੁਰ ਵਿਚ ਵੱਸਣ ਲੱਗੇ। ਬਹੁਤ ਸੰਗਤਾਂ ਚਾਰੇ ਪਾਸਿਆਂ ਤੋਂ ਚਲੀਆਂ ਆਉਂਦੀਆਂ ਸਨ॥੧॥

ਚੌਪਈ- ਪਰਬ ਦਿਵਸ ਮਹਿਂ ਲਾਗਹਿ ਮੇਲਾ। ਪੁਰਿ ਗ੍ਰਾਮਨਿ ਤੇ ਹੋਇ ਸਕੇਲਾ।
ਸੰਤ ਮਹੰਤ ਮਸੰਦ ਬਿਸਾਲੈ। ਪਹੁਚੇ ਤਜਿ ਨਿਜ ਦੇਸ਼ਨ ਜਾਲੈ॥ ੨॥

ਤਿਉਹਾਰ ਵਾਲੇ ਦਿਨ ਮੇਲਾ ਲੱਗਦਾ ਸੀ, ਪਿੰਡ ਨਗਰਾਂ ਤੋਂ ਸਿੱਖ ਇਕੱਠੇ ਹੁੰਦੇ ਸਨ। ਬਹੁਤ ਸੰਤ, ਮਹੰਤ ਅਤੇ ਮਸੰਦ ਆਉਂਦੇ ਸਨ। ਉਹ ਆਪਣੇ ਆਪਣੇ ਦੇਸ਼ਾਂ ਨੂੰ ਛੱਡ ਕੇ ਆਉਂਦੇ ਸਨ॥੨॥

ਸੰਨਯਾਸੀ ਬੈਰਾਗੀ ਘਨੇ। ਸਿੱਖ ਸੰਗਤਾਂ ਕੋ ਕਿਮ ਗਿਨੇ।
ਭਾਂਤਿ ਭਾਂਤਿ ਕੀ ਲੈ ਉਪਹਾਰ। ਪਹੁੰਚਹਿਂ ਸਤਿਗੁਰ ਕੇ ਦਰਬਾਰ॥ ੩॥

ਸੰਨਿਆਸੀ ਅਤੇ ਵੈਰਾਗੀ ਬਹੁਤ ਆਉਂਦੇ ਸਨ। ਸਿੱਖ ਸੰਗਤਾਂ ਦੀ ਕੀ ਗਿਣਤੀ ਕਰੀਏ। ਭਾਂਤ ਭਾਂਤ ਦੇ ਉਪਹਾਰ ਲੈ ਕੇ ਉਹ ਸਤਿਗੁਰੂ ਜੀ ਦੇ ਦਰਬਾਰ ਵਿਚ ਪਹੁੰਚਦੇ ਸਨ॥੩॥

ਦਰਸ਼ਨ ਪਰਸਹਿਂ ਬਾਂਛਤਿ ਪਾਵਹਿਂ। ਮੇਲਾ ਹੋਤਿ ਦਿਸ਼ਨਿ ਤੇ ਆਵਹਿਂ।
ਸੱਤਿਨਾਮ ਉਪਦੇਸ਼ਨਿ ਕਰੈਂ। ਸੁਨਿ ਗੁਰ ਤੇ ਮਨ ਮਹਿਂ ਸਿਖ ਧਰੈਂ॥ ੪॥

ਦਰਸ਼ਨ ਕਰਕੇ ਮੂੰਹ ਮੰਗੀਆਂ ਮੁਰਾਦਾਂ ਪਾਉਂਦੇ ਸਨ, ਮੇਲਾ ਹੋਣ ਤੇ ਚਾਰੇ ਪਾਸਿਆਂ ਤੋਂ ਆਉਂਦੇ ਸਨ। ਗੁਰੂ ਜੀ ਸਤਿਨਾਮ ਦਾ ਉਪਦੇਸ਼ ਕਰਦੇ ਸਨ। ਗੁਰੂ ਜੀ ਪਾਸੋਂ ਉਪਦੇਸ਼ ਸੁਣ ਕੇ ਸਿੱਖ ਆਪਣੇ ਮਨ ਵਿਚ ਧਾਰਨ ਕਰਦੇ ਸਨ॥੪॥

ਕੇਤਿਕ ਬ੍ਰਹਮ ਗਜਾਨ ਕੋ ਪਾਇ। ਆਨੰਦ ਆਤਮ ਬਿਖੈ ਸਮਾਇਂ।
ਕੇਤਿਕ ਨਵ ਨਿੱਧਿਨਿ ਕੋ ਪਾਵੈਂ। ਜਨਮ ਜਨਮ ਕੇ ਕਸ਼ਟ ਮਿਟਾਵੈਂ॥੫॥

ਕਈ ਬ੍ਰਹਮ ਗਿਆਨ ਪਾਉਂਦੇ ਸਨ ਤੇ ਆਤਮ ਆਨੰਦ ਵਿਚ ਸਮਾ ਜਾਂਦੇ ਸਨ। ਕਈ ਨੌਂ ਨਿਧੀਆਂ ਪਾਉਂਦੇ ਸਨ ਤੇ ਜਨਮ ਮਰਨ ਦੇ ਕਸ਼ਟ ਮਿਟਾ ਲੈਂਦੇ ਸਨ॥੫॥

ਸਿੱਧ ਅਠਾਰਹਿਂ ਪ੍ਰਾਪਤਿ ਹੋਇ। ਅਜ਼ਮਤ ਸਕਲ ਭਾਂਤਿ ਕੀ ਕੋਇ।
ਸਭਿ ਕਿਛੁ ਬਸਹਿ ਗੁਰੂ ਦਰਬਾਰ। ਦੇਤਿ ਸੇਵਕਨਿ ਸਦਾ ਉਦਾਰ॥੬॥

ਅਠਾਰਾਂ ਸਿਧੀਆਂ ਪ੍ਰਾਪਤ ਹੁੰਦੀਆਂ ਸਨ, ਕਈ ਸਭ ਪ੍ਰਕਾਰ ਦੀਆਂ ਕਰਾਮਾਤਾਂ ਪਾ ਲੈਂਦੇ ਸਨ। ਗੁਰੂ ਜੀ ਦੇ ਦਰਬਾਰ ਵਿਚ ਸਭ ਕੁਝ ਵੱਸਦਾ ਸੀ। ਉਹ ਸੇਵਕਾਂ ਨੂੰ ਸਦਾ ਖੁਲ੍ਹੇ ਗੱਫੇ ਦਿੰਦੇ ਸਨ॥੬॥

ਇਸ ਬਿਧਿ ਕੇਤਿਕ ਦਿਵਸ ਬਿਤਾਏ। ਪੁਰਿ ਕਰਤਾਰ ਬਸੇ ਸੁਖ ਪਾਏ।
ਬਲਖ਼ ਬੁਖਾਰਾ ਆਦਿਕ ਦੇਸ਼। ਆਨਹਿਂ ਅਰਪਹਿਂ ਹਯਨਿ ਵਿਸ਼ੇਸ਼॥੭॥

ਇਸ ਤਰ੍ਹਾਂ ਕਈ ਦਿਨ ਬਤੀਤ ਕੀਤੇ ਤੇ ਕਰਤਾਰਪੁਰ ਵਿਚ ਸੁਖ ਪਾ ਕੇ ਵਸੇ। ਬਲਖ ਬੁਖਾਰਾ ਜਿਹੜੇ ਆਦਿ ਦੇਸ਼ ਸਨ, ਉਥੋਂ ਦੇ ਮਸੰਦ ਆ ਕੇ ਵਿਸ਼ੇਸ਼ ਘੋੜੇ ਅਰਪਣ ਕਰਦੇ ਸਨ॥੭॥

ਆਯੁਧ ਅਧਿਕ ਮੋਲ ਕੇ ਲਜਾਵਹਿ। ਪਸ਼ਮੰਬਰ ਆਦਿਕ ਅਰਪਾਵੈਂ।
ਪੁਰਿ ਕਸ਼ਮੀਰ ਔਰ ਮੁਲਤਾਨ। ਢੱਠਾ ਭੱਖਰ ਦੇਸ਼ ਮਹਾਨ॥ ੮॥

ਬੜੇ ਕੀਮਤੀ ਸ਼ਸਤਰ ਲਿਆਉਂਦੇ ਸਨ, ਰੇਸ਼ਮ ਆਦਿ ਦੇ ਕੱਪੜੇ ਅਰਪਣ ਕਰਦੇ ਸਨ। ਕਸ਼ਮੀਰ, ਮੁਲਤਾਨ, ਢੱਠਾ ਅਤੇ ਭੱਖਰ ਮਹਾਨ ਨਗਰ ਹਨ॥੮॥

ਦੱਖਣ ਪੂਰਬ ਪਰਬਤਿ ਵਾਸੀ। ਤਪੀ ਦਿਗੰਬਰ ਜਪੀ ਉਦਾਸੀ।
ਗ੍ਰਿਹਸਤੀ ਕੈ ਬਿਰਕਤ ਨਰ ਹੋਇ। ਦਰਸਹਿ ਆਨਿ ਗੁਰੂ ਸਭਿ ਕੋਇ॥ ੯॥

ਦੱਖਣ, ਪੂਰਬ ਅਤੇ ਪਹਾੜਾਂ 'ਤੇ ਰਹਿਣ ਵਾਲੇ, ਤਪਸਵੀ, ਦਿਗੰਬਰ, ਜਪੀ ਅਤੇ ਉਦਾਸੀ ਆਉਂਦੇ ਸਨ। ਗ੍ਰਿਹਸਤੀ ਜਾਂ ਵੈਰਾਗੀ ਸਾਰੇ ਮਨੁੱਖ ਆ ਕੇ ਗੁਰੂ ਜੀ ਦੇ ਦਰਸ਼ਨ ਕਰਦੇ ਸਨ॥੯॥

ਸਿੱਖ ਜਿ ਦਰਬ ਕਮਾਵਨਿ ਕਰਿਹੀਂ। ਤਿਹ ਦਸਵੰਧ ਅੱਗ੍ਰ ਗੁਰ ਧਰਿਹੀਂ।
ਭੂਰੀ ਭੀਰ ਭਰੀ ਨਿਤ ਰਹੈ। ਸ੍ਰੀ ਸਤਿਗੁਰ ਦਰਬਾਰ ਜਿ ਅਹੈ॥ ੧੦॥

ਜਿਹੜੇ ਸਿੱਖ ਧਨ ਕਮਾਉਂਦੇ ਸਨ, ਉਹ ਗੁਰੂ ਜੀ ਦੇ ਅੱਗੇ ਦਸਵੰਧ ਧਰਦੇ ਸਨ। ਬਹੁਤ ਭਾਰੀ ਭੀੜ ਨਿਤ ਰਹਿੰਦੀ ਸੀ, ਜਿਥੇ ਸਤਿਗੁਰੂ ਜੀ ਦਾ ਦਰਬਾਰ ਸੀ॥੧੦॥

ਦੇਸ਼ਨਿ ਮਹਿਂ ਮਸੰਦ ਜੇ ਬ੍ਰਿੰਦ। ਪਹੁੰਚਹਿਂ ਗੁਰ ਧਨ ਲਿਯੇ ਬਿਲੰਦ।
ਕੇਚਿਤ ਲੱਛ ਦਰਬ ਲੇ ਆਵੈਂ। ਕਿਤਿਕ ਹਜ਼ਾਰਨਿ ਕਰਿ ਇਕ ਥਾਵੈਂ॥ ੧੧॥

ਆਪਣੇ-ਆਪਣੇ ਦੇਸ਼ਾਂ ਵਿਚੋਂ ਗੁਰੂ ਜੀ ਵਾਸਤੇ ਬਹੁਤ ਧਨ ਲੈ ਕੇ ਪਹੁੰਚਦੇ ਸਨ। ਕਈ ਲੱਖਾਂ ਦਾ ਧਨ ਲੈ ਕੇ ਆਉਂਦੇ ਸਨ ਤੇ ਕਈ ਹਜ਼ਾਰਾਂ ਦਾ ਧਨ ਇਕ ਥਾਂ ਇਕੱਠਾ ਕਰਦੇ ਸਨ॥੧੧॥

ਖਸ਼ਟ ਮਾਸ ਮਹਿਂ ਕੋ ਚਲਿ ਆਇ। ਕੋ ਸੰਮਤ ਮਹਿਂ ਧਨ ਪਹੁੰਚਾਇ।
ਰਹੈਂ ਮਸੰਦ ਹਜ਼ਾਰਹੁਂ ਦੇਸ਼। ਲੇ ਸੰਗਤਿ ਤੇ ਦਰਬ ਵਿਸ਼ੇਸ਼॥ ੧੨॥

ਕਈ ਛੇ ਮਹੀਨਿਆਂ ਪਿਛੋਂ ਚਲ ਕੇ ਆਉਂਦੇ ਸਨ, ਕਈ ਸਾਲ ਪਿਛੋਂ ਧਨ ਪਹੁੰਚਾਉਂਦੇ ਸਨ। ਦੇਸ਼ ਵਿਚ ਹਜ਼ਾਰਾਂ ਮਸੰਦ ਰਹਿੰਦੇ ਸਨ, ਜਿਹੜੇ ਸੰਗਤ ਤੋਂ ਵਿਸ਼ੇਸ਼ ਧਨ ਲੈਂਦੇ ਸਨ॥੧੨॥

ਗੁਰ ਢਿਗ ਸੋ ਪਹੁੰਚਾਵਹਿਂ ਆਇ। ਵਸਤੁ ਅਮੋਲਕ ਲੇ ਅਰਪਾਇਂ।
ਜਹਾਂ ਜਹਾਂ ਸਿਖ ਸੰਗਤਿ ਕੋਇ। ਸਿਮਰੇ ਗੁਰੂ ਸਹਾਇਕ ਹੋਇਂ॥ ੧੩॥

ਉਹ ਫਿਰ ਆ ਕੇ ਗੁਰੂ ਜੀ ਪਾਸ ਪਹੁੰਚਾ ਦਿੰਦੇ ਸਨ ਤੇ ਅਮੋਲ ਵਸਤਾਂ ਲੈ ਕੇ ਅਰਪਣ ਕਰਦੇ ਸਨ। ਜਿੱਥੇ ਜਿੱਥੇ ਕੋਈ ਸਿੱਖ ਸੰਗਤ ਸੀ, ਗੁਰੂ ਜੀ ਨੂੰ ਯਾਦ ਕਰਦੀ ਸੀ ਅਤੇ ਗੁਰੂ ਜੀ ਉਨ੍ਹਾਂ ਦੇ ਸਹਾਇਕ ਬਣਦੇ ਸਨ॥੧੩॥

ਬਿਘਨ ਅਨੇਕ ਰੀਤਿ ਕੇ ਟਾਰਹਿਂ। ਪੁਨ ਰੱਛਾ ਪਰਲੋਕ ਸੁਧਾਰਹਿਂ।
ਨਿਤ ਨਵੀਨ ਮਹਿਮਾਂ ਅਧਿਕਾਇ। ਸਾਗਰ ਕੇ ਟਾਪੂ ਲਗਿ ਜਾਇ॥ ੧੪॥

ਅਨੇਕ ਪ੍ਰਕਾਰ ਦੇ ਵਿਘਨਾਂ ਨੂੰ ਟਾਲਦੇ ਸਨ; ਫਿਰ ਪਰਲੋਕ ਸੁਧਾਰ ਕੇ ਰੱਖਿਆ ਕਰਦੇ ਸਨ। ਨਿਤ ਨਵੀਂ ਬੜੀ ਮਹਿਮਾ ਹੁੰਦੀ ਸੀ, ਸਾਗਰ ਤੇ ਟਾਪੂਆਂ ਤਕ ਮਹਿਮਾ ਹੁੰਦੀ ਸੀ॥੧੪॥

ਸਿੱਖੀ ਗੁਰ ਕੀ ਦੇਸ਼ ਬਿਦੇਸ਼। ਸੁਭ ਮਾਰਗ ਨਰ ਲਗੇ ਵਿਸ਼ੇਸ਼।
ਰਾਤਿ ਪਾਛਲੀ ਕਰਨਿ ਸ਼ਨਾਨ। ਸਿਮਰਨਿ ਪ੍ਰਭੁ ਕੋ ਦੇ ਬਹੁ ਦਾਨ॥ ੧੫॥

ਗੁਰੂ ਜੀ ਦੀ ਸਿੱਖੀ ਦੇਸ਼ਾਂ ਅਤੇ ਵਿਦੇਸ਼ਾਂ ਵਿਚ ਸੀ। ਕਈ ਮਨੁੱਖ ਵਿਸ਼ੇਸ਼ ਕਰਕੇ ਸੁਭ ਮਾਰਗ 'ਤੇ ਲੱਗੇ ਸਨ। ਪਿਛਲੀ ਰਾਤ ਉੱਠ ਕੇ ਇਸ਼ਨਾਨ ਕਰਦੇ ਸਨ ਤੇ ਬਹੁਤ ਦਾਨ ਦੇ ਕੇ ਪ੍ਰਭੂ ਦਾ ਸਿਮਰਨ ਕਰਦੇ ਸਨ॥੧੫॥

ਕਰੈਂ ਨੇਮ ਗੁਰਬਾਨੀ ਪਢੈਂ। ਗੁਰ ਕੇ ਪ੍ਰੇਮ ਛੇਮ ਕੋ ਬਢੈਂ।
ਕੇਤਿਕ ਮਾਸ ਬਾਸ ਕੋ ਕਰਜੇ। ਮਿਲਿ ਮਿਲਿ ਗੁਰ, ਸੁਭ ਮਗ ਜਗ ਪਰਜੇ॥੧੬॥

ਨੇਮ ਨਾਲ ਗੁਰਬਾਣੀ ਪੜ੍ਹਦੇ ਸਨ ਤੇ ਗੁਰੂ ਜੀ ਨਾਲ ਪ੍ਰੇਮ ਅਨੰਦ ਨੂੰ ਵਧਾਉਂਦੇ ਸਨ। ਕਈ ਮਹੀਨੇ ਉਥੇ ਵਾਸਾ ਕੀਤਾ, ਗੁਰੂ ਜੀ ਨੂੰ ਮਿਲ ਮਿਲ ਕੇ ਸਾਰਾ ਜਗਤ ਸੁਭ ਮਾਰਗ 'ਤੇ ਚਲ ਪਿਆ ਸੀ॥੧੬॥

ਮੇਲਾ ਬਹੁਰ ਬਸੋਏ ਕੇਰਾ। ਚਹੁੰਦਿਸ਼ਿ ਤੇ ਆਗਮਨ ਘਨੇਰਾ।
ਲਘੁ ਸੁਤ ਭਗਤੂ ਕੋ ਚਲਿ ਆਯੋ। ਜਿਸ ਕੋ ਜੀਵਣ ਨਾਮੁ ਸੁਹਾਯੋ॥ ੧੭॥

ਫਿਰ ਵਿਸਾਖੀ ਦਾ ਮੇਲਾ ਆ ਗਿਆ, ਚਾਰੇ ਪਾਸਿਆਂ ਤੋਂ ਬਹੁਤ ਲੋਕ ਆ ਰਹੇ ਸਨ। ਭਗਤੂ ਦਾ ਛੋਟਾ ਪੁੱਤਰ ਚਲ ਕੇ ਆ ਗਿਆ, ਜਿਸ ਦਾ ਜੀਵਨ ਨਾਮ ਸੋਭਦਾ ਸੀ॥੧੭॥

ਗੋਰਾ ਬਡੋ ਰਾਜਸੀ ਲੱਛਨ। ਇਸ ਕੋ ਸੰਤ ਸੁਭਾਵ ਬਿਚੱਛਨ।
ਸੰਗ ਬਿਰਾੜ ਸੰਗਤਾਂ ਕੇਈ। ਗੁਰੂ ਦਰਸ ਕੋ ਪਹੁੰਚੇ ਤੇਈ॥ ੧੮॥

ਵੱਡੇ ਪੁੱਤਰ ਗੋਰੇ ਵਿਚ ਰਾਜਸੀ ਗੁਣ ਸਨ, ਇਹ ਵਿਲੱਖਣ ਸੰਤ ਸੁਭਾਵ ਵਾਲਾ ਸੀ। ਉਸ ਦੇ ਨਾਲ ਕਈ ਬਿਰਾੜ ਸੰਗਤਾਂ ਗੁਰੂ ਜੀ ਦੇ ਦਰਸ਼ਨਾਂ ਵਾਸਤੇ ਪਹੁੰਚੀਆਂ॥੧੮॥

ਅਪਰ ਕਹਾਂ ਲਗਿ ਗਿਨੀਅਹਿ ਮੇਲਾ। ਜੋ ਸਤਿਗੁਰ ਦਰਬਾਰ ਸਕੇਲਾ।
ਖਰੇ ਮੇਵੜੇ ਸਭਾ ਮਝਾਰੈਂ। ਸਿੱਖਨਿ ਕੀ ਅਰਦਾਸ ਉਚਾਰੈਂ॥ ੧੯॥

ਹੋਰ ਕਿਥੋਂ ਤਕ ਮੇਲਾ ਗਿਣੀਏ। ਸਾਰੇ ਸਤਿਗੁਰੂ ਜੀ ਦੇ ਦਰਬਾਰ ਵਿਚ ਇਕੱਠੇ ਹੋਏ ਹੋਏ ਸਨ। ਸਭਾ ਦੇ ਵਿਚ ਅਰਦਾਸੀਏ ਖੜੇ ਸਨ, ਉਹ ਸਿੱਖਾਂ ਦੀ ਅਰਦਾਸ ਕਰਦੇ ਸਨ॥੧੯॥

ਲੇ ਲੇ ਧਨ ਮਸੰਦ ਸਮੁਦਾਏ। ਆਨਿ ਗੁਰੂ ਕੋ ਦਰਸ਼ਨ ਪਾਏ।
ਨਿਜ ਨਿਜ ਸੰਗ ਸੰਗਤਾਂ ਬ੍ਰਿੰਦ। ਕਰਹਿਂ ਜਨਾਵਨਿ ਜੁਗ ਕਰ ਬੰਦਿ॥੨੦॥

ਧਨ ਲੈ ਲੈ ਮਸੰਦ ਆਉਂਦੇ ਸਨ ਤੇ ਆ ਕੇ ਗੁਰੂ ਜੀ ਦੇ ਦਰਸ਼ਨ ਪਾਉਂਦੇ ਸਨ। ਆਪਣੇ ਨਾਲ ਬਹੁਤ ਸੰਗਤਾਂ ਲਿਆਉਂਦੇ ਸਨ ਤੇ ਦੋਵੇਂ ਹੱਥ ਜੋੜ ਕੇ ਆਪਣੇ ਆਪ ਨੂੰ ਹਾਜ਼ਰ ਕਰਦੇ ਸਨ॥੨੦॥

ਭੂਤ ਸਮੇਂ ਕੀ ਭਾਖਹਿਂ ਕੇਈ। ਕੇਚਿਤ ਕਹੈਂ 'ਭਵਿੱਖਜਤ ਲੇਈਂ।
ਬਰਤਮਾਨ ਕਾਮਨਾ ਜੁ ਬ੍ਰਿੰਦ। ਪੂਰੀ ਕਰੀ, ਪੂਰਹੁ ਸੁਖਕੰਦ!॥ ੨੧॥

ਕਈ ਬੀਤੇ ਸਮੇਂ ਦੀਆਂ ਗੱਲਾਂ ਕਰਦੇ ਹਨ। ਕਈ ਕਹਿੰਦੇ ਹਨ, "ਐ ਸੁੱਖਾਂ ਦੇ ਦਾਤੇ! ਭਵਿੱਖ ਬਾਰੇ ਬਾਅਦ ਵਿਚ ਸੋਚਾਂਗੇ। ਵਰਤਮਾਨ ਸਮੇਂ ਦੀਆਂ ਜੋ ਕਾਮਨਾਵਾਂ ਹਨ ਉਹ ਹੁਣ ਪੂਰਨ ਕਰੋ॥੨੧॥

ਬਿਘਨ ਬਿਨਾਸ਼ਹੁ ਦਾਸਨ ਰਾਸ। ਬਨਹੁ ਸਹਾਇਕ ਅਨੰਦ ਪ੍ਰਕਾਸ਼'।
ਦਰਸਹਿ ਚਹੁੰਦਿਸ਼ਿ ਮਹਿਂ ਨਰ ਭੀਰ। ਮੁੱਖਜ ਹਜ਼ਾਰਹੁਂ ਬੈਠੇ ਤੀਰ॥ ੨੨॥

ਆਪਣੇ ਦਾਸਾਂ ਦੇ ਵਿਘਨਾਂ ਦਾ ਨਾਸ਼ ਕਰੋ, ਸਹਾਇਕ ਬਣ ਕੇ ਅਨੰਦ ਦਾ ਪ੍ਰਕਾਸ਼ ਕਰੋ।'' ਮਨੁੱਖਾਂ ਦੀ ਭੀੜ ਚਾਰੇ ਪਾਸਿਆਂ ਤੋਂ ਦਰਸ਼ਨ ਕਰਦੀ ਸੀ। ਹਜ਼ਾਰਾਂ ਮੁਖੀ ਸੇਵਕ ਪਾਸ ਬੈਠਦੇ ਸਨ॥੨੨॥

ਦੂਰ ਦੂਰ ਲੌ ਠਾਂਢੇ ਬ੍ਰਿੰਦ। ਦੇਖਹਿਂ ਸਤਿਗੁਰ ਮੁਖ ਅਰਬਿੰਦ।
ਕਰੁਨਾ ਭਰੇ ਸਲਾਜ ਬਿਲੋਚਨ। ਡਾਰਤਿ ਦ੍ਰਿਸ਼ਟਿ ਗੁਰੂ ਦੁਖ ਮੋਚਨ॥ ੨੩॥

ਦੂਰ-ਦੂਰ ਤਕ ਬਹੁਤ ਸਿੱਖ ਖੜੇ ਸਨ, ਉਹ ਸਤਿਗੁਰੂ ਜੀ ਦੇ ਕੰਵਲ ਵਰਗੇ ਮੁਖੜੇ ਦੇ ਦਰਸ਼ਨ ਕਰਦੇ ਸਨ। ਗੁਰੂ ਜੀ ਦੇ ਕੰਵਲ ਨੈਣ ਕਿਰਪਾ ਦੇ ਭਰੇ ਹੋਏ ਸਨ। ਗੁਰੂ ਜੀ ਆਪਣੀ ਦ੍ਰਿਸ਼ਟੀ ਪਾ ਕੇ ਦੁਖ ਦੂਰ ਕਰ ਦਿੰਦੇ ਸਨ॥੨੩॥

ਬਜਾਪਕ ਘਟ ਘਟ ਕੀ ਸਭਿ ਜਾਨਤਿ। ਆਸ ਕਹੇ ਬਿਨ ਪੂਰਨ ਠਾਨਤਿ।
ਜੇ ਸਹਿਕਾਮੀ ਦਾਸ ਮਹਾਨੈ। ਕਲਪ ਤਰੋਵਰ ਕੀ ਸਮ ਜਾਨੈ॥ ੨੪॥

ਸਰਬ ਵਿਆਪਕ ਗੁਰੂ ਜੀ ਹਰ ਇਕ ਦੇ ਦਿਲ ਦੀ ਗੱਲ ਜਾਣਦੇ ਸਨ ਤੇ ਸਭ ਦੀਆਂ ਆਸਾਂ ਬਿਨਾਂ ਕਹੇ ਹੀ ਪੂਰੀਆਂ ਕਰ ਦਿੰਦੇ ਸਨ। ਜਿਹੜੇ ਕਾਮਨਾ ਸਹਿਤ ਮਹਾਨ ਸੇਵਕ ਸਨ, ਉਹ ਗੁਰੂ ਜੀ ਨੂੰ ਕਲਪ ਬ੍ਰਿਛ ਦੇ ਸਮਾਨ ਜਾਣਦੇ ਸਨ॥੨੪॥

ਜੱਗਜਾਸੀ ਜੇਤਿਕ ਢਿਗ ਆਏ। ਬਿਸ਼ਨੁ ਸਰੂਪ ਲਖਹਿਂ ਮਨ ਭਾਏ।
ਕਿਤਿਕ ਮਮੋਖੀ ਦਰਸ਼ਨ ਕਰੈਂ। ਪਿਖਹਿਂ ਗਜਾਨ ਕੋ ਸੂਰਜ ਚਰੈ॥ ੨੫॥

ਜਗਿਆਸੂ ਜਿੰਨੇ ਵੀ ਪਾਸ ਆਉਂਦੇ ਸਨ, ਉਹ ਗੁਰੂ ਜੀ ਨੂੰ ਮਨ ਭਾਉਂਦਾ, ਵਿਸ਼ਨੂੰ ਦਾ ਸਰੂਪ ਸਮਝਦੇ ਸਨ। ਕਈ ਮੁਕਤੀ ਦੀ ਇੱਛਾ ਵਾਲੇ ਦਰਸ਼ਨ ਕਰਦੇ ਸਨ। ਉਹ ਗਿਆਨ ਦਾ ਸੂਰਜ ਚੜ੍ਹਿਆ ਵੇਖਦੇ ਸਨ॥੨੫॥

ਇਸ ਪ੍ਰਕਾਰ ਮੇਲਾ ਬਹੁ ਭਯੋ। ਦਰਸਤਿ ਚਿਤ ਬਾਂਛਤਿ ਕੋ ਲਯੋ।
ਪੰਚ ਦਿਵਸ ਲੌ ਸੰਗਤਿ ਰਹੀ। ਘਰ ਕੋ ਜਾਨਿ ਕਰਹਿਂ ਮਨ ਨਹੀਂ॥ ੨੬॥

ਇਸ ਪ੍ਰਕਾਰ ਬਹੁਤ ਵੱਡਾ ਮੇਲਾ ਲੱਗਾ। ਦਰਸ਼ਨ ਕਰਕੇ ਸੇਵਕਾਂ ਨੇ ਮੂੰਹ ਮੰਗੀਆਂ ਮੁਰਾਦਾਂ ਪਾਈਆਂ। ਪੰਜ ਦਿਨਾਂ ਤਕ ਸੰਗਤ ਉਥੇ ਰਹੀ ਤੇ ਉਨ੍ਹਾਂ ਦਾ ਘਰ ਨੂੰ ਜਾਣ ਨੂੰ ਦਿਲ ਨਹੀਂ ਸੀ ਕਰਦਾ॥੨੬॥

ਆਪਸ ਮਹਿਂ ਸਿਖ ਸੰਗਤ ਮੇਲਾ। ਸ਼ਬਦ ਅਰਥ ਸੰਬਾਦ ਸੁਹੇਲਾ।
ਪਰਚਤਿ ਅਤਿ ਅਨੰਤ ਕੋ ਪਾਏ। 'ਧੰਨ ਧੰਨਾ' ਗੁਰ ਸਤੁਤਿ ਸੁਨਾਏ॥ ੨੭॥

ਸ਼ਬਦ ਦੇ ਅਰਥ ਦੀ ਸੋਹਣੀ ਚਰਚਾ ਕਰਕੇ ਸਿੱਖ ਸੰਗਤ ਆਪਸ ਵਿਚ ਮਿਲਦੀ ਸੀ, ਅਭਿਆਸ ਕਰਕੇ ਅਤੇ ਜਾਣ ਕੇ ਅਤਿ ਅਨੰਤ ਨੂੰ ਪਾਉਂਦੀ ਸੀ ਤੇ 'ਧੰਨ ਧੰਨ' ਕਹਿ ਕੇ ਗੁਰੂ ਜੀ ਦੀ ਉਸਤਤਿ ਸੁਣਾਉਂਦੀ ਸੀ॥੨੭॥

ਬਹੁਰ ਬਿਸਰਜਨਿ ਗੁਰ ਤੇ ਭਏ। ਹਰਖੇ ਸਿਰੋਪਾਵ ਨਿਜ ਲਏ।
ਜਿਸ ਜਿਸ ਦੇਸ਼ ਮਸੰਦ ਜੁ ਛੋਰੇ। ਲੈ ਲੈ ਖੁਸ਼ੀ ਚਲੇ ਤਿਸ ਓਰੇ॥ ੨੮॥

ਫਿਰ ਗੁਰੂ ਜੀ ਤੋਂ ਵਿਦਾ ਹੋ ਕੇ ਅਤੇ ਗੁਰੂ ਜੀ ਪਾਸੋਂ ਸਿਰੋਪੇ ਪ੍ਰਾਪਤ ਕਰਕੇ ਪ੍ਰਸੰਨ ਹੁੰਦੇ ਸਨ। ਜਿਸ ਜਿਸ ਦੇਸ਼ ਵਿਚ ਮਸੰਦ ਛੱਡੇ ਸਨ, ਖ਼ੁਸ਼ੀ-ਖ਼ੁਸ਼ੀ ਉਸ ਪਾਸੇ ਵਲ ਚਲ ਪੈਂਦੇ ਸਨ॥੨੮॥

ਜੇ ਨਰ ਮੁੱਖਜ ਸੰਗਤਾਂ ਮਾਂਹੀ। ਗੁਰ ਤੇ ਸਿਰੋਪਾਉ ਲੇ ਜਾਂਹੀਂ।
ਧਨ ਧਾਮਨਿ ਕੀ ਕੁਸ਼ਲ ਬਿਲੰਦ। ਗੁਰ ਦਿਸ਼ਿ ਤੇ ਚਹਿ ਚਲੇ ਅਨੰਦ॥ ੨੯॥

ਸੰਗਤਾਂ ਵਿਚ ਜਿਹੜੇ ਮੁਖੀ ਵਿਅਕਤੀ ਸਨ, ਉਹ ਗੁਰੂ ਜੀ ਪਾਸੋਂ ਸਿਰੋਪੇ ਲੈ ਕੇ ਜਾਂਦੇ ਸਨ। ਗੁਰੂ ਜੀ ਪਾਸੋਂ ਧਨ ਅਤੇ ਘਰਾਂ ਦੀ ਕੁਸ਼ਲਤਾ ਚਾਹੁੰਦੇ ਹੋਏ ਅਨੰਦ ਨਾਲ ਚਲੇ ਜਾ ਰਹੇ ਸਨ॥੨੯॥

ਸਾਗਰਾਂਤ ਅਵਿਨੀ ਲੌ ਜਾਵੈਂ। ਅਨਿਕ ਟਾਪੂਅਨਿ ਤੇ ਨਰ ਆਵੈਂ।
ਸੁਜਸੁ ਮਹਾਨ ਬਖਾਨਤਿ ਜਾਤੇ। 'ਸਤਿਗੁਰ ਸਕਲ ਜਗਤ ਕੇ ਦਾਤੇ' ॥੩੦॥

ਸਮੁੰਦਰ ਦੇ ਕਿਨਾਰਿਆਂ ਤਕ ਜਾਂਦੇ ਸਨ, ਅਨੇਕ ਟਾਪੂਆਂ ਤੋਂ ਮਨੁੱਖ ਆਉਂਦੇ ਸਨ ਅਤੇ ਮਹਾਨ ਸ੍ਰੇਸ਼ਟ ਜਸ ਕਹਿੰਦੇ ਜਾਂਦੇ ਸਨ, "ਸਤਿਗੁਰੂ ਜੀ ਸਾਰੇ ਜਗਤ ਦੇ ਦਾਤੇ ਹਨ" ॥੩੦॥

ਬਹੁਰ ਕਿਤਿਕ ਜਬਿ ਦਿਵਸ ਬਿਤਾਏ। ਸ੍ਰੀ ਕਰਤਾਰ ਪੁਰੇ ਸੁਖ ਪਾਏ।
ਇਕ ਦਿਜ ਕੋ ਨੰਦਨ ਮਰਿ ਗਯੋ। ਦ੍ਵਾਦਸ਼ ਸੰਮਤ ਕੋ ਜਬਿ ਭਯੋ॥ ੩੧॥

ਫਿਰ ਕਰਤਾਰਪੁਰ ਵਿਚ ਸੁੱਖ ਪਾ ਕੇ ਜਦ ਕਈ ਦਿਨ ਬਤੀਤ ਕੀਤੇ ਤਾਂ ਇਕ ਬ੍ਰਾਹਮਣ ਦਾ ਪੁੱਤਰ ਮਰ ਗਿਆ, ਜਦ ਉਹ ਬਾਰਾਂ ਸਾਲਾਂ ਦਾ ਹੋਇਆ ॥੩੧॥

ਗੁਰ ਦਸੋਂਧੀਆ ਦਿਜ ਸੁਤ ਕਰਯੋ। ਤਊ ਨ ਜਿਯੋ ਅਚਾਨਕ ਮਰਯੋ।
ਇਕ ਹੀ ਹੁਤੋ ਪ੍ਰਾਨ ਤੇ ਪ੍ਯਾਰੋ। ਅਨਿਕ ਉਪਾਇ ਬਿੱਪ੍ਰ ਕਰਿ ਪਾਰੋ॥ ੩੨॥

ਬ੍ਰਾਹਮਣ ਨੇ ਉਸ ਬਾਲਕ ਨੂੰ ਗੁਰੂ ਜੀ ਦਾ ਦਸੋਂਧੀਆ ਕਰਕੇ ਅਰਪਣ ਕੀਤਾ ਹੋਇਆ ਸੀ, ਪਰ ਫਿਰ ਵੀ ਉਹ ਜੀਉਂਦਾ ਨਾ ਰਿਹਾ ਤੇ ਮਰ ਗਿਆ। ਇਕ ਹੀ ਪੁੱਤਰ ਸੀ ਜਿਹੜਾ ਪ੍ਰਾਣਾਂ ਨਾਲੋਂ ਵੀ ਪਿਆਰਾ ਸੀ। ਬ੍ਰਾਹਮਣ ਨੇ ਅਨੇਕਾਂ ਉਪਾਅ ਕਰਕੇ ਉਸ ਨੂੰ ਪਾਲਿਆ ਸੀ॥੩੨॥

*ਨੋਟ : ਦਸੌਂਧ ਦੀ ਰੀਤ ਇਸ ਤਰ੍ਹਾਂ ਹੈ:- ਮਾਤਾ ਪਿਤਾ ਸੰਤਾਨ ਵਾਸਤੇ ਅਰਦਾਸ ਕਰਦੇ ਹੋਏ ਪ੍ਰਣ ਕਰਦੇ ਸਨ ਕਿ ਜੇ ਬਾਲਕ ਪੈਦਾ ਹੋਵੇ ਤਦ ਅਸੀਂ ਉਸ ਦਾ ਦਸੌਂਧ ਗੁਰੂ ਅਰਥ ਦੇਵਾਂਗੇ। ਜਦ ਲੜਕਾ ਤੁਰਨ ਫਿਰਨ ਜੋਗਾ ਹੋ ਜਾਂਦਾ ਤਦ ਗੁਰਦੁਆਰੇ ਲੈ ਜਾਂਦੇ ਸਨ, ਪੰਜ ਸਿੱਖ ਜੋ ਉਸ ਦਾ ਮੁੱਲ ਪਾਉਂਦੇ, ਉਸ ਦਾ ਦਸਵਾਂ ਹਿੱਸਾ ਗੁਰੂ ਜੀ ਨੂੰ ਜਾਂ ਗੁਰਦੁਆਰੇ ਦਿੱਤਾ ਜਾਂਦਾ। ਮਰਹਟਿਆਂ ਦੇ ਰਾਜ ਵਿਚ ਦਸੌਂਧਿਆਂ ਉਹ ਅਖਵਾਉਂਦਾ ਸੀ ਜਿਸ ਨੂੰ ਮਾਲ ਗੁਜ਼ਾਰੀ ਦਾ ਦਸਵਾਂ ਹਿੱਸਾ ਮੁਆਫ਼ ਕੀਤਾ ਜਾਂਦਾ ਸੀ, ਪਰ ਮੁਆਫ਼ੀ ਦੇ ਪਰਗਨੇ ਦੀ ਹਿਫ਼ਾਜ਼ਤ ਦਸੌਂਧੀਏ ਦੇ ਜ਼ਿੰਮੇ ਹੋਇਆ ਕਰਦੀ ਸੀ।*

ਨਿਸ ਦਿਨ ਮੁਖ ਦੇਖਤਿ ਸੁਖ ਪਾਵਤਿ। ਵਹਿਰ ਪ੍ਰਾਨ ਸਮਸਰ ਮਨ ਭਾਵਤਿ।
ਜਬਿ ਮਰਿ ਗਯੋ ਸ਼ੋਕ ਉਪਜਾਯੋ। ਪ੍ਯਾਰੋ ਜਿਤਿਕ ਤਿਤਿਕ ਦੁਖ ਪਾਯੋ॥੩੩॥

ਦਿਨ ਰਾਤ ਪੁੱਤਰ ਦਾ ਮੁਖ ਵੇਖ ਕੇ ਸੁੱਖ ਪਾਉਂਦਾ ਸੀ, ਏਨਾ ਪਿਆਰਾ ਸੀ ਜਿਵੇਂ ਆਪਣੇ ਪ੍ਰਾਣ ਹੀ ਬਾਹਰ ਕਿਸੇ ਹੋਰ ਸਰੂਪ ਵਿਚ ਹੋਣ। ਜਦ ਮਰ ਗਿਆ ਤਾਂ ਬਹੁਤ ਦੁਖ ਪਾਇਆ। ਜਿੰਨਾ ਪਿਆਰਾ ਸੀ, ਓਨਾ ਜ਼ਿਆਦਾ ਦੁਖ ਪਾਇਆ॥੩੩॥

ਜਨਨੀ ਕਰਹਿ ਬਿਲਾਪ ਘਨੇਰੇ। 'ਅਹੋ ਪੁੱਤ੍ਰ! ਕਯੋਂ ਜਨਮਯੋ ਮੇਰੇ।
ਮਰਯੋ ਕਸ਼ਟ ਅਤਿਸ਼ੈ ਦੇ ਗਯੋ। ਅਜਹੁੰ ਨ ਜਗ ਕੁਛੁ ਦੇਖਤਿ ਭਯੋ' ॥ ੩੪॥

ਬਾਲਕ ਦੀ ਮਾਂ ਵੀ ਬਹੁਤ ਵਿਰਲਾਪ ਕਰਦੀ ਸੀ, ਕਹਿੰਦੀ ਸੀ, "ਹੇ ਪੁੱਤਰ! ਮਰ ਕੇ ਬਹੁਤ ਵੱਡਾ ਕਸ਼ਟ ਦੇ ਗਿਆ ਹੈਂ, ਹਾਲੇ ਤਾਂ ਜਗ ਵਿਚ ਕੁਝ ਵੀ ਵੇਖਿਆ ਨਹੀਂ ਸੀ" ॥੩੪॥

ਦਿਜ ਰੋਦਤਿ ਕਰਿ ਊਚ ਪੁਕਾਰਾ। 'ਹੇ ਸੁਤ! ਗੁਰ ਕੋ ਕਰਿ ਮੈਂ ਪਾਰਾ।
ਨਹਿੰ ਸਹਾਇਤਾ ਮੇਰੀ ਕੀਨਿ। ਜਮ ਨੇ ਆਇ ਕਰਯੋ ਬਯ ਹੀਨ' ॥ ੩੫॥

ਬ੍ਰਾਹਮਣ ਉੱਚੀ ਉੱਚੀ ਰੋ ਕੇ ਪੁਕਾਰਦਾ ਸੀ, "ਹੇ ਪੁੱਤਰ! ਗੁਰੂ ਜੀ ਦਾ ਕਰਕੇ ਮੈਂ ਪਾਲਿਆ ਸੀ, ਉਨ੍ਹਾਂ ਨੇ ਮੇਰੀ ਸਹਾਇਤਾ ਨਹੀਂ ਕੀਤੀ ਤੇ ਜਮਾਂ ਨੇ ਆ ਕੇ ਮਾਰ ਲਿਆ" ॥੩੫॥

ਇੱਤਯਾਦਿਕ ਦਿਜ ਦੰਪਤਿ ਸੋਇ। ਕਰਤਿ ਬਿਲਾਪ ਸ਼ੋਕ ਮੈਂ ਹੋਇ।
ਲੀਏ ਅੰਕ ਬਹੁ ਰੋਦਨ ਠਾਨੇ। ਮਿਲੇ ਨਿਕਟਿ ਕੇ ਲੋਕ ਬਖਾਨੇ॥ ੩੬॥

ਇੱਤਿਆਦਿਕ ਪਤੀ-ਪਤਨੀ ਬਹੁਤ ਦੁੱਖੀ ਹੋ ਕੇ ਵਿਰਲਾਪ ਕਰ ਰਹੇ ਸਨ। ਗੋਦੀ ਵਿਚ ਚੁੱਕ ਕੇ ਬਹੁਤ ਰੋ ਰਹੇ ਸਨ। ਲੋਕਾਂ ਨੇ ਉਨ੍ਹਾਂ ਨੂੰ ਮਿਲ ਕੇ ਕਿਹਾ ॥੩੬॥

'ਅਬਿ ਕਜਾ ਹੋਇ ਸ਼ੋਕ ਬਡ ਧਰੋ। ਜਾਹੁ ਵਹਿਰ ਲੇ ਗਤਿ ਤਿਸ ਕਰੋ।
ਨਹੀਂ ਆਰਬਲ ਲਿਖੀ ਬਿਧਾਤੇ। ਕਜੋਂ ਦੁਖ ਪਾਵਤਿ ਰੁਦਨ ਮਹਾਂ ਤੇ' ॥੩੭॥

"ਹੁਣ ਕੀ ਹੋਇਆ ਹੈ, ਵੱਡਾ ਦੁਖ ਧਾਰਨ ਕੀਤਾ ਹੈ, ਪੁੱਤਰ ਨੂੰ ਬਾਹਰ ਲੈ ਜਾ ਕੇ ਇਸ ਦੀ ਗਤੀ ਕਰੋ। ਵਿਧਾਤੇ ਨੇ ਇਸ ਦੀ ਉਮਰ ਨਹੀਂ ਲਿਖੀ ਹੈ, ਕਿਉਂ ਏਨਾ ਰੋ ਕੇ ਦੁੱਖ ਪਾਉਂਦੇ ਹੋ" ॥੩੭॥

ਸੁਨਿ ਦੰਪਤਿ ਲੋਕਨਿ ਸੰਗ ਕਹੈਂ। 'ਹਮਰੇ ਸ੍ਰੀ ਗੁਰ ਰਾਖੇ ਰਹੈਂ।
ਸਦਾ ਭਰੋਸਾ ਹੈ ਤਿਨ ਕੇਰਾ। ਭਯੋ ਅਚਾਨਕ ਮ੍ਰਿਤੁ ਸੁਤ ਮੇਰਾ ॥੩੮॥

ਇਹ ਸੁਣ ਕੇ ਦੰਪਤੀ ਨੇ ਲੋਕਾਂ ਨੂੰ ਕਿਹਾ, "ਸਾਡੇ ਸ੍ਰੀ ਗੁਰੂ ਜੀ ਰਾਖੇ ਹਨ। ਉਨ੍ਹਾਂ ਦਾ ਸਾਨੂੰ ਸਦਾ ਹੀ ਭਰੋਸਾ ਹੈ, ਸਾਡੇ ਪੁੱਤਰ ਦੀ ਅਚਾਨਕ ਮੌਤ ਹੋ ਗਈ ਹੈ ॥੩੮॥

ਅਬਿ ਭੀ ਵਹਿਰ ਨਹੀਂ ਲੈ ਜਾਵਹਿ। ਸਤਿਗੁਰ ਪੋਰ ਅਗਾਰੀ ਪਾਵਹਿ।
ਕੈ ਹਮਰੋ ਦੇਂ ਪੁਤ੍ਰ ਜਿਵਾਇ। ਨਾਂਹਿ ਤ ਤਹਿਂ ਦੋਨਹੁਂ ਮਰਿ ਜਾਇਂ ॥੩੯॥

ਹੁਣ ਵੀ ਬਾਹਰ ਲੈ ਕੇ ਨਹੀਂ ਜਾਵਾਂਗੇ, ਸਤਿਗੁਰੂ ਜੀ ਦੇ ਦਰਵਾਜ਼ੇ ਅੱਗੇ ਰਖ ਦੇਵਾਂਗੇ ਤੇ ਕਹਾਂਗੇ ਜਾਂ ਸਾਡਾ ਪੁੱਤਰ ਜੀਉਂਦਾ ਕਰ ਦੇਵੋ, ਨਹੀਂ ਤਾਂ ਅਸੀਂ ਦੋਵੇਂ ਮਰ ਜਾਵਾਂਗੇ ॥੩੯॥

ਸੁਤ ਕੈ ਸ਼ੋਕ ਨ ਜਿਯਨਿ ਹਮਾਰੋ। ਗੁਰ ਬਿਨ ਅਪਰ ਨਹੀਂ ਉਪਚਾਰੋ'।
ਇਮ ਕਹਿ ਸੁਤ ਕੋ ਲਿਯੋ ਉਠਾਇ। ਊਚੇ ਰੁਦਨ ਕਰਤਿ ਚਲਿ ਆਇ ॥੪੦॥

ਪੁੱਤਰ ਦੇ ਸੋਗ ਵਿਚ ਸਾਥੋਂ ਜੀਆ ਨਹੀਂ ਜਾਵੇਗਾ ਤੇ ਗੁਰੂ ਜੀ ਬਗੈਰ ਹੋਰ ਕੋਈ ਇਲਾਜ ਵੀ ਨਹੀਂ ਹੈ"। ਇਸ ਤਰ੍ਹਾਂ ਕਹਿ ਕੇ ਪੁੱਤਰ ਨੂੰ ਉਠਾ ਲਿਆ ਤੇ ਬਹੁਤ ਉੱਚੀ-ਉੱਚੀ ਰੋਂਦੇ ਚਲ ਕੇ ਆ ਗਏ ॥੪੦॥

ਦੋਹਰਾ- ਸ੍ਰੀ ਸਤਿਗੁਰ ਹਰਿਰਾਇ ਕੋ ਹੁਤੋ ਜਹਾਂ ਬਰ ਪੋਰ।
ਮ੍ਰਿਤੁ ਸੁਤ ਕੋ ਤਹਿਂ ਪਾਇ ਕਰਿ ਦੰਪਤਿ ਰੋਦਤਿ ਰੋਰ ॥੪੧॥

ਸ੍ਰੀ ਸਤਿਗੁਰੂ ਹਰਿਰਾਇ ਜੀ ਦੇ ਘਰ ਦਾ ਜਿਥੇ ਦਰਵਾਜ਼ਾ ਸੀ, ਮਰੇ ਹੋਏ ਪੁੱਤਰ ਨੂੰ ਉਥੇ ਲੰਮਾ ਪਾ ਕੇ ਦੋਵੇਂ ਪਤੀ-ਪਤਨੀ ਬਹੁਤ ਉੱਚੀ-ਉੱਚੀ ਰੋਣ ਲੱਗ ਪਏ ॥੪੧॥

*ਦਸਵੀਂ ਰਾਸ ਦਾ ਸੋਲ੍ਹਵਾਂ ਅਧਿਆਇ ਸਮਾਪਤ ਹੋਇਆ ॥੧੬॥*

## ਅਧਿਆਇ ਸਤਾਰ੍ਹਵਾਂ

*ਬ੍ਰਾਹਮਣ ਦਾ ਪੁੱਤਰ ਜਿਵਾਇਆ*

ਦੋਹਰਾ- ਦਿਜ ਜਨਨੀ ਰੋਦਤਿ ਅਧਿਕ ਇਕਠੇ ਨਰ ਸਮੁਦਾਇ।
ਸ਼ੋਕ ਬਿਲੋਕਤਿ ਰੋਕਤੇ 'ਰੋਰ ਨ ਰੁਦਨ ਉਠਾਇ ॥੧॥

ਬ੍ਰਾਹਮਣ ਤੇ ਉਸ ਦੀ ਪਤਨੀ ਨੂੰ ਬਹੁਤ ਉੱਚੀ-ਉੱਚੀ ਰੋਂਦਿਆਂ ਵੇਖ ਕੇ ਬਹੁਤ ਮਨੁੱਖ ਇਕੱਠੇ ਹੋ ਗਏ। ਦੁੱਖੀ ਵੇਖ ਕੇ ਰੋਕਦੇ ਸਨ, "ਉੱਚੀ-ਉੱਚੀ ਰੋ ਕੇ ਰੋਲਾ ਨਾ ਪਾਓ" ॥੧॥

ਚੌਪਈ- ਕੇਤਿਕ ਨਰ ਸਤਿਗੁਰ ਢਿਗ ਆਏ। ਹੇਤੁ ਰੌਰ ਕੋ ਸਕਲ ਸੁਨਾਏ।
'ਮ੍ਰਿਤਕ ਪੁੱਤ੍ਰ ਕੋ ਬਿੱਪ੍ਰ ਉਠਾਇ। ਪੌਰ ਆ ਕੇ ਦੀਨਸਿ ਪਾਇ॥ ੨ ॥

ਕਈ ਮਨੁੱਖ ਸਤਿਗੁਰੂ ਜੀ ਪਾਸ ਆਏ, ਰੌਲੇ ਦਾ ਕਾਰਨ ਸਭ ਕੁਝ ਸੁਣਾਇਆ। "ਮਰੇ ਹੋਏ ਪੁੱਤਰ ਨੂੰ ਬ੍ਰਾਹਮਣ ਨੇ ਚੁੱਕ ਕੇ ਦਰਵਾਜ਼ੇ ਵਿਚ ਆ ਕੇ ਲਿਟਾ ਦਿੱਤਾ ਹੈ॥੨॥

ਰਹੇ ਹਟਾਇ ਹਟਤਿ ਕਿਮ ਨਾਂਹੀ। ਕਹੈ ਕਿ ਸੁਧ ਦਿਹੁ ਸਤਿਗੁਰ ਪਾਹੀ।
ਮੇਰੋ ਪੁੱਤ੍ਰ ਜਿਵਾਵਨਿ ਕਰੈਂ। ਨਾਤੁਰ ਹਮ ਦੋਨਹੁਂ ਭੀ ਮਰੈਂ॥ ੩ ॥

ਬਹੁਤ ਹਟਾਇਆ ਹੈ, ਪਰ ਕਿਸੇ ਤਰ੍ਹਾਂ ਵੀ ਹਟਦਾ ਨਹੀਂ ਹੈ, ਕਹਿੰਦਾ ਹੈ ਕਿ ਸਤਿਗੁਰੂ ਜੀ ਪਾਸ ਜਾ ਕੇ ਖ਼ਬਰ ਕਰੋ। ਮੇਰੇ ਪੁੱਤਰ ਨੂੰ ਜੀਉਂਦਾ ਕਰਨ, ਨਹੀਂ ਤਾਂ ਅਸੀਂ ਦੋਵੇਂ ਵੀ ਮਰ ਜਾਵਾਂਗੇ॥੩॥

ਸਮੁਝਤਿ ਨਹੀਂ, ਰਹੇ ਸਮੁਝਾਇ'। ਸੁਨਿ ਬੋਲੇ ਸ਼੍ਰੀ ਗੁਰ ਹਰਿਰਾਇ।
'ਕਹਹੁ ਬਿੱਪ੍ਰ ਸੋਂ ਕਰਹੁ ਉਠਾਵਨਿ। ਪਰਾਲਬਧ ਪ੍ਰਾਨੀ ਭੁਗਤਾਵਨਿ॥੪॥

ਸਮਝਦਾ ਨਹੀਂ, ਅਸੀਂ ਬਹੁਤ ਸਮਝਾ ਰਹੇ ਹਾਂ।" ਇਹ ਸੁਣ ਕੇ ਗੁਰੂ ਹਰਿਰਾਇ ਜੀ ਬੋਲੇ, "ਬ੍ਰਾਹਮਣ ਨੂੰ ਕਹੋ ਬਾਲਕ ਨੂੰ ਚੁੱਕ ਲਵੇ, ਪ੍ਰਾਣੀ ਪਰਾਲਬਧ ਅਨੁਸਾਰ ਜੀਵਨ ਭੋਗਦਾ ਹੈ॥੪॥

ਪੂਰਬ ਜਨਮ ਕਰਮ ਜਿਮ ਕਰਿਹੀ। ਜਗ ਮਹਿਂ ਜੀਵ ਸਰੀਰਨਿ ਧਰਿਹੀ।
ਦੁਖ ਸੁਖ ਜਿਤਿਕ ਭੋਗਿਬੋ ਹੋਇ। ਉੱਤਮ ਆਦਿ ਜਨਮ ਜੋ ਕੋਇ॥੫॥

ਪਿਛਲੇ ਜਨਮ ਵਿਚ ਜਿਵੇਂ ਕਰਮ ਕੀਤੇ ਹਨ, ਉਸ ਤਰ੍ਹਾਂ ਹੀ ਜੀਵ ਜਗਤ ਵਿਚ ਸਰੀਰ ਧਾਰਨ ਕਰਦਾ ਹੈ। ਦੁੱਖ ਸੁੱਖ ਜਿੰਨੇ ਵੀ ਭੋਗਦਾ ਹੈ, ਉੱਤਮ ਆਦਿ ਜਨਮ ਜਿਹੜਾ ਹੁੰਦਾ ਹੈ॥੫॥

ਜਿਤਿਕ ਸਮੇਂ ਲਗਿ ਸ੍ਵਾਸਨਿ ਧਰਤਾ। ਤ੍ਰੈ ਕੋ ਅਹੈ ਬਿਧਾਤਾ ਕਰਤਾ।
ਜਨਮ ਹੋਨਿ ਤੇ ਪੂਰਬ ਕਾਲਾ। ਤੀਨਹੁਂ ਰਚੇ ਜੀਵ ਕੇ ਨਾਲਾ॥ ੬ ॥

ਜਿੰਨੇ ਸਮੇਂ ਤੱਕ ਸਵਾਸ ਧਾਰਨ ਕਰਦਾ ਹੈ, ਦੁੱਖ, ਸੁੱਖ, ਉਮਰ ਤਿੰਨਾਂ ਨੂੰ ਵਿਧਾਤਾ ਹੀ ਬਣਾਉਂਦਾ ਹੈ। ਜਨਮ ਹੋਣ ਤੋਂ ਬਾਅਦ ਮੌਤ ਅਵੱਸ਼ ਹੈ। ਤਿੰਨੇ ਜੀਵ ਦੇ ਨਾਲ ਨਾਲ ਹੀ ਰਚੇ ਹਨ॥੬॥

ਈਸ਼ੁਰ ਕੀ ਇਹ ਕਰੀ ਮ੍ਰਿਜਾਦ। ਕੋ ਨ ਹਟਾਇ ਸਕਹਿ ਸੁਰ ਆਦਿ'।
ਸੁਨਤਿ ਮਸੰਦ ਹਾਥ ਜੁਗ ਜੋਰਿ। ਪਾਇ ਰਜ਼ਾਇ ਗਯੋ ਦਿਜ ਓਰ॥੭॥

ਈਸ਼ਵਰ ਨੇ ਇਹ ਮਰਯਾਦਾ ਬਣਾਈ ਹੈ, ਇਸ ਨੂੰ ਕੋਈ ਵੀ ਦੇਵਤਾ ਆਦਿ ਨਹੀਂ ਹਟਾ ਸਕਦਾ।" ਇਹ ਸੁਣ ਕੇ ਮਸੰਦ ਨੇ ਦੋਵੇਂ ਹੱਥ ਜੋੜੇ ਤੇ ਹੁਕਮ ਪਾ ਕੇ ਬ੍ਰਾਹਮਣ ਵਲ ਗਿਆ॥੭॥

ਕਹੀ ਗੁਰੂ ਕੀ ਸਕਲ ਸੁਨਾਈ। 'ਬਿੱਪ੍ਰ! ਜਾਹੁ ਲੇ ਮ੍ਰਿਤਕ ਉਠਾਈ।
ਇਹ ਕਿਮ ਹੋਇ ਮਰਜੋ ਪੁਨ ਜੀਵੈ। ਜੇ ਇਮ ਜਿਯਹਿ ਮਰਨ ਕਿਸ ਥੀਵੈ॥੮॥

ਗੁਰੂ ਜੀ ਨੇ ਜੋ ਕਿਹਾ ਸੀ, ਸਾਰਾ ਸੁਣਾਇਆ, "ਹੇ ਬ੍ਰਾਹਮਣ! ਮੁਰਦੇ ਨੂੰ ਏਥੋਂ ਉਠਾ ਕੇ ਲੈ ਜਾ, ਇਹ ਕਿਵੇਂ ਹੋ ਸਕਦਾ ਹੈ ਕਿ ਮਰਿਆ ਫਿਰ ਜੀਅ ਪਵੇ, ਜੇ ਇਸ ਤਰ੍ਹਾਂ ਹੋ ਜਾਵੇ ਫਿਰ ਕੌਣ ਮਰੇਗਾ॥੮॥

ਮੇਟਹਿ ਪ੍ਰਭੁ ਕੀ ਕੌਨ ਰਜ਼ਾਇ। ਜੋ ਸਗਰੇ ਜਗ ਪਰ ਚਲਿ ਆਇ।
ਸੁਨਿ ਦਿਜ ਕਹ੍ਯੋ 'ਗੁਰੂ ਸੁਤ ਦਿਯੋ। ਜਨਮਤਿ ਮੈਂ ਦਸਵੰਧੀ ਕਿਯੋ॥ ੯॥

ਪ੍ਰਭੂ ਦੀ ਰਜ਼ਾ ਨੂੰ ਕੌਣ ਮਿਟਾ ਸਕਦਾ ਹੈ, ਜੋ ਸਾਰੇ ਜਗ ਵਿਚ ਚਲਦੀ ਹੈ।" ਇਹ ਸੁਣ ਕੇ ਬ੍ਰਾਹਮਣ ਨੇ ਕਿਹਾ, "ਇਹ ਪੁੱਤਰ ਮੈਨੂੰ ਗੁਰੂ ਜੀ ਨੇ ਦਿੱਤਾ ਹੈ, ਜਨਮ ਤੋਂ ਹੀ ਮੈਂ ਇਸ ਨੂੰ ਗੁਰੂ ਜੀ ਦਾ ਦਸੌਂਧੀਆ ਕੀਤਾ ਹੈ॥੯॥

ਤਨ ਮਨ ਤੇ ਹੌਂ ਗੁਰ ਘਰ ਕੇਰਾ। ਅਪਰ ਅਲੰਬ ਨ ਕੋ ਜਗ ਮੇਰਾ।
ਜੇ ਰਾਖੇ ਨਹਿਂ ਬਨਹਿਂ ਗੁਸਾਈਂ। ਕਹਹੁ ਪਰਹਿਂ ਕਿਸ ਕੇ ਦਰ ਜਾਈ ? ॥੧੦॥

ਮੈਂ ਤਨ ਮਨ ਨਾਲ ਗੁਰੂ ਘਰ ਦਾ ਹਾਂ, ਜੱਗ ਵਿਚ ਮੇਰਾ ਹੋਰ ਕੋਈ ਆਸਰਾ ਨਹੀਂ ਹੈ। ਜੇ ਉਹ ਮਾਲਕ ਬਣ ਕੇ ਨਹੀਂ ਰੱਖਦੇ ਹਨ ਤਾਂ ਦਸੋ ਕਿਸ ਦੇ ਦਰਵਾਜ਼ੇ 'ਤੇ ਜਾ ਕੇ ਫ਼ਰਿਆਦ ਕਰੀਏ ?॥੧੦॥

ਕੈ ਸੁਤ ਸੰਗ ਤਜਾਗਹੋਂ ਪ੍ਰਾਨੂ। ਕੈ ਜਿਵਾਇ ਹੈਂ ਕ੍ਰਿਪਾ ਨਿਧਾਨੂ'।
ਇਮ ਕਹਿ ਲੋਚਨ ਮੋਚਿਤ ਜਲ ਕੋ। ਹਨਹਿ ਸੀਸ ਸੋਂ ਜੁਗ ਕਰ ਤਲ ਕੋ॥੧੧॥

ਜਾਂ ਪੁੱਤਰ ਦੇ ਨਾਲ ਪ੍ਰਾਣ ਤਿਆਗ ਦੇਵਾਂਗੇ ਜਾਂ ਕ੍ਰਿਪਾ ਨਿਧਾਨ ਭਾਵ ਗੁਰੂ ਜੀ ਇਸ ਨੂੰ ਜਿਵਾ ਦੇਣ।" ਇਸ ਤਰ੍ਹਾਂ ਕਹਿ ਕੇ ਨੇਤਰਾਂ ਵਿਚੋਂ ਜਲ ਵੱਗਣ ਲੱਗ ਗਿਆ ਤੇ ਸਿਰ ਨੂੰ ਦੁਹੱਥੜਾਂ ਮਾਰਨ ਲੱਗ ਪਿਆ॥੧੧॥

ਕਹਿ ਬਹੁ ਰਹੇ ਨ ਮਾਨਹਿ ਸੋਇ। ਦਰ ਪਰਿ ਰਹੇ ਗੁਰੂ ਕੇ ਦੋਇ।
ਬੀਤ ਗਏ ਇਮ ਜਾਮ ਅਢਾਈ। ਸੌਚ ਸ਼ਨਾਨ ਕੀਨਿ ਗੋਸਾਈਂ॥ ੧੨॥

ਬਹੁਤ ਕਹਿ ਰਹੇ, ਪਰ ਉਹ ਮੰਨਦਾ ਨਹੀਂ ਸੀ, ਦੋਵੇਂ ਗੁਰੂ ਜੀ ਦੇ ਦਰਵਾਜ਼ੇ 'ਤੇ ਹੀ ਖੜੇ ਰਹੇ। ਇਸ ਤਰ੍ਹਾਂ ਢਾਈ ਪਹਿਰ ਬੀਤ ਗਏ ਤਾਂ ਗੁਰੂ ਜੀ ਨੇ ਸੋਚ ਇਸ਼ਨਾਨ ਕੀਤਾ॥੬੨॥

ਸਭਾ ਲਗਨਿ ਕੋ ਸਮੋ ਬਿਚਾਰਿ। ਸਿਖ ਮਸੰਦ ਪਹੁਚੇ ਦਰਬਾਰ।
ਕੇਚਿਤ ਕਰਾਮਾਤ ਕੇ ਸਾਥ। ਬੈਠੇ ਜਾਇ ਬੰਦਿ ਕਰਿ ਹਾਥ॥ ੧੩॥

ਸਭਾ ਲਾਉਣ ਦਾ ਸਮਾਂ ਵਿਚਾਰਿਆ ਤੇ ਸਿੱਖ ਤੇ ਮਸੰਦ ਦਰਬਾਰ ਵਿਚ ਪਹੁੰਚ ਗਏ। ਕਈ ਕਰਾਮਾਤ ਸਹਿਤ ਸਨ, ਉਹ ਦੋਵੇਂ ਹੱਥ ਜੋੜ ਕੇ ਬੈਠ ਗਏ॥੧੩॥

ਦਾਸਨ ਤੇ ਪਰਵਾਰਤਿ ਭਏ। ਢੁਰਤਿ ਚੌਰ ਸਿਰ ਪਰ ਦੁਤਿ ਮਏ।
ਕਮਲ ਬਿਲੋਚਨ ਚਾਰੁ ਬਿਸਾਲੇ। ਭਰੇ ਲਾਜ ਕਰੁਨਾ ਅਨਿਯਾਲੇ॥ ੧੪॥

ਗੁਰੂ ਜੀ ਸੇਵਕਾਂ ਨਾਲ ਘਿਰੇ ਹੋਏ ਸਨ, ਸਿਰ ਤੇ ਸੁੰਦਰ ਚੋਰ ਝੁਲ ਰਿਹਾ ਸੀ। ਸੁੰਦਰ ਨੈਣ ਕੰਵਲਾਂ ਵਾਂਗ ਚੋੜੇ ਸਨ ਜਿਹੜੇ ਲਾਜ ਅਤੇ ਮਿਹਰ ਦੀਆਂ ਅਣੀਆਂ ਨਾਲ ਭਰੇ ਪਏ ਸਨ॥੧੪॥

ਦਾਸਨਿ ਪਰ ਡਾਰਤਿ ਸੁਭ ਡੀਠ। ਬ੍ਰਹਮ ਗਜਾਨਿ ਆਦਿਕ ਜਨ ਈਠ।
ਕਿਤਿਕ ਦੇਸ਼ ਕੇ ਰਹੈਂ ਮਸੰਦ। ਸੋ ਬੈਠੇ ਪਰਵਾਰਤਿ ਬ੍ਰਿੰਦ॥ ੧੫॥

ਆਪਣੇ ਸੇਵਕਾਂ 'ਤੇ ਸ਼ੁਭ ਦ੍ਰਿਸ਼ਟੀ ਪਾ ਰਹੇ ਸਨ, ਜਿਨ੍ਹਾਂ ਨੂੰ ਬ੍ਰਹਮ ਗਿਆਨ ਬਹੁਤ ਪਿਆਰੇ ਲਗਦੇ ਸਨ। ਕਈ ਦੇਸ਼ਾਂ ਦੇ ਮਸੰਦ ਉਥੇ ਰਹਿੰਦੇ ਸਨ, ਉਹ ਸਾਰੇ ਗੁਰੂ ਜੀ ਨੂੰ ਘੇਰਾ ਪਾ ਕੇ ਬੈਠੇ ਸਨ॥੧੫॥

ਪੂਰਨ ਸਭਾ ਸੁਭਤਿ ਸਿਖ ਸਾਰੇ। ਉਡਗਨ ਜਥਾ ਚੰਦ ਪਰਵਾਰੇ।
ਤਬਿ ਪ੍ਰਸੰਗ ਦਿਜ ਕੋ ਤਹਿਂ ਚਾਲਾ। 'ਪਰਜੋ ਬਿਹਾਲ ਸਸ਼ੋਕ ਬਿਸਾਲਾ॥੧੬॥

ਪੂਰਨ ਸਭਾ ਲੱਗੀ ਸੀ ਤੇ ਸਾਰੇ ਸਿੱਖ ਸ਼ੋਭ ਰਹੇ ਸਨ, ਮਾਨੋਂ ਤਾਰਿਆਂ ਨੇ ਚੰਦ ਨੂੰ ਘੇਰਿਆ ਹੋਵੇ। ਤਦ ਉਥੇ ਬ੍ਰਾਹਮਣ ਦਾ ਪ੍ਰਸੰਗ ਚਲਿਆ, "ਬਿਹਾਲ ਪਿਆ ਹੈ ਤੇ ਬਹੁਤ ਦੁਖੀ ਹੈ॥੧੬॥

ਸੁਤ ਬਿਨ ਜਿਸਕੇ ਜਿਯਨਿ ਨ ਆਸਾ। ਅਧਿਕ ਪ੍ਰੇਮ ਤੇ ਸੰਕਟ ਗ੍ਰਾਸਾ।
ਕਰਹੁ ਕ੍ਰਿਪਾ ਜੇ ਆਪ ਕ੍ਰਿਪਾਲਾ। ਮਿਟਹਿ ਸਭਿਨਿ ਸੰਤਾਪ ਬਿਸਾਲਾ॥੧੭॥

ਪੁੱਤਰ ਬਗੈਰ ਜਿਸ ਦੇ ਜੀਵਨ ਦੀ ਆਸ ਨਹੀਂ, ਬਹੁਤ ਪ੍ਰੇਮ ਹੋਣ ਕਰਕੇ ਸੰਕਟ ਨਾਲ ਗ੍ਰਸਿਆ ਹੋਇਆ ਹੈ। ਆਪ ਜੀ ਕ੍ਰਿਪਾਲੂ ਹੋ, ਕ੍ਰਿਪਾ ਕਰੋ ਤਾਂਕਿ ਸਾਰਿਆਂ ਦਾ ਵਿਸ਼ਾਲ ਸੰਤਾਪ ਖ਼ਤਮ ਹੋ ਜਾਵੇ॥੧੭॥

ਬਾਲਿਕ ਜਿਯੈ ਪੁੰਨ ਬਡ ਹੋਇ। ਮਰਹਿਂ ਜੁ ਦੰਪਤਿ ਉਬਰਹਿਂ ਸੋਇ।
ਗੁਰ ਕੋ ਸੁਤ ਦਸੌਂਧੀਆ ਕੀਨਿ। ਬਿਰਦ ਕ੍ਰਿਪਾਲ ਆਪ ਕੋ ਚੀਨ॥੧੮॥

ਬਾਲਕ ਜੀਵੇ ਤੇ ਫਿਰ ਵੱਡਾ ਹੋਵੇ। ਜਿਹੜੇ ਦੰਪਤੀ ਮਰ ਰਹੇ ਹਨ, ਉਹ ਬਚ ਜਾਣ। ਉਨ੍ਹਾਂ ਨੇ ਆਪਣਾ ਪੁੱਤਰ ਗੁਰੂ ਜੀ ਨੂੰ ਦਸੌਂਧੀਆ ਕੀਤਾ ਹੈ, ਆਪ ਜੀ ਦੇ ਕ੍ਰਿਪਾਲੂ ਧਰਮ ਨੂੰ ਸਮਝਿਆ ਹੈ॥੧੮॥

ਪੁਨ ਪਰਿ ਰਹਜੋ ਰਾਵਰੇ ਪੌਰ। ਦੰਪਤਿ ਕਹਤਿ ਮਰਹਿਂ ਇਸ ਠੌਰ।
ਸੁਨਤਿ ਸਭਾ ਤੇ ਸ੍ਰੀ ਹਰਿਰਾਇ। 'ਜੋ ਹੋਵਤਿ ਸੋ ਪ੍ਰਭੁ ਰਜ਼ਾਇ॥੧੯॥

ਫਿਰ ਆਪ ਜੀ ਦੇ ਦਰਵਾਜ਼ੇ 'ਤੇ ਪਏ ਹਨ, ਦੋਵੇਂ ਪਤੀ-ਪਤਨੀ ਕਹਿੰਦੇ ਹਨ ਕਿ ਇਸ ਥਾਂ ਹੀ ਮਰਾਂਗੇ।" ਸਭਾ ਪਾਸੋਂ ਇਹ ਸੁਣ ਸ੍ਰੀ ਗੁਰੂ ਹਰਿਰਾਇ ਜੀ ਨੇ ਕਿਹਾ, "ਜੋ ਕੁਝ ਹੁੰਦਾ ਹੈ, ਉਹ ਪ੍ਰਭੂ ਦੀ ਰਜ਼ਾ ਅਨੁਸਾਰ ਹੁੰਦਾ ਹੈ॥੧੯॥

ਉਪਜਨਿ ਬਿਨਸਨਿ ਪ੍ਰਾਨੀ ਸਾਥ। ਜੋ ਲਗਿ ਕ੍ਰਿਪਾ ਕਰਹਿਂ ਨਹਿਂ ਨਾਥ।
ਜੋਗ ਭਗਤਿ ਕੈ ਹੁਇ ਬ੍ਰਹਮਗਜਾਨ। ਇਨ ਤੇ ਜਨਮ ਮਰਣ ਹੁਇ ਹਾਨ॥੨੦॥

ਪੈਦਾ ਹੋਣਾ, ਮਰ ਜਾਣਾ ਪ੍ਰਾਣੀ ਦੇ ਨਾਲ ਹੈ, ਜਦ ਤਕ ਪ੍ਰਭੂ ਮਾਲਕ ਕਿਰਪਾ ਨਾ ਕਰੇ, ਜੋਗ ਭਗਤੀ ਜਾਂ ਬ੍ਰਹਮ ਗਿਆਨ ਹੋਵੇ, ਇਨ੍ਹਾਂ ਨਾਲ ਜਨਮ ਮਰਨ ਖ਼ਤਮ ਹੁੰਦਾ ਹੈ॥੨੦॥

ਮਰਜੋ ਜਿਵਾਵਨ ਭਲੀ ਨ ਬਾਤ। ਜੋ ਸਭਿ ਕੇ ਸਿਰ ਬੀਤਤਿ ਜਾਤਿ।
ਰਾਵ ਰੰਕ ਗਨ ਨਿਤ ਹੀ ਮਰੈਂ। ਸੁਨਿ ਇਮ ਹਮਰੇ ਦਰ ਪਰ ਪਰੈਂ॥੨੧॥

ਮਰੇ ਹੋਏ ਨੂੰ ਜਿਵਾਉਣਾ ਚੰਗੀ ਗੱਲ ਨਹੀਂ, ਜਿਹੜੀ ਸਾਰਿਆਂ ਦੇ ਸਿਰ 'ਤੇ ਬੀਤਦੀ ਹੈ। ਰਾਜੇ ਰੰਕ ਸਾਰੇ ਨਿਤ ਹੀ ਮਰਦੇ ਹਨ, ਇਸ ਤਰ੍ਹਾਂ ਸੁਣ ਕੇ ਸਾਡੇ ਦਰਵਾਜ਼ੇ 'ਤੇ ਆ ਪੈਣਗੇ"॥੨੧॥

ਗੁਰ ਤੇ ਸੁਨਤਿ ਸਭਾ ਉਪਕਾਰੀ। ਜਿਯਹਿ ਬਾਲ ਜਿਮ ਬਹੁਰ ਉਚਾਰੀ।
"ਰਾਵਰ ਕਹਹੁ ਸਕਲ ਹੀ ਸਾਚੀ। ਤੁਮਰੀ ਸ਼ਰਣ ਨਹੀਂ ਦੁਖ ਆਂਚੀ॥੨੨॥

ਗੁਰੂ ਜੀ ਪਾਸੋਂ ਇਸ ਤਰ੍ਹਾਂ ਸੁਣ ਕੇ ਫਿਰ ਉਪਕਾਰੀ ਸਭਾ ਨੇ ਇਸ ਤਰ੍ਹਾਂ ਉਚਾਰਨ ਕੀਤਾ ਜਿਸ ਤਰ੍ਹਾਂ ਬਾਲ ਫਿਰ ਜੀਵਤ ਹੋ ਜਾਵੇ। "ਆਪ ਜੀ ਸਭ ਕੁਝ ਸੱਚ ਕਹਿੰਦੇ ਹੋ, ਤੁਹਾਡੀ ਸ਼ਰਨ ਆਇਆਂ ਨੂੰ ਦੁਖ ਦਾ ਸੇਕ ਨਹੀਂ ਲੱਗਦਾ॥੨੨॥

ਸਰਬ ਪ੍ਰਕਾਰ ਮਹਾਂ ਸਮਰੱਥ। ਭੰਜਨ ਗੜ੍ਹਨ ਆਪ ਕੇ ਹੱਥ।
ਬਿੱਪ੍ਰ ਪਰਜੋ ਬੀਤਜੋ ਚਿਰਕਾਲ। ਕਸ਼ਟ ਸ਼ੋਕ ਤੇ ਹ੍ਵੈ ਬਿਕਰਾਲ॥੨੩॥

ਤੁਸੀਂ ਸਰਬ ਪ੍ਰਕਾਰ ਮਹਾਂ ਸਮਰੱਥ ਹੋ, ਭੰਨਣਾ, ਘੜਨਾ ਸਭ ਆਪ ਜੀ ਦੇ ਹੱਥ ਵਿਚ ਹੈ। ਬ੍ਰਾਹਮਣ ਨੂੰ ਪਏ ਨੂੰ ਬਹੁਤ ਚਿਰ ਬੀਤ ਗਿਆ ਹੈ, ਦੁੱਖ ਤੇ ਸੋਗ ਨਾਲ ਵਿਆਕੁਲ ਹੋ ਗਿਆ ਹੈ॥੨੩॥

ਅਨਿਕ ਲੋਕ ਅਵਿਲੋਕਨ ਕਰੈਂ। ਆਸ ਆਪ ਕੀ ਸਗਰੇ ਧਰੈਂ।
ਜੇ ਨਹਿਂ ਜਿਯਹਿ ਨਿਰਾਸੇ ਹੋਇ। ਮਤਿ ਅਨੁਸਾਰ ਬਕੈਂ ਸਭਿ ਕੋਇ' ॥ ੨੪ ॥

ਹੋਰ ਲੋਕ ਵੇਖ ਰਹੇ ਹਨ, ਆਸ ਪਾਸ ਦੇ ਸਾਰੇ ਮਹਿਸੂਸ ਕਰ ਰਹੇ ਹਨ। ਜੇ ਬਾਲਕ ਜੀਵਤ ਨਹੀਂ ਹੋਵੇਗਾ ਤਾਂ ਸਾਰੇ ਨਿਰਾਸ਼ ਹੋਣਗੇ, ਆਪਣੀ ਆਪਣੀ ਮੱਤ ਅਨੁਸਾਰ ਸਾਰੇ ਬਕਵਾਸ ਕਰਨਗੇ" ॥੨੪॥

ਸਭਾ ਸਮੇਤ ਮਨੋਰਥ ਸਭਿਹਿਨਿ। ਦਿਜ ਸੁਤ ਜਿਯਹਿ ਭਲੀ ਹੁਇ ਤਿਸ ਛਿਨ।
ਬਾਰਿ ਬਾਰਿ ਸਿਖ ਦਾਸ ਮਸੰਦ। ਦਿਜ ਕੀ ਫੁਰਮਾਇਸ਼ ਕਹਿਂ ਬ੍ਰਿੰਦ ॥ ੨੫ ॥

ਸਭਾ ਸਮੇਤ ਸਭ ਦਾ ਇਹੋ ਮਨੋਰਥ ਸੀ, ਜਦ ਬ੍ਰਾਹਮਣ ਦਾ ਪੁੱਤਰ ਜੀਵੇਗਾ ਉਸ ਛਿਣ ਭਲਾ ਹੋਵੇਗਾ। ਬਾਰ ਬਾਰ ਸਿੱਖ ਸੇਵਕ ਅਤੇ ਮਸੰਦ ਬ੍ਰਾਹਮਣ ਦੀ ਬਹੁਤ ਫੁਰਮਾਇਸ਼ ਕਹਿ ਰਹੇ ਸਨ ॥੨੫॥

ਸਭਿ ਤੇ ਸੁਨਿ ਕਰਿ ਸ੍ਰੀ ਹਰਿਰਾਇ। ਰਿਸ ਤੇ ਤਮਕ ਕੁਛੁਕ ਮਨ ਲਜਾਇ।
ਕਹਯੋ ਸਭਿਨਿ ਮਹਿਂ ਉਚ ਸੁਨਾਯੋ। 'ਜੇ ਤੁਮ ਹਮ ਤੇ ਚਹਿਤਿ ਜਿਵਾਯੋ ॥੨੬ ॥

ਸਾਰਿਆਂ ਪਾਸੋਂ ਸੁਣ ਕੇ ਸ੍ਰੀ ਹਰਿਰਾਇ ਜੀ ਕੁਝ ਰੋਸ ਅਤੇ ਕ੍ਰੋਧ ਮਨ ਵਿਚ ਲਿਆਏ। ਸਾਰਿਆਂ ਨੂੰ ਉੱਚੀ ਸੁਣਾ ਕੇ ਕਿਹਾ, "ਜੇ ਤੁਸੀਂ ਸਾਡੇ ਪਾਸੋਂ ਜਿਵਾਉਣਾ ਚਾਹੁੰਦੇ ਹੋ ॥੨੬॥

ਲਖਿ ਦਿਜ ਦੀਨ ਕਰਹੁ ਫੁਰਮਾਇਸ਼। ਇਕ ਉਪਕਾਰ ਕਰਹੁ ਹਮ ਆਇਸੁ।
ਅਪਨੀ ਦੇਹੁ ਆਰਬਲ ਕੋਇ। ਦਿਜ ਕੋ ਪੁੱਤ੍ਰ ਜਿਵਾਵਹਿ ਸੋਇ' ॥ ੨੭ ॥

ਬ੍ਰਾਹਮਣ ਨੂੰ ਅਧੀਰ ਵੇਖ ਕੇ ਫੁਰਮਾਇਸ਼ਾਂ ਕਰਦੇ ਹੋ, ਇਕ ਉਪਕਾਰ ਮੇਰੀ ਆਗਿਆ ਨਾਲ ਵੀ ਕਰੋ। ਕੋਈ ਆਪਣੀ ਉਮਰ ਦੇਵੇ, ਬ੍ਰਾਹਮਣ ਦਾ ਪੁੱਤਰ ਉਹ ਹੀ ਜਿਵਾਇਗਾ" ॥੨੭॥

ਇਹ ਗੁਰ ਬਾਕ ਸਭਾ ਸੁਨਿ ਸਾਰੀ। ਭਈ ਤੂਸ਼ਨੀ ਕੁਛ ਨ ਉਚਾਰੀ।
ਗ੍ਰੀਵ ਨੀਵ ਥੀਵਨਿ ਚਿਤਵੰਤੇ। ਨਿਜ ਬਯ ਦੇਨੀ ਉਰ ਨ ਚਹੰਤੇ ॥ ੨੮ ॥

ਗੁਰੂ ਜੀ ਦਾ ਇਹ ਬਚਨ ਸੁਣ ਕੇ ਸਾਰੀ ਸਭਾ ਚੁੱਪ ਹੋ ਗਈ। ਕਿਸੇ ਨੇ ਕੁਝ ਵੀ ਉਚਾਰਨ ਨਾ ਕੀਤਾ। ਸਿਰ ਨੀਵਾਂ ਕਰਕੇ ਸਾਰੇ ਵਿਚਾਰ ਰਹੇ ਸਨ। ਸਾਰੇ ਆਪਣੀ ਉਮਰ ਦੇਣੀ ਦਿਲ ਵਿਚ ਨਹੀਂ ਚਾਹੁੰਦੇ ਸਨ ॥੨੮॥

ਸਮੁਖ ਨਹੀਂ ਸਤਿਗੁਰ ਕੇ ਹੇਰੈਂ। ਜਾਨਹਿਂ ਮੁਝ ਕੋ ਨਹਿਂ ਇਤ ਪ੍ਰੇਰੈਂ।
ਮਰਹਿ ਕੌਨ ਦਿਜ ਪੁੱਤ੍ਰ ਜਿਵਾਵੈ। ਧਰਯੋ ਤ੍ਰਾਸ ਨਹਿਂ ਧੀਰਜ ਪਾਵੈਂ ॥ ੨੯ ॥

ਸਤਿਗੁਰੂ ਜੀ ਵੱਲ ਮੁਖ ਕਰਕੇ ਨਹੀਂ ਵੇਖਦੇ ਸਨ, ਜਾਣਦੇ ਸਨ ਕਿ ਮੈਨੂੰ ਇਸ ਤਰ੍ਹਾਂ ਨਾ ਪ੍ਰੇਰ ਲੈਣ। ਕੌਣ ਮਰ ਕੇ ਬ੍ਰਾਹਮਣ ਦਾ ਪੁੱਤਰ ਜਿਵਾਵੇ, ਸਾਰਿਆਂ ਨੇ ਬਹੁਤ ਡਰ ਮਹਿਸੂਸ ਕੀਤਾ, ਧੀਰਜ ਨਹੀਂ ਸਨ ਪਾਉਂਦੇ ॥੨੯॥

ਸਭਿ ਕੇ ਮਨ ਕੀ ਸਤਿਗੁਰ ਜਾਨੀ। ਕਿਤਿਕ ਬਾਰ ਮਹਿਂ ਪੁਨ ਕਹਿ ਬਾਨੀ।
'ਸਰਬ ਸਭਾ ਫੁਰਮਾਇਸ਼ ਕਾਰੀ। ਅਬਿ ਕਹਿ ਕਯੋਂ ਨ ਬਨਤ ਉਪਕਾਰੀ ॥ ੩੦ ॥

ਸਤਿਗੁਰੂ ਜੀ ਨੇ ਸਾਰਿਆਂ ਦੇ ਮਨ ਦੀ ਜਾਣ ਲਈ। ਕੁਝ ਸਮੇਂ ਬਾਅਦ ਫਿਰ ਉਨ੍ਹਾਂ ਬਚਨ ਕੀਤਾ, "ਸਾਰੀ ਸਭਾ ਫੁਰਮਾਇਸ਼ ਕਰਨ ਵਾਲੀ ਹੈ, ਹੁਣ ਕਹਿ ਕੇ ਉਪਕਾਰੀ ਕਿਉਂ ਨਹੀਂ ਬਣਦੀ ? ॥੩੦॥

ਦੀਜਹਿ ਬਯ ਦਿਜ ਪੁੱਤ੍ਰ ਜਿਵਾਵਹੁ। ਭਲੋ ਕਰਮ ਕਰਿ ਜਸੁ ਜਗ ਪਾਵਹੁ।
ਦੰਪਤਿ ਮਰਤਿ ਉਬਾਰਹੁ ਕੋਇ। ਧਰਹਿ ਧੀਰ ਸੁਭ ਗਤਿ ਲੇ ਸੋਇ' ॥ ੩੧ ॥

ਆਪਣੀ ਉਮਰ ਦੇਵੇ ਤੇ ਬ੍ਰਾਹਮਣ ਦਾ ਪੁੱਤਰ ਜਿਵਾਵੇ। ਭਲਾ ਕਰਮ ਕਰਕੇ ਜਗ ਵਿਚ ਜਸ ਪਾਉ। ਪਤੀ-ਪਤਨੀ ਮਰ ਰਹੇ ਹਨ, ਉਨ੍ਹਾਂ ਨੂੰ ਬਚਾਉ। ਧੀਰਜ ਧਾਰ ਕੇ ਉਹ ਸ਼ੁਭ ਗਤੀ ਨੂੰ ਪ੍ਰਾਪਤ ਕਰੇ" ॥੩੨॥

ਗੁਰੂ ਬਚਨ ਦੂਜੋ ਇਮ ਭਯੋ। ਕਿਨਹੁੰ ਨ ਉੱਤਰ ਮੁਖ ਤੇ ਦਯੋ।
ਪੂਰਬ ਕਹਤਿ ਸਭਾ ਜਿਮ ਸਾਰੀ। ਤਿਮ ਹੀ ਤੂਸ਼ਨਿ ਭਰੀ ਬਿਚਾਰੀ॥ ੩੨ ॥

ਗੁਰੂ ਜੀ ਦਾ ਦੂਸਰਾ ਬਚਨ ਇਸ ਤਰ੍ਹਾਂ ਹੋਇਆ, ਪਰ ਕਿਸੇ ਵੀ ਮੁਖ ਤੋਂ ਉੱਤਰ ਨਾ ਦਿੱਤਾ। ਪਹਿਲਾਂ ਜਿਵੇਂ ਸਾਰੀ ਸਭਾ ਕਹਿੰਦੀ ਸੀ, ਉਸ ਤਰ੍ਹਾਂ ਹੀ ਚੁੱਪ ਹੁਣ ਬੈਠੀ ਵਿਚਾਰ ਰਹੀ ਸੀ॥੩੨॥

ਸਮੁਖ ਨ ਦੇਖਹਿਂ ਨੀਚਹਿ ਨੈਨ। ਕੋ ਧੀਰਜ ਧਰਿ ਬੋਲਹਿ ਬੈਨ?।
ਚਹੁੰਦਿਸ਼ਿ ਮਹਿਂ ਗੁਰ ਦ੍ਰਿਸ਼ਟਿ ਚਲਾਵੈਂ। ਕੋ ਬਯ ਦੇਹਿ ਦਾਸ ਪਤਿਆਵੈਂ॥ ੩੩ ॥

ਗੁਰੂ ਜੀ ਵਲ ਮੂੰਹ ਉਪਰ ਚੁੱਕ ਕੇ ਨਹੀਂ ਵੇਖਦੇ ਸਨ, ਸਭ ਦੇ ਨੈਣ ਨੀਵੇਂ ਸਨ। ਕੌਣ ਧੀਰਜ ਧਾਰ ਕੇ ਗੱਲ ਕਰਦਾ ? ਗੁਰੂ ਜੀ ਚਾਰੇ ਪਾਸੇ ਆਪਣੀ ਨਜ਼ਰ ਫੇਰਦੇ ਸਨ, ਕੋਈ ਉਮਰ ਦੇਵੇ ਆਪਣੇ ਸੇਵਕਾਂ ਨੂੰ ਪਰਖਦੇ ਸਨ॥੩੩॥

ਏਕ ਘਰੀ ਲਗਿ ਥਿਰ ਸਭਿ ਰਹੇ। ਤੀਸਰ ਬਚਨ ਗੁਰੂ ਪੁਨ ਕਹੇ।
'ਭੋ ਸਿੱਖਹੁ ! ਪੂਰਬ ਸਭਿ ਭਾਖਤਿ। ਕਯੋਂ ਉਪਕਾਰ ਕਰਨਿ ਨਹਿਂ ਕਾਂਖਤਿ॥ ੩੪ ॥

ਇਕ ਘੜੀ ਤਕ ਸਭ ਬੈਠੇ ਰਹੇ, ਤੀਸਰੀ ਵਾਰ ਗੁਰੂ ਜੀ ਨੇ ਫਿਰ ਬਚਨ ਕਹੇ, "ਹੇ ਸਿੱਖੋ ! ਪਹਿਲਾਂ ਸਾਰੇ ਬੋਲਦੇ ਸੀ, ਕਿਉਂ ਉਪਕਾਰ ਕਰਨ ਦੀ ਇੱਛਿਆ ਨਹੀਂ ਕਰਦੇ ਹੋ ?॥੩੪॥

ਇਕ ਜੋ ਦੇਯ ਆਪਨੇ ਪ੍ਰਾਨ। ਜਿਯਹਿਂ ਤੀਨ, ਜਸੁ ਲਹੇ ਜਹਾਨ'।
ਇਮ ਸੁਨਿ ਭਗਤੂ ਕੋ ਸੁਤ ਛੋਟਾ। ਪੀਛੇ ਬੈਠਯੋ ਗੁਰ ਦ੍ਰਿਗ ਓਟਾ॥ ੩੫ ॥

ਜਿਹੜਾ ਇਕ ਵਿਅਕਤੀ ਆਪਣੇ ਪ੍ਰਾਣ ਦੇਵੇਗਾ ਤਾਂ ਉਸ ਦੇ ਮਰਨ ਨਾਲ ਤਿੰਨ ਵਿਅਕਤੀ ਜੀਉਂਦੇ ਰਹਿਣਗੇ ਤੇ ਉਹ ਇਸ ਜਹਾਨ ਵਿਚ ਜਸ ਖੱਟੇਗਾ।" ਇਹ ਸੁਣ ਕੇ ਭਾਈ ਭਗਤੂ ਦਾ ਛੋਟਾ ਪੁੱਤਰ, ਜਿਹੜਾ ਪਿੱਛੇ ਗੁਰੂ ਜੀ ਦੀ ਨਿਗਾਹ ਦੇ ਉਹਲੇ ਬੈਠਾ ਸੀ॥੩੫॥

ਉਠਿ ਤੂਸ਼ਨਿ ਹੀਂ ਨਿਕਸਯੋ ਬਾਹਰ। ਪਰਉਪਕਾਰ ਹੇਤੁ ਕਰਿ ਅਹਾਰ।
ਜੀਵਣ ਨਾਮ, ਆਇ ਕਰਿ ਡੇਰੇ। ਆਸਤਰਨ ਕਰਿ ਤ੍ਰਿਣਨਿ ਹਛੇਰੇ॥ ੩੬ ॥

ਉੱਠ ਕੇ ਚੁੱਪ ਕਰਕੇ ਬਾਹਰ ਨਿਕਲ ਗਿਆ। ਪਰਉਪਕਾਰ ਵਾਸਤੇ ਭੋਜਨ ਕੀਤਾ ਉਸ ਦਾ ਨਾਮ ਜੀਵਨ ਹੈ, ਡੇਰੇ ਵਿਚ ਆ ਕੇ ਉਸ ਕੁਝ ਸੁੰਦਰ ਘਾਹ ਲੈ ਕੇ ਵਿਛਾਇਆ॥੩੬॥

ਉਪਰ ਪੌਢਯੋ ਬਦਨ ਅਛਾਦਿ। ਕਿਹ ਸੋਂ ਕੀਨਸਿ ਨਹਿਂ ਸੰਬਾਦ।
ਸਰਬ ਸ਼ਰੀਰ ਬਸਤ੍ਰ ਤੇ ਢਾਂਪਿ। ਚਾਹਸਿ ਪ੍ਰਾਣ ਤਜਾਗਿਬੇ ਆਪ॥ ੩੭ ॥

ਉਸ ਘਾਹ ਦੇ ਉਪਰ ਲੇਟ ਕੇ ਆਪਣੇ ਉਪਰ ਚਾਦਰ ਲੈ ਕੇ ਮੂੰਹ ਢੱਕ ਲਿਆ। ਕਿਸੇ ਨਾਲ ਵੀ ਗੱਲ-ਬਾਤ ਨਾ ਕੀਤੀ ਤੇ ਸਾਰਾ ਸਰੀਰ ਕਪੜੇ ਨਾਲ ਢੱਕ ਲਿਆ, ਆਪਣੇ ਪ੍ਰਾਣ ਛੱਡਣੇ ਚਾਹੁੰਦਾ ਸੀ॥੩੭॥

ਗੁਰ ਬਚ ਤੇ ਪਰਲੋਕ ਅਨੰਦ। ਚਿਤ ਮੈਂ ਚਾਹਤਿ ਭਯੋ ਬਿਲੰਦ।
ਜਿਯਨਿ ਝੂਠ ਜਗ ਮਹਿਂ ਸਚ ਮਰਨਾ। ਆਗੇ ਪਾਛੇ ਸਭਿ ਸਿਰ ਪਰਨਾ॥ ੩੮ ॥

ਗੁਰੂ ਜੀ ਦੇ ਬਚਨਾਂ ਨਾਲ ਆਪਣੇ ਚਿਤ ਵਿਚ ਪਰਲੋਕ ਦਾ ਮਹਾਨ ਆਨੰਦ ਪ੍ਰਾਪਤ ਕਰਨਾ ਚਾਹੁੰਦਾ ਸੀ। ਇਸ ਜਗਤ ਵਿਚ ਜੀਊਣਾ ਝੂਠ ਹੈ ਤੇ ਮਰਨਾ ਸਚ ਹੈ। ਅਗੋਂ ਪਿਛੋਂ ਸਭ ਨੇ ਸੰਸਾਰ ਨੂੰ ਛੱਡਣਾ ਹੈ॥੩੮॥

ਅਬਿ ਤਨਿ ਲਗਹਿ ਸਕਾਰਥ ਮੇਰੋ। ਇਸ ਤੇ ਅਪਰ ਭਲੋ ਨਹਿਂ ਹੇਰੋਂ।
ਇੱਤਜਾਦਿਕ ਮਨ ਕਰੇ ਬਿਚਾਰਾ। ਧੰਨ ਸੁ ਜੀਵਣ ਸਭਾ ਮਝਾਰਾ॥ ੩੯॥

ਹੁਣ ਮੇਰਾ ਸਰੀਰ ਚੰਗੇ ਕਾਰਜ ਵਾਸਤੇ ਲਗੇਗਾ, ਇਸ ਤੋਂ ਹੋਰ ਭਲਾ ਨਹੀਂ ਵੇਖਦਾ ਹਾਂ। ਇੱਤਿਆਦਿਕ ਮਨ ਵਿਚ ਵਿਚਾਰ ਕੀਤੀ। ਉਸ ਸਭਾ ਵਿਚ ਜੀਵਨ ਇਕ ਧੰਨਤਾਯੋਗ ਪੁਰਖ ਸੀ॥੩੯॥

ਨਿਜ ਜੀਵਨ ਜੀਵਨ ਦਿਯ ਦਾਨ। ਗੁਰ ਬਚ ਤੇ ਪਦ ਲਹਯੋ ਮਹਾਨ।
ਤਤਛਿਨ ਅਪਨੇ ਪ੍ਰਾਨ ਨਿਕਾਰੇ। ਗੁਰ ਪੁਰਿ ਮਹਿਂ ਪਹੁੰਚਯੋ ਬਿਨ ਬਾਰੇ॥੪੦॥

ਜੀਵਨ ਨੇ ਆਪਣਾ ਜੀਵਨ ਦਾਨ ਦੇ ਕੇ ਬ੍ਰਾਹਮਣ ਨੂੰ ਪੁੱਤਰ ਦਾਨ ਦਿੱਤਾ ਤੇ ਗੁਰੂ ਜੀ ਦੇ ਬਚਨਾਂ ਨਾਲ ਮਹਾਨ ਪਦਵੀ ਪ੍ਰਾਪਤ ਕੀਤੀ। ਤੁਰੰਤ ਆਪਣੇ ਪ੍ਰਾਣ ਕੱਢ ਲਏ। ਸਵਰਗਾਂ ਵਿਚ ਕਿਸੇ ਦੇਰ ਤੋਂ ਬਗੈਰ ਗੁਰਪੁਰੀ ਵਿਚ ਪਹੁੰਚ ਗਿਆ॥੪੦॥

ਇਤ ਜੀਵਣ ਜਬਿ ਜੀਵਨ ਤਜਾਗਯੋ। ਗੁਰੂ ਪੌਰ ਸਿਸ ਤਤਛਿਨ ਜਾਗਯੋ।
ਉਠਯੋ ਜੀਵ ਕਰਿ ਢਿਗ ਪਿਤ ਮਾਤਾ। ਲੋਕ ਬਿਲੋਕਤਿ ਹੈਂ ਢਿਗ ਭ੍ਰਾਤਾ॥੪੧॥

ਏਧਰ ਜੀਵਣ ਨੇ ਜਦ ਜੀਵਨ ਤਿਆਗਿਆ, ਗੁਰੂ ਜੀ ਦੇ ਦਰਵਾਜ਼ੇ 'ਤੇ ਤੁਰੰਤ ਬਾਲਕ ਜਾਗ ਪਿਆ। ਆਪਣੇ ਮਾਤਾ ਪਿਤਾ ਦੇ ਪਾਸ ਜੀਵਤ ਹੋ ਕੇ ਉਠ ਬੈਠਾ॥੪੧॥

ਦੋਹਰਾ-ਭਯੋ ਅਨੰਦ ਬਿਲੰਦ ਹੀ ਰਿਦੇ ਰਹੇ ਬਿਸਮਾਇ।
ਸੁਧ ਅੰਤਰ ਪਹੁੰਚੀ ਤਬੈ ਜਹਿਂ ਸ੍ਰੀ ਗੁਰ ਹਰਿਰਾਇ॥ ੪੨॥

ਬ੍ਰਾਹਮਣ ਦੰਪਤੀ ਬਹੁਤ ਪ੍ਰਸੰਨ ਹੋਏ ਤੇ ਹਿਰਦੇ ਵਿਚ ਹੈਰਾਨ ਰਹਿ ਗਏ। ਤਦ ਅੰਦਰ ਖ਼ਬਰ ਪੁੱਜੀ, ਜਿਥੇ ਸ੍ਰੀ ਗੁਰੂ ਹਰਿਰਾਇ ਜੀ ਬੈਠੇ ਸਨ॥੪੨॥

*ਦਸਵੀਂ ਰਾਸ ਦਾ ਸਤਾਰ੍ਹਵਾਂ ਅਧਿਆਇ ਸਮਾਪਤ ਹੋਇਆ॥੧੭॥*

## ਅਧਿਆਇ ਅਠਾਰ੍ਹਵਾਂ

### *ਸ਼ਕਰ ਗੰਗ ਲੱਗਣ ਦੀ ਕਥਾ*

ਦੋਹਰਾ- 'ਧੰਨ ਗੁਰੂ ਪੂਰਨ ਪ੍ਰਭੂ' ਨਰ ਕਹਿਂ ਆਪਸ ਮਾਂਹਿ।
'ਰਾਮਚੰਦ ਕੇ ਪੌਰ ਜਿਮ ਮ੍ਰਿਤਕ ਬਿੱਪ੍ਰ ਸੁਤ ਜਜਾਹਿ॥ ੧॥

ਸਾਰੇ ਮਨੁੱਖ ਆਪਸ ਵਿਚ ਕਹਿੰਦੇ ਸਨ, "ਗੁਰੂ ਜੀ ਧੰਨ ਹਨ, ਉਹ ਪੂਰਨ ਪ੍ਰਭੂ ਹਨ।" ਰਾਮ ਚੰਦਰ ਦੇ ਦਰਵਾਜ਼ੇ ਤੇ ਜਿਵੇਂ ਬ੍ਰਾਹਮਣ ਦੇ ਮਰੇ ਪੁੱਤਰ ਨੂੰ ਜਿਵਾਇਆ ਸੀ॥੧॥

ਚੌਪਈ- ਸੁਨੀ ਕਥਾ ਮਹਿਂ ਦਿਜ ਲੇ ਗਯੋ। ਅਧਿਕ ਬਿਲਾਪ ਰਾਮ ਦਰ ਕਿਯੋ।
ਤਬਿ ਰਘੁਬਰ ਬਹੁ ਕਰੇ ਉਪਾਇ। ਜਿਮ ਨਾਰਦ ਮਨਿ ਦਿਯੋ ਬਤਾਇ॥੨॥

ਕਥਾ ਵਿਚ ਅਸੀਂ ਸੁਣਿਆ ਸੀ ਕਿ ਬ੍ਰਾਹਮਣ ਮੁਰਦਾ ਬੱਚੇ ਨੂੰ ਲੈ ਕੇ ਗਿਆ ਤੇ ਰਾਮਚੰਦਰ ਨੇ ਬਹੁਤ ਉਪਾਅ ਕੀਤੇ, ਜਿਵੇਂ ਨਾਰਦ ਨੇ ਮਨ ਵਿਚ ਦੱਸਿਆ ਸੀ॥੨॥

ਜਯੋਂ ਕਯੋਂ ਕਰਿ ਦਿਜ ਪੁੱਤ੍ਰ ਜਿਵਾਯੋ। ਰਾਮ ਚੰਦ ਨਿਜ ਨੇਮ ਨਿਬਾਹਯੋ।
ਸੋ ਗਤਿ ਭਈ ਗੁਰੂ ਦਰਬਾਰ। ਦਿਜ ਸੰਕਟ ਤੇ ਲੀਨਿ ਉਬਾਰਿ' ॥ ੩ ॥

ਜਿਵੇਂ ਕਿਵੇਂ ਕਰਕੇ ਬ੍ਰਾਹਮਣ ਦੇ ਪੁੱਤਰ ਨੂੰ ਜੀਉਂਦਾ ਕੀਤਾ ਤੇ ਰਾਮ ਚੰਦਰ ਨੇ ਆਪਣੇ ਨੇਮ ਦਾ ਨਿਰਬਾਹ ਕੀਤਾ। ਉਹੀ ਗਤੀ ਗੁਰੂ ਦਰਬਾਰ ਵਿਚ ਹੋਈ, ਬ੍ਰਾਹਮਣ ਨੂੰ ਦੁਖ ਤੋਂ ਬਚਾ ਲਿਆ'' ॥੩॥

ਇਮ ਸੰਬਾਦ ਕਰੈਂ ਨਰ ਨਾਰੀ। ਗੁਰ ਕੀਰਤਿ ਕੋ ਕਰੈਂ ਉਚਾਰੀ।
ਸਭਾ ਬਿਖੈ ਜਬਿ ਸੁਧ ਚਲਿ ਗਈ। 'ਬਿੱਪ੍ਰ ਪੁੱਤ੍ਰ ਜੀਵਯੋ' ਸੁਧ ਭਈ ॥ ੪ ॥

ਇਸ ਤਰ੍ਹਾਂ ਇਸਤਰੀ ਪੁਰਸ਼ ਆਪਸ ਵਿਚ ਗੱਲਾਂ ਕਰਦੇ ਸਨ। ਗੁਰੂ ਜੀ ਦੀ ਕੀਰਤੀ ਦਾ ਉਚਾਰਨ ਕਰਦੇ ਸਨ। ਸਭਾ ਵਿਚ ਜਦ ਇਹ ਖ਼ਬਰ ਪੁੱਜੀ, ''ਬ੍ਰਾਹਮਣ ਦਾ ਪੁੱਤਰ ਜੀਵਤ ਹੋ ਗਿਆ ਹੈ'' ਪਤਾ ਲੱਗਾ ਹੈ॥੪॥

ਸੁਨਯੋ ਅਚਾਨਕ ਸ਼੍ਰੀ ਹਰਿਰਾਇ। ਬੂਝਯੋ ਸ਼ੀਘ੍ਰ ਕਹਯੋ ਜਬਿ ਆਇ।
'ਕਿਹ ਸਿਖ ਅਪਨਿ ਆਰਬਲ ਦੀਨਿ ?। ਪਰਉਪਕਾਰ ਕਿਨਹੁਂ ਅਸ ਕੀਨਿ ?' ॥੫॥

ਸ੍ਰੀ ਗੁਰੂ ਹਰਿਰਾਇ ਜੀ ਨੇ ਅਚਾਨਕ ਸੁਣਿਆ, ਜਦ ਕਿਸੇ ਨੇ ਆ ਕੇ ਕਿਹਾ ਤਾਂ ਛੇਤੀ ਨਾਲ ਪੁੱਛਿਆ, ''ਕਿਸ ਸਿੱਖ ਨੇ ਆਪਣੀ ਉਮਰ ਦਿੱਤੀ ਹੈ, ਕਿਸ ਨੇ ਐਸਾ ਪਰਉਪਕਾਰ ਕੀਤਾ ਹੈ''? ॥੫॥

ਸੁਨਤਿ ਸਭਾਸਦ ਬਿਸਮੈ ਭਏ। ਚਪਲ ਬਿਲੋਚਨ ਇਤ ਉਤ ਕਿਏ।
ਨਿਜ ਨਿਜ ਨਿਕਟਿ ਪਿਖਹਿਂ ਸਭਿ ਬੈਸੇ। ਮਰਯੋ ਕੌਨ ਬੀਚਾਰਤਿ ਐਸੇ ॥ ੬ ॥

ਇਹ ਸੁਣ ਸਭਾ ਦੇ ਸਾਰੇ ਵਿਅਕਤੀ ਬਹੁਤ ਹੈਰਾਨ ਹੋਏ। ਨੈਣਾਂ ਨੂੰ ਏਧਰ ਓਧਰ ਫੇਰ ਕੇ ਵੇਖਣ ਲੱਗੇ। ਸਾਰੇ ਬੈਠੇ ਹੋਏ ਆਪਣੇ-ਆਪਣੇ ਪਾਸ ਵੇਖਦੇ ਸਨ, ਕੌਣ ਮਰਿਆ ਹੈ, ਇਸ ਤਰ੍ਹਾਂ ਵਿਚਾਰਦੇ ਸਨ॥੬॥

ਪੁਨਹਿ ਸ਼ੀਘ੍ਰ ਗੁਰ ਬੂਝਨਿ ਕੀਨਿ। 'ਕਯੋਂ ਨ ਕਹੋ ਕਿਨ ਜੀਵਨ ਦੀਨਿ ?'।
ਛਰੀ ਦਾਰ ਕਰ ਜੋਰਿ ਉਚਾਰਾ। 'ਮਹਾਰਾਜ ! ਨਹਿਂ ਦੂਤੀ ਸਿਧਾਰਾ ॥ ੭ ॥

ਫਿਰ ਛੇਤੀ ਹੀ ਗੁਰੂ ਜੀ ਨੇ ਪੁੱਛਿਆ, ''ਕਿਉਂ ਨਹੀਂ ਕਹਿੰਦੇ ਹੋ, ਕਿਸ ਨੇ ਜੀਵਨ ਦਿੱਤਾ ਹੈ ?'' ਚੋਬਦਾਰ-ਨੇ ਹੱਥ ਜੋੜ ਕੇ ਕਿਹਾ, ''ਮਹਾਰਾਜ ! ਕੋਈ ਦੂਸਰਾ ਨਹੀਂ ਗਿਆ ਹੈ॥੭॥

ਇਕ ਜੀਵਣ ਭਗਤੂ ਸੁਤ ਗਯੋ। ਹਟਿ ਕਰਿ ਸੋ ਨਹਿਂ ਆਵਤਿ ਭਯੋ।
ਅਪਰ ਸਭਾ ਸਭਿ ਬੈਠੀ ਅਹੈ। ਬਿਪ੍ਰ ਪ੍ਰਸੰਗ ਸੁਨਤਿ, ਜੋ ਕਹੈ॥ ੮ ॥

ਇਕ ਭਗਤੂ-ਪੁੱਤਰ ਜੀਵਣ ਗਿਆ ਹੈ, ਉਹ ਜਾ ਕੇ ਫਿਰ ਵਾਪਸ ਨਹੀਂ ਆਇਆ। ਹੋਰ ਸਾਰੀ ਸਭਾ ਏਥੇ ਬੈਠੀ ਹੈ। ਜੋ ਪ੍ਰਸੰਗ ਬ੍ਰਾਹਮਣ ਦਾ ਕਿਹਾ ਜਾ ਰਿਹਾ ਸੀ, ਉਹ ਸੁਣਦਾ ਸੀ॥੮॥

ਸੋ ਰਾਵਰ ਕੇ ਹੁਤੋ ਪਿਛਾਰੀ। ਨਿਕਸਯੋ ਤੂਸ਼ਨਿ ਬੰਦਨ ਧਾਰੀ'।
ਸੁਨਿ ਗੁਰ ਕਹਯੋ 'ਸ਼ੀਘ੍ਰ ਸੁਧ ਲੀਜੈ। ਤਿਸ ਬਿਲੋਕਿ ਹਮ ਸੰਗ ਕਹੀਜੈ' ॥ ੯ ॥

ਉਹ ਆਪ ਜੀ ਦੇ ਪਿਛੇ ਬੈਠਾ ਸੀ, ਬੰਦਨਾਂ ਕਰਕੇ ਉਹ ਚੁਪਚਾਪ ਨਿਕਲ ਗਿਆ।'' ਇਹ ਸੁਣ ਕੇ ਗੁਰੂ ਜੀ ਨੇ ਕਿਹਾ, ''ਛੇਤੀ ਖ਼ਬਰ ਲਵੋ ਉਸ ਨੂੰ ਵੇਖ ਕੇ ਸਾਨੂੰ ਦੱਸੋ'' ॥੯॥

ਦੌਰੇ ਦਾਸ ਗਏ ਦੁਇ ਤੀਨ। ਡੇਰੇ ਪ੍ਰਥਮ ਜਾਇ ਪਿਖਿ ਲੀਨ।
ਬਸਤ੍ਰ ਅਛਾਦਤਿ ਤ੍ਰਿਨਨਿ ਪਰਯੋ ਹੈ। ਪਿਖਿ ਉਘਾਰਿ: ਬਿਨ ਪ੍ਰਾਣ,ਮਰਯੋ ਹੈ ॥੧੦॥

ਦੋ ਤਿੰਨ ਸੇਵਕ ਦੌੜ ਕੇ ਗਏ, ਪਹਿਲਾਂ ਡੇਰੇ ਵਿਚ ਜਾ ਕੇ ਵੇਖਿਆ। ਕਪੜੇ ਨਾਲ ਸਰੀਰ ਢੱਕ ਕੇ ਘਾਹ ਉੱਤੇ ਪਿਆ ਹੈ, ਜਦ ਚਾਦਰ ਲਾਹ ਕੇ ਵੇਖਿਆ ਤਾਂ ਬਿਨਾਂ ਪ੍ਰਾਣ ਮਰਿਆ ਹੋਇਆ ਸੀ॥੧੦॥

ਦੌਰੇ ਗਏ ਗੁਰੂ ਸੰਗ ਕਹਜੇ। 'ਜੀਵਨ ਜਾਇ ਅਜੀਵਨ ਲਹਜੇ।
ਬਸਤ੍ਰ ਅਛਾਦਿ ਦੇਹਿ ਪਰ ਸਾਰੇ। ਦਿਜ ਸੁਤ ਹਿਤ ਦਿਯ ਪ੍ਰਾਣ ਨਿਕਾਰੇ' ॥੧੧॥

ਦੌੜ ਕੇ ਗੁਰੂ ਜੀ ਪਾਸ ਗਏ ਤੇ ਕਿਹਾ, "ਜੀਵਣ ਨੇ ਜਾ ਕੇ ਮੌਤ ਲੈ ਲਈ ਹੈ। ਚਾਦਰ ਨਾਲ ਸਾਰਾ ਸਰੀਰ ਢੱਕ ਕੇ, ਬ੍ਰਾਹਮਣ ਦੇ ਪੁੱਤਰ ਵਾਸਤੇ ਆਪਣੇ ਪ੍ਰਾਣ ਕੱਢ ਲਏ ਹਨ" ॥੧੧॥

ਸੁਨਤਿ ਰਿਸੇ ਗੁਰ ਸਭਿਨਿ ਸੁਨਾਯੋ। 'ਮਮ ਸੁਤ ਹਤਿ ਦਿਜ ਪੁੱਤ੍ਰ ਜਿਵਾਯੋ।
ਪ੍ਰਭੁ ਭਾਣੇ ਕੋ ਮਾਨਹਿਂ ਨਾਂਹੀ। ਬੋਲਹਿਂ ਨਿਕਟਿ ਸਿਪਾਰਸ਼ ਮਾਂਹੀ' ॥ ੧੨ ॥

ਇਹ ਸੁਣਕੇ ਗੁਰੂ ਜੀ ਗੁੱਸੇ ਵਿਚ ਆਏ ਤੇ ਸਭ ਨੂੰ ਸੁਣਾਇਆ, "ਮੇਰੇ ਪੁੱਤਰ ਨੂੰ ਮਾਰ ਕੇ, ਬ੍ਰਾਹਮਣ ਦੇ ਪੁੱਤਰ ਨੂੰ ਜਿਵਾਇਆ ਹੈ, ਪ੍ਰਭੂ ਦੇ ਭਾਣੇ ਨੂੰ ਕੋਈ ਮੰਨਦਾ ਨਹੀਂ ਹੈ, ਪਾਸ ਬੈਠ ਕੇ ਸਿਫਾਰਸ਼ਾਂ ਕੀਤੀਆਂ ਹਨ" ॥੧੨॥

ਇੱਤਜਾਦਿਕ ਬਚ ਭਨੇ ਘਨੇਰੇ। ਪਠੇ ਦਾਸ ਪੁਨ ਤਿਸ ਕੇ ਡੇਰੇ।
'ਹੋਇ ਪੁੱਤ੍ਰ ਇਸ ਕੋ ਲੇ ਆਵਹੁ। ਸ਼ੀਘ੍ਰ ਜਾਇ ਸਭਿ ਸੁਧ ਕੋ ਪਾਵਹੁ' ॥ ੧੩ ॥

ਇੱਤਿਆਦਕ ਬਹੁਤ ਬਚਨ ਕੀਤੇ, ਫਿਰ ਸੇਵਕਾਂ ਨੂੰ ਉਸ ਦੇ ਡੇਰੇ ਭੇਜਿਆ, "ਜੇ ਜੀਵਣ ਦਾ ਕੋਈ ਪੁੱਤਰ ਹੋਵੇ ਤਾਂ ਉਸ ਨੂੰ ਲੈ ਆਵੋ, ਤੁਰਤ ਜਾ ਕੇ ਸਾਰੀ ਜਾਣਕਾਰੀ ਪਾਵੋ" ॥੧੩॥

ਹੁਤੇ ਬਿਰਾਦ਼ ਕੁਛੁਕ ਤਹਿਂ ਮਿਲੇ। ਬੂਝੈਂ ਸਕਲ ਜਾਇ ਕਰਿ ਭਲੇ।
'ਗੁਰੂ ਹਕਾਰਤਿ ਸੁਤ ਇਸ ਜੋਇ। ਇਹਾਂ ਕਿਧੌਂ ਘਰ ਮਹਿਂ ਜੇ ਹੋਇ॥ ੧੪ ॥

ਉਥੇ ਕੁਝ ਬਿਰਾਦ਼ ਸਨ, ਉਹ ਮਿਲੇ, ਉਨ੍ਹਾਂ ਨੂੰ ਭਲੀ ਪ੍ਰਕਾਰ ਜਾ ਕੇ ਸਭ ਕੁਝ ਪੁੱਛਿਆ, "ਜੀਵਣ ਦਾ ਜਿਹੜਾ ਪੁੱਤਰ ਹੈ, ਉਸ ਨੂੰ ਗੁਰੂ ਜੀ ਬੁਲਾਉਂਦੇ ਹਨ, ਏਥੇ ਹੈ ਜਾਂ ਆਪਣੇ ਘਰ ਵਿਚ ਰਹਿੰਦਾ ਹੈ॥੧੪॥

ਸ਼ੀਘ੍ਰ ਚਲਹੁ ਲੇ ਕਿਧੌਂ ਹਕਾਰਹੁ। ਗੁਰ ਸੌਂ ਮਿਲਿ ਪੁਨ ਇਸ ਸਸਕਾਰਹੁ'।
ਦਾਸਨਿ ਸੋਂ ਬਿਰਾਦ਼ ਚਲਿ ਆਏ। ਠਾਂਢੇ ਹੋਇ ਹਜ਼ੂਰ ਬਤਾਏ॥ ੧੫ ॥

ਤੁਰੰਤ ਲੈ ਕੇ ਚਲੋ ਜਾਂ ਬੁਲਾ ਲਵੋ, ਗੁਰੂ ਜੀ ਨਾਲ ਮਿਲ ਕੇ ਫਿਰ ਇਸ ਦਾ ਸਸਕਾਰ ਕਰੋ।" ਸੇਵਕਾਂ ਨਾਲ ਬਿਰਾਦ਼ ਚਲ ਕੇ ਆਏ ਤੇ ਗੁਰੂ ਜੀ ਦੀ ਹਜ਼ੂਰੀ ਵਿਚ ਖੜੇ ਹੋ ਕੇ ਉਨ੍ਹਾਂ ਦੱਸਿਆ॥੧੫॥

'ਬਰਖ ਅਸ਼ਟਦਸ ਕੋ ਇਹ ਭਯੋ। ਅਬਿ ਕੇ ਇਨ ਮੁਕਲਾਵਾ ਲਿਯੋ।
ਅਬਿ ਲੌ ਪੁੱਤ੍ਰ ਨ ਜਨਮਜੋ ਕੋਇ। ਗਰਭਵਤੀ ਇਸ ਕੇ ਘਰ ਜੋਇ॥ ੧੬ ॥

"ਜੀਵਣ ਹਾਲੇ ਅਠਾਰਾਂ ਸਾਲਾਂ ਦਾ ਹੋਇਆ ਹੈ। ਹੁਣੇ ਹੀ ਉਸ ਨੇ ਮੁਕਲਾਵਾ ਲਿਆਂਦਾ ਹੈ, ਹੁਣ ਤਕ ਕੋਈ ਪੁੱਤਰ ਪੈਦਾ ਨਹੀਂ ਹੋਇਆ ਹੈ, ਇਸ ਦੀ ਜੋ ਪਤਨੀ ਹੈ, ਉਹ ਗਰਭਵਤੀ ਹੈ॥੧੬॥

ਗੁਰ ਦਰਸ਼ਨ ਹਿਤ ਚਲਿ ਕਰਿ ਆਯੋ। ਗੁਰੂ ਬਾਕ ਤੇ ਤੁਰਤ ਸਮਾਯੋ।'
ਸ਼੍ਰੀ ਹਰਿਰਾਇ ਸੁਨਤਿ ਪੁਨ ਕਹੈਂ। 'ਜੋ ਇਸ ਤ੍ਰਿਯਾ ਗਰਭ ਮੈਂ ਅਹੈ॥ ੧੭ ॥

ਗੁਰੂ ਜੀ ਦੇ ਦਰਸ਼ਨਾਂ ਵਾਸਤੇ ਚਲ ਕੇ ਆਇਆ ਸੀ ਤੇ ਗੁਰੂ ਜੀ ਦੇ ਬਚਨਾਂ ਕਰਕੇ ਤੁਰਤ ਸਮਾ ਗਿਆ ਹੈ।" ਸ੍ਰੀ ਹਰਿਰਾਇ ਜੀ ਨੇ ਸੁਣ ਕੇ ਫਿਰ ਕਿਹਾ, "ਜਿਹੜਾ ਪੁੱਤਰ ਇਸਦੀ ਪਤਨੀ ਦੇ ਗਰਭ ਵਿਚ ਹੈ॥੧੭॥

ਸੰਤਦਾਸ ਤਿਸ ਨਾਮ ਰਖੀਜੈ। ਅਧਿਕ ਬੰਸ ਜੁਤਿ ਹੋਇ ਜਨੀਜੈ।
ਜਨਮਹਿ ਪੁੱਤ੍ਰ ਪਜਾਰ ਕਰਿ ਪਾਰੋ। ਇਕ ਤੇ ਹਮ ਕਰਿ ਦੇਹਿਂ ਹਜ਼ਾਰੋਂ॥ ੧੮ ॥

ਉਸ ਦਾ ਸੰਤਦਾਸ ਨਾਮ ਰਖੋ। ਉਹ ਵੱਡੀ ਵੰਸ਼ ਸਹਿਤ ਹੋਵੇਗਾ। ਇਹ ਜਾਣ ਲਵੋ, ਉਸ ਦੇ ਘਰ ਬਹੁਤ ਪੁੱਤਰ ਪੈਦਾ ਹੋਣਗੇ। ਅਸੀਂ ਇਕ ਤੋਂ ਹਜ਼ਾਰਾਂ ਕਰ ਦੇਵਾਂਗੇ॥੧੮॥

ਬਿੰਦ੍ਰ ਬੰਸ ਫੈਲਹਿ ਜਗ ਮਾਂਹੀ। ਬ੍ਰਿਧੈ ਅਧਿਕ ਦੂਸਰ ਜਿਮ ਨਾਂਹੀਂ।
ਉਰ ਪ੍ਰਸੰਨ ਹ੍ਵੈ ਕਰਿ ਬਰ ਦੀਨੇ। ਸੋ ਅਬ ਜ਼ਾਹਰ ਜਗ ਮਹਿਂ ਚੀਨੇ॥ ੧੯ ॥

ਉਨ੍ਹਾਂ ਦਾ ਵੰਸ਼ ਬਹੁਤ ਫੈਲ ਜਾਵੇਗਾ, ਬਹੁਤ ਜ਼ਿਆਦਾ ਵਧੇਗਾ ਤੇ ਉਨ੍ਹਾਂ ਵਰਗਾ ਹੋਰ ਕੋਈ ਦੂਸਰਾ ਨਹੀਂ ਹੋਵੇਗਾ।" ਦਿਲ ਵਿਚ ਪ੍ਰਸੰਨ ਹੋ ਕੇ ਵਰ ਦਿੱਤੇ, ਉਹ ਹੁਣ ਤਕ ਜਗ ਵਿਚ ਜ਼ਾਹਰ ਹਨ, ਸਮਝ ਲਵੋ॥੧੯॥

ਭਗਤੂ ਸੁਤ ਗੌਰਾ ਬਡ ਜੋਇ। ਤਾਂਹਿ ਬੰਸ ਬੀਸਕ ਨਰ ਸੋਇ।
ਸੰਤਦਾਸ ਜੋ ਜੀਵਣ ਕੇਰਾ। ਤਿਸ ਕੋ ਬੰਸ ਹਜ਼ਾਰੋਂ ਹੇਰਾ॥ ੨੦ ॥

ਭਾਈ ਭਗਤੂ ਦਾ ਵੱਡਾ ਪੁੱਤਰ ਜਿਹੜਾ ਗੌਰਾ ਹੈ, ਉਸ ਦੇ ਵੰਸ਼ ਵਿਚ ਹੀ ਵੀਹ ਦੇ ਲਗਭਗ ਮਨੁੱਖ ਹਨ। ਜੀਵਨ ਦਾ ਜੋ ਸੰਤ ਦਾਸ ਸੀ, ਉਸ ਦਾ ਵੰਸ਼ ਹਜ਼ਾਰਾਂ ਵਿਚ ਹੋਇਆ ਹੈ॥੨੦॥

ਤੀਨ ਗ੍ਰਾਮ ਬਸਿ ਨਾਂਹਿ ਸਮਾਵੈ। ਬਹੁਰ ਅਗਾਰੀ ਬਧਤੋ ਜਾਵੈ।
ਜਿਸ ਪ੍ਰਕਾਰ ਬਰ ਗੁਰੂ ਉਬਾਚਾ। ਜਗਤ ਪ੍ਰਸਿੱਧ ਦੇਖਿ ਲਿਹੁ ਸਾਚਾ॥ ੨੧ ॥

ਤਿੰਨਾਂ ਪਿੰਡਾਂ ਵਿਚ ਵੱਸ ਕੇ ਵੀ ਉਹ ਸਮਾਉਂਦੇ ਨਹੀਂ ਹਨ, ਅੱਗੇ ਹੋਰ ਬਹੁਤ ਵਧਦੇ ਜਾਂਦੇ ਹਨ। ਜਿਸ ਪ੍ਰਕਾਰ ਗੁਰੂ ਜੀ ਨੇ ਬਚਨ ਕੀਤਾ ਸੀ, ਉਹ ਜਗਤ ਪ੍ਰਸਿੱਧ ਹੈ, ਸੱਚੀ ਗੱਲ ਵੇਖ ਲਵੋ॥੨੧॥

ਪੁਨ ਭਾਈ ਜੀਵਣ ਸਸਕਾਰਾ। ਜਿਨ ਦੇ ਪ੍ਰਾਣ ਕੀਨਿ ਉਪਕਾਰਾ।
ਸਤਿਗੁਰ ਧੰਨ ਸਿੱਖ ਭੀ ਧੰਨੇ। ਪ੍ਰਭੁ ਕੇ ਬਾਕ ਦਾਸ ਜਿਨ ਮੰਨੇ॥ ੨੨ ॥

ਫਿਰ ਭਾਈ ਜੀਵਨ ਦਾ ਸਸਕਾਰ ਕੀਤਾ ਗਿਆ, ਜਿਸ ਨੇ ਉਪਕਾਰ ਵਾਸਤੇ ਪ੍ਰਾਣ ਦਿੱਤੇ ਸਨ। ਧੰਨ ਸਤਿਗੁਰੂ ਜੀ ਹਨ ਤੇ ਧੰਨ ਸਤਿਗੁਰੂ ਜੀ ਦੇ ਸਿੱਖ ਹਨ, ਪ੍ਰਭੂ ਦੇ ਬਚਨ ਜਿਸ ਸੇਵਕ ਨੇ ਮੰਨ ਲਏ॥੨੨॥

ਸ੍ਰੀ ਹਰਿਰਾਇ ਸੁ ਕੀਰਤਿ ਝੂਲੀ। ਘਰ ਘਰ ਮਨਹੁਂ ਮਾਲਤੀ ਫੂਲੀ।
ਦੇਸ਼ ਬਿਦੇਸ਼ਨਿ ਐਸੇ ਭਈ। ਪਾਂਤਿ ਮਰਾਲਨਿ ਜਨੁ ਉਡ ਗਈ॥ ੨੩ ॥

ਸ੍ਰੀ ਹਰਿਰਾਇ ਜੀ ਦੀ ਬਹੁਤ ਕੀਰਤੀ ਫੈਲੀ, ਘਰ ਘਰ ਮਾਨੋਂ ਮਾਲਤੀ ਦੇ ਫੁਲ ਖਿੜੇ ਹੋਣ। ਦੇਸ਼ਾਂ ਵਿਦੇਸ਼ਾਂ ਵਿਚ ਇਸ ਤਰ੍ਹਾਂ ਕੀਰਤੀ ਹੋਈ, ਜਿਵੇਂ ਹੰਸਾਂ ਦੀ ਡਾਰ ਉੱਡ ਕੇ ਗਈ ਹੋਵੇ॥੨੩॥

ਕਿਧੌਂ ਚੰਦ੍ਰਿਕਾ ਜਗਤ ਬਿਥਾਰੀ। ਸੁਜਨ ਚਕੋਰਨਿ ਕੋ ਸੁਖਕਾਰੀ।
ਦਿਜ ਅਨੰਦ ਭਾ ਨੰਦਨ ਜੀਯੋ। ਮਨਹੁਂ ਮ੍ਰਿਤਕ ਨੇ ਅੰਮ੍ਰਿਤ ਪੀਯੋ॥ ੨੪ ॥

ਜਾਂ ਚੰਦ ਦੀ ਰੋਸ਼ਨੀ ਸਾਰੇ ਜਗਤ ਵਿਚ ਪ੍ਰਕਾਸ਼ਮਈ ਹੋਈ ਹੋਵੇ, ਜਿਹੜੀ ਸੇਵਕ ਰੂਪੀ ਚਕੋਰਾਂ ਵਾਸਤੇ ਬੜੀ ਸੁਖਦਾਇਕ ਸੀ। ਬ੍ਰਾਹਮਣ ਬਹੁਤ ਪ੍ਰਸੰਨ ਹੋਇਆ ਜਿਸ ਦਾ ਪੁੱਤਰ ਜੀਵਤ ਹੋਇਆ, ਮਾਨੋ ਮੁਰਦੇ ਨੇ ਅੰਮ੍ਰਿਤ ਪੀ ਲਿਆ ਹੋਵੇ॥੨੪॥

ਇਮ ਬਾਸੇ ਗੁਰ ਪੁਰਿ ਕਰਤਾਰਾ। ਕਰਹਿਂ ਚਰਿੱਤ੍ਰ ਅਨੇਕ ਪ੍ਰਕਾਰਾ।
ਕੇਤਿਕ ਬਾਸੁਰ ਬਹੁਰ ਬਿਤਾਏ। ਦਾਸ ਉਧਾਰਤਿ ਹੈਂ ਸਮੁਦਾਏ॥ ੨੫ ॥

ਇਸ ਤਰ੍ਹਾਂ ਗੁਰੂ ਜੀ ਕਰਤਾਰਪੁਰ ਵਿਚ ਰਹਿ ਕੇ ਅਨੇਕਾਂ ਪ੍ਰਕਾਰ ਦੇ ਚਰਿੱਤਰ ਕਰਦੇ ਸਨ। ਕਾਫ਼ੀ ਸਮਾਂ ਹੋਰ ਬਤੀਤ ਕੀਤਾ ਅਤੇ ਬਹੁਤ ਸੇਵਕਾਂ ਦਾ ਉਧਾਰ ਕੀਤਾ॥੨੫॥

ਇਕ ਦਿਨ ਵਹਿਰ ਕੂਪ ਗੁਰ ਕੇਰਾ। ਸ਼ਕਰ ਗੰਗ ਜਿਹ ਪੁੰਨਕ ਹੇਰਾ।
ਤ੍ਰਿਤੀ ਜਾਮ ਮਹਿਂ ਸਤਿਗੁਰ ਗਏ। ਪਿਖਿ ਰਮਣੀਕ ਥਾਨ ਥਿਤ ਭਏ॥ ੨੬॥

ਇਕ ਦਿਨ ਬਾਹਰ ਗੁਰੂ ਜੀ ਦਾ ਜਿਹੜਾ ਖੂਹ ਹੈ, ਪੁੰਨ ਪ੍ਰਤਾਪ ਵਾਲੇ ਸ਼ਕਰਗੰਗ (ਗੰਗਸਰ) ਖੂਹ ਨੂੰ ਵੇਖਿਆ। ਤੀਸਰੇ ਪਹਿਰ ਸਤਿਗੁਰੂ ਜੀ ਓਥੇ ਗਏ ਤੇ ਰਮਣੀਕ ਥਾਂ ਵੇਖ ਕੇ ਓਥੇ ਬੈਠ ਗਏ॥੨੬॥

ਸੌਚ ਸ਼ਨਾਨ ਕਰਜੋ ਹਰਖਾਏ। ਬੈਠਿ ਬਹੁਰ ਦੀਵਾਨ ਲਗਾਏ।
ਹੁਤੇ ਬ੍ਰਿੱਧ ਜੇ ਨਿਕਟਿ ਨਿਹਾਰੇ। ਤਿਨ ਬੂਝਨਿ ਹਿਤ ਬੈਨ ਉਚਾਰੇ॥ ੨੭॥

ਸੋਚ ਇਸ਼ਨਾਨ ਕਰਕੇ ਬੜੇ ਪ੍ਰਸੰਨ ਹੋਏ, ਫਿਰ ਬੈਠ ਕੇ ਦੀਵਾਨ ਲਗਾਇਆ। ਦੀਵਾਨ ਵਿਚ ਜਿਹੜੇ ਬ੍ਰਿਧ ਵਿਅਕਤੀ ਬੈਠੇ ਸਨ ਉਨ੍ਹਾਂ ਵਲ ਵੇਖਿਆ ਅਤੇ ਉਨ੍ਹਾਂ ਨੂੰ ਪੁੱਛਣ ਵਾਸਤੇ ਬਚਨ ਕਹੇ॥੨੭॥

'ਸ੍ਰੀ ਅਰਜਨ ਗੁਰ ਬਡੇ ਹਮਾਰੇ। ਜਗ ਪਰ ਜਿਨਹੁ ਕੀਨਿ ਉਪਕਾਰੇ।
ਜਿਸ ਪ੍ਰਕਾਰ ਇਹ ਕੂਪ ਲਗਾਯੋ। ਫਲ ਬਿਸਾਲ ਇਸ਼ਨਾਨ ਬਤਾਯੋ॥ ੨੮॥

"ਸ੍ਰੀ ਅਰਜਨ ਦੇਵ ਜੀ ਸਾਡੇ ਵੱਡੇ ਗੁਰੂ ਹਨ, ਜਗ ਵਿਚ ਜਿਨ੍ਹਾਂ ਬਹੁਤ ਉਪਕਾਰ ਕੀਤੇ ਹਨ। ਜਿਸ ਪ੍ਰਕਾਰ ਇਹ ਖੂਹ ਲਵਾਇਆ ਹੈ ਤੇ ਇਸ ਦੇ ਜਲ ਨਾਲ ਇਸ਼ਨਾਨ ਕਰਨ ਦਾ ਬੜਾ ਉੱਤਮ ਫਲ ਦੱਸਿਆ ਹੈ॥੨੮॥

ਸੋ ਤੁਮ ਜਾਨਤਿ ਹਮਹਿ ਬਤਾਵਹੁ। ਮਹਿਮਾ ਮਹਾਂ ਮਹਾਨ ਸੁਨਾਵਹੁ'।
ਪੁਰਿ ਜਨ ਬ੍ਰਿੱਧ ਜੁ ਥੇ ਤਿਸ ਕਾਲ। ਜੋ ਜਾਨਤਿ ਸਭਿ ਕੂਪ ਹਵਾਲ॥ ੨੯॥

ਉਹ ਤੁਸੀਂ ਜਾਣਦੇ ਹੋ, ਸਾਨੂੰ ਵੀ ਉਸ ਬਾਰੇ ਦੱਸੋ, ਇਸ ਖੂਹ ਦੀ ਮਹਾਨ ਮਹਿਮਾ ਬਾਰੇ ਸੁਣਾਵੋ।" ਫਿਰ ਜਿਹੜੇ ਉਸ ਸਮੇਂ ਬਹੁਤ ਬ੍ਰਿਧ ਵਿਅਕਤੀ ਬੈਠੇ ਸਨ, ਜਿਹੜੇ ਖੂਹ ਦਾ ਸਾਰਾ ਹਾਲ ਜਾਣਦੇ ਸਨ॥੨੯॥

ਸੋ ਸਤਿਗੁਰ ਕੀ ਆਗਜ਼ਾ ਪਾਇ। ਬੋਲੇ ਹਾਥ ਜੋਰਿ ਸਿਰ ਨਜਾਇ।
'ਸ੍ਰੀ ਪ੍ਰਭੁ ਜੀ ! ਤੁਮ ਅੰਤਰਜਾਮੀ। ਭੂਤ ਭਵਿੱਖਜ ਲਖਹੁ ਪ੍ਰਭੁ ਸੁਾਮੀ॥ ੩੦॥

ਉਹ ਸਤਿਗੁਰੂ ਜੀ ਦੀ ਆਗਿਆ ਪਾ ਕੇ, ਹੱਥ ਜੋੜ ਕੇ ਸਿਰ ਨਿਵਾ ਕੇ ਬੋਲੇ, "ਹੇ ਪ੍ਰਭੂ ਜੀ ! ਤੁਸੀਂ ਅੰਤਰਜਾਮੀ ਹੋ। ਹੇ ਪ੍ਰਭੂ ਸਵਾਮੀ ! ਭੂਤ ਭਵਿੱਖ ਨੂੰ ਸਭ ਸਮਝਦੇ ਹੋ॥੩੦॥

ਤੁਮ ਆਗੇ ਹਮ ਕਹਾਂ ਬਿਚਾਰੇ। ਜੋ ਬੀਤਜੋ ਬਿਰਤਾਂਤ ਉਚਾਰੇਂ।
ਜੇਤਿਕ ਗੁਪਤ ਬਿਦਤਿ ਹੈ ਬਾਤ। ਕਰ ਬੱਦਰੀ ਫਲ ਸਮ ਬੱਖਜਾਤ॥ ੩੧॥

ਤੁਹਾਡੇ ਅੱਗੇ ਅਸੀਂ ਵਿਚਾਰੇ ਕੀ ਚੀਜ਼ ਹਾਂ, ਜਿਹੜਾ ਬੀਤਿਆ ਬਿਰਤਾਂਤ ਉਚਾਰਨ ਕਰੀਏ। ਜਿੰਨੀਆਂ ਵੀ ਗੁਪਤ ਪ੍ਰਗਟ ਗੱਲਾਂ ਹਨ, ਉਹ ਆਪ ਜੀ ਦੇ ਸਾਹਮਣੇ ਹੱਥ ਉੱਤੇ ਬੇਰ ਰੱਖੇ ਵਾਂਗ ਪ੍ਰਗਟ ਹਨ॥੩੧॥

ਤਊ ਆਪ ਨੇ ਬੂਝਨਿ ਕੀਨੀ। ਕਰੋਂ ਉਚਾਰਨਿ ਜਿਮ ਪਿਖਿ ਚੀਨੀ।
ਪੂਰਬ ਸ੍ਰੀ ਅਰਜਨ ਉਪਕਾਰੀ। ਪੁਰਿ ਕਰਤਾਰ ਬਸਾਯਹੁ ਭਾਰੀ॥ ੩੨॥

ਫਿਰ ਵੀ ਆਪ ਜੀ ਨੇ ਪੁੱਛਿਆ ਹੈ, ਉਸ ਤਰ੍ਹਾਂ ਹੀ ਉਚਾਰਨ ਕਰਦਾ ਹਾਂ, ਜਿਵੇਂ ਵੇਖਿਆ ਅਤੇ ਸਮਝਿਆ ਹੈ। ਪਹਿਲਾਂ ਸ੍ਰੀ ਗੁਰੂ ਅਰਜਨ ਦੇਵ ਉਪਕਾਰੀ ਜੀ ਨੇ ਵੱਡਾ ਕਰਤਾਰਪੁਰ ਨਗਰ ਵਸਾਇਆ॥੩੨॥

ਪੁਨ ਇਕ ਦਿਨ ਆਏ ਇਸ ਥਾਨ। ਬੈਠੇ ਰੁਚਿਰ ਲਗਾਇ ਦਿਵਾਨ।
ਪਾਵਨ ਥਲ ਕੋ ਹੇਰਿ ਬਿਚਾਰਾ। ਲਗਹਿ ਇਹਾਂ ਉਦਪਾਨ ਉਦਾਰਾ॥ ੩੩॥

ਫਿਰ ਇਕ ਦਿਨ ਇਸ ਥਾਂ ਆਏ ਤੇ ਸੁੰਦਰ ਦੀਵਾਨ ਲਗਾ ਕੇ ਬੈਠ ਗਏ। ਪਵਿੱਤਰ ਸਥਾਨ ਨੂੰ ਵੇਖ ਕੇ ਵਿਚਾਰ ਕੀਤੀ ਕਿ ਏਥੇ ਇਕ ਉੱਤਮ ਖੂਹ ਲੱਗਣਾ ਚਾਹੀਦਾ ਹੈ॥੩੩॥

ਇਸ ਪੁਰਿ ਸੰਗਤਿ ਨਿਤ ਹੀ ਆਵੈ। ਗੁਰ ਥਲ ਦਰਸਹਿ ਉਰ ਹਰਖਾਵੈ।
ਇਹਾਂ ਸ਼ਨਾਨਹਿ ਹੁਇ ਤਨ ਪਾਵਨ। ਯਾਂਤੇ ਕਰਹਿਂ ਕੂਪ ਲਗਵਾਵਨਿ॥ ੩੪॥

ਇਸ ਨਗਰ ਵਿਚ ਸੰਗਤ ਨਿਤ ਹੀ ਆਵੇਗੀ, ਗੁਰੂ ਸਥਾਨ ਦੇ ਦਰਸ਼ਨ ਕਰਕੇ ਦਿਲ ਵਿਚ ਪ੍ਰਸੰਨ ਹੋਵੇਗੀ। ਏਥੇ ਇਸ਼ਨਾਨ ਕਰਨ ਨਾਲ ਸਰੀਰ ਪਵਿੱਤਰ ਹੋ ਜਾਵੇਗਾ, ਇਸ ਕਰਕੇ ਏਥੇ ਇਕ ਖੂਹ ਲਵਾਈਏ॥੩੪॥

ਕਹਜੋ ਤਬਹਿ ਆਨਹੁ ਮਿਸ਼ਟਾਨ। ਬਹੁ ਨਰ ਸਿਰ ਉਚਵਾਇ ਮਹਾਨ।
ਸੁਨਿ ਕਰਿ ਹੁਕਮ ਮਸੰਦ ਪਯਾਨੇ। ਪੁਰਿ ਤੇ ਮੋਲ ਲੀਨਿ ਤਹਿਂ ਆਨੇ॥ ੩੫॥

ਤਦ ਗੁਰੂ ਜੀ ਕਿਹਾ, ਮਿਠਾ ਲਿਆਵੋ। ਬਹੁਤ ਮਨੁੱਖ ਸਿਰ ਦੇ ਉਤੇ ਮਿੱਠਾ ਚੁੱਕ ਕੇ ਲਿਆਉਣ। ਇਹ ਹੁਕਮ ਸੁਣ ਕੇ ਮਸੰਦ ਚਲੇ ਗਏ, ਨਗਰ ਤੋਂ ਮਿੱਠਾ ਖ਼ਰੀਦ ਕੇ ਲਿਆਏ॥੩੫॥

ਸ੍ਰੀ ਸਤਿਗੁਰ ਕੇ ਆਗੇ ਧਰਜੋ। ਕਾਰੀਗਰਨਿ ਹਕਾਰਨਿ ਕਰਜੋ।
ਭਾਈ ਬ੍ਰਿਧ ਤੇ ਤਬਿ ਅਰਦਾਸ। ਕਰਵਾਇਵ ਕਾਰਜ ਹੁਇ ਰਾਸ॥ ੩੬॥

ਲਿਆ ਕੇ ਸ੍ਰੀ ਸਤਿਗੁਰੂ ਜੀ ਦੇ ਅੱਗੇ ਧਰ ਦਿੱਤਾ, ਫਿਰ ਕਾਰੀਗਰਾਂ ਨੂੰ ਬੁਲਾਇਆ। ਬਾਬਾ ਬੁੱਢਾ ਜੀ ਪਾਸੋਂ ਫਿਰ ਅਰਦਾਸ ਕਰਵਾ ਕੇ ਕਾਰਜ ਰਾਸ ਹੋ ਗਿਆ॥੩੬॥

ਸਭਿ ਸਤਿਗੁਰ ਕੇ ਨਾਮ ਸਿਮਰਿ ਕਰਿ। ਮੂਰਤਿ ਰੁਚਿਰ ਧਯਾਨ ਕੋ ਉਰ ਧਰਿ।
ਹਾਥ ਜੋਰਿ ਕਰਿ ਮਸਤਕ ਟੇਕਾ। ਉਠੇ ਆਪ ਤਬਿ ਜਲਧਿ ਬਿਬੇਕਾ॥ ੩੭॥

ਸਾਰੇ ਸਤਿਗੁਰੂ ਸਾਹਿਬਾਨ ਦਾ ਨਾਮ ਯਾਦ ਕਰਕੇ ਹਿਰਦੇ ਵਿਚ ਉਨ੍ਹਾਂ ਦੇ ਸੁੰਦਰ ਸਰੀਰਾਂ ਦਾ ਧਿਆਨ ਧਰ ਕੇ, ਹੱਥ ਜੋੜ ਕੇ ਮੱਥਾ ਟੇਕਿਆ ਤੇ ਫਿਰ ਗਿਆਨ ਦੇ ਸਾਗਰ ਭਾਵ ਗੁਰੂ ਜੀ ਆਪ ਉੱਠੇ॥੩੭॥

ਕਰ ਮਹਿਂ ਕਸੀ ਧਾਰਿ ਕਰਿ ਖਰੇ। ਪੂਰਬ ਟੱਕ ਲਗਾਵਨਿ ਕਰੇ।
ਪੁਨ ਸੰਗਤਿ ਦਰਸ਼ਨ ਜੋ ਆਇ। ਸਭਿ ਕੋ ਮਹਿਮਾ ਕਹੈਂ ਸੁਨਾਇ॥ ੩੮॥

ਹੱਥ ਵਿਚ ਕਹੀ ਫੜ ਕੇ ਖੜੇ ਹੋ ਕੇ, ਪਹਿਲਾ ਟੱਕ ਲਾਇਆ, ਫਿਰ ਜਿਹੜੀ ਸੰਗਤ ਦਰਸ਼ਨਾਂ ਵਾਸਤੇ ਆਈ ਸੀ, ਉਨ੍ਹਾਂ ਸਭ ਨੂੰ ਮਹਿਮਾ ਕਹਿ ਕੇ ਸੁਣਾਈ॥੩੮॥

ਖੁਸ਼ੀ ਗੁਰੂ ਕੀ ਕਾਰਜ ਕਰੇ। ਪੁਰਹਿ ਕਾਮਨਾ ਜੋ ਉਰ ਧਰੇ।
ਰਹੈਂ ਸੰਗ ਜੇ ਸਿੱਖਯ ਹਮੇਸ਼। ਕਾਰ ਕਰਨਿ ਕੋ ਲਗੇ ਅਸ਼ੇਸ਼॥ ੩੯॥

ਜਿਹੜਾ ਗੁਰੂ ਜੀ ਦੀ ਖੁਸ਼ੀ ਲਈ ਸੇਵਾ ਕਰੇ, ਉਸ ਦੀਆਂ ਸਭ ਕਾਮਨਾਵਾਂ ਜੋ ਵੀ ਹਿਰਦੇ ਵਿਚ ਧਾਰਨ ਕਰੇਗਾ ਪੂਰੀਆਂ ਹੋਣਗੀਆਂ। ਜਿਹੜੇ ਸਿੱਖ ਹਮੇਸ਼ਾਂ ਸਾਥ ਰਹਿੰਦੇ ਸਨ, ਉਹ ਤੁਰਤ ਕਾਰ ਸੇਵਾ ਕਰਨ ਲੱਗ ਗਏ॥੩੯॥

ਜੋ ਜੋ ਕਰਹਿ ਕਾਮਨਾ ਕੋਈ। ਕੂਪ ਕਾਰ ਤੇ ਪੂਰਨ ਹੋਈ।
ਭਏ ਅਨੰਦ ਸੰਗਤਾਂ ਸਾਰੇ। ਸੇਵਹਿਂ ਭਾਉ ਰਿਦੈ ਬਹੁ ਧਾਰੇ॥ ੪੦॥

ਜਿਹੜੀ-ਜਿਹੜੀ ਵੀ ਕੋਈ ਕਾਮਨਾ ਕਰਦਾ ਸੀ, ਉਹ ਖੂਹ ਦੀ ਕਾਰ ਸੇਵਾ ਕਰਨ ਨਾਲ ਪੂਰੀ ਹੋ ਜਾਂਦੀ ਸੀ। ਸਾਰੀਆਂ ਸੰਗਤਾਂ ਵਿਚ ਅਨੰਦ ਛਾ ਗਿਆ, ਹਿਰਦੇ ਵਿਚ ਬਹੁਤ ਪ੍ਰੇਮ ਧਾਰ ਕੇ ਸੇਵਾ ਕਰਦੇ ਸਨ॥੪੦॥

ਖਨਜੋ ਗਜੋ ਤਤਛਿਨ ਜਲ ਤਾਂਈ। ਪੁਨ ਕਾਸ਼ਟ ਕੋ ਚਕ ਘਰਿਵਾਈ।
ਬਹੁ ਨਰ ਲਾਇ ਉਤਾਰਜੋ ਤਰੇ। ਊਪਰ ਮਹਿਲ ਨੀਵ ਕੋ ਧਰੇ॥ ੪੧॥

ਛੇਤੀ ਹੀ ਪਾਣੀ ਤਕ ਖੂਹ ਪੁੱਟ ਲਿਆ, ਫਿਰ ਲੱਕੜ ਦਾ ਚੱਕ ਘੜਵਾਇਆ। ਬਹੁਤ ਮਨੁੱਖ ਖੂਹ ਦੇ ਵਿਚ ਉਤਰੇ। ਉਸ ਚੱਕ ਦੇ ਉੱਤੇ ਨੀਂਹ ਧਰ ਕੇ ਉਤੇ ਮਹਿਲ ਦੀ ਉਸਾਰੀ ਅਰੰਭੀ॥੪੧॥

ਚੂਨਾ ਅਪਰ ਈਟਕਾ ਧਰਿ ਧਰਿ। ਚਿਨਿ ਚਿਨਿ ਊਚ ਉਤਾਇਲ ਕਰਿ ਕਰਿ।
ਬ੍ਰਿੰਦ ਨਰਨਿ ਤਹਿਂ ਸੇਵ ਕਮਾਈ। ਕਾਰੀਗਰਨਿ ਰਚੀ ਚਤੁਰਾਈ॥ ੪੨॥

ਚੂਨਾ ਅਤੇ ਇੱਟਾਂ ਧਰ ਧਰ ਕੇ ਬੜੀ ਛੇਤੀ ਚਿਣ ਚਿਣ ਕੇ ਉੱਚਾ ਕੀਤਾ। ਬਹੁਤ ਮਨੁੱਖਾਂ ਨੇ ਉਥੇ ਸੇਵਾ ਕਮਾਈ ਤੇ ਕਾਰੀਗਰਾਂ ਬੜੀ ਚਤੁਰਾਈ ਨਾਲ ਰਚਨਾ ਕੀਤੀ॥੪੨॥

ਤਰੈ ਉਤਾਰਜੋ ਕਰਜੋ ਉਪਾਇ। ਪਿਖਿ ਆਛੋ ਥਲ ਦੀਨਿ ਟਿਕਾਇ।
ਊਪਰ ਤੇ ਪੁਨ ਮਨ ਬੰਧਵਾਈ। ਸ੍ਰੀ ਮੁਖ ਤੇ ਤਬਿ ਮਹਿਮਾ ਗਾਈ॥ ੪੩॥

ਫਿਰ ਯਤਨ ਕਰਕੇ ਚੱਕ ਨੂੰ ਥੱਲੇ ਉਤਾਰਿਆ ਤੇ ਚੰਗਾ ਪਤਨ ਵੇਖ ਕੇ ਟਿਕਾ ਦਿੱਤਾ। ਖੂਹ ਦੇ ਉਪਰ ਫਿਰ ਮਣ ਬਣਵਾਈ। ਸ੍ਰੀ ਗੁਰੂ ਜੀ ਨੇ ਫਿਰ ਆਪਣੇ ਮੁਖ ਤੋਂ ਮਹਿਮਾ ਕੀਤੀ॥੪੩॥

ਗੰਗਾ ਸ੍ਰੋਤ ਹਮਹੁਂ ਇਤ ਆਨਾ। ਪਾਵਨ ਕੀਨਿ ਲਾਇ ਉਦਪਾਨਾ।
ਜਿਮ ਇਸ਼ਨਾਨ ਸੁਰਸਰੀ ਕੇਰਾ। ਮਿਟਹਿਂ ਬ੍ਰਿੰਦ ਅਘ, ਪਾਵਨ ਫੇਰਾ॥ ੪੪॥

ਮਾਨੋਂ ਗੰਗਾ ਦਾ ਪ੍ਰਵਾਹ ਅਸੀਂ ਏਥੇ ਲਿਆਂਦਾ ਹੈ, ਖੂਹ ਲਾ ਕੇ ਪਵਿੱਤਰ ਕਰ ਦਿੱਤਾ ਹੈ। ਜਿਵੇਂ ਗੰਗਾ ਵਿਚ ਇਸ਼ਨਾਨ ਕਰਨ ਨਾਲ ਸਭ ਪਾਪ ਮਿੱਟ ਜਾਂਦੇ ਹਨ ਅਤੇ ਮਨੁੱਖ ਫਿਰ ਪਵਿੱਤਰ ਹੋ ਜਾਂਦਾ ਹੈ॥੪੪॥

ਸ੍ਰੀ ਸਤਿਗੁਰ ਇਤ ਕਰਤਿ ਸ਼ਨਾਨੇ। ਕਈ ਬਾਰ ਸ੍ਰੀ ਬਦਨ ਬਖਾਨੇ।
ਯਾਂਤੇ ਮਹਿਮਾ ਜੁਤਿ ਉਦਪਾਨ। ਕਰਹਿਂ ਸੰਗਤਾਂ ਆਨਿ ਸ਼ਨਾਨ॥ ੪੫॥

ਸ੍ਰੀ ਸਤਿਗੁਰੂ ਜੀ ਏਥੇ ਇਸ਼ਨਾਨ ਕਰਦੇ ਸਨ ਤੇ ਕਈ ਵਾਰ ਆਪਣੇ ਮੁਖ ਨਾਲ ਕਹਿੰਦੇ ਸਨ। ਇਸ ਕਰਕੇ ਇਹ ਖੂਹ ਮਹਿਮਾ ਸਹਿਤ ਹੈ, ਸੰਗਤਾਂ ਆ ਕੇ ਇਸ਼ਨਾਨ ਕਰਦੀਆਂ ਹਨ॥੪੫॥

ਤਬਿ ਕੋ ਇਹ ਸ੍ਰੀ ਅਰਜਨ ਨਾਥ। ਕੂਪ ਕਰਾਯਹੁ ਮਹਿਮਾ ਸਾਥ'।
ਸ੍ਰੀ ਹਰਿਰਾਇ ਸੁਨਤਿ ਹਰਖਾਇ। 'ਧੰਨ ਧੰਨਾ' ਬਕਤਾ ਪ੍ਰਤਿ ਗਾਏ॥ ੪੬॥

ਤਦ ਦਾ ਸਵਾਮੀ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਵੱਡੀ ਮਹਿਮਾ ਸਹਿਤ ਇਹ ਖੂਹ ਲਵਾਇਆ ਹੈ।'' ਸ੍ਰੀ ਹਰਿਰਾਇ ਜੀ ਸੁਣ ਕੇ ਪ੍ਰਸੰਨ ਹੋਏ ਤੇ ਕਿਹਾ, ''ਧੰਨ ਧੰਨ'' ਸ੍ਰੀ ਗੁਰੂ ਅਰਜਨ ਦੇਵ ਜੀ ਕਹਿ ਕੇ ਸਭ ਨੂੰ ਸੁਣਾਇਆ॥੪੬॥

ਉਠਿ ਕਰਿ ਆਏ ਪੁਨ ਨਿਜ ਡੇਰੇ। ਖਾਨ ਪਾਨ ਸੁਪਤੇ ਇਸ ਬੇਰੇ।
ਸਵਾਜਾਮ ਤੇ ਜਾਗ੍ਰਨਿ ਕਰੈਂ। ਸੋਚ ਸ਼ਨਾਨ ਆਦਿ ਸਭਿ ਧਰੈਂ॥ ੪੭॥

ਫਿਰ ਉਠ ਕੇ ਆਪਣੇ ਡੇਰੇ ਆ ਗਏ ਤੇ ਖਾ ਪੀ ਕੇ ਉਸ ਸਮੇਂ ਸੌਂ ਗਏ। ਸਵਾ ਪਹਿਰ ਰਾਤ ਰਹਿੰਦਿਆਂ ਜਾਗ ਪੈਂਦੇ ਸਨ ਤੇ ਸੋਚ ਇਸ਼ਨਾਨ ਆਦਿ ਸਭ ਧਾਰਨ ਕਰਦੇ ਸਨ॥੪੭॥

ਦਸਵੀਂ ਰਾਸ ਦਾ ਅਠਾਰ੍ਹਵਾਂ ਅਧਿਆਇ ਸਮਾਪਤ ਹੋਇਆ॥੧੮॥

❖❖❖

# ਅਧਿਆਇ ਉੱਨੀਵਾਂ

*ਰਾਮਰਾਇ ਬਾਬਤ ਧੀਰਮਲ ਦਾ ਗੁਰੂ ਜੀ ਨੂੰ ਕਹਿਣਾ*

ਦੋਹਰਾ- ਰਾਮਰਾਇ ਪਾਤੀ ਲਿਖੀ ਧੀਰਮੱਲ ਕੇ ਸਾਥ।
ਅਪਨੀ ਮਹਿਮਾ ਬਹੁਤ ਬਿਧਿ ਜਿਮ ਬੀਤੀ ਸਭਿ ਗਾਥ॥ ੧॥

ਸ੍ਰੀ ਰਾਮਰਾਇ ਨੇ ਧੀਰਮਲ ਨੂੰ ਚਿੱਠੀ ਲਿਖੀ, ਜਿਸ ਵਿਚ ਆਪਣੀ ਬਹੁਤ ਮਹਿਮਾ ਕੀਤੀ ਜਿਵੇਂ ਬਾਦਸ਼ਾਹ ਦੇ ਨਾਲ ਪ੍ਰਸੰਗ ਹੋਇਆ ਸੀ॥੧॥

ਚੌਪਈ- 'ਸੁਨਿ ਤਾਯਾ ਜੀ! ਇਹ ਬਿਪਰੀਤ। ਜਜੋਂ ਮੈਂ ਕਰੀ ਲਖਹੁ ਸੁਭ ਰੀਤਿ।
ਦਿੱਲੀ ਪੁਰਿ ਮਹਿਂ ਅਵਰੰਗ ਤੀਰ। ਮਿਲਨਿ ਹੇਤੁ ਕਿਸਹੁਂ ਨ ਧਰਿ ਧੀਰ॥੨॥

'ਸੁਣੋ ਤਾਇਆ ਜੀ! ਇਹ ਉਲਟੀ ਰੀਤ ਹੈ, ਜੋ ਮੈਂ ਕੀਤਾ ਹੈ, ਉਸ ਸ਼ੁਭ ਰੀਤ ਨੂੰ ਸਮਝੋ। ਦਿੱਲੀ ਨਗਰੀ ਵਿਚ ਨੌਰੰਗੇ ਦੇ ਪਾਸ ਕਿਸੇ ਨੇ ਵੀ ਗੁਰੂ ਜੀ ਵਲੋਂ ਮਿਲਣ ਦਾ ਧੀਰਜ ਨਹੀਂ ਸੀ ਧਾਰਿਆ॥੨॥

ਠਟਕ ਰਹੇ ਲਖਿ ਕੂਰ ਬਡੇਰਾ। ਮਾਨਹਿ ਗੁਰ ਨ ਸਾਧ ਕਿਸ ਬੇਰਾ।
ਅਜ਼ਮਤ ਜੁਤਿ ਕੇਤੇ ਮੌਰਵਾਏ। ਬਿਦਤਿ ਸਭਿਨਿ ਮਹਿਂ ਨਹਿਂ ਗੁਪਤਾਏ॥੩॥

ਵੱਡਾ ਨਿਰਦਈ ਸਮਝ ਕੇ ਝਿਜਕਦੇ ਰਹੇ, ਜਿਹੜਾ ਨੌਰੰਗਾ ਗੁਰੂ ਤੇ ਸਾਧ ਨੂੰ ਕਿਸੇ ਵੇਲੇ ਵੀ ਨਹੀਂ ਮੰਨਦਾ। ਕਰਾਮਾਤਾਂ ਸਹਿਤ ਕਈ ਮਰਵਾ ਦਿੱਤੇ, ਇਹ ਸਭ ਵਿਚ ਪ੍ਰਗਟ ਹੈ, ਕੋਈ ਲੁਕੀ ਛਿੱਪੀ ਗੱਲ ਨਹੀਂ ਹੈ॥੩॥

ਅਲਪ ਆਰਬਲ ਤਿਸ ਦਿਨ ਮੇਰੀ। ਆਇਸੁ ਮਾਨੀ ਗੁਰ ਪਿਤ ਕੇਰੀ।
ਬਿਨ ਸੰਸੈ ਤਜਾਰੀ ਕਰਿ ਲੀਨਿ। ਸਤਿਗੁਰ ਬਚ ਪਰ ਨਿਸ਼ਚਾ ਕੀਨਿ॥੪॥

ਉਸ ਸਮੇਂ ਮੇਰੀ ਬੜੀ ਛੋਟੀ ਉਮਰ ਸੀ, ਗੁਰੂ ਪਿਤਾ ਜੀ ਦੀ ਮੈਂ ਆਗਿਆ ਮੰਨੀ। ਕਿਸੇ ਸ਼ੰਕਾ ਤੋਂ ਬਗੈਰ ਤਿਆਰੀ ਕਰ ਲਈ ਤੇ ਸਤਿਗੁਰੂ ਜੀ ਦੇ ਬਚਨਾਂ 'ਤੇ ਨਿਸ਼ਚਾ ਕੀਤਾ॥੪॥

ਮਰਨਿ ਆਦਿ ਕੋ ਭਯ ਨਿਰਵਾਰਾ। ਹੁਕਮ ਮਾਨਿ ਮਾਰਗ ਪਗ ਡਾਰਾ।
ਪਹੁੰਚਜੋ ਜਾਇ ਤੁਰਕ ਪੁਰਿ ਬੀਚ। ਜਹਾਂ ਸੰਤ ਦ੍ਰੋਹੀ ਮਤਿ ਨੀਚ॥੫॥

ਮਰਨ ਆਦਿ ਦੇ ਭੈਅ ਨੂੰ ਦੂਰ ਕੀਤਾ, ਹੁਕਮ ਮੰਨ ਕੇ ਮਾਰਗ ਵਿਚ ਪੈਰ ਰਖਿਆ ਤੇ ਤੁਰਕਾਂ ਦੇ ਨਗਰ ਦੇ ਵਿਚ ਪਹੁੰਚ ਗਿਆ ਜਿਥੇ ਸੰਤਾਂ ਦਾ ਵੈਰੀ ਨੀਚ ਮੱਤ ਵਾਲਾ ਨੌਰੰਗਾ ਰਹਿੰਦਾ ਹੈ॥੫॥

ਪੂਰਬ ਕੀਨਹਿ ਕਪਟ ਬਡੇਰਾ। ਛਾਂਗ ਜਿਵਾਵਨਿ ਕੋ ਤਬਿ ਪ੍ਰੇਰਾ।
ਖਾਲ ਅਸਥਿ ਮੈਂ ਸਾਂਭ ਸੁ ਧਰੇ। ਕਾਜ਼ੀ ਸਦਨ ਪਠਨਿ ਪਗ ਕਰੇ॥੬॥

ਪਹਿਲਾ ਹੀ ਉਸ ਨੇ ਬਹੁਤ ਵੱਡਾ ਕਪਟ ਕੀਤਾ ਤੇ ਬੱਕਰਾ ਜੀਉਂਦਾ ਕਰਨ ਵਾਸਤੇ ਕਿਹਾ। ਮੈਂ ਬੱਕਰੇ ਦੀਆਂ ਅਸਥੀਆਂ ਖੱਲ ਵਿਚ ਸਾਂਭ ਕੇ ਰੱਖ ਲਈਆਂ ਤੇ ਕਾਜ਼ੀ ਦੇ ਘਰ ਵੀ ਬੱਕਰੇ ਦੀ ਇਕ ਲੱਤ ਭੇਜ ਦਿੱਤੀ॥੬॥

ਭਈ ਭੋਰ ਹਠ ਕੀਨਿ ਬਿਸਾਲਾ। ਛਾਂਗ ਜਿਵਾਇ ਦੇਹੁ ਇਸ ਕਾਲਾ।
ਅਸਥੀ ਚਰਮ ਨਹੀਂ ਜੇ ਰਾਖੋਂ। ਕਹਾਂ ਜਿਵਾਵਨਿ ਪੁਨ ਅਭਿਲਾਖੋਂ॥੭॥

ਜਦ ਸਵੇਰ ਹੋਈ ਤਾਂ ਨੌਰੰਗੇ ਨੇ ਬਹੁਤ ਹੱਠ ਕੀਤਾ ਤੇ ਕਿਹਾ ਇਸ ਸਮੇਂ ਬੱਕਰਾ ਜਿਵਾ ਦੇਵੇਂ। ਜੇ ਮੈਂ ਅਸਥੀਆਂ ਅਤੇ ਖੱਲ ਨਾ ਰਖਦਾ ਤਾਂ ਫਿਰ ਜਿਵਾਉਣ ਦੀ ਕਿਵੇਂ ਇੱਛਾ ਕਰ ਸਕਦਾ ਸੀ॥੭॥

ਬਿਗਰ ਸੁ ਪਰਤਿ ਤੁਰਕ ਮਦ ਮੱਤਾ। ਸਭਿ ਜਾਨਹਿ ਦੁਰਮਤਿ ਚਵਗੱਤਾ।
ਬਹੁਰ ਜ਼ਹਿਰ ਪੋਸ਼ਿਸ਼ ਕੋ ਪਠਿ ਕਰਿ। ਪਹਿਰ ਅਚਾਨਕ ਪ੍ਰਾਨਨਿ ਪਰਹਰਿ॥੮॥

ਮਾੜੀ ਬੁੱਧੀ ਵਾਲਾ ਤੁਰਕ ਵਿਗੜ ਪੈਂਦਾ, ਸਾਰੇ ਭੈੜੀ ਮੱਤ ਵਾਲੇ ਚਵਗੱਤੇ ਨੂੰ ਜਾਣਦੇ ਹਨ। ਫਿਰ ਜ਼ਹਿਰ ਲੱਗੀ ਪੁਸ਼ਾਕ ਭੇਜ ਕੇ ਅਚਾਨਕ ਪਹਿਣਾ ਕੇ ਪ੍ਰਾਣ ਲੈਣਾ ਚਾਹੁੰਦਾ ਸੀ॥੮॥

ਇਸ ਤੇ ਆਦਿ ਕਹਾਂ ਲੌ ਕਹੀਅਹਿ। ਸਗਰੇ ਜਗਤ ਬਿਦਤਿ ਹੀ ਲਹੀਅਹਿ।
ਜਜੌਂ ਜਜੌਂ ਕਰਿ ਹਜ਼ਰਤ ਅਪਨਾਯੋ। ਰਸ ਰਾਖਯੋ ਜਸੁ ਸਭਿ ਪਰ ਛਾਯੋ॥੯॥

ਇਸ ਤੋਂ ਆਦਿ ਕਿਥੋਂ ਤਕ ਕਹਾਂ, ਸਾਰੇ ਜਗਤ ਵਿਚ ਪ੍ਰਗਟ ਵੇਖ ਲਵੋ। ਜਿਵੇਂ ਜਿਵੇਂ ਕਰਕੇ ਬਾਦਸ਼ਾਹ ਨੇ ਅਪਨਾਇਆ, ਮੈਂ ਰਸ ਰਖਿਆ ਤੇ ਮੇਰਾ ਜਸ ਸਭ ਉੱਤੇ ਛਾ ਗਿਆ॥੯॥

ਅਨਿਕ ਭਾਂਤਿ ਕੀ ਕਰਿ ਚਤੁਰਾਈ। ਕਰਾਮਾਤ ਬਹੁਮਤਿ ਦਿਖਰਾਈ।
ਦੁਸ਼ਟ ਸਭਾ ਅਵਰੰਗ ਕੀ ਸਾਰੀ। ਬਹੁ ਬਾਰੀ ਬਹੁ ਕੀਨਿ ਬਿਗਾਰੀ॥੧੦॥

ਅਨੇਕ ਪ੍ਰਕਾਰ ਦੀ ਚਤੁਰਾਈ ਕਰਕੇ ਬਹੁਤ ਬੁੱਧੀ ਨਾਲ ਕਰਾਮਾਤ ਵਿਖਾਈ। ਨੌਰੰਗੇ ਦੀ ਸਾਰੀ ਸਭਾ ਦੁਸ਼ਟਾਂ ਨਾਲ ਭਰੀ ਸੀ। ਉਨ੍ਹਾਂ ਨੇ ਬਹੁਤ ਵਾਰ ਬਹੁਤ ਵਿਗਾੜ ਕੀਤਾ॥੧੦॥

ਨਿਜ ਮਤਿ ਬਲ ਕਰਿ ਸਕਲ ਦਬਾਏ। ਸ੍ਰੀ ਨਾਨਕ ਕੋ ਜਸੁ ਬਿਦਤਾਏ।
ਤਨਕ ਬਾਤ ਪਰ ਪਿਤਾ ਰਿਸਾਏ। ਜੇ ਨਹਿ ਕਰਤਿ ਸਭਾ ਬਿਗਰਾਏ॥੧੧॥

ਮੈਂ ਆਪਣੀ ਬੁੱਧੀ ਦੇ ਬਲ ਨਾਲ ਸਭ ਨੂੰ ਦਬਾਇਆ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਸ ਪ੍ਰਗਟ ਕੀਤਾ। ਛੋਟੀ ਜਿਹੀ ਗੱਲ ਉੱਤੇ ਪਿਤਾ ਜੀ ਗੁੱਸਾ ਕਰ ਗਏ। ਜੇ ਉਹ ਗੱਲ ਮੈਂ ਨਾ ਕਰਦਾ ਤਾਂ ਨੌਰੰਗੇ ਨੂੰ ਸਭਾ ਵਿਗਾੜ ਦਿੰਦੀ॥੧੧॥

ਕਹਿ ਭੇਜਯੋ ਨਿਜ ਮੁਖ ਨ ਦਿਖਾਵਹੁ। ਚਹਹੁ ਰਹਹੁ ਕੈ ਕਹੂੰ ਸਿਧਾਵਹੁ।
ਉਚਿਤ ਨਹੀਂ ਗੁਰਤਾ ਕੇ ਜਾਨਾ। ਬ੍ਰਿੰਦ ਦੋਸ਼ ਕੋ ਮੋ ਪਰ ਠਾਨਾ॥੧੨॥

ਮੈਨੂੰ ਕਹਿ ਭੇਜਿਆ ਹੈ ਕਿ ਮੈਂ ਮੂੰਹ ਨਾ ਵਿਖਾਵਾਂ, ਜਿਥੇ ਚਾਹੁੰਦੇ ਹੋ ਰਹੋ ਜਾਂ ਕਿਤੇ ਚਲੇ ਜਾਵੋ। ਮੈਨੂੰ ਗੁਰਗੱਦੀ ਦੇਣ ਦੇ ਉਚਿਤ ਨਹੀਂ ਸਮਝਿਆ ਹੈ, ਬਹੁਤ ਦੋਸ਼ ਮੇਰੇ ਉੱਤੇ ਲਾਏ ਹਨ॥੧੨॥

ਸਤਿਗੁਰ ਮਮ ਪਿਤ ਭ੍ਰਾਤ ਤੁਹਾਰੇ। ਅਬਿ ਲੌ ਕੁਛ ਨਹਿ ਪਰਜੋ ਬਿਗਾਰੋ।
ਲਘੁ ਸੁਤ ਕੀ ਚਾਹਤਿ ਬਡਿਆਈ। ਅਰਪਹਿੰਗੇ ਜਗ ਕੀ ਗੁਰਿਆਈ॥੧੩॥

ਮੇਰੇ ਪਿਤਾ ਸਤਿਗੁਰੂ ਜੀ ਤੁਹਾਡੇ ਭਰਾ ਹਨ, ਹੁਣ ਤਕ ਕੁਝ ਵੀ ਵਿਗਾੜ ਨਹੀਂ ਪਿਆ ਹੈ, ਉਹ ਛੋਟੇ ਪੁੱਤਰ ਦੀ ਵਡਿਆਈ ਚਾਹੁੰਦੇ ਹਨ ਤੇ ਜਗਤ ਦੀ ਗੁਰਿਆਈ ਉਸ ਨੂੰ ਅਰਪਣ ਕਰਨਗੇ॥੧੩॥

ਆਪ ਕਰਹੁ ਸਮੁਝਾਵਨਿ ਆਛੇ। ਹ੍ਵੈ ਨ ਬਿਖੇਰਾ ਇਨ ਤੇ ਪਾਛੇ।
ਜਾਂਤੇ ਜਥਾ ਜੋਗ ਕ੍ਰਿਤ ਬਨੈ। ਜਿਸ ਤੇ ਸਭਿ ਜਗ ਆਛੀ ਭਨੈ॥੧੪॥

ਤੁਸੀਂ ਉਨ੍ਹਾਂ ਨੂੰ ਚੰਗੀ ਤਰ੍ਹਾਂ ਸਮਝਾਵੋ। ਇਨ੍ਹਾਂ ਤੋਂ ਬਾਅਦ ਵਿਚ ਕੋਈ ਬਿਖੇੜਾ ਨਾ ਖੜਾ ਹੋ ਜਾਵੇ, ਇਸ ਕਰਕੇ ਜਥਾਯੋਗ ਕਾਰਜ ਬਣੇ, ਜਿਸ ਨੂੰ ਫਿਰ ਸਾਰਾ ਜੱਗ ਚੰਗਾ ਕਹੇ॥੧੪॥

ਹੇਰਹੁ ਪੂਰਬ ਬਡੇ ਹਮਾਰੇ। ਸ੍ਰੀ ਗੁਰ ਰਾਮਦਾਸ ਮਤਿ ਭਾਰੇ।
ਲਾਇਕ ਜੇਠੋ ਸੁਤ ਨ ਬਿਚਾਰਾ। ਦਿਯੋ ਅਲਪ ਕੋ ਨਿਜ ਅਧਿਕਾਰਾ ॥ ੧੫ ॥

ਪਹਿਲਾਂ ਆਪਣੇ ਵਡੇਰੇ ਵੇਖੋ, ਸ੍ਰੀ ਗੁਰੂ ਰਾਮਦਾਸ ਜੀ ਵੱਡੇ ਬੁਧੀਮਾਨ ਸਨ। ਉਨ੍ਹਾਂ ਨੇ ਆਪਣੇ ਜੇਠੇ ਪੁੱਤਰ ਨੂੰ ਗੱਦੀ ਦੇ ਲਾਇਕ ਨਾ ਜਾਣਿਆ ਤੇ ਛੋਟੇ ਪੁੱਤਰ ਨੂੰ ਆਪਣਾ ਅਧਿਕਾਰ ਦੇ ਦਿੱਤਾ ॥੧੫ ॥

ਆਪ ਅਛਤ ਕ੍ਰਿਤ ਤੌ ਕਰਿ ਗਏ। ਪੀਛੈ ਅਧਿਕ ਉਪੱਦ੍ਰਵ ਭਏ।
ਸ੍ਰੀ ਅਰਜਨ ਦੁਸ਼ਟਨਿ ਘਰ ਜਾਇ। ਤਜਜੋ ਸਰੀਰ ਖੇਦ ਕੋ ਪਾਇ ॥ ੧੬ ॥

ਆਪ ਚੰਗਾ ਕੰਮ ਤਾਂ ਕਰ ਗਏ, ਉਨ੍ਹਾਂ ਦੇ ਬਾਅਦ ਵਿਚ ਬਹੁਤ ਉਪੱਦਰ ਖੜੇ ਹੋ ਗਏ। ਸ੍ਰੀ ਗੁਰੂ ਅਰਜਨ ਦੇਵ ਜੀ ਦੁਸ਼ਟਾਂ ਦੇ ਘਰ ਜਾ ਕੇ, ਬਹੁਤ ਦੁਖ ਪਾ ਕੇ ਸਰੀਰ ਛੱਡ ਗਏ ॥੧੬ ॥

ਪ੍ਰਿਥੀਏ ਕੀਨੇ ਦੁਖਦ ਉਪਾਊ। ਸੁਖ ਸੌਂ ਬੈਠਨਿ ਦਿਯ ਨ ਕਦਾਊ।
ਬਿਦਤ ਜਗਤ ਮਹਿਂ ਲਖਹੁ ਕਹਾਨੀ। ਸੋ ਅਬਿ ਰੀਤਿ ਪਿਤਾ ਗੁਰ ਠਾਨੀ ॥੧੭ ॥

ਪ੍ਰਿਥੀਏ ਨੇ ਬਹੁਤ ਦੁਖਦਾਇਕ ਉਪਾਅ ਕੀਤੇ ਤੇ ਗੁਰੂ ਅਰਜਨ ਦੇਵ ਜੀ ਨੂੰ ਕਦੇ ਵੀ ਸੁਖ ਨਾਲ ਬੈਠਣ ਨਾ ਦਿੱਤਾ। ਇਹ ਕਹਾਣੀ ਸਾਰੇ ਜਗਤ ਵਿਚ ਪ੍ਰਗਟ ਹੋਈ, ਤੁਸੀਂ ਸਮਝਦੇ ਹੋ, ਉਹੋ ਰੀਤ ਹੁਣ ਪਿਤਾ ਗੁਰੂ ਜੀ ਨੇ ਧਾਰਨ ਕੀਤੀ ਹੈ ॥੧੭ ॥

ਕਯਾ ਮੈਂ ਪ੍ਰਿਥੀਏ ਸਮਸਰ ਨਹੀਂ ?। ਹਜ਼ਰਤ ਨਿਕਟਿ ਬਿਦਤ ਜਹਿਂ ਕਹੀ।
ਸਮਰਥ ਹੌਂ ਸਭਿ ਜਤਨ ਬਨਾਵਨਿ। ਕਰਨ ਬਿਖੇਰਾ ਜਯੋਂ ਮਨ ਭਾਵਨਿ ॥੧੮ ॥

ਕੀ ਮੈਂ ਪ੍ਰਿਥੀਏ ਦੇ ਬਰਾਬਰ ਨਹੀਂ, ਬਾਦਸ਼ਾਹ ਦੇ ਪਾਸ ਜਿਥੇ ਕਿਥੇ ਪ੍ਰਸਿੱਧ ਹਾਂ। ਮੈਂ ਸਾਰੇ ਯਤਨ ਬਣਾਉਣ ਦੇ ਸਮਰੱਥ ਹਾਂ। ਆਪਣੇ ਮਨ ਭਾਉਂਦਾ ਬਿਖੇੜਾ ਖੜਾ ਕਰ ਸਕਦਾ ਹਾਂ ॥੧੮ ॥

ਦਾਦੀ ਨੇਤੀ ਕਹੁ ਲੇ ਸੰਗ। ਕਰਹੁ ਸੰਬਾਦ ਉਚਾਰਿ ਪ੍ਰਸੰਗ।
ਕਯੋਂ ਨਿਜ ਘਰ ਮਹਿਂ ਚਹਹੁ ਬਿਖੇਰਾ। ਜਿਮ ਪ੍ਰਿਥੀਏ ਗੁਰ ਅਰਜਨ ਕੇਰਾ ॥੧੯ ॥

ਮੇਰੀ ਦਾਦੀ ਨੇਤੀ ਨੂੰ ਨਾਲ ਲੈ ਕੇ ਸਾਰਾ ਪ੍ਰਸੰਗ ਉਚਾਰਨ ਕਰਕੇ ਗੱਲਬਾਤ ਕਰੋ। ਆਪਣੇ ਘਰ ਵਿਚ ਕਿਉਂ ਬਖੇੜਾ ਚਾਹੁੰਦੇ ਹੋ, ਜਿਵੇਂ ਪ੍ਰਿਥੀਏ ਨੇ ਗੁਰੂ ਅਰਜਨ ਦੇਵ ਜੀ ਨਾਲ ਕੀਤਾ ਸੀ ॥੧੯ ॥

ਗੁਰਤਾ ਲੇਨ ਅਹੈ ਮਮ ਦਾਵਾ। ਅਲਪ ਪੁੱਤ੍ਰ ਕਿਮ ਚਹਹੁ ਬਨਾਵਾ'।
ਇੱਤਯਾਦਿਕ ਲਿਖਿ ਕਰਿ ਨਿਜ ਪਾਤੀ। ਪਠਯੋ ਦੂਤ ਸੁਲਗਤਿ ਜਿਸ ਛਾਤੀ ॥੨੦ ॥

ਗੁਰਤਾ ਲੈਣ ਦਾ ਮੇਰਾ ਹੱਕ ਹੈ, ਛੋਟੇ ਪੁੱਤਰ ਨੂੰ ਕਿਵੇਂ ਬਣਾਉਣਾ ਚਾਹੁੰਦੇ ਹਨ।'' ਇੱਤਿਆਦਿਕ ਆਪਣੀ ਚਿੱਠੀ ਲਿਖ ਕੇ ਸ੍ਰੀ ਰਾਮਰਾਇ ਨੇ ਜਿਸ ਦੀ ਛਾਤੀ ਧੁਖਦੀ ਸੀ, ਆਪਣਾ ਦੂਤ ਧੀਰਮਲ ਵਲ ਭੇਜਿਆ ॥੨੦ ॥

ਸੋ ਲੇ ਧੀਰਮੱਲ ਢਿਗ ਆਯੋ। 'ਮਸਤਕ ਟੇਕਹਿ' ਪ੍ਰਥਮ ਸੁਨਾਯੋ।
'ਤੁਮਰੇ ਪਰ ਧਰਿ ਕਰਿ ਬਿਸਵਾਸਾ। ਦਈ ਪੱਤ੍ਰਿਕਾ ਭੇਜਯੋ ਪਾਸਾ' ॥ ੨੧ ॥

ਉਹ ਦੂਤ ਚਿੱਠੀ ਨੂੰ ਲੈ ਕੇ ਧੀਰਮਲ ਪਾਸ ਆਇਆ, ''ਮੱਥਾ ਟੇਕਦਾ ਹਾਂ'' ਪਹਿਲਾਂ ਸੁਣਾਇਆ ਫਿਰ ਕਿਹਾ, ''ਤੁਹਾਡੇ ਉੱਤੇ ਵਿਸ਼ਵਾਸ ਧਾਰਨ ਕਰਕੇ, ਸ੍ਰੀ ਰਾਮਰਾਇ ਨੇ ਚਿੱਠੀ ਦੇ ਕੇ ਤੁਹਾਡੇ ਪਾਸ ਭੇਜਿਆ ਹੈ'' ॥੨੧ ॥

ਖੋਲਿ ਪਠੀ ਆਸ਼ੈ ਸਭਿ ਜਾਨਾ। ਹਿਤੂ ਆਪਨੋ ਕਰਿ ਬਹੁ ਮਾਨਾ।
ਧੀਰਮੱਲ ਦੇ ਧੀਰ ਬਡੇਰੀ। ਰਾਖਯੋ ਨਿਕਟਿ ਦੂਤ ਤਿਸ ਬੇਰੀ ॥ ੨੨ ॥

ਚਿੱਠੀ ਖੋਲ੍ਹ ਕੇ ਪੜ੍ਹੀ ਤੇ ਸਾਰੇ ਆਸ਼ੇ ਨੂੰ ਜਾਣਿਆ ਤੇ ਆਪਣਾ ਕਰ ਕੇ ਮੰਨਿਆ। ਧੀਰਮਲ ਨੇ ਬਹੁਤ ਧੀਰਜ ਦੇ ਕੇ ਦੂਤ ਨੂੰ ਉਸ ਸਮੇਂ ਆਪਣੇ ਪਾਸ ਰਖਿਆ॥੨੨॥

ਇਕ ਦਿਨ ਮਾਤਾ ਨੇਤੀ ਸੰਗ। ਬਰਨਨਿ ਕੀਨੋ ਸਕਲ ਪ੍ਰਸੰਗ।
'ਜਥਾ ਜੋਗ ਜੇ ਹੋਵਤਿ ਬਾਤ। ਤੌ ਨਹਿਂ ਹੋਇ ਸਕਹਿ ਉਤਪਾਤ॥ ੨੩॥

ਇਕ ਦਿਨ ਆਪਣੀ ਮਾਤਾ ਨੇਤੀ ਜੀ ਨਾਲ ਸਾਰਾ ਪ੍ਰਸੰਗ ਵਰਣਨ ਕੀਤਾ, "ਯਥਾਯੋਗ ਜਿਹੜੀ ਗੱਲ ਹੁੰਦੀ ਹੈ, ਫਿਰ ਕੋਈ ਝਗੜਾ ਖੜਾ ਨਹੀਂ ਹੁੰਦਾ ਹੈ॥੨੩॥

ਕ੍ਰਿਤ ਅਨੁਚਿਤ ਬਨਹਿ ਦੁਖਦਾਈ। ਸ੍ਰੀ ਹਰਿਰਾਇ ਦੇਹੁ ਸਮੁਝਾਈ।
ਜੇਸ਼ਟ ਪੁੱਤ੍ਰ ਭਲੇ ਅਧਿਕਾਰੀ। ਮਹਾਂ ਸੁਮਤਿ ਜੁਤਿ ਲੇਹੁ ਬਿਚਾਰੀ॥ ੨੪॥

ਅਜੋਗ ਕਾਰਜ ਦੁਖਦਾਇਕ ਬਣ ਜਾਂਦਾ ਹੈ, ਸ੍ਰੀ ਹਰਿਰਾਇ ਜੀ ਨੂੰ ਸਮਝਾ ਦੇਵੋ। ਵੱਡਾ ਪੁੱਤਰ ਭਲੀ ਪ੍ਰਕਾਰ ਹੱਕਦਾਰ ਹੁੰਦਾ ਹੈ, ਮਹਾਂ ਸ੍ਰੇਸ਼ਟ ਮੱਤ ਸਹਿਤ ਵਿਚਾਰ ਲਵੋ॥੨੪॥

ਜਿਨ ਕੀਨੋ ਅਵਰੰਗ ਅਨੁਸਾਰੇ। ਅਵਰਨਿ ਕੀ ਕਹਾ ਬਾਤ ਬਿਚਾਰੇ'।
ਇਮ ਸਮੁਝਾਇ ਮਾਤ ਕੋ ਭਲੇ। ਸ੍ਰੀ ਹਰਿਰਾਇ ਨਿਕਟ ਪੁਨ ਚਲੇ॥ ੨੫॥

ਜਿਸ ਨੇ ਨੌਰੰਗੇ ਨੂੰ ਆਪਣੀ ਆਗਿਆ ਅਨੁਸਾਰ ਕਰ ਲਿਆ ਹੈ ਉਹ ਹੋਰਨਾਂ ਦੀ ਕੀ ਗੱਲ ਵਿਚਾਰੇਗਾ।" ਇਸ ਤਰ੍ਹਾਂ ਆਪਣੀ ਮਾਤਾ ਜੀ ਨੂੰ ਭਲੀ ਪ੍ਰਕਾਰ ਸਮਝਾਇਆ, ਫਿਰ ਸ੍ਰੀ ਹਰਿਰਾਇ ਜੀ ਦੇ ਪਾਸ ਆਏ॥੨੫॥

ਹੁਤੇ ਇਕਾਕੀ ਹੇਰੇ ਜਾਇ। ਸਤਿਗੁਰ ਸਾਦਰ ਲਏ ਬਿਠਾਇ।
ਨੇਤੀ ਜਨਨੀ ਗਿਰਾ ਉਚਾਰੀ। 'ਆਪ ਪ੍ਰਬੀਨ ਸਕਲ ਮਤਿ ਭਾਰੀ॥ ੨੬॥

ਉਥੇ ਜਾ ਕੇ ਇਕੱਲੇ ਬੈਠਿਆਂ ਨੂੰ ਵੇਖਿਆ, ਸਤਿਗੁਰੂ ਜੀ ਨੇ ਬੜੇ ਆਦਰ ਨਾਲ ਬਿਠਾ ਲਿਆ। ਮਾਤਾ ਨੇਤੀ ਨੇ ਫਿਰ ਕਿਹਾ, "ਆਪ ਨਿਪੁੰਨ ਹੋ, ਹਰ ਪ੍ਰਕਾਰ ਆਪ ਦੀ ਸ੍ਰੇਸ਼ਟ ਬੁੱਧੀ ਹੈ॥੨੬॥

ਬਾਲ ਆਰਬਲ ਮਹਿਂ ਨਿਜ ਗੁਨ ਤੇ। ਲਿਏ ਰਿਝਾਇ ਪਿਤਾਮਾ ਮਨ ਤੇ।
ਜਿਸ ਤੇ ਉਚਿਤ ਪੁੱਤ੍ਰ ਸਭਿ ਤਜਾਗੇ। ਗੁਰਤਾ ਤੁਮਹਿਂ ਦਈ ਅਨੁਰਾਗੇ॥੨੭॥

ਆਪਣੇ ਨਿੱਜੀ ਗੁਣਾਂ ਕਰਕੇ ਬਾਲ ਅਵਸਥਾ ਤੋਂ ਆਪਣੇ ਪਿਤਾਮਾ ਜੀ ਨੂੰ ਪ੍ਰਸੰਨ ਕਰ ਲਿਆ ਸੀ, ਜਿਸ ਕਰਕੇ ਉਨ੍ਹਾਂ ਉਚਿਤ ਪੁੱਤਰ ਸਭ ਤਿਆਗ ਦਿੱਤੇ ਤੇ ਪ੍ਰੇਮ ਨਾਲ ਗੁਰਤਾ ਤੁਹਾਨੂੰ ਦਿੱਤੀ॥੨੭॥

ਯਾਂ ਤੇ ਕਹਿਬੋ ਬਨਹਿ ਨ ਕੋਈ। ਜੋ ਕੁਛ ਕਰਹੁ ਭਲੀ ਬਿਧਿ ਸੋਈ।
ਤੁਮਰੋ ਬਡੋ ਭ੍ਰਾਤ ਭੀ ਆਯੋ। ਕਹਨਿ ਹੇਤੁ ਜਿਸ ਬਿਧਿ ਬਨਿ ਆਯੋ॥੨੮॥

ਇਸ ਕਰਕੇ ਸਾਡਾ ਕੁਝ ਵੀ ਕਹਿਣਾ ਨਹੀਂ ਬਣਦਾ ਹੈ, ਜੋ ਕੁਝ ਵੀ ਕਰੋ ਉਹ ਹੀ ਭਲੀ ਵਿਧੀ ਅਨੁਸਾਰ ਹੈ। ਤੁਹਾਡਾ ਵੱਡਾ ਭਰਾ ਵੀ ਆਇਆ ਹੈ, ਉਹ ਇਹ ਕਹਿਣ ਆਇਆ ਹੈ ਜਿਸ ਵਿਧੀ ਅਨੁਸਾਰ ਭਲੀ ਪ੍ਰਕਾਰ ਬਣ ਆਵੇ"॥੨੮॥

ਸ੍ਰੀ ਹਰਿਰਾਇ ਸੁਨਤਿ ਪੁਨ ਭਾਖਾ। 'ਕਹਹੁ ਜਥਾ ਉਰ ਕੀ ਅਭਿਲਾਖਾ।
ਇਕ ਜਨਨੀ ਦੂਸਰ ਬਡ ਭ੍ਰਾਤਾ। ਤੁਮਰੇ ਸੁਨਿ ਹੈਂ ਸਰਬ ਬ੍ਰਿਤਾਂਤਾ'॥੨੯॥

ਸ੍ਰੀ ਗੁਰੂ ਹਰਿਰਾਇ ਜੀ ਸੁਣਕੇ ਫਿਰ ਬੋਲੇ, "ਜਿਵੇਂ ਵੀ ਤੁਹਾਡੇ ਦਿਲ ਦੀ ਅਭਿਲਾਸ਼ਾ ਹੈ, ਉਸ ਤਰ੍ਹਾਂ ਹੀ ਕਹੋ। ਇਕ ਮਾਂ ਹੈ, ਦੂਸਰੇ ਵੱਡੇ ਭਰਾ ਹਨ, ਤੁਹਾਡਾ ਸਾਰਾ ਬ੍ਰਿਤਾਂਤ ਸੁਣਦੇ ਹਾਂ"॥੨੯॥

ਧੀਰਮੱਲ ਬੋਲਜੋ ਤਿਹ ਸਮੈ। 'ਜਿਮ ਆਛੀ ਹੁਇ ਸੋ ਕਹਿੰ ਤੁਮੈ।
ਦੀਰਘ ਦ੍ਰਿਸ਼ਟਿ ਬਿਚਾਰਨਿ ਕਰੋ। ਪੂਰਬ ਕੇ ਪ੍ਰਸੰਗ ਚਿਤ ਧਰੋ॥ ੩੦॥

ਉਸ ਸਮੇਂ ਧੀਰਮਲ ਬੋਲਿਆ, "ਜਿਵੇਂ ਚੰਗਾ ਹੋਵੇ ਉਸ ਤਰ੍ਹਾਂ ਹੀ ਮੈਂ ਤੁਹਾਨੂੰ ਕਹਾਂਗਾ। ਵੱਡੀ ਦ੍ਰਿਸ਼ਟੀ ਨਾਲ ਵਿਚਾਰ ਕਰੋ ਤੇ ਪਿਛਲੇ ਪ੍ਰਸੰਗ ਚਿੱਤ ਵਿਚ ਯਾਦ ਕਰੋ॥੩੦॥

ਸ੍ਰੀ ਗੁਰ ਰਾਮਦਾਸ ਜਿਮ ਕੀਨਿ। ਭਏ ਉਪੱਦ੍ਰਵ ਪਾਛੇ ਪੀਨ।
ਲਘ ਸੁਤ ਕੋ ਨਿਜ ਥਲ ਬੈਠਾਰਾ। ਪ੍ਰਿਥੀਏ ਕੀਨੋ ਦ੍ਵੈਸ਼ ਉਦਾਰਾ॥ ੩੧॥

ਸ੍ਰੀ ਗੁਰੂ ਰਾਮਦਾਸ ਜੀ ਨੇ ਜਿਵੇਂ ਕੀਤਾ ਸੀ, ਉਨ੍ਹਾਂ ਦੇ ਬਾਅਦ ਵਿਚ ਵੱਡੇ-ਵੱਡੇ ਉਪੱਦਰ ਖੜੇ ਹੋਏ। ਆਪਣੇ ਛੋਟੇ ਪੁੱਤਰ ਨੂੰ ਆਪਣੇ ਸਥਾਨ 'ਤੇ ਬਿਠਾਇਆ ਤੇ ਪ੍ਰਿਥੀਏ ਨੇ ਵੱਡੀ ਪਧਰ 'ਤੇ ਈਰਖਾ ਕੀਤੀ॥੩੧॥

ਅੰਤ ਸਮੇਂ ਲਗਿ ਢਿਗ ਤੁਰਕੇਸ਼। ਕਰਤੋ ਰਹਜੋ ਪੁਕਾਰ ਹਮੇਸ਼।
ਸ੍ਰੀ ਅਰਜਨ ਕੋ ਕਸ਼ਟ ਉਪਾਵਨਿ। ਨਿਸ ਦਿਨ ਕੀਨੇ ਜਤਨ ਬਨਾਵਨਿ॥੩੨॥

ਅੰਤ ਸਮੇਂ ਤੱਕ ਤੁਰਕ ਬਾਦਸ਼ਾਹ ਪਾਸ ਹਮੇਸ਼ਾਂ ਪੁਕਾਰ ਕਰਦਾ ਰਿਹਾ। ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਦੁਖੀ ਕਰਨ ਵਾਸਤੇ ਦਿਨ ਰਾਤ ਬਹੁਤ ਯਤਨ ਬਣਾਉਂਦਾ ਰਿਹਾ॥੩੨॥

ਲਘੁਤਾ ਅਪਨੀ ਨਾਂਹਿਨ ਚੀਨੀ। ਅਧਿਕ ਸ਼ਰੀਕੇ ਮਹਿਂ ਮਤਿ ਭੀਨੀ।
ਤਿਸ ਹੀ ਝਗਰੇ ਮਹਿਂ ਮਰਿ ਗਯੋ। ਨਹੀਂ ਮੇਲ ਭ੍ਰਾਤਾ ਸੰਗ ਕਿਯੋ॥ ੩੩॥

ਆਪਣੇ ਛੋਟੇਪਨ ਨੂੰ ਨਾ ਵੇਖਿਆ, ਸ਼ਰੀਕੇ ਵਿਚ ਵਾਧੂ ਮੱਤ ਭਿੱਜੀ ਰਹੀ। ਉਸ ਹੀ ਝਗੜੇ ਵਿਚ ਮਰ ਗਿਆ ਪਰ ਆਪਣੇ ਭਰਾ ਨਾਲ ਮੇਲ ਨਹੀਂ ਕੀਤਾ॥੩੩॥

ਸੋ ਬਿਧਿ ਮੈਂ ਨੀਕੇ ਕਰਿ ਜਾਨੀ। ਸਦਨ ਆਪ ਕੇ ਹੁਇ ਤਿਮ ਠਾਨੀ।
ਉਚਿਤ ਪੁੱਤ੍ਰ ਕੋ ਤਜਾਗਨਿ ਕਰਜੋ। ਹਜ਼ਰਤ ਸਾਥ ਸੁਤ ਜਿਨ ਧਰਜੋ॥੩੪॥

ਉਹ ਵਿਧੀ ਮੈਂ ਚੰਗੀ ਤਰ੍ਹਾਂ ਜਾਣੀ ਹੈ, ਤੁਹਾਡੇ ਘਰ ਵੀ ਉਸ ਤਰ੍ਹਾਂ ਹੋਣੀ ਠਣ ਗਈ ਹੈ। ਯੋਗ ਪੁੱਤਰ ਨੂੰ ਤੁਸੀਂ ਤਿਆਗ ਦਿੱਤਾ ਹੈ। ਬਾਦਸ਼ਾਹ ਦੇ ਨਾਲ ਜਿਸ ਦੀ ਚੰਗੀ ਬਣੀ ਹੋਈ ਹੈ॥੩੪॥

ਕਾਰਜ ਘਰ ਕੇ ਸਕਲ ਸੁਧਾਰੇ। ਕਰਿ ਚਤੁਰਾਈ ਜਸੁ ਵਿਸਤਾਰੇ।
ਸੰਗਤ ਬ੍ਰਿੰਦ ਆਪਨੀ ਕੀਨੀ। ਜਿਤ ਕਿਤ ਤੇ ਪੂਜਾ ਬਹੁ ਲੀਨੀ॥ ੩੫॥

ਉਸ ਨੇ ਘਰ ਦੇ ਕਾਰਜ ਸਾਰੇ ਸੁਧਾਰੇ ਹਨ ਅਤੇ ਚਤੁਰਾਈ ਕਰਕੇ ਜਸ ਫੈਲਾਇਆ ਹੈ। ਬਹੁਤ ਸੰਗਤ ਆਪਣੀ ਬਣਾਈ ਹੈ, ਜਿਸ ਕਿਸ ਪਾਸੋਂ ਬਹੁਤ ਪੂਜਾ ਲਈ ਹੈ॥੩੫॥

ਸਰਬ ਭਾਂਤਿ ਤੇ ਭਾ ਸਮਰੱਥ। ਤੁਰਕੇਸ਼੍ਵਰ ਹੈ ਜਿਸ ਕੇ ਹੱਥ।
ਜੋ ਤੁਮ ਗੁਰਤਾ ਦੇਹੁ ਨ ਤਾਂਹੀ। ਤਨ ਕੇ ਅੰਤ ਹੋਇ ਸੁਖ ਨਾਂਹੀ॥ ੩੬॥

ਸਭ ਪ੍ਰਕਾਰ ਉਹ ਸਮਰੱਥ ਹੈ, ਬਾਦਸ਼ਾਹ ਜਿਸ ਦੇ ਹੱਥ ਵਿਚ ਹੈ। ਜੇ ਤੁਸੀਂ ਉਸ ਨੂੰ ਗੁਰਤਾ ਨਹੀਂ ਦੇਵੋਗੇ ਤਾਂ ਸਰੀਰ ਦਾ ਅੰਤ ਹੋ ਜਾਵੇਗਾ ਤੇ ਸੁਖ ਪ੍ਰਾਪਤ ਨਹੀਂ ਹੋਵੇਗਾ॥੩੬॥

ਵਧਹਿ ਸਪਰਧਾ ਭ੍ਰਾਤਨਿ ਬਿਖੈ। ਲਘੁ ਸੁਤ ਬੈਸ ਅਲਪ ਕੋ ਪਿਖੈਂ।
ਗੁਰਤਾ ਕੋ ਬਿਗਾਰ ਸਭਿ ਦੈ ਹੈ। ਬਲ ਕੋ ਕਰਹਿ ਆਪ ਹੀ ਲੈ ਹੈ॥ ੩੭॥

ਭਰਾਵਾਂ ਦੇ ਵਿਚ ਈਰਖਾ ਵਧੇਗੀ, ਛੋਟਾ ਪੁੱਤਰ, ਛੋਟੀ ਉਮਰ ਦਾ ਵੇਖਦੇ ਹਾਂ। ਸਾਰੀ ਗੁਰਤਾ ਵਿਗਾੜ ਦੇਵੇਗਾ, ਤਾਕਤ ਲਾ ਕੇ ਆਪ ਹੀ ਲੈ ਲਵੇਗਾ॥੩੭॥

ਕਜੋਂ ਪੁੱਤ੍ਰਨਿ ਮਹਿਂ ਦ੍ਵੈਸ਼ ਉਪਾਵਹੁ। ਅਨਬਨ ਰਚਹੁ, ਕਸ਼ਟ ਮਹਿਂ ਪਾਵਹੁ।
ਘਰ ਬਿਗਰਹਿ ਬਹੁ ਪਰਹਿ ਬਿਖੇਰਾ। ਇਸ ਮਹਿਂ ਕਹਾਂ ਭਲੋ ਤੁਮ ਹੇਰਾ ? ॥੩੮॥

ਕਿਉਂ ਪੁੱਤਰਾਂ ਵਿਚ ਵੈਰ ਵਧਾਉਂਦੇ ਹੋ ? ਅਯੋਗ ਕਰਕੇ ਕਸ਼ਟਾਂ ਵਿਚ ਪਾਉਂਦੇ ਹੋ। ਘਰ ਵਿਗੜੇਗਾ ਤੇ ਬਹੁਤ ਬਖੇੜਾ ਪਵੇਗਾ। ਇਸ ਵਿਚ ਤੁਸੀਂ ਆਪਣਾ ਭਲਾ ਕੀ ਵੇਖਿਆ ਹੈ ? ॥੩੮॥

ਜੇਸ਼ਟ ਕੋ ਜਗ ਗੁਰੂ ਬਨੀਜੈ। ਲਘੁ ਤਿਸ ਕੇ ਅਨੁਸਾਰਿ ਕਰੀਜੈ।
ਸਭਿ ਬਿਧਿ ਪੀਛੇ ਇਮ ਸੁਖ ਹੋਇ। ਪੁਨ ਕਿਸ ਬਿਧਿ ਉਤਪਾਤ ਨ ਕੋਇ ॥੩੯॥

ਵੱਡੇ ਪੁੱਤਰ ਨੂੰ ਜਗਤ ਗੁਰੂ ਬਣਾਈਏ ਤੇ ਛੋਟੇ ਪੁੱਤਰ ਨੂੰ ਉਸ ਦੀ ਆਗਿਆ ਅਨੁਸਾਰ ਕਰੋ। ਸਾਰੀਆਂ ਵਿਧੀਆਂ ਨਾਲ ਪਿਛੋਂ ਇਸ ਤਰ੍ਹਾਂ ਸੁਖ ਹੋਵੇਗਾ, ਫਿਰ ਕਿਸੇ ਤਰ੍ਹਾਂ ਵੀ ਕੋਈ ਝਗੜਾ ਨਹੀਂ ਹੋਵੇਗਾ'' ॥੩੯॥

ਆਸ਼ੈ ਮਾਤ ਭ੍ਰਾਤ ਕੀ ਬਾਤ। ਸ੍ਰੀ ਹਰਿਰਾਇ ਸੁਨੀ ਸਭਿ ਭਾਂਤਿ।
ਕਹਿਬੇ ਕਹੁ ਗੁਰ ਹ੍ਵੈ ਕਰਿ ਤਯਾਰ। ਜਥਾ ਜੋਗ ਸ੍ਰੀ ਪ੍ਰਭੁ ਕਰਤਾਰ॥ ੪੦॥

ਸ੍ਰੀ ਗੁਰੂ ਹਰਿਰਾਇ ਜੀ ਨੇ ਆਪਣੀ ਮਾਤਾ ਜੀ ਅਤੇ ਭਰਾ ਜੀ ਦੇ ਆਸ਼ੇ ਵਾਲੀ ਸਾਰੀ ਗੱਲ ਸਭ ਪ੍ਰਕਾਰ ਸੁਣੀ। ਫਿਰ ਸ੍ਰੀ ਪ੍ਰਭੂ ਗੁਰੂ ਜੀ ਜਥਾ ਯੋਗ ਗੱਲ ਕਹਿਣ ਵਾਸਤੇ ਤਿਆਰ ਹੋ ਗਏ॥੪੦॥

*ਦਸਵੀਂ ਰਾਸ ਦਾ ਉੱਨੀਵਾਂ ਅਧਿਆਇ ਸਮਾਪਤ ਹੋਇਆ॥੧੯॥*

# ਅਧਿਆਇ ਵੀਹਵਾਂ

*ਗੁਰੂ ਜੀ ਦਾ ਉੱਤਰ, ਵਾਪਸ ਕੀਰਤਪੁਰ ਆਉਣਾ*

ਦੋਹਰਾ- 'ਸੁਨਿ ਮਾਤਾ! ਭ੍ਰਾਤਾ! ਸੁਬ੍ਰਿੱਤ ਇਹ ਨਹਿ ਕਿਸ ਕੇ ਹਾਥ।
ਕਰੈ ਉਪਾਇ ਨ ਪ੍ਰਾਪਤੀ ਦਾਤਾ ਇਕ ਜਗ ਨਾਥ॥ ੧॥

ਗੁਰੂ ਜੀ ਨੇ ਕਿਹਾ, ''ਹੇ ਮਾਤਾ ਜੀ, ਭ੍ਰਾਤਾ ਜੀ ! ਸੁਣੋ, ਭਲੀ ਪ੍ਰਕਾਰ ਜਾਣੋ। ਗੁਰਗੱਦੀ ਕਿਸੇ ਦੇ ਹੱਥ ਵਿਚ ਨਹੀਂ ਹੈ, ਕਿੰਨੇ ਵੀ ਉਪਾਅ ਕਰਨ ਨਾਲ ਇਹ ਪ੍ਰਾਪਤ ਨਹੀਂ ਹੁੰਦੀ, ਜਗਤ ਦਾ ਮਾਲਕ ਇਕ ਹੀ ਦਾਤਾ ਇਸ ਨੂੰ ਦੇਣ ਵਾਲਾ ਹੈ॥੧॥

ਚੌਪਈ- ਸਭਿ ਕੇ ਬਡੇ ਆਦਿ ਸ੍ਰੀ ਨਾਨਕ। ਪਰਖਤਿ ਗੁਨਨਿ ਗਯਾਨ ਮਨਿ ਮਾਨਿਕ।
ਜਿਨ ਤੇ ਪਰੇ ਅਪਰ ਨਹਿਂ ਕੋਈ। ਮਹਤਿ ਮਹਤਿ ਮਹੀਆਨਹਿ ਸੋਈ॥੨॥

ਸਭ ਤੋਂ ਵੱਡੇ ਆਦਿ ਸ੍ਰੀ ਗੁਰੂ ਨਾਨਕ ਦੇਵ ਜੀ ਹਨ, ਮਨ ਮਾਨਿਕ ਗਿਆਨ ਨੂੰ ਉਹ ਹੀ ਪਰਖਦੇ ਅਤੇ ਗੁਣਦੇ ਹਨ। ਜਿਨ੍ਹਾਂ ਤੋਂ ਪਰੇ ਹੋਰ ਕੋਈ ਨਹੀਂ ਹੈ, ਉਹ ਵੱਡਿਆਂ ਦੇ ਵੱਡਿਆਂ ਤੋਂ ਵੀ ਵੱਡੇ ਹਨ॥੨॥

ਤਿਨ ਕੀ ਕਰੀ ਸਰਬ ਸਿਰ ਧਰੈਂ। ਬਿਨਾਂ ਬਿਚਾਰੇ ਮਾਨਜੋ ਕਰੈਂ।
ਸਭਿ ਬਿਧਿ ਸੁਭ ਸੁਤ ਲਾਇਕ ਹੁਤੇ। ਨਹਿਂ ਆਦਿਸੁ ਇਕ ਮਾਨੀ ਕਿਤੇ॥੩॥

ਉਨ੍ਹਾਂ ਦੀ ਕੀਤੀ ਹੋਈ ਸਭ ਸਿਰ 'ਤੇ ਧਾਰਨ ਕਰਦੇ ਹਨ, ਵਿਚਾਰਨ ਤੋਂ ਬਗੈਰ ਹੀ ਮੰਨ ਲੈਂਦੇ ਹਨ। ਸਭ ਵਿਧੀਆਂ ਅਨੁਸਾਰ ਸ਼ੁਭ ਪੁੱਤਰ ਲਾਇਕ ਸਨ, ਪਰ ਕਿਸੇ ਨੇ ਇਕ ਵਾਰ ਵੀ ਆਗਿਆ ਨਹੀਂ ਸੀ ਮੰਨੀ॥੩॥

ਸੋ ਲਖਿ ਦੋਸ਼, ਦਾਸ ਕੋ ਦੀਨੀ। ਸ੍ਰੀ ਅੰਗਦ ਗੁਰਤਾ ਤਬਿ ਕੀਨੀ।
ਦਾਸੂ ਦਾਤੂ ਜੁਗ ਸੁਤ ਭਏ। ਸਭਿ ਬਿਧਿ ਕੇ ਲਾਇਕ ਲਖਿ ਲਏ॥ ੪॥

ਉਹ ਦੋਸ਼ ਸਮਝ ਕੇ ਗੁਰਗੱਦੀ ਸੇਵਕ ਨੂੰ ਦੇ ਦਿੱਤੀ, ਫਿਰ ਸ੍ਰੀ ਗੁਰੂ ਅੰਗਦ ਦੇਵ ਨੇ ਤਦ ਗੁਰਤਾ ਪ੍ਰਾਪਤ ਕੀਤੀ। ਉਨ੍ਹਾਂ ਦੇ ਵੀ ਦਾਸੂ ਦਾਤੂ ਦੋ ਪੁੱਤਰ ਹੋਏ ਹਨ, ਸਭ ਵਿਧੀਆਂ ਅਨੁਸਾਰ ਲਾਇਕ ਸਮਝ ਲਏ॥੪॥

ਸ੍ਰੀ ਗੁਰੂ ਅਮਰ ਸਾਥ ਮਤਸਰੀ। ਨਹੀਂ ਸਰਲਤਾ ਉਰ ਮਹਿਂ ਧਰੀ।
ਅੰਤ ਸਮੈਂ ਨਹਿਂ ਲਾਇਕ ਜਾਨੇ। ਨਹੀਂ ਥਿਰਾਏ ਅਪਨਿ ਸਥਾਨੇ॥ ੫॥

ਸ੍ਰੀ ਗੁਰੂ ਅਮਰਦਾਸ ਨਾਲ ਬੜੇ ਹੰਕਾਰ ਨਾਲ ਪੇਸ਼ ਆਉਂਦੇ ਸਨ, ਦਿਲ ਵਿਚ ਸਰਲਤਾ ਧਾਰਨ ਨਹੀਂ ਸੀ ਕੀਤੀ। ਅੰਤ ਸਮੇਂ ਉਨ੍ਹਾਂ ਨੂੰ ਆਪਣੇ ਸਥਾਨ 'ਤੇ ਨਹੀਂ ਬਿਠਾਇਆ॥੫॥

ਤਿਮ ਸ੍ਰੀ ਅਰਮਦਾਸ ਸੁਤ ਪਰਖੇ। ਨਹਿਂ ਆਗ੍ਯਾ ਕੋ ਸੁਨਿ ਮਨ ਹਰਖੇ।
ਸ੍ਰੀ ਗੁਰ ਰਾਮਦਾਸ ਨਿਰਮਾਨ। ਮਤਸਰ ਆਦਿਕ ਦੋਸ਼ਨ ਜਾਨਿ॥ ੬॥

ਉਸ ਤਰ੍ਹਾਂ ਹੀ ਅਮਰਦਾਸ ਜੀ ਨੇ ਆਪਣੇ ਪੁੱਤਰਾਂ ਦੀ ਪਰਖ ਕੀਤੀ, ਉਹ ਵੀ ਆਗਿਆ ਸੁਣ ਕੇ ਮਨ ਵਿਚ ਪ੍ਰਸੰਨ ਨਹੀਂ ਸੀ ਹੁੰਦੇ। ਸ੍ਰੀ ਗੁਰੂ ਰਾਮਦਾਸ ਜੀ ਬੜੇ ਨਿਰਮਾਣ ਸਨ, ਘੁਮੰਡ ਆਦਿ ਦੋਸ਼ਾਂ ਨੂੰ ਜਾਣਿਆ॥੬॥

ਨਿਜ ਸਥਾਨ ਪਰ ਆਪ ਬਿਠਾਏ। ਕਹਿ ਸਭਿਹਿਨ ਕੇ ਸੀਸ ਨਿਵਾਏ।
ਤਿਨ ਕੋ ਪ੍ਰਿਥੀਆ ਜੇਸ਼ਟ ਨੰਦ। ਨਿਜ ਮਤਿ ਕੋ ਚਿਤ ਗਰਬ ਬਿਲੰਦ॥ ੭॥

ਆਪਣੇ ਸਥਾਨ ਉੱਤੇ ਸ੍ਰੀ ਗੁਰੂ ਰਾਮਦਾਸ ਨੂੰ ਬਿਠਾਇਆ ਤੇ ਸਾਰਿਆਂ ਨੂੰ ਕਹਿ ਕੇ ਉਨ੍ਹਾਂ ਅੱਗੇ ਸੀਸ ਨਿਵਾਏ। ਉਨ੍ਹਾਂ ਦਾ ਪ੍ਰਿਥੀਆ ਵੱਡਾ ਪੁੱਤਰ ਸੀ ਜਿਹੜਾ ਆਪਣੇ ਆਪ ਨੂੰ ਬੜਾ ਬੁਧੀਮਾਨ ਸਮਝਦਾ ਸੀ ਤੇ ਦਿਲ ਵਿਚ ਬੜਾ ਹੰਕਾਰ ਕਰਦਾ ਸੀ॥੭॥

ਆਂਖ ਤਰੇ ਨਹਿਂ ਆਨਤਿ ਕਾਹੂ। ਦਰਬ ਬਟੋਰਯੋ ਬਹੁ ਨਿਜ ਪਾਹੂ।
ਚਿਤ ਮਹਿਂ ਚਾਤੁਰਤਾ ਜਗ ਕੇਰੀ। ਸੁਮਤਿ ਨ ਸ਼ਾਂਤਿ ਸੰਤੋਖ ਬਡੇਰੀ॥ ੮॥

ਉਹ ਕਿਸੇ ਨੂੰ ਅੱਖ ਥੱਲੇ ਨਹੀਂ ਸੀ ਲਿਆਉਂਦਾ, ਬਹੁਤ ਧਨ ਉਸ ਆਪਣੇ ਪਾਸ ਇਕੱਠਾ ਕੀਤਾ। ਉਸ ਦੇ ਚਿਤ ਵਿਚ ਜਗਤ ਦੀ ਚਤੁਰਾਈ ਸੀ, ਸ਼ਾਂਤ ਸੰਤੋਖ ਵਾਲੀ ਵੱਡੀ ਸ੍ਰੇਸ਼ਟ ਬੁਧੀ ਨਹੀਂ ਸੀ॥੮॥

ਤਿਸ ਪਰ ਸਬਦ ਬਨਾਵਨਿ ਕੀਨਿ। ਧਰਯੋ ਗ੍ਰਿੰਥ ਮਹਿਂ ਗੁਰੂ ਪ੍ਰਬੀਨ।
ਚਹੁੰ ਪੀੜੀ ਮਹਿਂ ਆਦਿ ਜੁਗਾਦੀ। ਕਰਹਿ ਬਖੀਲੀ ਜੋ ਬਨਿ ਬਾਦੀ॥ ੯॥

ਉਸ ਉੱਤੇ ਗੁਰੂ ਜੀ ਨੇ ਸ਼ਬਦ ਬਣਾਇਆ ਹੈ ਤੇ ਉਸ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਕੀਤਾ ਹੈ, ਚਾਰ ਪੀੜੀਆਂ ਵਿਚ ਜੋ ਆਦਿ ਜੁਗਾਦਿ ਝਗੜਾਲੂ ਬਣ ਕੇ ਲੋਭ ਕਰਦਾ ਹੈ॥੯॥

ਹਲਤ ਪਲਤ ਮਹਿਂ ਤਿਹ ਮੁਖ ਕਾਰਾ। ਕਹੂੰ ਨ ਆਦਰ ਲਹੈ ਕੁਚਾਰਾ।
ਜੋ ਹੋਵਹਿ ਗੁਰ ਕੇ ਅਨੁਸਾਰੀ। ਸੇਵਾ ਆਦਿ ਧਰਹਿ ਗੁਨ ਭਾਰੀ॥ ੧੦॥

ਲੋਕ ਪਰਲੋਕ ਵਿਚ ਉਸ ਦਾ ਮੂੰਹ ਕਾਲਾ ਹੁੰਦਾ ਹੈ, ਉਹ ਭੈੜੀ ਚਾਲ ਵਾਲਾ ਕਦੇ ਵੀ ਆਦਰ ਨਹੀਂ ਪ੍ਰਾਪਤ ਕਰਦਾ ਹੈ। ਜਿਹੜਾ ਪੁੱਤਰ ਗੁਰੂ ਜੀ ਦੀ ਆਗਿਆ ਅਨੁਸਾਰ ਚਲਦਾ ਹੈ ਅਤੇ ਭਾਰੀ ਗੁਣਾਂ ਵਾਲੀ ਸੇਵਾ ਆਦਿ ਧਾਰਨ ਕਰਦਾ ਹੈ॥੧੦॥

ਸੋ ਲਾਇਕ ਗੁਰਤਾ ਕੀ ਬਨਿਹਿ। ਮਤਸਰ ਆਦਿ ਹੰਕਾਰਹਿ ਹਨੈ।
ਰੀਤਿ ਆਦਿ ਤੇ ਇਹੁ ਚਲਿ ਆਈ। ਹਮ ਕਜੋਂਹੂੰ ਨਹਿਂ ਨਈ ਬਨਾਈ॥੧੧॥

ਉਹ ਗੁਰਤਾ ਦੇ ਲਾਇਕ ਬਣਦਾ ਹੈ। ਘੁਮੰਡੀ ਆਦਿ ਨੂੰ ਹੰਕਾਰ ਮਾਰ ਲੈਂਦਾ ਹੈ। ਇਹ ਰੀਤੀ ਆਦਿ ਤੋਂ ਚਲ ਕੇ ਆਈ ਹੈ, ਅਸੀਂ ਤਾਂ ਕਿਸੇ ਤਰ੍ਹਾਂ ਵੀ ਨਵੀਂ ਨਹੀਂ ਬਣਾਈ ਹੈ॥੧੧॥

ਰਾਮਰਾਇ ਹਮ ਭੇਜਨਿ ਕੀਨਿ। ਬਚਨ ਸ਼ਕਤਿ ਦੀਰਘ ਤਿਸ ਦੀਨਿ।
ਕਰੀ ਸੁ ਕਰੀ ਅਪਰ, ਹਮ ਮਾਨੀ। ਕਰਾਮਾਤ ਨਿਤ ਦਈ ਮਹਾਨੀ॥੧੨॥

ਰਾਮਰਾਇ ਨੂੰ ਅਸੀਂ ਦਿੱਲੀ ਭੇਜਿਆ ਸੀ। ਵੱਡੀ ਬਚਨ-ਸ਼ਕਤੀ ਉਸ ਨੂੰ ਦਿੱਤੀ ਸੀ। ਜੋ ਕੀਤੀ ਸੋ ਕੀਤੀ, ਅਸੀਂ ਸਭ ਮੰਨ ਲਈ, ਨਿਤ ਮਹਾਨ ਕਰਾਮਾਤਾਂ ਕਰਦਾ ਸੀ॥੧੨॥

ਨ੍ਰਿਭੈ ਹੁਤੋ ਸਭਿ ਤੇ ਕਿਯ ਬਲੀ। ਤਿਨ ਭੀ ਜਾਨਿ ਲੀਨਿ ਬਿਧਿ ਭਲੀ।
ਤਊ ਸੁਨਹੁ ਸ੍ਰੀ ਨਾਨਕ ਬਾਨੀ। ਚੋਦਹਿ ਲੋਕਨਿ ਸਿਰ ਧਰਿ ਮਾਨੀ॥੧੩॥

ਜਿਹੜਾ ਨਿਰਭੈਅ ਤੇ ਸਭ ਤੋਂ ਬਲਵਾਨ ਸੀ, ਉਸਨੇ ਵੀ ਇਸ ਦੀ ਸ਼ਕਤੀ ਨੂੰ ਜਾਣ ਲਿਆ। ਫਿਰ ਵੀ ਸੁਣੋ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ, ਚੌਦ੍ਹਾਂ ਲੋਕਾਂ ਨੇ ਸਿਰ ਧਰ ਕੇ ਮੰਨੀ ਹੈ॥੧੩॥

ਜਥਾ ਜੋਗ ਕੀ ਬਰਨਨਿ ਕਰੀ। ਜਿਸ ਮਹਿਂ ਗਰਬ ਰੀਤਿ ਪਰਹਰੀ।
ਪਠਜੋ ਸ਼ਲੋਕ, ਅਰਥ ਕੋ ਬੂਝਾ। ਗੁਪਤ ਬਿਦਤ ਜਿਸ ਕੋ ਸਭਿ ਸੁਝਾ॥੧੪॥

ਜਥਾ ਜੋਗ ਕੀ ਵਰਣਨ ਕਰੀਏ, ਜਿਸ ਵਿਚ ਹੰਕਾਰ ਦੀ ਰੀਤੀ ਨੂੰ ਦੂਰ ਕੀਤਾ ਸੀ। ਪੜ੍ਹੇ ਹੋਏ ਸਲੋਕ ਦੇ ਅਰਥ ਨੂੰ ਪੁੱਛਿਆ, ਗੁਪਤ ਪ੍ਰਗਟ ਜਿਹੜਾ ਸਭ ਕੁਝ ਜਾਣਦਾ ਸੀ॥੧੪॥

ਕਰਨਿ ਤੁਰਕੜੇ ਕੇਰ ਖ਼ੁਸ਼ਾਮਦ। ਜਾਨਿ ਦਰਬ ਕੀ ਤਿਸ ਤੇ ਆਮਦ।
ਅਰਥ ਬਿਪਰਜੈ ਕੀਨਿ ਸੁਨਾਵਨਿ। ਹਮ ਕੋ ਭਈ ਨ ਇਹ ਮਨਭਾਵਨ॥੧੫॥

ਤੁਰਕਾਂ ਦੀ ਖੁਸ਼ਾਮਦ ਕਰਨ ਵਾਸਤੇ, ਉਸ ਪਾਸੋਂ ਧਨ ਪਾਉਣ ਦੀ ਆਸ ਕਰਕੇ ਗੁਰਬਾਣੀ ਦੇ ਅਰਥ ਹੀ ਉਲਟੇ ਕਰ ਕੇ ਸੁਣਾ ਦਿੱਤੇ, ਸਾਨੂੰ ਇਹ ਗੱਲ ਚੰਗੀ ਨਹੀਂ ਲੱਗੀ॥੧੫॥

ਹੁਤੋ ਸਮਰਥ ਸਰਬ ਕੁਛ ਕਰਿਬੇ। ਨਹੀਂ ਭਰੋਸ ਅਪਨਿ ਬਲ ਧਰਿਬੇ।
ਤਊ ਦੇਖੀਅਹਿ ਅਧਿਕ ਸਮਾਜਾ। ਭਯੋ ਤਿਸੀ ਕੋ ਜਨੁ ਬਨ ਰਾਜਾ॥੧੬॥

ਸਭ ਕੁਝ ਕਰਨ ਦੇ ਸਮਰੱਥ ਸੀ, ਆਪਣੇ ਬਲ ਉੱਤੇ ਭਰੋਸਾ ਨਹੀਂ ਧਰਿਆ। ਤਦ ਵੀ ਵੇਖ ਲਵੋ ਉਸ ਦੇ ਪਾਸ ਬਹੁਤ ਸਮਾਜ ਹੈ ਤੇ ਉਸ ਸਾਜ਼ੋ-ਸਾਮਾਨ ਨਾਲ ਉਹ ਮਾਨੋਂ ਰਾਜਾ ਬਣਿਆ ਹੋਇਆ ਹੈ॥੧੬॥

ਕਿਸੂ ਬਾਤ ਕੀ ਕਮੀ ਨ ਤਾਂਹੀ। ਬਨਜੋ ਪੂਜ ਬਡ ਜਗ ਕੇ ਮਾਂਹੀ।
ਅਹੈਂ ਭਵਿੱਖਜਤ ਮੈਂ ਬਡ ਹੇਤੁ। ਪਹੁੰਚੈ ਗੁਰਤਾ ਕਿਸੂ ਨਿਕੇਤ॥੧੭॥

ਉਸ ਨੂੰ ਕਿਸੇ ਗੱਲ ਦੀ ਘਾਟ ਨਹੀਂ ਹੈ, ਉਹ ਜਗਤ ਵਿਚ ਵੱਡਾ ਪੂਜਨੀਕ ਬਣਿਆ ਹੈ। ਭਵਿੱਖ ਵਿਚ ਬੜੇ ਕਾਰਨ ਹਨ ਜਿਨ੍ਹਾਂ ਕਰਕੇ ਗੁਰਿਆਈ ਨੇ ਕਿਸੇ ਹੋਰ ਘਰ ਪਹੁੰਚਣਾ ਹੈ॥੧੭॥

ਭਾਵੀ ਰਚੀ ਪ੍ਰਮੇਸ਼ੁਰ ਜਥਾ। ਹੁਈ ਚਹੈ ਸਾਚੀ ਸੋ ਤਥਾ।
ਤਿਸ ਮਹਿਂ ਬਸ ਨਹਿਂ ਕਿਸ ਹੂੰ ਕੇਰਾ। ਬ੍ਰਿਥਾ ਕਰੈ ਬਲ ਜਤਨ ਬਡੇਰਾ॥੧੮॥

ਪ੍ਰਮੇਸ਼ਰ ਨੇ ਜਿਵੇਂ ਭਾਵੀ ਰਚੀ ਹੈ, ਉਹ ਉਸ ਤਰ੍ਹਾਂ ਹੀ ਸੱਚੀ ਹੋਣੀ ਚਾਹੀਦੀ ਹੈ। ਇਸ ਵਿਚ ਕਿਸੇ ਦਾ ਵੀ ਵੱਸ ਨਹੀਂ ਹੈ, ਰਾਮਰਾਇ ਵਿਅਰਥ ਬਲ ਕਰਕੇ ਯਤਨ ਕਰਦਾ ਹੈ'' ॥੧੮॥

ਸੁਨਿ ਮਾਤਾ ਭ੍ਰਾਤਾ ਗੁਰ ਬੈਨ। ਨਹੀਂ ਭਈ ਚਿਤ ਮੈਂ ਕਿਮ ਚੈਨ।
ਅਪਰ ਬਾਰਤਾ ਬਹੁਰ ਉਚਾਰੀ। ਰਾਮਰਾਇ ਕੀ ਕੀਰਤਿ ਵਾਰੀ॥ ੧੯॥

ਮਾਤਾ ਜੀ ਅਤੇ ਭ੍ਰਾਤਾ ਜੀ ਨੇ ਗੁਰੂ ਜੀ ਦੇ ਬਚਨ ਸੁਣੇ, ਪਰ ਉਨ੍ਹਾਂ ਦੇ ਚਿੱਤ ਵਿਚ ਕਿਸੇ ਤਰ੍ਹਾਂ ਵੀ ਚੈਨ ਨਾ ਆਇਆ। ਹੋਰ ਬਹੁਤ ਗੱਲਾਂ ਕੀਤੀਆਂ ਤੇ ਸ੍ਰੀ ਰਾਮਰਾਇ ਦੀਆਂ ਬਹੁਤ ਸਿਫ਼ਤਾਂ ਕੀਤੀਆਂ॥੧੯॥

ਜਥਾ ਜੋਗ ਉੱਤਰ ਗੁਰ ਦੀਨੇ। ਸੋ ਮਤਿ ਨਹੀਂ ਮਾਨਿਬੋ ਕੀਨੇ।
ਤਊ ਕਹਤਿ ਹੀ ਰਹੈਂ ਹਮੇਸ਼। 'ਦਿਹੁ ਗੁਰਤਾ ਜੋ ਪੁੱਤ੍ਰ ਵਿਸ਼ੇਸ਼' ॥ ੨੦॥

ਯਥਾ ਯੋਗ ਗੁਰੂ ਜੀ ਨੇ ਉੱਤਰ ਦਿੱਤੇ, ਉਸ ਸਲਾਹ ਨੂੰ ਉਹ ਨਾ ਮੰਨੇ। ਤਦ ਵੀ ਹਮੇਸ਼ਾ ਇਹ ਕਹਿੰਦੇ ਰਹੇ, ''ਜਿਹੜਾ ਤੁਹਾਡਾ ਵਿਸ਼ੇਸ਼ ਪੁੱਤਰ ਹੈ, ਉਸ ਨੂੰ ਗੁਰਤਾ ਦੇਵੋ'' ॥੨੦॥

ਦਿਨ ਪ੍ਰਤਿ ਕਹਨਿ ਜਾਨਿ ਗੁਨ ਖਾਨੀ। ਰਾਮਰਾਇ ਕੀ ਉਪਮ ਮਹਾਨੀ।
ਪੱਖੀ ਭਏ, ਟਰਤਿ ਨਹਿੰ ਟਾਰੇ। ਚਢਨਿ ਚਹਜੋ ਸਤਿਗੁਰੂ ਬਿਚਾਰੇ॥ ੨੧॥

ਰੋਜ਼ ਗੁਰੂ ਜੀ ਪਾਸ ਰਾਮਰਾਇ ਦੀ ਮਹਾਨ ਉਪਮਾ ਕਹੀ ਜਾਂਦੇ ਸਨ। ਉਸ ਦਾ ਪੱਖ ਪੂਰਦੇ ਸਨ ਤੇ ਟਾਲਣ ਨਾਲ ਵੀ ਨਹੀਂ ਸਨ ਟੱਲਦੇ। ਫ਼ੌਜ ਸਹਿਤ ਚੜ੍ਹਾਈ ਕਰਨੀ ਚਾਹੀਦੀ ਹੈ ਫਿਰ ਸਤਿਗੁਰੂ ਜੀ ਨੇ ਵਿਚਾਰ ਕੀਤੀ॥੨੧॥

'ਅਹੈ ਅਨੁਚਿਤ ਨ ਰੁਚਿਤ ਜੁ ਚਿਤ ਮੈਂ। ਤਿਸ ਕੇ ਬਨਿ ਪੱਖੀ ਹੁਇ ਹਿਤ ਮੈਂ।
ਦਿਨ ਪ੍ਰਤਿ ਕਹਤਿ ਬਿਚਾਰਤਿ ਨਾਂਹੀ। ਸ੍ਰੀ ਨਾਨਕ ਘਟਤਾ ਜਿਸ ਮਾਂਹੀ' ॥੨੨॥

''ਇਹ ਧੀਰਮਲ ਜੋ ਕਹਿੰਦਾ ਹੈ, ਸੋ ਬਿਲਕੁਲ ਅਯੋਗ ਹੈ। ਉਸ ਦਾ ਪੱਖੀ ਬਣ ਕੇ ਉਸ ਦੇ ਹਿੱਤ ਵਿਚ ਹੋਇਆ ਹੈ, ਰੋਜ਼ ਕਹਿੰਦਾ ਹੈ ਪਰ ਵਿਚਾਰਦਾ ਨਹੀਂ ਹੈ, ਜਿਸ ਵਿਚ ਗੁਰੂ ਨਾਨਕ ਦੇਵ ਜੀ ਦੀ ਹੇਠੀ ਹੁੰਦੀ ਹੈ'' ॥੨੨॥

ਬੀਚ ਜਾਮਨੀ ਚਿਤਵਤਿ ਰਹੇ। ਪ੍ਰਾਤਿ ਸੌਚ ਮੱਜਨ ਚਿਤ ਚਹੇ।
ਬਿਦਤਿ ਸਭਿਨਿ ਮਹਿਂ ਸੁਨਤਿ ਉਚਾਰੀ। 'ਦੁੰਦਭਿ ਦਿਹੁ ਬਜਾਇ ਹ੍ਵੈ ਤਯਾਰੀ ॥੨੩॥

ਰਾਤ ਨੂੰ ਸੋਚਦੇ ਰਹੇ, ਸਵੇਰ ਹੋਣ 'ਤੇ ਸੌਚ ਇਸ਼ਨਾਨ ਕਰਨ ਨੂੰ ਚਿਤ ਚਾਹਿਆ। ਸਾਰਿਆਂ ਵਿਚ ਪ੍ਰਗਟ ਤੌਰ 'ਤੇ ਸੁਣਾ ਕੇ ਉਚਾਰਨ ਕੀਤਾ ''ਨਗਾਰਾ ਵਜਾ ਕੇ ਫ਼ੌਜ ਨੂੰ ਤਿਆਰ ਕਰਵਾ ਦੇਵੋ॥੨੩॥

ਜ਼ੀਨ ਤੁਰੰਗਨਿ ਪਰ ਅਬਿ ਪਾਵਹੁ। ਦਿਵਸ ਨ ਚਢਹਿ, ਚਢਨਿ ਉਤਲਾਵਹੁ'।
ਇਮ ਕਹਿ ਅਪਨੇ ਸ਼ਸਤ੍ਰ ਅਨਾਏ। ਕਰਾਚੋਲ ਤਰਕਸ਼ ਗਰ ਪਾਏ॥ ੨੪॥

ਹੁਣੇ ਘੋੜਿਆਂ ਉੱਤੇ ਕਾਠੀਆਂ ਪਾਵੋ, ਦਿਨ ਨਾ ਚੜ੍ਹੇ, ਘੋੜਿਆਂ 'ਤੇ ਸਵਾਰ ਹੋ ਜਾਵੋ'' ਇਹ ਕਹਿ ਕੇ ਆਪਣੇ ਸ਼ਸਤਰ ਮੰਗਵਾਏ। ਤਲਵਾਰ ਤੇ ਤੀਰ ਕਮਾਨ ਗਲ ਵਿਚ ਪਾਏ॥੨੪॥

ਸੋ ਪਾਲਨਿ ਕੋ ਜਾਮਾ ਫਬੈ। ਸੂਖਮ ਅਧਿਕ ਦਿਪਹਿ ਤਨ ਸਭੈ।
ਕਟ ਸਨ ਦ੍ਰਿਢ ਲਪੇਟ ਪਟ ਲੀਨਿ। ਜ਼ੇਵਰ ਜਿਗਾ ਜ਼ਿਬਾਇਸ਼ ਕੀਨ॥ ੨੫॥

ਇਕ ਸੌ ਇਕ ਪਲਿਆਂ ਦਾ ਜਾਮਾ ਫੱਬ ਰਿਹਾ ਸੀ, ਜਿਹੜਾ ਬਹੁਤ ਸੂਖਮ ਸੀ ਤੇ ਸਰੀਰ ਉੱਤੇ ਪਹਿਨਿਆ ਬਹੁਤ ਚਮਕਦਾ ਸੀ। ਲੱਕ ਨਾਲ ਕਮਰਕਸਾ ਕੱਸਿਆ ਸੀ, ਗਹਿਣੇ ਅਤੇ ਕਲਗੀ ਬੜੀ ਫੱਬ ਰਹੀ ਸੀ॥੨੫॥

ਇਤਨੇ ਮਹਿ ਚੰਚਲ ਬਲ ਬਾਜੀ। ਆਵਤਿ ਮਨਹੁ ਕਰੇ ਨਟ ਬਾਜੀ।
ਚਾਮੀਕਰ ਕੋ ਜ਼ੀਨ ਸੁਹਾਵਾ। ਜਟਤਿ ਨਗਨ ਗਨ ਤੇ ਦਮਕਾਵਾ॥ ੨੬॥

ਏਨੇ ਵਿਚ ਚੰਚਲ ਤੇ ਬਲਵਾਨ ਘੋੜਾ ਆਇਆ ਮਾਨੋਂ ਨਟ ਬਾਜੀਆਂ ਪਾ ਰਿਹਾ ਸੀ। ਸੋਨੇ ਦੀ ਕਾਠੀ ਬਹੁਤ ਸ਼ੋਭ ਰਹੀ ਸੀ, ਜਿਸ ਨੂੰ ਬਹੁਤ ਹੀਰਿਆਂ ਦੇ ਨਗ ਲਾ ਕੇ ਚਮਕਾਇਆ ਹੋਇਆ ਸੀ॥੨੬॥

ਮਾਤ ਭ੍ਰਾਤ ਕੋ ਮਿਲ ਤਤਕਾਲਾ। ਤੁਰੰਗ ਅਰੂਢਨਿ ਭਏ ਉਤਾਲਾ।
ਦੁੰਦਭਿ ਊਚੀ ਧੁਨਿ ਧੁੰਕਾਰਾ। ਚਢਨਿ ਗੁਰੂ ਸਭਿ ਕੇ ਸ੍ਰੁਤ ਡਾਰਾ॥ ੨੭॥

ਮਾਤਾ ਜੀ ਅਤੇ ਭਰਾ ਨੂੰ ਤੁਰਤ ਮਿਲ ਕੇ ਫਿਰ ਬੜੇ ਉਤਾਵਲੇ ਹੋ ਕੇ ਘੋੜੇ 'ਤੇ ਸਵਾਰ ਹੋ ਗਏ। ਨਗਾਰਾ ਬਜ਼ੀ ਉੱਚੀ ਆਵਾਜ਼ ਵਿਚ ਗੂੰਜਿਆ, ਇਹ ਦੱਸਣ ਵਾਸਤੇ ਕਿ ਗੁਰੂ ਜੀ ਦੀ ਸੈਨਾ ਚੜ੍ਹਾਈ ਕਰ ਰਹੀ ਹੈ, ਇਸ ਕਰਕੇ ਸਭ ਦੇ ਕੰਨਾਂ ਨੂੰ ਸੁਣਾਇਆ॥੨੭॥

ਚਮੂ ਤਯਾਰ ਤਤਛਿਨ ਹੁਇ ਆਈ। ਜ਼ਰੀ ਨਿਸ਼ਾਨ ਝੁਲਤਿ ਅਗੁਵਾਈ।
ਕੀਰਤਿਪੁਰਿ ਕੇ ਮਾਰਗ ਚਾਲੇ। ਫਾਂਦਤਿ ਬੀਰਨਿ ਤੁਰੰਗ ਬਿਸਾਲੇ॥ ੨੮॥

ਸਾਰੀ ਸੈਨਾ ਝਟ ਤਿਆਰ ਹੋ ਕੇ ਆ ਗਈ। ਅੱਗੇ ਜ਼ਰੀ ਦੇ ਕਪੜੇ ਦਾ ਬਣਾਇਆ ਹੋਇਆ ਨਿਸ਼ਾਨ ਸਾਹਿਬ ਝੂਲ ਰਿਹਾ ਸੀ। ਕੀਰਤਪੁਰ ਦੇ ਰਾਹ ਵੱਲ ਚਲ ਪਏ। ਸੂਰਮਿਆਂ ਦੇ ਘੋੜੇ ਬਹੁਤ ਕੁਦਦੇ ਜਾਂਦੇ ਸਨ॥੨੮॥

ਬਾਈ ਸਹਸ ਸੈਨ ਸਮੁਦਾਈ। ਚਲੀ ਧੂਲ ਚਢਿ ਨਭ ਪਰ ਛਾਈ।
ਉਲੰਘਿ ਪੰਥ ਕੇ ਕੋਸ ਕਿਤੇਕ। ਉਤਰਿ ਪਰੇ ਪ੍ਰਭੁ ਜਲਧਿ ਬਿਬੇਕ॥ ੨੯॥

ਬਾਈ ਸੌ ਸੂਰਮਿਆਂ ਦੀ ਸੈਨਾ ਇਕੱਠੀ ਹੋਈ ਸੀ, ਘੋੜਿਆਂ ਦੇ ਭੱਜਣ ਨਾਲ ਧੂੜ ਉੱਡ ਕੇ ਅਕਾਸ਼ 'ਤੇ ਛਾ ਗਈ। ਕਈ ਕੋਹ ਪੈਂਡਾ ਲੰਘ ਕੇ ਆ ਗਏ ਤਾਂ ਗਿਆਨ ਦੇ ਸਾਗਰ ਭਾਵ ਗੁਰੂ ਜੀ ਘੋੜੇ ਤੋਂ ਉਤਰ ਪਏ॥੨੯॥

ਸਕਲ ਬਹੀਰ ਸਿਵਰ ਕਹੁ ਘਾਲਾ। ਤ੍ਰਿਣ ਕਾਸ਼ਟ ਕੋ ਸੰਚਿ ਉਤਾਲਾ।
ਖਾਨ ਪਾਨ ਕਰਿ ਨਿਸਾ ਬਿਤਾਈ। ਸ੍ਰਮ ਨਿਰਵਾਰਯੋ ਬਸਿ ਤਿਸ ਥਾਈਂ॥ ੩੦॥

ਸਾਰੀ ਵਹੀਰ ਵਾਸਤੇ ਤੰਬੂ ਲਵਾ ਦਿੱਤੇ ਤੇ ਘਾਹ ਅਤੇ ਲਕੜੀਆਂ ਇਕੱਠੀਆਂ ਕੀਤੀਆਂ। ਖਾ ਪੀ ਕੇ ਅਨੰਦ ਮਹਿਸੂਸ ਕੀਤਾ ਤੇ ਉਸ ਥਾਂ ਠਹਿਰ ਕੇ ਰਾਤ ਬਤੀਤ ਕੀਤੀ ਤੇ ਥਕੇਵਾਂ ਦੂਰ ਕੀਤਾ॥੩੦॥

ਸੋਚ ਸ਼ਨਾਨ ਪ੍ਰਾਤਿ ਕੋ ਕਰੇ। ਤੂਰਨ ਜ਼ੀਨ ਤੁਰੰਗ ਪਰ ਧਰੇ।
ਤੰਗ ਐਂਚਿ ਤਬਿ ਕੀਨਸਿ ਤਯਾਰੀ। ਗੁਰੂ ਚਹੀ ਸਿਵਕਾ ਅਸਵਾਰੀ॥ ੩੧॥

ਸਵੇਰੇ ਉੱਠ ਕੇ ਸੋਚ ਇਸ਼ਨਾਨ ਕੀਤਾ ਤੇ ਫਿਰ ਤੁਰਤ ਘੋੜਿਆਂ ਤੇ ਕਾਠੀਆਂ ਪਾ ਲਈਆਂ, ਤੰਗ ਖਿੱਚ ਕੇ ਤਿਆਰੀ ਕਰ ਲਈ। ਗੁਰੂ ਜੀ ਪਾਲਕੀ ਵਿਚ ਸਵਾਰ ਹੋਣਾ ਚਾਹੁੰਦੇ ਸਨ॥੩੧॥

ਤਤਛਿਨ ਆਇ ਅਰੂਢਤਿ ਭਏ। ਚਮੂੰ ਸਹਿਤ ਮਗ ਗਮਨਤਿ ਭਏ।
ਇਮ ਦਿਨ ਪ੍ਰਤਿ ਸ੍ਰੀ ਸਤਿਗੁਰੁ ਚਾਲੇ। ਪੰਥ ਉਲੰਘਿ ਗਏ ਜਿਸ ਕਾਲੇ॥ ੩੨॥

ਤੁਰਤ ਆ ਕੇ ਪਾਲਕੀ ਵਿਚ ਬੈਠ ਗਏ, ਸੈਨਾ ਸਹਿਤ ਰਾਹੇ ਰਾਹ ਜਾ ਰਹੇ ਸਨ। ਇਸ ਤਰ੍ਹਾਂ ਪ੍ਰਤੀ ਦਿਨ ਸਤਿਗੁਰੂ ਜੀ ਚਲਦੇ ਗਏ, ਜਿਸ ਸਮੇਂ ਸਾਰਾ ਰਾਹ ਲੰਘ ਗਏ॥੩੨॥

ਪੁਨ ਸਤੁਦ੍ਰਵ ਸਲਿਤਾ ਅਗੁਵਾਈ। ਗਨ ਜਲ ਜੰਤੁਨਿ ਕੇ ਜੁਤਿ ਆਈ।
ਥਿਰੇ ਉਤਰ ਕਰਿ ਤੀਰ ਕ੍ਰਿਪਾਲਾ। ਕੇਵਟ ਕੋ ਹਕਾਰਿ ਤਤਕਾਲਾ॥ ੩੩॥

ਫਿਰ ਸਤਲੁਜ ਨਦੀ ਅੱਗੇ ਆਈ, ਬਹੁਤ ਜਲ ਜੀਵ ਜੰਤੂਆਂ ਸਹਿਤ ਵਹਿ ਰਿਹਾ ਸੀ। ਗੁਰੂ ਜੀ ਉਤਰ ਨਦੀ ਦੇ ਕਿਨਾਰੇ 'ਤੇ ਖੜੇ ਹੋ ਗਏ। ਮਲਾਹ ਨੂੰ ਤੁਰੰਤ ਬੁਲਾਇਆ॥੩੩॥

ਸੁੰਦਰ ਨਈ ਨਾਉ ਅਨਵਾਈ। ਪ੍ਰਭੁ ਅਰੂਢਿ ਜਲ ਪਰ ਚਲਿਵਾਈ।
ਪਰਲੇ ਪਾਰ ਉਤਰਿ ਥਿਰ ਹੋਏ। ਪੁਨ ਚਢਿ ਚਮੂੰ ਆਇ ਸਭਿ ਕੋਏ॥ ੩੪॥

ਇਕ ਸੁੰਦਰ ਨਵੀਂ ਬੇੜੀ ਮੰਗਵਾਈ। ਗੁਰੂ ਜੀ ਨੇ ਬੇੜੀ ਵਿਚ ਸਵਾਰ ਹੋ ਕੇ ਪਾਣੀ ਵਿਚ ਚਲਵਾਈ ਤੇ ਪਰਲੇ ਪਾਰ ਉਤਰ ਕੇ ਬੈਠ ਗਏ, ਫਿਰ ਸੈਨਾ ਦੇ ਸਾਰੇ ਸੂਰਮੇ ਚੜ੍ਹ ਕੇ ਆ ਗਏ॥੩੪॥

ਗੁਰੂ ਅਰੂਢਤਿ ਚਲੇ ਅਗਾਰੀ। ਸੁਭਟ ਸਗਲ ਗਮਨੰਤਿ ਪਿਛਾਰੀ।
ਕੀਰਤਿਪੁਰਿ ਸੁਧ ਗੀ ਸਭਿ ਭਵਨੂ। ਕ੍ਰਿਪਾ ਨਿਧਾਨ ਪ੍ਰਭੂ ਆਗਵਨੂ॥ ੩੫॥

ਗੁਰੂ ਜੀ ਸਵਾਰ ਹੋ ਕੇ ਅੱਗੇ-ਅੱਗੇ ਚਲ ਪਏ, ਸਾਰੇ ਸੂਰਮੇ ਪਿੱਛੇ-ਪਿੱਛੇ ਚਲ ਪਏ। ਫਿਰ ਕੀਰਤਪੁਰ ਸਭ ਘਰਾਂ ਵਿਚ ਖ਼ਬਰ ਪਹੁੰਚ ਗਈ ਕਿ ਕ੍ਰਿਪਾ ਨਿਧਾਨ ਗੁਰੂ ਜੀ ਆ ਗਏ ਹਨ॥੩੫॥

ਸੁਨਿ ਸੁਨਿ ਮੰਗਲ ਨਾਨਾ ਸਾਜੈਂ। ਨੌਬਤ ਪੁਰੀ ਪੌਰ ਪਰ ਬਾਜੈਂ।
ਧੂਪ ਧੁਖਾਵਤਿ ਫੂਲਨ ਮਾਲਾ। ਗਰੀ ਮਾਰਜਨ ਕਰੀ ਬਿਸਾਲਾ॥ ੩੬॥

ਸੁਣ ਸੁਣ ਕੇ ਕਈ ਪ੍ਰਕਾਰ ਦੇ ਆਨੰਦ ਮੰਗਲ ਸਾਜਦੇ ਸਨ। ਨਗਰ ਵਿਚ ਘਰ ਦੇ ਦਰਵਾਜ਼ੇ 'ਤੇ ਨੌਬਤ ਵੱਜ ਰਹੀ ਸੀ। ਧੂਪ ਧੁਖਾ ਕੇ ਫੁਲਾਂ ਦੇ ਹਾਰ ਲਏ ਤੇ ਗਲੀਆਂ ਨੂੰ ਝਾੜੂ ਮਾਰ ਕੇ ਚੰਗੀ ਤਰ੍ਹਾਂ ਸਾਫ ਕੀਤਾ॥੩੬॥

ਕਰਿ ਛਿਰਕਾਵਨਿ ਧੂਰ ਦਬਾਈ। ਪੰਚਾਂਮ੍ਰਿਤ ਹੋਵਤਿ ਸਮੁਦਾਈ।
ਸਭਿ ਕੇ ਉਰ ਆਨੰਦ ਭਰਿ ਆਏ। ਦਰਸ਼ਨ ਕੋ ਹਿਜਰੇ ਲਲਚਾਏ॥ ੩੭॥

ਫਿਰ ਪਾਣੀ ਦਾ ਛਿੜਕਾ ਕਰ ਕੇ ਧੂੜ ਨੂੰ ਦਬਾਇਆ ਤੇ ਸਾਰਿਆਂ ਨੇ ਕੜਾਹ ਪ੍ਰਸ਼ਾਦਿ ਤਿਆਰ ਕੀਤਾ। ਸਾਰਿਆਂ ਦੇ ਹਿਰਦੇ ਆਨੰਦ ਨਾਲ ਭਰ ਗਏ, ਦਰਸ਼ਨ ਕਰਨ ਵਾਸਤੇ ਉਨ੍ਹਾਂ ਦੇ ਹਿਰਦੇ ਬੜੇ ਲਲਚਾਏ ਸਨ॥੩੭॥

ਸ੍ਰੀ ਹਰਿਕ੍ਰਿਸ਼ਨ ਸ ਦਾਸ ਅਗਾਊ। ਮਿਲੇ ਨਿਮੇ ਨਰ ਗਨ ਧਰਿ ਭਾਊ।
ਬੂਝੀ ਕੁਸ਼ਲ ਗੁਰੂ ਸਭਿਹਿਨਿ ਕੀ। ਕਰੀ ਬਤਾਵਨਿ ਤਿਨ ਤਨ ਮਨ ਕੀ॥ ੩੮॥

ਸ੍ਰੀ ਹਰਿਕ੍ਰਿਸ਼ਨ ਜੀ ਅਤੇ ਹੋਰ ਸੇਵਕ ਅੱਗੇ ਲੈਣ ਵਾਸਤੇ ਆਏ। ਬਹੁਤ ਮਨੁੱਖ ਬੜਾ ਪ੍ਰੇਮ ਧਾਰਨ ਕਰਕੇ ਸੀਸ ਨਿਵਾ ਕੇ ਮਿਲੇ। ਗੁਰੂ ਜੀ ਨੇ ਸਾਰਿਆਂ ਦੀ ਸੁਖਸਾਂਦ ਪੁੱਛੀ। ਉਨ੍ਹਾਂ ਸਾਰਿਆਂ ਨੇ ਆਪਣੇ ਤਨ ਤੇ ਮਨ ਦਾ ਹਾਲ ਚਾਲ ਦੱਸਿਆ॥੩੮॥

ਸੁੰਦਰ ਸਦਨ ਬਿਰਾਜੇ ਜਾਇ। ਪੁਰਿ ਜਨ ਪਰਵਾਰੇ ਸਮੁਦਾਇ।
ਆਇ ਤਿਹਾਵਲ ਬਹੁ ਬਰਤਾਯੋ। ਸਭਿਨਿ ਅਨੰਦ ਕਰੇ ਮੁਖ ਪਾਯੋ॥ ੩੯॥

ਸੁੰਦਰ ਘਰ ਵਿਚ ਜਾ ਕੇ ਬਿਰਾਜ ਗਏ। ਨਗਰ ਦੇ ਲੋਕਾਂ ਨੇ ਇਕੱਠੇ ਹੋ ਕੇ ਗੁਰੂ ਜੀ ਨੂੰ ਚਾਰੇ ਪਾਸਿਆਂ ਤੋਂ ਘੇਰਾ ਪਾ ਲਿਆ। ਉਨ੍ਹਾਂ ਨੇ ਆ ਕੇ ਬਹੁਤ ਕੜਾਹ ਪ੍ਰਸ਼ਾਦਿ ਵਰਤਾਇਆ। ਸਾਰਿਆਂ ਨੇ ਅਨੰਦ ਕਰਕੇ ਸੁਖ ਪਾਇਆ॥੩੯॥

ਸੋਢੀ ਸੂਰਜ ਮਲ ਤੇ ਆਦਿ। ਮਿਲੇ ਆਇ ਧਰਿ ਧਰਿ ਅਹਿਲਾਦ।
ਜਥਾ ਜੋਗ ਸ੍ਰੀ ਗੁਰ ਸਤਿਕਾਰੇ। ਕਿਤਿਕ ਸਮੇਂ ਥਿਰਿ ਸਦਨ ਸਿਧਾਰੇ॥ ੪੦॥

ਸੋਢੀ ਸੂਰਜ ਮਲ ਆਦਿ ਧੀਰਜ ਧਾਰ ਬੜੇ ਪ੍ਰਸੰਨ ਹੋ ਕੇ ਮਿਲੇ। ਜਥਾ ਯੋਗ ਗੁਰੂ ਜੀ ਨੇ ਉਨ੍ਹਾਂ ਦਾ ਸਤਿਕਾਰ ਕੀਤਾ। ਕਾਫੀ ਸਮਾਂ ਉਥੇ ਬੈਠ ਕੇ ਫਿਰ ਘਰ ਨੂੰ ਚਲੇ ਗਏ॥੪੦॥

ਸ੍ਰੀ ਹਰਿਕ੍ਰਿਸ਼ਨ ਉਛੰਗ ਸੁਹਾਏ। ਬੰਦਹਿਂ ਸੁਭਟ ਹੇਰਿ ਸਮੁਦਾਏ।
ਨਿਜ ਥਲ ਥਿਰਤਾ ਕਰਨਿ ਨਿਹਾਰੇ। ਗੁਨ ਗਨ ਧੀਰਜ ਆਦਿ ਉਦਾਰੇ॥੪੧॥

ਸ੍ਰੀ ਹਰਿਕ੍ਰਿਸ਼ਨ ਜੀ ਗੋਦੀ ਵਿਚ ਬਹੁਤ ਸ਼ੋਭਾ ਪਾ ਰਹੇ ਸਨ। ਸਾਰੇ ਸੂਰਮੇ ਵੇਖ-ਵੇਖ ਬੰਦਨਾ ਕਰ ਰਹੇ ਸਨ। ਗੁਰੂ ਜੀ ਆਪਣੇ ਸਥਾਨ ਉੱਤੇ ਬੈਠੇ ਵੇਖ ਰਹੇ ਸਨ, ਜਿਹੜੇ ਗੁਣਾਂ ਦੇ ਭੰਡਾਰ ਅਤੇ ਵੱਡੇ ਧੀਰਜ ਵਾਲੇ ਸਨ॥੪੧॥

ਭਯੋ ਸਪੂਤ ਪਰਮ ਪ੍ਰਿਯ ਪਿਤ ਕੋ। ਕਰਤਾ ਸਿਖ ਸੰਗਤਿ ਕੇ ਹਿਤ ਕੋ।
ਬਸਤਿ ਭਏ ਕੀਰਤਿਪੁਰਿ ਆਇ। ਸਪਤਮ ਸ਼ਾਹੁ ਗੁਰੂ ਹਰਿਰਾਇ॥ ੪੨॥

ਪਿਤਾ ਜੀ ਨੂੰ ਆਪਣਾ ਪੁੱਤਰ ਬਹੁਤ ਪਿਆਰਾ ਲੱਗਦਾ ਹੈ, ਜਿਹੜਾ ਸਿੱਖ ਸੰਗਤ ਦੇ ਹਿਤ ਦੀ ਗੱਲ ਕਰਦਾ ਹੈ। ਆ ਕੇ ਕੀਰਤਪੁਰ ਰਹਿਣ ਲੱਗ ਪਏ ਹਨ, ਜਿਹੜੇ ਸੱਤਵੇਂ ਪਾਤਿਸ਼ਾਹ ਸ੍ਰੀ ਗੁਰੂ ਹਰਿਰਾਇ ਜੀ ਹਨ॥੪੨॥

*ਦਸਵੀ ਰਾਸ ਦਾ ਵੀਹਵਾਂ ਅਧਿਆਇ ਸਮਾਪਤ ਹੋਇਆ॥੨੦॥*

## ਅਧਿਆਇ ਇੱਕੀਵਾਂ

*ਗੁਰਬਾਣੀ ਮਹਿਮਾ, ਸਿੱਖੀ ਜਹਾਜ਼ ਪਾਟ ਗਿਆ ਹੈ*

ਦੋਹਰਾ- ਸ੍ਰੀ ਸਤਿਗੁਰ ਹਰਿਰਾਇ ਜੀ ਇਸ ਬਿਧਿ ਸਮਾਂ ਬਿਤਾਇਂ।
ਸਿਖਜਨਿ ਕੋ ਸੁਖ ਦੇਤਿ ਹੈਂ ਦੁਸ਼ਟਨਿ ਦੁਖ ਸਮੁਦਾਇ॥ ੧॥

ਸਤਿਗੁਰੂ ਹਰਿਰਾਇ ਜੀ ਇਸ ਵਿਧੀ ਅਨੁਸਾਰ ਸਮਾਂ ਬਤੀਤ ਕਰ ਰਹੇ ਹਨ ਕਿ ਸਿੱਖਾਂ ਨੂੰ ਸੁਖ ਦਿੰਦੇ ਹਨ ਅਤੇ ਸਾਰੇ ਦੁਸ਼ਟਾਂ ਨੂੰ ਦੁਖ ਦਿੰਦੇ ਹਨ॥੧॥

ਚੌਪਈ- ਏਕ ਦਯੋਸ ਮਹਿਂ ਕ੍ਰਿਪਾ ਨਿਧਾਨਾ। ਬੈਠੇ ਰੁਚਿਰ ਪ੍ਰਯੰਕ ਮਹਾਨਾ।
ਸਮੋਂ ਅਰਾਮ ਕਰਨ ਕੋ ਜਾਨੇ। ਪੌਢਿ ਗਏ ਸੁਪਤੇ ਸੁਖ ਸਾਨੇ॥ ੨॥

ਇਕ ਦਿਨ ਕ੍ਰਿਪਾ ਨਿਧਾਨ ਗੁਰੂ ਜੀ, ਸੁੰਦਰ ਪਲੰਘ ਉੱਤੇ ਬਿਰਾਜਮਾਨ ਸਨ, ਆਰਾਮ ਕਰਨ ਦਾ ਸਮਾਂ ਜਾਣਿਆ ਤੇ ਪਲੰਘ ਉੱਤੇ ਲੇਟ ਗਏ ਅਤੇ ਆਰਾਮ ਨਾਲ ਸੌਂ ਗਏ॥੨॥

ਸੂਖਮ ਬਸਤ੍ਰ ਊਪਰੇ ਤਾਨਾ। ਕੁਛ ਸਿਖ ਹੁਤੇ ਅਲਪ ਤਿਸ ਥਾਨਾ।
ਕਿਤਿਕ ਸਮੋ ਜਬਿ ਏਵ ਬਿਤਾਏ। ਕਿਸੂ ਦੇਸ਼ ਤੇ ਦੁਇ ਸਿਖ ਆਏ॥੩॥

ਕੋਮਲ ਕਪੜਾ ਆਪਣੇ ਉਪਰ ਲੈ ਲਿਆ। ਉਸ ਸਮੇਂ ਉਸ ਥਾਂ ਥੋੜ੍ਹੇ ਸਿੱਖ ਮੌਜੂਦ ਸਨ। ਕਾਫ਼ੀ ਸਮਾਂ ਜਦ ਇਸ ਤਰ੍ਹਾਂ ਬਤੀਤ ਕੀਤਾ ਤੇ ਕਿਸੇ ਦੇਸ਼ ਤੋਂ ਦੋ ਸਿੱਖ ਆਏ॥੩॥

ਉਰ ਸ਼ਰਧਾ ਧਰਿ ਸ਼ਬਦ ਸੁ ਗਾਵਤਿ। ਬਹੁਤ ਪ੍ਰੇਮ ਸੁਨਿਬੇ ਉਪਜਾਵਤਿ।
ਸੁੰਦਰ ਸੁਰ ਤੇ ਰਾਗ ਬਸਾਵੈਂ। ਗਨ ਸੰਗਤਿ ਕੋ ਗਾਇ ਰਿਝਾਵੈਂ॥ ੪॥

ਹਿਰਦੇ ਵਿਚ ਬੜੀ ਸ਼ਰਧਾ ਧਾਰ ਕੇ ਉਹ ਸ਼ਬਦ ਗਾਉਂਦੇ ਸਨ ਅਤੇ ਸ਼ਬਦ ਸੁਣਨ ਵਾਸਤੇ ਬੜਾ ਪ੍ਰੇਮ ਪ੍ਰਗਟ ਕਰਦੇ ਸਨ। ਬੜੀ ਸੁੰਦਰ ਸੁਰ ਨਾਲ ਰਾਗ ਨੂੰ ਪੇਸ਼ ਕਰਦੇ ਸਨ ਤੇ ਬਹੁਤ ਸੰਗਤ ਨੂੰ ਸੁਣਾ ਕੇ ਪ੍ਰਸੰਨ ਕਰਦੇ ਸਨ॥੪॥

ਦਰਸ਼ਨ ਹਿਤ ਆਏ ਦਰਬਾਰ। ਸੁਪਤੇ ਜਾਨੇਂ ਗੁਰੂ ਉਦਾਰ।
ਉਰ ਮੈਂ ਕਰੇਂ ਬਿਚਾਰ ਬਿਸਾਲਾ। ਗਾਵਹਿਂ ਸ਼ਬਦ ਕਿ ਨਹਿਂ ਇਸ ਕਾਲਾ ॥੫॥

ਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਦਰਬਾਰ ਵਿਚ ਆਏ ਸਨ ਤੇ ਦਰਬਾਰ ਵਿਚ ਆ ਕੇ ਉਨ੍ਹਾਂ ਨੂੰ ਪਤਾ ਲੱਗਾ ਕਿ ਗੁਰੂ ਜੀ ਸੌਂ ਰਹੇ ਹਨ। ਹਿਰਦੇ ਵਿਚ ਬਹੁਤ ਵਿਚਾਰ ਕਰਦੇ ਸਨ ਕਿ ਇਸ ਸਮੇਂ ਸ਼ਬਦ ਗਾਈਏ ਕਿ ਨਹੀਂ ॥੫॥

ਸੁਧਿ ਧੁਨਿ ਜਾਗਹਿਂ ਕੋਪਹਿਂ ਨਾਂਹੀ। ਹਮਰੀ ਨਿੰਦ੍ਰਾ ਇਨੁ ਉਚਟਾਹੀ।
ਕਹਿਹਿਂ ਪਰਸਪਰ 'ਸਤਿਗੁਰ ਸਦਾ। ਤੁਰੀ ਅਵਸਥਾ ਮਹਿਂ ਜਦ ਕਦਾ ॥੬॥

ਰਾਗ ਦੀ ਧੁਨ ਸੁਣ ਕੇ ਜਾਗ ਕੇ ਗੁੱਸੇ ਨਾ ਹੋਣ ਕਿ ਇਨ੍ਹਾਂ ਨੇ ਸਾਡੀ ਨੀਂਦ ਉਚਾਟ ਕਰ ਦਿੱਤੀ ਹੈ। ਆਪਸ ਵਿਚ ਕਹਿੰਦੇ ਸਨ, "ਸਤਿਗੁਰੂ ਜੀ ਸਦਾ ਜਦ ਕਦੇ ਵੀ ਚੌਥੀ ਅਵਸਥਾ ਭਾਵ ਗਿਆਨ ਦਸ਼ਾ ਵਿਚ ਰਹਿੰਦੇ ਹਨ ॥੬॥

ਤੀਨ ਅਵਸਥਾ ਸਾਖੀ ਰੂਪ। ਜਥੋਂ ਜਲ ਕਮਲ ਅਲੇਪ ਅਨੂਪ।
ਸੁਨਿ ਹਰਿ ਸਿਮਰਨ ਆਨੰਦ ਧਰੈਂ। ਹਮ ਪਰ ਖੁਸ਼ੀ ਆਪਨੀ ਕਰੈਂ' ॥੭॥

ਤਿੰਨਾਂ ਅਵਸਥਾ ਦੇ ਪ੍ਰਕਾਸ਼ਕ ਰੂਪ ਹਨ, ਜਿਵੇਂ ਜਲ ਵਿਚ ਕੰਵਲ ਅਲੇਪ ਹੀ ਰਹਿੰਦਾ ਹੈ। ਹਰੀ ਦਾ ਸਿਮਰਨ ਸੁਣ ਕੇ ਆਨੰਦ ਧਾਰਨ ਕਰਦੇ ਹਨ। ਸਾਡੇ ਉੱਤੇ ਆਪਣੀ ਖ਼ੁਸ਼ੀ ਕਰਨਗੇ' ॥੭॥

ਇਮ ਬਿਚਾਰ ਕਰਿ ਗਾਵਨ ਲਾਗੇ। ਸੁਰ ਸੁੰਦਰ ਤੇ ਉਰ ਅਨੁਰਾਗੇ।
ਸੁਨਿ ਬਾਨੀ ਪੁਨ ਸਤਿਗੁਰ ਜਾਗੇ। ਕਰੀ ਸ਼ੀਘ੍ਰਤਾ ਸਿਹਜਾ ਤਜਾਗੇ ॥੮॥

ਇਸ ਤਰ੍ਹਾਂ ਵਿਚਾਰ ਕੇ ਗਾਉਣ ਲੱਗੇ। ਸੁੰਦਰ ਸੁਰ ਨਾਲ ਹਿਰਦੇ ਵਿਚ ਪ੍ਰੇਮ ਜਾਗਿਆ। ਬਾਣੀ ਸੁਣ ਕੇ ਫਿਰ ਸਤਿਗੁਰੂ ਜੀ ਜਾਗ ਪਏ ਤੇ ਬੜੀ ਛੇਤੀ ਪਲੰਘ ਨੂੰ ਛੱਡ ਦਿੱਤਾ ॥੮॥

ਹਰਬਰਾਇ ਜਬਿ ਨਿੰਦ੍ਰਾ ਤਜਾਗੀ। ਪਾਟੀ ਚੋਟ ਗੋਡ ਪਰ ਲਾਗੀ।
ਤਜਿ ਪ੍ਰਯੰਕ ਕੋ ਉਠੇ ਕ੍ਰਿਪਾਲਾ। ਜਾਨੁ ਲਗਜੇ ਉਤਰਿਬੇ ਕਾਲਾ ॥੯॥

ਹੜਬੜਾ ਕੇ ਜਦ ਨੀਂਦ ਛੱਡੀ ਤਾਂ ਪਲੰਘ ਦੀ ਬਾਹੀ ਦੀ ਚੋਟ ਗੋਡੇ 'ਤੇ ਲੱਗੀ। ਕ੍ਰਿਪਾਲੂ ਗੁਰੂ ਜੀ ਪਲੰਘ ਛੱਡ ਕੇ ਉੱਠ ਪਏ ਤੇ ਉਸ ਸਮੇਂ ਪਲੰਘ ਤੋਂ ਉੱਤਰ ਕੇ ਜਾਣ ਲੱਗੇ ॥੯॥

ਪਾਟੀ ਚੋਟ ਸੁ ਦਾਸਨਿ ਹੇਰੀ। ਕਰ ਧੀਰ ਮਰਦਨਿ ਕੀਨਿ ਘਨੇਰੀ।
ਪੁਨ ਕਰ ਜੋਰੇ ਪੂਛਨਿ ਲਾਗੇ। 'ਸ੍ਰੀ ਸਤਿਗੁਰ ਤੁਮ ਕਿਸ ਬਿਧਿ ਜਾਗੇ ? ॥੧੦॥

ਬਾਹੀ ਦੀ ਲੱਗੀ ਸੱਟ ਸੇਵਕਾਂ ਨੇ ਵੇਖੀ ਤਾਂ ਉਨ੍ਹਾਂ ਧੀਰਜ ਧਾਰ ਕੇ ਬਹੁਤ ਮਾਲਸ਼ ਅਤੇ ਮੁੱਠੀ ਚਾਪੀ ਕੀਤੀ। ਫਿਰ ਹੱਥ ਜੋੜ ਕੇ ਪੁੱਛਣ ਲੱਗੇ, 'ਹੇ ਸਤਿਗੁਰੂ ! ਤੁਸੀਂ ਕਿਸ ਤਰ੍ਹਾਂ ਜਾਗੇ ਹੋ ? ॥੧੦॥

ਬਚਨ ਆਪ ਕੇ ਸ਼ਬਦ ਬਨੇ ਹੈਂ। ਨਰ ਤਾਰਨਿ ਹਿਤ ਸੁਖਦ ਭਨੇ ਹੈਂ।
ਸੰਕਨਿ ਕਿਸ ਕੀ ਰਾਵਰ ਧਰੀ ?। ਕਾਜ ਕਵਨ ਸ਼ੀਘ੍ਰਤਾ ਕਰੀ ? ॥੧੧॥

ਆਪ ਜੀ ਦੇ ਬਚਨ ਸ਼ਬਦ ਬਣੇ ਹਨ, ਮਨੁੱਖਾਂ ਨੂੰ ਤਾਰਨ ਵਾਸਤੇ ਤੁਸੀਂ ਸੁਖਦਾਇਕ ਬਚਨ ਕਰਦੇ ਹੋ। ਆਪ ਜੀ ਨੇ ਕਿਸ ਦਾ ਭੈਅ ਧਾਰਨ ਕੀਤਾ ਹੈ ? ਕਿਸ ਕਾਰਨ ਏਨੀ ਕਾਹਲੀ ਕੀਤੀ ਹੈ ? ॥੧੧॥

ਹਰਬਰਾਇ ਅਬ ਐਸੇ ਜਾਗੇ। ਪਾਟੀ ਚੋਟ ਗੋਡ ਮਹਿਂ ਲਾਗੇ'।
ਸੁਨਿ ਕਰਿ ਸ੍ਰੀ ਹਰਿਰਾਇ ਉਚਾਰੇਂ। 'ਸੁਨਹੁ ਸਿੱਖ ! ਤੁਮ ਹੋ ਮਮ ਪਜਾਰੇ ॥੧੨॥

ਹੜਬੜਾ ਕੇ ਆਪ ਇਸ ਤਰ੍ਹਾਂ ਜਾਗੇ ਹੋ ਕਿ ਪਲੰਘ ਦੀ ਬਾਹੀ ਦੀ ਸੱਟ ਆਪ ਨੂੰ ਲੱਗੀ ਹੈ।" ਇਹ ਸੁਣ ਕੇ ਸ੍ਰੀ ਹਰਿਰਾਇ ਜੀ ਨੇ ਬਚਨ ਕੀਤੇ, "ਹੇ ਸਿੱਖੋ! ਸੁਣੋ, ਤੁਸੀਂ ਮੇਰੇ ਪਿਆਰੇ ਹੋ॥੧੨॥

**ਗੁਰ ਅਨਭੈ ਬਿਚ ਬਾਨੀ ਰੂਪ। ਯਾਂਕੀ ਮਹਿਮਾ ਅਮਿਤ ਅਨੂਪ।**
**ਭਵ ਅਗਨੀ ਸਾਗਰ ਕਹੁ ਤਰਨਾ। ਸਤਿਗੁਰ ਸਿੱਖਨਿ ਕੋ ਸੁਖ ਕਰਨੀ॥੧੩॥**

ਗੁਰੂ ਦਾ ਅਨੁਭਵ ਬਾਣੀ ਦੇ ਰੂਪ ਵਿਚ ਹੈ, ਭਾਵ ਬਾਣੀ ਗੁਰੂ ਹੈ ਇਸ ਲਈ ਉਸ ਦੀ ਮਹਿਮਾ ਅਮਿਤ ਅਤੇ ਅਨੂਪਮ ਹੈ। ਸੰਸਾਰ ਜੋ ਅੱਗ ਦਾ ਸਮੁੰਦਰ ਹੈ ਉਸ ਨੂੰ ਤਾਰਨਹਾਰ ਬੇੜੀ ਰੂਪ ਹੈ। ਸਤਿਗੁਰੂ ਜੀ ਦੇ ਸਿੱਖਾਂ ਨੂੰ ਸੁਖ ਦੇਣ ਵਾਲੀ ਹੈ॥੧੩॥

**ਪਾਠਕ ਰਿਦੇ ਬਿਕਾਰਨਿ ਹਰਨੀ। ਹਰਨੀ ਤ੍ਰਿਸ਼ਨਾ ਸਿੰਘਨਿ ਬਰਨੀ।**
**ਬਰਨੀ ਗੁਰ ਦੁਖ ਤਰੁ ਕੋ ਕਰਨੀ। ਕਰਨੀ ਗਯਾਨ ਅਗਨਿ ਕੋ ਅਰਨੀ॥੧੪॥**

ਪਾਠਕਾਂ ਦੇ ਹਿਰਦੇ ਦੇ ਵਿਕਾਰਾਂ ਨੂੰ ਦੂਰ ਕਰਦੀ ਹੈ, ਹਿਰਨ ਰੂਪੀ ਤ੍ਰਿਸ਼ਨਾ ਨੂੰ ਮਾਰਨ ਲਈ ਇਹ ਸ਼ੇਰਨੀ ਸਮਾਨ ਹੈ। ਦੁਖ ਰੂਪੀ ਬ੍ਰਿਛ ਨੂੰ ਹੱਥਣੀ ਵਾਂਗ ਪੁਟ ਦੇਣ ਵਾਲੀ ਗੁਰੂ ਜੀ ਨੇ ਵਰਣਨ ਕੀਤੀ ਹੈ ਤੇ ਗਿਆਨ ਰੂਪੀ ਅਗਨੀ ਦੇ ਪ੍ਰਕਾਸ਼ ਕਰਨ ਨੂੰ ਲਕੜੀ ਸਮਾਨ ਹੈ॥੧੪॥

**ਜੋ ਸਿਖ ਗੁਰਬਾਨੀ ਭੈ ਕਰੈ। ਬਿਨ ਪ੍ਰਯਾਸ ਭਵ ਸਾਗਰ ਤਰੈ।**
**ਗੁਰਬਾਨੀ ਮਹਿਮਾ ਮਹੀਯਾਨੇ। ਜੋ ਮਿਰਯਾਦਾ ਹਮ ਨਹਿੰ ਠਾਨੇ॥ ੧੫॥**

ਜੋ ਸਿੱਖ ਗੁਰਬਾਣੀ ਦਾ ਭੈਅ ਕਰੇ, ਉਹ ਕਿਸੇ ਜਤਨ ਤੋਂ ਬਗ਼ੈਰ ਹੀ ਭਵਸਾਗਰ ਤਰ ਜਾਂਦਾ ਹੈ। ਗੁਰਬਾਣੀ ਦੀ ਬਹੁਤ ਵੱਡੀ ਮਹਿਮਾ ਹੈ। ਜੇ ਅਸੀਂ ਮਰਯਾਦਾ ਨਹੀਂ ਧਾਰਨ ਕਰਾਂਗੇ॥੧੫॥

**ਤੌ ਸਿਖ ਭੈ ਨ ਕਰੈ ਗੋ ਕੋਈ। ਬਿਨ ਭੈ ਕਰੇ ਸ਼੍ਰੇਯ ਨਹਿੰ ਹੋਈ।**
**ਗੁਰਬਾਨੀ ਕੋ ਭੈ ਹਮ ਧਰਿ ਕੈ। ਤਜਜੋ ਪ੍ਰਯੰਕ ਸ਼ੀਘ੍ਰਤਾ ਕਰਿਕੈ॥ ੧੬॥**

ਤਾਂ ਫਿਰ ਕੋਈ ਵੀ ਸਿੱਖ ਗੁਰਬਾਣੀ ਦਾ ਭੈਅ ਨਹੀਂ ਕਰੇਗਾ। ਭੈਅ ਕਰਨ ਤੋਂ ਬਗ਼ੈਰ ਮੁਕਤੀ ਪ੍ਰਾਪਤ ਨਹੀਂ ਹੁੰਦੀ। ਗੁਰਬਾਣੀ ਦਾ ਮੈਂ ਭੈਅ ਧਾਰਨ ਕਰਕੇ, ਪਲੰਘ ਨੂੰ ਬੜੀ ਕਾਹਲੀ ਵਿਚ ਛਡਿਆ ਹੈ॥੧੬॥

**ਜੋ ਸਿਖ ਹੈ ਗੁਰ ਸ਼ਬਦ ਕਮਾਵੈ। ਸ਼ਬਦ ਕਮਾਇ ਪਰਮ ਪਦ ਪਾਵੈ।**
**ਭਗਤਿ ਪ੍ਰਤੀਤਿ ਨਹੀਂ ਜਿਸ ਤਨ ਮੈਂ। ਤਿਹ ਗੁਰਬਾਨੀ ਭੈ ਨਹਿੰ ਮਨ ਮੈਂ॥੧੭॥**

ਜੋ ਸਿੱਖ ਹੋ ਕੇ ਗੁਰੂ ਜੀ ਦੇ ਸ਼ਬਦ ਦੀ ਕਮਾਈ ਕਰਦਾ ਹੈ ਉਹ ਸ਼ਬਦ ਦੀ ਕਮਾਈ ਕਰ ਲੈਣ ਨਾਲ ਪਰਮ ਪਦਵੀ ਪਾਉਂਦਾ ਹੈ। ਜਿਸ ਸਰੀਰ ਵਿਚ ਭਗਤੀ 'ਤੇ ਭਰੋਸਾ ਨਹੀਂ ਹੈ, ਉਹ ਆਪਣੇ ਮਨ ਵਿਚ ਗੁਰਬਾਣੀ ਦਾ ਭੈਅ ਨਹੀਂ ਮੰਨਦੇ ਹਨ॥੧੭॥

**ਬਿਨ ਭੈ ਭਗਤਿ ਨ ਪ੍ਰਾਪਤਿ ਹੋਇ। ਭਗਤਿ ਬਿਨਾ ਨ ਗਯਾਨ ਅਵਿਲੋਇ।**
**ਗਯਾਨ ਬਿਨਾ ਮੁਕਤੀ ਕਿਮ ਪਾਇ। ਮੁਕਤਿ ਬਿਨਾ ਨ ਅਨੰਦ ਸਮਾਇ॥੧੮॥**

ਬਿਨਾਂ ਭੈਅ ਦੇ ਭਗਤੀ ਪ੍ਰਾਪਤ ਨਹੀਂ ਹੁੰਦੀ ਤੇ ਭਗਤੀ ਬਿਨਾਂ ਗਿਆਨ ਹਾਸਲ ਨਹੀਂ ਹੁੰਦਾ। ਫਿਰ ਗਿਆਨ ਬਗ਼ੈਰ ਮੁਕਤੀ ਕਿਵੇਂ ਪਾਵੇਗਾ ਤੇ ਮੁਕਤੀ ਤੋਂ ਬਗ਼ੈਰ ਉਹ ਪਰਮ ਅਨੰਦ ਨਹੀਂ ਮਿਲਦਾ॥੧੮॥

**ਕਾਰਨ ਕਾਰਜ ਸ਼੍ਰਿੰਖਲ ਏਹੀ। ਗੁਰਬਾਨੀ ਭੈ ਤੇ ਸੁਖ ਲੇਹੀ।**
**ਬਿਨ ਭੈ ਭਗਤਿ ਨ ਜਗਤ ਤਰਾਵੈ। ਤੀਰਥ ਬ੍ਰਤ ਜਗ ਜੋਗ ਕਮਾਵੈ॥੧੯॥**

ਕਾਰਨ ਕਾਰਜ ਦੀ ਇਹ ਸੰਗਲੀ ਉਪਰ ਬੰਨ੍ਹੀ ਹੈ ਭਾਵ ਭੈਅ ਬਿਨਾਂ ਭਗਤੀ ਨਹੀਂ, ਭਗਤੀ ਬਿਨਾਂ ਗਿਆਨ ਨਹੀਂ, ਗਿਆਨ ਬਿਨਾਂ ਮੁਕਤੀ ਨਹੀਂ ਤੇ ਮੁਕਤੀ ਬਿਨਾਂ ਆਨੰਦ ਨਹੀਂ, ਪਹਿਲਾ ਗੁਣ ਕਾਰਨ ਹੈ 'ਤੇ ਦੂਸਰਾ ਕਾਰਜ। ਗੁਰਬਾਣੀ ਦਾ ਭੈਅ ਕਰਕੇ ਸੁਖ ਮਿਲਦਾ ਹੈ, ਬਿਨਾਂ ਭੈਅ ਦੇ ਭਗਤੀ ਇਸ ਜਗਤ ਨੂੰ ਨਹੀਂ ਤਾਰਦੀ, ਬੇਸ਼ਕ ਜਗ ਵਿਚ ਤੀਰਥ, ਵਰਤ ਅਤੇ ਜੋਗ ਕਮਾਏ ਜਾਣ॥੧੯॥

ਜੋ ਗੁਰ ਭਗਤਿ ਸੁ ਸਿਖ ਹੈ ਮੇਰਾ। ਗੁਰਬਾਨੀ ਭੈ ਤਿਸੈ ਘਨੇਰਾ।
ਜਿਨ ਭੈ ਅਦਬ ਨ ਬਾਨੀ ਧਾਰਾ। ਜਾਨਹੁ ਸੋ ਸਿਖ ਨਹੀਂ ਹਮਾਰਾ' ॥੨੦॥

ਜੋ ਗੁਰ ਭਗਤ ਹੈ, ਉਹ ਮੇਰਾ ਸਿੱਖ ਹੈ, ਉਹ ਗੁਰਬਾਣੀ ਦਾ ਬਹੁਤ ਭੈਅ ਕਰਦਾ ਹੈ। ਜਿਸ ਨੇ ਭੈਅ ਅਤੇ ਆਦਰ ਨਾਲ ਬਾਣੀ ਨਹੀਂ ਧਾਰਨ ਕੀਤੀ, ਜਾਣੋ ਉਹ ਸਾਡਾ ਸਿੱਖ ਨਹੀਂ ਹੈ' ॥੨੦॥

ਇਮ ਸਤਿਗੁਰ ਤੇ ਸੁਨਿ ਉਪਦੇਸ਼। ਲਖਯੋ ਮਹਾਤਮ ਸ਼ਬਦ ਵਿਸ਼ੇਸ਼।
ਹਾਥ ਜੋਰਿ ਬੰਦਤਿ ਕਰ ਬੰਦਿ। ਸਿਰ ਧਰਿ ਕਰਿ ਗੁਰ ਪਦ ਅਰਬਿੰਦ॥੨੧॥

ਇਸ ਤਰ੍ਹਾਂ ਸਤਿਗੁਰੂ ਜੀ ਦਾ ਉਪਦੇਸ਼ ਸੁਣ ਕੇ ਸ਼ਬਦ ਦਾ ਵਿਸ਼ੇਸ਼ ਮਹਾਤਮ ਜਾਣਿਆ। ਹੱਥ ਜੋੜ ਕੇ ਬੰਦਨਾ ਕਰਕੇ ਗੁਰੂ ਜੀ ਦੇ ਚਰਨਕੰਵਲਾਂ ਨੂੰ ਸਿਰ 'ਤੇ ਧਾਰਨ ਕਰਕੇ ਬੋਲੇ॥੨੧॥

'ਸ੍ਰੀ ਸਤਿਗੁਰ ਜੀ ਕਰੁਨਾ ਕਰੀਅਹਿ। ਸ੍ਰੀ ਮੁਖ ਤੇ ਬਰ ਇਹੀ ਉਚਰੀਅਹਿ।
ਹੁਇ ਗੁਰਬਾਨੀ ਕੋ ਭੈ ਪ੍ਰਾਪਤਿ। ਜਿਸ ਤੇ ਮੁਕਤੀ ਕੇ ਦਰ ਜਾਪਤਿ॥੨੨॥

"ਸ੍ਰੀ ਸਤਿਗੁਰੂ ਜੀ ! ਕਿਰਪਾ ਕਰੋ, ਆਪਣੇ ਮੁੱਖ ਤੋਂ ਇਹ ਵਰ ਉਚਾਰਨ ਕਰੋ ਕਿ ਸਾਨੂੰ ਗੁਰਬਾਣੀ ਦਾ ਭੈਅ ਪ੍ਰਾਪਤ ਹੋਵੇ, ਜਿਸ ਤੋਂ ਮੁਕਤੀ ਦਾ ਦਰਵਾਜ਼ਾ ਦਿਖਾਈ ਦੇਵੇ॥੨੨॥

ਲਗਹਿ ਪ੍ਰੇਮ ਗੁਰ ਸ਼ਬਦ ਮਝਾਰਾ। ਇਸ ਤੇ ਹੁਇ ਹਮਰੋ ਨਿਸਤਾਰਾ।
ਬਸਹੁ ਰਿਦੇ ਮਹਿਮਾ ਇਸ ਕੇਰੀ। ਕਟਹਿਂ ਬ੍ਰਿੰਦ ਕਰਮਨਿ ਕੀ ਬੇਰੀ' ॥੨੩॥

ਗੁਰ ਸ਼ਬਦ ਨਾਲ ਪ੍ਰੇਮ ਲੱਗ ਜਾਵੇ, ਇਸ ਨਾਲ ਸਾਡਾ ਉਧਾਰ ਹੋਵੇ, ਇਸ ਦੀ ਮਹਿਮਾ ਸਾਡੇ ਹਿਰਦੇ ਵਿਚ ਵਸੇ ਤੇ ਅਸੀਂ ਸਮੂਹ ਕਰਮਾਂ ਦੀ ਬੇੜੀ ਕੱਟ ਲਈਏ" ॥੨੩॥

ਸੁਨਿ ਪ੍ਰਸੰਨ ਭੇ ਸ੍ਰੀ ਹਰਿਰਾਇ। ਦੀਨਸਿ ਬਰ ਬਾਨੀ ਭੈ ਭਾਇ।
'ਗੁਰ ਉਪਦੇਸ਼ ਜਾਂਹਿ ਮਨ ਲਾਗਾ। ਕੋਟਿ ਜਨਮ ਕੋ ਸੋਵਤਿ ਜਾਗਾ॥੨੪॥

ਇਹ ਸੁਣ ਕੇ ਸ੍ਰੀ ਗੁਰੂ ਹਰਿਰਾਇ ਜੀ ਪ੍ਰਸੰਨ ਹੋ ਗਏ ਤੇ ਬਾਣੀ ਦੇ ਭੈਅ ਬਾਰੇ ਵਰ ਦਿੱਤਾ, "ਗੁਰੂ ਜੀ ਦਾ ਉਪਦੇਸ਼ ਜਿਸ ਦੇ ਮਨ ਨੂੰ ਲੱਗਾ ਹੈ, ਕੋਟਾਂ ਜਨਮਾਂ ਦਾ ਸੁੱਤਾ ਵੀ ਜਾਗ ਪਿਆ ਹੈ॥੨੪॥

ਮਨ ਜਾਗੇ ਕੀ ਇਹੀ ਨਿਸ਼ਾਨੀ। ਪ੍ਰਿਯ ਲਾਗਹਿ ਉਰ ਸਤਿਗੁਰ ਬਾਨੀ।
ਧੰਨ ਸਿੱਖ ਜਿਨ ਕੇ ਉਰ ਭਾਈ। ਸਮ ਸਲਿਤਾ ਮਨ ਮੀਨ ਬਨਾਈ॥੨੫॥

ਜਾਗੇ ਮਨ ਦੀ ਇਹੀ ਨਿਸ਼ਾਨੀ ਹੈ, ਜਿਸ ਨੂੰ ਆਪਣੇ ਦਿਲ ਵਿਚ ਸਤਿਗੁਰੂ ਜੀ ਦੀ ਬਾਣੀ ਪਿਆਰੀ ਲੱਗਦੀ ਹੈ ਧੰਨ ਉਹ ਸਿੱਖ ਹਨ, ਜਿਨ੍ਹਾਂ ਦੇ ਹਿਰਦਿਆਂ ਨੂੰ ਚੰਗੀ ਲੱਗੀ ਹੈ, ਜਿਨ੍ਹਾਂ ਨੇ ਗੁਰਬਾਣੀ ਨੂੰ ਨਦੀ ਬਣਾਇਆ ਹੈ ਤੇ ਆਪਣੇ ਮਨ ਨੂੰ ਉਸ ਨਦੀ ਦੀ ਮੱਛੀ ਬਣਾਇਆ ਹੈ॥੨੫॥

ਪਰਮ ਸਿੱਖ ਜਿਨ ਕੋ ਮਨ ਕਾਨਨ। ਬਿਚਰਹਿ ਨਿਤ ਗੁਰ ਸ਼ਬਦ ਪਚਾਨਨ।
ਤਾਰੇ ਭਰਮ ਭਿਰਜੇ ਨਰ ਡੋਲਹਿ। ਗੁਰਬਾਨੀ ਤਾਰੀ ਸੰਗ ਖੋਲਹਿ॥ ੨੬॥

ਪਰਮ ਸਿੱਖ ਜਿਨ੍ਹਾਂ ਦੇ ਮਨ ਰੂਪੀ ਜੰਗਲ ਵਿਚ ਗੁਰ ਸ਼ਬਦ ਰੂਪ ਸ਼ੇਰ ਵਿਚਰਦਾ ਹੈ। ਭਰਮ ਰੂਪੀ ਤਾਲਾ ਵੱਜਿਆ ਹੋਣ ਕਰਕੇ, ਮਨੁੱਖ ਡੋਲਦਾ ਹੈ ਤੇ ਉਹ ਤਾਲਾ ਗੁਰਬਾਣੀ ਰੂਪੀ ਚਾਬੀ ਨਾਲ ਖੁਲ੍ਹਦਾ ਹੈ॥੨੬॥

ਭਗਤਿ ਵਿਰਾਗ ਗਜਾਨ ਗੁਨ ਘਨੇ। ਪ੍ਰਵਿਸ਼ਹਿ ਕੋਸ਼ਠ, ਸੋ ਤਬਿ ਚੁਨੇ।
ਸਤਿਗੁਰ ਬਾਨੀ ਚੰਦਨ ਬਾਵਨ। ਮਨ ਦਾਸਨਿ ਤਰੁ ਕਰਹਿ ਸੁਖਾਵਨ॥੨੭॥

ਜਦ ਤਾਲਾ ਖੋਹਲ ਕੇ ਕੋਠੇ ਵਿਚ ਵੜੇ ਤਾਂ ਭਗਤੀ, ਵਿਰਾਗ, ਗਿਆਨ ਆਦਿ ਬਹੁਤ ਗੁਣਾਂ ਨੂੰ ਚੁਣੇਗਾ। ਸਤਿਗੁਰੂ ਜੀ ਦੀ ਬਾਣੀ ਬਾਵਨ ਚੰਦਨ ਵਾਂਗ ਹੈ, ਸੇਵਕਾਂ ਦੇ ਬ੍ਰਿਛ ਰੂਪੀ ਮਨਾਂ ਨੂੰ ਇਹ ਸੁਗੰਧਿਤ ਕਰਦੀ ਹੈ॥੨੭॥

*ਨੋਟ : ਬਾਵਨ ਚੰਦਨ ਦੇ ਬ੍ਰਿਛ ਲਾਗੇ ਜਿਹੜੇ ਬ੍ਰਿਛ ਹੁੰਦੇ ਹਨ, ਉਹ ਵੀ ਚੰਦਨ ਵਾਂਗ ਸੁਗੰਧਮਈ ਹੋ ਜਾਂਦੇ ਹਨ।*

ਜਿਸ ਕੇ ਭਾਗ ਪੁਰਬਲੇ ਜਾਗਹਿਂ। ਗੁਰਬਾਣੀ ਤਿਸ ਮੀਠੀ ਲਾਗਹਿ।
ਬਿਨਾਂ ਭਾਗ ਤੇ ਲਖਹਿ ਨ ਕੋਈ। ਕਿਮ ਕਲਿ ਬਿਖੈ ਪਾਇ ਗਤਿ ਸੋਈ'॥੨੮॥

ਜਿਨ੍ਹਾਂ ਦੇ ਪਿਛਲੇ ਭਾਗ ਜਾਗਦੇ ਹਨ, ਉਨ੍ਹਾਂ ਨੂੰ ਗੁਰਬਾਣੀ ਮਿੱਠੀ ਲਗਦੀ ਹੈ ਤੇ ਭਾਗਾਂ ਬਗੈਰ ਕੋਈ ਜਾਣ ਨਹੀਂ ਸਕਦਾ ਕਿ ਕਿਵੇਂ ਕਲਜੁਗ ਵਿਚ ਉਹ ਗਤੀ ਪਾਵੇਗਾ'॥੨੮॥

ਇਮ ਸਤਿਗੁਰ ਦੇ ਦੇ ਉਪਦੇਸ਼। ਦਾਸਨਿ ਕੀ ਸ਼੍ਰੇਯ ਚਹਤਿ ਵਿਸ਼ੇਸ।
ਇਕ ਦਿਨ ਚੰਚਲ ਚਢੇ ਤੁਰੰਗ। ਗਏ ਵਹਿਰਿ ਬਹੁ ਸੰਗਤਿ ਸੰਗ॥੨੯॥

ਇਸ ਤਰ੍ਹਾਂ ਸਤਿਗੁਰੂ ਜੀ ਉਪਦੇਸ਼ ਦੇ ਕੇ ਆਪਣੇ ਸੇਵਕਾਂ ਦੀ ਮੁਕਤੀ ਵਿਸ਼ੇਸ਼ ਰੂਪ ਵਿਚ ਚਾਹੁੰਦੇ ਸਨ। ਇਕ ਦਿਨ ਗੁਰੂ ਜੀ ਇਕ ਚੰਚਲ ਘੋੜੇ 'ਤੇ ਸਵਾਰ ਹੋ ਗਏ ਤੇ ਬਹੁਤ ਸੰਗਤ ਦੇ ਨਾਲ ਬਾਹਰ ਗਏ॥੨੯॥

ਚਲਤਿ ਚਲਤਿ ਐਸੋ ਥਲ ਪਾਯੋ। ਹੁਤੋ ਉਤੰਗ ਦੇਖਿ ਮਨ ਭਾਯੋ।
ਊਚੋ ਪਰਬਤ ਤਿਸ ਕੇ ਤੀਰ। ਪਹੁਚੇ ਤਹਿਂ ਲੇ ਸੰਗਤਿ ਭੀਰ॥੩੦॥

ਚਲਦਿਆਂ ਚਲਦਿਆਂ ਅਜਿਹਾ ਥਾਂ ਪਾਇਆ, ਜਿਹੜਾ ਬਹੁਤ ਉੱਚਾ ਹੋਣ ਕਰਕੇ ਮਨ ਨੂੰ ਚੰਗਾ ਲੱਗਾ। ਬੜੇ ਉੱਚੇ ਪਹਾੜ ਉਸ ਦੇ ਪਾਸ ਸਨ। ਗੁਰੂ ਜੀ ਸੰਗਤ ਦੀ ਭੀੜ ਨੂੰ ਲੈ ਕੇ ਉਥੇ ਪਹੁੰਚ ਗਏ॥੩੦॥

ਥਲ ਅਰੂਢਿ ਤਿਸ ਸਤਿਗੁਰ ਠਾਂਢੇ। ਸਿਖ ਭੀ ਖਰੇ ਪ੍ਰੇਮ ਕੇ ਗਾਢੇ।
ਚਿਰੰਕਾਲ ਜਬਿ ਬੀਤਯੋ ਤਹਾਂ। ਸੰਗਤ ਭਈ ਬਿਸਮ ਉਰ ਮਹਾਂ॥੩੧॥

ਉਸ ਸਥਾਨ 'ਤੇ ਚੜ੍ਹ ਕੇ ਸਤਿਗੁਰੂ ਜੀ ਖੜੇ ਹੋ ਗਏ ਤੇ ਪ੍ਰੇਮ ਦੇ ਬੰਨ੍ਹੇ ਹੋਏ ਸਿੱਖ ਵੀ ਉਸ ਥਾਂ ਖਲੋ ਗਏ। ਜਦ ਉਥੇ ਠਹਿਰਿਆਂ ਕਾਫੀ ਸਮਾਂ ਬੀਤ ਗਿਆ ਤਾਂ ਸੰਗਤ ਹਿਰਦੇ ਵਿਚ ਬਹੁਤ ਹੈਰਾਨ ਹੋਈ॥੩੧॥

ਥਕਤਿ ਚਰਨ ਸਭਿ ਕੇ ਹੁਇ ਗਏ। ਹਾਥ ਜੋਰਿ ਤਬਿ ਬੂਝਤਿ ਭਏ।
'ਸ਼੍ਰੀ ਸਤਿਗੁਰ ਜੀ! ਅੰਤਰਜਾਮੀ! ਸੇਵਕ ਸ਼੍ਰੇਯ ਦੇਤਿ ਹੋ ਸੁਾਮੀ॥੩੨॥

ਸਾਰਿਆਂ ਦੇ ਪੈਰ ਥੱਕ ਗਏ, ਫਿਰ ਹੱਥ ਜੋੜ ਕੇ ਪੁੱਛਣ ਲੱਗੇ, 'ਹੇ ਸਤਿਗੁਰੂ ਜੀ! ਹੇ ਅੰਤਰਜਾਮੀ ਸਵਾਮੀ ਜੀ! ਤੁਸੀਂ ਆਪਣੇ ਸੇਵਕਾਂ ਨੂੰ ਮੁਕਤੀ ਬਖਸ਼ਦੇ ਹੋ॥੩੨॥

ਕੌਨ ਪ੍ਰਯੋਜਨ ਈਹਾਂ ਖਰੇ?। ਨਹਿਂ ਫੁਲਵਾਰੀ ਫੂਲਨਿ ਖਿਰੇ।
ਸੈਲ ਨਿਕਟਿ ਹੈਂ, ਸੈਲ ਨ ਆਨ। ਜਿਸ ਕੋ ਦੇਖਤਿ ਕ੍ਰਿਪਾ ਨਿਧਾਨ॥੩੩॥

ਕਿਸ ਪ੍ਰਯੋਜਨ ਕਰਕੇ ਏਥੇ ਖੜੇ ਹੋ? ਏਥੇ ਕੋਈ ਫੁੱਲਾਂ ਦੀ ਫੁਲਵਾੜੀ ਨਹੀਂ ਖਿੜੀ ਹੈ। ਪਹਾੜ ਹੀ ਨੇੜੇ ਹੈ ਤੇ ਹੋਰ ਕੋਈ ਦਿਲ ਖੁਸ਼ ਕਰਨ ਵਾਲਾ ਨਜ਼ਾਰਾ ਸਾਹਮਣੇ ਨਹੀਂ ਹੈ, ਜਿਸ ਨੂੰ ਆਪ ਜੀ ਕ੍ਰਿਪਾ ਨਿਧਾਨ ਵੇਖ ਰਹੇ ਹੋ॥੩੩॥

ਖਰੇ ਹੋਨਿ ਕੋ ਕਾਰਨ ਔਰ। ਨਹਿੰਨ ਬਿਲੋਕਤਿ ਹਮ ਇਸ ਠੌਰ।
ਯਾਂਤੇ ਸਭਿ ਸੰਗਤਿ ਬਿਸਮਾਇ। ਕਹਿ ਅਰਜ਼ੀ, ਮਰਜ਼ੀ ਜਿਮ ਪਾਇ' ॥ ੩੪ ॥

ਖੜੇ ਹੋਣ ਦਾ ਹੋਰ ਕੋਈ ਕਾਰਨ ਅਸੀਂ ਇਸ ਥਾਂ ਨਹੀਂ ਵੇਖਿਆ ਹੈ। ਇਸ ਕਰਕੇ ਸਾਰੀ ਸੰਗਤ ਹੈਰਾਨ ਹੋ ਰਹੀ ਹੈ। ਅਸੀਂ ਅਰਜ਼ ਕੀਤੀ ਹੈ, ਜਿਵੇਂ ਤੁਹਾਡੀ ਮਰਜ਼ੀ ਉਸ ਤਰ੍ਹਾਂ ਹੀ ਪਾਈਏ' ॥੩੪॥

ਸੁਨਿ ਕਰਿ ਬੋਲੇ ਸ੍ਰੀ ਹਰਿਰਾਇ। 'ਸੁਨਹੁਂ ਸਿੱਖ ਸੰਗਤਿ ਸਮੁਦਾਇ।
ਜਗ ਤਾਰਨ ਸ੍ਰੀ ਨਾਨਕ ਬਾਬਾ। ਖੰਡ ਪਖੰਡਨਿ ਸ਼ੋਰ ਸ਼ਰਾਬਾ॥ ੩੫ ॥

ਸ੍ਰੀ ਹਰਿਰਾਇ ਜੀ ਸੁਣ ਕੇ ਬੋਲੇ, "ਹੇ ਸਾਰੀ ਸਿੱਖ ਸੰਗਤ! ਸੁਣੋ, ਸ੍ਰੀ ਗੁਰੂ ਨਾਨਕ ਦੇਵ ਜੀ ਜਗਤ ਨੂੰ ਤਾਰਨ ਵਾਸਤੇ ਪਖੰਡਾਂ ਅਤੇ ਸ਼ੋਰ ਸ਼ਰਾਬੇ ਨੂੰ ਖਤਮ ਕਰਨ ਵਾਸਤੇ ਆਏ ਹਨ॥੩੫॥

ਭਰਜੋ ਜਹਾਜ ਤਿਨਹੁਂ ਜੋ ਭਾਰਾ। ਪਰਜੋ ਭ੍ਰਮਰ ਮਹਿਂ ਭ੍ਰਮਤਿ ਉਦਾਰਾ।
ਘਾਟ ਪਹੁਂਚਿਬੇ ਮਗ ਛੁਟਿ ਗਯੋ। ਖੰਡ ਖੰਡ ਹੁਇ ਨਜਾਰੋ ਭਯੋ॥ ੩੬ ॥

ਉਨ੍ਹਾਂ ਜਿਹੜਾ ਭਾਰਾ ਜਹਾਜ਼ ਭਰਿਆ ਹੈ, ਉਹ ਸਿੱਖਾਂ ਦਾ ਜਹਾਜ਼ ਭਰਮਦਾ ਹੋਇਆ ਭੰਵਰ ਵਿਚ ਪੈ ਗਿਆ ਹੈ। ਕਿਨਾਰੇ ਪਹੁੰਚਣ ਦੇ ਰਾਹ ਤੋਂ ਖੁੰਝ ਗਿਆ ਹੈ, ਟੁਕੜੇ ਟੁਕੜੇ ਹੋ ਕੇ ਵੱਖ ਹੋ ਗਿਆ ਹੈ॥੩੬॥

ਜੁਦੇ ਜੁਦੇ ਸਗਰੇ ਹੁਇ ਗਏ। ਪਰੇ ਭੰਵਰ ਕੋ ਅਵਘਟ ਲਏ।
ਕੋ ਦਹ ਪੰਥ ਪਰੇ ਬਹਿ ਜਾਤੇ। ਕੋ ਕੋ ਕੰਠੇ ਆਨਿ ਲਗਾਤੇ॥ ੩੭ ॥

ਸਾਰੇ ਵੱਖ-ਵੱਖ ਹੋ ਗਏ ਹਨ, ਘੁੰਮਣਘੇਰੀ ਵਿਚ ਪੈ ਕੇ ਔਖਾ ਰਾਹ ਫੜ ਲਿਆ ਹੈ। ਕਈ ਤਾਂ ਔਖੇ ਰਾਹ ਪੈ ਕੇ ਰੁੜ੍ਹ ਜਾਂਦੇ ਹਨ, ਕੋਈ ਕੋਈ ਕੰਢੇ ਆ ਲੱਗਦੇ ਹਨ॥੩੭॥

ਆਪ ਆਪ ਹੁਇ ਸਭਿ ਕੋ ਗਏ। ਤਿਸ ਕੋ ਹਮ ਅਬਿ ਦੇਖਤਿ ਭਏ'।
ਸੁਨਿ ਕਰਿ ਬਚਨ ਭਯੰਕਰ ਗੁਰ ਕੇ। ਸਿੱਖਨਿ ਕੇ ਉਰ ਤਬਿ ਬਹੁ ਧਰਕੇ॥ ੩੮ ॥

ਆਪ ਆਪ ਹੋ ਕੇ ਸਭ ਚਲੇ ਗਏ ਹਨ, ਉਨ੍ਹਾਂ ਨੂੰ ਅਸੀਂ ਹੁਣ ਵੇਖ ਰਹੇ ਹਾਂ।" ਗੁਰੂ ਜੀ ਦਾ ਇਹ ਭਿਆਨਕ ਬਚਨ ਸੁਣ ਕੇ ਸਿੱਖਾਂ ਦੇ ਹਿਰਦੇ ਉਸ ਸਮੇਂ ਬਹੁਤ ਧੜਕ ਉੱਠੇ॥੩੮॥

ਭਏ ਦੀਨ ਭਨਿਤੇ ਪੁਨ ਬਿਨਤੀ। 'ਸ੍ਰੀ ਗੁਰ! ਭਈ ਸਭਿਨਿ ਕੇ ਗਿਨਤੀ।
ਭੇਵ ਨ ਪਾਇ ਸਕੈਂ ਕਜਾ ਆਸ਼ੈ। ਸਮੁਝਾਵਹੁ ਇਹ ਕਰਹੁ ਪ੍ਰਕਾਸ਼ੈ॥ ੩੯ ॥

ਬਹੁਤ ਦੀਨ ਹੋ ਕੇ ਫਿਰ ਉਨ੍ਹਾਂ ਬੇਨਤੀ ਕੀਤੀ, "ਹੇ ਗੁਰੂ ਜੀ! ਸਾਰੇ ਹੀ ਭੁਲੇਖੇ ਵਿਚ ਗਿਣਤੀਆਂ ਗਿਣ ਰਹੇ ਹਨ, ਭੇਦ ਨਹੀਂ ਜਾਣ ਸਕਦੇ ਕਿ ਤੁਹਾਡਾ ਕੀ ਆਸ਼ਾ ਹੈ, ਸਾਨੂੰ ਸਮਝਾ ਕੇ ਇਸ ਬਾਰ ਚਾਨਣਾ ਪਾਵੋ॥੩੯॥

ਜਿਮ ਦਾਸਨਿ ਤੇ ਸਮੁਝੀ ਜਾਇ। ਤਿਸ ਪ੍ਰਕਾਰ ਦਿਹੁ ਹਮਹੁ ਬਤਾਇ'।
ਕ੍ਰਿਪਾ ਸਿੰਧੁ ਸੁਨਿ ਕੈ ਮੁਸਕਾਏ। 'ਭੋ ਸਿੱਖਹੁ! ਬੂਝਹੁ ਇਸ ਭਾਏ॥ ੪੦ ॥

ਜਿਵੇਂ ਸੇਵਕਾਂ ਪਾਸੋਂ ਸਮਝੀ ਜਾਵੇ, ਉਸ ਪ੍ਰਕਾਰ ਸਾਨੂੰ ਦੱਸ ਦੇਵੋ ਜੀ।" ਕਿਰਪਾ ਦੇ ਸਾਗਰ ਭਾਵ ਗੁਰੂ ਜੀ ਸੁਣ ਕੇ ਮੁਸਕਰਾਏ, "ਹੇ ਸਿੱਖੋ! ਇਸ ਤੱਥ ਨੂੰ ਇਸ ਪ੍ਰਕਾਰ ਜਾਣੋ॥੪੦॥

ਸਿਖ ਸੇਵਕ ਅਬਿ ਭੂਲ ਗਏ ਹੈਂ। ਬਡ ਭੁਲਾਵਨੀ ਬਿਖੈ ਪਏ ਹੈਂ।
ਅਰਥ ਲੋਭ ਕੇ ਬਸੀ ਪਰੇ ਹੈਂ। ਪਾਖੰਡਨਿ ਕੀ ਪੂਜ ਕਰੇ ਹੈਂ॥ ੪੧ ॥

ਸਿੱਖ-ਸੇਵਕ ਹੁਣ ਸਭ ਭੁਲ ਗਏ ਹਨ, ਸਾਰੇ ਭੁਲੇਖਿਆਂ ਵਿਚ ਪਏ ਹਨ, ਧਨ ਅਤੇ ਲੋਭ ਦੇ ਵੱਸ ਵਿਚ ਪਏ ਹਨ, ਪਾਖੰਡੀਆਂ ਦੀ ਪੂਜਾ ਕਰਦੇ ਹਨ॥੪੧॥

ਕਾਚੇ ਪਾਚੇ ਗੁਰੂ ਕਹਾਵੈਂ। ਤਨਕ ਸਿੱਧਿ ਜਗ ਮੈਂ ਦਿਖਰਾਵੈਂ।
ਕਾਚੀ ਮਤਿ ਕੇ ਹੁਇਂ ਤਿਨ ਪਾਛੇ। ਚਲਹਿਂ ਕੁ ਮਗ ਨਹਿਂ ਪ੍ਰਾਪਤਿ ਆਛੇ॥੪੨॥

ਕੱਚੇ ਪਿਲੇ ਹੁਣ ਗੁਰੂ ਕਹਾਉਣ ਲੱਗ ਗਏ ਹਨ, ਥੋੜ੍ਹੀ ਜਿਹੀ ਵੀ ਸਿੱਧੀ ਜਦ ਜਗ ਵਿਚ ਵਿਖਾਉਂਦੇ ਹਨ, ਕਚੀ ਮੱਤ ਵਾਲੇ ਉਨ੍ਹਾਂ ਦੇ ਪਿੱਛੇ ਲੱਗ ਕੇ ਚਲਦੇ ਹਨ ਤੇ ਚੰਗਾ ਮਾਰਗ ਪ੍ਰਾਪਤ ਨਹੀਂ ਕਰਦੇ ਹਨ॥੪੨॥

ਸਤਿ ਮਤਿ ਤਜਾਗਹਿਂ ਤਹਿਂ ਅਨੁਰਾਗਹਿਂ॥ ਕਾਚੇ ਕੀ ਸੰਗਤਿ ਮਹਿਂ ਲਾਗਹਿਂ।
ਤਜਿ ਕਰਿ ਭਗਤਿ ਕੁਮਾਰਗ ਚਲੇ। ਕਿਸ ਪ੍ਰਕਾਰ ਪ੍ਰਾਪਤਿਂ ਹੁਇ ਭਲੇ॥੪੩॥

ਸੱਚੇ ਮਾਰਗ ਨੂੰ ਤਿਆਗ ਕੇ, ਉਨ੍ਹਾਂ ਕਚਿਆਂ ਪਿਲਿਆਂ ਦੀ ਮੱਤ ਨਾਲ ਪਿਆਰ ਕਰਦੇ ਹਨ। ਭਗਤੀ ਦਾ ਮਾਰਗ ਛੱਡ ਕੇ ਮਾੜੇ ਰਸਤੇ ਚਲਦੇ ਹਨ, ਉਨ੍ਹਾਂ ਨੂੰ ਫਿਰ ਕਿਸ ਪ੍ਰਕਾਰ ਭਲਾ ਮਾਰਗ ਪ੍ਰਾਪਤ ਹੋਵੇਗਾ॥੪੩॥

ਜਿਸ ਤੇ ਮੰਤ੍ਰ ਕਰਹਿਂ ਮੁਖ ਜਾਪ। ਪੁਨ ਨਿੰਦਹਿਂ ਤਿਨ ਮੂਰਖ ਆਪ।
ਇਮ ਜਹਾਜ ਭੌਰੀ ਪਰ ਫੂਟਜੋ। ਜੁਦੋ ਜੁਦੋ ਭਾ, ਜਥਿਹੂੰ ਟੂਟਜੋ॥੪੪॥

ਜਿਸ ਕਰਕੇ ਮੁੱਖ ਤੋਂ ਮੰਤਰਾਂ ਦਾ ਜਾਪ ਕਰਦੇ ਹਨ, ਫਿਰ ਮੂਰਖ ਆਪ ਹੀ ਉਨ੍ਹਾਂ ਦੀ ਨਿੰਦਿਆ ਕਰਦੇ ਹਨ। ਇਸ ਤਰ੍ਹਾਂ ਜਹਾਜ਼ ਭੰਵਰ ਵਿਚ ਪਾਟ ਗਿਆ ਹੈ, ਜਦ ਦਾ ਟੁੱਟ ਕੇ ਵੱਖ-ਵੱਖ ਹੋ ਗਿਆ ਹੈ'॥੪੪॥

ਸੁਨਿ ਗੁਰਬਾਕ ਸਿੱਖ ਬਿਸਮਾਏ। ਕਿਤਿਕ ਕਾਲ ਧਰਿ ਮੋਨ ਬਿਤਾਏ।
ਬਹੁਰ ਸਮੁਝਿ ਕਰਿ ਗੁਰੂ ਪ੍ਰਤਾਪ। ਬੋਲੀ ਸੰਗਤਿ ਛੋਰਿ ਸੰਤਾਪ॥੪੫॥

ਗੁਰੂ ਜੀ ਦੇ ਇਹ ਬਚਨ ਸੁਣ ਕੇ ਸਿੱਖ ਬਹੁਤ ਹੈਰਾਨ ਹੋਏ। ਕਾਫ਼ੀ ਸਮੇਂ ਤੱਕ ਚੁਪ ਰਹਿ ਕੇ ਬਤੀਤ ਕੀਤੇ। ਫਿਰ ਬਾਅਦ ਵਿਚ ਗੁਰੂ ਜੀ ਦਾ ਪ੍ਰਤਾਪ ਸਮਝਿਆ ਤੇ ਸਾਰੀ ਸੰਗਤ ਸੰਤਾਪ ਛੱਡ ਕੇ ਬੋਲੀ॥੪੫॥

'ਸ੍ਰੀ ਪ੍ਰਭੂ! ਤੁਮ ਹੋ ਬਖ਼ਸ਼ਨਹਾਰੇ। ਭਵਜਲ ਤੇ ਨਿਜ ਸਿੱਖਜ ਉਧਾਰੇ।
ਬਡ ਕਸੂਤ ਸੰਗਤਿ ਮਹਿਂ ਭਯੋ। ਸ੍ਰੀ ਮੁਖ ਤੇ ਜੁ ਸੁਨਾਵਨਿ ਕਿਯੋ॥੪੬॥

''ਹੇ ਪ੍ਰਭੂ ਜੀ! ਤੁਸੀਂ ਬਖ਼ਸ਼ਨਹਾਰ ਹੋ, ਭਵਜਲ ਵਿਚੋਂ ਕੱਢ ਕੇ ਆਪਣੇ ਸਿੱਖਾਂ ਦਾ ਉਧਾਰ ਕਰਦੇ ਹੋ। ਸੰਗਤ ਦਾ ਤਾਣਾ ਪੇਟਾ ਬੜਾ ਉੱਲਝ ਗਿਆ ਹੈ, ਜਦ ਤੋਂ ਤੁਸੀਂ ਮੁੱਖ ਤੋਂ ਇਹ ਗੱਲ ਸੁਣਾਈ ਹੈ॥੪੬॥

ਨਿਜ ਜਹਾਜ ਕਬਿ ਮੇਲੇ ਇਹੈ? ਜੁਦੋ ਜੁਦੋ ਕੈ ਇਸ ਬਿਧਿ ਰਹੈ?।
ਤੁਮਰੋ ਨਾਮ ਲਾਜ ਤੁਮ ਹੀ ਕੋ। ਕਰਹੁ ਕਿ ਨਹਿਂ ਸੰਗਤਿ ਕੋ ਨੀਕੋ?॥੪੭॥

ਇਹ ਪਾਟਾ ਹੋਇਆ ਜਹਾਜ਼ ਕਦ ਇਕੱਠਾ ਹੋਵੇਗਾ ਜਾਂ ਕੀ ਇਸ ਪ੍ਰਕਾਰ ਵੱਖ-ਵੱਖ ਹੀ ਰਹੇਗਾ? ਤੁਹਾਨੂੰ ਆਪਣੇ ਨਾਂ ਦੀ ਲਾਜ ਹੈ। ਕੀ ਸੰਗਤ ਲਈ ਸਦਾ ਹੀ ਚੰਗਾ ਕਰਦੇ ਹੋ ਕਿ ਨਹੀਂ?॥੪੭॥

ਭਗਤਿ ਖਜ਼ਾਨੇ ਬਖ਼ਸ਼ਹੁ ਸਦਾ। ਗਈ ਬਹੋਰਤਿ ਹੋ ਜਦ ਕਦਾ।
ਸਰਬ ਭਾਂਤਿ ਸਮਰੱਥ ਗੁਸਾਈਂ! ਕਾਰਨ ਕਰਨ ਸੁ ਅਧਿਕ ਬਡਾਈ'॥੪੮॥

ਭਗਤੀ ਦੇ ਖਜ਼ਾਨੇ ਸਦਾ ਹੀ ਬਖ਼ਸ਼ਦੇ ਹੋ, ਜਦ ਕਦੀ ਵੀ ਗਈ ਹੋਈ ਵਸਤੂ ਨੂੰ ਵਾਪਸ ਲੈ ਆਉਂਦੇ ਹੋ। ਹੇ ਸਵਾਮੀ ਜੀ! ਤੁਸੀਂ ਸਭ ਪ੍ਰਕਾਰ ਸਮਰੱਥ ਹੋ, ਤੁਸੀਂ ਕਾਰਨ ਕਰਨ ਹੋ, ਇਸ ਕਰਕੇ ਤੁਹਾਡੀ ਵੱਡੀ ਵਡਿਆਈ ਹੈ''॥੪੮॥

ਬਿਨਤੀ ਸੁਨਿਕੈ ਸ੍ਰੀ ਹਰਿਰਾਇ। ਬੋਲੇ ਸਭਿ ਕੋ ਬਾਕ ਸੁਨਾਇ।
'ਕਿਤਿਕ ਸਮੋ ਪਰਿ ਹੈ ਅਸ ਰੌਰਾ। ਬਿਗਰ ਜਾਇਂ ਸਭਿ ਠੌਰਹਿਂ ਠੌਰਾ॥ ੪੯॥

ਇਹ ਬੇਨਤੀ ਸੁਣਕੇ ਸ੍ਰੀ ਹਰਿਰਾਇ ਜੀ ਸਾਰਿਆਂ ਨੂੰ ਬਚਨ ਸੁਣਾ ਕੇ ਬੋਲੇ, "ਕੁਝ ਕੁ ਸਮੇਂ ਬਾਅਦ ਐਸਾ ਰੌਲਾ ਮਚੇਗਾ ਕਿ ਸਾਰੇ ਥਾਨ-ਅਸਥਾਨ ਵਿਗੜ ਜਾਣਗੇ॥੪੯॥

ਆਦਿ ਮਸੰਦ ਸਿੱਖਜ ਬਿਰਮਾਇਂ। ਦਰਬ ਲੋਭ ਕੇ ਬਸਿਪਰ ਜਾਇਂ।
ਸੰਗਤਿ ਭੁਲਹਿ ਇਨਕੋ ਦੇਖਿ। ਨਿਜਨਿਜ ਮਹਿਂ ਹੰਕਾਰ ਵਿਸ਼ੇਸ਼॥ ੫੦॥

ਮਸੰਦ ਆਦਿ ਸਿੱਖਾਂ ਨੂੰ ਭਰਮਾਉਣਗੇ ਤੇ ਸਾਰੇ ਧਨ ਲੋਭ ਦੇ ਵੱਸ ਪੈ ਜਾਣਗੇ। ਸੰਗਤ ਇਨ੍ਹਾਂ ਨੂੰ ਵੇਖ ਕੇ ਭੁੱਲ ਜਾਵੇਗੀ ਤੇ ਹਰ ਇਕ ਵਿਚ ਵਿਸ਼ੇਸ਼ ਹੰਕਾਰ ਭਰ ਜਾਵੇਗਾ॥੫੦॥

ਤਬਿ ਦਸਮੋ ਮੈਂ ਧਰੌਂ ਸ਼ਰੀਰ। ਦੇਗ਼ ਤੇਗ਼ ਕੋ ਧਨੀ ਗਹੀਰ।
ਦੁਸ਼ਟ ਪਖੰਡੀ ਕਰੌਂ ਬਿਨਾਸ਼। ਸੰਤ ਮਹਾਤਮ ਹੋਇਂ ਪ੍ਰਕਾਸ਼॥ ੫੧॥

ਫਿਰ ਮੈਂ ਦਸਵਾਂ ਸਰੀਰ ਧਾਰਨ ਕਰਾਂਗਾ, ਦੇਗ ਤੇਗ਼ ਦਾ ਵੱਡਾ ਧਨੀ ਹੋਵਾਂਗਾ, ਦੁਸ਼ਟ ਤੇ ਪਖੰਡੀਆਂ ਦਾ ਨਾਸ਼ ਕਰ ਦੇਵਾਂਗਾ ਤੇ ਸੰਤਾਂ ਦਾ ਮਹਾਤਮ ਪ੍ਰਕਾਸ਼ ਮਈ ਹੋ ਜਾਵੇਗਾ॥੫੧॥

ਤਬਿ ਜਹਾਜ ਮੈਂ ਕਰੌਂ ਇਕੱਤ੍ਰ। ਪ੍ਰਗਟ ਹੋਇਗੋ ਪੰਥ ਪਵਿੱਤ੍ਰ।
ਦੰਡ ਉਚਿਤ ਕੋ ਦੈ ਹੈਂ ਦੰਡ। ਜਾਨਹਿਂ ਸਤਿਗੁਰ ਏਕ ਅਖੰਡ॥ ੫੨॥

ਤਦ ਜਹਾਜ਼ ਨੂੰ ਇਕੱਠਾ ਕਰਾਂਗਾ ਤੇ ਫਿਰ ਪਵਿੱਤਰ ਪੰਥ ਪ੍ਰਗਟ ਹੋਵੇਗਾ। ਜਿਹੜੇ ਦੰਡ ਦੇਣ ਦੇ ਯੋਗ ਹੋਣਗੇ, ਉਨ੍ਹਾਂ ਨੂੰ ਮੈਂ ਦੰਡ ਦੇਵਾਂਗਾ, ਫਿਰ ਸਾਰੇ ਕੇਵਲ ਇਕ ਸਤਿਗੁਰੂ ਜੀ ਨੂੰ ਅਬਿਨਾਸ਼ੀ ਸਮਝਣਗੇ॥੫੨॥

ਫੂਟੇ ਤੂਟੇ ਜੋ ਤਬਿ ਹੋਇ। ਤਿਸ ਜਹਾਜ ਪਰ ਚਢਿ ਹੈਂ ਸੋਇ।
ਭਵ ਸਾਗਰ ਤੇ ਪਾਰ ਉਤਾਰੌਂ। ਅਪਨੀ ਸੰਗਤਿ ਸਗਲ ਸੰਭਾਰੌਂ॥ ੫੩॥

ਜਿਹੜੇ ਉਸ ਸਮੇਂ ਪਾਟੇ ਅਤੇ ਟੁੱਟੇ ਹੋਣਗੇ, ਉਹ ਸਾਰੇ ਉਸ ਜਹਾਜ਼ ਵਿਚ ਚੜ੍ਹ ਜਾਣਗੇ। ਮੈਂ ਭਵਸਾਗਰ ਤੋਂ ਪਾਰ ਉਤਾਰਾਂਗਾ ਤੇ ਆਪਣੀ ਸਾਰੀ ਸੰਗਤ ਨੂੰ ਫਿਰ ਸੰਭਾਲਾਂਗਾ॥੫੩॥

ਭਗਤਿ ਇਕੰਗੀ ਭਜਨ ਅਧਾਰੇ। ਹੁਇ ਹੈਂ ਮੇਰੇ ਦਾਸ ਅਪਾਰੇ।
ਭਰਿ ਕਰਿ ਪੂਰ ਕਰੌਂ ਸਭਿ ਪਾਰ। ਪ੍ਰਗਟਾਵੌਂ ਅਸ ਪੰਥ ਉਦਾਰ॥ ੫੪॥

ਇਕ ਵਾਹਿਗੁਰੂ ਦੇ ਪ੍ਰੇਮ ਵਾਲੀ ਭਗਤੀ ਭਜਨ ਦਾ ਆਧਾਰ ਹੋਵੇਗੀ ਤੇ ਬਹੁਤ ਲੋਕ ਮੇਰੇ ਸੇਵਕ ਹੋਣਗੇ। ਸਭ ਸਿੱਖਾਂ ਦਾ ਪੂਰ ਭਰਕੇ ਮੈਂ ਪਾਰ ਕਰਾਂਗਾ, ਇਸ ਤਰ੍ਹਾਂ ਉੱਤਮ ਪੰਥ ਪ੍ਰਗਟ ਕਰਾਂਗਾ" ॥੫੪॥

ਸੁਨਿ ਸਤਿਗੁਰ ਕੇ ਬਾਕ ਸੁਹਾਏ। ਸੰਗਤਿ ਸੁਨਤਿ ਸਕਲ ਹਰਖਾਏ।
'ਧੰਨ ਧੰਨ ਸਤਿਗੁਰ ਗੁਨਖਾਨੀ। ਜਿਨ ਤੁਮ ਜਾਨੇ ਧੰਨ ਸਿ ਪ੍ਰਾਨੀ॥ ੫੫॥

ਸ੍ਰੀ ਸਤਿਗੁਰੂ ਜੀ ਦੇ ਸੁਹਾਵਣੇ ਬਚਨ ਸੁਣ ਕੇ, ਸਾਰੀ ਸੰਗਤ ਬਹੁਤ ਪ੍ਰਸੰਨ ਹੋਈ ਤੇ ਕਹਿਣ ਲੱਗੀ, "ਹੇ ਗੁਣਾਂ ਦੀ ਖਾਣ ਸਤਿਗੁਰੂ ਜੀ ! ਤੁਸੀਂ ਧੰਨ ਹੋ, ਜਿਨ੍ਹਾਂ ਨੇ ਤੁਹਾਨੂੰ ਸਮਝ ਲਿਆ ਹੈ, ਧੰਨ ਉਹ ਪ੍ਰਾਣੀ ਹਨ॥੫੫॥

ਪਦ ਅਰਬਿੰਦ ਬਿਲੰਦ ਤੁਮਾਰੇ। ਧਰਹਿਂ ਧਜਾਨ, ਤਿਨ ਕਸ਼ਟ ਬਿਦਾਰੇ'।
ਇਮ ਕਹਿ ਕਰੀ ਬੰਦਨਾ ਬ੍ਰਿੰਦ। ਗੁਰ ਬਿਲੰਦ ਬਲਿ ਸ੍ਰੀ ਗੋਬਿੰਦ॥ ੫੬॥

ਜਿਹੜਾ ਵੀ ਤੁਹਾਡੇ ਚਰਨ ਕੰਵਲਾਂ ਦਾ ਧਿਆਨ ਧਾਰਨ ਕਰਦਾ ਹੈ, ਉਸ ਦੇ ਸਾਰੇ ਦੁਖ ਦੂਰ ਕਰ ਦਿੰਦੇ ਹੋ।" ਇਸ ਤਰ੍ਹਾਂ ਕਹਿ ਕੇ ਬਹੁਤ ਬੰਦਨਾ ਕੀਤੀ। ਗੁਰੂ ਜੀ ਬੜੇ ਬਲਵਾਨ ਪਰਮੇਸ਼ਵਰ ਸਰੂਪ ਹਨ॥੫੬॥

*ਦਸਵੀਂ ਰਾਸ ਦਾ ਇੱਕੀਵਾਂ ਅਧਿਆਇ ਸਮਾਪਤ ਹੋਇਆ॥੨੧॥*

# ਅਧਿਆਇ ਬਾਈਵਾਂ

*ਪੌਰਾਣਕ ਪ੍ਰਸੰਗ-ਧੁੰਧ ਤੇ ਉਤੰਕ ਰਿਖੀ ਦੀ ਕਥਾ*

ਦੋਹਰਾ- ਸ੍ਰੀ ਸਤਿਗੁਰ ਹਰਿਰਾਇ ਜੀ ਲਾਖਹੁ ਸਿਖਜ ਉਧਾਰਿ।
ਸੱਤਜਨਾਮ ਦੇ ਕਰਿ ਭਗਤਿ ਕਰੇ ਪੂਰ ਭਰਿ ਪਾਰ॥ ੧॥

ਸ੍ਰੀ ਸਤਿਗੁਰੂ ਹਰਿਰਾਇ ਜੀ ਨੇ ਲੱਖਾਂ ਸਿੱਖਾਂ ਦਾ ਉਧਾਰ ਕੀਤਾ। ਸਤਿਨਾਮ ਦੀ ਭਗਤੀ ਦੇ ਕੇ ਉਹ ਪੂਰਾਂ ਦੇ ਪੂਰ ਪਾਰ ਕਰ ਦਿੰਦੇ ਸਨ॥੧॥

ਚੌਪਈ- ਨਿਜ ਸ਼ਰੀਰ ਕੋ ਪਿਖਿ ਕਰਿ ਅੰਤ। ਚਿਤਵਤਿ ਚਿਤ ਸਤਿਗੁਰ ਭਗਵੰਤ।
ਬੈਸ ਅਲਪ ਮਹਿਂ ਗੁਨ ਤੇ ਮਹਾਂ। ਤਖਤ ਬਿਠਾਵਨਿ ਕੋ ਚਿਤ ਚਹਾ॥੨॥

ਆਪਣੇ ਸਰੀਰ ਦਾ ਅੰਤ ਨੇੜੇ ਵੇਖ ਕੇ, ਸਤਿਗੁਰੂ ਭਗਵੰਤ ਆਪਣੇ ਚਿਤ ਵਿਚ ਸੋਚਦੇ ਸਨ। ਛੋਟੀ ਉਮਰ ਹੈ ਪਰ ਗੁਣਾਂ ਵਿਚ ਮਹਾਨ ਹੈ, ਉਸ ਨੂੰ (ਸ੍ਰੀ ਗੁਰੂ ਹਰਿਕ੍ਰਿਸ਼ਨ ਜੀ) ਤਖਤ 'ਤੇ ਬਿਠਾਉਣ ਲਈ ਚਿਤ ਚਾਹੁੰਦਾ ਹੈ॥੨॥

ਪੂਰਬ ਅਰੁ ਦੱਖਨ ਸਿਖ ਜੋਈ। ਪਸ਼ਚਮ ਉੱਤਰ ਬਾਸੀ ਕੋਈ।
ਸਭਿ ਥਲ ਹੁਤੇ ਮਸੰਦ ਮਹਾਨੇ। ਲਾਖਹੁ ਧਨ ਲੇਤੇ ਤਿਸ ਥਾਨੇ॥੩॥

ਪੂਰਬ ਅਤੇ ਦੱਖਣ ਵਿਚ ਜਿਹੜੇ ਸਿੱਖ ਹਨ ਤੇ ਜਿਹੜੇ ਸਿੱਖ ਪੱਛਮ ਅਤੇ ਉੱਤਰ ਵਿਚ ਵੱਸ ਰਹੇ ਹਨ, ਸਾਰੇ ਥਾਵਾਂ 'ਤੇ ਮਹਾਨ ਮਸੰਦ ਹਨ, ਉਸ ਥਾਂ ਉਹ ਲੱਖਾਂ ਦਾ ਧਨ ਲੈ ਰਹੇ ਹਨ॥੩॥

ਲਿਖੇ ਹੁਕਮਨਾਮੇ ਗੁਰ ਪੂਰੇ। 'ਦੇਖਤਿ ਆਵਹੁ ਇਹਾਂ ਹਜ਼ੂਰੇ।
ਜੇਤਿਕ ਸੰਗਤਿ ਆਵਹਿ ਸੰਗ। ਆਨਹੁ ਸਰਬ ਹਕਾਰਿ ਉਮੰਗਿ'॥੪॥

ਪੂਰਨ ਗੁਰੂ ਜੀ ਨੇ ਉਨ੍ਹਾਂ ਨੂੰ ਹੁਕਮਨਾਮੇ ਲਿਖੇ, "ਇਹ ਹੁਕਮਨਾਮਾ ਵੇਖਦਿਆਂ ਹੀ ਦੇਖੋ ਹਜ਼ੂਰੀ ਵਿਚ ਆਵੋ, ਜਿੰਨੀ ਸੰਗਤ ਨਾਲ ਆਵੇ, ਸਾਰਿਆਂ ਨੂੰ ਉਤਸ਼ਾਹ ਨਾਲ ਬੁਲਾ ਕੇ ਨਾਲ ਲਿਆਵੋ'॥੪॥

ਲੇ ਕਰਿ ਹਲਕਾਰੇ ਗਨ ਦੌਰੇ। ਪਹੁਚੇ ਜਾਇ ਸੁ ਜਿਤ ਕਿਤ ਠੌਰੇ।
ਸਹਤ ਮਸੰਦਨਿ ਸੰਗਤਿ ਸਾਰੀ। ਪਹੁਚੇ ਕੀਰਤਿਪੁਰੀ ਹਕਾਰੀ॥੫॥

ਬਹੁਤ ਹਲਕਾਰੇ ਹੁਕਮਨਾਮੇ ਲੈ ਕੇ ਬੜੀ ਤੇਜ਼ ਰਫਤਾਰ ਨਾਲ ਚਲੇ ਗਏ। ਜਿਥੇ ਕਿਥੇ ਕੋਈ ਮਸੰਦ ਰਹਿੰਦਾ ਸੀ ਉਥੇ ਉਥੇ ਪਹੁੰਚ ਗਏ। ਮਸੰਦਾਂ ਸਹਿਤ ਸਾਰੀ ਸੰਗਤ ਬੁਲਾਉਣ ਨਾਲ ਕੀਰਤਪੁਰ ਪਹੁੰਚ ਗਈ॥੫॥

ਚਹੁੰ ਦਿਸ਼ਿਨਿ ਤੇ ਸੰਗਤਿ ਆਈ। ਸੁੰਦਰ ਅਨਿਕ ਉਪਾਇਨ ਲਯਾਈ।
ਅਪਨੇ ਅਪਨੇ ਅਵਸਰ ਪਾਇ। ਦਰਸਹਿਂ ਸ੍ਰੀ ਸਤਿਗੁਰ ਹਰਿਰਾਇ॥੬॥

ਚਾਰੇ ਪਾਸਿਆਂ ਤੋਂ ਸੰਗਤ ਆਈ ਤੇ ਸਾਰੇ ਬਹੁਤ ਸੁੰਦਰ ਉਪਹਾਰ ਲਿਆਏ, ਆਪਣਾ ਆਪਣਾ ਮੌਕਾ ਪਾ ਕੇ ਸਾਰੇ ਸਤਿਗੁਰੂ ਹਰਿਰਾਇ ਜੀ ਦੇ ਦਰਸ਼ਨ ਕਰ ਰਹੇ ਸਨ॥੬॥

ਆਪ ਜਾਇ ਲੰਗਰ ਕੇ ਮਾਂਹੀ। ਕਰੈਂ ਅਹਾਰ ਅਨਿਕ ਬਿਧਿ ਤਾਂਹੀ।
ਸੰਗਤਿ ਕੀ ਪੰਗਤਿ ਬੈਠਾਇ। ਨਿਜ ਕਰ ਤੇ ਸਭਿ ਕੋ ਤ੍ਰਿਪਤਾਇ॥ ੭॥

ਦਰਸ਼ਨ ਕਰਕੇ ਫਿਰ ਲੰਗਰ ਵਿਚ ਚਲੇ ਜਾਂਦੇ ਸਨ ਤੇ ਫਿਰ ਅਨੇਕ ਵਿਧੀਆਂ ਨਾਲ ਭੋਜਨ ਛੱਕਦੇ ਸਨ। ਸੰਗਤਾਂ ਦੀਆਂ ਪੰਗਤਾਂ ਬਿਠਾਉਂਦੇ ਸਨ ਤੇ ਆਪਣੇ ਹੱਥਾਂ ਨਾਲ ਸਭ ਨੂੰ ਤ੍ਰਿਪਤ ਕਰਦੇ ਸਨ॥੭॥

ਭਗਤਿ ਕਰਹਿਂ ਉਪਦੇਸ਼ ਬਿਸਾਲਾ। ਜਿਸ ਤੇ ਹੋਵਹਿ ਬਸੀ ਕ੍ਰਿਪਾਲਾ।
ਰਿਖਿ ਕੈ ਪ੍ਰੇਰੇ ਦੈਤ ਸੰਘਾਰਯੋ। ਸੰਗਤਿ ਪ੍ਰਤੀ ਪ੍ਰਸੰਗ ਉਚਾਰਯੋ॥ ੮॥

ਜਿਹੜੇ ਭਗਤੀ ਕਰਦੇ ਸਨ, ਗੁਰੂ ਜੀ ਉਨ੍ਹਾਂ 'ਤੇ ਦਿਆਲ ਹੋ ਕੇ ਉਨ੍ਹਾਂ ਨੂੰ ਵਿਸ਼ਾਲ ਉਪਦੇਸ਼ ਦਿੰਦੇ ਸਨ। ਗੁਰੂ ਜੀ ਨੇ ਫਿਰ ਆਪਣੀ ਸੰਗਤ ਵਾਸਤੇ ਇਕ ਪ੍ਰਸੰਗ ਸੁਣਾਇਆ, ਜਿਸ ਤਰ੍ਹਾਂ ਰਿਖੀ ਦੇ ਪ੍ਰੇਰੇ ਨੇ ਦੈਂਤ ਮਾਰਿਆ ਸੀ॥੮॥

'ਅਸ ਕਾਰਜ ਜਗ ਦ੍ਰਿਸ਼ਟਿ ਨ ਪਰੈ। ਪ੍ਰੇਰੈਂ ਭਗਤ ਜੁ ਪ੍ਰਭੁ ਨਹਿ ਕਰੈ।
ਤਿਸ ਪਰ ਕਥਾ ਪੁਰਾਤਨ ਸੁਨੀਅਹਿ। ਪ੍ਰੇਮ ਬਸੀ ਪਰਮੇਸ਼ੁਰ ਗੁਨੀਅਹਿ॥ ੯॥

"ਜਗਤ ਵਿਚ ਐਸਾ ਕੋਈ ਕਾਰਜ ਦ੍ਰਿਸ਼ਟੀ ਵਿਚ ਨਹੀਂ ਆਉਂਦਾ, ਜਿਹੜਾ ਭਗਤ ਦੇ ਪ੍ਰੇਰਣ ਤੇ ਪ੍ਰਭੂ ਜੀ ਨੇ ਨਾ ਕੀਤਾ ਹੋਵੇ। ਉਸ ਬਾਰੇ ਇਕ ਪੁਰਾਤਨ ਕਥਾ ਸੁਣੋ, ਪ੍ਰਭੂ ਨੂੰ ਸਦਾ ਪ੍ਰੇਮ ਵੱਸ ਜਾਣੋ॥੯॥

*ਨੋਟ : ਇਸ ਕਥਾ ਨੂੰ ਸੁਣਾਉਣ ਤੋਂ ਕਵੀ ਜੀ ਇਹ ਸਿੱਧ ਕਰਨਾ ਚਾਹੁੰਦੇ ਹਨ ਕਿ ਪ੍ਰਭੂ ਸਦਾ ਭਗਤਾਂ ਦੇ ਵੱਸ ਵਿਚ ਰਹਿੰਦਾ ਹੈ, ਪਰ ਇਹ ਇਕ ਪੌਰਾਣਕ ਕਥਾ ਹੈ, ਜਿਹੜੀ ਉਸ ਸਮੇਂ ਦੀ ਹੈ ਜਦ ਆਰੀਅਨ ਲੋਕ ਪੰਜਾਬ ਅਤੇ ਹਿੰਦ ਦੇ ਵਾਸੀਆਂ 'ਤੇ ਜ਼ੁਲਮ ਢਾਹ ਰਹੇ ਸਨ ਤੇ ਆਦਿ ਵਸਨੀਕਾਂ ਨੂੰ ਰਾਕਸ਼ ਜਾਂ ਦੈਂਤ ਕਹਿੰਦੇ ਸਨ। ਗੁਰੂ ਜੀ ਨੂੰ ਐਸੀ ਕਥਾ ਸੁਣਾਉਣ ਦੀ ਕੀ ਲੋੜ ਸੀ ਜਦ ਉਹ ਆਪ ਹੀ ਪਰਤੱਖ ਤੌਰ ਤੇ ਸਹਾਇਕ ਬਣ ਕੇ ਆਪਣੇ ਭਗਤਾਂ ਦੀ ਸਹਾਇਤਾ ਕਰਦੇ ਸਨ। ਇਹ ਕਥਾ ਗੁਰੂ ਜੀ ਨੇ ਨਹੀਂ ਸੁਣਾਈ ਸਗੋਂ ਕਵੀ ਜੀ ਨੇ ਆਪ ਲਿਖੀ ਹੈ, ਇਸ ਤਰ੍ਹਾਂ ਸਮਝਣਾ ਚਾਹੀਦਾ ਹੈ।*

ਦੋਹਰਾ- ਮਧੁਕੈਟਭ ਕੇ ਦੇਹਿ ਤੇ ਉਪਜਯੋ ਪੁੱਤ੍ਰ ਬਿਸਾਲ।
'ਧੁੰਧ' ਨਾਮ ਜਿਸ ਕੇ ਭਯੋ ਮਹਾਂ ਸਰੀਰ ਕਰਾਲ॥ ੧੦॥

ਮਧੁਕੈਟਭ ਦੇ ਸਰੀਰ ਤੋਂ ਇਕ ਮਹਾਨ ਪੁੱਤਰ ਪੈਦਾ ਹੋਇਆ ਜਿਸ ਦਾ ਨਾਮ ਧੁੰਧ ਮਸ਼ਹੂਰ ਹੋਇਆ ਤੇ ਜਿਸ ਦਾ ਸਰੀਰ ਬੜਾ ਭਿਆਨਕ ਸੀ॥੧੦॥

ਚੌਪਈ- ਮਹਦ ਤਾਪ ਕੋ ਤਪ ਬਹੁ ਕੀਨਸਿ। ਖਾਨ ਪਾਨ ਮੁਖ ਕਛੂ ਨ ਲੀਨਸਿ।
ਏਕ ਚਰਨ ਪਰ ਠਾਂਢੋ ਰਹੈ। ਬਾਨੀ ਜੀਤ ਨ ਕਬਿਹੂੰ ਕਹੈ॥ ੧੧॥

ਸਰੀਰ ਨੂੰ ਬਹੁਤ ਸੰਤਾਪ ਦੇ ਕੇ ਉਸ ਤਪ ਕੀਤੇ ਤੇ ਤਪ ਕਰਨ ਸਮੇਂ ਕੁਝ ਵੀ ਖਾਂਦਾ ਪੀਂਦਾ ਨਹੀਂ ਸੀ। ਇਕ ਲੱਤ 'ਤੇ ਖੜਾ ਰਹਿੰਦਾ ਸੀ। ਬਾਣੀ ਨੂੰ ਉਸ ਜਿੱਤ ਲਿਆ ਸੀ ਤੇ ਸਦਾ ਹੀ ਮੋਨ ਧਾਰ ਛੱਡਦਾ ਸੀ, ਭਾਵ ਕੁਝ ਵੀ ਨਹੀਂ ਸੀ ਬੋਲਦਾ॥੧੧॥

ਊਰਧ ਬਾਹੁ, ਬਿਨਾ ਅਲੰਬ। ਸੰਕਟ ਸਹੇ ਸਰੀਰ ਕਦੰਬ।
ਮਨ ਥਿਰ, ਰੋਕਿ ਰਿਖੀਕਿਨਿ ਸਾਰੀ। ਰਹਿਤ ਅਚਲ, ਭਾ ਪੌਨ ਅਹਾਰੀ॥੧੨॥

ਬਿਨਾਂ ਕਿਸੇ ਆਸਰੇ ਦੇ ਉਹ ਸਦਾ ਬਾਹਾਂ ਉਪਰ ਵੱਲ ਚੁੱਕ ਛੱਡਦਾ ਸੀ ਤੇ ਬਹੁਤ ਸਾਰੇ ਸੰਕਟ ਆਪਣੇ ਸਰੀਰ 'ਤੇ ਸਹਿੰਦਾ ਸੀ। ਉਸ ਦਾ ਮਨ ਸਥਿਰ ਸੀ ਤੇ ਆਂਦਰਾਂ ਸਾਰੀਆਂ ਰੋਕ ਰਖੀਆਂ ਸਨ। ਅਚਲ ਰਹਿੰਦਾ ਸੀ ਤੇ ਕੇਵਲ ਪੌਣ ਦੇ ਆਸਰੇ ਹੀ ਜੀਉਂਦਾ ਸੀ॥੧੨॥

ਇੱਤਜਾਦਿਕ ਤਪ ਤਪੇ ਘਨੇਰੇ। ਲੇ ਦੇਵਨਿ ਤੇ ਬਰ ਬਹੁਤੇਰੇ।
ਮਹਾਂ ਬਾਹੁ ਬਲਵਾਨ ਮਹਾਨਾ। ਜਹਿਂ ਕਹਿਂ ਦੌਰਤਿ ਮਨ ਅਭਿਮਾਨਾ॥੧੩॥

ਇੱਤਿਆਦਿਕ ਉਸ ਨੇ ਬਹੁਤ ਤਪ ਕੀਤੇ ਤੇ ਦੇਵਤਿਆਂ ਪਾਸੋਂ ਬਹੁਤ ਵਰ ਲਏ। ਲੰਮੀਆਂ ਲੰਮੀਆਂ ਬਾਹਾਂ ਸਨ ਤੇ ਮਹਾਨ ਬਲਵਾਨ ਸੀ। ਮਨ ਦਾ ਹੰਕਾਰੀ ਜਿਥੇ ਕਿਥੇ ਦੌੜਿਆ ਫਿਰਦਾ ਸੀ॥੧੩॥

ਲੀਨਸ ਜੀਤ ਸੁਰਨਿ ਕੇ ਥਾਨ। ਕੋ ਨਹਿਂ ਅਟਕਹਿ ਰਣ ਮੈਦਾਨ।
ਮਹਾਂ ਭਯੰਕਰ ਦਾੜ੍ਹ ਬਿਸਾਲਾ। ਲੋਚਨ ਲਾਲ ਕਰਾਲ ਸੁ ਕਾਲਾ॥੧੪॥

ਦੇਵਤਿਆਂ ਦੇ ਸਥਾਨ ਜਿੱਤ ਲਏ ਸਨ ਤੇ ਮੈਦਾਨੇ ਜੰਗ ਵਿਚ ਉਸ ਦੇ ਸਾਹਮਣੇ ਕੋਈ ਵੀ ਨਹੀਂ ਸੀ ਅੜਦਾ। ਮਹਾਂ ਭਿਆਨਕ ਸਰੂਪ ਸੀ ਤੇ ਦੰਦ ਬਹੁਤ ਵੱਡੇ ਵੱਡੇ ਸਨ। ਲਾਲ ਅੱਖਾਂ ਸਨ ਤੇ ਰੰਗ ਵਿਕਰਾਲ ਕਾਲਾ ਸੀ॥੧੪॥

ਰਹਯੋ ਬਿਸ਼ਨੁ ਕੋ ਖੋਜਤਿ ਸੋਈ। ਜਹਿਂ ਜਹਿਂ ਸੁਨਹਿ ਜਾਇ ਥਲ ਸੋਈ।
ਨਹਿਂ ਪਾਯੋ ਨਹਿਂ ਕੀਨਿ ਲਰਾਈ। ਅਪਰ ਦੇਵ ਕਜਾ ਤਿਹ ਅਗੁਵਾਈ॥੧੫॥

ਉਹ ਵਿਸ਼ਨੂੰ ਨੂੰ ਲੱਭਦਾ ਰਿਹਾ। ਜਿਥੇ ਜਿਥੇ ਸੁਣਦਾ ਸੀ, ਉਥੇ ਉਥੇ ਹੀ ਜਾਂਦਾ ਸੀ। ਨਾ ਵਿਸ਼ਨੂੰ ਮਿਲਿਆ ਤੇ ਨਾ ਉਸ ਨਾਲ ਲੜਾਈ ਕੀਤੀ, ਹੋਰ ਦੇਵਤੇ ਉਸ ਦੇ ਅੱਗੇ ਕੀ ਸਨ॥੧੫॥

ਸਭਿ ਭਾਜੇ ਭੈ ਭੀਤ ਸੁ ਹ੍ਵੈ ਕੈ। ਕਿਨਹੂੰ ਜੁੱਧ ਨ ਕੀਨਿ ਥਿਰੈ ਕੈ।
ਮਹਾਂ ਗਰਬ ਕੋ ਧਰਿ ਧਰਿ ਉਰ ਮੈਂ। ਜਹਿਂ ਕਹਿਂ ਧਾਇ ਸੁਰਨਿ ਕੇ ਘਰ ਮੈਂ॥੧੬॥

ਸਾਰੇ ਦੇਵਤੇ ਭੈਭੀਤ ਹੋ ਕੇ ਭੱਜ ਗਏ, ਕਿਸੇ ਦੇਵਤੇ ਨੇ ਵੀ ਖਲੋ ਕੇ ਯੁੱਧ ਨਾ ਕੀਤਾ। ਧੁੰਧ ਦੈਂਤ ਹਿਰਦੇ ਵਿਚ ਮਹਾਂ ਘੁਮੰਡ ਧਾਰ ਕੇ ਦੇਵਤਿਆਂ ਦੇ ਘਰਾਂ ਵਿਚ ਭੱਜਾ ਫਿਰਦਾ ਸੀ॥੧੬॥

ਸਕਲ ਦਿਸ਼ਿਨਿ ਕੋ ਜੀਤਨਿ ਕੀਨਸਿ। ਜਿਤ ਗਮਨੈ ਤਿਤ ਤ੍ਰਾਸਨਿ ਭੀਨਸਿ।
ਇਸ ਪ੍ਰਕਾਰ ਦਿਗਬਿਜੈ ਸੁ ਕਰਿਕੈ। ਸ੍ਰਮਤਿ ਹੋਇ ਸੁਪਤਯੋ ਧਰ ਪਰਿ ਕੈ॥੧੭॥

ਸਭ ਪਾਸਿਆਂ ਨੂੰ ਜਿੱਤ ਲਿਆ, ਜਿਧਰ ਜਾਂਦਾ ਸੀ ਉਧਰ ਹੀ ਡਰ ਛਾ ਜਾਂਦਾ ਸੀ ਤੇ ਲੋਕ ਭੈਭੀਤ ਹੋ ਜਾਂਦੇ ਸਨ। ਇਸ ਪ੍ਰਕਾਰ ਸਾਰੀ ਦੁਨੀਆਂ ਨੂੰ ਜਿੱਤ ਕੇ ਥੱਕਿਆ ਹੋਣ ਕਰਕੇ ਧਰਤੀ 'ਤੇ ਲੰਮਾ ਪੈ ਕੇ ਸੌਂ ਗਿਆ॥੧੭॥

ਚਿਰੰਕਾਲ ਸੋ ਪੌਢਯੋ ਰਹਯੋ। ਸੁਪਤਿ ਪਰੈ ਨਹਿਂ ਜਾਗ੍ਰਨਿ ਲਹਯੋ।
ਊਪਰ ਪਰੀ ਮ੍ਰਿੱਤਕਾ ਬ੍ਰਿੰਦ। ਨਿਪਜੇ ਤਰੁਵਰੁ ਅਨਿਕ ਬਿਲੰਦ॥੧੮॥

ਬਹੁਤ ਦੇਰ ਤਕ ਉਥੇ ਲੰਮਾ ਪਿਆ ਰਿਹਾ। ਸੁੱਤਾ ਪਿਆ ਰਿਹਾ, ਜਾਗਿਆ ਨਹੀਂ। ਉਸ ਦੇ ਉੱਤੇ ਬਹੁਤ ਮਿੱਟੀ ਪੈ ਗਈ, ਤੇ ਉਸ ਮਿੱਟੀ ਵਿਚ ਕਈ ਬ੍ਰਿਛ ਪੈਦਾ ਹੋਏ॥੧੮॥

ਇਕ ਸੰਮਤ ਮਹਿਂ ਲੇ ਇਕ ਸ੍ਵਾਸ। ਉਡਤਿ ਧੂਲ ਜਿਸ ਤੇ ਚਹੁਂ ਪਾਸ।
ਗਮਨਹਿ ਕੰਕਰ ਸਹਿਤ ਅੰਧੇਰੀ। ਦੇਸ਼ਨਿ ਕੋ ਅਛਾਦਿ ਤਿਸ ਬੇਰੀ॥੧੯॥

ਇਕ ਸਾਲ ਬਾਅਦ ਇਕ ਸਾਹ ਲੈਂਦਾ ਸੀ, ਜਿਸ ਦੇ ਨਾਲ ਚਾਰੇ ਪਾਸੇ ਬਹੁਤ ਧੂੜ ਉੱਡਦੀ ਸੀ। ਪੱਥਰਾਂ ਸਹਿਤ ਹਨੇਰੀ ਚਲਦੀ ਸੀ ਤੇ ਉਹ ਹਨੇਰੀ ਉਸ ਸਮੇਂ ਕਈ ਦੇਸ਼ਾਂ ਨੂੰ ਢੱਕ ਲੈਂਦੀ ਸੀ॥੧੯॥

ਸਭਿ ਜੀਵਨਿ ਕੋ ਪੀੜਨ ਕਰਿਹੀ। ਜਬਿਹ ਨਾਸਕਾ ਸ੍ਵਾਸ ਉਸਰਿਹੀ।
ਭੂਮਚਾਲ ਤਬਿ ਹੋਇ ਬਿਸਾਲਾ। ਡਗਮਗ ਡੋਲਤਿ ਮਹਦ ਕਰਾਲਾ॥ ੨੦॥

ਸਭ ਜੀਵਾਂ ਨੂੰ ਉਹ ਪੀੜਤ ਕਰਦੀ ਸੀ, ਜਦ ਵੀ ਨਾਸਾਂ ਵਿਚੋਂ ਸਾਹ ਨਿਕਲਦਾ ਸੀ। ਫਿਰ ਬਹੁਤ ਵੱਡਾ ਭੂੰਚਾਲ ਆਉਂਦਾ ਸੀ, ਧਰਤੀ ਵਿਕਰਾਲ ਰੂਪ ਵਿਚ ਬਹੁਤ ਡੋਲਦੀ ਸੀ॥੨੦॥

ਕੇਤਿਕ ਬ੍ਰਿੱਛ ਉਖਰਿ ਗਿਰ ਪਰੈਂ। ਅਧਿਕ ਪੌਨ ਜਬਿ ਸ੍ਵਾਸ ਨਿਕਰੈ।
ਸਰਬ ਸਰੀਰ ਆਛਾਦਨ ਹੋਵਾ। ਲਖਜੇ ਪਰੈ ਨਹਿਂ ਜਬਿ ਕੋ ਸੋਵਾ॥ ੨੧॥

ਕਈ ਬ੍ਰਿੱਛ ਉਖੜ ਕੇ ਡਿੱਗ ਪੈਂਦੇ ਸਨ। ਜਦ ਵੀ ਸਵਾਸ ਨਿਕਲਦਾ ਸੀ, ਬਹੁਤ ਤੇਜ਼ ਹਵਾ ਚਲਦੀ ਸੀ। ਸਾਰਾ ਸਰੀਰ ਢੱਕਿਆ ਗਿਆ, ਵੇਖਣ ਨਾਲ ਪਤਾ ਨਹੀਂ ਸੀ ਚਲਦਾ ਕਿ ਕੌਣ ਸੁੱਤਾ ਸੀ॥੨੧॥

ਜਹਾਂ ਨਾਸਕਾ ਬਿਵਰ ਮਹਾਨਾ। ਸੈਲ ਕੰਦਰਾ ਕੇਰ ਸਮਾਨਾ।
ਅਪਰ ਸਰੀਰ ਜੁ ਸਕਲ ਬਿਸਾਲਾ। ਪਰਜੋ ਪੌਨ ਤੇ ਸਿਕਤਾ ਜਾਲਾ॥ ੨੨॥

ਜਿਥੇ ਨਕ ਦੀ ਮੋਰੀ ਸੀ, ਉਹ ਪਹਾੜ ਦੀਆਂ ਖੁੱਡਾਂ ਵਰਗੀ ਸੀ। ਬਾਕੀ ਸਰੀਰ ਵੀ ਬਹੁਤ ਵੱਡਾ ਸੀ, ਹਵਾ ਚਲਣ ਨਾਲ ਜਿਸ ਉੱਤੇ ਬਹੁਤ ਰੇਤ ਪਈ ਸੀ॥੨੨॥

ਤਨ ਕੋ ਚਿੰਨ੍ਹ ਨ ਦੇਤਿ ਦਿਖਾਈ। ਅਸ ਮ੍ਰਿਤਕਾ ਬਹੁ ਲੀਨਿ ਦਬਾਈ।
ਨਿਕਸਹਿ ਪੌਨ ਨਾਸਕਾ ਜਹਿਂਵਾ। ਜਾਨਹਿਂ ਲੋਕ ਕੰਦਰਾ ਤਹਿਂਵਾ॥ ੨੩॥

ਸਰੀਰ ਦਾ ਚਿੰਨ੍ਹ ਦਿਖਾਈ ਨਹੀਂ ਸੀ ਦਿੰਦਾ, ਇਸ ਤਰ੍ਹਾਂ ਬਹੁਤ ਮਿੱਟੀ ਨੇ ਦੱਬ ਲਿਆ ਸੀ। ਜਿਸ ਨਾਸ ਰਾਹੀਂ ਹਵਾ ਨਿਕਲਦੀ ਸੀ ਲੋਕ ਉਸ ਨੂੰ ਪਹਾੜ ਦੀ ਖੱਡ ਹੀ ਜਾਣਦੇ ਸਨ॥੨੩॥

ਇਸ ਪ੍ਰਕਾਰ ਸੋ ਦੈਤ ਬਿਸਾਲਾ। ਪਰਜੋ ਅਛਾਦਜੋ ਦੇਹਿ ਕਰਾਲਾ।
ਆਸ਼੍ਰਮ ਤਹਾਂ ਉਤੰਕ ਮੁਨੀ ਕੋ। ਬਿਸ਼ਨੁ ਭਗਤਿ ਤਪ ਤਾਪਤਿ ਨੀਕੋ॥ ੨੪॥

ਇਸ ਪ੍ਰਕਾਰ ਉਹ ਦੈਤ ਬਹੁਤ ਵੱਡਾ ਸੀ, ਢਕਿਆ ਹੋਇਆ ਪਿਆ ਸੀ ਤੇ ਵਿਕਰਾਲ ਸਰੀਰ ਸੀ। ਉਥੇ ਉਤੰਕ ਮੁਨੀ ਦਾ ਆਸ਼ਰਮ ਸੀ, ਜਿਸਨੇ ਵਿਸ਼ਨੂੰ ਦੀ ਭਗਤੀ ਕਰਕੇ ਚੰਗਾ ਤਪ ਕੀਤਾ ਸੀ॥੨੪॥

ਪੰਚਾਗਨ ਕੋ ਤਪਹਿ ਮਹਾਨਾ। ਹਿਮ ਰਿਤੁ ਜਲ ਮਹਿ ਕੰਠ ਪ੍ਰਮਾਨਾ।
ਫਲ ਫੂਲਨਿ ਕਹੁ ਕਰਹਿ ਅਹਾਰਾ। ਸਿਮਰਹਿ 'ਬਿਸ਼ਨ ਬਿਸ਼ਨੁ' ਇਕ ਸਾਰਾ॥੨੫॥

ਮਹਾਨ ਪੰਜ ਧੂਣੀਆਂ ਤਾਪਦਾ ਸੀ, ਠੰਡੀ ਰੁੱਤ ਵਿਚ ਗਲ ਤਕ ਜਲ ਵਿਚ ਬੈਠਦਾ ਸੀ, ਫਲਾ ਫੁੱਲਾਂ ਦਾ ਭੋਜਨ ਕਰਦਾ ਸੀ ਤੇ ਇਕ ਸਾਰ ਬਿਸ਼ਨ ਬਿਸ਼ਨ ਦਾ ਸਿਮਰਨ ਕਰਦਾ ਰਹਿੰਦਾ ਸੀ॥੨੫॥

ਹੋਯੋ ਰਿਦਾ ਸ਼ੁੱਧ ਜਿਸ ਕੇਰਾ। ਇਸ ਪ੍ਰਕਾਰ ਤਪ ਤਪੇ ਘਨੇਰਾ।
ਸਮ ਦਮ ਸਹਿ ਅਨਸੂਯਕ ਸਾਚੋ। ਜੀਤੇ ਸਭਿ ਬਿਕਾਰ ਨਹਿਂ ਬਾਂਚੋ॥ ੨੬॥

ਇਸ ਪ੍ਰਕਾਰ ਉਸ ਨੇ ਘੋਰ ਤਪ ਕੀਤਾ, ਜਿਸ ਕਾਰਨ ਉਸ ਦਾ ਹਿਰਦਾ ਸ਼ੁੱਧ ਹੋ ਗਿਆ ਸੀ। ਸਮ ਦਮ ਸਹਿ ਕੇ ਸੱਚਾ ਈਰਖਾ ਰਹਿਤ ਹੋ ਗਿਆ ਸੀ। ਸਾਰੇ ਵਿਕਾਰ ਜਿੱਤ ਲਏ ਸਨ ਤੇ ਕੋਈ ਵੀ ਬਚਿਆ ਨਹੀਂ ਸੀ॥੨੬॥

ਮਹਾਂ ਜਿਤਿੰਦ੍ਰੇ ਧੀਰਜਵੰਤਾ। ਧਰਮ ਆਤਮਾ, ਬੇਦ ਪਠੰਤਾ।
ਮਨਿਨ ਸ਼ੀਲ, ਬੁਧਿਵਾਨ ਮਹਾਨਾ। ਮ੍ਰਿਦੁਲ ਸਰਲ ਆਦਿਕ ਗੁਨ ਨਾਨਾ॥੨੭॥

ਮਹਾਨ ਇੰਦਰ ਨੂੰ ਜਿੱਤਕੇ ਧੀਰਜਵਾਨ ਹੋ ਗਿਆ ਸੀ ਧਰਮ, ਆਤਮਾ ਅਤੇ ਵੇਦ ਪੜ੍ਹਦਾ ਸੀ। ਮਨਿਨਸ਼ੀਲ ਮਹਾ ਬੁੱਧੀ ਸੀ, ਕੋਮਲ ਸਰਲ ਆਦਿ ਕਈਆਂ ਗੁਣਾਂ ਦਾ ਮਾਲਕ ਸੀ॥੨੭॥

ਰੋਕਿ ਬਾਯੁ ਕੋ ਲਾਇ ਸਮਾਧਾ। ਕਰਤਿ ਅਰਾਧਨਿ ਬਿਸ਼ਨੁ ਅਗਾਧਾ।
ਮ੍ਰਿਦੁਲ ਲਾਲ ਸੁਭ ਲਲਿਤ ਬਿਸਾਲਾ। ਪਾਵਨ ਪਰਮ ਚਰਨ ਦੁਤਿ ਜਾਲਾ॥੨੮॥

ਸਾਹ ਨੂੰ ਰੋਕ ਕੇ ਸਮਾਧੀ ਲਾਉਂਦਾ ਸੀ ਤੇ ਉਸ ਅਗਾਧ ਵਿਸ਼ਨੂੰ ਦੀ ਆਰਾਧਨਾ ਕਰਦਾ ਸੀ, ਜਿਸ ਵਿਸ਼ਨੂੰ ਦੇ ਸੁੰਦਰ ਮਨੋਹਰ ਲਾਲ ਪਵਨ ਪਵਿੱਤਰ ਉਸ ਦੇ ਦੋ ਚਰਨ ਹਨ॥੨੮॥

ਜੰਘ ਜੁਗਲ ਇਕ ਸਮ ਜਨੁ ਕੇਲਾ। ਪੀਤ ਬਸਤ੍ਰ ਸ਼ੋਭਤਿ ਤਨ ਮੇਲਾ।
ਆਯਤ ਛਾਤੀ ਬਾਹੁ ਬਿਸਾਲਾ। ਸ਼ਸਤ੍ਰ ਧਰੇ ਉਰ ਪਰ ਬਨ ਮਾਲਾ॥ ੨੯॥

ਦੋਵੇਂ ਲੱਤਾਂ ਇਕ ਸਮਾਨ ਸਨ ਮਾਨੋਂ ਕੇਲਾ ਹੋਵੇ ਤੇ ਪੀਲੇ ਵਸਤਰ ਉਸ ਦੇ ਸਰੀਰ ਨਾਲ ਮੇਲ ਖਾਂਦੇ ਹੋਏ ਬੜੇ ਸ਼ੋਭਦੇ ਹਨ ਚੋੜੀ ਛਾਤੀ ਹੈ ਤੇ ਬਾਹਾਂ ਬਹੁਤ ਲੰਮੀਆਂ ਹਨ, ਹਿਰਦੇ ਵਿਚ ਵੈਜੰਤੀ ਮਾਲਾ ਦੇ ਸ਼ਸਤਰ ਧਰੇ ਹਨ॥੨੯॥

ਨੂਪਰ ਛੁੱਦ੍ਰ ਘੰਟਕਾ ਕੁੰਡਲ। ਸ਼ਜਾਮਲ ਬਰਨ ਸੁਭਤਿ ਮੁਖ ਮੰਡਲ।
ਮੁਕਟ ਉਤੰਗ ਸੀਸ ਪਰ ਭ੍ਰਾਜੇ। ਮੇਚਕ ਚਿੱਕ੍ਨ ਚਿਕਰ ਬਿਰਾਜੇ॥ ੩੦॥

ਝਾਂਜਰਾਂ ਪਾਈਆਂ ਹਨ, ਤੜਾਗੀ ਨੂੰ ਘੰਟੀਆਂ ਲੱਗੀਆਂ ਹਨ ਤੇ ਮੱਥੇ 'ਤੇ ਵਾਲਾਂ ਦੇ ਕੁੰਡਲ ਲਮਕ ਰਹੇ ਹਨ, ਜਿਨ੍ਹਾਂ ਦਾ ਕਾਲਾ ਰੰਗ ਹੈ ਤੇ ਮੁਖ ਮੰਡਲ 'ਤੇ ਬੜੇ ਸ਼ੋਭਦੇ ਹਨ। ਉੱਚਾ ਮੁਕਟ ਸਿਰ 'ਤੇ ਸ਼ੋਭ ਰਿਹਾ ਹੈ, ਕਾਲੇ ਚਮਕੀਲੇ ਕੇਸ ਬਿਰਾਜ ਰਹੇ ਹਨ॥੩੦॥

ਅਸ ਸਰੂਪ ਕੋ ਧਰਿ ਕੈ ਧਜਾਨਾ। ਨਿਸ਼ਚਲ ਬੈਠਹਿ ਮੁਨੀ ਮਹਾਨਾ।
ਉਗ੍ਰ ਤਪਜੋ ਤਪ ਜਬਿ ਧਰਿ ਧੀਰ। ਮੁਨਿ ਮਨ ਕੀ ਲਖਿ ਪ੍ਰਭੁ ਗੰਭੀਰ॥ ੩੧॥

ਐਸਾ ਸਰੂਪ ਧਾਰ ਕੇ ਚਲ ਪਿਆ, ਜਿਥੇ ਮਹਾਨ ਮੁਨੀ ਨਿਸ਼ਚਲ ਬੈਠਾ ਸੀ। ਧੀਰਜ ਧਰਕੇ ਜਦੋਂ ਕਠਨ ਤਪੱਸਿਆ ਮੁਨੀ ਨੇ ਕੀਤੀ ਤਾਂ ਪ੍ਰਭੂ ਨੇ ਮੁਨੀ ਦੇ ਮਨ ਦੀ ਗੰਭੀਰ ਗੱਲ ਜਾਣ ਲਈ॥੩੧॥

ਮਹਾਂ ਕ੍ਰਿਪਾਲੁ ਕ੍ਰਿਪਾ ਕਰਿ ਆਏ। ਰਿਖਿ ਉਤੰਕ ਆਸ਼੍ਰਮ ਜਿਸ ਥਾਏਂ।
ਦੇਖਤਿ ਦਰਸ਼ਨ ਭਯੋ ਨਿਹਾਲ। ਕਰੀ ਡੰਡਵਤਿ ਮੁਨਿ ਤਤਕਾਲ॥ ੩੨॥

ਮਹਾਂ ਕ੍ਰਿਪਾਲੂ ਪ੍ਰਭੂ ਜੀ ਕ੍ਰਿਪਾ ਕਰ ਕੇ ਆ ਗਏ, ਜਿਥੇ ਉਤੰਕ ਰਿਸ਼ੀ ਦਾ ਆਸ਼ਰਮ ਸੀ। ਦਰਸ਼ਨ ਕਰਕੇ ਹੀ ਉਹ ਬਹੁਤ ਨਿਹਾਲ ਹੋ ਗਿਆ ਤੇ ਮੁਨੀ ਨੇ ਤੁਰਤ ਵਿਸ਼ਨੂੰ ਭਗਵਾਨ ਨੂੰ ਡੰਡੌਤ ਬੰਦਨਾ ਕੀਤੀ॥੩੨॥

ਹਾਥ ਜੋਰਿ ਦਰਸ਼ਨ ਕੋ ਦੇਖਾ। ਤਪ ਸਾਧਨ ਫਲ ਪਾਇ ਅਸ਼ੇਖਾ।
ਰਿਖਿ ਉਤੰਕ ਕੇ ਉਰ ਕੀ ਜਾਨੀ। ਪੁਰਸ਼ੋਤਮ ਪ੍ਰਭੁ ਸਮਿਤ ਬਖਾਨੀ॥ ੩੩॥

ਹੱਥ ਜੋੜ ਕੇ ਦਰਸ਼ਨ ਕੀਤੇ ਤੇ ਤਪ ਸਾਧਨਾ ਦਾ ਵਿਸ਼ੇਸ਼ ਫਲ ਪਾਇਆ। ਉਤੰਕ ਰਿਸ਼ੀ ਦੇ ਹਿਰਦੇ ਦੀ ਜਾਣੀ, ਪੁਰਸ਼ੋਤਮ ਪ੍ਰਭੂ ਨੇ ਫਿਰ ਸ੍ਰੇਸ਼ਟ ਮੱਤ ਕਹੀ॥੩੩॥

'ਹੁਇ ਬਿਬੇਕ ਸੱਤਾਸਤਿ ਕੇਰ। ਪਾਵਹਿਂ ਗਜਾਨ ਆਤਮਾ ਹੇਰਿ।
ਪਦਵੀ ਪਰਮ ਪਾਇ ਹੈਂ ਮੋਰੀ। ਚਰਨ ਪਰਾਇਨ ਬੁਧਿ ਬਰ ਤੋਰੀ॥ ੩੪॥

"ਸੱਤ ਤੇ ਝੂਠ ਦਾ ਫਿਰ ਗਿਆਨ ਹੋ ਜਾਵੇਗਾ ਜਦ ਆਤਮਾ ਨੂੰ ਵੇਖ ਕੇ ਗਿਆਨ ਪਾਵੇਂਗਾ, ਮੇਰੀ ਤੂੰ ਪਰਮ ਪਦਵੀ ਪਾਵੇਂਗਾ ਤੇਰੀ ਸ੍ਰੇਸ਼ਟ ਬੁੱਧੀ ਮੇਰੇ ਚਰਨਾਂ ਨਾਲ ਲੱਗੀ ਹੋਈ ਹੈ॥੩੪॥

ਤਵ ਤਪ ਮਹਿਂ ਜੋ ਬਿਘਨ ਕਰੰਤਾ। ਤਿਸ ਕੋ ਬਨਿਵ ਆਪ ਮੈਂ ਹੰਤਾ।
ਸੁਰ ਬਰ ਲਬਧਿ ਦੈਂਤ ਜੋ ਅਹੈ। ਇਸ ਬਿਧਿ ਕਰੇ ਮ੍ਰਿਤੁ ਕੋ ਲਹੈ॥ ੩੫॥

ਤੇਰੇ ਤਪ ਵਿਚ ਜੋ ਵਿਘਨ ਪਾਉਂਦਾ ਸੀ, ਉਸ ਨੂੰ ਮੈਂ ਆਪ ਮਾਰਦਾ ਰਿਹਾ ਹਾਂ। ਦੇਵਤਿਆਂ ਦਾ ਜਿਸ ਧੰਧੂ ਨਾਮੀਂ ਦੈਂਤ ਨੂੰ ਵਰ ਲਭਿਆ ਹੋਇਆ ਹੈ, ਇਸ ਵਿਧੀ ਕਰਨ ਨਾਲ ਉਸ ਨੂੰ ਮਾਰ ਸਕਦੇ ਹਾਂ॥੩੫॥

ਕੁਲ ਇੱਖ੍ਵਾਕ ਬਿਖੈ ਜੋ ਰਾਜਾ। ਧਰਮ ਆਤਮਾ ਅਧਿਕ ਸਮਾਜਾ।
ਇਸ ਮਾਰਨਿ ਹਿਤ ਪ੍ਰੇਰਹੁ ਜਾਇ। ਦੀਜਹਿ ਧੀਰਜ ਤਿਹ ਬੰਧਵਾਇ॥ ੩੬॥

ਜਿਥੇ ਇਖਵਾਕ ਕੁਲ ਦਾ ਰਾਜਾ ਰਹਿੰਦਾ ਹੈ, ਉਹ ਧਰਮੀ ਆਤਮਾ ਹੈ ਤੇ ਉਸ ਦੇ ਪਾਸ ਬਹੁਤ ਸੈਨਾ ਅਤੇ ਸਮਾਜ ਹੈ। ਇਸ ਨੂੰ ਮਾਰਨ ਵਾਸਤੇ ਉਸ ਨੂੰ ਜਾ ਕੇ ਪ੍ਰੇਰੋ, ਉਸ ਨੂੰ ਧੀਰਜ ਬੰਨ੍ਹਵਾ ਦੇਵੋ॥੩੬॥

ਦੈਤ ਸਰੀਰ ਅਕਾਰ ਮਹਾਨਾ। ਪ੍ਰਾਕ੍ਰਮ ਤੇਜ ਬਿਖੈ ਬਲਵਾਨਾ।
ਭੂ ਪਾਲਕ ਤਿਸ ਕੇ ਨ ਸਮਾਨਾ। ਈਖਦ ਓਜ ਤਾਂਹਿ ਅਗੁਵਾਨਾ॥ ੩੭॥

ਦੈਂਤ ਦੇ ਸਰੀਰ ਦਾ ਮਹਾਨ ਆਕਾਰ ਹੈ, ਉਧਮ ਵਿਚ ਬੜਾ ਤੇਜ ਹੈ ਤੇ ਵੱਡਾ ਬਲਵਾਨ ਹੈ। ਕੋਈ ਵੀ ਧਰਤੀ ਦਾ ਰਾਜਾ ਉਸ ਦੀ ਬਰਾਬਰੀ ਨਹੀਂ ਕਰ ਸਕਦਾ, ਥੋੜ੍ਹੀ ਜੇਹੀ ਸ਼ਕਤੀ ਨਾਲ ਹੀ ਉਹ ਅੱਗੇ ਲਾ ਲਵੇਗਾ॥੩੭॥

ਯਾਂਤੇ ਮੈਂ ਪ੍ਰਵਿਸ਼ੋਂ ਤਿਸ ਮਾਂਹੀ। ਤੇਜ ਓਜ ਤੇ ਹ੍ਵੈ ਉਤਸਾਹੀ।
ਨ੍ਰਿਪਤਿ ਸਰੂਪ ਧਾਰਿ ਕੈ ਆਪੀ। ਰਚੌਂ ਜੁੱਧ ਹਿਤ ਤਵ ਰਿਪੁ ਖਾਪੀ॥ ੩੮॥

ਇਸ ਲਈ ਮੈਂ ਹੀ ਉਸ ਇਖਵਾਕ ਰਾਜੇ ਵਿਚ ਪ੍ਰਵੇਸ਼ ਕਰ ਜਾਵਾਂਗਾ, ਤੇਜ ਸ਼ਕਤੀ ਵੇਖ ਕੇ ਉਹ ਉਤਸਾਹਤ ਹੋ ਜਾਵੇਗਾ। ਰਾਜੇ ਦਾ ਸਰੂਪ ਧਾਰ ਆਪ ਹੀ ਯੁੱਧ ਰਚਾਂਗਾ ਤਾਂਕਿ ਵੈਰੀ ਨੂੰ ਮਾਰਿਆ ਜਾ ਸਕੇ॥੩੮॥

ਸੁਰ ਗਨ ਕੋ ਕੰਟਕ ਬੁਰਿਆਰੀ। ਨਰ ਤਨ ਬਨਿ ਮੈਂ ਲਿਉਂ ਅਰਿ ਮਾਰੀ।
ਇਸ ਤਨ ਤੇ ਨਹਿਂ ਮਾਰਨਿ ਬਨੈ। ਅਭੈ ਹੋਨਿ ਕੇ ਬਰ ਲਿਯ ਘਨੇ॥ ੩੯॥

ਸਾਰੇ ਦੇਵਤਿਆਂ ਵਾਸਤੇ ਉਹ ਕੰਡੇ ਵਾਂਗ ਬੁਰਾ ਹੈ, ਮਨੁੱਖ ਦਾ ਸਰੀਰ ਧਾਰ ਕੇ ਮੈਂ ਦੁਸ਼ਮਣ ਨੂੰ ਮਾਰ ਲਵਾਂਗਾ। ਇਸ ਸਰੀਰ ਨਾਲ ਮਾਰਨਾ ਨਹੀਂ ਬਣਦਾ ਹੈ, ਅਜੇਤੂ ਹੋਣ ਵਾਸਤੇ ਉਸ ਕਈ ਵਰ ਪ੍ਰਾਪਤ ਕੀਤੇ ਹਨ"॥੩੯॥

ਇਸ ਪ੍ਰਕਾਰ ਕਹਿ ਕਰਿ ਗੋਸਾਈਂ। ਅੰਤਰ ਧਯਾਨ ਭਏ ਤਿਸ ਥਾਈਂ।
ਰਿਖਿ ਉਤੰਕ ਨੇ ਸਭਿ ਬਿਧਿ ਜਾਨੀ। ਜਿਸ ਪ੍ਰਕਾਰ ਸ੍ਰੀ ਬਿਸ਼ਨੁ ਬਖਾਨੀ॥੪੦॥

ਪ੍ਰਭੂ ਇਸ ਪ੍ਰਕਾਰ ਕਹਿ ਕੇ, ਉਸ ਥਾਂ ਹੀ ਅੰਤਰ ਧਿਆਨ ਹੋ ਗਏ। ਉਤੰਕ ਰਿਸ਼ੀ ਨੇ ਸਭ ਵਿਧੀਆਂ ਨਾਲ ਜਾਣਿਆ ਜਿਸ ਪ੍ਰਕਾਰ ਸ੍ਰੀ ਵਿਸ਼ਨੂੰ ਨੇ ਕਿਹਾ ਸੀ॥੪੦॥

ਤਪ ਫਲ ਲਬਧਿ ਕ੍ਰਿਤਾਰਥ ਹੋਵਾ। ਲੋਚਨ ਗੋਚਰ ਸ੍ਰੀ ਪ੍ਰਭੁ ਜੋਵਾ।
ਹਰਖਤਿ ਕਰਤਿ ਭਯੋ ਪ੍ਰਸਥਾਨਾ। ਨਗਰ ਅਯੁੱਧਜਾ ਕੋ ਸਮੁਹਾਨਾ॥ ੪੧॥

ਉਹ ਰਿਖੀ ਤਪ ਦਾ ਫਲ ਲਭ ਕੇ ਕ੍ਰਿਤਾਰਥ ਹੋ ਗਿਆ, ਆਪਣੇ ਨੈਣਾਂ ਨਾਲ ਪ੍ਰਭੂ ਜੀ ਦੇ ਦਰਸ਼ਨ ਕੀਤੇ। ਪ੍ਰਸੰਨ ਹੋ ਕੇ ਉਥੋਂ ਚਲ ਪਿਆ ਤੇ ਨਗਰ ਆਯੁਧਿਆ ਦੇ ਸਾਹਮਣੇ ਆ ਗਿਆ॥੪੧॥

ਧਰਮ ਆਤਮਾ ਮੁਨੀ ਪ੍ਰਤਾਪੀ। ਜਿਨ ਰਿਖੀਕ ਬਹੁ ਤਪ ਤੇ ਤਾਪੀ।
ਹਤਨਿ ਲਾਲਸਾ ਦੈਂਤ ਬਡੇਰੀ। ਤਿਹ ਮ੍ਰਿਤੁ ਪ੍ਰਾਪਤਿ ਕੀ ਬਿਧਿ ਹੇਰੀ"॥੪੨॥

ਧਰਮ ਆਤਮਾ ਮੁਨੀ ਬੜੇ ਪ੍ਰਤਾਪ ਵਾਲਾ ਸੀ, ਜਿਸ ਨੇ ਆਪਣੀਆਂ ਇੰਦਰੀਆਂ ਨੂੰ ਤਪ ਕਰਕੇ ਬਹੁਤ ਤਪਾਇਆ ਸੀ। ਦੈਂਤ ਨੂੰ ਮਾਰਨ ਦੀ ਵੱਡੀ ਲਾਲਸਾ ਸੀ, ਉਸ ਨੂੰ ਮਾਰਨ ਦੀ ਪ੍ਰਾਪਤੀ ਦੀ ਵਿਧੀ ਸਮਝੀ'' ॥੪੨॥

ਦਸਵੀਂ ਰਾਸ ਦਾ ਬਾਈਵਾਂ ਅਧਿਆਇ ਸਮਾਪਤ ਹੋਇਆ ॥੨੨॥

## ਅਧਿਆਇ ਤੇਈਵਾਂ

### ਧੁੰਧੁ ਦੈਂਤ ਨਾਲ ਜੰਗ ਦੀ ਤਿਆਰੀ

ਦੋਹਰਾ- 'ਗਮਨਜੋ ਮੁਨੀ ਉਤੰਕ ਮਗ ਪੁਰੀ ਅਯੁੱਧਜਾ ਜਾਇ।
ਦ੍ਵਾਰਪਾਲ ਸੋਂ ਤਿਹ ਕਹਜੋ 'ਨ੍ਰਿਪ ਕੋ ਦੇਹੁ ਜਨਾਇ॥ ੧॥

ਉਤੰਕ ਮੁਨੀ ਆਯੁਧਿਆ ਨਗਰੀ ਵਿਚ ਪਹੁੰਚ ਗਿਆ ਤੇ ਫਿਰ ਉਸ ਜਾ ਕੇ ਦਵਾਰਪਾਲ ਨੂੰ ਕਹਿ ਦਿੱਤਾ ''ਰਾਜੇ ਨੂੰ ਮੇਰੇ ਆਉਣ ਬਾਰੇ ਦੱਸ ਦੇਵੋ ॥੧॥

ਚੌਪਈ- ਮੁਨੀ ਉਤੰਕ ਆਇ ਥਿਤ ਦ੍ਵਾਰੇ। ਮਿਲਿਬੋ ਚਹਿਤਿ ਤੁਮਹਿ ਇਕ ਬਾਰੇ'।
ਸੁਨਤਿ ਤੁਰਤ ਹੀ ਅੰਤਰ ਗਯੋ। ਮੁਨਿ ਆਗਵਨਿ ਜਨਾਵਤਿ ਭਯੋ॥ ੨॥

ਉਤੰਕ ਮੁਨੀ ਆ ਕੇ ਦਰਵਾਜ਼ੇ 'ਤੇ ਖੜਾ ਹੈ, ਉਹ ਤੁਹਾਨੂੰ ਇਕ ਵਾਰ ਮਿਲਣਾ ਚਾਹੁੰਦਾ ਹੈ।'' ਇਹ ਸੁਣ ਕੇ ਦਵਾਰਪਾਲ ਤੁਰਤ ਹੀ ਅੰਦਰ ਗਿਆ ਤੇ ਰਾਜੇ ਨੂੰ ਮੁਨੀ ਦੇ ਆਉਣ ਬਾਰੇ ਦੱਸਿਆ ॥੨॥

ਮਹਿਪਾਲਕ ਸੁਨਿ ਰਿਖਿ ਕੀ ਸੁਧ ਕੋ। ਉਠਜੋ ਝਟਤਿ ਕਰਿਕੈ ਸੁਧਿਬੁਧਿ ਕੋ।
ਕਰਿ ਧਰਿ ਪੂਜਾ ਸਰਬ ਪ੍ਰਕਾਰ। ਚਲਿ ਆਯੋ ਤੂਰਨ ਨਿਜ ਦ੍ਵਾਰ॥ ੩॥

ਰਾਜਾ ਆਪਣੀ ਬੁੱਧੀ ਨਾਲ ਰਿਖੀ ਦੀ ਖ਼ਬਰ ਨੂੰ ਸੁਣ ਕੇ ਝੱਟ ਉਠਿਆ ਤੇ ਉਸ ਸਰਬ ਪ੍ਰਕਾਰ ਧਰਤੀ ਦੀ ਪੂਜਾ ਕੀਤੀ ਤੇ ਤੁਰਤ ਆਪ ਚਲ ਕੇ ਦਰਵਾਜ਼ੇ 'ਤੇ ਆ ਗਿਆ ॥੩॥

ਕਰਿ ਬੰਦਨ ਪਾਦਾਰਘ ਦੀਨਿਸ। ਆਦਰ ਸਭਿ ਬਿਧਿ ਕੋ ਬਹੁ ਕੀਨਿਸ।
ਅਪਨੇ ਸੰਗ ਸਭਾ ਮੈਂ ਆਨਜੋ। ਪ੍ਰਸ਼ਨ ਅਨਾਮੈਂ ਨੰਮ੍ਰਿ ਬਖਾਨਜੋ॥ ੪॥

ਬੰਦਨਾਂ ਕਰਕੇ ਚਰਨ ਧੋਤੇ, ਸਭ ਪ੍ਰਕਾਰ ਬਹੁਤ ਆਦਰ ਕੀਤਾ ਤੇ ਆਪਣੇ ਨਾਲ ਸਭਾ ਦੇ ਵਿਚ ਲਿਆਇਆ ਤੇ ਬਹੁਤ ਨਿੰਮ੍ਰਤਾ ਨਾਲ ਸੁਖ ਸਾਂਦ ਪੁੱਛੀ ॥੪॥

'ਬਡੇ ਭਾਗ ਮੋਰੇ ਸਭਿ ਭਾਂਤੀ। ਦੀਨਿਸਿ ਦਰਸ ਬਿਘਨ ਗਨ ਘਾਤੀ।
ਆਵਨਿ ਸਫਲ ਆਪਨੋ ਕਰੀਏ। ਨਿਜ ਆਗਵਨ ਸੁ ਹੇਤੁ ਉਚਰੀਏ' ॥੫॥

ਸਭ ਪ੍ਰਕਾਰ ਮੇਰੇ ਵੱਡੇ ਭਾਗ ਹਨ ਕਿ ਆਪ ਜੀ ਜਿਹੜੇ ਵਿਘਨਾਂ ਨੂੰ ਮਾਰਨ ਵਾਲੇ ਹੋ, ਮੈਨੂੰ ਆਪਣੇ ਦਰਸ਼ਨ ਦਿੱਤੇ ਹਨ। ਆਪਣਾ ਆਉਣਾ ਸਫਲ ਕਰੋ, ਆਪਣੇ ਆਉਣ ਦਾ ਪ੍ਰਯੋਜਨ ਉਚਾਰਨ ਕਰੋ'' ॥੫॥

ਸੁਨਤਿ ਮੁਨੀ ਨੇ ਨਿਜ ਭਿੱਪ੍ਰਾਇ। ਮਹਿਪਾਲਕ ਕੋ ਦੀਨਿ ਜਨਾਇ।
'ਧੁੰਧੁ ਦੈਂਤ ਬਰ ਪਾਇ ਮਹਾਨਾ। ਮੁਨਿ ਸੁਰ ਕੰਟਕ ਨਿਤ ਦੁਖ ਦਾਨਾ ॥੬॥

ਇਹ ਸੁਣ ਕੇ ਮੁਨੀ ਨੇ ਆਪਣਾ ਮਨੋਰਥ, ਰਾਜੇ ਨੂੰ ਸਮਝਾ ਦਿੱਤਾ। "ਧੁੰਧ ਦੈਂਤ ਨੇ ਮਹਾਨ ਵਰ ਪਾਏ ਹਨ, ਮੁਨੀਆਂ ਅਤੇ ਦੇਵਤਿਆਂ ਵਾਸਤੇ ਉਹ ਇਕ ਕੰਡਾ ਹੈ, ਨਿਤ ਦੁੱਖ ਦਿੰਦਾ ਹੈ॥੬॥

ਤਿਹ ਹਤਿਬੇ ਕੋ ਕਰਿ ਉਤਸਾਹੂ। ਮਹਾਂ ਬੀਰ ਤੂੰ ਛੱਤ੍ਰਜਨਿ ਮਾਂਹੂ।
ਨਿਜ ਬਲ ਸੰਸੇ ਕੋ ਨ ਬਿਚਾਰਹੁ। ਪ੍ਰਭੂ ਸ਼ਕਤਿ ਲੇ ਅਸੁਰ ਸੰਘਾਰਹੁ॥ ੭॥

ਉਸ ਨੂੰ ਮਾਰਨ ਵਾਸਤੇ ਉਤਸ਼ਾਹ ਕਰੋ। ਤੂੰ ਛਤਰੀਆਂ ਵਿਚ ਮਹਾਂ ਬਲਵਾਨ ਸੂਰਮਾ ਹੈਂ। ਆਪਣੇ ਬਲ ਦੇ ਸ਼ੰਕੇ ਨੂੰ ਨਾ ਵਿਚਾਰੋ, ਪ੍ਰਭੂ ਦੀ ਸ਼ਕਤੀ ਲੈ ਕੇ ਦੈਂਤਾਂ ਨੂੰ ਮਾਰ ਦੇਵੋ॥੭॥

ਜਸੁ ਬਿਸਾਲ ਲੀਜਹਿ ਅਬਿਨਾਸ਼ੀ। ਬਿਦਤਹਿਂ ਜਗਤ ਮਹਦ ਬਲ ਰਾਸੀ।
ਅਭੈ ਦਾਨ ਦੀਜਹਿ ਸਭਿ ਲੋਕ। ਹਤਹੁ ਓਜ ਕਰਿ ਕੈ ਰਿਪੁ ਰੋਕ॥ ੮॥

ਨਾਸ਼ ਰਹਿਤ ਪ੍ਰਭੂ ਦਾ ਵਿਸ਼ਾਲ ਜਸ ਲਵੋ, ਉਹ ਜਗਤ ਵਿਚ ਸ਼ਕਤੀ ਦੀ ਰਾਸ ਵਿਚ ਪ੍ਰਗਟ ਹਨ। ਸਭ ਲੋਕਾਂ ਨੂੰ ਭੈਅ ਰਹਿਤ ਦਾ ਦਾਨ ਦੇਵੋ ਤੇ ਸ਼ਕਤੀ ਧਾਰ ਕੇ ਦੈਂਤ ਨੂੰ ਰੋਕ ਕੇ ਮਾਰ ਦੇਵੋ॥੮॥

ਜੀਵਤਿ ਥੀਵਹੁ ਕੀਰਤਿਵੰਤਿ। ਪੁਨ ਅਪਵਰਗ ਪਾਇ ਹੋ ਅੰਤ।
ਛੱਤ੍ਰੀ ਕੁਲ ਕੋ ਧਰਮ ਵਿਚਾਰਿ। ਲਘੁ ਦੀਰਘਤਾ ਰਿਦੈ ਨ ਧਾਰਿ॥ ੯॥

ਜੀਉਂਦਿਆਂ ਤੁਹਾਨੂੰ ਵੱਡੀ ਕੀਰਤੀ ਮਿਲੇਗੀ, ਫਿਰ ਅੰਤ ਵਿਚ ਮੁਕਤੀ ਪ੍ਰਾਪਤ ਕਰੋਗੇ। ਛਤਰੀ ਕੁਲ ਦੇ ਧਰਮ 'ਤੇ ਵਿਚਾਰ ਕਰੋ, ਵੱਡਾ ਛੋਟਾ ਹਿਰਦੇ ਵਿਚ ਨਾ ਧਾਰਨ ਕਰੋ॥੯॥

ਬਹੁਤ ਭਾਂਤਿ ਕੇ ਗੁਨ ਗਨ ਪਾਵੈਂ। ਅਤਿ ਉੱਤਮਤਾ ਤਵ ਕਰ ਆਵੈ।
ਪਾਰਬ੍ਰਹਮ ਕੇ ਰੂਪ ਮਝਾਰ। ਹੋਇ ਏਕਤਾ ਅਨੰਦ ਉਦਾਰ॥ ੧੦॥

ਬਹੁਤ ਭਾਂਤ ਦੇ ਅਨੇਕਾਂ ਗੁਣ ਪਾਵੋਗੇ ਅਤੇ ਅਤਿ ਉੱਤਮਤਾ ਤੁਸੀਂ ਕਰ ਕੇ ਆਵੇਗੀ। ਪਾਰਬ੍ਰਹਮ ਦੇ ਰੂਪ ਵਿਚ ਤੁਹਾਡੀ ਏਕਤਾ ਹੋਵੇਗੀ ਤੇ ਉੱਤਮ ਆਨੰਦ ਪ੍ਰਾਪਤ ਹੋਵੇਗਾ॥੧੦॥

ਤਪ ਤਾਪਜੋ ਮੈਂ ਦੀਰਘ ਜਬੈ। ਲੋਚਨ ਗੋਚਰ ਭੇ ਪ੍ਰਭੁ ਤਬੈ।
ਤਿਨ ਕੇ ਪ੍ਰੇਰਜੋ ਮੈਂ ਚਲਿ ਆਯੋ। ਚਹਤਿ ਦੈਤ ਕੋ ਨਾਸ਼ ਕਰਾਯੋ'॥ ੧੧॥

ਜਦ ਮੈਂ ਘੋਰ ਤਪੱਸਿਆ ਕੀਤੀ ਸੀ, ਉਸ ਸਮੇਂ ਪ੍ਰਭੂ ਨੇ ਮੈਨੂੰ ਦਰਸ਼ਨ ਦਿੱਤੇ। ਉਨ੍ਹਾਂ ਦਾ ਪ੍ਰੇਰਿਆ ਮੈਂ ਏਥੇ ਚਲ ਕੇ ਆਇਆ ਹਾਂ, ਉਹ ਦੈਂਤ ਨੂੰ ਮਰਵਾਉਣਾ ਚਾਹੁੰਦੇ ਸਨ"॥੧੧॥

ਸੁਨਿ ਮਹਿਪਾਲ ਬਿਸਾਲ ਅਨੰਦਾ। 'ਮੈਂ ਜਾਨਜੋ ਮੁਝ ਹ੍ਵੈ ਗੁਨ ਬ੍ਰਿੰਦਾ।
ਇਕ ਤੋ ਧਰਮ ਜੰਗ ਕੋ ਮੇਰਾ। ਦੁਤਿਯ ਮੁਨੀਬਰ! ਕਹਿਬੋ ਤੇਰਾ॥ ੧੨॥

ਇਹ ਸੁਣ ਕੇ ਰਾਜਾ ਬਹੁਤ ਪ੍ਰਸੰਨ ਹੋਇਆ, "ਮੈਂ ਜਾਣਿਆ ਹੈ ਮੈਨੂੰ ਬਹੁਤ ਗੁਣ ਪ੍ਰਾਪਤ ਹੋਣਗੇ, ਇਕ ਤਾਂ ਜੰਗ ਕਰਨਾ ਮੇਰਾ ਧਰਮ ਹੈ। ਹੇ ਮੁਨੀਵਰ! ਦੂਸਰਾ ਤੁਹਾਡਾ ਕਹਿਣਾ ਹੈ॥੧੨॥

ਤ੍ਰਿਤੀਏ ਜਗਤ ਨਾਥ ਕੇ ਸਾਥਾ। ਹੁਇ ਇਕਤਾ ਜਿਹ ਬੰਦਹਿਂ ਮਾਥਾ।
ਛੁਟਹਿਂ ਕਲੇਸ਼ ਅਸ਼ੇਸ਼ ਦੁਰਾਧਰ। ਮੈਂ ਬਡਭਾਗ ਲਖੋਂ ਹੇ ਮੁਨਿਵਰ!'॥ ੧੩॥

ਤੀਸਰਾ ਜਗਤ ਦੇ ਨਾਥ ਦੇ ਨਾਲ ਏਕਤਾ ਹੋਵੇਗੀ, ਜਿਸ ਨੂੰ ਅਸੀਂ ਮੱਥਾ ਟੇਕਦੇ ਹਾਂ। ਕਠਨ ਧਾਰੇ ਹੋਏ ਕਲੇਸ਼ ਮਿੱਟ ਜਾਣਗੇ, ਹੇ ਮੁਨੀਵਰ! ਮੈਂ ਆਪਣੇ ਆਪ ਨੂੰ ਵਡਭਾਗਾ ਸਮਝਦਾ ਹਾਂ"॥੧੩॥

ਇਮ ਭੂਪਤਿ ਕਰਿ ਕੈ ਉਤਸਾਹੂ। ਭਯੋ ਸਨੱਧ ਬੱਧ ਬਡ ਬਾਹੂ।
ਨੰਦਨਿ ਹੁਤੇ ਇਕੀਸ ਹਜ਼ਾਰ। ਸ਼ਸਤ੍ਰ ਪਹਿਰ ਸਗਰੇ ਭੇ ਤਜਾਰ॥ ੧੪॥

ਇਸ ਤਰ੍ਹਾਂ ਉਤਸ਼ਾਹ ਕਰਕੇ, ਵੱਡੀਆਂ ਬਾਹਾਂ ਵਾਲਾ ਰਾਜਾ ਹਥਿਆਰ ਬਧ ਹੋ ਗਿਆ। ਉਸ ਦੇ ਇੱਕੀ ਹਜ਼ਾਰ ਪੁੱਤਰ ਸਨ, ਸ਼ਸਤਰ ਪਹਿਨ ਕੇ ਸਾਰੇ ਤਿਆਰ ਹੋ ਗਏ॥੧੪॥

ਛੂਹਨਿ ਏਕ ਅਨੀਕਨਿ ਚਲੀ। ਗਜ ਬਾਜਨਿ ਰਥ ਕਰਿ ਕਲਮਲੀ।
ਧੁਜਾ ਪਤਾਕਾ ਬਸਤ੍ਰਨਿ ਛੋਰੇ। ਬਾਦਤਿ ਬਾਜ ਉਠੇ ਬਡ ਘੋਰੇ॥ ੧੫॥

ਇਕ ਖੂਹਣੀ ਸੈਨਾ ਚਲ ਪਈ, ਹਾਥੀਆਂ, ਘੋੜਿਆਂ ਤੇ ਰੱਥ ਸ਼ੋਰ ਕਰਦੇ ਜਾ ਰਹੇ ਸਨ। ਵੱਡੀ ਧੁਜਾ ਤੇ ਛੋਟੇ ਝੰਡੇ ਦੇ ਕਪੜੇ ਖੁਲ੍ਹੇ ਛੱਡੇ ਸਨ। ਨਗਾਰੇ ਵੱਜ ਰਹੇ ਸਨ ਤੇ ਵੱਡੀਆਂ ਆਵਾਜ਼ਾਂ ਉਠ ਰਹੀਆਂ ਸਨ॥੧੫॥

ਕਰਿ ਕੈ ਮੰਗਲ ਅਨਿਕ ਪ੍ਰਕਾਰਾ। ਨਿਕਸਜੋ ਨ੍ਰਿਪਤਿ ਆਪਨੇ ਦ੍ਵਾਰਾ।
ਭਏ ਸਹਾਇਕ ਸੁਰ ਗਨ ਸਾਰੇ। ਚਹਿਤਿ ਜੁੱਧ ਮਹਿਂ ਧੁੰਧੂ ਮਾਰੇ॥ ੧੬॥

ਅਨੇਕ ਪ੍ਰਕਾਰ ਦੇ ਮੰਗਲ ਕਰਕੇ ਰਾਜਾ ਆਪਣੇ ਦਵਾਰ ਤੋਂ ਬਾਹਰ ਨਿਕਲਿਆ। ਸਾਰੇ ਦੇਵਤੇ ਸਹਾਇਕ ਬਣ ਗਏ, ਉਹ ਯੁੱਧ ਕਰਕੇ ਧੁੰਧੂ ਦੈਂਤ ਨੂੰ ਮਾਰਨਾ ਚਾਹੁੰਦੇ ਸਨ॥੧੬॥

ਚਾਂਪਨਿ ਅਪਨਿ ਟੰਕਾਰ ਕਰੰਤੇ। ਬਾਣ ਨਿਖੰਗਨਿ ਮਹਿਂ ਭਰਿਯੰਤੇ।
ਚੰਦ੍ਰਹਾਸ ਨਿਰਮਲ ਚਮਕੰਤੇ। ਕਟ ਸੋਂ ਕਸਹਿਂ ਸੂਰ ਬਲਵੰਤੇ॥ ੧੭॥

ਆਪਣੇ ਧਨੁੱਖਾਂ ਨੂੰ ਟਣਕਾਉਂਦੇ ਸਨ ਤੇ ਤੀਰਾਂ ਨੂੰ ਭੱਥਿਆਂ ਵਿਚ ਭਰਦੇ ਸਨ। ਨਿਰਮਲ ਤਲਵਾਰਾਂ ਨੂੰ ਚਮਕਾਉਂਦੇ ਸਨ ਤੇ ਬਲਵਾਨ ਸੂਰਮੇਂ ਆਪਣੇ ਲੱਕ ਨੂੰ ਕੱਸਦੇ ਸਨ॥੧੭॥

ਬਿੱਪ ਜਿਤੇਂਦ੍ਰੀ ਬੇਦਨ ਬੇਤਾ। ਆਸ਼ਿਖਬਾਦ ਕਹੈਂ 'ਬਨਿ ਜੇਤਾ'।
ਗਜ ਬਾਜੀ ਸਜੰਦਨ ਦੁਤਿ ਭਾਰੀ। ਸਭਿ ਸਜਾਇ ਕਰਿ ਪਾਖਰ ਡਾਰੀ॥ ੧੮॥

ਵੇਦਾਂ ਦੇ ਗਿਆਤਾ ਬ੍ਰਾਹਮਣ ਅਸ਼ੀਰਵਾਦ ਦਿੰਦੇ ਹੋਏ ਕਹਿੰਦੇ ਸਨ, "ਵਿਜਈ ਬਣੋ" ਹਾਥੀ ਘੋੜੇ ਤੇ ਰੱਥ ਬਹੁਤ ਸ਼ੋਭਾ ਪਾ ਰਹੇ ਸਨ, ਸਾਰਿਆਂ ਨੂੰ ਸਜਾ ਕੇ ਕਾਠੀਆਂ ਪਾ ਲਈਆਂ॥੧੮॥

ਸਜੰਦਨ ਫੇਰਹਿਂ ਹਯਨਿ ਕੁਦਾਵਹਿਂ। ਲਰਿਬੇ ਕੋ ਜੋਧਾ ਉਤਸਾਵਹਿਂ।
ਭਿੰਡਪਾਲ, ਤੋਮਰ, ਅਸਿ ਧਾਰੇ। ਪਾਂਸੀ, ਮੁਦਗਰ ਗਹਿ ਕਰ ਭਾਰੇ॥ ੧੯॥

ਰੱਥਾਂ ਨੂੰ ਫੇਰਦੇ ਸਨ ਤੇ ਘੋੜਿਆਂ ਨੂੰ ਕੁਦਵਾਉਂਦੇ ਸਨ, ਤੇ ਯੋਧੇ ਲੜਨ ਵਾਸਤੇ ਬੜੇ ਉਤਸ਼ਾਹ ਨਾਲ ਭਰੇ ਸਨ। ਕਈਆਂ ਨੇ ਇਕ ਪ੍ਰਕਾਰ ਦੇ ਗੋਪੀਏ ਧਾਰਨ ਕੀਤੇ ਹੋਏ ਸਨ ਤੇ ਕਈਆਂ ਨੇ ਨੇਜ਼ੇ ਅਤੇ ਤਲਵਾਰਾਂ ਫੜੀਆਂ ਹੋਈਆਂ ਸਨ ਅਤੇ ਫਾਹੀਆਂ ਤੇ ਭਾਰੇ ਮੁਦਗਰ ਫੜੇ ਹੋਏ ਸਨ॥੧੯॥

ਅਨਿਕ ਪ੍ਰਕਾਰ ਕਰਹਿਂ ਰਣ ਤਜਾਰੀ। ਨਿਕਸਜੋ ਭੂਪਤਿ ਪੁਰਿ ਕੇ ਦ੍ਵਾਰੀ।
ਬਹੁ ਜਾਂਬੂਨਦ ਰਤਨ ਮੰਗਾਏ। ਭਿਛਕਨਿ ਦਏ ਦਾਨ ਮਨ ਭਾਏ॥ ੨੦॥

ਅਨੇਕ ਪ੍ਰਕਾਰ ਨਾਲ ਯੁੱਧ ਦੀ ਤਿਆਰੀ ਕਰ ਰਹੇ ਸਨ ਤੇ ਰਾਜਾ ਨਗਰ ਦੇ ਦਵਾਰ ਵਿਚੋਂ ਬਾਹਰ ਨਿਕਲਿਆ। ਬਹੁਤ ਸੋਨਾ ਅਤੇ ਰਤਨ ਮੰਗਵਾਏ ਅਤੇ ਮਨ ਭਾਉਂਦਾ ਵਿਲੱਖਣ ਦਾਨ ਦਿੱਤਾ॥੨੦॥

ਸਭਿਨਿ ਪ੍ਰਸੰਨ ਕਰਜੋ ਮਹਿਪਾਲਾ। ਦੈਤ ਦਿਸ਼ਾ ਕੇ ਮਾਰਗ ਚਾਲਾ।
ਤੁਰਰੀ ਦੁੰਦਭਿ ਗੋਮੁਖ ਬਾਜੇ। ਪਟਹਿ ਢੋਲ ਰਵ ਸੁਨਿ ਭਟ ਗਾਜੇ॥ ੨੧॥

ਰਾਜੇ ਨੇ ਸਭ ਨੂੰ ਪ੍ਰਸੰਨ ਕੀਤਾ ਤੇ ਦੈਂਤ ਵਾਲੇ ਪਾਸੇ ਸਾਰੇ ਚਲ ਪਏ। ਤੁਰੀਆਂ, ਨਗਾਰੇ ਅਤੇ ਰਣ ਸਿੰਘੇ ਵੱਜ ਰਹੇ ਸਨ। ਜਦ ਢੋਲ ਨੂੰ ਵਜਾਉਂਦੇ ਸਨ ਤਾਂ ਸੂਰਮੇ ਸੁਣ ਕੇ ਉੱਚੀ-ਉੱਚੀ ਗੱਜਦੇ ਸਨ॥੨੧॥

ਬਿਨ ਅਤੰਕ ਤੇ ਤਪੀ ਉਤੰਕ। ਲਿਯੋ ਸੰਗ ਨ੍ਰਿਪ ਗਮਯੋ ਨਿਸ਼ੰਕ।
ਸਗਰੇ ਪੁੱਤ੍ਰ ਸਾਥ ਹੀ ਲੀਨੇ। ਚੌਂਪ ਅਸੁਰ ਸੋਂ ਲਰਿਬੇ ਭੀਨੇ॥ ੨੨॥

ਡਰ ਰਹਿਤ ਤਪੀ ਉਤੰਕ ਨੂੰ ਰਾਜੇ ਨੇ ਆਪਣੇ ਨਾਲ ਲੈ ਲਿਆ ਤੇ ਨਿਸ਼ੰਕ ਹੋ ਕੇ ਚਲਾ ਗਿਆ। ਸਾਰੇ ਪੁੱਤਰ ਉਸ ਆਪਣੇ ਨਾਲ ਲੈ ਲਏ ਜਿਹੜੇ ਦੈਂਤਾਂ ਨਾਲ ਲੜਨ ਵਾਸਤੇ ਬੜੇ ਚਾਅ ਵਿਚ ਭਿੱਜੇ ਹੋਏ ਸਨ॥੨੨॥

ਦਿਨ ਪ੍ਰਤਿ ਕਰਤਿ ਨਿਵੇਸੁ ਨ੍ਰਿਪਾਲਾ। ਸਭਿਨਿ ਸੰਭਾਰਤਿ ਮਾਰਗ ਚਾਲਾ।
ਬਿਮਨ ਸੁਭਟ ਨਹਿਂ ਸੈਨਾ ਮਾਂਹੀ। ਨ੍ਰਿਪ ਹਿਤ ਅਪਨਿ ਪ੍ਰਾਨ ਅਰਪਾਹੀਂ॥੨੩॥

ਪ੍ਰਤਿ ਦਿਨ ਰਾਜਾ ਆਪਣਾ ਡੇਰਾ ਕਰਦਾ ਸੀ, ਸਾਰਿਆਂ ਨੂੰ ਸੰਭਾਲ ਕੇ ਮਾਰਗ ਵਿਚ ਚਲ ਪਿਆ। ਕਾਇਰ ਸੂਰਮੇ ਸੈਨਾ ਵਿਚ ਨਹੀਂ ਰੱਖੇ ਸਨ, ਉਹ ਬਾਦਸ਼ਾਹ ਵਾਸਤੇ ਆਪਣੇ ਪ੍ਰਾਣ ਵੀ ਅਰਪਣ ਕਰ ਸਕਦੇ ਸਨ॥੨੩॥

ਰਿਸ਼ਟ ਪੁਸ਼ਟ ਬਾਹਨ ਗਨ ਨਾਨਾ। ਅਲੰਕਾਰ ਪਹਿਰੇ ਦੁਤਿਵਾਨਾ।
ਉਤਸਾਹਤਿ ਜੋਧਾ ਗਨ ਚਲੈਂ। ਕਹਤਿ 'ਦੈਤ ਕੋ ਹਮ ਦਲ ਮਲੈਂ'॥ ੨੪॥

ਸਾਰੀ ਸੈਨਾ ਕਈ ਪ੍ਰਕਾਰ ਨਾਲ ਪੂਰਨ ਤੌਰ ਤੇ ਰਿਸ਼ਟ ਪੁਸ਼ਟ ਸੀ। ਉਨ੍ਹਾਂ ਨੇ ਸੁੰਦਰ ਗਹਿਣੇ ਧਾਰਨ ਕੀਤੇ ਹੋਏ ਸਨ, ਬੜੇ ਉਤਸ਼ਾਹਿਤ ਹੋ ਕੇ ਸਾਰੇ ਜੋਧੇ ਚਲ ਰਹੇ ਸਨ, ਕਹਿੰਦੇ ਸਨ ਅਸੀਂ ਦੈਂਤ ਨੂੰ ਦਲ ਕੇ ਮਲ ਦੇਵਾਂਗੇ'॥੨੪॥

ਸਿਕਤਾ ਸਾਗਰ ਕੋ ਬਿਸਤਾਰਾ। ਕਿਤ ਜੋਜਨ ਲੌ ਪੁਲਨ ਉਦਾਰਾ।
ਤਿਸ ਮਹਿਂ ਸੁਪਤਯੋ ਦੈਤ ਕਰਾਲਾ। ਚਿਰੰਕਾਲ ਕੋ ਦੇਹਿ ਬਿਸਾਲਾ॥ ੨੫॥

ਰੇਤ ਸਾਗਰ ਵਾਂਗ ਬਹੁਤ ਦੂਰ ਤਕ ਪਸਰੀ ਹੋਈ ਸੀ, ਕਈ ਜੋਜਨਾਂ ਤਕ ਬੜਾ ਬਰੇਤਾ ਸੀ। ਉਸ ਵਿਚ ਵਿਕਰਾਲ ਦੈਂਤ ਜਿਸ ਦਾ ਸਰੀਰ ਬਹੁਤ ਵੱਡਾ ਸੀ, ਬੜੀ ਦੇਰ ਤੋਂ ਸੌਂ ਰਿਹਾ ਸੀ॥੨੫॥

ਰਿਖਿ ਉਤੰਕ ਨੇ ਭੇਤ ਜਨਾਵਾ। 'ਇਹ ਉਤੰਗ ਥਲ ਜੋ ਦ੍ਰਿਸ਼ਟਾਵਾ।
ਤਿਸ ਮਹਿਂ ਦੈਤ ਦਬਯੋ ਪਰਿ ਰਹਯੋ। ਚਿਰੰਕਾਲ ਤੇ ਨਿੰਦ੍ਰਾ ਲਹਯੋ॥ ੨੬॥

ਉਤੰਕ ਰਿਖੀ ਨੇ ਭੇਦ ਤੋਂ ਜਾਣੂੰ ਕਰਵਾਇਆ, "ਇਹ ਜਿਹੜਾ ਉੱਚਾ ਥਾਂ ਦਿਖਾਈ ਦਿੰਦਾ ਹੈ, ਇਸ ਵਿਚ ਦੈਂਤ ਦਬਿਆ ਹੋਇਆ ਪਿਆ ਹੈ, ਕਾਫੀ ਦੇਰ ਤੋਂ ਸੌਂ ਰਿਹਾ ਹੈ॥੨੬॥

ਤਬਿ ਸੈਨਾ ਕੇ ਭਟ ਮਿਲਿ ਸਾਰੇ। ਸਗਰੀ ਮ੍ਰਿਤਕਾ ਦੇਂ ਜਬਿ ਟਾਰੇ।
ਕਰੈਂ ਪ੍ਰਹਾਰ ਉਠਹਿ ਤਬਿ ਏਹੀ। ਸ਼ਸਤ੍ਰ ਪ੍ਰਹਾਰਹੁ ਆਪਨਿ ਤੇਹੀ॥ ੨੭॥

ਸੈਨਾ ਦੇ ਸਾਰੇ ਸੂਰਮੇ ਮਿਲ ਕੇ ਸਾਰੀ ਮਿੱਟੀ ਹਟਾ ਕੇ ਜਦ ਵਾਰ ਕਰੋਗੇ ਤਾਂ ਇਹ ਉਠੇਗਾ ਤਦ ਇਸ ਉੱਤੇ ਆਪਣੇ ਸ਼ਸਤਰਾਂ ਦੇ ਵਾਰ ਕਰੋ"॥੨੭॥

ਇਮ ਸੁਨਿ ਭੂਪ ਸਿਵਰ ਕਰਿਵਾਯੋ। ਸਭਿ ਸੈਨਾ ਕੋ ਤਹਾਂ ਪਠਾਯੋ।
ਕਸੀ ਕੁਦਾਲੇ ਨਾਲ ਬਿਸਾਲੇ। ਖਨਹਿਂ ਤਹਾਂ ਮਿਲਿ ਕੈ ਭਟ ਜਾਲੇ॥ ੨੮॥

ਇਹ ਸੁਣ ਕੇ ਰਾਜੇ ਨੇ ਆਪਣਾ ਡੇਰਾ ਲਵਾਇਆ ਤੇ ਸਭ ਸੈਨਾ ਨੂੰ ਓਧਰ ਭੇਜ ਦਿੱਤਾ। ਉਨ੍ਹਾਂ ਨੇ ਕਹੀਆਂ ਕੰਦਾਲੇ ਫੜ ਲਏ, ਤੇ ਸਾਰੇ ਸੂਰਮੇ ਮਿਲ ਕੇ ਮਿੱਟੀ ਪੁੱਟਣ ਲੱਗੇ॥੨੮॥

ਅਨਿਕ ਪ੍ਰਕਾਰ ਮਚਾਵਹਿਂ ਰੌਰਾ। ਕੂਦਹਿਂ ਕਿਲਕਹਿਂ ਖੋਦਹਿਂ ਠੌਰਾ।
ਸਵਾਧਾਨ ਹੁਇ ਸ਼ਸਤ੍ਰ ਸੰਭਾਰਹਿਂ। ਕਰੇ ਓਜ ਕੋ ਪੈਰ ਪ੍ਰਹਾਰਹਿਂ॥ ੨੯॥

ਅਨੇਕ ਪ੍ਰਕਾਰ ਦਾ ਰੌਲਾ ਮਚਾਉਂਦੇ ਸਨ, ਛਾਲਾਂ ਮਾਰਦੇ ਸਨ, ਕਿਲਕਾਰੀਆਂ ਛੱਡਦੇ ਸਨ ਤੇ ਉਸ ਥਾਂ ਤੋਂ ਮਿੱਟੀ ਪੁੱਟ ਰਹੇ ਸਨ। ਸਾਵਧਾਨ ਹੋ ਕੇ ਸ਼ਸਤਰ ਸੰਭਾਲਦੇ ਸਨ, ਸ਼ਕਤੀ ਲਾ ਕੇ ਪੈਰਾਂ ਦਾ ਵਾਰ ਕਰਦੇ ਸਨ॥੨੯॥

ਅਨਿਕ ਜਤਨ ਤੇ ਮ੍ਰਿਤਕਾ ਟਾਰੈਂ। 'ਪਿਖਹਿਂ ਅਸੁਰ ਕੋ ਅਬਿ ਹਮ ਮਾਰੈਂ'।
ਸਪਤ ਦਜੋਸ ਬੀਤੇ ਇਸ ਭਾਂਤੀ। ਕਰਤਿ ਜਤਨ ਕੋ ਸ਼ੱਤ੍ਰਨਿ ਘਾਤੀ॥ ੩੦॥

ਬੜੇ ਯਤਨਾਂ ਨਾਲ ਮਿੱਟੀ ਹਟਾ ਰਹੇ ਸਨ ਤੇ ਕਹਿ ਰਹੇ ਸਨ, "ਦੈਂਤ ਨੂੰ ਵੇਖ ਕੇ ਹੁਣ ਅਸੀਂ ਮਾਰ ਦੇਵਾਂਗੇ।" ਇਸ ਪ੍ਰਕਾਰ ਸੱਤ ਦਿਨ ਬੀਤ ਗਏ, ਵੈਰੀ ਨੂੰ ਮਾਰਨ ਵਾਸਤੇ ਯਤਨ ਕਰ ਰਹੇ ਸਨ॥੩੦॥

ਪਿਖਜੋ ਸਰੀਰ ਦੈਤ ਕਹੁ ਕਾਰਾ। ਲੀਨਿ ਸ੍ਵਾਸ ਬਹੁ ਪੌਨ ਨਿਕਾਰਾ।
ਨਰ ਅਨੇਕ ਉਡ ਗਏ ਗਗਨ ਮੈਂ। ਪਰੇ ਸੁ ਦੂਰ ਜਾਇ ਕਿਤ ਬਨ ਮੈਂ॥ ੩੧॥

ਫਿਰ ਦੈਂਤ ਦਾ ਸਾਰਾ ਸਰੀਰ ਵੇਖਿਆ, ਸਾਹ ਲੈਂਦਾ ਉਹ ਬਹੁਤ ਹਵਾ ਕੱਢ ਰਿਹਾ ਸੀ। ਕਈ ਮਨੁੱਖ ਉਸ ਦੇ ਸਾਹ ਲੈਣ ਨਾਲ ਹਵਾ ਵਿਚ ਉੱਡ ਗਏ ਤੇ ਬਹੁਤ ਦੂਰ ਜਾ ਕੇ ਕਿਤੇ ਜੰਗਲ ਵਿਚ ਡਿੱਗ ਪਏ॥੩੧॥

ਸ਼ਬਦ ਕੁਲਾਹਲ ਅਤਿਸ਼ੈ ਹੋਵਾ। ਪਰਜੋ ਅਸੁਰ ਕੋ ਤਨ ਜਬਿ ਜੋਵਾ।
ਅੰਗ ਹਲਾਵਨਿ ਕੀਨਿ ਤਦਾਈ। ਉਠਜੋ ਦੈਤ ਦਾਰੁਨਤਾ ਛਾਈ॥ ੩੨॥

ਫਿਰ ਬਹੁਤ ਉੱਚੀ ਇਕ ਆਵਾਜ਼ ਹੋਈ, ਜਦ ਦੈਂਤ ਦਾ ਸਰੀਰ ਵੇਖਿਆ। ਤਦ ਉਸ ਨੇ ਆਪਣੇ ਸਰੀਰ ਦੇ ਅੰਗ ਹਿਲਾਏ। ਜਦ ਦੈਂਤ ਉਠਿਆ ਤਾਂ ਸਾਰੇ ਵਿਆਕੁਲਤਾ ਛਾ ਗਈ॥੩੨॥

ਮ੍ਰਿਤਕਾ ਤਨ ਪਰ ਤੇ ਸੁ ਉਤਾਰੀ। ਪੁਨਹਿ ਬਾਹਨੀ ਬਡੀ ਨਿਹਾਰੀ।
ਮਚਜੋ ਰੌਰ ਸੋ ਸੁਨਿ ਕਰਿ ਕਾਨ। ਮਹਾਂ ਕਾਯ ਹੋਜਹੁ ਸਵਧਾਨ'॥ ੩੩॥

ਦੈਂਤ ਨੇ ਆਪਣੇ ਸਰੀਰ ਤੋਂ ਮਿੱਟੀ ਲਾਹੀ, ਫਿਰ ਇਕ ਵੱਡੀ ਸੈਨਾ ਖੜੀ ਵੇਖੀ, ਜਿਹੜਾ ਬੜਾ ਰੌਲਾ ਮਚਿਆ ਹੋਇਆ ਸੀ, ਉਸ ਨੂੰ ਆਪਣੇ ਕੰਨਾਂ ਨਾਲ ਸੁਣ ਕੇ ਵੱਡੇ ਸਰੀਰ ਵਾਲਾ ਦੈਂਤ ਸਾਵਧਾਨ ਹੋ ਗਿਆ॥੩੩॥

*ਦਸਵੀਂ ਰਾਸ ਦਾ ਤੇਈਵਾਂ ਅਧਿਆਇ ਸਮਾਪਤ ਹੋਇਆ॥੨੩॥*

## ਅਧਿਆਇ ਚਵੀਵਾਂ

*ਧੁੰਧੂ ਦੈਂਤ ਦੀ ਬੱਧ ਕਥਾ*

ਦੋਹਰਾ- "ਸੁਨਤਿ ਕੁਲਾਹਲ ਕਰਨ ਮਹਿਂ ਜਾਗਜੋ ਅਸੁਰ ਸੁਚੇਤ।
ਸੈਲ ਸਸ਼੍ਰਿੰਗ ਉਤੰਗ ਜਜੋਂ ਸਭਿ ਅਵਨੀ ਜਨੁ ਕੇਤ॥ ੧॥

ਸ਼ੋਰੋਗੁੱਲ ਨੂੰ ਆਪਣੇ ਕੰਨਾਂ ਨਾਲ ਸੁਣ ਕੇ ਦੈਂਤ ਜਾਗ ਕੇ ਸੁਚੇਤ ਹੋ ਗਿਆ। ਉੱਚੀ ਚੋਟੀ ਸਮੇਤ ਪਹਾੜ ਜਿਵੇਂ ਸਾਰੀ ਪ੍ਰਿਥਵੀ ਦਾ ਮਾਨੋਂ ਝੰਡਾ ਰੂਪ ਹੁੰਦਾ ਹੈ॥੧॥

ਚੌਪਈ- ਇਸ ਪ੍ਰਕਾਰ ਠਾਂਢੋ ਬਡ ਦੈਤ। ਉਤਸਾਹੀ, ਪ੍ਰਾਕ੍ਰਮਿ, ਸੁਰ ਜੈਤ।
ਇਤ ਤੇ ਨ੍ਰਿਪਤਿ ਸਥਿਤਿ ਭਾ ਸਜੰਦਨ। ਜੰਗ ਕੰਟਕ ਕੋ ਚਹਿਤਿ ਨਿਕੰਦਨ ॥੨॥

ਇਸ ਪ੍ਰਕਾਰ ਵੱਡਾ ਦੈਂਤ ਖੜਾ ਹੋ ਗਿਆ, ਉਤਸ਼ਾਹ ਵਾਲਾ, ਉੱਦਮੀ, ਬਲੀ ਤੇ ਜਿਹੜਾ ਦੇਵਤਿਆਂ ਨੂੰ ਜਿੱਤਣ ਵਾਲਾ ਸੀ। ਏਧਰ ਰਾਜਾ ਆਪਣੇ ਰੱਥਾਂ ਸਹਿਤ ਖੜਾ ਸੀ, ਜੰਗ ਦੇ ਕਾਂਟੇ ਭਾਵ ਦੈਂਤ ਨੂੰ ਮਾਰਨਾ ਚਾਹੁੰਦਾ ਸੀ ॥੨॥

ਸੁਤ ਗਨ ਸਹਤ ਬਾਹਨੀ ਸਾਰੀ। ਸ਼ਸਤ੍ਰ ਅਸਤ੍ਰ ਧਾਰੇ ਤਨ ਭਾਰੀ।
ਦੈਤ ਬਧਨਿ ਕੀ ਕਾਂਖਾਵਾਨ। ਛੋਰਨਿ ਕਰੇ ਮਹਾਂ ਖਰ ਬਾਨ ॥ ੩ ॥

ਬਹੁਤ ਪੁੱਤਰਾਂ ਅਤੇ ਸਾਰੀ ਸੈਨਾ ਸਹਿਤ ਸਰੀਰ 'ਤੇ ਭਾਰੀ ਅਸਤਰ ਸ਼ਸਤਰ ਧਾਰਨ ਕੀਤੇ ਹੋਏ ਸਨ, ਦੈਂਤ ਨੂੰ ਮਾਰਨ ਦੀ ਸਾਰਿਆਂ ਦੀ ਅਭਿਲਾਸ਼ਾ ਸੀ ਤੇ ਉਹ ਬੜੇ ਤਿੱਖੇ ਬਾਣ ਮਾਰ ਰਹੇ ਸਨ ॥੩॥

ਦੇਖਤਿ ਧੁੰਧੁ ਬਦਨ ਮੁਸਕਾਨਜੋ। ਦਾਰੁਨ ਮਹਿਦੈ ਬਾਕ ਬਖਾਨਜੋ।
'ਭੋ ਭੋ ਭੂਪ ! ਕਵਨ ਤੂੰ ਅਹੈਂ ?। ਮਮ ਪ੍ਰਾਕ੍ਰਮ ਕੋ ਤੂੰ ਨਹਿ ਲਹੈਂ ? ॥੪॥

ਇਹ ਵੇਖ ਕੇ ਧੁੰਧੁ ਮੁਸਕ੍ਰਾਇਆ, ਫਿਰ ਬੜਾ ਭਿਆਨਕ ਵਾਕ ਉਚਾਰਿਆ, "ਓ ਰਾਜੇ ! ਦੱਸ ਤੂੰ ਕੌਣ ਹੈਂ, ਮੇਰੇ ਉੱਦਮ ਅਤੇ ਬਲ ਨੂੰ ਤੂੰ ਨਹੀਂ ਵੇਖਿਆ ਹੈ ? ॥੪॥

ਏਕ ਗ੍ਰਾਸ ਭੀ ਹੋਇ ਨ ਮੇਰਾ। ਕ੍ਯਾ ਤੂੰ ਠਾਂਢੋ ਮੂੜ੍ਹ ਬਡੇਰਾ।
ਸੁਪਤਿ ਸ਼ੇਰ ਕਜੋਂ ਆਨਿ ਜਗਾਵਾ। ਮੈਂ ਸਗਰੋ ਸੁਰ ਕਟਕ ਪਲਾਵਾ ॥੫॥

ਤੂੰ ਤਾਂ ਮੇਰੀ ਇਕ ਬੁਰਕੀ ਵੀ ਨਹੀਂ ਹੋਵੇਂਗਾ, ਤੂੰ ਵੱਡਾ ਮੂਰਖ ਕਿਉਂ ਖੜਾ ਹੈਂ ? ਸੁੱਤੇ ਹੋਏ ਸ਼ੇਰ ਨੂੰ ਕਿਉਂ ਆ ਜਗਾਇਆ ਹੈ ? ਮੈਂ ਦੇਵਤਿਆਂ ਦੇ ਕਟਕ ਨੂੰ ਭਜਾ ਦਿੱਤਾ ਹੈ ॥੫॥

ਕੋ ਨਹਿ ਅਟਕਜੋ ਮੋਹਿ ਅਗਾਰੀ। ਮਮ ਡਰ ਤੀਨ ਲੋਕ ਮਹਿ ਭਾਰੀ।
ਤੈਂ ਕੈਸੇ ਕਰਿ ਜਾਨਜੋ ਨਾਂਹੀ। ਆਨਿ ਪਰਜੋ ਜਮ ਕੇ ਮੁਖ ਮਾਂਹੀ' ॥੬॥

ਮੇਰੇ ਅੱਗੇ ਕੋਈ ਵੀ ਨਹੀਂ ਅਟਕਿਆ। ਤਿੰਨਾਂ ਲੋਕਾਂ ਵਿਚ ਮੇਰਾ ਭਾਰੀ ਡਰ ਹੈ, ਤੂੰ ਕਿਸ ਤਰ੍ਹਾਂ ਨਹੀਂ ਜਾਣਿਆ ਤੇ ਆ ਕੇ ਜਮ ਦੇ ਮੂੰਹ ਵਿਚ ਪੈ ਗਿਆ ਹੈਂ" ॥੬॥

ਸੁਨਤਿ ਨ੍ਰਿਪਤ ਨਹਿ ਧੀਰਜ ਛੋਰਾ। ਕਹਜੋ ਬਾਕ 'ਜੇ ਮੈਂ ਬਲ ਥੋਰਾ।
ਤਊ ਧਰਮ ਛੱਤ੍ਰੀ ਕੋ ਮੇਰਾ। ਕਰਿਹੋਂ ਸੰਘਰ ਘੋਰ ਘਨੇਰਾ ॥ ੭ ॥

ਇਹ ਸੁਣ ਕੇ ਰਾਜੇ ਨੇ ਧੀਰਜ ਨਹੀਂ ਛੱਡਿਆ ਤੇ ਕਿਹਾ, "ਜੇ ਮੇਰਾ ਬਲ ਥੋੜ੍ਹਾ ਹੈ, ਪਰ ਫਿਰ ਵੀ ਮੇਰਾ ਛਤਰੀ ਦਾ ਧਰਮ ਹੈ, ਮੈਂ ਵੱਡਾ ਘੋਰ ਸੰਘਰਸ਼ ਕਰਾਂਗਾ ॥੭॥

ਦੈਵ ਅਧੀਨ ਹਾਰ ਅਰੁ ਜੀਤ'। ਅਸ ਕਹਿ ਕਰਿ ਧਰਿ ਕ੍ਰੋਧ ਸੁ ਚੀਤ।
ਸ਼ਸਤ੍ਰ ਪ੍ਰਹਾਰਨਿ ਆਇਸੁ ਦੀਨਿ। ਛੁਟੇ ਤੀਰ ਤੀਖਨ ਤਨ ਲੀਨਿ ॥ ੮ ॥

ਇਹ ਪ੍ਰਭੂ ਦੇ ਹੱਥ ਹੈ, ਜਿਤਾਂਗਾ ਜਾਂ ਹਾਰਾਂਗਾ", ਇਹ ਕਹਿ ਕੇ ਚਿੱਤ ਵਿਚ ਕ੍ਰੋਧ ਧਾਰ ਕੇ ਸ਼ਸਤਰ ਚਲਾਉਣ ਦੀ ਆਗਿਆ ਦਿੱਤੀ, ਤਿੱਖੇ ਤੀਰ ਚਲੇ, ਜਿਨ੍ਹਾਂ ਨੂੰ ਦੈਂਤ ਆਪਣੇ ਸਰੀਰ ਉੱਤੇ ਲੈਂਦਾ ਸੀ ॥੮॥

ਨ੍ਰਿਪ ਕੇ ਸੁਤਨਿ ਅਗਾਰੀ ਘੇਰਾ। ਮਹਾਂ ਸ਼ਸਤ੍ਰ ਛੋਰੇ ਇਕ ਬੇਰਾ।
ਬਾਨ ਅਨੇਕ ਬਡੇ ਬਰਖਾਏ। ਪਰਘ, ਭਸੁੰਡੀ, ਤੋਮਰ ਛਾਏ ॥ ੯ ॥

ਰਾਜੇ ਦੇ ਪੁੱਤਰਾਂ ਨੇ ਅੱਗੇ ਘੇਰਾ ਪਾ ਲਿਆ ਤੇ ਇਕੋ ਵਾਰ ਮਹਾਨ ਸ਼ਸਤਰ ਚਲਾਏ। ਅਨੇਕਾਂ ਵੱਡੇ-ਵੱਡੇ ਬਾਣ ਬਰਸਾਏ। ਲੋਹੇ ਦੀ ਗਦਾ, ਲੋਹੇ ਮੜ੍ਹਿਆ ਡੰਡਾ ਭਾਵ ਗੰਡਾਸੇ, ਨੇਜ਼ੇ ਅਤੇ ਗੋਪੀਏ ਛਾ ਗਏ।

*ਨੋਟ : ਭਸੁੰਡੀ ਇਕ ਪ੍ਰਕਾਰ ਦਾ ਗੋਪੀਆ ਹੁੰਦਾ ਹੈ ਜਿਸ ਵਿਚ ਪੱਥਰ ਭਰ ਕੇ ਵੈਰੀ ਉੱਤੇ ਸੁੱਟਦੇ ਸਨ, ਇਹ ਚਮੜੇ ਦਾ ਹੁੰਦਾ ਸੀ ਤੇ ਤਿੰਨ ਹੱਥ ਲੰਮਾ ਹੁੰਦਾ ਸੀ। ਮਹਾਂਭਾਰਤ ਦੇ ਯੁੱਧ ਸਮੇਂ ਇਹ ਅਸਤਰ ਵਰਤਿਆ ਗਿਆ ਸੀ।*

**ਅਨਿਕ ਪ੍ਰਹਾਰ ਗਦਾ ਕੇ ਕੀਨਿ। ਸੰਗ ਖੜਗ ਤੇ ਕਰ ਖਰ ਲੀਨੇ।**
**ਬਾਦਿਤ ਸੰਖ ਅਨੇਕ ਬਜਾਏ। ਮਚਯੋ ਕੁਲਾਹਲ ਰਣ ਅਧਿਕਾਏ॥ ੧੦॥**

ਅਨੇਕਾਂ ਵਾਰ ਗਦਾ ਦੇ ਕੀਤੇ, ਫਿਰ ਨਾਲ ਹੀ ਤਲਵਾਰਾਂ ਤੇ ਹੱਥ ਵਿਚ ਤਿੱਖੇ ਤੀਰ ਲਏ। ਵਾਜੇ ਅਤੇ ਅਨੇਕਾਂ ਸੰਖ ਵਜਾਏ ਗਏ, ਬਹੁਤ ਰੌਲਾ ਮਚ ਗਿਆ ਤੇ ਬੜਾ ਯੁੱਧ ਹੋਇਆ॥੧੦॥

**ਕਰਯੋ ਧੁੰਧੂ ਨੇ ਕ੍ਰੋਧ ਬਡੇਰੇ। ਸ਼ਸਤ੍ਰ ਲਗੇ, ਤਨ ਧਸੇ ਘਨੇਰੇ।**
**ਕੋ ਪਾਇਨਿ ਤੇ ਪਕਰਿ ਬਗਾਯੋ। ਕੋ ਗਹਿ ਕੈ ਅਵਿਨੀ ਪਟਕਾਯੋ॥ ੧੧॥**

ਫਿਰ ਧੁੰਧੂ ਨੇ ਬਹੁਤ ਕ੍ਰੋਧ ਕੀਤਾ, ਸ਼ਸਤਰ ਲੱਗ ਕੇ ਉਸ ਦੇ ਤਨ ਵਿਚ ਧੱਸ ਗਏ, ਕਿਸੇ ਨੂੰ ਪੈਰਾਂ ਤੋਂ ਫੜ ਕੇ ਵਗਾਹ ਕੇ ਮਾਰਿਆ, ਕਿਸੇ ਨੂੰ ਫੜ ਕੇ ਧਰਤੀ 'ਤੇ ਪਟਕਾ ਮਾਰਿਆ॥੧੧॥

**ਕੋ ਪਾਇਨਿ ਸੋਂ ਦਪਟ ਗਿਰਾਏ। ਕਿਤਿਕ ਧਕੇਲਤਿ ਪ੍ਰਾਨ ਨਸਾਏ।**
**ਕੇਤਿਕ ਕੋ ਭੱਖਨਿ ਕਰਿ ਲੀਨਸਿ। ਕਿਸਹੂੰ ਗਹਿ ਗਹਿ ਪੀਸਨਿ ਕੀਨਸਿ॥੧੨॥**

ਕਈਆਂ ਨੂੰ ਪੈਰਾਂ ਨਾਲ ਦਰੜ ਕੇ ਸੁੱਟ ਦਿੱਤਾ, ਕਈਆਂ ਦੇ ਧੱਕੇ ਮਾਰ ਕੇ ਹੀ ਪ੍ਰਾਣ ਕੱਢ ਦਿੱਤੇ, ਕਈਆਂ ਨੂੰ ਫੜ ਕੇ ਖਾ ਲਿਆ, ਕਈਆਂ ਨੂੰ ਫੜ ਫੜ ਕੇ ਪੀਹ ਦਿੱਤਾ॥੧੨॥

**ਕੇਤਿਕ ਕੋ ਪਕਰਯੋ ਪਗ ਚੀਰਯੋ। ਕਰਦਮ ਆਮਿਖ ਰੁਧਿਰ ਬਿਥੀਰਯੋ।**
**ਗਗਨ ਗਰਦ ਸੋਂ ਛਾਦਯੋ ਸਾਰਾ। ਪਕਰਿ ਪਕਰਿ ਭਟ ਚੀਰਤਿ ਡਾਰਾ॥੧੩॥**

ਕਈਆਂ ਨੂੰ ਪੈਰਾਂ ਤੋਂ ਫੜ ਕੇ ਚੀਰ ਦਿੱਤਾ। ਮਿਝ, ਮਾਸ ਅਤੇ ਖ਼ੂਨ ਖਿਲਰ ਗਿਆ। ਸਾਰੇ ਅਕਾਸ਼ 'ਤੇ ਧੂੜ ਛਾ ਗਈ। ਸੂਰਮਿਆਂ ਨੂੰ ਫੜ ਫੜ ਕੇ ਚੀਰ ਦਿੱਤਾ॥੧੩॥

**ਇਮ ਪਰਬਿਰਤਯੋ ਜੰਗ ਬਿਲੰਦਾ। 'ਮਾਰ ਮਾਰ' ਬੋਲਹਿਂ ਭਟ ਬ੍ਰਿੰਦਾ।**
**ਕੁੰਭਕਰਨ ਜਿਮ ਦੂਸਰ ਭਯੋ। ਖਰੋ ਦੈਤ ਰਿਸ ਜਿਸ ਕੋ ਛਯੋ॥ ੧੪॥**

ਇਸ ਤਰ੍ਹਾਂ ਬਹੁਤ ਵੱਡਾ ਜੰਗ ਹੋਇਆ, 'ਮਾਰ ਲਵੋ, ਮਾਰ ਲਵੋ' ਬਹੁਤ ਸੂਰਮੇ ਕਹਿੰਦੇ ਸਨ। ਜਿਵੇਂ ਦੂਸਰਾ ਕੁੰਭਕਰਨ ਹੋਇਆ ਹੋਵੇ। ਦੈਂਤ ਬੜੇ ਗੁੱਸੇ ਵਿਚ ਆ ਕੇ ਖੜਾ ਸੀ॥੧੪॥

**ਇਮ ਪ੍ਰਾਕ੍ਰਮ ਜਬਿ ਕੀਨਿ ਮਹਾਨਾ। ਰਾਜਪੁੱਤ੍ਰ ਗਹਿ ਆਯੁਧ ਨਾਨਾ।**
**ਜਿਮ ਗਿਰ ਪਰ ਕੇ ਬਿਹੰਗ ਸਿਧਾਰੈਂ। ਪਹੁੰਚਹਿਂ ਨਿਕਟਿ ਸ਼ਸਤ੍ਰ ਗਨ ਮਾਰੈਂ॥੧੫॥**

ਇਸ ਤਰ੍ਹਾਂ ਜਦ ਮਹਾਨ ਉੱਦਮ ਕੀਤਾ, ਰਾਜੇ ਦੇ ਪੁੱਤਰਾਂ ਨੇ ਕਈ ਪ੍ਰਕਾਰ ਦੇ ਸ਼ਸਤਰ ਫੜ ਲਏ, ਜਿਵੇਂ ਪਹਾੜ ਉੱਤੇ ਕਈ ਪੰਛੀ ਜਾਣ ਤੇ ਨੇੜੇ ਪਹੁੰਚ ਕੇ ਬਹੁਤ ਸ਼ਸਤਰ ਮਾਰਨ॥੧੫॥

**ਮਚਯੋ ਰੌਰ ਕਛ ਸੁਨਯੋ ਨ ਕਾਨਾ। ਛਾਯੋ ਗਗਨ ਮਹਾਂ ਗਨ ਬਾਨਾ।**
**ਦੈਤ ਸਰੀਰ ਬਿਖੈ ਪਰਵੇਸ਼ੇ। ਜਥਾ ਸਰਪ ਗਿਰ ਬਰਹਿਂ ਬਿਸ਼ੇਸ਼ੇ॥ ੧੬॥**

ਬਹੁਤ ਰੌਲਾ ਮਚਿਆ। ਕੰਨਾਂ ਨਾਲ ਕੁਝ ਸੁਣਿਆ ਨਹੀਂ ਸੀ ਜਾਂਦਾ। ਅਕਾਸ਼ ਉੱਤੇ ਬਹੁਤ ਤੀਰ ਛਾ ਗਏ। ਦੈਂਤ ਦੇ ਸਰੀਰ ਵਿਚ ਇਸ ਤਰ੍ਹਾਂ ਪ੍ਰਵੇਸ਼ ਕਰ ਗਏ, ਜਿਵੇਂ ਪਹਾੜ ਵਿਚ ਸੱਪ ਵੜ ਜਾਂਦੇ ਹਨ॥ ੧੬॥

ਚਮਕਹਿਂ ਚੰਦ੍ਰਹਾਸ ਲਗਿ ਅੰਗਹਿਂ। ਜਨੁ ਤੜਿਤਾ ਪੜਤੀ ਗਿਰ ਸ੍ਰਿੰਗਹਿ।
ਪਰਘ ਸ਼ਕਤਿ ਤੋਮਰ ਬਡ ਭਾਲੇ। ਹਤਹਿਂ ਬਾਰ ਇਕ ਦੈਤ ਕਰਾਲੇ॥ ੧੭॥

ਸਰੀਰ ਦੇ ਅੰਗਾਂ ਨੂੰ ਤਲਵਾਰਾਂ ਲੱਗ ਕੇ ਚਮਕਦੀਆਂ ਸਨ, ਮਾਨੋਂ ਪਹਾੜ ਦੀਆਂ ਚੋਟੀਆਂ 'ਤੇ ਬਿਜਲੀਆਂ ਪੈਂਦੀਆਂ ਹੋਣ। ਗੰਡਾਸੇ, ਬਰਛੇ, ਨੇਜ਼ੇ ਅਤੇ ਭਾਲੇ ਇਕ ਵਿਕਰਾਲ ਦੈਂਤ ਨੂੰ ਮਾਰਦੇ ਸਨ॥੧੭॥

ਧੁੰਧੁ ਕ੍ਰੋਧ ਕੈ ਅਧਿਕ ਉਮਾਹਾ। ਸੁਭਟਨਿ ਮਾਰਤਿ ਬਹੁ ਰਣ ਮਾਂਹਾ।
ਥਿਰ ਨ ਅਗਾਰੀ ਹੋਵਨਿ ਦੇਤਿ। ਜਿਤ ਕਿਤ ਹਤਿ ਹਤਿ ਭਟ ਰਣਖੇਤ॥੧੮॥

ਇਹ ਵੇਖ ਕੇ ਧੁੰਧੂ ਬੜੇ ਕ੍ਰੋਧ ਅਤੇ ਉਤਸ਼ਾਹ ਨਾਲ ਭਰ ਗਿਆ ਤੇ ਬਹੁਤ ਸੂਰਮਿਆਂ ਨੂੰ ਰਣਖੇਤਰ ਵਿਚ ਮਾਰਿਆ। ਕਿਸੇ ਨੂੰ ਵੀ ਅੱਗੇ ਖੜਾ ਨਹੀਂ ਸੀ ਹੋਣ ਦਿੰਦਾ, ਜਿਥੇ ਕਿਥੇ ਰਣਖੇਤਰ ਵਿਚ ਸੂਰਮਿਆਂ ਨੂੰ ਮਾਰ-ਮਾਰ ਸੁੱਟ ਦਿੰਦਾ॥੧੮॥

ਮਾਰਿ ਮਾਰਿ ਕਰਿ ਢੇਰ ਲਗਾਯੋ। ਮਹਾਂ ਤ੍ਰਾਸ ਰਣ ਮਹਿਂ ਉਪਜਾਯੋ।
ਰੁਧਤਿ ਲਿਪਤਿ ਤਨ ਨਿਕਸਹਿ ਧਾਰਾ। ਜਨੁ ਗਿਰ ਗੇਰੂ ਕੇਰ ਪ੍ਰਨਾਰਾ॥੧੯॥

ਮਾਰ-ਮਾਰ ਕੇ ਉਸ ਢੇਰ ਲਾ ਦਿੱਤਾ ਤੇ ਰਣਖੇਤਰ ਵਿਚ ਵੱਡਾ ਭੈਅ ਪੈਦਾ ਕੀਤਾ। ਉਸਦਾ ਸਰੀਰ ਲਹੂ ਨਾਲ ਲਿਬੜ ਗਿਆ ਤੇ ਉਸ ਵਿਚੋਂ ਲਹੂ ਦੀ ਧਾਰਾ ਇਸ ਤਰ੍ਹਾਂ ਨਿਕਲ ਰਹੀ ਸੀ ਮਾਨੋਂ ਗੇਰੂ ਦੇ ਪਹਾੜ ਦਾ ਪ੍ਰਨਾਲਾ ਹੋਵੇ॥੧੯॥

ਗਰਜਤਿ ਗਰੂਓ ਮੇਘ ਸਮਾਨਾ। ਸੰਘਾਰਤਿ ਸੁਭਟਨਿ ਗਹਿ ਪਾਨਾ।
ਘਾਇਲ ਪਰੇ ਕਿਤਿਕ ਤਰਫਾਵੈਂ। ਕਿਤੇ ਗਗਨ ਮਹਿਂ ਉਡੇ ਭ੍ਰਮਾਵੈਂ॥੨੦॥

ਬਦਲ ਵਾਂਗ ਉੱਚੀ ਉੱਚੀ ਗੱਜਦਾ ਸੀ ਤੇ ਸੂਰਮਿਆਂ ਨੂੰ ਫੜ ਫੜ ਕੇ ਮਾਰਦਾ ਸੀ। ਕਈ ਜ਼ਖਮੀ ਪਏ ਤੜਫ ਰਹੇ ਸਨ, ਕਈ ਅਕਾਸ਼ ਵਿਚ ਉੱਡ ਕੇ ਭੁਆਟਣੀਆਂ ਖਾਂਦੇ ਸਨ॥੨੦॥

ਪੈਰਨਿ ਸੋਂ ਦਲਮਲ ਬਹੁ ਗੇਰੇ। ਪ੍ਰਾਕ੍ਰਮ ਕਰਤਿ ਹਤਹਿ ਪਿਖਿ ਨੇਰੇ।
ਹਾਥਨਿ ਸੋਂ ਹਾਥੀ ਗਹਿ ਮਾਰਹਿ। ਸਜੰਦਨ ਕੋ ਸਜੰਦਨ ਪਰ ਡਾਰਹਿ॥੨੧॥

ਪੈਰਾਂ ਹੇਠਾਂ ਦਲ ਦਲ ਕੇ ਬਹੁਤ ਡੇਗੇ, ਉੱਦਮ ਕਰਕੇ ਨੇੜੇ ਵੇਖ ਕੇ ਮਾਰਦਾ ਸੀ। ਹੱਥਾਂ ਨਾਲ ਹਾਥੀ ਫੜ ਕੇ ਮਾਰ ਦਿੰਦਾ ਸੀ ਤੇ ਰੱਥਾਂ ਨੂੰ ਚੁੱਕ ਕੇ ਰੱਥਾਂ ਉੱਤੇ ਸੁੱਟ ਦਿੰਦਾ ਸੀ॥੨੧॥

ਗਹੈ ਤੁਰੰਗ ਉਤੰਗ ਬਗਾਵੈ। ਨਹਿਂ ਆਗੇ ਕੋ ਠਹਰਨਿ ਪਾਵੈ।
ਬਹੁਤ ਗਏ ਮਰਿ ਕੇਤਿਕ ਰਹੇ। ਮਹਾਂਬੀਰ ਨੇ ਸੋ ਭੀ ਦਹੇ॥ ੨੨॥

ਘੋੜਿਆਂ ਨੂੰ ਫੜ ਕੇ ਉਪਰ ਵਲ ਸੁੱਟ ਦਿੰਦਾ ਸੀ। ਕੋਈ ਵੀ ਉਸ ਦੇ ਅੱਗੇ ਠਹਿਰ ਨਹੀਂ ਸੀ ਪਾਉਂਦਾ, ਬਹੁਤ ਮਰ ਗਏ ਤੇ ਕੁਝ ਹੀ ਬਾਕੀ ਬਚੇ ਸਨ, ਮਹਾਂ ਸੂਰਮੇ ਨੇ ਉਹ ਵੀ ਮਾਰ ਦਿੱਤੇ॥੨੨॥

ਨ੍ਰਿਪ ਕੇ ਪੁੱਤ੍ਰ ਇਕੀਸ ਹਜ਼ਾਰ। ਕ੍ਰੋਧ ਧੁੰਧ ਨੇ ਦਏ ਸੰਘਾਰ।
ਸਾਠ ਸਹੰਸ੍ਰ ਸਗਰ ਕੇ ਸੁਤ ਜਿਮ। ਕਪਲ ਮਹਾਂ ਮੁਨਿ ਦਹੇ, ਹਰੇ ਤਿਮ ॥੨੩॥

ਰਾਜੇ ਦੇ ਇੱਕੀ ਹਜ਼ਾਰ ਪੁੱਤਰ ਸਨ, ਧੁੰਧੂ ਨੇ ਕ੍ਰੋਧ ਕਰਕੇ ਸਾਰੇ ਮਾਰ ਦਿੱਤੇ। ਜਿਵੇਂ ਕਪਲ ਮੁਨੀ ਨੇ ਸਗਰ ਰਾਜੇ ਦੇ ਸੱਠ ਹਜ਼ਾਰ ਪੁੱਤਰ ਮਾਰੇ ਸਨ, ਇਸ ਤਰ੍ਹਾਂ ਹੀ ਉਸ ਨੇ ਰਾਜੇ ਦੇ ਸਾਰੇ ਪੁੱਤਰ ਮਾਰ ਦਿੱਤੇ॥੨੩॥

ਨ੍ਰਿਪ ਸੁਤ ਤੀਨ ਸ਼ੇਸ਼ ਰਹਿ ਜਬੈ। ਆਪ ਕ੍ਰੋਧ ਕੋ ਧਰਿ ਕਰਿ ਤਬੈ।
ਰਣ ਕੇ ਸਨਮੁਖ ਭਾ ਸਵਧਾਨਾ। ਗਹਜੋ ਹਾਥ ਮਹਿਂ ਚਾਂਪ ਮਹਾਨਾ॥ ੨੪॥

ਜਦ ਰਾਜੇ ਦੇ ਤਿੰਨ ਪੁੱਤਰ ਬਾਕੀ ਰਹਿ ਗਏ, ਫਿਰ ਰਾਜਾ ਆਪ ਕ੍ਰੋਧ ਧਾਰ ਕੇ ਰਣਖੇਤਰ ਵਿਚ ਸਾਹਮਣੇ ਹੋ ਕੇ ਸਾਵਧਾਨ ਹੋ ਗਿਆ ਤੇ ਹੱਥ ਵਿਚ ਮਹਾਨ ਧਨੁੱਖ ਨੂੰ ਫੜ ਲਿਆ॥੨੪॥

ਕੰਚਨ ਕਵਚ ਸਜਾਇ ਸਰੀਰ। ਗਯੋ ਦੈਤ ਕੇ ਅੱਗ੍ਰ ਸਧੀਰ।
ਕਮਲਾਪਤਿ ਤਿਹ ਛਿਨ ਚਲਿ ਆਏ। ਨਹਿਂ ਆਪਾ ਕਿਸਹੂੰ ਦਰਸਾਏ॥੨੫॥

ਸਰੀਰ ਉੱਤੇ ਸੋਨੇ ਦਾ ਕੱਵਚ ਸਜਾ ਕੇ, ਧੀਰਜ ਧਾਰ ਕੇ ਦੈਂਤ ਦੇ ਅੱਗੇ ਗਿਆ। ਵਿਸ਼ਨੂੰ ਭਗਵਾਨ ਉਸੇ ਵੇਲੇ ਚੱਲ ਕੇ ਆ ਗਏ, ਉਸ ਨੇ ਆਪਣੇ ਆਪ ਨੂੰ ਕਿਸੇ ਨੂੰ ਨਾ ਵਿਖਾਇਆ॥੨੫॥

ਭਏ ਪ੍ਰਵੇਸ਼ ਭੂਪ ਕੇ ਤਨ ਮੈਂ। ਜਿਸ ਤੇ ਬਡ ਉਤਸਾਹਜੋ ਮਨ ਮੈਂ।
ਅਤਿ ਪ੍ਰਾਕ੍ਰਮ ਅਧਿਪਤਿ ਕੇ ਹੋਵਾ। ਦੈਤ ਓਜ ਕੋ ਈਖਦ ਜੋਵਾ॥੨੬॥

ਤੇ ਰਾਜੇ ਦੇ ਸਰੀਰ ਵਿਚ ਪ੍ਰਵੇਸ਼ ਕਰ ਗਏ, ਜਿਸ ਕਰਕੇ ਰਾਜੇ ਦੇ ਮਨ ਵਿਚ ਵੱਡਾ ਉਤਸ਼ਾਹ ਉਤਪੰਨ ਹੋਇਆ। ਰਾਜੇ ਵਿਚ ਬੜਾ ਉੱਦਮ ਪ੍ਰਗਟ ਹੋਇਆ ਤੇ ਉਸ ਨੇ ਦੈਂਤ ਦੀ ਸ਼ਕਤੀ ਨੂੰ ਬਹੁਤ ਥੋੜ੍ਹੀ ਸਮਝਿਆ॥੨੬॥

ਤਜੇ ਬਾਣ ਅਨਗਨ ਰਿਪੁ ਹੇਤਾ। ਬੀਧਜੋ ਦੈਤ ਰੁਧਿਰ ਬਹੁ ਰੇਤਾ।
ਕ੍ਰੋਧਿ ਧੁੰਧੁ ਨੇ ਸੈਲ ਉਖਾਰਾ। ਹਿਤ ਸੰਘਾਰਨਿ ਨ੍ਰਿਪ ਪਰ ਡਾਰਾ॥੨੭॥

ਵੈਰੀ ਨੂੰ ਮਾਰਨ ਵਾਸਤੇ ਬਹੁਤ ਬਾਣ ਛੱਡੇ, ਦੈਂਤ ਵਿੰਨ੍ਹਿਆ ਗਿਆ ਤੇ ਬਹੁਤ ਖ਼ੂਨ ਡਿੱਗਾ। ਕ੍ਰੋਧੀ ਧੁੰਧੂ ਨੇ ਪੱਥਰ ਉਖਾੜਿਆ ਤੇ ਰਾਜੇ ਨੂੰ ਮਾਰਨ ਵਾਸਤੇ ਉਸ ਉੱਤੇ ਸੁੱਟਿਆ॥੨੭॥

ਆਵਤਿ ਗਿਰ ਪਿਖਿ ਓਜ ਸੰਭਾਰਾ। ਸਰ ਅਧ ਚੰਦ੍ਰਾਕਾਰ ਨਿਕਾਰਾ।
ਤਾਨ ਧਨੁਖ ਤੇ ਸਮੁਖ ਪ੍ਰਹਾਰਾ। ਅਰਧ ਪੰਥ ਮਹਿਂ ਗਿਰ ਕਟਿ ਡਾਰਾ॥੨੮॥

ਪੱਥਰ ਆਉਂਦਾ ਵੇਖ ਕੇ ਰਾਜੇ ਨੇ ਆਪਣੀ ਸ਼ਕਤੀ ਨੂੰ ਸੰਭਾਲਿਆ ਤੇ ਅੱਧੇ ਚੰਦਰਮਾਂ ਦੀ ਸ਼ਕਲ ਦਾ ਤੀਰ ਕਢਿਆ। ਧਨੁੱਖ ਤਾਣ ਕੇ ਸਾਹਮਣੇ ਵਾਰ ਕੀਤਾ, ਰਾਹ ਦੇ ਅੱਧ ਵਿਚ ਹੀ ਪੱਥਰ ਕੱਟ ਕੇ ਡੇਗ ਦਿੱਤਾ॥੨੮॥

ਅਨਿਕ ਤਰੋਵਰ ਧੁੰਧੁ ਬਗਾਵੈ। ਸਭਿ ਕੋ ਕਾਟਤਿ ਨ੍ਰਿਪਤਿ ਗਿਰਾਵੈ।
ਦੁੰਦ ਜੁੱਧ ਹੋਵਨਿ ਜਬਿ ਲਾਗਾ। ਤਜਹਿਂ ਨਹੀਂ ਦੋਨਹੁਂ ਤਬਿ ਆਗਾ॥੨੯॥

ਹੋਰ ਕਈ ਦਰੱਖਤਾਂ ਨੂੰ ਧੁੰਧੂ ਪੁਟ ਕੇ ਰਾਜੇ ਵੱਲ ਵਗਾਹ ਮਾਰਦਾ ਸੀ, ਰਾਜਾ ਸਾਰਿਆਂ ਨੂੰ ਕੱਟ ਕੇ ਡੇਗ ਦਿੰਦਾ ਸੀ। ਜਦ ਦਵੰਦ ਯੁੱਧ ਹੋਣ ਲੱਗਾ, ਫਿਰ ਦੋਵੇਂ ਆਪਣਾ ਅੱਗਾ ਨਹੀਂ ਸੀ ਛੱਡਦੇ॥੨੯॥

ਲੈ ਇਕ ਸਿਲਾ ਭੂਪ ਪਰ ਆਵਾ। ਢਿਗ ਹੁਇ ਮਾਰਨਿ ਹਿਤ ਲਲਚਾਵਾ।
ਕਰਿ ਲਾਘਵਤਾ ਨ੍ਰਿਪ ਨੇ ਡਾਟਾ। ਚੰਦ੍ਰਹਾਸ ਤੇ ਤਿਹ ਕਰ ਕਾਟਾ॥੩੦॥

ਪੱਥਰ ਦੀ ਇਕ ਸਿਲ ਲੈ ਕੇ ਰਾਜੇ ਵੱਲ ਆਇਆ, ਰਾਜੇ ਦੇ ਨੇੜੇ ਹੋ ਕੇ ਉਸ ਨੂੰ ਮਾਰਨ ਵਾਸਤੇ ਲਲਚਾਇਆ। ਰਾਜੇ ਨੇ ਫੁਰਤੀ ਕਰਕੇ ਉਸ ਨੂੰ ਰੋਕਿਆ ਤੇ ਇਕ ਚੌੜੇ ਤੀਰ ਨਾਲ ਉਸ ਹੱਥ ਨੂੰ ਕੱਟ ਕੇ ਸੁੱਟ ਦਿੱਤਾ॥੩੦॥

ਸਹਤ ਸਿਲਾ ਕਰ ਧਰਨੀ ਪਰਜੋ। ਧੁੰਧੂ ਅਧਿਕ ਕ੍ਰੋਧ ਮੈਂ ਭਰਜੋ।
ਦੁਤਿਯ ਹਾਥ ਕੇ ਤਲ ਕੋ ਮਾਰਾ। ਹਯਨਿ ਸਹਤ ਸਾਰਥਿ ਸੰਘਾਰਾ॥੩੧॥

ਸਿਲਾ ਸਹਿਤ ਹੱਥ ਧਰਤੀ 'ਤੇ ਡਿੱਗ ਪਿਆ ਤੇ ਫਿਰ ਧੁੰਧੂ ਬੜੇ ਕ੍ਰੋਧ ਨਾਲ ਭਰ ਗਿਆ। ਦੈਂਤ ਨੇ ਦੂਸਰੇ ਹੱਥ ਦੀ ਤਲੀ ਮਾਰੀ ਤੇ ਘੋੜਿਆਂ ਸਹਿਤ ਰਥਵਾਹੀ ਨੂੰ ਮਾਰ ਦਿੱਤਾ॥੩੧॥

ਪੁਨ ਤੂਰਨ ਹੀ ਸੈਲ ਬਗਾਵਾ। ਆਵਤਿ ਨਿਕਟਿ ਨ੍ਰਿਪਤ ਦ੍ਰਿਸ਼ਟਾਵਾ।
ਮਾਰ ਕੁਲਾਂਚ ਤਜੀ ਤਬਿ ਸਜੰਦਨ। ਖਰਜੋ ਧਰਾ ਤਲ ਸ਼ੱਤ੍ਰੂ ਨਿਕੰਦਨ॥ ੩੨॥

ਫਿਰ ਤੁਰਤ ਹੀ ਇਕ ਵੱਡੇ ਪੱਥਰ ਨੂੰ ਸੁਟਿਆ, ਜਿਸ ਨੂੰ ਨੇੜੇ ਆਉਂਦੇ ਨੂੰ ਰਾਜੇ ਨੇ ਵੇਖ ਲਿਆ। ਛਾਲ ਮਾਰ ਕੇ ਰੱਥ ਨੂੰ ਛੱਡ ਦਿੱਤਾ ਤੇ ਵੈਰੀਆਂ ਨੂੰ ਮਾਰਨ ਵਾਲਾ ਧਰਤੀ 'ਤੇ ਖੜਾ ਹੋ ਗਿਆ॥੩੨॥

ਪਰਜੋ ਸੈਲ ਰਥ ਚੂਰਨ ਕੀਨਸਿ। ਧਾਇ ਭੂਪ ਲਲਕਾਰੋ ਦੀਨਸਿ।
ਪੁਨਹਿ ਖੜਗ ਕਰਿ ਜ਼ੋਰ ਚਲਾਵਾ। ਦੂਸਰ ਕਰ ਕੋ ਕਾਟਿ ਗਿਰਾਵਾ॥ ੩੩॥

ਪੱਥਰ ਰੱਥ ਉੱਤੇ ਆ ਕੇ ਡਿੱਗਾ ਤੇ ਰੱਥ ਚੂਰਾ ਚੂਰਾ ਹੋ ਗਿਆ। ਰਾਜੇ ਨੇ ਫਿਰ ਭੱਜ ਕੇ ਲਲਕਾਰਾ ਮਾਰਿਆ ਤੇ ਪੂਰੇ ਜ਼ੋਰ ਨਾਲ ਤਲਵਾਰ ਦਾ ਵਾਰ ਕੀਤਾ ਤੇ ਦੈਂਤ ਦੇ ਦੂਸਰੇ ਹੱਥ ਨੂੰ ਵੀ ਕੱਟ ਕੇ ਸੁੱਟ ਦਿੱਤਾ॥੩੩॥

ਹ੍ਵੈ ਧੁੰਧੁ ਦ੍ਵੈ ਹਾਥ ਬਿਹੀਨ। ਸ੍ਰਵਤਿ ਰੁਧਰ ਦਾਰੁਣਤਾ ਲੀਨ।
ਨ੍ਰਿਪ ਪਰ ਮੁਖ ਪਸਾਰ ਕਰਿ ਆਯੋ। ਬੱਜ੍ਰ ਪਾਤ ਕੇ ਸਮ ਗਰਜਾਯੋ॥ ੩੪॥

ਧੁੰਧੂ ਦੋਵਾਂ ਹੱਥਾਂ ਤੋਂ ਬਗੈਰ ਹੋ ਗਿਆ। ਖ਼ੂਨ ਨਾਲ ਲੱਥ ਪੱਥ ਹੋ ਕੇ ਧੁੰਧੂ ਬਹੁਤ ਡਰਾਉਣਾ ਜੇਹਾ ਹੋ ਗਿਆ। ਮੂੰਹ ਅੱਡ ਕੇ ਉਹ ਰਾਜੇ ਵੱਲ ਆਇਆ ਤੇ ਬੱਜਰ ਦੇ ਪੈਣ ਵਾਂਗ ਗੱਜਿਆ।

ਅਧਿਪਤਿ ਧਨੁਸ਼ ਧਾਰਿ ਕੈ ਤੂਰਨ। ਸਰਨਿ ਸਾਥ ਮੁਖ ਕੀਨਸਿ ਪੂਰਨ।
ਆਯਹੁ ਜਬਿ ਹ੍ਵੈ ਨਿਕਟਿ ਕਰਾਲਾ। ਦਿਢ ਨਰਿੰਦ ਹ੍ਵੈ ਕਰਿ ਤਤਕਾਲਾ॥ ੩੫॥

ਰਾਜੇ ਨੇ ਤੁਰਤ ਧਨੁੱਖ ਧਾਰਨ ਕਰਕੇ, ਤੀਰਾਂ ਦੇ ਨਾਲ ਉਸ ਦਾ ਅੱਡਿਆ ਹੋਇਆ ਮੂੰਹ ਭਰ ਦਿੱਤਾ। ਜਦ ਵਿਕਰਾਲ ਰੂਪ ਲੈ ਕੇ ਨੇੜੇ ਆਇਆ ਤਾਂ ਰਾਜਾ ਤੁਰਤ ਦ੍ਰਿੜ੍ਹ ਹੋ ਗਿਆ॥੩੫॥

ਖੜਗ ਸੰਗ ਤਿਸ ਕੋ ਸਿਰ ਛੇਦਾ। ਗਿਰਜੋ ਮਹੀਤਲ ਮਹਿਦ ਸ ਖੇਦਾ।
ਕਿਤਿਕ ਦਬੇ ਤਿਸ ਤਨ ਕੇ ਤਰੇ। ਲਗੇ ਧਕੇਲਾ ਕੇਤਿਕ ਮਰੇ॥ ੩੬॥

ਤਲਵਾਰ ਨਾਲ ਉਸ ਦਾ ਸਿਰ ਵੱਢ ਦਿੱਤਾ ਜਿਹੜਾ ਬੜੇ ਦੁੱਖ ਸਹਿਤ ਧਰਤੀ 'ਤੇ ਡਿੱਗ ਪਿਆ। ਉਸ ਦੇ ਸਰੀਰ ਦੇ ਥੱਲੇ ਆ ਕੇ ਕਈ ਦੱਬ ਗਏ ਤੇ ਕਈ ਉਸ ਦਾ ਧੱਕਾ ਲੱਗਣ ਨਾਲ ਹੀ ਮਰ ਗਏ॥੩੬॥

ਇਸ ਪ੍ਰਕਾਰ ਜਬਿ ਧੁੰਧੁ ਮਾਰਾ। ਨਿਰਮਲ ਰਜ ਤੇ ਭਾ ਨਭ ਸਾਰਾ।
ਇੱਤਜਾਦਿਕ ਉਤਪਾਤ ਜੁ ਅਹੈ। ਸਰਬ ਨਾਸ਼ ਭੇ ਜਗ ਸੁਖ ਲਹੈ॥ ੩੭॥

ਇਸ ਪ੍ਰਕਾਰ ਜਦ ਧੁੰਧੂ ਰਾਕਸ਼ ਨੂੰ ਮਾਰਿਆ ਤਾਂ ਧਰਤੀ ਤੇ ਆਕਾਸ਼ ਸਾਰੇ ਨਿਰਮਲ ਹੋ ਗਏ। ਇਤਿਆਦਿਕ ਜਿਹੜੇ ਉਹ ਉਪੱਦਰ ਕਰਦਾ ਸੀ, ਸਾਰੇ ਖ਼ਤਮ ਹੋ ਗਏ ਅਤੇ ਜਗ 'ਤੇ ਲੋਕਾਂ ਨੇ ਸੁਖ ਦਾ ਸਾਹ ਲਿਆ॥੩੭॥

ਸੁਰ ਸਭਿ ਭੂਪਤ ਕੇ ਢਿਗ ਆਏ। ਮਧੁਰ ਗਿਰਾ ਕਹਿ ਆਸ਼ਿਖ ਗਾਏ।
'ਮਹਾਂ ਦੁਸ਼ਟ ਕੰਟਕ ਤੈਂ ਮਾਰਾ। ਸਕਲ ਜਗਤ ਕੋ ਕੀਨਿ ਸੁਖਾਰਾ॥ ੩੮॥

ਸਾਰੇ ਦੇਵਤੇ ਬਾਦਸ਼ਾਹ ਦੇ ਪਾਸ ਆਏ ਤੇ ਮਿੱਠੀ ਆਵਾਜ਼ ਵਿਚ ਉਨ੍ਹਾਂ ਨੇ ਅਸੀਸਾਂ ਦਿੱਤੀਆਂ। ਕਹਿਣ ਲੱਗੇ, "ਮਹਾਨ ਦੁਖਦਾਈ ਦੁਸ਼ਟ ਨੂੰ ਤੁਸੀਂ ਮਾਰਿਆ ਹੈ ਤੇ ਸਾਰੇ ਜਗਤ ਨੂੰ ਸੁਖੀ ਕਰ ਦਿੱਤਾ ਹੈ॥੩੮॥

ਅਬਿ ਤੇ ਤੇਰੋ ਨਾਮ ਮਹਾਨਾ। ਧੁੰਧੁਮਾਰ ਪ੍ਰਗਟਹਿ ਬਲਵਾਨਾ।
ਅਧਿਕ ਸੁਜਸੁ ਲੋਕਨਿ ਮਹਿਂ ਲਏ। ਰਣ ਤੇ ਬਚਿ ਸੁਤ ਤ੍ਰੈ ਤਵ ਰਹੇ॥ ੩੯॥

ਅੱਜ ਤੋਂ ਬਾਅਦ ਤੇਰਾ ਮਹਾਨ ਨਾਮ ਬਲਵਾਨ ਧੁੰਧੂਮਾਰ ਪ੍ਰਗਟ ਹੋਵੇਗਾ। ਲੋਕਾਂ ਵਿਚ ਤੁਸੀਂ ਬਹੁਤ ਜਸ ਪ੍ਰਾਪਤ ਕਰੋਗੇ, ਰਣਖੇਤਰ ਵਿਚ ਤੇਰੇ ਤਿੰਨ ਪੁੱਤਰ ਬਚੇ ਰਹੇ ਹਨ॥੩੯॥

**ਤਿਨ ਤੇ ਚਲਿ ਹੀ ਬੰਸ ਅਗਾਰੀ। ਜਿਸ ਮਹਿਂ ਰਾਮਚੰਦ ਭੁਜ ਭਾਰੀ।**
**ਕਮਲਾਪਤਿ ਹੋਵੈ ਅਵਤਾਰਾ। ਪ੍ਰਵਿਸ਼ਜੋ ਤਵ ਤਨ ਮਹਿਂ ਜੁ ਉਦਾਰਾ॥੪੦॥**

ਉਨ੍ਹਾਂ ਤੋਂ ਅੱਗੇ ਬੰਸ ਵਧੇਗਾ, ਜਿਨ੍ਹਾਂ ਵਿਚ ਰਾਮ ਚੰਦ ਬਹੁਤ ਭਾਰੀਆਂ ਬਾਹਾਂ ਵਾਲਾ ਹੋਵੇਗਾ। ਉਹ ਵਿਸ਼ਨੂੰ ਦਾ ਅਵਤਾਰ ਹੋਵੇਗਾ, ਜਿਹੜਾ ਉੱਤਮ ਪ੍ਰਭੂ ਤੁਹਾਡੇ ਸਰੀਰ ਵਿਚ ਪ੍ਰਵੇਸ਼ ਕੀਤਾ ਸੀ॥੪੦॥

**ਜਿਸ ਕੇ ਪ੍ਰਾਕ੍ਰਮ ਕੋ ਅਬਿ ਪਾਇ। ਮਾਰਜੋ ਦੈਤ ਹੁਤੋ ਬਡ ਕਾਇ।**
**ਇਮ ਕਹਿ ਦੇਵ ਸਰਬ ਹੀ ਗਵਨੇ। ਭੂਪਤਿ ਗਯੋ ਆਪਨੇ ਭਵਨੇ॥੪੧॥**

ਜਿਸ ਦੇ ਉੱਦਮ ਨਾਲ ਤੁਸੀਂ ਇਹ ਫਲ ਪਾਇਆ ਹੈ ਤੇ ਵੱਡੇ ਸਰੀਰ ਵਾਲੇ ਦੈਂਤ ਨੂੰ ਮਾਰਿਆ ਹੈ।'' ਇਸ ਤਰ੍ਹਾਂ ਕਹਿ ਕੇ ਸਾਰੇ ਦੇਵਤੇ ਚਲੇ ਗਏ ਤੇ ਰਾਜਾ ਆਪਣੇ ਮਹਿਲਾਂ ਵਿਚ ਚਲਾ ਗਿਆ॥੪੧॥

**ਤਬਿ ਤੇ 'ਧੁੰਧੁਮਾਰ' ਇਹ ਨਾਮ। ਜਗ ਮਹਿਂ ਬਿਦਤ ਭਯੋ ਅਭਿਰਾਮ।**
**ਰਾਮਾਇਨ ਆਦਿਕ ਇਤਿਹਾਸ। ਲਿਖਜੋ ਨਾਮ ਤਿਹ ਕਵਿਨਿ ਪ੍ਰਕਾਸ਼॥੪੨॥**

ਤਦ ਤੋਂ ਉਸ ਰਾਜੇ ਦਾ ਨਾਂ ਧੁੰਧੂਮਾਰ ਪੈ ਗਿਆ, ਜਿਹੜਾ ਸੁੰਦਰ ਨਾਂ ਸਾਰੇ ਜਗਤ ਵਿਚ ਪ੍ਰਗਟ ਹੈ। ਰਾਮਾਇਣ ਆਦਿ ਇਤਿਹਾਸ ਦੇ ਗ੍ਰੰਥਾਂ ਵਿਚ ਕਵੀਆਂ ਇਹ ਨਾਮ ਲਿਖ ਕੇ ਉਜਾਗਰ ਕੀਤਾ ਹੈ॥੪੨॥

*ਨੋਟ : ਇਹ ਕਥਾ ਕਹਿ ਕੇ ਇਹ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਪ੍ਰਭੂ ਹਮੇਸ਼ਾ ਆਪਣੇ ਭਗਤਾਂ ਦੀ ਸਹਾਇਤਾ ਕਰਦੇ ਹਨ। ਪਰ ਇਹ ਕਥਾ ਪੌਰਾਣਕ ਹੈ ਤੇ ਉਸ ਸਮੇਂ ਨਾਲ ਸੰਬੰਧਿਤ ਹੈ ਜਦ ਆਰੀਅਨ ਹਮਲਾਆਵਰਾਂ ਨੇ ਹਿੰਦ ਦੇ ਵਸਨੀਕਾਂ 'ਤੇ ਹਮਲਾ ਕੀਤਾ ਸੀ, ਉਹ ਹਿੰਦ ਦੇ ਵਾਸੀਆਂ ਨੂੰ ਰਾਖਸ਼ ਕਹਿੰਦੇ ਸਨ।*

**ਇਹ ਸਭਿ ਕਥਾ ਗੁਰੂ ਹਰਿਰਾਇ। ਸਭਿ ਸੰਗਤਿ ਕੋ ਦਈ ਸੁਨਾਇ।**
**"ਅਪਰਨਿ ਮਹਿਂ ਪ੍ਰਵੇਸ਼ ਹੁਇ ਮਾਰਾ। ਭਗਤ ਉਤੰਕਹਿ ਕਾਜ ਸੁਧਾਰਾ॥੪੩॥**

ਗੁਰੂ ਹਰਿਰਾਇ ਸਾਹਿਬ ਨੇ ਇਹ ਸਾਰੀ ਕਥਾ ਸੰਗਤ ਨੂੰ ਸੁਣਾ ਦਿੱਤੀ। ਕਵੀ ਜੀ ਕਹਿੰਦੇ ਹਨ, "ਦੂਸਰੇ ਵਿਚ ਪ੍ਰਵੇਸ਼ ਹੋ ਕੇ ਧੁੰਧੂ ਦੈਂਤ ਨੂੰ ਮਾਰਿਆ ਤੇ ਉਤੰਕ ਰਿਸ਼ੀ ਦਾ ਕੰਮ ਸਵਾਰਿਆ॥੪੩॥

**ਇੱਤਜਾਦਿਕ ਲਖਿ ਪ੍ਰਭੁ ਵਡਿਆਈ। ਜਪਹੁ ਨਾਮ ਹੁਇ ਅੰਤ ਸਹਾਈ।**
**ਜਨਮ ਮਰਨ ਤੇ ਛੂਟਹੁ ਫੇਰ। ਅਵਚਲ ਪਦਵੀ ਲੇਹੁ ਬਡੇਰ''॥੪੪॥**

ਇਤਿਆਦਿਕ ਪ੍ਰਭੂ ਦੀ ਵਡਿਆਈ ਸਮਝ ਕੇ, ਨਾਮ ਦਾ ਜਾਪ ਕਰੋ ਜਿਹੜਾ ਅੰਤ ਸਮੇਂ ਸਹਾਇਕ ਹੋਵੇਗਾ। ਫਿਰ ਜਨਮ ਮਰਨ ਤੋਂ ਛੁਟਕਾਰਾ ਹੋ ਜਾਵੇਗਾ ਤੇ ਵੱਡੀ ਅਚਲ ਪਦਵੀ ਪ੍ਰਾਪਤ ਹੋਵੇਗੀ''॥੪੪॥

ਦਸਵੀਂ ਰਾਸ ਦਾ ਚੌਵੀਵਾਂ ਅਧਿਆਇ ਸਮਾਪਤ ਹੋਇਆ॥੨੪॥

❖❖❖

# ਅਧਿਆਇ ਪੰਝੀਵਾਂ

### ਗਾਲਵ ਦੇ ਛੇ ਸੌ ਘੋੜਾ ਪ੍ਰਾਪਤ ਕਰਨ ਦੀ ਕਥਾ

ਦੋਹਰਾ- "ਅਬਹਿ ਕਥਾ ਸਤਿਸੰਗ ਕੀ ਅਰੁ ਗੁਰ ਮਾਨਨਿ ਕੇਰ।
ਸੁਨਹੁ ਪ੍ਰੇਮ ਕਰਿ ਉਰ ਧਰਹੁ ਲਿਹੁ ਕੱਲਜਾਨ ਬਡੇਰ॥ ੧॥

ਹੁਣ ਸਤਿਸੰਗ ਦੀ ਮਹਿਮਾ ਤੇ ਗੁਰੂ ਜੀ ਦੇ ਮੰਨਣ ਦੀ ਕਥਾ ਸੁਣੋ ਤੇ ਪ੍ਰੇਮ ਨਾਲ ਹਿਰਦੇ ਵਿਚ ਧਾਰਨ ਕਰਕੇ ਵੱਡਾ ਕਲਿਆਨ ਪ੍ਰਾਪਤ ਕਰੋ॥੧॥

ਚੌਪਈ- ਬਿਸ੍ਵਾਮਿੱਤ੍ਰ ਮਹਾਂ ਮੁਨਿ ਰਾਯਾ। ਕਰਿ ਤਪ ਜਿਸ ਨੇ ਬ੍ਰਹਮ ਪਦ ਪਾਯਾ।
ਤਿਸ ਕੋ ਸਿਖ ਗਾਲਵ ਰਿਖਿ ਭਯੋ। ਸਭਿ ਬਿਧਿ ਕੋ ਉਪਦੇਸ਼ ਸੁ ਲਯੋ॥੨॥

ਵਿਸ਼ਵਾਮਿੱਤਰ ਇਕ ਵੱਡਾ ਮੁਨੀਰਾਜ ਸੀ, ਜਿਸ ਨੇ ਤਪ ਕਰਕੇ ਬ੍ਰਹਮ ਦੀ ਪਦਵੀ ਪਾਈ ਸੀ। ਉਸ ਦਾ ਸਿੱਖ ਇਕ ਗਾਲਵ ਰਿਸ਼ੀ ਹੋਇਆ ਹੈ, ਉਸ ਨੇ ਸਭ ਵਿਧੀਆਂ ਨਾਲ ਉਪਦੇਸ਼ ਪ੍ਰਾਪਤ ਕੀਤਾ॥੨॥

*ਨੋਟ : ਗਾਲਵ ਰਿਸ਼ੀ, ਇਕ ਰਾਜ ਰਿਸ਼ੀ ਸੀ, ਪਰ ਅੰਤ ਵਿਚ ਵਿਸ਼ਵਾਮਿੱਤਰ ਨੇ ਇਸ ਨੂੰ ਬ੍ਰਹਮ ਰਿਸ਼ੀ ਦੇ ਦਰਜੇ ਦਾ ਰਿਸ਼ੀ ਪ੍ਰਵਾਨ ਕੀਤਾ।*

ਗੁਰ ਸੰਗ ਕਹਜੋ 'ਦੱਛਨਾ ਲੀਜੈ। ਚਹਹ ਜੁ ਆਗਜਾ ਮੋ ਕਹੁ ਦੀਜਹਿ'।
ਬਿੱਸ੍ਰਾਮਿੱਤ੍ਰ ਬਖਾਨਜੋ ਬੈਨ। 'ਦਛਨਾ ਲੈਨ ਚਾਹਿ ਮੁਝ ਹੈ ਨ॥ ੩॥

ਉਸ ਨੇ ਆਪਣੇ ਗੁਰੂ ਨੂੰ ਕਿਹਾ, "ਦਛਣਾ ਲਵੋ ਜੀ, ਜੋ ਵੀ ਚਾਹੁੰਦੇ ਹੋ ਉਸ ਦੀ ਮੈਨੂੰ ਆਗਿਆ ਦੇਵੋ।" ਵਿਸ਼ਵਾਮਿੱਤਰ ਨੇ ਬਚਨ ਕੀਤਾ, "ਮੈਨੂੰ ਦੱਛਣਾ ਲੈਣ ਦੀ ਕੋਈ ਚਾਹ ਨਹੀਂ ਹੈ॥੩॥

ਕਹਜੋ ਦੈਨ ਕੋ ਤੈਂ ਕਰਿ ਭਾਇ। ਯਾਂਤੇ ਹਮ ਨੇ ਲੀਨਸਿ ਪਾਇ।
ਗਾਲਵ ਨੇ ਪੁਨ ਬਾਕ ਬਖਾਨਾ। 'ਬਿੱਦਜਾ ਨਿਫਲਹਿ ਬਿਨ ਦਿਯ ਦਾਨਾ॥੪॥

ਤੂੰ ਜਿਹੜਾ ਪ੍ਰੇਮ ਕਰਕੇ ਦੇਣਾ ਚਾਹਿਆ ਹੈ, ਇਸ ਕਰਕੇ ਅਸੀਂ ਉਹ ਕੁਝ ਪ੍ਰਾਪਤ ਕਰ ਲਿਆ ਹੈ। ਗਾਲਵ ਨੇ ਫਿਰ ਕਿਹਾ, "ਦਾਨ ਦੇਣ ਤੋਂ ਬਗੈਰ ਵਿਦਿਆ ਨਿਸਫਲ ਹੈ॥੪॥

ਯਾਂਤੇ ਉਚਿਤ ਉਚਾਰਨ ਅਹੋ। ਅਰਪੋਂ ਦਛਨਾ ਜਜੋਂ ਤੁਮ ਲਹੋ।
ਬਿਨਾ ਦਿਯੇ ਮੁਹਿ ਸ਼ਾਂਤਿ ਨ ਆਵੈ। ਦਿਹੁ ਆਇਸੁ ਜੈਸੇ ਚਿਤ ਭਾਵੈ' ॥੫॥

ਇਸ ਕਰਕੇ ਦਾਨ ਦੀ ਆਗਿਆ ਕਹਿਣੇ ਯੋਗ ਹੈ, ਜਿਵੇਂ ਤੁਸੀਂ ਚਾਹੋ ਮੈਂ ਦੱਛਣਾ ਅਰਪਣ ਕਰਾਂ। ਦੱਛਣਾ ਦੇਣ ਤੋਂ ਬਗੈਰ ਮੈਨੂੰ ਸ਼ਾਂਤੀ ਪ੍ਰਾਪਤ ਨਹੀਂ ਹੋਣੀ, ਜਿਵੇਂ ਤੁਹਾਡੇ ਚਿੱਤ ਵਿਚ ਭਾਉਂਦਾ ਹੈ, ਉਸ ਤਰ੍ਹਾਂ ਆਗਿਆ ਦੇਵੋ" ॥੫॥

ਬਿਸ੍ਰਾਮਿੱਤ੍ਰ ਹਟਾਵਨਿ ਕੀਨਸਿ। ਬਾਰ ਬਾਰ ਬਰਜਜੋ ਹਿਤ ਭੀਨਸਿ।
ਗਾਲਵ ਨਹਿ ਮਾਨੀ ਸੋ ਬਾਤ। 'ਲਿਹੁ ਲਿਹੁ ਦਛਨਾ' ਕਹਿ ਬੱਖਜਾਤ॥੬॥

ਵਿਸ਼ਵਾਮਿੱਤਰ ਨੇ ਉਸ ਨੂੰ ਰੋਕਿਆ ਤੇ ਬਾਰ ਬਾਰ ਉਸ ਨੂੰ ਰੋਕਣ ਵਾਸਤੇ ਬਚਨ ਕੀਤੇ, ਪਰ ਗਾਲਵ ਨੇ ਉਸ ਦੀ ਗੱਲ ਨਾ ਮੰਨੀ ਤੇ ਪ੍ਰਗਟ ਰੂਪ ਵਿਚ ਕਿਹਾ, "ਦੱਛਣਾ ਲੈ ਲਵੋ" ॥੬॥

ਸੁਨਿ ਕੌਸਕ ਨੇ ਕ੍ਰੋਧ ਬਧਾਵਾ। ਤਿਹ ਅਸ਼ਕਤਿ ਲਖਿ ਬਾਕ ਅਲਾਵਾ।
'ਸ਼ਜਾਮ ਕਰਨ ਤਨ ਸਸੀ ਸਮਾਨਾ। ਉੱਜਲ ਬਰਨ, ਮਹਿਦ ਬਲਵਾਨਾ॥੭॥

ਇਹ ਸੁਣ ਕੇ ਵਿਸ਼ਵਾਮਿੱਤਰ ਨੇ ਕ੍ਰੋਧ ਵਧਾਇਆ ਤੇ ਉਸਨੂੰ ਸ਼ਕਤੀ ਰਹਿਤ ਵੇਖ ਕੇ ਬਚਨ ਕੀਤਾ, "ਕਾਲੇ ਕੰਨ ਤੇ ਚੰਦ ਵਰਗੇ ਉਜਲ ਰੰਗ ਵਾਲੇ ਜਿਹੜੇ ਵੱਡੇ ਬਲਵਾਨ ਹੋਣ॥੭॥

ਰੁਚਿਰ ਅਸ਼ਟ ਸਤ ਬਾਜੀ ਐਸੇ। ਦੇਹੁ ਲਜਾਇ ਕਰਿ, ਬੋਲਤਿ ਜੈਸੇ'।
ਇਵ ਸੁਨਿ ਕੈ ਗਾਲਵ ਦੁਚਿਤਾਈ। ਬਿਨ ਉਪਾਇ ਤੇ ਅਧਿਕ ਉਪਾਈ॥੮॥

ਅਜਿਹੇ ਅੱਠ ਸੌ ਘੋੜੇ ਲਿਆ ਕੇ ਦੱਛਣਾ ਦੇ ਰੂਪ ਵਿਚ ਦੇਵੇਂ ਜਿਵੇਂ ਤੁਸੀਂ ਬੋਲਦੇ ਹੋ।" ਇਸ ਤਰ੍ਹਾਂ ਸੁਣ ਕੇ ਗਾਲਵ ਦੁਚਿਤੀ ਵਿਚ ਪੈ ਗਿਆ। ਉਪਾਅ ਨਾ ਔਣ ਕਰਕੇ ਬਹੁਤ ਚਿੰਤਾ ਪੈਦਾ ਹੋਈ॥੮॥

ਬਾਰਿ ਬਾਰਿ ਸੋਚਤਿ ਅਕੁਲਾਵਾ। ਕਿਤ ਤੇ ਲਜਾਵਹੁਂ, ਗੁਰੂ ਅਲਾਵਾ।
ਬਿਨ ਦੀਨੇ ਮੁਝ ਮਰਿਬੋ ਨੀਕਾ। ਕੈਸੇ ਪੂਰੋਂ ਮਨੋਰਥਿ ਜੀ ਕਾ॥ ੯॥

ਬਾਰ-ਬਾਰ ਸੋਚ ਕੇ ਵਿਆਕੁਲ ਹੋ ਗਿਆ, ਜੋ ਗੁਰੂ ਜੀ ਨੇ ਕਿਹਾ ਹੈ ਉਹ ਕਿਥੋਂ ਲਿਆਵਾਂ। ਦੇਣ ਤੋਂ ਬਗੈਰ ਮੇਰਾ ਮਰਨਾ ਚੰਗਾ ਹੈ, ਆਪਣੇ ਦਿਲ ਦਾ ਮਨੋਰਥ ਕਿਵੇਂ ਪੂਰਾ ਕਰਾਂ॥੯॥

ਕਿਸ ਥਲ ਮੈਂ ਅਬਿ ਖੋਜਨਿ ਜਾਵੋਂ। ਅਸ ਤੁਰੰਗ ਕੀ ਸੁਧ ਨਹਿਂ ਪਾਵੋਂ।
ਭਯੋ ਬਿਹਾਲ ਬਿਸਾਲ ਮੁਨੀ ਜਬਿ। ਬਿਨਤਾਸੁਤ ਨੇ ਜਾਨਿ ਰਿਦੇ ਤਬਿ॥੧੦॥

ਕਿਸ ਥਾਂ ਹੁਣ ਮੈਂ ਲਭਣ ਜਾਵਾਂ, ਐਸੇ ਘੋੜਿਆਂ ਬਾਰੇ ਮੈਨੂੰ ਕੋਈ ਪਤਾ ਨਹੀਂ ਹੈ। ਜਦ ਮੁਨੀ ਬਹੁਤ ਬਿਹਾਲ ਹੋ ਗਿਆ ਤਾਂ ਗਰੁੜ ਨੇ ਹਿਰਦੇ ਵਿਚ ਜਾਣ ਲਿਆ॥੧੦॥

ਹੁਤੋ ਮਿੱਤ੍ਰ ਮੁਨਿ ਕੋ, ਤਬਿ ਆਯੋ। ਬਿਹਬਲ ਕੋ ਲਖਿ ਬਾਕ ਅਲਾਯੋ।
'ਭੋ ਗਾਲਵ! ਕਜੋਂ ਬਜਾਕੁਲ ਹੋਵਾ। ਕੌਨ ਮਨੋਰਥ ਸਿੱਧ ਨ ਜੋਵਾ?॥੧੧॥

ਉਹ ਮੁਨੀ ਦਾ ਮਿੱਤਰ ਸੀ, ਤਦ ਉਹ ਆਇਆ ਤੇ ਮੁਨੀ ਨੂੰ ਵਿਆਕੁਲ ਵੇਖ ਕੇ ਉਸ ਕਿਹਾ, "ਹੇ ਗਾਲਵ ਮਿੱਤਰ, ਕਿਉਂ ਵਿਆਕੁਲ ਹੋਇਆ ਹੈਂ, ਕਿਹੜਾ ਮਨੋਰਥ ਹੈ ਜਿਹੜਾ ਸਿਧ ਨਹੀਂ ਹੁੰਦਾ?॥੧੧॥

ਤੋਹਿ ਸਖਾ ਮੈਂ ਆਵਾ ਪਾਸ। ਨਿਜ ਕਾਰਜ ਕੋ ਕਰਹੁ ਪ੍ਰਕਾਸ਼।
ਜਿਤੀ ਸਮਰਥ ਮੋਹਿ ਮੈਂ ਹੋਹਿ। ਪੂਰਨ ਕਰਵਿ ਮਨੋਰਥ ਤੋਹਿ॥ ੧੨॥

ਮੈਂ ਤੇਰਾ ਮਿੱਤਰ ਹਾਂ ਇਸ ਕਰਕੇ ਤੇਰੇ ਪਾਸ ਆਇਆ ਹਾਂ। ਜਿਹੜਾ ਤੁਹਾਡਾ ਕਾਰਜ ਹੈ, ਉਸ ਬਾਰੇ ਮੈਨੂੰ ਦੱਸੋ। ਜਿੰਨੀ ਸਮਰਥਾ ਮੇਰੇ ਵਿਚ ਹੋਵੇਗੀ, ਓਨਾ ਮੈਂ ਤੇਰਾ ਮਨੋਰਥ ਪੂਰਾ ਕਰ ਦੇਵਾਂਗਾ॥੧੨॥

ਇਹ ਪੂਰਬ ਦਿਸ਼ਿ ਮਹਾਂ ਪ੍ਰਕਾਸ਼ਤਿ। ਉਤਮ ਬ੍ਰਿੰਦ ਦੇਵਤਾ ਬਾਸਤਿ।
ਇਤ ਹੀ ਪ੍ਰਿਥਵੀ ਕੋ ਮੁਖ ਅਹੈ। ਪੂਰਬੋਦੈ ਰਵਿ ਪੂਰਬ ਕਹੈਂ॥ ੧੩॥

ਇਹ ਪੂਰਬ ਦਿਸ਼ਾ ਮਹਾਨ ਪ੍ਰਕਾਸ਼ਮਈ ਹੈ, ਉਥੇ ਬਹੁਤ ਉੱਤਮ ਦੇਵਤੇ ਵੱਸਦੇ ਹਨ। ਏਧਰ ਹੀ ਪ੍ਰਿਥਵੀ ਦਾ ਮੂੰਹ ਹੈ। ਪਹਿਲੇ ਸੂਰਜ ਇਸ ਪਾਸੇ ਤੋਂ ਚੜ੍ਹਦਾ ਹੈ, ਇਸ ਕਰਕੇ ਇਸ ਦਸ਼ਾ ਨੂੰ ਪੂਰਬ ਦਿਸ਼ਾ ਕਹਿੰਦੇ ਹਨ॥੧੩॥

ਇਤ ਦੱਛਣ ਜਮ ਕੋ ਇਸਥਾਨ। ਦ੍ਵਾਰ ਪਤਾਲਨਿ ਕੋ ਮਗ ਜਾਨਿ।
ਅਨਿਕ ਗਨਨਿ ਤੇ ਸੰਜੁਤਿ ਏਹ। ਬਹੁਤ ਭਾਂਤਿ ਕੀ ਸ਼ੋਭਾ ਲੇਹਿ॥ ੧੪॥

ਇਸ ਤਰ੍ਹਾਂ ਦੱਖਣ ਜਮ ਦਾ ਅਸਥਾਨ ਹੈ, ਇਸ ਨੂੰ ਪਤਾਲਾਂ ਦੇ ਦਰਵਾਜ਼ੇ ਦਾ ਰਾਹ ਜਾਣੋ। ਇਹ ਅਨੇਕਾਂ ਜਮਗਣ, ਸਿਵਗਣ ਆਦਿ ਸਹਿਤ ਹੈ ਤੇ ਬਹੁਤ ਪ੍ਰਕਾਰ ਦੀ ਸ਼ੋਭਾ ਪ੍ਰਾਪਤ ਕਰਦਾ ਹੈ॥੧੪॥

ਪੱਛਮ ਦਿਸ਼ਾ ਬਰੁਣ ਤੇ ਪਾਲਤਿ। ਜਹਿਂ ਰਵਿ ਅਸਤਹਿ ਗਮਹਿਂ ਉਤਾਲਤਿ।
ਇਤ ਉੱਤਰ ਦਿਸ਼ਿ ਬਹੁ ਗੁਨਵੰਤੀ। ਜਿਤ ਕੁਬੇਰ ਕੀ ਪੁਰੀ ਬਸੰਤੀ॥ ੧੫॥

ਪੱਛਮ ਦਿਸ਼ਾ ਨੂੰ ਵਰੁਣ ਪਾਲਦਾ ਹੈ, ਭਾਵ ਪੱਛਮ ਵਿਚ ਵਰੁਣ ਰਹਿੰਦਾ ਹੈ, ਜਿਥੇ ਛੇਤੀ ਜਾ ਕੇ ਸੂਰਜ ਡੁੱਬ ਜਾਂਦਾ ਹੈ, ਏਧਰ ਉੱਤਰ ਦਿਸ਼ਾ ਬਹੁਤ ਗੁਣਾਂ ਵਾਲੀ ਹੈ, ਜਿਥੇ ਕੁਬੇਰ ਦੀ ਨਗਰੀ ਵਸਦੀ ਹੈ॥੧੫॥

ਜਿਤ ਚਾਹਿਤ ਤਿਤ ਕਰਹੁ ਪਯਾਨਾ। ਪਹੁੰਚਾਵੌਂ ਚਾਹਹੁ ਜਿਤ ਜਾਨਾ।
ਸੁਨਿ ਗਾਲਵ ਨੇ ਕਾਰਜ ਕਹਜੋ। 'ਗੁਰ ਨੇ ਅਸੁ ਸਮੂਹ ਕੋ ਚਹਜੋ॥ ੧੬॥

ਜਿਥੇ ਵੀ ਜਾਣਾ ਚਾਹੁੰਦੇ ਹੋ, ਉਥੇ ਹੀ ਚਲੋ, ਜਿਥੇ ਵੀ ਜਾਣਾ ਚਾਹੋਗੇ, ਉਥੇ ਹੀ ਪਹੁੰਚਾ ਦੇਵਾਂਗਾ।'' ਇਹ ਸੁਣ ਕੇ ਗਾਲਵ ਨੇ ਕਿਹਾ, ''ਮੇਰੇ ਗੁਰੂ ਜੀ ਅਜਿਹੇ ਘੋੜਿਆਂ ਦਾ ਇਕ ਵੱਡਾ ਸਮੂਹ ਚਾਹੁੰਦੇ ਹਨ॥੧੬॥

ਸ਼ਜਾਮ ਕਰਨ ਤਨ ਚੰਦੂ ਪ੍ਰਭਾਕਰ। ਅਸ ਤੁਰੰਗ ਕਹੁ ਹੈਂ ਕਿਸ ਕੇ ਘਰ ?।
ਹੋਹਿਂ ਆਠ ਸੈ ਗਿਨਤੀ ਮਾਂਹਿ। ਕਿਤ ਤੇ ਮੈਂ ਲਜਾਵੌਂ ਮਗ ਜਾਹਿ॥ ੧੭॥

ਜਿਨ੍ਹਾਂ ਦੇ ਕੰਨ ਕਾਲੇ ਹੋਣ ਤੇ ਸਰੀਰ ਚੰਦ ਸੂਰਜ ਵਾਂਗ ਉੱਜਲ ਹੋਵੇ, ਐਸੇ ਘੋੜਿਆਂ ਬਾਰੇ ਦੱਸੋ ਕਿਸ ਦੇ ਘਰ ਹਨ ? ਜਿਹੜੇ ਗਿਣਤੀ ਵਿਚ ਅੱਠ ਸੌ ਹੋਣ, ਕਿਸ ਪਾਸੋਂ ਮੈਂ ਜਾ ਕੇ ਲੈ ਕੇ ਆਵਾਂ॥੧੭॥

ਜੇ ਗੁਰ ਦਛਨਾ ਦਈ ਨ ਜਾਇ। ਤੌਂ ਮੈਂ ਪ੍ਰਾਨ ਧਰੌਂ ਨਹਿਂ ਕਾਇ।
ਮਰਨ ਨੀਕ ਜੀਵਨ ਧਿਕ ਮੇਰਾ। ਆਨ ਪਰਜੋ ਅਸ ਕਸ਼ਟ ਬਡੇਰਾ॥ ੧੮॥

ਜੇ ਗੁਰ ਦੱਛਣਾ ਦਿੱਤੀ ਨਾ ਗਈ ਤਾਂ ਮੈਂ ਕਦੀ ਵੀ ਪ੍ਰਾਣ ਧਾਰਨ ਨਹੀਂ ਕਰਾਂਗਾ, ਧਿਰਕਾਰ ਮੇਰਾ ਜੀਵਨ ਹੈ, ਇਸ ਨਾਲੋਂ ਮਰ ਜਾਣਾ ਚੰਗਾ ਹੈ, ਇਸ ਤਰ੍ਹਾਂ ਦਾ ਵੱਡਾ ਕਸ਼ਟ ਆ ਪਿਆ ਹੈ''॥੧੮॥

ਬਿਨਤਾ ਸੁਤ ਨੇ ਧੀਰਜ ਦੀਨਿ। ਨਿਜ ਪਰ ਮੁਨਿ ਉਠਾਇ ਕਰਿ ਲੀਨਿ।
ਉਡ ਕਰਿ ਬਿਚਰਜੋ ਬਹੁਤ ਸਥਾਨ। ਚਹਿਤਿ ਮਿੱਤ੍ਰ ਕੋ ਸੰਕਟ ਹਾਨਿ॥ ੧੯॥

ਗਰੁੜ ਨੇ ਰਿਸ਼ੀ ਨੂੰ ਧੀਰਜ ਦਿੱਤਾ ਤੇ ਆਪਣੇ ਉੱਤੇ ਰਿਸ਼ੀ ਨੂੰ ਬਿਠਾ ਲਿਆ। ਉੱਡ ਕੇ ਬਹੁਤ ਥਾਵਾਂ 'ਤੇ ਗਿਆ। ਉਹ ਆਪਣੇ ਮਿੱਤਰ ਦੇ ਸੰਕਟ ਨੂੰ ਦੂਰ ਕਰਨਾ ਚਾਹੁੰਦਾ ਸੀ॥੧੯॥

ਫਿਰਤਿ ਫਿਰਤ ਜਹਿਂ ਭੂਪ ਜੁਜਾਤੀ। ਤਹਾਂ ਪਹੂੰਚਜੋ ਪਤਿਖਗ ਜਾਤੀ।
ਮੁਨਿ ਨੇ ਜਾਇ ਜਾਚਨਾ ਕੀਨਿ। 'ਹੇ ਮਹਿਪਾਲ ! ਬਿਸਾਲ ਪ੍ਰਬੀਨ !॥ ੨੦॥

ਫਿਰਦਾ ਫਿਰਦਾ ਉਥੇ ਪਹੁੰਚ ਗਿਆ ਜਿਥੇ ਰਾਜਾ ਜੁਜਾਤੀ ਰਹਿੰਦਾ ਸੀ। ਉਥੇ ਪੰਛੀਆਂ ਦਾ ਰਾਜਾ ਗਰੁੜ ਪਹੁੰਚ ਗਿਆ। ਮੁਨੀ ਨੇ ਜਾ ਕੇ ਮੰਗ ਕੀਤੀ, ''ਹੇ ਵੱਡੇ ਚਤੁਰ ਰਾਜਾ !॥੨੦॥

ਦੇਹੁ ਤੁਰੰਗ ਆਠ ਸੈ ਮੋਹਿ। ਗੁਰਦਛਨਾ ਹਿਤ ਜਾਚੌਂ ਤੋਹਿ'।
ਸੁਨਤਿ ਜੁਜਾਤੀ ਬਾਕ ਬਖਾਨਾ। 'ਮੈਂ ਬਹੁ ਕਰਤਿ ਭਯੋ ਮਖ ਦਾਨਾ॥ ੨੧॥

ਮੈਨੂੰ ਅੱਠ ਸੌ ਘੋੜਾ ਦੇਵੋ, ਉਹ ਤੁਹਾਥੋਂ ਮੈਂ ਗੁਰ ਦੱਛਣਾ ਵਾਸਤੇ ਮੰਗਦਾ ਹਾਂ।'' ਇਹ ਸੁਣ ਕੇ ਜੁਜਾਤੀ ਨੇ ਕਿਹਾ, ''ਮੈਂ ਬਹੁਤ ਜਗ੍ਹਾਂ ਵਿਚ ਬਹੁਤ ਦਾਨ ਕਰ ਚੁਕਾ ਹਾਂ॥੨੧॥

ਸਰਬ ਪਦਾਰਥ ਕੀਨੇ ਦਾਨ। ਅਬਿ ਘਰ ਮਹਿਂ ਕੁਛ ਦ੍ਰਿਸ਼ਟਿ ਪਰਾ ਨ।
ਜੋ ਤੁਝ ਕੋ ਮੈਂ ਦੇਵਨਿ ਕਰੌਂ। ਪੂਰਵ ਮਨੋਰਥ ਚਿੰਤਾ ਹਰੌਂ॥ ੨੨॥

ਸਾਰੇ ਪਦਾਰਥ ਮੈਂ ਦਾਨ ਕਰ ਦਿੱਤੇ ਹਨ, ਹੁਣ ਘਰ ਵਿਚ ਕੋਈ ਵਸਤੂ ਦਿਖਾਈ ਨਹੀਂ ਦਿੰਦੀ, ਜਿਹੜੀ ਕਿ ਮੈਂ ਤੁਹਾਨੂੰ ਦੇਵਾਂ ਤੇ ਤੁਹਾਡਾ ਮਨੋਰਥ ਪੂਰਾ ਕਰਕੇ ਤੁਹਾਡੀ ਚਿੰਤਾ ਦੂਰ ਕਰਾਂ॥੨੨॥

ਅਬਿ ਇਕ ਕੰਨਜਾਂ ਹੈ ਘਰ ਮੇਰੇ। ਲੇਹੁ, ਮਨੋਰਥ ਪੂਰਵੈ ਤੇਰੇ।
ਜਿਸ ਮਹਿਪਾਲਕ ਕੋ ਇਹ ਦੇਹੁ। ਪਲਟੇ ਅਸ੍ਵ ਆਠ ਸੈ ਲੇਹੁ॥ ੨੩॥

ਹੁਣ ਮੇਰੇ ਘਰ ਇਕ ਕੰਨਿਆ ਹੈ, ਉਸ ਨੂੰ ਲੈ ਲਵੋ, ਤੁਹਾਡਾ ਮਨੋਰਥ ਪੂਰਾ ਹੋ ਜਾਵੇਗਾ। ਜਿਸ ਰਾਜੇ ਨੂੰ ਕੰਨਿਆ ਦੇਵੋ ਉਸ ਪਾਸੋਂ ਅੱਠ ਸੌ ਘੋੜਾ ਲੈ ਲਵੋ॥੨੩॥

ਬਹੁ ਗੁਨਵੰਤਿ ਸਰੂਪ ਮਹਾਨਾ। ਜਗ ਮੈਂ ਜਿਸ ਕੇ ਨਹਿਂਨ ਸਮਾਨਾ'।
ਸੁਨਤਿ ਜੁਜਾਤੀ ਤੇ ਇਹ ਬਾਤ। ਲਈ ਤਪੋ ਧਨ ਨੇ ਹਰਖਾਤਿ॥ ੨੪॥

ਉਹ ਬੜੀ ਗੁਣਵਾਨ ਤੇ ਸੁੰਦਰ ਹੈ, ਜਗਤ ਵਿਚ ਜਿਸ ਦੇ ਬਰਾਬਰ ਹੋਰ ਕੋਈ ਨਹੀਂ ਹੈ।'' ਜੁਜਾਤੀ ਪਾਸੋਂ ਇਹ ਗੱਲ ਸੁਣਕੇ ਤਪੱਸਵੀ ਨੇ ਬਦਲੇ ਵਿਚ ਕੰਨਿਆ ਲੈ ਲਈ॥੨੪॥

ਗਰੁੜ ਆਪਨੇ ਸਦਨ ਸਿਧਾਰਾ। ਮੁਨਿ ਕੰਨਜਾ ਲੈ ਆਨ ਪਧਾਰਾ।
ਗਜੋ 'ਅਯੁੱਧਜਾ' ਨਗਰ ਮਝਾਰੀ। ਪੁਨ ਭੂਪਤਿ ਕੇ ਪਹੁੰਚਜੋ ਦ੍ਵਾਰੀ॥ ੨੫॥

ਗਰੁੜ ਆਪਣੇ ਘਰ ਚਲਾ ਗਿਆ ਤੇ ਮੁਨੀ ਕੰਨਿਆਂ ਨੂੰ ਲੈ ਆਇਆ। ਅਯੁੱਧਿਆ ਨਗਰੀ ਵਿਚ ਗਿਆ ਤੇ ਫਿਰ ਰਾ ਦੇ ਦਵਾਰ 'ਤੇ ਪਹੁੰਚ ਗਿਆ॥੨੫॥

ਮਹਿਪਾਲਕ ਕੈ ਜਾਇ ਬਖਾਨਾ। 'ਭੋ ਨਰਿੰਦ੍ਰ! ਮੁਝ ਤੇ ਸੁਨਿ ਕਾਨਾ।
ਇਹ ਕੰਨਜਾਂ ਦਾਰਾ ਹਿਤ ਲੇਵਹੁ। ਸ਼ਜਾਮ ਕਰਨ ਅਸੁ ਅਠ ਸੈ ਦੇਵਹੁ॥੨੬॥

ਰਾਜੇ ਨੂੰ ਜਾ ਕੇ ਕਿਹਾ, ''ਹੇ ਰਾਜਾ! ਮੇਰੀ ਗੱਲ ਕੰਨ ਦੇ ਕੇ ਸੁਣੋ, ਇਹ ਕੰਨਿਆ ਪਤਨੀ ਦੇ ਤੌਰ ਤੇ ਲਵੋ ਤੇ ਕਾ ਕੰਨਾਂ ਵਾਲੇ ਅੱਠ ਸੌ ਘੋੜੇ ਦੇਵੋ॥੨੬॥

ਬਰ ਸੁਮੱਧਜਮਾ ਸੁੰਦਰ ਰੂਪਾ। ਪੁੱਤ੍ਰ ਉਪਾਵੈ ਬਲੀ ਅਨੂਪਾ।
ਤੋਹਿ ਜੋਗ ਲੋਚਨ ਬਿਸਥਾਰਾ। ਅੰਗ ਮਨੋਹਰ ਤਨ ਸੁ ਕੁਮਾਰਾ॥ ੨੭॥

ਜਿਸ ਦੀ ਸ੍ਰੇਸ਼ਟ ਪਤਲੀ ਕਮਰ ਹੈ ਤੇ ਸੁੰਦਰ ਸਰੂਪ ਹੈ ਤੇ ਵੱਡੇ ਅਨੂਪਮ ਬਲੀ ਪੁੱਤਰ ਨੂੰ ਜਨਮ ਦੇਵੇਗੀ। ਚੌੜੇ ਨੇਤਰ ਵਾਲੀ ਕੁਮਾਰੀ ਇਹ ਤੇਰੇ ਯੋਗ ਹੈ, ਇਸ ਦੇ ਮਨੋਹਰ ਅੰਗ ਹਨ ਅਤੇ ਸ੍ਰੇਸ਼ਟ ਸੁੰਦਰ ਸਰੀਰ ਹੈ''॥੨੭॥

ਤਬਿ ਨਰਿੰਦ੍ਰ ਨੇ ਬਾਕ ਬਖਾਨਾ। 'ਸੁਨਹੁ ਤਪੋਧਨ ਤੇਜ ਨਿਧਾਨਾ।
ਦ੍ਵੈ ਸ਼ਤਿ ਤੁਰੰਗ ਨਿਕਟਿ ਮੁਝ ਤੈਸੇ। ਤੁਮ ਕੋ ਅਤਿ ਬਾਂਛਤਿ ਹੈਂ ਜੈਸੇ॥੨੮॥

ਤਦ ਰਾਜੇ ਨੇ ਇਹ ਬਚਨ ਕਿਹਾ, ਇਹ ਤੇਜ ਦੇ ਖ਼ਜ਼ਾਨੇ ਤਪੱਸਵੀ ਸੁਣੋ। ਮੇਰੇ ਪਾਸ ਅਜਿਹੇ ਦੋ ਸੌ ਘੋੜੇ ਹਨ, ਜਿਨ੍ਹਾਂ ਦੀ ਤੁਹਾਨੂੰ ਅਤਿ ਲੋੜ ਹੈ॥੨੮॥

ਅਪਰ ਨਹੀਂ ਮੇਰੇ ਢਿਗ ਕੋਈ। ਆਪ ਬਿਲੋਕਿ ਲੇਹੁ ਥਲ ਜੋਈ'।
'ਭੋ ਮਹਿਪਾਲ! ਲੇਹੁ ਇਹ ਕੰਨਜਾਂ। ਜਾਂਹਿ ਸਮਾਨ ਆਨ ਨਹਿਂ ਧੰਨਜਾਂ॥੨੯॥

ਹੋਰ ਮੇਰੇ ਪਾਸ ਕੋਈ ਨਹੀਂ ਹੈ, ਤੁਸੀਂ ਆਪ ਹੀ ਸਥਾਨ ਵੇਖ ਲਵੋ।'' ਰਿਖੀ ਬੋਲਿਆ, ''ਤੁਸੀਂ ਇਹ ਕੰਨਿਆ ਲੈ ਲਵੋ ਜਿਸ ਵਰਗੀ ਹੋਰ ਕੋਈ ਧੰਨਤਾ ਯੋਗ ਨਹੀਂ ਹੈ॥੨੯॥

ਇਸ ਮਹਿਂ ਏਕ ਪੁੱਤ੍ਰ ਉਪਜਾਇ। ਹੁਇ ਮਹਾਤਮਾ ਗੁਨ ਸਮੁਦਾਇ।
ਦੋ ਸ਼ਤ ਤੁਰੰਗ ਸੁ ਕੰਨਜਾਂ ਏਹੁ। ਮੋ ਕਹੁ ਫੇਰਿ ਆਪ ਤਬਿ ਦੇਹੁ' ॥ ੩੦॥

ਇਸ ਤੋਂ ਇਕ ਪੁੱਤਰ ਪੈਦਾ ਕਰੋ, ਜਿਹੜਾ ਵੱਡੇ ਮਹਾਤਮਾ ਦੇ ਗੁਣਾਂ ਵਾਲਾ ਹੋਵੇਗਾ। ਦੋ ਸੌ ਘੋੜਾ ਤੇ ਕੰਨਿਆ ਮੈਨੂੰ ਫੇਰ ਆਪ ਦੇ ਦੇਵੋ''॥੩੦॥

ਇਮ ਸੰਕੇਤ ਕਰਿ ਕੰਨਜਾਂ ਦੈ ਕੈ। ਮੁਨਿ ਗਮਨਜੋ ਬਨ ਤਪ ਹਿਤ ਕੈ ਕੈ।
ਨ੍ਰਿਪਤਿ ਭਾਰਜਾ ਕਰਿ ਘਰ ਰਾਖੀ। ਮੈਥੁਨ ਕੀਨਿ ਪੁੱਤ੍ਰ ਅਭਿਲਾਖੀ॥ ੩੧॥

ਇਸ ਤਰ੍ਹਾਂ ਸੰਕੇਤ ਕਰਕੇ ਕੰਨਿਆ ਦੇ ਕੇ, ਮੁਨੀ ਤਪੱਸਿਆ ਵਾਸਤੇ ਵਣ ਵਿਚ ਚਲਾ ਗਿਆ। ਰਾਜੇ ਨੇ ਉਹ ਕੰਨਿਆ ਪਤਨੀ ਬਣਾ ਕੇ ਆਪਣੇ ਘਰ ਵਿਚ ਰਖ ਲਈ ਤੇ ਪੁੱਤਰ ਦੀ ਆਸ਼ਾ ਧਾਰ ਕੇ ਉਸ ਨਾਲ ਮੇਲ ਜੋਲ ਕੀਤਾ॥੩੧॥

ਕੇਤਿਕ ਸਮਾਂ ਬਿਤੇ ਇਸ ਭਾਂਤੀ। ਗਰਭ ਧਰਜੋ ਕੰਨਜਾ ਬੱਖਜਾਤੀ।
ਬਹੁਰੋ ਪੁੱਤ੍ਰ ਪ੍ਰਸੂਤਾ ਭਈ। ਬਹੁ ਸੁੰਦਰਤਾ ਤਨ ਨਿਰਮਈ॥ ੩੨॥

ਕਾਫੀ ਸਮਾਂ ਜਦ ਇਸ ਪ੍ਰਕਾਰ ਬੀਤਿਆ ਤਾਂ ਕੰਨਿਆ ਨੇ ਪ੍ਰਗਟ ਰੂਪ ਵਿਚ ਗਰਭ ਧਾਰਨ ਕੀਤਾ। ਫਿਰ ਇਕ ਪੁੱਤਰ ਨੇ ਜਨਮ ਲਿਆ, ਜਿਹੜਾ ਬੜਾ ਸੁੰਦਰ ਸੀ ਤੇ ਸਰੀਰ ਉਸ ਦਾ ਨਿਰਮਲ ਸੀ॥੩੨॥

ਸਮੋ ਜਾਨਿ ਕੈ ਗਾਲਵ ਆਵਾ। 'ਦਿਹੁ ਕੰਨਜਾਂ' ਨ੍ਰਿਪ ਸਾਥ ਅਲਾਵਾ।
ਦਿਪਤਿ ਤੇਜ ਮੁਨਿਵਰ ਕੋ ਜਾਨਾ। 'ਲਿਹੁ ਅਸ੍ਵ ਕੰਨਜਾਂ' ਭੂਪ ਬਖਾਨਾ॥ ੩੩॥

ਸਮਾਂ ਜਾਣ ਕੇ ਗਾਲਵ ਆਇਆ ਤੇ ਰਾਜੇ ਨੂੰ ਕਹਿਣ ਲੱਗਾ, ''ਮੈਨੂੰ ਕੰਨਿਆ ਵਾਪਸ ਦੇ ਦੇਵੋ।'' ਜਦ ਰਾਜੇ ਨੇ ਸ੍ਰੇਸ਼ਟ ਮੁਨੀ ਦੇ ਤੇਜ ਨੂੰ ਜਾਣਿਆ ਤਾਂ ਮੁਨੀ ਨੂੰ ਕਿਹਾ, ''ਕੰਨਿਆ ਅਤੇ ਘੋੜੇ ਲੈ ਲਵੋ''॥੩੩॥

ਮੁਨੀ ਭਨਜੋ 'ਯਹਿ ਤੁਰੰਗ ਹਮਾਰੇ। ਸੋ ਮਮ ਧ੍ਰੋਹਰ ਰਹੇ ਤੁਮਾਰੇ।
ਜਬਿ ਸਭਿ ਕਾਜ ਸਿੱਧ ਹ੍ਵੈ ਜਾਇ। ਤੋਹਿ ਸਦਨ ਤੇ ਲੈ ਹੋਂ ਆਇ' ॥ ੩੪॥

ਮੁਨੀ ਨੇ ਕਿਹਾ, ''ਇਹ ਘੋੜੇ ਮੇਰੇ ਹਨ, ਉਹ ਤੁਹਾਡੇ ਪਾਸ ਅਮਾਨਤ ਦੇ ਤੌਰ 'ਤੇ ਰਹਿਣਗੇ, ਜਦ ਸਾਰੇ ਕਾਰਜ ਸਿੱਧ ਹੋ ਜਾਣਗੇ ਤਾਂ ਮੈਂ ਤੁਹਾਡੇ ਘਰ ਤੋਂ ਲੈ ਜਾਵਾਂਗਾ''॥੩੪॥

ਇਮ ਕਹਿ ਕੰਨਜਾਂ ਕੋ ਲੇ ਸਾਥ। ਗਮਨਜੋ ਮੁਨਿ ਤਕ 'ਕਾਸ਼ੀ' ਨਾਥ।
ਸਨੇ ਸਨੇ ਪਹੁਚਜੋ ਪੁਰਿ ਜਾਈ। ਮਿਲਿ ਨਰਿੰਦ੍ਰ ਸੋਂ ਗਿਰਾ ਅਲਾਈ॥ ੩੫॥

ਇਸ ਤਰ੍ਹਾਂ ਕਹਿ ਕੇ ਕੰਨਿਆ ਨੂੰ ਨਾਲ ਲੈ ਕੇ ਮੁਨੀ ਕਾਸ਼ੀ ਦੇ ਰਾਜੇ ਵੱਲ ਚਲ ਪਿਆ। ਹੌਲੀ-ਹੌਲੀ ਨਗਰੀ ਵਿਚ ਪਹੁੰਚ ਗਿਆ ਤੇ ਰਾਜੇ ਨੂੰ ਮਿਲ ਕੇ ਬੋਲਿਆ॥੩੫॥

'ਭੋ ਪ੍ਰਭੁ ਦਿਵੋਦਾਸ ਸੁਨਿ ਬਾਤੀ। ਇਹੁ ਕੰਨਜਾਂ ਬਡ ਗੁਨ ਬੱਖਜਾਤੀ।
ਹੇਤੁ ਭਾਰਜਾ ਇਸ ਕੋ ਲੇਹੁ। ਖਟ ਸ਼ਤ ਤੁਰੰਗ ਮੋਹਿ ਕੋ ਦੇਹੁ' ॥ ੩੬॥

''ਹੇ ਪ੍ਰਭੂ ਦੇਵੀ ਦਾਸ ਮੇਰੀ ਗੱਲ ਸੁਣੋ, ਇਹ ਕੰਨਿਆ ਪ੍ਰਗਟ ਰੂਪ ਵਿਚ ਵੱਡੇ ਗੁਣਾਂ ਵਿਚ ਭਰਪੂਰ ਹੈ, ਪਤਨੀ ਦੇ ਰੂਪ ਵਿਚ ਇਸ ਨੂੰ ਲਵੋ ਤੇ ਛੇ ਸੌ ਘੋੜੇ ਮੈਨੂੰ ਦੇ ਦੇਵੋ''॥੩੬॥

ਦਿਵੋਦਾਸ ਨੇ ਸੁਨਤਿ ਬਖਾਨਾ। 'ਦ੍ਵੈਸ਼ਤ ਹਯ ਸ਼ਜਾਮਲ ਦ੍ਵੈ ਕਾਨਾ।
ਉੱਜਲ ਰੰਗ ਚੰਦ੍ਰਮਾਂ ਜੈਸੇ। ਹੇ ਮੁਨਿਬਰ! ਮੁਝ ਤੇ ਲਿਹੁ ਐਸੇ' ॥ ੩੭ ॥

ਰਾਜੇ ਦਿਵੋਦਾਸ ਨੇ ਸੁਣ ਕੇ ਕਿਹਾ, "ਮੇਰੇ ਪਾਸ ਦੋ ਸੌ ਘੋੜਾ ਕਾਲੇ ਕੰਨਾਂ ਵਾਲਾ ਹੈ ਤੇ ਉਨ੍ਹਾਂ ਦਾ ਰੰਗ ਚੰਦਰਮਾਂ ਵਾਂਗ ਉੱਜਲ ਹੈ। ਹੇ ਸ੍ਰੇਸ਼ਟ ਮੁਨੀ ਜੀ, ਮੇਰੇ ਪਾਸੋਂ ਇਤਨੇ ਘੋੜੇ ਲੈ ਲਵੋ" ॥੩੭॥

ਭਨਜੋ ਤਪੋਧਨ 'ਜੇ ਇਮ ਲੇਹੁ। ਇਕ ਸੁਤ ਜਨਹਿ ਪੁਨਹਿ ਮੁਝ ਦੇਹੁ'।
ਇਮ ਸੰਕੇਤ ਕਰਿ ਮੁਨਿ ਬਰ ਗਯੋ। ਤਪ ਬਿਸਾਲ ਕੋ ਸਾਧਤਿ ਭਯੋ॥ ੩੮ ॥

ਰਿਖੀ ਨੇ ਕਿਹਾ, "ਜੇ ਦੋ ਸੌ ਘੋੜਿਆਂ ਦੇ ਬਦਲੇ ਲਵਾਂਗਾ ਤਾਂ ਇਕ ਪੁੱਤਰ ਪੈਦਾ ਕਰਕੇ ਦੁਬਾਰਾ ਕੰਨਿਆ ਮੈਨੂੰ ਵਾਪਸ ਦੇ ਦੇਣਾ।" ਇਸ ਤਰ੍ਹਾਂ ਸੰਕੇਤ ਕਰਕੇ ਸ੍ਰੇਸ਼ਟ ਮੁਨੀ ਚਲਾ ਗਿਆ ਤੇ ਵਿਸ਼ਾਲ ਤਪ ਦੀ ਸਾਧਨਾ ਕਰਨ ਲੱਗਾ॥੩੮॥

ਦਿਵੋਦਾਸ ਦਾਰਾ ਕਰਿ ਤਾਂਹਿ। ਮੈਥੁਨ ਕੀਨਸਿ ਆਨੰਦ ਮਾਂਹਿ।
ਜਬਿ ਸੰਮਤਸਰ ਏਕ ਬਿਤੀਤਾ। ਭਯੋ ਪੁੱਤ੍ਰ ਬਡ ਬਲੀ ਅਭੀਤਾ॥ ੩੯ ॥

ਦਿਵੋਦਾਸ ਨੇ ਕੰਨਿਆ ਨੂੰ ਆਪਣੀ ਪਤਨੀ ਬਣਾ ਲਿਆ ਤੇ ਬੜੇ ਆਨੰਦ ਨਾਲ ਰੰਗ ਬਿਲਾਸ ਕੀਤਾ। ਜਦ ਇਕ ਸਾਲ ਬੀਤ ਗਿਆ ਤਾਂ ਉਸ ਦੇ ਘਰ ਇਕ ਵੱਡਾ ਬਲਵਾਨ ਤੇ ਨਿਰਭੈ ਪੁੱਤਰ ਪੈਦਾ ਹੋਇਆ॥੩੯॥

ਨਾਮ ਪੁੱਤ੍ਰ 'ਦਨੁ' ਜਗ ਬੱਖਜਾਤੀ। ਬਡ ਉਤਸਾਹੀ ਹਤੇ ਅਰਾਤੀ।
ਏਕ ਸਮੈ ਇਹ ਗਾ ਸੁਰਲੋਕ। ਜੁੱਧ ਸੁਰਨਿ ਸੋਂ ਕੀਨਿ ਅਰੋਕ॥ ੪੦ ॥

ਉਸ ਪੁੱਤਰ ਦਾ ਨਾਂ 'ਦਨ' ਜੱਗ ਵਿਚ ਪ੍ਰਗਟ ਹੈ। ਉਹ ਵੱਡੇ ਉਤਸ਼ਾਹ ਨਾਲ ਦੁਸ਼ਮਣਾਂ ਨੂੰ ਮਾਰਦਾ ਸੀ। ਇਕ ਸਮੇਂ ਉਹ ਦੇਵ ਲੋਕ ਵਿਚ ਗਿਆ ਅਤੇ ਦੇਵਤਿਆਂ ਨਾਲ ਲਗਾਤਾਰ ਯੁੱਧ ਕੀਤਾ॥੪੦॥

ਇੰਦ੍ਰ ਸਮੇਤ ਅਮਰ ਸਮੁਦਾਏ। ਏਕ ਬਾਨ ਸੋਂ ਜਿਨ ਮੁਰਛਾਏ।
ਇਮ ਸ੍ਰੁਤਿ ਮਹਿੰ ਇਸ ਕੋ ਇਤਿਹਾਸਾ। ਦਿਵੋਦਾਸ ਅਸ ਪੁੱਤਰ ਪ੍ਰਕਾਸ਼ਾ ॥੪੧ ॥

ਇੰਦਰ ਸਮੇਤ ਸਾਰੇ ਦੇਵਤੇ, ਇਕ ਬਾਣ ਨਾਲ ਹੀ ਜਿਸ ਬੇਹੋਸ਼ ਕਰ ਦਿੱਤੇ, ਇਸ ਤਰ੍ਹਾਂ ਸਿਮਰਤੀਆਂ ਵਿਚ ਇਸ ਦਾ ਇਤਿਹਾਸ ਦਿੱਤਾ ਹੈ, ਇਸ ਤਰ੍ਹਾਂ ਦਿਵੋਦਾਸ ਦਾ ਪੁੱਤਰ ਪ੍ਰਗਟ ਹੋਇਆ॥੪੧॥

ਲਖਿ ਸੰਕੇਤ ਪੁਨਹਿ ਮੁਨਿ ਆਵਾ। 'ਦਿਹੁ ਕੰਨਜਾਂ' ਨ੍ਰਿਪ ਸਾਥ ਅਲਾਵਾ।
ਦ੍ਵੈ ਸ਼ਤ ਹਯ ਤਿਸ ਤ੍ਰਿਯਹਿ ਸਮੇਤ। ਅਰਪੇ ਭੂਪਤਿ ਨੇ ਸਚ ਹੇਤੁ॥ ੪੨ ॥

ਸੰਕੇਤ ਸਮਝ ਮੁਨੀ ਫਿਰ ਆਇਆ ਤੇ ਰਾਜੇ ਨੂੰ ਕਹਿਣ ਲੱਗਾ, "ਮੈਨੂੰ ਕੰਨਿਆ ਦੇ ਦੇਵੋਂ।" ਰਾਜੇ ਨੇ ਦੋ ਸੌ ਘੋੜੇ ਇਸਤਰੀ ਸਮੇਤ ਸਚ ਵਾਸਤੇ ਮੁਨੀ ਨੂੰ ਅਰਪਣ ਕਰ ਦਿੱਤੇ॥੪੨॥

ਮੁਨਿ ਨੇ ਭਨਜੋ 'ਤੁਰੰਗ ਘਰ ਰਾਖੋ। ਮੈਂ ਲੈਹੋਂ ਜਬਿ ਹ੍ਵੈ ਅਭਿਲਾਖੋ'।
ਇਮ ਕਹਿ ਕੰਨਜਾ ਲੈ ਕੈ ਸੰਗ। ਗਾਲਵ ਗਮਨਜੋ ਤਪੀ ਉਤੰਗ॥ ੪੩ ॥

ਮੁਨੀ ਨੇ ਕਿਹਾ, "ਘੋੜਿਆਂ ਨੂੰ ਆਪਣੇ ਘਰ ਰੱਖੋ, ਜਦ ਮੈਨੂੰ ਅਭਿਲਾਸ਼ਾ ਹੋਵੇਗੀ, ਤਦ ਮੈਂ ਇਨ੍ਹਾਂ ਨੂੰ ਲੈ ਲਵਾਂਗਾ।" ਇਸ ਤਰ੍ਹਾਂ ਕਹਿ ਕੇ ਕੰਨਿਆ ਨੂੰ ਨਾਲ ਲੈ ਕੇ ਗਾਲਵ ਜਿਹੜਾ ਬੜਾ ਵੱਡਾ ਤਪੱਸਵੀ ਸੀ, ਚਲਾ ਗਿਆ॥੪੩॥

ਗਯੋ 'ਉਸੀਨਰ' ਭੂਪਤਿ ਪਾਸ। ਕੰਨਜਾਂ ਕੀ ਬਿਧਿ ਕੀਨਿ ਪ੍ਰਗਾਸ।
ਨ੍ਰਿਪ ਨੇ ਭਨਜੋ 'ਦੋਇ ਸ਼ਤ ਹਯ ਹੈਂ। ਇਕ ਸੁਤ ਕੋ ਉਪਾਇ ਪੁਨ ਦਿਯ ਹੈਂ' ॥੪੪ ॥

ਫਿਰ ਉਸੀਨਰ ਰਾਜੇ ਪਾਸ ਗਿਆ ਤੇ ਕੰਨਿਆ ਦੇ ਗੁਣਾਂ ਬਾਰੇ ਰਾਜੇ ਨੂੰ ਦੱਸਿਆ। ਰਾਜੇ ਨੇ ਕਿਹਾ, "ਮੇਰੇ ਪਾਸ ਦੋ ਸੌ ਘੋੜਾ ਹੈ, ਇਕ ਪੁੱਤਰ ਪੈਦਾ ਕਰਕੇ ਫਿਰ ਕੰਨਿਆ ਮੋੜ ਦੇਵਾਂਗਾ"॥੪੪॥

ਪੂਰਬ ਸਮ ਸੰਕੇਤ ਮੁਨੀ ਕਰਿ। ਗਮਨਜੋ ਪੁਨ ਬਨ ਕੋ ਤਪ ਹਿਤ ਧਰਿ।
ਗਾਲਵ ਕੇ ਗਮਨੇ, ਨਰ ਨਾਥ। ਮਿਲਤਿ ਭਯੋ ਤਿਸ ਕੰਨਜਾਂ ਸਾਥ॥ ੪੫॥

ਪਹਿਲਾਂ ਵਾਂਗ ਸੰਕੇਤ ਕਰਕੇ ਮੁਨੀ ਹਿਤ ਧਾਰ ਕੇ ਤਪ ਵਾਸਤੇ ਜੰਗਲ ਵਿਚ ਚਲਾ ਗਿਆ। ਗਾਲਵ ਦੇ ਜਾਣ ਦੇ ਬਾਅਦ ਰਾਜਾ ਕੰਨਿਆ ਨੂੰ ਮਿਲਿਆ॥੪੫॥

ਸੰਮਤ ਏਕ ਬਿਤੀਤਜੋ ਜਬੈ। ਧਰਮਾਤਮ ਸੁਤ ਉਪਜਜੋ ਤਬੈ।
ਨਾਮ 'ਸ਼ਿਵੀ' ਜਿਸਕੋ ਜਗ ਭਯੋ। ਹੇਤੁ ਕਪੋਤ ਦੇਹਿ ਨਿਜ ਦਯੋ॥ ੪੬॥

ਜਦ ਇਕ ਸਾਲ ਬੀਤ ਗਿਆ ਤਾਂ ਇਕ ਧਰਮਾਤਮਾ ਪੁੱਤਰ ਪੈਦਾ ਹੋਇਆ। ਜੱਗ ਵਿਚ ਉਸ ਦਾ ਨਾਂ ਸ਼ਿਵੀ ਪ੍ਰਗਟ ਹੋਇਆ। ਕਬੂਤਰ ਵਰਗਾ ਜਿਸ ਦਾ ਸਰੀਰ ਸੀ॥੪੬॥

ਪੁਨ ਮੁਨਿਬਰ ਤਿਸ ਢਿਗ ਚਲਿ ਆਯੋ। ਨਿਜ ਸੰਕੇਤ ਕੋ ਬਾਕ ਅਲਾਯੋ।
ਸੁਨਿ ਨ੍ਰਿਪ ਨੈ ਨਿਜ ਧਰਮ ਬਿਚਾਰਾ। ਸਹਿਤ ਤੁਰੰਗਮ ਦੀਨਸਿ ਦਾਰਾ॥੪੭॥

ਫਿਰ ਸ੍ਰੇਸ਼ਟ ਰਿਸ਼ੀ ਉਸ ਪਾਸ ਚਲ ਕੇ ਆ ਗਿਆ ਤੇ ਆਪਣੇ ਸੰਕੇਤ ਵਾਲਾ ਬਚਨ ਕੀਤਾ। ਇਹ ਸੁਣ ਕੇ ਰਾਜੇ ਨੇ ਆਪਣਾ ਧਰਮ ਵਿਚਾਰਿਆ ਤੇ ਘੋੜਿਆਂ ਸਹਿਤ ਆਪਣੀ ਪਤਨੀ ਦੇ ਦਿੱਤੀ॥੪੭॥

ਤਿਹ ਛਿਨ ਬਿਨਤਾ ਸੁਤ ਕੋ ਦੇਖਾ। ਗਾਲਵ ਸੋਂ ਕਹਿ ਬਾਤ ਅਸ਼ੇਖਾ।
'ਇਹ ਸਭਿ ਖਟ ਸੈ ਹੁਤੇ ਤੁਰੰਗ। ਅਪਰ ਨ ਛਿਤ ਮਹਿਂ ਇਨ ਸਮ ਅੰਗ॥੪੮॥

ਉਸ ਸਮੇਂ ਉਸ ਗਰੁੜ ਨੂੰ ਵੇਖਿਆ, ਗਾਲਵ ਨਾਲ ਜਿਸ ਵਿਸ਼ੇਸ਼ ਗੱਲ ਕੀਤੀ, "ਸਾਰੇ ਛੇ ਸੌ ਘੋੜੇ ਹੁੰਦੇ ਹਨ, ਧਰਤੀ 'ਤੇ ਹੋਰ ਕਿਸੇ ਵੀ ਘੋੜਿਆਂ ਦੇ ਅਜਿਹੇ ਅੰਗ ਨਹੀਂ ਹਨ॥੪੮॥

ਸਭਿ ਹਯ ਲੇਹੁ ਖਸ਼ਟ ਸ਼ਤ ਚਾਰੁ। ਇਹ ਕੰਨਜਾਂ ਲੇ ਸੰਗ ਸਿਧਾਰਿ।
ਦ੍ਵੈ ਸ਼ਤ ਅਸੁ ਹਿਤ ਗੁਰ ਕੋ ਦੇਹੁ। ਪੂਰ ਮਨੋਰਥ ਨਿਜ ਕਰਿ ਲੇਹੁ'॥ ੪੯॥

ਸਾਰੇ ਛੇ ਸੌ ਸੁੰਦਰ ਘੋੜੇ ਲੈ ਕੇ ਤੇ ਇਹ ਕੰਨਿਆ ਨਾਲ ਲੈ ਕੇ ਜਾਵੋ, ਦੋ ਸੌ ਘੋੜਿਆਂ ਬਦਲੇ ਇਹ ਕੰਨਿਆ ਗੁਰੂ ਨੂੰ ਦੇਵੋ ਤੇ ਆਪਣਾ ਮਨੋਰਥ ਪੂਰਾ ਕਰ ਲਵੋ"॥੪੯॥

*ਦਸਵੀਂ ਰਾਸ ਦਾ ਪੰਝੀਵਾਂ ਅਧਿਆਇ ਸਮਾਪਤ ਹੋਇਆ॥੨੫॥*

## ਅਧਿਆਇ ਛਬੀਵਾਂ

*ਗਾਲਵ ਦੀ ਭੇਟਾ, ਰਾਜਾ ਜਜਾਤੀ*

ਦੋਹਰਾ- "ਬਿਨਤਾਸੁਤ ਮੁਨਿ ਕੇ ਪ੍ਰਤੀ ਬੋਲਜੋ ਬਹੁਰ ਸੁ ਗਾਥ।
ਜਿਮ ਖਟ ਸ਼ਤ ਇਹ ਤਰੰਗ ਥੇ ਉਚਰੋਂ ਸੋ ਤੁਝ ਸਾਥ॥ ੧॥

"ਗਰੁੜ ਨੇ ਮੁਨੀ ਨੂੰ ਬਾਅਦ ਵਿਚ ਜਿਹੜੀ ਕਥਾ ਸੁਣਾਈ ਉਹ ਮੈਂ ਬਿਆਨ ਕਰਦਾ ਹਾਂ, "ਜਿਵੇਂ ਛੇ ਸੌ ਇਹ ਘੋੜੇ ਧਰਤੀ 'ਤੇ ਆਏ ਸਨ, ਉਨ੍ਹਾਂ ਦਾ ਵਰਣਨ ਤੁਹਾਡੇ ਪਾਸ ਕਰਦਾ ਹਾਂ॥੧॥

ਚੌਪਈ- ਗਾਂਧੀ ਨਾਮ ਭੂਪ ਬਲਿ ਮਹਾਂ। ਬਿਸ੍ਵਾ ਮਿੱਤ੍ਰ ਪੁਤ੍ਰ ਜਿਸ ਅਹਾ।
ਤਿਸ ਕੀ ਸੁਤਾ ਮਹਾਂ ਗੁਨਵੰਤੀ। ਸੁੰਦਰ ਰੂਪ ਸੁਮਤਿ ਜਸੁਵੰਤੀ॥ ੨ ॥

ਗਾਂਧੀ ਨਾਮ ਦਾ ਇਕ ਵੱਡਾ ਬਲਵਾਨ ਰਾਜਾ ਸੀ, ਜਿਸ ਦਾ ਵਿਸ਼ਵਾਮਿੱਤਰ ਪੁੱਤਰ ਸੀ। ਉਸ ਦੀ ਲੜਕੀ ਮਹਾਨ ਗੁਣਾਂ ਵਾਲੀ ਸੀ, ਸੁੰਦਰ ਉਸ ਦਾ ਰੂਪ ਸੀ, ਸ੍ਰੇਸ਼ਟ ਮੱਤ ਅਤੇ ਸ੍ਰੇਸ਼ਟ ਜਸ ਵਾਲੀ ਸੀ॥੨॥

ਭ੍ਰਿਗੁ ਸੁਤ ਮੁਨਿ ਰਿਚੀਕ ਤਹਿਂ ਗਯੋ। ਗਾਂਧੀ ਸਾਥ ਕਹਤਿ ਇਮ ਭਯੋ।
'ਭੋ ਮਹਿਪਾਲ ! ਬਾਕ ਸੁਨਿ ਲੇਹੁ। ਅਪਨੀ ਕੰਨਜਾਂ ਮੁਝ ਕੋ ਦੇਹੁ॥ ੩ ॥

ਭ੍ਰਿਗੂ ਰਿਸ਼ੀ ਦਾ ਪੁੱਤਰ ਮੁਨੀ ਰਿਚੀਕ ਉਥੇ ਗਿਆ ਤੇ ਗਾਂਧੀ ਨੂੰ ਇਸ ਤਰ੍ਹਾਂ ਕਹਿਣ ਲੱਗਾ, "ਹੇ ਰਾਜਨ ! ਮੇਰੀ ਗੱਲ ਸੁਣੋ, ਆਪਣੀ ਕੰਨਿਆ ਮੈਨੂੰ ਦੇਵੋ॥੩॥

ਹੇਤੁ ਭਾਰਜਾ ਜਾਚਨਿ ਕਰੀ। ਸੁਤ ਉਪਜਾਵੌਂ ਮਨਸਾ ਧਰੀ।
ਤਜਹੁ ਸਿਆਨਪ ਕਰਹੁ ਨ ਕੋਈ। ਮਮ ਪ੍ਰਾਰਥਨਾਂ ਪੂਰਹੁ ਸੋਈ' ॥ ੪ ॥

ਪਤਨੀ ਬਣਾਉਣ ਵਾਸਤੇ ਮੈਂ ਮੰਗੀ ਹੈ, ਪੁੱਤਰ ਪੈਦਾ ਕਰਾਂਗਾ, ਇਹ ਇੱਛਾ ਧਾਰਨ ਕੀਤੀ ਹੈ। ਸਿਆਣਪਾਂ ਛੱਡੋ ਤੇ ਕਿਸੇ ਪ੍ਰਕਾਰ ਦਾ ਉਜਰ ਨਾ ਕਰੋ, ਮੇਰੀ ਪ੍ਰਾਰਥਨਾ ਪੂਰੀ ਕਰੋ"॥੪॥

ਧਰਮਾਤਮ ਗਾਂਧੀ ਨਰ ਨਾਥ। ਸੁਨਤਿ ਕੀਨਿ ਮਨ ਚਿੰਤਾ ਸਾਥ।
'ਮਮ ਪੁਤ੍ਰੀ ਕੰਨਜਾ ਬਯ ਥੋਰੀ। ਬ੍ਰਿੱਧ ਮੁਨੀਸ਼ਰ ਕਿਮ ਇਹ ਜੋਰੀ॥ ੫ ॥

ਧਰਮਾਤਮਾ ਗਾਂਧੀ ਮਨੁੱਖਾਂ ਦਾ ਰਾਜਾ ਸੀ, ਇਹ ਸੁਣ ਕੇ ਉਸ ਮਨ ਵਿਚ ਚਿੰਤਾ ਕੀਤੀ, "ਮੇਰੀ ਪੁੱਤਰੀ ਛੋਟੀ ਉਮਰ ਦੀ ਕੰਨਿਆ ਹੈ ਤੇ ਮੁਨੀਸ਼ਰ ਬ੍ਰਿੱਧ ਹੈ, ਇਹ ਜੋੜੀ ਕਿਵੇਂ ਬਣੇਗੀ ?॥੫॥

ਨਹਿਂ ਜਿ ਦੇਊਂ ਮੁਨਿ ਰਿਸ ਤੇ ਡਰੌਂ। ਜੇ ਦੇਵੌਂ ਅਸ ਚਿੰਤਾ ਜਰੌਂ।
ਕੌਨ ਉਪਾਇ ਬਿਚਾਰਨਿ ਕਰੌਂ। ਜਿਸ ਤੇ ਇਹ ਸੰਕਟ ਬਡ ਤਰੌਂ' ॥ ੬ ॥

ਜੇ ਮੈਂ ਨਹੀਂ ਦਿੰਦਾ ਤਾਂ ਮੁਨੀ ਦੇ ਗੁੱਸੇ ਤੋਂ ਡਰਦਾ ਹਾਂ, ਜੇ ਦੇਵਾਂਗਾ ਤਾਂ ਐਸੀ ਚਿੰਤਾ ਵਿਚ ਸੜਦਾ ਰਹਾਂਗਾ। ਕਿਹੜਾ ਉਪਾਅ ਵਿਚਾਰਨ ਕਰਾਂ, ਜਿਸ ਕਾਰਨ ਇਸ ਸੰਕਟ ਨੂੰ ਪਾਰ ਕਰ ਲਵਾਂ"॥੬॥

ਉਰ ਬਿਚਾਰਿ ਕੈ ਨ੍ਰਿਪਤ ਬਖਾਨਾ। 'ਭੋ ਤਪੁਧਨ ! ਸੁਨਿਯੈ ਦੇ ਕਾਨਾ।
ਸ਼ਜਾਮ ਕਰਨ ਉੱਜਲ ਤਨ ਰੰਗ। ਲਜਾਵ ਅਸ਼ਟ ਸ਼ਤ ਏਵ ਤੁਰੰਗ॥੭ ॥

ਇਸ ਤਰ੍ਹਾਂ ਹਿਰਦੇ ਵਿਚ ਵਿਚਾਰ ਕੇ ਰਾਜੇ ਨੇ ਕਿਹਾ, "ਹੇ ਤਪੱਸਵੀ ! ਮੇਰੀ ਗੱਲ ਕੰਨ ਦੇ ਕੇ ਸੁਣੋ, ਕਾਲੇ ਕੰਨਾਂ ਵਾਲੇ ਉੱਜਲ ਰੰਗ ਦੇ ਅੱਠ ਸੌ ਘੋੜੇ ਲਿਆ ਕੇ ਮੈਨੂੰ ਦੇਵੋ॥੭॥

ਪੁਨ ਇਹ ਕੰਨਜਾਂ ਗ੍ਰਹਣ ਕਰੀਜੈ। ਪ੍ਰਥਮੇ ਅਸੁ ਐਸੇ ਮੁਝ ਦੀਜੈ'।
ਮੁਨਿ ਰਿਚੀਕ ਸੁਨਿਕੈ ਨ੍ਰਿਪ ਬੈਨ। ਗਮਨਜੋ ਤੁਰਤ ਵਰੁਣ ਕੇ ਐਨ॥ ੮ ॥

ਫਿਰ ਇਹ ਕੰਨਿਆ ਗ੍ਰਹਿਣ ਕਰੋ, ਪਹਿਲਾਂ ਅਜਿਹੇ ਅੱਠ ਸੌ ਘੋੜੇ ਮੈਨੂੰ ਦੇਵੋ।" ਰਿਚੀਕ ਮੁਨੀ ਰਾਜੇ ਦੇ ਅਜਿਹੇ ਬਚਨ ਸੁਣਕੇ ਤੁਰਤ ਵਰੁਣ ਦੇਵਤਾ ਦੇ ਘਰ ਚਲਾ ਗਿਆ॥੮॥

ਅਪਨਿ ਮਨੋਰਥ ਤਹਿਂ ਪ੍ਰਗਟਾਵਾ। ਸ੍ਵੇਤ ਅਸ੍ਵ ਲੈਬੇ ਹਿਤ ਆਵਾ।
ਬਿਨਾਂ ਲਿਏ ਮਮ ਸਰੈ ਨ ਕਾਜਾ। ਦਿਏ ਬਿਨਾ ਨ ਬਨਹਿ, ਜਲਰਾਜਾ ! ॥੯ ॥

ਆਪਣਾ ਮਨੋਰਥ ਉਸ ਨੂੰ ਪ੍ਰਗਟ ਕੀਤਾ, ਸਫੈਦ ਘੋੜੇ ਲੈਣ ਵਾਸਤੇ ਆਇਆ ਹਾਂ। ਘੋੜੇ ਲੈਣ ਤੋਂ ਬਗੈਰ ਮੇਰਾ ਕੰਮ ਨਹੀਂ ਸਰਦਾ। ਘੋੜੇ ਦੇਣ ਤੋਂ ਬਗੈਰ ਤੂੰ ਵੀ ਜਲ ਦਾ ਰਾਜਾ ਨਹੀਂ ਬਣਦਾ ਹੈਂ॥੯॥

ਅਗਨਿ ਸਮਾਨ ਤਪੋਧਨ ਹੇਰਾ। ਦਿਨਕਰ ਨਜਾਈਂ ਤੇਜ ਬਡੇਰਾ।
ਅਸ਼ਟਸਹਸ ਅਸੁ ਬਰਨ ਬਿਚਾਰ। ਕਰਿ ਦੀਨੇ ਮੁਨਿ ਕੇ ਸੰਗਾਰ॥ ੧੦॥

ਵਰੁਣ ਨੇ ਅਗਨੀ ਵਰਗੇ ਤਪੱਸਵੀ ਨੂੰ ਵੇਖਿਆ, ਸੂਰਜ ਵਰਗਾ ਉਸਦਾ ਵੱਡਾ ਤੇਜ ਸੀ। ਅੱਠ ਸੌ ਘੋੜੇ ਰੰਗ ਵਿਚਾਰ ਕੇ ਮੁਨੀ ਨੂੰ ਸ਼ਿੰਗਾਰ ਕੇ ਦੇ ਦਿੱਤੇ॥੧੦॥

ਲੇ ਤੁਰੰਗ ਨ੍ਰਿਪ ਕੇ ਢਿਗ ਆਯੋ। ਦਿਹੁ ਕੰਨਜਾਂ ਅਸ ਬਾਕ ਸੁਨਾਯੋ।
ਪੁਨ ਗਾਂਧੀ ਪੁੱਤ੍ਰੀ ਨਿਜ ਦੀਨੀ। ਹਯ ਲੇ ਕਰਿ ਬਹੁ ਬਿਨਤੀ ਕੀਨੀ॥ ੧੧॥

ਉਹ ਘੋੜੇ ਲੈ ਕੇ ਰਾਜੇ ਦੇ ਕੋਲ ਆਇਆ, ਆਪਣੀ ਕੰਨਿਆ ਦੇਵੇ, ਐਸਾ ਬਚਨ ਕੀਤਾ। ਫਿਰ ਗਾਂਧੀ ਰਾਜੇ ਨੇ ਆਪਣੀ ਕੰਨਿਆ ਦੇ ਦਿੱਤੀ ਤੇ ਘੋੜੇ ਪ੍ਰਾਪਤ ਕਰਕੇ ਬਹੁਤ ਬੇਨਤੀ ਕੀਤੀ॥੧੧॥

ਸੋ ਇਹ ਤੁਰੰਗ ਧਰਾ ਬਿਸਤੀਰੇ। ਲੀਨੇ ਭੂਪਨਿ ਮੋਲ ਗੰਭੀਰੇ।
ਦ੍ਵੈਸ਼ਤ ਮਰੇ, ਨਹੀਂ ਕਰ ਆਏ। ਖ਼ਸ਼ਟ ਸਹਸ ਤੈਂ ਲੀਨਸਿ ਪਾਏ॥ ੧੨॥

ਇਸ ਤਰ੍ਹਾਂ ਇਹ ਵਿਸ਼ਾਲ ਘੋੜੇ ਧਰਤੀ 'ਤੇ ਆਏ ਸਨ। ਰਾਜੇ ਨੇ ਆਪਣੀ ਲੜਕੀ ਦਾ ਬੜਾ ਗੰਭੀਰ ਮੁਲ ਪ੍ਰਾਪਤ ਕੀਤਾ ਸੀ। ਉਨ੍ਹਾਂ ਵਿਚੋਂ ਦੋ ਸੌ ਜਿਹੜੇ ਮਰ ਗਏ, ਉਹ ਤੁਹਾਡੇ ਹੱਥ ਨਹੀਂ ਆਏ ਹਨ ਤੇ ਬਾਕੀ ਛੇ ਸੌ ਤੁਸੀਂ ਹੁਣ ਪ੍ਰਾਪਤ ਕਰ ਲਏ ਹਨ॥੧੨॥

ਦ੍ਵੈ ਸ਼ਤ ਜੋ ਆਏ ਨਹਿਂ ਪਾਨ। ਦਿਹੁ ਕੰਨਜਾਂ ਤਿਨ ਪਲਟੇ ਥਾਨ।
ਅਪਰ ਸੋਚ ਸਭਿ ਤਜਾਗਨਿ ਕਰੀਏ। ਲੇ ਅਸ ਕੰਨਜਾ ਸੰਗ ਸਿਧਰੀਏ' ॥੧੩॥

ਦੋ ਸੌ ਘੋੜੇ ਜਿਹੜੇ ਤੁਹਾਡੇ ਹੱਥ ਨਹੀਂ ਆਏ ਸਨ, ਉਨ੍ਹਾਂ ਦੇ ਬਦਲੇ ਵਿਚ ਕੰਨਿਆ ਦੇ ਦੇਵੋ, ਹੋਰ ਸਭ ਸੋਚਾਂ ਛੱਡ ਦੇਵੋ। ਘੋੜੇ ਅਤੇ ਕੰਨਿਆ ਲੈ ਕੇ ਆਪਣੇ ਗੁਰੂ ਜੀ ਪਾਸ ਚਲੇ ਜਾਵੋ।'' ਗਰੁੜ ਨੇ ਰਿਸ਼ੀ ਨੂੰ ਇਸ ਤਰ੍ਹਾਂ ਸਮਝਾਇਆ॥੧੩॥

ਬਿਨਤਾਸਤ ਤੇ ਸੁਨਿ ਮਨਿਕਾਨ। ਬਿਸ੍ਵਾਮਿੱਤ੍ਰ ਹਤੋ ਜਿਸ ਥਾਨ।
ਪਹੁਚਜੋ ਜਾਇ ਬੰਦਨਾ ਕੀਨਸਿ। ਗੁਰਦਛਨਾ ਅਸੁ ਕੰਨਜਾਂ ਦੀਨਸਿ॥ ੧੪॥

ਗਰੁੜ ਪਾਸੋਂ ਇਹ ਸਾਰੀ ਕਹਾਣੀ ਅਤੇ ਸਿਖਿਆ ਸੁਣ ਕੇ, ਜਿਥੇ ਗਾਲਵ ਰਿਸ਼ੀ ਦਾ ਗੁਰੂ ਵਿਸ਼ਵਾਮਿੱਤਰ ਰਹਿੰਦਾ ਸੀ, ਉਥੇ ਪਹੁੰਚ ਗਿਆ ਤੇ ਜਾ ਕੇ ਬੰਦਨਾ ਕੀਤੀ ਤੇ ਗੁਰਦਛਣਾ ਦੇ ਰੂਪ ਵਿਚ ਛੇ ਸੌ ਘੋੜੇ ਅਤੇ ਰਾਜ ਕੰਨਿਆ ਜਿਹੜੀ ਰਾਜੇ ਜੁਜਾਤੀ ਦੀ ਪੁੱਤਰੀ ਸੀ, ਦੇ ਦਿੱਤੀ॥੧੪॥

ਖਸ਼ਟ ਸਹਸ ਕੌਸਕ ਹਯ ਲੀਨਿ। ਕੰਨਜਾਂ ਲਈ ਭਾਰਜਾ ਕੀਨਿ।
ਤਿਸ ਨੈ ਏਕ ਪੁੱਤ੍ਰ ਉਪਜਾਵਾ। ਨਾਮ 'ਅਰਿਸ਼ਟ' ਜਾਂਹਿ ਕੋ ਗਾਵਾ॥ ੧੫॥

ਵਿਸ਼ਵਾਮਿੱਤਰ ਨੇ ਛੇ ਸੌ ਘੋੜਾ ਲੈ ਲਿਆ ਤੇ ਰਾਜ ਕੰਨਿਆ (ਜੁਜਾਤੀ ਦੀ ਪੁੱਤਰੀ) ਨੂੰ ਆਪਣੀ ਪਤਨੀ ਬਣਾ ਲਿਆ। ਉਸ ਕੰਨਿਆ ਤੋਂ ਇਕ ਪੁੱਤਰ ਪੈਦਾ ਹੋਇਆ ਜਿਸ ਦਾ ਨਾਂ ਅਰਿਸ਼ਟ ਪ੍ਰਸਿੱਧ ਹੋਇਆ॥੧੫॥

ਤਿਸ ਕੰਨਜਾਂ ਤੇ ਭੇ ਸੁਤ ਚਾਰ। ਮਹਾਂਬਲੀ ਅਰੁ ਮਹਾਂ ਉਦਾਰ।
ਚਾਰਹੁ ਨਈਮਖਾਰ ਮਹਿਂ ਆਏ। ਅਨਿਕ ਭਾਂਤਿ ਕੇ ਜੱਗਜ ਰਚਾਏ॥ ੧੬॥

ਬਾਅਦ ਵਿਚ ਉਸ ਕੰਨਿਆ ਤੋਂ ਚਾਰ ਪੁੱਤਰ ਪੈਦਾ ਹੋਏ, ਜਿਹੜੇ ਬੜੇ ਬਲਵਾਨ ਅਤੇ ਮਹਾਂ ਉੱਤਮ ਸਨ। ਚਾਰੇ ਪੁੱਤਰ ਨੀਮਖਾਰ ਤੀਰਥ ਜਿਹੜਾ ਅਵਧ ਵਿਚ ਸੀਤਾਪੁਰ ਜ਼ਿਲ੍ਹੇ ਵਿਚ ਹੈ, 'ਤੇ ਆਏ। ਉਥੇ ਆ ਕੇ ਉਨ੍ਹਾਂ ਨੇ ਅਨੇਕ ਪ੍ਰਕਾਰ ਦੇ ਯੱਗਾਂ ਦੀ ਰਚਨਾ ਕੀਤੀ॥੧੬॥

ਤਿਨ ਜਨਨੀ ਕੋ ਪਿਤਾ ਜਜਾਤੀ। ਬਡ ਧਰਮਾਤਮ ਭਾ ਬੱਖਜਾਤੀ।
ਨਿਜ ਸੁੱਕ੍ਰਿਤ ਕੇ ਬਲ ਕਰਿ ਮਹਾਂ। ਪਹੁਚਜੋ ਸੁਰਗ ਬ੍ਰਿੰਦ ਸੁਰ ਜਹਾਂ॥ ੧੭॥

ਉਨ੍ਹਾਂ ਦੀ ਮਾਂ ਦਾ ਪਿਤਾ ਜਜਾਤੀ ਰਾਜਾ ਸੀ, ਭਾਵ ਉਨ੍ਹਾਂ ਦਾ ਨਾਨਾ ਜਿਹੜਾ ਬੜੇ ਧਰਮਾਤਮਾ ਦੇ ਤੌਰ 'ਤੇ ਪ੍ਰਸਿੱਧ ਹੋਇਆ ਸੀ ਤੇ ਜਿਹੜਾ ਆਪਣੀ ਸ੍ਰੇਸ਼ਟ ਕੀਰਤੀ ਦੇ ਬਲ ਕਰਕੇ ਸੁਰਗ ਲੋਕ ਵਿਚ ਪਹੁੰਚ ਗਿਆ ਸੀ, ਜਿਥੇ ਬਹੁਤ ਦੇਵਤੇ ਰਹਿੰਦੇ ਸਨ॥੧੭॥

ਉਪਜਯੋ ਰਿਦੇ ਹੰਕਾਰ ਮਹਾਨਾ। ਕਿਤ ਹੂੰ ਮੋਹਿ ਸਮਾਨ ਨ ਆਨਾ।
ਬਡ ਸਦੱਛਨਾ ਮਖ ਗਨ ਕਰੇ। ਏਵ ਨ ਕਿਸ ਭੂਪਤਿ ਤੇ ਸਰੇ॥ ੧੮॥

ਸੁਰਗ ਵਿਚ ਜਾ ਕੇ ਰਾਜੇ ਜਜਾਤੀ ਦੇ ਮਨ ਵਿਚ ਮਹਾਨ ਹੰਕਾਰ ਪੈਦਾ ਹੋਇਆ। ਉਹ ਸਮਝਦਾ ਸੀ ਕਿ ਉਸ ਵਰਗਾ ਹੋਰ ਕੋਈ ਨਹੀਂ ਹੈ। ਮੈਂ ਵੱਡੀਆਂ-ਵੱਡੀਆਂ ਦਛਨਾਂ ਦਿੱਤੀਆਂ ਹਨ ਤੇ ਬਹੁਤ ਯੱਗ ਕੀਤੇ ਹਨ, ਇਸ ਤਰ੍ਹਾਂ ਕੋਈ ਵੀ ਰਾਜਾ ਨਹੀਂ ਕਰ ਸਕਦਾ॥੧੮॥

ਇਸ ਪ੍ਰਕਾਰ ਹੰਕਾਰ ਉਦਾਰਾ। ਕਰਤਿ ਭਯੋ ਸੁਰਲੋਕ ਮਝਾਰਾ।
ਤਹਿਂ ਬਾਸੀ ਸਗਰੇ ਅਨੁਖਾਏ। ਅਧਿਕ ਧਿਕਾਰਤਿ ਕ੍ਰੋਧ ਬਧਾਏ॥ ੧੯॥

ਇਸ ਪ੍ਰਕਾਰ ਸਵਰਗ ਵਿਚ ਮਹਾਨ ਹੰਕਾਰ ਕਰਦਾ ਸੀ। ਸਵਰਗ ਦੇ ਰਹਿਣ ਵਾਲੇ ਸਾਰੇ ਦੁਖੀ ਹੋ ਗਏ। ਉਹ ਕ੍ਰੋਧ ਵਧਾ ਕੇ ਬਹੁਤ ਧਿਰਕਾਰਦੇ ਸਨ॥੧੯॥

'ਹੋਹੁ ਪਤਿਤ ਤੂੰ ਅਧੋ ਸਥਾਨਾ। ਇਹਾਂ ਰਹਨਿ ਕੇ ਉਚਿਤ ਨ ਜਾਨਾ।
ਪੁਰਸ਼ ਹੰਕਾਰੀ ਸੁਰਗ ਨ ਰਹੈਂ। ਕਾਮ ਕ੍ਰੋਧ ਕੇ ਨਿਤ ਬਸਿ ਅਹੈਂ'॥ ੨੦॥

"ਤੁਸੀਂ ਪਤਿਤ ਅਤੇ ਨੀਵੇਂ ਸਥਾਨ 'ਤੇ ਹੋ, ਤੁਹਾਨੂੰ ਏਥੇ ਰਹਿਣ ਦੇ ਉਚਿਤ ਨਹੀਂ ਜਾਣਿਆ ਹੈ, ਹੰਕਾਰੀ ਪੁਰਸ਼ ਸਵਰਗ ਵਿਚ ਨਹੀਂ ਰਹਿ ਸਕਦਾ, ਜਿਹੜਾ ਕਾਮ ਕ੍ਰੋਧ ਦੇ ਸਦਾ ਵੱਸ ਵਿਚ ਰਹੇ"॥੨੦॥

ਇਤਨੇ ਮਹਿਂ ਆਯੋ ਇਕ ਦੂਤ। ਪਠਯੋ ਉਤਾਇਲ ਕਰਿ ਪੁਰਹੂਤ।
ਭਨਯੋ ਆਨ 'ਭੋ ਭੂਪ ਜਜਾਤੀ! ਸੁਰਪਤਿ ਕਹੀ ਗਿਰਾ ਸੁਖ ਕਾਤੀ॥ ੨੧॥

ਏਨੇ ਵਿਚ ਇਕ ਦੂਤ ਆਇਆ, ਜਿਸ ਨੂੰ ਇੰਦਰ ਦੇਵਤੇ ਨੇ ਤੁਰਤ ਭੇਜਿਆ ਸੀ। ਉਸ ਨੇ ਆ ਕੇ ਕਿਹਾ, "ਹੇ ਰਾਜੇ ਜਜਾਤੀ, ਦੇਵਤਿਆਂ ਦੇ ਮਾਲਕ ਇੰਦਰ ਨੇ ਸੁਖ ਦੇ ਕਟਣ ਵਾਲੀ ਗੱਲ ਕਹੀ ਹੈ॥੨੧॥

ਗਿਰਹੁ ਉਤਾਇਲ ਕਰਹੁ ਨ ਦੇਰੀ'। ਸੁਨਿ ਮਹਿਪਾਲਕ ਚਿੰਤ ਬਡੇਰੀ।
ਸੁਸ਼ਕ ਗਈ ਹ੍ਵੈ ਫੂਲਨਿ ਮਾਲਾ। ਬਦਨ ਗਯੋ ਮੁਰਝਾਇ ਬਿਸਾਲਾ॥ ੨੨॥

ਧਰਤੀ 'ਤੇ ਡਿਗ ਪਵੇ ਤੇ ਦੇਰ ਨਾ ਲਾਵੇ।" ਇਹ ਸੁਣ ਕੇ ਰਾਜੇ ਨੂੰ ਵੱਡੀ ਚਿੰਤਾ ਲੱਗ ਗਈ, ਜਿਵੇਂ ਫੁੱਲਾਂ ਦੀ ਮਾਲਾ ਸੁੱਕ ਗਈ ਹੋਵੇ ਤੇ ਚਿਹਰਾ ਬਹੁਤ ਮੁਰਝਾ ਗਿਆ॥੨੨॥

ਡੂਬਯੋ ਸ਼ੋਕ ਸਿੰਧੁ ਮਹਿਂ ਭਾਰੀ। ਦੀਨ ਮਨੇ ਹੁਇ ਗਿਰਾ ਉਚਾਰੀ।
'ਨਿਸ਼ਚੇ ਕਰੋ ਜਿ ਮੇਰੋ ਪਰਨਾ। ਇਮ ਕੀਜੈ ਜਿਮ ਕਰਵਿ ਉਚਰਨਾ॥ ੨੩॥

ਉਹ ਭਾਰੀ ਸ਼ੋਕ ਸਮੁੰਦਰ ਵਿਚ ਡੁੱਬ ਗਿਆ ਤੇ ਮਨ ਵਿਚ ਦੀਨ ਹੋ ਕੇ ਬੋਲਿਆ, "ਜੇ ਮੇਰਾ ਧਰਤੀ 'ਤੇ ਡਿਗਣਾ ਅਵੱਸ਼ ਹੈ, ਤਾਂ ਉਸ ਤਰ੍ਹਾਂ ਕਰੋ ਜਿਵੇਂ ਮੈਂ ਕਹਿੰਦਾ ਹਾਂ॥੨੩॥

ਪੁਰਸ਼ ਬਡੇ ਪੁੰਨਜਾਤਮ ਜਹਾਂ। ਸਤਿਸੰਗੀ ਸਾਧੂ ਮਨ ਮਹਾਂ।
ਅਨਸੂਯਕ ਮਦ ਮਾਨ ਬਿਹੀਨ। ਸਮ ਦਮ ਜੁਤਿ ਸਤਿਸੰਧਿ ਪ੍ਰਬੀਨ॥ ੨੪॥

ਜਿਥੇ ਵੱਡੇ ਪੁੰਨੀਂ ਆਤਮਾ ਵਾਲੇ ਲੋਕ ਹਨ ਤੇ ਵੱਡੇ ਸਤਿਸੰਗੀ ਤੇ ਮਨ ਉਨ੍ਹਾਂ ਦੇ ਮਹਾਨ ਸਾਧੂ ਸਮਾਨ ਹਨ, ਈਰਖਾ ਰਹਿਤ ਅਤੇ ਸਵੈਮਾਨ ਤੋਂ ਬਗੈਰ ਹਨ, ਸਮ ਦਮ ਆਦਿ ਗੁਣਾਂ ਵਾਲੇ ਅਤੇ ਸਤਿ ਨੂੰ ਨਿਬਾਹੁਣ ਵਾਲੇ ਹਨ॥੨੪॥

ਤਿਨ ਮਝਾਰ ਮੁਝ ਗੇਰਨਿ ਕਰੀਅਹਿ। ਮੋ ਪਰ ਇਹ ਉਪਕਾਰ ਸੁ ਧਰੀਅਹਿ।
ਸੁਨਿ ਕੈ ਗੇਰ ਦੀਨਿ ਤਿਸ ਤਹਾਂ। ਨਈਮਖਾਰ ਮਹਿਂ ਦੌਹਿਤ ਜਹਾਂ॥੨੫॥

ਅਜਿਹੇ ਲੋਕਾਂ ਦੇ ਵਿਚ ਮੈਨੂੰ ਡੇਗ ਦੇਵੋ, ਮੇਰੇ ਉੱਤੇ ਇਹ ਉਪਕਾਰ ਧਾਰਨ ਕਰੋ।'' ਇੰਦਰ ਨੇ ਇਹ ਸੁਣ ਕੇ ਉਥੇ ਸੁੱਟ ਦਿੱਤਾ ਜਿਥੇ ਨੀਮਖਾਰ ਵਿਚ ਉਸ ਦੇ ਦੋਹਤੇ ਯੱਗ ਕਰ ਰਹੇ ਸਨ॥੨੫॥

ਚਾਰਹੁਂ ਬਿਖੈ ਗਿਰਨਿ ਲਗਿ ਜਬੈ। ਜਨਨੀ ਪਿਤਾ ਬਿਲੋਕ੍ਯੋ ਤਬੈ।
ਮਹਾਂ ਦੁਖਿਤਿ ਰੱਖ੍ਯਕ ਜਿਸ ਨਾਂਹੀ। ਕਰਤਿ ਪੁਕਾਰ ਸ਼ੋਕ ਬਡ ਮਾਂਹੀ॥੨੬॥

ਜਦ ਚਾਰਾਂ ਦੋਹਤ੍ਰਿਆਂ ਦੇ ਵਿਚ ਡਿੱਗਣ ਲੱਗਾ ਤਾਂ ਉਨ੍ਹਾਂ ਦੀ ਮਾਤਾ ਦੇ ਪਿਤਾ ਭਾਵ ਨਾਨੇ ਨੂੰ ਵੇਖਿਆ। ਉਹ ਮਹਾਂ ਦੁਖੀ ਸੀ ਤੇ ਉਸ ਦਾ ਕੋਈ ਰਖਵਾਲਾ ਨਹੀਂ ਸੀ ਤੇ ਜਿਹੜਾ ਵੱਡਾ ਦੁਖੀ ਹੋ ਕੇ ਪੁਕਾਰ ਕਰ ਰਿਹਾ ਸੀ॥੨੬॥

ਚਤਰ ਦੌਹਿਤੇ ਤਿਹ ਛਿਨ ਮਿਲੇ। ਚਿਤ ਮੈਂ ਚਾਹਿਤ ਹੈਂ ਸੋ ਭਲੇ।
ਨਿਜ ਸੁੱਕ੍ਰਿਤ ਕੇ ਬਲ ਕਰਿ ਸਾਰੇ। ਕਹ੍ਯੋ 'ਜਾਹੁ ਸੁਰਲੋਕ ਮਝਾਰੇ'॥੨੭॥

ਚਾਰ ਦੋਹਤੇ ਉਸੇ ਵੇਲੇ ਮਿਲ ਪਏ, ਜਿਹੜੇ ਚਿਤ ਵਿਚ ਉਸ ਦਾ ਭਲਾ ਚਾਹੁੰਦੇ ਸਨ। ਸਾਰਿਆਂ ਨੇ ਆਪਣੀ ਸ੍ਰੇਸ਼ਟ ਕੀਰਤੀ ਦਾ ਬਲ ਕਰ ਕੇ ਕਿਹਾ, ''ਸਵਰਗਾਂ ਵਿਚ ਜਾਵੋ''॥੨੭॥

ਚਤਰ ਦੌਹਿਤੇ ਕੋ ਲੇ ਪੁੰਨ। ਭਯੋ ਜਜਾਤੀ ਭੂਪਤਿ ਧੰਨ।
ਸਾਦਰ ਪੁਨ ਪਹੁੰਚ੍ਯੋ ਸੁਰਲੋਕ। ਬਾਸ ਕਰ੍ਯੋ ਸੁਖ ਭੋਗਿ ਅਸ਼ੋਕ॥੨੮॥

ਚਾਰੇ ਦੋਹਤਿਆਂ ਦਾ ਪੁੰਨ ਲੈ ਕੇ ਜਜਾਤੀ ਰਾਜਾ ਧੰਨ ਹੋ ਗਿਆ ਤੇ ਬੜੇ ਆਦਰ ਨਾਲ ਫਿਰ ਸੁਰਲੋਕ ਵਿਚ ਪਹੁੰਚ ਗਿਆ, ਸ਼ੋਕ ਰਹਿਤ ਹੋ ਕੇ ਸੁਖ ਭੋਗ ਕੇ ਉਥੇ ਵਸੇਬਾ ਕੀਤਾ॥੨੮॥

ਇਮ ਗੁਰ ਦਛਨਾ ਗਾਲਵ ਦੀਨਿ। ਗੁਰੁ ਉਪਾਸਿ ਪ੍ਰਸੰਨ ਸੁਕੀਨਿ।
ਦੁਰਲਭ ਹਯ ਜਜੋਂ ਕਜੋਂ ਲੇ ਆਯੋ। ਅਪਨੇ ਆਪ ਮਹਦ ਸਫਲਾਯੋ॥੨੯॥

ਇਸ ਤਰ੍ਹਾਂ ਰਿਸ਼ੀ ਗਾਲਵ ਨੇ ਗੁਰ ਦਛਣਾ ਦਿੱਤੀ, ਆਪਣੇ ਗੁਰੂ ਜੀ ਦੀ ਸੇਵਾ ਕਰਕੇ ਉਸ ਨੂੰ ਪ੍ਰਸੰਨ ਕੀਤਾ। ਦੁਰਲਭ ਘੋੜੇ ਜਿਵੇਂ ਕਿਵੇਂ ਕਰਕੇ ਲੈ ਆਇਆ ਤੇ ਆਪਣੇ ਆਪ ਨੂੰ ਬਹੁਤ ਸਫਲ ਕੀਤਾ॥੨੯॥

ਇਮ ਸਤਿਗੁਰ ਕੀ ਮਹਿਮਾ ਮਹਾਂ। ਜਾਨਹਿਂ ਸਿੱਖ ਭੇਵ ਜਿਨ ਲਹਾ।
ਸਦਾ ਗੁਰਨਿ ਕੋ ਕਰਹਿ ਪ੍ਰਸੰਨ। ਕਰੁਨਾ ਪਾਇ ਕਹੈ 'ਗੁਰ ਧੰਨ'॥੩੦॥

ਇਸ ਤਰ੍ਹਾਂ ਹੀ ਸਤਿਗੁਰੂ ਜੀ ਦੀ ਮਹਾਨ ਮਹਿਮਾ ਹੈ, ਉਹ ਸਿੱਖ ਜਾਣਦੇ ਹਨ ਜਿਨ੍ਹਾਂ ਨੇ ਭੇਦ ਪਾਇਆ ਹੈ। ਸਦਾ ਗੁਰੂ ਜੀ ਨੂੰ ਪ੍ਰਸੰਨ ਕਰਦੇ ਹਨ ਤੇ ਕਿਰਪਾ ਪਾ ਕੇ ਕਹਿੰਦੇ ਹਨ, ''ਧੰਨ ਗੁਰੂ ਜੀ''॥੩੦॥

ਗੁਰ ਸਮ ਅਪਰ ਹਿਤੂ ਨਹਿਂ ਕੋਈ। ਕੋਟ ਜਨਮ ਕੇ ਦੁਖ ਹਤਿ ਜੋਈ।
ਸਤਿ ਸੰਤੋਖ ਆਦਿ ਗੁਨ ਧਰਿ ਕੈ। ਗੁਰ ਸੇਵਹਿ ਹੰਕਾਰ ਨਿਵਰਿਕੈ॥੩੧॥

ਗੁਰੂ ਜੀ ਵਰਗਾ ਹੋਰ ਕੋਈ ਹਿਤੂ ਨਹੀਂ ਹੈ, ਜਿਹੜੇ ਕਰੋੜਾਂ ਜਨਮਾਂ ਦੇ ਦੁੱਖ ਦੂਰ ਕਰ ਦਿੰਦੇ ਹਨ। ਸਤ ਸੰਤੋਖ ਆਦਿ ਗੁਣ ਧਾਰਨ ਕਰਕੇ ਤੇ ਗੁਰੂ ਜੀ ਦੀ ਸੇਵਾ ਕਰਕੇ ਆਪਣਾ ਹੰਕਾਰ ਦੂਰ ਕਰਦੇ ਹਨ॥੩੧॥

ਗੁਰ ਸੇਵੈ ਨਰ ਤਨ ਸਫਲਾਵੈ। ਗੁਰ ਸੇਵਾ ਪਦ ਉਚੋ ਪਾਵੈ।
ਗੁਰੂ ਬਡੋ ਸਭਿ ਬਿੱਦ੍ਯਾ ਦਾਤਾ। ਚਾਰ ਜੁਗਨਿ ਮਹਿਂ ਜਿਨ ਕਿਨ ਜਾਤਾ॥੩੨॥

ਗੁਰੂ ਜੀ ਦੀ ਸੇਵਾ ਕਰਕੇ ਮਨੁੱਖ ਆਪਣਾ ਤਨ ਸਫਲ ਕਰਦੇ ਹਨ ਤੇ ਗੁਰੂ ਜੀ ਦੀ ਸੇਵਾ ਕਰਕੇ ਉੱਚੀ ਪਦਵੀ ਪਾਉਂਦੇ ਹਨ। ਗੁਰੂ ਜੀ ਵੱਡੇ ਹਨ ਤੇ ਸਭ ਵਿਦਿਆਵਾਂ ਦੇ ਦਾਤੇ ਹਨ, ਚਾਰੇ ਜੁਗਾਂ ਵਿਚ ਜਿਸ ਕਿਸੇ ਵੀ ਜਾਣਿਆ ਹੈ॥੩੨॥

ਸਭਿ ਗੁਰ ਮਹਿਂ ਜੋ ਦੇ ਬ੍ਰਹਮ ਗ੍ਯਾਤਾ। ਸੋ ਬਿਸਾਲ ਜਾਨਹੁ ਸੁਖਦਾਤਾ।
ਜਿਨ ਸੇਵਾ ਕਰਿ ਗੁਰੂ ਰਿਝਾਏ। ਸਗਲੇ ਤਪ ਜਪ ਕੇ ਫਲ ਪਾਏ॥ ੩੩॥

ਗੁਰੂ ਜੀ ਸਭ ਕੁਝ ਹਨ, ਜਿਹੜੇ ਬ੍ਰਹਮ ਗਿਆਨ ਦਿੰਦੇ ਹਨ, ਉਸ ਗੁਰੂ ਜੀ ਨੂੰ ਵਿਸ਼ਾਲ ਸੁਖਾਂ ਦਾ ਦਾਤਾ ਜਾਣੋ। ਜਿਨ੍ਹਾਂ ਨੇ ਸੇਵਾ ਕਰਕੇ ਗੁਰੂ ਜੀ ਨੂੰ ਪ੍ਰਸੰਨ ਕਰ ਲਿਆ ਹੈ, ਉਨ੍ਹਾਂ ਨੇ ਸਾਰਿਆਂ ਜਪਾਂ ਤਪਾਂ ਦਾ ਫਲ ਪ੍ਰਾਪਤ ਕਰ ਲਿਆ ਹੈ॥੩੩॥

ਬਰਖ ਹਜ਼ਾਰਨਿ ਸੰਕਟ ਨਾਨਾ। ਸੀਤ ਉਸ਼ਨ ਤਪ ਤਪਨਿ ਮਹਾਨਾ।
ਊਰਧ ਬਾਹੂ ਇਕ ਪਗ ਠਾਂਢੇ। ਚੰਦ੍ਰਾਇਣ ਨਖ ਸ਼ਿਖ ਜੇ ਬਾਢੇ॥ ੩੪॥

ਹਜਾਰਾਂ ਸਾਲ ਜਿਹੜੇ ਕਈ ਪ੍ਰਕਾਰ ਦੇ ਸੰਕਟ ਬਰਦਾਸ਼ਤ ਕਰਕੇ ਸਰਦੀ ਗਰਮੀ ਵਿਚ ਮਹਾਨ ਤਪ ਤਾਪਦੇ ਹਨ, ਬਾਹਾਂ ਖੜੀਆਂ ਕਰਕੇ, ਇਕ ਪੈਰ 'ਤੇ ਖੜੇ ਹੋ ਕੇ ਤੇ ਪੈਰ ਦੇ ਨੌਂਹ ਤੋਂ ਲੈ ਕੇ ਸਿਰ ਦੀ ਚੋਟੀ ਤਕ ਦੇ ਸਾਰੇ ਅੰਗਾਂ ਵਿਚ ਚੰਦ੍ਰਾਇਣ ਦਾ ਵਰਤ ਰੱਖਦੇ ਹਨ॥੩੪॥

ਅਪਰ ਕਹਾਂ ਲਗਿ ਤਪ ਕੋ ਗਿਨੀਅਹਿ। ਹੇਮ ਦਾਨ ਮਖ ਕਰਿਬੋ ਜਨੀਯਹਿ।
ਧਰਾ ਦਾਨ ਤੀਰਥ ਕੋ ਨ੍ਹੈਬੋ। ਗਜ ਬਾਜੀ ਗਨ ਦਾਨ ਕਰੈਬੋ॥ ੩੫॥

ਹੋਰ ਕਿਥੋਂ ਤਕ ਤਪਾਂ ਦੀ ਗਿਣਤੀ ਕਰਾਂ, ਸੋਨਾ ਦਾਨ ਕਰਕੇ ਯੱਗ ਕਰਦੇ ਹਨ, ਧਰਤੀ ਦਾਨ ਕਰਕੇ ਤੀਰਥਾਂ 'ਤੇ ਨਹਾਉਂਦੇ ਹਨ, ਹਾਥੀ, ਘੋੜੇ ਬਹੁਤ ਦਾਨ ਕਰਦੇ ਹਨ॥੩੫॥

ਗੁਰ ਸੇਵਾ ਕੇ ਸਮ ਕੁਛ ਨਾਂਹੀ। ਖੋਜਨਿ ਕਰਹੁ ਸਕਲ ਛਿਤ ਮਾਂਹੀ।
ਹੰਕਾਰਾਦਿਕ ਕਰਨਿ ਬਿਕਾਰ। ਦਿਯੋ ਜੁਜਾਤਿ ਸ੍ਵਰਗ ਤੇ ਟਾਰਿ॥ ੩੬॥

ਪਰ ਗੁਰੂ ਸੇਵਾ ਦੇ ਬਰਾਬਰ ਕੁਝ ਨਹੀਂ, ਬੇਸ਼ਕ ਸਾਰੀ ਧਰਤੀ 'ਤੇ ਖੋਜ ਕਰਦੇ ਫਿਰੋ। ਹੰਕਾਰ ਆਦਿ ਵਿਕਾਰ ਕਰਨ ਕਰਕੇ ਜਜਾਤੀ ਰਾਜੇ ਨੂੰ ਸਵਰਗ ਵਿਚੋਂ ਕੱਢ ਦਿੱਤਾ ਸੀ॥੩੬॥

ਸੁਖ ਨਾਸ਼ਕ ਇਨ ਗਨ ਕੋ ਜਾਨਹੁ। ਯਾਂਤੇ ਭੂਲ ਨ ਮਨ ਮਹਿਂ ਠਾਨਹੁ।
ਕਰਹੁ ਭਗਤਿ ਸਤਿਨਾਮ ਜਪੀਜੈ। ਗੁਰ ਸੇਵਾ ਕੇ ਤਤਪਰ ਥੀਜਹਿ॥ ੩੭॥

ਹੰਕਾਰ ਆਦਿ ਵਿਕਾਰਾਂ ਨੂੰ ਸੁੱਖਾਂ ਦਾ ਨਾਸ਼ ਕਰਨ ਵਾਲਾ ਜਾਣੋ ਇਸ ਕਰਕੇ ਇਸ ਨੂੰ ਭੁਲ ਕੇ ਵੀ ਮਨ ਵਿਚ ਧਾਰਨ ਨਾ ਕਰੋ। ਭਗਤੀ ਕਰੋ ਤੇ ਸਤਿਨਾਮ ਦਾ ਜਾਪ ਕਰੋ ਤੇ ਗੁਰ ਸੇਵਾ ਕਰਨ ਲਈ ਸਦਾ ਤਿਆਰ ਰਹੋ॥੩੭॥

*ਨੋਟ : ਇਹ ਬੜੇ ਹਾਸੋ ਹੀਣੇ ਪ੍ਰਸੰਗ ਹਨ, ਜਿਹੜੇ ਗੁਰੂ ਜੀ ਕਦੇ ਵੀ ਨਹੀਂ ਸੁਣਾ ਸਕਦੇ ਸਨ। ਗਾਲਵ ਰਿਖੀ ਨੂੰ ਉਸਦਾ ਗੁਰੂ ਗੁਰਦਖਣਾ ਮੁਆਫ ਕਰ ਦਿੰਦਾ ਹੈ, ਪਰ ਗਾਲਵ ਹੰਕਾਰ ਵੱਸ ਹੋ ਕੇ ਜਦ ਗੁਰ ਦਖਣਾ ਦੇਣੀ ਚਾਹੁੰਦਾ ਹੈ ਤਾਂ ਗੁਰੂ ਬਹੁਤ ਵੱਡੀ ਗੁਰਦਖਣਾ ਮੰਗਦਾ ਹੈ। ਉਹ ਕਾਲੇ ਕੰਨਾਂ ਵਾਲੇ ਅੱਠ ਸੌ ਸਫੈਦ ਘੋੜੇ ਮੰਗਦਾ ਹੈ, ਜਿਨ੍ਹਾਂ ਨੂੰ ਪ੍ਰਾਪਤ ਕਰਨ ਲਈ ਉਹ ਜਜਾਤੀ ਦੀ ਕੰਨਿਆ ਲੈ ਆਉਂਦਾ ਹੈ ਤੇ ਉਸ ਨੂੰ ਤਿੰਨਾਂ ਰਾਜਿਆਂ ਪਾਸ ਵੇਚ ਕੇ ਛੇ ਸੌ ਘੋੜਾ ਪ੍ਰਾਪਤ ਕਰਦਾ ਹੈ, ਫਿਰ ਉਸੇ ਔਰਤ ਨੂੰ ਜਿਸ ਨੂੰ ਪਹਿਲਾਂ ਤਿੰਨ ਥਾਂ ਵੇਚਿਆ ਸੀ, ਆਪਣੇ ਗੁਰੂ ਨੂੰ ਗੁਰਦਖਣਾ ਦੇ ਤੌਰ 'ਤੇ ਭੇਟ ਕਰ ਦਿੰਦਾ ਹੈ। ਇਸ ਤਰ੍ਹਾਂ ਕਈ ਪੁਰਸ਼ਾਂ ਦੀ ਪਤਨੀ ਬਣ ਚੁੱਕੀ ਇਸਤਰੀ ਨੂੰ ਆਪਣੇ ਗੁਰੂ ਦੀ ਪਤਨੀ ਬਣਾ ਦਿੰਦਾ ਹੈ। ਗੁਰੂ ਹਰਿਰਾਇ ਜੀ ਵਲੋਂ ਸੰਗਤਾਂ ਨੂੰ ਅਜਿਹੀਆਂ ਕਥਾਵਾਂ ਸੁਣਾਉਣਾ ਬਿਲਕੁਲ ਅਸੰਭਵ ਹੈ।*

ਪ੍ਰਭੁ ਪ੍ਰਸੰਨ ਹੁਇ ਬਨਹਿਂ ਸਹਾਇ। ਜਨਮ ਮਰਨ ਕੇ ਕਸ਼ਟ ਮਿਟਾਇਂ।
ਰਿਖਿ ਉਤੰਕ ਕੇ ਕਾਜ ਸੁਧਾਰਜੋ। ਕਹਜੋ ਸੁਨਜੋ ਬਡ ਦੈਂਤ ਸੰਘਾਰਜੋ॥ ੩੮॥

ਪ੍ਰਭੂ ਜੀ ਪ੍ਰਸੰਨ ਹੋ ਕੇ ਸਹਾਇਕ ਬਣਦੇ ਹਨ ਤੇ ਜਨਮ ਮਰਨ ਦਾ ਕਸ਼ਟ ਖ਼ਤਮ ਕਰਦੇ ਹਨ, ਜਿਵੇਂ ਉਤੰਕ ਰਿਖੀ ਦਾ ਕਾਰਜ ਸੁਧਾਰਿਆ ਸੀ ਤੇ ਕਹਿ ਸੁਣ ਕੇ ਵੱਡੇ ਦੈਂਤ ਨੂੰ ਮਾਰਿਆ ਸੀ॥੩੮॥

ਸਭਿ ਜਗ ਕੋ ਸੁਖ ਤਬਿ ਉਪਜਾਯੋ। ਦੈਤ ਕਰਤਿ ਉਤਪਾਤ ਮਿਟਾਯੋ।
ਇੱਤਜਾਦਿਕ ਗੁਰ ਭਨੇ ਪ੍ਰਸੰਗ। ਮਹਿਮਾ ਹੇਤੁ ਮਹਾਂ ਸਤਿਸੰਗ॥ ੩੯॥

ਸਾਰੇ ਜਗਤ ਨੂੰ ਫਿਰ ਸੁਖ ਦਿੱਤਾ, ਦੈਂਤ ਜਿਹੜਾ ਉਪੱਦਰ ਕਰਦਾ ਸੀ ਉਸ ਨੂੰ ਖ਼ਤਮ ਕੀਤਾ। ਇਤਿਆਦਿਕ ਗੁਰੂ ਜੀ ਨੇ ਪ੍ਰਸੰਗ ਕਹੇ, ਮਹਿਮਾ ਵਾਸਤੇ ਮਹਾਂ ਸਤਿਸੰਗ ਕੀਤੇ॥੩੯॥

*ਦਸਵੀਂ ਰਾਸ ਦਾ ਛੱਬੀਵਾਂ ਅਧਿਆਇ ਸਮਾਪਤ ਹੋਇਆ॥੨੬॥*

## ਅਧਿਆਇ ਸਤਾਈਵਾਂ

### *ਸ੍ਰੀ ਹਰਿਕ੍ਰਿਸ਼ਨ ਜੀ ਨੂੰ ਗੁਰਗੱਦੀ, ਸ੍ਰੀ ਗੁਰੂ ਹਰਿਰਾਇ ਜੀ ਬੈਕੁੰਠ ਗਮਨ*

ਦੋਹਰਾ- ਬ੍ਰਿਧ ਕੇ ਬੰਸ ਸਪੁੱਤ੍ਰ ਜੋ ਝੰਡਾ ਨਾਮ ਸੁਗਜਾਨ।
ਨਿਜ ਸੁਤ ਗੁਰਦਿੱਤਾ ਲਿਏ ਸੁਨਤਿ ਕਥਾ ਸੁਖ ਮਾਨਿ॥ ੧॥

ਬਾਬਾ ਬੁੱਢਾ ਜੀ ਦੇ ਵੰਸ਼ ਵਿਚੋਂ ਇਕ ਸਪੁੱਤ੍ਰ ਜਿਸ ਦਾ ਝੰਡਾ ਨਾਮ ਸੀ, ਉਹ ਬੜਾ ਗਿਆਨਵਾਨ ਸੀ। ਉਹ ਆਪਣੇ ਪੁੱਤਰ ਗੁਰਦਿੱਤਾ ਨੂੰ ਲੈ ਕੇ ਗੁਰੂ ਜੀ ਪਾਸੋਂ ਕਥਾਵਾਂ ਸੁਣ ਕੇ ਬੜਾ ਸੁੱਖ ਮਾਣਦਾ ਸੀ॥੧॥

ਚੌਪਈ- ਸਕਲ ਦੇਸ਼ ਕੇ ਧਨੀ ਮਸੰਦ। ਸਭਿ ਇਕਠੇ ਬਿਚ ਸਭਾ ਬਿਲੰਦ।
ਲਿਖੇ ਹੁਕਮ ਨਾਵੇਂ ਜਹਿ ਕਹਾਂ। ਸੁਨਿ ਸੁਨਿ ਆਨਿ ਪਹੂਚੇ ਤਹਾਂ॥੨॥

ਸਾਰੇ ਦੇਸ਼ ਦੇ ਧਨਵਾਨ ਮਸੰਦ ਸਭਾ ਦੇ ਵਿਚ ਇਕੱਠੇ ਹੋਏ ਸਨ। ਜਿਥੇ ਕਿਥੇ ਹੁਕਮਨਾਮੇ ਲਿਖੇ ਸਨ, ਸਾਰੇ ਸੁਣ ਸੁਣ ਕੇ ਉਥੇ ਆ ਪਹੁੰਚੇ ਸਨ॥੨॥

ਬ੍ਰਿੰਦ ਸੰਗਤਾਂ ਆਨੀ ਸੰਗ। ਦਰਸ਼ਨ ਹਿਤ ਚਿਤ ਧਰੇਂ ਉਮੰਗ।
ਸੁਨਹਿੰ ਗੁਰੂ ਕੇ ਬਾਕ ਸੁਹਾਏ। ਧਰਹਿੰ ਰਿਦੇ ਮਹਿੰ, ਸੁਖ ਉਪਜਾਏ॥੩॥

ਮਸੰਦਾਂ ਦੇ ਨਾਲ ਬਹੁਤ ਸੰਗਤਾਂ ਆਈਆਂ ਸਨ। ਦਰਸ਼ਨਾਂ ਵਾਸਤੇ ਉਨ੍ਹਾਂ ਚਿਤ ਵਿਚ ਬੜਾ ਉਤਸ਼ਾਹ ਧਾਰਨ ਕੀਤਾ ਹੋਇਆ ਸੀ। ਗੁਰੂ ਜੀ ਦੇ ਸੁਹਾਵਣੇ ਬਚਨ ਸੁਣਦੇ ਸਨ, ਜਿਨ੍ਹਾਂ ਨੂੰ ਹਿਰਦੇ ਵਿਚ ਧਾਰਨ ਕਰਨ ਨਾਲ ਸੁਖ ਪ੍ਰਗਟ ਹੁੰਦਾ ਸੀ॥੩॥

ਜਿਨ ਕੇ ਹੈਂ ਪੂਰਬ ਬਡਭਾਗ। ਸੋ ਰੰਗੇ ਗੁਰ ਕੇ ਅਨੁਰਾਗ।
ਕੀਰਤ ਪੁਰਿ ਮਹਿੰ ਭੀਰ ਬਿਸਾਲਾ। ਦੀਰਘ ਦੇਗ ਬਨਹਿ ਜੁਗ ਕਾਲਾ॥੪॥

ਜਿਨ੍ਹਾਂ ਦੇ ਪਿਛਲੇ ਜਨਮਾਂ ਦੇ ਵੱਡੇ ਭਾਗ ਹਨ, ਉਹ ਗੁਰੂ ਜੀ ਦੇ ਪਿਆਰ ਵਿਚ ਰੰਗੇ ਜਾਂਦੇ ਹਨ। ਕੀਰਤਪੁਰ ਵਿਚ ਵੱਡੀ ਭੀੜ ਜਮ੍ਹਾਂ ਹੋਈ ਹੈ, ਦੋਵੇਂ ਸਮੇਂ ਵੱਡੀ ਪੱਧਰ 'ਤੇ ਲੰਗਰ ਤਿਆਰ ਹੁੰਦਾ ਹੈ॥੪॥

ਅਨਿਕ ਪ੍ਰਕਾਰ ਅਹਾਰ ਬਨੰਤੇ। ਸਕਲ ਅਚਹਿੰ ਮਿਲਿ ਮਨ ਭਾਵੰਤੇ।
ਕੇਤਿਕ ਦਜੋਸ ਬਾਸ ਤਹਿੰ ਕੀਨਿ। ਗੁਰ ਕੇ ਪ੍ਰੇਮ ਬਿਖੈ ਹੁਇ ਲੀਨ॥ ੫॥

ਅਨੇਕ ਪ੍ਰਕਾਰ ਦੇ ਭੋਜਨ ਤਿਆਰ ਹੁੰਦੇ ਹਨ, ਸਾਰੇ ਮਨ ਭਾਉਂਦਾ ਭੋਜਨ ਛੱਕਦੇ ਹਨ। ਕਈ ਦਿਨ ਉਥੇ ਵਾਸਾ ਕੀਤਾ। ਗੁਰੂ ਜੀ ਦੇ ਪ੍ਰੇਮ ਵਿਚ ਲੀਨ ਹੋ ਗਏ ਹਨ॥੫॥

ਅਪਰ ਜਹਾਂ ਕਹਿੰ ਸਿੱਖ ਮਸੰਦ। ਸੁਨਹਿ ਮੇਲ ਚਲਿ ਆਇਂ ਅਨੰਦ।
ਡੇਰੇ ਪਰੇ ਪੁਰਹਿੰ ਚੌਫੇਰ। ਦਰਸ਼ਨ ਦਿਨ ਮਹਿੰ ਦੇਂ ਇਕ ਬੇਰ॥ ੬॥

ਹੋਰ ਵੀ ਜਿਥੇ ਕਿਥੇ ਸਿੱਖ ਅਤੇ ਮਸੰਦ ਸੁਣਦੇ ਸਨ ਤਾਂ ਉਹ ਇਕੱਠੇ ਹੋ ਕੇ ਅਨੰਦ ਨਾਲ ਆਉਂਦੇ ਹਨ। ਨਗਰ ਦੇ ਚਾਰ-ਚੁਫੇਰੇ ਡੇਰੇ ਲੱਗੇ ਹਨ, ਗੁਰੂ ਜੀ ਦਿਨ ਵਿਚ ਇਕ ਵਾਰ ਦਰਸ਼ਨ ਦਿੰਦੇ ਹਨ॥੬॥

ਜਿਸ ਤੇ ਹੁਇ ਸਿੱਖਜਨਿ ਕੱਲਜਾਨ। ਉਪਦੇਸ਼ਹਿਂ ਗੁਰ ਕਰਤਿ ਬਖਾਨ।
ਜਹਿਂ ਕਹਿਂ ਹੋਇ ਰਹਜੋ ਜੈਕਾਰ। 'ਵਾਹੁ ਵਾਹੁ ਗੁਰ' ਕਰਹਿਂ ਉਚਾਰ॥ ੭॥

ਜਿਸ ਨਾਲ ਸਿੱਖਾਂ ਦਾ ਕਲਿਆਣ ਹੁੰਦਾ ਹੈ। ਗੁਰੂ ਜੀ ਵਿਖਿਆਨ ਕਰਕੇ ਉਪਦੇਸ਼ ਦਿੰਦੇ ਹਨ। ਜਿੱਥੇ ਕਿੱਥੇ ਜੈ ਜੈਕਾਰ ਹੋ ਰਹੀ ਹੈ, "ਵਾਹ ਵਾਹ ਗੁਰੂ ਜੀ" ਉਹ ਉਚਾਰਨ ਕਰਦੇ ਹਨ॥੭॥

ਕਰਹਿਂ ਬਿਚਾਰਨਿ ਕਜਾ ਗੁਰ ਮਰਜ਼ੀ। ਕਿਯ ਸੰਗਤਿ ਇਕਠੀ ਹੁਇ ਗ਼ਰਜ਼ੀ।
ਕਹਾਂ ਕਰਹਿਂਗੇ, ਕਹਾਂ ਸੁਨਾਵੈਂ। ਇਮ ਸਭਿ ਮਿਲ ਕਰਿ ਬਾਕ ਅਲਾਵੈਂ॥ ੮॥

ਸਾਰੇ ਇਹ ਵਿਚਾਰ ਕਰਦੇ ਹਨ ਕਿ ਗੁਰੂ ਜੀ ਦੀ ਕੀ ਮਰਜ਼ੀ ਹੈ, ਕਿਸ ਕਾਰਨ ਕਰਕੇ ਏਨੀ ਸੰਗਤ ਇਕੱਠੀ ਹੋਈ ਹੈ? ਕੀ ਕਰਨਗੇ? ਕੀ ਸੁਣਾਉਣਗੇ? ਇਸ ਤਰ੍ਹਾਂ ਸਾਰੇ ਮਿਲਕੇ ਬਚਨ ਕਰਦੇ ਸਨ॥੮॥

ਦੋਹਰਾ- ਸ੍ਰੀ ਸਤਿਗੁਰ ਹਰਿਰਾਇ ਜੀ ਤਖਤ ਦੇਨਿ ਚਿਤਵੰਤਿ।
ਬਡੋ ਪੁੱਤ੍ਰ ਤਜਾਗਨਿ ਕਰਜੋ, ਲਾਇਕ ਨਹੀਂ ਲਖੰਤਿ॥ ੯॥

ਸ੍ਰੀ ਸਤਿਗੁਰੂ ਹਰਿਰਾਇ ਜੀ ਗੁਰਗੱਦੀ ਦੇਣ ਬਾਰੇ ਵਿਚਾਰ ਕਰ ਰਹੇ ਸਨ, ਵੱਡੇ ਪੁੱਤਰ ਨੂੰ ਤਿਆਗ ਦਿੱਤਾ ਹੈ, ਉਸ ਨੂੰ ਤਖ਼ਤ ਦੇ ਲਾਇਕ ਨਹੀਂ ਸਮਝਿਆ ਹੈ॥੯॥

ਚੌਪਈ- ਦੇਹ ਅੰਤ ਕੋ ਸਮਾਂ ਪਹੂਚਾ। ਦਿਯੋ ਚਹਤਿ ਹੈਂ ਨਿਜ ਪਦ ਊਚਾ।
ਛਮੀ, ਸਧੀਰ, ਅਭੀਰ, ਗਹੀਰ। ਸਤਿ ਸੰਤੋਖੀ ਸ਼ਾਂਤਿ ਸਰੀਰ॥ ੧੦॥

ਸਰੀਰ ਦੇ ਅੰਤ ਦਾ ਸਮਾਂ ਪਹੁੰਚ ਗਿਆ ਹੈ, ਆਪਣੀ ਉੱਚੀ ਪਦਵੀ ਦੇਣਾ ਚਾਹੁੰਦੇ ਹਨ। ਗੁਰੂ ਜੀ ਖਿਮਾ ਕਰਨ ਵਾਲੇ, ਸ੍ਰੇਸ਼ਟ ਧੀਰਜ ਵਾਲੇ, ਨਿਰਭੈ, ਗਹਿਰ ਗੰਭੀਰ, ਸਤਿ ਸੰਤੋਖੀ ਤੇ ਸ਼ਾਂਤ-ਮਈ ਸਰੀਰ ਵਾਲੇ ਹਨ॥੧੦॥

ਅਜਰ ਜਰਹਿ ਚਾਹਹਿਂ ਦਿਖਰਾਵੈਂ। ਸਦਾ ਅਡੋਲ ਅਤੋਲ ਅਲਾਵੈਂ।
ਲਘੁ ਸੁਤ ਸ੍ਰੀ ਹਰਿਕ੍ਰਿਸ਼ਨ ਬਿਚਾਰਾ। ਸਰਬ ਸਹਾਰਹਿ ਗੁਰਤਾ ਭਾਰਾ॥੧੧॥

ਨਾ ਜਰੇ ਜਾਣ ਵਾਲੇ ਨੂੰ ਵੀ ਜਰਦੇ ਹਨ, ਪਰ ਜੇ ਚਾਹੁਣ ਤਾਂ ਆਪਣੀ ਸ਼ਕਤੀ ਵਿਖਾ ਵੀ ਦਿੰਦੇ ਹਨ, ਉਨ੍ਹਾਂ ਦੇ ਆਤਮ ਵਿਚਾਰ ਸਦਾ ਅਡੋਲ ਅਤੇ ਅਦੁੱਤੀ ਹਨ। ਛੋਟੇ ਪੁੱਤਰ ਸ੍ਰੀ ਹਰਿਕ੍ਰਿਸ਼ਨ ਬਾਰੇ ਵਿਚਾਰ ਕੀਤੀ ਹੈ, ਉਹ ਗੁਰਤਾ ਦਾ ਸਾਰਾ ਭਾਰ ਸਹਾਰ ਲੈਣਗੇ॥੧੧॥

ਅਵਿਚਲ ਛਮਾ ਮਨਹੁ ਮਨ ਛੋਨੀ। ਮ੍ਰਿਦੁਲ ਰਿਦਾ ਬਰ ਬਾਨੀ ਨੌਨੀ।
ਕਮਲ ਸਮਾਨ ਪ੍ਰਫੁੱਲਿਤਿ ਆਨਨ। ਸ਼ੁਭ ਗੁਨ ਪੂਰਨ ਜਿਨ ਸਮ ਆਨ ਨ॥੧੨॥

ਸ੍ਰੀ ਹਰਿਕ੍ਰਿਸ਼ਨ ਜੀ ਅਬਚਲ ਖਿਮਾਵਾਨ ਹਨ, ਮਾਨੋਂ ਉਨ੍ਹਾਂ ਦਾ ਮਨ ਧਰਤੀ ਸਮਾਨ ਧੀਰਜਵਾਨ ਹੈ। ਕੋਮਲ ਹਿਰਦਾ ਹੈ, ਸ੍ਰੇਸ਼ਟ ਸੁੰਦਰ ਸਰੀਰ ਹੈ। ਚਿਹਰਾ ਕੰਵਲ ਵਾਂਗ ਖਿੜਿਆ ਹੋਇਆ ਹੈ। ਸਾਰੇ ਸ਼ੁਭ ਗੁਣਾਂ ਨਾਲ ਭਰਪੂਰ ਹਨ, ਜਿਨ੍ਹਾਂ ਵਰਗਾ ਹੋਰ ਕੋਈ ਨਹੀਂ ਹੈ॥੧੨॥

ਸਿਮਰਹਿਂ ਨਾਮ ਕਿ ਸੁਨਿ ਹੈਂ ਕਾਨਨਿ। ਦੁੱਖ ਮ੍ਰਿਗਨਿ ਕੋ ਸਿੰਘ ਜਿਮ ਕਾਨਨ।
ਤਖਤ ਬਿਠਾਵਨਿ ਕਰਿ ਅਭਿਲਾਖਾ। ਬਾਕ ਸਮੀਪੀ ਸਿਖ ਸੌਂ ਭਾਖਾ॥ ੧੩॥

ਨਾਮ ਦਾ ਸਿਮਰਨ ਕਰਦੇ ਹਨ, ਜਾਂ ਕੰਨਾਂ ਨਾਲ ਸੁਣਦੇ ਹਨ, ਜਿਵੇਂ ਦੁਖਾਂ ਰੂਪੀ ਹਿਰਨਾਂ ਨੂੰ ਜੰਗਲ ਦਾ ਸ਼ੇਰ ਭਜਾਉਂਦਾ ਹੈ। ਤਖ਼ਤ ਉੱਤੇ ਬਿਠਾਉਣ ਦੀ ਅਭਿਲਾਸ਼ਾ ਕਰਕੇ, ਪਾਸ ਬੈਠੇ ਇਕ ਸਿੱਖ ਨੂੰ ਕਿਹਾ॥੧੩॥

'ਬੇਦੀ ਤੇਹਨ ਭੱਲਜਨਿ ਬੰਸ। ਸਕਲ ਹਕਾਰਹੁ ਸੁਭ ਜਨ ਹੰਸ।
ਕੁਲ ਭਾਈ ਬੁੱਢੇ ਬੁਲਵਾਵਹੁ। ਜੇ ਕੀਰਤਪੁਰਿ ਸਭਿਨਿ ਸੁਨਾਵਹੁ॥ ੧੪॥

''ਬੇਦੀ, ਤ੍ਰੇਹਣ ਤੇ ਭਲਿਆਂ ਦੇ ਵੰਸ਼ ਦੇ ਸਾਰੇ ਮਨੁੱਖਾਂ ਨੂੰ ਬੁਲਾਵੋ, ਜਿਹੜੇ ਹੰਸਾਂ ਵਾਂਗ ਸ਼ੁਭ ਹਨ। ਬਾਬਾ ਬੁੱਢਾ ਜੀ ਦੇ ਕੁਲ ਦੇ ਵਾਰਸਾਂ ਨੂੰ ਵੀ ਬੁਲਾਵੋ, ਜਿਹੜੇ ਕੀਰਤਪੁਰ ਵਿਚ ਰਹਿੰਦੇ ਹਨ, ਸਭ ਨੂੰ ਸੁਣਾਵੋ॥੧੪॥

ਸਿਖ ਸੰਗਤਿ ਜੇ ਬਡੇ ਮਸੰਦ। ਦਰਸਹਿਂ ਸਗਰੇ ਅਲਪ ਬਿਲੰਦ।
ਸਭਿ ਡੇਰਨਿ ਮਹਿਂ ਸੁਧ ਪਹੁੰਚਾਵਹੁ। ਦਰਸ਼ਨ ਕਰਨਿ ਗੁਰਨਿ ਕੇ ਆਵਹੁ' ॥੧੫॥

ਸਿੱਖ ਸੰਗਤ ਤੇ ਜਿਹੜੇ ਵੱਡੇ ਮਸੰਦ ਆਏ ਹਨ, ਵੱਡੇ ਛੋਟੇ ਸਾਰੇ ਆ ਕੇ ਦਰਸ਼ਨ ਕਰਨ। ਸਾਰੇ ਡੇਰਿਆਂ ਵਿਚ ਖ਼ਬਰ ਭੇਜੋ ਕਿ ਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਆਉ'' ॥੧੫॥

ਇਮ ਆਸ਼ੈ ਲਖਿ ਸਤਿਗੁਰ ਕੇਰਾ। ਸੁਭ ਨਰ ਸਭਿ ਡੇਰਨਿ ਮਹਿਂ ਫੇਰਾ।
ਬਹੁ ਦੇਸ਼ਨਿ ਕੀ ਸੰਗਤਿ ਆਈ। ਸੁਨਿ ਸੁਨਿ ਦਰਸ ਹੇਤੁ ਲਲਚਾਈ॥ ੧੬॥

ਇਸ ਤਰ੍ਹਾਂ ਸਤਿਗੁਰੂ ਜੀ ਦਾ ਆਸ਼ਾ ਸਮਝ ਕੇ, ਸ਼ੁਭ ਮਨੁੱਖਾਂ ਨੂੰ ਸਾਰੇ ਡੇਰਿਆਂ ਵਿਚ ਫੇਰਿਆ। ਬਹੁਤ ਦੇਸ਼ਾਂ ਦੀ ਸੰਗਤ ਆਈ, ਸੁਣ ਸੁਣ ਕੇ ਦਰਸ਼ਨਾਂ ਵਾਸਤੇ ਲਲਚਾ ਗਈ॥੧੬॥

ਸੁਭਟ ਚਮੂੰ ਕੇ ਆਯੁਧ ਧਰਿ ਧਰਿ। ਬਾਗੇ ਸੂਖਮ ਸੁੰਦਰ ਕਰਿ ਕਰਿ।
ਦੇਸ਼ ਬਿਦੇਸ਼ਨਿ ਬ੍ਰਿੰਦ ਮਸੰਦ। ਲੇਕਰਿ ਸੰਗਤਿ ਸੰਗ ਬਿਲੰਦ॥ ੧੭॥

ਸੈਨਾ ਦੇ ਸੂਰਬੀਰ ਸ਼ਸਤਰ ਧਰ ਧਰ, ਸੂਖਮ ਅਤੇ ਸੁੰਦਰ ਜਾਮੇ ਪਹਿਨ ਪਹਿਨ ਕੇ ਆ ਰਹੇ ਹਨ। ਦੇਸ਼ਾਂ ਵਿਦੇਸ਼ਾਂ ਦੇ ਬਹੁਤ ਮਸੰਦ ਆਪਣੇ ਨਾਲ ਵੱਡੀ ਗਿਣਤੀ ਵਿਚ ਸੰਗਤ ਲੈ ਕੇ ਆਏ ਹਨ॥੧੭॥

ਅਨਿਕ ਉਪਾਇਨ ਕਰਿ ਕਰਿ ਤਜਾਰੇ। ਸਭਿਨਿ ਆਨ ਸਤਿਗੁਰ ਪਰਵਾਰੇ।
ਦਰਸ਼ਨ ਕਰਿਹਂ ਨਮੋਂ ਕਰਿ ਪਾਇਨਿ। ਅਰਪਹਿਂ ਅਨਿਕ ਪ੍ਰਕਾਰ ਉਪਾਇਨ॥੧੮॥

ਅਨੇਕਾਂ ਉਪਹਾਰ ਤਿਆਰ ਕਰ ਕਰ ਲਿਆਏ ਹਨ, ਸਾਰਿਆਂ ਨੇ ਆ ਕੇ ਸਤਿਗੁਰੂ ਜੀ ਨੂੰ ਘੇਰਾ ਪਾ ਲਿਆ। ਚਰਨਾਂ 'ਤੇ ਨਮਸਕਾਰ ਕਰਕੇ ਦਰਸ਼ਨ ਕਰਦੇ ਹਨ ਤੇ ਅਨੇਕਾਂ ਪ੍ਰਕਾਰ ਦੇ ਉਪਹਾਰ ਅਰਪਣ ਕਰਦੇ ਹਨ॥੧੮॥

ਖੜੇ ਮੇਵੜੇ ਕਰਿ ਅਰਦਾਸ। ਸੰਗਤਿ ਬੈਠਹਿ ਸਤਿਗੁਰ ਪਾਸ।
ਮੇਲ ਬਿਲੰਦ ਮਿਲ੍ਯੋ ਜਬਿ ਆਇ। ਬੈਠੇ ਸੁਭਟ ਹੁਤੇ ਸਮੁਦਾਇ॥ ੧੯॥

ਮੇਵੜੇ ਖੜੇ ਹੋ ਕੇ ਅਰਦਾਸ ਕਰਦੇ ਹਨ ਤੇ ਸੰਗਤ ਸਤਿਗੁਰੂ ਜੀ ਦੇ ਪਾਸ ਬੈਠਦੀ ਜਾਂਦੀ ਹੈ। ਜਦ ਬਹੁਤ ਵੱਡਾ ਮੇਲ ਆ ਇਕੱਠਾ ਹੋਇਆ ਤੇ ਸੂਰਮੇ ਇਕ ਥਾਂ ਇਕੱਠੇ ਹੋ ਕੇ ਬੈਠ ਗਏ॥੧੯॥

ਸ੍ਰੀ ਫਲ ਤਬਿ ਸਤਿਗੁਰੂ ਮੰਗਾਵਾ। ਲਘ ਸੁਤ ਸਭਿ ਕੇ ਬੀਚ ਬਿਠਾਵਾ।
ਚੌਰਦਾਰ ਕੋ ਕਿਯ ਫੁਰਮਾਵਨਿ। 'ਇਨ ਪਰ ਕੀਜਹਿ ਚਮਰ ਝੁਲਾਵਨਿ' ॥੨੦॥

ਫਿਰ ਸਤਿਗੁਰੂ ਜੀ ਨੇ ਨਾਰੀਅਲ ਮੰਗਵਾਇਆ ਤੇ ਛੋਟੇ ਪੁੱਤਰ ਨੂੰ ਸਭ ਦੇ ਵਿਚ ਬਿਠਾਇਆ, ਚੌਰ ਕਰਨ ਵਾਲੇ ਨੂੰ ਹੁਕਮ ਕੀਤਾ, ''ਇਨ੍ਹਾਂ ਉੱਤੇ ਚੌਰ ਝੁਲਾਵੋ'' ॥੨੦॥

ਸਭਿਨਿ ਦੇਖਿਤੇ ਸਤਿਗੁਰ ਉੱਠੇ। ਦੇਨਿ ਹੇਤੁ ਗੁਰਤਾ ਉਰ ਤੁੱਠੇ।
ਤੀਨ ਪ੍ਰਕ੍ਰਮਾ ਕਰਿ ਤਿਹ ਸਮੇਂ। ਨਾਲਿਯੇਰ ਅਰਪ੍ਯੋ ਤਬਿ ਨਮੇਂ॥ ੨੧॥

ਸਾਰਿਆਂ ਦੇ ਵੇਖਦਿਆਂ ਸਤਿਗੁਰੂ ਜੀ ਉੱਠੇ ਤੇ ਗੁਰਤਾ ਦੇਣ ਵਾਸਤੇ ਦਿਲ ਵਿਚ ਮਿਹਰਬਾਨ ਹੋ ਗਏ। ਉਸ ਸਮੇਂ ਸ੍ਰੀ ਹਰਿਕ੍ਰਿਸ਼ਨ ਜੀ ਦੀਆਂ ਤਿੰਨ ਪਰਿਕਰਮਾਂ ਕੀਤੀਆਂ ਤੇ ਨਮਸਕਾਰ ਕਰਕੇ ਨਾਰੀਅਲ ਅਰਪਣ ਕੀਤਾ॥੨੧॥

ਪੁਨ ਸਭਿਹਿਨਿ ਕਹੁ ਆਇਸੁ ਦਈ। 'ਜਗ ਗੁਰਤਾ ਅਬਿ ਇਨਹੂੰ ਲਈ।
ਸਰਬ ਉਪਾਇਨ ਉਠਿ ਅਰਪੀਜਹਿ। ਹਮ ਸਮ ਜਾਨਿ ਬੰਦਨਾ ਕੀਜਹਿ ॥੨੨॥

ਫਿਰ ਸਾਰਿਆਂ ਨੂੰ ਆਗਿਆ ਕੀਤੀ, "ਜਗਤ ਦੀ ਗੁਰਤਾ ਹੁਣ ਇਨ੍ਹਾਂ ਪ੍ਰਾਪਤ ਕੀਤੀ ਹੈ, ਸਾਰੇ ਉੱਠ ਕੇ ਉਪਹਾਰ ਅਰਪਣ ਕਰੋ ਤੇ ਸਾਡੇ ਵਰਗਾ ਜਾਣ ਕੇ ਬੰਦਨਾ ਕਰੋ॥੨੨॥

ਮਾਲਿਕ ਲੋਕ ਪ੍ਰਲੋਕਹਿਂ ਕੇਰਾ। ਫਲ ਪ੍ਰਾਪਤਿ ਜਿਹ ਭਾਉ ਘਨੇਰਾ।
ਸਕਲ ਭਾਂਤਿ ਕਰਿਬੇ ਸਮਰੱਥ। ਭੰਜਨ ਘੜਨ ਇਨਹੁਂ ਕੇ ਹੱਥ' ॥ ੨੩॥

ਇਹ ਤੁਹਾਡੇ ਲੋਕ ਪਰਲੋਕ ਦਾ ਮਾਲਕ ਹੈ, ਜਿਹੜਾ ਵੀ ਪ੍ਰੇਮ ਕਰੇਗਾ ਮੂੰਹ ਮੰਗਿਆ ਫਲ ਪ੍ਰਾਪਤ ਕਰੇਗਾ। ਸਰਬ ਪ੍ਰਕਾਰ ਸਮਰੱਥ ਇਹ ਸਭ ਕੁਝ ਕਰਨਗੇ, ਮਾਰਨਾ, ਜਿਵਾਉਣਾ ਹੁਣ ਇਨ੍ਹਾਂ ਦੇ ਹੱਥ ਵਿਚ ਹੈ" ॥੨੩॥

ਇਮ ਸੁਨਿ ਉਠੇ ਮਸੰਦ ਅਨੇਕ। ਕਰਿ ਕਰਿ ਬੰਦਨ ਜਲਧਿ ਬਿਬੇਕ।
ਅਰਪਨਿ ਲਗੇ ਉਪਾਇਨ ਸਾਰੇ। ਜੈ ਜੈ ਕਾਰ ਸੁ ਬਾਕ ਉਚਾਰੇ॥ ੨੪॥

ਇਸ ਤਰ੍ਹਾਂ ਸੁਣ ਕੇ ਅਨੇਕਾਂ ਮਸੰਦ ਉੱਠੇ, ਗਿਆਨ ਦੇ ਸਾਗਰ ਨੂੰ ਬੰਦਨਾਂ ਕਰ ਕਰ ਕੇ ਸਾਰੇ ਉਪਹਾਰ ਅਰਪਣ ਕਰਨ ਲੱਗੇ ਤੇ ਜੈ ਜੈ ਕਾਰ ਦੇ ਵਾਕ ਦਾ ਉਚਾਰਨ ਕਰਦੇ ਸਨ॥੨੪॥

ਹੋਤਿ ਭਯੋ ਉਤਸਾਹ ਬਿਸਾਲਾ। ਨਮੋ ਸਕਲ ਕੀਨਿਸਿ ਤਿਹ ਕਾਲਾ।
ਚਮਰ ਚਾਰੁ ਢੋਰਤਿ ਚਹੂੰ ਓਰ। ਅਨਿਕ ਭਏ ਸੰਖਨਿ ਕੇ ਸ਼ੋਰ॥ ੨੫॥

ਬਹੁਤ ਵਿਸ਼ਾਲ ਉਤਸ਼ਾਹ ਹੋਇਆ, ਸਾਰਿਆਂ ਨੇ ਉਸ ਸਮੇਂ ਨਮਸਕਾਰ ਕੀਤੀ। ਸ੍ਰੀ ਹਰਿਕ੍ਰਿਸ਼ਨ ਜੀ ਦੇ ਚਾਰੇ ਪਾਸੇ ਚੋਰ ਝੁਲ ਰਿਹਾ ਸੀ, ਤੇ ਸੰਖ ਵੱਜਣ ਦਾ ਵੱਡਾ ਸ਼ੋਰ ਹੋ ਰਿਹਾ ਸੀ॥੨੫॥

ਦਰ ਪਰ ਬਾਜਿ ਉਠੇ ਸ਼ਦਿਯਾਨੇ। ਮੰਗਤ ਜਨ ਧਨ ਪਾਇ ਮਹਾਨੇ।
ਗਾਵਹਿਂ ਸ਼ਬਦ ਰਬਾਬੀ ਘਨੇ। ਸੁਨਹਿ ਜੁ ਹਿਤ ਕਰਿ ਕਲਮਲ ਹਨੇ॥ ੨੬॥

ਦਰਵਾਜ਼ੇ 'ਤੇ ਖ਼ੁਸ਼ੀ ਦੇ ਵਾਜੇ ਵੱਜ ਉਠੇ, ਮੰਗਤੇ ਲੋਕ ਮਹਾਨ ਧਨ ਪਾ ਰਹੇ ਸਨ। ਰਬਾਬੀ ਸ਼ਬਦਾਂ ਦਾ ਗਾਇਨ ਕਰ ਰਹੇ ਸਨ, ਜਿਹੜੇ ਪ੍ਰੇਮ ਨਾਲ ਸੁਣ ਰਹੇ ਸਨ ਉਨ੍ਹਾਂ ਦੇ ਪਾਪ ਦੂਰ ਹੋ ਰਹੇ ਸਨ॥੨੬॥

ਮੰਗਲ ਵਸਤੁ ਅਨੇਕ ਪ੍ਰਕਾਰਾ। ਕੀਰਤਿਪੁਰਿ ਮਹਿਂ ਕਰਤਿ ਉਦਾਰਾ।
ਅਧਿਕ ਤਿਹਾਵਲ ਆਇ ਹਜ਼ੂਰ। ਬਾਂਟਤਿ ਸਭਿਨਿ ਨਿਕਟਿ ਅਰੁ ਦੂਰ॥੨੭॥

ਅਨੇਕ ਪ੍ਰਕਾਰ ਦੀਆਂ ਅਨੰਦ ਮੰਗਲ ਦੀਆਂ ਵਸਤੂਆਂ ਕੀਰਤਪੁਰ ਵਿਚ ਵੱਡੀ ਪਧਰ 'ਤੇ ਤਿਆਰ ਹੋ ਰਹੀਆਂ ਸਨ। ਗੁਰੂ ਜੀ ਦੀ ਹਜ਼ੂਰੀ ਵਿਚ ਬਹੁਤ ਕੜਾਹ ਪ੍ਰਸ਼ਾਦ ਆਇਆ ਜਿਹੜਾ ਨੇੜੇ ਦੂਰ ਸਭ ਵਿਚ ਵਰਤਾਇਆ ਗਿਆ॥੨੭॥

ਤਖਤ ਗੁਰੂ ਹਰਿਕ੍ਰਿਸ਼ਨ ਬਿਠਾਏ। ਸੁਨਿ ਸੁਨਿ ਕੀਨੇ ਅਧਿਕ ਬਧਾਏ।
ਝਲਮਲ ਝਮਕਤਿ ਝੁਲਤਿ ਝੰਡਾ। ਭਈ ਬੰਦੂਕਨਿ ਸ਼ਲਖ ਪ੍ਰਚੰਡਾ॥ ੨੮॥

ਗੁਰੂ ਹਰਿਕ੍ਰਿਸ਼ਨ ਜੀ ਨੂੰ ਤਖਤ 'ਤੇ ਬਿਠਾਇਆ ਹੈ, ਇਹ ਸੁਣ ਸੁਣ ਕੇ ਬਹੁਤ ਖ਼ੁਸ਼ੀਆਂ ਵਧੀਆਂ ਸਨ। ਝੰਡਾ ਝਲਮਲ ਕਰਦਾ ਝਮਕਦਾ ਸੀ ਤੇ ਬੰਦੂਕਾਂ ਭਰ ਕੇ ਇਕੱਠੀਆਂ ਇਕੋ ਵਾਰ ਛੱਡੀਆਂ ਗਈਆਂ ਜਿਸ ਨਾਲ ਬੜੀ ਪ੍ਰਚੰਡ ਆਵਾਜ਼ ਪੈਦਾ ਹੋਈ॥੨੮॥

ਧੁਜਨੀ ਮਹਿਂ ਧੌਸੇ ਧੁੰਕਾਰੇ। ਬਾਜ ਉਠੇ ਜੈਕਾਰ ਉਚਾਰੇ।
ਇਮ ਲਘੁ ਸੁਤ ਕੇ ਗੁਰਤਾ ਦੈ ਕੈ। ਪ੍ਰਗਟ ਕਰਯੋ ਉਤਸਾਹ ਬਧੈ ਕੈ॥੨੯॥

ਸੈਨਾ ਵਿਚ ਧੌਂਸਿਆਂ ਦੀ ਧੁੰਕਾਰ ਗੂੰਜੀ ਤੇ ਉੱਚੀ ਉੱਚੀ ਜੈਕਾਰੇ ਗੂੰਜ ਉਠੇ। ਇਸ ਤਰ੍ਹਾਂ ਛੋਟੇ ਪੁੱਤਰ ਨੂੰ ਗੁਰਤਾ ਦੇ ਕੇ ਬੜਾ ਵੱਧ ਚੜ੍ਹ ਕੇ ਉਤਸ਼ਾਹ ਪ੍ਰਗਟ ਕੀਤਾ॥੨੯॥

ਤ੍ਯਾਗਨਿ ਕੀਨਸਿ ਬਡੋ ਜੁ ਤਾਤ। ਸਭਿ ਸੰਗਤਿ ਮਹਿਂ ਭਾ ਬੱਖ੍ਯਾਤ।
ਦਿਵਸ ਆਗਲੇ ਸਤਿਗੁਰ ਧੀਰ। ਤਜਿਬੇ ਕੋ ਭਏ ਤ੍ਯਾਰ ਸਰੀਰ॥ ੩੦॥

ਜਿਹੜਾ ਵੱਡੇ ਪੁੱਤਰ ਦਾ ਤਿਆਗ ਕੀਤਾ ਸੀ, ਉਹ ਸਾਰੀ ਸੰਗਤ ਵਿਚ ਪ੍ਰਗਟ ਸੀ। ਅਗਲੇ ਦਿਨ ਧੀਰਜਵਾਨ ਸਤਿਗੁਰੂ ਜੀ ਸਰੀਰ ਛੱਡਣ ਵਾਸਤੇ ਤਿਆਰ ਹੋ ਗਏ॥੩੦॥

ਸੁੰਦਰ ਮੰਦਰ ਅੰਦਰ ਬਾਹਰ। ਲਿਪਵਾਇਵ ਤੂਰਨ ਕਰਿ ਆਹਰ।
ਸਕਲ ਸੁਗੰਧੈਂ ਸੀਚਨਿ ਕਰੀਂ। ਗਾਵਹਿਂ ਸ਼ਬਦ ਅਧਿਕ ਧੁਨਿ ਭਰੀ॥ ੩੧॥

ਸੁੰਦਰ ਘਰ ਦੇ ਅੰਦਰ-ਬਾਹਰ ਤੁਰਤ ਉੱਦਮ ਕਰਕੇ ਲਿਪਾਈ ਕਰਵਾਈ ਗਈ। ਸਾਰੀਆਂ ਸੁਗੰਧੀਆਂ ਇਕੱਠੀਆਂ ਕੀਤੀਆਂ ਗਈਆਂ। ਰਬਾਬੀ ਉੱਚੀ ਧੁਨੀ ਵਿਚ ਸ਼ਬਦ ਗਾਇਣ ਕਰਨ ਲੱਗੇ॥੩੧॥

ਸਿਖ ਸੰਗਤਿ ਸਭਿ ਪਹੁਚੀ ਪਾਸ। ਕਰਤਿ ਅਨੇਕ ਖਰੇ ਅਰਦਾਸ।
ਸ੍ਰੀ ਗ੍ਰੰਥ ਸਾਹਿਬ ਕੇ ਪਾਠ। ਹੋਤਿ ਬੇਦ ਧੁਨਿ ਕੇ ਬਹੁ ਠਾਠ॥ ੩੨॥

ਸਾਰੀ ਸਿੱਖ ਸੰਗਤ ਗੁਰੂ ਜੀ ਦੇ ਪਾਸ ਪਹੁੰਚ ਗਈ। ਅਨੇਕਾਂ ਖੜੇ ਹੋ ਕੇ ਅਰਦਾਸ ਕਰ ਰਹੇ ਸਨ। ਜਿਸ ਠਾਠ ਨਾਲ ਵੇਦ ਧੁਨੀਆਂ ਕਰਦੇ ਹਨ, ਉਸ ਢੰਗ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੁਰ ਬੰਨ੍ਹਕੇ ਪਾਠ ਹੋ ਰਹੇ ਸਨ॥੩੨॥

ਜਹਿਂ ਕਹਿਂ ਸਤਿਗਰ ਕੇ ਗੁਨ ਕਹੈਂ। 'ਜਗਤ ਉਧਾਰਨਿ ਕੇ ਹਿਤ ਅਹੈ।
ਨਿਜ ਇੱਛਾ ਤੇ ਤਨ ਧਰਿ ਅਪਨੇ। ਕਰਹਿਂ ਕਦਾਚਿਤ ਦਰਸ ਸੁ ਸੁਪਨੇ॥ ੩੩॥

ਜਿੱਥੇ ਕਿਥੇ ਸਤਿਗੁਰੂ ਜੀ ਦੇ ਗੁਣਾਂ ਦੀ ਸ਼ਲਾਘਾ ਕਹਿ ਰਹੇ ਸਨ। "ਜਗਤ ਦਾ ਉਧਾਰ ਕਰਨ ਵਾਸਤੇ ਆਏ ਹਨ, ਆਪਣੀ ਇੱਛਾ ਨਾਲ ਤਨ ਧਾਰ ਕੇ ਆਏ ਹਨ, ਕਿਸੇ ਸਮੇਂ ਸੁਪਨੇ ਵਿਚ ਉਨ੍ਹਾਂ ਦੇ ਦਰਸ਼ਨ ਕਰਦੇ ਹਨ॥੩੩॥

ਕਲਮਲ ਕਸ਼ਟਨਿ ਤੇ ਹੁਇ ਮੋਚਨ। ਜੇ ਸ਼ਰਧਾ ਧਰਿ ਪਿਖਹਿਂ ਬਿਲੋਚਨ।
ਤਿਨ ਕੀ ਮਹਿਮਾਂ ਬਰਨੈ ਕੋਨ। ਜਾਇ ਸਮਾਵਹਿ ਆਨੰਦ ਭੋਨ॥ ੩੪॥

ਉਸ ਵਿਅਕਤੀ ਦੇ ਪਾਪ ਅਤੇ ਦੁਖ ਦੂਰ ਹੋ ਜਾਂਦੇ ਹਨ, ਜੋ ਉਹ ਸ਼ਰਧਾ ਧਾਰ ਕੇ ਆਪਣੇ ਨੈਣਾਂ ਨਾਲ ਵੇਖਦਾ ਹੈ ਉਨ੍ਹਾਂ ਦੀ ਮਹਿਮਾ ਕੌਣ ਵਰਣਨ ਕਰ ਸਕਦਾ ਹੈ, ਅਨੰਦ ਭਵਨ ਜਾ ਕੇ ਸਮਾ ਜਾਣਗੇ॥੩੪॥

ਜਿਮ ਘਨ ਅਪਨੋ ਤਨ ਬਿਦਤਾਵੈ। ਜਲ ਬਰਸਾਇ ਸਿਯਰ ਬਰਤਾਵੈ।
ਸਭਿ ਜਗ ਪਰ ਉਪਕਾਰ ਕਰੰਤਾ। ਪੋਖਤਿ ਹੈ ਬਹੁ ਤਪਤ ਮਿਟੰਤਾ॥ ੩੫॥

ਜਿਵੇਂ ਬਦਲ ਆਪਣਾ ਤਨ ਪ੍ਰਗਟ ਕਰਦਾ ਹੈ ਤੇ ਜਲ ਦੀ ਵਰਖਾ ਕਰਕੇ ਠੰਡ ਵਰਤਾ ਦਿੰਦਾ ਹੈ ਤੇ ਸਾਰੇ ਜਗਤ ਵਿਚ ਉਪਕਾਰ ਕਰਦਾ ਹੈ ਤੇ ਸਖ਼ਤ ਗਰਮੀ ਦੂਰ ਕਰਕੇ ਜੀਵਾਂ ਦੀ ਪਾਲਣਾ ਕਰਦਾ ਹੈ॥੩੫॥

ਤਿਮ ਸਤਿਗੁਰ ਜਗ ਬ੍ਯਾਕੁਲ ਦੇਖਿ। ਬਿਸ਼ਯ ਤਪਤ ਤੇ ਤਪਹਿਂ ਵਿਸ਼ੇਖ।
ਪਚਹਿਂ ਪਾਪ ਮਹਿਂ ਪੁਨ ਪੁਨ ਲਾਗੇ। ਪਰਹਿਂ ਨਰਕ ਮਹਿਂ ਮਹਿਦ ਅਭਾਗੇ॥੩੬॥

ਇਸ ਤਰ੍ਹਾਂ ਸਤਿਗੁਰੂ ਜੀ ਜਗਤ ਨੂੰ ਵਿਆਕੁਲ ਵੇਖ ਕੇ ਜਿਹੜਾ ਵਿਸ਼ਿਆਂ ਦੀ ਤਪਸ਼ ਨਾਲ ਵਿਸ਼ੇਸ਼ ਤੌਰ ਤੇ ਤਪ ਰਿਹਾ ਹੈ ਅਤੇ ਲੋਕ ਪਾਪਾਂ ਵਿਚ ਫਸੇ ਹੋਏ, ਮੁੜ ਮੁੜ ਪਾਪਾਂ ਵਿਚ ਲਗਦੇ ਹਨ। ਵੱਡੇ ਅਭਾਗੇ ਫਿਰ ਨਰਕਾਂ ਵਿਚ ਪੈਂਦੇ ਹਨ॥੩੬॥

ਤਿਨ ਪਰ ਦਯਾ ਕਰਨਿ ਕੇ ਕਾਰਨ। ਸਤਿਗੁਰ ਕਰਹਿਂ ਸਰੀਰਨਿ ਧਾਰਨਿ।
ਲਾਖਹੁਂ ਸਿੱਖਜਨਿ ਕਹੁ ਸੁਖ ਦੀਨੇ। ਹਲਤ ਪਲਤ ਦ੍ਵੈ ਉਜਲ ਕੀਨੇ॥ ੩੭॥

ਉਨ੍ਹਾਂ ਪਾਪੀਆਂ 'ਤੇ ਦਇਆ ਕਰਨ ਵਾਸਤੇ ਸਤਿਗੁਰੂ ਜੀ ਸਰੀਰ ਧਾਰਨ ਕਰਦੇ ਹਨ। ਲੱਖਾਂ ਸਿੱਖਾਂ ਨੂੰ ਸੁੱਖ ਦਿੱਤਾ ਹੈ ਤੇ ਉਨ੍ਹਾਂ ਦਾ ਲੋਕ ਪਰਲੋਕ ਉੱਜਲ ਕਰ ਦਿੱਤਾ ਹੈ॥੩੭॥

ਇਨਕੇ ਸਮ ਦਾਤਾ ਕਿਤ ਹੇਰੇ। ਦੇਵਨ ਆਦਿਕ ਬ੍ਰਿੰਦ ਘਨੇਰੇ।
ਅਲਪ ਸੁਖਨਿ ਕੇ ਹੈਂ ਸਭਿ ਦਾਨੀ। ਦੁਖ ਮਿੱਸ੍ਰਤ ਨੱਸ੍ਰ ਪਹਿਚਾਨੀ॥ ੩੮ ॥

ਇਨ੍ਹਾਂ ਵਰਗਾ ਦਾਤਾ ਕਿਥੇ ਵੇਖੀਏ। ਦੇਵਤੇ ਆਦਿ ਜਿਹੜੇ ਵੱਡੀ ਗਿਣਤੀ ਵਿਚ ਹਨ, ਉਹ ਸਾਰੇ ਛੋਟੇ ਸੁੱਖਾਂ ਨੂੰ ਦੇਣ ਵਾਲੇ ਹਨ ਉਨ੍ਹਾਂ ਨੂੰ ਕੇਵਲ ਦੁਖ ਨਾਲ ਮਿਲੇ ਹੋਏ ਸੁਖ ਅਤੇ ਨਾਸ਼ ਹੋਣ ਵਾਲੇ ਸੁਖਾਂ ਦੇ ਦਾਤੇ ਜਾਣੋ॥੩੮॥

ਹਰਖ ਨ ਸ਼ੋਕ ਨ ਰਾਗ ਨ ਦ੍ਵੈਸ਼ੇ। ਸਦਾ ਅਲੇਪ ਕਮਲ ਜਲ ਜੈਸੇ।
ਹੰਤਾ, ਮਮਤਾ ਲੇਸ਼ ਨ ਮੋਹੂ। ਮਾਨ ਨ, ਲੋਭ ਨ, ਕਾਮ ਨ ਕ੍ਰੋਹੂ॥ ੩੯ ॥

ਗੁਰੂ ਜੀ ਵਿਚ ਨਾ ਦੁਖ-ਸੁਖ ਹੈ, ਨਾ ਪ੍ਰੇਮ ਅਤੇ ਹੰਕਾਰ ਹੈ। ਜਿਵੇਂ ਕੰਵਲ ਦਾ ਫੁੱਲ ਜਲ ਵਿਚ ਅਲੇਪ ਰਹਿੰਦਾ ਹੈ, ਤਿਵੇਂ ਗੁਰੂ ਜੀ ਸਦਾ ਦੁੱਖਾਂ ਸੁਖਾਂ ਤੋਂ ਨਿਰਲੇਪ ਰਹਿੰਦੇ ਹਨ॥੩੯॥

ਰਿਦਾ ਏਕ ਰਸ ਪਰਮ ਪੁਨੀਤ। ਸਤਿ ਚੇਤਨ ਆਨੰਦ ਸੁ ਚੀਤ।
ਦਰਸ਼ਨ ਦੁਰਲਭ ਲੇਹੁ ਦਰਸ ਕਰਿ। ਕਰ ਜੋਰਹੁ ਬੰਦਹੁ ਪਦ ਸਿਰ ਧਰਿ ॥੪੦ ॥

ਹਿਰਦਾ ਇਕ ਰਸ ਪਰਮ ਪਵਿੱਤਰ ਰਹਿੰਦਾ ਹੈ ਤੇ ਚਿਤ ਵਿਚ ਸਤ ਚੇਤਨ ਆਨੰਦ ਹੈ। ਦੁਰਲਭ ਦਰਸ਼ਨਾਂ ਦੇ ਦਰਸ਼ਨ ਕਰੋ ਤੇ ਹੱਥ ਜੋੜ ਕੇ ਚਰਨ ਕੰਵਲਾਂ ਤੇ ਸਿਰ ਧਰੋ॥੪੦॥

ਇੱਤਜਾਦਿਕ ਉਚਰਤਿ ਗੁਰ ਗੁਨ ਕੋ। ਕਹਤਿ ਸੁਨਤਿ ਸ਼ਬਦਨਿ ਕੀ ਧੁਨਿ ਕੋ।
ਸ੍ਰੀ ਸਤਿਗੁਰ ਪੂਰਨ ਹਰਿਰਾਇ। ਇਮ ਦਰਸ਼ਨ ਦੇ ਗਏ ਸਮਾਇ॥ ੪੧ ॥

ਇਤਿਆਦਿਕ ਗੁਰੂ ਜੀ ਦੇ ਗੁਣਾਂ ਬਾਰੇ ਉਚਾਰਨ ਕਰਦੇ ਹਨ ਤੇ ਸ਼ਬਦਾਂ ਦੀ ਧੁਨ ਬਾਰੇ ਕਹਿੰਦੇ ਸੁਣਦੇ ਹਨ। ਸ੍ਰੀ ਗੁਰੂ ਹਰਿਰਾਇ ਜੀ ਪੂਰਨ ਸਤਿਗੁਰੂ ਹਨ, ਇਸ ਤਰ੍ਹਾਂ ਦਰਸ਼ਨ ਦੇ ਕੇ ਸਮਾ ਗਏ॥੪੧॥

ਕੁਸ਼ ਬਿਸਤਰ ਬਿਸਤਾਰਨਿ ਕੀਨਸਿ। ਆਸਤਰਨ ਡਸਵਾਇ ਸੁ ਦੀਨਸਿ।
ਤਿਸ ਪਰ ਪੌਢੇ ਸਹਜ ਸੁਭਾਇ। ਬਦਨ ਜੋਤਿ ਦੂਨੀ ਦਿਪਤਾਇ॥ ੪੨ ॥

ਦਭ ਦਾ ਬਿਸਤਰਾ ਵਿਛਾਇਆ ਗਿਆ, ਵਿਛਾਉਣ ਵਾਲੇ ਕਪੜੇ ਵਿਛਾਏ ਗਏ। ਉਨ੍ਹਾਂ ਉੱਤੇ ਗੁਰੂ ਜੀ ਸਹਿਜ ਸੁਭਾਅ ਲੇਟ ਗਏ। ਚਿਹਰੇ ਦੀ ਜੋਤ ਦੁਗਣੀ ਚਮਕ ਰਹੀ ਸੀ॥੪੨॥

ਭਰੇ ਅਨੰਦ ਬਿਲੰਦ ਬਿਲੋਚਨ। ਸਿੱਖ ਪਿਖਹਿਂ ਕਰਿ ਸੋਚ ਬਿਮੋਚਨਿ।
ਮਹਿਲਾਂ ਸਭਿਨਿ ਕਰਜੇ ਦਰਸੰਨ। ਬੰਦਹਿਂ ਚਰਨ ਗਈ ਬਚ ਮੰਨਿ॥ ੪੩ ॥

ਨੈਣ ਵੱਡੇ ਆਨੰਦ ਵਿਚ ਭਰ ਗਏ, ਸਿੱਖਾਂ ਵਲ ਵੇਖ ਵੇਖ ਕੇ ਉਨ੍ਹਾਂ ਦੀਆਂ ਸੋਚਾਂ ਦੂਰ ਕਰ ਰਹੇ ਸਨ। ਸਾਰੀਆਂ ਪਤਨੀਆਂ ਨੇ ਉਨ੍ਹਾਂ ਦੇ ਦਰਸ਼ਨ ਕੀਤੇ ਤੇ ਫਿਰ ਗੁਰੂ ਜੀ ਦੇ ਬਚਨ ਮੰਨ ਕੇ ਚਲੀਆਂ ਗਈਆਂ॥੪੩॥

ਸੁੰਦਰ ਬਸਤ੍ਰ ਦੇਹਿ ਪਰ ਤਾਨਾ। ਬ੍ਰਿਤਿ ਸੰਕੋਚਿ ਕੀਨਿ ਇਕ ਥਾਨਾ।
ਅਨਦ ਆਤਮਾ ਮਾਂਹਿ ਸਮਾਏ। ਜਿਮ ਜਲ ਮਹਿਂ ਦੀਜੈ ਜਲ ਪਾਏ॥ ੪੪ ॥

ਗੁਰੂ ਜੀ ਨੇ ਫਿਰ ਸਰੀਰ ਦੇ ਉੱਤੇ ਇਕ ਸੁੰਦਰ ਵਸਤਰ ਤਾਣ ਲਿਆ ਤੇ ਫਿਰ ਬ੍ਰਿਤੀ ਨੂੰ ਸੰਕੋਚ ਕੇ ਇਕ ਥਾਂ ਕੀਤਾ। ਫਿਰ ਆਨੰਦ ਆਤਮਾ ਵਿਚ ਇਸ ਤਰ੍ਹਾਂ ਸਮਾ ਗਏ, ਜਿਵੇਂ ਜਲ ਵਿਚ ਜਲ ਪਾਉਣ ਨਾਲ ਉਹ ਜਲ ਹੀ ਰਹਿੰਦਾ ਹੈ॥੪੪॥

ਸ੍ਰੀ ਹਰਿਕ੍ਰਿਸ਼ਨ ਸਾਥ ਮਿਲਿ ਗਏ। ਪੂਰਬ ਕੋ ਸਰੀਰ ਤਜਿ ਦਏ।
ਤਿਸ ਛਿਨ 'ਧੰਨ ਧੰਨ ਗੁਰ' ਹੋਵਾ। 'ਲਿਯੋ ਲਾਭ ਦਰਸ਼ਨ ਜਿਨ ਜੋਵਾ' ॥੪੫॥

ਫਿਰ ਉਹ ਗੁਰੂ ਹਰਿਕ੍ਰਿਸ਼ਨ ਜੀ ਦੇ ਨਾਲ ਇਕਮਿਕ ਹੋ ਗਏ ਤੇ ਪਹਿਲਾਂ ਵਾਲਾ ਸਰੀਰ ਛੱਡ ਦਿੱਤਾ। ਉਸ ਸਮੇਂ "ਧੰਨ ਧੰਨ ਸਤਿਗੁਰੂ ਜੀ" ਹੋਇਆ ਤੇ "ਜਿਸ ਨੇ ਵੀ ਦਰਸ਼ਨ ਕੀਤੇ ਹਨ, ਲਾਭ ਪ੍ਰਾਪਤ ਕੀਤਾ"॥੪੫॥

ਸਕਲ ਜਥਾਵਤ ਬਿਧਿ ਕਰਿਵਾਈ। ਆਦਿ ਸ਼ਨਾਨ ਕਰਨਿ ਸਮੁਦਾਈ।
ਸਿੱਖਨਿ ਬਹੁਤ ਉਠਾਇ ਬਿਮਾਨ। ਮਿਲੇ ਸੰਬੂਹ ਸ਼ਬਦ ਕਰਿ ਗਾਨ॥ ੪੬॥

ਯਥਾਯੋਗ ਵਿਧੀਆਂ ਅਨੁਸਾਰ ਸਾਰੀਆਂ ਕਾਰਵਾਈਆਂ ਕੀਤੀਆਂ ਗਈਆਂ। ਸਿੱਖਾਂ ਨੇ ਇਕੱਠੇ ਹੋ ਕੇ ਇਸ਼ਨਾਨ ਆਦਿ ਕਰਵਾਇਆ। ਫਿਰ ਬਹੁਤ ਸਿੱਖਾਂ ਨੇ ਬਿਬਾਣ ਚੁੱਕ ਲਿਆ, ਸਾਰੇ ਮਿਲ ਕੇ ਸ਼ਬਦਾਂ ਦਾ ਗਾਇਨ ਕਰਦੇ ਸਨ॥੪੬॥

ਜਾਇ ਚਿਤਾ ਪਰ ਪੁਨ ਪੌਢਾਏ। ਜਬਿ ਚੰਦਨ ਤੇ ਸਭਿ ਦਿਸ਼ਛਾਏ।
ਅੰਤਰ ਧਯਾਨ ਦੇਹ ਹੁਇ ਗਈ। ਪੀਛੇ ਪਾਵਕ ਪਰਜੁਲਤਈ॥ ੪੭॥

ਫਿਰ ਜਾ ਕੇ ਚਿੱਤਾ ਉੱਤੇ ਲਿਟਾ ਦਿੱਤੇ। ਜਦ ਚੰਦਨ ਦੀ ਲਕੜੀ ਚਾਰੇ ਪਾਸੇ ਛਾ ਗਈ ਤੇ ਦੇਹ ਅੰਤਰ ਧਿਆਨ ਹੋ ਗਈ ਤਾਂ ਬਾਅਦ ਵਿਚ ਅੱਗ ਬਾਲ ਦਿੱਤੀ॥੪੭॥

ਕਾਸ਼ਟ ਜਰੇ ਭਸਮ ਤਿਸ ਥਾਵਾ। ਬੀਨਤਿ ਫੂਲ ਨਹੀਂ ਕੁਛ ਪਾਵਾ।
'ਸ੍ਰੀ ਹਰਿਰਾਇ! ਦੇਤਿ ਸੁਖਦਾਸਾ। ਕਹਾਂ ਆਪ ਕਰਿ ਗਏ ਤਮਾਸਾ' ॥ ੪੮॥

ਲਕੜੀ ਜਲ ਕੇ ਉਸ ਥਾਂ ਭਸਮ ਹੋ ਗਈ, ਪਰ ਜਦ ਫੁੱਲ ਚੁਗਣ ਗਏ ਤਾਂ ਉਥੇ ਕੁਝ ਵੀ ਨਾ ਮਿਲਿਆ। ਸਾਰੇ ਕਹਿਣ ਲੱਗੇ "ਹੇ ਸ੍ਰੀ ਗੁਰੂ ਹਰਿਰਾਇ ਜੀ ! ਤੁਸੀਂ ਆਪਣੇ ਸੇਵਕਾਂ ਨੂੰ ਸੁਖ ਦਿੰਦੇ ਹੋ, ਆਪ ਜੀ ਇਹ ਤਮਾਸ਼ਾ ਕਰਕੇ ਕਿਥੇ ਚਲੇ ਗਏ ਹੋ"॥੪੮॥

ਸਿੱਖਜ ਸੁਭਟ ਸੰਗਤਿ ਬੈਰਾਗੇ। ਸਿਮਰਿ ਸਿਮਰਿ ਗੁਰ ਗੁਨ ਅਨੁਰਾਗੇ।
ਪੁਨਹਿ ਪਰਸਪਰ ਧੀਰਜ ਧਰਿ ਕੈ। ਸ੍ਰੀ ਹਰਿਕ੍ਰਿਸ਼ਨ ਸਰੂਪ ਨਿਹਰਿਕੈ॥ ੪੯॥

ਸਿੱਖ, ਸੂਰਮੇ ਤੇ ਸਾਰੀ ਸੰਗਤ ਵੈਰਾਗਮਈ ਹੋ ਗਈ। ਗੁਰੂ ਜੀ ਦੇ ਗੁਣਾਂ ਨੂੰ ਯਾਦ ਕਰ ਕਰ ਪ੍ਰੇਮ ਕਰਦੇ ਸਨ। ਫਿਰ ਆਪਸ ਵਿਚ ਧੀਰਜ ਧਾਰਨ ਕਰਕੇ ਤੇ ਸ੍ਰੀ ਗੁਰੂ ਹਰਿਕ੍ਰਿਸ਼ਨ ਦਾ ਸਰੂਪ ਵੇਖਦੇ ਸਨ॥੪੯॥

ਹੋਤਿ ਪ੍ਰਸੰਨ ਰਹਤਿ ਭੇ ਪਾਸ। ਤਿਸੀ ਰੀਤਿ ਹੋਵਤਿ ਅਰਦਾਸ।
ਬੈਠਿ ਸੁਹਾਵਤਿ ਭੇ ਗੁਰ ਗਾਦੀ। ਨਾਨਾਂ ਭਾਂਤਿ ਪ੍ਰਬਿਰਤਹਿ ਸ਼ਾਦੀ॥ ੫੦॥

ਪ੍ਰਸੰਨ ਹੋ ਕੇ ਉਨ੍ਹਾਂ ਦੇ ਪਾਸ ਹੀ ਰਹਿੰਦੇ ਸਨ, ਉਸੇ ਪ੍ਰਕਾਰ ਅਰਦਾਸ ਹੁੰਦੀ ਸੀ। ਗੁਰੂ ਹਰਿਕ੍ਰਿਸ਼ਨ ਜੀ ਗੁਰਗੱਦੀ 'ਤੇ ਬੈਠ ਕੇ ਸ਼ੋਭਾ ਪਾ ਰਹੇ ਸਨ। ਕਈ ਪ੍ਰਕਾਰ ਦੀਆਂ ਖੁਸ਼ੀਆਂ ਪ੍ਰਵਿਰਤ ਹੋਈਆਂ॥੫੦॥

ਸ੍ਰੀ ਹਰਿਕ੍ਰਿਸ਼ਨ ਜਗਤ ਗੁਰ ਭਏ। ਦੇਸ਼ ਬਿਦੇਸ਼ਨਿ ਮਹਿਂ ਬਿਦਤਏ।
ਸਰਬੋਤਮ ਕੇ ਤਖਤ ਬਿਰਾਜੇ। ਜਿਨ ਦਰਸ਼ਨ ਤੇ ਸੰਕਟ ਭਾਜੇ॥ ੫੧॥

ਸ੍ਰੀ ਹਰਿਕ੍ਰਿਸ਼ਨ ਜੀ ਜਗਤ ਦੇ ਗੁਰੂ ਬਣ ਗਏ, ਇਹ ਗੱਲ ਦੇਸ਼ਾਂ ਵਿਦੇਸ਼ਾਂ ਵਿਚ ਪ੍ਰਗਟ ਹੋ ਗਈ। ਗੁਰੂ ਜੀ ਸਭ ਤੋਂ ਉੱਤਮ ਤਖਤ 'ਤੇ ਬਿਰਾਜ ਗਏ, ਜਿਨ੍ਹਾਂ ਦੇ ਦਰਸ਼ਨ ਕਰਨ ਨਾਲ ਸੰਕਟ ਦੂਰ ਹੋ ਜਾਂਦੇ ਹਨ॥੫੧॥

ਅਪਰ ਜਿ ਸੋਢੀ ਸੰਗਤਿ ਸਿਰ ਜੇ। ਕਰਤਿ ਪ੍ਰਭਾਵ ਸੁ ਨਿਜ ਨਿਜ ਦਰਜੇ।
ਜਥਾ ਸੁਹਾਵਤਿ ਹੈਂ ਉਡ ਬ੍ਰਿੰਦ। ਸ੍ਰੀ ਹਰਿਕ੍ਰਿਸ਼ਨ ਸਪੂਰਨ ਚੰਦ॥ ੫੨॥

ਹੋਰ ਜਿਹੜੇ ਸੋਢੀ ਤੇ ਸੰਗਤ ਵਿਚ ਜਿਹੜੇ ਸਿਆਣੇ ਪੁਰਸ਼ ਸਨ, ਆਪਣੇ ਆਪਣੇ ਦਰਜੇ ਅਨੁਸਾਰ ਮਹਿਮਾ ਕਰ ਰਹੇ ਸਨ। ਜਿਵੇਂ ਤਾਰਿਆਂ ਵਿਚ ਚੰਦ ਸ਼ੋਭਦਾ ਹੈ, ਇਸ ਤਰ੍ਹਾਂ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਸੰਗਤ ਵਿਚ ਬੈਠੇ ਸ਼ੋਭਾ ਪਾ ਰਹੇ ਸਨ॥੫੨॥

*ਦਸਵੀਂ ਰਾਸ ਦਾ ਸਤਾਈਵਾਂ ਅਧਿਆਇ ਸਮਾਪਤ ਹੋਇਆ॥੨੭॥*

*ਸ੍ਰੀ ਗੁਰ-ਇਤਿਹਾਸ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਸਮਾਪਤ ਹੋਇਆ॥*

ਸ੍ਰੀ ਗੁਰ-ਇਤਿਹਾਸ

# ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ

# ਅਧਿਆਇ ਅਠਾਈਵਾਂ

## ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਤਖ਼ਤ 'ਤੇ ਬੈਠੇ

ਦੋਹਰਾ- ਅਸ਼ਟਮ ਤਨ ਧਰਿ ਸ੍ਰੀ ਗੁਰੂ ਤਖਤ ਬਿਰਾਜੇ ਦੀਹ।
ਮੂਰਤਿ ਅਲਪ ਸਰੀਰ ਹੈ, ਰਿਦਾ ਗੂੜ੍ਹ, ਬਚ ਲੀਹ॥ ੧॥

ਅਠਵਾਂ ਸਰੀਰ ਧਾਰਨ ਕਰਕੇ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਤਖਤ 'ਤੇ ਬਿਰਾਜਮਾਨ ਹੋ ਗਏ। ਛੋਟੀ ਉਮਰ ਹੋਣ ਕਰਕੇ ਛੋਟਾ ਸਰੀਰ ਹੈ, ਪਰ ਹਿਰਦਾ ਬੜਾ ਦ੍ਰਿੜ੍ਹ ਹੈ ਤੇ ਅੰਮ੍ਰਿਤ ਵਰਗੇ ਬਚਨਾਂ ਦੇ ਪੂਰੇ ਹਨ॥੧॥

ਸੈਯਾ- ਸੁੰਦਰ ਸੂਰਤ ਮਾਧੁਰੀ ਮੂਰਤੀ, ਪੂਰਤਿ ਕਾਮਨਾ ਸਿੱਖਜਨਿ ਕੀ।
ਸ਼ਾਂਤਿ ਸਰੂਪ ਧਰੇ ਪ੍ਰਭੁ ਪੂਰਬ, ਆਠਮ ਦੇਹ ਸੁ ਨੌਤਨ ਕੀ।
ਜਯੋਂ ਮਹਿਪਾਲਕ ਪੋਸ਼ਿਸ਼ ਕੋ ਤਜਿ, ਪੈ ਪਹਿਰੈ ਹਿਤ ਭਾਂਤਨ ਕੀ।
ਸ੍ਰੀ ਹਰਿਕ੍ਰਿਸ਼ਨ ਤਥਾ ਦੁਤਿ ਪਾਵਤਿ ਸੰਗਤਿ ਪ੍ਰੀਤਿ ਕਰੇ ਮਨ ਕੀ॥੨॥

ਸੁੰਦਰ ਸੂਰਤ ਅਤੇ ਮਿੱਠੀ ਮੂਰਤੀ ਹੈ, ਸਿੱਖਾਂ ਦੀਆਂ ਕਾਮਨਾਵਾਂ ਪੂਰੀਆਂ ਕਰਦੇ ਹਨ। ਪ੍ਰਭੂ ਨੇ ਸ਼ਾਂਤ ਸਰੀਰ ਧਾਰਨ ਕੀਤਾ ਹੈ ਤੇ ਅਠਵਾਂ ਸਰੀਰ ਨਵੀਨ ਬਣਾਇਆ ਹੈ। ਜਿਵੇਂ ਰਾਜਾ ਪਹਿਲੀ ਪੋਸ਼ਾਕ ਛੱਡ ਕੇ, ਫਿਰ ਹੋਰ ਕਿਸੇ ਪ੍ਰਕਾਰ ਦੀ ਨਵੀਂ ਪੋਸ਼ਾਕ ਧਾਰਨ ਕਰੇ। ਸ੍ਰੀ ਹਰਿਕ੍ਰਿਸ਼ਨ ਜੀ ਉਸ ਤਰ੍ਹਾਂ ਹੀ ਸ਼ੋਭਾ ਪਾਉਂਦੇ ਹਨ, ਸੰਗਤ ਮਨ ਲਾ ਕੇ ਪ੍ਰੇਮ ਕਰਦੀ ਹੈ॥੨॥

ਗੁਰ ਨਾਨਕ ਆਦਿ ਤੇ ਜਯੋਂ ਨਿਸ਼ਚਾ ਮਨ, ਤਯੋਂ ਬ੍ਰਹਮ ਗਯਾਨ ਮਹਾਂ ਰਸ ਹੋਵਾ।
ਸਿਖ ਸੰਗਤ ਕੇ ਅਘ ਨਾਸ਼ਨਿ ਕੋ ਦਰਸੰਨ ਦਿਖਾਇ, ਭਲੇ ਦੁਖ ਖੋਵਾ।
ਪਰ ਪੌਤ੍ਰ ਗੁਰੂ ਹਰਿਗੋਵਿੰਦ ਕੋ, ਗੁਰਤਾ ਕਹੁ ਭਾਰ ਸਹਾਰਿ ਖਰੋਵਾ।
ਗਨ ਮੇਲ ਮਸੰਦ ਬਿਲੰਦ ਮਿਲੇ ਜਿਮ ਸ੍ਰੀ ਹਰਿਰਾਇ, ਸਭੈ ਤਿਮ ਜੋਵਾ॥੩॥

ਸੰਗਤ ਦਾ ਜਿਵੇਂ ਗੁਰੂ ਨਾਨਕ ਦੇਵ ਜੀ ਆਦਿ ਤੇ ਨਿਸ਼ਚਾ ਹੈ, ਉਸ ਤਰ੍ਹਾਂ ਹੀ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਵਿਚ ਬ੍ਰਹਮ ਗਿਆਨ ਦਾ ਮਹਾਂਰਸ ਵਿਆਪਕ ਹੋਇਆ ਹੈ। ਉਸ ਤਰ੍ਹਾਂ ਹੀ ਸਿੱਖ ਸੰਗਤ ਦੇ ਪਾਪ ਦੂਰ ਕਰਨ ਵਾਸਤੇ ਦਰਸ਼ਨ ਦਿੰਦੇ ਹਨ ਤੇ ਸੇਵਕ ਭਲੀ ਪ੍ਰਕਾਰ ਦੁਖ ਦੂਰ ਕਰ ਲੈਂਦੇ ਹਨ। ਪਰ ਗੁਰੂ ਹਰਿਗੋਬਿੰਦ ਜੀ ਦਾ ਪੜਪੋਤਾ ਗੁਰਤਾ ਦਾ ਭਾਰ ਸਹਾਰ ਕੇ ਖਲੋ ਗਿਆ ਹੈ। ਵੱਡੇ-ਵੱਡੇ ਮਸੰਦ ਆ ਕੇ ਮਿਲੇ, ਜਿਵੇਂ ਸ੍ਰੀ ਗੁਰੂ ਹਰਿਰਾਇ ਜੀ ਸਨ, ਉਸ ਤਰ੍ਹਾਂ ਦਾ ਹੀ ਸ੍ਰੀ ਹਰਿਕ੍ਰਿਸ਼ਨ ਜੀ ਨੂੰ ਜਾਣਿਆ ਹੈ॥੩॥

ਨਿਜ ਪਾਸ ਕਰੈਂ ਅਰਦਾਸ ਤਿਸੀ ਬਿਧਿ, ਪਾਇਨਿ ਪੰਕਜ ਸੀਸ ਨਿਵਾਵੈਂ।
ਗਨ ਆਨਿ ਉਪਾਇਨ ਕੋ ਅਰਪੈਂ, ਮਨ ਕਾਮਨਾ ਆਪ ਅਨੇਕ ਉਠਾਵੈਂ।
ਸਮੁਦਾਇ ਸਦਾ ਮਨ ਬਾਂਛਤਿ ਪਾਵਤਿ ਜਯੋਂ ਧਰਿ ਭਾਵਨਾ ਕੋ ਢਿਗ ਆਵੈਂ।
ਨਿਜ ਸਿੱਖਜਨਿ ਕੀ ਬਹੁ ਸ਼੍ਰੇਯ ਕਰੈਂ ਉਪਦੇਸ਼ਤਿ ਗਯਾਨ ਕੋ ਭੇਵ ਜਨਾਵੈਂ॥੪॥

ਉਸੇ ਵਿਧੀ ਅਨੁਸਾਰ ਪਾਸ ਜਾ ਕੇ ਬੇਨਤੀ ਕਰਦੇ ਹਨ ਤੇ ਚਰਨ ਕੰਵਲਾਂ 'ਤੇ ਸੀਸ ਨਿਵਾਉਂਦੇ ਹਨ। ਬਹੁਤ ਉਪਹਾਰ ਲਿਆ ਕੇ ਅਰਪਣ ਕਰਦੇ ਹਨ ਤੇ ਅਨੇਕ ਪ੍ਰਕਾਰ ਦੀਆਂ ਮਨੋਕਾਮਨਾਵਾਂ ਧਾਰਨ ਕਰਦੇ ਹਨ। ਸਾਰੇ ਸਦਾ ਮੂੰਹ ਮੰਗੀਆਂ ਮੁਰਾਦਾਂ ਪਾਉਂਦੇ ਹਨ, ਜਿਵੇਂ ਵੀ ਭਾਵਨਾ ਧਾਰਨ ਕਰਕੇ ਪਾਸ ਆਉਂਦੇ ਹਨ। ਆਪਣੇ ਸਿੱਖਾਂ ਦਾ ਕਲਿਆਣ ਕਰਦੇ ਹਨ ਤੇ ਉਪਦੇਸ਼ ਦੇ ਕੇ ਗਿਆਨ ਦਾ ਭੇਦ ਦੱਸਦੇ ਹਨ॥੪॥

ਕਬਿੱਤ-ਦੁੱਖ ਹਰਿ ਲੇਤਿ, ਸਿਖ ਬਾਂਛਤਿ ਕੇ ਦੇਤਿ ਗੁਰ, ਸੱਤਜਨਾਮ ਹੇਤੁ ਲਾਇ ਚੇਤਨਾ ਚਿਤਾਵਈਂ।
ਮਨ ਕੇ ਬਿਕਾਰ ਨਾਸ਼ ਕਰੈਂ ਏਕ ਬਾਰ ਗਨ ਧੀਰਜ ਧਰਮ, ਦਯਾ ਗੁਨ ਕੋ ਬਧਾਵਈਂ।
ਸਮਤਾ, ਸੰਤੋਖ ਸੌਂ ਸੰਤੋਖ ਸਿੰਘ ਰਿਦੇ ਬਾਸ ਸਿੱਖੀ ਕੋ ਪ੍ਰਕਾਸ਼ ਨੀਕੇ ਸੁਗਮ ਬਤਾਵਈਂ।
ਜਾਨਿ ਸਿੱਖ ਆਪਨੋ, ਹਰਿਤਿ ਤੀਨ ਤਾਪਨੋ, ਬਿਨਾਂ ਹੀ ਤਪ ਤਾਪਨੋ ਸੁ ਫਲ ਮਹਾਂ ਪਾਵਈਂ ॥੫ ॥

ਸਿੱਖਾਂ ਦੇ ਦੁੱਖਾਂ ਨੂੰ ਦੂਰ ਕਰਦੇ ਹਨ ਤੇ ਸਿੱਖ ਗੁਰੂ ਜੀ ਪਾਸੋਂ ਮੂੰਹ ਮੰਗੀਆਂ ਮੁਰਾਦਾਂ ਪਾਉਂਦੇ ਹਨ। ਸਤਿਨਾਮ ਵਿਚ ਪ੍ਰੇਮ ਲਾਉਂਦੇ ਹਨ ਤੇ ਬੁੱਧੀ ਵਿਖੇ ਯਾਦ ਕਰਵਾਉਂਦੇ ਹਨ। ਸਮਤਾ, ਸੰਤੋਖ ਕਵੀ ਸੰਤੋਖ ਸਿੰਘ ਦੇ ਹਿਰਦੇ ਵਿਚ ਵਸਦਾ ਹੈ ਤੇ ਸਿੱਖੀ ਦੇ ਪ੍ਰਕਾਸ਼ ਨੂੰ ਬੜੇ ਸੌਖੇ ਅਤੇ ਚੰਗੇ ਢੰਗ ਨਾਲ ਸਮਝਾਉਂਦੇ ਹਨ। ਆਪਣੇ ਸਿੱਖ ਜਾਣ ਕੇ ਤਿੰਨੇ ਤਾਪ ਦੂਰ ਕਰਦੇ ਹਨ, ਬਿਨਾਂ ਹੀ ਤਪ ਕਰਨ ਦੇ ਸ੍ਰੇਸ਼ਟ ਮਹਾਂ ਫਲ ਪ੍ਰਾਪਤ ਕਰਦੇ ਹਨ॥੫॥

ਆਇ ਦੇਸ਼ ਦੇਸ਼ ਤੇ ਬਿਸ਼ੇਸ਼ ਭੇਟ ਦੇਯ ਨਿਜ, ਦਰਸ ਅਸ਼ੇਸ਼ ਲੇ, ਕਲੇਸ਼ਨਿ ਬਿਨਾਸਤੇ।
ਪਸਰਯੋ ਸੁਜਸੁ ਜਹਾਂ ਕਹਾਂ ਸਭਿ ਲੋਕ ਕਹੈਂ ਬਾਲਕ ਸਰੂਪ ਤੇਜ ਅਧਿਕ ਪ੍ਰਕਾਸ਼ਤੇ।
ਧਰਾ ਸਿੰਧੁ ਮੇਖਲਾ ਸਕਲ ਥਾਨ ਮਾਨੈਂ ਮਨ, ਆਨਤਿ ਮਨੌਤ ਕੋ ਮਨੋਰਥ ਕੇ ਵਾਸਤੇ।
ਭੀਰ ਆਸ ਪਾਸ ਤੇ ਨ ਤਜਾਗੈਂ ਸੁਖ ਆਸ ਤੇ, ਸ਼ਬਦ ਕੇ ਬਿਲਾਸ ਤੇ ਭਗਤ ਮੈਂ ਹੁਲਾਸਤੇ ॥੬ ॥

ਦੇਸ਼ਾਂ ਵਿਦੇਸ਼ਾਂ ਤੋਂ ਸਿੱਖ ਵਿਸ਼ੇਸ਼ ਭੇਟਾਵਾਂ ਲਿਆ ਕੇ ਅਰਪਣ ਕਰਦੇ ਹਨ ਤੇ ਫਿਰ ਦਰਸ਼ਨ ਕਰਕੇ ਕਲੇਸ਼ਾਂ ਨੂੰ ਦੂਰ ਕਰਦੇ ਹਨ। ਜਿਥੇ ਕਿਥੇ ਸ੍ਰੇਸ਼ਟ ਜਸ ਪਸਰਿਆ ਹੈ ਤੇ ਲੋਕ ਕਹਿੰਦੇ ਹਨ, ਬਾਲਕ ਸਰੂਪ ਹੈ ਪਰ ਵੱਡਾ ਤੇਜ ਪ੍ਰਕਾਸ਼ ਹੋ ਰਿਹਾ ਹੈ। ਸਮੁੰਦਰ ਨਾਲ ਘੇਰੀ ਹੋਈ ਧਰਤੀ ਤੇ ਸਭ ਥਾਵਾਂ ਵਿਚ ਸਾਰੇ ਲੋਕ ਮਨ ਕਰਕੇ ਮੰਨਦੇ ਹਨ ਤੇ ਮਨੋਰਥਾਂ ਦੀ ਪੂਰਤੀ ਵਾਸਤੇ ਮਨੌਤਾਂ ਲੈ ਕੇ ਆਉਂਦੇ ਹਨ। ਸੁਖ ਦੀ ਆਸ਼ਾ ਲੈ ਕੇ ਭੀੜ ਹਰ ਪਾਸਿਉਂ ਹਟਦੀ ਨਹੀਂ ਹੈ, ਸ਼ਬਦ ਦੇ ਵਿਲਾਸ ਨਾਲ ਭਗਤੀ ਵਿਚ ਉਤਸ਼ਾਹ ਪੈਦਾ ਹੁੰਦਾ ਹੈ॥੬॥

ਗੁਰੂ ਹਰਿਕ੍ਰਿਸ਼ਨ ਬਿਦਤਿ ਭਏ ਪੁਰਿ ਪੁਰਿ, ਸੰਗਤਿ ਅਨੇਕ ਇਕ ਆਵਹਿ ਇਕ ਜਾਤਿ ਹੈ।
ਕੀਰਤਿ ਕਰਤਿ, ਦੁਖ ਹਰਤਿ ਦਰਸ ਕਰਿ, ਪਰਮ ਪ੍ਰਸੰਨਤਾ ਕੋ ਉਰ ਉਪਜਾਤਿ ਹੈ।
ਜ਼ੇਵਰ ਜਰਾਵ ਜਰਯੋ ਜ਼ਾਹਰ ਜਗਤ ਜੋਤਿ ਜ਼ੇਬ ਦੇ ਅਜਾਇਬ ਜਬਰ ਜਾਨੈਂ ਜਾਤਿ ਹੈਂ।
ਗਜਾਨ ਅਵਦਾਤ ਹੈਂ, ਅਨੰਦ ਉਮਗਾਤ ਹੈਂ, ਬਿਲੰਦ ਸਭਿ ਭਾਂਤਿ ਹੈਂ, ਮਨਾਵੈਂ ਸਭਿ ਜਾਤਿ ਹੈਂ ॥੭ ॥

ਗੁਰੂ ਹਰਿਕ੍ਰਿਸ਼ਨ ਜੀ ਨਗਰ ਨਗਰ ਵਿਚ ਮਸ਼ਹੂਰ ਹੋਏ। ਬਹੁਤ ਸੰਗਤ ਆਉਂਦੀ ਹੈ। ਇਕ ਆਉਂਦਾ ਹੈ ਇਕ ਜਾਂਦਾ ਹੈ। ਉਨ੍ਹਾਂ ਦੀ ਕੀਰਤੀ ਕਰਦੇ ਹਨ ਤੇ ਦਰਸ਼ਨ ਕਰਕੇ ਦੁਖ ਦੂਰ ਕਰਦੇ ਹਨ। ਪਰਮ ਪ੍ਰਸੰਨਤਾ ਨੂੰ ਹਿਰਦੇ ਵਿਚ ਪ੍ਰਗਟ ਕਰਦੇ ਹਨ। ਜੜਾਊ ਗਹਿਣੇ ਜੜੇ ਹੋਏ ਹਨ ਤੇ ਜੋਤ ਦੀ ਸ਼ੋਭਾ ਸਾਰੇ ਜਗਤ ਵਿਚ ਜ਼ਾਹਰ ਹੈ ਤੇ ਅਜੀਬ ਸ਼ਕਤੀ ਸਾਰੇ ਜਗਤ ਵਿਚ ਜਾਣੀ ਜਾਂਦੀ ਹੈ। ਸ਼ੁੱਧ ਗਿਆਨ ਸਰੂਪ ਹਨ, ਅਨੰਦ ਪ੍ਰਗਟ ਕਰਦੇ ਹਨ, ਹਰ ਪ੍ਰਕਾਰ ਮਹਾਨ ਹਨ ਤੇ ਸਭ ਜਾਤਾਂ ਦੇ ਲੋਕ ਮੰਨਦੇ ਹਨ॥੭॥

ਦੋਹਰਾ- ਕਿਤਿਕ ਕਾਲ ਬੀਤਤਿ ਭਯੋ ਗੁਰਤਾ ਲਘ ਸਤ ਦੀਨਿ।
ਰਾਮਰਾਇ ਬਡ ਪੁੱਤ੍ਰ ਸੁਨਿ ਪਛੁਤਾਵਤਿ ਮਨ ਦੀਨ॥ ੮॥

ਜਦ ਛੋਟੇ ਪੁੱਤਰ ਨੂੰ ਗੁਰਤਾ ਦਿੱਤੀ ਨੂੰ ਕਾਫ਼ੀ ਸਮਾਂ ਬੀਤ ਗਿਆ, ਤਾਂ ਰਾਮਰਾਇ ਵੱਡਾ ਭਰਾ ਸੁਣ ਕੇ ਬਹੁਤ ਪਛੁਤਾਇਆ ਤੇ ਮਨ ਵਿਚ ਸੋਚਣ ਲੱਗਾ॥੮॥

ਸ੍ਵੈਯਾ- 'ਦੇਖੋ ਕਹਾਂ ਇਹ ਬਾਤ ਭਈ, ਪਹਿਲੇ ਮੁਝ ਕੋ ਬਹੁ ਦੇ ਬਡਿਆਈ।
ਮਾਥ ਪੈ ਹਾਥ ਧਰਯੋ ਹਿਤ ਸਾਥ ਕਰਯੋ ਸਮਰੱਥ, ਲਖਯੋ ਸਮੁਦਾਈ।

ਕੀਨਿ ਕ੍ਰਿਪਾ ਸ਼ਕਤੀ ਬਡ ਦੀਨਿ-ਜਥਾ ਕਹਿ ਬਾਕ ਤਥਾ ਹੁਇ ਜਾਈ।
ਆਪ ਪ੍ਰਸੰਨ ਹ੍ਵੈ ਮੋਹਿ ਪਠਯੋ ਇਤ ਸੰਗਤਿ ਸਿੱਖਨਿ ਸੰਗ ਰਲਾਈ॥ ੯॥

ਵੇਖੋ ਇਹ ਕੀ ਗੱਲ ਹੋ ਗਈ ਹੈ, ਪਹਿਲਾਂ ਮੈਨੂੰ ਬਹੁਤ ਵਡਿਆਈ ਦਿੱਤੀ ਹੈ, ਬੜੇ ਪਿਆਰ ਨਾਲ ਮੇਰੇ ਮੱਥੇ 'ਤੇ ਹੱਥ ਧਰਿਆ ਸੀ ਤੇ ਮੈਨੂੰ ਹਰ ਪ੍ਰਕਾਰ ਸਮਰੱਥ ਬਣਾ ਦਿੱਤਾ ਸਾਰਿਆਂ ਨੇ ਵੇਖਿਆ ਹੈ। ਕਿਰਪਾ ਕਰਕੇ ਵੱਡੀ ਸ਼ਕਤੀ ਦਿੱਤੀ ਹੈ, ਜਿਸ ਤਰ੍ਹਾਂ ਬਚਨ ਕਰਦਾ ਹਾਂ, ਉਸ ਤਰ੍ਹਾਂ ਹੋ ਜਾਂਦਾ ਹੈ। ਆਪ ਪ੍ਰਸੰਨ ਹੋ ਕੇ ਮੈਨੂੰ ਭੇਜਿਆ ਸੀ ਤੇ ਮੈਂ ਬਹੁਤ ਸਿੱਖ ਸੰਗਤ ਨਾਲ ਰਲਾਈ ਹੈ॥੯॥

ਮੈਂ ਪੁਰਿ ਆਇਕੈ ਸ਼ਾਹੁ ਕੇ ਸਾਥ ਮਿਲਯੋ ਸਭਿ ਰੀਤਿ ਕੇ ਕਾਜ ਸਵਾਰੇ।
ਰਾਖਯੋ ਭਲੋ ਰਸ ਰੰਗ ਇਹਾਂ, ਧਨ ਲੀਨੋ ਸਮੂਹ ਸਦਾ ਸੁਖ ਭਾਰੇ।
ਆਪਨੋ ਦੀਹ ਪ੍ਰਤਾਪ ਦਿਖਾਇ ਕੈ ਸਿੱਖੀ ਕੀ ਰੀਤ ਮਹਾਂ ਬਿਸਤਾਰੇ।
ਸੇਵਕ ਸਿੱਖਯ ਹਜ਼ਾਰੋਂ ਕਰੇ ਗੁਰ ਕੀਰਤਿ ਕੋ ਬਿਥਰਾਇ ਅਪਾਰੇ॥ ੧੦॥

ਮੈਂ ਦਿੱਲੀ ਵਿਚ ਆ ਕੇ ਬਾਦਸ਼ਾਹ ਦੇ ਨਾਲ ਮਿਲ ਗਿਆ ਤੇ ਸਭ ਰੀਤੀਆਂ ਨਾਲ ਸਭ ਕਾਰਜ ਸਵਾਰੇ ਹਨ। ਏਥੇ ਭਲਾ ਰੰਗ ਰਸ ਰਖਿਆ ਹੈ, ਬਾਦਸ਼ਾਹ ਪਾਸੋਂ ਬਹੁਤ ਧਨ ਲੈਂਦਾ ਹਾਂ ਤੇ ਸਦਾ ਭਾਰੀ ਸੁਖ ਪਾਇਆ ਹੈ। ਆਪਣਾ ਵੱਡਾ ਪ੍ਰਤਾਪ ਵਿਖਾ ਕੇ ਸਿਖੀ ਦੀ ਰੀਤੀ ਦਾ ਵਿਸਥਾਰ ਕੀਤਾ ਹੈ। ਹਜ਼ਾਰਾਂ ਸਿੱਖ ਸੇਵਕ ਬਣਾਏ ਹਨ ਤੇ ਗੁਰੂ ਕੀਰਤੀ ਨੂੰ ਅਪਾਰ ਫੈਲਾਇਆ ਹੈ॥੧੦॥

ਬਹਿਲੋ ਕੁਲ ਕੋ ਗੁਰਦਾਸ ਹੁਤੋ ਕਰ ਜੋਰਿ ਕੈ ਬਾਕ ਕਹਯੋ ਸਮੁਝਾਈ।
'ਪਛੁਤਾਵਤਿ ਕਯੋਂ ਤੁਮ ਜੇਸ਼ਟ ਨੰਦਨ! ਆਪ ਗੁਰੂ ਨੇ ਦਈ ਬਡਿਆਈ।
ਜਗ ਮੈਂ ਸਮੁਦਾਇ ਭਏ ਸਿਖ ਸੇਵਕ ਆਵਤਿ ਭੇਟ ਤੇ ਤੋਟ ਨ ਕਾਈ।
ਇਸ ਤੇ ਬਹੁ ਕਯਾ ਚਿਤ ਮੈਂ ਅਬਿ ਚਾਹਤ ਮਾਨੈਂ ਮਨੌਤ ਕੋ ਸੀਸ ਨਿਵਾਈ॥੧੧॥

ਬਹਿਲੋ ਕੁਲ ਦਾ ਇਕ ਗੁਰਦਾਸ ਨਾਮੀਂ ਸਿੱਖ, ਉਸ ਸਮੇਂ ਪਾਸ ਬੈਠਾ ਸੀ, ਉਸ ਨੇ ਹੱਥ ਜੋੜ ਕੇ ਸਮਝਾਇਆ, ''ਪਛੁਤਾਉਂਦੇ ਕਿਉਂ ਹੋ ? ਤੁਸੀਂ ਵੱਡੇ ਪੁੱਤਰ ਹੋ, ਗੁਰੂ ਜੀ ਨੇ ਆਪ ਤੁਹਾਨੂੰ ਵਡਿਆਈ ਦਿੱਤੀ ਹੈ। ਜਗ ਵਿਚ ਤੁਹਾਡੀ ਭਾਰੀ ਸਿੱਖੀ ਸੇਵਕੀ ਹੈ, ਏਨੀ ਭੇਟਾ ਆਉਂਦੀ ਹੈ ਕਿ ਤੋਟ ਨਹੀਂ ਰਹਿੰਦੀ। ਇਸ ਤੋਂ ਜ਼ਿਆਦਾ ਹੁਣ ਚਿਤ ਵਿਚ ਕੀ ਚਾਹੁੰਦੇ ਹੋ ? ਲੋਕ ਸਿਰ ਨਿਵਾ ਕੇ ਮਨੌਤਾਂ ਮੰਨਦੇ ਹਨ॥੧੧॥

ਜੋ ਸਗਰੇ ਜਗ ਕੋ ਅਬਿ ਮਾਲਿਕ ਨੌਰੰਗ ਸ਼ਾਹ ਪ੍ਰਤਾਪਿ ਬਿਸਾਲਾ।
ਤਾਂ ਸੰਗ ਰਾਵਰ ਕੋ ਬਹੁ ਮੇਲ ਸਭਾ ਮਹਿਂ ਜਾਤਿ, ਲਗੈ ਜਿਸ ਕਾਲਾ।
ਸਾਦਰ ਦੇਤਿ ਬਡਾਈ ਬਡੀ ਨਿਤ ਬੂਝਨਿ ਬੋਲਨਿ ਹੋਤਿ ਰਸਾਲਾ।
ਸ੍ਰੀ ਹਰਿ ਗੋਵਿੰਦ ਕੇਰ ਮਨਿੰਦ ਬਿਠਾਵਤਿ ਊਚ ਜਹਾਂ ਨਰ ਜਾਲਾ॥ ੧੨॥

ਜਿਹੜਾ ਸਾਰੇ ਜਗ ਦਾ ਮਾਲਕ ਨੌਰੰਗਾ ਬਾਦਸ਼ਾਹ ਹੈ, ਉਸ ਦਾ ਵਿਸ਼ਾਲ ਪ੍ਰਤਾਪ ਹੈ। ਤੁਹਾਡੇ ਨਾਲ ਉਸ ਦਾ ਬਹੁਤ ਮੇਲ ਜੋਲ ਹੈ। ਜਿਸ ਸਮੇਂ ਸਭਾ ਲਗਦੀ ਹੈ ਤਾਂ ਸਭਾ ਵਿਚ ਜਾਂਦੇ ਹੋ। ਸਦਾ ਬੜੇ ਆਦਰ ਨਾਲ ਵਡਿਆਈ ਦਿੰਦਾ ਹੈ ਤੇ ਬੜਾ ਮਿਠਾ ਆਪਸ ਵਿਚ ਬੋਲ ਚਾਲ ਹੁੰਦਾ ਹੈ। ਸ੍ਰੀ ਹਰਿਗੋਬਿੰਦ ਸਾਹਿਬ ਵਾਂਗ ਬਿਠਾਉਂਦੇ ਹਨ, ਸਾਰੇ ਮਨੁੱਖਾਂ ਵਿਚ ਜਿਹੜਾ ਉੱਚਾ ਸਥਾਨ ਹੁੰਦਾ ਹੈ॥੧੨॥

ਦੇਤਿ ਅਜਾਇਬ ਹੀ ਫੁਰਮਾਇਸ਼ ਜੋ ਦੁਸ਼ ਪ੍ਰਾਪਤ ਹਾਥ ਨ ਆਵੈ।
ਸੋ ਅਰਪੈ ਤੁਮ ਕੋ ਧਰਿ ਭਾਉ ਰਹੋ ਬਿਚ ਡੇਰੇ ਹੀ ਆਪ ਪਠਾਵੈ।

ਕੌਨ ਕਰੈ ਗਿਨਤੀ ਧਨ ਕੀ ਜਬਿ ਕੇ ਪੁਰਿ ਆਇ ਹੋ ਰੋਜ ਚਢਾਵੈ।
ਆਜ ਕਮੀ ਤੁਮ ਕੋ ਕੁਛ ਨਾਂਹਿਨ ਸ਼ਾਹੁ ਸਦਾ ਉਰ ਕੋ ਹਰਖਾਵੈ॥ ੧੩॥

ਜੋ ਅਜੀਬ ਅਤੇ ਕਠਨਾਈ ਨਾਲ ਪ੍ਰਾਪਤ ਕਰਨ ਵਾਲੀਆਂ ਵਸਤੂਆਂ ਹਨ, ਤੇ ਸਹਿਜੇ ਹੱਥ ਨਹੀਂ ਆਉਂਦੀਆਂ ਹਨ, ਤੁਹਾਡੀ ਫੁਰਮਾਇਸ਼ ਕਰਨ ਨਾਲ ਹੀ ਦੇ ਦਿੰਦਾ ਹੈ। ਉਹ ਬੜਾ ਆਦਰ ਕਰਕੇ ਆਪ ਜੀ ਨੂੰ ਅਰਪਣ ਕਰਦਾ ਹੈ, ਤੁਸੀਂ ਡੇਰੇ ਵਿਚ ਹੀ ਰਹਿੰਦੇ ਹੋ, ਉਥੇ ਆਪ ਹੀ ਭੇਜ ਦਿੰਦਾ ਹੈ। ਧਨ ਦੀ ਗਿਣਤੀ ਕੌਣ ਕਰ ਸਕਦਾ ਹੈ, ਜਦ ਦੇ ਸ਼ਹਿਰ ਵਿਚ ਆਏ ਹੋ, ਰੋਜ਼ ਬਹੁਤ ਚੜ੍ਹਾਵਾ ਆਉਂਦਾ ਹੈ॥੧੩॥

ਜੇ ਸਿਖ ਸੰਗਤਿ ਹੈਂ ਜਗ ਮੈਂ ਬਿਦਤਯੋ ਸਭਿ ਮੈਂ ਗੁਰਤਾ ਪਦ ਪਾਏ।
ਹੋਵਤਿ ਆਪ ਹੀ ਗਾਦੀ ਦਈ ਜਬਿ ਦੇ ਸ਼ਕਤੀ ਢਿਗ ਸ਼ਾਹੁ ਪਠਾਏ।
ਦੇਖਹੁ ਕਯੋਂ ਨ ਬਿਚਾਰਿ ਭਲੇ ਤੁਮ ਆਇਸੁ ਪਾਇ ਜਬੈ ਇਤ ਆਏ।
ਕਯਾ ਤਬਿ ਥੇ ਅਬਿ ਕੈਸੇ ਭਏ, ਸਭਿ ਰੀਤਿ ਕੇ ਦੀਹ ਸਮਾਜ ਬਧਾਏ'॥ ੧੪॥

ਜਿਹੜੀ ਜਗਤ ਵਿਚ ਸਿੱਖ ਸੰਗਤ ਹੈ, ਸਭ ਵਿਚ ਇਹ ਪ੍ਰਸਿੱਧ ਹੈ ਕਿ ਗੁਰਤਾ ਪਦਵੀ ਤੁਸੀਂ ਪਾਈ ਹੈ। ਆਪ ਨੂੰ ਹੀ ਇਹ ਗੱਦੀ ਦਿੱਤੀ ਸਮਝੋ, ਜਦ ਦਾ ਸ਼ਕਤੀ ਦੇ ਕੇ ਬਾਦਸ਼ਾਹ ਪਾਸ ਭੇਜਿਆ ਹੈ। ਤੁਸੀਂ ਵਿਚਾਰ ਕੇ ਭਲੀ ਪ੍ਰਕਾਰ ਕਿਉਂ ਨਹੀਂ ਵੇਖਦੇ ਹੋ ਕਿ ਤੁਸੀਂ ਆਗਿਆ ਪਾ ਕੇ ਜਦ ਦੇ ਏਧਰ ਆਏ ਹੋ, ਉਸ ਸਮੇਂ ਕੀ ਸੀ ਤੇ ਹੁਣ ਕੀ ਹੋ ਗਏ ਹੋ। ਸਭ ਰੀਤੀਆਂ ਨਾਲ ਤੁਸੀਂ ਵੱਡਾ ਸਮਾਜ ਵਧਾਇਆ ਹੈ' ॥੧੪॥

ਸ੍ਰੀ ਹਰਿਰਾਇ ਕੋ ਪੁੱਤ੍ਰ ਬਿਸਾਲ ਸੁਨੇ ਬਚ ਧੀਰਜ ਕੇ ਜੁ ਕਹੇ।
ਹੋਤਿ ਪ੍ਰਸੰਨ ਭਯੋ ਨ ਤਊ ਮੁਰਝਾਇ ਰਹਯੋ ਚਿਤ ਚਿੰਤ ਲਹੇ।
'ਭੋ ਗੁਰਦਾਸ! ਉਚਾਰਤਿ ਜੋਗ ਤਥਾਪਿ ਸੁਨੋ ਉਰ ਮੋਰ ਦਹੇ।
ਆਪ ਗੁਰੂ ਪਿਤ ਨੇ ਇਤ ਓਰ ਪਠਾਵਨਿ ਕੀਨਿ ਅਵੱਸ਼ਜ ਚਹੇ॥ ੧੫॥

ਸ੍ਰੀ ਗੁਰੂ ਹਰਿਰਾਇ ਜੀ ਦੇ ਪੁੱਤਰ ਨੇ ਵਿਸ਼ਾਲ ਬਚਨਾਂ ਨੂੰ ਸੁਣਿਆ ਜੋ ਬੜੇ ਧੀਰਜ ਵਾਲੇ ਕਹੇ ਸਨ। ਫਿਰ ਵੀ ਉਹ ਪ੍ਰਸੰਨ ਨਾ ਹੋਇਆ ਤੇ ਮੁਰਝਾਇਆ ਰਿਹਾ ਤੇ ਚਿੱਤ ਵਿਚ ਚਿੰਤਾ ਵਿਚ ਡੁੱਬਿਆ ਰਿਹਾ ਤੇ ਬੋਲਿਆ, "ਹੇ ਗੁਰਦਾਸ! ਜੋ ਉਚਾਰਨਜੋਗ ਹੈ, ਉਸ ਬਾਰੇ ਸੁਣੋ, ਮੇਰਾ ਹਿਰਦਾ ਸੜ ਰਿਹਾ ਹੈ। ਗੁਰੂ ਪਿਤਾ ਜੀ ਨੇ ਆਪ ਮੈਨੂੰ ਏਧਰ ਭੇਜਿਆ ਸੀ, ਜਦ ਉਹ ਏਧਰ ਭੇਜਣਾ ਅਵੱਸ਼ ਸਮਝਦੇ ਸਨ॥੧੫॥

ਜੇ ਇਤ ਓਰ ਨ ਆਵਤਿ ਮੈਂ ਤਬਿ ਸ਼ਾਹੁ ਰਿਸੈ ਰਿਪੁ ਦੀਹ ਸਮਾਨਾ।
ਬ੍ਰਿੰਦ ਅਨੀਕ ਪਠਾਵਤਿ ਫੇਰ ਬਡੋ ਜਿਹ ਓਜ ਰਿਦੇ ਗਰਬਾਨਾ।
ਪੀਰ ਫਕੀਰਨਿ ਸੌਂ ਬਿਗਰੈ ਇਹ ਠਾਨਤਿ ਦ੍ਵੈਸ਼ਨਿ ਬਾਦੀ ਮਹਾਨਾ।
ਤ੍ਰਾਸ ਕਰੈ ਨਹਿਂ ਤਾਂ ਗਹਿ ਲੇਤਿ, ਬਡੋ ਪੁਨ ਤਾੜਤ ਜਯੋਂ ਅਨਜਾਨਾ॥ ੧੬॥

ਜੇ ਮੈਂ ਏਧਰ ਨਾ ਆਉਂਦਾ ਤਾਂ ਬਾਦਸ਼ਾਹ ਇਕ ਵੱਡੇ ਵੈਰੀ ਵਾਂਗ ਗੁੱਸੇ ਵਿਚ ਆ ਜਾਂਦਾ। ਫਿਰ ਬਹੁਤ ਵੱਡੀ ਫ਼ੌਜ ਉਧਰ ਭੇਜਦਾ ਜਿਸ ਦੇ ਹਿਰਦੇ ਵਿਚ ਆਪਣੀ ਸ਼ਕਤੀ ਦਾ ਵੱਡਾ ਹੰਕਾਰ ਹੈ। ਇਹ ਪੀਰਾਂ ਨਾਲ ਵੀ ਵਿਗੜ ਜਾਂਦਾ ਹੈ ਤੇ ਈਰਖਾ ਧਾਰਨ ਕਰਦਾ ਹੈ ਜਿਹੜਾ ਮਹਾਨ ਝਗੜਾਲੂ ਹੈ। ਕਿਸੇ ਪਾਸੋਂ ਡਰਦਾ ਨਹੀਂ ਹੈ, ਫੜ ਲੈਂਦਾ ਹੈ ਤੇ ਉਨ੍ਹਾਂ ਪੀਰਾਂ ਫ਼ਕੀਰਾਂ ਨੂੰ ਅਣਜਾਣਾਂ ਵਾਂਗ ਤਾੜਦਾ ਹੈ॥੧੬॥

ਜੇ ਪੁਰਿ ਕੀਰਤਿ ਜਾਤਿ ਚਮੂੰ ਤਬਿ ਕਯਾ ਕਰਤੇ ਨਹਿਂ ਹੋਤਿ ਉਪਾਈ।
ਸ੍ਰੀ ਗੁਰ ਨੇ ਪ੍ਰਣ ਧਾਰਯੋ ਹੁਤੋ ਸੁ ਮਲੇਛ ਕੈ ਪਾਸ ਨ ਜਾਹਿਂ ਕਦਾਈ।

ਨਾ ਦਰਸੈਂ ਤਿਸ ਆਨਨ ਕੋ ਅਪਨੋ ਦਰਸੰਨ ਨਹੀਂ ਦਰਸਾਈਂ।
ਬੈਠਨਿ ਬੋਲਨਿ ਕਜੋਂ ਬਨਿ ਹੈ ਜਬਿ ਯੌਂ ਅਭਿਲਾਖ ਰਿਦੇ ਮੈਂ ਉਠਾਈ॥੧੭॥

ਜੇ ਕੀਰਤਪੁਰ ਫ਼ੌਜ ਜਾਂਦੀ ਤਾਂ ਕੀ ਕਰਦੇ, ਕੋਈ ਵੀ ਉਪਾਅ ਨਾ ਹੁੰਦਾ। ਸ੍ਰੀ ਗੁਰੂ ਜੀ ਨੇ ਪ੍ਰਣ ਧਾਰਿਆ ਸੀ ਕਿ ਮਲੇਛ ਬਾਦਸ਼ਾਹ ਦੇ ਪਾਸ ਕਦੇ ਵੀ ਨਹੀਂ ਜਾਣਾ ਹੈ: ਨਾ ਉਸ ਦਾ ਚਿਹਰਾ ਵੇਖਾਂਗੇ ਤੇ ਨਾ ਆਪਣੇ ਦਰਸ਼ਨ ਵਿਖਾਵਾਂਗੇ। ਬੈਠਣ ਬੋਲਣ ਕਿਵੇਂ ਬਣ ਸਕਦਾ ਹੈ ਜਦ ਅਜਿਹੀ ਅਭਿਲਾਸ਼ਾ ਹਿਰਦੇ ਵਿਚ ਧਾਰਨ ਕੀਤੀ ਹੋਵੇ॥੧੭॥

ਕੋਸ ਹਜ਼ਾਰ ਦ੍ਵੈ ਊਪਰ ਸੋ ਪੁਨ ਰਾਜ ਕਰੈ ਇਹ ਸ਼ਾਹ ਚੁਗੱਤਾ।
ਬਾਈਸ ਲਾਖ ਚਮੂੰ ਸੰਗ ਹੈ ਬਲਵਾਨ ਬਡੋ ਸੋ ਹੰਕਾਰ ਮੈਂ ਮੱਤਾ।
ਪੰਚ ਦੁਗੂਨ ਹਜ਼ਾਰ ਹੈਂ ਤੋਪ ਸਕੋਪ ਚਢੈ ਕਰਿ ਲੋਚਨ ਰੱਤਾ।
ਤੈਸੇ ਪਚਾਸ ਹਜ਼ਾਰ ਜਮੂਰੇ ਹੈਂ ਛੂਟੇ ਤੇ ਛੋਨੀ ਮਹਾਂ ਧਮਕੱਤਾ॥ ੧੮॥

ਇਹ ਚੁਗੱਤਾ ਬਾਦਸ਼ਾਹ ਦੋ ਹਜ਼ਾਰ ਕੋਹ ਤਕ ਰਾਜ ਕਰਦਾ ਹੈ। ਬਾਈ ਲੱਖ ਪਾਸ ਬਲਵਾਨ ਫ਼ੌਜ ਹੈ, ਉਸ ਦੇ ਹੰਕਾਰ ਵਿਚ ਮਸਤ ਹੈ। ਦਸ ਹਜ਼ਾਰ ਪਾਸ ਤੋਪਾਂ ਹਨ ਜਿਨ੍ਹਾਂ ਨੂੰ ਲੈ ਕੇ ਗੁੱਸੇ ਵਿਚ ਆ ਕੇ ਲਾਲ ਅੱਖਾਂ ਕੱਢ ਕੇ ਚੜ੍ਹਾਈ ਕਰਦਾ ਹੈ। ਉਸ ਤਰ੍ਹਾਂ ਹੀ ਇਸ ਪਾਸ ਪੰਜਾਹ ਹਜ਼ਾਰ ਜਮੂਰੇ ਹਨ ਜਿਨ੍ਹਾਂ ਦੇ ਚਲਣ ਨਾਲ ਧਰਤੀ ਕੰਬ ਉਠਦੀ ਹੈ॥੧੮॥

ਕੋਣ ਅਰੈ ਇਹ ਸੰਗ ਲਰੈ ਸਭਿ ਦੇਸ਼ ਡਰੈ ਭਰ ਦੇਤਿ ਹੈ ਹਾਲਾ।
ਭੂਪਤਿ ਜੇ ਰਜਪੂਤ ਹੁਤੇ ਕਰਿ ਤ੍ਰਾਸ ਗਏ ਦਬਿ, ਦੇਖਿ ਕਰਾਲਾ।
ਦੋਹੀ ਫਿਰੈ ਇਸ ਕੀ ਸਭਿ ਦੇਸ਼ਨਿ, ਦੋਸ਼ ਬਿਲੋਕਤਿ ਦੇਤਿ ਨਿਕਾਲਾ।
ਬਾਦ ਕਰੈ ਹਠ ਧਾਰਿ ਬਡੋ ਗੁਰ ਪੀਰ ਤੇ ਤ੍ਰਾਸਤਿ ਨਾ ਕਿਸ ਕਾਲਾ॥੧੯॥

ਕੋਣ ਅੜੇ ਤੇ ਇਸ ਦੇ ਨਾਲ ਲੜੇ। ਸਾਰਾ ਦੇਸ਼ ਡਰਦਾ ਹੈ ਤੇ ਹਾਲਾ ਭਰਦਾ ਹੈ। ਜਿਹੜੇ ਰਾਜਪੂਤ ਰਾਜੇ ਹਨ, ਇਸਦਾ ਵਿਕਰਾਲ ਰੂਪ ਵੇਖ ਕੇ ਡਰ ਕੇ ਦੱਬ ਗਏ ਹਨ। ਸਾਰੇ ਦੇਸ਼ਾਂ ਵਿਚ ਇਸ ਦੀ ਦੋਹੀ ਫਿਰੀ ਹੈ, ਦੋਸ਼ ਵੇਖ ਕੇ ਕੱਢ ਦਿੰਦਾ ਹੈ। ਵੱਡਾ ਹੱਠ ਧਾਰ ਕੇ ਝਗੜਾ ਕਰਦਾ ਹੈ ਤੇ ਕਿਸੇ ਸਮੇਂ ਵੀ ਕਿਸੇ ਗੁਰੂ ਪੀਰ ਤੋਂ ਨਹੀਂ ਡਰਦਾ॥੧੯॥

ਸ਼ਾਹਜਹਾਂ ਜਬਿ ਸ਼ਾਹ ਹੁਤੋ ਤਿਹ ਸੰਗ ਬਿਰੋਧ ਭਯੋ ਗੁਰ ਕੋ।
ਜੰਗ ਭਯੋ, ਬਲ ਧਾਰਿ ਬਡੋ ਹਥਿਆਰ ਪ੍ਰਹਾਰ ਕਰੈਂ ਅਰਿ ਕੋ।
ਆਨਿ ਲਰਯੋ ਦਲ ਤੀਰ ਸੁਧਾਸਰ, ਪਾਇ ਫਤੇ ਸੁ ਦਯੋ ਡਰਕੋ।
ਜੰਗਲ ਬੀਚ ਪ੍ਰਵੇਸ਼ ਭਏ ਪੁਨ ਦ੍ਵੈ ਹਯ ਲੇ ਕਿਯ ਸੰਘਰ ਕੋ॥ ੨੦॥

ਸ਼ਾਹਜਹਾਂ ਜਦ ਬਾਦਸ਼ਾਹ ਸੀ, ਉਸ ਸਮੇਂ ਉਸ ਨਾਲ ਗੁਰੂ ਜੀ ਦਾ ਵਿਰੋਧ ਹੋ ਗਿਆ। ਲੜਾਈ ਹੋਈ ਤੇ ਉਨ੍ਹਾਂ ਵੱਡਾ ਬਲ ਧਾਰ ਕੇ ਦੁਸ਼ਮਣ 'ਤੇ ਹਥਿਆਰਾਂ ਦੇ ਵਾਰ ਕੀਤੇ। ਅੰਮ੍ਰਿਤਸਰ ਦੇ ਪਾਸ ਆ ਕੇ ਮੁਗ਼ਲ ਫ਼ੌਜਾਂ ਦੀ ਗੁਰੂ ਜੀ ਨਾਲ ਜੰਗ ਹੋ ਗਈ ਤੇ ਡਰ ਛੱਡਕੇ ਗੁਰੂ ਜੀ ਨੇ ਫਤਹਿ ਪ੍ਰਾਪਤ ਕੀਤੀ। ਫਿਰ ਮਾਲਵੇ ਵਿਚ ਚਲੇ ਗਏ ਤੇ ਦੋ ਘੋੜਿਆਂ ਕਾਰਨ ਲੜਾਈ ਕੀਤੀ॥੨੦॥

ਸ੍ਰੀ ਕਰਤਾਰ ਪੁਰੇ ਰਣ ਕੀਨਸਿ ਪੈਂਦੇ ਕੇ ਸੰਗ ਅਨੇਕ ਸੰਘਾਰੇ।
ਸ਼ਾਹਜਹਾਂ ਕਰਿ ਟਾਲ ਰਹਾ, ਹਠ ਨਾਂਹਿ ਕਰਯੋ ਹਟਿ ਗਾ ਜਿਮ ਹਾਰੇ।
ਸ੍ਰੀ ਹਰਿਗੋਵਿੰਦ ਜੋਧੇ ਮਹਾਂ ਜਿਨ ਕੋ ਬਡ ਡੀਲ ਬਡੋ ਬਲ ਧਾਰੇ।
ਸੈਨ ਬਡੀ, ਉਤਸਾਹ ਬਡੋ, ਨਿਜ ਬੈਰ ਪੁਜਾਇ ਮਹਾਂ ਰਿਪੁ ਮਾਰੇ॥ ੨੧॥

ਸ੍ਰੀ ਕਰਤਾਰਪੁਰ ਵਿਚ ਪੈਂਦੇ ਖ਼ਾਂ ਨਾਲ ਜੰਗ ਕੀਤੀ ਤੇ ਅਨੇਕਾਂ ਵੈਰੀਆਂ ਨੂੰ ਮਾਰਿਆ। ਸ਼ਾਹਜਹਾਂ ਟਾਲਦਾ ਰਿਹਾ, ਹੱਠ ਨਾ

ਕੀਤਾ ਤੇ ਪਿੱਛੇ ਹੱਟ ਗਿਆ ਜਿਵੇਂ ਹਾਰ ਗਿਆ ਹੁੰਦਾ ਹੈ। ਸ੍ਰੀ ਹਰਿਗੋਬਿੰਦ ਸਾਹਿਬ ਮਹਾਨ ਯੋਧੇ ਸਨ, ਜਿਨ੍ਹਾਂ ਦਾ ਡੀਲ ਡੌਲ ਬਹੁਤ ਵੱਡਾ ਸੀ ਤੇ ਵੱਡਾ ਬਲ ਧਾਰਨ ਕੀਤਾ ਸੀ। ਸੈਨਾ ਵੱਡੀ ਸੀ, ਤ੍ਰਿਤਸ਼ਾਹ ਵੱਡਾ ਸੀ, ਨਿਜ ਵੈਰ ਪਵਾ ਕੇ ਵੈਰੀਆਂ ਨੂੰ ਮਾਰਿਆ॥੨੧॥

ਸ਼ਾਹਿਜਹਾਂ ਤੇ ਬਡੋ ਇਹ ਸ਼ਾਹ ਬਿਲੰਦ ਬਲੀ ਧੁਜਨੀ ਸੁ ਬਨਾਈ।
ਪੀਰ ਫਕੀਰਨਿ ਤੇ ਨ ਡਰੈ, ਕਰਿ ਬਾਦ ਗਹੈ ਤਿਸ ਦੇ ਮਰਿਵਾਈ।
ਧਾਰਿ ਰਿਦੇ ਜਿਦ ਨਾਹਕ ਦਰਪ ਤੇ ਗੈਲ ਪਰੈ ਨ ਟਰੈ ਹਠ ਪਾਈ।
ਯਾਂਤੇ ਪੁਗੈ ਨਹਿਂ ਬੈਰ ਇਸੀ ਸੰਗ, ਮੈਂ ਨਹਿਂ ਆਇ ਜਿ, ਕਜੌਂ ਬਨਿ ਆਈ॥੨੨॥

ਇਹ ਬਾਦਸ਼ਾਹ ਸ਼ਾਹ ਜਹਾਨ ਨਾਲੋਂ ਕਿਤੇ ਵੱਡਾ ਹੈ ਜਿਸ ਨੇ ਬੜੀ ਬਲਵਾਨ ਸੈਨਾ ਬਣਾਈ ਹੈ। ਪੀਰਾਂ ਫ਼ਕੀਰਾਂ ਪਾਸੋਂ ਨਹੀਂ ਡਰਦਾ। ਜਿਹੜਾ ਝਗੜਾ ਕਰਦਾ ਹੈ ਉਸ ਨੂੰ ਮਰਵਾ ਦਿੰਦਾ ਹੈ। ਹਿਰਦੇ ਵਿਚ ਜ਼ਿੱਦ ਧਾਰਨ ਕਰਕੇ ਹੰਕਾਰ ਨਾਲ ਗਲ਼ ਪੈਂਦਾ ਹੈ ਤੇ ਹਠ ਕਰਕੇ ਟਲਦਾ ਨਹੀਂ ਹੈ। ਇਸ ਕਰਕੇ ਇਸ ਨਾਲ ਵੈਰ ਨਹੀਂ ਪੁੱਗਦਾ। ਜੇ ਮੈਂ ਨਾ ਆਉਂਦਾ ਤਾਂ ਕਿਵੇਂ ਬਾਦਸ਼ਾਹ ਨਾਲ ਬਣ ਆਉਂਦੀ॥੨੨॥

ਔਰ ਅਨੇਕ ਹੁਤੇ ਬਿਘਨਾ ਸਭਿ ਦੂਰ ਕਰੇ ਢਿਗ ਸ਼ਾਹੁ ਮੈਂ ਆਯੋ।
ਬਾਸ ਕਰਯੋ ਸੁਖ ਸੋਂ ਪੁਰਿ ਕੀਰਤ, ਸੇਵਕ ਕੇ ਸਮ ਸ਼ਾਹੁ ਬਨਾਯੋ।
ਬ੍ਰਿੰਦ ਲੀਓ ਧਨ ਆਪ ਪੁਜਾਇ ਕੈ ਸ੍ਰੀ ਗੁਰ ਕੋ ਬਹੁ ਭਾਉ ਬਧਾਯੋ।
ਲਾਯਕੀ ਯੋਂ ਸਭਿ ਰੀਤਿ ਕਰੀ ਪਿਤ ਸ੍ਰੀ ਗੁਰ ਕ੍ਰੋਧ ਹ੍ਵੈ ਮੋਹਿ ਹਟਾਯੋ॥੨੩॥

ਹੋਰ ਅਨੇਕਾਂ ਵਿਘਨ ਸਨ, ਸਾਰੇ ਦੂਰ ਕੀਤੇ ਹਨ, ਜਦ ਦਾ ਮੈਂ ਬਾਦਸ਼ਾਹ ਪਾਸ ਆਇਆ ਹਾਂ। ਕੀਰਤਪੁਰ ਵਿਚ ਗੁਰੂ ਜੀ ਨੇ ਆਰਾਮ ਨਾਲ ਵਾਸਾ ਕੀਤਾ ਹੈ। ਏਥੇ ਬਾਦਸ਼ਾਹ ਨੂੰ ਮੈਂ ਇਕ ਸਿੱਖ ਸੇਵਕ ਵਾਂਗ ਬਣਾਇਆ ਹੈ। ਬਹੁਤ ਧਨ ਪ੍ਰਾਪਤ ਕੀਤਾ ਹੈ, ਜਿਹੜਾ ਬਾਦਸ਼ਾਹ ਨੇ ਆਪ ਭੇਜਿਆ ਹੈ ਤੇ ਗੁਰੂ ਜੀ ਦਾ ਬਹੁਤ ਪ੍ਰੇਮ ਵਧਾਇਆ ਹੈ। ਇਸ ਤਰ੍ਹਾਂ ਸਭ ਰੀਤੀਆਂ ਨਾਲ ਮੈਂ ਲਾਇਕੀ ਕੀਤੀ ਹੈ, ਪਿਤਾ ਗੁਰੂ ਜੀ ਨੇ ਕ੍ਰੋਧ ਕਰਕੇ ਮੈਨੂੰ ਹਟਾ ਦਿੱਤਾ ਹੈ॥੨੩॥

ਲਘੁ ਨੰਦਨ ਮੈਂ ਗੁਨ ਕੌਨ ਲਖੇ ਸਭਿ ਸੰਗਤਿ ਮੈਂ ਜਿਸ ਦੇ ਬਡਿਆਈ।
ਹੁਇ ਆਪ ਖਰੇ ਗੁਰਤਾ ਅਰਪੀ ਪੁਨ ਸੇਵਕ ਬ੍ਰਿੰਦਨਿ ਪਾਇਂ ਲਗਾਈ।
ਸਭਿ ਪੁੰਜ ਮਸੰਦਨਿ ਕੋ ਕਹਿ ਕੈ ਅਰਪਾਇ ਉਪਾਇਨ ਕੋ ਸਮੁਦਾਈ।
ਰਿਪੁ ਕੇ ਸਮ ਜਾਨਿ ਨਹੀਂ ਸਿਮਰਯੋ ਮੁਝ, ਐਸੁ ਬਿਚਾਰਤਿ ਮੈਂ ਦੁਖ ਪਾਈ॥੨੪॥

ਛੋਟੇ ਪੁੱਤਰ ਵਿਚ ਕਿਹੜੇ ਗੁਣ ਵੇਖੇ ਹਨ, ਸਾਰੀ ਸੰਗਤ ਵਿਚ ਜਿਸ ਨੂੰ ਵਡਿਆਈ ਬਖ਼ਸ਼ੀ ਹੈ, ਆਪ ਖੜੇ ਹੋ ਕੇ ਗੁਰਤਾ ਅਰਪਣ ਕੀਤੀ ਹੈ, ਫਿਰ ਸਾਰੇ ਸੇਵਕਾਂ ਨੂੰ ਚਰਨੀਂ ਲਾਇਆ ਹੈ। ਸਭ ਮਸੰਦਾਂ ਨੂੰ ਕਹਿ ਕੇ ਸਮੂਹ ਸੰਗਤ ਵਲੋਂ ਉਪਹਾਰ ਅਰਪਣ ਕਰਵਾਏ ਹਨ। ਵੈਰੀ ਵਾਂਗ ਜਾਣ ਕੇ ਮੈਨੂੰ ਯਾਦ ਵੀ ਨਹੀਂ ਕੀਤਾ। ਐਸਾ ਵਿਚਾਰ ਕੇ ਮੈਂ ਦੁੱਖ ਪਾਇਆ ਹੈ॥੨੪॥

ਮੈਂ ਅਬਿ ਕਾਨ ਸੁਨੀਂ ਬਹੁ ਪਾਸ ਤੇ ਸੰਗਤਿ ਬ੍ਰਿੰਦ ਹੀ ਆਵਤਿ ਹੈ।
ਕਾਬਲ ਔ ਕਸ਼ਮੀਰ ਤੇ ਆਦਿਕ ਦੇਸ਼ ਬਿਸਾਲ ਸੁਹਾਵਤਿ ਹੈਂ।
ਆਗੇ ਮਸੰਦ ਹ੍ਵੈ ਲਜਾਵਤਿ ਸਿਖਜਨਿ ਭੇਟ ਸਮੂਹ ਚਢਾਵਤਿ ਹੈਂ।
ਭੀਰ ਰਹੈ ਪੁਰਿ ਕੀਰਤਿ ਮੈਂ ਨਿਤ ਕੀਰਤਿ ਉੱਜਲ ਗਾਵਤਿ ਹੈਂ॥੨੫॥

ਮੈਂ ਹੁਣ ਬਹੁਤ ਲੋਕਾਂ ਪਾਸੋਂ ਆਪਣੇ ਕੰਨਾਂ ਨਾਲ ਸੁਣਿਆ ਹੈ ਕਿ ਉਥੇ ਬਹੁਤ ਸੰਗਤ ਆਉਂਦੀ ਹੈ। ਕਾਬਲ ਅਤੇ ਕਸ਼ਮੀਰ ਆਦਿ ਦੇਸ਼ ਬਹੁਤ ਸੁਹਾਂਵਦੇ ਹਨ। ਮਸੰਦ ਅੱਗੇ ਹੋ ਕੇ ਸਿੱਖਾਂ ਨੂੰ ਲਿਆਉਂਦੇ ਹਨ ਤੇ ਬਹੁਤ ਭੇਟਾ ਚੜ੍ਹਾਉਂਦੇ ਹਨ। ਕੀਰਤਪੁਰ ਵਿਚ ਬਹੁਤ ਭੀੜ ਲੱਗੀ ਰਹਿੰਦੀ ਹੈ ਤੇ ਉਹ ਉਜਲ ਕੀਰਤੀ ਗਾਉਂਦੇ ਹਨ॥੨੫॥

ਮੋਤੇ ਬਿਸਾਲ ਪ੍ਰਤਾਪ ਭਯੋ ਤਿਸ, ਯੌਂ ਸੁਨਿ ਮੋਹਿ ਨ ਚੈਨ ਪਰੈ।
ਰੈਨ ਦਿਨਾ ਚਿਤ ਚਿੰਤ ਬਧੈ, ਅਸਹੋਇ ਨ, ਮੋ ਸਭਿ ਤਜਾਗ ਕਰੈਂ।
ਲੋਕਨਿ ਕੇਰ ਸੁਭਾਵ ਅਹੈ, ਅਵਿਲੋਕਤਿ ਆਪ ਮੈਂ ਰੀਸ ਧਰੈਂ।
ਪੂਜਨ ਤਾਂਹਿ ਨਹੀਂ ਲਗਿ ਜਾਹਿਂ, ਜੁ ਹੈਂ ਮਮ ਸੇਵਕ ਸੋ ਨ ਟਰੈਂ' ॥ ੨੬ ॥

ਮੇਰੇ ਨਾਲੋਂ ਵੀ ਉਸ ਦਾ ਵਿਸ਼ਾਲ ਪ੍ਰਤਾਪ ਹੋ ਗਿਆ ਹੈ, ਇਹ ਸੁਣ ਕੇ ਮੈਨੂੰ ਚੈਨ ਨਹੀਂ ਆਉਂਦਾ। ਰਾਤ ਦਿਨ ਚਿਤ ਵਿਚ ਚਿੰਤਾ ਵਧਦੀ ਹੈ, ਐਸਾ ਨਾ ਹੋਵੇ ਕਿ ਸਾਰੇ ਸਿੱਖ ਮੈਨੂੰ ਛੱਡ ਜਾਣ। ਲੋਕਾਂ ਦਾ ਅਜਿਹਾ ਸੁਭਾਵ ਹੈ ਕਿ ਇਕ ਦੂਸਰੇ ਨੂੰ ਵੇਖ ਕੇ ਰੀਸ ਧਾਰਨ ਕਰਦੇ ਹਨ। ਉਸ ਨੂੰ ਹੀ ਕਿਤੇ ਪੂਜਣ ਨਾ ਲੱਗ ਜਾਣ, ਜਿਹੜੇ ਮੇਰੇ ਸੇਵਕ ਹਨ ਕਿਤੇ ਉਹ ਵੀ ਨਾ ਹੱਟ ਜਾਣ' ॥੨੬॥

ਦੋਹਰਾ- ਰਾਮਰਾਇ ਉਰ ਈਰਖਾ ਲਘੁ ਭ੍ਰਾਤਾ ਸੰਗ ਧਾਰਿ।
ਚਿਤਵਤਿ ਅਨਿਕ ਉਪਾਇ ਕੋ ਨਿਤ ਚਿਤ ਚਿੰਤ ਮਝਾਰ॥ ੨੭ ॥

ਸ੍ਰੀ ਰਾਮਰਾਇ ਛੋਟੇ ਭਰਾ ਨਾਲ ਈਰਖਾ ਧਾਰ ਕੇ ਚਿਤ ਵਿਚ ਅਨੇਕਾਂ ਉਪਾਅ ਸੋਚਦਾ ਹੈ ਤੇ ਨਿਤ ਚਿਤ ਵਿਚ ਚਿੰਤਤ ਰਹਿੰਦਾ ਹੈ॥੨੭॥

*ਦਸਵੀਂ ਰਾਸ ਦਾ ਅਠਾਈਵਾਂ ਅਧਿਆਇ ਸਮਾਪਤ ਹੋਇਆ॥੨੮॥*

## *ਅਧਿਆਇ ਉਣੱਤੀਵਾਂ*

### *ਮਸੰਦਾਂ ਨੇ ਸ੍ਰੀ ਰਾਮਰਾਇ ਨੂੰ ਸਮਝਾਉਣਾ*

ਦੋਹਰਾ- ਸ੍ਰੀ ਹਰਿਰਾਇ ਤਨੂਜ ਤੇ ਸੁਨਿ ਭਾਈ ਗੁਰਦਾਸ।
ਅਪਰ ਮਸੰਦ ਜਿ ਮੁਖਿ ਹੁਤੇ ਕਰਤਿ ਭਏ ਅਰਦਾਸ॥ ੧ ॥

ਸ੍ਰੀ ਗੁਰੂ ਹਰਿਰਾਇ ਜੀ ਦੇ ਪੁੱਤਰ ਪਾਸੋਂ ਇਸ ਤਰ੍ਹਾਂ ਸੁਣ ਕੇ ਭਾਈ ਗੁਰਦਾਸ ਤੇ ਹੋਰ ਜਿਹੜੇ ਮਸੰਦ ਸਨ, ਉਨ੍ਹਾਂ ਨੇ ਬੇਨਤੀ ਕੀਤੀ॥੧॥

ਸ੍ਵੈਯਾ ਛੰਦ-'ਕਜੋਂ ਤੁਮ ਹੌਲ ਕਰਤਿ ਹਹੁ ਉਰ ਮਹਿਂ, ਚਿਤ ਅਤਿ ਚਿੰਤਾ ਮਹਿਂ ਪਛੁਤਾਇ।
ਸਾਵਧਾਨ ਹੁਇ ਸਭਿ ਸੁਖ ਪਾਵਹੁ ਅਪਨੋ ਸੁਜਸੁ ਪ੍ਰਤਾਪ ਬਧਾਇ।
ਸਿਖ ਸੇਵਕ ਸਮੁਦਾਇ ਤੁਮਾਰੇ ਸ਼ਰਧਾਲੂ ਸਦ ਹੀ ਚਲਿ ਆਇਂ।
ਪਾਇਂਨਿ ਨਿਮਹਿਂ, ਉਪਾਇਨ ਅਰਪਹਿਂ, ਡਰਪਹਿਂ ਗੁਰ ਕੀ ਵਸਤੁ ਚਢਾਇ ॥੨ ॥

ਤੁਸੀਂ ਹਿਰਦੇ ਵਿਚ ਕਿਉਂ ਡਰ ਅਨੁਭਵ ਕਰਦੇ ਹੋ ਤੇ ਚਿਤ ਵਿਚ ਅਤਿ ਚਿੰਤਤ ਹੋ ਕੇ ਪਛੁਤਾਉਂਦੇ ਹੋ। ਸੁਚੇਤ ਹੋ ਕੇ ਸਾਰੇ ਸੁਖ ਪਾਵੋ ਤੇ ਆਪਣਾ ਸ੍ਰੇਸ਼ਟ ਜਸ ਤੇ ਪ੍ਰਭਾਵ ਨੂੰ ਵਧਾਵੋ। ਬਹੁਤ ਸਿੱਖ ਸੇਵਕ ਤੁਹਾਡੇ ਸ਼ਰਧਾਲੂ ਹਨ ਤੇ ਸਦਾ ਹੀ ਚਲ ਕੇ ਆਉਂਦੇ ਹਨ, ਚਰਨਾਂ ਤੇ ਝੁਕਦੇ ਹਨ, ਉਪਹਾਰ ਅਰਪਣ ਕਰਦੇ ਹਨ ਤੇ ਡਰਦੇ ਗੁਰੂ ਜੀ ਦੀ ਵਸਤੂ ਚੜ੍ਹਾਉਂਦੇ ਹਨ॥੨॥

ਬ੍ਰਿੰਦ ਮਸੰਦ ਸੰਗਤਾਂ ਮਾਂਹੀ ਕਰਹੁ ਪਠਾਵਨਿ ਸਗਰੇ ਦੇਸ਼।
ਸਿੱਖੀ ਕਉ ਨਿਤਪ੍ਰਤਿ ਬਿਸਤਾਰਹਿਂ ਤੁਮਰੀ ਦਿਸ਼ ਕੋ ਦੇ ਉਪਦੇਸ਼।
ਸ੍ਰੀ ਸਤਿਗੁਰ ਕੋ ਜੇਠੋ ਨੰਦਨ ਨਿਮਹਿ ਸ਼ਾਹੁ ਜਿਹ ਚਰਨ ਹਮੇਸ਼।
ਕਰਾਮਾਤ ਕੇ ਧਨੀ ਸੰਪੂਰਨ ਜਿਨ ਮਹਿਂ ਜਾਗਤ ਜੋਤਿ ਵਿਸ਼ੇਸ਼॥ ੩॥

ਸਿੱਖੀ ਦਾ ਵਿਸਤਾਰ ਕਰਨ ਲਈ, ਸਾਰੇ ਦੇਸ਼ ਵਿਚ ਮਸੰਦਾਂ ਨੂੰ ਸੰਗਤਾਂ ਦੇ ਵਿਚ ਭੇਜੋ ਜਿਹੜੇ ਤੁਹਾਡੇ ਵਲੋਂ ਉਪਦੇਸ਼ ਦੇਣ। ਤੁਸੀਂ ਸਤਿਗੁਰੂ ਜੀ ਦੇ ਵੱਡੇ ਪੁੱਤਰ ਹੋ ਬਾਦਸ਼ਾਹ ਸਦਾ ਹੀ ਤੁਹਾਡੇ ਚਰਨਾਂ 'ਤੇ ਝੁਕਦਾ ਹੈ। ਤੁਸੀਂ ਕਰਾਮਾਤ ਦੇ ਸੰਪੂਰਨ ਧਨੀ ਹੋ ਤੇ ਤੁਹਾਡੇ ਵਿਚ ਸਦਾ ਵਿਸ਼ੇਸ਼ ਜੋਤ ਜਗਦੀ ਹੈ॥੩॥

ਬਹੁਤ ਬਾਰ ਅਜ਼ਮਤ ਦਿਖਰਾਈ, ਦਿੱਲੀ ਪੁਰਿ ਅਰੁ ਦਿੱਲੀ ਨਾਥ।
ਦੇਖਿ ਦੇਖਿ ਬਿਸਮਤ ਚਿਤ ਹੋਏ, ਸਗਲ ਅਜਾਇਬ ਕੀਨਸਿ ਗਾਥ।
ਕੋ ਜਾਨਹਿ ਕੋ ਨਾਹਿਨਿ ਜਾਨਹਿ ਸਭਿਨਿ ਸੁਨਾਵਹਿਂ ਹਿਤ ਕੇ ਸਾਥ।
ਨਿਸ਼ਚਾ ਗਿਰਨਿ ਦੇਹਿੰਗੇ ਕਾਹੁ ਨ, ਕਹਿ ਕਹਿ ਆਨਹਿਂ ਟੇਕਹਿਂ ਮਾਥ॥ ੪॥

ਤੁਸੀਂ ਬਹੁਤ ਵਾਰ ਦਿੱਲੀ ਨਗਰ ਨੂੰ ਅਤੇ ਦਿੱਲੀ ਦੇ ਬਾਦਸ਼ਾਹ ਨੂੰ ਕਰਾਮਾਤ ਵਿਖਾਈ ਹੈ। ਸਾਰੇ ਵੇਖ ਵੇਖ ਚਿਤ ਵਿਚ ਹੈਰਾਨ ਹੋਏ ਹਨ। ਸਾਰੀ ਅਜੀਬ ਗਾਥਾ ਕੀਤੀ ਹੈ। ਕੋਈ ਜਾਣਦਾ ਹੈ ਕੋਈ ਨਹੀਂ ਜਾਣਦਾ, ਸਾਰੇ ਹੀ ਬੜੇ ਹਿਤ ਨਾਲ ਸੁਣਾਉਂਦੇ ਹਨ। ਉਹ ਆਪਣਾ ਨਿਸਚਾ ਕਦੀ ਵੀ ਘਟਣ ਨਹੀਂ ਦੇਣਗੇ, ਕਹਿ ਕਹਿ ਕੇ ਲਿਆਉਂਦੇ ਹਨ ਤੇ ਮੱਥਾ ਟੇਕਦੇ ਹਨ॥੪॥

ਅਪਰ ਉਪਾਵ ਕਰਹੁ ਜਿਮ ਹਮ ਕਹਿਂ ਸ੍ਰੀ ਹਰਿਕ੍ਰਿਸ਼ਨ ਆਪ ਕੇ ਭ੍ਰਾਤ।
ਇਸ ਤੇ ਆਦਿਕ ਅਪਰ ਜਿ ਸੋਢੀ ਹੈਂ ਅਨੇਕ ਜਗ ਮੈਂ ਬੱਖਜਾਤ।
ਨਿਜ ਸੰਗਤਿ ਕਹੁ ਬਰਜਨਿ ਕਰਿਯਹਿ ਕਿਹ ਸੋਂ ਮਿਲਹਿ ਨਹੀਂ ਕਿਸ ਭਾਂਤਿ।
ਧੀਰਮੱਲ ਹੈ ਚਚਾ ਆਪ ਕੋ ਤਿਸ ਤੇ ਭੀ ਬਰਜਹੁ ਕਹਿ ਬਾਤ॥ ੫॥

ਹੋਰ ਉਪਾਅ ਕਰੋ ਜਿਵੇਂ ਅਸੀਂ ਕਹਿੰਦੇ ਹਾਂ, ਸ੍ਰੀ ਹਰਿਕ੍ਰਿਸ਼ਨ ਜੀ ਆਪ ਦੇ ਭਰਾ ਹਨ। ਇਸ ਤੋਂ ਆਦਿ ਹੋਰ ਜਿਹੜੇ ਸੋਢੀ ਹਨ ਅਨੇਕਾਂ ਹੀ ਜੱਗ ਵਿਚ ਮਸ਼ਹੂਰ ਹੋਏ ਹਨ। ਆਪਣੀ ਸੰਗਤ ਨੂੰ ਵਰਜੋ ਕਿ ਉਹ ਕਿਸੇ ਪ੍ਰਕਾਰ ਵੀ ਕਿਸੇ ਨੂੰ ਨਾ ਮਿਲਣ। ਧੀਰਮਲ ਤੁਹਾਡਾ ਚਾਚਾ ਹੈ, ਆਪਣੀ ਸੰਗਤ ਨੂੰ ਕਹਿ ਕੇ ਉਸ ਪਾਸ ਵੀ ਜਾਣ ਤੋਂ ਰੋਕੋ॥੫॥

ਅਪਨੇ ਸਿਖ ਸੰਗਤਿ ਹੈਂ ਖੇਤੀ ਕਰਹਿਂ ਕਮਾਈ ਦਰਬ ਚਢਾਇ।
ਸਭਿ ਤੇ ਬਰਜਨ ਕਰਹੁ ਬਾਤ ਇਹ ਜਿਸਤੇ ਨਿਤਪ੍ਰਤਿ ਬਧਤੀ ਜਾਇ।
'ਬਡੇ ਬਿਰੋਧੀ ਹਮਰੇ ਸੋਢੀ' ਇਮ ਕਹਿ ਸਭਿ ਮਹਿਂ ਦਿਹੁ ਬਿਦਤਾਇ।
ਬਹੁਰ ਨ ਕਰਹਿਂ ਮੇਲ ਕਿਹ ਕੇ ਸੰਗ ਇਕ ਤੁਮਰੇ ਹੀ ਪੂਜਹਿਂ ਪਾਇ॥ ੬॥

ਸਿੱਖ ਸੰਗਤ ਆਪਣੇ ਹੱਥ ਦੀ ਕਮਾਈ ਕਰਕੇ ਧਨ ਲਿਆਉਂਦੀ ਹੈ। ਇਹ ਗੱਲ ਸਭ ਨੂੰ ਸਮਝਾ ਕੇ ਰੋਕ ਦੇਵੋ ਤਾਂਕਿ ਹਰ ਰੋਜ਼ ਤੁਹਾਡੀ ਸੰਗਤ ਵਧਦੀ ਜਾਵੇ- ''ਸੋਢੀ ਸਾਡੇ ਵੱਡੇ ਵਿਰੋਧੀ ਹਨ''। ਇਸ ਤਰ੍ਹਾਂ ਕਹਿ ਕੇ ਮਸ਼ਹੂਰ ਕਰ ਦੇਵੋ। ਫਿਰ ਉਹ ਕਿਸੇ ਦੇ ਨਾਲ ਮੇਲ ਨਾ ਕਰਨ, ਇਕ ਤੁਹਾਡੇ ਹੀ ਚਰਨਾਂ ਦੀ ਪੂਜਾ ਕਰਨ॥੬॥

ਪੂਰਬਲੇ ਅਨੁਸਾਰੀ ਰਹਿਂ ਸਿਖ ਅਪਰ ਨਵੀਨ ਹੋਇਂ ਸਮੁਦਾਇ।
ਸੰਗਤਿ ਬਧਹਿ ਰੀਤਿ ਇਮ ਕਰਤੇ ਧਨ ਅਨਗਿਨਤ ਚਢਾਵਹਿਂ ਲਜਾਇ।

ਅਬਿ ਸ੍ਰੀ ਰਾਮਰਾਇ ਗੁਰ ਟਿੱਕਜੇ ਇਮ ਕਹਿ ਬਿਸਥਾਰਹਿਂ ਸਭਿ ਥਾਇਂ।
ਸ੍ਰੀ ਹਰਿਰਾਇ ਬਿਕੁੰਠ ਸਿਧਾਰੇ ਤਿਨ ਸਥਾਨ ਭੇ ਤਥਾ ਸੁਹਾਇ॥ ੭॥

ਪਹਿਲੇ ਸਿੱਖ ਤੁਹਾਡੇ ਆਗਿਆਕਾਰੀ ਰਹਿਣ ਤੇ ਹੋਰ ਨਵੀਂ ਸੰਗਤ ਵੀ ਇਕੱਠੀ ਹੋਵੇ, ਇਸ ਤਰ੍ਹਾਂ ਰੀਤੀ ਕਰਨ ਨਾਲ ਸੰਗਤ ਵਧੇਗੀ ਤੇ ਅਣਗਿਣਤ ਧਨ ਲਿਆ ਕੇ ਚੜ੍ਹਾਉਣਗੇ। ਹੁਣ ਸ੍ਰੀ ਰਾਮਰਾਇ ਗੁਰੂ ਬਣੇ ਹਨ, ਇਸ ਤਰ੍ਹਾਂ ਸਭ ਥਾਂ ਕਹਿ ਕੇ ਵਿਸਥਾਰ ਕਰੋ। ਸ੍ਰੀ ਹਰਿਰਾਇ ਜੀ ਬਿਕੁੰਠ ਚਲੇ ਗਏ ਹਨ ਤੇ ਉਨ੍ਹਾਂ ਦੇ ਸਥਾਨ 'ਤੇ ਹੁਣ ਰਾਮਰਾਇ ਸ਼ੋਭ ਰਹੇ ਹਨ॥੭॥

ਜੋ ਲਘੁ ਜਾਤਿ ਅਨੇਕ ਬਿਧਿਨਿ ਕੀ ਝੀਵਰ ਅਰੁ ਕੁਮ੍ਹਿਆਰ ਚਮਾਰ।
ਇੱਤਜਾਦਿਕ ਸਭਿ ਕਹੁ ਦਿਹੁ ਸਿੱਖੀ ਸਕਲ ਆਇ ਤੁਮ ਕਰਹਿਂ ਜੁਹਾਰ।
ਜਹਿਂ ਕਹਿਂ ਸੁਜਸੁ ਸੁਨਾਵਹਿਂ ਰਾਵਰਿ ਇਸੀ ਰੀਤਿ ਸਭਿ ਜਗ ਬਿਸਤਾਰ।
ਗੁਰਤਾ ਬਿਦਤਹਿ ਤੁਮਰੇ ਤਨ ਕੋ, ਆਇਂ ਅਪਾਰ ਸਦਾ ਉਪਹਾਰ॥ ੮॥

ਜੋ ਅਨੇਕ ਤਰ੍ਹਾਂ ਦੀਆਂ ਛੋਟੀਆਂ ਜਾਤੀਆਂ ਹਨ, ਜਿਵੇਂ ਝੀਵਰ, ਕੁਮ੍ਹਿਆਰ, ਚਮਾਰ ਆਦਿ ਹਨ, ਸਾਰਿਆਂ ਨੂੰ ਸਿੱਖੀ ਬਖ਼ਸ਼ੋ, ਸਾਰੇ ਆ ਕੇ ਤੁਹਾਨੂੰ ਨਮਸਕਾਰ ਕਰਨ। ਜਿਥੇ ਕਿਥੇ ਆਪ ਜੀ ਦਾ ਸ੍ਰੇਸ਼ਟ ਜਸ ਸੁਣਾਉਣ। ਏਸੇ ਰੀਤੀ ਨਾਲ ਸਾਰੇ ਜਗ ਵਿਚ ਵਿਸਥਾਰ ਹੋਵੇਗਾ। ਗੁਰਤਾ ਤੁਹਾਡੇ ਸਰੀਰ ਵਿਚ ਪ੍ਰਗਟ ਹੋਵੇ ਤੇ ਸਦਾ ਅਪਾਰ ਉਪਹਾਰ ਆਉਂਦੇ ਰਹਿਣ॥੮॥

ਬਡੋ ਪੁੱਤ੍ਰ ਬੈਠਤਿ ਹੈ ਗਾਦੀ ਲਘੁ ਸੁਤ ਰਹਿ ਬਡ ਕੇ ਅਨੁਸਾਰਿ।
ਇਮ ਜਾਨਹਿਂ ਉੱਚਾਵਚ ਸਗਰੇ, ਲਖਹਿਂ ਤੁਮਹਿਂ ਸਤਿਗੁਰੂ ਉਦਾਰ।
ਰਹਿ ਹੈਂ ਅਲਪ ਸੰਗਤਾਂ ਜੇਈ ਹਠ ਕਰਿ ਗਮਨਹਿਂ ਤਿਨ ਕੇ ਦ੍ਵਾਰ।
ਕਹਾ ਅਚਰਜ ਹੈ ਜਾਨਿ ਦੇਹੁ ਤਿਨ, ਗੁਰ ਸੁਤ ਹੈ ਅਰੁਭ੍ਰਾਤ ਤੁਮਾਰ॥ ੯॥

ਵੱਡਾ ਪੁੱਤਰ ਗੱਦੀ 'ਤੇ ਬੈਠਦਾ ਹੈ ਤੇ ਛੋਟਾ ਪੁੱਤਰ ਸਦਾ ਉਸ ਦੀ ਆਗਿਆ ਵਿਚ ਰਹਿੰਦਾ ਹੈ। ਸਾਰੇ ਛੋਟੇ ਵੱਡੇ ਇਸ ਤਰ੍ਹਾਂ ਜਾਣਦੇ ਹਨ ਤੇ ਤੁਹਾਨੂੰ ਉੱਤਮ ਸਤਿਗੁਰੂ ਸਮਝਣਗੇ। ਬਹੁਤ ਥੋੜ੍ਹੀਆਂ ਸੰਗਤਾਂ ਰਹਿ ਜਾਣਗੀਆਂ, ਜਿਹੜੀਆਂ ਹੱਠ ਕਰਕੇ ਉਨ੍ਹਾਂ ਦੇ ਦੁਆਰ 'ਤੇ ਜਾਣਗੀਆਂ। ਇਸ ਵਿਚ ਹੈਰਾਨੀ ਵਾਲੀ ਕਿਹੜੀ ਗੱਲ ਹੈ। ਉਨ੍ਹਾਂ ਨੂੰ ਜਾਣ ਦੇਵੋ, ਉਹ ਵੀ ਗੁਰੂ ਜੀ ਦਾ ਪੁੱਤਰ ਹੈ ਤੇ ਤੁਹਾਡਾ ਭਰਾ ਹੈ॥੯॥

ਸ੍ਰੀ ਗੁਰ ਰਾਮਦਾਸ ਕੇ ਤ੍ਰੈ ਸੁਤ ਗੁਰਤਾ ਤਖਤ ਏਕ ਹੀ ਲੀਨਿ।
ਸ੍ਰੀ ਅਰਜਨ ਕੇ ਪੂਜਤਿ ਪਾਇਨਿ ਅਰਪਹਿਂ ਭੇਟਨਿ ਹ੍ਵੈ ਸਿਖ ਦੀਨ।
ਪ੍ਰਿਥੀਆ ਮਹਾਂਦੇਵ ਦ੍ਵੈ ਸ਼ੇਸ਼ ਜੁ ਪਿਤ ਨੇ ਤਿਨਕੀ ਸੰਗਤਿ ਕੀਨਿ।
ਸੋ ਸੇਵਕ ਤਿਨ ਕੇ ਹੁਇ ਚਾਲੇ ਅਰਪਤਿ ਵਸਤੂ ਰਹਤਿ ਅਧੀਨ॥ ੧੦॥

ਸ੍ਰੀ ਗੁਰੂ ਰਾਮਦਾਸ ਜੀ ਦੇ ਤਿੰਨ ਪੁੱਤਰ ਸਨ ਪਰ ਤਖ਼ਤ ਦੀ ਗੁਰਤਾ ਇਕ ਨੇ ਹੀ ਲਈ ਸੀ, ਸ੍ਰੀ ਗੁਰੂ ਅਰਜਨ ਦੇਵ ਜੀ ਦੇ ਚਰਨਾਂ ਨੂੰ ਪੂਜਦੇ ਸਨ ਤੇ ਸਿੱਖ ਦੀਨ ਹੋ ਕੇ ਭੇਟਾਵਾਂ ਅਰਪਣ ਕਰਦੇ ਸਨ। ਪ੍ਰਿਥੀਆ ਮਹਾਂਦੇਵ ਜਿਹੜੇ ਦੋ ਬਾਕੀ ਸਨ, ਜੋ ਪਿਤਾ ਨੇ ਜਿਨ੍ਹਾਂ ਦੀ ਸੰਗਤ ਕੀਤੀ, ਉਹ ਸੇਵਕ ਉਨ੍ਹਾਂ ਦੇ ਹੋ ਗਏ ਤੇ ਅਧੀਨ ਰਹਿ ਕੇ ਵਸਤਾਂ ਅਰਪਣ ਕਰਦੇ ਰਹਿੰਦੇ ਸਨ॥੧੦॥

*ਨੋਟ: ਮਸੰਦ ਇਹ ਗੱਲ ਠੀਕ ਨਹੀਂ ਕਹਿ ਰਹੇ, ਪ੍ਰਿਥੀਏ ਨੂੰ ਬਹੁਤ ਧਨ ਦਿੱਤਾ ਸੀ, ਪਰ ਸੰਗਤ ਤਾਰਨਹਾਰ ਗੁਰੂ ਅਰਜਨ ਦੇਵ ਜੀ ਦੇ ਲੜ ਲਾਈ ਸੀ॥੧੦॥*

ਪੁਨ ਸਤਿਗੁਰ ਸੁਤ ਸ੍ਰੀ ਗੁਰਦਿੱਤਾ ਤਿਨ ਕੋ ਸੁਤ ਉਪਜਤਿ ਭੇ ਦੋਇ।
ਇਕ ਤੁਮ ਪਿਤ ਅਰੁ ਧੀਰਮੱਲਜ ਹੈ ਗੁਰਤਾ ਉਚਿਤ ਬਡੇ ਸੁਤ ਜੋਇ।

ਲਘੁ ਕਉ ਸੰਗਤਿ ਪੂਜਤਿ ਹੈ, ਕੁਛ ਰਹਿ ਕਰਤਾਰਪੁਰੇ ਬਿਚ ਸੋਇ।
ਚਿਤ ਮਹਿਂ ਚਹਤਿ ਰਹਜੋ ਗੁਰਤਾ ਕਹੁ ਕਿਮ ਪ੍ਰਾਪਤਿ ਭਾਗਨ ਬਿਨ ਹੋਇ ॥੧੧॥

ਫਿਰ ਸਤਿਗੁਰੂ ਜੀ ਦੇ ਪੁੱਤਰ ਸ੍ਰੀ ਗੁਰਦਿੱਤਾ ਦੇ ਘਰ ਦੋ ਪੁੱਤਰ ਪੈਦਾ ਹੋਏ, ਇਕ ਤੁਹਾਡੇ ਪਿਤਾ ਜੀ ਤੇ ਇਕ ਧੀਰਮਲ ਹੈ, ਗੁਰਤਾ ਵੱਡੇ ਪੁੱਤਰ ਨੂੰ ਦੇਣੀ ਉਚਿਤ ਸੀ। ਛੋਟੇ ਪੁੱਤਰ ਨੂੰ ਸੰਗਤ ਪੂਜਦੀ ਹੈ, ਪਰ ਧੀਰਮਲ ਕਰਤਾਰਪੁਰ ਵਿਚ ਰਹਿੰਦਾ ਹੈ, ਕੁਝ ਸੰਗਤ ਉਸ ਨੂੰ ਵੀ ਪੂਜਦੀ ਹੈ। ਉਹ ਚਿਤ ਵਿਚ ਗੁਰਤਾ ਚਾਹੁੰਦਾ ਰਿਹਾ ਹੈ, ਪਰ ਭਾਗਾਂ ਤੋਂ ਬਗੈਰ ਕਿਵੇਂ ਪ੍ਰਾਪਤ ਹੋ ਸਕਦੀ ਹੈ॥੧੧॥

ਤਿਮ ਤੁਮਰੋ ਇਕ ਅਨੁਜ ਸੁ ਜਾਨਹੁ ਕੇਤਿਕ ਸੰਗਤਿ ਰਹਿ ਤਿਨ ਪਾਸ।
ਪਿਖਿ ਕਜੋਂ ਤਪਹੁ, ਭ੍ਰਾਤ ਹੈ ਰਾਵਰਿ, ਅਰੁ ਸਭਿ ਮਾਤਾ ਰਹਤਿ ਅਵਾਸ।
ਸੋ ਭੀ ਸਦਨ ਆਪਨੋ ਜਾਨਹੁ ਬਨਹਿ ਪਠਾਵਨਿ ਧਨ ਕੌ ਰਾਸ।
ਸਭਿ ਬਿਧਿ ਕੀ ਸੁਧ ਤੁਮ ਹੀ ਲੀਜਹਿ ਕੀਜਹਿ ਮੇਲ ਅਨੰਦ ਪ੍ਰਕਾਸ਼ ॥੧੨॥

ਉਸ ਤਰ੍ਹਾਂ ਹੀ ਤੁਹਾਡਾ ਇਕ ਭਰਾ ਹੈ, ਸੋ ਜਾਣੋ ਕਿ ਕੁਝ ਸੰਗਤ ਉਸ ਪਾਸ ਰਹਿੰਦੀ ਹੈ, ਉਸ ਨੂੰ ਵੇਖ ਕੇ ਕਿਉਂ ਤਪਦੇ ਹੋ, ਆਪ ਜੀ ਦਾ ਭਰਾ ਹੈ ਅਤੇ ਸਾਰੀਆਂ ਮਾਤਾਵਾਂ ਉਸ ਦੇ ਪਾਸ ਰਹਿੰਦੀਆਂ ਹਨ। ਉਹ ਘਰ ਵੀ ਆਪਣਾ ਜਾਣੋ, ਉਥੇ ਕੁਝ ਧਨ ਅਤੇ ਪੂੰਜੀ ਭੇਜਣੀ ਬਣਦੀ ਹੈ, ਸਭ ਵਿਧੀਆਂ ਨਾਲ ਤੁਸੀਂ ਹੀ ਖ਼ਬਰ ਸਾਰ ਲਵੋ ਤੇ ਮੇਲ ਕਰਕੇ ਅਨੰਦ ਦਾ ਪ੍ਰਕਾਸ਼ ਕਰੋ॥੧੨॥

ਦੋਹਰਾ-ਸ੍ਰੀ ਸਤਿਗੁਰ ਹਰਿਰਾਇ ਕੋ ਜੇਠੋ ਸੁਤ ਸੁਨਿ ਬਾਤ।
ਮਾਨੀ ਨਹਿਂ ਮਾਨੀ ਕਛੂ ਕਹਤਿ ਭਯ ਬੱਖਜਾਤ ॥ ੧੩॥

ਸ੍ਰੀ ਗੁਰੂ ਹਰਿਰਾਇ ਜੀ ਦੇ ਜੇਠੇ ਪੁੱਤਰ ਨੇ ਮਸੰਦਾਂ ਦੀ ਇਹ ਗੱਲ ਸੁਣ ਕੇ, ਹੰਕਾਰੀ ਨੇ ਕੁਝ ਨਾ ਮੰਨਿਆ ਤੇ ਪ੍ਰਗਟ ਤੌਰ 'ਤੇ ਕਹਿਣ ਲੱਗਾ॥੨੩॥

ਸੈਯਾ ਛੰਦ-'ਮਿਲਨਿ ਹਮਾਰੋ ਹੋਇ ਨ ਕਿਮ ਹੀ, ਪਰਜੋ ਅੰਤਰੋ ਅਬਹਿ ਬਿਸਾਲ।
ਸ੍ਰੀ ਸਤਿਗੁਰ ਪਿਤ ਨੇ ਜੁ ਕਹੇ ਬਚ, ਸਭਿ ਨੇ ਸੁਨੇ ਹੁਤੇ ਤਿਸ ਕਾਲ।
ਜਾਂ ਤੇ ਮਿਲਹਿਂ ਨ ਸੰਗ ਮੋਹਿ ਸੋਂ ਜਿਨ ਕੇ ਮਨ ਮਹਿਂ ਹਟਕ ਅਚਾਲ।
ਤਿਨਹੁਂ ਬਤਾਯੋ ਲਘੁ ਸੁਤ ਪੂਜਨਿ, ਭਏ ਰਿਦੇ ਤਿਤ ਸ਼ਰਧਾ ਨਾਲ ॥੧੪॥

''ਸਾਡਾ ਕਿਸੇ ਤਰ੍ਹਾਂ ਵੀ ਮਿਲਣ ਨਹੀਂ ਹੋ ਸਕਦਾ, ਹੁਣ ਬਹੁਤ ਵੱਡਾ ਅੰਤਰ ਪੈ ਗਿਆ ਹੈ। ਸ੍ਰੀ ਸਤਿਗੁਰੂ ਪਿਤਾ ਜੀ ਨੇ ਜੋ ਬਚਨ ਕਹੇ ਸਨ, ਉਸ ਸਮੇਂ ਸਾਰਿਆਂ ਨੇ ਸੁਣੇ ਸਨ। ਸ੍ਰੀ ਗੁਰੂ ਹਰਿਰਾਇ ਜੀ ਨੇ ਜਿਹੜੀ ਸੰਗਤ ਨੂੰ ਮੇਰੀ ਵਲੋਂ ਰੋਕਿਆ ਹੈ ਉਹ ਹੁਕਮ ਅਟੱਲ ਹੈ, ਇਸ ਲਈ ਉਹ ਸੰਗਤ ਮੇਰੇ ਨਾਲ ਕਦੇ ਨਹੀਂ ਮਿਲ ਸਕਦੀ। ਉਨ੍ਹਾਂ ਨੂੰ ਛੋਟੇ ਪੁੱਤਰ ਨੂੰ ਪੂਜਣ ਵਾਸਤੇ ਕਿਹਾ ਹੈ, ਇਸ ਲਈ ਉਨ੍ਹਾਂ ਦੇ ਹਿਰਦੇ ਸ੍ਰੀ ਹਰਿਕ੍ਰਿਸ਼ਨ ਜੀ ਦੀ ਸ਼ਰਧਾ ਵਾਲੇ ਹੋ ਗਏ ਹਨ॥੧੪॥

ਪਠਹੁ ਮਸੰਦਨਿ ਦੇਸ਼ਨਿ ਮਾਂਹੀ ਜਿਸ ਸੰਗਤਿ ਪਰ ਜੋ ਚਲਿ ਜਾਇ।
ਤਹਿਂ ਕੀ ਤਿਹ ਦਸਤਾਰ ਬੰਧਾਵਹੁ, ਦੇਹੁ ਦਰਬ ਮਨ ਅਧਿਕ ਬਧਾਇ।
ਸਿੱਖਜਨਿ ਸਭਿ ਮਹਿਂ ਰਹਿਂ ਉਪਦੇਸ਼ਤਿ ਇਤ ਕੋ ਸੁਜਸੁ ਬਿਸਾਲ ਸੁਨਾਇ।
ਬੰਦੁਬਸਤ ਕਰਿ ਕੈ ਬਿਧਿ ਨੀਕੇ ਲੇ ਆਵਹਿਂਗੇ ਹਮਰੇ ਥਾਇਂ ॥ ੧੫॥

ਸਾਰੇ ਦੇਸ਼ਾਂ ਵਿਚ ਮਸੰਦਾਂ ਨੂੰ ਭੇਜੋ। ਜਿਸ ਸੰਗਤ ਪਾਸ ਜੋ ਚਲ ਕੇ ਜਾਵੇ, ਉਥੋਂ ਦੀ ਉਸਨੂੰ ਦਸਤਾਰ ਬੰਨ੍ਹਾਵੇ ਅਤੇ ਧਨ ਦੇ ਕੇ ਉਸਦਾ ਮਨ ਬਹੁਤ ਵਧਾਓ। ਸਾਰੇ ਸਿੱਖਾਂ ਵਿਚ ਉਪਦੇਸ਼ ਕਰਦਾ ਰਹੇ, ਸਾਡੇ ਪਾਸੇ ਦਾ ਵਿਸ਼ਾਲ ਸ੍ਰੇਸ਼ਟ ਜਸ ਸੁਣਾਕੇ, ਚੰਗੀ ਵਿਧੀ ਅਨੁਸਾਰ ਬੰਦੋਬਸਤ ਕਰਕੇ ਸਾਡੇ ਸਥਾਨ 'ਤੇ ਲੈ ਆਉਣਗੇ॥੧੫॥

ਸ੍ਰੀ ਹਰਿਕ੍ਰਿਸ਼ਨ ਸਮੀਪ ਨ ਜਾਵਹਿਂ, ਖਾਰਜ ਸਿੱਖੀ ਤੇ ਡਰਪਾਇਂ।
ਬਰਜਨ ਕਰਹਿਂ ਜਾਹਿਂ ਸਭਿ ਦੇਸ਼ਨਿ ਲਘੁ ਬਿੱਲਦ ਕੋ ਦੇਂ ਸਮੁਝਾਇ।
ਤਿਮ ਸਭਿ ਸੋਢੀ ਗੁਰੂ ਕਹਾਵਹਿਂ, ਨਹੀਂ ਨਿਕਟਿ ਤਿਨ ਕੇ ਭੀ ਜਾਇਂ।
ਅਪਨੀ ਸੰਗਤਿ ਰਹੈ ਨਿਰਾਲੀ, ਕਰਹਿਂ ਕੜਾਹੀ ਭਾਉ ਬਧਾਇ' ॥ ੧੬ ॥

ਸ੍ਰੀ ਹਰਿਕ੍ਰਿਸ਼ਨ ਦੇ ਪਾਸ ਨਾ ਜਾਣ, ਸਿੱਖੀ ਤੋਂ ਖ਼ਾਰਜ ਕਰਨ ਦਾ ਡਰ ਪਾਉਣਾ। ਸਾਰੇ ਦੇਸ਼ਾਂ ਦੇ ਸਿੱਖਾਂ ਨੂੰ ਰੋਕ ਦੇਣ ਤੇ ਸਭ ਛੋਟਿਆਂ ਵੱਡਿਆਂ ਨੂੰ ਸਮਝਾ ਦੇਣਾ। ਉਸ ਤਰ੍ਹਾਂ ਹੀ ਜਿਵੇਂ ਸਾਰੇ ਸੋਢੀ ਆਪਣੇ ਆਪ ਨੂੰ ਗੁਰੂ ਕਹਾਉਂਦੇ ਹਨ, ਉਨ੍ਹਾਂ ਦੇ ਪਾਸ ਵੀ ਕੋਈ ਸਿੱਖ ਨਾ ਜਾਵੇ। ਆਪਣੀ ਸੰਗਤ ਵਖਰੀ ਰਹੇ, ਪ੍ਰੇਮ ਵਧਾ ਕੇ ਕੜਾਹੀ ਕਰਵਾਉਣ ॥੧੬॥

ਇਮ ਕਹਿ ਅਨਿਕ ਮਸੰਦ ਪਠੇ ਹੈਂ ਮਾਨ ਦਾਨ ਦੇ ਦਰਬ ਅਪਾਰ।
ਸਿਰ ਦਸਤਾਰ ਬੰਧਾਵਨਿ ਕਰਿ ਕੈ ਲਿਖੇ ਹੁਕਮ ਨਾਮੇ ਕਰਿ ਧਾਰਿ।
ਜਿਹ ਕੋ ਜਹਿਂ ਭੇਜਯੋ ਤਿਹ ਆਖਯ ਲਿਖਯੋ 'ਹਮਾਰੋ ਇਹ ਮੁਖਤਯਾਰ।
ਗੁਰ ਮਨੌਤ ਹੁਇ ਸੋ ਇਸ ਦੀਜਹਿ, ਕਹੈ ਜੁ ਮਾਨਹੁ, ਹੋਇ ਉਧਾਰ ॥ ੧੭ ॥

ਇਸ ਤਰ੍ਹਾਂ ਕਹਿ ਕੇ ਬਹੁਤ ਮਸੰਦ ਭੇਜੇ। ਮਾਨ, ਦਾਨ ਤੇ ਅਪਾਰ ਧਨ ਦਿੱਤਾ। ਸਿਰ 'ਤੇ ਦਸਤਾਰ ਬੰਨ੍ਹਵਾ ਕੇ ਸਾਰੇ ਸਿੱਖਾਂ ਦੇ ਨਾਵਾਂ ਤੇ ਹੁਕਮਨਾਮੇ ਲਿਖੇ। ਜਿਸ ਮਸੰਦ ਨੂੰ ਵੀ ਜਿਥੇ ਭੇਜਿਆ ਉਸ ਬਾਰੇ ਲਿਖਿਆ, "ਇਹ ਸਾਡਾ ਮੁਖ਼ਤਾਰ ਹੈ। ਜੋ ਵੀ ਗੁਰੂ ਦੀ ਮਨੌਤ ਹੋਵੇ ਇਸ ਨੂੰ ਦੇਵੇ, ਜੋ ਵੀ ਇਹ ਕਹੇ ਉਸ ਨੂੰ ਮੰਨੋ, ਤੁਹਾਡਾ ਉਧਾਰ ਹੋਵੇਗਾ ॥੧੭॥

ਰਹਹੁ ਸਦਾ ਅਨੁਸਾਰੀ ਇਸ ਕੇ, ਆਵਹੁ ਦਰਸ਼ਨ ਕੋ ਸੰਗ ਲੇਯ।
ਜੌਨ ਆਇ ਧਨ ਅਰਪਹਿ ਇਸ ਸਭਿ, ਹਮ ਕੋ ਪਹੁੰਚਹਿ ਗੋ ਜੋ ਦੇਯ।
ਗੁਰ ਕੀ ਖੁਸ਼ੀ ਹੋਹਿ ਤੁਮ ਊਪਰ ਕਰਹੁ ਕਾਮਨਾ ਪੂਰਹਿਂ ਸੇਯ।
ਸ਼ਬਦ ਪਠਹੁ ਅਰੁ ਜਨਮ ਸੁਧਾਰਹੁ ਨਹਿਂ ਭਰਮਹੁ ਨਿਜ ਧਰਮ ਗਹੇਯ' ॥੧੮॥

ਇਸ ਦੀ ਸਦਾ ਆਗਿਆ ਵਿਚ ਰਹੋ, ਇਸ ਨੂੰ ਲੈ ਕੇ ਦਰਸ਼ਨ ਕਰਨ ਵਾਸਤੇ ਆਵੋ। ਜਿਹੜਾ ਵੀ ਇਸ ਨੂੰ ਧਨ ਅਰਪਣ ਕਰੇਗਾ ਜੋ ਵੀ ਦੇਵੇਗਾ ਉਹ ਸਭ ਸਾਨੂੰ ਪਹੁੰਚੇਗਾ। ਗੁਰੂ ਜੀ ਦੀ ਤੁਹਾਡੇ ਉਤੇ ਖ਼ੁਸ਼ੀ ਹੋਵੇਗੀ ਤੇ ਆਪਣੀਆਂ ਕਾਮਨਾਵਾਂ ਪੂਰੀਆਂ ਕਰੋ, ਸ਼ਬਦ ਪੜ੍ਹੋ ਅਤੇ ਜਨਮ ਸੁਧਾਰੋ ਤੇ ਭਰਮੋ ਨਹੀਂ। ਆਪਣੇ ਧਰਮ ਵਿਚ ਕਾਇਮ ਰਹੋ' ॥੧੮॥

ਗਹੇ ਹੁਕਮਨਾਵੇ ਸਭਿ ਧਾਏ, ਜਾਇ ਸੰਗਤਿਨਿ ਮਹਿਂ ਧਨ ਲੀਨਿ।
ਅਪਰ ਗੁਰੂ ਕੇ ਨਿੰਦਕ ਬਨਿ ਬਨਿ ਅਪਨੇ ਪਰ ਭਰਮਾਇਂ ਪ੍ਰਬੀਨ।
ਝੂਠ ਬੋਲਨੋ ਕਪਟ ਕਮਾਵਨਿ ਜਯੋਂ ਕਯੋ ਦਰਬ ਲੇਹਿਂ ਲਬ ਭੀਨ।
ਭੋਲੀ ਸੰਗਤਿ ਕਰਿ ਬਸਿ ਅਪਨੇ ਅਪਰਨਿ ਢਿਗ ਪਹੁੰਚਨਿ ਨਹਿਂ ਦੀਨਿ ॥੧੯॥

ਹੁਕਮਨਾਮੇ ਲੈ ਕੇ ਸਭ ਚਲੇ ਗਏ ਤੇ ਸੰਗਤਾਂ ਵਿਚ ਜਾ ਕੇ ਧਨ ਲਿਆ, ਹੋਰ ਗੁਰੂ ਦੇ ਨਿੰਦਕ ਬਣਾ ਬਣਾ ਚੰਗੀ ਤਰ੍ਹਾਂ ਆਪਣੇ ਵਲ ਭਰਮਾ ਲਏ। ਝੂਠ ਬੋਲ ਕੇ ਕਪਟ ਕਮਾਉਂਦੇ ਸਨ ਅਤੇ ਲੋਭ ਵਿਚ ਰੰਗੇ ਜਿਵੇਂ ਕਿਵੇਂ ਧਨ ਲੈ ਲੈਂਦੇ ਸਨ। ਭੋਲੀ ਸੰਗਤ ਨੂੰ ਆਪਣੇ ਵਸ ਵਿਚ ਕਰਕੇ, ਹੋਰਨਾਂ ਦੇ ਪਾਸ ਪਹੁੰਚਣ ਨਹੀਂ ਸੀ ਦਿੰਦੇ ॥੧੯॥

ਅਧਿਕ ਦਰਬ ਸੰਗਤਿ ਤੇ ਆਵਹਿ ਕੁਛ ਸ੍ਰੀ ਰਾਮਰਾਇ ਢਿਗ ਦੇਹਿਂ।
ਔਰ ਸਕਲ ਅਪਨੇ ਢਿਗ ਰਾਖਹਿਂ ਭਏ ਧਨੀ ਸਿੱਖਜਨਿ ਧਨ ਲੇਹਿ।

ਪਾਇ ਪਦਾਰਥ ਭਏ ਹੰਕਾਰੀ, ਬਡੇ ਅਸ਼ਰਧਕ ਲਖਹਿਂ ਨ ਕੇਹਿ।
ਗੁਰੂ ਬਨਾਵਨਿ ਹਮਰੇ ਬਸ ਹੈ ਜਿਸ ਕੋ ਚਾਹਹਿਂ ਤਿਸਹਿਂ ਪੁਜੇਹਿਂ॥ ੨੦॥

ਸੰਗਤ ਪਾਸੋਂ ਬਹੁਤ ਧਨ ਆਉਂਦਾ ਸੀ, ਕੁਝ ਧਨ ਸ੍ਰੀ ਰਾਮਰਾਇ ਨੂੰ ਦਿੰਦੇ ਸਨ, ਬਾਕੀ ਸਾਰਾ ਆਪਣੇ ਕੋਲ ਹੀ ਰੱਖ ਲੈਂਦੇ ਸਨ, ਸਿੱਖਾਂ ਪਾਸੋਂ ਧਨ ਲੈ ਕੇ ਵੱਡੇ ਧਨਾਢ ਬਣ ਗਏ। ਪਦਾਰਥ ਪਾ ਕੇ ਉਹ ਹੰਕਾਰੀ ਹੋ ਗਏ, ਵੱਡੇ ਸ਼ਰਧਾ ਰਹਿਤ ਹੋ ਕੇ ਕਿਸੇ ਨੂੰ ਕੁਝ ਸਮਝਦੇ ਨਹੀਂ ਸਨ। ਕਹਿੰਦੇ ਸਨ, ਗੁਰੂ ਬਣਾਉਣਾ ਸਾਡੇ ਵੱਸ ਹੈ, ਜਿਸ ਨੂੰ ਚਾਹੀਏ ਉਸ ਦੀ ਹੀ ਪੂਜਾ ਕਰਵਾ ਦਿੰਦੇ ਹਾਂ॥੨੦॥

ਸਗਲ ਸੰਗਤਾਂ ਸੰਗ ਹਮਾਰੇ, ਜਿਸ ਢਿਗ ਚਾਹਹਿਂ ਤਹਿਂ ਲੇ ਜਾਹਿਂ।
ਨਿਜ ਅਸਤੀਨ ਹਿਲਾਵਨਿ ਕਰਿ ਕੈ ਗੁਰੂ ਨਿਕਾਸਹਿਂ ਦੇਹਿਂ ਬਿਠਾਇ।
ਜੋ ਗੁਰ ਰਹੈ ਅਧੀਨ ਹਮਾਰੇ ਤਿਸ ਹੀ ਕੇ ਪੁਜਵਾਵਹਿਂ ਪਾਇ।
ਨਾਂਹਿ ਤ ਅਪਰ ਥਾਨ ਲੇ ਗਮਨਹਿਂ, ਤਿਹ ਘਟਿ ਕਰਿ ਦੇਂ ਔਰ ਬਧਾਇ॥੨੧॥

ਸਾਰੀਆਂ ਸੰਗਤਾਂ ਸਾਡੇ ਨਾਲ ਹਨ, ਜਿਸ ਪਾਸ ਚਾਹੀਏ ਉਥੇ ਹੀ ਲੈ ਜਾਂਦੇ ਹਾਂ। ਆਪਣੇ ਚੋਲੇ ਦੀ ਬਾਂਹ ਹਿਲਾ ਕੇ, ਗੁਰੂ ਕੱਢ ਕੇ ਬਿਠਾ ਦਿੰਦੇ ਹਾਂ। ਜਿਹੜਾ ਗੁਰੂ ਸਾਡੇ ਅਧੀਨ ਰਹਿੰਦਾ ਹੈ, ਉਸ ਦੇ ਹੀ ਅਸੀਂ ਚਰਨਾਂ ਦੀ ਪੂਜਾ ਕਰਵਾਉਂਦੇ ਹਾਂ, ਨਹੀਂ ਤਾਂ ਹੋਰ ਥਾਂ ਲੈ ਕੇ ਚਲੇ ਜਾਂਦੇ ਹਾਂ, ਉਸ ਨੂੰ ਘੱਟ ਕਰ ਦਿੰਦੇ ਹਾਂ ਤੇ ਦੂਸਰੇ ਨੂੰ ਵਧਾ ਦਿੰਦੇ ਹਾਂ॥੨੧॥

ਇੱਤਜਾਦਿਕ ਲਖਿ ਮੂਰਖ ਗਰਬੇ ਨਿਤ ਪ੍ਰਤਿ ਚਲਤੇ ਭਏ ਕੁਚਾਲ।
ਪਾਨ ਬਾਰਨੀ ਬਾਰਬਧੂ ਰਤਿ, ਲਗੇ ਪਾਪ ਮਹਿਂ ਦੁਸ਼ਟ ਬਿਸਾਲ।
ਨਿਰਧਨ ਸਿੱਖਜਨਿ ਕਹੁ ਦੁਖਦਾਯਕ ਝਿਰਕਹਿਂ ਕਹਿ ਕਹਿ ਬੋਲ ਕਰਾਲ।
'ਗੁਰ ਮਾਰਜੋ ਤੂੰ ਦਰਬ ਨ ਦੇਤੋ ਨਿਤ ਕੁਟੰਬ ਕਰਤੋ ਪ੍ਰਤਿਪਾਲ॥ ੨੨॥

ਇਤਿਆਦਿਕ ਸਮਝ ਕੇ ਮੂਰਖ ਬਹੁਤ ਘੁਮੰਡੀ ਹੋ ਗਏ, ਤੇ ਸਦਾ ਭੈੜੇ ਚਾਲੇ ਕਰਦੇ ਸਨ। ਸ਼ਰਾਬ ਪੀਣ ਲੱਗੇ ਤੇ ਵੇਸਵਾਵਾਂ ਪਾਸ ਜਾਣ ਲੱਗੇ। ਦੁਸ਼ਟ ਵਿਸ਼ਾਲ ਪਾਪਾਂ ਵਿਚ ਗਰਕ ਹੋ ਗਏ। ਗ਼ਰੀਬ ਸਿੱਖਾਂ ਨੂੰ ਵਿਕਰਾਲ ਭੈੜੇ ਬਚਨ ਬੋਲ ਬੋਲ ਕੇ ਦੁਖਦਾਇਕ ਢੰਗ ਨਾਲ ਝਿੜਕਦੇ ਸਨ। ਕਹਿੰਦੇ ਸਨ, "ਗੁਰੂ ਮਾਰਿਆ ਤੂੰ ਧਨ ਨਹੀਂ ਦਿੰਦਾ, ਨਿਤ ਪਰਿਵਾਰ ਦੀ ਪ੍ਰਤਿਪਾਲਣਾ ਕਰਦਾ ਹੈਂ॥੨੨॥

ਮੈਂ ਗੁਰ ਕੋ ਸਿਖ ਨਹਿਂ, ਤੁਮ ਲਿਖ ਦਿਹੁ' ਇਮ ਡਰਪਾਇ ਲੇਤਿ ਧਨ ਛੀਨਿ।
ਘਰ ਕੀ ਵਸਤੁ ਬਿਕਾਵਹਿਂ ਬਲ ਤੇ ਕਰਹਿਂ ਤੰਗ ਅਰੁ ਅਧਿਕ ਸੁ ਦੀਨ।
ਕਬਿ ਸ੍ਰੀ ਰਾਮਰਾਇ ਢਿਗ ਪਹੁੰਚਹਿਂ ਕਰਹਿਂ ਪੁਕਾਰ 'ਹਮਹਿ ਦੁਖ ਦੀਨਿ'।
ਡਰਪਿ ਮਸੰਦਨਿ ਤੇ ਨ ਭਨਹਿਂ ਕੁਛ ਕਹਿ ਬਾਕਨ ਕੋ ਖ਼ਾਤਰ ਕੀਨਿ॥੨੩॥

"ਮੈਂ ਗੁਰੂ ਦਾ ਸਿੱਖ ਨਹੀਂ, ਤੂੰ ਲਿਖ ਦੇ", ਇਸ ਤਰ੍ਹਾਂ ਡਰ ਪਾ ਕੇ ਧਨ ਖੋਹ ਲੈਂਦੇ ਸਨ। ਘਰ ਦੀਆਂ ਵਸਤਾਂ ਵਿਕਾ ਦਿੰਦੇ ਸਨ। ਸ਼ਕਤੀ ਨਾਲ ਤੰਗ ਕਰਦੇ ਸਨ ਤੇ ਬਹੁਤ ਗ਼ਰੀਬ ਬਣਾ ਦਿੰਦੇ ਸਨ। ਕਦੀ ਸ੍ਰੀ ਰਾਮਰਾਇ ਦੇ ਪਾਸ ਜਾ ਕੇ ਸਿੱਖ ਪੁਕਾਰ ਕਰਦੇ ਸਨ, "ਸਾਨੂੰ ਦੁਖੀ ਕਰਦੇ ਹਨ।" ਉਹ ਮਸੰਦਾਂ ਤੋਂ ਡਰਦਾ ਕੁਝ ਕਹਿੰਦਾ ਨਹੀਂ ਸੀ ਤੇ ਕੁਝ ਮਿੱਠੇ ਬਚਨ ਬੋਲ ਕੇ ਉਨ੍ਹਾਂ ਦੀ ਖਾਤਰ ਕਰ ਦਿੰਦਾ ਸੀ॥੨੩॥

ਦੋਹਰਾ- ਇਸਬਿਧਿ ਅਪਨੀ ਸੰਗਤਾਂ ਬਾਂਟ ਮਸੰਦਨਿ ਦੀਨਿ।
ਬੰਦੁਬਸਤ ਸਭਿ ਰੀਤਿ ਕਰਿ ਰਾਖੀ ਸਕਲ ਅਧੀਨ॥ ੨੪॥

ਇਸ ਤਰ੍ਹਾਂ ਮਸੰਦਾਂ ਨੇ ਆਪਣੀਆਂ ਸੰਗਤਾਂ ਵੰਡ ਦਿੱਤੀਆਂ। ਸਭ ਰੀਤੀਆਂ ਨਾਲ ਬੰਦੋਬਸਤ ਕਰਕੇ, ਸਾਰੀ ਸ਼ਕਤੀ ਆਪਣੇ ਅਧੀਨ ਰੱਖੀ॥੨੪॥

ਦੇਤਿ ਬਡਾਈ ਅਧਿਕ ਨਿਤ ਜੇ ਮਸੰਦ ਬਿਚਿ ਦੇਸ਼।
ਜਿਮ ਅਧੀਨ ਮੇਰੇ ਰਹੈਂ ਕਰਤਿ ਉਪਾਇ ਵਿਸ਼ੇਸ਼॥ ੨੫॥

ਸ੍ਰੀ ਰਾਮਰਾਇ ਉਨ੍ਹਾਂ ਮਸੰਦਾਂ ਨੂੰ ਜਿਹੜੇ ਦੇਸ਼ ਵਿਚ ਵਿਚਰ ਰਹੇ ਸਨ, ਬਹੁਤ ਵਡਿਆਈ ਦਿੰਦਾ ਸੀ। ਜਿਵੇਂ ਕਿਵੇਂ ਮੇਰੇ ਹੀ ਅਧੀਨ ਰਹਿਣ, ਇਸ ਕਰਕੇ ਉਨ੍ਹਾਂ ਬਾਰੇ ਵਿਸ਼ੇਸ਼ ਉਪਾਅ ਕਰਦਾ ਸੀ॥੨੫॥

ਸਿਰੋਪਾਉ ਅਰੁ ਦਰਬ ਬਹੁ ਦੇਤਿ ਦਾਨ ਸਨਮਾਨ।
ਸਿੱਖਜਨਿ ਕੇ ਦੁਖ ਦਾਇਕਨਿ ਨਹਿਂ ਬਰਜਤਿ ਰਿਸ ਠਾਨਿ॥ ੨੬॥

ਸਿਰੋਪੇ ਅਤੇ ਧਨ ਬਹੁਤ ਦਿੰਦਾ ਸੀ ਅਤੇ ਦਾਨ ਸਨਮਾਨ ਬਹੁਤ ਦਿੰਦਾ ਸੀ ਤੇ ਗੁੱਸੇ ਹੋ ਕੇ ਉਨ੍ਹਾਂ ਨੂੰ ਸਿੱਖਾਂ ਨੂੰ ਦੁੱਖੀ ਕਰਨ ਤੋਂ ਨਹੀਂ ਰੋਕਦਾ ਸੀ॥੨੬॥

ਬਿਗਰੇ ਕਾਚ ਗੁਰੂਨਿ ਤੇ ਧਰਤਿ ਮਹਾਂ ਹੰਕਾਰ।
ਪਾਤਸ਼ਾਹ ਦਸਮੇ ਬਿਨਾਂ ਕੌਨ ਸੁਧਾਰੇ ਮਾਰਿ॥ ੨੭॥

ਕੱਚੇ ਗੁਰੂਆਂ ਦੇ ਵਿਗਾੜੇ ਹੋਏ ਮਹਾਨ ਹੰਕਾਰ ਧਾਰਨ ਕਰਦੇ ਸਨ। ਦਸਵੇਂ ਪਾਤਿਸ਼ਾਹ ਤੋਂ ਬਗੈਰ ਕੌਣ ਇਨ੍ਹਾਂ ਨੂੰ ਮਾਰ ਕੇ ਇਨ੍ਹਾਂ ਦਾ ਸੁਧਾਰ ਕਰੇ॥੨੭॥

*ਦਸਵੀਂ ਰਾਸ ਦਾ ਉਣੱਤੀਵਾਂ ਅਧਿਆਇ ਸਮਾਪਤ ਹੋਇਆ॥੨੯॥*

## ਅਧਿਆਇ ਤੀਹਵਾਂ

### *ਗੁਰੂ ਹਰਿਕ੍ਰਿਸ਼ਨ ਜੀ ਦਾ ਪ੍ਰਤਾਪ ਤੇ ਰਾਮਰਾਇ ਦੀ ਈਰਖਾ*

ਦੋਹਰਾ- ਸ੍ਰੀ ਹਰਿ ਕ੍ਰਿਸ਼ਨ ਪ੍ਰਤਾਪ ਬਡ ਸੁਜਸੁ ਸੁਨਹਿਂ ਨਿਤ ਕਾਨ।
ਧੀਰ ਮਹਾਂ ਗੰਭੀਰ ਹੈਂ ਕਰਾਮਾਤ ਮਹੀਯਾਨ॥ ੧॥

ਸ੍ਰੀ ਰਾਮਰਾਇ ਸਦਾ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦੇ ਪ੍ਰਤਾਪ ਅਤੇ ਸ੍ਰੇਸ਼ਟ ਜਸ ਬਾਰੇ ਆਪਣੇ ਕੰਨਾਂ ਨਾਲ ਸੁਣਦਾ ਸੀ ਕਿ ਉਹ ਵੱਡੇ ਧੀਰਜਵਾਨ ਤੇ ਗੰਭੀਰ ਹਨ ਤੇ ਵੱਡੀ ਕਰਾਮਾਤ ਵਾਲੇ ਹਨ॥੧॥

ਚੌਪਈ- ਅਨਿਕ ਸੰਗਤਾਂ ਨਿਤ ਪ੍ਰਤਿ ਆਵੈਂ। ਅਰਪਿ ਉਪਾਇਨ ਦਰਸ਼ਨ ਪਾਵੈਂ।
ਪੂਰ ਕਾਮਨਾ ਸਿੱਖਜ ਅਨੇਕੂ। ਕੇਤਿਕ ਪਾਵਤਿ ਦਾਤ ਬਿਬੇਕੂ॥ ੨॥

ਅਨੇਕਾਂ ਸੰਗਤਾਂ ਨਿਤਾਪ੍ਰਤਿ ਆਉਂਦੀਆਂ ਹਨ। ਉਪਹਾਰ ਅਰਪਣ ਕਰਕੇ ਦਰਸ਼ਨ ਪਾਉਂਦੀਆਂ ਹਨ। ਅਨੇਕਾਂ ਸਿੱਖਾਂ ਦੀਆਂ ਕਾਮਨਾਵਾਂ ਪੂਰੀਆਂ ਹੁੰਦੀਆਂ ਹਨ ਤੇ ਕਈ ਗਿਆਨ ਦੀ ਦਾਤ ਵੀ ਪ੍ਰਾਪਤ ਕਰਦੇ ਸਨ॥੨॥

ਕੀਰਤਿ ਪਸਰੀ ਪੁਰਿ ਪੁਰਿ ਘਰ ਘਰ। ਸੰਕਟ ਪਰਹਰਿ ਦਰਸ਼ਨ ਕਰਿ ਕਰਿ।
ਆਨਿ ਆਨਿ ਗੁਨ ਅਧਿਕ ਸੁਨਾਵੈਂ। ਸੁਨਿ ਸੁਨਿ ਰਾਮਰਾਇ ਦੁਖ ਪਾਵੈ॥੩॥

ਉਨ੍ਹਾਂ ਦੀ ਕੀਰਤੀ ਘਰ ਘਰ ਤੇ ਨਗਰ ਨਗਰ ਵਿਚ ਫੈਲ ਗਈ। ਸਾਰੇ ਦਰਸ਼ਨ ਕਰ ਕਰ ਸੰਕਟ ਦੂਰ ਕਰ ਰਹੇ ਸਨ ਅਤੇ ਆ ਆ ਕੇ ਬਹੁਤ ਗੁਣ ਸੁਣਾਉਂਦੇ ਸਨ ਤੇ ਸੁਣਕੇ ਰਾਮਰਾਇ ਬਹੁਤ ਦੁਖ ਪਾਉਂਦਾ ਸੀ ॥੩॥

ਜਰੀ ਨ ਜਾਇ ਅਨੁਜ ਬਡਿਆਈ। ਚਿਤਵਤਿ ਚਿਤ ਮਹਿਂ ਅਤਿ ਤਪਤਾਈ।
ਜਜੋਂ ਜਜੋਂ ਗੁਨ ਗਨ ਸੁਨਿ ਹੈ ਕਾਨ। ਤਜੋਂ ਤਜੋਂ ਛੋਭ ਰਿਦੇ ਬਹੁ ਠਾਨਿ ॥੪॥

ਛੋਟੇ ਭਰਾ ਦੀ ਵਡਿਆਈ ਜਰੀ ਨਹੀਂ ਸੀ ਜਾਂਦੀ, ਚਿੱਤ ਵਿਚ ਸੋਚ ਕੇ ਬਹੁਤ ਦੁਖੀ ਹੁੰਦਾ ਸੀ। ਜਿਵੇਂ-ਜਿਵੇਂ ਸਮੂਹ ਗੁਣ ਕੰਨਾਂ ਨਾਲ ਸੁਣਦਾ ਸੀ, ਤਿਵੇਂ ਤਿਵੇਂ ਹਿਰਦੇ ਵਿਚ ਰੋਭ ਹੋਰ ਵਧਦੀ ਸੀ ॥੪॥

ਬਸਿ ਨ ਬਸਾਵਹਿ ਚਿਤਵਹਿ ਜਤਨਾ। ਕਿਮ ਪ੍ਰਾਪਤਿ ਹ੍ਵੈ ਗੁਰਤਾ ਰਤਨਾ।
ਸਿੱਖਜ ਮਸੰਦ ਮੇਵੜੇ ਬ੍ਰਿੰਦ। ਸਭਿ ਮਹਿਂ ਬੈਠੈ ਚਿੰਤ ਬਿਲੰਦ॥ ੫॥

ਰਾਮਰਾਇ ਦਾ ਵਸ ਨਹੀਂ ਸੀ ਚਲਦਾ, ਬਹੁਤ ਜਤਨ ਸੋਚਦਾ ਸੀ, ਕਿਵੇਂ ਗੁਰਤਾ ਦਾ ਰਤਨ ਪ੍ਰਾਪਤ ਹੋਵੇ। ਬਹੁਤ ਸਿੱਖ, ਮਸੰਦ ਅਤੇ ਮੇਵੜੇ ਸਨ, ਸਭ ਵਿਚ ਬੈਠਾ ਚਿੰਤਾ ਵਿਚ ਡੁੱਬਿਆ ਸੀ ॥੫॥

ਰਿਦੇ ਬਿਖੇ ਜਿਮ ਗਿਨਤੀ ਗਿਨਤਿ। ਮੁੱਖਜਨਿ ਸਾਥ ਬਾਕ ਕਹੁ ਭਨਤਿ।
'ਕਰਤਿ ਪ੍ਰਤੀਖਨਿ ਮੈਂ ਨਿਤ ਰਹਜੋ। ਬਿਨ ਅਧਿਕਾਰ ਅਨੁਜ ਪਦ ਲਹਜੋ ॥੬॥

ਹਿਰਦੇ ਵਿਚ ਜਿਵੇਂ ਗਿਣਤੀਆਂ ਗਿਣਦਾ ਸੀ, ਉਹ ਗੱਲਾਂ ਆਪਣੇ ਮੁਖੀਆਂ ਨਾਲ ਕਰਦਾ ਸੀ, "ਮੈਂ ਸਦਾ ਇੰਤਜ਼ਾਰ ਕਰਦਾ ਰਿਹਾ ਹਾਂ, ਬਿਨਾਂ ਅਧਿਕਾਰ ਦੇ ਛੋਟੇ ਭਰਾ ਨੇ ਉਹ ਪਦਵੀ ਪ੍ਰਾਪਤ ਕੀਤੀ ਹੈ ॥੬॥

ਦਿੱਲੀ ਪੁਰਿ ਆਵਨਿ ਢਿਗ ਸ਼ਾਹੂ। ਨਹਿਂ ਕਿਨ ਕੀਨਸਿ ਤਬਿ ਉਤਸਾਹੂ।
ਸਭਿ ਤੇ ਅੱਗ੍ਰ ਕੀਏ ਮੁਝ ਭੇਜਾ। ਨਾਮ ਸੁਨੇ ਜਿਸ ਧਰਕ ਕਰੇਜਾ॥ ੭॥

ਦਿੱਲੀ ਵਿਚ ਬਾਦਸ਼ਾਹ ਦੇ ਪਾਸ ਆਉਣ ਦਾ ਕਿਸੇ ਨੇ ਵੀ ਹੌਸਲਾ ਨਾ ਕੀਤਾ। ਸਾਰਿਆਂ ਦੇ ਅੱਗੇ ਕਰ ਕੇ ਮੈਨੂੰ ਭੇਜਿਆ। ਜਿਸ ਬਾਦਸ਼ਾਹ ਦਾ ਨਾਮ ਸੁਣਦਿਆਂ ਹੀ ਕਲੇਜਾ ਧੜਕਣ ਲੱਗ ਪੈਂਦਾ ਹੈ ॥੭॥

ਮੈਂ ਅਪਨੀ ਬੁਧਿ ਕੋ ਬਲ ਕਰਿਕੈ। ਅਜ਼ਮਤ ਅਨਿਕ ਪ੍ਰਕਾਰ ਦਿਖਰਿਕੈ।
ਕਹਿਬੇ ਸੁਨਿਬੇ ਕੀ ਚਤੁਰਾਈ। ਕਰੀ ਬਹੁਤ ਮਿਲਿ ਤੁਰਕਨਿ ਰਾਈ॥ ੮॥

ਮੈਂ ਆਪਣੀ ਬੁੱਧੀ ਦਾ ਬਲ ਕਰਕੇ ਅਨੇਕ ਪ੍ਰਕਾਰ ਕਰਾਮਾਤਾਂ ਵਿਖਾਈਆਂ। ਕਹਿਣ ਸੁਣਨ ਵਿਚ ਬਹੁਤ ਚਤੁਰਾਈ ਔਰੰਗਜ਼ੇਬ ਬਾਦਸ਼ਾਹ ਅਤੇ ਉਸ ਦੇ ਸਾਥੀਆਂ ਨੇ ਮਿਲ ਕੇ ਵਿਖਾਈ ॥੮॥

ਜਹਿਂ ਬਾਦੀ ਸਮੁਦਾਇ ਸਦੀਵਾ। ਸਭਿਹਿਨਿ ਕਹੁ ਹੰਕਾਰ ਕਰਿ ਨੀਵਾ।
ਰਸ ਰਾਖਜੋ ਬਡ ਨੌਰੰਗ ਸੰਗ। ਤਹਿਂ ਬੈਠਕ ਸੁਭ ਲਈ ਉਤੰਗ॥ ੯॥

ਜਿਥੇ ਸਦਾ ਹੀ ਤਰਕਵਾਦੀਆਂ ਦਾ ਇਕੱਠ ਰਹਿੰਦਾ ਹੈ, ਉਥੇ ਸਾਰਿਆਂ ਦੇ ਹੰਕਾਰ ਨੂੰ ਨੀਵਾਂ ਕੀਤਾ ਤੇ ਨੌਰੰਗੇ ਨਾਲ ਬੜਾ ਰਸ ਰੱਖਿਆ ਤੇ ਉਥੇ ਬੜੀ ਉੱਚੀ ਥਾਂ ਆਪਣੇ ਬੈਠਣ ਵਾਸਤੇ ਪਾਈ ॥੯॥

ਨਿਜ ਅਨੁਸਾਰ ਸ਼ਾਹੁ ਕਰਿ ਰਾਖਾ। ਨਹੀਂ ਦਿਯੋ ਬਿਗਰਨਿ, ਹਿਤ ਕਾਂਖਾ।
ਇਤ ਮੁਹਿ ਪਠਜੋ ਰਹਜੋ ਢਿਗ ਸ਼ਾਹੂ। ਪਿਤ ਜੁਤਿ ਭੇ ਨਚਿੰਤ ਸੁਖ ਮਾਂਹੂ ॥੧੦॥

ਆਪਣੇ ਅਨੁਸਾਰ ਬਾਦਸ਼ਾਹ ਨੂੰ ਕਰ ਕੇ ਰੱਖਿਆ, ਕਿਸੇ ਇੱਛਾ ਵਾਸਤੇ ਉਸ ਨੂੰ ਵਿਗੜਨ ਨਹੀਂ ਦਿੱਤਾ। ਏਧਰ ਮੈਨੂੰ ਬਾਦਸ਼ਾਹ ਦੇ ਪਾਸ ਭੇਜੀ ਰੱਖਿਆ ਉਧਰ ਪਿਤਾ ਜੀ ਸਹਿਤ ਸਾਰੇ ਸੁਖੀ ਸਨ ॥੧੦॥

ਆਯਹੁ ਸਮਾ ਲੇਨਿ ਬਡਿਆਈ। ਮੇਰੋ ਤਜਾਗ ਕਰਜੋ ਰਿਸ ਪਾਈ।
ਸ੍ਰੀ ਹਰਿ ਕ੍ਰਿਸ਼ਨ ਲਿਯੋ ਸਭਿ ਸਾਜ। ਹੁਤੋ ਪਿਤਾ ਢਿਗ ਜਿਤਿਕ ਸਮਾਜ ॥੧੧॥

ਜਦ ਵਡਿਆਈ ਲੈਣ ਦਾ ਸਮਾਂ ਆਇਆ ਤਾਂ ਗੁੱਸੇ ਵਿਚ ਆ ਕੇ ਮੇਰਾ ਤਿਆਗ ਕਰ ਦਿੱਤਾ। ਸ੍ਰੀ ਹਰਿਕ੍ਰਿਸ਼ਨ ਨੇ ਸਭ ਸਾਜ਼ੋ-ਸਾਮਾਨ ਸੰਭਾਲ ਲਿਆ, ਪਿਤਾ ਜੀ ਪਾਸ ਜਿੰਨਾ ਵੀ ਸਮਾਜ ਸੀ॥੧੧॥

ਗੁਰਤਾ ਕੇ ਸੰਗ ਸਭਿ ਕਿਛ ਲੀਨਿ। ਸਰਬੋਤਮ ਪਦ ਪਾਵਨ ਕੀਨਿ।
ਅਬਿ ਤੋ ਅਪਰ ਉਪਾਇ ਨ ਬਨੈ। ਏਕ ਜਤਨ ਆਵਤਿ ਮੁਝ ਮਨੈ॥ ੧੨॥

ਗੁਰਤਾ ਦੇ ਨਾਲ ਉਹ ਸਭ ਕੁਝ ਲੈ ਲਿਆ ਤੇ ਸਰਵੋਤਮ ਪਦ ਵੀ ਪ੍ਰਾਪਤ ਕਰ ਲਿਆ। ਹੁਣ ਤਾਂ ਹੋਰ ਕੋਈ ਉਪਾਅ ਨਹੀਂ ਬਣਦਾ, ਇਕ ਜਤਨ ਮੇਰੇ ਮਨ ਵਿਚ ਆਉਂਦਾ ਹੈ॥੧੨॥

ਸੋ ਮੈਂ ਕਰਿਹੋਂ ਟਰੌਂ ਨ ਕੈਸੇ। ਸੁਨਿ ਤੁਮ ਭਨਹੁ ਆਇ ਚਿਤ ਜੈਸੇ।
ਨੌਰੰਗ ਕੋ ਸਮੁਝਾਵਨਿ ਕਰਿਕੈ। ਅਨਿਕ ਭੇਦ ਕੇ ਬਾਕ ਉਚਰਿਕੈ॥ ੧੩॥

ਉਹ ਮੈਂ ਕਰਾਂਗਾ, ਕਿਸ ਤਰ੍ਹਾਂ ਵੀ ਨਹੀਂ ਟਲਾਂਗਾ। ਸੁਣ ਕੇ ਤੁਸੀਂ ਕਹੋ ਜਿਵੇਂ ਤੁਹਾਡੇ ਚਿਤ ਵਿਚ ਆਵੇ। ਨੌਰੰਗੇ ਨੂੰ ਸਮਝਾ ਕੇ, ਹੋਰ ਭੇਦ ਦੇ ਵਾਕ ਉਚਾਰਾਂਗਾ॥੧੩॥

ਕਰਿ ਅਪਨੇ ਤੇ ਅਧਿਕ ਬਡਾਈ। ਤਿਸ ਢਿਗ ਕਰਾਮਾਤ ਅਧਿਕਾਈ।
ਕਰਹੁ ਹਕਾਰਨਿ ਲੇਹੁ ਨਿਹਾਰੀ। ਬਹੁ ਪ੍ਰਕਾਰ ਸੋਂ ਦੇਹਿ ਦਿਖਾਰੀ॥ ੧੪॥

ਮੈਂ ਸ੍ਰੀ ਹਰਿਕ੍ਰਿਸ਼ਨ ਦੀ ਬਹੁਤ ਵਡਿਆਈ ਕਰਾਂਗਾ ਤੇ ਕਹਾਂਗਾ ਕਿ ਉਸ ਪਾਸ ਬਹੁਤ ਵੱਡੀ ਕਰਾਮਾਤ ਹੈ। ਉਸ ਨੂੰ ਬੁਲਾ ਕੇ ਵੇਖ ਲਵੋ, ਉਹ ਬਹੁਤ ਪ੍ਰਕਾਰ ਤੁਹਾਨੂੰ ਵਿਖਾ ਦੇਵੇਗਾ॥੧੪॥

ਕਿਤਿਕ ਕਾਜ ਅਪਨੇ ਸੁਧਰਾਵਉ। ਅਜ਼ਮਤ ਤੇ ਸੁ ਕਰਹਿ ਤੁਮ ਪਾਵਉ।
ਬਸਹਿ ਤੁਮਾਰੇ ਦੇਸ਼ਨਿ ਮਾਂਹੀ। ਪਠਹੁ ਬੁਲਾਵਨਿ ਆਵਹਿ ਪਾਹੀ॥ ੧੫॥

ਕਈ ਕੰਮ ਆਪਣੇ ਸੁਧਾਰ ਲਵੋ, ਅਜ਼ਮਤ ਨਾਲ ਉਹ ਸਭ ਕੁਝ ਕਰ ਦੇਵੇਗਾ, ਤੁਸੀਂ ਪਾ ਲਵੋਗੇ। ਤੁਹਾਡੇ ਦੇਸ਼ ਵਿਚ ਵਸਦਾ ਹੈ, ਕਿਸੇ ਨੂੰ ਭੇਜ ਕੇ ਆਪਣੇ ਪਾਸ ਬੁਲਾ ਲਵੋ॥੧੫॥

ਇੱਤ੍ਯਾਦਿਕ ਕਹਿ ਸ਼ਾਹੁ ਸਿਖਾਇ। ਪਠਹਿਂ ਦੂਤ ਤੇ ਲਿਉਂ ਬੁਲਵਾਇ।
ਜਬਿ ਇਸ ਥਲ ਮੇਂ ਆਵਨਿ ਕਰਿ ਹੈ। ਤਬਹਿ ਸ਼ਾਹੁ ਕੋ ਬਹੁਤ ਸਿਖਰਿ ਹੈਂ॥੧੬॥

ਇਤਿਆਦਿਕ ਕਹਿ ਕੇ ਬਾਦਸ਼ਾਹ ਨੂੰ ਸਿਖਾਵਾਂਗਾ, ਉਹ ਦੂਤ ਭੇਜ ਕੇ ਆਪਣੇ ਪਾਸ ਬੁਲਾ ਲਵੇਗਾ। ਜਦ ਇਸ ਥਾਂ ਵਿਖੇ ਆਵੇਗਾ ਫਿਰ ਮੈਂ ਬਾਦਸ਼ਾਹ ਨੂੰ ਬਹੁਤ ਸਿਖਾਵਾਂਗਾ॥੧੬॥

ਇਸ ਪ੍ਰਕਾਰ ਕੋ ਪਾਵੋਂ ਭੇਦ। ਪਰਹਿ ਬੈਰ ਜਿਸ ਤੇ ਦੇ ਖੇਦ।
ਸਰਬ ਪ੍ਰਕਾਰ ਕਰਾਵਹੁ ਹੌਰਾ। ਜਬਿ ਫੀਕੋ ਪਰਿ ਹੈ ਇਸ ਠੌਰਾ॥ ੧੭॥

ਇਸ ਪ੍ਰਕਾਰ ਬਾਦਸ਼ਾਹ ਨਾਲ ਫਰਕ ਪਵਾਵਾਂਗਾ, ਜਿਸ ਨਾਲ ਵੈਰ ਪੈ ਜਾਵੇਗਾ ਤੇ ਬਾਦਸ਼ਾਹ ਦੁਖ ਦੇਵੇਗਾ। ਸਭ ਪ੍ਰਕਾਰ ਹੌਲਾ ਕਰਾਵਾਂਗਾ, ਜਦ ਇਸ ਥਾਂ ਫਿਕਾ ਪੈ ਜਾਵੇਗਾ॥੧੭॥

ਲਘੁਤਾ ਜਹਿ ਕਹਿਂ ਜ਼ਾਹਰ ਹੋਇ। ਕਰਹਿ ਅਸ਼ਰਧਾ ਪੁਨ ਸਭਿ ਕੋਇ।
ਨਹੀਂ ਉਪਾਇਨ ਅਰਪਨ ਕਰੈਂ। ਬਹੁਰ ਮੋਹਿ ਪਰ ਨਿਸ਼ਚੈ ਧਰੈਂ॥ ੧੮॥

ਛੋਟਾਪਨ ਜਿਥੇ ਕਿਥੇ ਪ੍ਰਗਟ ਹੋ ਜਾਵੇਗਾ, ਫਿਰ ਸਾਰੇ ਉਸ ਉੱਤੇ ਅਸ਼ਰਧਾ ਧਾਰਨ ਕਰ ਲੈਣਗੇ। ਕੋਈ ਵੀ ਉਪਹਾਰ ਨਹੀਂ ਅਰਪਣ ਕਰੇਗਾ, ਫਿਰ ਮੇਰੇ ਉੱਤੇ ਨਿਸ਼ਚਾ ਧਾਰਨ ਕਰਨਗੇ॥੧੮॥

ਰਸ ਨਹਿਂ ਰਹਨਿ ਦੇਹੁਂ ਸੰਗ ਸ਼ਾਹੂ। ਬਦੀ ਕਰਹਿਂ ਸਭਿ ਤੁਰਕ ਜਿ ਪਾਹੂ।
ਕਰਾਮਾਤ ਕੇਤਿਕ ਦਿਖਰਾਵੈ। ਨਿਤਪ੍ਰਤਿ ਰੀਤਿ ਨਵੀਨ ਸਿਖਾਵੈਂ॥ ੧੯ ॥

ਬਾਦਸ਼ਾਹ ਦੇ ਨਾਲ ਰਸ ਨਹੀਂ ਰਹਿਣ ਦੇਵਾਂਗਾ। ਜਿੰਨੇ ਵੀ ਤੁਰਕ ਪਾਸ ਹੋਣਗੇ ਉਹ ਬਦਖੋਈ ਕਰਨਗੇ। ਜਿੰਨੀ ਵੀ ਕਰਾਮਾਤ ਵਿਖਾਏਗਾ ਨਿਤਾਪ੍ਰਤਿ ਨਵੀਂ ਰੀਤੀ ਸਿਖਾ ਦੇਵਾਂਗਾ॥੧੯॥

ਆਇ ਜਿ ਮਿਲਹਿ ਬਿਗਰ ਇਮ ਜਾਇ। ਜੇ ਨਿਜ ਪਿਤ ਪਰ ਕਰਹਿ ਸੁਭਾਇ।
ਕਰੇ ਹਕਾਰਨ ਜੇ ਨਹਿਂ ਆਵਹਿ। ਸ਼ਾਹ ਦੂਤ ਛੂਛੇ ਉਲਟਾਵਹਿ॥ ੨੦॥

ਜੇ ਆ ਕੇ ਮਿਲੇਗਾ ਤਾਂ ਇਸ ਤਰ੍ਹਾਂ ਵਿਗੜ ਜਾਵੇਗੀ। ਜੇ ਆਪਣੇ ਪਿਤਾ ਜੀ ਵਾਲਾ ਸੁਭਾਅ ਕਰੇਗਾ ਅਤੇ ਬਾਦਸ਼ਾਹ ਦੇ ਬੁਲਾਉਣ 'ਤੇ ਨਹੀਂ ਆਵੇਗਾ, ਬਾਦਸ਼ਾਹ ਦੇ ਦੂਤ ਨੂੰ ਵਾਪਸ ਮੋੜ ਦੇਵੇਗਾ॥੨੦॥

ਤੌ ਭੀ ਹਮ ਕੋ ਹੈ ਬਿਧਿ ਨੀਕੀ। ਪੁਜਹਿ ਭਾਵਨਾ ਹਮਰੇ ਜੀ ਕੀ।
ਸ਼ਾਹੁ ਕਰਹਿ ਤਬਿ ਜ਼ੋਰ ਬਡੇਰਾ। ਰਿਸ ਕਰਿ ਸੈਨ ਪਠਾਵਹਿ ਫੇਰਾ॥ ੨੧॥

ਫਿਰ ਵੀ ਸਾਡੇ ਵਾਸਤੇ ਇਹ ਚੰਗੀ ਗੱਲ ਹੋਵੇਗੀ ਤਾਂ ਸਾਡੇ ਜੀਅ ਦੀ ਭਾਵਨਾ ਪੂਰੀ ਹੋ ਜਾਵੇਗੀ। ਬਾਦਸ਼ਾਹ ਫਿਰ ਵੱਡਾ ਜ਼ੋਰ ਲਾਵੇਗਾ, ਫਿਰ ਗ਼ੁੱਸੇ ਵਿਚ ਆ ਕੇ ਫ਼ੌਜ ਭੇਜੇਗਾ॥੨੧॥

ਲਰਜੋ ਜਾਇ ਕਿਮ ਇਸ ਕੇ ਸਾਥ। ਅਤਿ ਜ਼ੋਰਾਵਰ ਦਿੱਲੀ ਨਾਥ।
ਅਪਰ ਉਪਾਇ ਬਨਹਿ ਤਬਿ ਨਾਂਹੀ। ਜੰਗਲ ਦੇਸ਼ ਪ੍ਰਵੇਸ਼ਹਿ ਜਾਹੀ॥ ੨੨॥

ਬਾਦਸ਼ਾਹ ਦੇ ਨਾਲ ਕਿਥੇ ਲੜਿਆ ਜਾ ਸਕਦਾ ਹੈ, ਦਿੱਲੀ ਦਾ ਬਾਦਸ਼ਾਹ ਬਹੁਤ ਤਾਕਤਵਰ ਹੈ। ਫਿਰ ਹੋਰ ਕੋਈ ਉਪਾਅ ਨਹੀਂ ਬਣੇਗਾ, ਮਾਲਵੇ ਦੇਸ਼ ਵਿਚ ਪ੍ਰਵੇਸ਼ ਕਰ ਜਾਵੇਗਾ॥੨੨॥

ਛੋਰਿ ਜਾਇਗੋ ਕੀਰਤਿਪੁਰਿ ਕੋ। ਕਰਜੋ ਬਸਾਵਨਿ ਜੋ ਸ੍ਰੀ ਗੁਰ ਕੋ।
ਜਿਮ ਮੈਂ ਨਿਕਸਿ ਰਹਜੋ ਅਨ ਠੌਰਾ। ਸੋ ਭੀ ਬਸਹਿ ਹੋਹਿ ਤਿਮ ਹੋਰਾ॥ ੨੩॥

ਕੀਰਤਪੁਰ ਨੂੰ ਛੱਡ ਜਾਵੇਗਾ, ਜਿਸ ਨੂੰ ਗੁਰੂ ਜੀ ਨੇ ਵਸਾਇਆ ਸੀ। ਜਿਵੇਂ ਹੁਣ ਮੈਂ ਨਿਕਲਿਆ ਹੋਇਆ ਹਾਂ, ਮੇਰਾ ਕੋਈ ਸਥਾਨ ਨਹੀਂ, ਉਹ ਵੀ ਉਸ ਤਰ੍ਹਾਂ ਵੱਸ ਕੇ ਹੋਲਾ ਹੋ ਜਾਵੇਗਾ॥੨੩॥

ਇਮ ਭੀ ਹੋਇ ਤ ਮੁਝ ਕਉ ਨੀਕੀ। ਮਹਿਮਾ ਪਰਹਿ ਅਨੁਜ ਕੀ ਫੀਕੀ।
ਮੋਹਿ ਪ੍ਰਤਾਪ ਬ੍ਰਿਧਾਇ ਬਧੇਰਾ। ਅਜ਼ਮਤ ਤੇ ਰਸ ਨੌਰੰਗ ਕੇਰਾ॥ ੨੪॥

ਇੰਝ ਵੀ ਹੋਵੇ ਤਾਂ ਮੇਰੇ ਵਾਸਤੇ ਚੰਗਾ ਹੈ ਕਿਉਂਕਿ ਛੋਟੇ ਭਰਾ ਦੀ ਮਹਿਮਾ ਫਿੱਕੀ ਪੈ ਜਾਵੇਗੀ। ਮੇਰਾ ਪ੍ਰਤਾਪ ਬਹੁਤ ਵਧੇਗਾ। ਕਰਾਮਾਤ ਕਾਰਨ ਨੌਰੰਗੇ ਨਾਲ ਮੇਰਾ ਮੇਲ ਹੈ॥੨੪॥

ਦੋਨਹੁਂ ਬਿਧਿਨਿ ਲਾਭ ਹੈ ਮੋਹੀ। ਹੋਰਾ ਅਨੁਜ, ਕਰੇ ਇਮ, ਹੋਹੀ'।
ਇਮ ਸ੍ਰੀ ਰਾਮਰਾਇ ਨੇ ਕਹਜੋ। ਸਕਲ ਮਸੰਦ ਮੇਵੜਨਿ ਲਹਜੋ ॥ ੨੫॥

ਦੋਹਾਂ ਵਿਧੀਆਂ ਰਾਹੀ ਮੈਨੂੰ ਲਾਭ ਹੈ, ਇਸ ਤਰ੍ਹਾਂ ਕਰਨ ਨਾਲ ਛੋਟਾ ਭਰਾ ਹੋਲਾ ਹੋ ਜਾਵੇਗਾ'' ਇਸ ਤਰ੍ਹਾਂ ਸ੍ਰੀ ਰਾਮਰਾਇ ਨੇ ਕਿਹਾ, ਸਾਰੇ ਮਸੰਦਾਂ ਅਤੇ ਮੇਵੜਿਆਂ ਨੇ ਸੁਣਿਆ॥੨੫॥

ਤਿਸ ਕੇ ਬਾਕਨਿ ਕਹੁ ਸਨਮਾਨਤਿ। ਤਬਿ ਗੁਰਦਾਸਹਿ ਆਦਿ ਬਖਾਨਤਿ।
'ਕੋ ਤੁਮ ਤੇ ਬੁਧਿਵਾਨ ਬਿਸਾਲਾ ?। ਉਰ ਸਰਬੱਗਜ ਸਰਬ ਹੀ ਕਾਲਾ॥੨੬॥

ਮਸੰਦਾਂ ਨੇ ਉਸ ਦੇ ਵਾਕਾਂ ਦਾ ਸਨਮਾਨ ਕੀਤਾ। ਤਦ ਮਸੰਦ ਗੁਰਦਾਸ ਆਦਿ ਨੇ ਕਿਹਾ, "ਤੁਹਾਡੇ ਨਾਲੋਂ ਹੋਰ ਕਿਹੜਾ ਵਿਸ਼ਾਲ ਬੁਧੀ ਵਾਲਾ ਹੈ? ਤੁਸੀਂ ਹਰ ਸਮੇਂ ਸਰਬ ਸਮਰੱਥ ਹੋ॥੨੬॥

ਹਾਨ ਲਾਭ ਜਸੁ ਅਪਜਸੁ ਦੌਨ। ਗੌਰਾ ਅਰੁ ਹੌਰਾ ਜਗ ਹੌਨ।
ਗੁਰ ਘਰ ਕੀ ਜੇਤਿਕ ਬਡਿਆਈ। ਹਸਤਾਮਲ ਜਿਮ ਲਖਹੁ ਸਦਾਈ॥੨੭॥

ਹਾਣ, ਲਾਭ, ਜਸ ਅਪਜਸ, ਭਾਰਾ ਅਤੇ ਹੌਲਾ ਇਹ ਦੋਵੇਂ ਜਗ ਵਿਚ ਹਨ। ਗੁਰੂ ਘਰ ਦੀ ਜਿੰਨੀ ਵੀ ਵਡਿਆਈ ਹੈ, ਸਦਾ ਹੀ ਹੱਥ 'ਤੇ ਧਰੇ ਆਉਲੇ ਵਾਂਗ ਜਾਣੋ॥੨੭॥

ਜਿਮ ਰਾਵਰ ਕੋ ਨੀਕੋ ਹੋਇ। ਤਿਮ ਚਿਤ ਚਾਹਤਿ ਹਮ ਸਭਿ ਕੋਇ।
ਚਢੇ ਆਪ ਕੇ ਬੇਰੇ ਮਾਂਹਿ। ਹਾਨ ਲਾਭ ਤੁਮਰੇ ਸੰਗ ਪਾਹਿ॥ ੨੮॥

ਜਿਵੇਂ ਆਪ ਜੀ ਦਾ ਚੰਗਾ ਹੋਵੇ, ਅਸੀਂ ਸਾਰੇ ਹੀ ਉਸ ਤਰ੍ਹਾਂ ਚਿੱਤ ਵਿਚ ਚਾਹੁੰਦੇ ਹਾਂ। ਅਸੀਂ ਆਪ ਜੀ ਦੇ ਬੇੜੇ ਵਿਚ ਸਵਾਰ ਹਾਂ, ਸਾਡਾ ਹਾਣ ਲਾਭ ਤੁਹਾਡੇ ਪਾਸ ਹੈ॥੨੮॥

ਅਬਿ ਤੌ ਦੋਨਹੁ ਭ੍ਰਾਤਨਿ ਕੇਰਾ। ਨੀਕੀ ਰੀਤਿ ਸਮਾਜ ਘਨੇਰਾ।
ਸੁਜਸੁ ਦੁਹਨਿ ਕੋ ਜਗ ਮੈਂ ਫੈਲਾ। ਉੱਜਲ ਜਥਾ ਹਿਮਾਲਯ ਸੈਲਾ॥ ੨੯॥

ਹੁਣ ਤਾਂ ਦੋਹਾਂ ਭਰਾਵਾਂ ਦੀ ਗੱਲ ਹੈ, ਚੰਗੀ ਰੀਤੀ ਹੈ ਤੇ ਸਾਜ਼ੋ-ਸਾਮਾਨ ਬਹੁਤ ਘਣਾ ਹੈ। ਦੋਹਾਂ ਦਾ ਸ੍ਰੇਸ਼ਟ ਜਸ ਜਗ ਵਿਚ ਫੈਲਿਆ ਹੈ, ਜਿਹੜਾ ਹਿਮਾਲਾ ਪਹਾੜ ਵਾਂਗ ਉੱਜਲ ਹੈ॥੨੯॥

ਜੇ ਬਿਰੋਧ ਬਧਿ ਗਯੋ ਘਨੇਰਾ। ਕੋ ਜਾਨਹਿ ਕਿਮ ਹੋਵਹਿ ਫੇਰਾ।
ਐਸੀ ਬਾਤ ਕਰਨਿ ਬਨਿ ਆਵਹਿ। ਤੁਮ ਘਰ ਤੇ ਗੁਰਤਾ ਨਹਿਂ ਜਾਵਹਿ॥੩੦॥

ਜੇ ਵਿਰੋਧ ਬਹੁਤ ਜ਼ਿਆਦਾ ਵੱਧ ਗਿਆ, ਕੌਣ ਜਾਣਦਾ ਹੈ ਫਿਰ ਕੀ ਹੋਵੇਗਾ। ਐਸੀ ਗੱਲ ਕਰਨੀ ਬਣ ਆਉਂਦੀ ਹੈ ਕਿ ਤੁਹਾਡੇ ਘਰ ਤੋਂ ਬਾਹਰ ਗੁਰਤਾ ਨਹੀਂ ਜਾਣੀ ਚਾਹੀਦੀ॥੩੦॥

ਨਾਂਹਿਤ ਸੋਢੀ ਬਾਂਛਤਿ ਸਾਰੇ। ਗੁਰਤਾ ਹੇਤੁ ਕਰਤਿ ਉਪਚਾਰੇ।
ਬਧੇ ਕ੍ਰੌਧ ਅਸ ਨਹਿਂ ਹੁਇ ਜਾਇ। ਅਰਪਹਿਂ ਗੁਰਤਾ ਅਪਰ ਸੁ ਥਾਇਂ॥੩੧॥

ਨਹੀਂ ਤਾਂ ਸਾਰੇ ਸੋਢੀ ਚਾਹਵਾਨ ਹਨ, ਉਹ ਗੁਰਤਾ ਪਾਉਣ ਵਾਸਤੇ ਬਹੁਤ ਯਤਨ ਕਰ ਰਹੇ ਹਨ। ਐਸਾ ਨਾ ਹੋ ਜਾਵੇ ਕਿ ਬਹੁਤ ਕ੍ਰੋਧ ਵਧ ਜਾਵੇ ਤੇ ਗੁਰਤਾ ਕਿਸੇ ਹੋਰ ਨੂੰ ਅਰਪਣ ਕਰ ਦੇਣ॥੩੧॥

ਸ਼ਾਹੁ ਮਹਾਂ ਬਾਦੀ ਬਿਗਰੈ ਹੈ। ਜੇ ਕਿਛੁ ਬਿਘਨ ਤਹਾਂ ਹ੍ਵੈ ਜੈ ਹੈ।
ਤੁਮਹਿ ਕਲੰਕ ਚਢਹਿ ਨਹਿਂ ਜੈਸੇ। ਕਰਨੋ ਬਨੈ ਆਪ ਕੋ ਤੈਸੇ॥ ੩੨॥

ਬਾਦਸ਼ਾਹ ਵੱਡਾ ਝਗੜਾਲੂ ਹੈ। ਉਹ ਵਿਗੜੇਗਾ। ਜੇ ਕੁਝ ਵਿਘਨ ਉਥੇ ਹੋ ਜਾਵੇਗਾ ਤਾਂ ਤੁਹਾਨੂੰ ਕਲੰਕ ਨਾ ਲੱਗੇ ਤੁਹਾਨੂੰ ਉਸ ਤਰ੍ਹਾਂ ਹੀ ਕਰਨਾ ਬਣਦਾ ਹੈ॥੩੨॥

ਕਰਹਿ ਬਾਦ ਜਬਿ ਨੌਰੰਗ ਮਹਾਂ। ਲਗਹਿ ਬਿਗਾਰਨਿ ਜੋ ਕਿਛ ਤਹਾਂ।
ਕਰਹਿ ਅਜੋਗ ਤੁਰਕ ਗਨ ਕਹੇ। ਅਸ ਨਹਿਂ ਹੋਇ ਬਸ ਨ ਤੁਮ ਰਹੇ॥ ੩੩॥

ਜਦ ਨੌਰੰਗਾ ਮਹਾਨ ਝਗੜਾ ਖੜਾ ਕਰ ਦੇਵੇ ਅਤੇ ਜੋ ਕੁਝ ਵੀ ਉਥੇ ਹੈ ਉਸ ਨੂੰ ਵਿਗਾੜਨ ਲੱਗੇ, ਤੁਰਕਾਂ ਦੇ ਸਮੂਹ ਦੇ ਕਹੇ ਤੇ ਅਯੋਗ ਕਾਰਜ ਕਰੇ ਅਤੇ ਐਸਾ ਨਾ ਹੋਵੇ ਕਿ ਤੁਹਾਡੇ ਵੱਸ ਵਿਚ ਹੀ ਕੁਝ ਨਾ ਰਹੇ॥੩੩॥

ਜਥਾ ਮਤੰਗ ਬਲੀ ਕੀ ਸੁੰਡਾ। ਦੇ ਪਕਰਾਇ ਪ੍ਰਥਮ ਤਿਹ ਡੰਡਾ।
ਪੁਨਹਿ ਮੁਚਾਵਨਿ ਚਾਹੇ ਕੋਈ। ਕਿਮ ਛੂਟਹਿ ਗਹਿ ਲੀਨਸਿ ਜੋਈ॥ ੩੪॥

ਜਿਵੇਂ ਮਸਤ ਅਤੇ ਬਲਵਾਨ ਹਾਥੀ ਦੀ ਸੁੰਡ ਵਿਚ ਪਹਿਲਾਂ ਡੰਡਾ ਫੜਾ ਦੇਵੋ, ਫਿਰ ਉਸ ਨੂੰ ਛਡਵਾਉਣਾ ਚਾਹੋ, ਤਾਂ ਉਹ ਡੰਡਾ ਕਿਵੇਂ ਛੱਡੇਗਾ ਜਿਹੜਾ ਇਕ ਵਾਰ ਫੜ ਲਿਆ ਹੈ॥੩੪॥

ਐਸੀ ਬਾਤ ਨਹੀਂ ਕੁਛ ਕੀਜੈ। ਜਿਸ ਤੇ ਲਘੁਤਾ ਅਪਨਿ ਲਖੀਜੈ।
ਰਾਵਰ ਕੀ ਚਾਹਤਿ ਭਲਿਆਈ। ਇਸ ਕਾਰਨ ਤੇ ਭਾਖਿ ਸੁਨਾਈ'॥ ੩੫॥

ਐਸੀ ਕੋਈ ਗੱਲ ਨਾ ਕਰੋ, ਜਿਸ ਤੋਂ ਆਪਣਾ ਛੋਟਾਪਨ ਦਿਖਾਈ ਦੇਵੇ। ਅਸੀਂ ਆਪ ਦੀ ਭਲਿਆਈ ਚਾਹੁੰਦੇ ਹਾਂ, ਇਸ ਕਰਕੇ ਤੁਹਾਨੂੰ ਕਹਿ ਕੇ ਸੁਣਾਇਆ ਹੈ"॥੩੫॥

ਤਬਿ ਸ੍ਰੀ ਰਾਮਰਾਇ ਸੁਨਿ ਕਹਜੋ। 'ਇਮ ਨ ਹੋਇ ਜਿਮ ਤੁਮ ਮਨ ਲਹਜੋ।
ਸ੍ਰੀ ਨਾਨਕ ਜੀ ਨੀਕੀ ਕਰੈਂ। ਅਧਿਕ ਬਿਰੋਧ ਨਹੀਂ ਹਮ ਧਰੈਂ॥ ੩੬॥

ਤਦ ਸ੍ਰੀ ਰਾਮਰਾਇ ਨੇ ਸੁਣ ਕੇ ਕਿਹਾ, "ਇਸ ਤਰ੍ਹਾਂ ਨਹੀਂ ਹੋਵੇਗਾ ਜਿਵੇਂ ਤੁਸੀਂ ਮਨ ਵਿਚ ਸਮਝਿਆ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਭਲੀ ਕਰਨਗੇ, ਅਸੀਂ ਜ਼ਿਆਦਾ ਵਿਰੋਧ ਨਹੀਂ ਧਾਰਨ ਕਰਾਂਗੇ॥੩੬॥

ਇਮ ਕਹਿ ਕਰਿ ਨੌਰੰਗ ਸਿਖਰਾਵੈਂ। ਏਕ ਬਾਰ ਜਿਮ ਇਹਾਂ ਬੁਲਾਵੈ।
ਜਥਾ ਸਦਨ ਹਮ ਨਿਕਸੇ ਬੈਸੇ। ਸ੍ਰੀ ਹਰਿਕ੍ਰਿਸ਼ਨ ਅਨਾਵੈਂ ਐਸੇ॥ ੩੭॥

ਇਸ ਤਰ੍ਹਾਂ ਕਹਿ ਕੇ ਨੌਰੰਗੇ ਨੂੰ ਸਿਖਾਵਾਂਗੇ, ਜਿਵੇਂ ਇਕ ਵਾਰ ਨੌਰੰਗਾ ਉਨ੍ਹਾਂ ਨੂੰ ਏਥੇ ਬੁਲਾਵੇ। ਜਿਵੇਂ ਅਸੀਂ ਘਰ ਵਿਚੋਂ ਨਿਕਲ ਕੇ ਬੈਠੇ ਹਾਂ, ਉਵੇਂ ਸ੍ਰੀ ਹਰਿਕ੍ਰਿਸ਼ਨ ਨੂੰ ਏਥੇ ਮੰਗਵਾਵਾਂਗਾ॥੩੭॥

ਸੋਪਿ ਆਇ ਦਿੱਲੀ ਕਹੁ ਦਰਸੈ। ਬੋਲਨਿ ਤੁਰਕਨਿ ਸਾਥ ਸਪਰਸ਼ੈ॥
ਮੋਹਿ ਸਮਾਨ ਕਰਹਿ ਸਭਿ ਆਇ। ਕੈ ਕੀਰਤਿਪੁਰਿ ਤੇ ਸੁ ਪਲਾਇ॥ ੩੮॥

ਉਹ ਵੀ ਆ ਕੇ ਦਿੱਲੀ ਦੇ ਦਰਸ਼ਨ ਕਰਨ, ਇਨ੍ਹਾਂ ਤੁਰਕਾਂ ਨਾਲ ਬੋਲਣ ਚਾਲਣ ਅਤੇ ਮੇਲ ਕਰਨ। ਮੇਰੇ ਵਾਂਗ ਸਭ ਕੁਝ ਆ ਕੇ ਕਰਨ, ਜਾਂ ਕੀਰਤਪੁਰ ਛੱਡ ਕੇ ਭੱਜ ਜਾਣ॥੩੮॥

ਦੋ ਮੈਂ ਕਰਿ ਹੈਂ ਏਕ ਜ਼ਰੂਰ। ਤੇ ਮੇਰੀ ਭਾਵਨ ਹੁਇ ਪੂਰ।
ਤੁਮ ਸਜਾਨੇ ਹਹੁ ਕਰਹੁ ਬਿਚਾਰਿ। ਜੇ ਨ ਕਰੌਂ ਮੈਂ ਇਸ ਬਿਧਿ ਕਾਰ॥ ੩੯॥

ਦੋਵਾਂ ਵਿਚੋਂ ਇਕ ਗੱਲ ਤਾਂ ਜ਼ਰੂਰ ਕਰਨਗੇ ਤਾਂ ਮੇਰੀ ਭਾਵਨਾ ਪੂਰੀ ਹੋ ਜਾਵੇਗੀ। ਤੁਸੀਂ ਸਿਆਣੇ ਹੋ, ਵਿਚਾਰ ਕਰੋ, ਜੇ ਮੈਂ ਇਸ ਢੰਗ ਨਾਲ ਕਾਰਜ ਨਹੀਂ ਕਰਾਂਗਾ॥੩੯॥

ਤੌ ਮੇਰੋ ਨਿਸ਼ਫਲ ਬਲ ਅਹੈ। ਜੇ ਨਿਸ਼ਚਿੰਤ ਅਨੁਜ ਮਮ ਰਹੈ।
ਗੁਰਤਾ ਗਾਦੀ ਕੋ ਅਧਿਕਾਰੇ। ਹੁਤੋ ਸੁ ਮੇਰੋ ਜਾਨਤਿ ਸਾਰੇ॥ ੪੦॥

ਤਾਂ ਮੇਰੀ ਸ਼ਕਤੀ ਅਸਫਲ ਹੈ, ਜੇ ਮੇਰਾ ਛੋਟਾ ਭਰਾ ਚਿੰਤਾ ਰਹਿਤ ਰਹੇ। ਗੁਰਤਾ ਗੱਦੀ 'ਤੇ ਮੇਰਾ ਅਧਿਕਾਰ ਹੈ, ਇਹ ਸਾਰੇ ਜਾਣਦੇ ਹਨ॥੪੦॥

ਸ੍ਰੀ ਹਰਿ ਕ੍ਰਿਸ਼ਨ ਲੀਨਿ ਸੋ ਗਾਦੀ। ਬਹੁਰੋ ਭਏ ਪਰਸਪਰ ਬਾਦੀ।
ਤੋ ਤੂਸ਼ਨਿ ਮੈਂ ਕੈਸੇ ਰਹੌਂ। ਜੇ ਕਰਿ ਦ੍ਵੈਸ਼ ਰਿਦਾ ਨਹਿੰ ਦਹੌਂ॥ ੪੧॥

ਉਹ ਗੱਦੀ ਸ੍ਰੀ ਹਰਿਕ੍ਰਿਸ਼ਨ ਨੇ ਲੈ ਲਈ ਹੈ, ਫਿਰ ਆਪਸ ਵਿਚ ਝਗੜਾ ਹੋ ਗਿਆ ਹੈ, ਫਿਰ ਮੈਂ ਚੁੱਪ ਕਿਵੇਂ ਰਹਾਂ ਜੇਕਰ ਹਿਰਦੇ ਦੀ ਈਰਖਾ ਦਾ ਨਾਸ਼ ਨਹੀਂ ਕਰਦਾ॥੪੧॥

ਦੋਹਰਾ- ਇਸ ਪ੍ਰਕਾਰ ਕਰਿ ਕੈ ਮਤੋ ਦ੍ਰਿੜ੍ਹ ਨਿਸ਼ਚਾ ਉਰ ਕੀਨਿ।
ਅਨੁਜ ਹਕਾਰੋਂ ਸ਼ਾਹਿ ਢਿਗ ਕਵਿ ਸੰਤੋਖ ਸਿੰਘ ਚੀਨ॥ ੪੨॥

ਇਸ ਪ੍ਰਕਾਰ ਦਾ ਮਤਾ ਬਣਾ ਕੇ ਹਿਰਦੇ ਵਿਚ ਦ੍ਰਿੜ੍ਹ ਨਿਸ਼ਚਾ ਕਰ ਲਿਆ ਕਿ ਆਪਣੇ ਛੋਟੇ ਭਰਾ ਨੂੰ ਬਾਦਸ਼ਾਹ ਦੇ ਪਾਸ ਬੁਲਵਾਵਾਂਗਾ। ਇਹ ਸਭ ਕੁਝ ਕਵੀ ਸੰਤੋਖ ਸਿੰਘ ਜਾਣਦਾ ਹੈ॥੪੨॥

*ਦਸਵੀਂ ਰਾਸ ਦਾ ਤੀਹਵਾਂ ਅਧਿਆਇ ਸਮਾਪਤ ਹੋਇਆ॥੩੦॥*

## ਅਧਿਆਇ ਇਕੱਤੀਵਾਂ

### ਸ੍ਰੀ ਰਾਮਰਾਇ ਦਾ ਬਾਦਸ਼ਾਹ ਨੂੰ ਮਿਲਣਾ

ਦੋਹਰਾ- ਅਨੁਜ ਹਕਾਰਨਿ ਕਾਰਨੇ ਚਿਤਵਹਿ ਅਨਿਕ ਉਪਾਇ।
ਪਿਖਹਿ ਕਹਿਨਿ ਅਵਕਾਸ਼ ਕੋ ਜਬਹਿ ਸ਼ਾਹੁ ਢਿਗ ਜਾਇ॥ ੧॥

ਸ੍ਰੀ ਰਾਮਰਾਇ ਛੋਟੇ ਭਰਾ ਨੂੰ ਬੁਲਾਉਣ ਵਾਸਤੇ ਅਨੇਕਾਂ ਉਪਾਅ ਸੋਚਦਾ ਸੀ। ਕਹਿਣ ਦਾ ਮੌਕਾ ਲੱਭ ਰਿਹਾ ਸੀ, ਕਿ ਕਦੋਂ ਬਾਦਸ਼ਾਹ ਦੇ ਪਾਸ ਜਾ ਕੇ ਕਹੇ॥੧॥

ਚੌਪਈ- ਇਕ ਦਿਨ ਪੁਨਹਿ ਪ੍ਰਸੰਗ ਚਲਾਯੋ। 'ਸ੍ਰੀ ਸਤਿਗੁਰ ਹਰਿਰਾਇ ਸਮਾਯੋ।
ਬੂਝਨਿ ਲਗਯੋ ਸ਼ਾਹੁ ਸਭਿ ਬਾਤ। 'ਪਿਤਾ ਤਮਾਰੇ ਜਗ ਬੱਖਜਾਤ॥੨॥

ਇਕ ਦਿਨ ਫਿਰ ਪ੍ਰਸੰਗ ਚਲਾਇਆ, "ਸ੍ਰੀ ਸਤਿਗੁਰੂ ਹਰਿਰਾਇ ਜੀ ਸਮਾ ਗਏ ਹਨ।" ਬਾਦਸ਼ਾਹ ਸਾਰੀ ਗੱਲ ਪੁੱਛਣ ਲੱਗਾ, "ਤੁਹਾਡੇ ਪਿਤਾ ਜੀ ਸਾਰੇ ਜਗ ਵਿਚ ਪ੍ਰਸਿੱਧ ਸਨ॥੨॥

ਕਿਸ ਪ੍ਰਕਾਰ ਸੋ ਗਏ ਸਮਾਇ। ਤੁਮ ਨਹਿਂ ਮਿਲੇ ਤੀਰ ਤਿਨ ਜਾਇ।
ਕਿਮ ਨਹਿਂ ਗਏ ਕਿ ਸੁਧ ਨਹਿਂ ਆਈ। ਕੋ ਕਾਰਨ ਭਾ ਕਹਹੁ ਬੁਝਾਈ॥੩॥

ਕਿਸ ਪ੍ਰਕਾਰ ਉਹ ਸਮਾ ਗਏ, ਤੂੰ ਉਨ੍ਹਾਂ ਦੇ ਪਾਸ ਜਾ ਕੇ ਨਹੀਂ ਮਿਲਿਆ, ਕਿਵੇਂ ਨਹੀਂ ਗਿਆ ਕਿ ਖ਼ਬਰ ਨਹੀਂ ਮਿਲੀ। ਉਹ ਕੀ ਕਾਰਨ ਹੈ, ਸਾਨੂੰ ਸਮਝਾਓ॥੩॥

ਸਕਲ ਸਮਾਜ ਤਿਨਹੁ ਤੇ ਪਾਛੇ। ਕਿਨਹੁ ਸੰਭਾਰਯੋ ਰਾਖਯੋ ਆਛੇ।
ਕਿਨ ਲੀਨਸਿ ਗੁਰਤਾ ਬਰ ਗਾਦੀ ? ਤਿਨ ਪਾਛੇ ਤਿਮ ਕੀਨਿ ਅਬਾਦੀ ॥੪॥

ਉਨ੍ਹਾਂ ਦੇ ਪਿਛੋਂ ਸਾਰਾ ਕਾਰੋਬਾਰ ਕਿਸ ਨੂੰ ਸੰਭਾਲਿਆ ਹੈ, ਜਿਸ ਨੇ ਉਸ ਨੂੰ ਚੰਗੀ ਤਰ੍ਹਾਂ ਰਖਿਆ ਹੈ। ਗੁਰਤਾ ਦੀ ਗੱਦੀ ਕਿਸ ਪ੍ਰਾਪਤ ਕੀਤੀ ਹੈ, ਉਨ੍ਹਾਂ ਦੇ ਪਿਛੋਂ ਉਨ੍ਹਾਂ ਵਾਂਗ ਕਿਸ ਨੇ ਸੰਭਾਲੀ ਹੈ"॥੪॥

ਸੁਨਿ ਸ੍ਰੀ ਰਾਮਰਾਇ ਤਬਿ ਕਹਯੋ। ਅਬਿ ਅਵਕਾਸ਼ ਕਹਨਿ ਕਹੁ ਲਹਯੋ।
'ਸੁਨਹੁ ਸ਼ਾਹੁ ! ਮੁਝ ਇਤੈ ਪਠਾਯੋ। ਪਿਤ ਆਇਸੁ ਤੇ ਮੈਂ ਚਲਿ ਆਯੋ॥੫॥

ਇਹ ਸੁਣ ਸ੍ਰੀ ਰਾਮਰਾਇ ਨੇ ਕਿਹਾ ਤੇ ਹੁਣ ਕਹਿਣ ਦਾ ਚੰਗਾ ਮੌਕਾ ਸਮਝਿਆ, "ਹੇ ਬਾਦਸ਼ਾਹ ਸਲਾਮਤ! ਸੁਣੋ ਪਿਤਾ ਦੀ ਆਗਿਆ ਅਨੁਸਾਰ ਮੈਂ ਏਥੇ ਚੱਲ ਕੇ ਆਇਆ ਸੀ॥੫॥

ਅਧਿਕ ਸਮਾਜ ਮੋਹਿ ਸੰਗਿ ਭੇਜਾ। ਹੁਇ ਪ੍ਰਸੰਨ ਭਾਖ੍ਯੋ ਸਭਿ ਲੇਜਾ।
ਜਬਿ ਕੇ ਹਮ ਆਏ ਤੁਮ ਪਾਸ। ਭਏ ਸਿੱਖ੍ਯ ਬਹੁ ਸੰਗਤਿ ਰਾਸ॥ ੬॥

ਮੇਰੇ ਨਾਲ ਬਹੁਤ ਮਨੁੱਖ ਅਤੇ ਸਾਜ਼ੋ-ਸਾਮਾਨ ਭੇਜਿਆ। ਬੜੇ ਪ੍ਰਸੰਨ ਹੋ ਕੇ ਕਿਹਾ ਕਿ ਸਭ ਲੈ ਜਾਵੋ। ਜਦ ਦਾ ਮੈਂ ਤੁਹਾਡੇ ਪਾਸ ਆਇਆ ਹਾਂ, ਬਹੁਤ ਸਿੱਖ ਹੋਏ ਹਨ ਅਤੇ ਸੰਗਤ ਬਹੁਤ ਵਧੀ ਹੈ॥੬॥

ਮਿਲਨਿ ਆਪ ਕੇ ਸਾਥ ਘਨੇਰਾ। ਅਜ਼ਮਤ ਪਤਾ ਪੁਨਹਿ ਬਹੁ ਹੇਰਾ।
ਯਾਂਤੇ ਭਾ ਸਮਾਜ ਅਧਿਕਾਈ। ਸਿਖ ਸੰਗਤਿ ਨਿਤ ਬਧਹਿ ਸਵਾਈ॥ ੭॥

ਆਪ ਜੀ ਦੇ ਨਾਲ ਮੇਰਾ ਚੰਗਾ ਮੇਲ ਮਿਲਾਪ ਹੈ, ਕਰਾਮਾਤਾਂ ਆਦਿ ਆਪ ਨੇ ਬਹੁਤ ਕੁਝ ਵੇਖਿਆ ਹੈ। ਇਸ ਕਰਕੇ ਮੇਰੇ ਪਾਸ ਬਹੁਤ ਸਮਾਜ ਵਧਿਆ ਹੈ, ਸਿੱਖ ਸੰਗਤ ਸਦਾ ਸਵਾਈ ਵਧ ਗਈ ਹੈ॥੭॥

ਦੇਸ਼ਨਿ ਮਹਿਂ ਸਿੱਖੀ ਬਿਸਤਾਰੀ। ਦਰਸਹਿਂ ਆਇ ਪੁੰਜ ਨਰ ਨਾਰੀ।
ਅਨਿਕ ਉਪਾਇਨ ਆਨ ਚਢਾਵੈਂ। ਗ਼ਨੀ ਗ਼ਰੀਬ ਦਰਬ ਅਰਪਾਵੈਂ॥ ੮॥

ਸਾਰੇ ਦੇਸ਼ਾਂ ਵਿਚ ਸਿੱਖੀ ਦਾ ਵਿਸਥਾਰ ਕੀਤਾ ਹੈ, ਬਹੁਤ ਇਸਤਰੀ ਪੁਰਸ਼ ਇਕੱਠੇ ਹੋ ਕੇ ਦਰਸ਼ਨ ਕਰਨ ਆਉਂਦੇ ਹਨ। ਅਨੇਕ ਪ੍ਰਕਾਰ ਦੇ ਉਪਹਾਰ ਲਿਆ ਕੇ ਚੜ੍ਹਾਉਂਦੇ ਹਨ। ਅਮੀਰ ਗ਼ਰੀਬ ਆ ਕੇ ਧਨ ਚੜ੍ਹਾਉਂਦੇ ਹਨ॥੮॥

ਸ੍ਰੀ ਗੁਰ ਪਿਤਾ ਸੁਨੀ ਸੁਧ ਸਾਰੀ। ਭਯੋ ਸੁਚੇਤ ਸਮਾਜ ਸੰਭਾਰੀ।
ਮੁਝ ਕੋ ਸਮਰਥ ਸਭਿ ਬਿਧਿ ਜਾਨਾ। ਲਘੁ ਸੁਤ ਜਾਨਜੋਂ ਅਹੈ ਅਯਾਨਾ॥ ੯॥

ਸ੍ਰੀ ਗੁਰੂ ਪਿਤਾ ਜੀ ਨੇ ਇਹ ਸਾਰੀ ਖ਼ਬਰ ਸੁਣੀ ਕਿ ਬੜਾ ਸੁਚੇਤ ਹੋ ਗਿਆ ਹੈ ਤੇ ਸਾਰੇ ਸਮਾਜ ਨੂੰ ਸੰਭਾਲ ਲਿਆ ਹੈ। ਮੈਨੂੰ ਸਾਰੀਆਂ ਵਿਧੀਆਂ ਨਾਲ ਸਮਰੱਥ ਜਾਣਿਆ, ਛੋਟੇ ਪੁੱਤਰ ਨੂੰ ਉਨ੍ਹਾਂ ਜਾਣਿਆ ਕਿ ਹਾਲੇ ਬਾਲਕ ਹੈ॥੯॥

ਅਪਨਿ ਸਮਾਜ ਤਿਸੀ ਕਉ ਦੀਨਾ। ਨਿਕਟਿ ਰਹਿਨ ਤੇ ਅਤਿ ਪ੍ਰਿਯ ਚੀਨਾ।
ਤਹਿਂ ਤੇ ਸਿਖ ਸੰਗਤਿ ਸਮੁਦਾਈ। ਸਭਿਹਿਨਿ ਕੀ ਤਿਹ ਬਾਂਹੁ ਗਹਾਈ॥੧੦॥

ਆਪਣਾ ਸਮਾਜ ਉਸ ਨੂੰ ਦੇ ਦਿੱਤਾ, ਨੇੜੇ ਰਹਿਣ ਕਰਕੇ ਉਸ ਨੂੰ ਅਤੀ ਪਿਆਰਾ ਜਾਣਿਆ, ਇਸ ਕਰਕੇ ਸਾਰੀ ਸਿੱਖ ਸੰਗਤ ਦੀ ਉਸ ਨੂੰ ਬਾਂਹ ਫੜਾ ਦਿੱਤੀ॥੧੦॥

ਕਾਰਨ ਭਯੋ ਅਪਰ ਭੀ ਜੋਇ। ਰਿਸ ਜਿਮ ਕਰੀ ਸੁਨਾਵੌਂ ਸੋਇ।
ਸਾਥ ਆਪ ਕੇ ਮੇਲ ਹਮਾਰਾ। ਭਯੋ ਅਧਿਕ ਹੀ ਦਿਨ ਪ੍ਰਤਿ ਭਾਰਾ॥ ੧੧॥

ਹੋਰ ਜਿਹੜੇ ਕਈ ਕਾਰਨ ਹੋਏ ਹਨ, ਜਿਵੇਂ ਉਨ੍ਹਾਂ ਨੇ ਗੁੱਸਾ ਕੀਤਾ ਉਸ ਬਾਰੇ ਵੀ ਤੁਹਾਨੂੰ ਸੁਣਾਉਂਦਾ ਹਾਂ। ਤੁਹਾਡੇ ਨਾਲ ਮੇਰਾ ਮੇਲ ਹੈ, ਦਿਨ ਪ੍ਰਤੀ ਇਹ ਭਾਰੀ ਵਧਦਾ ਗਿਆ ਹੈ॥੧੧॥

ਜਜੋਂ ਜਜੋਂ ਤੁਮ ਫੁਰਮਾਇਸ਼ ਕੀਨਸਿ। ਅਜ਼ਮਤ ਬਲ ਤੇ ਤਜੋਂ ਕਰਿ ਦੀਨਸਿ।
ਪਿਤਾ ਸਮੀਪ ਜਾਤਿ ਸੁਧ ਸਾਰੀ। ਤਿਨਹੁਂ ਬਾਤ ਨਹਿਂ ਨੀਕ ਬਿਚਾਰੀ॥੧੨॥

ਜਿਵੇਂ ਜਿਵੇਂ ਤੁਸੀਂ ਫੁਰਮਾਇਆ ਕਰਦੇ ਸੀ, ਕਰਾਮਾਤ ਦੇ ਬੱਲ ਨਾਲ ਉਸ ਤਰ੍ਹਾਂ ਹੀ ਕਰ ਦਿੰਦਾ ਸਾਂ। ਪਿਤਾ ਜੀ ਦੇ ਪਾਸ ਇਹ ਸਾਰੀ ਖ਼ਬਰ ਜਾਂਦੀ ਸੀ, ਉਨ੍ਹਾਂ ਨੇ ਇਹ ਗੱਲ ਚੰਗੀ ਨਾ ਸਮਝੀ॥੧੨॥

ਸੁਨਿ ਸੁਨਿ ਕ੍ਰੋਧ ਭਏ ਇਮ ਭਾਖਾ। 'ਸ਼ਾਹੁ ਸਾਥ ਜੇ ਅਸ ਰਸ ਰਾਖਾ।
ਬਾਰ ਬਾਰ ਅਜ਼ਮਤ ਦਿਖਰਾਵਤਿ। ਜੋ ਬਿਧਿ ਅਨਬਨ ਦੁਲਭ ਬਨਾਵਤਿ॥੧੩॥

ਸੁਣ ਕੇ ਗੁੱਸੇ ਵਿਚ ਆ ਗਏ ਤੇ ਇਸ ਤਰ੍ਹਾਂ ਕਿਹਾ, "ਬਾਦਸ਼ਾਹ ਦੇ ਨਾਲ ਜੋ ਇਸ ਤਰ੍ਹਾਂ ਰਸ ਰਖਿਆ ਹੈ ਅਤੇ ਬਾਦਸ਼ਾਹ ਨੂੰ ਬਾਰ-ਬਾਰ ਕਰਾਮਾਤ ਵਿਖਾਉਂਦਾ ਹੈ, ਜੋ ਵਿਧੀ ਅਨੁਸਾਰ ਜਾਇਜ਼ ਨਹੀਂ। ਹਰ ਦੁਰਲਭ ਕਾਰਜ ਨੂੰ ਠੀਕ ਬਣਾ ਦਿੰਦਾ ਹੈ॥੧੩॥

ਦੀਨ ਪਦਮਨੀ ਅਸੁ ਦਰਿਆਈ। ਇੱਤਜਾਦਿਕ ਜੋ ਅਪਰ ਬਨਾਈ।
ਇਹ ਆਛੀ ਨਹਿਂ ਕੀਨਸਿ ਤਾਂਹਿ। ਜਿਮ ਭਾਖਹਿ ਤਿਮ ਕਰਿ ਦਿਖਰਾਹਿ॥੧੪॥

ਪਦਮਨੀ ਅਤੇ ਦਰਿਆਈ ਘੋੜੇ ਦਿੱਤੇ ਹਨ, ਇਤਿਆਦਿਕ ਜੋ ਕੁਝ ਵੀ ਹੋਰ ਬਣਾਇਆ ਹੈ, ਉਸ ਨੇ ਇਹ ਗੱਲ ਚੰਗੀ ਨਹੀਂ ਕੀਤੀ। ਜਿਵੇਂ ਕਹਿੰਦੇ ਹਨ, ਉਸ ਤਰ੍ਹਾਂ ਹੀ ਕਰ ਕੇ ਵਿਖਾ ਦਿੰਦਾ ਹੈ॥੧੪॥

ਹੋਜਹੁ ਜਿਸ ਕੇ ਅਸ ਅਨੁਸਾਰੀ। ਆਇਸੁ ਮਾਨਿ, ਸਕਹਿ ਨਹਿਂ ਟਾਰੀ।
ਤੌ ਤਿਸ ਪਾਸ ਰਹਹੁ ਹਿਤ ਕਰਿ ਕੈ। ਹਮਰੇ ਨਿਕਟਿ ਨ ਆਵਹੁ ਫਿਰਿ ਕੈ॥੧੫॥

ਜਿਸ ਦੀ ਐਸੀ ਆਗਿਆ ਅਨੁਸਾਰ ਹੋ ਗਿਆ ਹੈ, ਆਗਿਆ ਮੰਨਦਾ ਹੈ, ਟਾਲ ਨਹੀਂ ਸਕਦਾ ਤਾਂ, ਫਿਰ ਉਨ੍ਹਾਂ ਦੇ ਪਾਸ ਹੀ ਹਿਤ ਕਰਕੇ ਰਹੋ, ਫਿਰ ਸਾਡੇ ਪਾਸ ਨਾ ਆਵੋ॥੧੫॥

ਸ਼ਾਹੁ ਸਮੀਪੀ ਰਹਹੁ ਸਦੀਵਾ। ਉਤ ਬਸਿ, ਆਇ ਨ ਇਤ ਕੀ ਸੀਵਾ।
ਲਾਗਹਿ ਨਹੀਂ ਸੁ ਬਦਨ ਹਮਾਰੇ। ਕਰਾਮਾਤ ਨਿਤਪ੍ਰਤਿ ਜੁ ਦਿਖਾਰੇ॥੧੬॥

ਸਦਾ ਹੀ ਬਾਦਸ਼ਾਹ ਦੇ ਪਾਸ ਰਹੋ, ਉਸੇ ਪਾਸੇ ਵਸੋ, ਇਸ ਪਾਸੇ ਦੀ ਹੱਦ ਵਿਚ ਨਹੀਂ ਆਉਣਾ: ਸਾਡੇ ਮੂੰਹ ਨਹੀਂ ਲੱਗਣਾ, ਜਿਹੜਾ ਸਦਾ ਕਰਾਮਾਤਾਂ ਵਿਖਾਉਂਦਾ ਰਹਿੰਦਾ ਹੈ॥੧੬॥

ਪਠਯੋ ਹੁਕਮਨਾਮਾ ਮੁਝ ਪਾਸ। ਸੁਨਿ ਤਬਿ ਤੇ ਮੈਂ ਤਜਾਗੀ ਆਸ।
ਕਰੇ ਤ੍ਰਾਸ ਉਰ ਗਯੋ ਨ ਤੀਰ। ਰਿਸ ਤੇ ਸ੍ਰਾਪ ਨ ਦੇਹਿਂ ਅਭੀਰ॥੧੭॥

ਮੇਰੇ ਪਾਸ ਇਕ ਹੁਕਮਨਾਮਾ ਭੇਜਿਆ। ਇਹ ਸੁਣਕੇ ਮੈਂ ਤਦ ਤੋਂ ਆਸ ਛੱਡ ਦਿੱਤੀ ਹੈ। ਡਰਦਾ ਹੋਇਆ ਮੈਂ ਉਨ੍ਹਾਂ ਦੇ ਪਾਸ ਨਹੀਂ ਗਿਆ ਹਾਂ, ਗੁੱਸੇ ਵਿਚ ਆ ਕੇ ਨਿਰਭੈ ਗੁਰੂ ਜੀ ਕੋਈ ਵੱਡਾ ਸਰਾਪ ਹੀ ਨਾ ਦੇ ਦੇਣ॥੧੭॥

ਲਗੇ ਸਮਾਵਨਿ ਕੋ ਜਿਸ ਕਾਲਾ। ਲਘੁ ਸੁਤ ਕੋ ਗਾਦੀ ਬੈਠਾਲਾ।
ਸਭਿ ਸਿਖ ਸੰਗਤਿ ਚਰਨੀ ਪਾਇ। ਸੌਂਪਿ ਸਮਾਜ ਸਗਲ ਅਧਿਕਾਇ॥੧੮॥

ਜਿਸ ਸਮੇਂ ਸਮਾਉਣ ਲੱਗੇ ਸਨ, ਛੋਟੇ ਪੁੱਤਰ ਨੂੰ ਗੱਦੀ 'ਤੇ ਬਿਠਾ ਦਿੱਤਾ। ਸਭ ਸਿੱਖ ਸੰਗਤ ਨੂੰ ਉਸ ਦੇ ਚਰਨੀਂ ਪਾ ਦਿੱਤਾ ਤੇ ਸਾਰਾ ਸਮਾਜ ਸੌਂਪ ਕੇ ਸਾਰੇ ਅਧਿਕਾਰ ਦੇ ਦਿੱਤੇ ਹਨ॥੧੮॥

ਬ੍ਰਿੰਦ ਮਸੰਦ ਜਿ ਅਪਰ ਅਸ਼ੇਸ਼। ਸੇ ਬਿਚਰਤਿ ਗਨ ਦੇਸ਼ ਬਿਦੇਸ਼।
ਸਭਿ ਕੋ ਤਿਸ ਕੇ ਪਾਇਂ ਲਗਾਇ। ਨੀਕੀ ਰੀਤਿ ਸੌਂਪਿ ਸਮੁਦਾਇ॥੧੯॥

ਸਮੂਹ ਮਸੰਦ ਤੇ ਹੋਰ ਜਿਹੜੇ ਸਾਰੇ ਸਿੱਖ ਸੇਵਕ ਹਨ, ਜਿਹੜੇ ਸਾਰੇ ਦੇਸ਼ਾਂ ਵਿਦੇਸ਼ਾਂ ਵਿਚ ਵਿਚਰ ਰਹੇ ਹਨ, ਸਾਰਿਆਂ ਨੂੰ ਉਸ ਦੇ ਚਰਨੀ ਲਾਇਆ ਹੈ, ਚੰਗੀ ਰੀਤੀ ਨਾਲ ਸਭ ਨੂੰ ਉਸ ਦੇ ਹਵਾਲੇ ਸੌਂਪ ਦਿੱਤਾ ਹੈ॥੧੯॥

ਲਘੁ ਸੁਤ ਕੋ ਸਮੁਝਾਵਨਿ ਕੀਨਿ। ਅਪਨੀ ਕਰਾਮਾਤ ਸਭਿ ਦੀਨਿ।
ਦਿੱਲੀਪਤਿ ਸੋਂ ਮਿਲੇ ਨ ਜਾਇ। ਨਹਿਂ ਦਰਸਹੁ, ਨਹਿਂ ਨਿਜ ਦਰਸਾਇ॥੨੦॥

ਆਪਣੇ ਛੋਟੇ ਪੁੱਤਰ ਨੂੰ ਸਮਝਾ ਦਿੱਤਾ ਤੇ ਆਪਣੀਆਂ ਸਾਰੀਆਂ ਕਰਾਮਾਤਾਂ ਉਸ ਨੂੰ ਦੇ ਦਿੱਤੀਆਂ ਹਨ, ਉਸ ਨੂੰ ਕਿਹਾ ਹੈ ਕਿ ਦਿੱਲੀ ਦੇ ਬਾਦਸ਼ਾਹ ਨੂੰ ਜਾ ਕੇ ਨਾ ਮਿਲੇ, ਨਾ ਉਸ ਦੇ ਦਰਸ਼ਨ ਕਰੇ ਅਤੇ ਨਾ ਹੀ ਉਸ ਨੂੰ ਆਪਣੇ ਦਰਸ਼ਨ ਵਿਖਾਓ॥੨੦॥

ਅਜ਼ਮਤ ਕਤਹੁਂ ਲਗਾਵਹੁ ਨਾਂਹੀ। ਕਰਹੁ ਛਪਾਵਨਿ ਅਪਨੇ ਮਾਂਹੀ।
ਕਹੈ ਕੋਇ, ਕੈਸਿਹੁਂ ਬਨਿ ਜਾਇ। ਧੀਰਜ ਧਰਹੁ ਧਰਾ ਸਮਤਾਇ॥ ੨੧॥

ਕਰਾਮਾਤ ਕਦੀ ਵੀ ਨਾ ਵਿਖਾਉ, ਇਸ ਨੂੰ ਆਪਣੇ ਵਿਚ ਛੁਪਾ ਕੇ ਰਖੋ, ਕੋਈ ਕਹੇ ਅਤੇ ਕਿਸੇ ਤਰ੍ਹਾਂ ਵੀ ਬਣ ਜਾਵੇ ਤਾਂ ਧਰਤੀ ਵਾਂਗ ਧੀਰਜ ਧਾਰਨ ਕਰੋ॥੨੧॥

ਇਸ ਪ੍ਰਕਾਰ ਦੇ ਕਰਿ ਬਹੁ ਸੀਖਾ। ਕ੍ਰਿਪਾ ਦ੍ਰਿਸ਼ਟਿ ਤੇ ਸੁਤ ਕੋ ਦੀਖਾ।
ਪਿਤ ਮਹਾਨ ਸ੍ਰੀ ਗੁਰ ਹਰਿਰਾਇ। ਸਭਿ ਕੇ ਦੇਖਤਿ ਗਏ ਸਮਾਇ॥ ੨੨॥

ਇਸ ਪ੍ਰਕਾਰ ਬਹੁਤ ਸਿਖਿਆ ਦੇ ਕੇ, ਕ੍ਰਿਪਾ ਦ੍ਰਿਸ਼ਟੀ ਨਾਲ ਪੁੱਤਰ ਦੇ ਵੱਲ ਵੇਖਿਆ। ਮਹਾਨ ਪਿਤਾ ਜੀ, ਗੁਰੂ ਹਰਿਰਾਇ ਜੀ ਫਿਰ ਸਾਰਿਆਂ ਦੇ ਵੇਖਦਿਆਂ ਸਮਾ ਗਏ॥੨੨॥

ਰਾਵਰਿ ਨਿਕਟਿ ਆਵਨੋ ਕਿਯੋ। ਤਿਸ ਤੇ ਮੁਝ ਫਲ ਐਸੇ ਭਯੋ।
ਜੋ ਸਭਿ ਬਿਧਿ ਤੇ ਮਮ ਅਧਿਕਾਰਾ। ਸੋ ਲਘੁ ਭ੍ਰਾਤਾ ਨੇ ਸੰਭਾਰਾ'॥ ੨੩॥

ਆਪ ਜੀ ਦੇ ਪਾਸ ਆਉਣ ਕਰਕੇ, ਮੈਨੂੰ ਐਸਾ ਫਲ ਪ੍ਰਾਪਤ ਹੋਇਆ ਹੈ, ਜਿਹੜੀ ਗੁਰਗੱਦੀ ਤੇ ਸਭ ਪ੍ਰਕਾਰ ਨਾਲ ਮੇਰਾ ਅਧਿਕਾਰ ਸੀ ਉਹ ਗੁਰ-ਗੱਦੀ ਛੋਟੇ ਭਰਾ ਨੇ ਸੰਭਾਲ ਲਈ ਹੈ'॥੨੩॥

ਸੁਨਿ ਸ੍ਰੀ ਰਾਮਰਾਇ ਕੇ ਬੈਨ। ਬੋਲਯੋ ਸ਼ਾਹੁ ਚਪਲ ਕਰਿ ਨੈਨ।
'ਤੁਮ ਕਹੁ, ਕਹਹੁ ਕਹਾਂ ਪਰਵਾਹੂ। ਸਰਬ ਸਮਾਜ ਅਧਿਕ ਹੈ ਪਾਹੂ॥ ੨੪॥

ਸ੍ਰੀ ਰਾਮਰਾਇ ਦੀਆਂ ਗੱਲਾਂ ਸੁਣ ਕੇ ਬਾਦਸ਼ਾਹ ਨੇਤਰ ਚੰਚਲ ਕਰਕੇ ਬੋਲਿਆ, "ਤੁਸੀਂ ਦੱਸੋ ਤੁਹਾਨੂੰ ਕੀ ਪ੍ਰਵਾਹ ਹੈ, ਤੁਹਾਡੇ ਪਾਸ ਉਨ੍ਹਾਂ ਨਾਲੋਂ ਜ਼ਿਆਦਾ ਸਾਜ਼-ਸਾਮਾਨ ਹੈ॥੨੪॥

ਤੁਮ ਇਤ ਦਿਸ਼ ਕੇ ਗੁਰ ਬਨਿ ਰਹੋ। ਸਿੱਖਜਨਿ ਤੇ ਭੇਟੈਂ ਗਨ ਲਹੋ।
ਹਮਰੇ ਨਿਕਟਿ ਰਹਹੁ ਹੋ ਜਾਵਤ। ਸਰਬੋਤਮ ਦਿੱਲੀ ਬਸਿ ਤਾਵਤ॥ ੨੫॥

ਤੁਸੀਂ ਇਸ ਪਾਸੇ ਦੇ ਗੁਰੂ ਬਣ ਕੇ ਰਹੋ, ਸਿੱਖਾਂ ਤੋਂ ਬਹੁਤ ਭੇਟਾਵਾਂ ਲਵੋ, ਜਦ ਤਕ ਸਾਡੇ ਪਾਸ ਰਹੋਗੇ, ਤਦ ਤਕ ਸਭ ਤੋਂ ਉੱਤਮ ਬਣ ਕੇ ਦਿੱਲੀ ਸ਼ਹਿਰ ਵਿਚ ਵੱਸੋ॥੨੫॥

ਪੁਨ ਜੋ ਦੇਸ਼ ਤੋਹਿ ਲਗਿ ਨੀਕਾ। ਜਹਾਂ ਹਰਖ ਬਿਰਧਾਵਹਿ ਜੀਕਾ।
ਤਹਿਂ ਸਥਾਨ ਆਛੋ ਬਨਵਾਇ। ਦੈ ਹੈਂ ਗ੍ਰਾਮ ਜਗੀਰ ਲਗਾਇ॥ ੨੬॥

ਫਿਰ ਤੁਹਾਨੂੰ ਜਿਹੜਾ ਦੇਸ਼ ਚੰਗਾ ਲੱਗੇ, ਜਿੱਥੇ ਆਪਣੇ ਦਿਲ ਦੀ ਪ੍ਰਸੰਨਤਾ ਵਧਦੀ ਹੋਵੇ, ਉਸ ਥਾਂ ਨੂੰ ਚੰਗਾ ਬਣਾਵੋ ਅਸੀਂ ਤੁਹਾਡੇ ਨਾਂ ਕਈ ਪਿੰਡ ਜਗੀਰ ਵਜੋਂ ਲਵਾ ਦੇਵਾਂਗੇ॥੨੬॥

ਸਭਿ ਸੁਖ ਪਾਇ ਬਾਸ ਤਹਿਂ ਕਰੀਅਹਿ। ਹ੍ਵੈ ਜਿ ਮਨੋਰਥ ਮੋਹਿ ਉਚਰੀਅਹਿ।
ਸਭਿ ਮੈਂ ਪੂਰਨ ਕਰਵਿ ਤੁਮਾਰੇ। ਬਾਂਛਤਿ ਲੀਜਹਿ ਨਿਕਟਿ ਹਮਾਰੇ॥ ੨੭॥

ਸਭ ਸੁਖ ਪਾ ਕੇ ਉਥੇ ਵਸੇਬਾ ਕਰੋ, ਜਿਹੜਾ ਵੀ ਮਨੋਰਥ ਹੋਵੇ ਉਹ ਮੈਨੂੰ ਦੱਸੋ, ਮੈਂ ਤੁਹਾਡੇ ਸਾਰੇ ਮਨੋਰਥ ਪੂਰੇ ਕਰਾਂਗਾ, ਸਾਡੇ ਪਾਸੋਂ ਮੂੰਹ ਮੰਗੀ ਮੁਰਾਦ ਪ੍ਰਾਪਤ ਕਰੋ॥੨੭॥

ਧਾਰਤਿ ਕਰਾਮਾਤ ਕਹੁ ਭਾਰੇ। ਜੇ ਜੇ ਕਾਰਜ ਕਹੇ ਸੁਧਾਰੇ।
ਤੁਝ ਪਰ ਮੈਂ ਸੁ ਪ੍ਰਸੰਨ ਮਹਾ ਹੌਂ। ਚਹੈਂ ਬਾਸ ਕਰਵਾਇ ਤਹਾਂ ਹੌਂ॥ ੨੮॥

ਤੁਸੀਂ ਬਹੁਤ ਵੱਡੀ ਕਰਾਮਾਤ ਨੂੰ ਧਾਰਨ ਕੀਤਾ ਹੈ। ਜਿਹੜੇ ਜਿਹੜੇ ਕਾਰਜ ਕਹੇ ਹਨ, ਉਨ੍ਹਾਂ ਨੂੰ ਸੁਧਾਰਿਆ ਹੈ, ਤੁਹਾਡੇ ਉਤੇ ਮੈਂ ਬਹੁਤ ਪ੍ਰਸੰਨ ਹਾਂ, ਜਿੱਥੇ ਚਾਹੋ ਉਥੇ ਵਸੇਬਾ ਕਰਵਾ ਦੇਵਾਂਗਾ॥੨੮॥

ਤਿਸ ਦਿਸ਼ਿ ਤੇ ਨਹਿਂ ਬਨਿ ਦਿਲਗੀਰ। ਸੋ ਭੀ ਅਹੈ ਤੁਮਾਰੋ ਬੀਰ।
ਨਿਜ ਸੰਗਤਿ ਤੇ ਸੋ ਪੁਜਵਾਵੈ। ਨਹਿਂ ਤੇਰੋ ਕੁਛ ਕਾਜ ਗਵਾਵੈ॥ ੨੯॥

ਇਸ ਪਾਸੇ ਤੋਂ ਦਿਲਗੀਰ ਨਾ ਬਣੋ, ਉਹ ਵੀ ਤੁਹਾਡਾ ਛੋਟਾ ਭਰਾ ਹੀ ਹੈ। ਸੰਗਤ ਪਾਸੋਂ ਉਹ ਆਪਣੀ ਪੂਜਾ ਕਰਵਾਏਗਾ ਪਰ ਤੇਰਾ ਤਾਂ ਕੋਈ ਕੰਮ ਨਹੀਂ ਗਵਾਵੇਗਾ॥੨੯॥

ਅਲਪ ਆਰਬਲ ਮਹਿਂ ਸੋ ਅਹੈ। ਜਾਤਿ ਨਹੀਂ ਕਿਤ, ਨਿਜ ਘਰ ਰਹੈ।
ਕੁਤੋ ਈਰਖਾ ਤਿਹ ਸੰਗ ਕਰਨੀ। ਕਰਨੀ ਨੀਕ, ਲੇਹੁ ਉਰ ਧਰਨੀ' ॥ ੩੦॥

ਉਹ ਬਹੁਤ ਛੋਟੀ ਉਮਰ ਦਾ ਹੈ, ਜਾਣਿਆ ਨਹੀਂ ਜਾਂਦਾ ਕਿ ਉਹ ਕਿਵੇਂ ਆਪਣੇ ਘਰ ਵਿਚ ਰਹਿੰਦਾ ਹੈ। ਕਿਸ ਲਈ ਉਸ ਨੇ ਤੁਹਾਡੇ ਨਾਲ ਈਰਖਾ ਕਰਨੀ ਹੈ, ਉਹ ਭਲਾ ਹੀ ਕਰੇਗਾ, ਇਹ ਹਿਰਦੇ ਵਿਚ ਧਾਰ ਲਵੋ' ॥੩੦॥

ਸੁਨੇ ਸ਼ਾਹੁ ਕੇ ਬਾਕ ਭਲੇਰੇ। ਕਹਿ ਸ੍ਰੀ ਰਾਮਰਾਇ ਤਿਸ ਬੇਰੇ।
'ਮੋਹਿ ਨਹੀਂ ਰੰਚਕ ਪਰਵਾਹੂ। ਸੰਗਤਿ ਬ੍ਰਿੰਦ ਦੇਸ਼ ਮਮ ਪਾਹੂ॥ ੩੧॥

ਜਦ ਸ੍ਰੀ ਰਾਮਰਾਇ ਨੇ ਬਾਦਸ਼ਾਹ ਦੇ ਭਲੇ ਬਚਨ ਸੁਣੇ ਤਾਂ ਉਸ ਨੇ ਉਸ ਸਮੇਂ ਕਿਹਾ, "ਮੈਨੂੰ ਰਤਾ ਵੀ ਪ੍ਰਵਾਹ ਨਹੀਂ ਹੈ, ਦੇਸ਼ ਦੀ ਬਹੁਤ ਸੰਗਤ ਮੇਰੇ ਪਾਸ ਹੈ॥੩੧॥

ਬਹੁਰ ਮੇਲ ਹੈ ਸਾਥ ਤੁਮਾਰੇ। ਸਭਿ ਜਹਾਨ ਕੋ ਸ਼ਾਹੁ ਉਦਾਰੇ।
ਪਠਹੁ ਦਰਬ ਅਰੁ ਵਸਤੂ ਨਾਨਾ। ਜੇ ਬਹੁ ਦੁਰਲਭ ਜਗ ਕਹੁ ਜਾਨਾ॥ ੩੨॥

ਫਿਰ ਤੁਹਾਡੇ ਨਾਲ ਮੇਰਾ ਮੇਲ ਹੈ, ਜਿਹੜੇ ਸਾਰੇ ਜਹਾਨ ਦੇ ਵੱਡੇ ਬਾਦਸ਼ਾਹ ਹੋ। ਧਨ ਅਤੇ ਕਈ ਪ੍ਰਕਾਰ ਦੀਆਂ ਵਸਤਾਂ ਭੇਜਦੇ ਹੋ, ਜਿਹੜੀਆਂ ਵਸਤਾਂ ਜਗਤ ਨੇ ਬੜੀਆਂ ਦੁਰਲਭ ਜਾਣੀਆਂ ਹਨ॥੩੨॥

ਆਜ ਕਮੀ ਮੁਝ ਕੋ ਨਹਿਂ ਕੋਊ। ਜਿਮ ਚਿਤ ਚਹਤਿ ਕਰਤਿ ਹੌਂ ਸੋਊ।
ਉਭੈ ਬਾਤ ਅਸਮੰਜਸ ਅਹੈਂ। ਜਿਨ ਚਿਤਵਤਿ ਚਿਤ ਚਿੰਤਾ ਦਹੈ॥ ੩੩॥

ਅੱਜ ਮੈਨੂੰ ਕਿਸੇ ਗੱਲ ਦੀ ਘਾਟ ਨਹੀਂ ਹੈ, ਜਿਵੇਂ ਚਿੱਤ ਚਾਹੁੰਦਾ ਹੈ, ਉਸ ਤਰ੍ਹਾਂ ਹੀ ਕਰਦਾ ਹਾਂ। ਕਠਨ, ਦੁਬਿਧਾ ਅਤੇ ਅਜੋਗ ਗੱਲ ਇਹ ਹੈ, ਜਿਸ ਨੂੰ ਸੋਚ ਕੇ ਚਿਤ ਚਿੰਤਾ ਨਾਲ ਸੜਦਾ ਹੈ॥੩੩॥

ਇਕ ਤੋ ਮੈਂ ਗਾਦੀ ਅਧਿਕਾਰੀ। ਲਘੁ ਭ੍ਰਾਤਾ ਨੇ ਸੋ ਸੰਭਾਰੀ।
ਸਕਲ ਸਮਾਜ ਸੰਗ ਹੀ ਲੀਨਸਿ। ਅਜ਼ਮਤਿ ਜੁਤਿ ਪਿਤ ਸੰਗਤਿ ਦੀਨਸਿ॥੩੪॥

ਇਕ ਤੇ ਮੈਂ ਗੱਦੀ ਦਾ ਅਧਿਕਾਰੀ ਹਾਂ, ਛੋਟੇ ਭਰਾ ਨੇ ਉਹ ਸੰਭਾਲ ਲਈ ਹੈ। ਸਾਰਾ ਸਮਾਜ ਵੀ ਨਾਲ ਲੈ ਲਿਆ ਹੈ ਅਤੇ ਕਰਾਮਾਤ ਸਹਿਤ ਪਿਤਾ ਜੀ ਨੇ ਸੰਗਤ ਦਿੱਤੀ ਹੈ॥੩੪॥

ਕੀਨਸਿ ਮੁਝ ਤੇ ਅਧਿਕ ਬਡਾਈ। ਸਰਬ ਮਸੰਦ ਲਗਾਇਸਿ ਪਾਈ।
ਇਹ ਜੋ ਕਰੀ ਅਜੋਗ ਜਦਾਪੀ। ਇਸ ਪਰ ਬਸ ਨ ਬਸਾਇ ਤਦਾਪੀ॥ ੩੫॥

ਉਸ ਨੂੰ ਮੇਰੇ ਨਾਲੋਂ ਜ਼ਿਆਦਾ ਵਡਿਆਈ ਵਾਲਾ ਬਣਾ ਦਿੱਤਾ ਹੈ, ਸਾਰੇ ਮਸੰਦ ਉਸ ਦੇ ਚਰਨੀਂ ਲੱਗਦੇ ਹਨ। ਜਦ ਦਾ ਇਹ ਅਯੋਗ ਕਾਰਜ ਕੀਤਾ ਹੈ, ਤਦ ਦਾ ਮੇਰਾ ਇਸ ਉਤੇ ਵੱਸ ਨਹੀਂ ਚਲਦਾ॥੩੫॥

ਸ੍ਰੀ ਗੁਰ ਆਪ ਅੱਛਤ ਜੋ ਦਈ। ਨਹਿਂ ਸਮਰਥ ਕੋ, ਤਿਸ ਉਲਟਈ।
ਹੋਨਹਾਰ ਸੋ ਬੀਤ ਗਈ ਹੈ। ਪਰਾਲਬਧ ਸ਼ੁਭ ਤੇ ਸੁ ਲਈ ਹੈ॥ ੩੬॥

ਸ੍ਰੀ ਗੁਰੂ ਜੀ ਨੇ ਆਪਣੀ ਇੱਛਾ ਅਨੁਸਾਰ ਜੋ ਦਿੱਤੀ ਹੈ, ਉਸ ਨੂੰ ਉਲਟਾਉਣ ਦੇ ਕੋਈ ਵੀ ਸਮਰੱਥ ਨਹੀਂ ਹੈ। ਜੋ ਹੋਣੀ ਸੀ ਉਹ ਬੀਤ ਗਈ ਹੈ, ਸਭ ਪਰਾਲਬਧ ਹੋਣ ਕਰਕੇ ਪ੍ਰਾਪਤ ਕੀਤੀ ਹੈ॥੩੬॥

ਦੁਤਿਯੇ ਸੁਨਹੁ ਜੁ ਤੁਮ ਢਿਗ ਆਵਨਿ। ਇਸ ਮਹਿਂ ਦੋਸ਼ ਕਰਹਿਂ ਅਰਧਾਵਨਿ।
ਕਹੇ ਆਪ ਕੇ ਹਮ ਕੁਛ ਕੀਨਾ। ਅਜ਼ਮਤ ਬਲ ਤੇ ਜਿਸ ਬਿਧਿ ਚੀਨਾ॥ ੩੭॥

ਦੂਸਰਾ ਸੁਣੋ ਜੋ ਤੁਹਾਡੇ ਪਾਸ ਆਇਆ ਹਾਂ, ਇਸ ਵਿਚ ਵੀ ਦੋਸ਼ ਕੱਢਦੇ ਹਨ। ਮੈਂ ਜੋ ਕੁਝ ਵੀ ਕੀਤਾ ਹੈ, ਆਪ ਜੀ ਦੇ ਕਹਿਣ 'ਤੇ ਕੀਤਾ ਹੈ, ਕਰਾਮਾਤ ਦੇ ਬਲ ਨਾਲ ਜਿਸ ਤਰ੍ਹਾਂ ਵੀ ਸਹੀ ਜਾਣਿਆ ਹੈ॥੩੭॥

ਜਜੌਂ ਜਜੌਂ ਸ਼ਾਹੁ ਕਰਜੋ ਫੁਰਮਾਵਨਿ। ਤਜੌਂ ਤਜੌਂ ਅਜ਼ਮਤ ਕਿਯ ਦਿਖਰਾਵਨਿ।
ਪਠਜੋ ਪਿਤਾ ਨੇ ਇਸ ਹੀ ਕਾਮ। ਕਰੌਂ ਨ ਕੈਸੇ, ਹੈ ਗੁਰ ਨਾਮੁ॥ ੩੮॥

ਜਿਵੇਂ ਜਿਵੇਂ ਬਾਦਸ਼ਾਹ ਨੇ ਫੁਰਮਾਇਆ ਹੈ, ਉਸ ਤਰ੍ਹਾਂ ਹੀ ਮੈਂ ਕਰਾਮਾਤ ਵਿਖਾਈ ਹੈ। ਮੇਰੇ ਪਿਤਾ ਜੀ ਨੇ ਮੈਨੂੰ ਇਸੇ ਕੰਮ ਭੇਜਿਆ ਸੀ, ਕਿਵੇਂ ਨਾ ਕਰਦਾ, ਕਿਉਂਕਿ ਇਸ ਵਿਚ ਗੁਰੂ ਜੀ ਦਾ ਹੀ ਨਾਮ ਹੈ, ਭਾਵ ਗੁਰੂ ਜੀ ਦੀ ਹੀ ਵਡਿਆਈ ਹੈ॥੩੮॥

ਸ੍ਰੀ ਗੁਰ ਪਿਤਾ ਕਹਤਿ ਕੁਛ ਥੋਰਾ। ਅਬਿ ਬਿਸਤ੍ਰਿਤਿ ਸਕਲ ਦਿਸ਼ਿ ਓਰਾ।
ਬ੍ਰਿੰਦ ਮਸੰਦ ਸੰਗਤਾਂ ਮਾਹੀ। ਨਿਤ ਕਹਿ ਕਹਿ ਦੋਸ਼ਨਿ ਅਰਪਾਹੀਂ॥ ੩੯॥

ਸ੍ਰੀ ਗੁਰੂ ਪਿਤਾ ਜੀ ਕੁਝ ਥੋੜ੍ਹਾ ਕਹਿੰਦੇ ਸਨ, ਪਰ ਹੁਣ ਸਾਰੇ ਪਾਸੇ ਫੈਲ ਗਿਆ ਹੈ। ਸਮੂਹ ਮਸੰਦਾਂ ਅਤੇ ਸੰਗਤਾਂ ਵਿਚ ਨਿਤ ਕਹਿ ਕਹਿ ਕੇ ਦੋਸ਼ ਲਾਇਆ ਹੈ॥੩੯॥

ਮੇਲ ਸਦੋਸ਼ ਉਚਾਰਿ ਤੁਮਾਰੋ। ਅਪਜਸੁ ਸਭਿ ਮਹਿਂ ਬਹੁ ਬਿਸਤਾਰੋ।
ਇਹ ਮੇਰੇ ਉਰ ਜਰੀ ਨ ਜਾਈ। ਹਮ ਤੁਮ ਦੋਨਹੁ ਕੋ ਲਘੁਤਾਈ॥ ੪੦॥

ਤੁਹਾਡੇ ਮੇਲ ਨੂੰ ਸ੍ਰੇਸ਼ਟ ਦੋਸ਼ ਉਚਾਰ ਕੇ ਸਾਰਿਆਂ ਵਿਚ ਬਹੁਤ ਨਿੰਦਿਆ ਦਾ ਵਿਸਥਾਰ ਕੀਤਾ ਹੈ। ਇਹ ਮੈਥੋਂ ਜਰੀ ਨਹੀਂ ਜਾਂਦੀ, ਇਸ ਵਿਚ ਸਾਡਾ ਦੋਹਾਂ ਦਾ ਛੋਟਾਪਨ ਪ੍ਰਗਟ ਹੁੰਦਾ ਹੈ॥੪੦॥

ਯਾਂਤੇ ਅਬਿ ਲਿਹੁ ਰਿਦੇ ਬਿਚਾਰਾ। ਜਿਸ ਪ੍ਰਕਾਰ ਜਾਨਹਿ ਜਗ ਸਾਰਾ।
ਪਠਹੁ ਦੂਤ ਕੋ ਤਿਨ ਕੇ ਪਾਸ। ਕਰਹੁ ਹਕਾਰਨਿ ਅਪਨਿ ਅਵਾਸ॥ ੪੧॥

ਇਸ ਕਰਕੇ ਹੁਣ ਹਿਰਦੇ ਵਿਚ ਵਿਚਾਰ ਲਵੋ, ਜਿਸ ਪ੍ਰਕਾਰ ਸਾਰਾ ਜੱਗ ਜਾਣੇ। ਇਕ ਦੂਤ ਨੂੰ ਨਵੇਂ ਗੁਰੂ ਜੀ ਪਾਸ ਭੇਜੋ ਤੇ ਉਸ ਨੂੰ ਆਪਣੇ ਪਾਸ ਬੁਲਾਵੋ॥੪੧॥

ਮੋ ਤੇ ਸਹਸ ਗੁਨੀ ਅਜ਼ਮਤ ਹੈ। ਸ੍ਰੀ ਸਤਿਗੁਰ ਗਾਦੀ ਪਰ ਥਿਤ ਹੈ।
ਜਿਮ ਚਿਤ ਚਹਹੁ ਤਥਾ ਬਨਿਵਾਵਹੁ। ਏਕ ਬਾਰ ਦਿੱਲੀ ਮੰਗਵਾਵਹੁ॥ ੪੨॥

ਮੇਰੇ ਨਾਲੋਂ ਸੋ ਗੁਣਾ ਵੱਧ ਉਸ ਵਿਚ ਕਰਾਮਾਤ ਹੈ ਤੇ ਗੁਰੂ ਜੀ ਦੀ ਗੱਦੀ 'ਤੇ ਉਹ ਬਿਰਾਜਮਾਨ ਹੈ। ਜਿਵੇਂ ਚਿੱਤ ਚਾਹੇ ਉਸ ਤਰ੍ਹਾਂ ਬਣਵਾਵੋ, ਪਰ ਇਕ ਵਾਰ ਦਿੱਲੀ ਵਿਚ ਜ਼ਰੂਰ ਮੰਗਵਾਵੋ॥੪੨॥

ਪੁਨ ਕਹਿਬੇ ਤੇ ਸਭਿ ਹਟਿ ਰਹੈਂ। ਹਮ ਸਮ ਆਯਹੁ ਤਿਸ ਕਹੁ ਲਹੈਂ।
ਸੋ ਪਿ ਭਨਹਿ ਨਹਿਂ ਸੰਗਤਿ ਮਾਂਹੂ। ਮੁਹਿ ਸਮ ਮਿਲਹਿ ਆਇ ਤੁਮ ਪਾਹੂ॥੪੩॥

ਫਿਰ ਮੈਨੂੰ ਕਹਿਣ ਤੋਂ ਹੱਟ ਜਾਣਗੇ, ਮੇਰੇ ਵਾਂਗ ਤੁਹਾਡੇ ਪਾਸ ਆਇਆ ਹੋਇਆ ਸ੍ਰੀ ਹਰਿਕ੍ਰਿਸ਼ਨ ਜੀ ਨੂੰ ਵੀ ਜਾਣਨਗੇ। ਉਹ ਫਿਰ ਸੰਗਤ ਪਾਸ ਨਹੀਂ ਕਹਿਣਗੇ, ਮੇਰੇ ਵਾਂਗ ਉਹ ਤੁਹਾਨੂੰ ਆ ਮਿਲੇਗਾ॥੪੩॥

ਇਹ ਮੇਰੇ ਉਰ ਕਰਕ ਬਿਸਾਲ। ਨਿਸ ਦਿਨ ਪੀੜਤਿ ਜਿਮ ਨਟਸਾਲ।
ਹਾਥ ਆਪ ਕੇ ਕਰਿਬੋ ਐਸੇ। ਕਵਿ ਸੰਤੋਖ ਸਿੰਘ 'ਭਾਖਯੋ ਜੈਸੇ'॥ ੪੪॥

ਮੇਰੇ ਹਿਰਦੇ ਵਿਚ ਇਹ ਵੱਡਾ ਕੰਡਾ ਹੈ, ਰਾਤ ਦਿਨ ਇਸ ਤਰ੍ਹਾਂ ਪੀੜ ਕਰਦਾ ਹੈ ਜਿਵੇਂ ਤੀਰ ਜਾਂ ਬਰਛੇ ਦੀ ਨੋਕ ਟੁੱਟ ਕੇ ਜ਼ਖ਼ਮ ਵਿਚ ਰਹਿ ਗਈ ਹੋਵੇ। ਐਸਾ ਕਰਨਾ ਤੁਹਾਡੇ ਹੱਥ ਵਿਚ ਹੈ।" ਜਿਵੇਂ ਕਵੀ ਸੰਤੋਖ ਸਿੰਘ ਨੇ ਕਿਹਾ ਹੈ॥੪੪॥

ਦਸਵੀਂ ਰਾਸ ਦਾ ਇਕੱਤੀਵਾਂ ਅਧਿਆਇ ਸਮਾਪਤ ਹੋਇਆ॥੩੧॥

## ਅਧਿਆਇ ਬੱਤੀਵਾਂ

### ਬਾਦਸ਼ਾਹ ਦਾ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੂੰ ਬੁਲਾਉਣ ਬਾਰੇ ਵਿਚਾਰ ਕਰਨਾ

ਦੋਹਰਾ- ਸ੍ਰੀ ਗੁਰ ਜੇਸ਼ਠ ਪੁੱਤ੍ਰ ਨੇ ਕਰਿ ਮਤਸਰ ਮਨ ਮਾਂਹਿ।
ਨਿਜ ਸਮ ਕਰਿਬੇ ਅਨੁਜ ਕਹੁ ਕਹੀ ਸ਼ਾਹੁ ਕੇ ਪਾਹਿ॥ ੧॥

ਸ੍ਰੀ ਗੁਰੂ ਜੀ ਦੇ ਵੱਡੇ ਪੁੱਤਰ ਨੇ ਮਨ ਵਿਚ ਘੁਮੰਡ ਕਰਕੇ ਛੋਟੇ ਭਰਾ ਨੂੰ ਆਪਣੇ ਵਰਗਾ ਕਰਨ ਲਈ ਬਾਦਸ਼ਾਹ ਨੂੰ ਕਿਹਾ॥੧॥

ਚੌਪਈ- ਸੁਨਿ ਨੌਰੰਗ ਨੇ ਰਿਦੇ ਬਿਚਾਰਾ। 'ਇਨ ਮਤਸਰ ਕਰਿ ਬਾਕ ਉਚਾਰਾ।
ਆਰਬਲਾ ਹੈ ਅਲਪ ਤਿਨਹੁੰ ਕੀ। ਰਹਨਿ ਮਾਤ ਢਿਗ ਬੈਸ ਜਿਨਹੁੰ ਕੀ॥੨॥

ਨੌਰੰਗੇ ਨੇ ਸੁਣ ਕੇ ਹਿਰਦੇ ਵਿਚ ਵਿਚਾਰ ਕੀਤੀ, "ਇਸ ਨੇ ਈਰਖਾ ਕਰਕੇ ਇਹ ਗੱਲ ਕਹੀ ਹੈ। ਉਨ੍ਹਾਂ ਦੀ ਉਮਰ ਬਹੁਤ ਛੋਟੀ ਹੈ ਅਤੇ ਜਿਨ੍ਹਾਂ ਦੀ ਉਮਰ ਹਾਲੇ ਮਾਂ ਦੇ ਪਾਸ ਰਹਿਣ ਦੀ ਹੈ॥੨॥

ਕਿਮ ਆਵਹਿਂ ਹਮ ਕਰਹਿਂ ਹਕਾਰਨਿ। ਨਹਿਂ ਨਿਕਸ੍ਯੋ ਘਰ ਤੇ ਕਿਸ ਕਾਰਨ।
ਭ੍ਰਾਤਪਨੇ ਮਹਿਂ ਅਧਿਕ ਸ਼ਰੀਕਾ। ਕਰਹਿ ਦ੍ਵੈਸ਼, ਨਹਿਂ ਚਾਹਹਿ ਨੀਕਾ॥੩॥

ਅਸੀਂ ਬੁਲਾਵਾਂਗੇ ਤਾਂ ਕਿਵੇਂ ਆਵੇਗਾ, ਕਿਸੇ ਕਾਰਨ ਵੀ ਉਹ ਘਰ ਵਿਚੋਂ ਬਾਹਰ ਨਹੀਂ ਨਿਕਲਿਆ ਹੈ। ਭਰਾਪੁਣੇ ਵਿਚ ਬਹੁਤ ਸ਼ਰੀਕਾ ਹੁੰਦਾ ਹੈ, ਭਰਾ ਹਮੇਸ਼ਾ ਈਰਖਾ ਕਰਦੇ ਹਨ ਤੇ ਚੰਗਾ ਨਹੀਂ ਚਾਹੁੰਦੇ ਹਨ॥੩॥

ਜਿਮ ਹੋਯਹੁ ਹੈ ਸਦਨ ਹਮਾਰੇ। ਰਾਜ ਕਰ੍ਯੋ ਨਿਜ ਭ੍ਰਾਤਨਿ ਮਾਰੇ।
ਤਿਮ ਸਗਰੇ ਜਗ ਮੈਂ ਬਰਤਾਰਾ। ਹੋਤਿ ਸ਼ਰੀਕੇ ਮਹਿਂ ਦੁਖ ਭਾਰਾ॥ ੪॥

ਜਿਵੇਂ ਸਾਡੇ ਘਰ ਵਿਚ ਹੋਇਆ ਹੈ, ਆਪਣੇ ਭਰਾਵਾਂ ਨੂੰ ਮਾਰ ਕੇ ਮੈਂ ਰਾਜ ਕੀਤਾ ਹੈ। ਇਸ ਤਰ੍ਹਾਂ ਹੀ ਸਾਰੇ ਜਗ ਵਿਚ ਵਰਤਾਰਾ ਹੈ। ਸ਼ਰੀਕੇ ਵਿਚ ਭਾਰੀ ਦੁੱਖ ਹੁੰਦਾ ਹੈ॥੪॥

ਤੈਸੀ ਰੀਤਿ ਇਨਹੁੰ ਮਹਿਂ ਭਈ। ਮਮ ਸਮ ਲਘੁ ਨੇ ਗਾਦੀ ਲਈ।
ਤਿਨ ਪਠਿ ਦੂਤ ਹਕਾਰੋਂ ਜਬੈ। ਰਿਸ ਕਰਿ ਸ੍ਰਾਪ ਨ ਕੁਛ ਕਹਿਂ ਤਬੈ॥੫॥

ਉਸ ਤਰ੍ਹਾਂ ਦੀ ਰੀਤੀ ਇਨ੍ਹਾਂ ਵਿਚ ਹੋਈ ਹੈ, ਮੇਰੇ ਵਾਂਗ ਛੋਟੇ ਭਰਾ ਨੇ ਗੱਦੀ ਲੈ ਲਈ ਹੈ। ਉਸ ਨੂੰ ਦੂਤ ਭੇਜ ਕੇ ਜਦ ਬੁਲਾਵਾਂਗਾ ਤਾਂ ਉਹ ਗੁੱਸੇ ਵਿਚ ਆ ਕੇ ਕੋਈ ਸਰਾਪ ਹੀ ਨਾ ਦੇ ਦੇਣ॥੫॥

ਪ੍ਰਥਮ ਹਕਾਰੇ ਇਹ ਚਲਿ ਆਯਹੁ। ਅਜ਼ਮਤ ਜੁਤਿ ਕਰ ਇਤਹਿ ਪਠਾਯਹੁ।
ਜੋ ਹਮ ਚਹਤਿ ਸਕਲ ਕਰਿਵਾਯਹੁ। ਸਰਬ ਰੀਤਿ ਨੀਕੇ ਪਤਿਆਯਹੁ ॥ ੬ ॥

ਪਹਿਲਾਂ ਬੁਲਾਉਣ 'ਤੇ ਇਹ ਚਲ ਕੇ ਆਇਆ ਹੈ, ਕਰਾਮਾਤਾਂ ਦੇ ਕੇ ਇਸ ਨੂੰ ਭੇਜਿਆ ਹੈ। ਜੋ ਅਸੀਂ ਚਾਹੁੰਦੇ ਸੀ, ਸਭ ਕੁਝ ਕਰਵਾਇਆ ਹੈ। ਸਾਰੀਆਂ ਰੀਤੀਆਂ ਨਾਲ ਚੰਗੀ ਤਰ੍ਹਾਂ ਇਸ ਦੀ ਪਰਖ ਕੀਤੀ ਹੈ ॥੬॥

ਅਬਿ ਜੇਕਰਿ ਕਰਿ ਜ਼ੋਰ ਹਕਾਰਹਿਂ। 'ਸ਼ਾਹੁ ਦ੍ਵੈਸ਼ ਕਉ ਠਟਹਿ' ਬਿਚਾਰਹਿਂ।
'ਬਡੋ ਭ੍ਰਾਤ ਜੇ ਪਹੁੰਚਜੋ ਪਾਸ। ਮਮ ਅਧੀਨ ਪੁਨ ਰਹਿ ਕਜਾ ਆਸ' ॥ ੭ ॥

ਹੁਣ ਜੇ ਜ਼ੋਰ ਪਾ ਕੇ ਬੁਲਾਵਾਂਗਾ ਤਾਂ ਗੁਰੂ ਜੀ ਵਿਚਾਰਨਗੇ ਕਿ 'ਬਾਦਸ਼ਾਹ ਈਰਖਾ ਕਰਦਾ ਹੈ।' 'ਵੱਡਾ ਭਰਾ ਜਦ ਪਾਸ ਪਹੁੰਚਿਆ ਹੈ ਤਾਂ ਫਿਰ ਮੇਰੇ ਕੋਲੋਂ ਕਿਹੜੀ ਆਸ਼ਾ ਪੂਰੀ ਕਰਨੀ ਰਹਿ ਗਈ ਹੈ' ॥੭॥

ਇਮ ਬਿਚਾਰਿ ਉਰ ਨੌਰੰਗ ਕਹੈ। 'ਕਜਾ ਕਹਿ ਬਾਤ ਬੁਲਾਵਨਿ ਚਹੈ।
ਅਜ਼ਮਤ ਹੇਰਨਿ ਕੇਰ ਹਕਾਰਨ। ਸੋ ਤੁਮ ਕੀਨਸਿ ਪ੍ਰਥਮ ਦਿਖਾਰਨਿ ॥ ੮ ॥

ਇਸ ਤਰ੍ਹਾਂ ਵਿਚਾਰ ਕੇ ਨੌਰੰਗੇ ਨੇ ਕਿਹਾ, "ਫਿਰ ਕੀ ਕਹਿ ਕੇ ਉਸ ਨੂੰ ਬੁਲਾਉਣਾ ਚਾਹੀਦਾ ਹੈ। ਕਰਾਮਾਤ ਵੇਖਣ ਵਾਸਤੇ ਬੁਲਾਇਆ ਹੈ, ਉਹ ਤੁਸੀਂ ਪਹਿਲਾਂ ਹੀ ਵਿਖਾ ਚੁੱਕੇ ਹੋ ॥੮॥

ਅਬਿ ਨਿਸ਼ਫਲ ਹੀ ਦੂਤ ਪਠਨਿ ਹੈ। ਲਘੁ ਬਯ ਆਵਨਿ ਤਿਨਹੁਂ ਕਠਨ ਹੈ।
ਇਕ ਸ੍ਰੀ ਗੁਰ ਕੇ ਸੁਤ ਹਹੁ ਦੋਊ। ਅਤਿ ਅਜ਼ਮਤ ਮਹਿਂ ਸਮਸਰ ਹੋਊ ॥ ੯ ॥

ਹੁਣ ਫ਼ਜ਼ੂਲ ਵਿਚ ਹੀ ਦੂਤ ਨੂੰ ਭੇਜਣਾ ਹੈ, ਛੋਟੀ ਉਮਰ ਹੈ ਤੇ ਉਸ ਦਾ ਆਉਣਾ ਬੜਾ ਮੁਸ਼ਕਲ ਹੈ। ਦੋਵੇਂ ਇਕ ਗੁਰੂ ਜੀ ਦੇ ਪੁੱਤਰ ਹੋ, ਇਸ ਕਰਕੇ ਕਰਾਮਾਤਾਂ ਵਿਖਾਉਣ ਵਿਚ ਇਕੋ ਜਿਹੇ ਹੋਵੋਗੇ ॥੯॥

ਕਿਧੌਂ ਸੁ ਲਘੁ ਗਾਦੀ ਪਰ ਟੀਕਾ। ਤੁਮ ਤੇ ਹ੍ਵੈ ਹੈ ਅਧਿਕ ਬਧੀਕਾ।
ਲਘੁ ਬਯ ਤੇ ਜਬਿ ਹੋਇ ਬਿਸਾਲਾ। ਕਰਹਿਂ ਹਕਾਰਨਿ ਕੋ ਤਿਸ ਕਾਲਾ ॥੧੦॥

ਜਾਂ ਜਿਸ ਨੂੰ ਗੱਦੀ 'ਤੇ ਬਿਠਾ ਕੇ ਤਿਲਕ ਲਾਇਆ ਹੈ, ਉਹ ਤੁਹਾਡੇ ਨਾਲੋਂ ਬਹੁਤ ਵਧੀਕ ਕਰਾਮਾਤੀ ਹੋਵੇਗਾ, ਛੋਟੀ ਉਮਰ ਤੋਂ ਜਦ ਵੱਡਾ ਹੋਵੇਗਾ ਤਾਂ ਉਸ ਸਮੇਂ ਬੁਲਾ ਲਵਾਂਗੇ ॥੧੦॥

ਅਬਿ ਤੌ ਅਨੁਚਿਤ ਬਾਤ ਬਿਚਾਰੌਂ। ਪਠਿਕੈ ਦੂਤ ਨ ਨਿਕਟਿ ਹਕਾਰੌਂ'।
ਸੁਨਿ ਸ੍ਰੀ ਰਾਮਰਾਇ ਤਬਿ ਕਹਯੋ। 'ਇਮ ਬਿਚਾਰ ਤੁਮ ਨੀਕੇ ਲਹਯੋ ॥ ੧੧ ॥

ਹੁਣ ਤਾਂ ਅਨੁਚਿਤ ਗੱਲ ਸਮਝਦਾ ਹਾਂ, ਦੂਤ ਭੇਜ ਕੇ ਪਾਸ ਨਹੀਂ ਬੁਲਾਵਾਂਗਾ।" ਇਹ ਸੁਣ ਕੇ ਸ੍ਰੀ ਰਾਮਰਾਇ ਨੇ ਕਿਹਾ, "ਇਹ ਤੁਸੀਂ ਚੰਗੀ ਗੱਲ ਵੀਚਾਰੀ ਹੈ ॥੧੧॥

ਹੋਤਿ ਹਕਾਰਨਿ ਕੀ ਜੁਗ ਬਾਤੀ। ਗਰਬਤਿ ਕਰਿ, ਕੈ ਬਲ ਬੱਖਜਾਤੀ।
ਸੋ ਨਹਿਂ ਆਛੀ ਬਿਘਨ ਪਰਤਿ ਹੈ। ਦੇਤਿ ਸ੍ਰਾਪ ਕੋ ਕ੍ਰੋਧ ਕਰਤਿ ਹੈ ॥ ੧੨ ॥

ਪਾਸ ਬੁਲਾਉਣ ਦੀਆਂ ਦੋ ਗੱਲਾਂ ਹੋ ਸਕਦੀਆਂ ਹਨ ਜਾਂ ਤਾਂ ਹੰਕਾਰ ਕਰਕੇ ਭਾਵ ਰੋਅਬ ਪਾ ਕੇ, ਜਾਂ ਪ੍ਰਗਟ ਰੂਪ ਵਿਚ ਬਲ ਵਿਖਾ ਕੇ। ਪਰ ਇਹ ਦੋਵੇਂ ਤਰੀਕੇ ਚੰਗੇ ਨਹੀਂ, ਕਿਉਂਕਿ ਦੋਹਾਂ ਤਰ੍ਹਾਂ ਨਾਲ ਬੁਲਾਉਣ ਨਾਲ ਕ੍ਰੋਧ ਆਉਂਦਾ ਹੈ ਤੇ ਕ੍ਰੋਧ ਵਿਚ ਆ ਕੇ ਉਹ ਹਰ ਤਰ੍ਹਾਂ ਸਮਰੱਥ ਹਨ, ਸਰਾਪ ਦੇ ਦੇਣਗੇ ॥੧੨॥

ਬਿਨੈ ਬਖਾਨਿ ਬੁਲਾਵਨਿ ਕਰਨੋ। ਇਹ ਨੀਕੋ ਪੁਰਸ਼ੋਤਮ ਬਰਨੋ।
ਇਮ ਕਰਤੇ ਸਭਿ ਬਿਘਨ ਬਿਨਾਸਹਿਂ। ਨਿਤ ਪ੍ਰਤਿ ਮੰਗਲ ਮਹਿਦ ਪ੍ਰਕਾਸ਼ਹਿਂ ॥੧੩॥

ਬੇਨਤੀ ਕਰਕੇ ਬੁਲਾਉਣਾ ਚਾਹੀਦਾ ਹੈ, ਇਹ ਤੁਸੀਂ ਚੰਗੀ ਗੱਲ ਵਰਣਨ ਕੀਤੀ ਹੈ। ਇਸ ਤਰ੍ਹਾਂ ਕਰਨ ਨਾਲ ਸਾਰੇ ਵਿਘਨ ਦੂਰ ਹੋ ਜਾਣਗੇ ਤੇ ਨਿਤਾ-ਪ੍ਰਤਿ ਅਨੰਦ ਮੰਗਲ ਦਾ ਬਹੁਤ ਪ੍ਰਕਾਸ਼ ਹੋਵੇਗਾ॥ ੧੩॥

ਯਾਂਤੇ ਕਰਹੁ ਬਿਚਾਰਨਿ ਐਸੇ। ਸੋ ਆਵਹਿਂ ਅਰੁ ਸੁਖ ਹੁਇ ਜੈਸੇ।
ਕਰਿ ਸਨਮਾਨ ਹਕਾਰਹੁ ਤਾਂਹੂ। ਦਰਸਹੁ ਪਰਸਹੁ ਬੈਸਹੁ ਪਾਹੂ॥ ੧੪॥

ਇਸ ਲਈ ਜਾਂ ਤਾਂ ਇਸ ਤਰ੍ਹਾਂ ਵਿਚਾਰ ਕਰੋ, ਉਹ ਆਉਣ ਅਤੇ ਜਿਸ ਤਰ੍ਹਾਂ ਸੁੱਖ ਵੀ ਪ੍ਰਾਪਤ ਹੋਵੇ। ਸਨਮਾਨ ਕਰਕੇ ਉਨ੍ਹਾਂ ਨੂੰ ਬੁਲਾਵੋ, ਦਰਸ਼ਨ ਕਰੋ ਅਤੇ ਪਾਸ ਬੈਠੋ"॥੧੪॥

ਤਿਸ ਛਿਨ ਨ੍ਰਿਪ ਜੈ ਸਿੰਘ ਸਵਾਈ। ਸੁਨਿ ਬ੍ਰਿਤਾਂਤ ਸਭਿ ਕਹਜੇ ਬੁਝਾਈ।
'ਇਹੁ ਜੁ ਬਾਤ ਗੁਰ ਸੁਤ ਨੇ ਕਹੀ। ਸੋ ਹਮ ਨੇ ਮਨ ਆਛੀ ਲਹੀ॥ ੧੫॥

ਉਸ ਸਮੇਂ ਰਾਜਾ ਜੈ ਸਿੰਘ ਸਵਾਈ ਆਇਆ, ਸਾਰਾ ਬ੍ਰਿਤਾਂਤ ਸੁਣ ਕੇ ਉਸ ਕਿਹਾ, "ਇਹ ਜਿਹੜੀ ਗੱਲ ਗੁਰੂ ਪੁੱਤਰ ਨੇ ਕਹੀ ਹੈ, ਉਹ ਮੇਰੇ ਮਨ ਨੂੰ ਚੰਗੀ ਲੱਗੀ ਹੈ॥੧੫॥

*ਨੋਟ : ਜੈ ਸਿੰਘ ਜੈਪੁਰ ਰਿਆਸਤ ਦਾ ਰਾਜਾ ਸੀ, ਇਹ ਸ਼ਾਹਜਹਾਨ ਦਾ ਅਹਿਲਕਾਰ ਸੀ ਤੇ ਮਿਰਜ਼ਾ ਰਾਜਾ ਦਾ ਖ਼ਿਤਾਬ ਰੱਖਦਾ ਸੀ, ਸਵਾਈ ਇਸ ਦਾ ਖ਼ਿਤਾਬ ਨਹੀਂ ਸੀ।*

ਪੂਰਬ ਭੀ ਪ੍ਰਸੰਗ ਅਸ ਭਯਿਉ। ਇਨ ਕੋ ਬਡੋ ਸ਼ਾਹਿ ਢਿਗ ਅਇਉ।
ਜਹਾਂਗੀਰ ਪਤਿਸ਼ਾਹੁ ਬਿਸਾਲਾ। ਬਡੋ ਆਪ ਕੋ ਸੁਭ ਮਗ ਚਾਲਾ॥ ੧੬॥

ਪਹਿਲਾਂ ਵੀ ਇਸ ਤਰ੍ਹਾਂ ਦਾ ਪ੍ਰਸੰਗ ਹੋਇਆ ਹੈ, ਇਨ੍ਹਾਂ ਦਾ ਵਡੇਰਾ ਬਾਦਸ਼ਾਹ ਪਾਸ ਆਇਆ ਸੀ। ਜਹਾਂਗਿਰ ਮਹਾਨ ਬਾਦਸ਼ਾਹ ਸੀ। ਆਪ ਦਾ ਵਡੇਰਾ ਸੁਭ ਮਾਰਗ 'ਤੇ ਚਲਦਾ ਸੀ॥੧੬॥

ਤਿਨਹੁ ਹਕਾਰੇ ਬਿਨੈ ਬਖਾਨੀ। ਸ੍ਰੀ ਹਰਿਗੋਵਿੰਦ ਸਰ ਧਨ ਪਾਨੀ।
ਮਿਲੇ ਆਨਿ ਬਡ ਰਸ ਕੋ ਰਾਖਾ। ਸ਼ਾਹੁ ਜੋਰਿ ਕਰ ਤਿਨ ਸੋਂ ਭਾਖਾ॥ ੧੭॥

ਉਸ ਨੂੰ ਪਾਸ ਬੁਲਾ ਕੇ ਬੇਨਤੀ ਕੀਤੀ, ਸ੍ਰੀ ਹਰਿਗੋਬਿੰਦ ਜੀ ਧਨੁੱਖ ਬਾਣ ਹੱਥ ਵਿਚ ਧਾਰਨ ਵਾਲੇ ਸਨ। ਆ ਕੇ ਬਾਦਸ਼ਾਹ ਨੂੰ ਮਿਲੇ ਤੇ ਵੱਡਾ ਰਸ ਰਖਿਆ। ਬਾਦਸ਼ਾਹ ਹੱਥ ਜੋੜ ਕੇ ਬੋਲਿਆ॥੧੭॥

'ਮੋਹਿ ਨਾਮ ਕੀ ਫੇਰਹੁ ਮਾਲਾ। ਜਿਸ ਤੇ ਸੰਕਟ ਕਟਹਿਂ ਕਰਾਲਾ।
ਕਹੇ ਨਜੂਮੀ ਕੇ ਇਮ ਕੀਨਿ। ਦੁਰਗ ਗ੍ਵਾਲਿਯਰ ਪਠਿਬੇ ਕੀਨਿ॥ ੧੮॥

"ਮੇਰੇ ਵਾਸਤੇ ਨਾਮ ਦੀ ਮਾਲਾ ਫੇਰੋ, ਜਿਸ ਕਾਰਨ ਮੇਰਾ ਵਿਕਰਾਲ ਸੰਕਟ ਕੱਟਿਆ ਜਾਵੇ।" ਇਕ ਨਜੂਮੀ ਦੇ ਕਹੇ ਇੰਝ ਕੀਤਾ ਤੇ ਗਵਾਲੀਅਰ ਦੇ ਕਿਲ੍ਹੇ ਵਿਚ ਭੇਜ ਦਿੱਤਾ॥੧੮॥

ਜਹਾਂ ਕੈਦਖਾਨਾ ਬਹੁਤੇਰਾ। ਸਭਿ ਬਯ ਕੈਦੀ ਤਹਾਂ ਬਸੇਰਾ।
ਸੁਨਤਿ ਸ਼ਾਹੁ ਕੀ ਬਿਨੈ ਪ੍ਰਸੀਜੇ। ਪ੍ਰਵਿਸ਼ੇ ਦੁਰਗ ਜਾਇ ਜਪੁ ਕੀਜੇ॥ ੧੯॥

ਜਿਥੇ ਬਹੁਤ ਵੱਡਾ ਕੈਦਖਾਨਾ ਸੀ ਤੇ ਸਭ ਉਮਰ ਦੇ ਕੈਦੀ ਉਥੇ ਰਹਿੰਦੇ ਸਨ। ਬਾਦਸ਼ਾਹ ਦੀ ਬੇਨਤੀ ਸੁਣ ਕੇ ਉਹ ਮੰਨ ਗਏ ਤੇ ਕਿਲ੍ਹੇ ਅੰਦਰ ਪ੍ਰਵੇਸ਼ ਕਰ ਗਏ ਤੇ ਜਾ ਕੇ ਜਾਪ ਕੀਤਾ॥੧੯॥

ਜੇ ਰਜਪੂਤ ਕੈਦ ਮਹਿਂ ਤਹਾਂ। ਅਸਨ ਬਸਨ ਸਭਿ ਕੋ ਦਿਯ ਤਹਾਂ।
ਪੁਨਹਿ ਬੁਲਾਏ ਕਰਿ ਚਾਲੀਸਾ। ਕਹਿ ਮੁਚਵਾਏ ਸਕਲ ਮਹੀਸ਼ਾ॥ ੨੦॥

ਜਿਹੜੇ ਰਾਜਪੂਤ ਉਥੇ ਕੈਦ ਸਨ, ਉਨ੍ਹਾਂ ਸਾਰਿਆਂ ਨੂੰ ਕਪੜੇ ਅਤੇ ਭੋਜਨ ਦਿੱਤਾ। ਫਿਰ ਚਾਲੀਸਾ ਕਰਕੇ ਸਾਰੇ ਰਾਜਿਆਂ ਨੂੰ ਛੁਡਵਾ ਲਿਆ॥੨੦॥

ਸਭਿ ਰਜਪੂਤਨਿ ਮੈਂ ਬਿਰਤਾਂਤ। ਅਬਿ ਲੌ ਕਹੈਂ ਸੁਨਹਿਂ ਬੱਖਯਾਤ।
ਪੁਰਸ਼ੋਤਮ ਜੇ ਹੈਂ ਜਗ ਮਾਂਹੀਂ। ਬਿਨੈ ਸੁਨਤਿ ਹੀ ਬਸਿ ਹ੍ਵੈ ਜਾਹੀਂ॥ ੨੧॥

ਸਾਰੇ ਰਾਜਪੂਤਾਂ ਵਿਚ ਇਹ ਬਿਰਤਾਂਤ, ਹੁਣ ਤਕ ਕਿਹਾ ਸੁਣਿਆ ਜਾਂਦਾ ਹੈ ਜਿਹੜਾ ਬੜਾ ਪ੍ਰਸਿੱਧ ਹੈ। ਜਗਤ ਵਿਚ ਜਿਹੜੇ ਉੱਤਮ ਪੁਰਸ਼ ਹਨ ਉਹ ਬੇਨਤੀ ਸੁਣ ਕੇ ਹੀ ਵੱਸ ਵਿਚ ਹੋ ਜਾਂਦੇ ਹਨ॥੨੧॥

ਤਿਮ ਸ੍ਰੀ ਸਤਿਗੁਰ ਕੋ ਇਹ ਬੰਸ। ਕਜੋਂ ਨ ਪ੍ਰਸੰਨਹਿ ਕਰੇ ਪ੍ਰਸੰਸ।
ਆਵਹਿਂਗੇ, ਨਹਿਂ ਬਿਲਮ ਲਗਾਵਹਿਂ। ਕਰਿ ਸਨਮਾਨ ਜਿ ਆਪ ਬੁਲਾਵਹਿਂ ॥੨੨॥

ਉਸ ਤਰ੍ਹਾਂ ਸਤਿਗੁਰੂ ਜੀ ਦਾ ਇਹ ਵੰਸ਼ ਹੈ, ਕਿਉਂ ਨਾ ਪ੍ਰਸੰਨ ਹੋ ਕੇ ਪ੍ਰਸੰਸਾ ਕਰਨਗੇ। ਆਉਣਗੇ ਅਤੇ ਦੇਰ ਨਹੀਂ ਲਾਉਣਗੇ ਜੇ ਆਪ ਸਨਮਾਨ ਕਰਕੇ ਬੁਲਾਵੋਗੇ"॥੨੨॥

ਇਮ ਜੈ ਸਿੰਘ ਸਵਾਈ ਕਹਜੋ। ਸੁਨਜੋ ਸ਼ਾਹੁ ਮਨ ਨੀਕੇ ਲਹਜੋ।
ਚਿਤਵਤਿ ਚਿਤ ਮਹਿਂ ਇਸ ਕੇ ਹਾਥ। ਕਰਹਿਂ ਹਕਾਰਨਿ ਬਿਨਤੀ ਸਾਥ॥੨੩॥

ਇਸ ਤਰ੍ਹਾਂ ਜੈ ਸਿੰਘ ਨੇ ਕਿਹਾ, ਬਾਦਸ਼ਾਹ ਨੇ ਜਦ ਸੁਣਿਆਂ ਤਾਂ ਉਸ ਦੇ ਮਨ ਨੂੰ ਚੰਗਾ ਲੱਗਾ, ਚਿਤ ਵਿਚ ਸੋਚਿਆ ਕਿ ਜੈ ਸਿੰਘ ਦੇ ਹੀ ਹੱਥ ਬੇਨਤੀ ਕਰਕੇ ਬੁਲਾਉਂਦੇ ਹਾਂ॥੨੩॥

ਜੇ ਰਿਸ ਹੋਇ ਤ ਇਸ ਪਰ ਹੋਇ। ਜੇ ਪ੍ਰਸੰਨ, ਦਰਸਹਿਂ ਸਭਿ ਕੋਇ।
ਇਮ ਬਿਚਾਰਿ ਕਰਿ ਨੌਰੰਗ ਭਨਿਯੋ। 'ਭੋ ਜੈ ਸਿੰਘ ਸਵਾਈ! ਸੁਨਿਯੋ॥੨੪॥

ਜੇ ਕੋਈ ਗੁੱਸਾ ਹੋਵੇਗਾ ਤਾਂ ਇਸ ਉਪਰ ਹੋਵੇਗਾ, ਜੇ ਪ੍ਰਸੰਨ ਹੋਣਗੇ ਤੇ ਸਾਰੇ ਦਰਸ਼ਨ ਕਰਨਗੇ। ਇਸ ਤਰ੍ਹਾਂ ਵਿਚਾਰ ਕਰਕੇ ਨੌਰੰਗੇ ਨੇ ਕਿਹਾ, "ਹੇ ਜੈ ਸਿੰਘ ਸਵਾਈ! ਸੁਣੋ॥੨੪॥

ਆਛੀ ਬਾਤ ਕਹੀ ਇਮ ਕਰਹੁ। ਤੁਮਹਿ ਬੁਲਾਵਨਿ ਉੱਦਮ ਧਰਹੁ।
ਅਪਨੋ ਪਠੀਅਹਿ ਨਰ ਪਰਧਾਨ। ਜੋ ਲਜਾਵੈ ਬਹੁ ਬਿਨੈ ਬਖਾਨਿ॥ ੨੫॥

ਤੁਸਾਂ ਚੰਗੀ ਗੱਲ ਕੀਤੀ ਹੈ ਤੇ ਫਿਰ ਇੰਝ ਕਰੋ, ਤੁਸੀਂ ਹੀ ਉਨ੍ਹਾਂ ਨੂੰ ਬੁਲਾਉਣ ਦਾ ਉਦਮ ਧਾਰਨ ਕਰੋ। ਆਪਣਾ ਕੋਈ ਮੁਖੀ ਬੁਲਾਉਣ ਵਾਸਤੇ ਭੇਜੋ, ਜਿਹੜਾ ਕਿ ਬਹੁਤ ਬੇਨਤੀਆਂ ਕਰਕੇ ਲੈ ਕੇ ਆਵੇ॥੨੫॥

ਜਿਸ ਤੇ ਰਿਸ ਨ ਕਰਹਿਂ ਸੁਨਿ ਕੈਸੇ। ਦਿੱਲੀ ਪੁਰਿ ਲਗਿ ਆਨਹਿ ਜੈਸੇ।
ਕਰਹੁ ਪਠਾਵਨਿ ਸਭਿ ਅਸਵਾਰੀ। ਅਪਰ ਸਕਲ ਬਿਧਿ ਕੀਜਹਿ ਤਯਾਰੀ॥੨੬॥

ਜਿਸ ਪਾਸੋਂ ਸੁਣ ਕੇ ਕਿਸੇ ਪ੍ਰਕਾਰ ਵੀ ਗੁੱਸਾ ਨਾ ਕਰਨ, ਦਿੱਲੀ ਨਗਰ ਤਕ ਉਨ੍ਹਾਂ ਨੂੰ ਲਿਆਵੇ। ਸਭ ਅਸਵਾਰੀਆਂ ਭੇਜੋ ਤੇ ਹੋਰ ਸਭ ਤਰ੍ਹਾਂ ਨਾਲ ਤਿਆਰੀ ਕਰੋ॥੨੬॥

ਅਭਿਲਾਖਤਿ ਪਰ ਹੁਇ ਆਰੂਢਿ। ਬਾਲ ਬੈਸ ਜਿਨ ਆਸ਼ੈ ਗੂਢ।
ਦੇਹੁ ਪਠਾਇ ਉਪਾਇਨ ਨਾਨਾ। ਹਮਰੀ ਦਿਸ਼ਿ ਕੋ ਲਿਹੁ ਪਰਵਾਨਾ॥ ੨੭॥

ਜਿਸ ਸਵਾਰੀ 'ਤੇ ਵੀ ਬੈਠਣ ਦੀ ਅਭਿਲਾਸ਼ਾ ਹੋਵੇ, ਉਸ 'ਤੇ ਸਵਾਰ ਕਰੋ। ਉਮਰ ਬੇਸ਼ਕ ਛੋਟੀ ਹੈ, ਪਰ ਆਸ਼ੇ ਬੜੇ ਦ੍ਰਿੜ੍ਹ ਹਨ। ਕਈ ਪ੍ਰਕਾਰ ਦੇ ਉਪਹਾਰ ਦੇ ਕੇ ਭੇਜੋ, ਸਾਡੇ ਵਲੋਂ ਇਕ ਪ੍ਰਵਾਨਾ ਲੈ ਜਾਵੇ॥੨੭॥

ਸਹਿਤ ਪ੍ਰਸੰਨਤਾ ਜਿਮ ਚਲਿ ਆਵੈਂ। ਤਿਮ ਕਰੀਅਹਿ ਪੁਨ ਦਰਸ਼ਨ ਪਾਵੈਂ।
ਬਹੁ ਸਨਮਾਨ ਸਾਥ ਅਨਵਾਵਉ। ਰੁਚਿਰ ਉਪਾਇਨ ਪ੍ਰਥਮ ਪਠਾਵਉ॥੨੮॥

ਜਿਵੇਂ ਵੀ ਪ੍ਰਸੰਨ ਹੋ ਕੇ ਚਲ ਕੇ ਆਉਣ, ਉਸ ਤਰ੍ਹਾਂ ਹੀ ਕਰੋ, ਫਿਰ ਦਰਸ਼ਨ ਪਾਈਏ। ਬੜੇ ਸਨਮਾਨ ਸਹਿਤ ਲਿਆਵੇ ਤੇ ਸੁੰਦਰ ਉਪਹਾਰ ਪਹਿਲਾਂ ਭੇਜੇ॥੨੮॥

ਨਿਜ ਦਿਸ਼ਿ ਤੇ ਬਹੁ ਬਿਨਤੀ ਲਿਖੀਅਹਿ। ਆਪ ਆਇ ਦਿੱਲੀ ਪੁਰਿ ਦਿਖੀਅਹਿ।
ਸਭਿ ਸੰਗਤਿ ਕੋ ਦਰਸ਼ਨ ਦੈ ਕੈ। ਹਮਹੁ ਮੋਦ ਉਪਜਾਵਨਿ ਕੈ ਕੈ॥ ੨੯॥

ਆਪਣੇ ਵਲੋਂ ਬਹੁਤ ਬੇਨਤੀ ਲਿਖੋ, "ਆਪ ਜੀ ਆ ਕੇ ਦਿੱਲੀ ਨਗਰ ਵੇਖੋ। ਸਾਰੀ ਸੰਗਤ ਨੂੰ ਦਰਸ਼ਨ ਦੇ ਕੇ ਸਾਨੂੰ ਵੀ ਖ਼ੁਸ਼ੀ ਬਖ਼ਸ਼ੋ॥੨੯॥

ਕਰਹੁ ਸਨਾਥ ਦਾਸ ਮੁਹਿ ਜਾਨਹੁ। ਇੱਤਜਾਦਿਕ ਲਿਖਿਬੋ ਤੁਮ ਠਾਨਹੁ।
ਸੁਨਤਿ ਸ਼ਾਹੁ ਤੇ ਜੈ ਪੁਰਿ ਰਾਜਾ। ਕਹਤਿ ਭਯੋ 'ਮੈਂ ਕਰਿਹੋਂ ਕਾਜਾ॥ ੩੦॥

ਮੈਨੂੰ ਦਾਸ ਜਾਣਕੇ ਮਾਲਕ ਵਾਲਾ ਕਰੋ, ਇਤਿਆਦਿਕ ਲਿਖ ਕੇ ਭੇਜੋ।" ਬਾਦਸ਼ਾਹ ਪਾਸੋਂ ਇਹ ਸੁਣਕੇ ਜੈਪੁਰ ਦਾ ਰਾਜਾ ਕਹਿਣ ਲੱਗਾ, "ਮੈਂ ਇਹ ਕੰਮ ਕਰਾਂਗਾ॥੩੦॥

ਜਿਤਿਕ ਸੇਵ ਮੁਝ ਤੇ ਬਨਿ ਜੈ ਹੈ। ਤਿਤਿਕ ਭਲੋ ਸਤਿਗੁਰ ਕਰਿ ਦੈ ਹੈਂ।
ਇਕ ਤੌ ਕਹਨਿ ਆਪ ਕੋ ਭਇਊ। ਦੁਤਿਯ ਸੇਵ ਕਰਿ ਦਰਸ਼ਨ ਲਇਊ॥੩੧॥

ਜਿੰਨੀ ਸੇਵਾ ਮੈਥੋਂ ਹੋ ਸਕੇ, ਉਨੀ ਸੇਵਾ ਮੈਂ ਭਲੀ ਪ੍ਰਕਾਰ ਸਤਿਗੁਰੂ ਜੀ ਦੀ ਕਰਾਂਗਾ। ਇਕ ਤਾਂ ਆਪ ਨੇ ਕਿਹਾ ਹੈ, ਦੂਸਰਾ ਗੁਰੂ ਜੀ ਦੀ ਸੇਵਾ ਕਰਕੇ ਦਰਸ਼ਨ ਕਰਾਂਗਾ॥੩੧॥

ਕ੍ਰਿਪਾ ਕਰਹਿੰਗੇ ਬਰ ਕੋ ਦੈ ਹੈਂ। ਯਾਂਤੇ ਹਮ ਸਭਿ ਰੀਤਿ ਰਿਝੈਂ ਹੈਂ।
ਆਇੰ ਆਪ ਕੇ ਨਿਕਟਿ ਜ਼ਰੂਰ। ਸੁਨਯੋ ਸੁ ਤਿਨ ਦੇਖੇ ਦੁਖ ਦੂਰ॥ ੩੨॥

ਕ੍ਰਿਪਾ ਕਰਕੇ ਵਰ ਦੇਣਗੇ, ਇਸ ਕਰਕੇ ਅਸੀਂ ਸਭ ਰੀਤੀਆਂ ਨਾਲ ਪ੍ਰਸੰਨ ਕਰਾਂਗੇ। ਉਹ ਜ਼ਰੂਰ ਆਪ ਜੀ ਦੇ ਪਾਸ ਆਉਣਗੇ। ਮੈਂ ਇਹ ਸੁਣਿਆ ਹੈ ਕਿ ਉਨ੍ਹਾਂ ਦੇ ਦਰਸ਼ਨ ਕਰਨ ਨਾਲ ਸਭ ਦੁਖ ਦੂਰ ਹੋ ਜਾਂਦੇ ਹਨ॥੩੨॥

ਅਧਿਕ ਪ੍ਰਤਾਪ ਤਿਨਹੁੰ ਕੋ ਅਹੈ। ਨਰ ਸਮੁਦਾਇ ਜਹਾਂ ਕਹਿਂ ਕਹੈਂ।
ਇਮ ਬ੍ਰਿਤਾਂਤ ਭਾ ਸਭਾ ਮਝਾਰ। ਠਹਿਰੀ ਠੀਕ ਹਕਾਰਨਿ ਕਾਰ॥ ੩੩॥

ਉਨ੍ਹਾਂ ਦਾ ਬਹੁਤ ਵੱਡਾ ਪ੍ਰਤਾਪ ਹੈ, ਮਨੁੱਖ ਇਕੱਠੇ ਹੋ ਕੇ ਜਿਥੇ ਕਿਥੇ ਕਹਿੰਦੇ ਹਨ।" ਇਸ ਤਰ੍ਹਾਂ ਸਭਾ ਦੇ ਵਿਚ ਬ੍ਰਿਤਾਂਤ ਹੋਇਆ, ਬੁਲਾਉਣ ਦਾ ਕਾਰਜ ਠੀਕ ਠਹਿਰਾਇਆ॥੩੩॥

ਉਠਯੋ ਸ਼ਾਹੁ ਅੰਤਹ ਪੁਰਿ ਗਇਊ। ਅਪਰ ਸਰਬ ਦੁਰਗਹਿਂ ਨਿਕਸਇਊ।
ਆਪ ਆਪਨੇ ਪਹੁਚੇ ਡੇਰੇ। ਚਢਿ ਚਢਿ ਸਿਵਕਾ ਸੁਭਤਿ ਬਧੇਰੇ॥ ੩੪॥

ਬਾਦਸ਼ਾਹ ਉਠ ਕੇ ਮਹਿਲਾਂ ਵਿਚ ਚਲਾ ਗਿਆ, ਹੋਰ ਸਾਰੇ ਕਿਲ੍ਹੇ ਵਿਚੋਂ ਨਿਕਲ ਗਏ। ਸਾਰੇ ਆਪੋ ਆਪਣੇ ਡੇਰੇ ਪਹੁੰਚ ਗਏ। ਪਾਲਕੀਆਂ ਉੱਤੇ ਚੜ੍ਹ ਚੜ੍ਹ ਕੇ ਬੜੀ ਸ਼ੋਭਾ ਪਾ ਰਹੇ ਸਨ॥੩੪॥

ਕੋ ਸ੍ਰੀ ਰਾਮਰਾਇ ਕਹਿ ਨੀਕਾ। 'ਕਰਾਮਾਤ ਸਾਹਿਬ ਸ਼ੁਭ ਟੀਕਾ।
ਕੋ ਕਹਿ 'ਆਛੋ ਨਹਿਂ ਇਨ ਕੀਨਾ। ਅਨੁਜ ਸੰਗ ਦ੍ਵੈਸ਼ ਜੁ ਰਚਿ ਲੀਨਾ॥ ੩੫॥

ਕੋਈ ਸ੍ਰੀ ਰਾਮਰਾਇ ਨੂੰ ਚੰਗਾ ਕਹਿੰਦਾ ਸੀ, "ਸ਼ੁਭ ਟੀਕਾ ਕਰਾਮਾਤਾਂ ਦਾ ਸਾਹਿਬ ਹੈ।" ਕੋਈ ਕਹਿੰਦਾ ਸੀ, "ਇਸ ਨੇ ਚੰਗਾ ਨਹੀਂ ਕੀਤਾ, ਆਪਣੇ ਭਰਾ ਨਾਲ ਜਿਹੜੀ ਈਰਖਾ ਰਚ ਲਈ ਹੈ॥੩੫॥

ਦਈ ਪਿਤਾ ਨੇ ਜਿਸ ਬਡਿਆਈ। ਸੌਂਪਜੋ ਸਭਿ ਸਮਾਜ ਸਮੁਦਾਈ।
ਸ੍ਰੀ ਹਰਿ ਕ੍ਰਿਸ਼ਨ ਰੂਪ ਜਿਨ ਬਾਲਕ। ਤਿਨ ਦੂਤੀ ਕੀਨਸਿ ਤਤਕਾਲਕ॥ ੩੬॥

ਪਿਤਾ ਗੁਰੂ ਜੀ ਨੇ ਜਿਸ ਨੂੰ ਵਡਿਆਈ ਦਿੱਤੀ ਹੈ, ਉਸਨੂੰ ਸਾਰਾ ਸਮਾਜ ਸੌਂਪ ਦਿੱਤਾ ਹੈ। ਸ੍ਰੀ ਕ੍ਰਿਸ਼ਨ ਜੀ ਜਿਨ੍ਹਾਂ ਦਾ ਬਾਲਕ ਦਾ ਰੂਪ ਹੈ, ਉਸ ਬਾਰੇ ਤੁਰਤ ਚੁਗਲੀ ਕਰ ਦਿੱਤੀ ਹੈ॥੩੬॥

ਸ਼ਾਹੁ ਸਿਖਾਯਹੁ ਇਹਾਂ ਹਕਾਰਹੁ। ਕਰਾਮਾਤ ਸਭਿ ਭਾਂਤਿ ਨਿਹਾਰਹੁ।
ਅਬਿ ਲੌ ਬਾਲਿਕ ਰੂਪ ਸਹਾਈ। ਇਸ ਕੇ ਸਾਥ ਨ ਚਹਿ ਖੁਟਿਆਈ॥ ੩੭॥

ਬਾਦਸ਼ਾਹ ਨੂੰ ਸਿਖਾਇਆ ਹੈ ਕਿ ਏਥੇ ਬੁਲਾਵੇ, ਸਭ ਪ੍ਰਕਾਰ ਕਰਾਮਾਤਾਂ ਵੇਖੇ। ਹੁਣ ਤਕ ਉਨ੍ਹਾਂ ਦਾ ਬਾਲਕ ਰੂਪ ਸ਼ੋਭ ਰਿਹਾ ਹੈ, ਇਸ ਦੇ ਨਾਲ ਉਹ ਕਿਸੇ ਪ੍ਰਕਾਰ ਦੀ ਖੋਟ ਨਹੀਂ ਚਾਹੁੰਦੇ ਹਨ॥੩੭॥

ਦਈ ਪਿਤਾ ਨੇ ਵਸਤੁ ਸੰਭਾਰੀ। ਹਰੀ ਨਹੀਂ ਕਿਹ ਤੇ ਬਲਧਾਰੀ।
ਸ੍ਰੀ ਹਰਿਰਾਇ ਰਿਦੇ ਰਿਸ ਆਈ। ਆਇ ਨ ਹਮ ਕੋ ਮੁਖ ਦਿਖਲਾਈ॥ ੩੮॥

ਆਪਣੇ ਪਿਤਾ ਜੀ ਵਲੋਂ ਦਿੱਤੀ ਵਸਤੂ ਨੂੰ ਸੰਭਾਲਿਆ ਹੈ, ਕਿਸੇ ਪਾਸੋਂ ਬਲਧਾਰ ਕੇ ਖੋਹੀ ਨਹੀਂ ਹੈ। ਸ੍ਰੀ ਹਰਿਰਾਇ ਜੀ ਦੇ ਹਿਰਦੇ ਵਿਚ ਗੁੱਸਾ ਆਇਆ ਕਿ ਸਾਨੂੰ ਮੂੰਹ ਵਿਖਾਉਣ ਵੀ ਨਾ ਆਵੇ॥੩੮॥

ਇਸ ਮਹਿਂ ਦੋਸ਼ ਤਿਨਹੁਂ ਕੋ ਕਹਾਂ। ਜਿਨ ਸੋਂ ਦ੍ਵੈਸ਼ ਰਚਤਿ ਹੈ ਮਹਾਂ।
ਟਰਤਿ ਸ਼ਾਹੁ ਇਨ ਟਰਨਿ ਨ ਦੀਨਾ। ਠੀਕ ਹਕਾਰਨਿ ਕੋ ਮਤਿ ਕੀਨਾ॥ ੩੯॥

ਇਸ ਵਿਚ ਉਨ੍ਹਾਂ ਦਾ ਕੀ ਦੋਸ਼ ਹੈ, ਜਿਸ ਨਾਲ ਏਨੀ ਮਹਾਨ ਈਰਖਾ ਦੀ ਰਚਨਾ ਕੀਤੀ ਹੈ। ਬਾਦਸ਼ਾਹ ਟਾਲਦਾ ਰਿਹਾ ਪਰ ਇਸ ਟਲਣ ਨਹੀਂ ਦਿੱਤਾ, ਬੁਲਾਉਣ ਦਾ ਮਤਾ ਠੀਕ ਸਿੱਧ ਕੀਤਾ ਹੈ॥੩੯॥

ਅਜ਼ਮਤ ਮਹਿਂ ਪੂਰਨ ਜੁਗ ਭਾਈ। ਮਿਲੇ ਪਰਸਪਰ ਜਬਿ ਇਕ ਥਾਂਈ।
ਕੋ ਜਾਨਹਿ ਤਬਿ ਕਜਾ ਹੁਇ ਜਾਇ। ਕਿਸ ਬਿਧਿ ਕੋ ਮੁਖ ਬਚ ਨਿਕਸਾਇਂ॥੪੦॥

ਦੋਵੇਂ ਭਰਾ ਕਰਾਮਾਤ ਵਿਚ ਪੂਰੇ ਹਨ, ਜਦ ਦੋਵੇਂ ਇਕ ਥਾਂ ਮਿਲਣਗੇ ਤਾਂ ਕੌਣ ਜਾਣਦਾ ਹੈ ਕੀ ਹੋ ਜਾਵੇ, ਕਿਸ ਵਿਧੀ ਨਾਲ ਬਚਨ ਮੁੱਖ ਤੋਂ ਨਿਕਲ ਜਾਵੇ॥੪੦॥

ਕਹਜੋ ਨਿਫਲ ਹੋਵਹਿ ਨਹਿਂ ਕੈਸੇ। ਲੱਛ ਹਤਸਿ ਅਭਿਆਸੀ ਜੈਸੇ।
ਧਨੁ ਬਿੱਦਜਾ ਜਿਨ ਭਲੇ ਕਮਾਈ। ਚੁਕਹਿ ਨਹੀਂ ਬਾਨ ਗਨ ਘਾਈ॥ ੪੧॥

ਤੀਰ ਚਲਾਉਣ ਦਾ ਅਭਿਆਸੀ ਜਿਵੇਂ ਨਿਸ਼ਾਨਾ ਫੁੰਡਦਾ ਹੈ, ਤਿਵੇਂ ਇਨ੍ਹਾਂ ਦਾ ਕਿਹਾ ਹੋਇਆ ਬਚਨ ਕਿਵੇਂ ਸਫਲ ਨਹੀਂ ਹੋਵੇਗਾ, ਜਿਸ ਨੇ ਤੀਰ-ਅੰਦਾਜ਼ੀ ਦੀ ਵਿਦਿਆ ਭਲੀ ਪ੍ਰਕਾਰ ਕਮਾਈ ਹੈ, ਉਸ ਦਾ ਤੀਰ ਲਾਂਭੇ ਨਹੀਂ ਜਾਂਦਾ, ਕਈਆਂ ਨੂੰ ਘਾਇਲ ਕਰ ਜਾਂਦਾ ਹੈ'॥੪੧॥

ਦੋਹਰਾ- ਇੱਤਜਾਦਿਕ ਸੂਬੇ ਕਹੈਂ ਭਲੀ ਬੁਰੀ ਬਿਧਿ ਜਾਨਿ।
ਗੁਰ ਸੁਤ ਪਹੁੰਚਜੋ ਸਿਵਰ ਨਿਜ ਉਰ ਅਨੰਦ ਕਹੁ ਠਾਨਿ॥ ੪੨॥

ਇਤਿਆਦਿਕ ਸੂਬੇ ਕਹਿੰਦੇ ਸਨ, ਭਲੀ ਬੁਰੀ ਵਿਧੀ ਜਾਣਦੇ ਸਨ। ਗੁਰੂ ਪੁੱਤਰ ਆਪਣੇ ਡੇਰੇ ਪਹੁੰਚ ਗਿਆ ਤੇ ਦਿਲ ਵਿਚ ਉਸ ਬੜਾ ਆਨੰਦ ਧਾਰਨ ਕੀਤਾ॥੪੨॥

*ਦਸਵੀਂ ਰਾਸ ਦਾ ਬੱਤੀਵਾਂ ਅਧਿਆਇ ਸਮਾਪਤ ਹੋਇਆ॥੩੨॥*

❖❖❖

# ਅਧਿਆਇ ਤੇਤੀਵਾਂ

## ਸਤਿਗੁਰੂ ਜੀ ਨੂੰ ਲੈਣ ਜੈ ਸਿੰਘ ਦਾ ਦੂਤ ਗਿਆ

ਦੋਹਰਾ- ਸੀਖ ਸਿਖਾਈ ਸ਼ਾਹੁ ਕੋ ਮਤੋ ਠੀਕ ਠਹਿਰਾਇ।
ਸ੍ਰੀ ਗੁਰ ਸੁਤ ਪਹੁੰਚਜੋ ਸਿਵਰ ਬੈਠਜੋ ਬਿਚ ਸਮੁਦਾਇ॥ ੧॥

ਬਾਦਸ਼ਾਹ ਦੀ ਦਿੱਤੀ ਸਿੱਖਿਆ ਦੇ ਮੱਤੇ ਨੂੰ ਠੀਕ ਠਹਿਰਾ ਕੇ ਸ੍ਰੀ ਗੁਰੂ ਪੁੱਤਰ ਆਪਣੇ ਡੇਰੇ ਪਹੁੰਚ ਗਿਆ ਤੇ ਸਮੂਹ ਸੰਗਤਾਂ ਦੇ ਵਿਚ ਬੈਠ ਗਿਆ॥੧॥

ਚੌਪਈ- ਬਹਿਲੋ ਕੇ ਗੁਰਦਾਸ ਜਿ ਆਦਿਕ। ਕਹਿਤਿ ਭਯੋ ਸਭਿ ਸੋਂ ਅਹਿਲਾਦਿਕ।
'ਸ੍ਰੀ ਗੁਰ ਨਾਨਕ ਕਾਜ ਸੁਧਾਰੇ। ਪੂਰਨ ਭਏ ਮਨੋਰਥ ਸਾਰੇ॥ ੨॥

ਭਾਈ ਬਹਿਲੋ ਦਾ ਗੁਰਦਾਸ ਆਦਿ ਸਾਰਿਆਂ ਨੂੰ ਬੜਾ ਪ੍ਰਸੰਨ ਹੋ ਕੇ ਕਹਿ ਰਿਹਾ ਸੀ, "ਸ੍ਰੀ ਗੁਰੂ ਨਾਨਕ ਜੀ ਨੇ ਕਾਰਜ ਸੁਧਾਰੇ ਹਨ ਤੇ ਸਾਰੇ ਮਨੋਰਥ ਪੂਰਨ ਹੋ ਗਏ ਹਨ॥੨॥

ਸ੍ਰੀ ਹਰਿਕ੍ਰਿਸ਼ਨ ਸੁ ਸ਼ਾਹੁ ਹਕਾਰੇ। ਨ੍ਰਿਪ ਜੈ ਸਿੰਘ ਬੀਚ ਕੋ ਡਾਰੇ।
ਅਬਿ ਆਵਹਿਗੋ ਦਿੱਲੀ ਪੁਰਿ ਮੈਂ। ਸੁਖ ਸੋਂ ਬੈਸ ਰਹੈ ਜੋ ਘਰ ਮੈਂ॥ ੩॥

ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੂੰ ਬਾਦਸ਼ਾਹ ਨੇ ਬੁਲਾਇਆ ਹੈ, ਰਾਜੇ ਜੈ ਸਿੰਘ ਨੂੰ ਵਿਚ ਪਾਇਆ ਹੈ। ਹੁਣ ਗੁਰੂ ਜੀ ਦਿੱਲੀ ਨਗਰ ਵਿਚ ਆਉਣਗੇ, ਜਿਹੜੇ ਸੁਖ ਨਾਲ ਘਰ ਵਿਚ ਬੈਠੇ ਸਨ॥੩॥

ਬਿਘਨ ਅਨੇਕ ਪਾਇ ਹੌਂ ਇਹਾਂ। ਬਿਗਰਹਿ ਸ਼ਾਹੁ ਜਾਇ ਗੋ ਕਹਾਂ।
ਸ਼ਾਹ ਬੁਲਾਏ ਜੇ ਚਲਿ ਆਯਹੁ। ਕਰਜੋ ਨੇਮ ਪ੍ਰਣ ਸੋ ਬਿਨਸਾਯਹੁ॥੪॥

ਏਥੇ ਅਨੇਕਾਂ ਵਿਘਨ ਪਾਵਾਂਗਾ, ਜੇ ਬਾਦਸ਼ਾਹ ਨਾਲ ਵਿਗੜ ਜਾਵੇਗੀ ਫਿਰ ਕਿੱਥੇ ਜਾਣਗੇ। ਬਾਦਸ਼ਾਹ ਦੇ ਬੁਲਾਉਣ ਤੇ ਜੇ ਚਲ ਕੇ ਆ ਗਏ ਤਾਂ ਜਿਹੜਾ ਨੇਮ ਪ੍ਰਣ ਕੀਤਾ ਹੈ ਉਹ ਟੁੱਟ ਜਾਵੇਗਾ॥੪॥

ਨਹਿ ਮਲੇਛ ਕੋ ਦਰਸ਼ਨ ਪਾਊਂ। ਅਪਨੋ ਦਰਸ਼ਨ ਤਿਸ ਨ ਦਿਖਾਊਂ।
ਕਰੀ ਪ੍ਰਤੱਗਜਾ ਇਸ ਬਿਧਿ ਜੋਇ। ਆਵੈ ਇਤੈ ਬਿਨਸਿ ਹੈ ਸੋਇ॥੫॥

ਉਨ੍ਹਾਂ ਨੇ ਕਿਹਾ ਹੈ ਕਿ ਮੈਂ ਮਲੇਛ ਦੇ ਦਰਸ਼ਨ ਨਹੀਂ ਪਾਵਾਂਗਾ ਤੇ ਆਪਣੇ ਦਰਸ਼ਨ ਉਸ ਨੂੰ ਨਹੀਂ ਵਿਖਾਵਾਂਗਾ। ਇਸ ਵਿਧੀ ਅਨੁਸਾਰ ਜਿਹੜੀ ਪ੍ਰਤੱਗਿਆ ਕੀਤੀ ਹੈ, ਏਥੇ ਆਉਣ 'ਤੇ ਟੁੱਟ ਜਾਵੇਗੀ॥੫॥

ਸੰਗਤਿ ਸਗਲ ਮਸੰਦਨਿ ਜਾਨੀ। ਪੈਜ ਸਭਿਨਿ ਮਹਿਂ ਬੈਠਿ ਜੁ ਠਾਨੀ।
ਕਹਜੋ ਕੂਰ ਜਾਨਹਿਂਗੇ ਸਭੈ। ਇਹ ਕੈਸੋ ਗੁਰ ਭਾਖਹਿਂ ਤਬੈ॥ ੬॥

ਸਾਰੀ ਸੰਗਤ ਅਤੇ ਮਸੰਦਾਂ ਨੇ ਜਾਣਿਆ ਹੈ, ਪ੍ਰਤੱਗਿਆ ਜਿਹੜੀ ਸਭ ਵਿਚ ਬੈਠ ਕੇ ਕੀਤੀ ਹੈ, ਸਾਰੇ ਕਹੇ ਨੂੰ ਝੂਠਾ ਜਾਣਨਗੇ ਫਿਰ ਉਹ ਆਪਣੇ ਆਪ ਨੂੰ ਕਿਵੇਂ ਗੁਰੂ ਕਹਿਲਾ ਸਕਣਗੇ॥੬॥

ਬਿਗਰ ਜਾਇਗੀ ਪੁਨਿ ਗੁਰਿਆਈ। ਤਜਾਗਹਿਂ ਸ਼ਰਧਾ ਨਰ ਸਮੁਦਾਈ।
ਇਮ ਇਤ ਕੇ ਆਵਨਿ ਮਹਿਂ ਦੋਸ਼ੂ। ਤਿਨ ਬਚ ਕੋ ਛੁਟਿ ਜਾਇ ਭਰੋਸੂ॥੭॥

ਫਿਰ ਗੁਰਿਆਈ ਵਿਗੜ ਜਾਵੇਗੀ, ਸਾਰੇ ਮਨੁੱਖ ਸ਼ਰਧਾ ਤਿਆਗ ਦੇਣਗੇ। ਇਸ ਤਰ੍ਹਾਂ ਉਨ੍ਹਾਂ ਦੇ ਆਉਣ ਵਿਚ ਦੋਸ਼ ਹੈ, ਉਨ੍ਹਾਂ ਦੇ ਬਚਨਾਂ 'ਤੇ ਭਰੋਸਾ ਖ਼ਤਮ ਹੋ ਜਾਵੇਗਾ॥੭॥

ਜੁ ਕੁਛ ਕਿਸੀ ਕੋ ਕਹੈ ਬਨਾਈ। ਨਹਿਂ ਮਾਨਹਿਂ ਇਹ ਕੂਰ ਕਹਾਈ।
ਜੇ ਇਸ ਪੈਜ ਛੁਟਨਿ ਤੇ ਡਰਹਿ। ਨਹੀਂ ਆਇਬੋ ਦਿੱਲੀ ਕਰਹਿ॥ ੮॥

ਜੋ ਕੁਝ ਕਿਸੇ ਨੂੰ ਬਣਾਉਣ ਵਾਸਤੇ ਕਹਿਣਗੇ, ਉਹ ਨਹੀਂ ਮੰਨਣਗੇ, ਕਹਿਣਗੇ ਕਿ ਇਹ ਝੂਠ ਕਹਿ ਰਹੇ ਹਨ। ਜੇ ਇਸ ਪ੍ਰਤਿੱਗਿਆ ਦੇ ਟੁੱਟਣ ਤੋਂ ਡਰਦੇ ਹਨ ਤਾਂ ਫਿਰ ਦਿੱਲੀ ਵਿਚ ਨਹੀਂ ਆਉਣਗੇ॥੮॥

ਤੌ ਬਸਿਬੋ ਕੀਰਤਿਪੁਰਿ ਅਪਨੋ। ਹੋਵਹਿ ਨਹੀਂ ਬੀਚ ਭੀ ਸੁਪਨੋ।
ਅਪਰ ਥਾਨ ਜੈਬੇ ਕਹੁ ਹੋਇ ਨ। ਨ੍ਰਿਪ ਆਦਿਕ ਰਖਿ ਸਕਿ ਹੈ ਕੋਇ ਨ॥ ੯॥

ਤਾਂ ਆਪਣਾ ਕੀਰਤਪੁਰ ਵਿਚ ਵਸਣਾ, ਸੁਪਨੇ ਵਿਚ ਵੀ ਪੂਰਾ ਨਹੀਂ ਹੋਵੇਗਾ। ਹੋਰ ਕਿਸੇ ਥਾਂ ਜਾਇਆ ਨਹੀਂ ਜਾਵੇਗਾ ਕੋਈ ਵੀ ਰਾਜਾ ਆਦਿ ਉਨ੍ਹਾਂ ਨੂੰ ਰੱਖ ਨਹੀਂ ਸਕੇਗਾ॥੯॥

ਸ਼ਕਤਿ ਨ ਹੋਹਿ ਲਰਨਿ ਕੀ ਜਬੈ। ਛੋਰਿ ਦੇਸ਼ ਕਹੁ ਗਮਨਹਿਂ ਤਬੈ।
ਜੰਗਲ ਕੋ ਥਲ ਜੋ ਜਲ ਹੀਨ। ਜਾਇ ਨ ਸਕੈ ਸੈਨ ਇਮ ਚੀਨ॥ ੧੦॥

ਜਦ ਲੜਨ ਦੀ ਸ਼ਕਤੀ ਨਾ ਹੋਵੇ, ਫਿਰ ਦੇਸ਼ ਛੱਡ ਕੇ ਚਲੇ ਜਾਂਦੇ ਹਨ। ਜੰਗਲ ਦਾ ਜਿਹੜਾ ਜਲ ਰਹਿਤ ਥਾਂ ਹੈ, ਇਹ ਸਮਝ ਕੇ ਕਿ ਉਥੇ ਸੈਨਾ ਜਾ ਨਹੀਂ ਸਕੇਗੀ॥੧੦॥

ਤਹਿਂ ਕੋ ਜਾਇ ਪ੍ਰਵੇਸ਼ਨਿ ਕਰਿ ਹੈ। ਕੀਰਤਿਪੁਰਿ ਤੇ ਬਸਤਿ ਨਿਕਰਿ ਹੈ।
ਅਧਿਕ ਸਮਾਜ ਬਿਰਾਜਹਿ ਜੋਇ। ਤਿਸ ਥਲ ਪਹੁੰਚਿ ਬਿਨਾਸੀ ਹੋਇ॥ ੧੧॥

ਉਥੇ ਜਾ ਕੇ ਪ੍ਰਵੇਸ਼ ਕਰ ਜਾਣਗੇ ਤੇ ਕੀਰਤਪੁਰ ਵਸਣ ਤੋਂ ਬਾਹਰ ਨਿਕਲ ਜਾਣਗੇ। ਜਿਹੜਾ ਹੁਣ ਬਹੁਤ ਸਾਜ਼ੋ-ਸਾਮਾਨ ਪਾਸ ਹੈ, ਉਥੇ ਪਹੁੰਚ ਕੇ ਵਿਨਾਸ਼ ਹੋ ਜਾਵੇਗਾ॥੧੧॥

ਇਕ ਤੌ ਡਰਹਿਂ ਸ਼ਾਹੁ ਤੇ ਲੋਕ। ਮਿਲਹਿਂ ਨ, ਹੋਹਿ ਸਭਿਨਿ ਮੈਂ ਰੋਕ।
ਦੁਤੀਏ ਜੰਗਲ ਦੇਸ਼ ਮਝਾਰ। ਨਰ ਰਹਿਂ ਦੁਖੀ ਨ ਪ੍ਰਾਪਤਿ ਬਾਰਿ॥ ੧੨॥

ਇਕ ਤਾਂ ਲੋਕ ਬਾਦਸ਼ਾਹ ਤੋਂ ਡਰਨਗੇ, ਉਹ ਮਿਲਣਗੇ ਨਹੀਂ ਤੇ ਸਭ ਵਿਚ ਰੁਕਾਵਟ ਹੋ ਜਾਵੇਗੀ। ਦੂਸਰੇ ਮਾਲਵੇ ਦੇਸ਼ ਵਿਚ ਮਨੁੱਖ ਪਾਣੀ ਤੋਂ ਬਗ਼ੈਰ ਦੁਖੀ ਰਹਿਣਗੇ॥੧੨॥

ਬਸਨਹਾਰ ਜੇ ਜਲ ਨਹਿਂ ਪਾਵਹਿਂ। ਕਹਿਂ ਤੇ ਪਾਨ ਕਰਹਿਂ ਜੇ ਜਾਵਹਿਂ।
ਰੋਜ਼ ਹਜ਼ਾਰਹੁਂ ਆਵਹਿਂ ਜੈਸੇ। ਜੰਗਲ ਦੇਸ਼ ਨ ਪਹੁੰਚਹਿਂ ਤੈਸੇ॥ ੧੩॥

ਰਹਿਣ ਵਾਲਾ ਜੇ ਜਲ ਨਹੀਂ ਪਾਉਂਦਾ ਹੈ ਤਾਂ ਜਿਹੜੇ ਨਾਲ ਜਾਣਗੇ ਉਹ ਕਿਥੋਂ ਪਾਣੀ ਪੀਣਗੇ। ਜਿਵੇਂ ਏਥੇ ਰੋਜ਼ ਹਜ਼ਾਰਾਂ ਲੋਕ ਆਉਂਦੇ ਹਨ, ਮਾਲਵੇ ਦੇਸ਼ ਵਿਚ ਉਸ ਤਰ੍ਹਾਂ ਨਹੀਂ ਪਹੁੰਚ ਸਕਣਗੇ॥੧੩॥

ਹਟਤਿ ਹਟਤਿ ਸੰਗਤ ਰਹਿ ਜਾਇ। ਕੌਨ ਕਸ਼ਟ ਯੁਤਿ ਦਰਸ਼ਨ ਪਾਇ।
ਪੁਨਹਿ ਮੋਹਿ ਗੁਰਤਾ ਬਿਦਤਾਵੈ। ਸਿਖ ਸੰਗਤਿ ਸਗਰੇ ਚਲਿ ਆਵੈਂ॥ ੧੪॥

ਹਟਦੀ ਹਟਦੀ ਸੰਗਤ ਹਟ ਜਾਵੇਗੀ, ਕੌਣ ਕਸ਼ਟ ਸਹਿਤ ਦਰਸ਼ਨ ਪਾਵੇਗਾ। ਫਿਰ ਮੇਰੀ ਗੁਰਤਾ ਪ੍ਰਗਟ ਹੋ ਜਾਵੇਗੀ, ਸਾਰੀ ਸਿੱਖ ਸੰਗਤ ਚੱਲ ਕੇ ਮੇਰੇ ਪਾਸ ਆਵੇਗੀ॥੧੪॥

ਧਨੀ ਮਸੰਦਨਿ ਕੋ ਧਨ ਦੈਹੈਂ। ਸਿਰੋਪਾਉ ਬਖਸ਼ੀਸ਼ ਕਰੈ ਹੈਂ।
ਬਹੁ ਸਨਮਾਨਹਿ ਆਵਨ ਜਾਨੈ। ਤਿਸ ਤੇ ਹਟਿ ਇਤ ਹੀ ਕੋ ਮਾਨੈਂ॥੧੫॥

ਧਨੀ ਮਸੰਦਾਂ ਨੂੰ ਧਨ ਦਿਆਂਗਾ ਤੇ ਉਨ੍ਹਾਂ ਨੂੰ ਸਿਰੋਪੇ ਬਖ਼ਸ਼ਾਂਗਾ। ਆਉਣ ਜਾਣ ਵਾਲਿਆਂ ਦਾ ਬਹੁਤ ਸਨਮਾਨ ਕਰਾਂਗਾ, ਉਸ ਪਾਸੇ ਤੋਂ ਹੱਟ ਕੇ ਇਸ ਪਾਸੇ ਨੂੰ ਹੀ ਮੰਨਣਗੇ॥੧੫॥

ਸਭਿ ਮਾਨਵ ਸੁਖ ਕੇ ਬਸਿ ਅਹੈਂ। ਪਹੁੰਚਹਿਂ ਤਹਾਂ ਜਹਾਂ ਬਹੁ ਲਹੈਂ।
ਇਹ ਉਪਾਇ ਅਬਿ ਮੈਂ ਕਰਿ ਆਵਾ। ਸਤਿਗੁਰ ਜਾਨਹਿਂ ਕਿਮ ਬਨਿ ਜਾਵਾ॥੧੬॥

ਸਾਰੇ ਮਨੁੱਖ ਸੁਖ ਨਾਲ ਵਸਣਾ ਚਾਹੁੰਦੇ ਹਨ। ਉਹ ਉਥੇ ਪਹੁੰਚਦੇ ਹਨ, ਜਿਥੇ ਬਹੁਤ ਸੁਖ ਪ੍ਰਾਪਤ ਕਰਦੇ ਹਨ। ਇਹ ਉਪਾਅ ਹੁਣ ਮੈਂ ਕਰ ਆਇਆ ਹਾਂ, ਸਤਿਗੁਰੂ ਜਾਣਦੇ ਹਨ ਕਿਵੇਂ ਬਣ ਜਾਵੇਗਾ॥੧੬॥

ਮੁਝ ਮਨ ਮੈਂ ਨਿਸ਼ਚੈ ਅਸ ਪਾਵਤਿ। ਸ੍ਰੀ ਹਰਿਕ੍ਰਿਸ਼ਨ ਨਹੀਂ ਇਤ ਆਵਤਿ।
ਨਹੀਂ ਪ੍ਰਤੱਗਜਾ ਕਹੁ ਪਰਹਰੈ। ਕਹਜੋ ਬਾਕ ਕੋ ਪਾਲਨਿ ਕਰੈ॥ ੧੭॥

ਮੈਂ ਮਨ ਵਿਚ ਐਸਾ ਨਿਸ਼ਚਾ ਪਾਇਆ ਹੈ ਕਿ ਸ੍ਰੀ ਹਰਿਕ੍ਰਿਸ਼ਨ ਜੀ ਏਧਰ ਨਹੀਂ ਆਉਣਗੇ। ਉਹ ਪ੍ਰਤਿਗਿਆ ਨੂੰ ਦੂਰ ਨਹੀਂ ਕਰਨਗੇ ਤੇ ਆਪਣੇ ਕਹੇ ਹੋਏ ਬਚਨਾਂ ਦੀ ਪਾਲਣਾ ਕਰਨਗੇ॥੧੭॥

ਦੋਨੋ ਬਿਧਿਨਿ ਮੋਹਿ ਗੁਨ ਹੋਇ। ਆਵਹਿ ਕਿਧੌਂ ਨ ਆਵਹਿ ਸੋਇ।
ਇਮ ਨਿਜ ਲੋਕਨਿ ਮਹਿਂ ਕਹਿ ਬਾਤੀ। ਭਰਜੋ ਹਰਖ ਕੁਛ ਸੀਤਲ ਛਾਤੀ॥੧੮॥

ਦੋਹਾਂ ਵਿਧੀਆਂ ਵਿਚ ਮੈਨੂੰ ਫ਼ਾਇਦਾ ਹੁੰਦਾ ਹੈ, ਆਵੇ ਜਾਂ ਨਾ ਆਵੇ ਸਭ ਇਕੋ ਜਿਹਾ ਹੈ।'' ਸ੍ਰੀ ਰਾਮਰਾਇ ਇੰਞ ਲੋਕਾਂ ਵਿਚ ਗੱਲਾਂ ਕਰਕੇ, ਖ਼ੁਸ਼ੀ ਨਾਲ ਭਰ ਗਿਆ ਤੇ ਛਾਤੀ ਵਿਚ ਠੰਡ ਪੈ ਗਈ॥੧੮॥

ਹੋਨਹਾਰ ਕਹੁ ਜਾਨਹਿ ਨਾਂਹੀ। ਲਖਹਿ ਕਿ ਗੁਰਤਾ ਹੁਇ ਮੁਝ ਪਾਹੀ।
ਖਾਨ ਪਾਨ ਕਰਿ ਸੁਪਤੇ ਰਾਤੀ। ਸੁਖ ਸੌਂ ਬਿਤੀ ਸੁ ਭਈ ਪ੍ਰਭਾਤੀ॥ ੧੯॥

ਜੋ ਹੋਣੀ ਹੈ, ਉਸ ਨੂੰ ਕੋਈ ਵੀ ਜਾਣਦਾ ਨਹੀ ਹੈ, ਸਮਝਦਾ ਹੈ ਕਿ ਗੁਰਤਾ ਮੇਰੇ ਪਾਸ ਹੋਵੇਗੀ। ਖਾ ਪੀ ਕੇ ਰਾਤ ਨੂੰ ਸੌਂ ਗਏ। ਰਾਤ ਸੁਖ ਨਾਲ ਬੀਤੀ ਤੇ ਫਿਰ ਸਵੇਰ ਹੋ ਗਈ॥੧੯॥

ਉਠਿ ਜੈ ਸਿੰਘ ਸਵਾਈ ਰਾਜਾ। ਕਹਜੋ ਸ਼ਾਹੁ ਚਿਤਵਤਿ ਸੋ ਕਾਜਾ।
ਨਿਤ ਕੀ ਕ੍ਰਿਆ ਕੀਨਿ ਸ਼ੁਭ ਰੀਤਿ। ਬੈਠਜੋ ਨਿਜ ਆਸਨ ਮੁਦ ਚੀਤ॥੨੦॥

ਰਾਜਾ ਜੈ ਸਿੰਘ ਉਠਿਆ ਤੇ ਬਾਦਸ਼ਾਹ ਦੇ ਕਹੇ ਹੋਏ ਕੰਮ ਨੂੰ ਉਸ ਯਾਦ ਕੀਤਾ। ਫਿਰ ਸ਼ੁਭ ਰੀਤੀ ਨਾਲ ਰੋਜ਼ ਦੀ ਕਿਰਿਆ ਕੀਤੀ, ਫਿਰ ਚਿਤ ਵਿਚ ਪ੍ਰਸੰਨ ਹੋ ਕੇ ਆਪਣੇ ਆਸਣ 'ਤੇ ਬੈਠ ਗਿਆ॥੨੦॥

ਏਕ ਪ੍ਰਧਾਨ ਹਕਾਰਨਿ ਕਰਜੋ। ਸਨਮਾਨਤਿ ਬਹੁ ਬਾਕ ਉਚਰਜੋ।
ਬ੍ਰਿੱਧ ਸੁਸ਼ੀਲ ਅਧਿਕ ਬੁਧਿਵਾਨਾ। ਨੀਕੋ ਸਕਲ ਰੀਤਿ ਤੇ ਜਾਨਾ॥ ੨੧॥

ਫਿਰ ਇਕ ਪ੍ਰਧਾਨ ਨੂੰ ਬੁਲਾਇਆ ਅਤੇ ਉਸ ਨੂੰ ਆਦਰ ਦੇ ਕੇ ਫਿਰ ਬਚਨ ਉਚਾਰਨ ਕੀਤਾ। ਪ੍ਰਧਾਨ ਬੜਾ ਬਜ਼ੁਰਗ ਸੀ, ਪਰ ਬਹੁਤ ਸੁਸ਼ੀਲ ਅਤੇ ਬੁਧੀਮਾਨ ਸੀ ਅਤੇ ਸਭ ਰੀਤੀਆਂ ਨਾਲ ਉਹ ਚੰਗਾ ਜਾਣਿਆ ਜਾਂਦਾ ਸੀ॥੨੧॥

'ਹੁਕਮ ਸ਼ਾਹੁ ਕੋ ਹਮ ਪਰ ਹੋਵਾ। ਸ੍ਰੀ ਹਰਿਕ੍ਰਿਸ਼ਨ ਰੂਪ ਲਿਹੁ ਜੋਵਾ।
ਸਾਦਰ ਤਿਨ ਕਹੁ ਲੇ ਕਰਿ ਆਵਹੁ। ਜੁਤਿ ਅਸੁਵਾਰੀ ਅਬੈ ਸਿਧਾਵਹੁ॥੨੨॥

ਬਾਦਸ਼ਾਹ ਦਾ ਸਾਨੂੰ ਇਹ ਹੁਕਮ ਹੋਇਆ ਹੈ ਕਿ ਸ੍ਰੀ ਹਰਿਕ੍ਰਿਸ਼ਨ ਰੂਪ ਜਿਨ੍ਹਾਂ ਨੇ ਲਿਆ ਹੈ, ਉਨ੍ਹਾਂ ਨੂੰ ਬੜੇ ਅਦਬ ਨਾਲ ਲੈ ਕੇ ਆਵੇ, ਸਭ ਅਸਵਾਰੀਆਂ ਸਮੇਤ ਜਾਵੇ॥੨੨॥

ਸੁੰਦਰ ਸਜੰਦਨ ਗਨ ਨਗ ਜਰੇ। ਬਲੀ ਬਾਹੁ ਜਿਸ ਜੋਰਨਿ ਕਰੇ।
ਜ਼ਰੀਦੋਜ਼ ਜਗਮਗ ਚਮਕੰਤਾ। ਅਸ ਉਛਾਰ ਊਪਰ ਦੁਤਿਵੰਤਾ॥ ੨੩॥

ਸੁੰਦਰ ਰੱਥ ਜਿਨ੍ਹਾਂ ਨੂੰ ਬਹੁਤ ਨਗ ਜੜੇ ਹੋਣ ਤੇ ਜਿਨ੍ਹਾਂ ਨੂੰ ਸ਼ਕਤੀਸ਼ਾਲੀ ਘੋੜੇ ਜੁੱਤੇ ਹੋਣ, ਸੁੰਦਰ ਜ਼ਰੀ ਨਾਲ ਜੜੇ ਹੋਏ ਜਗਮਗ ਕਰਕੇ ਚਮਕਦੇ ਹੋਣ, ਐਸੇ ਸੁੰਦਰ ਚਮਕੀਲੇ ਉਛਾੜ ਉੱਤੇ ਪਾਏ ਹੋਣ॥੨੩॥

ਰੁਚਿਰ ਪਾਲਕੀ ਮੁਕਰ ਜਰਾਊ। ਲੇਹੁ ਕਹਾਰ ਸੰਗ ਸਮੁਦਾਊ।
ਹਿਤ ਮਾਤਨਿ ਕੇ ਲੀਜਹਿ ਡੋਰੇ। ਜੇਕਰਿ ਸਾਥ ਆਇਂ ਇਤ ਓਰੇ॥ ੨੪॥

ਸੁੰਦਰ ਪਾਲਕੀਆਂ ਨੂੰ ਸ਼ੀਸ਼ੇ ਜੜੇ ਹੋਣ ਤੇ ਕਹਾਰਾਂ ਦੇ ਸਮੂਹ ਨੂੰ ਵੀ ਨਾਲ ਲੈ ਕੇ ਜਾਵੇ। ਮਾਤਾਵਾਂ ਵਾਸਤੇ ਡੋਲੇ ਲੈ ਜਾਵੇ। ਜੇ ਉਹ ਇਸ ਪਾਸੇ ਨਾਲ ਆਉਣ ਤਾਂ ਉਨ੍ਹਾਂ ਨੂੰ ਵੀ ਲਿਆਵੇ॥੨੪॥

ਦਾਸੀ ਦਾਸ ਜਿਤਿਕ ਹੁਇਂ ਸਾਥ। ਉਚਿਤ ਦੇਹੁ ਅਸੁਵਾਰੀ ਪਾਥ।
ਸੰਗ ਤੁਰੰਗਮ ਕੁਛ ਲੇ ਜਾਹੁ। ਅਪਰ ਉਪਾਇਨ ਅਰਪਹੁ ਪਾਹੁ॥ ੨੫॥

ਦਾਸੀਆਂ ਦਾਸ ਜਿੰਨੇ ਵੀ ਨਾਲ ਹੋਣ, ਉਨ੍ਹਾਂ ਸਾਰਿਆਂ ਨੂੰ ਰਸਤੇ ਲਈ ਯੋਗ ਸਵਾਰੀ ਦੇਵੇ। ਨਾਲ ਕੁਝ ਘੋੜੇ ਵੀ ਲੈ ਜਾਵੇ ਤੇ ਹੋਰ ਉਪਹਾਰ ਵੀ ਅਰਪਣ ਕਰੇ॥੨੫॥

ਦਰਬ ਪਟੰਬਰ ਅਰੁ ਪਸ਼ਮੰਬਰ। ਬਰਨ ਬਰਨ ਕੇ ਬਹੁ ਬਰ ਅੰਬਰ।
ਪ੍ਰਥਮ ਪ੍ਰਸੰਨ ਕਰਹੁ ਸਭਿ ਰੀਤਿ। ਬਿਨਤੀ ਭਨਹੁ ਠਾਨਿ ਮਨਪ੍ਰੀਤਿ॥ ੨੬॥

ਧਨ, ਰੇਸ਼ਮ ਅਤੇ ਪਸ਼ਮੀਨੇ ਦੇ ਰੰਗ ਬਰੰਗੇ ਸ੍ਰੇਸ਼ਟ ਕਪੜੇ ਦੇਵੇ। ਪਹਿਲਾਂ ਸਭ ਰੀਤੀਆਂ ਨਾਲ ਪ੍ਰਸੰਨ ਕਰੇ ਤੇ ਮਨ ਵਿਚ ਪ੍ਰੀਤ ਧਾਰਨ ਕਰਕੇ ਬੇਨਤੀ ਕਰੇ॥੨੬॥

ਸ਼ਾਹੁ ਦਿਸ਼ਾ ਤੇ ਅਰੁ ਦਿਸ਼ ਮੇਰੀ। ਕਰਹੁ ਬੰਦਨਾ ਬਿਨੈ ਬਡੇਰੀ।
ਏਕ ਬੇਰ ਚਲਿ ਦਰਸ਼ਨ ਦੀਜਹਿ। ਸੰਗਤਿ ਪੂਰ ਮਨੋਰਥ ਕੀਜਹਿ॥ ੨੭॥

ਬਾਦਸ਼ਾਹ ਅਤੇ ਮੇਰੀ ਵਲੋਂ ਬੰਦਨਾ ਅਤੇ ਵੱਡੀ ਬੇਨਤੀ ਕਰੇ ਕਿ ਇਕ ਵਾਰ ਚਲ ਕੇ ਦਰਸ਼ਨ ਦੇਵੋ ਤੇ ਸੰਗਤ ਦਾ ਮਨੋਰਥ ਪੂਰਾ ਕਰੋ॥੨੭॥

ਜਿਸ ਬਿਧਿ ਕ੍ਰੋਧ ਹੀਨ ਉਰ ਹ੍ਵੈ ਕੈ। ਆਵਹਿਂ ਨਿਜ ਪ੍ਰਸੰਨਤਾ ਕੈ ਕੈ।
ਅਪਨੀ ਬੁਧਿ ਤੇ ਸੋ ਬਿਧਿ ਕਰੀਏ। ਗਮਨਹੁ ਤਿਤੇ ਬਿਲਮ ਪਰਹਰੀਏ॥ ੨੮॥

ਜਿਸ ਵਿਧੀ ਨਾਲ ਹਿਰਦੇ ਵਿਚ ਕ੍ਰੋਧ ਹੀਣ ਹੋ ਕੇ ਆਪਣੇ ਆਪ ਪ੍ਰਸੰਨ ਹੋ ਕੇ ਆਉਣ। ਆਪਣੀ ਬੁੱਧੀ ਨਾਲ ਜੋ ਠੀਕ ਸਮਝੋ ਸੋ ਕਰੋ ਤੇ ਉਥੇ ਕਿਸੇ ਦੇਰੀ ਬਗੈਰ ਪਹੁੰਚ ਜਾਵੋ'॥੨੮॥

ਇਮ ਰਾਜਾ ਜੈ ਸਿੰਘ ਸਵਾਈ। ਨੀਕੀ ਬਿਧਿ ਤਯਾਰੀ ਕਰਿਵਾਈ।
ਦਈ ਉਪਾਇਨ ਰੁਚਿਰ ਮਹਾਨ। ਕਰਜੋ ਪਠਾਵਨਿ ਨਿਜ ਪਰਧਾਨ॥ ੨੯॥

ਇਸ ਤਰ੍ਹਾਂ ਰਾਜਾ ਜੈ ਸਿੰਘ ਨੇ ਚੰਗੀ ਵਿਧੀ ਅਨੁਸਾਰ ਤਿਆਰੀ ਕਰਵਾਈ। ਬੜੇ ਸੁੰਦਰ ਤੇ ਮਹਾਨ ਉਪਹਾਰ ਦਿੱਤੇ ਤੇ ਆਪਣੇ ਨਿਜੀ ਪਰਧਾਨ ਨੂੰ ਭੇਜਿਆ॥੨੯॥

ਸਨੇ ਸਨੇ ਮਾਰਗ ਚਲਿ ਪਰਜੋ। ਪਸ਼ਚਮ ਦਿਸ਼ਿ ਮੁਖ ਸਨਮੁਖ ਕਰਜੋ।
ਜਿਮ ਜਿਮ ਜੈ ਸਿੰਘ ਕਰੀ ਤਿਆਰੀ। ਪਠਿ ਨਰ ਲੇਤਿ ਰਹਜੋ ਸੁਧ ਸਾਰੀ ॥੩੦॥

ਪਰਧਾਨ ਰਸਤੇ ਪੈ ਕੇ ਹੌਲੀ-ਹੌਲੀ ਚਲ ਪਿਆ। ਪੱਛਮ ਪਾਸੇ ਦੇ ਸਾਹਮਣੇ ਵੱਲ ਆਪਣਾ ਮੁਖ ਰਖਿਆ। ਜਿਵੇਂ ਜਿਵੇਂ ਜੈ ਸਿੰਘ ਨੇ ਤਿਆਰੀ ਕਰਵਾਈ, ਸ੍ਰੀ ਰਾਮਰਾਇ ਮਨੁੱਖ ਭੇਜ ਕੇ ਸਾਰੀ ਖ਼ਬਰ ਲੈਂਦਾ ਰਿਹਾ॥੩੦॥

ਚਿਤ ਸ੍ਰੀ ਰਾਮਰਾਇ ਚਿਤਵੰਤਾ। ਆਇ ਕਿ ਨਹਿਂ ਸੋ ਗਣੀ ਗਿਨੰਤਾ।
ਜੈ ਪੁਰਿ ਨਾਥ ਭਾਉ ਬਹੁ ਕਰਜੋ। ਅਧਿਕ ਨੰਮ੍ਰਤਾ ਬਾਕ ਉਚਰਜੋ॥ ੩੧॥

ਚਿੱਤ ਵਿਚ ਰਾਮਰਾਇ ਇਹੋ ਸੋਚਦਾ ਸੀ-ਆਇ ਕਿ ਨਾ ਆਇ, ਮਨ ਵਿਚ ਇਹੋ ਗਿਣਤੀਆਂ ਗਿਣਦਾ ਸੀ ਕਿ ਜੈਪੁਰ ਦੇ ਰਾਜੇ ਨੇ ਪ੍ਰੇਮ ਬਹੁਤ ਕੀਤਾ ਹੈ ਤੇ ਬਹੁਤ ਨਿਮ੍ਰਤਾ ਵਾਲੇ ਬਚਨ ਉਚਾਰਨ ਕੀਤੇ ਹਨ॥੩੧॥

ਬਸਤ੍ਰ ਬਿਭੂਖਨ ਬਿਤ ਬਹੁ ਭੇਜਾ। ਅਸਵਾਰੀ ਆਦਿਕ ਅਰੁ ਸੇਜਾ।
ਸੁਮਤਿਵੰਤਿ ਨਰ ਧਨੀ ਮਹਾਨਾ। ਪਠਜੋ ਲੇਨਿ ਕੀਰਤਿਪੁਰਿ ਥਾਨਾ॥ ੩੨॥

ਕਪੜੇ, ਗਹਿਣੇ ਅਤੇ ਧਨ ਬਹੁਤ ਭੇਜਿਆ ਹੈ, ਅਸਵਾਰੀ ਆਦਿ ਵਿਛਾਉਣੇ ਵੀ ਭੇਜੇ ਹਨ। ਜਿਹੜੇ ਬੜੇ ਧਨੀ ਅਤੇ ਸ੍ਰੇਸ਼ਟ ਬੁਧੀ ਵਾਲੇ ਹਨ, ਉਨ੍ਹਾਂ ਨੂੰ ਗੁਰੂ ਜੀ ਨੂੰ ਲੈਣ ਵਾਸਤੇ ਕੀਰਤਪੁਰ ਭੇਜਿਆ ਹੈ॥੩੨॥

ਅਧਿਕ ਭਾਉ ਹੇਰਹਿ ਨ੍ਰਿਪ ਕੇਰਾ। ਰੁਚਿਰ ਭੇਟ ਅਰੁ ਦਰਬ ਘਨੇਰਾ।
ਸ੍ਰੀ ਹਰਿਕ੍ਰਿਸ਼ਨ ਸਮੀਪੀ ਜੇਈ। ਦੇਖਿ ਦੇਖਿ ਹਰਖਹਿਗੇ ਸੇਈ॥ ੩੩॥

ਰਾਜੇ ਦੇ ਬਹੁਤ ਪ੍ਰੇਮ ਨੂੰ ਵੇਖਣਗੇ, ਸੁੰਦਰ ਭੇਟਾਵਾਂ ਅਤੇ ਵਾਧੂ ਧਨ ਭੇਜਿਆ ਹੈ। ਜਿਹੜੇ ਸ੍ਰੀ ਹਰਿਕ੍ਰਿਸ਼ਨ ਜੀ ਦੇ ਨੇੜੇ ਰਹਿੰਦੇ ਹਨ, ਉਹ ਵੇਖ ਵੇਖ ਕੇ ਬਹੁਤ ਪ੍ਰਸੰਨ ਹੋਣਗੇ॥੩੩॥

ਕਹਿ ਕਹਿ ਬਹੁਤ ਬਾਰਿ ਗੁਨ ਨੀਕੇ। ਲੇ ਆਵਹਿਂਗੇ ਦਿਸ਼ਿ ਦਿੱਲੀ ਕੇ।
ਜੈ ਸਿੰਘ ਕਰਹਿ ਪੱਖ ਤਿਨ ਕੇਰਾ। ਸ਼ਾਹੁ ਪਾਸ ਕਹਿ ਸੁਜਸੁ ਘਨੇਰਾ॥ ੩੪॥

ਬਹੁਤ ਵਾਰ ਚੰਗੇ ਗੁਣ ਕਹਿ ਕਹਿ ਕੇ, ਦਿੱਲੀ ਵਾਲੇ ਪਾਸੇ ਲੈ ਆਉਣਗੇ। ਰਾਜਾ ਜੈ ਸਿੰਘ ਉਨ੍ਹਾਂ ਦਾ ਪੱਖ ਕਰੇਗਾ, ਬਾਦਸ਼ਾਹ ਪਾਸ ਉਨ੍ਹਾਂ ਦਾ ਸ੍ਰੇਸ਼ਟ ਜਸ ਕਰੇਗਾ॥੩੪॥

ਮੁਝ ਤੇ ਅਧਿਕ ਭਾਉ ਕਰਿਵਾਵਹਿ। ਮੇਰੋ ਕਾਜ ਨ ਕੁਛ ਬਿਗਰਾਵਹਿ।
ਇਕ ਦੁਇ ਅਪਰ ਹੋਇਂ ਦਿਸ਼ਿ ਤਾਂਹੀ। ਜੇ ਨਰ ਜਾਹਿ ਸ਼ਾਹੁ ਕੇ ਪਾਹੀ॥ ੩੫॥

ਮੇਰੇ ਤੋਂ ਜ਼ਿਆਦਾ ਪ੍ਰੇਮ ਕਰਵਾਵੇਗਾ। ਮੇਰਾ ਕੁਝ ਕੰਮ ਹੀ ਨਾ ਵਿਗਾੜ ਦੇਵੇ। ਇਕ ਦੋ ਹੋਰ ਉਸ ਤਰਫ ਹੋ ਜਾਣਗੇ। ਜਿਹੜੇ ਮਨੁੱਖ ਬਾਦਸ਼ਾਹ ਦੇ ਪਾਸ ਜਾਣਗੇ॥੩੫॥

ਇਤ ਕੋ ਬਡ ਮਰਾਤਬਾ ਜੋਇ। ਆਇ ਨਹੀਂ ਸੰਭਾਰਹਿ ਸੋਇ।
ਇਹ ਤੋ ਰੀਤਿ ਨ ਨੀਕੀ ਬਨਹਿ। ਤਿਨਹੁਂ ਮਿਲੈ ਅਰੁ ਜਸ ਕੋ ਭਨਹਿ॥ ੩੬॥

ਮੇਰੀ ਤਰਫ ਦਾ ਜਿਹੜਾ ਵੱਡਾ ਮਰਾਤਬਾ ਹੈ, ਉਹ ਹੀ ਕਿਤੇ ਆ ਕੇ ਨਾ ਸੰਭਾਲ ਲਵੇ। ਫਿਰ ਇਹ ਤਾਂ ਚੰਗੀ ਗੱਲ ਨਹੀਂ ਹੋਵੇਗੀ। ਤਿਨ੍ਹਾਂ ਭਾਵ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੂੰ ਬਾਦਸ਼ਾਹ ਮਿਲ ਪਵੇ ਅਤੇ ਉਨ੍ਹਾਂ ਦਾ ਜੱਸ ਉਚਾਰਨ ਕਰੇ॥੩੬॥

ਕਰਾਮਾਤ ਮੁਝ ਤੇ ਸੁ ਬਿਲੰਦ। ਆਇ ਕਰਹਿਂ ਨਹਿਂ ਮਮ ਜਸੁ ਮੰਦ।
ਨਹਿਂ ਆਵਹਿ ਦਿੱਲੀ ਪੁਰਿ ਮਾਂਹੀ। ਅਰੁ ਨਹਿਂ ਜਾਹਿ ਸ਼ਾਹੁ ਕੇ ਪਾਹੀ॥ ੩੭॥

ਉਨ੍ਹਾਂ ਵਿਚ ਕਰਾਮਾਤ ਮੇਰੇ ਨਾਲੋਂ ਜ਼ਿਆਦਾ ਹੈ, ਆ ਕੇ ਮੇਰਾ ਜਸ ਹੀ ਘਟ ਨਾ ਕਰ ਦੇਣ। ਜੇ ਉਹ ਦਿੱਲੀ ਨਗਰ ਵਿਚ ਨਾ ਆਉਣ ਅਤੇ ਨਾ ਹੀ ਬਾਦਸ਼ਾਹ ਦੇ ਪਾਸ ਜਾਣ॥੩੭॥

ਡਰ ਭਾਗਹਿ ਜੰਗਲ ਦਿਸ਼ਿ ਜਾਇ। ਇਹੀ ਬਾਤ ਨੀਕੀ ਬਨਿ ਆਇ।
ਇਤ ਆਵਨ ਮਹਿਂ ਸੰਸੈ ਮਹਾਂ। ਕੋ ਜਾਨਹਿਂ ਹ੍ਵੈ ਜੈ ਹੈ ਕਹਾਂ॥ ੩੮॥

ਡਰ ਕੇ ਭੱਜ ਕੇ ਮਾਲਵੇ ਵਾਲੇ ਪਾਸੇ ਚਲੇ ਜਾਣ, ਇਹੋ ਗੱਲ ਚੰਗੀ ਬਣਦੀ ਹੈ। ਏਧਰ ਆਉਣ ਵਿਚ ਮਹਾਨ ਸ਼ੰਕਾ ਹੈ, ਕੌਣ ਜਾਣਦਾ ਹੈ ਕਿ ਉਹ ਕਿਥੇ ਜਾਣਗੇ" ॥੩੮॥

ਦੋਹਰਾ- ਇਸ ਪ੍ਰਕਾਰ ਨਿਤ ਚਿਤ ਬਿਖੈ ਗਨਤੀ ਗਿਨਹਿ ਅਪਾਰ।
ਰਹਿ ਸਚਿੰਤ, 'ਕਿਮ ਹੋਇ ਹੈ ਅਨੁਜ ਸਾਥ ਬਿਵਹਾਰ'॥ ੩੯॥

ਸ੍ਰੀ ਰਾਮਰਾਇ ਇਸ ਪ੍ਰਕਾਰ ਚਿਤ ਵਿਚ ਅਪਾਰ ਗਿਣਤੀਆਂ ਗਿਣਦਾ ਹੈ। ਸਦਾ ਚਿੰਤਾ ਵਿਚ ਰਹਿੰਦਾ ਹੈ ਤੇ ਸੋਚਾਂ ਸੋਚਦਾ ਹੈ, "ਛੋਟੇ ਭਰਾ ਨਾਲ ਕਿਹੋ ਜਿਹਾ ਵਿਹਾਰ ਹੋਵੇਗਾ" ॥੩੯॥

*ਦਸਵੀਂ ਰਾਸ ਦਾ ਤੇਤੀਵਾਂ ਅਧਿਆਇ ਸਮਾਪਤ ਹੋਇਆ॥੩੩॥*

## ਅਧਿਆਇ ਚੌਂਤੀਵਾਂ

### *ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਪਾਸ ਰਾਜਾ ਜੈ ਸਿੰਘ ਦਾ ਪਰਧਾਨ ਪੁੱਜਾ*

ਦੋਹਰਾ- ਜੈਪੁਰਿ ਪਤਿ ਪਰਧਾਨ ਨਿਜ ਪਠਜੋ ਪਰਜੋ ਮਗ ਮਾਂਹਿ।
ਸਨੇ ਸਨੇ ਪੁਰਿ ਗ੍ਰਾਮ ਲੰਘਿ ਸਤਿਗੁਰ ਮਿਲਨਿ ਉਮਾਹਿ॥ ੧॥

ਜੈਪੁਰ ਦੇ ਰਾਜੇ ਨੇ ਜਿਹੜਾ ਆਪਣਾ ਨਿਜੀ ਪਰਧਾਨ ਭੇਜਿਆ ਸੀ: ਉਹ ਰਾਹੇ ਰਾਹ ਪੈ ਗਿਆ। ਹੌਲੀ ਹੌਲੀ ਉਹ ਸਾਰੇ ਪਿੰਡ ਤੇ ਨਗਰ ਲੰਘ ਆਇਆ। ਸਤਿਗੁਰੂ ਜੀ ਨੂੰ ਮਿਲਣ ਦੀ ਉਸ ਦੀ ਬੜੀ ਉਮੰਗ ਸੀ॥੧॥

ਚੌਪਈ- ਕੀਰਤਿ ਪੁਰਿ ਮੈਂ ਪਹੁੰਚਜੋ ਜਾਈ। ਕਰਜੋ ਸਿਵਰ ਜੇ ਨਰ ਸਮੁਦਾਈ।
ਸ੍ਰੀ ਸਤਿਗੁਰ ਢਿਗ ਜਬਿ ਸੁਧਿ ਹੋਈ। ਭੋਜਨ ਪਠਜੋ ਦੇਗ ਕੋ ਜੋਈ॥੨॥

ਉਹ ਕੀਰਤਪੁਰ ਵਿਚ ਜਾ ਪਹੁੰਚਿਆ। ਜਿਹੜੇ ਨਾਲ ਮਨੁੱਖ ਗਏ ਸਨ, ਉਨ੍ਹਾਂ ਦਾ ਡੇਰਾ ਲਵਾ ਦਿੱਤਾ। ਸ੍ਰੀ ਸਤਿਗੁਰੂ ਜੀ ਨੂੰ ਜਦ ਖ਼ਬਰ ਮਿਲੀ ਤਾਂ ਉਨ੍ਹਾਂ ਨੇ ਲੰਗਰ ਤੋਂ ਭੋਜਨ ਭੇਜਿਆ॥੨॥

ਅਪਰ ਲਈ ਸੁਧਿ ਸਰਬ ਪ੍ਰਕਾਰ। ਖਾਨ ਪਾਨ ਜੇਤਿਕ ਬਿਵਹਾਰ।
ਕਰੀ ਬਿਤਾਵਨਿ ਸੁਖ ਸੋਂ ਰਾਤੀ। ਸੁਪਤਿ ਉਠੇ ਜਬਿ ਭਈ ਪ੍ਰਭਾਤੀ॥੩॥

ਹੋਰ ਸਰਬ ਪ੍ਰਕਾਰ ਖ਼ਬਰ ਲਈ, ਖਾਣ ਪੀਣ ਦਾ ਜੈਸਾ ਵੀ ਵਿਹਾਰ ਸੀ। ਪਰਧਾਨ ਨੇ ਸੁਖ ਨਾਲ ਰਾਤ ਬਤੀਤ ਕੀਤੀ ਤੇ ਜਦ ਸਵੇਰ ਹੋਈ ਤਾਂ ਸੁਤਾ ਉੱਠ ਪਿਆ॥੩॥

ਸਕਲ ਸੌਜ ਜੁਤਿ ਕੀਨਿ ਸ਼ਨਾਨ। ਪੋਸ਼ਿਸ਼ ਪਹਿਰੀ ਰੁਚਿਰ ਮਹਾਨ।
ਪੁਨਹਿ ਪਠਜੋ ਇਕ ਨਰ ਗੁਰ ਪਾਸ। ਕਰ ਜੋਰੇ ਭਾਖਤਿ ਅਰਦਾਸ॥੪॥

ਸਾਰੀ ਸਮੱਗਰੀ ਸਹਿਤ ਇਸ਼ਨਾਨ ਕੀਤਾ ਤੇ ਮਹਾਨ ਸੁੰਦਰ ਪੋਸ਼ਾਕ ਪਹਿਨੀ। ਫਿਰ ਇਕ ਮਨੁੱਖ ਨੂੰ ਗੁਰੂ ਜੀ ਪਾਸ ਭੇਜਿਆ, ਉਸ ਨੇ ਹੱਥ ਜੋੜ ਕੇ ਅਰਦਾਸ ਕੀਤੀ॥੪॥

'ਬਡ ਰਾਜਾ ਜੈ ਸਿੰਘ ਸਵਾਈ। ਜੈ ਪੁਰਿ ਕੋ ਪਤਿ ਬਿਦਤਿ ਮਹਾਂਈ।
ਅਵਰੰਗ ਸ਼ਾਹੁ ਨਿਕਟਿ ਨਿਤ ਰਹਿਈ। ਅਨਿਕ ਨਰਨ ਕਾਰਜ ਨਿਰਬਹਿਈ॥੫॥

"ਜੈ ਸਿੰਘ ਸਵਾਈ ਇਕ ਵੱਡਾ ਰਾਜਾ ਹੈ, ਉਹ ਜੈਪੁਰ ਰਿਆਸਤ ਦਾ ਮਾਲਕ ਹੈ ਤੇ ਸਾਰੇ ਮਸ਼ਹੂਰ ਹੈ। ਨੌਰੰਗੇ ਬਾਦਸ਼ਾਹ ਦੇ ਪਾਸ ਨਿਤ ਰਹਿੰਦਾ ਹੈ, ਤੇ ਹੋਰ ਮਨੁੱਖਾ ਦੇ ਕਾਰਜ ਪੂਰੇ ਕਰਦਾ ਹੈ॥੫॥

ਤਿਸ ਨ੍ਰਿਪ ਨੇ ਭੇਜਯੋ ਪਰਧਾਨ। ਨਿਸ ਆਯਹੁ ਕੀਰਤਿ ਪੁਰਿ ਥਾਨ।
ਸਰਬ ਰੀਤਿ ਕੀ ਸੁਧਿ ਬਹੁਤੇਰੀ। ਗੁਰ ਘਰ ਤੇ ਹੋਈ ਸਭਿ ਹੇਰੀ॥ ੬॥

ਉਸ ਰਾਜੇ ਨੇ ਆਪਣੇ ਪਰਧਾਨ ਨੂੰ ਭੇਜਿਆ ਹੈ, ਰਾਤ ਨੂੰ ਉਹ ਕੀਰਤਪੁਰ ਵਾਲੇ ਸਥਾਨ 'ਤੇ ਆਇਆ ਹੈ। ਸਾਰੀਆਂ ਰੀਤੀਆਂ ਦੀ ਉਸ ਨੂੰ ਖ਼ਬਰ ਹੈ, ਗੁਰੂ ਘਰ ਤੇ ਜੋ ਹੋਈ ਹੈ, ਉਸ ਵੇਖੀ ਹੈ॥੬॥

ਅਬਿ ਰਾਵਰ ਕੇ ਦਰਸ਼ਨ ਹੇਤੁ। ਬੂਝਨਿ ਭੇਜਯੋ ਹੋਇ ਸੁਚੇਤ।
ਆਇਸੁ ਪਾਇ ਤੁਮਾਰੀ ਜਬੈ। ਕਰਹਿ ਸਫਲਤਾ ਅਪਨੀ ਤਬੈ' ॥ ੭॥

ਹੁਣ ਉਹ ਆਪ ਜੀ ਦੇ ਦਰਸ਼ਨ ਕਰਨਾ ਚਾਹੁੰਦਾ ਹੈ, ਸੁਚੇਤ ਹੋ ਕੇ ਉਸ ਮੈਨੂੰ ਪੁੱਛਣ ਭੇਜਿਆ ਹੈ। ਜਦ ਤੁਹਾਡੀ ਆਗਿਆ ਪਾਵੇਗਾ, ਤਦ ਆਪ ਜੀ ਦੇ ਦਰਸ਼ਨ ਕਰਕੇ ਜੀਵਨ ਸਫਲਾ ਕਰੇਗਾ' ॥੭॥

ਸੁਨਿ ਸ੍ਰੀ ਗੁਰ ਹਰਿਕ੍ਰਿਸ਼ਨ ਸੁਜਾਨਾ। ਅੰਤਰਜਾਮੀ ਕੀਨਿ ਬਖਾਨਾ।
'ਪਾਛਲ ਪਹਿਰ ਦਿਵਸ ਕੇ ਆਵਹੁ। ਸਤਿਸੰਗਤ ਕਹੁ ਦਰਸ਼ਨ ਪਾਵਹੁ॥੮॥

ਅੰਤਰਜਾਮੀ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੇ ਸੁਣ ਕੇ ਸਭ ਕੁਝ ਜਾਣ ਲਿਆ ਤੇ ਕਿਹਾ, "ਦਿਨ ਦੇ ਪਿਛਲੇ ਪਹਿਰ ਆਵੇ ਤੇ ਸਤਿਸੰਗਤ ਦੇ ਦਰਸ਼ਨ ਪਾਵੇ॥੮॥

ਦੂਰ ਪੰਥ ਤੇ ਚਲਿ ਕਰਿ ਆਏ। ਬਿਸਰਾਮਹਿਂ ਸਭਿ ਬਿਧਿ ਸੁਖ ਪਾਏ'।
ਫਰੀਦਾਰ ਸੁਨਿ ਸਤਿਗੁਰ ਬਿਸੈ। ਸਗਰੋ ਜਾਇ ਸੁਨਾਯਹੁ ਤਿਸੈ॥ ੯॥

ਦੂਰ ਪੈਂਡਾ ਚਲ ਕੇ ਆਏ ਹਨ, ਸਭ ਪ੍ਰਕਾਰ ਸੁਖ ਪਾ ਕੇ ਵਿਸ਼ਰਾਮ ਕਰਨਾ" ਸੇਵਾਦਾਰ ਨੇ ਸਤਿਗੁਰੂ ਜੀ ਪਾਸੋਂ ਪੂਰੀ ਗੱਲ ਸਮਝ ਕੇ ਸਾਰੀ ਜਾ ਕੇ ਉਸ ਨੂੰ ਸੁਣਾ ਦਿੱਤੀ॥੯॥

ਭਯੋ ਦਿਵਸ ਕੋ ਪਾਛਲ ਜਾਮ। ਬੋਲੇ ਸਤਿਗੁਰ ਮੁਖ ਅਭਿਰਾਮ।
'ਸਭਾ ਲਗਾਵਨਿ ਕੇ ਹਿਤ ਤਯਾਰੀ। ਕਰਹੁ ਸ਼ੀਘ੍ਰ ਬਡ ਫਰਸ਼ ਸੁਧਾਰੀ॥੧੦॥

ਜਦ ਦਿਨ ਦਾ ਪਿਛਲਾ ਪਹਿਰ ਰਹਿ ਗਿਆ, ਸਤਿਗੁਰੂ ਜੀ ਆਪਣੇ ਸੁੰਦਰ ਮੁੱਖ ਤੋਂ ਬੋਲੇ, "ਸਭਾ ਲਾਉਣ ਵਾਸਤੇ ਤਿਆਰੀ ਕਰੋ ਤੇ ਛੇਤੀ ਹੀ ਸੁੰਦਰ ਵਿਛਾਉਣੇ ਵਿਛਾ ਕੇ ਚੰਗੀ ਤਰ੍ਹਾਂ ਫਰਸ਼ ਤਿਆਰ ਕਰੋ॥੧੦॥

ਅਪਰ ਸਮਾਜ ਬਨਾਵਹੁ ਨੀਕਾ। ਪਿਖਤਿ ਹੋਇ ਹੁਲਸਾਵਨ ਜੀ ਕਾ'।
ਸੁਨਿ ਸੇਵਕ ਸਮੁਦਾਇ ਸਿਧਾਏ। ਸਭਾ ਸਦਨ ਸੁੰਦਰ ਸੁਧਰਾਏ॥ ੧੧॥

ਹੋਰ ਸਾਜ਼ੋ-ਸਾਮਾਨ ਵੀ ਚੰਗੀ ਤਰ੍ਹਾਂ ਬਣਾਵੋ ਸਵਾਰੋ, ਜਿਸ ਨੂੰ ਵੇਖ ਕੇ ਦਿਲ ਪ੍ਰਸੰਨ ਹੋ ਉੱਠੇ।" ਇਹ ਸੁਣ ਕੇ ਸਾਰੇ ਸੇਵਕ ਚਲੇ ਗਏ ਅਤੇ ਘਰ ਨੂੰ ਸੁੰਦਰ ਢੰਗ ਨਾਲ ਸਵਾਰਿਆ ਅਤੇ ਸਜਾਇਆ॥੧੧॥

ਤਨਜੇ ਚੰਦੋਵਾ ਝਾਲਰ ਜ਼ਰੀ। ਜਰੀ ਨਗੋਂ ਤੇ ਸੋਭਤਿ ਖਰੀ।
ਖਰੀ ਚੋਬ ਚਿੱਤ੍ਰਿਤਿ ਮੈਂ ਚਾਰੁ। ਚਾਰ ਓਰ ਚਮਕਤਿ ਗਚਕਾਰ॥ ੧੨॥

ਜ਼ਰੀ ਦੇ ਝਾਲਰ ਵਾਲੀ ਚਾਨਣੀ ਤਾਣੀ ਗਈ, ਨਗਾਂ ਨਾਲ ਜੜ੍ਹੀ ਹੋਈ ਜੋ ਸੁੰਦਰ ਸ਼ੋਭਾ ਪਾ ਰਹੀ ਹੈ। ਚਿਤ੍ਰਕਾਰੀ ਵਾਲੀਆਂ ਸੁਹਣੀਆਂ ਚੋਬਾਂ ਖੜੀਆਂ ਕੀਤੀਆਂ ਹਨ ਜਿਨ੍ਹਾਂ ਦੇ ਚਾਰੇ ਪਾਸੇ ਜੜਤਕਾਰੀ ਚਮਕ ਰਹੀ ਹੈ॥੧੨॥

ਸੁੰਦਰ ਫਰਸ਼ ਮਖ਼ਮਲੀ ਹੋਵਾ। ਹਰਖ ਉਪਾਵਤਿ ਜਿਨ ਜਿਨ ਜੋਵਾ।
ਰਾਜ ਸਮਾਜ ਸਰਬ ਹੀ ਬਨਜੋ। ਚਹੁੰਦਿਸ਼ਿ ਸਦਨ ਸੁਦ੍ਯੁਤਿ ਤੇ ਸਨਜੇ॥ ੧੩॥

ਸੁੰਦਰ ਮਖ਼ਮਲੀ ਫ਼ਰਸ਼ ਵਿਛਾਇਆ ਗਿਆ, ਜਿਸ ਜਿਸ ਵੇਖਿਆ ਬਹੁਤ ਪ੍ਰਸੰਨ ਹੋਇਆ। ਰਾਜ ਸਮਾਜ ਸਭ ਹੀ ਬਣਿਆ। ਚਾਰੇ ਪਾਸੇ ਘਰ ਸ੍ਰੇਸ਼ਟ ਮਈ ਬਣ ਗਿਆ॥੧੩॥

ਸਰਬ ਪ੍ਰਕਾਰ ਤਯਾਰ ਜਬਿ ਜੋਯੋ। ਸ੍ਰੀ ਸਤਿਗੁਰ ਕਹੁ ਆਵਨਿ ਹੋਯੋ।
ਸੁੰਦਰ ਬੀਚ ਪ੍ਰਯੰਕ ਡਸਾਵਾ। ਉੱਜਲ ਆਸਤਰਨ ਸੋਂ ਛਾਵਾ॥ ੧੪॥

ਸਰਬ ਪ੍ਰਕਾਰ ਜਦ ਤਿਆਰ ਹੋ ਗਿਆ ਤਾਂ ਸਤਿਗੁਰੂ ਜੀ ਦਾ ਆਉਣਾ ਹੋਇਆ। ਵਿਚਕਾਰ ਸੁੰਦਰ ਪਲੰਘ ਡਾਹਿਆ ਗਿਆ, ਉਸ ਉੱਤੇ ਸੁੰਦਰ ਕਪੜੇ ਵਿਛਾਏ ਗਏ॥੧੪॥

ਸੇਜਬੰਦ ਗੁੰਫੇ ਜੁਤਿ ਜ਼ਰੀ। ਊਪਰ ਆਇ ਬਿਰਾਜੇ ਹਰੀ।
ਭਾਟ ਨਕੀਬ ਬਢਾਵਤਿ ਜਸੁ ਕੋ। ਆਏ ਸੁਭਟ ਸਿਪਰ ਗਹਿ ਅਸਿ ਕੋ॥੧੫॥

ਸੇਜਬੰਦ ਜਿਹੜੀ ਗੁੰਫਿਆ ਸਹਿਤ ਜੜੀ ਸੀ, ਉਸ ਦੇ ਉੱਤੇ ਆ ਕੇ ਪ੍ਰਭੂ ਜੀ ਬੈਠ ਗਏ। ਭੱਟ ਤੇ ਨਕੀਬ ਜਸ ਵਧਾਉਂਦੇ ਹਨ ਤੇ ਸੂਰਬੀਰ ਢਾਲ ਤਲਵਾਰ ਪਹਿਨ ਕੇ ਆ ਗਏ॥੧੫॥

ਬ੍ਰਿੰਦ ਮਸੰਦ ਮੇਵੜੇ ਠਾਢੇ। ਜੋ ਅਰਦਾਸ ਕਰਹਿਂ ਸੁਖ ਬਾਢੇ।
ਚਵਰਦਾਰ ਲੇ ਚਵਰ ਖਰੇ ਹੈਂ। ਪਹਿਰੇ ਬਸਤ੍ਰਨਿ ਬੇਸ ਖਰੇ ਹੈਂ॥ ੧੬॥

ਬਹੁਤ ਮਸੰਦ ਅਤੇ ਮੇਵੜੇ ਖੜੇ ਹੋ ਗਏ, ਜਿਹੜਾ ਵੀ ਅਰਦਾਸ ਕਰਦਾ ਹੈ, ਉਸ ਦਾ ਸੁੱਖ ਵਧਦਾ ਹੈ। ਚੌਰਬਰਦਾਰ ਚੌਰ ਲੈ ਕੇ ਸੁੰਦਰ ਵਸਤਰ ਪਹਿਨ ਕੇ ਖੜੇ ਹਨ॥੧੬॥

ਚਾਰਹੁਂ ਓਰ ਚਲਾਵਹਿਂ ਕਰ ਤੇ। ਢੌਰਤਿ ਚਵਰ ਹੰਸ ਜਨੁ ਚਰਤੇ।
ਸ੍ਰੀ ਹਰਿਕ੍ਰਿਸ਼ਨ ਬਿਰਾਜਤਿ ਬੈਸੇ। ਬ੍ਰਹਮ ਗ੍ਯਾਨ ਕੀ ਮੂਰਤਿ ਜੈਸੇ॥ ੧੭॥

ਹੱਥ ਨਾਲ ਚੌਰ ਨੂੰ ਚਾਰੇ ਪਾਸੇ ਝੁਲਾਉਂਦੇ ਹਨ, ਚੌਰ ਇਸ ਤਰ੍ਹਾਂ ਫਿਰਦਾ ਹੈ ਜਿਵੇਂ ਹੰਸ ਉਡਾਰੀਆਂ ਮਾਰ ਰਿਹਾ ਹੋਵੇ। ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਬੈਠੇ ਇਸ ਤਰ੍ਹਾਂ ਬਿਰਾਜ ਰਹੇ ਹਨ, ਜਿਵੇਂ ਬ੍ਰਹਮ ਗਿਆਨ ਦੀ ਮੂਰਤੀ ਹੋਵੇ॥੧੭॥

ਬਾਲਿਕ ਰੂਪ ਅੰਗ ਸੁ-ਕੁਮਾਰਾ। ਬ੍ਰਿੱਧ ਬੁਧਿ ਕੇ ਮਹਿਦ ਉਦਾਰਾ।
ਰੁਚਿਰ ਰਕਤ ਚਰਣਾਂਬੁਜ ਸੋਹੇ। ਜਿਨਹੁਂ ਹੇਰਿ ਜੋਗੀ ਜਨ ਮੋਹੇ॥ ੧੮॥

ਬਾਲਕ ਰੂਪ ਹੈ, ਅੰਗ ਸ੍ਰੇਸ਼ਟ ਸੁੰਦਰ ਹਨ, ਪਰ ਬੁੱਧੀ ਦੇ ਬਜ਼ੁਰਗ ਹਨ ਤੇ ਬੜੇ ਉਦਾਰਚਿਤ ਹਨ। ਸੁੰਦਰ ਲਾਲ ਨੌਂਹ ਸ਼ੋਭਦੇ ਹਨ ਜਿਨ੍ਹਾਂ ਨੂੰ ਵੇਖ ਕੇ ਜੋਗੀ ਲੋਕ ਮੋਹੇ ਜਾਂਦੇ ਹਨ॥੧੮॥

ਸੂਖਮ ਬਸਤ੍ਰ ਗਰੇ ਮਹਿਂ ਜਾਮਾ। ਤੁੰਗ ਸਿਕੰਧ ਦੁਕੂਲ ਭਿਰਾਮਾ।
ਜਰੇ ਜਰਾਵਨਿ ਕੁੰਡਲ ਕਰਨ। ਕਰਨਿ ਕਟਕ ਹਾਟਿਕ ਸੁਭ ਬਰਨ॥ ੧੯॥

ਕੋਮਲ ਵਸਤਰ ਹਨ ਤੇ ਗੱਲ਼ ਵਿਚ ਜਾਮਾ ਪਾਇਆ ਹੈ, ਮੋਢੇ ਉੱਚੇ ਅਤੇ ਬਾਹਾਂ ਲੰਮੀਆਂ ਹਨ। ਕੰਨਾਂ ਵਿਚ ਜੜਾਊ ਕੁੰਡਲ ਪਾਏ ਹਨ। ਹੱਥਾਂ ਵਿਚ ਸੋਨੇ ਦੇ ਕੜੇ ਪਾਏ ਹਨ॥੧੯॥

ਸਿਰ ਪਰ ਚੀਰਾ ਚਿੱਤ੍ਰਤਿ ਰੰਗ। ਤਿਸ ਪਰ ਸ਼ੋਭਤਿ ਜਿਗਾ ਉਤੰਗ।
ਜਰਜੇ ਜਰਾਊ ਦਮਕਤਿ ਹੀਰੇ। ਕੋਰਦਾਰ ਸੁੰਦਰ ਬਿਧਿ ਚੀਰੇ॥ ੨੦॥

ਸਿਰ ਉੱਤੇ ਚਿਤ੍ਰੇ ਰੰਗ ਦੀ ਪੱਗੜੀ ਬੱਧੀ ਹੈ, ਜਿਸ ਉੱਤੇ ਸੁੰਦਰ ਉੱਚੀ ਕਲਗੀ ਸ਼ੋਭਦੀ ਹੈ। ਜੜੇ ਹੋਏ ਜੜਾਊ ਹੀਰੇ ਚਮਕਦੇ ਹਨ ਜਿਹੜੇ ਕੋਰਦਾਰ ਸੁੰਦਰ ਵਿਧੀ ਨਾਲ ਚੀਰੇ ਗਏ ਹਨ॥੨੦॥

ਸ਼ਾਰਦ ਚੰਦ ਸਪੂਰਨ ਬਦਨ। ਹੋਤਿ ਚਾਂਦਨੀ ਮੁਸਕਤਿ ਰਦਨ।
ਸਿੱਖਜਨਿ ਕੇਰ ਬਿਲੋਚਨ ਜੋਰਾ। ਮਨਹੁ ਨਿਹਾਰਤਿ ਚਾਰ ਚਕੋਰਾ॥ ੨੧॥

ਸਰਦੀਆਂ ਦੇ ਚੰਦ ਵਰਗਾ ਸੁੰਦਰ ਮੁਖੜਾ ਹੈ, ਹੱਸ ਰਹੇ ਮੁਖ ਦੇ ਦੰਦਾਂ ਤੋਂ ਚਾਨਣੀ ਦਾ ਪ੍ਰਕਾਸ਼ ਹੁੰਦਾ ਹੈ। ਸਿੱਖਾਂ ਵੱਲ ਨੇਤ੍ਰਾਂ ਦੇ ਜੋੜੇ ਇੰਝ ਜੁੜੇ ਹੋਏ ਹਨ, ਮਾਨੋ ਸੁੰਦਰ ਚਕੋਰ ਚੰਦ ਨੂੰ ਵੇਖ ਰਹੇ ਹੋਣ॥੨੧॥

ਸਰਬ ਸਭਾ ਜਬਿ ਪੂਰਨ ਭਈ। ਬਸਤ੍ਰ ਬਿਭੂਖਨ ਤੇ ਦੁਤਿ ਮਈ।
ਗਾਵਹਿਂ ਸ਼ਬਦ ਰਾਗ ਧੁਨਿ ਪਾਏ। ਹੋਤਿ ਨਿਹਾਲ ਜਿਨਹੁ ਮਨ ਲਾਏ॥੨੨॥

ਸਾਰੀ ਸਭਾ ਜਦ ਪੂਰੀ ਹੋ ਗਈ, ਵਸਤਰਾਂ ਗਹਿਣਿਆਂ ਨਾਲ ਚਮਕ ਗਈ ਤਾਂ ਰਬਾਬੀ ਰਾਗਾਂ ਵਿਚ ਸ਼ਬਦ ਗਾਉਣ ਲੱਗੇ। ਜਿਹੜਾ ਵੀ ਮਨ ਲਾ ਕੇ ਸੁਣਦਾ ਸੀ, ਉਹ ਨਿਹਾਲ ਹੋ ਜਾਂਦਾ ਸੀ॥੨੨॥

ਨ੍ਰਿਪ ਜੈ ਸਿੰਘ ਨਰ ਭੇਜਯੋ ਜੋਇ। ਤਿਹ ਛਿਨ ਕਰਯੋ ਹਕਾਰਨਿ ਸੋਇ।
ਨੌਬਤ ਬਾਜਤਿ ਦ੍ਵਾਰ ਅਗਾਰੀ। ਆਇ ਤਹਾਂ ਬੰਦਨ ਕਹੁ ਧਾਰੀ॥ ੨੩॥

ਰਾਜਾ ਜੈ ਸਿੰਘ ਨੇ ਜਿਸ ਮਨੁੱਖ ਨੂੰ ਭੇਜਿਆ ਸੀ, ਉਸ ਨੂੰ ਉਸ ਸਮੇਂ ਬੁਲਾ ਲਿਆ। ਦਰਵਾਜ਼ੇ ਅੱਗੇ ਨੌਬਤ ਵੱਜ ਰਹੀ ਸੀ, ਉਥੇ ਉਹ ਬੰਦਨਾ ਧਾਰ ਕੇ ਆ ਗਿਆ॥੨੩॥

ਸਗਲ ਉਪਾਇਨ ਆਗੇ ਧਰਿ ਕੈ। ਨੰਮ੍ਰੀ ਹੋਇ ਭਾਉ ਉਰ ਕਰਿਕੈ।
ਸ੍ਰੀ ਸਤਿਗੁਰ ਕੇ ਆਇ ਹਜ਼ੂਰਾ। ਕੀਨਿ ਬਿਲੋਕਨ ਦਰਸ਼ਨ ਰੂਰਾ॥ ੨੪॥

ਸਾਰੇ ਉਪਹਾਰ ਅੱਗੇ ਧਰ ਕੇ, ਸਨਿਮਰ ਹੋ ਕੇ ਤੇ ਹਿਰਦੇ ਵਿਚ ਪ੍ਰੇਮ ਭਰ ਕੇ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਆਇਆ ਤੇ ਨੈਣਾਂ ਨਾਲ ਸਤਿਗੁਰੂ ਜੀ ਦੇ ਦਰਸ਼ਨ ਕੀਤੇ॥੨੪॥

ਬਸਤ੍ਰ ਬਿਭੂਖਨ ਸੁੰਦਰ ਪਹਿਰੇ। ਸਭਿਨਿ ਬੀਚ ਬੈਠੇ ਚਿਤ ਠਹਿਰੇ।
ਆਨਿ ਆਨਿ ਸੰਗਤਿ ਦਰਸੰਤੀ। ਭਾਂਤਿ ਭਾਂਤਿ ਭੇਟਨਿ ਅਰਪੰਤੀ॥ ੨੫॥

ਵਸਤਰ ਗਹਿਣੇ ਸੁੰਦਰ ਪਹਿਨੇ ਹੋਏ ਸਨ ਤੇ ਸਾਰਿਆਂ ਵਿਚ ਸਨਿਮਰ ਚਿੱਤ ਨਾਲ ਬੈਠ ਗਿਆ। ਆ ਆ ਕੇ ਸੰਗਤਾਂ ਦਰਸ਼ਨ ਕਰਦੀਆਂ ਸਨ ਤੇ ਭਾਂਤ ਭਾਂਤ ਦੀਆਂ ਭੇਟਾਵਾਂ ਅਰਪਣ ਕਰਦੀਆਂ ਸਨ॥੨੫॥

ਮਨੋ ਕਾਮਨਾ ਪੂਰਨ ਹੋਵਤਿ। ਹਿਤ ਅਰਦਾਸਨਿ ਅੱਗ੍ਰ ਖਰੋਵਤਿ।
ਨਰ ਨਾਰੀ ਪਿਖਿ ਹ੍ਵੈਂ ਬਲਿਹਾਰੀ। ਅਨਿਕ ਦੇਸ਼ ਕੇ ਕਰਹਿਂ ਜੁਹਾਰੀ॥ ੨੬॥

ਮਨੋਂ ਕਾਮਨਾਵਾਂ ਪੂਰੀਆਂ ਹੁੰਦੀਆਂ ਸਨ, ਅਰਦਾਸ ਕਰਨ ਵਾਸਤੇ ਅੱਗੇ ਖਲੋ ਜਾਂਦੇ ਸਨ। ਇਸਤਰੀ ਪੁਰਸ਼ ਵੇਖ-ਵੇਖ ਕੇ ਬਲਿਹਾਰ ਜਾਂਦੇ ਸਨ। ਅਨੇਕਾਂ ਦੇਸ਼ਾਂ ਦੇ ਲੋਕ ਬੰਦਨਾ ਕਰਦੇ ਸਨ॥੨੬॥

ਗੁਰ ਸਮਾਜ ਕੋ ਪਿਖਿ ਪਰਧਾਨਾ। ਹਰਖ ਭਰਜੋ ਜੋਰਤਿ ਜੁਗ ਪਾਨਾ।
ਧਰ ਪਰ ਧਰਿ ਸਿਰ ਬੰਦਨ ਕੀਨਿ। ਬੈਠਜੋ ਸਨਮੁਖ ਸ਼ਰਧਾ ਭੀਨ॥ ੨੭॥

ਪਰਧਾਨ ਗੁਰੂ ਸਮਾਜ ਨੂੰ ਵੇਖ ਕੇ ਖ਼ੁਸ਼ੀ ਨਾਲ ਭਰ ਗਿਆ ਤੇ ਫਿਰ ਦੋਵੇਂ ਹੱਥ ਜੋੜ ਕੇ ਸਿਰ ਧਰਤੀ 'ਤੇ ਧਰ ਕੇ ਬੰਦਨਾ ਕੀਤੀ ਤੇ ਸ਼ਰਧਾ ਵਿਚ ਭਿੱਜਾ ਹੋਇਆ ਸਾਹਮਣੇ ਬੈਠ ਗਿਆ॥੨੭॥

ਪਾਨ ਬੰਦਿ ਪੁਨ ਬਿਨੈ ਬਖਾਨੀ। 'ਜੈ ਪੁਰਿ ਮਹਿਂ ਜਿਸ ਕੀ ਰਜਧਾਨੀ।
ਨਾਮ ਨ੍ਰਿਪਤ ਜੈ ਸਿੰਘ ਸਵਾਈ। ਸ਼ਾਹਿ ਸਮੀਪੀ ਰਹੈ ਸਦਾਈ॥ ੨੮॥

ਹੱਥ ਜੋੜ ਕੇ ਫਿਰ ਬੇਨਤੀ ਕੀਤੀ, "ਜੈਪੁਰ ਵਿਚ ਜਿਸ ਰਾਜੇ ਦੀ ਰਾਜਧਾਨੀ ਹੈ ਤੇ ਰਾਜੇ ਦਾ ਨਾਂ ਜੈ ਸਿੰਘ ਸਵਾਈ ਹੈ, ਉਹ ਸਦਾ ਹੀ ਬਾਦਸ਼ਾਹ ਦੇ ਪਾਸ ਰਹਿੰਦਾ ਹੈ॥੨੮॥

ਤਿਨ ਅਰਜ਼ੀ ਕਰ ਜੋਰਿ ਗੁਜ਼ਾਰੀ। ਨਮਸਕਾਰ ਪਦ ਪਦਮ ਉਚਾਰੀ।
ਰਾਵਰਿ ਦਰਸ਼ਨ ਤਰਨਿ ਮਨਿੰਦ। ਅੰਧਕਾਰ ਗਨ ਕਸ਼ਟ ਬਿਲੰਦ॥ ੨੯॥

ਉਸ ਨੇ ਹੱਥ ਜੋੜ ਕੇ ਬੇਨਤੀ ਕੀਤੀ ਹੈ ਤੇ ਆਪ ਜੀ ਦੇ ਚਰਨ ਕੰਵਲਾਂ 'ਤੇ ਨਮਸਕਾਰ ਉਚਾਰਨ ਕੀਤੀ ਹੈ। ਆਪ ਜੀ ਦੇ ਦਰਸ਼ਨ ਸੂਰਜ ਸਮਾਨ ਹਨ। ਅੰਧਕਾਰ ਰੂਪੀ ਕਸ਼ਟ ਬਹੁਤ ਹਨ॥੨੯॥

ਕਰਤਿ ਲਾਲਸਾ ਰਿਦੇ ਮਹਾਨੀ। ਦੀਜਹਿਂ ਆਇ ਦਰਸ ਇਸ ਥਾਨੀ।
ਦਿੱਲੀ ਪੁਰਿ ਕੀ ਸੰਗਤਿ ਭਾਰੀ। ਕਰਹੁ ਨਿਹਾਲ ਆਪ ਇਕ ਬਾਰੀ॥ ੩੦॥

ਹਿਰਦੇ ਵਿਚ ਮਹਾਨ ਲਾਲਸਾ ਕਰਦੇ ਹਨ ਕਿ ਏਥੇ ਆ ਕੇ ਦਰਸ਼ਨ ਦੇਵੋ। ਦਿੱਲੀ ਨਗਰ ਦੀ ਭਾਰੀ ਸੰਗਤ ਹੈ, ਆਪ ਇਕ ਵਾਰ ਸਾਰੀ ਸੰਗਤ ਨੂੰ ਨਿਹਾਲ ਕਰੋ॥੩੦॥

ਕਾਰਨ ਔਰ ਏਕ ਇਸ ਮਾਂਹੂ। ਜੈ ਸਿੰਘ ਨ੍ਰਿਪ ਅਵਲੋਕਜੋ ਪਾਹੂ।
ਕਹਜੋ ਸ਼ਾਹੁ ਅਵਰੰਗ ਨੇ ਐਸੇ। ਗੁਰੂ ਹਕਾਰਹੁ ਜੈਸੇ ਕੈਸੇ॥ ੩੧॥

ਇਸ ਵਿਚ ਇਕ ਕਾਰਨ ਹੋਰ ਹੈ, ਬਾਦਸ਼ਾਹ ਨੇ ਰਾਜੇ ਜੈ ਸਿੰਘ ਨੂੰ ਪਾਸ ਬੁਲਾ ਕੇ ਕਿਹਾ ਹੈ ਕਿ ਗੁਰੂ ਜੀ ਨੂੰ ਜਿਵੇਂ ਕਿਵੇਂ ਬੁਲਾਓ॥੩੧॥

ਸ਼ਾਹੁ ਲਿਖਾਇ ਪਠਜੋ ਪਰਵਾਨਾ। ਇਮ ਕਹਿ ਨਵੀਸਿੰਦ ਦਿਯ ਪਾਨਾ।
ਲੇ ਕਰਿ ਪਠਜੋ ਸੁਨਾਯੋ ਗੁਰ ਕੋ। ਆਸ਼ੈ ਲਖਜੋ ਸ਼ਾਹੁ ਕੇ ਉਰ ਕੋ॥ ੩੨॥

ਬਾਦਸ਼ਾਹ ਨੇ ਇਕ ਪਰਵਾਨਾ ਲਿਖ ਕੇ ਭੇਜਿਆ ਹੈ।" ਇਸ ਤਰ੍ਹਾਂ ਕਹਿ ਕੇ ਪ੍ਰਵਾਨਾ ਸੇਵਾਦਾਰ ਦੇ ਹੱਥ ਵਿਚ ਦਿੱਤਾ। ਪ੍ਰਵਾਨਾ ਲੈ ਕੇ ਉਸ ਪੜ੍ਹਿਆ, ਤੇ ਗੁਰੂ ਜੀ ਨੂੰ ਸੁਣਾਇਆ ਤੇ ਗੁਰੂ ਜੀ ਨੇ ਬਾਦਸ਼ਾਹ ਦੇ ਆਸ਼ੇ ਨੂੰ ਸਮਝਿਆ॥੩੨॥

ਅਰੁ ਭੂਪਤਿ ਕੀ ਬਿਨੈ ਪਛਾਨੀ। ਦੂਤੀ ਜੇਤੀ ਭ੍ਰਾਤ ਬਖਾਨੀ।
ਕਾਰਨ ਸਕਲ ਜਾਨਿ ਮਨ ਮਾਂਹੀ। ਸ੍ਰੀ ਹਰਿ ਕ੍ਰਿਸ਼ਨ ਜਿਨਹੁ ਗ਼ਮ ਨਾਂਹੀ॥੩੩॥

ਅਤੇ ਰਾਜੇ ਦੀ ਬੇਨਤੀ ਪਛਾਣੀ ਜਿਵੇਂ ਭਰਾ ਨੇ ਚੁਗਲੀ ਕੀਤੀ ਸੀ। ਸਾਰਾ ਕਾਰਨ ਮਨ ਵਿਚ ਜਾਣ ਲਿਆ। ਸ੍ਰੀ ਹਰਿਕ੍ਰਿਸ਼ਨ ਜੀ ਜਿਨ੍ਹਾਂ ਨੂੰ ਕੋਈ ਗ਼ਮ ਨਹੀਂ ਹੈ॥੩੩॥

ਸੰਧਜਾ ਲਗਿ ਸਭਿ ਸਭਾ ਮਝਾਰੇ। ਦਰਸ਼ਨ ਦੇਤਿ ਥਿਰੇ ਸੁਖ ਧਾਰੇ।
ਗਾਵਤਿ ਸ਼ਬਦ ਭੋਗ ਜਬਿ ਪਰਜੋ। ਕਿਯ ਅਰਦਾਸ ਮੇਵੜੇ ਖਰਜੋ॥ ੩੪॥

ਸ਼ਾਮ ਤਕ ਸਭ ਸਭਾ ਵਿਚ ਰਹੇ ਤੇ ਸੁਖ ਧਾਰ ਕੇ ਦਰਸ਼ਨ ਦੇਣ ਲਈ ਬੈਠੇ ਰਹੇ। ਸ਼ਬਦ ਗਾਇਨ ਦਾ ਭੋਗ ਪਿਆ ਤੇ ਮੇਵੜੇ ਨੇ ਖੜੇ ਹੋ ਕੇ ਅਰਦਾਸ ਕੀਤੀ॥੩੪॥

ਉਠਿ ਸਤਿਗੁਰ ਗਮਨੇ ਨਿਜ ਮੰਦਿਰ। ਬੈਠੇ ਸੇਜ ਮਨੋਹਰ ਅੰਦਰ।
ਸਨੇ ਸਨੇ ਸਗਰੇ ਨਿਜ ਥਾਨ। ਪਹੁੰਚੇ ਨਰ ਸਮੇਤ ਪਰਧਾਨ॥ ੩੫॥

ਫਿਰ ਸਤਿਗੁਰੂ ਜੀ ਉੱਠ ਕੇ ਘਰ ਵਿਚ ਚਲੇ ਗਏ ਤੇ ਮਨੋਹਰ ਸੇਜ ਉੱਤੇ ਬੈਠ ਗਏ। ਹੌਲੀ-ਹੌਲੀ ਸਾਰੇ ਆਪਣੇ ਆਪਣੇ ਥਾਂ ਪਹੁੰਚ ਗਏ ਤੇ ਮਨੁੱਖਾਂ ਸਮੇਤ ਪਰਧਾਨ ਵੀ ਆਪਣੇ ਡੇਰੇ ਪਹੁੰਚ ਗਿਆ॥੩੫॥

'ਰਾਮਰਾਇ ਮਤਸਰ ਕੋ ਧਰਿ ਕੈ। ਕੀਨਸਿ ਦੂਤੀ ਸ਼ਾਹੁ ਸਿਖਰਿ ਕੈ।
ਸਤਿਗੁਰ ਸ੍ਰੀ ਹਰਿਕ੍ਰਿਸ਼ਨ ਹਕਾਰੇ'। ਕੀਰਤਪੁਰਿ ਬ੍ਰਿਤਾਂਤ ਬਿਸਤਾਰੇ॥ ੩੬॥

"ਰਾਮਰਾਇ ਨੇ ਈਰਖਾ ਧਾਰਨ ਕਰਕੇ ਬਾਦਸ਼ਾਹ ਨੂੰ ਸਿਖਾਉਣ ਵਾਸਤੇ ਚੁਗਲੀ ਕੀਤੀ ਹੈ ਤੇ ਸਤਿਗੁਰੂ ਸ੍ਰੀ ਹਰਿਕ੍ਰਿਸ਼ਨ ਜੀ ਨੂੰ ਬੁਲਾਇਆ ਹੈ।" ਕੀਰਤਪੁਰ ਵਿਚ ਇਹ ਬ੍ਰਿਤਾਂਤ ਸਾਰੇ ਫੈਲ ਗਿਆ॥੩੬॥

'ਨਹਿਂ ਕੀਨੀ ਇਹ ਨੀਕੀ ਬਾਤ। ਅਨੁਜ ਸਾਥ ਦ੍ਵੈਸ਼ੀ ਬੱਖਜਾਤ।
ਲਰਕਾਪਨ ਮਹਿਂ ਅਹੈ ਸਰੀਰ। ਕਰੈ ਹਕਾਰਨਿ ਨੌਰੰਗ ਤੀਰ॥ ੩੭॥

"ਉਸ ਨੇ ਇਹ ਚੰਗੀ ਗੱਲ ਨਹੀਂ ਕੀਤੀ ਹੈ, ਛੋਟੇ ਭਰਾ ਨਾਲ ਏਨੀ ਈਰਖਾ ਪ੍ਰਗਟ ਕੀਤੀ ਹੈ। ਬਾਲਪਨ ਵਿਚ ਇਹ ਸਰੀਰ ਹੈ, ਨੌਰੰਗੇ ਨੇ ਆਪਣੇ ਪਾਸ ਬੁਲਾਇਆ ਹੈ॥੩੭॥

ਦੁਸ਼ਟ ਮਹਾਂ ਬਾਦੀ ਦੁਖਦਾਈ। ਹਠ ਬਿਲੰਦ ਜੋ ਕਰਤਿ ਸਦਾਈ।
ਕੋ ਜਾਨਹਿ ਕਹਾ ਕਰਹਿ ਇਨਹੁਂ ਕੋ। ਦ੍ਵੈਖਕ ਭ੍ਰਾਤਾ ਨਿਕਟਿ ਜਿਨਹੁਂ ਕੇ॥੩੮॥

ਦੁਸ਼ਟ ਮਹਾਂ ਝਗੜਾਲੂ ਅਤੇ ਦੁਖਦਾਇਕ ਹੈ, ਜਿਹੜਾ ਸਦਾ ਹੀ ਵੱਡਾ ਹੱਠ ਕਰਦਾ ਹੈ, ਕੌਣ ਜਾਣਦਾ ਹੈ ਇਨ੍ਹਾਂ ਨਾਲ ਕੀ ਸਲੂਕ ਕਰੇਗਾ, ਜਿਸ ਦੇ ਪਾਸ ਈਰਖਾਲੂ ਭਰਾ ਹੈ॥੩੮॥

ਸੰਤ ਫਕੀਰ ਗਹਿਤਿ ਜੋ ਘਨੇ। ਬਹਿਸ ਤਿਨਹੁ ਸੋਂ ਪ੍ਰਾਨਨਿ ਹਨੇ।
ਕਰਤਿ ਨਹੀਂ ਪਰਮੇਸ਼੍ਵਰ ਤ੍ਰਾਸ। ਮਹਾਂ ਮੂਢ ਚਹਿ ਸ਼ਰ੍ਹਾ ਪ੍ਰਕਾਸ਼'॥ ੩੯॥

ਜਿਸ ਨੇ ਬਹੁਤ ਸੰਤ ਫਕੀਰ ਫੜੇ ਹਨ। ਜਿਹੜਾ ਵੀ ਉਸ ਨਾਲ ਬਹਿਸਦਾ ਹੈ, ਉਸ ਦੇ ਪ੍ਰਾਣ ਲੈ ਲੈਂਦਾ ਹੈ। ਪ੍ਰਮੇਸ਼ਵਰ ਦਾ ਡਰ ਨਹੀਂ ਮੰਨਦਾ ਹੈ ਮਹਾਂ ਮੂਰਖ ਸ਼ਰ੍ਹਾ ਦਾ ਪ੍ਰਕਾਸ਼ ਕਰਨਾ ਚਾਹੁੰਦਾ ਹੈ"॥੩੯॥

ਇਮ ਕੀਰਤਪੁਰਿ ਮੈਂ ਬਹੁ ਕਹੈਂ। ਨਹੀ ਬਾਤ ਇਹ ਨੀਕੀ ਲਹੈਂ।
ਅਨਬਨ ਅਹੈ ਸੁ ਕਿਮ ਬਨਿ ਆਵੈ। ਲਘੁ ਬਯ ਸਤਿਗੁਰ, ਦੁਸ਼ਟ ਬੁਲਾਵੈ॥੪੦॥

ਇਸ ਤਰ੍ਹਾਂ ਕੀਰਤਪੁਰ ਵਿਚ ਬਹੁਤ ਚਰਚਾ ਹੋ ਰਹੀ ਸੀ ਕਿ ਰਾਮਰਾਇ ਨੇ ਇਹ ਗੱਲ ਚੰਗੀ ਨਹੀਂ ਕੀਤੀ। ਇਹ ਅਣਬਣ ਕਿਵੇਂ ਬਣ ਆਵੇਗੀ, ਸਤਿਗੁਰੂ ਜੀ ਦੀ ਛੋਟੀ ਉਮਰ ਹੈ ਤੇ ਦੁਸ਼ਟ ਬੁਲਾਉਂਦਾ ਹੈ॥੪੦॥

*ਦਸਵੀਂ ਰਾਸ ਦਾ ਚੌਤੀਵਾਂ ਅਧਿਆਇ ਸਮਾਪਤ ਹੋਇਆ॥੩੪॥*

❖❖❖

# ਅਧਿਆਇ ਪੈਂਤੀਵਾਂ

## ਪਰਧਾਨ ਗੁਰੂ ਜੀ ਪਾਸ

ਦੋਹਰਾ- ਸੁਨਜੋ ਮਸੰਦਨਿ ਮੇਵਰਨਿ ਪ੍ਰਚੁਰ ਭਯੋ ਬਿਰਤਾਂਤ।
ਸ੍ਰੀ ਜਨਨੀ ਤੇ ਆਦਿ ਸਭਿ ਕਰਤਿ ਚਿੰਤ ਬਹੁ ਭਾਂਤਿ॥ ੧॥

ਮਸੰਦਾਂ ਮੇਵੜਿਆਂ ਨੇ ਬ੍ਰਿਤਾਂਤ ਸੁਣਿਆ ਜਿਹੜਾ ਸਾਰੇ ਫੈਲ ਗਿਆ। ਸਤਿਗੁਰੂ ਜੀ ਦੇ ਮਾਤਾ ਜੀ ਆਦਿ ਸਾਰੇ ਬਹੁਤ ਚਿੰਤਾ ਕਰਦੇ ਸਨ॥੧॥

ਚੌਪਈ- ਜੇਤਿਕ ਮੁੱਖਜ ਹੁਤੇ ਗੁਰ ਘਰ ਕੇ। ਸਭਿ ਇਕੱਤ੍ਰ ਹੋਏ ਧ੍ਰਿਤ ਧਰਿ ਕੇ।
ਕੇਤਿਕ ਕਰੇ ਹਕਾਰਨਿ ਆਏ। ਕਿਤਿਕ ਆਪ ਹੀ ਗੇ ਤਿਸ ਥਾਏ॥੨॥

ਜਿੰਨੇ ਗੁਰੂ ਘਰ ਦੇ ਮੁਖੀ ਬੰਦੇ ਸਨ, ਸਾਰੇ ਧੀਰਜ ਧਰ ਕੇ ਇਕੱਠੇ ਹੋਏ। ਕਈ ਬੁਲਾਉਣ ਉੱਤੇ ਆਏ, ਕਈ ਆਪ ਹੀ ਉਸ ਥਾਂ ਚਲੇ ਗਏ॥੨॥

ਪਹੁਚੇ ਸ੍ਰੀ ਮਾਤਾ ਕੇ ਪਾਸ। ਨਮੋਂ ਕਰਹਿ ਬਹੁ ਬਿਨੈ ਪ੍ਰਕਾਸ਼।
ਬੈਠੇ ਬ੍ਰਿੰਦ ਬ੍ਰਿਤਾਂਤ ਬਖਾਨੇ। 'ਸ੍ਰੀ ਹਰਿਕ੍ਰਿਸ਼ਨ ਹਕਾਰਨਿ ਠਾਨੇ॥ ੩॥

ਸਾਰੇ ਸ੍ਰੀ ਮਾਤਾ ਜੀ ਦੇ ਪਾਸ ਪਹੁੰਚੇ, ਨਮਸਕਾਰ ਕਰਕੇ ਬਹੁਤ ਬੇਨਤੀ ਕੀਤੀ। ਕਈ ਬੈਠੇ ਬ੍ਰਿਤਾਂਤ ਦਾ ਵਿਖਿਆਨ ਕਰ ਰਹੇ ਸਨ, ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੂੰ ਦਿੱਲੀ ਬੁਲਾਇਆ ਹੈ॥੩॥

ਦੁਸ਼ਟ ਬਡੋ ਬਾਦੀ ਹਠ ਕੂਰੋ। ਨੌਰੰਗ ਸ਼ਾਹੁ ਸ਼ਰ੍ਹਾ ਕੋ ਪੂਰੋ।
ਰੋਕਿ ਸਭਿਨਿ ਕੋ ਅਜ਼ਮਤ ਚਾਹੇ। ਨਤੁ ਨਿਜ ਮਤ ਮੈਂ ਲਜਾਇ ਉਮਾਹੇ॥੪॥

ਦੁਸ਼ਟ ਵੱਡਾ ਝਗੜਾਲੂ ਹੈ ਤੇ ਝੂਠਾ ਹੱਠ ਕਰਦਾ ਹੈ, ਨੌਰੰਗਾ ਬਾਦਸ਼ਾਹ ਸ਼ਰ੍ਹਾ ਦਾ ਪੂਰਾ ਹੈ। ਸਾਰਿਆਂ ਨੂੰ ਰੋਕ ਕੇ ਕਰਾਮਾਤ ਚਾਹੁੰਦਾ ਹੈ, ਨਹੀਂ ਤਾਂ ਬੜੇ ਉਤਸ਼ਾਹ ਨਾਲ ਆਪਣੇ ਮੱਤ ਵਿਚ ਲਿਆਉਂਦਾ ਹੈ॥੪॥

ਪੁਨ ਭ੍ਰਾਤਾ ਤਹਿ ਮਤਸਰ ਭਰਜੋ। ਜਿਨੈ ਬੁਲਾਵਨਿ ਕੋ ਮਤ ਕਰਜੋ।
ਮਿਲਿ ਤਿਨ,ਘਾਤ ਅਨੇਕ ਰਚਤਿ ਹੈ। ਅਨਜ ਬਡਾਈ ਦੇਖਿ ਤਚਤਿ ਹੈ॥੫॥

ਫਿਰ ਉਨ੍ਹਾਂ ਦਾ ਭਰਾ ਹਸਦ ਦਾ ਭਰਿਆ ਹੈ, ਜਿਸ ਨੇ ਬੁਲਾਉਣ ਦੀ ਸਲਾਹ ਦਿੱਤੀ ਹੈ। ਉਸਨੇ ਬਾਦਸ਼ਾਹ ਨੂੰ ਮਿਲਕੇ ਅਨੇਕ ਪ੍ਰਕਾਰ ਦੇ ਘਾਤਾਂ ਦੀ ਰਚਨਾ ਕੀਤੀ ਹੈ। ਛੋਟੇ ਭਰਾ ਦੀ ਵਡਿਆਈ ਵੇਖ ਕੇ ਸੜਦਾ ਹੈ॥੫॥

ਸ੍ਰੀ ਹਰਿਕ੍ਰਿਸ਼ਨ ਬੈਸ ਲਘੁ ਤਿਨ ਕੀ। ਤਹਿ ਸਹਾਇਤਾ ਨਾਂਹਿਨ ਜਿਨ ਕੀ।
ਪਿਤਾ ਧੀਰ ਬੈਕੁੰਠ ਸਿਧਾਏ। ਸਕਲ ਕਲਾ ਸਮਰਥ ਸੁਖਦਾਏ॥ ੬॥

ਸ੍ਰੀ ਹਰਿਕ੍ਰਿਸ਼ਨ ਜੀ ਦੀ ਉਮਰ ਬਹੁਤ ਛੋਟੀ ਹੈ, ਜਿਨ੍ਹਾਂ ਦੀ ਉਨ੍ਹਾਂ ਨੂੰ ਸਹਾਇਤਾ ਨਹੀਂ ਮਿਲੀ ਹੈ। ਧੀਰਜਵਾਨ ਪਿਤਾ ਜੀ ਬੈਕੁੰਠ ਚਲੇ ਗਏ ਹਨ, ਉਹ ਸੁਖਦਾਤੇ ਸਰਬਕਲਾ ਸਮਰੱਥ ਸਨ॥੬॥

ਇਹ ਅਸਮੰਜਸ ਹੈ ਸਭਿ ਬਾਤ। ਹੁਇ ਤਹਿ ਕਹਾਂ, ਨ ਜਾਨੀ ਜਾਤਿ।
ਇਤਨੇ ਮਹਿ ਚਲਿ ਸਤਿਗੁਰ ਆਏ। ਬਾਲ ਆਰਬਲ ਧੀਰ ਬ੍ਰਿਧਾਏ॥੭॥

ਇਹ ਸਾਰੀ ਗੱਲ ਕਠਨ ਹੈ। ਉਥੇ ਕੀ ਹੋਵੇਗਾ, ਇਹ ਜਾਣਿਆ ਨਹੀਂ ਜਾਂਦਾ" ਏਨੇ ਵਿਚ ਸਤਿਗੁਰੂ ਜੀ ਚਲ ਕੇ ਆ ਗਏ। ਬਾਲਕ ਉਮਰ ਹੈ, ਪਰ ਧੀਰਜ ਬਹੁਤ ਹੈ॥੭॥

ਹਾਥ ਬੰਦਿ ਸਭਿ ਹ੍ਵੈ ਕਰਿ ਠਾਢੇ। ਨਿਮਹਿ ਪ੍ਰੇਮ ਪਦ ਪੰਕਜ ਬਾਢੇ।
ਸਤਿਕਾਰਤਿ ਬਿਚ ਸਭਿ ਕੇ ਬੈਸੇ। ਸ਼ੋਭਤਿ ਗ੍ਯਾਨ ਮੂਰਤੀ ਜੈਸੇ॥ ੮॥

ਹੱਥ ਜੋੜ ਕੇ ਸਾਰੇ ਖੜੇ ਹੋ ਗਏ, ਨਿਉਂਕੇ ਚਰਨ ਕੰਵਲਾਂ 'ਤੇ ਬੰਦਨਾ ਕੀਤੀ। ਸਤਿਕਾਰ ਸਹਿਤ ਸਾਰਿਆਂ ਦੇ ਵਿਚ ਬੈਠ ਗਏ। ਇਸ ਤਰ੍ਹਾਂ ਸ਼ੋਭ ਰਹੇ ਹਨ, ਜਿਵੇਂ ਗਿਆਨ ਦੀ ਮੂਰਤੀ ਹੋਣ॥੮॥

ਸ੍ਰੀ ਜਨਨੀ ਬੂਝੇ ਸਤਿ ਭਾਇ। 'ਹ੍ਰਿਦੈ ਆਪ ਕੇ ਕਿਮ ਉਪਜਾਇ?।
ਭ੍ਰਾਤਾ ਨੇ ਬਹੁ ਧਾਰਿ ਸ਼ਰੀਕਾ। ਸੁਜਸੁ ਤੁਮਾਰੋ ਲਗਹਿ ਨ ਨੀਕਾ॥ ੯॥

ਗੁਰੂ ਜੀ ਦੇ ਮਾਤਾ ਜੀ ਨੇ ਸਹਿਜ ਸੁਭਾਅ ਪੁੱਛਿਆ, "ਆਪ ਦੇ ਹਿਰਦੇ ਵਿਚ ਕਿਵੇਂ ਉਪਜਿਆ ਹੈ। ਭਰਾ ਨੇ ਬਹੁਤ ਵੱਡਾ ਸ਼ਰੀਕਾ ਧਾਰਨ ਕੀਤਾ ਹੈ, ਤੁਹਾਡਾ ਸ੍ਰੇਸ਼ਟ ਜਸ ਉਸ ਨੂੰ ਚੰਗਾ ਨਹੀਂ ਲੱਗਾ॥੯॥

ਸ਼ਾਹਿ ਸਿਖਾਇ ਹਕਾਰਨਿ ਕਰੇ। ਮਮ ਸਮ ਮਿਲਹਿ, ਦ੍ਵੈਸ਼ ਕੋ ਧਰੇ।
ਬਨਹਿ ਜਾਇਬੋ ਤਹਾਂ ਜ਼ਰੂਰ। ਨਤੁ ਬਧਿ ਜਾਇ ਬਖੇਰੋ ਭੂਰ॥ ੧੦॥

ਬਾਦਸ਼ਾਹ ਨੂੰ ਸਿਖਾ ਕੇ ਬੁਲਾਇਆ ਹੈ, ਮੇਰੇ ਵਾਂਗ ਆ ਕੇ ਮਿਲਣ ਬਾਦਸ਼ਾਹ ਨੂੰ ਅਜਿਹੀ ਈਰਖਾ ਧਾਰਨ ਕਰਦਾ ਹੈ। ਉਥੇ ਜਾਣਾ ਜ਼ਰੂਰ ਬਣਦਾ ਹੈ, ਨਹੀਂ ਤਾਂ ਬਹੁਤ ਬਖੇੜਾ ਵੱਧ ਜਾਵੇਗਾ॥੧੦॥

ਨੌਰੰਗ ਕੇ ਨਰ ਛੂਛੇ ਜਾਹਿਂ। ਦੁਸ਼ਟ ਤਬੈ ਰਿਸ ਹੈ ਮਨ ਮਾਂਹਿ।
ਰਿਦੇ ਹੰਕਾਰਹਿ ਜੋਰ ਕਰੈਗੋ। ਲਸ਼ਕਰ ਪਠਹਿ, ਬਿਰੋਧ ਧਰਹਿਗੋ॥ ੧੧॥

ਜੇ ਨੌਰੰਗੇ ਦੇ ਮਨੁੱਖ ਖ਼ਾਲੀ ਜਾਣਗੇ ਤਾਂ ਦੁਸ਼ਟ ਫਿਰ ਮਨ ਵਿਚ ਬੜਾ ਕ੍ਰੋਧ ਕਰੇਗਾ। ਹਿਰਦੇ ਵਿਚ ਹੰਕਾਰ ਭਰ ਕੇ ਜ਼ੋਰ ਕਰੇਗਾ, ਲਸ਼ਕਰ ਭੇਜੇਗਾ ਤੇ ਵਿਰੋਧ ਧਾਰਨ ਕਰੇਗਾ॥੧੧॥

ਬਿਗਰ ਜਾਇ ਪੁਨ ਸੁਧਰਹਿ ਨਾਂਹੀ। ਬੁਰਾ ਕਰਤਿ ਜਿਸ ਬੈਸਹਿਂ ਪਾਹੀ।
ਕਠਨ ਬਨੀ, ਕਿਮ ਕਰਹਿਂ ਸੁਧਾਰਨਿ?। ਜਿਸ ਤੇ ਹੁਇ ਅਨੰਦ ਕੋ ਕਾਰਨ॥੧੨॥

ਫਿਰ ਵਿਗੜ ਜਾਵੇਗੀ ਤੇ ਸੁਧਰੇਗੀ ਨਹੀਂ ਕਿਉਂਕਿ ਬੁਰਾ ਕਰਨ ਵਾਲੇ ਜਿਸ ਦੇ ਪਾਸ ਬੈਠਦੇ ਹਨ। ਕਠਨ ਬਣੀ ਹੈ, ਕਿਵੇਂ ਸੁਧਾਰ ਕਰੀਏ? ਜਿਸ ਤੋਂ ਅਨੰਦ ਦਾ ਕਾਰਨ ਪ੍ਰਗਟ ਹੋਵੇ"॥੧੨॥

ਸੁਨਿ ਕੈ ਸ੍ਰੀ ਹਰਿਕ੍ਰਿਸ਼ਨ ਸੁਜਾਨਾ। ਸਭਿਨਿ ਸੁਨਾਵਤਿ ਬਾਕ ਬਖਾਨਾ।
'ਨਹਿਂ ਮਲੇਛ ਕੋ ਦਰਸ਼ਨ ਦੈ ਹੈਂ। ਹੁਇ ਸਮੀਪ ਤਿਸ ਕੋ ਨਹਿਂ ਲੈ ਹੈਂ॥੧੩॥

ਇਹ ਸੁਣ ਕੇ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੇ ਸਭ ਨੂੰ ਸੁਣਾ ਕੇ ਬਚਨ ਕੀਤਾ। ਮੈਂ ਮਲੇਛ ਨੂੰ ਦਰਸ਼ਨ ਨਹੀਂ ਦੇਵਾਂਗਾ ਨਾ ਹੀ ਉਸ ਦੇ ਪਾਸ ਹੋ ਕੇ ਉਸ ਨੂੰ ਵੇਖਾਂਗਾ॥੧੩॥

ਇਹੀ ਨੇਮ ਪਿਤ ਕੀਨਿ ਹਮਾਰੇ। ਤਿਸ ਪ੍ਰਕਾਰ ਹਮ ਭੀ ਉਰ ਧਾਰੇਂ।
ਨਿਜ ਬਚ ਪਿਤ ਜਿਮ ਕਿਯ ਪ੍ਰਤਿਪਾਰਨਿ। ਤਿਮ ਹਮ ਕਰਹਿਂ ਨ ਹੁਇ ਹੈ ਟਾਰਨਿ॥੧੪॥

ਇਹੀ ਨੇਮ ਸਾਡੇ ਪਿਤਾ ਨੇ ਕੀਤਾ ਸੀ, ਉਸ ਪ੍ਰਕਾਰ ਅਸੀਂ ਵੀ ਹਿਰਦੇ ਵਿਚ ਧਾਰਨ ਕੀਤਾ ਹੈ। ਪਿਤਾ ਜੀ ਨੇ ਜਿਵੇਂ ਆਪਣੇ ਬਚਨ ਦੀ ਪਾਲਣਾ ਕੀਤੀ ਸੀ, ਉਸ ਤਰ੍ਹਾਂ ਹੀ ਅਸੀਂ ਵੀ ਕਰਾਂਗੇ ਅਤੇ ਟਾਲਾਂਗੇ ਨਹੀਂ॥੧੪॥

ਅਟਲ ਸੁਮੇਰ ਟਲਹਿ ਨਹਿਂ ਜੈਸੇ। ਸਤਿਗੁਰ ਬਾਕ ਅਚਲ ਨਿਤ ਤੈਸੇ।
ਬਿਘਨ ਪੌਨ ਤੇ ਕਿਮ ਚੁਲਿ ਪਰੈ। ਸਦਾ ਗੰਭੀਰ ਧੀਰ ਜੇ ਧਰੈ' ॥ ੧੫ ॥

ਅਟਲ ਸੁਮੇਰ ਜਿਵੇਂ ਹਿਲਦਾ ਨਹੀਂ ਹੈ, ਸਤਿਗੁਰੂ ਜੀ ਦੇ ਬਚਨ ਵੀ ਉਸ ਤਰ੍ਹਾਂ ਅਚਲ ਹਨ। ਹਵਾ ਦੇ ਵਿਘਨ ਪੈਣ ਨਾਲ ਕਿਵੇਂ ਚਲ ਪਵੇ, ਸਦਾ ਗੰਭੀਰ ਜੋ ਧੀਰਜ ਧਾਰ ਕੇ ਰੱਖਦਾ ਹੈ"॥੧੫॥

ਅਚਲ ਬਾਕ ਸੁਨਿ ਕੈ ਤਿਸ ਕਾਲਾ। ਤ੍ਰਸੇ ਮਸੰਦ ਰੁ ਮਾਤ ਬਿਸਾਲਾ।
'ਪਿਤਾ ਸਮਾਨ ਨੇਮ ਜੇ ਧਾਰਜੇ। ਤੇ ਅਬਿ ਸਭਿ ਹੂੰ ਕਾਜ ਬਿਗਾਰਜੇ' ॥ ੧੬ ॥

ਗੁਰੂ ਜੀ ਦੇ ਅਚਲ ਵਾਕ ਸੁਣ ਕੇ ਉਸ ਸਮੇਂ ਮਸੰਦ ਤੇ ਮਾਤਾ ਜੀ ਬਹੁਤ ਡਰ ਗਏ, "ਪਿਤਾ ਜੀ ਸਮਾਨ ਜੋ ਨੇਮ ਧਾਰਨ ਕੀਤਾ ਹੈ ਇਸ ਕਰਕੇ ਹੁਣ ਸਭ ਹੀ ਕਾਰਜ ਵਿਗਾੜ ਦਿੱਤਾ ਹੈ" ॥੧੬॥

ਸਭਿਨਿ ਜੋਰਿ ਕਰ ਬਿਨੈ ਬਖਾਨੀ। 'ਤੁਮ ਸਰਬੱਗਜ ਸਕਲ ਗੁਨਖਾਨੀ।
ਜਥਾ ਹੋਇ ਸਭਿ ਹੂੰ ਕਹੁ ਨੀਕੀ। ਬਾਤ ਆਪ ਕੀ ਪਰਹਿ ਨ ਫੀਕੀ॥ ੧੭ ॥

ਸਾਰਿਆਂ ਨੇ ਹੱਥ ਜੋੜ ਕੇ ਬੇਨਤੀ ਕੀਤੀ, "ਤੁਸੀਂ ਸਰਬ ਸਮਰੱਥ ਅਤੇ ਗੁਣਾਂ ਦੀ ਖਾਣ ਹੋ, ਜਿਹੜੀ ਗੱਲ ਸਾਰਿਆਂ ਵਾਸਤੇ ਚੰਗੀ ਹੋਵੇ ਤੇ ਤੁਹਾਡੀ ਗੱਲ ਕਿਸੇ ਤਰ੍ਹਾਂ ਵੀ ਫਿਕੀ ਨਾ ਪਵੇ॥੧੭॥

ਕਰਨੀ ਕਾਰ ਤਥਾ ਤੁਮ ਬਨਿ ਹੈ। ਮਾਤ ਆਪ ਕੀ ਗਿਨਤੀ ਗਿਨਿ ਹੈ।
ਕਰੀਅਹਿ ਸਭਿ ਕੋ ਸੁਖ ਉਪਜਾਵਨਿ। ਇਮ ਇੱਛਾ ਕੋ ਠਟਹੁ ਪੁਜਾਵਨ ॥੧੮ ॥

ਅਜਿਹੀ ਕਾਰ ਕਰਨੀ ਚਾਹੀਦੀ ਹੈ ਜਿਵੇਂ ਆਪ ਜੀ ਨੂੰ ਯੋਗ ਬਣਦੀ ਹੋਵੇ, ਤੁਹਾਡੇ ਮਾਤਾ ਜੀ ਤਾਂ ਗਿਣਤੀਆਂ ਗਿਣ ਰਹੇ ਹਨ। ਸਾਰਾ ਕਾਰਜ ਸਾਰਿਆਂ ਨੂੰ ਸੁੱਖ ਉਪਜਾਉਣ ਵਾਲਾ ਕਰੋ, ਇਸ ਤਰ੍ਹਾਂ ਆਪਣੀ ਇੱਛਾ ਪੂਰੀ ਕਰੋ॥੧੮॥

ਜੇ ਨ ਕਰਹੁਗੇ ਦਿੱਲੀ ਜਾਨਾ। ਬਾਦੀ ਨੌਰੰਗ ਦੁਸ਼ਟ ਮਹਾਨਾ।
ਬਿਗਰ ਪਰਹਿਗੋ ਕਰਹਿ ਕੁਚਾਲੀ। ਇਹਾਂ ਪਠਾਵਹਿ ਸੈਨ ਬਿਸਾਲੀ॥ ੧੯ ॥

ਜੇ ਦਿੱਲੀ ਨਹੀਂ ਜਾਵੋਗੇ, ਝਗੜਾਲੂ ਨੌਰੰਗਾ ਮਹਾਂ ਦੁਸ਼ਟ ਹੈ। ਵਿਗੜ ਪਵੇਗਾ ਤੇ ਕੋਈ ਭੈੜੀ ਚਾਲ ਚਲੇਗਾ। ਏਥੇ ਬਹੁਤ ਵੱਡੀ ਸੈਨਾ ਭੇਜੇਗਾ॥੧੯॥

ਪਰਹਿ ਬਿਰੋਧ ਲਰਨਿ ਕਹੁ ਭਾਰੀ। ਨਹਿਂ ਠਹਿਰਜੋ ਕਿਮ ਜਾਇ ਅਗਾਰੀ।
ਸਭਿ ਦੇਸ਼ਨਿ ਮਹਿਂ ਰਾਜ ਤਿਸੀ ਕੋ। ਰਹਿਨ ਦੇਤਿ ਆਕੀ ਨ ਕਿਸੀ ਕੋ' ॥੨੦ ॥

ਲੜਾਈ ਕਰਨ ਦਾ ਵੱਡਾ ਭਾਰੀ ਵਿਰੋਧ ਪਵੇਗਾ, ਉਸ ਦੇ ਸਾਹਮਣੇ ਕਿਵੇਂ ਠਹਿਰਿਆ ਜਾਵੇਗਾ। ਸਾਰੇ ਦੇਸ਼ਾਂ ਵਿਚ ਉਸਦਾ ਰਾਜ ਹੈ, ਉਹ ਕਿਸੇ ਨੂੰ ਵੀ ਆਕੀ ਨਹੀਂ ਰਹਿਣ ਦਿੰਦਾ" ॥੨੦॥

ਸੁਨਿਕੈ ਸ੍ਰੀ ਹਰਿਕ੍ਰਿਸ਼ਨ ਸਭਿਨਿ ਤੇ। ਧੀਰਜ ਕੇ ਸਮੇਤ ਬਚ ਭਨਤੇ।
'ਸ੍ਰੀ ਨਾਨਕ ਜੀ ਨੀਕੀ ਕਰਿ ਹੈਂ। ਸਕਲ ਰੀਤਿ ਕੇ ਕਾਜ ਸੁਧਰਿ ਹੈਂ' ॥ ੨੧ ॥

ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੇ ਸਭ ਪਾਸੋਂ ਸੁਣਕੇ, ਬੜੀ ਧੀਰਜ ਸਹਿਤ ਬਚਨ ਕਹੇ, "ਸ੍ਰੀ ਗੁਰੂ ਨਾਨਕ ਦੇਵ ਜੀ ਚੰਗੀ ਹੀ ਕਰਨਗੇ, ਸਭ ਰੀਤੀਆਂ ਨਾਲ ਕਾਰਜ ਸੁਧਰ ਜਾਣਗੇ" ॥੨੧॥

ਇਮ ਕਹਿ ਉਠਿ ਕਰਿ ਬਾਹਰਿ ਆਏ। ਜਹਿਂ ਦਰਸਹਿ ਸੰਗਤਿ ਸਮੁਦਾਏ।
ਜੈ ਸਿੰਘ ਨ੍ਰਿਪ ਕੋ ਦੂਤ ਹਕਾਰਜੇ। ਸਾਦਰ ਸਭਾ ਮਝਾਰ ਬਿਠਾਰਜੇ॥ ੨੨ ॥

ਇਹ ਕਹਿ ਕੇ ਉੱਠ ਕੇ ਬਾਹਰ ਆ ਗਏ, ਜਿਥੇ ਸਾਰੀ ਸੰਗਤ ਦਰਸ਼ਨ ਕਰਦੀ ਸੀ। ਫਿਰ ਰਾਜੇ ਜੈ ਸਿੰਘ ਦੇ ਦੂਤ ਨੂੰ ਬੁਲਾਇਆ ਤੇ ਬੜੇ ਆਦਰ ਨਾਲ ਸਭਾ ਵਿਚ ਬਿਠਾਇਆ॥੨੨॥

ਕਹਯੋ ਤਾਂਹਿ ਸੋਂ 'ਹਮ ਪ੍ਰਣ ਏਹੀ। ਦਰਸ਼ਨ ਦੇਹਿ ਤੁਰਕ ਨਹਿਂ ਲੇਹੀ।
ਕੌਨ ਕਾਜ ਹੈ ਸਾਥ ਹਮਾਰੇ। ਜਿਸ ਤੇ ਪਠਿ ਕਰਿ ਦੂਤ ਹਕਾਰੇ॥ ੨੩॥

ਉਨ੍ਹਾਂ ਨੂੰ ਫਿਰ ਕਿਹਾ, "ਸਾਡਾ ਏਹੀ ਪ੍ਰਣ ਹੈ, ਅਸੀਂ ਨਾ ਤੁਰਕ ਨੂੰ ਦਰਸ਼ਨ ਦੇਵਾਂਗੇ ਅਤੇ ਨਾ ਹੀ ਉਸਦੇ ਦਰਸ਼ਨ ਕਰਾਂਗੇ। ਸਾਡੇ ਨਾਲ ਉਨ੍ਹਾਂ ਨੂੰ ਕੀ ਕੰਮ ਹੈ, ਜਿਸ ਕਰਕੇ ਦੂਤ ਭੇਜ ਕੇ ਬੁਲਾਇਆ ਹੈ॥੨੩॥

ਪਿਤਾ ਹਮਾਰੇ ਕੀ ਜਿਮ ਰੀਤਿ। ਹੈ ਸੋ ਸਹੀ, ਨ ਹ੍ਵੈ ਬਿੱਪ੍ਰੀਤਿ।
ਅੰਤ ਪ੍ਰਜੰਤ ਨਿਬਾਹਯੋ ਨੇਮ। ਤੈਸੇ ਹਮ ਕਰਿ ਹੈਂ ਸਹਿ ਪ੍ਰੇਮ॥ ੨੪॥

ਸਾਡੇ ਪਿਤਾ ਜੀ ਦੀ ਜਿਵੇਂ ਰੀਤ ਹੈ, ਉਹ ਬਿਲਕੁਲ ਦਰੁਸਤ ਹੈ, ਉਸ ਦੇ ਅਸੀਂ ਉਲਟ ਨਹੀਂ ਜਾਵਾਂਗੇ। ਆਪਣੇ ਆਖਰੀ ਸਮੇਂ ਤੱਕ ਉਨ੍ਹਾਂ ਨੇ ਆਪਣੇ ਨੇਮ ਨੂੰ ਨਿਬਾਹਿਆ ਹੈ। ਉਸ ਤਰ੍ਹਾਂ ਅਸੀਂ ਵੀ ਪ੍ਰੇਮ ਸਹਿਤ ਕਰਾਂਗੇ॥੨੪॥

ਗੁਰ ਘਰ ਤੇ ਅਜ਼ਮਤ ਚਹਿ ਸ਼ਾਹੂ। ਤਿਸ ਹਿਤ ਗਯੋ ਭ੍ਰਾਤ ਪੁਰਿ ਮਾਂਹੂ।
ਜਿਮ ਜਿਮ ਨੌਰੰਗ ਚਾਹਤਿ ਦੇਖਾ। ਕਰਾਮਾਤ ਤਿਮ ਕੀਨਿ ਵਿਸ਼ੇਖਾ॥ ੨੫॥

ਬਾਦਸ਼ਾਹ ਗੁਰੂ ਘਰ ਤੋਂ ਕਰਾਮਾਤਾਂ ਵੇਖਣੀਆਂ ਚਾਹੁੰਦਾ ਹੈ, ਉਸ ਵਾਸਤੇ ਸਾਡਾ ਭਰਾ ਦਿੱਲੀ ਵਿਖੇ ਗਿਆ ਹੈ। ਜਿਵੇਂ ਜਿਵੇਂ ਨੌਰੰਗਾ ਕਰਾਮਾਤਾਂ ਵੇਖਣੀਆਂ ਚਾਹੁੰਦਾ ਸੀ, ਉਸ ਤਰ੍ਹਾਂ ਹੀ ਉਨ੍ਹਾਂ ਨੇ ਵਿਸ਼ੇਸ਼ ਕਰਾਮਾਤਾਂ ਕੀਤੀਆਂ ਹਨ॥੨੫॥

ਅਬਿ ਲਗਿ ਨਿਕਟਿ ਸ਼ਾਹੁ ਕੇ ਰਹੈ। ਕਹਿ ਅਵਲੋਕਹਿ ਜਿਮ ਉਰ ਚਹੈ।
ਬਿਨਾਂ ਕਾਜ ਤੇ ਗਮਨਿ ਹਮਾਰੋ। ਕਿਮ ਹੋਵਹਿ ਨਿਜ ਰਿਦੇ ਬਿਚਾਰੋ॥ ੨੬॥

ਹੁਣ ਤਕ ਉਹ ਬਾਦਸ਼ਾਹ ਦੇ ਪਾਸ ਰਹਿ ਰਿਹਾ ਹੈ। ਜਿਵੇਂ ਬਾਦਸ਼ਾਹ ਹਿਰਦੇ ਵਿਚ ਚਾਹੁੰਦਾ ਹੈ ਉਸ ਤਰ੍ਹਾਂ ਹੀ ਕਰਾਮਾਤ ਕਰਵਾ ਕੇ ਵੇਖਦਾ ਹੈ। ਕਿਸੇ ਕਾਰਜ ਤੋਂ ਬਗੈਰ ਸਾਡਾ ਉਥੇ ਜਾਣਾ ਕਿਸ ਤਰ੍ਹਾਂ ਬਣਦਾ ਹੈ, ਆਪਣੇ ਹਿਰਦੇ ਵਿਚ ਵਿਚਾਰ ਕੇ ਵੇਖੋ"॥੨੬॥

ਬਾਕ ਸੁਨੇ ਸ੍ਰੀ ਸਤਿਗੁਰ ਕੇਰੇ। ਨ੍ਰਿਪ ਮੰਤ੍ਰੀ ਬੋਲਯੋ ਤਿਸ ਬੇਰੇ।
ਕਰ ਜੋਰਤਿ ਬਹੁ ਕਰਤਿ ਨਿਹੋਰਨਿ। 'ਸੁਨਹੁ ਪ੍ਰਭੂ ! ਤੁਮ ਕੋ ਕੁਛ ਲੋਰ ਨ॥੨੭॥

ਰਾਜੇ ਦੇ ਮੰਤਰੀ ਨੇ ਸਤਿਗੁਰੂ ਜੀ ਦੇ ਬਚਨ ਸੁਣੇ ਤਾਂ ਉਸ ਸਮੇਂ ਉਹ ਹੱਥ ਜੋੜ ਕੇ ਬਹੁਤ ਬੇਨਤੀਆਂ ਕਰਨ ਲੱਗਾ, "ਹੇ ਪ੍ਰਭੂ ਜੀ ! ਸੁਣੋ, ਤੁਹਾਨੂੰ ਕੋਈ ਲੋੜ ਨਹੀਂ ਹੈ॥੨੭॥

ਸਭਿ ਜਗ ਮੰਗਤ ਕੇ ਤੁਮ ਦਾਤਾ। ਕਰਾਮਾਤਿ ਕੋ ਘਰ ਬਖਯਾਤਾ।
ਤੀਨ ਲੋਕ ਤੁਮਰੇ ਬਸਿ ਅਹੈਂ। ਪ੍ਰੇਮੀ ਕੇ ਬਸਿ ਰਾਵਰ ਰਹੈਂ॥ ੨੮॥

ਸਾਰਾ ਜਗ ਮੰਗਤਾ ਹੈ ਤੇ ਤੁਸੀਂ ਦਾਤਾ ਹੋ, ਪ੍ਰਗਟ ਰੂਪ ਵਿਚ ਤੁਸੀਂ ਕਰਾਮਾਤ ਦਾ ਘਰ ਹੋ। ਤਿੰਨੇ ਲੋਕ ਤੁਹਾਡੇ ਵੱਸ ਵਿਚ ਹਨ, ਆਪ ਸਦਾ ਹੀ ਪ੍ਰੇਮ ਦੇ ਵੱਸ ਵਿਚ ਰਹਿੰਦੇ ਹੋ॥੨੮॥

ਯਾਂਤੇ ਨ੍ਰਿਪ ਜੈ ਸਿੰਘ ਸਵਾਈ। ਸਹਿਤ ਪ੍ਰੇਮ ਕਿਯ ਬਿਨੈ ਬਡਾਈ।
ਮੋ ਪਰ ਕ੍ਰਿਪਾ ਠਾਨਿਕੈ ਆਵਹੁ। ਕਰਹੁ ਕ੍ਰਿਤਾਰਥ ਦਰਸ ਦਿਖਾਵਹੁ॥ ੨੯॥

ਇਸ ਕਰਕੇ ਰਾਜੇ ਜੈ ਸਿੰਘ ਨੇ, ਪ੍ਰੇਮ ਸਹਿਤ ਵੱਡੀ ਬੇਨਤੀ ਕੀਤੀ ਹੈ। ਉਨ੍ਹਾਂ ਕਿਹਾ ਹੈ, "ਮੇਰੇ 'ਤੇ ਕਿਰਪਾ ਕਰਕੇ ਆਵੋ, ਦਰਸ਼ਨ ਦੇ ਕੇ ਸਾਨੂੰ ਕ੍ਰਿਤਾਰਥ ਕਰੋ॥੨੯॥

ਮੋ ਕਹੁ ਦਾਸ ਆਪਨੋ ਜਾਨਹੁ। ਅਪਰ ਬਾਰਤਾ ਰਿਦੈ ਨ ਆਨਹੁ।
ਜਬਿ ਦਿੱਲੀ ਪੁਰ ਪ੍ਰਵਿਸ਼ਹੁ ਜਾਇ। ਸੰਗਤਿ ਸਗਰੀ ਦਰਸ਼ਨ ਪਾਇ॥ ੩੦॥

ਮੈਨੂੰ ਆਪਣਾ ਦਾਸ ਜਾਣੋ, ਹੋਰ ਵਾਰਤਾ ਹਿਰਦੇ ਵਿਚ ਨਾ ਲਿਆਵੋ। ਜਦ ਦਿੱਲੀ ਨਗਰ ਵਿਚ ਪ੍ਰਵੇਸ਼ ਕਰੋਗੇ ਤਾਂ ਸਾਰੀ ਸੰਗਤ ਦਰਸ਼ਨ ਕਰਨ ਵਾਸਤੇ ਆਵੇਗੀ॥੩੦॥

ਕਰਹੁ ਆਪ ਫੁਰਮਾਵਨਿ ਜੈਸੇ। ਹਮ ਅਨੁਸਾਰੀ ਬਰਤਹਿਂ ਤੈਸੇ।
ਮਿਲੋ ਸ਼ਾਹੁ ਸੋਂ ਜੇ ਰੁਚਿ ਹੋਇ। ਜੋ ਨ ਰੁਚਹਿ ਤੌ ਫਿਕਰ ਨ ਕੋਇ॥ ੩੧॥

ਜਿਵੇਂ ਵੀ ਆਪ ਜੀ ਫੁਰਮਾਉਗੇ, ਅਸੀਂ ਤੁਹਾਡੀ ਆਗਿਆ ਅਨੁਸਾਰ ਹਾਂ, ਉਸ ਤਰ੍ਹਾਂ ਵਰਤਾਅ ਕਰਾਂਗੇ। ਬਾਦਸ਼ਾਹ ਨੂੰ ਮਿਲੋ, ਜੇ ਤੁਹਾਡੀ ਰੁਚੀ ਹੋਵੇ, ਜੇ ਮਿਲਣ ਦੀ ਰੁਚੀ ਨਹੀਂ ਹੋਵੇਗੀ ਤਾਂ ਕੋਈ ਫਿਕਰ ਦੀ ਗੱਲ ਨਹੀਂ ਹੈ॥੩੧॥

ਮੈਂ ਢਿਗ ਸ਼ਾਹੁ ਪ੍ਰਤੱਗਜਾ ਕਰੀ। ਸ੍ਰੀ ਹਰਿਕ੍ਰਿਸ਼ਨ ਲਜਾਇ ਹੌਂ ਪੁਰੀ।
ਸੋ ਰਾਵਰ ਕੇ ਬਸੀ ਪਛਾਨਹੁ। ਮਮ ਡੇਰੇ ਮਹਿਂ ਆਵਨਿ ਠਾਨਹੁ॥ ੩੨॥

ਮੈਂ ਬਾਦਸ਼ਾਹ ਦੇ ਪਾਸ ਪ੍ਰਤੱਗਿਆ ਕੀਤੀ ਹੈ ਕਿ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੂੰ ਨਗਰ ਵਿਚ ਲਿਆਵਾਂਗਾ। ਸੋ ਮੇਰੀ ਪ੍ਰਤੱਗਿਆ ਪੂਰੀ ਕਰਨੀ, ਆਪ ਜੀ ਦੇ ਵੱਸ ਜਾਣੋ ਤੇ ਮੇਰੇ ਡੇਰੇ ਵਿਚ ਆ ਕੇ ਠਹਿਰੋ॥੩੨॥

ਮਿਲਿਬੇ ਕਾਰਨ ਸ਼ਾਹੁ ਮਹਾਨ। ਹਠ ਨਹਿਂ ਕਰਹਿ, ਸ਼ਾਹੁ ਲਿਯ ਜਾਨਿ।
ਕਰਤਿ ਬਾਰਤਾਲਾਪ ਘਨੇਰੇ। ਕਹਿ ਸ੍ਰੀ ਰਾਮਰਾਇ ਜਿਸ ਬੇਰੇ॥ ੩੩॥

ਜੇ ਬਾਦਸ਼ਾਹ ਨੇ ਆਪ ਜੀ ਦੀ ਪ੍ਰਤੱਗਿਆ ਜਾਣ ਲਈ ਤਾਂ ਉਹ ਮਿਲਣ ਲਈ ਹੱਠ ਨਹੀਂ ਕਰੇਗਾ। ਜਿਸ ਸਮੇਂ ਸ੍ਰੀ ਰਾਮ ਰਾਇ ਬਾਦਸ਼ਾਹ ਨਾਲ ਵਾਰਤਾਲਾਪ ਕਰ ਰਹੇ ਸਨ॥੩੩॥

ਤਬਹਿ ਸ਼ਾਹੁ ਬੋਲਤਿ ਮੈਂ ਲਹਜੋ। ਕੋਮਲ ਹਠ ਬਿਹੀਨ ਹੀ ਰਹਜੋ।
ਤਊ ਭ੍ਰਾਤ ਤੁਮਰੇ ਬਹੁ ਕਹਜੋ। ਤਬਹਿ ਹਕਾਰਨਿ ਕੋ ਚਿਤ ਚਹਜੋ॥ ੩੪॥

ਉਸ ਸਮੇਂ ਬਾਦਸ਼ਾਹ ਨੂੰ ਬੋਲਦਿਆਂ ਮੈਂ ਸੁਣਿਆ ਹੈ, ਉਸ ਸਮੇਂ ਉਹ ਹੱਠ ਤੋਂ ਬਗੈਰ ਅਤੇ ਕੋਮਲ ਚਿਤ ਹੀ ਗੱਲਾ ਕਰ ਰਿਹਾ ਸੀ। ਤੁਹਾਡੇ ਭਰਾ ਨੇ ਤੁਹਾਡੇ ਬਾਰੇ ਬਹੁਤ ਕਿਹਾ, ਤਦ ਹੀ ਬਾਦਸ਼ਾਹ ਦਾ ਬੁਲਾਉਣ ਨੂੰ ਚਿੱਤ ਚਾਹਿਆ ਹੈ॥੩੪॥

ਹਮ ਨਿਤ ਜਾਤਿ ਸ਼ਾਹੁ ਕੇ ਪਾਸ। ਕਰਹਿਂ ਆਪ ਕੀ ਮਹਿਮਾ ਰਾਸ।
ਅਲਪ ਆਰਬਲ ਬਿਖੈ ਸ਼ਰੀਰ। ਗੁਨ ਮਹਿਂ ਮਹਿਦ ਆਦਿ ਜੇ ਧੀਰ॥ ੩੫॥

ਅਸੀਂ ਸਦਾ ਬਾਦਸ਼ਾਹ ਦੇ ਪਾਸ ਜਾਂਦੇ ਹਾਂ, ਉਹ ਆਪ ਜੀ ਦੀ ਬਹੁਤ ਮਹਿਮਾ ਕਰਦਾ ਹੈ ਕਿ ਸਰੀਰ ਹਾਲੇ ਬਹੁਤ ਛੋਟੀ ਉਮਰ ਵਿਚ ਹੈ, ਪਰ ਗੁਣਾਂ ਵਿਚ ਮਹਾਨ ਹੈ ਤੇ ਵੱਡਾ ਧੀਰਜਵਾਨ ਹੈ॥੩੫॥

ਜੇ ਹਠ ਹੇਰਹਿਂ ਨੌਰੰਗ ਕੇਰਾ। ਨਿਕਟਿ ਮਿਲਜੋ ਚਹਿ, ਫੇਰ ਸੁਫੇਰਾ।
ਮੈਂ ਹੋ ਬੀਚ ਨਿਵਾਰਨਿ ਕਰੌਂ। ਤੁਮਰੇ ਹਿਤ ਮਹਿਂ ਨਿਤ ਅਨੁਸਰੌਂ॥ ੩੬॥

ਜੇ ਨੌਰੰਗੇ ਦਾ ਹੱਠ ਵੇਖਾਂਗੇ ਕਿ ਉਹ ਪਾਸ ਬੁਲਾ ਕੇ ਮਿਲਣਾ ਚਾਹੁੰਦਾ ਹੈ ਤਾਂ ਫਿਰ ਉਸ ਨੂੰ ਹਟਾ ਦੇਵਾਂਗੇ, ਮੈਂ ਵਿਚ ਪੈ ਕੇ ਬਾਦਸ਼ਾਹ ਨੂੰ ਟਾਲ ਦੇਵਾਂਗਾ, ਤੁਹਾਡੇ ਵਾਸਤੇ ਸਦਾ ਤੁਹਾਡੀ ਆਗਿਆ ਅਨੁਸਾਰ ਰਹਾਂਗਾ॥੩੬॥

ਹਿੰਦੂ ਜਨਮ ਧਰਮੱਗਜ ਸਦਾ ਹੌਂ। ਬਿੱਪ੍ਰ ਕਰੌਂ ਨ ਆਪ ਕਦਾ ਹੌਂ।
ਜੇ ਕਰਿ ਪਿਖਤਿ ਸ਼ਾਹੁ ਹਠ ਕਰਤਾ। ਰਹਤਿ ਨਿਰਾਲੇ, ਬੀਚ ਨ ਪਰਤਾ॥ ੩੭॥

ਮੇਰਾ ਹਿੰਦੂ ਘਰ ਵਿਚ ਜਨਮ ਹੋਇਆ ਹੈ ਤੇ ਮੈਂ ਸਦਾ ਹੀ ਹਿੰਦੂ ਧਰਮ ਦਾ ਗਿਆਤਾ ਰਿਹਾ ਹਾਂ। ਮੈਂ ਕਦੇ ਵੀ ਉਲਟ ਕਾਰਜ ਨਹੀਂ ਕਰਾਂਗਾ। ਜੇ ਮੈਨੂੰ ਜਾਪਦਾ ਕਿ ਬਾਦਸ਼ਾਹ ਹੱਠ ਕਰੇਗਾ ਤਾਂ ਮੈਂ ਅਲੱਗ ਹੀ ਰਹਿੰਦਾ ਤੇ ਤੁਹਾਡੇ ਲਿਆਉਣ ਬਾਰੇ ਵਿਚ ਨਾ ਪੈਂਦਾ॥੩੭॥

ਰਿਦਾ ਸੁੱਧ ਮੈ ਜਾਨਜੋਂ ਜਬੈ। ਦੂਤ ਪਠਜੋ ਤੁਮਰੀ ਦਿਸ਼ਿ ਤਬੈ।
ਰਾਵਰ ਕੇ ਭ੍ਰਾਤਾ ਬਹੁ ਕਹਜੋ। ਯਾਂਤੇ ਤੁਮਹੁ ਅਨਾਵਨ ਚਹਜੋ॥ ੩੮॥

ਜਦ ਮੈਂ ਉਸ ਦਾ ਹਿਰਦਾ ਸੁਧ ਜਾਣਿਆ, ਤਦ ਹੀ ਮੈਂ ਦੂਤ ਨੂੰ ਤੁਹਾਡੇ ਵੱਲ ਭੇਜਿਆ ਹੈ। ਆਪ ਜੀ ਦੇ ਭਰਾ ਨੇ ਬਹੁਤ ਕਿਹਾ ਹੈ, ਏਸੇ ਕਰਕੇ ਤੁਹਾਡਾ ਆਉਣਾ ਚਾਹਿਆ ਹੈ॥੩੮॥

ਦਿੱਲੀ ਮਹਿਂ ਪ੍ਰਵਿਸ਼ਹੁ ਇਕ ਬਾਰੀ। ਹੁਇ ਹੈਂ ਸਭਿ ਤੁਮਰੇ ਅਨੁਸਾਰੀ।
ਮਿਲਨਿ ਸ਼ਾਹੁ ਕੋ ਜੇ ਨਹਿਂ ਚਾਹੋ। ਰਹਹੁ ਸਦਨ ਮਮ, ਜਾਹੁ ਨ ਪਾਹੋ॥ ੩੯॥

ਦਿੱਲੀ ਨਗਰ ਵਿਚ ਇਕ ਵਾਰ ਪ੍ਰਵੇਸ਼ ਕਰੋ ਤਾਂ ਸਾਰੇ ਸਿੱਖ ਆਦਿ ਤੁਹਾਡੀ ਆਗਿਆ ਅਨੁਸਾਰ ਹੋ ਜਾਣਗੇ। ਜੇ ਬਾਦਸ਼ਾਹ ਨੂੰ ਮਿਲਣਾ ਨਾ ਚਾਹੋ ਤਾਂ ਮੇਰੇ ਘਰ ਵਿਚ ਠਹਿਰੋ ਤੇ ਕਦੀ ਵੀ ਉਸ ਪਾਸ ਨਾ ਜਾਵੋ॥੩੯॥

ਮਿਲਨਿ ਅਮਿਲਨਿ ਜਥਾ ਤੁਮ ਉਰ ਮੈਂ। ਕਰਹਿਂ ਤਥਾ, ਆਵਹੁ ਇਸ ਪੁਰਿ ਮੈਂ।
ਇਸ ਪ੍ਰਕਾਰ ਰਹਿ ਹੈ ਪਤਿ ਮੇਰੀ। ਦਰਸ ਕਾਮਨਾ ਪੁਰਹੁ ਬਡੇਰੀ॥ ੪੦॥

ਮਿਲਣਾ, ਨਾ ਮਿਲਣਾ ਜਿਵੇਂ ਤੁਹਾਡੇ ਹਿਰਦੇ ਵਿਚ ਹੈ, ਉਸ ਤਰ੍ਹਾਂ ਹੀ ਕਰੋ, ਪਰ ਇਸ ਨਗਰ ਵਿਚ ਜ਼ਰੂਰ ਆਵੋ। ਇਸ ਪ੍ਰਕਾਰ ਮੇਰੀ ਪਤ ਰਹਿੰਦੀ ਹੈ, ਦਰਸ਼ਨ ਕਰਕੇ ਵੱਡੀ ਕਾਮਨਾ ਪੂਰੀ ਕਰਾਂਗਾ॥੪੦॥

ਇਮ ਜੈ ਸਿੰਘ ਮਹੀਸ਼ ਮਹਾਨਾ। ਬਿਨੈ ਕੀਨਿ ਮਨ ਪ੍ਰੇਮ ਬਧਾਨਾ।
ਅਬਿ ਰਾਵਰ ਕੇ ਜਿਮ ਚਿਤ ਆਵੈ। ਕਰਹੁ ਕਾਰ ਤਿਮ ਸਭਿ ਹਰਖਾਵੈਂ॥੪੧॥

ਇਸ ਤਰ੍ਹਾਂ ਮਹਾਨ ਰਾਜੇ ਜੈ ਸਿੰਘ ਨੇ, ਮਨ ਵਿਚ ਬਹੁਤ ਪ੍ਰੇਮ ਵਧਾ ਕੇ ਬੇਨਤੀ ਕੀਤੀ ਹੈ। ਹੁਣ ਆਪ ਜੀ ਦੇ ਜਿਵੇਂ ਚਿਤ ਵਿਚ ਆਉਂਦਾ ਹੈ, ਉਸ ਤਰ੍ਹਾਂ ਹੀ ਕਾਰਜ ਕਰੋ ਜਿਵੇਂ ਸਾਰੇ ਪ੍ਰਸੰਨ ਹੋ ਜਾਣ'॥੪੧॥

*ਦਸਵੀਂ ਰਾਸ ਦਾ ਪੈਂਤੀਵਾਂ ਅਧਿਆਇ ਸਮਾਪਤ ਹੋਇਆ॥੩੫॥*

## *ਅਧਿਆਇ ਛੱਤੀਵਾਂ*

### *ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦਾ ਦਿੱਲੀ ਨੂੰ ਜਾਣਾ*

ਦੋਹਰਾ- ਇਮ ਨ੍ਰਿਪ ਜੈ ਸਿੰਘ ਦੂਤ ਕੇ ਬਾਕ ਸੁਨੇ ਸਭਿ ਕਾਨ।
ਭਗਤ ਵਛਲ ਨਿਜ ਬਿਰਦ ਕੋ ਸਤਿਗੁਰ ਸਿਮਰਨਿ ਠਾਨਿ॥ ੧॥

ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੇ ਇਸ ਤਰ੍ਹਾਂ ਰਾਜੇ ਜੈ ਸਿੰਘ ਦੇ ਦੂਤ ਦੇ ਸਾਰੇ ਬਚਨ ਆਪਣੇ ਕੰਨਾਂ ਨਾਲ ਸੁਣੇ। ਆਪਣੇ ਭਗਤ ਵਛਲ ਧਰਮ ਨੂੰ ਸਤਿਗੁਰੂ ਜੀ ਨੇ ਯਾਦ ਕੀਤਾ॥੧॥

ਚੌਪਈ- ਬਿਨੈ ਸ ਪ੍ਰੇਮ ਡੋਰ ਕੇ ਸਾਥ। ਬੰਧਮਾਨ ਹੋਵਤਿ ਜਗ ਨਾਥ।
ਐਂਚਜੋ ਵਿਰਤਿ ਭਗਤ ਕੇ ਸੰਗ। ਤਜਾਗ ਨ ਸਕਹਿਂ ਸਦਾ ਇਕ ਰੰਗ॥੨॥

ਜਗਤ ਦੇ ਨਾਥ ਸਤਿਗੁਰੂ ਜੀ ਬਿਨੇ ਰੂਪੀ ਪ੍ਰੇਮ ਦੀ ਡੋਰੀ ਦੇ ਨਾਲ ਬੱਝੇ ਹੋਏ ਹਨ। ਡੋਰ ਨਾਲ ਖਿੱਚੇ ਹੋਏ ਭਗਤਾਂ ਦੇ ਨਾਲ ਵਿਚਰਦੇ ਹਨ। ਕਦੀ ਵੀ ਤਿਆਗ ਨਹੀਂ ਸਕਦੇ, ਸਦਾ ਇਕ ਰੰਗ ਰਹਿੰਦੇ ਹਨ॥੨॥

ਕਿਤਿਕ ਕਾਲ ਜਗ ਗੁਰ ਰਹਿ ਮੌਨ। ਕੈਸਜੋਂ ਦਿਯੋ ਨ ਉੱਤਰ ਕੌਨ।
ਪੁਨਹਿ ਭਵਿੱਖਜਤ ਸਕਲ ਬਿਚਾਰੀ। ਹੁਇ ਹੈ ਜਥਾ ਈਸ਼ ਗਤਿ ਭਾਰੀ॥ ੩॥

ਜਗਤ ਗੁਰੂ ਜੀ ਕਾਫ਼ੀ ਸਮਾਂ ਚੁੱਪ ਰਹੇ, ਕਿਸੇ ਨੂੰ ਕੋਈ ਉੱਤਰ ਨਾ ਦਿੱਤਾ, ਫਿਰ ਸਾਰੇ ਭਵਿੱਖ ਕਾਲ ਉੱਤੇ ਵਿਚਾਰ ਕੀਤੀ। ਜਿਵੇਂ ਈਸ਼ਵਰ ਦੀ ਮਰਜ਼ੀ ਹੈ ਸਾਰੀ ਗਤੀ ਹੋਵੇਗੀ॥੩॥

ਸੋ ਬਿਚਾਰ ਕਰਿ ਚਿਤ ਮਹਿਂ ਨੀਕੇ। ਚਲਿਬੋ ਚਹਜੋ ਸੁ ਦਿਸ਼ਿ ਦਿੱਲੀ ਕੇ।
ਤਿਸ ਦਿਨ ਪੁਨ ਜੇ ਮੁੱਖਜ ਮਸੰਦ। ਕਰੇ ਹਕਾਰਨਿ ਸੁਮਤਿ ਬਿਲੰਦ॥ ੪॥

ਉਸ ਨੂੰ ਚਿੱਤ ਵਿਚ ਚੰਗੀ ਤਰ੍ਹਾਂ ਵਿਚਾਰ ਕੇ, ਦਿੱਲੀ ਵਾਲੇ ਪਾਸੇ ਚਲਣਾ ਚਾਹਿਆ। ਉਸ ਦਿਨ ਸਾਰੇ ਜਿਹੜੇ ਮੁਖੀ ਮਸੰਦ ਸਨ ਅਤੇ ਜਿਹੜੇ ਸ੍ਰੇਸ਼ਟ ਉੱਚੀ ਬੁੱਧੀ ਵਾਲੇ ਸਨ, ਉਨ੍ਹਾਂ ਸਭ ਨੂੰ ਬੁਲਾਇਆ॥੪॥

ਸਭਿਹਿਨਿ ਸੋਂ ਸ੍ਰੀ ਮੁਖ ਤੇ ਕਹਜੋ। 'ਗਮਨਿ ਬ੍ਰਿਤਾਂਤ ਕਥੰ ਚਿਤ ਲਹਜੋ।
ਪਰਣ ਅਡੋਲ ਹਮਾਰੇ ਏਹੀ। ਦਰਸ਼ਨ ਤੁਰਕ ਦੇਹਿਂ ਨਹਿਂ ਲੇਹੀ॥ ੫॥

ਸਾਰਿਆਂ ਨੂੰ ਗੁਰੂ ਜੀ ਨੇ ਆਪਣੇ ਮੁੱਖ ਤੋਂ ਕਿਹਾ, "ਦਿੱਲੀ ਜਾਣ ਬਾਰੇ ਕੈਸਾ ਤੁਸੀਂ ਚਿੱਤ ਵਿਚ ਜਾਣਿਆ ਹੈ। ਸਾਡਾ ਇਹ ਪ੍ਰਣ ਅਡੋਲ ਹੈ, ਤੁਰਕ ਬਾਦਸ਼ਾਹ ਨੂੰ ਨਾ ਦਰਸ਼ਨ ਦੇਵਾਂਗੇ ਤੇ ਨਾ ਹੀ ਉਸਦੇ ਦਰਸ਼ਨ ਕਰਾਂਗੇ॥੫॥

ਨ੍ਰਿਪ ਜੈ ਸਿੰਘ ਕੀ ਪ੍ਰੀਤਿ ਘਨੇਰੀ। ਬਿਨਤੀ ਕੀਨਿ ਬਖਾਨਿ ਬਡੇਰੀ।
ਤਿਸਕੋ ਭਾਉ ਨ ਫੇਰਜੋ ਜਾਇ। ਅਨਿਕ ਉਪਾਇਨ ਪ੍ਰੇਮ ਬਢਾਇ॥ ੬॥

ਰਾਜੇ ਜੈ ਸਿੰਘ ਦੀ ਬਹੁਤ ਗੂੜ੍ਹੀ ਪ੍ਰੀਤ ਹੈ, ਉਸ ਨੇ ਬਹੁਤ ਵੱਡੀ ਬੇਨਤੀ ਕਰ ਕੇ ਭੇਜਿਆ ਹੈ। ਉਸ ਦੇ ਪ੍ਰੇਮ ਨੂੰ ਟਾਲਿਆ ਨਹੀਂ ਜਾ ਸਕਦਾ। ਉਸ ਨੇ ਪ੍ਰੇਮ ਵਧਾ ਕੇ ਅਨੇਕਾਂ ਉਪਹਾਰ ਭੇਜੇ ਹਨ॥੬॥

ਤਿਸ ਕੋ ਦੂਤ ਨ ਛੂਛੇ ਫੇਰਹਿਂ। ਉਚਿਤ, ਜਾਇ ਦਿੱਲੀ ਪੁਰਿ ਹੇਰਹਿਂ।
ਕੈਸਿਹੁਂ ਬਨਹਿਂ ਤਹਾਂ ਸਭਿ ਸਹੀਐ। ਸੇਵਕ ਕੋ ਸੁ ਪ੍ਰੇਮ ਨਿਰਬਹੀਐ॥ ੭॥

ਉਸ ਦੇ ਦੂਤ ਨੂੰ ਖ਼ਾਲੀ ਨਹੀਂ ਮੋੜਾਂਗੇ। ਇਹੀ ਉਚਿਤ ਹੈ ਕਿ ਦਿੱਲੀ ਨਗਰੀ ਨੂੰ ਜਾ ਕੇ ਵੇਖੀਏ। ਉਥੇ ਕਿਸ ਤਰ੍ਹਾਂ ਵੀ ਬਣੇ, ਸਭ ਬਰਦਾਸ਼ਤ ਕਰਾਂਗੇ, ਸੇਵਕ ਦੇ ਸ੍ਰੇਸ਼ਟ ਪ੍ਰੇਮ ਨੂੰ ਨਿਭਾਹੀਏ'॥੭॥

ਇਮ ਸੁਨਿ ਕੈ ਮਸੰਦ ਸਮੁਦਾਏ। ਸ੍ਰੀ ਮਾਤਾਦਿ ਭਏ ਹਰਖਾਏ।
'ਮਨ ਬਾਂਛਤਿ ਸਭਿਹਿਨਿ ਕੋ ਭਇਊ। ਰਹਜੋ ਸੁਤ, ਇਸਥਿਰਤਾ ਲਇਊ॥੮॥

ਇਹ ਸੁਣ ਕੇ ਸਾਰੇ ਮਸੰਦ ਤੇ ਸ੍ਰੀ ਮਾਤਾ ਜੀ ਆਦਿ ਬਹੁਤ ਪ੍ਰਸੰਨ ਹੋਏ। ਸਾਰਿਆਂ ਦੇ ਮਨ ਦੀ ਇੱਛਾ ਅਨੁਸਾਰ ਹੋਇਆ। ਜੇ ਬਾਦਸ਼ਾਹ ਨਾਲ ਸੁਲਾਹ ਰਹੀ ਤਾਂ ਕੀਰਤਪੁਰ ਦਾ ਟਿਕਾਣਾ ਪ੍ਰਾਪਤ ਰਹੇਗਾ॥੮॥

ਜੇ ਨਹਿਂ ਜਾਤਿ ਸ਼ਾਹੁ ਬਡ ਬਾਦੀ। ਕੋ ਜਾਨਹਿ ਕਜਾ ਕਰਤਿ, ਪ੍ਰਮਾਦੀ।
ਕੀਰਤਪੁਰਿ ਬਸਿਬੋ ਮਹਿਂ ਤਬੈ। ਸੰਸੈ ਹੁਤੋ, ਕਹਤਿ ਬ੍ਰਿਧ ਸਬੈ॥ ੯॥

ਜੇ ਨਾ ਜਾਂਦੇ ਤਾਂ ਬਾਦਸ਼ਾਹ ਵੱਡਾ ਹੱਠੀ ਅਤੇ ਜ਼ਿੱਦੀ ਹੈ। ਕੌਣ ਜਾਣਦਾ ਹੈ ਕਿ ਉਹ ਝਗੜਾਲੂ ਅਤੇ ਸਿਰੜੀ ਕੀ ਕਰਦਾ। ਕੀਰਤਪੁਰ ਰਹਿਣ ਵਿਚ ਫਿਰ ਸੰਸਾ ਹੁੰਦਾ, ਸਾਰੇ ਬਜ਼ੁਰਗ ਕਹਿ ਰਹੇ ਸਨ॥੯॥

ਅਬਿ ਰਸ ਰਹ੍ਯੋ, ਪੁਰੀ ਗਮਨੈ ਹੈਂ। ਤਹਿਂ ਭੀ ਜੈ ਸਿੰਘ ਨ੍ਰਿਪ ਸੁਰਿਝੈ ਹੈ॥
ਇੱਤ੍ਯਾਦਿਕ ਆਪਸ ਮਹਿਂ ਕਹਿ ਕਹਿ। ਚਿਤ ਥਿਰ ਭਏ ਭਲੀ ਬਿਧਿ ਲਹਿ ਲਹਿ॥੧੦॥

ਹੁਣ ਰਸ ਰਿਹਾ ਹੈ, ਦਿੱਲੀ ਨਗਰ ਨੂੰ ਚਲੇ ਹਨ, ਫਿਰ ਰਾਜਾ ਜੈ ਸਿੰਘ ਵੀ ਖੁਸ਼ ਰਹੇਗਾ।'' ਇਤਿਆਦਿਕ ਆਪਸ ਵਿਚ ਕਹਿ ਕਹਿ ਕੇ ਚਿਤ ਸਥਿਰ ਹੋ ਕੇ ਭਲੀ ਵਿਧੀ ਅਨੁਸਾਰ ਲਹਿਰਾ ਉਠੇ, ਭਾਵ ਪ੍ਰਸੰਨ ਹੋ ਗਏ॥੧੦॥

ਠਹਿਰੀ ਠੀਕ ਗਮਨ ਕੀ ਏਵ। ਸਰਬ ਸਰਾਹਹਿਂ ਸ੍ਰੀ ਗੁਰਦੇਵ।
ਮਸਲਤ ਕਰਤਿ ਸੁ ਦਿਵਸ ਬਿਤਾਯੋ। ਤ੍ਯਾਰੀ ਕਰਨਿ ਹੇਤੁ ਹਿਤ ਲਾਯੋ॥੧੧॥

ਇਸ ਤਰ੍ਹਾਂ ਦਿਲੀ ਜਾਣ ਦੀ ਕ੍ਰਿਆ ਨੂੰ ਸਾਰਿਆਂ ਨੇ ਠੀਕ ਠਹਿਰਾਇਆ ਤੇ ਸਾਰੇ ਹੀ ਗੁਰੂ ਜੀ ਦੀ ਬਹੁਤ ਸ਼ਲਾਘਾ ਕਰਦੇ ਸਨ। ਸਲਾਹ ਕਰਦਿਆਂ ਸਾਰਾ ਦਿਨ ਬਤੀਤ ਕੀਤਾ ਤੇ ਤਿਆਰੀ ਕਰਨ ਵਾਸਤੇ ਚਿਤ ਲਾਇਆ॥੧੧॥

ਭਈ ਪ੍ਰਭਾਤਿ ਕੀਨਿ ਇਸ਼ਨਾਨਾ। ਬਸਤ੍ਰ ਬਿਭੂਖਨ ਪਹਿਰੇ ਨਾਨਾ।
ਸਭਾ ਬੈਠਿ ਬੁਲਵਾਯਹੁ ਦੂਤ। ਬੋਲੇ ਸ੍ਰੀ ਹਰਿਰਾਇ ਸਪੂਤ॥ ੧੨॥

ਜਦ ਸਵੇਰ ਹੋਈ ਤਾਂ ਇਸ਼ਨਾਨ ਕੀਤਾ ਤੇ ਕਈ ਪ੍ਰਕਾਰ ਦੇ ਵਸਤਰ ਅਤੇ ਗਹਿਣੇ ਪਹਿਨੇ। ਸਭਾ ਵਿਚ ਬੈਠ ਕੇ ਦੂਤ ਨੂੰ ਬੁਲਾਇਆ ਤੇ ਸ੍ਰੀ ਗੁਰੂ ਹਰਿਰਾਇ ਜੀ ਦੇ ਸਪੁੱਤਰ ਬੋਲੇ॥੧੨॥

'ਕਹ੍ਯੋ ਪ੍ਰੇਮ ਨ੍ਰਿਪ ਕੋ ਤੈਂ ਨਾਨਾ। ਯਾਂਤੇ ਗਮਨ ਕਰਨਿ ਹਮ ਮਾਨਾ।
ਪੁਰ ਮਹਿਂ ਪ੍ਰਵਿਸ਼ੇ ਮਿਲਿ ਹੈ ਜਬੈ। ਬਿਨਤੀ ਸਹਿਤ ਨ ਕੁਛ ਕਹਿ ਤਬੈ॥੧੩॥

''ਤੁਸੀਂ ਰਾਜੇ ਦੇ ਪ੍ਰੇਮ ਬਾਰੇ ਕਈ ਪ੍ਰਕਾਰ ਕਿਹਾ ਹੈ, ਇਸ ਕਰਕੇ ਅਸੀਂ ਉਥੇ ਜਾਣਾ ਮੰਨਿਆ ਹੈ। ਨਗਰ ਵਿਚ ਦਾਖ਼ਲ ਹੁੰਦਿਆਂ ਹੀ ਉਹ ਜਦ ਮਿਲ ਪੈਣਗੇ, ਤਦ ਬੇਨਤੀ ਸਹਿਤ ਕੁਛ ਨਹੀਂ ਕਹਿਣਾ॥੧੩॥

ਮਿਲਹਿਂ ਨ ਤੁਰਕ ਸਾਥ ਤਹਿਂ ਕਬਿਹੂੰ। ਹਮ ਇਹ ਬਾਤ ਕਹਤਿ ਲੇ ਅਬਿਹੂੰ।
ਇਮ ਪੂਰਬ ਲਿਖਿ ਪਠਿ ਪਰਵਾਨਾ'। ਸੁਮਤਿਵੰਤਿ ਭੂਪਤਿ ਪਰਧਾਨਾ॥ ੧੪॥

ਉਥੇ ਜਾਕੇ ਤੁਰਕ ਬਾਦਸ਼ਾਹ ਨਾਲ ਕਦੀ ਨਹੀਂ ਮਿਲਾਂਗੇ, ਇਹ ਗੱਲ ਅਸੀਂ ਹੁਣੇ ਹੀ ਕਹਿ ਦਿੰਦੇ ਹਾਂ, ਇਸ ਤਰ੍ਹਾਂ ਪਹਿਲਾਂ ਹੀ ਪ੍ਰਵਾਨਾ ਲਿਖ ਕੇ ਭੇਜ ਦੇਵੋ।'' ਸ੍ਰੇਸ਼ਟ ਬੁੱਧੀ ਵਾਲੇ ਰਾਜੇ ਦਾ ਮੁਖ ਪਰਧਾਨ॥੧੪॥

ਤਬਿ ਕਰਿ ਜੋਰੇ ਬਾਕ ਉਚਾਰਾ। 'ਸੁਨਹੁ ਗੁਰੂ ਜੀ! ਮਹਦ ਉਦਾਰਾ।
ਨ੍ਰਿਪ ਕੀ ਏਕ ਹਕਾਰਨਿ ਕਾਰ। ਚਾਹਤਿ ਤੁਮਰੋ ਕਰ੍ਯੋ ਦਿਦਾਰ॥ ੧੫॥

ਤਦ ਹੱਥ ਜੋੜ ਕੇ ਬੋਲਿਆ, ''ਹੇ ਗੁਰੂ ਜੀ! ਸੁਣੋ, ਤੁਸੀਂ ਵੱਡੇ ਉਦਾਰ ਚਿੱਤ ਹੋ। ਰਾਜੇ ਦੇ ਬੁਲਾਉਣ ਦਾ ਕੰਮ ਕੇਵਲ ਇਕੋ ਹੈ। ਉਹ ਤੁਹਾਡੇ ਦਰਸ਼ਨ ਕਰਨਾ ਚਾਹੁੰਦਾ ਹੈ॥੧੫॥

ਪੁਨ ਰਾਵਰ ਕੇ ਰਹਿ ਅਨੁਸਾਰੀ। ਨਹਿਂ ਕੈਸਿਹੁਂ ਹੋਵਹਿ ਤਕਰਾਰੀ।
ਇਹ ਤੌ ਪ੍ਰਥਮ ਮਤੋ ਤਿਸ ਕੇਰਾ। ਮਨ ਕਰਿ ਲਖਹੁ ਆਪਨੋ ਚੇਰਾ॥ ੧੬॥

ਫਿਰ ਉਹ ਆਪ ਜੀ ਦੀ ਆਗਿਆ ਅਨੁਸਾਰ ਰਹੇਗਾ ਤੇ ਕਦੇ ਵੀ ਕਿਸੇ ਪ੍ਰਕਾਰ ਦਾ ਤਕਰਾਰ ਨਹੀਂ ਕਰੇਗਾ। ਇਹ ਤਾਂ ਉਸ ਦਾ ਪਹਿਲਾ ਮੱਤ ਹੈ, ਉਸ ਨੂੰ ਮਨ ਕਰਕੇ ਆਪਣਾ ਸੇਵਕ ਸਮਝੋ॥੧੬॥

ਲਿਖਿ ਪਠਿਹੌਂ ਅਬਿ ਕਹੇ ਤੁਮਾਰੇ। ਦ੍ਰਿਢ ਮਤ ਹੁਇ ਹੈ ਜਥਾ ਉਚਾਰੇ।
ਸ਼ਰਧਾਲੂ ਭੂਪਤਿ ਕਹੁ ਜਾਨਹੁ। ਹਿਤ ਕਰਤਾ ਨਿਤ ਬੁਧਿ ਮਤ ਮਾਨਹੁ॥੧੭॥

ਹੁਣ ਤੁਹਾਡੇ ਕਹਿਣ ਤੇ ਲਿਖ ਕੇ ਭੇਜਾਂਗਾ, ਜਿਵੇਂ ਤੁਸੀਂ ਦ੍ਰਿੜ੍ਹ ਮੱਤ ਹੋ ਕੇ ਉਚਾਰਨ ਕੀਤਾ ਹੈ। ਰਾਜੇ ਨੂੰ ਆਪਣਾ ਸਰਧਾਲੂ ਜਾਣੋ ਜਿਹੜਾ ਸਦਾ ਹਿਤ ਕਰਦਾ ਹੈ, ਉਸ ਨੂੰ ਬੁਧੀਵਾਨ ਜਾਣੋ'' ॥੧੭॥

ਇਮ ਸਤਿਗੁਰ ਕੀ ਮਰਜ਼ੀ ਲਖਿਕੈ। ਪਠਜੋ ਬ੍ਰਿਤਾਂਤ ਸਕਲ ਹੀ ਲਿਖਿਕੈ।
'ਤੁਮਰੋ ਪ੍ਰੇਮ ਜਾਨਿ ਭੇ ਤਯਾਰ। ਮਿਲਹੁ ਇਨਹਿ ਜਬਿ, ਰਹੁ ਅਨੁਸਾਰਿ ॥੧੮॥

ਇਸ ਤਰ੍ਹਾਂ ਸਤਿਗੁਰੂ ਜੀ ਦੀ ਮਰਜ਼ੀ ਸਮਝ ਕੇ, ਸਾਰਾ ਬ੍ਰਿਤਾਂਤ ਹੀ ਲਿਖ ਕੇ ਭੇਜਿਆ, "ਤੁਹਾਡਾ ਪ੍ਰੇਮ ਜਾਣ ਕੇ ਤਿਆਰ ਹੋਏ ਹਨ, ਜਦ ਇਨ੍ਹਾਂ ਨੂੰ ਮਿਲੋ ਤਾਂ ਇਨ੍ਹਾਂ ਦੀ ਆਗਿਆ ਅਨੁਸਾਰ ਰਹੋ॥੧੮॥

ਜਯੋਂ ਮਨ ਹੋਇ, ਸੁ ਮੁਖ ਤੇ ਕਹੀਐ। ਜੋ ਮੁਖ ਕਹਹਿਂ ਸੁ ਮਨ ਥਿਰ ਰਹੀਅਹਿ।
ਸਭਿ ਘਟ ਘਟ ਕੇ ਜਾਣਨ ਹਾਰੇ। ਹੇਰਹਿਂ ਕਪਟ ਤ ਸ੍ਰਾਪ ਉਚਾਰੇਂ ॥੧੯॥

ਜਿਵੇਂ ਮਨ ਹੋਵੇ, ਉਸ ਤਰ੍ਹਾਂ ਮੁੱਖ ਤੋਂ ਕਹੋ, ਜੋ ਮੁੱਖ ਤੋਂ ਕਹੋ ਮਨ ਵਿਚ ਉਸ ਉਤੇ ਸਥਿਰ ਰਹੋ। ਅੰਤਰਜਾਮੀ ਸਭ ਦੇ ਦਿਲਾਂ ਦੇ ਜਾਣਨਹਾਰੇ ਹਨ ਤੇ ਜਦ ਕਪਟ ਵੇਖਦੇ ਹਨ ਤਾਂ ਸਰਾਪ ਦੇ ਦਿੰਦੇ ਹਨ॥੧੯॥

ਅਪਨੋ ਭਲੋ ਜਾਨੀਅਹਿ ਜੈਸੇ। ਇਨ ਕੇ ਸਾਥ ਬਰਤੀਅਹਿ ਤੈਸੇ।
ਸ਼ਾਹੁ ਨਿਕਟਿ ਜੋ ਤੁਮ ਪ੍ਰਨ ਠਾਨਾ। ਲਜਾਵਨਿ ਸ੍ਰੀ ਗੁਰ ਕੋ ਇਸਥਾਨਾ ॥੨੦॥

ਜਿਵੇਂ ਆਪਣਾ ਭਲਾ ਜਾਣੋ, ਇਨ੍ਹਾਂ ਦੇ ਨਾਲ ਉਸ ਤਰ੍ਹਾਂ ਦਾ ਹੀ ਵਰਤਾਉ ਕਰੋ। ਬਾਦਸ਼ਾਹ ਨਾਲ ਜਿਹੜਾ ਤੁਸੀਂ ਪ੍ਰਣ ਕੀਤਾ ਹੈ ਕਿ ਸ੍ਰੀ ਗੁਰੂ ਜੀ ਨੂੰ ਇਕ ਵਾਰ ਦੇਖੋ ਲਿਆਉਣਾ ਹੈ॥੨੦॥

ਤੋਹਿ ਭਾਗ ਤੇ ਪੂਰਨ ਭਇਊ। ਕੋ ਦਿਨ ਮਹਿਂ ਪਹੁਂਚਹਿਂ ਸੰਗ ਲਇਊ'।
ਇੱਤਯਾਦਿਕ ਲਿਖਿ ਭੇਜਯੋ ਨ੍ਰਿਪ ਪਹਿ। ਪਠਿ ਕਰਿ ਹਰਖ ਭਯੋ ਅਤਿ ਉਰ ਮਹਿਂ ॥੨੧॥

ਤੁਹਾਡੇ ਭਾਗਾਂ ਕਾਰਨ ਉਹ ਪੂਰਨ ਹੋਇਆ ਹੈ, ਕੁਝ ਦਿਨਾਂ ਵਿਚ ਪਹੁੰਚ ਜਾਣਗੇ ਮੈਂ ਆਪਣੇ ਨਾਲ ਲਿਆ ਰਿਹਾ ਹਾਂ।" ਇੱਤਿਆਦਿਕ ਰਾਜੇ ਦੇ ਪਾਸ ਲਿਖ ਕੇ ਭੇਜ ਦਿੱਤਾ ਤੇ ਪੱਤਰ ਭੇਜ ਕੇ ਹਿਰਦੇ ਵਿਚ ਬਹੁਤ ਪ੍ਰਸੰਨ ਹੋਇਆ ॥੨੧॥

ਜਬਿ ਕੋ ਪਠਜੋ ਹਕਾਰਨਿ ਗੁਰ ਕੋ। ਮਿਟਯੋ ਨ ਫਿਕਰ ਭੂਪ ਕੇ ਉਰ ਕੋ।
ਨਿਸ਼ਚੈ ਜਾਨਜੋ ਆਵਹਿਂ ਇਹਾਂ। ਜਨੁ ਜਲ ਮਿਲਜੋ ਚਹਿਤਿ ਤਰੁ ਮਹਾਂ ॥੨੨॥

ਜਦ ਦਾ ਪਰਧਾਨ ਨੂੰ ਗੁਰੂ ਜੀ ਨੂੰ ਬੁਲਾਉਣ ਵਾਸਤੇ ਭੇਜਿਆ ਹੈ ਰਾਜੇ ਦੇ ਦਿਲ ਦਾ ਫ਼ਿਕਰ ਖ਼ਤਮ ਨਹੀਂ ਹੋਇਆ। ਜਦ ਇਹ ਨਿਸ਼ਚੇ ਵਿਚ ਜਾਣਿਆ ਕਿ ਏਥੇ ਆ ਰਹੇ ਹਨ ਤਾਂ ਜਿਵੇਂ ਜਲ ਦੇ ਪਿਆਸੇ ਬ੍ਰਿਛ ਨੂੰ ਜਲ ਮਿਲਿਆ ਹੋਵੇ, ਰਾਜਾ ਇਸ ਤਰ੍ਹਾਂ ਪ੍ਰਸੰਨ ਹੋ ਗਿਆ॥੨੨॥

ਅਧਿਕ ਤਿਹਾਵਲ ਕੋ ਬਨਵਾਇ। ਕਰਿ ਅਰਦਾਸ ਦੀਨਿ ਬੰਡਵਾਇ।
ਬਧੀ ਲਾਲਸਾ ਹੇਰਨਿ ਕੇਰੀ। ਮਿਲੇ ਨੀਰ ਜਨੁ ਲਤਾ ਬਡੇਰੀ ॥ ੨੩॥

ਰਾਜੇ ਨੇ ਬਹੁਤ ਕੜਾਹ ਪ੍ਰਸ਼ਾਦ ਤਿਆਰ ਕਰਵਾਇਆ ਤੇ ਅਰਦਾਸ ਕਰਕੇ ਵੰਡ ਦਿੱਤਾ। ਦਰਸ਼ਨ ਕਰਨ ਦੀ ਅਭਿਲਾਸ਼ਾ ਇਉਂ ਬਹੁਤ ਵੱਧ ਗਈ ਜਿਵੇਂ ਵੱਡੀ ਵੇਲ ਨੂੰ ਪਾਣੀ ਆ ਮਿਲਦਾ ਹੈ॥੨੩॥

ਕਰਤਿ ਪ੍ਰਤੀਖਨਿ ਕਬ ਪੁਰਿ ਆਵਹਿਂ। ਬਾਰ ਬਾਰ ਲਿਖ ਪੱਤ੍ਰ ਪਠਾਵਹਿ।
ਬਿਨੈ ਲਿਖੀ ਪਹੁਚੇ ਗੁਰ ਪਾਸ। ਅਧਿਕ ਬਧਾਵਹਿ ਪ੍ਰੇਮ ਪ੍ਰਕਾਸ਼ ॥ ੨੪॥

ਇੰਤਜ਼ਾਰ ਕਰਦੇ ਹਨ ਕਿ ਕਦ ਗੁਰੂ ਜੀ ਨਗਰ ਵਿਚ ਆਉਣਗੇ, ਬਾਰ-ਬਾਰ ਪੱਤਰ ਲਿਖ ਕੇ ਭੇਜਦੇ ਸਨ। ਬੇਨਤੀ ਲਿਖ ਕੇ ਗੁਰੂ ਜੀ ਪਾਸ ਭੇਜੀ ਤੇ ਪ੍ਰੇਮ ਦਾ ਪ੍ਰਕਾਸ਼ ਬਹੁਤ ਜ਼ਿਆਦਾ ਵਧਾ ਲਿਆ॥੨੪॥

ਨ੍ਰਿਪ ਕੋ ਦੂਤ ਨਿਕਟਿ ਨਿਤ ਜਾਇ। ਚਲਿਨ ਹਿਤ ਅਰਦਾਸ ਕਰਾਇ।
ਅਨਿਕ ਪ੍ਰਕਾਰਨਿ ਕੇ ਕਹਿ ਬੈਨ। 'ਕਰਹੁ ਕ੍ਰਿਪਾ ਸਤਿਗੁਰ ਸੁਖਦੈਨ!' ॥੨੫॥

ਰਾਜੇ ਦਾ ਦੂਤ ਨਿਤ ਗੁਰੂ ਜੀ ਪਾਸ ਜਾਂਦਾ ਸੀ ਤੇ ਚਲਣ ਬਾਰੇ ਬੇਨਤੀ ਕਰਦਾ ਸੀ। ਅਨੇਕ ਪ੍ਰਕਾਰ ਦੇ ਬਚਨ ਕਹਿੰਦਾ ਸੀ, "ਹੇ ਸੁਖ ਦਾਤੇ, ਸਤਿਗੁਰੂ ਜੀ! ਕ੍ਰਿਪਾ ਕਰੋ" ॥੨੫॥

ਸਭਿ ਅਸਵਾਰੀਂ ਹਾਜ਼ਰ ਕਰੀ। ਰੁਚਿਰ ਪਾਲਕੀ ਨਗ ਗਨ ਜਰੀ।
ਸੀਛਿਤਿ ਹੈਂ ਕਹਾਰ ਜਿਸ ਲਾਗੇ। ਚਲਹਿਂ ਉਠਾਇ ਜਾਹਿਂ ਜਨੁ ਭਾਗੇ ॥੨੬॥

ਸਭ ਅਸਵਾਰੀਆਂ ਹਾਜ਼ਰ ਕੀਤੀਆਂ ਹਨ, ਸੁੰਦਰ ਪਾਲਕੀ ਜਿਹੜੀ ਨਗਾਂ ਨਾਲ ਜੜੀ ਹੋਈ ਸੀ। ਸਿੱਖੇ ਹੋਏ ਕਹਾਰ ਜਿਸ ਦੇ ਲਾਗੇ ਹਨ, ਉਹ ਇਸ ਤਰ੍ਹਾਂ ਪਾਲਕੀ ਉਠਾ ਕੇ ਚਲਦੇ ਹਨ ਮਾਨੋਂ ਭੱਜੇ ਜਾਂਦੇ ਹਨ ॥੨੬॥

ਸੁੰਦਰ ਸਜੰਦਨ ਸਕਲ ਸੁਹਾਵਨਿ। ਮਖ਼ਮਲ ਕੋ ਉਛਾਰ ਕਿਯ ਪਾਵਨਿ।
ਜ਼ਰੀਦੋਜ਼ ਚਮਕਾਹਿਂ ਸਿਤਾਰੇ। ਜਨੁ ਅਸਮਾਨ ਬਿਖੈ ਦੁਤਿ ਤਾਰੇ ॥੨੭॥

ਸਾਰੇ ਸੁੰਦਰ ਰੱਥ ਬੜੇ ਸੁਹਾਵਣੇ ਲੱਗ ਰਹੇ ਸਨ, ਉਨ੍ਹਾਂ ਰੱਥਾਂ ਦੇ ਉੱਤੇ ਮਖ਼ਮਲ ਦੇ ਉਛਾੜ ਪਾਏ ਹੋਏ ਸਨ। ਜ਼ਰੀਦੋਜ਼ ਸਿਤਾਰੇ ਚਮਕਦੇ ਸਨ, ਜਿਵੇਂ ਆਸਮਾਨ ਵਿਚ ਤਾਰੇ ਚਮਕਦੇ ਹੋਣ ॥੨੭॥

ਚਾਰ ਚੱਕ੍ਰ ਤੇ ਸ਼ਬਦ ਗੰਭੀਰ। ਜਨੁ ਘਨੁ ਘੋਖਤਿ ਸਹਤ ਸਮੀਰ।
ਬਲੀ ਤੁਰੰਗ ਸੰਗ ਜਿਸ ਲਾਗੇ ॥ ਸਹਿਤ ਬਿਭੂਖਨ ਜਿਨ ਦੁਤਿ ਜਾਗੇ ॥੨੮॥

ਚਾਰ ਪਹੀਆਂ ਦੇ ਚਲਣ ਨਾਲ ਗੰਭੀਰ ਆਵਾਜ਼ ਪੈਦਾ ਹੁੰਦੀ ਸੀ ਮਾਨੋਂ ਹਵਾ ਦੇ ਨਾਲ-ਨਾਲ ਬਦਲ ਗੱਜਦਾ ਹੈ। ਬਲਵਾਨ ਘੋੜੇ ਜਿਸ ਨਾਲ ਜੁੱਤੇ ਹੋਏ ਸਨ, ਗਹਿਣਿਆਂ ਸਹਿਤ ਜਿਨ੍ਹਾਂ ਦੀ ਚਮਕ ਜਗਮਗ ਕਰ ਰਹੀ ਸੀ ॥੨੮॥

ਦਿਨਪ੍ਰਤਿ ਸੰਗਤਿ ਦੇਸ਼ ਬਿਦੇਸ਼। ਹੋਹਿ ਆਗਮਨਿ ਭੀਰ ਵਿਸ਼ੇਸ਼।
ਯਾਂਤੇ ਤਯਾਰ ਭਏ ਰਹਿ ਜਾਇਂ। ਇਮ ਬਾਸੁਰ ਕੁਛ ਦਏ ਬਿਤਾਇ ॥੨੯॥

ਦਿਨ ਪ੍ਰਤਿ ਦਿਨ ਦੇਸ਼ਾਂ ਵਿਦੇਸ਼ਾਂ ਤੋਂ ਬਹੁਤ ਸੰਗਤ ਆਉਂਦੀ ਸੀ ਤੇ ਉਨ੍ਹਾਂ ਦੇ ਆਉਣ ਨਾਲ ਭੀੜ ਬਹੁਤ ਵੱਧ ਜਾਂਦੀ ਸੀ। ਇਸ ਕਰਕੇ ਤਿਆਰ ਹੋਏ ਰਹਿ ਜਾਂਦੇ ਸਨ, ਇਸ ਤਰ੍ਹਾਂ ਕਈ ਦਿਨ ਬਤੀਤ ਕੀਤੇ ॥੨੯॥

ਨਹਿਂ ਅਵਕਾਸ਼ ਚਲਨਿ ਕੋ ਪਾਵੈਂ। ਦੌਰ ਦੌਰ ਇਕ ਦੁਇ ਨਰ ਆਵੈਂ।
ਆਇ ਆਇ ਸੋ ਕਹੈਂ ਅਗਾਊ। 'ਗੁਰ ਜੀ! ਸੰਗਤਿ ਹੈ ਸਮੁਦਾਊ ॥੩੦॥

ਚਲਣ ਦਾ ਮੌਕਾ ਹੀ ਨਹੀਂ ਸੀ ਪਾਉਂਦੇ, ਦੌੜ ਦੌੜ ਮਨੁੱਖ ਇਕ ਇਕ ਦੋ ਦੋ ਦੇ ਰੂਪ ਵਿਚ ਆਈ ਜਾਂਦੇ ਸਨ। ਉਹ ਅਗਾਊਂ ਆ ਆ ਕੇ ਕਹਿੰਦੇ ਸਨ "ਹੇ ਗੁਰੂ ਜੀ! ਬਹੁਤ ਸੰਗਤ ਇਕੱਠੀ ਹੋ ਕੇ ਆ ਰਹੀ ਹੈ ॥੩੦॥

ਹਮ ਦਸ ਕੋਸ ਛੋਰਿ ਕਰਿ ਆਏ। ਕੋ ਕਹਿਂ ਬੀਸ ਕੋਸ ਪਰ ਛਾਏ।
ਕੋ ਤਿਨ ਤੇ ਪੀਛੇ ਬਹੁ ਆਵਤਿ। ਸਿੱਖਯ ਹਜ਼ਾਰਹੁਂ ਭੇਟਨਿ ਲਯਾਵਤਿ ॥੩੧॥

ਅਸੀਂ ਦਸਾਂ ਕੋਹਾਂ 'ਤੇ ਛੱਡ ਕੇ ਆਏ ਹਾਂ, ਕੋਈ ਕਹਿੰਦਾ ਸੀ ਕਿ ਵੀਹ ਕੋਹ ਪਿੱਛੇ ਬੈਠੇ ਹਨ, ਕੋਈ ਕਹਿੰਦਾ ਸੀ ਕਿ ਉਨ੍ਹਾਂ ਦੇ ਪਿੱਛੇ ਬਹੁਤ ਸੰਗਤ ਆ ਰਹੀ ਹੈ। ਹਜ਼ਾਰਾਂ ਸਿੱਖ ਭੇਟਾਵਾਂ ਲਿਆਉਂਦੇ ਸਨ ॥੩੧॥

ਕੋ ਦੱਖਣ ਦਿਸ਼ਿ ਤੇ ਚਲਿ ਆਇ। ਕੋ ਪਸ਼ਚਮ ਤੇ ਦਰਸ਼ਨ ਚਾਇ।
ਉੱਤਰ ਪੂਰਬ ਦੇਸ਼ ਘਨੇਰੇ। ਚਲੇ ਆਇਂ, ਕੋ ਗਿਨਹਿ ਬਡੇਰੇ' ॥੩੨॥

ਕਈ ਦੱਖਣ ਵਾਲੇ ਪਾਸੇ ਤੋਂ ਚਲ ਕੇ ਆਏ, ਕਈ ਪੱਛਮ ਵਾਲੇ ਪਾਸੇ ਤੋਂ ਦਰਸ਼ਨ ਕਰਨਾ ਚਾਹੁੰਦੇ ਸਨ। ਉੱਤਰ ਪੂਰਬ ਵਿਚ ਬਹੁਤ ਦੇਸ਼ ਸਨ, ਏਨੀ ਗਿਣਤੀ ਵਿਚ ਚਲ ਕੇ ਆਏ ਕਿ ਉਨ੍ਹਾਂ ਦੀ ਕੌਣ ਗਿਣਤੀ ਕਰੇ॥੩੨॥

ਨ੍ਰਿਪ ਕੋ ਦੂਤ ਕਹਿਤਿ ਹਿਤ ਤਜਾਰੀ। ਪਠਹਿ ਦੂਤ, ਉਤ ਸੰਗਤਿ ਭਾਰੀ।
ਨਿਤ ਪ੍ਰਤਿ ਭੀਰ ਸੁ ਹੋਹਿ ਨਵੀਨ। ਦਰਸਹਿਂ ਦਰਸ਼ਨ ਗੁਰ ਪ੍ਰਬੀਨ॥ ੩੩॥

ਰਾਜੇ ਦਾ ਦੂਤ ਕਹਿੰਦਾ ਸੀ ਕਿ ਤਿਆਰੀ ਕਰੋ, ਓਧਰ ਦੂਤ ਭੇਜਦਾ ਸੀ ਤੇ ਓਧਰ ਭਾਰੀ ਸੰਗਤ ਇਕੱਠੀ ਹੋਈ ਸੀ। ਨਿਤਪ੍ਰਤੀ ਨਵੀਂ ਸੰਗਤ ਇਕੱਠੀ ਹੁੰਦੀ ਜਾਂਦੀ ਸੀ ਤੇ ਸਾਰੇ ਚਤੁਰ ਗੁਰੂ ਜੀ ਦੇ ਦਰਸ਼ਨ ਕਰਦੇ ਸਨ॥੩੩॥

ਇਮ ਕੇਤਿਕ ਦਿਨ ਬੀਤ ਗਏ ਹੈਂ। ਦੂਤ ਕਹੇ ਪੁਨ ਤਯਾਰ ਭਏ ਹੈਂ।
ਸ੍ਰੀ ਗੁਰ ਨਾਨਕ ਰਿਦੇ ਧਿਆਏ। ਕੀਰਤਿਪੁਰਿ ਤੇ ਪੁਨ ਨਿਕਸਾਏ॥ ੩੪॥

ਇਸ ਤਰ੍ਹਾਂ ਕਈ ਦਿਨ ਬੀਤ ਗਏ ਹਨ, ਦੂਤ ਦੇ ਕਹਿਣ 'ਤੇ ਫਿਰ ਤਿਆਰ ਹੋ ਗਏ ਹਨ। ਗੁਰੂ ਨਾਨਕ ਦੇਵ ਜੀ ਨੂੰ ਹਿਰਦੇ ਵਿਚ ਧਿਆਇਆ, ਅਤੇ ਕੀਰਤਪੁਰ ਵਿਚੋਂ ਬਾਹਰ ਨਿਕਲ ਆਏ॥੩੪॥

ਸਿਖ ਸੇਵਕ ਚਾਲੇ ਸਮੁਦਾਏ। ਚਹਿਯ ਜਿ ਵਸਤੂ ਬ੍ਰਿੰਦ ਉਠਾਏ।
ਤੰਬੂ ਗਨ ਕਨਾਤ ਸ਼ਮਿਯਾਨੇ। ਲਾਦੇ ਉਸ਼ਟਰ ਭਾਰ ਸੁ ਪਯਾਨੇ॥ ੩੫॥

ਸਿੱਖ ਸੇਵਕ ਸਾਰੇ ਚਲ ਪਏ, ਜਿਹੜੀਆਂ ਵੀ ਵਸਤਾਂ ਚਾਹੁੰਦੇ ਸਨ ਸਭ ਚੁੱਕ ਲਈਆਂ। ਵੱਡੀ ਗਿਣਤੀ ਵਿਚ ਤੰਬੂ, ਕਨਾਤਾਂ ਅਤੇ ਸ਼ਾਮਿਆਨੇ, ਊਠਾਂ ਉੱਤੇ ਲੱਦ ਕੇ ਚਲ ਪਏ॥੩੫॥

ਕੁਛਕ ਸੈਨ ਗਮਨੀ ਗੁਰ ਸੰਗ। ਸ਼ਸਤ੍ਰ ਬਸਤ੍ਰ ਮਹਿਂ ਸੁਭਤਿ ਸੁਰੰਗ।
ਭਯੋ ਕੂਚ ਧੌਂਸਾ ਧੁੰਕਾਰਯੋ। ਬਲੀ ਤੁਰੰਗਮ ਦਲ ਸ਼ਿੰਗਾਰਯੋ॥ ੩੬॥

ਕੁਝ ਸੈਨਾ ਗੁਰੂ ਜੀ ਦੇ ਨਾਲ ਗਈ। ਸ਼ਸਤਰ ਬਸਤਰ ਪਹਿਨ ਕੇ ਉਹ ਬਹੁਤ ਸ਼ੋਭਾ ਪਾ ਰਹੀ ਸੀ ਤੇ ਬਲਵਾਨ ਘੋੜਿਆਂ ਦੇ ਦਲ ਨੂੰ ਸ਼ਿੰਗਾਰਿਆ ਗਿਆ॥੩੬॥

ਫਰਰਾ ਛੁਟਯੋ ਚਾਰੁ ਨੀਸਾਨ। ਚਲਯੋ ਅਗਾਊ ਸੁਭਤਿ ਮਹਾਨ।
ਛੂਛਾ ਕਰਿ ਕੀਰਤਿ ਪੁਰਿ ਚਾਲੇ। ਲੀਨਸਿ ਸੰਗ ਸਮਾਜ ਬਿਸਾਲੇ॥ ੩੭॥

ਨਿਸ਼ਾਨ ਸਾਹਿਬ ਦਾ ਝੰਡਾ ਝੂੱਲ ਰਿਹਾ ਸੀ। ਉਹ ਸਭ ਤੋਂ ਅੱਗੇ ਚਲ ਪਿਆ ਤੇ ਮਹਾਨ ਸ਼ੋਭਾ ਪਾ ਰਿਹਾ ਸੀ। ਕੀਰਤਪੁਰ ਨੂੰ ਖ਼ਾਲੀ ਕਰਕੇ ਚਲ ਪਏ, ਆਪਣੇ ਨਾਲ ਬਹੁਤ ਮਨੁੱਖ ਅਤੇ ਸਾਜ਼ੋ-ਸਾਮਾਨ ਲੈ ਲਿਆ॥੩੭॥

ਨਹੀਂ ਆਵਨੋ ਪੁਨ ਇਸ ਥਾਨੇ। ਇਕ ਸਤਿਗੁਰਿ ਹੀ ਉਰ ਮਹਿਂ ਜਾਨੇ।
ਅਪਰ ਕੌਨ ਗਤਿ ਜਾਨਹਿ ਗੁਰ ਕੀ। ਜਿਸ ਲਖਿ ਚਲੇ ਤੁਰਕ ਦਿਸ਼ਿ ਪੁਰਿ ਕੀ॥੩੮॥

ਫਿਰ ਇਸ ਥਾਂ ਨਹੀਂ ਆਉਣਾ ਹੈ, ਇਕ ਸਤਿਗੁਰੂ ਜੀ ਹੀ ਹਿਰਦੇ ਵਿਚ ਜਾਣਦੇ ਹਨ। ਹੋਰ ਗੁਰੂ ਜੀ ਦੀ ਗਤੀ ਨੂੰ ਕੌਣ ਜਾਣਦਾ ਸੀ, ਜਿਸ ਨੂੰ ਸਮਝ ਕੇ ਤੁਰਕਾਂ ਦੀ ਨਗਰੀ ਵੱਲ ਚਲ ਪਏ॥੩੮॥

ਨ੍ਰਿਪ ਕੋ ਦੂਤ ਸੰਗ ਤਬਿ ਚਾਲਾ। ਕੀਨਿ ਸਪੂਰਨ ਕਾਜ ਬਿਸਾਲਾ।
ਉਰ ਮੈਂ ਹਰਖ ਭਰਯੋ ਗੁਰ ਧਯਾਵਤਿ। ਪੂਰਬ ਦਿਸ਼ਿ ਮੁਖ ਕਰਿ ਮਗ ਜਾਵਤਿ॥੩੯॥

ਰਾਜੇ ਦਾ ਦੂਤ ਫਿਰ ਗੁਰੂ ਜੀ ਦੇ ਨਾਲ ਚਲ ਪਿਆ। ਉਸ ਨੇ ਵਿਸ਼ਾਲ ਕਾਰਜ ਨੂੰ ਸੰਪੂਰਣ ਕੀਤਾ। ਹਿਰਦਾ ਖ਼ੁਸ਼ੀ ਨਾਲ ਭਰਿਆ ਸੀ ਤੇ ਮਨ ਵਿਚ ਗੁਰੂ ਜੀ ਨੂੰ ਧਿਆ ਰਿਹਾ ਸੀ ਤੇ ਪੂਰਬ ਵੱਲ ਮੂੰਹ ਕਰਕੇ ਰਸਤੇ ਰਸਤੇ ਚਲੇ ਜਾ ਰਹੇ ਸਨ॥੩੯॥

*ਦਸਵੀਂ ਰਾਸ ਦਾ ਛੱਤੀਵਾਂ ਅਧਿਆਇ ਸਮਾਪਤ ਹੋਇਆ॥੩੬॥*

# ਅਧਿਆਇ ਸੈਂਤੀਵਾਂ

## ਸੰਗਤਾਂ ਦੇ ਮੇਲੇ

ਦੋਹਰਾ- ਕੀਰਤਪੁਰਿ ਤੇ ਸਤਿਗੁਰੂ ਪ੍ਰਿਥਮ ਸਿਵਰ ਕੋ ਕੀਨਿ।
ਨਿਸਾ ਬਸੇ ਬਿਸ੍ਰਾਮ ਕੈ ਪੁਨ ਪ੍ਰਭਾਤਿ ਕੋ ਚੀਨ॥ ੧॥

ਕੀਰਤਪੁਰ ਤੋਂ ਚਲ ਕੇ ਸਤਿਗੁਰੂ ਜੀ ਨੇ ਪਹਿਲਾ ਡੇਰਾ ਕੀਤਾ। ਰਾਤ ਨੂੰ ਠਹਿਰ ਕੇ ਵਿਸ਼ਰਾਮ ਕੀਤਾ, ਫਿਰ ਸਵੇਰ ਨੂੰ ਵੇਖਿਆ॥੧॥

ਚੌਪਈ- ਚਲਿਬੇ ਕਹੁ ਤਯਾਰ ਜਬਿ ਭਏ। ਲੰਮੇ ਦੇਸ਼ਨਿ ਕੇ ਸਿਖ ਅਏ।
ਮਸਤਕ ਟੇਕਤਿ ਅਰਜ਼ ਗੁਜ਼ਾਰੀ। 'ਗੁਰ ਜੀ! ਸੰਗਤਿ ਆਵਤਿ ਭਾਰੀ॥੨॥

ਜਦ ਚਲਣ ਵਾਸਤੇ ਤਿਆਰ ਹੋਏ ਤਾਂ ਲੰਮੇ ਦੇਸ਼ਾਂ ਤੋਂ ਕੁਝ ਸਿੱਖ ਆਏ। ਮੱਥਾ ਟੇਕ ਕੇ ਉਨ੍ਹਾਂ ਬੇਨਤੀ ਕੀਤੀ, "ਗੁਰੂ ਜੀ! ਬਹੁਤ ਭਾਰੀ ਸੰਗਤ ਆ ਰਹੀ ਹੈ॥੨॥

ਦਰਸ਼ਨ ਕਰਿ ਸਿਖ ਜੇ ਘਰ ਜਾਤੇ। ਤਿਨਹੁ ਸੁਨਾਵਨਿ ਕੀਨੀ ਬਾਤੇਂ।
ਸਤਿਗੁਰ ਹੈਂ ਤਿਆਰ ਉਤ ਜਾਨੇ। ਸੁਨਿ ਕਰਿ ਮਾਰਗ ਅਧਿਕ ਪਯਾਨੇ॥੩॥

ਦਰਸ਼ਨ ਕਰਕੇ ਜੋ ਸਿੱਖ ਘਰ ਜਾਂਦੇ ਹਨ, ਉਨ੍ਹਾਂ ਨੂੰ ਗੱਲਾਂ ਸੁਣਾਉਂਦੇ ਹਨ ਕਿ ਸਤਿਗੁਰੂ ਜੀ ਦਿੱਲੀ ਜਾਣ ਵਾਸਤੇ ਤਿਆਰ ਹਨ। ਇਹ ਸੁਣ ਕੇ ਬਹੁਤ ਸਿੱਖ ਰਸਤੇ ਰਸਤੇ ਚਲ ਪਏ ਹਨ॥੩॥

ਸ੍ਰਮਤਿ ਭਏ ਜਹਿਂ ਗਮਨਜੋਂ ਜਾਈ। ਦਰਸ ਲਾਲਸਾ ਰਿਦੈ ਬਧਾਈ।
ਇਸਤ੍ਰੀ ਪੁਰਖ ਬ੍ਰਿੱਧ ਗਨ ਬਾਲ। ਆਵਤਿ ਚਾਲੇ ਸ੍ਰਮਤਿ ਬਿਸਾਲ॥੪॥

ਬਹੁਤ ਥੱਕ ਗਏ ਹਨ, ਜਿਥੇ ਪਹੁੰਚਿਆ ਜਾਵੇ, ਹਿਰਦੇ ਵਿਚ ਦਰਸ਼ਨਾਂ ਦੀ ਲਾਲਸਾ ਬਹੁਤ ਵਧਾਈ ਹੈ। ਇਸਤਰੀ ਪੁਰਖ, ਬਜ਼ੁਰਗ ਅਤੇ ਬਾਲ ਬਹੁਤ ਚਲੇ ਆ ਰਹੇ ਹਨ, ਬੇਸ਼ਕ ਬਹੁਤ ਥੱਕੇ ਹਨ॥੪॥

ਸਭਿ ਮਿਲਿ ਹਮ ਕੋ ਪਠਜੋ ਅਗਾਰੀ। ਦਰਸ ਦੇਹੁ ਗੁਰ ਥਿਰਤਾ ਧਾਰੀ।
ਨਿਜ ਸੰਗਤਿ ਪਰ ਕਰੁਨਾ ਕੀਜੈ। ਮਗ ਬਿਸਾਲ ਆਏ ਲਖਿ ਲੀਜੈ॥ ੫॥

ਸਾਰਿਆਂ ਨੇ ਮਿਲ ਕੇ ਸਾਨੂੰ ਅੱਗੇ ਭੇਜਿਆ ਹੈ, ਹੇ ਗੁਰੂ ਜੀ! ਸਾਨੂੰ ਸਥਿਰਤਾ ਧਾਰ ਕੇ ਦਰਸ਼ਨ ਦੇਵੋ। ਆਪਣੀ ਸੰਗਤ ਉੱਤੇ ਕਿਰਪਾ ਕਰੋ, ਬੜਾ ਲੰਮਾ ਪੈਂਡਾ ਤਹਿ ਕਰ ਕੇ ਆਏ ਹਾਂ, ਇਹ ਸਮਝ ਲਵੋ॥੫॥

ਚਲਤਜੋਂ ਮਿਲਜੋ ਜਾਇ ਨਹਿਂ ਕਜੋਂਹੂੰ। ਉਤਲਾਵਤਿ ਚਾਲਤਿ ਮਗ ਜਜੋਂਹੂੰ।
ਸੰਗਤਿ ਥਕਤਿ ਜਾਨਿ ਥਿਰ ਰਹੀਅਹਿ। ਬਿਰਦ ਸਹਾਇਕ ਸੇਵਕ ਲਹੀਅਹਿ' ॥੬॥

ਚਲਦਿਆਂ ਚਲਦਿਆਂ ਕਿਸੇ ਤਰ੍ਹਾਂ ਵੀ ਮਿਲਿਆ ਨਹੀਂ ਜਾਣਾ ਬੇਸ਼ਕ ਅਸੀਂ ਰਾਹ ਵਿਚ ਬਹੁਤ ਤੇਜ਼ ਵੀ ਕਿਉਂ ਨਾ ਚਲੀਏ। ਸੰਗਤ ਨੂੰ ਥੱਕੀ ਹੋਈ ਜਾਣ ਕੇ ਇਕ ਥਾਂ ਬੈਠ ਕੇ ਆਰਾਮ ਕਰੋ, ਆਪਣਾ ਬਿਰਦ ਪਛਾਣ ਕੇ ਸੇਵਕਾਂ ਨੂੰ ਦਰਸ਼ਨ ਦੇਵੋ॥੬॥

ਸ੍ਰੀ ਹਰਿਕ੍ਰਿਸ਼ਨ ਗੁਰੂ ਗਤਿ ਦਾਨੀ। ਸੁਨਿ ਸੰਗਤਿ ਕੀ ਬਿਨੈ ਮਹਾਨੀ।
ਭਏ ਥਕਤਿ ਥਿਰਤਾ ਕਹੁ ਧਾਰੇ। ਦੇਤਿ ਕਾਮਨਾ ਸੰਗਤਿ ਪਜਾਰੇ!॥ ੭॥

ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਮੁਕਤੀ ਦਾਤੇ ਹਨ, ਉਨ੍ਹਾਂ ਸੰਗਤ ਦੀ ਮਹਾਨ ਬੇਨਤੀ ਸੁਣੀ ਅਤੇ ਸਮਝੀ, "ਹੇ ਕਾਮਨਾ ਪੂਰਨ ਕਰਨ ਵਾਲੇ ਤੇ ਸੰਗਤ ਦੇ ਪਿਆਰੇ ਗੁਰੂ ਜੀਉ! ਸੰਗਤ ਥਕੀ ਹੋਈ ਹੈ ਆਪ ਠਹਿਰ ਜਾਵੋ॥੭॥

ਤਿਹਠਾਂ ਰਾਖਜੋ ਸਿਵਰ ਮੁਕਾਮ। ਬਾਲ ਆਰਬਲ ਗੁਨ ਗਨ ਧਾਮ।
ਅਗਲੇ ਦਿਵਸ ਸੰਗਤਾਂ ਆਈ। ਤ੍ਰਿਖਤਿ ਧੇਨੁ ਜਨੁ ਜਲ ਹਿਤ ਧਾਈ॥ ੮॥

ਉਸ ਥਾਂ ਹੀ ਡੇਰੇ ਦਾ ਮੁਕਾਮ ਰਖਿਆ। ਛੋਟੀ ਉਮਰ ਪਰ ਗੁਣਾਂ ਦੇ ਘਰ ਹਨ। ਅਗਲੇ ਦਿਨ ਸੰਗਤ ਆ ਗਈ, ਜਿਵੇਂ ਜਲ ਵਾਸਤੇ ਗਊ ਭੱਜੀ ਆਈ ਹੋਵੇ॥੮॥

ਬੈਠੇ ਸਤਿਗੁਰ ਲਾਇ ਦਿਵਾਨ। ਦਰਸਹਿ ਸੰਗਤ ਬੰਦਨ ਠਾਨਿ।
ਅਨਿਕ ਉਪਾਇਨ ਕੋ ਅਰਪਾਵੈਂ। ਹੁਇ ਠਾਢੇ ਅਰਦਾਸ ਕਰਾਵੈਂ॥ ੯॥

ਸਤਿਗੁਰੂ ਜੀ ਦੀਵਾਨ ਲਾ ਕੇ ਬੈਠੇ ਸਨ, ਸੰਗਤ ਬੰਦਨਾ ਕਰਕੇ ਦਰਸ਼ਨ ਕਰਦੀ ਸੀ। ਅਨੇਕ ਉਪਹਾਰ ਅਰਪਣ ਕਰਦੇ ਸਨ ਤੇ ਖੜੇ ਹੋ ਕੇ ਅਰਦਾਸ ਕਰਵਾਉਂਦੇ ਸਨ॥੯॥

'ਅਮਕੀ ਮੋਹਿ ਕਾਮਨਾ ਪੂਰੀ'। ਕੋ ਕਹਿ 'ਕਰੇ ਬਿਘਨ ਗਨ ਦੂਰੀ'।
ਕੋ ਕਹਿ 'ਸਤਿਗੁਰ ਮੁਝ ਸੁਤ ਦੀਜੈ'। ਕੋ ਕਹਿ 'ਮਮ ਧਨ ਧਾਮ ਭਰੀਜੈ' ॥੧੦॥

ਕੋਈ ਕਹਿੰਦਾ, "ਫਲਾਨੀ ਮੇਰੀ ਕਾਮਨਾ ਪੂਰੀ ਕੀਤੀ ਹੈ", ਕੋਈ ਕਹਿੰਦਾ ਸੀ, "ਮੇਰੇ ਕਈ ਵਿਘਨਾਂ ਨੂੰ ਦੂਰ ਕੀਤਾ ਹੈ।" ਕੋਈ ਕਹਿੰਦਾ ਸੀ, "ਹੇ ਸਤਿਗੁਰੂ ਜੀ ਮੈਨੂੰ ਪੁੱਤਰ ਦੇਵੋ" ਕੋਈ ਕਹਿੰਦਾ, "ਮੇਰਾ ਘਰ ਧਨ ਨਾਲ ਭਰ ਦੇਵੋ" ॥੧੦॥

ਕੋ ਕਹਿ 'ਤਨ ਕੋ ਕਸ਼ਟ ਬਿਦਾਰਹੁ'। ਕੋ ਕਹਿ 'ਸ਼ੱਤ੍ਰ ਗਨ ਨਿਰਵਾਰਹੁ!'।
ਅਨਿਕ ਕਾਮਨਾ ਦਿਸ ਤੇ ਆਦਿ। ਜਾਚਤਿ ਗੁਰ ਤੇ ਉਰ ਅਹਿਲਾਦਿ॥ ੧੧॥

ਕੋਈ ਕਹਿੰਦਾ, "ਮੇਰੇ ਤਨ ਦਾ ਕਸ਼ਟ ਦੂਰ ਕਰੋ", ਕੋਈ ਕਹਿੰਦਾ, "ਮੇਰੇ ਵੈਰੀਆਂ ਨੂੰ ਦੂਰ ਕਰੋ।" ਇਸ ਤੋਂ ਉਪਰੰਤ ਅਨੇਕ ਕਾਮਨਾਵਾਂ ਦਿਲ ਵਿਚ ਪ੍ਰਸੰਨ ਹੋ ਕੇ ਮੰਗਦੇ ਸਨ॥੧੧॥

ਧਰਿ ਧਰਿ ਰਿਦੈ ਕਾਮਨਾ ਜੈਸੀ। ਦਰਸਹਿਂ, ਸਤਿਗੁਰ ਪੂਰਹਿਂ ਤੈਸੀ।
ਸੱਤਨਾਮ ਕਹ ਜਾਚਤਿ ਕੋਈ। ਪਦਪੰਕਜ ਪ੍ਰੇਮੀ ਉਰ ਜੋਈ॥ ੧੨॥

ਹਿਰਦੇ ਵਿਚ ਜਿਹੜੀਆਂ ਵੀ ਕਾਮਨਾਵਾਂ ਧਾਰਨ ਕਰ ਕਰ ਆਉਂਦੇ ਸਨ, ਗੁਰੂ ਜੀ ਦੇ ਦਰਸ਼ਨ ਕਰਨ ਨਾਲ ਸਾਰੀਆਂ ਪੂਰੀਆਂ ਹੋ ਜਾਂਦੀਆਂ ਸਨ। ਕੋਈ ਸਤਿਨਾਮ ਮੰਗਦਾ ਸੀ ਜਿਹੜਾ ਹਿਰਦੇ ਵਿਚ ਚਰਨ ਕੰਵਲਾਂ ਦਾ ਪ੍ਰੇਮੀ ਸੀ॥੧੨॥

ਸ੍ਰੀ ਹਰਿਕ੍ਰਿਸ਼ਨ ਕ੍ਰਿਪਾ ਜਤਿ ਦੇਖਿ। ਦਾਸਨਿ ਬਾਂਛਤਿ ਦੇਹਿਂ ਅਸ਼ੇਖ।
ਜਥਾ ਜੋਗ ਦੀਨੋ ਸਿਰੁਪਾਇ। ਪਾਇ ਪ੍ਰਸਾਦਿ ਧਰਹਿਂ ਉਰ ਭਾਇ॥ ੧੩॥

ਸ੍ਰੀ ਹਰਿਕ੍ਰਿਸ਼ਨ ਜੀ ਕ੍ਰਿਪਾ ਸਹਿਤ ਹੋ ਕੇ, ਦਾਸਾਂ ਦੀਆਂ ਮੂੰਹ ਮੰਗੀਆਂ ਕਾਮਨਾਵਾਂ ਪੂਰੀਆਂ ਕਰਦੇ ਸਨ ਜਥਾ ਜੋਗ ਸਾਰਿਆਂ ਨੂੰ ਸਿਰੋਪਾਏ ਦਿੰਦੇ ਸਨ ਤੇ ਕਿਰਪਾ ਕਰਕੇ ਹਿਰਦੇ ਵਿਚ ਬੜਾ ਪ੍ਰੇਮ ਧਾਰਨ ਕਰਦੇ ਸਨ॥੧੩॥

ਸੰਗਤਿ ਬਿਦਾ ਕੀਨਿ ਸਮੁਦਾਊ। ਸਾਦਰ ਸਭਿ ਕੋ ਰਖਿ ਕਰਿ ਭਾਊ।
ਆਪ ਗੁਰ ਪੂਰਬ ਮੁਖ ਕੀਨਾ। ਪਹੁੰਚਨਿ ਹਿਤ ਪੁਰਿ ਮਾਰਗ ਲੀਨਾ॥ ੧੪॥

ਗੁਰੂ ਜੀ ਨੇ ਸਾਰੀ ਸੰਗਤ ਨੂੰ ਵਿਦਾ ਕੀਤਾ ਤੇ ਸਾਰਿਆਂ ਦਾ ਬੜੇ ਆਦਰ ਨਾਲ ਪ੍ਰੇਮ ਰੱਖਿਆ। ਆਪ ਗੁਰੂ ਜੀ ਨੇ ਦਿੱਲੀ ਵਲ ਮੁਖ ਕਰ ਲਿਆ ਤੇ ਪਹੁੰਚਣ ਵਾਸਤੇ ਦਿੱਲੀ ਦਾ ਮਾਰਗ ਫੜਿਆ ॥੧੪॥

ਤਿਸ ਦਿਨ ਗਮਨੇ ਗਏ ਅਗਾਰੀ। ਕੀਨਹੁ ਸਿਵਰ ਨਿਸਾ ਸੁਖ ਭਾਰੀ।
ਖਾਨ ਪਾਨ ਕਰਿ ਸੁਪਤੇ ਸਭਿ ਹੂੰ। ਭਈ ਪ੍ਰਭਾਤਿ ਤਯਾਰ ਭੇ ਤਬਿਹੂੰ॥ ੧੫॥

ਉਸ ਦਿਨ ਚਲ ਕੇ ਅੱਗੇ ਚਲ ਪਏ ਤੇ ਰਾਤ ਨੂੰ ਡੇਰਾ ਲਾ ਕੇ ਭਾਰੀ ਸੁਖ ਪਾਇਆ। ਖਾ ਪੀ ਕੇ ਸਾਰੇ ਹੀ ਸੌਂ ਗਏ। ਸਵੇਰ ਹੋਣ ਤੇ ਸਾਰੇ ਤਿਆਰ ਹੋ ਗਏ॥੧੫॥

ਮਾਰਗ ਚਲੇ ਜਾਹਿਂ ਸਮੁਦਾਈ। ਜਗ ਗੁਰ ਕੋ ਬੰਦਹਿਂ ਜਿਤ ਜਾਈ।
ਤਿਸ ਦਿਨ ਪੁਨਹਿਂ ਸਿੱਖਜ ਕੁਛ ਆਏ। ਬੰਦਤਿ ਪਾਇਨਿ ਬਾਕ ਸੁਨਾਏ॥੧੬॥

ਸਾਰੇ ਇਕੱਠੇ ਹੋ ਕੇ ਰਾਹੇ ਰਾਹ ਚਲੇ ਜਾ ਰਹੇ ਸਨ। ਜਿਧਰ ਵੀ ਜਾਂਦੇ ਸਨ, ਜਗਤ ਗੁਰੂ ਜੀ ਨੂੰ ਬੰਦਨਾ ਕਰਦੇ ਸਨ। ਉਸ ਦਿਨ ਫਿਰ ਕੁਝ ਸਿੱਖ ਆਏ, ਉਨ੍ਹਾਂ ਚਰਨ ਕੰਵਲਾਂ 'ਤੇ ਬੰਦਨਾ ਕਰਕੇ ਬੇਨਤੀ ਕੀਤੀ॥੧੬॥

'ਕਾਬਲ ਅਰੁ ਪਸ਼ੌਰ ਕਸ਼ਮੀਰ। ਇੱਤਜਾਦਿਕ ਦੇਸ਼ਨਿ ਨਰ ਭੀਰ।
ਸੰਗਤਿ ਆਵਤਿ ਕਈ ਹਜ਼ਾਰ। ਦਰਸ਼ਨ ਰਾਵਰਿ ਚਾਹਿਂ ਉਦਾਰ॥ ੧੭॥

"ਕਾਬਲ, ਪਿਸ਼ਾਵਰ ਅਤੇ ਕਸ਼ਮੀਰ, ਇਤਿਆਦਿਕ ਦੇ ਬਹੁਤ ਸਿੱਖ ਸੰਗਤ ਕਈ ਹਜ਼ਾਰ ਪਿੱਛੇ ਆ ਰਹੀ ਹੈ। ਉਹ ਸਾਰੇ ਆਪ ਜੀ ਦੇ ਦਰਸ਼ਨ ਕਰਨਾ ਚਾਹੁੰਦੀ ਹੈ॥੧੭॥

ਲਾਘਵ ਕਰਤਿ ਪੰਥ ਮਹਿਂ ਆਵਤਿ। ਸੁਨੀ ਤੁਮਾਰੀ ਸੁਧਿ ਉਤ ਜਾਵਤਿ।
ਯਾਂਤੇ ਮਾਰਗ ਚਲਹਿਂ ਬਿਸਾਲਾ। ਇਕ ਦਿਨ ਟਿਕੋ, ਮਿਲਹਿਂ ਤੁਮ ਨਾਲਾ ॥੧੮॥

ਬੜੇ ਤੇਜ਼ੀ ਨਾਲ ਰਾਹੇ ਰਾਹ ਆ ਰਹੇ ਹਨ, ਤੁਹਾਡੇ ਬਾਰੇ ਇਹ ਸੁਣਿਆ ਹੈ ਕਿ ਤੁਸੀਂ ਦਿੱਲੀ ਨੂੰ ਜਾ ਰਹੇ ਹੋ। ਇਸ ਕਰਕੇ ਰਾਹ ਵਿਚ ਬਹੁਤ ਤੇਜ਼ ਚਲੇ ਹਨ, ਤੁਸੀਂ ਇਕ ਦਿਨ ਠਹਿਰੋ, ਤੁਹਾਨੂੰ ਆ ਮਿਲਣਗੇ"॥੧੮॥

ਸੁਨਿ ਸਤਿਗੁਰ ਪੁਨਿ ਕੀਨਿ ਮੁਕਾਮੂ। ਲਖਿ ਸੰਗਤਿ ਕੋ ਪ੍ਰੇਮ ਬਿਰਾਮੂ।
ਕਰਤਿ ਪ੍ਰਤੀਛਨ ਦਰਸ਼ਨ ਦੈਨ। ਕਰੁਨਾ ਭਰੇ ਰਸੀਲੇ ਨੈਨ॥ ੧੯॥

ਇਹ ਸੁਣ ਕੇ ਸਤਿਗੁਰੂ ਜੀ ਨੇ ਫਿਰ ਮੁਕਾਮ ਕਰ ਲਿਆ, ਸੰਗਤ ਦੇ ਸ੍ਰੇਸ਼ਟ ਪ੍ਰੇਮ ਨੂੰ ਸਮਝਿਆ। ਦਰਸ਼ਨ ਦੇਣ ਦੀ ਪ੍ਰਤੀਖਿਆ ਕਰਦੇ ਰਹੇ ਤੇ ਰਸੀਲੇ ਨੈਣ ਕਿਰਪਾ ਨਾਲ ਭਰੇ ਸਨ॥੧੯॥

ਦਿਵਸ ਆਗਲੇ ਸੰਗਤਿ ਆਈ। ਗਾਵਹਿਂ ਸ਼ਬਦ ਪ੍ਰੇਮ ਅਧਿਕਾਈ।
ਬਜਹਿ ਮ੍ਰਿਦੰਗ ਸਤਾਰ ਦੁਤਾਰੇ। ਪਾਇ ਰਾਗ ਧੁਨਿ ਊਚ ਉਚਾਰੇ॥ ੨੦॥

ਅਗਲੇ ਦਿਨ ਸੰਗਤ ਆਈ, ਉਹ ਬੜੇ ਪ੍ਰੇਮ ਨਾਲ ਸ਼ਬਦ ਗਾਇਨ ਕਰ ਰਹੀ ਸੀ। ਮ੍ਰਿਦੰਗ, ਸਤਾਰ ਅਤੇ ਦੁਤਾਰੇ ਵੱਜ ਰਹੇ ਸਨ। ਧੁਨ ਨੂੰ ਰਾਗ ਵਿਚ ਲੈ ਜਾ ਕੇ ਬੜੀ ਉੱਚੀ ਉਚਾਰਨ ਕਰ ਰਹੀ ਸੀ॥੨੦॥

ਸਤਿਗੁਰ ਬੈਠੇ ਲਾਇ ਦਿਵਾਨ। ਝੂਲਤਿ ਝੰਡਾ ਝਮਕ ਮਹਾਨ।
ਚਵਰ ਢੁਰਾਵਤਿ ਚਾਰੁ ਚੰਦੋਵਾ। ਬਾਜਤਿ ਨੌਬਤ ਨਾਦਤਿ ਹੋਵਾ॥ ੨੧॥

ਸਤਿਗੁਰੂ ਜੀ ਦੀਵਾਨ ਲਗਾ ਕੇ ਬੈਠ ਗਏ, ਝੁਲਦਾ ਝੰਡਾ ਮਹਾਨ ਝਮਕ ਰਿਹਾ ਸੀ। ਸੁੰਦਰ ਚੰਦੋਏ ਹੇਠ ਬੈਠਿਆਂ ਚੌਰ ਹੋ ਰਿਹਾ ਸੀ, ਨੌਬਤ ਵੱਜ ਰਹੀ ਸੀ, ਤੇ ਨਾਦ ਉੱਠ ਰਿਹਾ ਸੀ॥੨੧॥

ਅਰਪਨਿ ਲਗੇ ਉਪਾਇਨ ਬ੍ਰਿੰਦ। ਦਰਬ ਚਢਾਯਹੁ ਭਯੋ ਬਿਲੰਦ।
ਹਾਥ ਜੋਰਿ ਅਰਦਾਸ ਕਰੰਤੇ। ਨਿਜ ਨਿਜ ਕਾਮਨ ਸਗਲ ਕਹੰਤੇ॥ ੨੨॥

ਬਹੁਤ ਸਿੱਖ ਉਪਹਾਰ ਅਰਪਣ ਕਰਨ ਲੱਗੇ, ਧਨ ਚੜ੍ਹਾਇਆ ਜਿਹੜਾ ਵੱਡੀ ਗਿਣਤੀ ਵਿਚ ਇਕੱਠਾ ਹੋ ਗਿਆ। ਹੱਥ ਜੋੜ ਕੇ ਅਰਦਾਸ ਕਰਦੇ ਸਨ ਤੇ ਆਪਣੀਆਂ ਆਪਣੀਆਂ ਕਾਮਨਾਵਾਂ ਸਾਰੇ ਕਹਿੰਦੇ ਸਨ॥੨੨॥

ਜਥਾ ਜੋਗੁ ਸਤਿਗੁਰ ਸਭਿ ਕਈ। ਸੰਗਤ ਕਉ ਬਿਦਾਇਗੀ ਦਈ।
ਅਪਰ ਕਹੌਂ ਕਹਿਂ ਲਗਿ ਬਿਵਹਾਰ। ਸਤਿਗੁਰ ਅਰੁ ਸਿੱਖਜਨਿ ਕੀ ਕਾਰ ॥੨੩॥

ਯਥਾ ਯੋਗ ਸਤਿਗੁਰੂ ਜੀ ਨੇ ਸਭ ਕੁਝ ਕੀਤਾ ਤੇ ਸੰਗਤ ਨੂੰ ਵਿਦਾ ਕੀਤਾ। ਹੋਰ ਕਿਥੋਂ ਤਕ ਵਿਹਾਰ ਬਾਰੇ ਕਹਾਂ, ਇਹ ਸਤਿਗੁਰੂ ਜੀ ਅਤੇ ਸਿੱਖਾ ਦਾ ਕਾਰ ਵਿਹਾਰ ਹੈ॥੨੩॥

ਪੁਨ ਸਤਿਗੁਰ ਮਾਰਗ ਚਲਿ ਪਰੇ। ਇਕ ਦੁਇ ਦਿਵਸ ਅਗਾਰੀ ਤੁਰੇ।
ਚਲਤਿ ਚਲਤਿ ਆਏ ਤਿਸ ਥਾਂਏ। ਜਹਿਂ ਪੰਜੋਖਰਾ ਗ੍ਰਾਮ ਸੁਹਾਏ॥ ੨੪॥

ਫਿਰ ਸਤਿਗੁਰੂ ਜੀ ਰਾਹੇ ਰਾਹ ਚਲ ਪਏ, ਇਕ ਦੋ ਦਿਨ ਅੱਗੇ ਚਲੇ। ਚਲਦੇ ਚਲਦੇ ਉਸ ਥਾਂ ਆ ਗਏ, ਜਿਥੇ ਪੰਜੋਖਰਾ ਨਗਰ ਸੋਭਦਾ ਹੈ॥੨੪॥

ਡੇਰਾ ਕਰਜੋ ਆਇ ਕਰਿ ਜਬੈ। ਸਿਖ ਬਿਦੇਸ਼ੀ ਪਹੁੰਚਜੋ ਤਬੈ।
ਖਰੇ ਹੋਇ ਅਰਦਾਸ ਉਚਾਰੀ। 'ਗੁਰ ਜੀ! ਸੰਗਤਿ ਆਵਤਿ ਭਾਰੀ॥ ੨੫॥

ਜਦ ਆ ਕੇ ਡੇਰਾ ਕੀਤਾ, ਤਦ ਕੁਝ ਵਿਦੇਸ਼ੀ ਸਿੱਖ ਉਥੇ ਪਹੁੰਚ ਗਏ। ਖੜੇ ਹੋ ਕੇ ਅਰਦਾਸ ਉਚਾਰਨ ਕੀਤੀ ਤੇ ਕਹਿਣ ਲੱਗੇ, "ਗੁਰੂ ਜੀ! ਭਾਰੀ ਸੰਗਤ ਆ ਰਹੀ ਹੈ॥੨੫॥

ਇਕ ਦਿਨ ਇਹਾਂ ਮੁਕਾਮ ਕਰੀਜੈ। ਪ੍ਰੇਮੀ ਸਿੱਖਜਨਿ ਦਰਸ਼ਨ ਦੀਜੈ'।
ਸੁਨਿ ਸ੍ਰੀ ਸਤਿਗੁਰ ਰਿਦੇ ਬਿਚਾਰੀ। ਨਿਤਪ੍ਰਤਿ ਸੰਗਤਿ ਪਹੁੰਚਤਿ ਭਾਰੀ॥੨੬॥

ਇਕ ਦਿਨ ਏਥੇ ਮੁਕਾਮ ਕਰੋ ਤੇ ਪ੍ਰੇਮ ਨਾਲ ਸਿੱਖਾਂ ਨੂੰ ਦਰਸ਼ਨ ਦੇਵੋ।" ਇਹ ਸੁਣ ਕੇ ਸਤਿਗੁਰੂ ਜੀ ਨੇ ਹਿਰਦੇ ਵਿਚ ਵਿਚਾਰ ਕੀਤੀ। ਨਿਤਪ੍ਰਤਿ ਭਾਰੀ ਸੰਗਤ ਪਹੁੰਚ ਰਹੀ ਹੈ॥੨੬॥

ਹਮ ਕੋ ਗਮਨਤਿ ਸੁਨਿ ਬਹੁ ਧਾਵਹਿਂ। ਮਾਰਗ ਬਿਖੈ ਸ੍ਰਮਤਿ ਅਕੁਲਾਵਹਿਂ।
ਯਾਂਤੇ ਕੁਛ ਉਪਾਇ ਅਸ ਕੀਜੈ। ਸਭਿ ਸਿੱਖਜਨਿ ਕਹਿ ਬਾਕ ਖਿਰੀਜੈ॥੨੭॥

ਸਾਨੂੰ ਦਿੱਲੀ ਵੱਲ ਨੂੰ ਜਾਂਦਿਆ ਸੁਣ ਕੇ ਭੱਜੇ ਆ ਰਹੇ ਹਨ, ਰਾਹ ਦੇ ਵਿਚ ਥੱਕ ਕੇ ਵਿਆਕੁਲ ਹੋ ਜਾਂਦੇ ਹਨ। ਇਸ ਲਈ ਕੁਝ ਐਸਾ ਉਪਾਅ ਕਰੀਏ, ਸਭ ਸਿੱਖਾਂ ਨੂੰ ਬਚਨ ਕਰਕੇ ਖੜੇ ਕਰੀਏ॥੨੭॥

ਇਤਨੇ ਮਹਿਂ ਜੈ ਸਿੰਘ ਕੋ ਦੂਤ। ਆਯੋ ਜਹਿਂ ਬੈਠੇ ਗੁਰ ਪੂਤ।
ਨਮਸਕਾਰ ਕਰਿ ਬੈਸਜੋ ਪਾਸ। ਹਾਥ ਬੰਦਿ ਬੋਲਜੋ ਅਰਦਾਸ॥ ੨੮॥

ਏਨੇ ਵਿਚ ਜੈ ਸਿੰਘ ਦਾ ਦੂਤ, ਉਥੇ ਆਇਆ ਜਿੱਥੇ ਪਵਿੱਤਰ ਗੁਰੂ ਜੀ ਬੈਠੇ ਸਨ। ਨਮਸਕਾਰ ਕਰਕੇ ਉਹ ਪਾਸ ਬੈਠ ਗਿਆ ਤੇ ਹੱਥ ਜੋੜ ਕੇ ਬੇਨਤੀ ਕੀਤੀ॥੨੮॥

'ਕੀਰਤਪੁਰਿ ਤੇ ਜਬਿ ਨਿਕਸਾਏ। ਕੇਤਿਕ ਦਿਵਸ ਮੁਕਾਮ ਬਿਤਾਏ।
ਇਸ ਪ੍ਰਕਾਰ ਪਹੁੰਚਹਿਂ ਕਬਿ ਜੈ ਕੈ। ਮਗ ਮਹਿਂ ਵਿਹੁ ਬਹੁ ਕਾਲ ਬਿਤੈ ਕੈ॥੨੯॥

"ਕੀਰਤਪੁਰ ਤੋਂ ਜਦ ਦੇ ਨਿਕਲ ਕੇ ਆਏ ਹੋ, ਕਈ ਦਿਨ ਡੇਰਿਆਂ ਵਿਚ ਮੁਕਾਮ ਕਰਕੇ ਬਤੀਤ ਕਰ ਦਿੱਤੇ ਹਨ, ਇਸ ਪ੍ਰਕਾਰ ਕਦ ਜਾ ਕੇ ਪਹੁੰਚਾਂਗੇ, ਰਾਹ ਦੇ ਵਿਚ ਹੀ ਬਹੁਤ ਸਮਾਂ ਬੀਤ ਜਾਵੇਗਾ॥੨੯॥

ਚਹੁੰਦਿਸ਼ਿ ਕੀ ਗਨ ਸੰਗਤਿ ਆਵੈ। ਸਭਿ ਦਰਸ਼ਨ ਚਿਤ ਚਾਹਤਿ ਧਾਵੈ।
ਕਰਹੁ ਉਪਾਉ ਆਪ ਕੋ ਐਸੇ। ਮਗ ਮਹਿਂ ਬਹੁ ਦਿਨ ਬਿਤਹਿਂ ਨ ਜੈਸੇ' ॥੩੦॥

ਚਾਰੇ ਪਾਸਿਆਂ ਦੀ ਬਹੁਤ ਸੰਗਤ ਆਉਂਦੀ ਹੈ, ਸਭ ਦਰਸ਼ਨਾਂ ਵਾਸਤੇ ਭੱਜੇ ਆਉਂਦੇ ਹਨ। ਤੁਸੀਂ ਕੋਈ ਐਸਾ ਉਪਾਅ ਕਰੋ, ਜਿਸ ਤਰ੍ਹਾਂ ਰਾਹ ਦੇ ਵਿਚ ਬਹੁਤ ਦਿਨ ਬਤੀਤ ਨਾ ਹੋਣ" ॥੩੦॥

ਸੁਨਿ ਸਤਿਗੁਰ ਨੇ ਧੀਰਜ ਦੀਨਜੋ। 'ਇਮ ਹੀ ਕਰਹਿਂ ਜਥਾ ਤੁਮ ਚੀਨਜੋਂ'।
ਉਤਰਜੋ ਹੁਤੋ ਜਹਾਂ ਸਭਿ ਡੇਰਾ। ਤਹਿਂ ਸਿਕਤਾ ਥਲ ਸੁੰਦਰ ਹੇਰਾ॥ ੩੧॥

ਇਹ ਸੁਣ ਕੇ ਸਤਿਗੁਰੂ ਜੀ ਨੇ ਧੀਰਜ ਦਿੱਤਾ, "ਇਸ ਤਰ੍ਹਾਂ ਹੀ ਕਰਾਂਗੇ ਜਿਵੇਂ ਤੁਸਾਂ ਸਮਝਿਆ ਹੈ।" ਜਿਥੇ ਸਾਰਾ ਡੇਰਾ ਉਤਰਿਆ ਹੋਇਆ ਸੀ ਉਥੇ ਰੇਤ ਦਾ ਸੁੰਦਰ ਥਲ ਵੇਖਿਆ॥੩੧॥

ਸ੍ਰੀ ਸਤਿਗੁਰ ਚਲਿ ਤਿਸ ਥਲ ਬੈਸੇ। ਖੇਲਨਿ ਲਗੇ ਅਪਰ ਸਿਸ ਜੈਸੇ।
ਸਹਿਤ ਬਿਭੂਖਨ ਕੋਮਲ ਹਾਥ। ਸੁਭ ਕੰਚਨ ਕੇ ਹੀਰਨਿ ਸਾਥ॥ ੩੨॥

ਸ੍ਰੀ ਸਤਿਗੁਰੂ ਜੀ ਚਲ ਕੇ ਉਸ ਸਥਾਨ 'ਤੇ ਬੈਠ ਗਏ ਤੇ ਹੋਰ ਬਾਲਕਾਂ ਵਾਂਗ ਖੇਡਣ ਲੱਗੇ। ਗਹਿਣਿਆਂ ਭੂਖਣਾ ਸਹਿਤ ਕੋਮਲ ਹੱਥ ਸਨ, ਸੁਭ ਸੋਨੇ ਨਾਲ ਹੀਰੇ ਜੜ੍ਹੇ ਹੋਏ ਸਨ॥੩੨॥

ਸਿਕਤਾ ਲਗੇ ਸਕੇਲਨਿ ਰਾਸ। ਪਸਰਜੋ ਪਰਜੋ ਪ੍ਰਿਥੀ ਚਹੁੰ ਪਾਸ।
ਇਤ ਉਤ ਹਾਥ ਚਲਾਇ ਚਲਾਇ। ਕਰਜੋ ਢੇਰ ਓਚੋ ਤਿਸ ਥਾਇਂ॥ ੩੩॥

ਰੇਤ ਨੂੰ ਇਕ ਥਾਂ ਇਕੱਠੀ ਕਰਨ ਲੱਗੇ, ਜਿਹੜੀ ਪ੍ਰਿਥਵੀ ਦੇ ਚਾਰੇ ਪਾਸੇ ਖਿਲਰੀ ਪਈ ਸੀ। ਏਧਰ ਓਧਰ ਹੱਥ ਚਲਾ ਕੇ, ਰੇਤ ਦਾ ਬਹੁਤ ਉੱਚਾ ਢੇਰ ਲਗਾ ਦਿੱਤਾ॥੩੩॥

ਚਹੁੰਦਿਸ਼ਿ ਤੇ ਨਿਜ ਕਰ ਸੋਂ ਪ੍ਰੇਰਤਿ। ਇਕ ਸਮ ਕਰਜੋ ਦਾਸ ਗਨ ਹੇਰਤਿ।
ਜਾਨਹਿਂ ਬਾਲਕ ਲੀਲ੍ਹਾ ਕਰਿਹੀਂ। ਕੋ ਬੈਠੇ ਕੋ ਖਰੇ ਨਿਹਰਿਹੀ॥ ੩੪॥

ਚਾਰੇ ਪਾਸੇ ਆਪਣੇ ਹੱਥਾਂ ਨਾਲ ਸਾਰਾ ਢੇਰ ਬਰਾਬਰ ਕਰ ਦਿੱਤਾ ਜਿਸ ਨੂੰ ਸਾਰੇ ਦਾਸਾਂ ਨੇ ਵੇਖਿਆ। ਉਹ ਸਮਝਦੇ ਸਨ ਕਿ ਗੁਰੂ ਜੀ ਬਾਲ ਲੀਲ੍ਹਾ ਕਰ ਰਹੇ ਹਨ, ਕਈ ਬੈਠੇ ਤੇ ਕਈ ਖੜੇ ਹੋ ਕੇ ਵੇਖਦੇ ਸਨ॥੩੪॥

ਸਿਕਤਾ ਢੇਰਿ ਲਾਇ ਗੁਰ ਕਹੈਂ। 'ਜੋ ਸਿਖ ਹਮ ਕੋ ਹੇਰਜੋ ਚਹੈ।
ਸੋ ਇਸ ਥਾਨ ਲਗੋ ਚਲਿ ਆਇ। ਕਰਹਿ ਭਾਵਨਾ ਸੀਸ ਨਿਵਾਇ॥ ੩੫॥

ਰੇਤ ਦਾ ਢੇਰ ਲਗਾ ਕੇ ਗੁਰੂ ਜੀ ਨੇ ਕਿਹਾ, "ਜਿਹੜਾ ਸਿੱਖ ਸਾਨੂੰ ਵੇਖਣਾ ਚਾਹੁੰਦਾ ਹੈ, ਭਾਵ ਸਾਡੇ ਦਰਸ਼ਨ ਕਰਨਾ ਚਾਹੁੰਦਾ ਹੈ ਉਹ ਇਸ ਅਸਥਾਨ ਤਕ ਚਲ ਕੇ ਆਵੇ, ਪ੍ਰੇਮ ਭਾਵਨਾ ਧਾਰ ਕੇ ਸੀਸ ਨਿਵਾਵੇ॥੩੫॥

ਲਜਾਇ ਉਪਾਇਨ ਜੋ ਹਮ ਕਾਰਨ। ਅਰਪਹਿ ਇਹਾਂ ਹੋਹਿਂ ਦੁਖ ਟਾਰਨਿ।
ਖਰੋ ਹੋਇ ਅਰਦਾਸ ਕਰਾਵੈ। ਸੋ ਨਰ ਹਮਰੇ ਪਾਸ ਪੁਚਾਵੈ॥ ੩੬॥

ਜਿਹੜੇ ਸਾਡੇ ਵਾਸਤੇ ਉਪਹਾਰ ਲੈ ਕੇ ਆਉਣ, ਏਥੇ ਅਰਪਣ ਕਰ ਦੇਣ, ਉਨ੍ਹਾਂ ਦੇ ਸਾਰੇ ਦੁੱਖ ਦੂਰ ਹੋ ਜਾਣਗੇ। ਜਿਹੜਾ ਸਿੱਖ ਖੜਾ ਹੋ ਕੇ ਅਰਦਾਸ ਕਰਵਾਏਗਾ, ਉਹ ਮਨੁੱਖ ਉਹ ਉਪਹਾਰ ਸਾਡੇ ਪਾਸ ਪਹੁੰਚਾ ਦੇਵੇਗਾ॥੩੬॥

ਨਿਸ਼ਚਾ ਧਰਹਿ ਇਹਾਂ ਲਗਿ ਆਇ। ਆਗੈ ਧਰਹਿ ਨਹੀਂ ਪੁਨ ਪਾਇ।
ਜੋ ਹਮ ਦਰਸ਼ਨ ਲਾਭ ਬਿਸਾਲੇ। ਇਸ ਥਲ ਦਰਸੇ ਲਹਹਿ ਸੁਖਾਲੇ॥ ੩੭॥

ਨਿਸ਼ਚਾ ਧਾਰ ਕੇ ਏਥੋਂ ਤਕ ਆਵੇ, ਇਸ ਤੋਂ ਅੱਗੇ ਫਿਰ ਪੈਰ ਨਾ ਧਰੇ। ਜਿਹੜਾ ਸਾਡੇ ਦਰਸ਼ਨ ਕਰਨ ਨਾਲ ਵਿਸ਼ਾਲ ਲਾਭ ਪ੍ਰਾਪਤ ਹੁੰਦਾ ਹੈ, ਇਸ ਸਥਾਨ ਦੇ ਦਰਸ਼ਨ ਕਰਕੇ ਆਸਾਨੀ ਨਾਲ ਸਭ ਲਾਭ ਪ੍ਰਾਪਤ ਕਰ ਲਵੇਗਾ॥੩੭॥

ਹਮਰੀ ਆਗਜਾ ਕਉ ਇਮ ਜਾਨੈ। ਇਸ ਥਲ ਤੇ ਨਹਿ ਅੱਗ੍ਰ ਪਯਾਨੈ।
ਜਿਮ ਹਮ ਸੋਂ ਮਿਲਿ ਪ੍ਰੇਮ ਬਢਾਇ। ਤਿਮ ਇਸ ਥਲ ਤੇ ਫਲ ਕੋ ਪਾਇ' ॥੩੮॥

ਸਾਡੀ ਆਗਿਆ ਨੂੰ ਇਸ ਤਰ੍ਹਾਂ ਜਾਣੇ, ਇਸ ਥਲ ਤੋਂ ਅੱਗੇ ਨਾ ਜਾਵੇ। ਜਿਵੇਂ ਸਾਨੂੰ ਮਿਲ ਕੇ ਪ੍ਰੇਮ ਵਧਾਏ, ਉਸ ਤਰ੍ਹਾਂ ਹੀ ਇਸ ਥਲ ਤੋਂ ਲਾਭ ਪ੍ਰਾਪਤ ਕਰੇ''॥੩੮॥

ਗਨ ਸਿੱਖਨਿ ਸੁਖ ਦੈਬੇ ਕਾਰਨ। ਸਭਿਨਿ ਸੁਨਾਵਤਿ ਕੀਨਿ ਉਚਾਰਨਿ।
ਇਕ ਨਿਸ਼ਾਨ ਤਹਿਂ ਖਰੋ ਕਰਾਇ। ਕੁਛਕ ਸਿੱਖ ਤਿਸ ਥਾਨ ਟਿਕਾਇ॥੩੯॥

ਬਹੁਤ ਸਿੱਖਾਂ ਨੂੰ ਸੁਖ ਦੇਣ ਕਾਰਨ, ਸਾਰਿਆਂ ਨੂੰ ਸੁਣਾ ਕੇ ਉਚਾਰਨ ਕੀਤਾ। ਇਕ ਨਿਸ਼ਾਨ ਉਥੇ ਖੜਾ ਕਰਵਾਇਆ ਤੇ ਕੁਝ ਸਿੱਖਾਂ ਨੂੰ ਉਥੇ ਟਿਕਾ ਦਿੱਤਾ॥੩੯॥

ਇਮ ਸਤਿਗੁਰ ਜਬਿ ਕੀਨਿ ਬਖਾਨੀ। 'ਧੰਨ ਧੰਨ' ਕਹਿ ਸਭਿ ਨਰ ਬਾਨੀ।
ਤਿਸ ਦਿਨ ਕਰਿ ਮੁਕਾਮ ਤਹਿਂ ਰਹੇ। ਕਰਹਿਂ ਕ੍ਰਿਪਾ ਸਿੱਖਜਨਿ ਦੁਖ ਦਹੇ॥੪੦॥

ਇਸ ਤਰ੍ਹਾਂ ਸਤਿਗੁਰੂ ਜੀ ਨੇ ਜਦ ਕਿਹਾ, ''ਧੰਨ ਧੰਨ' ਦੇ ਸ਼ਬਦ ਸਭ ਸਿੱਖਾਂ ਨੇ ਬੋਲੇ। ਉਸ ਦਿਨ ਉਸ ਥਾਂ ਮੁਕਾਮ ਕਰਕੇ ਰਹੇ ਤੇ ਕਿਰਪਾ ਕਰਕੇ ਸਿੱਖਾਂ ਦੇ ਦੁੱਖ ਦੂਰ ਕੀਤੇ॥੪੦॥

ਤਬਿ ਸੰਗਤਿ ਗਨ ਪਹੁੰਚੀ ਆਇ। ਦੇਖਤਿ ਸਿਵਰ ਰਿਦੇ ਹਰਖਾਇ।
ਸ੍ਰੀ ਸਤਿਗੁਰ ਸਭਿ ਅੰਤਰਜਾਮੀ। ਕਰੇ ਨਿਹਾਲ ਦਰਸ ਦੇ ਸ੍ਵਾਮੀ॥ ੪੧॥

ਤਦ ਬਹੁਤ ਸੰਗਤ ਆ ਪਹੁੰਚੀ, ਉਹ ਡੇਰਾ ਵੇਖ ਕੇ ਹਿਰਦੇ ਵਿਚ ਬਹੁਤ ਪ੍ਰਸੰਨ ਹੋਏ। ਸ੍ਰੀ ਸਤਿਗੁਰੂ ਜੀ ਹਰ ਪ੍ਰਕਾਰ ਅੰਤਰਜਾਮੀ ਹਨ, ਸਵਾਮੀ ਜੀ ਦਰਸ਼ਨ ਦੇ ਕੇ ਨਿਹਾਲ ਕਰ ਦਿੰਦੇ ਹਨ॥੪੧॥

ਭਾਉ ਜਾਨਿ ਕਰਿ ਸੰਗਤਿ ਕੇਰਾ। ਰਾਖਜੋ ਗੁਰ ਮੁਕਾਮ ਨਿਜ ਡੇਰਾ।
ਪਾਛਲ ਪਹਿਰ ਲਗਾਇ ਦਿਵਾਨ। ਬੈਠੇ ਸਤਿਗੁਰ ਸੁੰਦਰ ਥਾਨ॥ ੪੨॥

ਸੰਗਤ ਦਾ ਪ੍ਰੇਮ ਭਾਉ ਜਾਣ ਕੇ ਗੁਰੂ ਜੀ ਨੇ ਆਪਣੇ ਡੇਰੇ ਦਾ ਉਥੇ ਮੁਕਾਮ ਰਖਿਆ। ਪਿਛਲੇ ਪਹਿਰ ਦੀਵਾਨ ਲਾਇਆ ਤੇ ਸਤਿਗੁਰੂ ਜੀ ਸੁੰਦਰ ਸਥਾਨ 'ਤੇ ਬੈਠ ਗਏ॥੪੨॥

ਸਭਿ ਸੰਗਤਿ ਕੋ ਦਰਸ਼ਨ ਦੀਨਸਿ। ਪੂਰਿ ਕਾਮਨਾ ਸਿੱਖਜਨਿ ਕੀਨਸਿ।
ਜਥਾ ਜੋਗ ਪੂਰਬਲੀ ਰੀਤਿ। ਸਕਲ ਕਰੀ ਹਰਖਾਇ ਸੁ ਚੀਤ॥ ੪੩॥

ਸਾਰੀ ਸੰਗਤ ਨੂੰ ਦਰਸ਼ਨ ਦਿੱਤਾ ਤੇ ਸਿੱਖਾਂ ਦੀਆਂ ਕਾਮਨਾਵਾਂ ਪੂਰੀਆਂ ਕੀਤੀਆਂ। ਯਥਾ ਯੋਗ ਪਹਿਲੀਆਂ ਰੀਤਾਂ ਅਨੁਸਾਰ ਸਭ ਕੁਝ ਕਰਕੇ ਸਾਰਿਆਂ ਨੂੰ ਪ੍ਰਸੰਨ ਕੀਤਾ॥੪੩॥

ਦੋਹਰਾ- ਦਰਸ਼ਨ ਦੇ ਗਨ ਭੇਟ ਲੇ ਬਾਂਛਤਿ ਸਿੱਖਜਨਿ ਪਾਇ।
ਭਈ ਬਿਦਾ ਸੰਗਤਿ ਤਹਾਂ ਚਿਤ ਮਹਿਂ ਮੋਦ ਬਢਾਇ॥ ੪੪॥

ਦਰਸ਼ਨ ਦੇ ਕੇ ਤੇ ਕਈ ਪ੍ਰਕਾਰ ਦੀਆਂ ਭੇਟਾਵਾਂ ਲੈ ਕੇ, ਸਿੱਖ ਮੂੰਹ ਮੰਗੀਆਂ ਮੁਰਾਦਾਂ ਪਾਉਂਦੇ ਸਨ। ਫਿਰ ਉਥੇ ਦੀ ਸਾਰੀ ਸੰਗਤ ਅਨੰਦ ਪ੍ਰਸੰਨਤਾ ਵਧਾ ਕੇ ਵਿਦਾ ਹੋ ਗਈ॥੪੪॥

ਦਸਵੀਂ ਰਾਸ ਦਾ ਸੈਂਤੀਵਾਂ ਅਧਿਆਇ ਸਮਾਪਤ ਹੋਇਆ॥੩੭॥

# ਅਧਿਆਇ ਅਠੱਤੀਵਾਂ

### ਝੀਵਰ ਤੋਂ ਗੀਤਾ ਦੇ ਅਰਥ

ਦੋਹਰਾ- ਸਕਲ ਬਿਤਾਈ ਜਾਮਨੀ ਭਈ ਪੁਨਹਿ ਪਰਭਾਤ।
ਕਰਿ ਸ਼ਨਾਨ ਸ੍ਰੀ ਸਤਿਗੁਰੂ ਚਾਹਤਿ ਪੰਥ ਪ੍ਰਯਾਤ॥ ੧॥

ਸਾਰੀ ਰਾਤ ਬਤੀਤ ਕੀਤੀ। ਫਿਰ ਸਵੇਰ ਹੋ ਗਈ, ਇਸ਼ਨਾਨ ਕਰਕੇ ਸ੍ਰੀ ਸਤਿਗੁਰੂ ਜੀ ਛੇਤੀ ਹੀ ਚਲਣਾ ਚਾਹੁੰਦੇ ਸਨ॥੧॥

ਚੌਪਈ- ਤਜਿ ਪੰਜੋਖਰੇ ਗ੍ਰਾਮ ਮਸੰਦ। 'ਅਟਕਹਿ ਸੰਗਤਿ ਇਹਾਂ ਬਿਲੰਦ।
ਗੁਰ ਕੋ ਬਾਕ ਸੁਨਾਵਹਿ ਸ਼੍ਰੋਨ। ਆਗੇ ਗਮਨ ਕਰਹਿ ਨਹਿ ਕੌਨ॥੨॥

ਪੰਜੋਖੜੇ ਪਿੰਡ ਵਿਚ ਕੁਝ ਮਸੰਦ ਛੱਡ ਕੇ ਕਿਹਾ, "ਜਿਹੜੀ ਵੀ ਭਾਰੀ ਸੰਗਤ ਆਵੇ, ਉਸ ਨੂੰ ਏਥੇ ਹੀ ਰੋਕੇ ਤੇ ਗੁਰੂ ਦੇ ਬਚਨ ਉਨ੍ਹਾਂ ਨੂੰ ਸੁਣਾਵੇ, ਇਸ ਸਥਾਨ ਤੋਂ ਅੱਗੇ ਸਾਡੇ ਪਿੱਛੇ ਕੋਈ ਨਾ ਆਵੇ॥੨॥

ਇਸ ਥਲ ਦਰਸ਼ਨ ਕਰਿ ਹਟਿ ਜਾਇ। ਇਮ ਸਤਿਗੁਰ ਕੀ ਅਹੈ ਰਜਾਇ'।
ਇਮ ਸਿੱਖਨਿ ਸੌਂ ਕਹਿ ਗੁਰ ਚਾਲੇ। ਸਜੰਦਨ ਪਰ ਆਰੂਢਿ ਸੁਖਾਲੇ॥੩॥

ਇਸ ਸਥਾਨ ਦੇ ਦਰਸ਼ਨ ਕਰਕੇ ਵਾਪਸ ਚਲੇ ਜਾਣ, ਇਸ ਤਰ੍ਹਾਂ ਸਤਿਗੁਰੂ ਦੀ ਰਜ਼ਾ ਹੈ।" ਸਿੱਖਾਂ ਨੂੰ ਇਸ ਤਰ੍ਹਾਂ ਕਹਿ ਕੇ ਗੁਰੂ ਜੀ ਅੱਗੇ ਚਲ ਪਏ ਤੇ ਆਸਾਨੀ ਨਾਲ ਰੱਥਾਂ 'ਤੇ ਸਵਾਰ ਹੋ ਗਏ॥੩॥

ਬਲੀ ਤੁਰੰਗ ਸੰਗ ਜਿਸ ਲਾਗੇ। ਗਤਿ ਚੰਚਲ ਜਨੁ ਚਲਿ ਹੈਂ ਭਾਗੇ।
ਅਪਰ ਸੁਭਟ ਅਰੁ ਮਹਾਂ ਮਸੰਦ। ਸ਼ਸਤ੍ਰ ਬਸਤ੍ਰ ਤੇ ਸ਼ੁਭਤਿ ਉਤੰਗ॥੪॥

ਜਿਨ੍ਹਾਂ ਨਾਲ ਬੜੇ ਬਲਵਾਨ ਘੋੜੇ ਜੁੱਤੇ ਹੋਏ ਸਨ। ਉਨ੍ਹਾਂ ਦੀ ਚਾਲ ਬੜੀ ਚੰਚਲ ਸੀ। ਚਲਦਿਆਂ ਵੀ ਇੰਝ ਲੱਗਦੇ ਸਨ ਜਿਵੇਂ ਭੱਜ ਰਹੇ ਹੋਣ। ਹੋਰ ਸੂਰਮੇ ਅਤੇ ਵੱਡੇ ਮਸੰਦ ਸ਼ਸਤਰ ਵਸਤਰ ਪਹਿਨ ਕੇ ਬੜੀ ਸ਼ੋਭਾ ਪਾ ਰਹੇ ਸਨ॥੪॥

ਸਤਿਗੁਰ ਕੇ ਪਾਛੇ ਲਗਿ ਚਾਲੇ। ਦਿਨ ਮਹਿਂ ਗਮਨਹਿਂ ਪੰਥ ਬਿਸਾਲੇ।
ਸਿਵਰ ਕਰਹਿਂ ਜਾਮਨਿ ਕੋ ਪਾਇ। ਖਾਨ ਪਾਨ ਕਰਿ ਕੈ ਸਮੁਦਾਇ॥੫॥

ਉਹ ਸਭ ਸਤਿਗੁਰੂ ਜੀ ਦੇ ਪਿੱਛੇ ਲੱਗ ਕੇ ਚਲ ਪਏ, ਦਿਨ ਸਮੇਂ ਬਹੁਤ ਲੰਮਾ ਪੈਂਡਾ ਤਹਿ ਕਰਦੇ ਸਨ। ਰਾਤ ਹੋ ਜਾਣ 'ਤੇ ਡੇਰਾ ਕਰਦੇ ਸਨ, ਫਿਰ ਸਾਰੇ ਖਾ ਪੀ ਕੇ ਆਰਾਮ ਕਰਦੇ ਸਨ॥੫॥

ਸੁਖ ਸੌਂ ਸੁਪਤਹਿਂ ਨਿਸਾ ਗੁਜ਼ਾਰਹਿਂ। ਭਈ ਪ੍ਰਾਤਿ ਪੁਨ ਪੰਥ ਸਮ੍ਹਾਰਹਿਂ।
ਗਮਨਹਿਂ ਮਾਰਗ ਇਸੀ ਪ੍ਰਕਾਰੇ। ਏਕ ਨਗਰ ਤਬਿ ਆਏ ਅਗਾਰੇ॥੬॥

ਸੁੱਖ ਨਾਲ ਸੌਂ ਕੇ ਰਾਤ ਗੁਜ਼ਾਰਦੇ ਸਨ, ਸਵੇਰ ਹੋਣ 'ਤੇ ਫਿਰ ਆਪਣਾ ਰਾਹ ਸੰਭਾਲਦੇ ਸਨ। ਸਾਰੇ ਏਸੇ ਪ੍ਰਕਾਰ ਚਲੇ ਜਾ ਰਹੇ ਸਨ, ਫਿਰ ਅੱਗੇ ਇਕ ਨਗਰ ਆਇਆ॥੬॥

ਕਰਯੋ ਸਿਵਰ ਤਹਿਂ ਉਤਰਿ ਪਰੇ ਹੈਂ। ਵਾਹਨ ਪਾਏ ਜ਼ੀਨ ਖਰੇ ਹੈਂ।
ਤਹਿਂ ਇਕ ਪੰਡਿਤ ਬਿਦਯਾ ਘਨੀ। ਬੁੱਧੀ ਬਡ ਹੰਕਾਰ ਸੌਂ ਸਨੀ॥੭॥

ਉਥੇ ਡੇਰਾ ਕਰਕੇ ਉਤਾਰਾ ਕਰ ਲਿਆ। ਘੋੜੇ ਕਾਠੀਆਂ ਸਣੇ ਖੜੇ ਸਨ। ਉਥੇ ਇਕ ਪੰਡਿਤ ਸੀ ਜਿਹੜਾ ਬਹੁਤ ਵਿਦਿਆ ਪੜ੍ਹਿਆ ਹੋਇਆ ਸੀ। ਵੱਡੀ ਬੁਧੀ ਹੰਕਾਰ ਨਾਲ ਭਰੀ ਹੋਈ ਸੀ॥੭॥

ਇਕ ਤੋ ਬਿੱਦਜਾ ਕਹੁ ਮਦ ਭਾਰੀ। ਬ੍ਰਿੱਪ ਜਾਤਿ ਮਦ ਰਿਦੇ ਮਝਾਰੀ।
ਅਪਨੇ ਸਮ ਨਹਿਂ ਜਾਨਹਿ ਕਾਹੂ। ਜੋ ਸਬਿੱਦਜ ਬਾਦਹਿ ਸੰਗ ਤਾਹੂ॥ ੮॥

ਇਕ ਤਾਂ ਵਿਦਿਆ ਦੇ ਭਾਰੀ ਨਸ਼ੇ ਨਾਲ ਭਰਿਆ ਹੋਇਆ ਸੀ, ਦੂਸਰਾ ਬ੍ਰਾਹਮਣ ਜਾਤੀ ਦਾ ਹੋਣ ਕਰਕੇ ਹਿਰਦੇ ਵਿਚ ਉਚੀ ਜਾਤੀ ਦਾ ਬਹੁਤ ਮਾਣ ਸੀ। ਉਹ ਕਿਸੇ ਨੂੰ ਵੀ ਆਪਣੇ ਬਰਾਬਰ ਨਹੀਂ ਸੀ ਜਾਣਦਾ। ਜਿਹੜਾ ਵੀ ਵਿਦਵਾਨ ਮਿਲਦਾ ਸੀ, ਉਸ ਨਾਲ ਬਹਿਸ ਕਰਕੇ ਝਗੜਦਾ ਸੀ॥੮॥

ਬਿਜੈ ਕਰਹਿ ਬਹੁ ਮਾਨ ਘਟਾਵਹਿ। ਬਿੱਦਜਾ ਬਲ ਤੇ ਮਦ ਉਪਜਾਵਹਿ।
ਸਹਜ ਸੁਭਾਇਕ ਸੋ ਤਹਿਂ ਜਾਇ। ਜਹਿਂ ਸਤਿਗੁਰ ਡੇਰੋ ਉਤਰਾਇ॥ ੯॥

ਦੂਸਰੇ ਉੱਤੇ ਵਿਜੇ ਪ੍ਰਾਪਤ ਕਰਕੇ ਉਸ ਦਾ ਮਾਣ ਘਟਾ ਦਿੰਦਾ ਸੀ। ਵਿਦਿਆ ਦੇ ਬਲ ਨਾਲ ਘੁਮੰਡੀ ਹੋ ਜਾਂਦਾ ਸੀ। ਸਹਿਜ ਸੁਭਾਅ ਉਹ ਉਥੇ ਪਹੁੰਚ ਗਿਆ, ਜਿਥੇ ਸਤਿਗੁਰੂ ਜੀ ਦੇ ਡੇਰੇ ਨੇ ਉਤਾਰਾ ਕੀਤਾ ਹੋਇਆ ਸੀ॥੯॥

ਇਕ ਸਿਖ ਸੌਂ ਤਬਿ ਬੂਝਨਿ ਲਾਗਾ। 'ਉਤਰਜੋ ਆਨਿ ਕੌਨ ਇਸ ਜਾਗਾ ?।
ਕਿਸ ਥਲ ਤੇ ਆਯੋ ਕਿਤ ਜਾਤਿ ?। ਕੌਨ ਨਾਮ ਹੈ ਕਹੁ ਸਭਿ ਬਾਤ ?' ॥੧੦॥

ਇਕ ਸਿੱਖ ਨੂੰ ਫਿਰ ਉਹ ਪੁੱਛਣ ਲੱਗਾ, "ਇਸ ਸਥਾਨ 'ਤੇ ਕਿਸ ਨੇ ਆ ਕੇ ਉਤਾਰਾ ਕੀਤਾ ਹੈ ? ਇਹ ਕਿਸ ਸਥਾਨ ਤੋਂ ਆਏ ਹਨ ਅਤੇ ਇਨ੍ਹਾਂ ਨੇ ਕਿਥੇ ਜਾਣਾ ਹੈ ? ਇਨ੍ਹਾਂ ਦਾ ਕੀ ਨਾਂ ਹੈ, ਸਾਰੀ ਗੱਲ ਦੱਸੋ ?" ॥੧੦॥

ਕਹਜੋ ਸਿੱਖ ਨੇ 'ਸਤਿਗੁਰ ਅਹੈਂ। ਸ੍ਰੀ ਹਰਿਕ੍ਰਿਸ਼ਨ ਨਾਮ ਜਗ ਕਹੈਂ।
ਸ੍ਰੀ ਨਾਨਕ ਗਾਦੀ ਪਰ ਥਿਤ ਹੈਂ। ਹਰਿ ਅਵਤਰੇ ਸੁਭਤਿ ਸਮ ਚਿਤ ਹੈਂ' ॥੧੧॥

ਸਿੱਖ ਨੇ ਕਿਹਾ, "ਇਹ ਸਤਿਗੁਰੂ ਜੀ ਹਨ, ਜਗਤ ਵਿਚ ਇਨ੍ਹਾਂ ਨੂੰ ਸ੍ਰੀ ਹਰਿਕ੍ਰਿਸ਼ਨ ਜੀ ਦੇ ਨਾਮ ਨਾਲ ਪੁਕਾਰਦੇ ਹਨ। ਇਹ ਗੁਰੂ ਨਾਨਕ ਦੇਵ ਜੀ ਦੀ ਗੱਦੀ 'ਤੇ ਬਿਰਾਜਮਾਨ ਹਨ: ਹਰੀ ਦੇ ਅਵਤਾਰ ਵਜੋਂ ਸ਼ੋਭਦੇ ਹਨ ਤੇ ਹਰੀ ਸਮਾਨ ਚਿੱਤ ਹੈ" ॥੧੧॥

ਸੁਨਿ ਸਹਿ ਸਕਜੋ ਨ, ਖੁਨਸਜੋ ਮਾਨੀ। ਮਦ ਸੋਂ ਅੰਧਾ ਬੁੱਧਿ ਹਿਰਾਨੀ।
ਕਹਿ ਦਿਜ 'ਭੇ ਸ੍ਰੀ ਕ੍ਰਿਸ਼ਨ ਮਹਾਨੇ। ਧਰ ਅਵਤਰੇ ਸਰਬ ਜਗ ਜਾਨੇ॥੧੨॥

ਬ੍ਰਾਹਮਣ ਇਹ ਸੁਣ ਕੇ ਬਰਦਾਸ਼ਤ ਨਾ ਕਰ ਸਕਿਆ ਤੇ ਅਭਿਮਾਨੀ ਨੇ ਕੁਝ ਖਾਰ ਖਾਧੀ, ਹੰਕਾਰ ਨਾਲ ਅੰਨ੍ਹੇ ਹੋ ਕੇ ਉਸਦੀ ਮੱਤ ਮਾਰੀ ਗਈ। ਬ੍ਰਾਹਮਣ ਨੇ ਕਿਹਾ, "ਇਹ ਸ੍ਰੀ ਕ੍ਰਿਸ਼ਨ ਮਹਾਨ ਬਣ ਗਿਆ ਹੈ, ਉਨ੍ਹਾਂ ਤਾਂ ਅਵਤਾਰ ਧਾਰਨ ਕੀਤਾ ਸੀ ਤੇ ਸਾਰਾ ਜੱਗ ਜਾਣਦਾ ਹੈ॥੧੨॥

ਤਿਨ ਤੇ ਭੀ ਨਿਜ ਨਾਮ ਬਡੇਰਾ। ਸ੍ਰੀ ਹਰਿਕ੍ਰਿਸ਼ਨ ਰਖਾਇ ਬਿਖੇਰਾ।
ਤਿਨਹੁਂ ਕਰੀ ਗੀਤਾ ਸੁਭ ਗ੍ਰੰਥ। ਜਿਹ ਪਠਿ ਸੁਨਿ ਨਰ ਚਲਹਿਂ ਸੁ ਪੰਥ॥੧੩॥

ਉਸ ਨਾਲੋਂ ਵੀ ਵੱਡਾ ਨਾਮ ਰੱਖ ਲਿਆ ਹੈ। ਸ੍ਰੀ ਹਰਿਕ੍ਰਿਸ਼ਨ ਵੱਡਾ ਨਾਮ ਫੈਲਾ ਕੇ ਰਖਿਆ ਹੈ। ਉਨ੍ਹਾਂ ਤਾਂ ਗੀਤਾ ਵਰਗਾ ਵੱਡਾ ਸ਼ੁਭ ਗ੍ਰੰਥ ਬਣਾਇਆ ਸੀ, ਜਿਸ ਨੂੰ ਪੜ੍ਹ ਸੁਣ ਕੇ ਮਨੁੱਖ ਸ਼ੁਭ ਮਾਰਗ 'ਤੇ ਚਲਦੇ ਹਨ॥੧੩॥

ਤਿਹ ਸ਼ਲੋਕ ਕੈ ਅਰਥ ਮਹਾਨੇ। ਇਨ ਤੇ ਸੋ ਪਿ ਨ ਜਾਹਿਂ ਬਖਾਨੇ।
ਨਾਮ ਧਰਾਵਨਿ ਅਹੈ ਸੁਖੈਨ। ਤਿਨ ਕੇ ਗੁਨ ਸੁਭ ਕਿਸ ਮਹਿਂ ਹੈ ਨ॥੧੪॥

ਉਨ੍ਹਾਂ ਦੇ ਸਲੋਕਾਂ ਦੇ ਅਰਥ ਮਹਾਨ ਕਠਨ ਹਨ, ਇਹ ਤਾਂ ਉਨ੍ਹਾਂ ਦੇ ਅਰਥ ਵੀ ਬਿਆਨ ਨਹੀਂ ਕਰ ਸਕਦੇ। ਸ੍ਰੀ ਹਰਿਕ੍ਰਿਸ਼ਨ ਨਾਮ ਰੱਖ ਲੈਣਾ ਬੜਾ ਆਸਾਨ ਹੈ, ਪਰ ਉਨ੍ਹਾਂ ਵਰਗੇ ਸ਼ੁਭ ਗੁਣ ਕਿਸੇ ਵਿਚ ਵੀ ਨਹੀਂ ਹਨ॥੧੪॥

ਜੇ ਸਾਰਥ ਇਹ ਨਾਮ ਧਰਾਵਹੁ। ਕਰਿ ਗੀਤਾ ਕੇ ਅਰਥ ਸੁਨਾਵਹੁ।
ਨਾਂਹਿ ਤ ਕੂਰ ਕਹਨਿ ਇਨ ਕੇਰੋ। ਹਮ ਨਹਿਂ ਮਾਨਹਿਂ ਕਹਿਬੋ ਤੇਰੋ'॥੧੫॥

ਜੇ ਕ੍ਰਿਸ਼ਨ ਵਰਗਾ ਨਾਮ ਰਖਾਇਆ ਹੈ ਤਾਂ ਫਿਰ ਗੀਤਾ ਦੇ ਅਰਥ ਕਰਕੇ ਸੁਣਾਉਣ, ਨਹੀਂ ਤਾਂ ਜੋ ਇਨ੍ਹਾਂ ਬਾਰੇ ਕਿਹਾ ਹੈ ਉਹ ਝੂਠ ਹੈ। ਅਸੀਂ ਤਾਂ ਤੇਰੇ ਕਹੇ ਨੂੰ ਮੰਨਦੇ ਨਹੀਂ ਹਾਂ"॥੧੫॥

ਸੁਨਤਿ ਸਿੱਖ ਕਹਿ 'ਰਹੁ ਤੂੰ ਖਰੋ। ਮੈਂ ਅਬਿ ਜਾਇ ਬੂਝਿਬੋ ਕਰੋਂ।
ਗੁਰ ਸਮਰਥ ਹੈਂ ਸਭਿ ਹੀ ਭਾਂਤਿ। ਦੇਂ ਉੱਤਰ ਜੋ ਬੂਝਹਿਂ ਬਾਤ'॥੧੬॥

ਇਹ ਸੁਣ ਕੇ ਸਿੱਖ ਨੇ ਕਿਹਾ, "ਏਥੇ ਹੀ ਖੜੇ ਰਹੋ, ਮੈਂ ਹੁਣੇ ਜਾ ਕੇ ਸਤਿਗੁਰੂ ਜੀ ਪਾਸੋਂ ਪੁੱਛਦਾ ਹਾਂ, ਗੁਰੂ ਜੀ ਸਭ ਭਾਂਤ ਸਮਰੱਥ ਹਨ, ਜਿਹੜੀ ਵੀ ਗੱਲ ਤੁਸੀਂ ਪੁੱਛੋਗੇ ਉਸ ਦਾ ਉੱਤਰ ਦੇਣਗੇ"॥੧੬॥

ਇਮ ਕਹਿ ਸਿੱਖ ਗਯੋ ਗੁਰ ਪਾਸ। ਸਿਰ ਨਿਵਾਇ ਕੀਨਸਿ ਅਰਦਾਸ।
ਦਿਜ ਕੀ ਕਹਿਵਤ ਸਕਲ ਸੁਨਾਈ। 'ਖਰੋ ਅਹੈ, ਕਿਮ ਕਹੌਂ ਬੁਝਾਈ'॥੧੭॥

ਇਸ ਤਰ੍ਹਾਂ ਕਹਿ ਕੇ ਸਿੱਖ ਗੁਰੂ ਜੀ ਪਾਸ ਗਿਆ ਤੇ ਸਿਰ ਨਿਵਾ ਕੇ ਬੇਨਤੀ ਕੀਤੀ। ਬ੍ਰਾਹਮਣ ਦੀ ਕਹੀ ਹੋਈ ਗੱਲ ਸਾਰੀ ਸੁਣਾਈ, "ਏਥੇ ਹੀ ਖੜਾ ਹੈ, ਉਸ ਨੂੰ ਕੀ ਉੱਤਰ ਦੇਵਾਂ ਜੀ"॥੧੭॥

ਮੁਸਕਜਾਵਤਿ ਸ੍ਰੀ ਮੁਖ ਤੇ ਕਹਜੋ। 'ਬਿੱਪ੍ਰ ਅਸ਼ਰਧਕ ਸੋ ਹਮ ਲਹਜੋ।
ਚਹਿਤ ਜਿ ਉੱਤਰ ਦੈਬੋ ਤਾਂਹੀ। ਕਰਹੁ ਹਕਾਰਨਿ ਹਮਾਰੇ ਪਾਹੀ॥੧੮॥

ਸ੍ਰੀ ਸਤਿਗੁਰੂ ਜੀ ਨੇ ਮੁਸਕਰਾ ਕੇ ਕਿਹਾ, "ਬ੍ਰਾਹਮਣ ਸ਼ਰਧਾਹੀਣ ਹੈ, ਇਹ ਅਸੀਂ ਜਾਣ ਲਿਆ ਹੈ। ਜੇ ਉਹ ਉੱਤਰ ਲੈਣਾ ਚਾਹੁੰਦਾ ਹੈ ਤਾਂ ਉਸਨੂੰ ਸਾਡੇ ਪਾਸ ਬੁਲਾਵੋ॥੧੮॥

ਜਿਮ ਚਿਤ ਚਹਿ ਤਿਮ ਦੇਹੁ ਬੁਝਾਈ। ਤਰਕਤਿ ਮਹਾਂ ਮੂਢ ਕੀ ਨਜਾਂਈਂ।
ਬੁੱਧਿ ਬਿਲੋਚਨ ਨਿਰਮਲ ਚਾਰੁ। ਹੋਤਿ ਮੋਤੀਆ ਦੁਖ ਹੰਕਾਰ॥੧੯॥

ਜਿਵੇਂ ਚਿੱਤ ਵਿਚ ਚਾਹੁੰਦਾ ਹੈ, ਉਸ ਤਰ੍ਹਾਂ ਹੀ ਦੱਸ ਦਿੰਦੇ ਹਾਂ, ਮਹਾਂ ਮੂਰਖ ਵਾਂਗ ਤਰਕ ਕਰਦਾ ਹੈ। ਬੁੱਧੀ ਨੂੰ ਹੰਕਾਰ ਰੂਪੀ ਮੋਤੀਆ-ਬਿੰਦ ਦੀ ਬਿਮਾਰੀ ਲੱਗੀ ਹੈ॥੧੯॥

ਅਪਨਿ ਆਪ ਕੋ ਲਖਨਿ ਬਿਸਾਲ। ਇਹੀ ਅੰਧ ਹੋਵਨਿ ਸਭਿ ਕਾਲ।
ਦ੍ਰਿਸ਼ਟਿ ਨ ਆਵਹਿਂ ਸ਼ੁਭ ਗੁਨ ਬ੍ਰਿੰਦ। ਮਗ ਪ੍ਰਭੁ ਮਿਲਨਿ ਸੁ ਦੂਰ ਬਿਲੰਦ॥੨੦॥

ਜਿਹੜੇ ਆਪਣੇ ਆਪ ਨੂੰ ਵੱਡਾ ਸਮਝਦੇ ਹਨ, ਅਜਿਹੇ ਹਰ ਸਮੇਂ ਅੰਨ੍ਹੇ ਹੀ ਰਹਿੰਦੇ ਹਨ। ਉਨ੍ਹਾਂ ਨੂੰ ਸ਼ੁਭ ਗੁਣ ਨਜ਼ਰ ਨਹੀਂ ਆਉਂਦੇ ਹਨ, ਉਹ ਪ੍ਰਭੂ ਨੂੰ ਮਿਲਣ ਦੇ ਮਾਰਗ ਤੋਂ ਬਹੁਤ ਦੂਰ ਨਿਕਲ ਜਾਂਦੇ ਹਨ॥੨੦॥

ਇਹ ਦੁਖ ਹਤਨਿ, ਬੈਦ ਸਤਿਗੁਰ ਹੈਂ। ਔਖਧਿ ਬਾਕ ਬਸਾਇ ਜਿ ਉਰ ਹੈ।
ਬਿੱਪ੍ਰ ਜਾਤਿ ਉਰ ਬਿੱਦਜਾ ਮਦ ਹੈ। ਯਾਂਤੇ ਅਧਿਕ ਅੰਧ ਦੁਇ ਗਦ ਹੈ॥੨੧॥

ਇਸ ਦੁੱਖ ਨੂੰ ਦੂਰ ਕਰਨ ਵਾਲਾ ਵੈਦ ਸਤਿਗੁਰੂ ਹੈ, ਜਿਸ ਨੇ ਦਵਾਈ ਰੂਪੀ ਬਚਨ ਹਿਰਦੇ ਵਿਚ ਵਸਾਇਆ ਹੈ। ਉਸ ਦੀ ਉੱਚੀ ਬ੍ਰਾਹਮਣ ਜਾਤੀ ਹੈ ਤੇ ਹਿਰਦੇ ਵਿਚ ਵਿਦਿਆ ਦਾ ਹੰਕਾਰ ਹੈ। ਇਸ ਕਰਕੇ ਦੋ ਰੋਗ ਇਕੱਠੇ ਹੋ ਗਏ ਹਨ ਭਾਵ ਇਕ ਜਾਤ ਦਾ ਰੋਗ ਹੈ ਅਤੇ ਇਕ ਵਿਦਿਆ ਦਾ ਹੰਕਾਰ ਹੈ॥੨੧॥

ਸੋ ਇਸ ਕੋ ਦੁਖ ਹਤਹਿਂ, ਬੁਲਾਵਹੁ। ਸਿਖ ਉਪਕਾਰ ਕਰਤਿ, ਬਿਦਤਾਵਹੁ'।
ਸੁਨਿ ਕਰਿ ਗਯੋ ਬਿੱਪ੍ਰ ਸੌਂ ਭਾਖਾ। 'ਗੁਰ ਢਿਗ ਚਲਹੁ ਬੂਝਿ ਅਭਿਲਾਖਾ ॥੨੨॥

ਇਸ ਕਰਕੇ ਇਸ ਨੂੰ ਬੁਲਾਵੋ ਤਾਂਕਿ ਇਸ ਦਾ ਦੁੱਖ ਦੂਰ ਕਰੀਏ। ਤੁਸੀਂ ਪ੍ਰਗਟ ਕਰਿਆ ਕਰਦੇ ਹੋ ਕਿ ਸਿੱਖ ਸਦਾ ਉਪਕਾਰ ਕਰਦੇ ਹਨ, ਜਾਓ ਉਸ ਨੂੰ ਬੁਲਾ ਕੇ ਲਿਆਓ ਉਸ ਦਾ ਦੁੱਖ ਦੂਰ ਕਰੀਏ ਤੇ ਤੁਹਾਡਾ ਵੀ ਉਪਕਾਰ ਹੋਵੇ।" ਇਹ ਸੁਣ ਕੇ ਸਿੱਖ ਬ੍ਰਾਹਮਣ ਦੇ ਪਾਸ ਗਿਆ ਤੇ ਉਸ ਨੂੰ ਕਿਹਾ, "ਗੁਰੂ ਜੀ ਪਾਸ ਚਲੋ ਤੇ ਪੁੱਛ ਕੇ ਆਪਣੀ ਅਭਿਲਾਸ਼ਾ ਪੂਰੀ ਕਰੋ ॥੨੨॥

ਸਭਿ ਤੁਝ ਕਹਿਬੋ ਜਾਇ ਸੁਨਾਯੋ। ਸੁਨਿ ਸ੍ਰੀ ਪ੍ਰਭੁ ਨੇ ਨਿਕਟਿ ਬੁਲਾਯੋ।
ਇਮ ਸੁਨਿ ਬਿੱਪ੍ਰ ਚੌਂਪ ਕਰਿ ਚਾਲਾ। ਸੰਸੈ ਪ੍ਰਸ਼ਨ ਬਿਚਾਰਿ ਬਿਸਾਲਾ ॥੨੩॥

ਜੋ ਕੁਝ ਵੀ ਤੁਸੀਂ ਕਿਹਾ ਹੈ, ਮੈਂ ਉਨ੍ਹਾਂ ਨੂੰ ਸੁਣਾਇਆ ਹੈ। ਇਹ ਸੁਣ ਕੇ ਪ੍ਰਭੂ ਜੀ ਨੇ ਪਾਸ ਬੁਲਾਇਆ ਹੈ।" ਇਹ ਸੁਣ ਕੇ ਬ੍ਰਾਹਮਣ ਬੜੇ ਚਾਅ ਨਾਲ ਚਲਿਆ ਤੇ ਸੰਸੇ ਦੇ ਕਈ ਪ੍ਰਸ਼ਨਾਂ ਬਾਰੇ ਵਿਚਾਰ ਕੀਤੀ ॥੨੩॥

ਗਰਬਤਿ ਬੈਠਯੋ ਜਾਇ ਨਜੀਕਾ। ਪਿਖਿ ਬੋਲੇ ਸੋਢੀ ਕੁਲ ਟੀਕਾ।
'ਕਹੁ ਦਿਜਬਰ! ਕਜਾ ਬੂਝਯੋ ਚਹੈਂ। ਬਿਦਤ ਬਤਾਵਹੁ ਜਿਮ ਚਿਤ ਅਹੈ' ॥੨੪॥

ਬੜੇ ਘੁਮੰਡ ਨਾਲ ਭਰਿਆ ਗੁਰੂ ਜੀ ਪਾਸ ਜਾ ਬੈਠਾ। ਉਸ ਨੂੰ ਵੇਖ ਕੇ ਸੋਢੀ ਕੁਲ ਦੇ ਸਿਰਤਾਜ ਭਾਵ ਗੁਰੂ ਜੀ ਬੋਲੇ, "ਹੇ ਬ੍ਰਾਹਮਣ! ਕਹੋ, ਕੀ ਪੁੱਛਣਾ ਚਾਹੁੰਦੇ ਹੋ? ਪ੍ਰਗਟ ਰੂਪ ਵਿਚ ਦੱਸੋ ਜਿਵੇਂ ਚਿਤ ਵਿਚ ਧਾਰਨ ਕੀਤਾ ਹੈ" ॥੨੪॥

ਦਿਜ ਤਬਿ ਕਹਯੋ 'ਕ੍ਰਿਸ਼ਨ ਅਵਤਾਰ। ਰਿਦੇ ਜਿਨਹੁੰ ਕੇ ਗਜਾਨ ਉਦਾਰ।
ਬ੍ਰਹਮਗਜਾਨ ਮਯ ਗੀਤਾ ਕੀਨਸਿ। ਜਿਹ ਪਠਿ ਸੁਨਿਕੈ ਲੇ ਸਭਿ ਚੀਨਸਿ ॥੨੫॥

ਤਦ ਬ੍ਰਾਹਮਣ ਨੇ ਕਿਹਾ, "ਸ੍ਰੀ ਕ੍ਰਿਸ਼ਨ ਜੀ ਅਵਤਾਰ ਹੋਏ ਹਨ ਜਿਨ੍ਹਾਂ ਦੇ ਹਿਰਦੇ ਵਿਚ ਉੱਤਮ ਗਿਆਨ ਸੀ। ਉਨ੍ਹਾਂ ਨੇ ਬ੍ਰਹਮ ਗਿਆਨ ਵਿਚ ਗੀਤਾ ਦੀ ਰਚਨਾ ਕੀਤੀ, ਜਿਸ ਨੂੰ ਪੜ੍ਹ ਲਿਖ ਕੇ ਸਾਰੇ ਪਹਿਚਾਣਦੇ ਹਨ ॥੨੫॥

ਤਿਨ ਨਾਮਨਿ ਤੇ ਤੁਮ ਅਧਿਕਾਯੋ। ਸ੍ਰੀ ਹਰਿਕ੍ਰਿਸ਼ਨ ਨਾਮ ਰਖਵਾਯੋ।
ਪੁਨ ਗੁਰ ਗਾਦੀ ਪਰ ਥਿਤ ਅਹੋ। ਗੁਰੁ ਨਾਮ ਅਪਨੋ ਜਗ ਲਹੋ ॥੨੬॥

ਉਨ੍ਹਾਂ ਦੇ ਨਾਂ ਨਾਲੋਂ ਵੀ ਤੁਸੀਂ ਆਪਣਾ ਵੱਡਾ ਨਾਂ ਰਖਿਆ ਹੈ ਭਾਵ ਸ੍ਰੀ ਹਰਿਕ੍ਰਿਸ਼ਨ ਨਾਮ ਰਖਵਾਇਆ ਹੈ, ਫਿਰ ਤੁਸੀਂ ਗੱਦੀ 'ਤੇ ਬੈਠੇ ਹੋ, ਜੱਗ ਵਿਚ ਆਪਣੇ ਆਪ ਨੂੰ ਗੁਰੂ ਅਖਵਾਉਂਦੇ ਹੋ ॥੨੬॥

ਗੀਤਾ ਬਿਖੈ ਪ੍ਰਸ਼ਨ ਬਡ ਮੇਰੇ। ਉੱਤਰ ਦਿਹੁ, ਤੁਮ ਸੁਨੇ ਬਡੇਰੇ।
ਜੋ ਸ੍ਰੀ ਕ੍ਰਿਸ਼ਨ ਬਨਾਵਨਿ ਕੀਨਿ। ਅਰਥ ਕਰਹੁ ਜੇ ਲੇਵੌਂ ਚੀਨ ॥੨੭॥

ਗੀਤਾ ਬਾਰੇ ਮੇਰੇ ਕਈ ਪ੍ਰਸ਼ਨ ਹਨ, ਉਨ੍ਹਾਂ ਦਾ ਉੱਤਰ ਦੇਵੋ, ਤੁਸੀਂ ਵੱਡੇ ਸੁਣੇ ਜਾਂਦੇ ਹੋ। ਜੋ ਸ੍ਰੀ ਕ੍ਰਿਸ਼ਨ ਜੀ ਨੇ ਗੀਤਾ ਬਣਾਈ ਹੈ ਉਸ ਦੇ ਅਰਥ ਕਰੋ ਜਿਹੜੇ ਮੈਂ ਵੇਖ ਲਵਾਂ ॥੨੭॥

ਸਾਰਥ ਜਾਨੋ ਨਾਮ ਤੁਮਾਰੇ। ਨਾਂਹਿ ਤ ਨੀਕੇ ਨਹੀਂ ਨਿਹਾਰੋਂ।
ਸ੍ਰੀ ਹਰਿਕ੍ਰਿਸ਼ਨ ਸੁਨਤਿ ਬਚ ਕਹਯੋ। 'ਬਾਦੀ ਬਿੱਪ੍ਰ ਜਾਤਿ ਕੋ ਲਹਯੋ ॥੨੮॥

ਅਰਥ ਸਹਿਤ ਆਪਣਾ ਨਾਮ ਜਾਣੋ, ਨਹੀਂ ਤਾਂ ਇਹ ਨਾਮ ਰਖਿਆ ਚੰਗਾ ਨਹੀਂ ਸਮਝਾਂਗਾ।" ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੇ ਸੁਣ ਕੇ ਬਚਨ ਕਹੇ, "ਝਗੜਾਲੂ ਬ੍ਰਾਹਮਣ ਜਾਤੀ ਤੇਰੀ ਅਸੀਂ ਸਮਝ ਲਈ ਹੈ ॥੨੮॥

ਜੇ ਕੀਰ ਹਮ ਤੁਝਿ ਅਰਥ ਸੁਨਾਵਹਿਂ। ਤਊ ਕਲਪਨਾ ਅਨਿਕ ਉਠਾਵਹਿਂ।
ਧਨੀ ਪੁਰਖ ਇਹ, ਭਾਗ ਬਲੀ ਹੈ। ਕਿਨਹੁਂ ਪਢਾਏ ਭਾਂਤਿ ਭਲੀ ਹੈ ॥੨੯॥

ਜੇ ਅਸੀਂ ਤੈਨੂੰ ਅਰਥ ਸੁਣਾਵਾਂਗੇ, ਤੂੰ ਕਈ ਪ੍ਰਕਾਰ ਦੀਆਂ ਕਲਪਨਾਵਾਂ ਉਠਾਵੇਂਗਾ ਤੇ ਕਹੇਂਗਾ ਇਹ ਧਨੀ ਪੁਰਸ਼ ਹੈ, ਵੱਡੇਭਾਗ ਹਨ, ਕਿਸੇ ਨੇ ਇਸ ਨੂੰ ਗੀਤਾ ਭਲੀ ਪ੍ਰਕਾਰ ਪੜ੍ਹਾ ਦਿੱਤੀ ਹੋਵੇਗੀ॥੨੯॥

ਪ੍ਰਥਮ ਪਠੀ ਹੁਇ ਗੀ ਕਿਸ ਪਾਸ। ਇਮ ਜਾਨਹਿਂ, ਨਹਿਂ ਹੁਇ ਬਿੱਸ੍ਯਾਸ।
ਯਾਂਤੇ ਪ੍ਰਥਮ ਕਾਰ ਇਮ ਕੀਜੈ। ਆਪ ਨਗਰ ਮਹਿਂ ਜਾਇ ਪਿਖੀਜੈ॥ ੩੦॥

ਪਹਿਲਾਂ ਹੀ ਇਨ੍ਹਾਂ ਕਿਸੇ ਪਾਸੋਂ ਪੜ੍ਹੀ ਹੋਵੇਗੀ, ਇਸ ਤਰ੍ਹਾਂ ਜਾਨਣ ਨਾਲ ਤੈਨੂੰ ਵਿਸ਼ਵਾਸ ਨਹੀਂ ਹੋਵੇਗਾ। ਇਸ ਕਰਕੇ ਪਹਿਲਾਂ ਇਹ ਕਾਰ ਕਰੋ, ਆਪ ਨਗਰ ਵਿਚ ਜਾ ਕੇ ਇਹ ਵੇਖੋ॥੩੦॥

ਜੋ ਅਪਠਤਿ ਹੁਇ ਮੂਢ ਬਿਸਾਲਾ। ਤਿਹ ਬੁਲਾਇ ਆਨਹੁ ਇਸ ਕਾਲਾ।
ਸੋ ਉੱਤਰ ਦੈ ਹੈ ਤੁਝ ਚਾਹਤਿ। ਜਿਨ ਬੂਝਨਿ ਹਿਤ ਨੀਤ ਉਮਾਹਤਿ' ॥ ੩੧॥

ਜਿਹੜਾ ਕੋਈ ਅਨਪੜ੍ਹ ਅਤੇ ਵੱਡਾ ਮੂਰਖ ਹੋਵੇ, ਉਸ ਨੂੰ ਇਸ ਸਮੇਂ ਬੁਲਾ ਕੇ ਲਿਆਵੋ, ਉਹ ਤੁਹਾਨੂੰ ਉੱਤਰ ਦੇਵੇਗਾ ਜੋ ਤੁਸੀਂ ਚਾਹੁੰਦੇ ਹੋ, ਜਿਨ੍ਹਾਂ ਨੂੰ ਪੁੱਛਣ ਵਾਸਤੇ ਤੁਹਾਡੇ ਵਿਚ ਵੱਡਾ ਉਮਾਹ ਉਠਿਆ ਹੈ" ॥੩੧॥

ਸੁਨਿ ਸਤਿਗੁਰ ਕੋ ਬਾਕ ਰਸੀਲਾ। ਬਿੱਪ੍ਰ ਭਯੋ ਮਦ ਤੇ ਕੁਛ ਢੀਲਾ।
ਗਯੋ ਨਗਰ ਮਹਿਂ ਝੀਰਵ ਹੇਰਾ। ਘਰ ਘਰ ਨਿਤ ਜਲ ਢੋਇ ਘਨੇਰਾ॥ ੩੨॥

ਸਤਿਗੁਰੂ ਜੀ ਦੇ ਰਸੀਲੇ ਬਚਨ ਸੁਣਕੇ, ਬ੍ਰਾਹਮਣ ਦਾ ਹੰਕਾਰ ਕੁਝ ਢਿਲਾ ਪੈ ਗਿਆ। ਨਗਰ ਵਿਚ ਗਿਆ ਤਾਂ ਇਕ ਝੀਵਰ ਨੂੰ ਵੇਖਿਆ, ਉਹ ਨਿਤ ਘਰ-ਘਰ ਬਹੁਤ ਜਲ ਢੋਂਦਾ ਸੀ॥੩੨॥

ਮਹਾਂ ਮੂਢ ਬੋਲਿਬ ਨਹਿਂ ਜਾਨੈ। ਪੇਟ ਭਰਨਿ ਲੌ ਕਾਰਜ ਠਾਨੈ।
ਕਾਰੋ ਬਰਨ ਬਸਤ੍ਰ ਤਨ ਫਾਰੇ। ਜਿਨ ਪਢਤੇ ਨਰ ਨਹੀਂ ਨਿਹਾਰੇ॥ ੩੩॥

ਉਹ ਮਹਾਂ ਮੂਰਖ ਸੀ ਤੇ ਬੋਲਣਾ ਵੀ ਨਹੀਂ ਜਾਣਦਾ ਸੀ, ਪੇਟ ਭਰਨ ਵਾਸਤੇ ਕੰਮ ਕਰਦਾ ਸੀ, ਕਾਲਾ ਉਸ ਦਾ ਰੰਗ ਸੀ ਤੇ ਸਰੀਰ ਦੇ ਕਪੜੇ ਪਾਟੇ ਹੋਏ ਸਨ, ਜਿਸ ਨੇ ਮਨੁੱਖ ਪੜ੍ਹਦੇ ਹੋਏ ਵੀ ਨਹੀਂ ਵੇਖੇ ਸਨ॥੩੩॥

ਆਪ ਪਢਨਿ ਤੌ ਜਾਨਹਿ ਕਹਾਂ। ਬਹੁ ਕੁਰੂਪ ਮਤਿ ਮੂਰਖ ਮਹਾਂ।
ਤਿਹ ਗਹਿ ਬਾਂਹ ਗਯੋ ਸਮੁਝਾਈ। 'ਇਕ ਕਾਰਜ ਮੇਰੋ ਕਰਿ ਆਈ॥ ੩੪॥

ਆਪ ਪੜ੍ਹਨਾ ਤਾਂ ਉਹ ਕਿਥੇ ਜਾਣਦਾ ਸੀ, ਬਹੁਤ ਕੁਰੂਪ ਤੇ ਬੁੱਧੀ ਪੱਖੋਂ ਮਹਾਂ ਮੂਰਖ ਸੀ। ਬ੍ਰਾਹਮਣ ਨੇ ਉਸ ਨੂੰ ਬਾਂਹ ਤੋਂ ਫੜ ਕੇ ਸਮਝਾਇਆ, "ਇਕ ਕਾਰਜ ਮੇਰਾ ਵੀ ਕਰ ਆਵੋ॥੩੪॥

ਘਟਿਕਾ ਚਾਰਿਕ ਮਹਿਂ ਪੁਨ ਆਵਹੁ। ਅਪਨੋ ਕਾਜ ਕਰਨਿ ਲਗਿ ਜਾਵਹੁ'।
ਇਮ ਕਹਿ ਸੰਗ ਲਿਯੇ ਚਲਿ ਆਯੋ। ਜਹਿਂ ਸ੍ਰੀ ਸਤਿਗੁਰ ਬੈਠਿ ਸੁਹਾਯੋ॥ ੩੫॥

ਚਾਰ ਘੜੀਆਂ ਬਾਅਦ ਫਿਰ ਆ ਜਾਵੋ ਤੇ ਆਪਣਾ ਕੰਮ ਕਰਨ ਲੱਗ ਜਾਵੋ।" ਇਸ ਤਰ੍ਹਾਂ ਕਹਿ ਕੇ ਨਾਲ ਲੈ ਕੇ ਉਥੇ ਆ ਗਿਆ, ਜਿਥੇ ਸਤਿਗੁਰੂ ਜੀ ਬੈਠੇ ਸ਼ੋਭ ਰਹੇ ਸਨ॥੩੫॥

ਤਿਹ ਬਿਠਾਇ ਬੈਸਜੋ ਕਰਿ ਚਾਊ। ਬਿਸਮਤਿ ਚਾਹਤਿ ਪਿਖਨਿ ਪ੍ਰਭਾਊ।
ਚਿਤਵਤਿ ਪ੍ਰਸ਼ਨ ਰਿਦੇ ਬਡ ਗਾਢੇ। ਇਹ ਧੀਵਰ ਕੀ ਬੁਧਿ ਕਿਮ ਬਾਢੇ॥ ੩੬॥

ਉਸ ਨੂੰ ਬਿਠਾ ਕੇ, ਆਪ ਬੜੇ ਚਾਅ ਨਾਲ ਬੈਠ ਗਿਆ ਤੇ ਹੈਰਾਨ ਹੋਇਆ ਉਹ ਗੁਰੂ ਜੀ ਦਾ ਅਦਭੁੱਤ ਪ੍ਰਭਾਵ ਵੇਖਣਾ ਚਾਹੁੰਦਾ ਸੀ। ਉਸ ਨੇ ਹਿਰਦੇ ਵਿਚ ਬੜੇ ਗੂੜ੍ਹੇ ਪ੍ਰਸ਼ਨ ਵਿਚਾਰੇ ਹੋਏ ਸਨ। ਇਸ ਝੀਵਰ ਦੀ ਬੁੱਧੀ ਕਿਵੇਂ ਵੱਧ ਜਾਵੇਗੀ॥੩੬॥

ਸ੍ਰੀ ਹਰਿਕ੍ਰਿਸ਼ਨ ਜਾਨਿ ਮਨ ਕੇਰੀ। ਕ੍ਰਿਪਾ ਦ੍ਰਿਸ਼ਟਿ ਧੀਵਰ ਦਿਸ਼ਿ ਹੇਰੀ।
ਮੁਖ ਮੁਸਕਾਵਤਿ ਬਾਕ ਬਖਾਨਾ। 'ਬਿੱਪ੍ਰ ਮਨੋਰਥ ਜਿਮ ਉਰ ਠਾਨਾ॥ ੩੭॥

ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੇ ਉਸ ਦੇ ਮਨ ਦੀ ਗੱਲ ਜਾਣ ਕੇ, ਬੜੀ ਕ੍ਰਿਪਾ ਦ੍ਰਿਸ਼ਟੀ ਨਾਲ ਝੀਵਰ ਵੱਲ ਵੇਖਿਆ ਤੇ ਫਿਰ ਮੁਖੜੇ ਤੋਂ ਮੁਸਕਰਾ ਕੇ ਬਚਨ ਕੀਤਾ, "ਹੇ ਬ੍ਰਾਹਮਣ ! ਜਿਵੇਂ ਤੂੰ ਮਨ ਵਿਚ ਮਨੋਰਥ ਧਾਰਨ ਕੀਤਾ ਹੈ॥੩੭॥

ਸੋ ਤੈਂ ਬੂਝਨਿ ਕਰਿ ਕੈ ਅਬਿ ਹੂੰ। ਸ਼ੰਕਤਿ ਕੋ ਉੱਤਰ ਦਿਹੁ ਸਭਿ ਹੂੰ।
ਸਮਾਧਾਨ ਕਰਿ ਨੀਕੇ ਯਾਂਕੋ। ਸੂਧੋ ਹੋਇ ਸੁਨਤਿ ਮਨ ਬਾਂਕੋ'॥ ੩੮॥

ਉਹ ਤੂੰ ਹੁਣੇ ਹੀ ਪੁੱਛ ਲੈ, ਤੇਰੇ ਸ਼ੰਕਿਆਂ ਦੇ ਸਾਰੇ ਉੱਤਰ ਦੇਵੇਗਾ। ਇਹ ਤੇਰੀਆਂ ਪੁੱਛਾਂ ਦਾ ਚੰਗੀ ਤਰ੍ਹਾਂ ਸਮਾਧਾਨ ਕਰੇਗਾ ਤੇ ਸੁਣਕੇ ਤੇਰਾ ਟੇਢਾ ਮਨ ਸਿੱਧਾ ਹੋ ਜਾਵੇਗਾ" ॥੩੮॥

ਦੋਹਰਾ- ਸ਼ਾਸਤ੍ਰੱਗਜ ਧੀਰਵ ਬਨਜੋ ਸੁਰਬਾਨੀ ਕਹਿ ਤਾਂਹਿ।
'ਕਸਮਿਨ ਸ਼ਾਸਤ੍ਰ ਪ੍ਰਬ੍ਰਿਤਿ ਦਿਜ! ਕਹੁ ਪੂਰਬ ਮੁਝ ਪਾਹਿ'॥ ੩੯॥

ਸ਼ਾਸਤ੍ਰਾਂ ਦਾ ਜਾਣਨਹਾਰ ਝੀਵਰ ਬਣ ਗਿਆ, ਸੰਸਕ੍ਰਿਤ ਵਿਚ ਉਸ ਨੂੰ ਕਹਿੰਦਾ ਸੀ, "ਹੇ ਬ੍ਰਾਹਮਣ ! ਕਿਸ ਸ਼ਾਸਤਰ ਵਿਚ ਪ੍ਰਵਿਰਤੀ ਹੈ ? ਇਹ ਪਹਿਲਾਂ ਮੇਰੇ ਪਾਸ ਕਹੋ" ॥੩੯॥

ਚੌਪਈ- ਇੱਤਜਾਦਕ ਸੁਰ ਗਿਰਾ ਬਖਾਨੀ। ਜਨੌਂ ਸਬਿੱਦਜ ਹ੍ਵੈ ਬੁੱਧਿ ਮਹਾਨੀ।
ਸ਼ੰਕਾ ਪ੍ਰਸ਼ਨ ਬਿੱਪ੍ਰ ਮਨ ਜੇਈ। ਕਰਹਿ ਆਪ ਪੁਨ ਉੱਤਰ ਦੇਈ॥੪੦॥

ਇਤਿਆਦ ਸੰਸਕ੍ਰਿਤ ਵਿਚ ਬੋਲਿਆ, ਜਿਵੇਂ ਬਹੁਤ ਵੱਡਾ ਵਿਦਵਾਨ ਹੈ ਤੇ ਮਹਾਨ ਬੁੱਧੀ ਹੈ। ਬ੍ਰਾਹਮਣ ਦੇ ਮਨ ਵਿਚ ਜਿਹੜੇ ਸ਼ੰਕੇ ਦੇ ਪ੍ਰਸ਼ਨ ਸਨ, ਪਹਿਲਾਂ ਆਪ ਉਹ ਪ੍ਰਸ਼ਨ ਕੀਤੇ ਤੇ ਫਿਰ ਉਨ੍ਹਾਂ ਦੇ ਉੱਤਰ ਦਿੱਤੇ॥੪੦॥

ਸ਼ੰਕਾ ਦਸਕ ਹਤੀ ਦਿਜ ਮਨ ਮੈਂ। ਤਿਨ ਬੀਸਕ ਭਾਖੀ ਤਿਹ ਛਿਨ ਮੈਂ।
ਬ੍ਰਿੰਦ ਮਸੰਦ ਸੁਭਟ ਸਭਿ ਜੋਵਤਿ। ਹੇਰਿ ਹੇਰਿ ਬਿਸਮਤਿ ਚਿਤ ਹੋਵਤਿ॥੪੧॥

ਬ੍ਰਾਹਮਣ ਦੇ ਮਨ ਵਿਚ ਦਸ ਦੇ ਕਰੀਬ ਸ਼ੰਕੇ ਸਨ, ਝੀਵਰ ਨੇ ਇਕ ਛਿਣ ਵਿਚ ਵੀਹ ਸ਼ੰਕਿਆਂ ਦੇ ਉੱਤਰ ਦੇ ਦਿੱਤੇ। ਬਹੁਤ ਮਸੰਦ ਅਤੇ ਸੂਰਮੇ ਜਿਹੜੇ ਵੇਖ ਰਹੇ ਸਨ, ਵੇਖ-ਵੇਖ ਕੇ ਚਿਤ ਵਿਚ ਬਹੁਤ ਹੈਰਾਨ ਹੁੰਦੇ ਸਨ॥੪੧॥

ਇਹ ਬਡ ਪਠਤਿ ਬੇਦ ਕੀ ਬਾਤ। ਤਨ ਮਲੀਨ ਕੋ ਜਾਤਿ ਸਨਾਤ।
ਨਹਿਂ ਦਿਜਬਰ ਕੋ ਬੋਲਨਿ ਦਿਯੋ। ਸੁਨਤਿ ਬਿਲੋਕਤਿ ਤੂਸ਼ਨਿ ਭਯੋ॥੪੨॥

ਇਹ ਵੇਦ ਦੀਆਂ ਬਹੁਤ ਗੱਲਾਂ ਪੜ੍ਹਦਾ ਹੈ, ਤਨ ਮਲੀਨ ਹੈ ਤੇ ਨੀਚ ਜਾਤ ਹੈ। ਇਸ ਨੇ ਬ੍ਰਾਹਮਣ ਨੂੰ ਬੋਲਣ ਹੀ ਨਹੀਂ ਦਿੱਤਾ ਹੈ, ਸੁਣਕੇ ਵੇਖ ਕੇ ਚੁੱਪ ਹੋ ਗਿਆ॥੪੨॥

ਨਹੀਂ ਪ੍ਰਸ਼ਨ ਭੀ ਕਛੂ ਉਚਾਰਾ। ਬਿੱਦਜਾ ਮਦ ਜਿਸ ਬਡੋ ਅਫਾਰਾ।
ਜਾਗੇ ਪੂਰਬ ਭਾਗ ਬਿਸਾਲਾ। ਭਯੋ ਨੰਮ੍ਰਿ ਮਨ ਤੇ ਤਿਸ ਕਾਲਾ॥ ੪੩॥

ਕੋਈ ਪ੍ਰਸ਼ਨ ਵੀ ਉਚਾਰਨ ਨਾ ਕੀਤਾ, ਜਿਸ ਨੂੰ ਵਿਦਿਆ ਦੇ ਹੰਕਾਰ ਦਾ ਵੱਡਾ ਅਫਰੇਵਾਂ ਹੋਇਆ ਸੀ। ਉਸਦੇ ਪਿਛਲੇ ਭਾਗ ਜਾਗ ਪਏ, ਉਸ ਸਮੇਂ ਮਨ ਵਿਚ ਬਹੁਤ ਦੀਨ ਹੋ ਗਿਆ॥੪੩॥

ਹਾਥ ਜੋਰਿ ਕਰਿ ਪਰਜੋ ਅਗਾਰੀ। ਕਰੀ ਡੰਡੌਤ ਪ੍ਰੇਮ ਕਰਿ ਭਾਰੀ।
ਬੋਲਜੋ 'ਮਹਿਮਾ ਲਖੀ ਅਨੂਪ। ਸ੍ਰੀ ਹਰਿਕ੍ਰਿਸ਼ਨ ਸੁ ਕ੍ਰਿਸ਼ਨ ਸਰੂਪ॥੪੪॥

ਹੱਥ ਜੋੜ ਕੇ ਅੱਗੇ ਲੰਮਾ ਪੈ ਗਿਆ ਤੇ ਬਹੁਤ ਪ੍ਰੇਮ ਨਾਲ ਡੰਡੋਤ ਬੰਦਨਾ ਕੀਤੀ ਤੇ ਬੋਲਿਆ, "ਮੈਂ ਤੁਹਾਡੀ ਅਨੂਪਮ ਮਹਿਮਾ ਵੇਖ ਲਈ ਹੈ, ਸ੍ਰੀ ਹਰਿਕ੍ਰਿਸ਼ਨ ਜਿਹੜੇ ਹਨ, ਉਹ ਕ੍ਰਿਸ਼ਨ ਦਾ ਹੀ ਸਰੂਪ ਹਨ॥੪੪॥

ਭੇਦ ਨ ਫੁਰਤਿ ਮੋਹਿ ਮਨ ਮਾਂਹੀ। ਵਹੀ ਜੋਤਿ ਤੁਮ ਹੋ ਅਨ ਨਾਂਹੀ।
ਭਵ ਸਾਗਰ ਤੇ ਮੋਹਿ ਉਧਾਰਹੁ। ਧਾਰਹੁ ਕਰੁਨਾ ਬਿਰਦ ਸੰਭਾਰਹੁ॥ ੪੫॥

ਮੇਰੇ ਮਨ ਵਿਚ ਹੁਣ ਕੋਈ ਭੇਦ ਨਹੀਂ ਰਹਿ ਗਿਆ ਹੈ। ਤੁਸੀਂ ਸ੍ਰੀ ਕ੍ਰਿਸ਼ਨ ਦੀ ਹੀ ਜੋਤ ਹੋ, ਹੋਰ ਕੁਝ ਨਹੀਂ। ਭਵ ਸਾਗਰ ਤੋਂ ਮੈਨੂੰ ਪਾਰ ਕਰੋ, ਕਿਰਪਾ ਧਾਰਨ ਕਰੋ ਤੇ ਆਪਣੇ ਧਰਮ ਨੂੰ ਸੰਭਾਲੋ"॥੪੫॥

ਸੁਨਿ ਬੋਲੇ ਸਤਿਗੁਰੂ ਅਨੂਪ। 'ਉੱਤਮ ਜਾਤੀ ਤੁਮ ਦਿਜ ਰੂਪ।
ਪੁਨ ਸਖਿੱਦਜ ਕਜੋਂ ਅਨੁਚਿਤ ਠਾਨਹੁ। ਸਿਮਰਨ ਸੱਤਿਨਾਮ ਮਨ ਮਾਨਹੁ'॥੪੬॥

ਅਨੂਪਮ ਸਤਿਗੁਰੂ ਜੀ ਸੁਣ ਕੇ ਬੋਲੇ, "ਉੱਤਮ ਜਾਤੀ ਦੇ ਤੁਸੀਂ ਬ੍ਰਾਹਮਣ ਰੂਪ ਹੋ, ਫਿਰ ਅਨਉਚਿਤ ਸ਼ਬਦ ਕਿਉਂ ਧਾਰਨ ਕਰਦੇ ਹੋ, ਕੇਵਲ ਸਤਿਨਾਮ ਦਾ ਸਿਮਰਨ ਹੀ ਮਨ ਵਿਚ ਮੰਨੋ"॥੪੬॥

ਸੁਨਿ ਦਿਜ ਨੇ ਗਰ ਸੂਤ ਉਤਾਰਾ। 'ਮੈਂ ਭਾ ਸਿੱਖਜ ਰਾਵਰੇ ਦ੍ਵਾਰਾ।
ਨਹੀਂ ਜਾਤਿ ਕੋ ਮਦ ਮੁਝ ਰਹਜੋ। ਏਕ ਆਸਰੋ ਤੁਮਰੋ ਗਹਜੋ'॥ ੪੭॥

ਇਹ ਸੁਣ ਕੇ ਬ੍ਰਾਹਮਣ ਨੇ ਗਲ ਦਾ ਜਨੇਊ ਲਾਹ ਦਿੱਤਾ, "ਮੈਂ ਆਪ ਜੀ ਦੇ ਦਵਾਰੇ ਦਾ ਸਿੱਖ ਹੋਇਆ ਹਾਂ। ਜਾਤ ਦਾ ਮੈਨੂੰ ਹੁਣ ਕੋਈ ਹੰਕਾਰ ਨਹੀਂ ਰਿਹਾ ਹੈ, ਇਕ ਤੁਹਾਡਾ ਆਸਰਾ ਹੀ ਫੜਿਆ ਹੈ"॥੪੭॥

ਪੁਨ ਗੁਰ ਨੇ ਬਰਜਜੋ 'ਤਿਮ ਰਹੀਅਹਿ। ਸਿਮਰਹੁ ਸੱਤਨਾਮ ਗਤਿ ਚਹੀਅਹਿ'।
ਨਹਿੰ ਦਿਜ ਮਾਨੈ ਬਾਰੰਬਾਰੀ। ਕਹੈ 'ਗਹੀ ਮੈਂ ਸ਼ਰਨ ਤੁਮਾਰੀ'॥ ੪੮॥

ਫਿਰ ਗੁਰੂ ਜੀ ਨੇ ਕਿਹਾ, "ਉਸ ਤਰ੍ਹਾਂ ਹੀ ਰਹੋ, ਜੇ ਆਪਣਾ ਕਲਿਆਣ ਚਾਹੁੰਦੇ ਹੋ ਤਾਂ ਸਤਿਨਾਮ ਦਾ ਸਿਮਰਨ ਕਰੋ। ਪਰ ਬਾਰ-ਬਾਰ ਕਹਿਣ ਤੇ ਵੀ ਬ੍ਰਾਹਮਣ ਨਹੀਂ ਮੰਨਦਾ ਸੀ ਕਹਿੰਦਾ ਸੀ, "ਮੈਂ ਤੁਹਾਡੀ ਸ਼ਰਨ ਫੜੀ ਹੈ"॥੪੮॥

ਤਬਿ ਸਤਿਗੁਰ ਕੇ ਚਰਨ ਪਖਾਰੇ। ਪਾਹੁਲ ਲਈ ਭਯੋ ਅਨੁਸਾਰੇ।
ਪਰਮਾਰਥ ਮਗ ਨਦਰੀ ਆਯੋ। ਗੁਰੂ ਮਹਾਤਮ ਕੋ ਲਖਿ ਪਾਯੋ॥ ੪੯॥

ਫਿਰ ਸਤਿਗੁਰੂ ਜੀ ਦੇ ਚਰਨ ਧੋਤੇ ਤੇ ਪਾਹੁਲ ਲੈ ਕੇ ਗੁਰੂ ਜੀ ਦੀ ਆਗਿਆ ਅਨੁਸਾਰ ਹੋ ਗਿਆ। ਪਰਮਾਰਥ ਦਾ ਰਾਹ ਨਜ਼ਰੀਂ ਆ ਗਿਆ ਤੇ ਗੁਰੂ ਜੀ ਦੇ ਮਹਾਤਮ ਨੂੰ ਸਮਝ ਗਿਆ॥੪੯॥

*ਦਸਵੀਂ ਰਾਸ ਦਾ ਅਠੱਤੀਵਾਂ ਅਧਿਆਇ ਸਮਾਪਤ ਹੋਇਆ॥੩੮॥*

## *ਅਧਿਆਇ ਉੱਣਤਾਲੀਵਾਂ*

*ਗੁਰੂ ਜੀ ਦਿੱਲੀ ਪੁੱਜੇ*

ਦੋਹਰਾ- ਜਬਿ ਡੇਰੇ ਤੇ ਵਹਿਰ ਭਾ ਧੀਵਰ ਤਿਸ ਛਿਨ ਮਾਂਹਿ।
ਪੂਰਬ ਸਮ ਮਤਿ ਮਹਿੰ ਬਨਜੋ ਗਜਾਤਾ ਕਛੂ ਨ ਤਾਂਹਿ॥ ੧॥

ਝੀਵਰ ਜਦ ਡੇਰੇ ਤੋਂ ਬਾਹਰ ਆਇਆ ਤਾਂ ਉਸ ਛਿਣ ਪਹਿਲਾਂ ਵਰਗੀ ਉਸ ਦੀ ਬੁਧੀ ਬਣ ਗਈ ਤੇ ਉਸ ਨੂੰ ਕਿਸੇ ਪ੍ਰਕਾਰ ਦਾ ਵੀ ਕੋਈ ਗਿਆਨ ਨਹੀਂ ਸੀ॥੧॥

ਚੌਪਈ- ਸਤਿਗੁਰ ਸੁਜਸੁ ਜਾਨਿ ਦਿਜ ਸੋਊ। ਜਿਸ ਕੇ ਰਿਦੇ ਗਜਾਨ ਦ੍ਰਿੜ੍ਹ ਹੋਊ।
ਸਿੱਖਜ ਬਨਜੋ ਨਿਜ ਜਨਮ ਸੁਧਾਰਾ। ਹ੍ਵੈ ਸੁਤੰਤ੍ਰ ਜਗ ਫਿਰਜੋ ਸੁਖਾਰਾ॥੨॥

ਸਤਿਗੁਰੂ ਦਾ ਸ੍ਰੇਸ਼ਟ ਜਸ ਜਾਣ ਕੇ ਉਹ ਬ੍ਰਾਹਮਣ, ਜਿਸਦੇ ਹਿਰਦੇ ਵਿਚ ਗਿਆਨ ਦ੍ਰਿੜ੍ਹ ਹੋ ਗਿਆ ਸੀ, ਨੇ ਸਿੱਖ ਬਣ ਕੇ ਆਪਣਾ ਜਨਮ ਸੁਧਾਰ ਲਿਆ ਤੇ ਸਵਤੰਤਰ ਅਤੇ ਸੁਖੀ ਹੋ ਕੇ ਜੱਗ ਵਿਚ ਫਿਰਿਆ॥੨॥

ਸ੍ਰੀ ਹਰਿ ਕ੍ਰਿਸ਼ਨ ਨਿਸਾ ਤਹਿਂ ਬਸਿ ਕੈ। ਪ੍ਰਾਤੀ ਭਏ ਤਯਾਰ ਕਟ ਕਸਿ ਕੈ।
ਦਿੱਲੀ ਕੇ ਮਗ ਮਹਿਂ ਪ੍ਰਸਥਾਨੇ। ਪਾਛੇ ਸੈਨਾ ਸਕਲ ਪਯਾਨੇ॥ ੩॥

ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਉਥੇ ਇਕ ਰਾਤ ਠਹਿਰ ਕੇ ਸਵੇਰ ਹੋਣ ਤੇ ਕਮਰਕਸਾ ਕਰਕੇ ਤਿਆਰ ਹੋ ਕੇ ਦਿੱਲੀ ਵੱਲ ਚਲ ਪਏ। ਸਾਰੀ ਸੈਨਾ ਉਨ੍ਹਾਂ ਦੇ ਪਿੱਛੇ ਆ ਰਹੀ ਸੀ॥੩॥

ਧੌਂਸਾ ਧੁੰਕਾਰਤਿ ਅਗਵਾਏ। ਬੋਲਤਿ ਜਾਤਿ ਨਕੀਬ ਸੁਹਾਏ।
ਸਿਵਕਾ ਪਰ ਅਰੂਢਿ ਗੁਰ ਚਾਲੇ। ਦੁਹਿਦਿਸ਼ਿ ਢੋਰਤਿ ਚਮਰ ਬਿਸਾਲੇ॥੪॥

ਅੱਗੇ ਅੱਗੇ ਧੌਂਸਾ ਵਜਦਾ ਜਾ ਰਿਹਾ ਸੀ ਤੇ ਨਕੀਬ ਗੁਰੂ ਜੀ ਦੀ ਆਮਦ ਬਾਰੇ ਬੋਲਦਾ ਜਾਂਦਾ ਸੀ। ਪਾਲਕੀ ਵਿਚ ਬੈਠ ਕੇ ਗੁਰੂ ਜੀ ਜਾ ਰਹੇ ਸਨ ਤੇ ਦੋਵੇਂ ਪਾਸੇ ਚੌਰ ਫਿਰ ਰਿਹਾ ਸੀ॥੪॥

ਬਸਤ੍ਰ ਬਿਭੂਖਨ ਪਹਿਰੇ ਸੋਹਤਿ। ਹਾਥ ਛਰੀ ਫੇਰਤਿ ਮਨ ਮੋਹਤਿ।
ਮਾਰਗ ਮਹਿਂ ਹੇਰਤਿ ਨਰ ਨਾਰੀ। ਬਾਲਿਕ ਰੂਪ ਹੋਤਿ ਬਲਿਹਾਰੀ॥੫॥

ਵਸਤਰ ਗਹਿਣੇ ਪਾਏ ਸ਼ੋਭ ਰਹੇ ਸਨ ਤੇ ਹੱਥ ਵਿਚ ਮਨ ਨੂੰ ਮੋਹ ਲੈਣ ਵਾਲੀ ਛੜੀ ਫੇਰ ਰਹੇ ਸਨ। ਰਾਹ ਦੇ ਵਿਚ ਇਸਤਰੀ ਪੁਰਸ਼ ਵੇਖ ਰਹੇ ਸਨ, ਬਾਲਕ ਰੂਪ ਵੇਖ ਕੇ ਬਲਿਹਾਰ ਜਾਂਦੇ ਸਨ॥੫॥

ਏਕ ਦਿਵਸ ਮਗਿ ਚਲਿਬੋ ਰਹਜੋ। ਜੈ ਸਿੰਘ ਦੂਤ ਆਨਿ ਤਬਿ ਕਹਜੋ।
'ਲਿਖ ਸੁਧਿ ਮੈਂ ਅਬਿ ਪਠੌਂ ਅਗਾਰੀ। ਸੁਨਹਿ ਨ੍ਰਿਪਤ, ਹ੍ਵੈ ਹਰਖਤਿ ਭਾਰੀ॥੬॥

ਇਕ ਦਿਨ ਰਸਤੇ ਵਿਚ ਚਲਦੇ ਰਹੇ, ਜੈ ਸਿੰਘ ਦੇ ਦੂਤ ਨੇ ਫਿਰ ਆ ਕੇ ਕਿਹਾ, "ਹੁਣ ਸਾਰੀ ਖ਼ਬਰ ਲਿਖਕੇ ਅੱਗੇ ਭੇਜਦਾ ਹਾਂ। ਰਾਜਾ ਸੁਣ ਕੇ ਬਹੁਤ ਪ੍ਰਸੰਨ ਹੋਵੇਗਾ॥੬॥

ਰਾਵਰ ਕੇ ਆਵਹਿ ਅਗੁਵਾਈ। ਸਾਦਰ ਰਾਖਹਿ ਅਧਿਕ ਬਡਾਈ।
ਬਡ ਸਮਾਜ ਸੌਂ ਪੁਰੀ ਪ੍ਰਵੇਸ਼ਹਿਂ। ਦਰਸਹਿਂ ਤੁਮ ਕੋ ਸਿੱਖਜ ਅਸ਼ੇਸ਼ਹਿਂ'॥੭॥

ਆਪ ਜੀ ਨੂੰ ਅੱਗੇ ਹੋ ਕੇ ਲੈਣ ਆਉਣਗੇ, ਆਦਰ ਨਾਲ ਆਪ ਦੀ ਬਹੁਤ ਵਡਿਆਈ ਰਖਣਗੇ। ਵੱਡੇ ਸਮਾਜ ਸਹਿਤ ਨਗਰ ਵਿਚ ਪ੍ਰਵੇਸ਼ ਕਰੋ ਤੇ ਸਾਰੇ ਸਿੱਖ ਤੁਹਾਡੇ ਦਰਸ਼ਨ ਕਰਨ" ॥੭॥

ਸੁਨਿ ਸਤਿਗੁਰ ਨੇ ਬਚ ਫੁਰਮਾਯੋ। 'ਮਤ ਹਮਰੋ ਜਿਮ ਤੁਮ ਲਖਿ ਪਾਯੋ।
ਤੈਸੇ ਤਹਾਂ ਜਾਇ ਤੁਮ ਭਾਖੋ। ਪ੍ਰਣ ਪੂਰਨ ਕੋ ਉਰ ਅਭਿਲਾਖੋਂ॥ ੮॥

ਇਹ ਸੁਣ ਕੇ ਸਤਿਗੁਰੂ ਜੀ ਨੇ ਬਚਨ ਫੁਰਮਾਇਆ, "ਸਾਡਾ ਮੱਤ ਜਿਵੇਂ ਤੁਸੀਂ ਸਮਝ ਗਏ ਹੋ, ਉਸ ਤਰ੍ਹਾਂ ਹੀ ਉਥੇ ਜਾ ਕੇ ਤੁਸੀਂ ਕਹੋ। ਮੇਰਾ ਪ੍ਰਣ ਪੂਰਾ ਕਰਨ ਬਾਰੇ ਹਿਰਦੇ ਵਿਚ ਅਭਿਲਾਸ਼ਾ ਰੱਖੋ॥੮॥

ਤੁਰਕੇਸ਼ੁਰ ਸੋਂ ਮਿਲਹਿਂ ਨ ਜੈਸੇ। ਉਚਿਤ ਕਰਨਿ ਕੋ ਤੁਮ ਹੋ ਤੈਸੇ।
ਆਪ ਜਾਇ ਸਮੁਝਾਵਹੁ ਰਾਜਾ। ਹਮ ਆਵਤਿ ਲੈ ਮਿਲਹੁ ਸਮਾਜਾ॥ ੯॥

ਜਿਸ ਤਰ੍ਹਾਂ ਕਿ ਬਾਦਸ਼ਾਹ ਨਾਲ ਨਾ ਮਿਲੀਏ, ਉਸ ਤਰ੍ਹਾਂ ਤੁਸੀਂ ਉਚਿਤ ਕਾਰਜ ਕਰਨਾ ਹੈ। ਆਪ ਜਾ ਕੇ ਰਾਜੇ ਨੂੰ ਸਮਝਾਓ, ਸਾਡੇ ਆਉਂਦਿਆਂ ਸਾਰੇ ਸਮਾਜ ਨੂੰ ਲੈ ਕੇ ਮਿਲੋ॥੯॥

ਗੁਰ ਸੰਗਤਿ ਕੋ ਦੇਹੁ ਸੁਨਾਈ। ਮੁੱਖਜ ਮਸੰਦ ਮਿਲਹਿਂ ਸਭਿ ਆਈ'।
ਇਮ ਸਤਿਗੁਰ ਆਇਸੁ ਜਬਿ ਦੀਨਸਿ। ਦੂਤ ਤਜਾਰ ਹ੍ਵੈ ਚਲਿਬੇ ਕੀਨਸਿ॥੧੦॥

ਸਾਰੀ ਗੁਰੂ ਦੀ ਸੰਗਤ ਨੂੰ ਸੁਣਾ ਦੇਵੋ, ਮੁਖੀ ਮਸੰਦ ਸਾਰੇ ਆ ਕੇ ਮਿਲਣ।" ਇਸ ਤਰ੍ਹਾਂ ਸਤਿਗੁਰੂ ਨੇ ਜਦ ਆਗਿਆ ਕੀਤੀ ਤਾਂ ਦੂਤ ਤਿਆਰ ਹੋ ਕੇ ਚਲੇ ਗਿਆ॥੧੦॥

ਪੰਥ ਬਿਸਾਲ ਉਲੰਘਿ ਉਤਾਲ। ਪੁਰਿ ਮਹਿਂ ਪਹੁੰਚਜੋ ਆਨੰਦ ਨਾਲ।
ਜਾਇ ਮਿਲਜੋ ਜੈ ਸਿੰਘ ਸਵਾਈ। ਸਕਲ ਹਕੀਕਤ ਕਥਤਿ ਸੁਨਾਈ॥ ੧੧॥

ਸਾਰਾ ਰਾਹ ਬੜੀ ਛੇਤੀ ਲੰਘ ਕੇ ਉਸ ਨਗਰ ਵਿਚ ਬੜੇ ਅਨੰਦ ਨਾਲ ਪਹੁੰਚ ਗਿਆ। ਉਹ ਜਾ ਕੇ ਜੈ ਸਿੰਘ ਸਵਾਈ ਨੂੰ ਜਾ ਮਿਲਿਆ ਤੇ ਸਾਰੀ ਹਕੀਕਤ ਕਹਿ ਕੇ ਸੁਣਾਈ॥੧੧॥

'ਮਹਾਰਾਜ! ਸੁਨਿ ਮੇਰੀ ਬਾਤ। ਰਾਵਰਿ ਭਾਗ ਮਹਦ ਬੱਖਜਾਤ।
ਬਹੁਤ ਬਾਰ ਪੂਰਬ ਪਤੀਆਯੋ। ਅਨਬਨ ਕਾਰਜ ਭੀ ਬਨਿ ਜਾਯੋ॥ ੧੨॥

ਦੂਤ ਨੇ ਕਿਹਾ, "ਮਹਾਰਾਜ, ਮੇਰੀ ਗੱਲ ਸੁਣੋ, ਆਪ ਜੀ ਦੇ ਭਾਗ ਪ੍ਰਗਟ ਰੂਪ ਵਿਚ ਬੜੇ ਵੱਡੇ ਹਨ। ਬਹੁਤ ਵਾਰ ਮੈਂ ਪਹਿਲਾਂ ਵੀ ਪਰਖਿਆ ਹੈ। ਨਾ ਬਣਨ ਵਾਲਾ ਕਾਰਜ ਵੀ ਬਣ ਜਾਂਦਾ ਹੈ॥੧੨॥

ਇਤ ਆਵਨਿ ਕੋ ਜਿਨਹੁਂ ਨ ਆਸ਼ੇ। ਕਿਮਹੁਂ ਨ ਮਾਨਹਿਂ, ਕਥੰ ਪ੍ਰਕਾਸ਼ੇ।
ਸੋ ਤੁਮ ਨਾਮ ਸੁਨਤਿ ਚਲਿ ਆਏ। ਦੀਨ ਦੁਨੀ ਜੋ ਹੋਤਿ ਸਹਾਏ॥ ੧੩॥

ਏਧਰ ਆਉਣ ਦਾ ਜਿਨ੍ਹਾਂ ਦਾ ਕੋਈ ਵੀ ਆਸ਼ਾ ਨਹੀਂ ਸੀ, ਕਹਿ ਕਹਿ ਕੇ ਭਾਵੇਂ ਕਿਸੇ ਤਰ੍ਹਾਂ ਵੀ ਕਹਿੰਦੇ, ਕਦੀ ਨਾ ਮੰਨਦੇ, ਪਰ ਤੁਹਾਡਾ ਨਾਂ ਸੁਣਦਿਆਂ ਚਲ ਆਏ ਹਨ, ਲੋਕ ਪਰਲੋਕ ਵਿਚ ਜਿਹੜੇ ਸਹਾਇਕ ਹੁੰਦੇ ਹਨ॥੧੩॥

ਨਹਿਂ ਆਵਨਿ ਕਹੁ ਕਾਰਨ ਭਾਰੀ। ਸੁਨਹੁ ਆਪ ਮੈਂ ਕਰਹੁਂ ਉਚਾਰੀ।
ਨਹਿਂ ਮਲੇਛ ਕੋ ਦਰਸ਼ਨ ਲੇਨਾ। ਨਿਕਟਿ ਜਾਇ ਅਪਨੋ ਨਹਿਂ ਦੇਨਾ॥ ੧੪॥

ਨਾ ਆਉਣ ਦਾ ਵੀ ਵੱਡਾ ਕਾਰਨ ਸੀ, ਆਪ ਜੀ ਸੁਣੋ ਮੈਂ ਉਚਾਰਨ ਕਰਦਾ ਹਾਂ। ਉਨ੍ਹਾਂ ਨੇ ਨਾ ਮਲੇਛ ਦੇ ਦਰਸ਼ਨ ਕਰਨੇ ਹਨ ਅਤੇ ਨਾ ਹੀ ਮਲੇਛ ਦੇ ਪਾਸ ਜਾ ਕੇ ਦਰਸ਼ਨ ਦੇਣੇ ਹਨ॥੧੪॥

ਪ੍ਰਥਮ ਕੀਓ ਪ੍ਰਨ ਸ੍ਰੀ ਹਰਿਰਾਇ। ਦੇਹਿ ਅੰਤ ਲੌ ਸੋ ਨਿਬਹਾਇ।
ਗਾਦੀ ਬੈਠਿ ਇਨਹੁਂ ਪ੍ਰਨ ਕੀਨਾ। ਪਿਤ ਸਮ ਚਹੈਂ ਨ੍ਰਿਬਾਹ ਪ੍ਰਬੀਨਾ॥ ੧੫॥

ਪਹਿਲਾਂ ਸ੍ਰੀ ਹਰਿਰਾਇ ਜੀ ਨੇ ਇਹ ਪ੍ਰਣ ਕੀਤਾ ਸੀ, ਸਰੀਰ ਦੇ ਅੰਤ ਤਕ ਉਨ੍ਹਾਂ ਨੇ ਨਿਭਾਹਿਆ ਹੈ। ਗੱਦੀ 'ਤੇ ਬੈਠ ਕੇ ਇਨ੍ਹਾਂ ਪ੍ਰਣ ਕੀਤਾ ਹੈ ਤੇ ਪਿਤਾ ਜੀ ਵਾਂਗ ਆਪਣਾ ਪ੍ਰਣ ਨਿਭਾਹੁਣਾ ਚਾਹੁੰਦੇ ਹਨ॥੧੫॥

ਕਿਮਹੁਂ ਕਰਤਿ ਇਤ ਆਵਤਿ ਨਾਂਹੀ। ਜਾਇ ਪ੍ਰਵੇਸ਼ਤਿ ਜੰਗਲ ਮਾਂਹੀ।
ਮੈਂ ਤੁਮਰੀ ਦਿਸ਼ਿ ਤੇ ਕਹਿ ਪ੍ਰੇਮ। ਕਰਿ ਦਰਸ਼ਨ ਚਾਹਤਿ ਨਿਜ ਛੇਮ॥ ੧੬॥

ਕਿਵੇਂ ਵੀ ਕਰਦੇ, ਏਧਰ ਕਦੀ ਨਾ ਆਉਂਦੇ, ਮਾਲਵੇ ਦੇਸ਼ ਵਿਚ ਜਾ ਪ੍ਰਵੇਸ਼ ਕਰਦੇ, ਮੈਂ ਤੁਹਾਡੇ ਪ੍ਰੇਮ ਬਾਰੇ ਕਿਹਾ ਕਿ ਉਹ ਦਰਸ਼ਨ ਕਰਕੇ ਆਪਣਾ ਮੋਖ ਚਾਹੁੰਦੇ ਹਨ॥੧੬॥

ਬਾਰਿ ਬਾਰਿ ਨ੍ਰਿਪ ਬੰਦਨ ਠਾਨੀ। ਪੁਰਹੁ ਪੈਜ ਮੈਂ ਜਥਾ ਬਖਾਨੀ।
ਸ਼ਾਹੁ ਨਿਕਟਿ ਸਭਿ ਮੈਂ ਕਰਿ ਆਯਹੁ। ਦੀਨਬੰਧੁ ਤੁਮ ਬਿਰਦ ਸਦਾਯਹੁ॥੧੭॥

ਬਾਰ-ਬਾਰ ਰਾਜੇ ਨੇ ਬੰਦਨਾ ਕੀਤੀ ਹੈ, ਪੈਜ ਪੂਰੀ ਕਰੋ, ਜਿਵੇਂ ਮੈਂ ਕਿਹਾ ਹੈ। ਬਾਦਸ਼ਾਹ ਦੇ ਪਾਸ ਮੈਂ ਸਭ ਪ੍ਰਕਾਰ ਦੀ ਗੱਲ-ਬਾਤ ਕਰ ਆਇਆ ਹਾਂ, ਦੀਨ ਬੰਧੂ ਤੁਹਾਡਾ ਸਦਾ ਹੀ ਧਰਮ ਰਿਹਾ ਹੈ॥੧੭॥

ਏਕ ਵਾਰ ਪੁਰਿ ਦਰਸ ਦਿਖਾਵਹੁ। ਪੁਨ ਚਿਤ ਚਾਹ ਤਥਾ ਸੁਖ ਪਾਵਹੁ।
ਮਿਲਨਿ ਸ਼ਾਹੁ ਸੋਂ ਰਾਵਰਿ ਮਰਜ਼ੀ। ਹਮ ਨਹਿਂ ਕਹੈਂ ਬਹੁਰ ਕੁਛ ਅਰਜ਼ੀ॥੧੮॥

ਇਕ ਵਾਰ ਨਗਰ ਵਿਚ ਦਰਸ਼ਨ ਵਿਖਾਓ, ਫਿਰ ਜਿਵੇਂ ਚਿੱਤ ਦੀ ਚਾਹਤ ਹੋਵੇ, ਉਸ ਤਰ੍ਹਾਂ ਹੀ ਸੁਖ ਪਾਵੋ। ਬਾਦਸ਼ਾਹ ਨੂੰ ਮਿਲਣਾ ਆਪ ਜੀ ਦੀ ਮਰਜ਼ੀ ਹੈ, ਅਸੀਂ ਇਸ ਬਾਰੇ ਕਦੀ ਵੀ ਫਿਰ ਬੇਨਤੀ ਨਹੀਂ ਕਰਾਂਗੇ॥੧੮॥

ਇੱਤਜਾਦਿਕ ਬਹੁ ਕੀਨਸਿ ਬਿਨਤੀ। ਸੁਨਤਿ ਪ੍ਰੇਮ ਤਜਿ ਦੀਨਸਿ ਗਿਨਤੀ।
ਦਾਸ ਸਮਾਨ ਜਾਨਿ ਕਰਿ ਆਏ। ਜਿਨ ਢਿਗ ਨਿਤ ਪਹੁੰਚਹਿਂ ਸਮੁਦਾਏ॥੧੯॥

ਇਤਿਆਦਿਕ ਬਹੁਤ ਬੇਨਤੀ ਕੀਤੀ, ਪ੍ਰੇਮ ਬਾਰੇ ਸੁਣ ਕੇ ਸਾਰੀਆਂ ਗਿਣਤੀਆਂ ਛੱਡ ਦਿੱਤੀਆਂ। ਸੇਵਕ ਵਾਂਗ ਜਾਣਕੇ ਆਏ ਹਨ, ਜਿਨ੍ਹਾਂ ਦੇ ਪਾਸ ਸਦਾ ਬਹੁਤ ਸੰਗਤਾਂ ਪਹੁੰਚਦੀਆਂ ਹਨ॥੧੯॥

ਸੰਗਤਿ ਦੇਸ਼ ਬਿਦੇਸ਼ ਹਜ਼ਾਰਨਿ। ਕਰਹਿ ਪ੍ਰੇਮ ਆਨਹਿ ਉਪਹਾਰਨਿ।
ਦਰਬ ਪਦਾਰਥ ਕੇਰ ਅਬਾਰ। ਅਰਪਹਿ ਪਦ ਪੰਕਜ ਸਿਰ ਧਾਰਿ॥ ੨੦॥

ਦੇਸ਼ਾਂ ਵਿਦੇਸ਼ਾਂ ਦੀ ਹਜ਼ਾਰਾਂ ਦੀ ਗਿਣਤੀ ਵਿਚ ਸੰਗਤ ਆਉਂਦੀ ਹੈ, ਪ੍ਰੇਮ ਕਰਦੀ ਹੈ ਤੇ ਉਪਹਾਰ ਲੈ ਕੇ ਆਉਂਦੀ ਹੈ। ਧਨ ਅਤੇ ਪਦਾਰਥਾਂ ਦੇ ਢੇਰ ਲੱਗ ਜਾਂਦੇ ਹਨ, ਚਰਨ ਕੰਵਲਾਂ ਤੇ ਸਿਰ ਧਰ ਕੇ ਉਪਹਾਰ ਅਰਪਣ ਕਰਦੀ ਹੈ॥੨੦॥

ਚਤੁਰ ਕੁੰਟ ਕੇ ਸਗਰੇ ਦੇਸ਼। ਮਾਨਹਿਂ ਜਿਨ ਕੋ ਲਖਹਿਂ ਵਿਸ਼ੇਸ਼।
ਸਭਿ ਕੀ ਕਰਹਿਂ ਕਾਮਨਾ ਪੂਰੀ। ਬਾਲਿਕ ਮੂਰਤਿ ਮਾਧੁਰ ਰੂਰੀ॥ ੨੧॥

ਚਾਰੇ ਕੁੰਟਾਂ ਦੇ ਸਾਰੇ ਦੇਸ਼ ਮੰਨਦੇ ਹਨ, ਜਿਨ੍ਹਾਂ ਨੂੰ ਵਿਸ਼ੇਸ਼ ਸਮਝਦੇ ਹਨ। ਸਾਰਿਆਂ ਦੀ ਕਾਮਨਾ ਪੂਰੀ ਕਰਦੇ ਹਨ। ਬਾਲਕ ਮੂਰਤ ਬੜੀ ਸੁੰਦਰ ਅਤੇ ਕੋਮਲ ਹੈ॥੨੧॥

ਕਹੌਂ ਕਹਾਂ ਲਗਿ ਗੁਨ ਤਿਨ ਕੇਰੇ। ਸ਼ਬਦ ਸਿੰਧੁ ਲਘੁ ਗੁਨੀ ਬਡੇਰੇ।
ਬਡੇ ਭਾਗ ਰਾਵਰ ਕੇ ਭਏ। ਆਇ ਜਿਸੀ ਤੇ ਦਰਸ਼ਨ ਦਏ॥ ੨੨॥

ਉਨ੍ਹਾਂ ਦੇ ਗੁਣ ਕਿਥੋਂ ਤਕ ਕਹਾਂ, ਜੇ ਕਹਾਂ ਕਿ ਉਹ ਗੁਣਾਂ ਦੇ ਸਮੁੰਦਰ ਹਨ ਤਾਂ ਇਹ ਪਦ ਵੀ ਬਹੁਤ ਛੋਟਾ ਹੈ, ਕਿਉਂਕਿ ਉਹ ਇਸ ਤੋਂ ਵੀ ਵੱਡੇ ਗੁਣੀ ਹਨ। ਆਪ ਜੀ ਦੇ ਚੰਗੇ ਭਾਗ ਜਾਗੇ ਹਨ, ਜਿਸ ਨੂੰ ਆ ਕੇ ਦਰਸ਼ਨ ਦੇਣਗੇ॥੨੨॥

ਰਹਹੁ ਸਦਾ ਆਇਸੁ ਅਨੁਸਾਰੀ। ਬਿਪ੍ਰੂ ਹੋਹੁ ਨ, ਬਨਿ ਹਿਤਕਾਰੀ।
ਭ੍ਰਾਤਾ ਰਾਮਰਾਇ ਸਮ ਤਾਲ। ਸੋ ਅਜ਼ਮਤ ਕੇ ਸਿੰਧੁ ਬਿਸਾਲ॥ ੨੩॥

ਤੁਸੀਂ ਸਦਾ ਉਨ੍ਹਾਂ ਦੀ ਆਗਿਆ ਅਨੁਸਾਰ ਰਹੋ, ਉਲਟ ਨਾ ਹੋਵੋ, ਹਿਤਕਾਰੀ ਬਣੋ। ਭ੍ਰਾਤਾ ਰਾਮਰਾਇ ਇਕ ਤਾਲ ਵਾਂਗ ਹਨ, ਇਹ ਅਜ਼ਮਤ ਦੇ ਅਸਗਾਹ ਸਾਗਰ ਵਾਂਗ ਹਨ॥੨੩॥

ਲਖਿ ਪਰੰਤਿ ਧੀਰਜ ਸਮ ਧਰਨੀ। ਮਹਾਂ ਗੰਭੀਰ ਜਿਨਹੁੰ ਕੀ ਕਰਨੀ।
ਭੋਰ ਹੋਤਿ ਅਗਵਾਊ ਚਲੀਏ। ਸਾਦਰ ਦੇ ਉਪਹਾਰਨਿ ਮਿਲੀਏ॥ ੨੪॥

ਇਹ ਪਤਾ ਲਗਦਾ ਹੈ ਕਿ ਉਨ੍ਹਾਂ ਵਿਚ ਧੀਰਜ ਧਰਤੀ ਸਮਾਨ ਹੈ, ਜਿਨ੍ਹਾਂ ਦੀ ਕਰਨੀ ਮਹਾਂ ਗੰਭੀਰ ਹੈ। ਸਵੇਰ ਹੁੰਦਿਆਂ ਹੀ ਅਗੋਂ ਲੈਣ ਚਲੀਏ, ਆਦਰ ਦੇ ਨਾਲ ਉਪਹਾਰ ਦੇ ਕੇ ਮਿਲੀਏ॥੨੪॥

ਰਹਹੁ ਨੰਮ੍ਰਿ ਬਾਂਛਤਿ ਚਿਤ ਲੀਜਹਿ। ਸਹਿਤ ਪ੍ਰੇਮ ਬਹੁ ਸੇਵਾ ਕੀਜਹਿ'।
ਇੱਤਜਾਦਿਕ ਸਭਿ ਕਥਾ ਸੁਨਾਈ। ਸੰਗਤਿ ਮਿਲੀ ਜਥਾ ਮਗ ਆਈ॥੨੫॥

ਸਨਿਮਰ ਰਹੋ ਤੇ ਮੂੰਹ ਮੰਗੀਆਂ ਮੁਰਾਦਾਂ ਪਾਵੋ, ਪ੍ਰੇਮ ਨਾਲ ਬਹੁਤ ਸੇਵਾ ਕਰੋ'। ਇਤਿਆਦਿਕ ਸਭ ਕਥਾ ਸੁਣਾਈ, ਜਿਵੇਂ ਸੰਗਤ ਰਸਤੇ ਵਿਚ ਆ ਕੇ ਮਿਲੀ॥੨੫॥

ਸੁਨਿ ਸੁਨਿ ਰਾਜਾ ਹਰਖਤਿ ਭਯਊ। ਬੰਦਹਿ ਮਨ ਕਰਿ ਸ਼ਰਧਾ ਲਯਊ।
ਖਿਰਜੋ ਕਮਲ ਸਮ ਬਦਨ ਬਿਸਾਲਾ। ਕਰਜੋ ਸਮਾਜ ਤਜਾਰ ਤਤਕਾਲਾ॥੨੬॥

ਇਹ ਸੁਣ ਸੁਣ ਕੇ ਰਾਜਾ ਬਹੁਤ ਪ੍ਰਸੰਨ ਹੋਇਆ ਤੇ ਮਨ ਸ਼ਰਧਾਵਾਨ ਕਰਕੇ ਬੰਦਨਾ ਕਰਦਾ ਸੀ। ਚਿਹਰਾ ਕੰਵਲ ਵਾਂਗ ਖਿੜਿਆ ਸੀ ਤੇ ਤੁਰੰਤ ਸਾਰਾ ਸਮਾਜ ਤਿਆਰ ਕੀਤਾ॥੨੬॥

ਭਈ ਪ੍ਰਾਤਿ ਚਢਿ ਚਲਜੋ ਅਗਾਊ। ਗੁਰੂ ਸਰੂਪ ਪਿਖਨਿ ਕਉ ਚਾਊ।
ਅਧਿਕ ਸੈਨ ਚਢਿ ਚਲੀ ਪਿਛਾਰੀ। ਮਿਲਜੋ ਜਾਇ ਦ੍ਵੈ ਕੋਸ ਅਗਾਰੀ॥੨੭॥

ਸਵੇਰ ਹੋਈ ਤਾਂ ਚੜ੍ਹਕੇ ਅਗਾਊਂ ਲੈਣ ਚਲ ਪਿਆ। ਗੁਰੂ ਸਰੂਪ ਨੂੰ ਵੇਖਣ ਦਾ ਬਹੁਤ ਚਾਅ ਸੀ। ਬਹੁਤ ਸੈਨਾ ਚੜ੍ਹ ਕੇ ਪਿੱਛੇ ਚਲ ਪਈ ਤੇ ਦੋ ਕੋਹਾਂ 'ਤੇ ਅੱਗੇ ਜਾ ਮਿਲਿਆ॥੨੭॥

ਨਗਨ ਚਰਨ ਕਰਿ ਤਜਿ ਅਸਵਾਰੀ। ਨੰਮ੍ਰਿ ਹੋਇ ਕਰਿ ਬੰਦਨ ਧਾਰੀ।
ਸ਼੍ਰੀ ਗੁਰ ਸ਼ਿਵਕਾ ਤਬਹਿ ਥੰਭਾਈ। ਬੂਝੀ ਸਕਲ ਕੁਸ਼ਲ ਨ੍ਰਿਪ ਤਾਂਈ॥੨੮॥

ਨੰਗੇ ਪੈਰੀਂ, ਅਸਵਾਰੀ ਛੱਡ, ਸਨਿਮਰ ਹੋ ਕੇ ਬੰਦਨਾ ਧਾਰਨ ਕੀਤੀ। ਫਿਰ ਗੁਰੂ ਜੀ ਨੇ ਪਾਲਕੀ ਨੂੰ ਰੁਕਵਾਇਆ ਤੇ ਰਾਜੇ ਪਾਸੋਂ ਕੁਸ਼ਲ ਅਨੰਦ ਬਾਰੇ ਪੁੱਛਿਆ॥੨੮॥

ਹਾਥ ਜੋਰਿ ਨ੍ਰਿਪ ਸਕਲ ਉਚਾਰੀ। ਗੁਰ ਆਇਸੁ ਤੇ ਚਢਿ ਅਸਵਾਰੀ।
ਸਨੇ ਸਨੇ ਗਮਨਤਿ ਪੁਰਿ ਓਰਾ। ਪਿਖਤਿ ਪਰਸਪਰ ਪ੍ਰੇਮ ਨ ਥੋਰਾ॥੨੯॥

ਹੱਥ ਜੋੜ ਕੇ ਰਾਜੇ ਨੇ ਸਾਰੀ ਗੱਲ ਉਚਾਰਨ ਕੀਤੀ ਤੇ ਗੁਰੂ ਜੀ ਦੀ ਆਗਿਆ ਪਾ ਕੇ ਘੋੜੇ 'ਤੇ ਸਵਾਰ ਹੋ ਗਿਆ। ਹੋਲੀ-ਹੋਲੀ ਨਗਰ ਵੱਲ ਚਲ ਪਏ, ਆਪਸ ਵਿਚ ਵੇਖਦੇ ਸਨ, ਪ੍ਰੇਮ ਥੋੜ੍ਹਾ ਨਹੀਂ ਸੀ॥੨੯॥

ਪੁਨ ਮਸੰਦ ਲੇ ਸੰਗਤਿ ਸਾਰੀ। ਮਿਲੇ ਆਇ ਦੇ ਦੇ ਉਪਹਾਰੀ।
ਸਭਿਹਿਨਿ ਕਹੁ ਸਮੋਧ ਕਰਿ ਨੀਕੇ। ਬੀਚ ਪ੍ਰਵੇਸ਼ੇ ਪੁਰਿ ਦਿੱਲੀ ਕੇ॥ ੩੦॥

ਫਿਰ ਮਸੰਦ ਸਾਰੀ ਸੰਗਤ ਲੈ ਕੇ, ਉਪਹਾਰ ਦੇ ਦੇ ਕੇ ਆ ਕੇ ਮਿਲੇ। ਸਾਰਿਆਂ ਨੂੰ ਚੰਗੀ ਤਰ੍ਹਾਂ ਉਪਦੇਸ਼ ਦੇ ਕੇ, ਦਿੱਲੀ ਨਗਰ ਦੇ ਵਿਚ ਪ੍ਰਵੇਸ਼ ਕਰ ਗਏ॥੩੦॥

ਜੈ ਸਿੰਘਪੁਰਾ ਹੁਤੋ ਜਿਸ ਥਾਨ। ਜੈ ਸਿੰਘ ਲੈ ਤਹਿਂ ਕੀਨਿ ਪਯਾਨ।
ਜਿਸ ਜਿਸ ਬੀਥੀ ਜਾਤਿ ਚਲੇ ਹੈਂ। ਤਿਸ ਤਿਸ ਮਹਿਂ ਨਰ ਹੋਤਿ ਖਲੇ ਹੈਂ॥੩੧॥

ਜੋ ਸਿੰਘਪੁਰਾ ਆਬਾਦੀ ਵਾਲਾ ਜਿਥੇ ਸਥਾਨ ਸੀ, ਰਾਜਾ ਜੈ ਸਿੰਘ ਉਸ ਪਾਸੇ ਗੁਰੂ ਜੀ ਨੂੰ ਲੈ ਕੇ ਚਲ ਪਿਆ। ਜਿਸ ਗਲੀ ਵਿਚੋਂ ਚਲੇ ਜਾ ਰਹੇ ਸਨ, ਉਸ ਵਿਚ ਹੀ ਮਨੁੱਖ ਖੜੇ ਸਨ॥੩੧॥

ਕਰ ਜੋਰਹਿ ਅਰੁ ਬੰਦਨ ਠਾਨਹਿਂ। ਦੇਖਿ ਪਰਸਪਰ ਸੁਜਸੁ ਬਖਾਨਹਿਂ।
'ਜੋ ਸ੍ਰੀ ਰਾਮਰਾਇ ਪ੍ਰਥਮਾਏ। ਤਿਨ ਕੇ ਭ੍ਰਾਤਾ ਦੇ ਅਬਿ ਆਏ॥ ੩੨॥

ਹੱਥ ਜੋੜ ਕੇ ਬੰਦਨਾ ਕਰਦੇ ਸਨ, ਵੇਖ ਕੇ ਆਪਸ ਵਿਚ ਸ੍ਰੇਸ਼ਟ ਜੱਸ ਕਹਿੰਦੇ ਸਨ, "ਜਿਹੜੇ ਸ੍ਰੀ ਰਾਮਰਾਇ ਪਹਿਲਾਂ ਆਏ ਹਨ, ਉਨ੍ਹਾਂ ਦੇ ਭ੍ਰਾਤਾ ਹੁਣ ਆਏ ਹਨ॥੩੨॥

ਗੁਰ ਗਾਦੀ ਪਰ ਇਸਥਿਤ ਏਹੀ। ਅਜ਼ਮਤ ਧਰਿ ਸ੍ਰੀ ਨਾਨਕ ਜੇਹੀ।
ਬਾਲ ਆਰਬਲ ਬੁੱਧਿ ਗੰਭੀਰ। ਧੀਰਨ ਧੀਰ ਸੁ ਪੀਰਨਿ ਪੀਰ'॥ ੩੩॥

ਗੁਰਗੱਦੀ ਉੱਤੇ ਇਹੋ ਬੈਠੇ ਹਨ, ਅਜ਼ਮਤ ਧਰ ਕੇ ਸ੍ਰੀ ਗੁਰੂ ਨਾਨਕ ਦੇਵ ਵਰਗੇ ਹਨ। ਬਾਲ ਉਮਰ ਹੈ ਪਰ ਬੁੱਧੀ ਗੰਭੀਰ ਹੈ। ਧੀਰਨਧੀਰ ਤੇ ਪੀਰਾਂ ਦੇ ਪੀਰ ਹਨ"॥੩੩॥

ਗਰੀ ਬਜ਼ਾਰਨਿ ਮਹਿਂ ਚਲਿ ਜਾਤੇ। ਅਨਿਕ ਭਾਂਤਿ ਨਰ ਬੋਲਤਿ ਜਾਤੇ।
ਬਡੀ ਭੀਰ ਜੁਤਿ ਚਮਰ ਢੁਰਾਵਤਿ। ਮੰਦਮੰਦ ਸਿਵਕਾ ਗਮਨਾਵਤਿ॥ ੩੪॥

ਗਲੀ ਬਜ਼ਾਰਾਂ ਵਿਚ ਚਲੇ ਜਾ ਰਹੇ ਸਨ, ਅਨੇਕ ਪ੍ਰਕਾਰ ਲੋਕ ਬੋਲਦੇ ਜਾਂਦੇ ਸਨ। ਵੱਡੀ ਭੀੜ ਸਹਿਤ ਚੌਰ ਫਿਰ ਰਹੇ ਸਨ, ਬਹੁਤ ਹੋਲੀ-ਹੋਲੀ ਪਾਲਕੀ ਨੂੰ ਲਈ ਜਾ ਰਹੇ ਸਨ॥੩੪॥

ਗਮਨਤਿ ਜਬਿ ਡੇਰਾ ਨਿਕਟਾਯਹੁ। ਜੈ ਸਿੰਘ ਭੂਪ ਉਤਰਿ ਕਰਿ ਆਯਹੁ।
ਹਾਥ ਜੋਰਿ ਕਰਿ ਗੁਰੂ ਉਤਾਰੇ। ਚਲਜੋ ਸੰਗ ਲੇ ਸਦਨ ਮਝਾਰੇ॥ ੩੫॥

ਚਲਦਿਆਂ-ਚਲਦਿਆਂ ਜਦ ਡੇਰਾ ਨੇੜੇ ਆ ਗਿਆ ਤਾਂ ਜੈ ਸਿੰਘ ਘੋੜੇ ਤੋਂ ਉਤਰ ਕੇ ਆਇਆ। ਹੱਥ ਜੋੜ ਕੇ ਗੁਰੂ ਜੀ ਨੂੰ ਥੱਲੇ ਉਤਾਰਿਆ ਤੇ ਨਾਲ ਲੈ ਕੇ ਘਰ ਨੂੰ ਚਲ ਪਿਆ॥੩੫॥

ਮੰਦਰ ਸੁਖਦ ਖਸ਼ਟ ਰਿਤੁ ਮਹੀਆ। ਚਾਰ ਪ੍ਰਯੰਕ ਡਸਾਯੋ ਤਹੀਆ।
ਆਸਤਰਨ ਬਡ ਬਿਸਦ ਬਿਛਾਵਾ। ਰੁਚਿਰ ਚੰਦੋਵਾ ਬੰਧਿ ਤਨਾਵਾ॥ ੩੬॥

ਉਸ ਸਮੇਂ ਸੁਖ ਦੇਣ ਵਾਲੀ ਮਾਘ ਫਗਣ ਦੇ ਮਹੀਨਿਆਂ ਦੀ ਠੰਢੀ ਰੁੱਤ ਸੀ। ਘਰ ਵਿਚ ਸੁੰਦਰ ਪਲੰਘ ਡੁਹਾਏ ਗਏ। ਵੱਡੇ ਵੱਡੇ ਵਿਛਾਉਣੇ ਵਿਛਾਏ ਗਏ, ਸੁੰਦਰ ਚੰਦੋਆ ਬੰਨ੍ਹ ਕੇ ਤਾਣਿਆ ਗਿਆ॥੩੬॥

ਸਾਦਰ ਤਹਾਂ ਜਾਇ ਬੈਠਾਰੇ। ਨਿਕਟਿ ਸਥਿਤ ਭਾ ਬੰਦਨ ਧਾਰੇ।
ਹਰਖ ਕਰਨਿ ਕਹੁ ਆਪਸ ਮਾਂਹਿ। ਰੁਚਿਰ ਬਾਰਤਾਲਾਪ ਕਰਾਹਿਂ॥ ੩੭॥

ਸਾਰੇ ਬੜੇ ਅਦਬ ਨਾਲ ਉਥੇ ਬੈਠ ਗਏ, ਰਾਜਾ ਵੀ ਬੰਦਨਾ ਧਾਰ ਕੇ ਨੇੜੇ ਹੀ ਬੈਠਾ ਸੀ। ਆਪਣੇ ਆਪ ਨੂੰ ਪ੍ਰਸੰਨ ਕਰਨ ਵਾਸਤੇ ਆਪਸ ਵਿਚ ਰੁਚੀ ਅਨੁਸਾਰ ਵਾਰਤਾਲਾਪ ਕਰ ਰਹੇ ਸਨ॥੩੭॥

ਸਭਿ ਸੰਗਤਿ ਕੋ ਕਹਜੋ ਮਸੰਦ। ਜੋ ਦਰਸ਼ਨ ਹਿਤ ਇਕਠੀ ਬ੍ਰਿੰਦ।
'ਸਫਲ ਬਿਲੋਚਨ ਕਰਿ ਹਹੁ ਕਾਲੀ। ਇਮ ਮਰਜ਼ੀ ਸਤਿਗੁਰੂ ਬਿਸਾਲੀ'॥੩੮॥

ਮਸੰਦਾਂ ਨੇ ਸਾਰੀ ਸੰਗਤ ਨੂੰ ਕਿਹਾ, ਜਿਹੜੀ ਦਰਸ਼ਨਾਂ ਵਾਸਤੇ ਇਕੱਠੀ ਹੋਈ ਸੀ, "ਕਲ ਨੂੰ ਦਰਸ਼ਨ ਕਰਕੇ ਆਪਣੇ ਨੈਣ ਸਫਲ ਕਰੋ, ਇਸ ਤਰ੍ਹਾਂ ਸਤਿਗੁਰੂ ਜੀ ਦੀ ਮਰਜ਼ੀ ਹੈ"॥੩੮॥

ਸੁਨਿ ਆਇਸੁ ਪੁਰਿ ਕੇ ਸਿਖ ਜੇਈ। ਕਰਿ ਕੈ ਬੰਦਨ ਤਹਿਂ ਤੇ ਤੇਈ।
ਆਪ ਆਪਨੇ ਸਦਨ ਸਿਧਾਰੇ। 'ਦਰਸ਼ਨ ਕਰਿ ਹੈਂ ਫੇਰ ਸਕਾਰੇ' ॥ ੩੯॥

ਇਹ ਸੁਣ ਕੇ ਨਗਰ ਦੇ ਜਿਹੜੇ ਸਿੱਖ ਸਨ, ਬੰਦਨਾਂ ਕਰਕੇ ਆਪੋ ਆਪਣੇ ਘਰਾਂ ਵਿਚ ਚਲੇ ਗਏ। "ਫਿਰ ਆ ਕੇ ਦਰਸ਼ਨ ਕਰ ਲਵਾਂਗੇ" ਉਹ ਕਹਿ ਰਹੇ ਸਨ॥੩੯॥

ਦਸਵੀਂ ਰਾਸ ਦਾ ਉਣੰਤਾਲੀਵਾਂ ਅਧਿਆਇ ਸਮਾਪਤ ਹੋਇਆ॥੩੯॥

## ਅਧਿਆਇ ਚਾਲੀਵਾਂ

### ਦਿੱਲੀ ਵਿਖੇ ਨਿਵਾਸ

ਦੋਹਰਾ- ਇਸ ਪ੍ਰਕਾਰ ਸ੍ਰੀ ਸਤਿਗੁਰੂ ਪੁਰੀ ਪ੍ਰਵੇਸ਼ੇ ਜਾਇ।
ਸਰਬ ਭਾਂਤਿ ਕੀ ਸੇਵ ਕਰਿ ਹਰਖਯੋ ਜੈ ਸਿੰਘ ਰਾਇ॥ ੧॥

ਇਸ ਪ੍ਰਕਾਰ ਸਤਿਗੁਰੂ ਜੀ ਨਗਰ ਵਿਚ ਪ੍ਰਵੇਸ਼ ਕਰ ਗਏ। ਸਰਬ ਭਾਂਤ ਦੀ ਸੇਵਾ ਕਰਕੇ ਰਾਜਾ ਜੈ ਸਿੰਘ ਬਹੁਤ ਪ੍ਰਸੰਨ ਹੋਇਆ॥੧॥

ਚੌਪਈ- ਖਾਨ ਪਾਨ ਕਰਿ ਬਿਬਿਧ ਪ੍ਰਕਾਰੇ। ਕਰੀ ਜਾਮਨੀ ਸੈਨ ਸੁਖਾਰੇ।
ਉਠਤਿ ਭਏ ਪੁਨ ਬਡੀ ਸਕਾਰੇ। ਸਕਲ ਸੌਚ ਜੁਤਿ ਮੱਜਤਿ ਬਾਰੇ॥੨॥

ਕਈ ਪ੍ਰਕਾਰ ਦੇ ਭੋਜਨ ਛੱਕ ਕੇ ਗੁਰੂ ਜੀ ਰਾਤ ਨੂੰ ਆਰਾਮ ਨਾਲ ਸੌਂ ਗਏ। ਫਿਰ ਬਹੁਤ ਸਵੱਖਤੇ ਉੱਠ ਪਏ। ਫਿਰ ਸਭ ਪ੍ਰਕਾਰ ਦੀ ਸੋਚ ਕਰਕੇ ਜਲ ਨਾਲ ਇਸ਼ਨਾਨ ਕੀਤਾ॥੨॥

ਜੈਪੁਰ ਨਾਥ ਸੁ ਪੋਸ਼ਿਸ਼ ਪਾਏ। ਚਹਿਤਿ ਸ਼ਾਹੁ ਢਿਗ ਖਬਰ ਬਤਾਏ।
ਪ੍ਰਥਮ ਆਇ ਸ੍ਰੀ ਗੁਰੂ ਸਮੀਪ। ਪਦ ਪਰ ਬੰਦਨ ਕੀਨਿ ਮਹੀਪ॥ ੩॥

ਜੈਪੁਰ ਦੇ ਰਾਜੇ ਨੇ ਪੋਸ਼ਾਕ ਪਾਈ, ਉਹ ਬਾਦਸ਼ਾਹ ਪਾਸ ਗੁਰੂ ਜੀ ਦੇ ਆਉਣ ਦੀ ਖ਼ਬਰ ਪਹੁੰਚਾਉਣੀ ਚਾਹੁੰਦਾ ਸੀ। ਪਹਿਲਾਂ ਉਹ ਗੁਰੂ ਜੀ ਪਾਸ ਆਇਆ ਤੇ ਰਾਜੇ ਨੇ ਗੁਰੂ ਜੀ ਦੇ ਚਰਨਾਂ 'ਤੇ ਬੰਦਨਾ ਕੀਤੀ॥੩॥

'ਸ਼ਾਹੁ ਨਿਕਟਿ ਮੈਂ ਚਾਹਤਿ ਜਾਯੋ। ਨਮੋ ਹੇਤੁ ਰਾਵਰ ਕੇ ਆਯੋ।
ਸਹਿਤ ਪ੍ਰਸੰਸਾ ਸੁਧਿ ਕਹਿ ਦੈਹੋਂ। ਨੰਮ੍ਰੀਭੂਤ ਭਲੇ ਤਿਸ ਕੈਹੋਂ' ॥ ੪॥

ਰਾਜੇ ਨੇ ਫਿਰ ਕਿਹਾ, "ਮੈਂ ਬਾਦਸ਼ਾਹ ਦੇ ਪਾਸ ਜਾਣਾ ਚਾਹੁੰਦਾ ਹਾਂ, ਆਪ ਜੀ ਨੂੰ ਨਮਸਕਾਰ ਕਰਨ ਆਇਆ ਹਾਂ। ਪ੍ਰਸੰਸਾ ਸਹਿਤ ਖ਼ਬਰ ਦੇਵਾਂਗਾ, ਬੜੀ ਹਲੇਮੀ ਨਾਲ ਭਲੀ ਪ੍ਰਕਾਰ ਉਨ੍ਹਾਂ ਨੂੰ ਕਹਾਂਗਾ"॥੪॥

ਸੁਨਿ ਸਤਿਗੁਰ ਤਿਸ ਕਹਯੋ ਬੁਝਾਈ। 'ਹਮਰੋ ਮੇਲ ਨ ਬਨਹਿ ਕਦਾਈ।
ਇਮ ਕਹਿਬੋ ਸੁਨਿਬੋ ਤੁਮ ਕਰਨਾ। ਤੁਰਕੇਸੁਰ ਸੰਗ ਬਨਹਿ ਨ ਅਰਨਾ॥੫॥

ਇਹ ਸੁਣ ਕੇ ਸਤਿਗੁਰੂ ਜੀ ਨੇ ਉਸ ਨੂੰ ਕਿਹਾ, "ਸਾਡਾ ਮੇਲ ਕਦੀ ਵੀ ਨਹੀਂ ਬਣਦਾ। ਇਸ ਤਰ੍ਹਾਂ ਤੁਸੀਂ ਕਹਿਣਾ ਅਤੇ ਸੁਣਨਾ। ਤੁਰਕ ਬਾਦਸ਼ਾਹ ਦੇ ਨਾਲ ਸਾਡਾ ਵਾਹ ਪੈਣਾ ਬਣਦਾ ਨਹੀਂ ਹੈ॥੫॥

ਤੋਰਿ ਪ੍ਰੀਤਿ ਕਰਿ ਹਮ ਚਲਿ ਆਏ। ਕਰਨੋ ਪ੍ਰਨ ਕੋ ਦੂਤ ਸੁਨਾਏ।
ਸ਼ਾਹੁ ਸਮੀਪ ਰਾਖਿਯੋ ਪਤਿ ਕੋ। ਚਲਿ ਇਕ ਬਾਰ ਕੀਜੀਏ ਹਿਤ ਕੋ॥੬॥

ਤੁਹਾਡੀ ਪ੍ਰੀਤ ਕਰਕੇ ਅਸੀਂ ਚਲ ਕੇ ਆਏ ਹਾਂ। ਜੋ ਤੁਸੀਂ ਪ੍ਰਣ ਕੀਤਾ ਹੈ, ਉਹ ਤੁਹਾਡੇ ਵਲੋਂ ਦੂਤ ਨੇ ਸਾਨੂੰ ਸੁਣਾਇਆ ਸੀ ਕਿ ਪ੍ਰਣ ਆਪਣਾ ਪੂਰਾ ਕਰਨਾ, ਪਰ ਇਕ ਵਾਰ ਬਾਦਸ਼ਾਹ ਪਾਸ ਸਾਡੀ ਇੱਜ਼ਤ ਰਖਾ ਦੇਵੋ ਤੇ ਹਿਤ ਕਰਕੇ ਦਿੱਲੀ ਚਲੋ॥੬॥

ਇੱਤਆਦਿਕ ਸੁਨਿ ਕੈ ਤਵ ਆਸ਼ੈ। ਮਿਲੇ ਆਇ ਇਕ ਪ੍ਰੇਮ ਪ੍ਰਿਯਾਸੈ।
ਨਾਂਹਿ ਤ ਕਿਮਹੁੰ ਨ ਆਵਨ ਹੋਇ। ਕਰਿਓ ਪ੍ਰਨ ਹਮ ਪੂਰਹਿ ਸੋਇ॥੭॥

ਇਤਿਆਦਿਕ ਤੁਹਾਡਾ ਆਸ਼ਾ ਸੁਣ ਕੇ, ਇਕ ਪ੍ਰੇਮੀ ਦੀ ਆਸ਼ਾ ਕਰਕੇ ਆ ਮਿਲੇ ਹਾਂ। ਨਹੀਂ ਤਾਂ ਕਦੀ ਵੀ ਆਉਣਾ ਨਾ ਹੁੰਦਾ। ਜਿਹੜਾ ਅਸੀਂ ਪ੍ਰਣ ਕੀਤਾ ਹੈ, ਉਸ ਨੂੰ ਪੂਰਾ ਕਰਾਂਗੇ॥੭॥

ਤੁਰਕ ਦਰਸ ਲੇਨੋ ਨਹਿਂ ਦੇਨਾ। ਇਹ ਦ੍ਰਿੜ੍ਹ ਜਾਨਹੁ ਕਬਹੁੰ ਚਲੇ ਨਾ।
ਨਿਜ ਨਿਸ਼ਚੋ ਹਮ ਨੇ ਕਹਿ ਦੀਨਸਿ। ਤੂੰ ਬੁਧਿਵਾਨ ਲੇਹੁ ਮਨਿ ਚੀਨਸਿ'॥੮॥

ਤੁਰਕ ਨੂੰ ਦਰਸ਼ਨ ਨਹੀਂ ਦੇਣੇ ਹਨ, ਇਹ ਦ੍ਰਿੜ੍ਹ ਜਾਣੋ, ਕਦੀ ਵੀ ਜਾਵਾਂਗੇ ਨਹੀਂ। ਅਸੀਂ ਆਪਣਾ ਨਿਸ਼ਚਾ ਕਹਿ ਦਿੱਤਾ ਹੈ। ਤੁਸੀਂ ਬੁਧੀਮਾਨ ਹੋ ਆਪਣੇ ਮਨ ਵਿਚ ਸਮਝ ਲਵੋ'॥੮॥

ਇਮ ਦ੍ਰਿੜ੍ਹ ਮਤਿ ਸੁਨਿ ਕੈ ਗੁਰ ਕੇਰਾ। ਸੋਚਤਿ ਜੈ ਸਿੰਘ ਰਾਵ ਘਨੇਰਾ।
ਮਸਤਕ ਟੇਕਿ ਸ਼ਾਹੁ ਢਿਗ ਗਯੋ। ਸਭਾ ਮਝਾਰ ਪ੍ਰਵੇਸ਼ਤਿ ਭਯੋ॥੯॥

ਗੁਰੂ ਜੀ ਦਾ ਇਕ ਦ੍ਰਿੜ੍ਹ ਮੱਤ ਸੁਣ ਕੇ, ਰਾਜਾ ਜੈ ਸਿੰਘ ਬਹੁਤ ਸੋਚਾਂ ਵਿਚ ਪੈ ਗਿਆ। ਮੱਥਾ ਟੇਕ ਕੇ ਬਾਦਸ਼ਾਹ ਪਾਸ ਗਿਆ ਤੇ ਸਭਾ ਦੇ ਵਿਚ ਦਾਖ਼ਲ ਹੋ ਗਿਆ॥੯॥

ਕਰ ਜੋਰਤਿ ਕਹਿ ਬਾਕ ਸੁਨਾਯੋ। 'ਮੋ ਸੰਗ ਰਾਵਰ ਨੇ ਫੁਰਮਾਯੋ।
ਸ੍ਰੀ ਹਰਿਕ੍ਰਿਸ਼ਨ ਪੁਰੀ ਮਹਿਂ ਲਜਾਵਹੁ। ਸਭਿ ਸੰਗਤਿ ਕਉ ਦਰਸ ਕਰਾਵਹੁ॥੧੦॥

ਹੱਥ ਜੋੜ ਕੇ ਵਾਕ ਸੁਣਾਇਆ, ''ਮੇਰੇ ਪਾਸ ਆਪ ਜੀ ਨੇ ਫੁਰਮਾਇਆ ਸੀ, ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੂੰ ਮੈਂ ਨਗਰੀ ਵਿਚ ਲਿਆਵਾਂ ਤੇ ਸਾਰੀ ਸੰਗਤ ਨੂੰ ਦਰਸ਼ਨ ਕਰਾਵਾਂ॥੧੦॥

ਕਰਾਮਾਤ ਕੇ ਧਨੀ ਬਡੇਰੇ। ਉਤਰੇ ਆਇ ਸਦਨ ਮਹਿਂ ਮੇਰੇ।
ਆਗੇ ਮਰਜ਼ੀ ਦੁਹ ਦਿਸ਼ਿ ਜੈਸੀ। ਕਰਿਬੇ ਬਿਖੇ ਆਇ ਹੈ ਤੈਸੀ॥੧੧॥

ਉਹ ਕਰਾਮਾਤ ਦੇ ਵੱਡੇ ਧਨੀ ਹਨ। ਉਨ੍ਹਾਂ ਨੇ ਮੇਰੇ ਘਰ ਵਿਚ ਆ ਕੇ ਉਤਾਰਾ ਕੀਤਾ ਹੈ। ਅੱਗੇ ਦੋ ਪਾਸਿਆਂ ਦੀ ਜਿਵੇਂ ਮਰਜ਼ੀ ਹੈ, ਜਿਵੇਂ ਮਨ ਵਿਚ ਆਵੇ ਉਸ ਤਰ੍ਹਾਂ ਕਰੋ॥੧੧॥

ਸਭਾ ਬਿਖੇ ਮੈਂ ਜਿਸ ਬਿਧਿ ਕਹਜੋ। ਤਿਮ ਪੂਰਨ ਭਾ ਆਨੰਦ ਲਹਜੋ।
ਸੁਨਤਿ ਸ਼ਾਹੁ ਨੇ ਇਕ ਉਮਰਾਵ। ਦੇ ਕੁਛ ਦਰਬ ਪਠਜੋ ਤਿਸ ਥਾਂਵ॥੧੨॥

ਸਭਾ ਵਿਚੇ ਮੈਂ ਜਿਸ ਵਿਧੀ ਨਾਲ ਕਿਹਾ ਹੈ, ਉਸ ਤਰ੍ਹਾਂ ਮੈਂ ਪੂਰਨ ਆਨੰਦ ਲਿਆ ਹੈ।'' ਇਹ ਸੁਣ ਕੇ ਬਾਦਸ਼ਾਹ ਨੇ ਇਕ ਉਮਰਾਵ ਨੂੰ ਕੁਝ ਧਨ ਦੇ ਕੇ ਉਸ ਥਾਂ ਭੇਜਿਆ॥੧੨॥

'ਜ਼ਾਫਤ ਦੇਹੁ ਬੰਦਗੀ ਕਰਿਕੈ। ਬਹੁਰੋ ਬੂਝਜੋ ਬਿਨੈ ਉਚਰਿਕੈ।
ਦਰਸ਼ਨ ਪਰਸਨਿ ਕਰਿਬੋ ਕਬੈ। ਮਿਲਨਿ ਹੋਹਿ ਤੁਮ ਭਾਖਹੁ ਜਬੈ'॥੧੩॥

ਉਸ ਉਮਰਾਵ ਨੂੰ ਬਾਦਸ਼ਾਹ ਨੇ ਕਿਹਾ, "ਬੰਦਗੀ ਕਰਕੇ ਜ਼ਿਆਫ਼ਤ ਦੇਵੇ ਤੇ ਫਿਰ ਬੇਨਤੀ ਕਰਕੇ ਪੁੱਛੇ। ਦਰਸ਼ਨ ਪਰਸਨ ਕਦੋਂ ਹੋਣਗੇ ? ਜਦ ਵੀ ਮਿਲਣਾ ਹੋਵੇ, ਉਸ ਬਾਰੇ ਦੱਸੋ" ॥੧੩॥

ਇਮ ਸੁਨਿ ਸਤਿਗੁਰ ਕੇ ਢਿਗ ਗਯੋ। ਅੰਤਰ ਸੁਧਿ ਪਹੁੰਚਾਵਤਿ ਭਯੋ।
'ਪਠਯੋ ਸ਼ਾਹੁ ਨੇ ਅਪਨਿ ਮੁਸਾਹਬ। ਆਯੋ ਚਹਤਿ ਨਿਕਟਿ ਗੁਰ ਸਾਹਿਬ' ॥੧੪॥

ਇਸ ਤਰ੍ਹਾਂ ਸੁਣ ਕੇ ਸਤਿਗੁਰੂ ਜੀ ਦੇ ਪਾਸ ਗਿਆ ਤੇ ਅੰਦਰ ਖ਼ਬਰ ਪਹੁੰਚਾ ਦਿੱਤੀ, "ਬਾਦਸ਼ਾਹ ਨੇ ਆਪਣਾ ਮੁਸਾਹਬ ਭੇਜਿਆ ਹੈ, ਉਹ ਆਇਆ ਹੈ ਤੇ ਗੁਰੂ ਜੀ ਪਾਸ ਜਾਣਾ ਚਾਹੁੰਦਾ ਹੈ" ॥੧੪॥

ਸ੍ਰੀ ਹਰਿਕ੍ਰਿਸ਼ਨ ਸੁਨਯੋ ਜਬਿ ਆਵਾ। ਆਗੈ ਅਪਨਿ ਕਨਾਤ ਤਨਾਵਾ।
ਸੁਭਟਨਿ ਗਨ ਦੀਵਾਨ ਲਗਾਯੋ। ਵਹਿਰ ਕਨਾਤ ਸੁ ਦਿਯੋ ਬਿਠਾਯੋ ॥੧੫॥

ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੇ ਜਦ ਉਸ ਦੇ ਆਉਣ ਬਾਰੇ ਸੁਣਿਆ ਤਾਂ ਉਨ੍ਹਾਂ ਆਪਣੇ ਅੱਗੇ ਕਨਾਤ ਤਾਣੀ ਹੋਈ ਸੀ। ਬਹੁਤ ਸੂਰਬੀਰਾਂ ਦਾ ਦੀਵਾਨ ਲਾਇਆ ਹੋਇਆ ਸੀ, ਉਸ ਨੂੰ ਕਨਾਤ ਦੇ ਬਾਹਰ ਬਿਠਾ ਦਿੱਤਾ ॥੧੫॥

ਮਹਾਂ ਮਸੰਦ ਮੇਵਰੇ ਖਰੇ। ਸੰਗਤਿ ਕੀ ਅਰਦਾਸਨਿ ਕਰੇ।
ਦਿੱਲੀ ਪੁਰਿ ਕੇ ਸਿਖ ਸਭਿ ਆਵੈਂ। ਭਾਂਤਿ ਭਾਂਤਿ ਭੇਟਨਿ ਅਰਪਾਵੈਂ ॥੧੬॥

ਵੱਡੇ-ਵੱਡੇ ਮਸੰਦ ਤੇ ਮੇਵੜੇ ਖੜੇ ਸਨ। ਉਹ ਸੰਗਤਾਂ ਦੀਆਂ ਅਰਦਾਸਾਂ ਕਰਦੇ ਸਨ। ਦਿੱਲੀ ਨਗਰੀ ਦੇ ਸਭ ਸਿੱਖ ਆਏ ਸਨ, ਉਹ ਭਾਂਤ ਭਾਂਤ ਦੀਆਂ ਭੇਟਾਵਾਂ ਅਰਪਣ ਕਰਦੇ ਸਨ ॥੧੬॥

ਪਢਹਿਂ ਰਬਾਬੀ ਸ਼ਬਦ ਸ ਰਾਗ। ਸੁਨਹਿਂ ਪ੍ਰੇਮ ਤੇ ਜਿਨ ਬਡਭਾਗ।
ਚਵਰਦਾਰ ਲੇ ਚਵਰ ਢੁਰਾਵਤਿ। ਸਿਖ ਦਰਸਹਿਂ ਮਨ ਮੋਦ ਉਪਾਵਤਿ ॥੧੭॥

ਰਬਾਬੀ ਰਾਗਾਂ ਵਿਚ ਸ਼ਬਦਾਂ ਦਾ ਗਾਇਨ ਕਰ ਰਹੇ ਸਨ। ਜਿਹੜੇ ਵਡਭਾਗੇ ਸਨ ਉਹ ਬੜੇ ਪ੍ਰੇਮ ਨਾਲ ਸੁਣ ਰਹੇ ਸਨ। ਚੌਰਬਰਦਾਰ ਚੌਰ ਕਰ ਰਿਹਾ ਸੀ, ਸਿੱਖ ਦਰਸ਼ਨ ਕਰਕੇ ਬਹੁਤ ਪ੍ਰਸੰਨਤਾ ਵਧਾ ਰਹੇ ਸਨ ॥੧੭॥

ਤਿਹ ਛਿਨ ਅੰਤਰ ਆਨਿ ਪ੍ਰਵੇਸ਼ਾ। ਪਠਯੋ ਮੁਸਾਹਿਬ ਜੋ ਤੁਰਕੇਸ਼ਾ।
ਸੁਭਤ ਸਭਾ ਮਹਿ ਕਹਿ ਬੈਠਾਰਾ। ਮਸਤਕ ਟੇਕਨਿ ਮੁਖਹੁਂ ਉਚਾਰਾ ॥੧੮॥

ਉਸ ਸਮੇਂ ਉਹ ਮੁਸਾਹਿਬ ਪ੍ਰਵੇਸ਼ ਕਰਕੇ ਅੰਦਰ ਆ ਗਿਆ, ਜਿਸ ਨੂੰ ਬਾਦਸ਼ਾਹ ਨੇ ਭੇਜਿਆ ਸੀ। ਲਗੀ ਹੋਈ ਸਭਾ ਵਿਚ ਉਸ ਨੂੰ ਬੈਠਾ ਦਿੱਤਾ, ਮੱਥਾ ਟੇਕਦਾ ਹਾਂ, ਉਸ ਮੁਖ ਤੋਂ ਉਚਾਰਨ ਕੀਤਾ ॥੧੮॥

ਅਪਨਿ ਸ਼ਾਹੁ ਕੀ ਅਰਜ਼ ਗੁਜ਼ਾਰੀ। ਦਰਬ ਪੁਚਾਯਹੁ ਧਰਯੋ ਅਗਾਰੀ।
'ਇਹ ਜ਼ਾਫਤ ਹਿਤ ਤੁਮ ਕਉ ਦੀਨਾ। ਅਰ ਚਾਹਤਿ ਹੈ ਦਰਸ਼ਨ ਲੀਨਾ ॥੧੯॥

ਆਪਣੇ ਬਾਦਸ਼ਾਹ ਦੀ ਉਸ ਬੇਨਤੀ ਉਚਾਰਨ ਕੀਤੀ। ਜਿਹੜਾ ਧਨ ਭੇਜਿਆ ਸੀ, ਉਹ ਗੁਰੂ ਜੀ ਦੇ ਅੱਗੇ ਧਰ ਦਿੱਤਾ ਤੇ ਕਿਹਾ, "ਇਹ ਜ਼ਿਆਫ਼ਤ ਵਾਸਤੇ ਤੁਹਾਨੂੰ ਦਿੱਤਾ ਹੈ ਅਤੇ ਤੁਹਾਡੇ ਦਰਸ਼ਨ ਕਰਨਾ ਚਾਹੁੰਦੇ ਹਨ ॥੧੯॥

ਜਿਮ ਰਾਵਰ ਕੀ ਹੋਇ ਰਜ਼ਾਇ। ਤਯੋਂ ਮੈਂ ਕਹੋਂ ਸ਼ਾਹੁ ਸੰਗ ਜਾਇ'।
ਥਿਤ ਕਨਾਤ ਕੇ ਅੰਤਰ ਅਹੇ। ਸ੍ਰੀ ਹਰਿਕ੍ਰਿਸ਼ਨ ਬਾਕ ਸੁਨਿ ਕਹੇ ॥੨੦॥

ਜਿਵੇਂ ਆਪ ਜੀ ਦੀ ਮਰਜ਼ੀ ਹੋਵੇ ਉਸ ਤਰ੍ਹਾਂ ਹੀ ਮੈਂ ਬਾਦਸ਼ਾਹ ਦੇ ਪਾਸ ਜਾ ਕੇ ਕਹਾਂਗਾ।" ਕਨਾਤ ਦੇ ਅੰਦਰ ਖੜਾ ਸੀ, ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੇ ਸੁਣ ਬਚਨ ਕਹੇ ॥੨੦॥

'ਬਡੋ ਭ੍ਰਾਤ ਹਮਰੋ ਸਭਿ ਲਾਇਕ। ਜਿਮ ਚਾਹਤਿ ਤਿਮ ਅਜ਼ਮਤ ਦਾਇਕ।
ਸੋ ਨਿਤ ਪਹੁੰਚਤਿ ਹੈ ਢਿਗ ਸ਼ਾਹੂ। ਜਿਮ ਬੂਝਤਿ ਉੱਤਰ ਦੇ ਪਾਹੂ॥ ੨੧॥

''ਸਾਡੇ ਵੱਡੇ ਭਰਾ ਹਰ ਪ੍ਰਕਾਰ ਲਾਇਕ ਹਨ, ਜਿਵੇਂ ਚਾਹੁੰਦੇ ਹਨ, ਉਸ ਤਰ੍ਹਾਂ ਕਰਮਾਤਾਂ ਕਰ ਸਕਦੇ ਹਨ। ਉਹ ਸਦਾ ਬਾਦਸ਼ਾਹ ਦੇ ਪਾਸ ਪਹੁੰਚਦੇ ਹਨ, ਜਿਵੇਂ ਪੁੱਛਦੇ ਹਨ, ਉਸ ਤਰ੍ਹਾਂ ਉੱਤਰ ਦੇ ਪਾਉਂਦੇ ਹਨ॥੨੧॥

ਸਤਿਗੁਰ ਪੂਰਨ ਪਿਤਾ ਹਮਾਰੇ। ਤਿਨ ਕੋ ਬਰਤਹਿਂ ਹੁਕਮ ਬਿਚਾਰੇ।
ਸ੍ਰੀ ਮੁਖ ਤੇ ਇਮ ਕੀਨਿ ਉਚਾਰਨ। ਭਲੇ ਹੋਨਿ ਹਿਤ ਸੀਖ ਸਿਖਾਰਨ॥ ੨੨॥

ਪੂਰਨ ਸਤਿਗੁਰੂ ਜੀ ਸਾਡੇ ਪਿਤਾ ਜੀ ਹਨ, ਅਸੀਂ ਉਨ੍ਹਾਂ ਦੇ ਹੀ ਹੁਕਮ ਵਿਚਾਰ ਕੇ ਚਲਦੇ ਹਾਂ। ਉਨ੍ਹਾਂ ਨੇ ਆਪਣੇ ਮੁਖ ਤੋਂ ਇਹ ਉਚਾਰਨ ਕੀਤਾ ਸੀ ਤੇ ਸਾਡੀ ਭਲਾਈ ਵਾਸਤੇ ਇਹ ਸਿਖਿਆ ਸਿਖਾਈ ਸੀ॥੨੨॥

ਬਡੋ ਭ੍ਰਾਤ ਮਤਿਵੰਤ ਤੁਮਾਰਾ। ਗਯੋ ਪੁਰੀ ਮਹਿ ਸ਼ਾਹੁ ਹਕਾਰਾ।
ਲਾਯਕ ਕੋ ਲਖਿ ਤਿਸਹਿ ਪਠਾਯੋ। ਕਰਾਮਾਤ ਮਹਿਂ ਅਧਿਕ ਬਨਾਯੋ॥ ੨੩॥

ਉਨ੍ਹਾਂ ਨੇ ਉਚਾਰਨ ਕੀਤਾ ਸੀ, ''ਤੁਹਾਡਾ ਵੱਡਾ ਭਰਾ ਬੜਾ ਬੁਧਿਮਾਨ ਹੈ। ਬਾਦਸ਼ਾਹ ਦੇ ਬੁਲਾਉਣ 'ਤੇ ਉਹ ਦਿੱਲੀ ਨਗਰ ਵਿਚ ਗਿਆ ਹੈ। ਅਸੀਂ ਲਾਇਕ ਸਮਝ ਕੇ ਉਸ ਨੂੰ ਭੇਜਿਆ ਸੀ। ਕਰਾਮਾਤਾਂ ਉਹ ਬਹੁਤ ਕਰਦਾ ਹੈ॥੨੩॥

ਜਥਾ ਸ਼ਾਹੁ ਚਾਹੈ ਗੋ ਹੇਰਾ। ਸੋ ਦਿਖਾਇ ਹੈ ਸੁਘਰ ਬਡੇਰਾ।
ਤੁਮ ਨੇ ਤਹਿਂ ਪਹੁੰਚਨਿ ਕੀ ਚਾਹੂ। ਨਹਿਂ ਕਰਨੀ ਅਪਨੇ ਮਨ ਮਾਂਹੂ॥ ੨੪॥

ਜਿਸ ਤਰ੍ਹਾਂ ਦੀ ਵੀ ਬਾਦਸ਼ਾਹ ਕਰਾਮਾਤ ਵੇਖਣੀ ਚਾਹੁੰਦਾ ਹੈ, ਉਹ ਵੱਡਾ ਚਤੁਰ ਉਸ ਤਰ੍ਹਾਂ ਹੀ ਵਿਖਾ ਦਿੰਦਾ ਹੈ। ਤੁਸੀਂ ਉਥੇ ਪਹੁੰਚਣ ਦੀ ਚਾਹ ਆਪਣੇ ਮਨ ਵਿਚ ਕਦੀ ਵੀ ਨਹੀਂ ਕਰਨੀ॥੨੪॥

ਕਿਸੀ ਹੇਤੁ ਕਰਿ ਦਿੱਲੀ ਜਾਵਹੁ। ਸਿਖ ਸੰਗਤਿ ਕੋ ਦਰਸ ਦਿਖਾਵਹੁ।
ਤਊ ਸ਼ਾਹੁ ਸੰਗ ਮੇਲ ਜੁ ਕਰਨਾ। ਇਹ ਨ ਮਨੋਰਥ ਕਰਹੁ ਅਚਰਨਾ॥ ੨੫॥

ਕਿਸੇ ਕੰਮ ਵਾਸਤੇ ਜੇ ਦਿੱਲੀ ਜਾਵੇ ਤਾਂ ਸਿੱਖ ਸੰਗਤ ਨੂੰ ਆਪਣੇ ਦਰਸ਼ਨ ਦਿਖਾਵੇ, ਤਦ ਬਾਦਸ਼ਾਹ ਦੇ ਨਾਲ ਮੇਲ ਜੋ ਕਰਨਾ ਹੈ ਇਹ ਜੜ੍ਹ ਰੂਪ ਮਨੋਰਥ ਕਦੀ ਵੀ ਆਪਣੇ ਮਨ ਵਿਚ ਧਾਰਨ ਨਾ ਕਰੇ॥੨੫॥

ਏਕ ਸਥਲ ਹੋਵਨਿ ਜੁਗ ਭ੍ਰਾਤ। ਮਤਸਰ ਉਪਜਹਿ ਉਰ ਬੱਖਜਾਤ।
ਅਪਰ ਸਖਾ ਨਹਿਂ ਭ੍ਰਾਤ ਸਮਾਨ। ਜੇ ਕਰਿ ਹਿਰਦੈ ਪ੍ਰੇਮ ਮਹਾਨ॥ ੨੬॥

ਇਕ ਥਾਂ ਜੇ ਦੋਵੇਂ ਭਰਾ ਹੋਣ ਤਾਂ ਹਿਰਦੇ ਵਿਚ ਪ੍ਰਗਟ ਰੂਪ ਵਿਚ ਹੰਕਾਰ ਪੈਦਾ ਹੋਵੇਗਾ। ਦੂਸਰੇ ਸੰਗੀ ਸਾਥੀ ਭਰਾ ਵਾਂਗ ਨਹੀਂ ਹਨ ਜੇ ਦੋਵਾਂ ਦੇ ਹਿਰਦਿਆਂ ਵਿਚ ਮਹਾਨ ਪ੍ਰੇਮ ਹੋਵੇ॥੨੬॥

ਭਾਇ ਪਨੋ ਮਹਿਂ ਮੁਖਤਾ ਅਹੈ। ਰਾਮ ਲਖਨ ਆਦਿਕ ਜਬਿ ਕਹੈ।
ਸਹਤਿ ਪ੍ਰੇਮ ਕੇ ਜਹਿਂ ਜੁਗ ਭਾਈ। ਦੁਲਭ ਬਾਤ ਸੋ ਭੀ ਬਨਿ ਜਾਈ॥ ੨੭॥

ਭਾਈਪਨ ਵਿਚ ਮੁੱਖ ਗੱਲ ਇਹ ਹੈ, ਜਦ ਰਾਮ ਲਛਮਣ ਆਦਿ ਭਰਾਵਾਂ ਬਾਰੇ ਕਹਿੰਦੇ ਹਾਂ। ਜਿਹੜੇ ਪ੍ਰੇਮ ਸਹਿਤ ਦੋ ਭਰਾ ਰਹਿੰਦੇ ਹਨ, ਦੁਰਲਭ ਗੱਲ ਉਹ ਵੀ ਬਣ ਜਾਂਦੀ ਹੈ॥੨੭॥

ਦੁਤੀਏ ਸੁਨਹੁ ਭ੍ਰਾਤ ਸਮ ਬੈਰੀ। ਅਪਰ ਨਹੀਂ ਖੋਟੇ ਸਿਰ ਪੈਰੀ।
ਦਸਮੁਖ ਭ੍ਰਾਤ ਬਭੀਖਨ ਭਯੋ। ਬਾਲੀ ਅਰ ਸੁੱਗ੍ਰੀਵ ਜੁ ਥਿਯੋ॥ ੨੮॥

ਦੂਸਰਾ ਸੁਣੋ ਭਰਾ ਬਰਾਬਰ ਕੋਈ ਵੈਰੀ ਨਹੀਂ ਹੈ. ਦੂਸਰੇ ਸਿਰ ਤੋਂ ਲੈ ਕੇ ਪੈਰਾਂ ਤਕ ਏਨੇ ਖੋਟੇ ਨਹੀਂ ਹੁੰਦੇ ਹਨ। ਰਾਵਣ ਦਾ ਭਰਾ ਬਭੀਖਣ ਸੀ ਤੇ ਬਾਲੀ ਦਾ ਭਰਾ ਸੁਗ੍ਰੀਵ ਸੀ, ਦੋਵਾਂ ਨੇ ਭਰਾ ਮਾਰ ਕੀਤੀ ਸੀ॥੨੮॥

ਦਾਰਸ਼ਕੋਹ ਸ਼ਾਹੁ ਕੋ ਭ੍ਰਾਤਾ। ਬੁਰਿਆਈ ਇਨ ਕੀਨਿ ਬੱਖਜਾਤਾ।
ਇੱਤਜਾਦਿਕ ਜਗ ਭਏ ਅਨੇਕ। ਗਿਨਹਿ ਸਭਿਨਿ, ਕੋ ਕਰਹਿ ਬਿਬੇਕ॥੨੯॥

ਦਾਰਾਸ਼ਕੋਹ, ਨੌਰੰਗੇ ਬਾਦਸ਼ਾਹ ਦਾ ਭਰਾ ਸੀ, ਜਿਹੜੀ ਨੌਰੰਗੇ ਨੇ ਉਸ ਨਾਲ ਬੁਰਿਆਈ ਕੀਤੀ ਹੈ, ਉਹ ਸਾਰੇ ਪ੍ਰਗਟ ਹੈ ਇੱਤਆਦਿ ਜਗ ਵਿਚ ਅਨੇਕਾਂ ਭਰਾ ਹੋਏ ਹਨ, ਸਾਰਿਆਂ ਦੀ ਗਿਣਤੀ ਕਿਹੜਾ ਗਿਆਨਵਾਨ ਕਰ ਸਕਦਾ ਹੈ॥੨੯॥

ਜੋ ਨਹਿਂ ਮਰਤਿ ਕਿਸੂ ਕੇ ਮਾਰੇ। ਸੋ ਭ੍ਰਾਤਨਿ ਛਲ ਕਰਿ ਸੰਘਾਰੇ।
ਇਮ ਲਖਿ ਕਰਿ ਉਰ ਪਿਤਾ ਹਮਾਰੇ। ਮਿਲਨਿ ਸ਼ਾਹੁ ਸੋਂ ਕਹਿ ਹਟਕਾਰੇ॥੩੦॥

ਜਿਹੜੇ ਕਿਸੇ ਦੇ ਮਾਰਿਆਂ ਨਹੀਂ ਸੀ ਮਰਦੇ, ਉਹ ਭਰਾਵਾਂ ਨੇ ਛਲ ਕਰਕੇ ਮਾਰ ਦਿੱਤੇ। ਸਾਡੇ ਪਿਤਾ ਜੀ ਨੇ ਇਸ ਤਰ੍ਹਾਂ ਦਿਲ ਵਿਚ ਸਮਝ ਕੇ ਸਾਨੂੰ ਬਾਦਸ਼ਾਹ ਨਾਲ ਮਿਲਣ ਤੋਂ ਰੋਕ ਦਿੱਤਾ ਹੈ॥੩੦॥

ਇਤੀ ਸ਼ਕਤਿ ਹਮ ਧਰਹਿਂ ਨ ਕੈਸੇ। ਪਿਤਾ ਬਾਕ ਤਜਿ ਬਰਤਹਿ ਜੈਸੇ।
ਕਹਜੋ ਗੁਰਨਿ ਕੋ ਦ੍ਰਿਢ ਬਡ ਮਾਨਾ। ਜਿਮ ਸੁਮੇਰ ਨਹਿਂ ਕਬਹੁਂ ਪਯਾਨਾ॥੩੧॥

ਏਨੀ ਸ਼ਕਤੀ ਅਸੀਂ ਕਿਸ ਤਰ੍ਹਾਂ ਧਾਰਨ ਕਰ ਸਕਦੇ ਹਾਂ ਕਿ ਆਪਣੇ ਪਿਤਾ ਜੀ ਦੇ ਬਚਨਾਂ ਨੂੰ ਛੱਡ ਕੇ ਵਰਤਾਰਾ ਕਰੀਏ। ਆਪਣੇ ਗੁਰੂ ਜੀ ਦਾ ਕਿਹਾ ਅਸੀਂ ਦ੍ਰਿੜ੍ਹ ਅਟਲ ਮੰਨਿਆ ਹੈ ਜਿਵੇਂ ਸੁਮੇਰ ਪਰਬਤ ਕਦੀ ਵੀ ਚਲ ਨਹੀਂ ਸਕਦਾ॥੩੧॥

ਪ੍ਰਾਨ ਜਾਨਿ ਲੌ ਬਚ ਮਹਿਂ ਰਹਿ ਹੈਂ। ਨਹੀਂ ਚਲਾਇਮਾਨਤਾ ਲਹਿਹੋਂ।
ਇਹ ਆਸ਼ੇ ਹਮਰੇ ਉਰ ਕੇਰਾ। ਕਹਹੁ ਸ਼ਾਹੁ ਸੋਂ ਇਮਹੁ ਬਡੇਰਾ॥ ੩੨॥

ਪ੍ਰਾਣ ਜਾਣ ਤਕ ਅਸੀਂ ਬਚਨ ਵਿਚ ਕਾਇਮ ਰਹਾਂਗੇ, ਕਦੇ ਵੀ ਗੁਰੂ ਜੀ ਦੇ ਬਚਨਾਂ ਤੋਂ ਹਿਲਾਂਗੇ ਨਹੀਂ। ਇਹ ਸਾਡੇ ਹਿਰਦੇ ਦਾ ਆਸ਼ਾ ਹੈ, ਬਾਦਸ਼ਾਹ ਨੂੰ ਇਸ ਤਰ੍ਹਾਂ ਹੀ ਸਾਰੀ ਗੱਲ ਦੱਸੋ॥੩੨॥

ਇਹ ਸਭਿ ਬਾਤ ਦੇਹੁ ਸਮੁਝਾਈ। ਪਿਤ ਆਇਸੁ ਮਹਿਂ ਚਲਹਿਂ ਸਦਾਈ'।
ਸੁਨਿ ਉਮਰਾਉ ਬਾਕ ਗੰਭੀਰ। 'ਬੈਸ ਅਲਪ ਮਹਿਂ ਬੁਧਿ ਬਰਬੀਰ॥ ੩੩॥

ਇਹ ਸਾਰੀ ਗੱਲ ਸਮਝਾ ਦੇਵੋ, ਅਸੀਂ ਸਦਾ ਹੀ ਪਿਤਾ ਜੀ ਦੀ ਆਗਿਆ ਅਨੁਸਾਰ ਚਲਾਂਗੇ।'' ਬਾਦਸ਼ਾਹ ਦਾ ਉਮਰਾਵ ਗੁਰੂ ਜੀ ਦੇ ਗੰਭੀਰ ਬਚਨ ਸੁਣ ਕੇ ਬੋਲਿਆ, ''ਉਮਰ ਛੋਟੀ ਹੈ, ਪਰ ਬੁੱਧੀ ਸ੍ਰੇਸ਼ਟ ਸੂਰਬੀਰਾਂ ਵਾਲੀ ਹੈ॥੩੩॥

ਦੀਰਘ ਦਰਸ਼ੀ ਮਹਦ ਮਹਾਨੇ। ਕਰਾਮਾਤ ਸਾਹਿਬ ਪਹਿਚਾਨੇ।
ਨਾਂਹਿ ਤ ਪਾਤਿਸ਼ਾਹ ਕੋ ਸੰਗ। ਕੋ ਨਹਿਂ ਚਾਹਤਿ ਸਹਿਤ ਉਮੰਗ॥ ੩੪॥

ਦੂਰ ਦ੍ਰਿਸ਼ਟੀ ਬਹੁਤ ਮਹਾਨ ਹੈ, ਕਰਾਮਾਤ ਦੇ ਸਾਹਿਬ ਪਹਿਚਾਣੇ ਹਨ। ਨਹੀਂ ਤਾਂ ਬਾਦਸ਼ਾਹ ਦੇ ਕੁੱਤੇ ਨੂੰ ਵੀ ਕਿਹੜਾ ਵਿਅਕਤੀ ਉਮੰਗ ਸਹਿਤ ਨਹੀਂ ਮਿਲਣਾ ਚਾਹੁੰਦਾ॥੩੪॥

ਜਿਸੁ ਢਿਗ ਜੈਬੇ ਮਹਦ ਬਡਾਈ। ਤਿਸ ਕਰਿਬੇ ਕਉ ਨਹਿਂ ਲਲਚਾਈ।
ਆਜ ਜਗਤ ਮਹਿਂ ਕੋਇ ਨ ਐਸੇ। ਹਿਤ ਕਰਿ ਸ਼ਾਹੁ ਹਕਾਰਹਿ ਕੈਸੇ॥ ੩੫॥

ਜਿਸ ਪਾਸ ਜਾਣ ਨਾਲ ਵੱਡੀ ਵਡਿਆਈ ਮਿਲਦੀ ਹੈ, ਉਸ ਪਾਸ ਜਾਣ ਵਾਸਤੇ ਮਨ ਲਲਚਾਇਆ ਨਹੀਂ ਹੈ। ਅੱਜ ਜਗਤ ਵਿਚ ਕੋਈ ਵੀ ਐਸਾ ਵਿਅਕਤੀ ਨਹੀਂ ਹੈ, ਜਿਸ ਨੂੰ ਹਿਤ ਕਰਕੇ ਬਾਦਸ਼ਾਹ ਬੁਲਾਵੇ॥੩੫॥

ਨਹਿਂ ਮਾਨੈ ਧੀਰਜ ਧਰਿ ਰਹੈ। ਇਨ ਕੇ ਸਮ ਏਹੀ ਇਕ ਅਹੈਂ।
ਹਿੰਦੂ ਤੁਰਕ ਪੀਰ ਗੁਰ ਹੋਈ। ਕਹੈ ਸ਼ਾਹੁ, ਨਹਿਂ ਅਟਕਹਿ ਕੋਈ ॥ ੩੬ ॥

ਤੇ ਉਹ ਜਾਣਾ ਨਾ ਮੰਨੇ ਤੇ ਧੀਰਜ ਧਾਰ ਕੇ ਬੈਠਾ ਰਹੇ। ਇਨ੍ਹਾਂ ਦੇ ਬਰਾਬਰ ਇਹੀ ਇਕ ਹਨ। ਹਿੰਦੂ ਤੁਰਕ ਪੀਰ ਗੁਰੂ ਕੋਈ ਵੀ ਹੋਵੇ, ਬਾਦਸ਼ਾਹ ਦੇ ਕਹਿਣ ਉੱਤੇ ਕੋਈ ਵੀ ਅਟਕਦਾ ਨਹੀਂ ਹੈ"॥੩੬॥

ਕਰਿ ਤਰੀਫ ਉਮਰਾਉ ਬਡੇਰੀ। ਹਾਥ ਜੋਰਿ ਬੰਦੇ ਤਿਸ ਬੇਰੀ।
ਬਿਸਮਯ ਹੋਇ ਗਮਨਿ ਕੋ ਠਾਨਾ। ਰਿਦੇ ਬਡਾਈ ਗੁਨਤਿ ਮਹਾਨਾ॥ ੩੭ ॥

ਉਮਰਾਵ ਨੇ ਵੱਡੀ ਸਿਫਤ ਕਰਕੇ, ਗੁਰੂ ਜੀ ਨੂੰ ਉਸ ਸਮੇਂ ਹੱਥ ਜੋੜ ਕੇ ਬੰਦਨਾ ਕੀਤੀ। ਫਿਰ ਹੈਰਾਨ ਹੋਇਆ ਚਲਾ ਗਿਆ। ਹਿਰਦੇ ਵਿਚ ਮਹਾਨ ਵਡਿਆਈ ਕਰਦਾ ਸੀ॥੩੭॥

ਜਾਇ ਸ਼ਾਹੁ ਸੰਗ ਕੀਨਿ ਸਲਾਮ। ਕਹੀ ਹਕੀਕਤ ਗਾ ਜਿਸ ਕਾਮ।
'ਕਰੀ ਆਪ ਪਰ ਖੁਸ਼ੀ ਘਨੇਰੀ। ਭਨੀ ਪ੍ਰਤੱਗਜਾ ਅਪਨਿ ਬਡੇਰੀ॥ ੩੮ ॥

ਬਾਦਸ਼ਾਹ ਦੇ ਪਾਸ ਜਾ ਕੇ ਸਲਾਮ ਕੀਤੀ, ਉਸ ਬਾਰੇ ਸਾਰੀ ਹਕੀਕਤ ਸੁਣਾਈ, ਜਿਸ ਕੰਮ ਬਾਰੇ ਗਿਆ ਸੀ, "ਉਨ੍ਹਾਂ ਨੇ ਆਪ ਉੱਤੇ ਵੱਡੀ ਖ਼ੁਸ਼ੀ ਪ੍ਰਗਟ ਕੀਤੀ ਹੈ ਤੇ ਆਪਣੀ ਵੱਡੀ ਪ੍ਰਤਿੱਗਿਆ ਕਹਿ ਕੇ ਸੁਣਾਈ ਹੈ॥੩੮॥

ਪਿਤ ਆਇਸੁ ਹਮਰੇ ਗਿਰ ਜੈਸੀ। ਚੁਲੇ ਨ ਬਿਘਨ ਬਾਯੁ ਬਹਿ ਕੈਸੀ'।
ਇੱਤਜਾਦਿਕ ਸਭਿ ਬਾਤ ਸੁਨਾਈ। ਜਿਮ ਭ੍ਰਾਤਨਿ ਕੀ ਹੋਤਿ ਸਦਾਈ॥ ੩੯ ॥

ਸਾਡੇ ਪਿਤਾ ਜੀ ਦੀ ਆਗਿਆ ਪਹਾੜ ਸਮਾਨ ਹੈ, ਜਿਹੜੇ ਪਹਾੜ ਕਿੰਨੀ ਵੀ ਤੂਫਾਨ ਮਈ ਹਵਾ ਚਲਣ ਨਾਲ ਵੀ ਹਿਲਦੇ ਨਹੀਂ ਹਨ।" ਇਤਿਆਦਿਕ ਸਾਰੀ ਗੱਲ ਸੁਣਾਈ, ਜਿਵੇਂ ਭਰਾਵਾਂ ਦੀ ਆਪਸ ਵਿਚ ਸਦਾ ਹੀ ਈਰਖਾ ਹੁੰਦੀ ਹੈ॥੩੯॥

ਸੁਨਿ ਨੌਰੰਗ ਸਮੁਝਯੋ ਮਨ ਮਾਂਹੀ। ਇਹ ਗੰਭੀਰਤਾ ਅਤਿ ਲਖਿ ਪਾਹੀ।
ਬਡੇ ਭ੍ਰਾਤ ਕੇ ਆਸ਼ੇ ਕਹਾਂ। ਕਹਿ ਬੁਲਵਾਇ ਮਤਸਰੀ ਮਹਾਂ॥ ੪੦ ॥

ਇਹ ਸੁਣ ਕੇ ਨੌਰੰਗਾ ਮਨ ਵਿਚ ਸਮਝ ਗਿਆ, "ਇਹ ਅਤਿ ਗੰਭੀਰਤਾ ਸਮਝ ਵਿਚ ਆ ਗਈ ਹੈ। ਵੱਡੇ ਭਰਾ ਦੇ ਕੈਸੇ ਆਸ਼ੇ ਹਨ, ਮਹਾਂ ਹੰਕਾਰੀ ਨੇ ਕਹਿ ਕੇ ਬੁਲਵਾਇਆ ਹੈ॥੪੦॥

ਤਊ ਛਿਮਾਂ ਜੁਤਿ ਇਨ ਕੀ ਬਾਨੀ। ਨਹੀਂ ਦ੍ਵੈਸ਼ ਕੀ ਬਿਧਿ ਕਿਮ ਠਾਨੀ।
ਅਰ ਗਾਦੀ ਪਰ ਬੈਠਯੋ ਜੋਈ। ਅਜ਼ਮਤ ਬਿਖੇ ਅਧਿਕਤਾ ਹੋਈ॥ ੪੧ ॥

ਫਿਰ ਵੀ ਇਨ੍ਹਾਂ ਦੀ ਖਿਮਾਂ ਸਹਿਤ ਬਾਣੀ ਹੈ, ਕਿਸੇ ਪ੍ਰਕਾਰ ਵੀ ਈਰਖਾ ਨਹੀਂ ਧਾਰਨ ਕੀਤੀ ਅਤੇ ਗੱਦੀ ਉੱਤੇ ਉਹੀ ਬੈਠਿਆ ਹੈ ਜਿਸ ਵਿਚ ਜ਼ਿਆਦਾ ਅਜ਼ਮਤ ਹੈ, ਭਾਵ ਜਿਸ ਦਾ ਪ੍ਰਤਾਪ ਵੱਡਾ ਹੈ॥੪੧॥

ਤਿਨ ਕੀ ਰੁਚਿ ਕੇ ਬਿਨਾ ਬੁਲਾਵਨਿ। ਮੁਝ ਕੋ ਨੀਕ ਨ ਕਰਵਿ ਅਵਾਹਨ।
ਇਮ ਸਮੁਝਯੋ ਨੌਰੰਗ ਮਤਿ ਕਰਿਕੈ । ਹੋਯੋ ਤੂਸ਼ਨਿ ਰਿਦੈ ਬਿਚਰਿ ਕੈ॥ ੪੨ ॥

ਉਨ੍ਹਾਂ ਦੀ ਰੁਚੀ ਤੋਂ ਬਗੈਰ ਬੁਲਾਉਣਾ, ਮੇਰੇ ਵਾਸਤੇ ਚੰਗਾ ਨਹੀਂ ਸੀ ਜਿਹੜਾ ਮੈਂ ਬੁਲਾ ਲਿਆ ਹੈ।" ਇਸ ਤਰ੍ਹਾਂ ਨੌਰੰਗਾ ਬੁਧੀ ਕਰਕੇ ਸਮਝਿਆ ਤੇ ਹਿਰਦੇ ਵਿਚ ਵਿਚਾਰ ਕੇ ਚੁੱਪ ਹੋ ਗਿਆ॥੪੨॥

ਦਸਵੀਂ ਰਾਸ ਦਾ ਚਾਲ੍ਹੀਵਾਂ ਅਧਿਆਇ ਸਮਾਪਤ ਹੋਇਆ॥੪੦॥

# ਅਧਿਆਇ ਇਕਤਾਲੀਵਾਂ

*ਗੁਰੂ ਜੀ ਦੀ ਮਹਿਮਾ ਸੁਣਕੇ ਰਾਮਰਾਇ ਦੀ ਈਰਖਾ*

ਦੋਹਰਾ- ਦਿੱਲੀ ਪੁਰਿ ਕੀ ਸੰਗਤਾਂ ਆਇ ਉਪਾਇ ਲਜਾਇ।
ਦਰਸ਼ਨ ਪਰਸੈਂ ਗੁਰੂ ਕੋ ਚਹੈਂ ਕਾਮਨਾ ਪਾਇ॥ ੧॥

ਦਿੱਲੀ ਨਗਰ ਦੀਆਂ ਸੰਗਤਾਂ ਆਉਂਦੀਆਂ ਸਨ ਤੇ ਉਪਹਾਰ ਅਰਪਣ ਕਰਕੇ ਗੁਰੂ ਜੀ ਦੇ ਦਰਸ਼ਨ ਕਰਕੇ ਆਪਣੀਆਂ ਕਾਮਨਾਵਾਂ ਪੂਰੀਆਂ ਕਰਨੀਆਂ ਚਾਹੁੰਦੀਆਂ ਸਨ॥੧॥

ਚੌਪਈ- ਤਨ ਕੇ ਰੋਗੀ ਤਪ, ਦ੍ਰਿਗ, ਖਾਂਸੀ। ਮਹਿਮਾ ਸੁਨਤਿ ਜਾਹਿਂ ਗੁਰ ਪਾਸੀ।
ਧਰਹਿਂ ਰਿਦੈ ਸ਼ਰਧਾ ਸੁਖਰਾਸੀ। ਦਰਸਤਿ ਰੁਜ ਗਨ ਤੁਰਤ ਬਿਨਾਸੀ॥੨॥

ਤਨ ਦੇ ਰੋਗੀ, ਤਾਪ, ਅੱਖਾਂ ਦੇ ਰੋਗੀ, ਖੰਘ ਤਾਪ ਵਾਲੇ ਰੋਗੀ ਜਦ ਗੁਰੂ ਜੀ ਦੀ ਮਹਿਮਾ ਸੁਣਦੇ ਸਨ ਤਾਂ ਗੁਰੂ ਜੀ ਪਾਸ ਜਾਂਦੇ ਸਨ। ਆਪਣੇ ਹਿਰਦੇ ਵਿਚ ਗੁਰੂ ਜੀ ਬਾਰੇ ਸ਼ਰਧਾ ਧਾਰਨ ਕਰਦੇ ਸਨ ਤੇ ਦਰਸ਼ਨ ਕਰਨ ਨਾਲ ਹੀ ਸਾਰੀਆਂ ਬੀਮਾਰੀਆਂ ਤੁਰਤ ਦੂਰ ਹੋ ਜਾਂਦੀਆਂ ਸਨ॥੨॥

ਗੁਰ ਸਿੱਖਜਨਿ ਕੇ ਜਬਿ ਦੁਖ ਗਏ। ਅਪਰ ਸਮੀਪ ਤਿਨਹੁਂ ਸੁਨਿ ਲਏ।
ਰੁਜ ਪੀੜਤਿ ਤਨ ਸੰਕਟ ਪਾਏ। ਸੁਨਤਿ ਸੁਜਸੁ ਗੁਰ ਸ਼ਰਨ ਸਿਧਾਏ॥੩॥

ਗੁਰ ਸਿੱਖਾਂ ਦੇ ਜਦ ਦੁੱਖ ਦੂਰ ਹੋ ਗਏ ਤਾਂ ਜਿਹੜੇ ਹੋਰ ਉਨ੍ਹਾਂ ਦੇ ਪਾਸ ਰਹਿੰਦੇ ਸਨ, ਉਨ੍ਹਾਂ ਵੀ ਸੁਣ ਲਿਆ। ਬੀਮਾਰੀ ਨਾਲ ਪੀੜਤ ਬਹੁਤ ਦੁੱਖ ਪਾਉਂਦੇ ਸਨ ਤੇ ਗੁਰੂ ਜੀ ਦਾ ਸ੍ਰੇਸ਼ਟ ਜਸ ਸੁਣ ਕੇ ਗੁਰੂ ਜੀ ਦੀ ਸ਼ਰਨ ਲੈਣ ਵਾਸਤੇ ਚਲ ਪੈਂਦੇ ਸਨ॥੩॥

ਦ੍ਰਿਗ ਤੇ ਦਿਖਹਿਂ ਨ ਦਰਸ਼ਨ ਜਾਵਦ। ਅਨਿਕ ਰੀਤਿ ਰੁਜ ਪੀੜਹਿਂ ਤਾਵਦ।
ਚਾਰੁ ਮੁਖਾਰਬਿੰਦ ਜਬਿ ਦਰਸੈਂ। ਤਾਤਕਾਲ ਹੁਇ ਆਵਤਿ ਹਰਸ਼ੈ॥੪॥

ਜਦ ਤਕ ਅੱਖਾਂ ਤੋਂ ਦਿਸਦਾ ਨਹੀਂ ਸੀ ਅਨੇਕ ਰੀਤਿਆਂ ਨਾਲ ਤਦ ਤਕ ਬੀਮਾਰੀ ਪੀੜਤ ਕਰੀ ਜਾਂਦੀ ਸੀ ਪਰ ਜਦ ਗੁਰੂ ਜੀ ਦੇ ਕੰਵਲ ਮੁਖ ਦੇ ਦਰਸ਼ਨ ਕਰਦੇ ਸਨ ਤਾਂ ਤੁਰੰਤ ਰਾਜ਼ੀ ਹੋ ਕੇ ਅਨੰਦ ਪਾਉਂਦੇ ਸਨ॥੪॥

ਪੁਰਿ ਮਹਿਂ ਘਰ ਘਰ ਕੀਰਤ ਫੂਲੀ। ਮਨਹੁਂ ਮਾਲਤੀ ਬਿਗਸਤਿ ਝੂਲੀ।
ਸੁਨਿ ਸੁਨਿ ਪਹੁੰਚਤਿ ਹੈਂ ਰੁਜਵਾਰੇ। ਭਰੀ ਭੀਰ ਰਹਿ ਸਤਿਗੁਰ ਦ੍ਵਾਰੇ॥੫॥

ਨਗਰ ਵਿਚ ਘਰ-ਘਰ ਗੁਰੂ ਜੀ ਦੀ ਕੀਰਤੀ ਖਿੜ ਗਈ ਜਿਵੇਂ ਮਾਲਤੀ ਦੇ ਫੁੱਲ ਖਿੜ ਕੇ ਝੂਲ ਰਹੇ ਹੋਣ। ਸੁਣ ਸੁਣ ਕੇ ਰੋਗੀ ਪਹੁੰਚਦੇ ਸਨ ਤੇ ਸਤਿਗੁਰੂ ਜੀ ਦੇ ਦਵਾਰੇ ਵੱਡੀ ਭੀੜ ਲੱਗੀ ਰਹਿੰਦੀ ਸੀ॥੫॥

ਹੋਹਿ ਰੋਗ ਕੋ, ਦੋਖ ਬਿਨਾਸ਼ੇ। ਜਿਮ ਤਮ ਤੋਮ ਤਰਨਿ ਕੇ ਪਾਸੇ।
ਦਰਸ਼ਨ ਸਫਲ ਹੋਤਿ ਗੁਰ ਕੇਰਾ। ਪਸਰਯੋ ਪੁਰੀ ਬ੍ਰਿਤਾਂਤ ਬਡੇਰਾ॥੬॥

ਰੋਗੀ ਦਾ ਰੋਗ ਤੇ ਦੋਖ ਇਸ ਤਰ੍ਹਾਂ ਵਿਨਾਸ਼ ਹੋ ਜਾਂਦੇ ਸਨ ਜਿਵੇਂ ਗੂਹੜਾ ਹਨ੍ਹੇਰਾ ਸੂਰਜ ਦੇ ਪਾਸ ਜਾਣ ਨਾਲ ਨਾਸ਼ ਹੋ ਜਾਂਦਾ ਹੈ। ਗੁਰੂ ਜੀ ਦੇ ਦਰਸ਼ਨ ਕੀਤੇ ਸਫਲ ਹੋ ਜਾਂਦੇ ਸਨ, ਨਗਰ ਵਿਚ ਸਾਰੇ ਹੀ ਗੁਰੂ ਜੀ ਦਾ ਬ੍ਰਿਤਾਂਤ ਪੱਸਰ ਗਿਆ॥੬॥

ਇਕ ਦਿਨ ਸਭਾ ਸੁਭਟ ਗਨ ਕੇਰੀ। ਸ਼ਸਤ੍ਰ ਬਸਤ੍ਰ ਯੁਤਿ ਸਜਤਿ ਘਨੇਰੀ।
ਮਹਾਂ ਮਸੰਦ ਧਨੀ ਦਿਸ਼ਿ ਏਕ। ਬੈਠਹਿਂ ਸਤਿਗੁਰ ਨਿਕਟਿ ਅਨੇਕ ॥ ੭ ॥

ਇਕ ਦਿਨ ਬਹੁਤ ਸੂਰਬੀਰਾਂ ਦੀ ਸਭਾ ਲੱਗੀ। ਸਾਰੇ ਹੀ ਸ਼ਸਤਰ ਵਸਤਰ ਪਹਿਨ ਕੇ ਸੱਜੇ ਹੋਏ ਸਨ। ਮਹਾਨ ਧਨੀ ਮਸੰਦ ਇਕ ਪਾਸੇ ਬੈਠੇ ਸਨ ਤੇ ਅਨੇਕਾਂ ਸਿੱਖ ਸਤਿਗੁਰੂ ਜੀ ਦੇ ਪਾਸ ਬੈਠੇ ਸਨ॥੭॥

ਖਰੇ ਮੇਵਰੇ ਹੁਇ ਅਰਦਾਸ। ਕਰ ਜੋਰਹਿਂ ਸਿਖ ਠਾਢੇ ਪਾਸ।
ਕੋ ਮਾਂਗਹਿ 'ਸਿਮਰਨਿ ਸਤਿਨਾਮ'। ਕੋ ਜਾਚਤਿ 'ਸੁਖ, ਸੁਤ, ਧਨ, ਧਾਮ' ॥ ੮ ॥

ਮੇਵੜੇ ਖੜੇ ਹੋ ਕੇ ਅਰਦਾਸ ਕਰਦੇ ਸਨ, ਪਾਸ ਖੜੇ ਸਿੱਖ ਹੱਥ ਜੋੜਦੇ ਸਨ। ਕੋਈ 'ਸਤਿਨਾਮ ਦਾ ਸਿਮਰਨ' ਮੰਗਦਾ ਸੀ, ਕੋਈ 'ਸੁੱਖ, ਪੁੱਤਰ, ਧਨ ਅਤੇ ਘਰ' ਮੰਗਦਾ ਸੀ॥੮॥

ਕੋ ਮਨ ਤੇ ਹੀ ਮਾਂਗਨਿ ਕਰੇ। ਕੋ ਮੁਖ ਤੇ ਕਰਿ ਬਿਨੈ ਉਚਰੇ।
ਸਤਿਗੁਰ ਬਜਾਪ ਰਹੇ ਸਭਿ ਮਾਂਹਿ। ਜਾਨਹਿਂ ਸਭਿ ਕੀ, ਦੇਂ ਪੁਨ ਤਾਂਹਿ ॥ ੯ ॥

ਕੋਈ ਮਨ ਵਿਚ ਹੀ ਮੰਗਦਾ ਸੀ, ਕੋਈ ਮੂੰਹ ਨਾਲ ਉਚਾਰਨ ਕਰਕੇ ਬੇਨਤੀ ਕਰਦਾ ਸੀ। ਸਤਿਗੁਰੂ ਜੀ ਸਭ ਵਿਚ ਵਿਆਪਕ ਹੋ ਰਹੇ ਸਨ। ਸਭ ਦੇ ਦਿਲ ਦੀ ਗੱਲ ਜਾਣਦੇ ਸਨ, ਫਿਰ ਉਸਨੂੰ ਮੂੰਹ ਮੰਗੀ ਮੁਰਾਦ ਦੇ ਦਿੰਦੇ ਸਨ॥੯॥

ਅਨਿਕ ਭਾਂਤਿ ਰੁਜ ਗਨ ਕੋ ਡੇਰਾ। ਪੁਰਿ ਤੇ ਉਠਿ ਗਮਨਜੋ ਤਿਸ ਬੇਰਾ।
ਜ੍ਵਰ ਆਦਿਕ ਰੁਜ ਕਹਿਂ ਲੌ ਕਹੈਂ। ਨਹੀਂ ਸਥਿਰਤਾ ਤਿਸ ਥਲ ਲਹੈਂ ॥੧੦॥

ਅਨੇਕ ਭਾਂਤ ਦੀਆਂ ਸਭ ਬੀਮਾਰੀਆਂ ਦਾ ਡੇਰਾ, ਉਸ ਸਮੇਂ ਨਗਰ ਵਿਚੋਂ ਉੱਠ ਕੇ ਹੀ ਚਲਾ ਗਿਆ। ਬੁਖ਼ਾਰ ਆਦਿ ਬੀਮਾਰੀਆਂ ਦੇ ਨਾਂ ਕੇਵਲ ਕਹਿਣ ਵਾਸਤੇ ਰਹਿ ਗਏ, ਕੋਈ ਵੀ ਬੀਮਾਰੀ ਉਸ ਥਾਂ ਨਹੀ ਵੇਖਦੇ ਸਨ॥੧੦॥

ਜਹਿਂ ਕਹਿਂ ਮਿਲਿ ਨਰ ਨਾਰਿ ਕਹੰਤੇ। 'ਪਰਮ ਪੁਰਖ ਇਨ ਪੁਰਿ ਦੁਖ ਹੰਤੇ।
ਬਡੋ ਭ੍ਰਾਤ ਸਭਿ ਅਜ਼ਮਤ ਲਾਇਕ। ਤਊ ਦਿਖਾਇ ਤੁਰਕ ਗਨ ਨਾਇਕ ॥੧੧॥

ਜਿਥੇ ਕਿਥੇ ਇਸਤਰੀ ਪੁਰਸ਼ ਮਿਲ ਕੇ ਕਹਿੰਦੇ, "ਇਹ ਪਰਮ ਪੁਰਖ ਹਨ ਜਿਨ੍ਹਾਂ ਇਸ ਨਗਰ ਦੇ ਦੁੱਖ ਦੂਰ ਕੀਤੇ ਹਨ। ਵੱਡਾ ਭਰਾ ਸਭ ਕਰਾਮਾਤਾਂ ਵਿਚ ਲਾਇਕ ਹੈ, ਪਰ ਉਹ ਵੀ ਕਰਾਮਾਤਾਂ ਤੁਰਕਾਂ ਦੇ ਬਾਦਸ਼ਾਹ ਨੂੰ ਹੀ ਵਿਖਾਉਂਦਾ ਹੈ॥੧੧॥

ਇਹ ਤੋ ਸਭਿ ਦੀਨਨਿ ਕੇ ਦਾਨੀ। ਦਰਸ਼ਨ ਦਿਖੇ ਦੋਖ ਦੁਖ ਹਾਨੀ'।
ਇੱਤਜਾਦਿਕ ਜਸੁ ਭਨਤਿ ਸੁਨਤਿ ਹੈਂ। ਮਹਿਮਾਂ ਸਭਿ ਤੇ ਅਧਿਕ ਗੁਨਤਿ ਹੈਂ ॥੧੨॥

ਇਹ ਤਾਂ ਸਾਰੇ ਗ਼ਰੀਬਾਂ ਦੇ ਦਾਤੇ ਹਨ, ਦਰਸ਼ਨ ਕਰਨ ਨਾਲ ਪਾਪ ਤੇ ਦੁੱਖ ਦੂਰ ਹੋ ਜਾਂਦੇ ਹਨ। ਇਤਿਆਦਿਕ ਜਸ ਕਹਿੰਦੇ ਸੁਣਦੇ ਹਨ ਤੇ ਸਭ ਨਾਲੋਂ ਜ਼ਿਆਦਾ ਮਹਿਮਾ ਕਰਦੇ ਹਨ॥੧੨॥

ਗੁਰ ਸਿਮਰੇ ਪੁਨ ਇਕ ਦਿਨ ਸ਼ਾਹੂ। ਕਰਤਿ ਬਾਰਤਾਲਾਪ ਜਿ ਪਾਹੂ।
ਸੁਜਸੁ ਬਖਾਨਜੋ ਸਤਿਗੁਰ ਕੇਰਾ। 'ਪੁਰਿ ਤੇ ਨਾਸ਼ ਕੀਨਿ ਰੁਜ ਡੇਰਾ ॥ ੧੩ ॥

ਬਾਦਸ਼ਾਹ ਨੇ ਫਿਰ ਇਕ ਦਿਨ ਗੁਰੂ ਜੀ ਨੂੰ ਯਾਦ ਕੀਤਾ, ਜਿਹੜੇ ਪਾਸ ਬੈਠੇ ਸਨ, ਉਹ ਵਾਰਤਾਲਾਪ ਕਰ ਰਹੇ ਸਨ। ਉਨ੍ਹਾਂ ਨੇ ਸਤਿਗੁਰੂ ਜੀ ਦਾ ਸ੍ਰੇਸ਼ਟ ਜਸ ਬਿਆਨ ਕੀਤਾ "ਉਨ੍ਹਾਂ ਨਗਰ ਦੀਆਂ ਸਾਰੀਆਂ ਬੀਮਾਰੀਆਂ ਖ਼ਤਮ ਕਰ ਦਿੱਤੀਆਂ ਹਨ॥੧੩॥

ਮਹਾਂ ਗੰਭੀਰ ਧੀਰ ਸੁਖ ਸਾਗਰ। ਬਯ ਲਘੁ ਬੁੱਧੀ ਬ੍ਰਿੱਧ, ਬਡ ਨਾਗਰ।
ਸਰਬ ਲੋਕ ਜਸੁ ਪਾਵਨ ਕਹੈਂ। ਧਨੀ ਰੰਕ ਜਿਨ ਕੋ ਸਮ ਅਹੈਂ ॥ ੧੪ ॥

ਮਹਾਂ ਗੰਭੀਰ ਧੀਰਜਵਾਨ ਅਤੇ ਸੁਖਾਂ ਦਾ ਸਾਗਰ ਹਨ। ਉਮਰ ਛੋਟੀ ਹੈ ਪਰ ਬੁੱਧੀ ਬਜ਼ੁਰਗਾਂ ਵਾਲੀ ਹੈ ਤੇ ਮਹਾਨ ਚਤੁਰ ਹਨ। ਸਾਰੇ ਲੋਕ ਪਵਿੱਤਰ ਜਸ ਕਹਿੰਦੇ ਹਨ, ਜਿਨ੍ਹਾਂ ਵਾਸਤੇ ਧਨੀ ਤੇ ਗ਼ਰੀਬ ਬਰਾਬਰ ਹਨ' ॥੧੪॥

ਇਤਨੇ ਮਹਿ ਜੇਠੋ ਗੁਰ ਤਾਤ। ਨਾਮ ਸੁ ਰਾਮਰਾਇ ਬੱਖਜਾਤ।
ਸੁਨਿ ਸੁਨਿ ਅਨੁਜ ਸੁਜਸੁ ਸੁਖ ਨਾਂਹੀ। ਜਥਾ ਬਿਲੋਕਿ ਚੰਦ੍ਰ ਬ੍ਰਿਹੁ ਮਾਂਹੀ ॥੧੫॥

ਏਨੇ ਵਿਚ ਗੁਰੂ ਜੀ ਦਾ ਵੱਡਾ ਪੁੱਤਰ, ਜਿਨ੍ਹਾਂ ਦਾ ਨਾਮ ਰਾਮਰਾਇ ਸਾਰੇ ਪ੍ਰਸਿੱਧ ਹੈ। ਜਿਹੜੇ ਆਪਣੇ ਛੋਟੇ ਭਰਾ ਦਾ ਜਸ ਸੁਣਕੇ ਸੁਖੀ ਨਹੀਂ ਹਨ, ਜਿਵੇਂ ਚੰਦ ਵੇਖ ਕੇ ਬਿਰਹਨੀ ਵਿਛੋੜੇ ਵਿਚ ਦੁਖੀ ਹੁੰਦੀ ਹੈ ॥੧੫॥

ਸਭਾ ਮਝਾਰ ਆਇ ਸੋ ਗਯੋ। ਜਥਾ ਜੋਗ ਤਹਿ ਬੈਠਤਿ ਭਯੋ।
ਅਨੁਜ ਪ੍ਰਸੰਗ ਸੁਨਯੋ ਜਸੁ ਕੇਰਾ। ਮਤਸਰ ਪਾਵਕ ਜ੍ਵਲਤਿ ਬਡੇਰਾ ॥੧੬॥

ਸਭਾ ਵਿਚ ਜਿਹੜੇ ਆਏ ਸਨ, ਉਹ ਚਲੇ ਗਏ। ਸ੍ਰੀ ਰਾਮਰਾਇ ਯਥਾਯੋਗ ਉਥੇ ਬੈਠ ਗਿਆ। ਜਦ ਆਪਣੇ ਛੋਟੇ ਭਰਾ ਦਾ ਜਸ ਭਰਿਆ ਪ੍ਰਸੰਗ ਸੁਣਿਆ ਤਾਂ ਹੰਕਾਰ ਦੀ ਅੱਗ ਵਿਚ ਸੜ ਗਿਆ ॥੧੬॥

ਮਮ ਕੀਰਤਿ ਤੇ ਹੁਇ ਅਧਿਕਾਈ। ਸੁਨਹਿ ਸ਼ਾਹੁ ਮੁਝ ਤੇ ਫਿਰਿ ਜਾਈ।
ਹਟਯੋ ਨ ਆਵਨਿ ਤੇ, ਚਲਿ ਆਯੋ। ਗੁਰਗਾਦੀ ਪਾਇ ਨ ਤ੍ਰਿਪਤਾਯੋ ॥੧੭॥

ਸੋਚਣ ਲੱਗਾ ਕਿ ਮੇਰੀ ਕੀਰਤੀ ਨਾਲੋਂ ਵੀ ਉਸ ਦੀ ਜ਼ਿਆਦਾ ਕੀਰਤੀ ਛਾ ਗਈ ਹੈ। ਜਦ ਬਾਦਸ਼ਾਹ ਸੁਣੇਗਾ ਤਾਂ ਮੇਰੇ ਵਾਲੇ ਪਾਸੇ ਤੋਂ ਦੂਰ ਹੋ ਜਾਵੇਗਾ। ਮੇਰਾ ਭਰਾ ਆਉਣ ਤੋਂ ਹਟਿਆ ਨਹੀਂ ਤੇ ਚਲ ਕੇ ਆ ਗਿਆ ਹੈ, ਗੁਰਗੱਦੀ ਪਾ ਕੇ ਵੀ ਤ੍ਰਿਪਤ ਨਹੀਂ ਹੋਇਆ ॥੧੭॥

ਸ਼ਾਹੁ ਸਮੀਪ ਰਹਨਿ ਕੋ ਚਾਹਤਿ। ਲੇਨਿ ਬਡਾਈ ਦਰਬ ਉਮਾਹਤਿ।
ਮੁਝ ਸਮ ਹੋਇ ਕਿ ਹੁਇ ਅਧਿਕਾਈ। ਕਰਾਮਾਤ ਕੁਛ ਦੇਹਿ ਦਿਖਾਈ ॥੧੮॥

ਬਾਦਸ਼ਾਹ ਪਾਸ ਰਹਿਣਾ ਚਾਹੁੰਦਾ ਹੈ, ਵਡਿਆਈ ਲੈਣ ਵਾਸਤੇ ਧਨ ਚਾਹੁੰਦਾ ਹੈ। ਮੇਰੇ ਬਰਾਬਰ ਹੋਵੇ ਜਾਂ ਮੇਰੇ ਨਾਲੋਂ ਵੱਧ ਹੋਵੇ, ਕੁਝ ਕਰਾਮਾਤ ਵਿਖਾ ਦੇਵੇਗਾ ॥੧੮॥

ਅਬਿ ਲੌ ਪੁਰਿ ਮਹਿਂ ਮਮ ਬਡਿਆਈ। ਹੁਤੀ ਬਿਸਾਲ ਬਧਤਿ ਅਧਿਕਾਈ।
ਤਿਹ ਰੋਕਨਿ ਕਹੁ ਇਹ ਚਲਿ ਆਏ। ਅਪਨਿ ਪ੍ਰਭਾਵ ਬਿਲੰਦ ਦਿਖਾਏ ॥੧੯॥

ਹੁਣ ਤਕ ਨਗਰ ਵਿਚ ਮੇਰੀ ਵਡਿਆਈ ਸੀ, ਜਿਹੜੀ ਬਹੁਤ ਜ਼ਿਆਦਾ ਸੀ ਤੇ ਵਧਦੀ ਜਾਂਦੀ ਸੀ। ਉਸ ਨੂੰ ਰੋਕਣ ਵਾਸਤੇ ਇਹ ਚਲ ਕੇ ਆ ਗਏ ਹਨ, ਆਪਣਾ ਬਹੁਤ ਵੱਡਾ ਪ੍ਰਭਾਵ ਵਿਖਾ ਰਹੇ ਹਨ ॥੧੯॥

ਇਹ ਤੋ ਮੋ ਤੇ ਜਰੀ ਨ ਜਾਇ। ਦੈ ਹੌਂ ਸ੍ਰਾਪ ਦੇਹੁ ਬਿਨਸਾਇ।
ਅਪਰ ਉਪਾਇ ਚਲਯੋ ਨਹਿਂ ਕੋਈ। ਬੁਰੀ ਕਰਤਿ ਭਲ ਹੋਵਤਿ ਸੋਈ ॥੨੦॥

ਇਹ ਤਾਂ ਮੈਥੋਂ ਜਰੀ ਨਹੀਂ ਜਾਂਦੀ। ਐਸਾ ਸਰਾਪ ਦਿੰਦਾ ਹਾਂ ਕਿ ਸਰੀਰ ਹੀ ਖ਼ਤਮ ਹੋ ਜਾਵੇ। ਹੋਰ ਕੋਈ ਉਪਾਅ ਚਲਿਆ ਨਹੀਂ ਹੈ, ਜੋ ਵੀ ਉਨ੍ਹਾਂ ਦਾ ਬੁਰਾ ਕਰਦੇ ਹਾਂ, ਉਹ ਉਨ੍ਹਾਂ ਦਾ ਭਲਾ ਹੀ ਹੋ ਜਾਂਦਾ ਹੈ ॥੨੦॥

*ਨੋਟ : ਕਵੀ ਜੀ ਭਵਿੱਖ ਵਿਚ ਵਾਪਰੀ ਹਰ ਘਟਨਾ ਨੂੰ ਜਾਣਦੇ ਹਨ, ਇਸ ਕਰਕੇ ਅਜਿਹੀਆਂ ਦੁਰਘਟਨਾਵਾਂ ਉਹ ਸਰਾਪਾਂ ਵਿਚ ਬਦਲ ਦਿੰਦੇ ਹਨ। ਗੁਰੂ ਹਰਿਕ੍ਰਿਸ਼ਨ ਜੀ ਆਪਣੇ ਪ੍ਰਣ ਨੂੰ ਪੂਰਾ ਕਰਨ ਵਾਸਤੇ ਔਰੰਗਜ਼ੇਬ ਨੂੰ ਦਰਸ਼ਨ ਦੇਣਾ ਨਹੀਂ ਸੀ ਚਾਹੁੰਦੇ ਇਸ ਲਈ ਉਨ੍ਹਾਂ ਨੇ ਦਿੱਲੀ ਵਿਚ ਫੈਲੀ ਚੇਚਕ ਦੀ ਬੀਮਾਰਾਂ ਨੂੰ ਠੀਕ ਕਰਨ ਵਾਸਤੇ ਸਾਰੀ ਬੀਮਾਰੀ ਆਪਣੇ 'ਤੇ ਲੈ ਲਈ ਤੇ ਆਪਣਾ ਪ੍ਰਣ ਨਿਭਾ ਗਏ। ਇਕ ਸਰਬ ਸਮਰੱਥ ਗੁਰੂ ਜੀ ਨੂੰ ਸ੍ਰੀ ਰਾਮਰਾਇ ਦਾ ਸਰਾਪ ਕੀ ਕਰ ਸਕਦਾ ਹੈ। ਕਵੀ ਜੀ ਇਹ ਜਾਣਦੇ ਹਨ ਕਿ ਗੁਰੂ ਜੀ ਚੇਚਕ ਦੀ ਬੀਮਾਰੀ ਕਾਰਨ ਜੋਤੀ ਜੋਤ ਸਮਾਏ ਸਨ, ਇਸ ਲਈ ਉਨ੍ਹਾਂ ਦੀ ਇਸ ਬੀਮਾਰੀ ਨੂੰ ਉਨ੍ਹਾਂ ਸ੍ਰੀ ਰਾਮਰਾਇ ਦੇ ਸਰਾਪ ਵਿਚ ਬਦਲ ਦਿੱਤਾ ਹੈ, ਜੋ ਠੀਕ ਨਹੀਂ।*

ਇਹਾਂ ਬੁਲਾਯਹੁ ਕਾਜ ਬਿਗਾਰਨਿ। ਸੋ ਨ ਭਯੋ ਸਭਿ ਕੀਨਿ ਸੁਧਾਰਨਿ।
ਸ਼ਾਹੁ ਸਮੀਪੀ ਤਿਹੁ ਜਸੁ ਕਹੈਂ। ਅਪਰਨਿ ਕੀ ਕਜਾ ਗਿਨਤੀ ਅਹੈ॥ ੨੧॥

ਏਥੇ ਉਨ੍ਹਾਂ ਦਾ ਕੰਮ ਵਿਗਾੜਨ ਵਾਸਤੇ ਬੁਲਾਇਆ ਸੀ, ਪਰ ਉਹ ਨਹੀਂ ਹੋਇਆ। ਇਨ੍ਹਾਂ ਨੇ ਸਗੋਂ ਸਭ ਕੁਝ ਸੁਧਾਰ ਲਿਆ ਹੈ। ਬਾਦਸ਼ਾਹ ਦੇ ਪਾਸ ਉਨ੍ਹਾਂ ਦਾ ਜਸ ਕਹਿੰਦੇ ਹਨ, ਹੋਰਨਾਂ ਦੀ ਕੀ ਗਿਣਤੀ ਹੈ॥੨੧॥

ਮੁਝ ਤੇ ਕਰਹਿ ਬਡੋ ਅਧਿਕਾਰਾ। ਮਮ ਜਸੁ ਹੁਇ ਹੈ ਅਲਪ ਅਕਾਰਾ।
ਸਿਖ ਸੰਗਤਿ ਫਿਰ ਜਾਵਹਿਂ ਸਾਰੇ। ਦੇਖਾ ਦੇਖੀ ਅਪਨਿ ਮਝਾਰੇ॥ ੨੨॥

ਮੇਰੇ ਨਾਲੋਂ ਉਨ੍ਹਾਂ ਦਾ ਵੱਡਾ ਅਧਿਕਾਰ ਹੋ ਗਿਆ ਹੈ, ਮੇਰਾ ਜਸ ਛੋਟੇ ਅਕਾਰ ਦਾ ਹੋ ਜਾਵੇਗਾ। ਮੇਰੀ ਸਾਰੀ ਸਿੱਖ ਸੰਗਤ ਫਿਰ ਵੇਖਾ ਵੇਖੀ ਓਧਰ ਚਲੀ ਜਾਵੇਗੀ॥੨੨॥

ਯਾਤੇ ਇਨ ਕੋ ਰਹਨਿ ਨ ਨੀਕੋ। ਇਸ ਤੇ ਬਧਹਿ ਮੋਹਿ ਦੁਖ ਜੀਕੋ।
ਇੱਤਾਦਿਕ ਨਿਤ ਗਟੀ ਗਿਨੰਤਾ। ਜਬਿ ਕੇ ਪੁਰਿ ਪ੍ਰਵਿਸ਼ੇ ਦੁਖ ਹੰਤਾ॥ ੨੩॥

ਇਸ ਕਰਕੇ ਇਨ੍ਹਾਂ ਦਾ ਏਥੇ ਰਹਿਣਾ ਚੰਗਾ ਨਹੀਂ, ਇਸ ਨਾਲ ਮੇਰੇ ਦਿਲ ਦਾ ਦੁੱਖ ਵਧੇਗਾ। ਇਤਿਆਦਿਕ ਨਿਤ ਗਿਣਤੀਆਂ ਗਿਣਦਾ ਸੀ, ਜਦ ਤੋਂ ਦੁੱਖ ਦੂਰ ਕਰਨ ਵਾਲੇ ਗੁਰੂ ਜੀ ਨੇ ਦਿੱਲੀ ਨਗਰੀ ਵਿਚ ਪ੍ਰਵੇਸ਼ ਕੀਤਾ ਹੈ॥੨੩॥

ਸ਼ਾਹੁ ਸਮੀਪ ਸੁਨਤਿ ਜਸੁ ਸੁੰਦਰ। ਜਰ ਬਰ ਗਯੋ ਰਿਦੇ ਕੇ ਅੰਦਰ।
ਕਹਨਿ ਲਗਯੋ ਸਭਿ ਸਭਾ ਮਝਾਰੀ। 'ਜਿਹ ਤੁਮ ਕੀਰਤਿ ਕਰਤਿ ਉਚਾਰੀ॥੨੪॥

ਬਾਦਸ਼ਾਹ ਦੇ ਪਾਸੋਂ ਸੁੰਦਰ ਜਸ ਸੁਣ ਕੇ ਹਿਰਦੇ ਵਿਚ ਸੜ ਬਲ ਗਿਆ। ਫਿਰ ਸਾਰੀ ਸਭਾ ਦੇ ਵਿਚ ਕਹਿਣ ਲੱਗਾ, "ਜਿਸ ਦੀ ਤੁਸੀਂ ਕੀਰਤੀ ਉਚਾਰਨ ਕਰਦੇ ਹੋ॥੨੪॥

ਬਾਲਕ ਬਯ ਮਹਿਂ ਬਿਘਨ ਬਿਸਾਲੇ। ਆਦਿ ਸੀਤਲਾ ਕਰਤੀ ਕਾਲੇ।
ਇਨ ਤੇ ਉਬਰਨਿ ਦੁਸ਼ਤਰ ਅਹੈ। ਬਡੇ ਹੋਨਿ ਪੁਨ ਪਾਛੇ ਲਹੈ॥ ੨੫॥

ਬਾਲਕ ਉਮਰ ਵਿਚ ਵੱਡੇ ਵਿਘਨ ਹਨ, ਸੀਤਲਾ ਆਦਿ ਬਾਲਕਾਂ ਨੂੰ ਮਾਰ ਦਿੰਦੀ ਹੈ। ਇਸ ਤੋਂ ਬਚਣਾ ਬੜਾ ਮੁਸ਼ਕਲ ਹੈ, ਵੱਡੇ ਹੋਣਾ ਤਾਂ ਫਿਰ ਪਿੱਛੇ ਰਿਹਾ॥੨੫॥

ਦੋਹਰਾ- ਖਾਜ ਸੀਤਲਾ ਕੋ ਅਹੈ ਕਹਾਂ ਭਯੋ ਜੇ ਆਇ।
ਕਿਮ ਉਬਰੈ ਜਬਿ ਨਿਕਸਿ ਹੈ ਸਮਾ ਭਯੋ ਨਿਕਟਾਇ॥ ੨੬॥

ਇਹ ਸੀਤਲਾ ਦੀ ਖ਼ੁਰਾਕ ਹੈ, ਕਿਥੇ ਜਾਣਗੇ ਜੇ ਸੀਤਲਾ ਆਵੇਗੀ। ਕਿਵੇਂ ਬਚਣਗੇ ਜੇ ਸੀਤਲਾ ਨਿਕਲ ਆਈ, ਸਮਾਂ ਬਹੁਤ ਨੇੜੇ ਆ ਗਿਆ ਹੈ॥੨੬॥

ਚੌਪਈ- ਨਹੀਂ ਸੀਤਲਾ ਨਿਕਸੀ ਆਗੇ। ਅਬਿ ਨਿਕਸੈ ਤੌ ਪ੍ਰਾਨਨਿ ਤਜਾਗੇ।
ਜਬਿ ਉਬਰਹਿ ਤਬਿ ਜੀਵਨ ਆਸਾ। ਤੋ ਲਗਿ ਨਹਿਂ ਤਿਨ ਕੋ ਭਰਵਾਸਾ॥੨੭॥

ਪਹਿਲਾਂ ਸੀਤਲਾ ਨਹੀਂ ਨਿਕਲੀ ਹੈ, ਹੁਣ ਨਿਕਲੇਗੀ ਤਾਂ ਪ੍ਰਾਣ ਤਿਆਗ ਜਾਣਗੇ। ਜਦ ਸੀਤਲਾ ਤੋਂ ਬਚੇ ਤਦ ਹੀ ਜੀਵਨ ਦੀ ਆਸ ਹੈ, ਤਦ ਤਕ ਉਨ੍ਹਾਂ ਦੇ ਜੀਊਣ ਦਾ ਕੋਈ ਭਰਵਾਸਾ ਨਹੀਂ'॥੨੭॥

*ਨੋਟ : ਕਵੀ ਜੀ ਅਜਿਹੇ ਸਰਾਪ ਦੇਣ ਵਿਚ ਵੱਡੀ ਵਡਿਆਈ ਸਮਝਦੇ ਹਨ। ਗੁਰੂ ਅਰਜਨ ਦੇਵ ਜੀ ਦੇ ਸ਼ਹੀਦ ਹੋਣ ਬਾਰੇ, ਉਨ੍ਹਾਂ ਇਕ ਵਾਧੂ ਕਹਾਣੀ ਬਣਾ ਕੇ ਬਾਬਾ ਸ੍ਰੀ ਚੰਦ ਜੀ ਤੋਂ ਸਰਾਪ ਦਵਾ ਦਿੱਤਾ ਸੀ। ਇਸ ਤਰ੍ਹਾਂ ਸਰਾਪ ਦਵਾਉਣਾ ਉਨ੍ਹਾਂ ਦੀ ਲੇਖਣੀ ਦਾ ਇਕ ਭਾਗ ਹੀ ਬਣ ਗਿਆ ਹੈ। ਗੁਰੂ ਸਾਹਿਬਾਨ ਜਿਨ੍ਹਾਂ ਨੂੰ ਉਹ ਪ੍ਰਭੂ ਦੇ ਅਵਤਾਰ ਦੱਸਦੇ ਹਨ, ਉਨ੍ਹਾਂ ਨੂੰ ਇਕ ਸਾਧਾਰਣ ਵਿਅਕਤੀ ਦਾ ਸਰਾਪ ਕੀ ਕਰ ਸਕਦਾ ਹੈ।*

ਨੌਰੰਗ ਸਹਿਤ ਸੁਨਤਿ ਬਿਸਮਾਏ। ਦ੍ਵੈਸ਼ ਅਨੁਜ ਸੋਂ ਸ੍ਰਾਪ ਅਲਾਏ।
ਹਮ ਸੋਂ ਨਹਿ ਮਿਲਿਬੇ ਤਿਸ ਚਾਹੂ। ਤਊ ਦੁਖਹਿ ਛੋਭਤਿ ਮਨ ਮਾਂਹੂ।੨੮॥

ਨੌਰੰਗੇ ਸਹਿਤ ਸਾਰੇ ਸੁਣ ਕੇ ਹੈਰਾਨ ਹੋਏ, ਛੋਟੇ ਭਰਾ ਨੂੰ ਈਰਖਾ ਕਰਕੇ ਸਰਾਪ ਦਿੱਤੇ ਹਨ। ਸਾਡੇ ਨਾਲ ਤਾਂ ਉਨ੍ਹਾਂ ਮਿਲਣਾ ਵੀ ਨਹੀਂ ਚਾਹਿਆ ਹੈ ਫਿਰ ਵੀ ਘਬਰਾਇਆ ਹੋਇਆ ਮਨ ਵਿਚ ਬਹੁਤ ਦੁੱਖੀ ਹੈ॥੨੮॥

ਅਲਪ ਆਰਬਲ ਛਿਮਾ ਕਰਤਿ ਹੈ। ਇਹ ਜੇਠੋ ਹੌਰਵਤਿ ਧਰਤਿ ਹੈ।
ਲਖੀ ਜਾਇ ਇਨ ਮਹਿਂ ਬਿੱਪ੍ਰੀਤ। ਹੌਰਵ ਅਰੁ ਗੰਭੀਰ ਜੁ ਚੀਤ॥ ੨੯॥

ਜਿਨ੍ਹਾਂ ਦੀ ਛੋਟੀ ਉਮਰ ਹੈ, ਉਹ ਤਾਂ ਖਿਮਾ ਕਰਦੇ ਹਨ, ਇਹ ਵੱਡਾ ਭਰਾ ਹੋਲਾਪਨ ਧਾਰਨ ਕਰਦਾ ਹੈ। ਇਨ੍ਹਾਂ ਦੋਹਾਂ ਵਿਚ ਗੁਣਾਂ ਦੀ ਉਲਟਤਾਈ ਪ੍ਰਗਟ ਰੂਪ ਵਿਚ ਦਿਸਦੀ ਹੈ। ਇਕ ਦੇ ਚਿਤ ਵਿਚ ਹੋਲਾਪਨ ਹੈ ਤੇ ਦੂਸਰੇ ਦਾ ਚਿਤ ਅਡੋਲ ਅਤੇ ਗੰਭੀਰ ਹੈ॥੨੯॥

ਇੱਤਜਾਦਿਕ ਸਭਿ ਰਿਦੇ ਬਿਚਾਰਤਿ। ਸੁਨਿ ਕੈ ਨੌਰੰਗ ਸ਼ਾਹੁ ਉਚਾਰਤਿ।
'ਕਜੋਂ ਤੁਮ ਰਿਸਹੁ ਭ੍ਰਾਤ ਢਿਗ ਜਾਨੇ। ਹਮ ਸੰਗ ਮੇਲ ਨਹੀਂ ਸੋ ਮਾਨੇ॥੩੦॥

ਇਤਿਆਦਿਕ ਹਿਰਦੇ ਵਿਚ ਵਿਚਾਰਦਾ ਸੀ, ਸੁਣ ਕੇ ਨੌਰੰਗੇ ਬਾਦਸ਼ਾਹ ਨੇ ਕਿਹਾ, "ਭਰਾ ਨੂੰ ਨੇੜੇ ਜਾਣਕੇ ਤੁਸੀਂ ਕਿਉਂ ਗੁੱਸੇ ਵਿਚ ਆਉਂਦੇ ਹੋ ? ਸਾਡੇ ਨਾਲ ਤਾਂ ਉਹ ਮੇਲ ਰਖਣਾ ਹੀ ਨਹੀਂ ਮੰਨਦਾ॥੩੦॥

ਪੂਰਬ ਕਹਤਿ ਅਵਾਹਨਿ ਤਾਂਹੀ। ਅਬਿ ਕਜੋਂ ਦੁਖਹੁ ਆਵਤਜੋਂ ਪਾਹੀ।
ਹੋਹੁ ਸੁਸ਼ੀਲ ਕਰਹੁ ਨਿਜ ਮੇਲਾ। ਆਪਸ ਮਹਿਂ ਨਹਿਂ ਕਹੋ ਦੁਹੇਲਾ॥ ੩੧॥

ਪਹਿਲਾਂ ਉਸ ਨੂੰ ਦੇਖੇ ਲਿਆਉਣ ਬਾਰੇ ਕਹਿੰਦੇ ਸੀ, ਹੁਣ ਪਾਸ ਆਉਣ ਨਾਲ ਕਿਉਂ ਦੁਖੀ ਹੋਏ ਹੋ। ਸੁਸ਼ੀਲ ਹੋ ਕੇ ਆਪਸ ਵਿਚ ਮੇਲ ਮਿਲਾਪ ਕਰੋ, ਆਪਸ ਵਿਚ ਦੁਖਦਾਈ ਵਾਕ ਨਾ ਕਰੋ॥੩੧॥

ਤੁਮ ਦੋਨਹੁ ਕੇ ਨਿਫਲ ਨ ਬੈਨ। ਕਹੋ ਸੁ ਹੋਇ ਦੁਖ ਕੈ ਸੁਖ ਚੈਨ।
ਅਬਿ ਰਿਸ ਕਰਿ ਬੋਲਹੁ ਜਿਮ ਆਪ। ਉਚਰਿਹਿਂ ਸੋਪਿ, ਪਰਹਿ ਸੰਤਾਪ॥ ੩੨॥

ਤੁਹਾਡੇ ਦੋਹਾਂ ਦੇ ਬਚਨ ਨਿਸਫਲ ਨਹੀਂ ਜਾਂਦੇ ਹਨ, ਜੋ ਕਹੋ ਦੁੱਖ ਹੁੰਦਾ ਹੈ ਜਾਂ ਸੁਖ ਚੈਨ ਮਿਲਦਾ ਹੈ। ਹੁਣ ਜਿਹੜੇ ਗੁੱਸੇ ਵਿਚ ਆ ਕੇ ਬਚਨ ਬੋਲੇ ਹਨ ਜਾਂ ਉਹ ਵੀ ਉਚਾਰਨ ਕਰਨਗੇ ਤਾਂ ਬਿਪਤਾ ਪੈ ਜਾਵੇਗੀ॥੩੨॥

ਛਿਮਾ ਕਰੇ ਸੁਖ ਪ੍ਰਾਪਤਿ ਦੋਊ। ਸਿਖ ਸੇਵਕ ਮਾਨਹਿਂ ਸਭਿ ਕੋਊ।
ਹਿੰਦੁਨਿ ਮਹਿਂ ਤੁਮ ਸੁਜਸੁ ਬਿਸਾਲ। ਅਰਪਹਿਂ ਧਨ ਕੋ ਸ਼ਰਧਾ ਨਾਲ॥੩੩॥

ਖਿਮਾ ਕਰਨ ਨਾਲ ਦੋਵਾਂ ਨੂੰ ਸੁਖ ਪ੍ਰਾਪਤ ਹੋਵੇਗਾ, ਸਿੱਖ ਸੇਵਕ ਸਾਰੇ ਹੀ ਮੰਨਣਗੇ। ਹਿੰਦੂਆਂ ਵਿਚ ਤੁਹਾਡਾ ਵਿਸ਼ਾਲ ਸ੍ਰੇਸ਼ਟ ਜੱਸ ਹੈ, ਉਹ ਬੜੀ ਸ਼ਰਧਾ ਨਾਲ ਧਨ ਅਰਪਣ ਕਰਦੇ ਹਨ"॥੩੩॥

ਸੁਨਿ ਸ੍ਰੀ ਰਾਮਰਾਇ ਪੁਨ ਕਹਜੋ। 'ਪਿਤ ਕੋ ਸਭਿ ਸਮਾਜ ਤਿਨ ਲਹਜੋ।
ਦ੍ਵੈ ਬਿੰਸਤ ਸ਼ਤ ਬਲੀ ਤੁਰੰਗ। ਬਹੁਤ ਸਮਾਜ ਅਪਰ ਤਿਨ ਸੰਗ॥ ੩੪॥

ਇਹ ਸੁਣ ਕੇ ਫਿਰ ਸ੍ਰੀ ਰਾਮਰਾਇ ਨੇ ਕਿਹਾ, "ਪਿਤਾ ਜੀ ਦਾ ਸਾਰਾ ਸਮਾਜ ਇਸ ਲੈ ਲਿਆ ਹੈ, ਬਾਈ ਸੌ ਸ਼ਕਤੀਸ਼ਾਲੀ ਇਨ੍ਹਾਂ ਘੋੜੇ ਲਏ ਹਨ ਤੇ ਉਨ੍ਹਾਂ ਦੇ ਨਾਲ ਹੋਰ ਬਹੁਤ ਸਾਜ਼-ਸਾਮਾਨ ਸੀ॥੩੪॥

ਸਜੰਦਨ ਸ਼ਿਵਕਾ ਬਾਹਨ ਘਨੇ। ਸਦਨ ਸਮੱਗ੍ਰੀ ਕੋ ਸਭਿ ਗਿਨੇ।
ਅਨਿਕ ਪਦਾਰਥ ਪਿਤ ਕੇ ਲੀਨੇ। ਮੁਝ ਕੋ ਸਭਿ ਤੇ ਖਾਰਜ ਕੀਨੇ॥ ੩੫॥

ਰੱਥ, ਪਾਲਕੀ ਤੇ ਹੋਰ ਕਈ ਪ੍ਰਕਾਰ ਦੀਆਂ ਗੱਡੀਆਂ, ਜਿੰਨੀ ਵੀ ਘਰ ਵਿਚ ਸਮੱਗਰੀ ਸੀ, ਉਸ ਦੀ ਕੌਣ ਗਿਣਤੀ ਕਰੇ। ਪਿਤਾ ਜੀ ਦੇ ਅਨੇਕਾਂ ਪਦਾਰਥ ਇਨ੍ਹਾਂ ਨੇ ਲਏ ਤੇ ਮੈਨੂੰ ਸਭ ਤੋਂ ਖ਼ਾਰਜ ਕਰ ਦਿੱਤਾ॥੩੫॥

ਅਬਿ ਦਿੱਲੀਪੁਰਿ ਸੰਗਤਿ ਸੇਵਾ। ਸਭਿ ਕੋ ਆਨਿ ਬਨਜੋ ਗੁਰੁਦੇਵਾ।
ਅਪਰ ਕਹਾਂ ਲਗ ਕਹੈਂ ਘਨੇਰੇ। ਨਹਿੰ ਐਸ਼੍ਵਰਜ ਚਾਹਤੋ ਮੇਰੇ॥ ੩੬॥

ਹੁਣ ਦਿੱਲੀ ਨਗਰ ਦੀ ਸੰਗਤ ਸੇਵਾ ਕਰਦੀ ਹੈ, ਸਾਰਿਆਂ ਦਾ ਆ ਕੇ ਗੁਰਦੇਵ ਬਣ ਗਿਆ ਹੈ। ਹੋਰ ਕਿਥੋਂ ਤਕ ਕਹਾਂ, ਮੇਰੇ ਸੁਖ ਆਰਾਮ ਨੂੰ ਨਹੀਂ ਚਾਹੁੰਦਾ ਹੈ॥੩੬॥

ਸਭਿ ਬਿਧ ਸੋਂ ਮੇਰੋ ਅਧਿਕਾਰਾ। ਅਬਿ ਲੌ ਜਹਿਂ ਕਹਿਂ ਕਰਤਿ ਸੰਭਾਰਾ।
ਸੁਨਿ ਕੈ ਸ਼ਾਹੁ ਸਭਾ ਸਭਿ ਕਹਿਈ। 'ਤੁਮ ਜੇਠੇ ਕੋ ਛਿਮਾ ਸੁ ਚਹਿਈ' ॥ ੩੭॥

ਸਾਰੀਆਂ ਵਿਧੀਆਂ ਨਾਲ ਜਿਸ ਉੱਤੇ ਮੇਰਾ ਅਧਿਕਾਰ ਹੈ, ਹੁਣ ਤਕ ਜਿਥੇ ਕਿਥੇ ਇਹੋ ਹੀ ਸੰਭਾਲ ਕਰਦਾ ਹੈ।'' ਇਹ ਸੁਣ ਕੇ ਬਾਦਸ਼ਾਹ ਨੇ ਸਾਰੀ ਸਭਾ ਵਿਚ ਕਿਹਾ, ''ਤੁਸੀਂ ਵੱਡੇ ਭਰਾ ਹੋ, ਤੁਹਾਨੂੰ ਖਿਮਾ ਕਰਨੀ ਚਾਹੀਦੀ ਹੈ''॥੩੭॥

ਸਭਿ ਨੇ ਕਹਿ ਨੀਕੇ ਸਮੁਝਾਯੋ। ਮਤਸਰ ਕਰਤਿ ਨ ਕਿਸ ਕੋ ਭਾਯੋ।
ਸਭਾ ਬਿਖੈ ਇਮ ਭਾ ਬਿਰਤਾਂਤ। ਕਹਤਿ ਸੁਨਤਿ ਸਭਿ ਨਿਜ ਘਰ ਜਾਤਿ॥੩੮॥

ਸਭ ਨੇ ਕਹਿ ਕੇ ਚੰਗੀ ਤਰ੍ਹਾਂ ਸਮਝਾਇਆ, ਈਰਖਾ ਕਰਦਾ ਕਿਸੇ ਨੂੰ ਵੀ ਚੰਗਾ ਨਾ ਲੱਗਾ। ਸਭਾ ਦੇ ਵਿਚ ਇਸ ਤਰ੍ਹਾਂ ਬਿਰਤਾਂਤ ਹੋਇਆ, ਕਹਿੰਦੇ ਸੁਣਦੇ ਸਾਰੇ ਆਪਣੇ ਘਰਾਂ ਨੂੰ ਚਲੇ ਗਏ॥੩੮॥

ਪਸਰਜੋ ਪੁਰਿ ਮਹਿਂ ਜਹਿਂ ਕਹਿਂ ਭਾਖਤਿ। ਦੋਨਹੁ ਪੱਖਨਿ ਕਹੁ ਸਿਖ ਰਾਖਤਿ।
ਕੋ ਕਹਿ 'ਸ੍ਰੀ ਹਰਿਕ੍ਰਿਸ਼ਨ ਬਡੇਰੇ। ਥਿਤ ਗਾਦੀ ਪਰ ਗੁਨ ਬਹੁਤੇਰੇ॥ ੩੯॥

ਸਾਰੇ ਨਗਰ ਵਿਚ ਗੱਲ ਫੈਲ ਗਈ, ਜਿਥੇ ਕਿਥੇ ਗੱਲਾਂ ਕਰਦੇ ਸਨ। ਸਿੱਖ ਦੋਵੇਂ ਪੱਖਾਂ ਨੂੰ ਰੱਖਦੇ ਸਨ। ਕੋਈ ਕਹਿੰਦਾ ਸੀ, ''ਸ੍ਰੀ ਹਰਿਕ੍ਰਿਸ਼ਨ ਜੀ ਵੱਡੇ ਹਨ, ਗੱਦੀ ਉੱਤੇ ਬੈਠਣ ਦੇ ਬਹੁਤ ਵੱਡੇ ਗੁਣ ਹਨ॥੩੯॥

ਛਿਮਾ ਆਦਿ ਤਿਨਹੂੰ ਮਹਿਂ ਪਈਅਤਿ। ਕਰਾਮਾਤ ਮਹਿਂ ਅਧਿਕ ਲਖਈਅਤਿ'।
ਕੋ ਕਹਿ 'ਰਾਮਰਾਇ ਬਡ ਨੰਦ। ਕਰਾਮਾਤ ਦਿਖਰਾਇ ਬਿਲੰਦ' ॥ ੪੦॥

ਖਿਮਾ ਆਦਿ ਤਿਨ੍ਹਾਂ ਵਿਚ ਪੈਂਦੀ ਹੈ, ਗੁਰੂ ਜੀ ਕਰਾਮਾਤ ਵਿਚ ਵਧ ਦਿਖਾਈ ਦਿੰਦੇ ਹਨ।'' ਕੋਈ ਕਹਿੰਦਾ ਸੀ, ''ਰਾਮਰਾਇ ਵੱਡਾ ਪੁੱਤਰ ਹੈ, ਉਹ ਬਹੁਤ ਵੱਡੀਆਂ ਕਰਾਮਾਤਾਂ ਵਿਖਾਉਂਦਾ ਹੈ'' ॥੪੦॥

ਇੱਤਜਾਦਿਕ ਸਿਖ ਝਗਰਾ ਪਾਈ। ਭਾਖਹਿਂ ਲਘੁਤਾ ਅਰੁ ਬਡਿਆਈ।
ਤਊ ਗੁਰੂ ਹਰਿਕ੍ਰਿਸ਼ਨ ਮਹਾਨਾ। ਉਦੈ ਹੋਤਿ ਨਿਤ ਭਾਨੁ ਸਮਾਨਾ॥ ੪੧॥

ਇਤਿਆਦਿਕ ਸਿੱਖਾਂ ਵਿਚ ਝਗੜਾ ਖੜਾ ਹੋ ਗਿਆ। ਛੋਟਾਪਨ ਅਤੇ ਵੱਡਾਪਨ ਕਹਿ ਰਹੇ ਸਨ। ਫਿਰ ਵੀ ਗੁਰੂ ਹਰਿਕ੍ਰਿਸ਼ਨ ਜੀ ਮਹਾਨ ਹਨ, ਨਿਤ ਸੂਰਜ ਵਾਂਗ ਚੜ੍ਹਦੇ ਹਨ॥੪੧॥

ਨਿੰਦਕ ਸਮ ਉਲੂਕ ਦੁਖ ਪਾਵਤਿ। ਸਿੱਖ ਤਾਮਰਸ ਬਿਕਸਿ ਸੁਹਾਵਤਿ।
ਜਹਿਂ ਕਹਿਂ ਹੋਤਿ ਬਡੀ ਬਡਿਆਈ। ਇੱਤਜਾਦਿਕ ਗੁਨ ਲਖਿ ਸਮੁਦਾਈ॥੪੨॥

ਸੂਰਜ ਚੜ੍ਹਦੇ ਨੂੰ ਵੇਖ ਕੇ ਨਿੰਦਕ ਉਲੂ ਵਾਂਗ ਦੁੱਖ ਪਾਉਂਦੇ ਹਨ। ਸਿੱਖ ਕੰਵਲ ਵਾਂਗ ਖਿੜਕੇ ਸ਼ੋਭਾ ਪਾਉਂਦੇ ਹਨ। ਜਿੱਥੇ ਕਿਥੇ ਵੱਡੀ ਵਡਿਆਈ ਹੁੰਦੀ ਹੈ, ਇਤਿਆਦਿਕ ਗੁਣ ਜਦ ਸਾਰੇ ਸਮਝਦੇ ਹਨ॥੪੨॥

ਭਰੀ ਭੀਰ ਰਹਿ ਸਤਿਗੁਰ ਦ੍ਵਾਰੇ। ਹੋਹਿਂ ਅਰੁਜ ਆਨਹਿਂ ਉਪਹਾਰੇ।
ਬੰਦਹਿ ਬੋਲਹਿਂ ਬਡਿ ਬਡਿਆਈ। ਜਪਹਿਂ ਨਾਮ ਦਰਸਹਿਂ ਸੁਖ ਪਾਈ ॥੪੩॥

ਸਤਿਗੁਰੂ ਜੀ ਦੇ ਦਵਾਰੇ 'ਤੇ ਵੱਡੀ ਭੀੜ ਰਹਿੰਦੀ ਸੀ। ਜਿਹੜੇ ਅਰੋਗ ਹੋ ਜਾਂਦੇ ਸਨ, ਉਹ ਉਪਹਾਰ ਲਿਆਉਂਦੇ ਸਨ। ਬੰਦਨਾ ਕਰਕੇ ਵੱਡੀ ਵਡਿਆਈ ਕਹਿੰਦੇ ਸਨ, ਨਾਮ ਜਪਦੇ ਸਨ ਤੇ ਦਰਸ਼ਨ ਕਰਕੇ ਸੁੱਖ ਪਾਉਂਦੇ ਸਨ॥੪੩॥

*ਦਸਵੀਂ ਰਾਸ ਦਾ ਇਕਤਾਲੀਵਾਂ ਅਧਿਆਇ ਸਮਾਪਤ ਹੋਇਆ॥੪੧॥*

# ਅਧਿਆਇ ਬਤਾਲੀਵਾਂ

### *ਗੁਰੂ ਜੀ ਦੀ ਰਾਮਰਾਇ ਬਾਰੇ ਭਵਿੱਖਬਾਣੀ*

ਦੋਹਰਾ- ਅਗਲੀ ਭਈ ਪ੍ਰਭਾਤਿ ਜਬਿ ਸੌਚ ਸਮੇਤ ਸ਼ਨਾਨ।
ਕਰਿ ਬੈਠੇ ਸ਼੍ਰੀ ਸਤਿਗੁਰੂ ਜਿਨ ਦਰਸ਼ਨ ਸੁਖ ਖਾਨ॥ ੧॥

ਜਦ ਅਗਲੀ ਪ੍ਰਭਾਤ ਹੋਈ ਤਾਂ ਗੁਰੂ ਜੀ ਨੇ ਸੋਚ ਸਮੇਤ ਇਸ਼ਨਾਨ ਕੀਤਾ। ਜਿਹੜੇ ਸੁਖਾਂ ਦੀ ਖਾਨ ਭਾਵ ਸਤਿਗੁਰੂ ਜੀ ਦੇ ਦਰਸ਼ਨ ਕਰਨ ਲਈ ਕਈ ਬੈਠੇ ਸਨ॥੧॥

ਚੌਪਈ- ਆਦਿ ਗੁਰਬਖਸ਼ ਮਸੰਦ ਬਿਲੰਦ। ਅਰੁ ਪੁਰਿ ਕੇ ਸਿਖ ਸੇਵਕ ਬ੍ਰਿੰਦ।
ਸਭਿ ਮਿਲਿ ਕਰਿ ਦਰਸ਼ਨ ਕਉ ਆਏ। ਕਰਿ ਜੋਰਹਿਂ ਪਗ ਸੀਸ ਨਿਵਾਏ॥੨॥

ਗੁਰਬਖਸ਼ ਆਦਿ ਬੜੇ ਵੱਡੇ ਮਸੰਦ ਸਨ ਅਤੇ ਨਗਰ ਦੇ ਹੋਰ ਬਹੁਤ ਸਿੱਖ ਸੇਵਕ ਸਾਰੇ ਮਿਲ ਕੇ ਸਤਿਗੁਰੂ ਜੀ ਦੇ ਦਰਸ਼ਨਾਂ ਵਾਸਤੇ ਆਏ। ਹੱਥ ਜੋੜਦੇ ਸਨ ਤੇ ਚਰਨਾਂ 'ਤੇ ਸੀਸ ਨਿਵਾਉਂਦੇ ਸਨ॥੨॥

ਦਰਸ਼ਨ ਪਰ ਹੋਵਤਿ ਬਲਿਹਾਰੀ। ਉਰ ਸ਼ਰਧਾ ਧਰਿ ਕਰਿ ਨਰ ਨਾਰੀ।
ਬਾਲ ਆਰਬਲ ਮਾਧੁਰ ਮੂਰਤਿ। ਦਿਪਤਿ ਬਿਭੂਖਨ ਸੁੰਦਰ ਸੂਰਤਿ॥ ੩॥

ਜਿਹੜੇ ਇਸਤਰੀ ਪੁਰਸ਼ ਸਰਧਾ ਧਾਰ ਕੇ ਆਉਂਦੇ ਸਨ। ਦਰਸ਼ਨ ਕਰਕੇ ਬਲਿਹਾਰ ਜਾਂਦੇ ਸਨ। ਬਾਲ ਉਮਰ ਸੀ ਤੇ ਕੋਮਲ ਮੂਰਤੀ ਸੀ, ਗਹਿਣੇ ਤੇ ਭੂਖਣ ਚਮਕਦੇ ਸਨ ਤੇ ਸੁੰਦਰ ਸੂਰਤ ਸੀ॥੩॥

ਚਪਲ ਬਿਲੋਚਨ ਬੋਲਤਿ ਬਾਤੀ। ਦੰਤ ਪੰਕਤੀ ਹੀਰਨ ਕ੍ਰਾਂਤੀ।
ਜਿਸ ਦਿਸ਼ਿ ਦੇਖਤਿ ਦ੍ਰਿਗਨਿ ਚਲਾਏ। ਰੁਜ ਹਰਿ, ਜਨੁ ਅੰਮ੍ਰਿਤ ਬਰਖਾਏ॥੪॥

ਚੰਚਲ ਨੈਣ ਆਪਣੇ ਆਪ ਗੱਲਾਂ ਕਰਦੇ ਹਨ, ਦੰਦਾਂ ਦੀ ਪੰਗਤੀ ਹੀਰਿਆਂ ਵਾਂਗ ਸ਼ੋਭ ਰਹੀ ਹੈ। ਜਿਸ ਪਾਸੇ ਵੀ ਦ੍ਰਿਸ਼ਟੀ ਲਾ ਕੇ ਵੇਖਦੇ ਹਨ, ਰੋਗ ਦੂਰ ਕਰਕੇ, ਮਾਨੋਂ ਅੰਮ੍ਰਿਤ ਦੀ ਵਰਸ਼ਾ ਕਰਦੇ ਹਨ॥੪॥

'ਧੰਨ ਗੁਰੂ ਗੁਰ ਧੰਨ' ਉਚਾਰੈਂ। 'ਸੁਖਦ ਸੁਸ਼ੀਲ ਸਿੱਖਜ ਹਿਤਕਾਰੈਂ'।
ਤਿਸ ਛਿਨ ਮਹਿਂ ਗੁਰਬਖਸ਼ ਮਸੰਦ। ਬੋਲਜੋ ਬਾਕ ਹਾਥ ਜੁਗ ਬੰਦਿ॥੫॥

"ਧੰਨ ਗੁਰੂ, ਧੰਨ ਗੁਰੂ", ਬਾਰ-ਬਾਰ ਉਚਾਰਦੇ ਹਨ। "ਸੁਖ ਦੇਣ ਵਾਲੇ, ਸੁਸ਼ੀਲ ਅਤੇ ਸਿੱਖਾਂ ਦੇ ਹਿਤੂ ਹਨ" ਉਸ ਸਮੇਂ ਗੁਰਬਖਸ਼ ਮਸੰਦ ਆਇਆ ਤੇ ਦੋਵੇਂ ਹੱਥ ਜੋੜ ਕੇ ਬੋਲਿਆ॥੫॥

'ਪੁਰਿ ਮਹਿਂ ਬਿਦਤਿ ਬਿਲੰਦ ਬ੍ਰਿਤਾਂਤ। ਮਿਲਿ ਮਿਲਿ ਕਰਤਿ ਪਰਸਪਰ ਬਾਤ।
ਨੌਰੰਗ ਸ਼ਾਹੁ ਸਭਾ ਮਹਿਂ ਕਾਲੀ। ਜ਼ਿਕਰ ਆਪ ਕੋ ਭਯੋ ਬਿਸਾਲੀ॥ ੬॥

'ਨਗਰ ਵਿਚ ਇਕ ਬ੍ਰਿਤਾਂਤ ਬੜਾ ਪ੍ਰਚਲਤ ਹੋਇਆ ਹੈ, ਲੋਕ ਆਪਸ ਵਿਚ ਮਿਲ ਮਿਲ ਗੱਲਾਂ ਕਰਦੇ ਹਨ। ਕੱਲ ਬਾਦਸ਼ਾਹ ਨੌਰੰਗੇ ਦੀ ਸਭਾ ਵਿਚ ਆਪ ਬਾਰੇ ਬਹੁਤ ਜ਼ਿਕਰ ਹੋਇਆ ਹੈ॥੬॥

ਬਡੋ ਭ੍ਰਾਤ ਤੁਮਰੋ ਤਹਿਂ ਗਯੋ। ਤਿਨ ਭੀ ਕਹਨਿ ਸੁਨਨਿ ਬਹੁ ਕਿਯੋ।
ਹੁਤੋ ਬੀਚ ਤਹਿਂ ਜੈਪੁਰਿ ਨਾਥ। ਸੁਨੀ ਹੋਇਗੀ ਸਗਲੀ ਗਾਥ॥ ੭॥

ਤੁਹਾਡਾ ਭਰਾ ਉਥੇ ਗਿਆ, ਉਸ ਵੀ ਬਹੁਤ ਕਹਿਣਾ ਸੁਣਨਾ ਕੀਤਾ। ਉਥੇ ਵਿਚ ਜੈਪੁਰ ਦਾ ਰਾਜਾ ਵੀ ਬੈਠਾ ਸੀ, ਤੁਸੀਂ ਸਾਰੀ ਗੱਲ ਸੁਣੀ ਹੋਵੇਗੀ॥੭॥

ਜਥਾ ਜੋਗ ਸੋ ਕਹੈ ਸੁਨਾਇ। ਸੁਨੀ ਸੁਨਾਈ ਕਹੀਅਹਿ ਕਾਇ'।
ਏਵ ਬਾਰਤਾਲਾਪ ਕਰੰਤੇ। ਬੋਲੇ ਸਤਿਗੁਰ ਧੀਰਜਵੰਤੇ॥ ੮॥

ਯਥਾ ਯੋਗ ਉਹ ਸੁਣਾ ਕੇ ਕਹੇ, ਅਸੀਂ ਸੁਣੀ ਸੁਣਾਈ ਕਿਉਂ ਕਹੀਏ' ਇਸ ਤਰ੍ਹਾਂ ਵਾਰਤਾਲਾਪ ਕਰਦੇ, ਧੀਰਜਵਾਨ ਸਤਿਗੁਰੂ ਜੀ ਬੋਲੇ॥੮॥

'ਜਿਮ ਭਾਣਾ ਪਰਮੇਸ਼ਰ ਕੇਰਾ। ਹੋਇ ਅਵੱਸ਼ਜ, ਫਿਰੈ ਨਹਿਂ ਫੇਰਾ।
ਕਿਸ ਕੀ ਸਜਾਨਪ ਚਲਿ ਹੈ ਨਾਂਹੀ। ਪਚਹਿਂ ਸਿਆਨੇ ਬੁਧਿ ਬਲ ਮਾਂਹੀ॥ ੯॥

"ਜਿਵੇਂ ਭਾਣਾ ਪਰਮੇਸ਼ਰ ਦਾ ਹੈ, ਉਹ ਅਵੱਸ਼ ਹੁੰਦਾ ਹੈ, ਉਹ ਟਾਲਣ ਨਾਲ ਵੀ ਟਲਦਾ ਨਹੀਂ ਹੈ। ਸਭ ਕੁਝ ਪਰਮੇਸ਼ਰ ਦੇ ਆਪਣੇ ਹੱਥ ਹੈ, ਕਿਸੇ ਦੀ ਵੀ ਸਿਆਣਪ ਨਹੀਂ ਚਲਦੀ। ਬਹੁਤ ਸਿਆਣੇ ਬੁਧੀ ਬਲ ਲਾ ਲਾ ਕੇ ਹਾਰ ਗਏ ਹਨ॥੯॥

ਅੰਗੀਕਾਰ ਸਭਿਨਿ ਕਹੁ ਸੋਈ। ਜਿਮ ਰਜ਼ਾਇ ਈਸ਼੍ਵਰ ਕੀ ਹੋਈ।
ਸਹਿਜ ਸੁਭਾਇਕ ਹੋਇ ਸੁ ਹੋਇ। ਹਰਖਹਿਂ ਹੇਰਿ ਭਗਤ ਜਨ ਜੋਇ॥ ੧੦॥

ਜੋ ਕੁਝ ਪ੍ਰਭੂ ਕਰਦਾ ਹੈ, ਉਹ ਸਭ ਨੂੰ ਅੰਗੀਕਾਰ ਹੈ, ਜਿਵੇਂ ਪ੍ਰਭੂ ਦੀ ਰਜ਼ਾ ਹੁੰਦੀ ਹੈ। ਜੋ ਕੁਝ ਹੁੰਦਾ ਹੈ ਸਹਿਜ ਸੁਭਾਅ ਹੁੰਦਾ ਹੈ। ਜਿਹੜੇ ਭਗਤ ਲੋਕ ਹਨ, ਉਹ ਵੇਖ ਕੇ ਪ੍ਰਸੰਨ ਹੁੰਦੇ ਹਨ॥੧੦॥

ਬੇਮੁਖ ਦੋਸ਼ ਅਰੋਪਹਿਂ ਹਰਿ ਮੈਂ। ਲਖਹਿਂ ਆਪ ਕੋ ਆਛੋ ਉਰ ਮੈਂ।
ਜੋ ਪਰਲੋਕ ਸੁਧਾਰਜੋ ਚਾਹਤਿ। ਭਾਣੇ ਮਾਨਿ ਪ੍ਰਸੰਨ ਉਮਾਹਤਿ॥ ੧੧॥

ਜਿਹੜੇ ਬੇਮੁਖ ਹਨ, ਉਹ ਪ੍ਰਭੂ ਉੱਤੇ ਦੋਸ਼ ਲਾਉਂਦੇ ਹਨ ਤੇ ਆਪਣੇ ਆਪ ਨੂੰ ਹਿਰਦੇ ਵਿਚ ਚੰਗਾ ਸਮਝਦੇ ਹਨ। ਜਿਹੜੇ ਪਰਲੋਕ ਜਾਣਾ ਚਾਹੁੰਦੇ ਹਨ, ਉਹ ਭਾਣਾ ਮੰਨ ਕੇ ਬੜੇ ਪ੍ਰਸੰਨ ਅਤੇ ਉਤਸਾਹਿਤ ਹੁੰਦੇ ਹਨ॥੧੧॥

ਸੱਤਿਨਾਮ ਕੋ ਸਿਮਰਹਿਂ ਸਦਾ। ਤਨ ਹੰਤਾ ਕਉ ਤਜਾਗਹਿਂ ਤਦਾ।
ਕੇਤਿਕ ਦਿਨ ਇਸ ਲੋਕ ਮਝਾਰਾ। ਪੁਨ ਪਹੁੰਚਤਿ ਹਰਿ ਪ੍ਰਭ ਕੇ ਦ੍ਵਾਰਾ॥੧੨॥

ਸਤਿਨਾਮ ਦਾ ਸਦਾ ਸਿਮਰਨ ਕਰਦੇ ਹਨ। ਸਰੀਰ ਦੇ ਹੰਕਾਰ ਨੂੰ ਫਿਰ ਛੱਡ ਕੇ ਅਤੇ ਕੁਝ ਦਿਨ ਇਸ ਲੋਕ ਵਿਚ ਰਹਿ ਕੇ, ਫਿਰ ਹਰੀ ਪ੍ਰਭੂ ਦੇ ਦਵਾਰੇ ਪਹੁੰਚ ਜਾਂਦੇ ਹਨ॥੧੨॥

ਪਰਮਾਰਥ ਕਹੁ ਸਦਾ ਸੰਭਾਰਤਿ। ਇਸ ਜਗ ਲਾਗਿ ਜਨਮ ਨਹਿਂ ਹਾਰਤਿ।
ਸਤਿਗੁਰ ਅੰਗ ਸੰਗ ਤਿਸ ਰਹੈਂ। ਇਮ ਸੋ ਭਵਸਾਗਰ ਤਟ ਲਹੈ॥ ੧੩॥

ਪਰਮਾਰਥ ਨੂੰ ਸਦਾ ਸੰਭਾਲਦੇ ਹਨ, ਇਸ ਵਿਚ ਪਰਚ ਕੇ ਜਨਮ ਨਹੀਂ ਹਾਰਦੇ ਹਨ, ਉਨ੍ਹਾਂ ਦੇ ਸਤਿਗੁਰੂ ਅੰਗ ਸੰਗ ਰਹਿੰਦੇ ਹਨ, ਇਸ ਤਰ੍ਹਾਂ ਭਵਸਾਗਰ ਪਾਰ ਕਰਕੇ ਕਿਨਾਰਾ ਪ੍ਰਾਪਤ ਕਰਦੇ ਹਨ'' ॥੧੩॥

ਚਤੁਰ ਘਟੀ ਬੀਤੀ ਇਸ ਭਾਂਤਿ। ਗੁਰਉਪਦੇਸ਼ਨਿ ਕੀ ਕਹਿ ਬਾਤ।
ਇਤਨੇ ਮਹਿਂ ਜੈ ਸਿੰਘ ਸਵਾਈ। ਆਇ ਨਿਕਟਿ ਨਿਜ ਗ੍ਰੀਵ ਨਿਵਾਈ ॥੧੪॥

ਇਸ ਪ੍ਰਕਾਰ ਚਾਰ ਘੜੀਆਂ ਬੀਤੀਆਂ, ਗੁਰੂ ਜੀ ਨੇ ਉਪਦੇਸ਼ ਦੀ ਗੱਲ ਕਹੀ। ਏਨੇ ਵਿਚ ਜੈ ਸਿੰਘ ਸਿਵਾਈ ਨੇ ਨੇੜੇ ਆ ਕੇ ਆਪਣਾ ਸਿਰ ਨਿਵਾਇਆ ॥੧੪॥

ਬੈਠਜੋ ਸਤਿਗੁਰ ਕੇਰ ਸਮੀਪ। ਸਭਿਨਿ ਬਿਲੋਕਜੋ ਮਹਾਂ ਮਹੀਪ।
ਤਬਿ ਗੁਰਬਖਸ਼ ਹਾਥ ਕੋ ਜੋਰਿ। ਬੋਲਜੋ ਅਵੇਲਕਤਿ ਨ੍ਰਿਪ ਓਰ॥ ੧੫॥

ਸਤਿਗੁਰੂ ਜੀ ਦੇ ਉਹ ਪਾਸ ਬੈਠ ਗਿਆ, ਸਾਰਿਆਂ ਨੇ ਵੱਡੇ ਰਾਜੇ ਨੂੰ ਵੇਖਿਆ। ਤਦ ਗੁਰਬਖਸ਼ ਹੱਥ ਜੋੜ ਕੇ ਰਾਜੇ ਵੱਲ ਵੇਖ ਕੇ ਬੋਲਿਆ ॥੧੫॥

'ਪ੍ਰਿਥੀਨਾਥ ਜੀ! ਸ਼ਾਹੁ ਸਭਾ ਕੀ। ਕਹਹੁ ਬਾਰਤਾ ਸੁਨੀ ਤਹਾਂ ਕੀ।
ਕਿਮ ਪ੍ਰਸੰਗ ਹੋਯਹੁ ਗੁਰ ਕੇਰਾ?। ਜਬਿ ਬੈਠਜੋ ਗੁਰ ਨੰਦ ਬਡੇਰਾ ॥੧੬॥

"ਹੇ ਪ੍ਰਿਥੀ ਨਾਥ ਜੀ! ਬਾਦਸ਼ਾਹ ਦੀ ਸਭਾ ਦੀ ਵਾਰਤਾ ਕਹੋ, ਜਿਹੜੀ ਤੁਸੀਂ ਉਥੇ ਸੁਣੀ ਹੈ। ਗੁਰੂ ਜੀ ਬਾਰੇ ਕਿਵੇਂ ਪ੍ਰਸੰਗ ਚਲਿਆ ਜਦ ਗੁਰੂ ਹਰਿਰਾਇ ਜੀ ਦਾ ਵੱਡਾ ਪੁੱਤਰ ਉਥੇ ਬੈਠਾ ਸੀ ॥੧੬॥

ਸਕਲ ਪੁਰੀ ਮਹਿਂ ਘਰ ਘਰ ਲਹਜੋ। ਕਿਨਹੂੰ ਕਿਮ ਕਿਨਹੂੰ ਕਿਮ ਕਹਜੋ।
ਜਥਾ ਜੋਗ ਸੁਨਿ ਬਾਕ ਤਿਹਾਰੇ। ਤਬਿ ਹਮ ਨਿਸ਼ਚੇ ਕਰਿ ਉਰ ਧਾਰੇਂ ॥੧੭॥

ਸਾਰੀ ਨਗਰੀ ਵਿਚ ਘਰ ਘਰ ਇਹ ਗੱਲ ਚਲ ਰਹੀ ਹੈ, ਕਿਸੇ ਨੇ ਕਿਸੇ ਤਰ੍ਹਾਂ ਤੇ ਕਿਸੇ ਨੇ ਕਿਸੇ ਤਰ੍ਹਾਂ ਇਹ ਪ੍ਰਸੰਗ ਸੁਣਾਇਆ ਹੈ। ਯਥਾ ਯੋਗ ਤੁਹਾਡੇ ਬਚਨ ਸੁਣਕੇ, ਤਦ ਅਸੀਂ ਆਪਣੇ ਹਿਰਦੇ ਵਿਚ ਨਿਸ਼ਚਾ ਧਾਰਨ ਕਰਾਂਗੇ ॥੧੭॥

ਸੁਨਜੋ ਸਭਾ ਮਹਿਂ ਰਾਵਰ ਸਭੈ। ਸਤਿਗੁਰ ਨਿਕਟਿ ਕਹੋ ਤਿਮ ਅਬੈ'।
ਸੁਨਤਿ ਰਾਉ ਲੇ ਦੀਰਘ ਸ੍ਵਾਸ। ਸਿਰ ਧੁਨਿ ਕੀਨਸ ਬਾਕ ਪ੍ਰਕਾਸ਼ ॥੧੮॥

ਆਪ ਜੀ ਨੇ ਸਭਾ ਵਿਚ ਸਾਰਾ ਬਿਰਤਾਂਤ ਸੁਣਿਆ ਹੈ, ਉਸ ਨੂੰ ਹੁਣ ਸਤਿਗੁਰੂ ਜੀ ਦੇ ਪਾਸ ਕਹੋ।'' ਇਹ ਸੁਣ ਕੇ ਰਾਜੇ ਨੇ ਲੰਮਾ ਸਾਹ ਲਿਆ, ਸਿਰ ਹਿਲਾ ਕੇ ਆਪਣੀ ਗੱਲ ਕਹੀ ॥੧੮॥

'ਕਹੌਂ ਕਹਾਂ ਕੁਛ ਕਹੀ ਨ ਜਾਇ। ਨਾਹਕ ਦ੍ਵੈਸ਼ ਬਿਸ਼ੇਸ਼ ਉਪਾਇ।
ਮੈਂ ਢਿਗ ਸ਼ਾਹੁ ਅਪਰ ਉਮਰਾਵ। ਕਰਤਿ ਸਰਾਹਨਿ ਇਨਹੁਂ ਸੁਭਾਵ ॥੧੯॥

"ਕੀ ਕਹਾਂ ਕੁਝ ਕਿਹਾ ਨਹੀਂ ਜਾਂਦਾ, ਫਜ਼ੂਲ ਵਿਚ ਵਿਸ਼ੇਸ਼ ਈਰਖਾ ਸ੍ਰੀ ਰਾਮਰਾਇ ਨੇ ਧਾਰਨ ਕੀਤੀ ਹੈ। ਮੈਂ ਬਾਦਸ਼ਾਹ ਦੇ ਪਾਸ ਹੋਰ ਉਮਰਾਵ ਨਾਲ ਗੁਰੂ ਜੀ ਦੇ ਸੁਭਾਵ ਬਾਰੇ ਸ਼ਲਾਘਾ ਕਰ ਰਿਹਾ ਸੀ ॥੧੯॥

ਰਾਮਰਾਇ ਤਿਨੇ ਮਹਿਂ ਆਏ। ਸੁਨਤਿ ਸੁਜਸੁ ਗੁਰ ਉਰ ਬਿਸਮਾਏ।
ਪੂਰਬ ਚਹਤਿ ਹੀਨਤਾ ਕਰੀ। ਭਾਈ ਬਡਾਈ ਜਾਇ ਨ ਜਰੀ॥ ੨੦॥

ਏਨੇ ਵਿਚ ਉਥੇ ਰਾਮਰਾਇ ਆ ਗਿਆ। ਗੁਰੂ ਜੀ ਦਾ ਸ੍ਰੇਸ਼ਟ ਜਸ ਸੁਣ ਕੇ ਦਿਲ ਵਿਚ ਬਹੁਤ ਹੈਰਾਨ ਹੋਇਆ। ਪਹਿਲਾਂ ਉਹ ਹੀਨਤਾ ਕਰਨੀ ਚਾਹੁੰਦਾ ਸੀ, ਜਿਹੜੀ ਵਡਿਆਈ ਹੋਂਦੀ ਸੀ, ਉਹ ਜਰੀ ਨਹੀਂ ਸੀ ਜਾਂਦੀ ॥੨੦॥

ਚਹਤਿ ਨ ਸ਼ਾਹੁ ਇਨਹਿਂ ਬੁਲਵਾਏ। ਬਾਰ ਬਾਰ ਕਹਿ ਤਾਂਹਿ ਅਨਾਏ।
ਆਵਤਿ ਪੁਨਹਿਂ ਦ੍ਵੈਸ਼ ਕੋ ਠਾਨਾ। ਬੈਠਿ ਸਭਾ ਮਹਿ ਬਾਕ ਬਖਾਨਾ॥ ੨੧॥

ਬਾਦਸ਼ਾਹ ਗੁਰੂ ਜੀ ਨੂੰ ਏਥੇ ਬੁਲਾਉਣਾ ਨਹੀਂ ਸੀ ਚਾਹੁੰਦਾ, ਇਸ ਨੇ ਬਾਰ-ਬਾਰ ਬਾਦਸ਼ਾਹ ਨੂੰ ਕਹਿਕੇ ਇਨ੍ਹਾਂ ਨੂੰ ਏਥੇ ਮੰਗਵਾਇਆ। ਜਦ ਆਏ ਹਨ ਤਾਂ ਫਿਰ ਬਹੁਤ ਈਰਖਾ ਧਾਰਨ ਕਰ ਲਈ ਹੈ ਤੇ ਸਭਾ ਵਿਚ ਬੈਠ ਕੇ ਬੋਲਿਆ॥੨੧॥

ਖਾਜ ਸੀਤਲਾ ਕੋ ਜਿਸ ਅਹੈ। ਗੁਰਤਾ ਕਹਾਂ ਕਰਹਿ, ਮ੍ਰਿਤੁ ਲਹੈ।
ਇੱਤਜਾਦਿਕ ਬੋਲਜੋ ਦੁਖ ਪਾਇ। ਇਨ ਕੀ ਮਹਿਮਾ ਜਰੀ ਨ ਜਾਇ॥੨੨॥

ਇਹ ਬਾਲਕ ਸੀਤਲਾ ਦੀ ਖ਼ੁਰਾਕ ਹੈ, ਗੁਰਤਾ ਇਸ ਕਿੱਥੇ ਕਰਨੀ ਹੈ, ਮੌਤ ਨੂੰ ਪ੍ਰਾਪਤ ਹੋਵੇਗਾ। ਦੁੱਖ ਪਾ ਕੇ ਇਤਿਆਦਿਕ ਬਹੁਤ ਬੋਲਿਆ, ਗੁਰੂ ਜੀ ਦੀ ਮਹਿਮਾ ਜਰੀ ਨਹੀਂ ਸੀ ਜਾਂਦੀ"॥੨੨॥

ਸ੍ਰੀ ਹਰਿਕ੍ਰਿਸ਼ਨ ਅਛੋਭ ਬਖਾਨੈਂ। 'ਜੇ ਨਹ ਕਹੈਂ ਤ ਕੁਛ ਨਹਿਂ ਜਾਨੈ।
ਯਾਂ ਤੇ ਹਮ ਭੀ ਤਿਸ ਕੋ ਕਹੈਂ। ਅਪਨਿ ਕਹਿਨਿ ਕੋ ਜਿਮ ਫਲ ਲਹੈ॥੨੩॥

ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੇ ਬੜੇ ਧੀਰਜ ਨਾਲ ਕਿਹਾ, "ਜੇ ਅਸੀਂ ਕੁਝ ਨਹੀਂ ਕਹਾਂਗੇ ਤਾਂ ਇਹ ਜਾਣਨਗੇ ਕਿ ਅਸੀਂ ਕੁਝ ਨਹੀਂ ਹਾਂ ਭਾਵ ਉਹ ਤੇ ਲੋਕ ਇਹ ਸਮਝਣਗੇ ਕਿ ਐਵੇਂ ਹੀ ਗੁਰੂ ਹਰਿਰਾਇ ਜੀ ਨੇ ਇਕ ਬੱਚੇ ਨੂੰ ਗੱਦੀ 'ਤੇ ਬਿਠਾ ਦਿੱਤਾ ਹੈ, ਇਨ੍ਹਾਂ ਵਿਚ ਆਤਮ ਬਲ ਗੁਰੂ ਸਾਹਿਬਾਨ ਵਾਲਾ ਨਹੀਂ ਹੈ ਜਾਂ ਤਾਂ ਅਸੀਂ ਵੀ ਇਨ੍ਹਾਂ ਨੂੰ ਕੁਝ ਕਹੀਏ, ਸਾਡੇ ਕਹਿਣ ਤੇ ਕਿਵੇਂ ਫਲ ਲੈਣਗੇ॥੨੩॥

ਤੁਰਕੇਸ਼ੁਰ ਸੋਂ ਹਮ ਨਹਿ ਮਿਲਿ ਹੈਂ। ਕਜੋਂ ਮਤਸਰ ਜ੍ਵਾਲਾ ਸੋ ਜਲ ਹੈ।
ਯਾਂਤੇ ਜਬਿ ਲਗਿ ਜੀਵਤਿ ਰਹੈ। ਤਨ ਮਨ ਤੇ ਜਲਨੋ ਬਹੁ ਲਹੈ॥ ੨੪॥

ਤੁਰਕ ਬਾਦਸ਼ਾਹ ਨੂੰ ਅਸੀਂ ਨਹੀਂ ਮਿਲੇ ਹਾਂ, ਫਿਰ ਕਿਉਂ ਈਰਖਾ ਦੀ ਅੱਗ ਵਿਚ ਸੜ ਰਿਹਾ ਹੈ, ਇਸ ਕਰਕੇ ਜਦ ਤਕ ਜੀਉਂਦਾ ਰਹੇਗਾ ਇਸ ਦਾ ਤਨ ਮਨ ਸਦਾ ਬਹੁਤ ਸੜਦਾ ਰਹੇਗਾ॥੨੪॥

ਚਿਤ ਚਾਹਤਿ ਸੰਤਤਿ ਬਹੁ ਮੇਰੀ। ਪੁਜਹਿ ਜਗਤ ਮਹਿਂ ਫਲਹਿ ਬਡੇਰੀ।
ਹਾਰਹਿ ਕਰਤੋ ਬਜਾਹ ਉਪਾਇ। ਤਊ ਪੁੱਤ੍ਰ ਕਹੁ ਕਿਮਹੁਂ ਨ ਪਾਇ॥ ੨੫॥

ਚਿਤ ਵਿਚ ਚਾਹੇਗਾ ਕਿ ਮੇਰੀ ਸੰਤਾਨ ਬਹੁਤ ਪੂਜਨੀਕ ਹੋਵੇਗੀ ਬਹੁਤ ਫਲੇ ਫੁਲੇਗੀ ਤੇ ਵੱਡੀ ਗਿਣਤੀ ਵਿਚ ਹੋਵੇਗੀ। ਵਿਆਹ ਦੇ ਉਪਾਅ ਕਰਦਾ ਹਾਰ ਜਾਵੇਗਾ, ਫਿਰ ਵੀ ਪੁੱਤਰ ਨੂੰ ਕਿਸੇ ਤਰ੍ਹਾਂ ਵੀ ਪਾ ਨਹੀਂ ਸਕੇਗਾ॥੨੫॥

ਰਹੈ ਅਪੁੱਤ੍ਰ ਬਿਸੂਰਤਿ ਜੀਵਹਿ। ਸੁਖ ਸੰਤਤਿ ਕੋ ਕਬਹੁ ਨ ਥੀਵਹਿ।
ਅਵਗਤਿ ਮ੍ਰਿਤੁ ਹੋਇ ਹੈ ਐਸੇ। ਜਿਸ ਤੇ ਜਾਨਿ ਸਕਹਿ ਨਹਿਂ ਕੈਸੇ॥ ੨੬॥

ਪੁੱਤਰ ਰਹਿਤ ਰਹੇਗਾ ਤੇ ਮੁਰਝਾਈ ਹੋਈ ਜ਼ਿੰਦਗੀ ਜੀਵੇਗਾ, ਸੰਤਾਨ ਦਾ ਸੁੱਖ ਕਦੀ ਵੀ ਨਹੀਂ ਪਾਵੇਗਾ। ਅਥਗਤ ਮੌਤ ਇਸ ਤਰ੍ਹਾਂ ਮਰੇਗਾ, ਜਿਸ ਬਾਰੇ ਇਹ ਜਾਣ ਵੀ ਨਹੀਂ ਸਕੇਗਾ ਕਿ ਕਿਵੇਂ ਮੌਤ ਹੋਈ ਹੈ॥੨੬॥

ਅਵਰਨਿ ਕੀ ਇਹ ਮ੍ਰਿਤੁ ਬਤਾਵੈ। ਨਿਜ ਮ੍ਰਿਤੁ ਬਿਖੈ ਗਜਾਨ ਬਿਸਰਾਵੈ।
ਤੀਨਹੁਂ ਸ੍ਰਾਪ ਹਮਾਰੇ ਸਹੈ। ਮਿਟਹਿ ਨ ਕਿਮਹੁਂ ਜਤਨ ਕਰਿ ਰਹੈ॥ ੨੭॥

ਹੋਰਨਾਂ ਦੀ ਇਹ ਮੌਤ ਦਸਦਾ ਹੈ, ਨਿਜੀ ਮੌਤ ਬਾਰੇ ਇਹ ਜਾਣ ਹੀ ਨਹੀਂ ਸਕੇਗਾ। ਤਿੰਨੇ ਸਰਾਪ ਇਹ ਸਾਡੇ ਬਰਦਾਸ਼ਤ ਕਰੇ ਇਹ ਕਿਸੇ ਤਰ੍ਹਾਂ ਵੀ ਨਹੀਂ ਮਿਟਣਗੇ, ਜਿੰਨੇ ਮਰਜ਼ੀ ਯਤਨ ਕਰ ਲਵੇ॥੨੭॥

*ਨੋਟ :- ਗੁਰੂ ਜੀ ਧੀਰਜਵਾਨ ਅਤੇ ਸ਼ਾਂਤਚਿਤ ਹਨ, ਉਨ੍ਹਾਂ ਨੇ ਗੁੱਸੇ ਵਿਚ ਆ ਕੇ ਸਰਾਪ ਨਹੀਂ ਦਿੱਤਾ, ਬਲਕਿ ਭਵਿੱਖਬਾਣੀ ਕੀਤੀ ਹੈ।*

ਹਮਰੇ ਜੀਵਨ ਮਰਨ ਸਮਾਨ। ਤਨ ਇਹ ਨਾਸ਼ਵੰਤ ਪਹਿਚਾਨ।
ਜੋ ਜਨਮੈ ਸੋ ਨਿਸ਼ਚੈ ਮਰਿਹੈ। ਮੂਰਖ ਜਿਯਨਿ ਆਸ ਕਹੁ ਕਰਿਹੈ॥ ੨੮॥

ਸਾਡੇ ਵਾਸਤੇ ਜੀਵਨ ਮਰਨ ਸਮਾਨ ਹਨ, ਇਸ ਤਨ ਨੂੰ ਨਾਸ਼ਵੰਤ ਪਛਾਣਿਆ ਹੈ। ਜੋ ਜਨਮ ਲੈਂਦਾ ਹੈ, ਉਹ ਨਿਸ਼ਚੇ ਹੀ ਮਰਦਾ ਹੈ। ਮੂਰਖ ਹੀ ਜੀਉਣ ਦੀ ਆਸ ਕਰਦਾ ਹੈ॥੨੮॥

ਹਮ ਸੁਨਿ ਸ੍ਰਾਪ ਛਿਮਾ ਕਹੁ ਕਰਤੇ। ਲਖਿ ਕਰਿ ਸਿੱਖਜ ਨ ਸ਼ਰਧਾ ਧਰਤੇ।
ਇਨ ਮਹਿਂ ਸਮਰਥ ਜੇ ਨਹਿ ਐਸੇ। ਭਲੋ ਕਰਹਿਂ ਪਰਲੋਕ ਸੁ ਕੈਸੇ॥ ੨੯॥

ਅਸੀਂ ਸਰਾਪ ਬਾਰੇ ਸੁਣ ਕੇ ਜੇ ਖਿਮਾਂ ਨੂੰ ਧਾਰਨ ਕਰਦੇ ਤਾਂ ਇਸ ਤਰ੍ਹਾਂ ਸਮਝ ਕੇ ਸਿੱਖ ਸ਼ਰਧਾ ਧਾਰਨ ਨਾ ਕਰਦੇ। ਇਨ੍ਹਾਂ ਵਿਚ ਜੇ ਐਸੀ ਸਮਰਥਾ ਵੀ ਨਹੀਂ ਹੈ ਤਾਂ ਪਰਲੋਕ ਵਿਚ ਇਹ ਕੈਸਾ ਭਲਾ ਕਰਨਗੇ॥੨੯॥

ਇਮ ਬਿਚਾਰਿ ਹਮ ਅਪਨਿ ਪ੍ਰਭਾਵ। ਕਹਿ ਕਰਿ ਕੀਨਸਿ ਕੁਛਕ ਦਿਖਾਵ।
ਦੁਹ ਸੁਭਾਵ ਨਿਜ ਭ੍ਰਾਤਹਿ ਕੇਰਾ। ਅਰੁ ਤਿਸ ਕੋ ਫਲ ਦਿਯਸਿ ਬਡੇਰਾ॥ ੩੦॥

ਇਸ ਤਰ੍ਹਾਂ ਅਸੀਂ ਆਪਣਾ ਪ੍ਰਭਾਵ ਵਿਚਾਰ ਕੇ, ਕਹਿ ਕੇ ਕੁਝ ਕਰਕੇ ਵਿਖਾਇਆ ਹੈ। ਆਪਣੇ ਭਰਾ ਦਾ ਬੜਾ ਕਰੜਾ ਸੁਭਾਵ ਹੈ ਅਤੇ ਉਸ ਨੂੰ ਵੱਡਾ ਫਲ ਦਿੱਤਾ ਹੈ॥੩੦॥

ਅਪਨੇ ਕਾਰਨ ਹਮ ਨਹਿਂ ਕਹਯੋ। ਦਿਯੋ ਸ੍ਰਾਪ ਇਹ ਦ੍ਵੈ ਬਿਧਿ ਲਹਯੋ।
ਸੁਨਿ ਕਰਿ ਨ੍ਰਿਪ ਜੈ ਸਿੰਘ ਸਵਾਈ। ਅਰ ਗੁਰਬਖਸ਼ ਆਦਿ ਸਮੁਦਾਈ॥ ੩੧॥

ਇਹ ਅਸੀ ਆਪਣੇ ਕਾਰਨ ਨਹੀਂ ਕਿਹਾ ਹੈ, ਸਰਾਪ ਦੇ ਕੇ ਇਹ ਦੋ ਵਿਧੀਆਂ ਨਾਲ ਸਮਝਿਆ ਹੈ।" ਇਹ ਸੁਣ ਕੇ ਰਾਜਾ ਜੈ ਸਿੰਘ ਸਵਾਈ ਅਤੇ ਗੁਰਬਖਸ਼ ਆਦਿ ਹੋਰ ਜਿਹੜੀ ਸੰਗਤ ਇਕੱਠੀ ਹੋਈ ਸੀ॥੩੧॥

ਕਰਹਿਂ ਸਤੁਤਿ ਬਹੁ 'ਤੁਮ ਗੰਭੀਰ। ਧੀਰਜਵੰਤਨਿ ਮਹਿਂ ਪ੍ਰਭੁ ਧੀਰ।
ਲਖਿਯਤਿ ਜ਼ਾਹਰ ਕਲਾ ਤੁਮਾਰੀ। ਗੁਰ ਨਾਨਕ ਗਾਦੀ ਅਧਿਕਾਰੀ॥ ੩੨॥

ਉਨ੍ਹਾਂ ਨੇ ਗੁਰੂ ਜੀ ਦੀ ਬਹੁਤ ਉਸਤਤਿ ਕੀਤੀ, "ਹੇ ਪ੍ਰਭੂ ਜੀ! ਤੁਸੀਂ ਬੜੇ ਗੰਭੀਰ ਅਤੇ ਧੀਰਜਵਾਨ ਹੋ, ਤੁਹਾਡੀ ਜ਼ਾਹਰਾ ਕਲਾ ਦਿਖਾਈ ਦਿੰਦੀ ਹੈ, ਤੁਸੀਂ ਗੁਰੂ ਨਾਨਕ ਦੇਵ ਜੀ ਦੀ ਗੱਦੀ ਦੇ ਅਧਿਕਾਰੀ ਹੋ॥੩੨॥

ਤੁਮ ਸ੍ਰੀ ਗੁਰ ਹਰਿਰਾਇ ਸਪੂਤ। ਜਾਨਤਿ ਹੈਂ ਜਿਨ ਕੀ ਮਤਿ ਪੂਤ।
ਕੋ ਰਾਵਰ ਕੀ ਸਮਤਾ ਕਰਿ ਹੈ। ਉਡਗਨ ਸਸਿ ਕਿਮ ਰਵਿ ਸਮਸਰ ਹੈ'॥ ੩੩॥

ਤੁਸੀਂ ਸ੍ਰੀ ਗੁਰੂ ਹਰਿਰਾਇ ਜੀ ਦੇ ਸਪੁੱਤਰ ਹੋ, ਇਹ ਜਾਣਦੇ ਹਾਂ ਕਿ ਜਿਨ੍ਹਾਂ ਦੀ ਬੁੱਧੀ ਬੜੀ ਪਵਿੱਤਰ ਹੈ। ਆਪ ਜੀ ਦੀ ਬਰਾਬਰੀ ਕੌਣ ਕਰ ਸਕਦਾ ਹੈ, ਤਾਰੇ ਅਤੇ ਚੰਦ ਕਿਵੇਂ ਸੂਰਜ ਦੇ ਸਮਾਨ ਹੋ ਸਕਦੇ ਹਨ'॥੩੩॥

ਇੱਤਯਾਦਿਕ ਆਦਰ ਕਰਿ ਸਾਰੇ। ਮਹਿਮਾ ਭਾਖਤਿ ਅਪਰ ਅਪਾਰੇ।
ਲੈ ਆਗਯਾ ਸਤਿਗੁਰ ਕੀ ਫੇਰ। ਜੈ ਸਿੰਘ ਉਠਯੋ ਸੁ ਦਰਸ਼ਨ ਹੇਰਿ॥ ੩੪॥

ਇਤਿਆਦਿਕ ਆਦਰ ਕਰਕੇ ਸਾਰੇ ਗੁਰੂ ਜੀ ਦੀ ਅਪਰ ਅਪਾਰ ਮਹਿਮਾ ਕਹਿ ਰਹੇ ਸਨ। ਫਿਰ ਸਤਿਗੁਰੂ ਜੀ ਦੀ ਆਗਿਆ ਲੈ ਕੇ ਜੈ ਸਿੰਘ ਦਰਸ਼ਨ ਕਰਕੇ ਉੱਠ ਗਿਆ॥੩੪॥

ਗਯੋ ਸ਼ਾਹੁ ਕੀ ਸਭਾ ਮਝਾਰੇ। ਪਹੁੰਚਯੋ ਨਿਕਟਿ ਬਿਨਾ ਹਟਕਾਰੇ।
ਸਿਰ ਨਿਵਾਇ ਤਹਿਂ ਜਾਇ ਪ੍ਰਵੇਸ਼ਾ। ਹੁਤੇ ਜਹਾਂ ਉਮਰਾਵ ਅਸ਼ੇਸ਼ਾ॥ ੩੫॥

ਉਹ ਬਾਦਸ਼ਾਹ ਦੀ ਸਭਾ ਦੇ ਵਿਚ ਚਲਾ ਗਿਆ ਤੇ ਬਿਨਾ ਰੋਕ ਦੇ ਬਾਦਸ਼ਾਹ ਦੇ ਪਾਸ ਪਹੁੰਚ ਗਿਆ। ਸਿਰ ਨਿਵਾ ਕੇ ਅੰਦਰ ਪ੍ਰਵੇਸ਼ ਕਰ ਗਿਆ, ਜਿਥੇ ਬਾਕੀ ਦੇ ਵਿਸ਼ੇਸ਼ ਉਮਰਾਵ ਬੈਠੇ ਸਨ॥੩੫॥

ਕਜੇਹੂੰ ਗੁਰੂ ਪ੍ਰਸੰਗ ਚਲਾਏ। ਮਹਦ ਸੁਜਸੁ ਕਹਿ ਕਰਿ ਬਿਦਤਾਏ।
ਅਨਿਕ ਪ੍ਰਕਾਰ ਸੁਨਾਵਤਿ ਗਾਥਾ। ਸੁਨਤਿ ਸ਼੍ਰੋਨ ਦਿੱਲੀ ਪੁਰਿ ਨਾਥਾ॥ ੩੬ ॥

ਫਿਰ ਜਦ ਗੁਰੂ ਜੀ ਬਾਰੇ ਪ੍ਰਸੰਗ ਚਲਾਏ, ਵੱਡਾ ਸ੍ਰੇਸ਼ਟ ਜਸ ਕਹਿ ਕੇ ਪ੍ਰਗਟ ਕੀਤੇ। ਅਨੇਕ ਪ੍ਰਕਾਰ ਗਾਥਾ ਸੁਣਾਉਂਦਾ ਸੀ, ਦਿੱਲੀ ਦਾ ਬਾਦਸ਼ਾਹ ਕੰਨਾਂ ਨਾਲ ਸੁਣ ਰਿਹਾ ਸੀ॥੩੬॥

ਤਿਸ ਪਾਛੈ ਗੁਰਬਖਸ਼ ਜਿ ਆਦਿ। ਦੁਹਿਦਿਸ਼ਿ ਸ੍ਰਾਪ ਸੁਨੇ ਬਿਸਮਾਦ।
ਹਹਿਰਤਿ ਰਿਦੈ ਨ ਆਛੀ ਮਾਨੇ। ਸਫਲ ਬਚਨ ਦੁਹ ਭ੍ਰਾਤਨਿ ਜਾਨੇ॥ ੩੭ ॥

ਉਸ ਪਿੱਛੋਂ ਗੁਰਬਖਸ਼ ਆਦਿ ਜਿਹੜੇ ਦੋਵਾਂ ਪਾਸਿਆਂ ਦੇ ਸਰਾਪ ਸੁਣ ਕੇ ਹੈਰਾਨ ਹੋਏ ਸਨ ਤੇ ਉਨ੍ਹਾਂ ਦੇ ਹਿਰਦੇ ਕੰਬ ਉਠੇ ਸਨ ਤੇ ਉਨ੍ਹਾਂ ਇਹ ਚੰਗਾ ਨਹੀਂ ਸੀ ਜਾਣਿਆ, ਕਿਉਂਕਿ ਉਹ ਜਾਣਦੇ ਸਨ ਕਿ ਦੋਵਾਂ ਭਰਾਵਾਂ ਦੇ ਕਹੇ ਬਚਨ ਪੂਰੇ ਹੋਣੇ ਸਨ॥੩੭॥

*ਨੋਟ : ਗੁਰੂ ਹਰਿਕ੍ਰਿਸ਼ਨ ਜੀ ਦਾ ਸਰਾਪ ਦੇਣਾ ਵੀ ਯੋਗ ਤਥ ਨਹੀਂ ਹੈ, ਕਿਉਂਕਿ ਕਵੀ ਜੀ ਸ੍ਰੀ ਰਾਮਰਾਇ ਦੀ ਜ਼ਿੰਦਗੀ ਬਾਰੇ ਜੋ ਬਾਅਦ ਵਿਚ ਸਭ ਕੁਝ ਹੋਇਆ, ਉਸ ਬਾਰੇ ਜਾਣਦੇ ਸਨ ਇਸ ਕਰਕੇ ਉਨ੍ਹਾਂ ਘਟਨਾਵਾਂ ਨੂੰ ਉਨ੍ਹਾਂ ਗੁਰੂ ਹਰਿਕ੍ਰਿਸ਼ਨ ਜੀ ਦੇ ਸਰਾਪ ਵਿਚ ਬਦਲ ਦਿੱਤਾ ਹੈ। ਸਰਾਪ ਅਤੇ ਵਰ ਦੇਣਾ ਗੁਰੂ ਘਰ ਵਿਚ ਯੋਗ ਨਹੀਂ ਸਮਝਿਆ ਜਾਂਦਾ ਹੈ ਹਰ ਸਿੱਖ ਜਾਣਦਾ ਹੈ ਕਿ ਜੋ ਕੁਝ ਵੀ ਹੋ ਰਿਹਾ ਹੈ ਉਹ ਪ੍ਰਭੂ ਦੀ ਰਜ਼ਾ ਵਿਚ ਹੋ ਰਿਹਾ ਹੈ, ਮਨੁੱਖ ਦੇ ਹੱਥ ਵਿਚ ਕੁਝ ਨਹੀਂ ਹੈ।*

ਬਰਬਾਦ ਨ ਹੋਇ ਗੁਰਤਾ ਗਾਦੀ। ਸਿੱਖਜ ਮਸੰਦਨਿ ਗਨ ਅਹਿਲਾਦੀ।
ਪਸਰੀ ਬਾਤ ਸਭਿਨਿ ਮਹਿ ਹੋਈ। ਨਮੋ ਕਰਹਿਂ ਗਮਨੇ ਸਭਿ ਕੋਈ॥ ੩੮ ॥

ਗੁਰਤਾ ਗੱਦੀ ਕਿਤੇ ਬਰਬਾਦ ਨਾ ਹੋ ਜਾਵੇ, ਜਿਹੜੀ ਸਾਰੇ ਸਿੱਖਾਂ ਅਤੇ ਮਸੰਦਾਂ ਨੂੰ ਆਨੰਦ ਦੇਣ ਵਾਲੀ ਹੈ। ਇਹ ਗੱਲ ਫੈਲ ਕੇ ਫਿਰ ਸਾਰਿਆਂ ਵਿਚ ਹੋਈ, ਨਮਸਕਾਰ ਕਰਕੇ ਸਾਰੇ ਚਲੇ ਗਏ॥੩੮॥

ਕੋ ਜਾਨਹਿ ਕੈਸੇ ਹੁਇ ਜਾਇ। ਭ੍ਰਾਤ ਪਰਸਪਰ ਬਾਦ ਉਠਾਇਂ।
ਸ੍ਰੀ ਹਰਿਕ੍ਰਿਸ਼ਨ ਸਤਿਗੁਰੂ ਪੂਰੇ। ਜਿਨ ਕੇ ਚਲਿਤ ਅਨਿਕ ਗੁਨ ਰੂਰੇ॥ ੩੯ ॥

ਕੌਣ ਜਾਣਦਾ ਸੀ ਕਿਵੇਂ ਹੋ ਜਾਵੇ, ਭਰਾਵਾਂ ਨੇ ਆਪਸ ਵਿਚ ਝਗੜਾ ਉਠਾਇਆ ਹੈ। ਸ੍ਰੀ ਹਰਿਕ੍ਰਿਸ਼ਨ ਜੀ ਪੂਰਨ ਸਤਿਗੁਰੂ ਹਨ ਜਿਨ੍ਹਾਂ ਵਿਚ ਅਨੇਕ ਸੁੰਦਰ ਗੁਣ ਹਨ॥੩੯॥

ਦੋਹਰਾ- ਸਭਿ ਤੇ ਭਏ ਇਕਾਂਤ ਪੁਨ ਸਹਿਜ ਸਮਾਧਿ ਸੁਹਾਇ।
ਕਵਿ ਸੰਤੋਖ ਸਿੰਘ ਬੰਦਨਾ ਸਤਿਗੁਰ ਕੇ ਜੁਗ ਪਾਇ॥ ੪੦ ॥

ਸਾਰਿਆਂ ਦੇ ਚਲੇ ਜਾਣ ਬਾਅਦ ਫਿਰ ਇਕਾਂਤ ਵਿਚ ਬੈਠ ਕੇ ਗੁਰੂ ਜੀ ਨੇ ਸਹਿਜ ਸਮਾਧੀ ਲਾ ਲਈ। ਕਵੀ ਸੰਤੋਖ ਸਿੰਘ ਜੀ ਸਤਿਗੁਰੂ ਸ੍ਰੀ ਹਰਿਕ੍ਰਿਸ਼ਨ ਜੀ ਦੇ ਦੋਹਾਂ ਚਰਨਾਂ 'ਤੇ ਬੰਦਨਾ ਕਰਦੇ ਹਨ॥੪੦॥

*ਦਸਵੀਂ ਰਾਸ ਦਾ ਬਤਾਲੀਵਾਂ ਅਧਿਆਇ ਸਮਾਪਤ ਹੋਇਆ॥੪੨॥*

❖❖❖

# ਅਧਿਆਇ ਤਰਤਾਲੀਵਾਂ

### ਸ਼ਹਿਜ਼ਾਦਾ ਭੇਟਾ ਲੈਕੇ ਆਇਆ

ਦੋਹਰਾ-ਸ਼ਾਹੁ ਸਭਾ ਮਹਿਂ ਸੁਜਸੁ ਸੁਨਿ 'ਸ੍ਰੀ ਹਰਿਕ੍ਰਿਸ਼ਨ ਬਿਸਾਲ।
ਕਰਾਮਾਤ ਸਾਹਿਬ ਧਨੀ ਦਰਸ਼ਨ ਤੇ ਦੁਖ ਟਾਲ'॥ ੧॥

ਬਾਦਸ਼ਾਹ ਨੇ ਜਦ ਸਭਾ ਦੇ ਵਿਚ ਸ੍ਰੇਸ਼ਟ ਜਸ ਸੁਣਿਆ, "ਸ੍ਰੀ ਹਰਿਕ੍ਰਿਸ਼ਨ ਜੀ ਵੱਡੀ ਕਰਾਮਾਤ ਦੇ ਧਨੀ ਹਨ ਤੇ ਉਨ੍ਹਾਂ ਦੇ ਦਰਸ਼ਨ ਕਰਨ ਨਾਲ ਹੀ ਦੁੱਖ ਦੂਰ ਹੋ ਜਾਂਦੇ ਹਨ" ॥੧॥

ਚੌਪਈ- ਕਹਤਿ ਸ਼ਾਹੁ ਮਨ ਪ੍ਰੇਮ ਬਢਾਈ। 'ਸੁਨੀਏ ਭੋ ਜੈਸਿੰਘ ਸਵਾਈ!
ਹਮਰੇ ਸੰਗ ਮੇਲ ਕਿਮ ਹੋਇ। ਹਰਖਤਿ ਹੁਇ ਚਹਿਂ ਕੈ ਨਹਿਂ ਸੋਇ॥੨॥

ਬਾਦਸ਼ਾਹ ਨੇ ਮਨ ਵਿਚ ਬੜਾ ਪ੍ਰੇਮ ਵਧਾ ਕੇ ਕਿਹਾ, 'ਹੇ ਜੈ ਸਿੰਘ ਸਵਾਈ! ਦੱਸੋ ਸਾਡੇ ਨਾਲ ਉਨ੍ਹਾਂ ਦਾ ਮੇਲ ਕਿਵੇਂ ਹੋਵੇ, ਪ੍ਰਸੰਨ ਹੋ ਕੇ ਸਾਡਾ ਮੇਲ ਉਹ ਚਾਹੁੰਦੇ ਹਨ ਕਿ ਨਹੀਂ ਚਾਹੁੰਦੇ॥੨॥

ਸੋਮ ਸਰੂਪ ਆਰਬਲ ਬਾਲ। ਉਰ ਗੰਭੀਰ ਸਧੀਰ ਬਿਸਾਲ।
ਏਕ ਬਾਰ ਮਿਲਿਬੋ ਕਹਿ ਲੀਜਹਿ। ਤਿਨ ਪ੍ਰਸੰਨਤਾ ਯੁਤਿ ਠਹਿਰੀਜਹਿ' ॥੩॥

ਚੰਦਰਮਾਂ ਵਾਂਗ ਪਿਆਰਾ ਰੂਪ ਹੈ ਤੇ ਬਾਲ ਉਮਰ ਹੈ, ਹਿਰਦੇ ਵਿਚ ਬੜੇ ਗੰਭੀਰ ਤੇ ਵਿਸ਼ਾਲ ਧੀਰਜਵਾਨ ਹਨ। ਇਕ ਵਾਰ ਮਿਲਣ ਵਾਸਤੇ ਕਹਿ ਲਵੋ, ਪਰ ਉਨ੍ਹਾਂ ਨੂੰ ਪ੍ਰਸੰਨਤਾ ਸਹਿਤ ਮਿਲਣ ਵਾਸਤੇ ਮਨਾਓ" ॥੩॥

ਜੈਪੁਰਿ ਨਾਥ ਕਹਤਿ ਕਰ ਜੋਰੇ। 'ਕਿਸਹੂੰ ਪਠਹੁ ਸਤਿਗੁਰੂ ਓਰੇ।
ਮੈਂ ਗਮਨੌਂ ਸੰਗ ਬੂਝਹਿਂ ਜਾਈ। ਜਿਮ ਹੁਇ ਮਰਜ਼ੀ, ਦੇਹਿਂ ਬਤਾਈ॥੪॥

ਜੈਪੁਰ ਦੇ ਰਾਜੇ ਨੇ ਹੱਥ ਜੋੜ ਕੇ ਕਿਹਾ, "ਕਿਸੇ ਨੂੰ ਸਤਿਗੁਰੂ ਜੀ ਦੇ ਪਾਸ ਭੇਜੋ, ਮੈਂ ਨਾਲ ਜਾਵਾਂਗਾ ਤੇ ਉਨ੍ਹਾਂ ਨੂੰ ਜਾ ਕੇ ਪੁੱਛਾਂਗੇ ਜਿਵੇਂ ਉਨ੍ਹਾਂ ਦੀ ਮਰਜ਼ੀ ਹੋਵੇਗੀ, ਦੱਸ ਦੇਵਾਂਗੇ॥੪॥

ਮਿਲਿਬੋ ਠਹਿਰਹਿ ਤੌ ਚਲਿ ਆਵਹਿਂ। ਨਾਂਹਿਤ ਰਾਵਰ ਤਹਾਂ ਸਿਧਾਵਹਿਂ।
ਬਰਤਹਿਂ ਨਿਜ ਇੱਛਾ ਅਨੁਸਾਰੀ। ਬੋਲਿਬ ਮਹਿਂ ਚਾਤੁਰ ਮਤਿ ਭਾਰੀ॥੫॥

ਜੇ ਮਿਲਣਾ ਮੰਨ ਜਾਣਗੇ ਤਾਂ ਚਲ ਕੇ ਆ ਜਾਣਗੇ, ਨਹੀਂ ਤਾਂ ਆਪ ਜੀ ਉਥੇ ਚਲੇ ਜਾਵੋ, ਉਹ ਆਪਣੀ ਇੱਛਾ ਅਨੁਸਾਰ ਹੀ ਵਰਤਾਰਾ ਕਰਨਗੇ। ਬੋਲਣ ਵਿਚ ਬੜੇ ਚਤੁਰ ਹਨ ਤੇ ਬੜੀ ਜ਼ਹੀਨ ਬੁੱਧੀ ਹੈ॥੫॥

ਲਾਖਹੁ ਸੰਗਤਿ ਦਰਸ਼ਨ ਪਾਵੈ। ਕੋਸ ਹਜ਼ਾਰਨਿ ਤੇ ਚਲਿ ਆਵੈਂ।
ਕਹੈਂ ਆਨਿ ਹਮ ਸੰਕਟ ਪਰਜੋ। ਤਿਸ ਥਲ ਮਨ ਮਹਿਂ ਸਿਮਰਨਿ ਕਰਜੋ॥੬॥

ਲੱਖਾਂ ਦੀ ਗਿਣਤੀ ਵਿਚ ਸੰਗਤ ਦਰਸ਼ਨ ਕਰਦੀ ਹੈ ਤੇ ਹਜ਼ਾਰਾਂ ਕੋਹਾਂ ਤੋਂ ਚਲ ਕੇ ਆਉਂਦੀ ਹੈ। ਆ ਕੇ ਕਹਿੰਦੇ ਹਨ ਕਿ ਸਾਨੂੰ ਬਿਪਤਾ ਪੈ ਗਈ ਸੀ, ਉਸ ਸਥਾਨ 'ਤੇ ਹੀ ਮਨ ਵਿਚ ਤੁਹਾਨੂੰ ਯਾਦ ਕੀਤਾ॥੬॥

ਭਏ ਸਹਾਇਕ ਤਹਿਂ ਤਤਕਾਲਾ। ਕਾਟਿ ਕਸ਼ਟ ਕੋ ਕਿਯੋ ਸੁਖਾਲਾ।
ਕੋ ਕਹਿ ਮੇਰੇ ਪੁੱਤ੍ਰ ਉਪੰਨਾ। ਭਏ ਮੋਹਿ ਪਰ ਗੁਰੂ ਪ੍ਰਸੰਨਾ॥ ੭॥

ਤੁਰਤ ਤੁਸੀਂ ਸਾਡੇ ਸਹਾਇਕ ਬਣੇ ਹੋ, ਕਸ਼ਟ ਕੱਟ ਕੇ ਸਾਨੂੰ ਸੁਖੀ ਬਣਾ ਦਿੱਤਾ ਹੈ। ਕੋਈ ਕਹਿੰਦਾ ਹੈ ਮੇਰੇ ਘਰ ਪੁੱਤਰ ਪੈਦਾ ਹੋਇਆ ਹੈ, ਗੁਰੂ ਜੀ ਮੇਰੇ ਉੱਤੇ ਬਹੁਤ ਪ੍ਰਸੰਨ ਹੋਏ ਹਨ॥੭॥

ਇੱਤਜਾਦਿਕ ਭਾਖਤਿ ਅਰਦਾਸ। ਅੰਤਰਜਾਮੀ ਪੂਰਹਿਂ ਆਸ।
ਦੇਸ਼ ਬਿਦੇਸ਼ਨਿ ਮਹਿਮਾ ਭਾਰੀ। ਹੋਤਿ ਸੁਨੀ ਅਰੁ ਨੈਨ ਨਿਹਾਰੀ॥ ੮॥

ਇਤਿਆਦਿਕ ਅਰਦਾਸ ਕਰਦੇ ਹਨ, ਅੰਤਰਜਾਮੀ ਗੁਰੂ ਜੀ ਉਨ੍ਹਾਂ ਦੀ ਆਸ ਪੂਰੀ ਕਰਦੇ ਹਨ। ਦੇਸ਼ਾਂ ਬਿਦੇਸ਼ਾਂ ਵਿਚ ਭਾਰੀ ਮਹਿਮਾ ਹੈ, ਮਹਿਮਾ ਹੁੰਦੀ ਸੁਣੀ ਹੈ ਤੇ ਅੱਖਾਂ ਨਾਲ ਵੀ ਵੇਖੀ ਹੈ॥੮॥

ਕਹੇ ਆਪ ਕੇ ਕਾਰਜ ਕੀਨਾ। ਪ੍ਰੇਮ ਧਾਰਿ ਮੈਂ ਨਰ ਪਠਿ ਦੀਨਾ।
ਅਨਿਕ ਉਪਾਇਨ ਬਿਨੈ ਸਮੇਤ। ਹੇਤ ਅਵਾਹਨ ਪਠੀ ਨਿਕੇਤ॥ ੯॥

ਆਪ ਜੀ ਦੇ ਕਹਿਣ ਉੱਤੇ ਕਾਰਜ ਕੀਤਾ ਹੈ, ਬੜਾ ਪ੍ਰੇਮ ਧਾਰ ਕੇ ਮੈਂ ਇਕ ਮਨੁੱਖ ਨੂੰ ਭੇਜਿਆ ਸੀ। ਅਨੇਕਾਂ ਉਪਹਾਰਾਂ ਅਤੇ ਬੇਨਤੀਆਂ ਸਹਿਤ ਏਥੇ ਲਿਆਉਣ ਵਾਸਤੇ ਉਨ੍ਹਾਂ ਦੇ ਘਰ ਗਿਆ ਸੀ॥੯॥

ਮੋਹਿ ਦੂਤ ਕਰਿ ਅਨਿਕ ਉਪਾਇ। ਆਨੇ ਪੁਰਿ ਮਹਿਂ ਹਿਤ ਅਧਿਕਾਇ'।
ਕਹਿਤਿ ਸ਼ਾਹੁ 'ਕਹੁ, ਕਿਸੈ ਪਠਾਵੈਂ। ਹਮ ਭੀ ਬਹੁ ਉਪਹਾਰ ਚਢਾਵੈਂ' ॥੧੦॥

ਮੇਰੇ ਦੂਤ ਨੇ ਅਨੇਕ ਯਤਨ ਕਰਕੇ, ਉਨ੍ਹਾਂ ਨੂੰ ਉਨ੍ਹਾਂ ਦੀ ਆਗਿਆ ਅਨੁਸਾਰ ਨਗਰ ਵਿਚ ਲਿਆਂਦਾ ਹੈ।'' ਬਾਦਸ਼ਾਹ ਕਹਿਣ ਲੱਗਾ, ''ਦੱਸੋ ਕਿਸ ਨੂੰ ਭੇਜੀਏ, ਅਸੀਂ ਵੀ ਬਹੁਤ ਉਪਹਾਰ ਚੜ੍ਹਾਵਾਂਗੇ''॥੧੦॥

ਇਤਨੇ ਬਿਖੈ ਸ਼ਜ਼ਾਦਾ ਆਯੋ। ਪੁੱਤ੍ਰ ਪੇਖਿ ਕਰਿ ਉਰ ਹਰਖਾਯੋ।
ਅੰਕ ਲੇਯ ਕਰਿ ਕਹਯੋ ਲਡਾਇ। 'ਤੁਮ ਹੀ ਗਮਨਹੁ ਗੁਰ ਨਿਕਟਾਇ॥੧੧॥

ਏਨੇ ਵਿਚ ਸ਼ਹਿਜ਼ਾਦਾ ਆ ਗਿਆ। ਪੁੱਤਰ ਨੂੰ ਵੇਖ ਕੇ ਬਾਦਸ਼ਾਹ ਦਿਲ ਵਿਚ ਬਹੁਤ ਪ੍ਰਸੰਨ ਹੋਇਆ। ਗੋਦ ਵਿਚ ਲੈ ਕੇ ਲਾਡ ਕਰਕੇ ਕਿਹਾ, ''ਤੂੰ ਹੀ ਗੁਰੂ ਜੀ ਦੇ ਪਾਸ ਜਾ॥੧੧॥

ਜਿਮ ਬਾਲਿਕ ਬਯ ਅਹੈ ਤਿਹਾਰੀ। ਤਿਮ ਗੁਰ ਹਿੰਦੁਨਿ ਕੀ ਇਕ ਸਾਰੀ।
ਏਕ ਰਕੇਬੀ ਭਰਹੁ ਜਵਾਹਰ। ਇਕ ਮਹਿਂ ਧਰਿ ਦੀਨਾਰ ਸੁ ਜ਼ਾਹਰ॥ ੧੨॥

ਜਿਵੇਂ ਇਕ ਬਾਲਕ ਦੀ ਤੇਰੀ ਉਮਰ ਹੈ, ਉਸ ਤਰ੍ਹਾਂ ਹੀ ਹਿੰਦੂਆਂ ਦੇ ਗੁਰੂ ਜੀ ਦੀ ਉਮਰ ਤੇਰੇ ਸਮਾਨ ਹੀ ਹੈ। ਇਕ ਥਾਲ ਹੀਰੇ ਜਵਾਹਰਾਤ ਨਾਲ ਭਰੇ, ਇਕ ਥਾਲ ਜ਼ਾਹਰਾ ਤੌਰ ਤੇ ਅਸ਼ਰਫੀਆਂ ਨਾਲ ਭਰ ਲਵੇ॥੧੨॥

ਅਰਪਹੁ ਜਾਇ ਭਲਾ ਨਿਜ ਜਾਚਹੁ। ਹਿਤ ਕੇ ਬਾਕ ਕਹਿਨ ਮਹਿਂ ਰਾਚਹੁ।
ਹਮਰੀ ਮੁਲਾਕਾਤ ਠਹਿਰਾਵਹੁ। ਜੇ ਨਹਿ ਮਾਨਹਿਂ, ਏਵ ਅਲਾਵਹੁ॥ ੧੩॥

ਦੋਵੇਂ ਥਾਲ ਜਾ ਕੇ ਗੁਰੂ ਜੀ ਨੂੰ ਅਰਪਣ ਕਰ ਦੇਵੇ ਤੇ ਆਪਣਾ ਭਲਾ ਮੰਗੇ ਤੇ ਉਨ੍ਹਾਂ ਪਾਸੋਂ ਆਪਣੇ ਹਿੱਤ ਦੇ ਬਚਨ ਕਹਾਓ। ਉਨ੍ਹਾਂ ਨਾਲ ਸਾਡੀ ਮੁਲਾਕਾਤ ਮੁਕੱਰਰ ਕਰਵਾਓ, ਜੇ ਨਾ ਮੰਨਣ ਤਾਂ ਇੰਝ ਕਹੋ॥੧੩॥

ਅਪਨੇ ਸ਼ਬਦ ਦੇਹੁ ਲਿਖਵਾਇ। ਸੋ ਆਨਹੁ ਲਿਖਿ ਹਮਹੁ ਦਿਖਾਇ'।
ਸੁਨਤਿ ਸ਼ਜ਼ਾਦਾ ਹੋਯਹੁ ਤਯਾਰ। ਬਹੁਤ ਮੋਲ ਕੇ ਲੇ ਉਪਹਾਰ॥ ੧੪॥

ਆਪਣੇ ਸ਼ਬਦ ਲਿਖਵਾ ਦੇਵੋ, ਉਹ ਸ਼ਬਦ ਲਿਆ ਕੇ ਸਾਨੂੰ ਵਿਖਾਓ।'' ਸ਼ਹਿਜ਼ਾਦਾ ਸੁਣ ਕੇ ਤਿਆਰ ਹੋ ਗਿਆ ਤੇ ਉਸ ਬਹੁਤ ਕੀਮਤੀ ਉਪਹਾਰ ਲੈ ਲਏ॥੧੪॥

ਗਮਨੇ ਸਾਥ ਕਿਤਿਕ ਉਮਰਾਵ। ਬਸਤ੍ਰ ਬਿਭੂਖਨ ਰੁਚਿਰ ਬਨਾਵ।
ਚਲਜੋ ਸੰਗ ਜੈ ਸਿੰਘ ਸਵਾਈ। ਬੁਲਤਿ ਨਕੀਬ ਸੁ ਬਾਜ ਬਜਾਈ॥ ੧੫॥

ਕਈ ਉਮਰਾਵ ਸ਼ਹਿਜ਼ਾਦੇ ਦੇ ਨਾਲ ਗਏ, ਕੱਪੜੇ ਗਹਿਣੇ ਬੜੇ ਸੁੰਦਰ ਪਹਿਨ ਲਏ। ਰਾਜਾ ਜੈ ਸਿੰਘ ਵੀ ਨਾਲ ਚਲ ਪਿਆ। ਨਕੀਬ ਬੋਲਦਾ ਜਾਂਦਾ ਸੀ ਤੇ ਵਾਜੇ ਵੱਜਦੇ ਜਾਂਦੇ ਸਨ॥੧੫॥

ਨਰ ਧਨਾਢ ਅਰੁ ਬੁੱਧਿ ਬਿਸਾਲੇ। ਇਲਮ ਬਿਖੈ ਕਾਮਲ ਸੰਗ ਚਾਲੈ।
ਸਨੇ ਸਨੇ ਪੁਰਿ ਬਿਖੇ ਸ਼ਜ਼ਾਦਾ। ਗਮਨਤਿ ਦੇਤਿ ਸਭਿਨਿ ਅਹਿਲਾਦਾ॥ ੧੬॥

ਕੁਝ ਅਮੀਰ ਅਤੇ ਬੁਧੀਮਾਨ ਮਨੁੱਖ, ਜਿਹੜੇ ਇਲਮ ਵਿਚ ਕਾਮਲ ਸਨ, ਨਾਲ ਚਲ ਪਏ। ਹੌਲੀ-ਹੌਲੀ ਸ਼ਹਿਜ਼ਾਦਾ ਜੈ ਸਿੰਘ ਪੁਰੇ ਮਹੱਲੇ ਤੋਂ ਲੰਘਦਾ ਹੋਇਆ ਸਾਰਿਆਂ ਨੂੰ ਪ੍ਰਸੰਨ ਕਰ ਰਿਹਾ ਸੀ॥੧੬॥

ਸ੍ਰੀ ਹਰਿਕ੍ਰਿਸ਼ਨ ਨਿਕਟਿ ਸੁਧਿ ਗਈ। 'ਆਇ ਸ਼ਜ਼ਾਦਾ ਭੇਟਨਿ ਲਈ'।
ਤਤਛਿਨ ਕਹਿ ਕਨਾਤ ਤਨਵਾਈ। ਅਨਿਕ ਬਰਨ ਕੇ ਫਰਸ਼ ਡਸਾਈ॥ ੧੭॥

ਸ੍ਰੀ ਗੁਰੂ ਹਰਿਕ੍ਰਿਸ਼ਨ ਪਾਸ ਵੀ ਖ਼ਬਰ ਪੁੱਜੀ, "ਸ਼ਹਿਜ਼ਾਦਾ ਭੇਟਾਵਾਂ ਲੈ ਕੇ ਆ ਰਿਹਾ ਹੈ।" ਗੁਰੂ ਜੀ ਨੇ ਤੁਰਤ ਕਹਿ ਕੇ ਕਨਾਤ ਤਣਵਾਈ ਤੇ ਰੰਗ ਬਰੰਗੇ ਕਾਲੀਨ ਵਿਛਾ ਕੇ ਫਰਸ਼ ਤਿਆਰ ਕਰਵਾਇਆ॥੧੭॥

ਸ਼ਸਤ੍ਰ ਬਸਤ੍ਰ ਸਜਿ ਕੈ ਬਿਧਿ ਨਾਨਾ। ਬੈਠੇ ਆਨਿ ਸੁਭਟ ਬਲਵਾਨਾ।
ਬਿੰਦ ਮਸੰਦ ਮੇਵੜੇ ਆਏ। ਚਵਰਦਾਰ ਲੇ ਚਵਰ ਢੁਰਾਏ॥ ੧੮॥

ਕਈ ਵਿਧੀਆਂ ਅਨੁਸਾਰ ਸ਼ਸਤਰ ਬਸਤਰ ਪਹਿਨ ਕੇ ਅਤੇ ਚੰਗੀ ਤਰ੍ਹਾਂ ਸੱਜ ਕੇ ਬਲਵਾਨ ਸੂਰਮੇ ਆ ਬੈਠੇ। ਬਹੁਤ ਮਸੰਦ ਅਤੇ ਮੇਵੜੇ (ਅਰਦਾਸੀਏ) ਆਏ। ਚੌਰਬਰਦਾਰ ਚੌਰ ਕਰ ਰਿਹਾ ਸੀ॥੧੮॥

ਕਰੀ ਕਨਕ ਰੂਪੇ ਸੁਠ ਛਰੀ। ਛਰੀਦਾਰ ਕਰਿ ਪੰਕਤਿ ਖਰੀ।
ਖਰੀ ਸਭਾ ਆਲਸ ਪਰਹਰੀ। ਹਰੀ ਮਨਹੁ ਲਖਿ ਸ਼ੱਤ੍ਰਨਿ ਕਰੀ॥ ੧੯॥

ਚੋਬਦਾਰ ਨੇ ਆਪਣੇ ਹੱਥਾਂ ਵਿਚ ਸੋਨੇ ਚਾਂਦੀ ਦੀਆਂ ਸੋਹਣੀਆਂ ਚੋਬਾਂ ਲੈ ਕੇ ਪੰਗਤਾਂ ਖੜੀਆਂ ਕਰ ਦਿੱਤੀਆਂ। ਸਾਰੀ ਸਭਾ ਸਾਵਧਾਨ ਹੋ ਗਈ, ਮਾਨੋਂ ਗੁਰੂ ਜੀ, ਹਾਥੀ ਰੂਪ ਵੈਰੀਆਂ ਲਈ ਸ਼ੇਰ ਸਮਾਨ ਹਨ॥੧੯॥

ਸ਼ਬਦ ਰਬਾਬੀ ਗਾਵਹਿਂ ਰਾਗ। ਰਾਗ ਪ੍ਰਭੂ ਕੋ ਜਿਸ ਤੇ ਜਾਗ।
ਤਿਸਛਿਨ ਆਇ ਸ਼ਜ਼ਾਦਾ ਗਇਊ। ਵਹਿਰ ਕਨਾਤ ਸੁ ਨੰਮ੍ਰੀ ਭਇਊ॥੨੦॥

ਰਬਾਬੀ ਰਾਗਾਂ ਵਿਚ ਸ਼ਬਦ ਗਾਇਨ ਕਰ ਰਹੇ ਸਨ, ਜਿਸ ਨਾਲ ਪ੍ਰਭੂ ਵਾਸਤੇ ਪ੍ਰੇਮ ਜਾਗਦਾ ਸੀ। ਉਸ ਸਮੇਂ ਸ਼ਹਿਜ਼ਾਦਾ ਆ ਗਿਆ, ਕਨਾਤ ਦੇ ਬਾਹਰ ਹੀ ਉਹ ਸਨਿਮਰ ਹੋ ਗਿਆ॥੨੦॥

ਕਨਕ ਰਕੇਬੀ ਦੋਨਹੁ ਆਗੇ। ਮੁਹਰ ਜਵਾਹਰ ਜੋਤਿ ਸੁ ਜਾਗੇ।
ਗਹੀ ਮੇਵੜੇ ਹਾਥ ਪਸਾਰਿ। ਕਰਿ ਊਚੀ ਅਰਦਾਸ ਉਚਾਰਿ॥ ੨੧॥

ਸੋਨੇ ਦੇ ਦੋਵੇਂ ਥਾਲ ਉਸ ਅੱਗੇ ਕੀਤੇ, ਜਿਨ੍ਹਾਂ ਵਿਚ ਮੁਹਰਾਂ ਅਤੇ ਜਵਾਹਰਾਤ ਚਮਕ ਰਹੇ ਸਨ। ਮੇਵੜੇ ਨੇ ਦੋਵੇਂ ਥਾਲ ਹੱਥ ਅੱਗੇ ਵਧਾ ਕੇ ਫੜ ਲਏ ਤੇ ਫਿਰ ਬੜੀ ਉੱਚੀ ਆਵਾਜ਼ ਵਿਚ ਅਰਦਾਸ ਕੀਤੀ॥੨੧॥

ਸਾਦਰ ਸਭਿ ਉਮਰਾਵ ਸਮੇਤ। ਸਥਿਤ ਸ਼ਜ਼ਾਦਾ ਬੀਚ ਨਿਕੇਤ।
ਸਿਰ ਨਿਵਾਇ ਸਭਿ ਬੈਠਤਿ ਭਏ। ਜੈਪੁਰਿ ਨਾਥ ਅਗਾਊ ਕਿਏ॥ ੨੨॥

ਸਾਰੇ ਉਮਰਾਵ ਸਮੇਤ, ਸ਼ਹਿਜ਼ਾਦਾ ਅੰਦਰ ਬੈਠ ਗਿਆ। ਸਿਰ ਨਿਵਾ ਕੇ ਸਾਰੇ ਬੈਠਦੇ ਜਾਂਦੇ ਸਨ, ਜੈਪੁਰ ਦੇ ਰਾਜੇ ਨੂੰ ਸਭ ਤੋਂ ਅੱਗੇ ਕੀਤਾ॥੨੨॥

ਕਰੀ ਬੰਦਗੀ ਸ਼ਾਹੁ ਦਿਸ਼ਾ ਤੇ। ਬਹੁਰੋ ਕਹੀ ਮਿਲਿਨਿ ਕੀ ਬਾਤੇਂ।
'ਹਜ਼ਰਤ ਰਿਦੈ ਲਾਲਸਾ ਅਹੈ। ਜਿਸ ਤੇ ਰਾਵਰਿ ਦਰਸ਼ਨ ਲਹੈ॥ ੨੩॥

ਉਮਰਾਵ ਨੇ ਬਾਦਸ਼ਾਹ ਵਲੋਂ ਬੰਦਨਾ ਕੀਤੀ, ਫਿਰ ਉਨ੍ਹਾਂ ਨਾਲ ਮਿਲਣ ਦੀ ਗੱਲ ਕੀਤੀ, "ਬਾਦਸ਼ਾਹ ਦੇ ਦਿਲ ਵਿਚ ਇਹ ਲਾਲਸਾ ਹੈ, ਜਿਸ ਤਰ੍ਹਾਂ ਵੀ ਆਪ ਜੀ ਦੇ ਦਰਸ਼ਨ ਕਰ ਸਕਣ॥੨੩॥

ਇਸੀ ਹੇਤੁ ਕਰਿ ਪਠਜੋ ਸ਼ਜ਼ਾਦਾ। ਜੋ ਨਿਤ ਦੇ ਪਿਤ ਰਿਦ ਅਹਿਲਾਦਾ।
ਜੈ ਪੁਰਿ ਨਾਥ ਸਾਥ ਬਹੁ ਕਹੇ। ਬੀਚ ਪਾਇ ਆਵਾਹਨਿ ਚਹੇ॥ ੨੪॥

ਏਸੇ ਵਾਸਤੇ ਉਨ੍ਹਾਂ ਨੇ ਸ਼ਹਿਜ਼ਾਦੇ ਨੂੰ ਭੇਜਿਆ ਹੈ, ਜਿਹੜਾ ਸਦਾ ਹੀ ਪਿਤਾ ਦੇ ਹਿਰਦੇ ਨੂੰ ਅਨੰਦ ਬਖ਼ਸ਼ਦਾ ਹੈ। ਜੈਪੁਰ ਦੇ ਰਾਜੇ ਜੈ ਸਿੰਘ ਨੂੰ ਬਹੁਤ ਵਾਰ ਕਿਹਾ ਹੈ, ਜਿਸ ਨੂੰ ਵਿਚ ਪਾ ਕੇ ਬੁਲਾਉਣਾ ਚਾਹੁੰਦੇ ਹਨ॥੨੪॥

ਕਰਤਿ ਪ੍ਰਤੀਖਨਿ ਮਿਲਿਬੇ ਕੇਰ। ਮਗ ਖੁਦਾਇ ਕੇ ਚਲਤਿ ਬਡੇਰ।
ਤੁਮ ਸਮ ਕੇ ਦਰਸ਼ਨ ਕੋ ਚਾਹਤਿ। ਸ਼ਰ੍ਹਾ ਬੀਚ ਦਿਨ ਰੈਨ ਉਮਾਹਤਿ॥੨੫॥

ਮਿਲਣ ਦਾ ਉਹ ਇੰਤਜ਼ਾਰ ਕਰ ਰਹੇ ਹਨ, ਉਹ ਚੰਗੀ ਤਰ੍ਹਾਂ ਖ਼ੁਦਾ ਦੇ ਰਾਹ 'ਤੇ ਚਲ ਰਹੇ ਹਨ। ਤੁਹਾਡੇ ਵਰਗੇ ਪਵਿੱਤਰ ਪੁਰਸ਼ਾਂ ਦੇ ਦਰਸ਼ਨ ਕਰਨੇ ਚਾਹੁੰਦੇ ਹਨ ਤੇ ਦਿਨ ਰਾਤ ਸ਼ਰ੍ਹਾ ਵਿਚ ਰਹਿ ਕੇ ਪ੍ਰਸੰਨ ਹੁੰਦੇ ਹਨ॥੨੫॥

ਕਹੈਂ ਕਹਾਂ ਲਗਿ ਸ਼ਾਹੁ ਬਡਾਈ। ਰਾਖਤਿ ਸਾਚ ਪਾਜ ਉਘਰਾਈ।
ਨਹੀਂ ਦੰਭ ਕੋ ਮਾਨਹਿਂ ਨਿਮੋਂ। ਤੁਮ ਕੋ ਬਡ ਲਖਿ ਭੇਜਜੋ ਹਮੋਂ'॥ ੨੬॥

ਬਾਦਸ਼ਾਹ ਦੀ ਵਡਿਆਈ ਕਿਥੋਂ ਤਕ ਕਰੀਏ, ਸੱਚ ਰਖਦਾ ਹੈ ਤੇ ਝੂਠੇ ਦੇ ਪਾਜ ਖੋਲ੍ਹ ਦਿੰਦਾ ਹੈ। ਪਖੰਡ ਨੂੰ ਮੰਨ ਕੇ ਨਿਉਂਦਾ ਨਹੀਂ ਹੈ, ਤੁਹਾਨੂੰ ਵੱਡਾ ਸਮਝ ਕੇ ਸਾਨੂੰ ਭੇਜਿਆ ਹੈ"॥੨੬॥

ਸੁਨਿ ਜੈ ਸਿੰਘ ਬੋਲਜੋ ਕਰ ਜੋਰਿ। 'ਸ਼ਾਹੁ ਪ੍ਰੇਮ ਕਰਤਾ ਤੁਮ ਓਰ।
ਪ੍ਰਥਮ ਲਾਲਸਾ ਮੇਲ ਕਰਨਿ ਕੀ। ਬੈਠਿ ਨਿਕਟਿ ਮੁਖ ਸ਼ਬਦ ਸ੍ਰਵਨ ਕੀ॥੨੭॥

ਇਹ ਸੁਣ ਕੇ ਜੈ ਸਿੰਘ ਹੱਥ ਜੋੜ ਕੇ ਬੋਲਿਆ, "ਬਾਦਸ਼ਾਹ ਤੁਹਾਡੇ ਨਾਲ ਬਹੁਤ ਪ੍ਰੇਮ ਕਰਦਾ ਹੈ। ਪਹਿਲੀ ਉਨ੍ਹਾਂ ਦੀ ਲਾਲਸਾ ਮਿਲਣ ਦੀ ਹੈ, ਤੁਹਾਡੇ ਪਾਸ ਬੈਠ ਕੇ ਤੁਹਾਥੋਂ ਸ਼ਬਦ ਸੁਣਨਾ ਚਾਹੁੰਦੇ ਹਨ॥੨੭॥

ਹੁਇ ਪ੍ਰਸੰਨ ਜੇ ਤੁਮ ਉਰ ਚਾਹੋ। ਤੌ ਹਜ਼ਰਤ ਕਰਿ ਮਿਲਿਨਿ ਉਮਾਹੋ।
ਜੇ ਰਾਵਰ ਕਹੁ ਨੀਕੀ ਨਾਹਿਨ। ਕਾਰਨ ਅਪਨੇ ਨੇਮ ਨਿਬਾਹਿਨਿ॥ ੨੮॥

ਜੇ ਹਿਰਦੇ ਵਿਚ ਪ੍ਰਸੰਨ ਹੋ ਕੇ ਤੁਸੀਂ ਚਾਹੁੰਦੇ ਹੋ ਤਾਂ ਬਾਦਸ਼ਾਹ ਨੂੰ ਮਿਲਣ ਦੀ ਖ਼ਾਹਿਸ਼ ਪ੍ਰਗਟ ਕਰੋ, ਪਰ ਜੇ ਇਹ ਗੱਲ ਚੰਗੀ ਨਹੀਂ ਲਗਦੀ, ਆਪ ਨੇਮ ਨਿਬਾਹੁਣ ਕਰਕੇ ਤੁਸੀਂ ਮਿਲਣਾ ਨਹੀਂ ਚਾਹੁੰਦੇ॥੨੮॥

ਤੌ ਨਿਜ ਮੁਖ ਤੇ ਸ਼ਬਦ ਸੁਨਾਵਹੁ। ਬੀਚ ਪਾਰਸੀ ਕੇ ਲਿਖਵਾਵਹੁ।
ਸੁਨਤਿ ਪ੍ਰਸੰਨ ਹੋਇ ਹੈ ਸ਼ਾਹੂ। ਮਿਲਿਬੇ ਸਮ ਜਾਨਹਿ ਮਨ ਮਾਂਹੂ॥ ੨੯॥

ਤਾਂ ਆਪਣੇ ਮੁੱਖ ਤੋਂ ਕੋਈ ਸ਼ਬਦ ਸੁਣਾਵੋ, ਤੇ ਉਸ ਨੂੰ ਫ਼ਾਰਸੀ ਵਿਚ ਲਿਖਵਾ ਦੇਵੋ। ਬਾਦਸ਼ਾਹ ਸੁਣ ਕੇ ਪ੍ਰਸੰਨ ਹੋਵੇਗਾ ਤੇ ਉਹ ਆਪਣੇ ਮਨ ਵਿਚ ਮਿਲਣ ਬਰਾਬਰ ਹੀ ਜਾਣੇਗਾ॥੨੯॥

ਮੁਝ ਪਰ 'ਹੁਕਮ ਸ਼ਾਹ ਕੋ ਐਸੇ। ਸਹਿਤ ਪ੍ਰਸੰਨਤਾ ਮਿਲਿ ਹੈਂ ਜੈਸੇ।
ਤੁਮਰੀ ਮਰਜ਼ੀ ਬਰਤੀ ਜਾਇ। ਜਿਮ ਉਰ ਮੈਂ ਤਿਮ ਕਹੋ ਸੁਨਾਇ' ॥ ੩੦ ॥

ਮੈਨੂੰ ਬਾਦਸ਼ਾਹ ਦਾ ਅਜਿਹਾ ਹੁਕਮ ਹੈ, ਜਿਵੇਂ ਕਿਵੇਂ ਪ੍ਰਸੰਨਤਾ ਸਹਿਤ ਮੇਲ ਹੋਵੇ। ਤੁਹਾਡੀ ਮਰਜ਼ੀ ਹੀ ਵਰਤੀ ਜਾਵੇਗੀ। ਜਿਵੇਂ ਵੀ ਤੁਹਾਡੇ ਦਿਲ ਵਿਚ ਹੈ, ਉਸ ਤਰ੍ਹਾਂ ਹੀ ਕਹਿ ਕੇ ਸੁਣਾਉ' ॥੩੦॥

ਸੁਨਿ ਜੈ ਸਿੰਘ ਤੇ ਸਭਿਨਿ ਬਖਾਨਜੋ। ਜਥਾ ਜੋਗ ਇਮ ਮਤੋ ਸੁ ਮਾਨਜੋ।
ਸਹਤ ਸ਼ਜ਼ਾਦੇ ਸਭਿ ਕਹਿ ਲੀਨਸਿ। ਤਬਿ ਸ੍ਰੀ ਸਤਿਗੁਰ ਉੱਤਰ ਦੀਨਸਿ ॥੩੧॥

ਜੈ ਸਿੰਘ ਪਾਸੋਂ ਸੁਣ ਕੇ ਸਾਰਿਆਂ ਨੇ ਕਿਹਾ ਕਿ ਯਥਾ ਯੋਗ ਇਸ ਸਲਾਹ ਨੂੰ ਮੰਨ ਲਵੋ। ਜਦ ਸ਼ਹਿਜ਼ਾਦੇ ਸਹਿਤ ਸਭ ਨੇ ਕਹਿ ਲਿਆ, ਤਦ ਗੁਰੂ ਜੀ ਨੇ ਉਤਰ ਦਿੱਤਾ ॥੩੧॥

'ਨਹਿ ਮਿਲਿਬੇ ਕੇ ਕਾਰਨ ਜੇਈ। ਕਹਿ ਕਰਿ ਪਠੇ ਸ਼ਾਹੁ ਢਿਗ ਤੇਈ।
ਪ੍ਰਥਮ ਲਿਯੋ ਸੁਨਿ ਸਕਲ ਬ੍ਰਿਤਾਂਤ। ਪੁਨ ਤਿਸਕੋ ਕਹਿਬੇ ਕਜਾ ਬਾਤ ॥ ੩੨ ॥

ਬਾਦਸ਼ਾਹ ਨੂੰ ਨਾ ਮਿਲਣ ਦੇ ਜੋ ਕਾਰਨ ਹਨ, ਉਹ ਅਸੀ ਪਹਿਲਾਂ ਹੀ ਕਹਿ ਕੇ ਬਾਦਸ਼ਾਹ ਪਾਸ ਭੇਜ ਦਿੱਤੇ ਹਨ। ਪਹਿਲਾਂ ਹੀ ਉਨ੍ਹਾਂ ਨੇ ਸਾਰਾ ਬ੍ਰਿਤਾਂਤ ਸੁਣ ਲਿਆ ਹੈ, ਫਿਰ ਉਸ ਨੂੰ ਦੁਬਾਰਾ ਕਹਿਣ ਦੀ ਕੀ ਲੋੜ ਹੈ ॥੩੨॥

ਬਿਨਾ ਮਿਲਿਨਿ ਭਾ ਕਿਤਿਕ ਬਿਕਾਰ। ਮਿਲੇ ਹੋਤਿ ਕਜਾ ਕਰਹਿ ਉਚਾਰ।
ਇੱਤਜਾਦਿਕ ਲਖਿ ਪਿਤਾ ਹਮਾਰੇ। ਸ਼ਾਹੁ ਨ ਮਿਲਹੁ ਕੀਨਿ ਹਟਕਾਰੇ ॥ ੩੩ ॥

ਮਿਲਣ ਬਗੈਰ ਹੀ ਕਈ ਵਿਕਾਰ ਹਨ, ਮਿਲਣ ਨਾਲ ਕੀ ਉਚਾਰ ਵਿਚਾਰ ਹੋਵੇਗਾ। ਸਾਡੇ ਪਿਤਾ ਜੀ ਨੇ ਇਤਿਆਦਿਕ ਸਮਝ ਕੇ, ਸਾਨੂੰ ਬਾਦਸ਼ਾਹ ਨੂੰ ਮਿਲਣ ਤੋਂ ਰੋਕਿਆ ਹੈ ॥੩੩॥

ਸੋ ਕਹਿਬੋ ਹਮਰੇ ਮਨ ਨਾਲ। ਉਲੰਘ ਨ ਸਕਹਿਂ ਕਿਮਹੁਂ ਕਿਸ ਕਾਲ।
ਸ਼ਾਹੁ ਮਹਾਂ ਮਤਿਵਾਨ ਸੁਜਾਨਾ। ਅਸੁ ਬ੍ਰਿਤੰਤ ਸਭਿ ਲਖਹਿ ਮਹਾਨਾ ॥ ੩੪ ॥

ਉਨ੍ਹਾਂ ਦਾ ਕਿਹਾ ਸਾਡੇ ਮਨ ਵਿਚ ਹੈ, ਅਸੀ ਉਸਦੀ ਕਿਸੇ ਵੀ ਸਮੇਂ ਉਲੰਘਣਾ ਨਹੀ ਕਰ ਸਕਦੇ। ਬਾਦਸ਼ਾਹ ਬੜਾ ਬੁਧੀਮਾਨ ਅਤੇ ਚਤੁਰ ਹੈ, ਐਸੇ ਬ੍ਰਿਤਾਂਤ ਨੂੰ ਚੰਗੀ ਤਰ੍ਹਾਂ ਸਮਝਦਾ ਹੈ ॥੩੪॥

ਸਤਿਗੁਰ ਘਰ ਕੋ ਸ਼ਬਦ ਲਿਖੀਜੈ। ਪਠਹੁ ਬਿਚਾਰਹੁ ਰਿਦੈ ਧਰੀਜੈ।
ਚਲਹੁ ਪੰਥ ਤਿਸ ਸਭਿ ਸੁਖ ਪਾਵਹੁ। ਜਨਮ ਮਰਨ ਕੋ ਕਸ਼ਟ ਮਿਟਾਵਹੁ ॥੩੫॥

ਸਤਿਗੁਰੂ ਘਰ ਦਾ ਸ਼ਬਦ ਲਿਖ ਲਵੋ, ਪੜ੍ਹੋ ਵਿਚਾਰੋ ਅਤੇ ਹਿਰਦੇ ਵਿਚ ਧਾਰਨ ਕਰੋ, ਉਸ ਮਾਰਗ 'ਤੇ ਚਲ ਕੇ ਸਭ ਸੁਖ ਪਾਵੋ ਤੇ ਜਨਮ ਮਰਨ ਦਾ ਦੁੱਖ ਦੂਰ ਕਰੋ' ॥੩੫॥

ਇਮ ਕਹਿ ਸਤਿਗੁਰ ਸ਼ਬਦ ਉਚਾਰਾ। ਨਵੀਸਿੰਦ ਸੁਨਿ ਲਿਖਿਬੇ ਤਜਾਰਾ।
ਸ੍ਰੀ ਗੁਰ ਨਾਨਕ ਕੇਰ ਬਨਾਯੋ। ਬੀਚ ਪਾਰਸੀ ਕੇ ਲਿਖਵਾਯੋ ॥ ੩੬ ॥

ਇਸ ਤਰ੍ਹਾਂ ਕਹਿ ਕੇ ਸਤਿਗੁਰੂ ਜੀ ਨੇ ਸ਼ਬਦ ਉਚਾਰਨ ਕੀਤਾ ਤੇ ਲਿਖਾਰੀ ਨੇ ਉਸ ਨੂੰ ਲਿਖ ਕੇ ਤਿਆਰ ਕੀਤਾ। ਇਹ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਣਾਇਆ ਹੈ ਅਤੇ ਫਾਰਸੀ ਵਿਚ ਲਿਖਵਾਇਆ ਹੈ ॥੩੬॥

*ਸ੍ਰੀ ਮੁਖ ਵਾਕ:-*

*ਕਿਆ ਖਾਧੈ ਕਿਆ ਪੈਧੈ ਹੋਇ॥ ਜਾ ਮਨਿ ਨਾਹੀ ਸਚਾ ਸੋਇ॥*

ਕਿਆ ਮੇਵਾ ਕਿਆ ਘਿਉ ਗੁੜੁ ਮਿਠਾ ਕਿਆ ਮੈਦਾ ਕਿਆ ਮਾਸੁ ॥
ਕਿਆ ਕਪੜੁ ਕਿਆ ਸੇਜ ਸੁਖਾਲੀ ਕੀਜਹਿ ਭੋਗ ਬਿਲਾਸ ॥
ਕਿਆ ਲਸਕਰ ਕਿਆ ਨੇਬ ਖਵਾਸੀ ਆਵੈ ਮਹਲੀ ਵਾਸੁ ॥
ਨਾਨਕ ਸਚੇ ਨਾਮ ਵਿਣੁ ਸਭੇ ਟੋਲ ਵਿਣਾਸੁ ॥ ੨ ॥

ਖਾਣ ਅਤੇ ਪਹਿਨਣ ਨਾਲ ਕੀ ਹੁੰਦਾ ਹੈ, ਜਦ ਤਕ ਉਹ ਸੱਚਾ ਮਾਲਕ ਪ੍ਰਭੂ, ਮਨੁੱਖ ਦੇ ਹਿਰਦੇ ਵਿਚ ਨਹੀਂ ਵਸਦਾ।

ਕੀ ਫਲ ਕੀ ਘਿਉ ਤੇ ਮਿੱਠਾ ਗੁੜ, ਆਟਾ ਕੀ ਤੇ ਕੀ ਹੈ ਮਾਸ, ਕੀ ਹੈ ਸੁੰਦਰ ਪੁਸ਼ਾਕ ਤੇ ਕੀ ਹੈ ਸੁਖਦਾਈ ਪਲੰਘ ਜਿਸ ਤੇ ਲੇਟ ਕੇ ਭੋਗ ਬਿਲਾਸ ਕਰਦਾ ਹੈ ?

ਫ਼ੌਜ ਦਾ ਕੀ ਲਾਭ ਹੈ ਅਤੇ ਚੋਬਦਾਰਾਂ ਅਤੇ ਨੌਕਰਾਂ ਦਾ ਕੀ ਫਾਇਦਾ ਹੈ ਅਤੇ ਮਹਿਲਾਂ ਵਿਚ ਵਸਣ ਦਾ ਕੀ ਲਾਭ ਹੈ?

ਹੇ ਨਾਨਕ ! ਸੱਚੇ ਨਾਮ ਤੋਂ ਬਗ਼ੈਰ ਸਾਰਾ ਸਾਜ਼-ਸਾਮਾਨ ਨਾਸ਼ਵੰਤ ਹੈ।

ਚੌਪਈ- ਸ੍ਰੀ ਮੁਖ ਤੇ ਕਹਿ ਸ਼ਬਦ ਲਿਖਾਯੋ। ਬਿਨ ਸਤਿਨਾਮ ਵਿਰਾਗ ਜਨਾਯੋ।
ਸਭਿ ਤੂਸ਼ਨਿ ਹੁਇ ਬਾਕ ਸੁਨੰਤੇ। ਗਿਰਾ ਮਧੁਰ ਤੇ ਧੰਨ ਭਨੰਤੇ ॥ ੩੭ ॥

ਗੁਰੂ ਜੀ ਨੇ ਮੁਖ ਤੋਂ ਕਹਿ ਸ਼ਬਦ ਲਿਖਵਾਇਆ, ਸਤਿਨਾਮ ਤੋਂ ਬਗ਼ੈਰ ਸਭ ਕੁਝ ਨਾਸ਼ਵਾਨ ਦੱਸਿਆ। ਸਭ ਚੁਪ ਰਹਿ ਕੇ ਸ਼ਬਦ ਸੁਣਦੇ ਸਨ। ਮਿੱਠੀ ਆਵਾਜ਼ ਸੁਣ ਕੇ ਸਾਰੇ 'ਧੰਨ ਧੰਨ' ਕਹਿੰਦੇ ਸਨ ॥੩੭॥

ਦਯੋ ਸ਼ਜ਼ਾਦੇ ਕੋ ਸਿਰੁਪਾਇ। ਮਧੁਰ ਪ੍ਰਸਾਦ ਦੀਨਿ ਮੰਗਵਾਇ।
ਸਾਦਰ ਤਬਿ ਰੁਖ਼ਸਦ ਕੋ ਕਰੇ। ਨਿਕਸੇ ਉਰ ਪ੍ਰਸੰਨਤਾ ਧਰੇ ॥ ੩੮ ॥

ਫਿਰ ਸ਼ਹਿਜ਼ਾਦੇ ਨੂੰ ਸਿਰੋਪਾ ਦਿੱਤਾ ਤੇ ਮਿੱਠਾ ਪ੍ਰਸ਼ਾਦਿ ਮੰਗਵਾ ਕੇ ਦਿੱਤਾ। ਬੜੇ ਆਦਰ ਨਾਲ ਸਾਰੇ ਵਿਦਾ ਕੀਤੇ, ਬੜੀ ਪ੍ਰਸੰਨਤਾ ਧਾਰ ਕੇ ਗੁਰੂ ਜੀ ਪਾਸੋਂ ਬਾਹਰ ਨਿਕਲੇ ॥੩੮॥

ਗਏ ਸ਼ਾਹੁ ਢਿਗ ਬੈਠੇ ਜਾਇ। ਸਭਿ ਪ੍ਰਸੰਗ ਤਹਿਂ ਕਹਜੋ ਸੁਨਾਇ।
ਸ਼ਬਦ ਲਿਖਜੋ ਲੇ ਕਰ ਮਹਿਂ ਸ਼ਾਹੂ। ਪਠਨਿ ਲਗਜੋ ਚਿਤ ਧਾਰਿ ਉਮਾਹੂ ॥੩੯ ॥

ਫਿਰ ਜਾ ਕੇ ਬਾਦਸ਼ਾਹ ਪਾਸ ਬੈਠ ਗਏ, ਸਾਰਾ ਪ੍ਰਸੰਗ ਉਨ੍ਹਾਂ ਨੂੰ ਕਹਿ ਕੇ ਸੁਣਾਇਆ। ਬਾਦਸ਼ਾਹ ਹੱਥ ਵਿਚ ਲਿਖਿਆ ਸ਼ਬਦ ਫੜ ਕੇ ਬੜੇ ਉਤਸ਼ਾਹ ਨਾਲ ਚਿਤ ਵਿਚ ਉਮਾਹ ਧਾਰ ਕੇ ਪੜ੍ਹਨ ਲੱਗਾ ॥੩੯॥

ਸੱਤਿਨਾਮ ਕੀ ਮਹਿਮਾ ਮਹਾਂ। ਬਿਨ ਸਿਮਰੈ ਬਿਸ਼ਯੈ ਸੁਖ ਕਹਾਂ।
ਮਿੱਥਜਾ ਸਭਿ ਜਗ ਕੀ ਬਡਿਆਈ। ਬਿਨਾ ਨਾਮ ਨਹਿਂ ਥਿਰਤਾ ਪਾਈ ॥੪੦ ॥

ਸਤਿਨਾਮ ਦੀ ਮਹਾਨ ਮਹਿਮਾ ਹੈ, ਪ੍ਰਭੂ ਦਾ ਨਾਮ ਸਿਮਰਨ ਤੋਂ ਬਗ਼ੈਰ ਵਿਸ਼ਿਆਂ ਵਿਚ ਕਿਸੇ ਪ੍ਰਕਾਰ ਦਾ ਵੀ ਸੁੱਖ ਨਹੀਂ ਹੈ। ਸਾਰੇ ਜਗਤ ਦੀ ਵਡਿਆਈ ਝੂਠੀ ਹੈ, ਨਾਮ ਤੋਂ ਬਗ਼ੈਰ ਮਨੁੱਖ ਸਥਿਰਤਾ ਨਹੀਂ ਪਾਉਂਦਾ ॥੪੦॥

ਹਰਖਜੋ ਉਰ ਅਵਰੰਗ ਲਖਿ ਸਾਚੀ। ਸ਼ਬਦ ਪ੍ਰਭਾਵ ਬਿਖੈ ਬੁਧਿ ਰਾਚੀ।
ਨਹਿਂ ਆਵਨ ਕੋ ਹੇਤੁ ਸੁਨਾਯੋ। ਰਿਸਜੋ ਭ੍ਰਾਤ ਮਤਸਰ ਤਪਤਾਯੋ ॥੪੧ ॥

ਨੌਰੰਗਾ ਸੱਚੀ ਗੱਲ ਸਮਝ ਕੇ ਦਿਲ ਵਿਚ ਬੜਾ ਪ੍ਰਸੰਨ ਹੋਇਆ। ਸ਼ਬਦ ਦੇ ਪ੍ਰਭਾਵ ਵਿਚ ਹੀ ਸਾਰੀ ਬੁੱਧੀ ਰੰਗੀ ਗਈ। ਨਹੀਂ ਆਉਣ ਬਾਰੇ ਵੀ ਸਭ ਕੁਝ ਸੁਣਾਇਆ। ਇਹ ਸੁਣ ਕੇ ਭਰਾ ਬੜੇ ਗੁੱਸੇ ਵਿਚ ਆਇਆ ਤੇ ਹੰਕਾਰ ਨਾਲ ਤਪ ਉਠਿਆ ॥੪੧॥

ਸਭਿ ਗੁਨ ਮਹਿਂ ਗੌਰਵ ਪਹਿਚਾਨੇ। ਬਾਲ ਬੈਸ ਬੁਧਿ ਬਲੀ ਮਹਾਨੇ।
ਇਨ ਸੋਂ ਮੇਲ ਕਰਨਿ ਹਠ ਧਰਿ ਕੈ। ਨਹਿਂ ਨੀਕੀ ਮੁਝ ਲਗੀ ਬਿਚਰਿਕੈ ॥੪੨॥

ਸਾਰੇ ਗੁਣਾਂ ਵਿਚ ਭਾਰੇ ਪਛਾਣੇ। ਛੋਟੀ ਉਮਰ ਹੈ, ਪਰ ਬੁੱਧੀ ਵੱਡੀ ਬਲਵਾਨ ਹੈ। ਹੱਠ ਕਰਕੇ ਜਿਹੜਾ ਇਨ੍ਹਾਂ ਨਾਲ ਮੇਲ ਕਰਨਾ ਚਾਹਿਆ ਹੈ, ਉਹ ਗੱਲ ਵਿਚਾਰ ਕੇ ਮੈਨੂੰ ਚੰਗੀ ਨਹੀਂ ਲੱਗੀ ਹੈ॥੪੨॥

ਦੋਹਰਾ- ਪੁਨ ਮਿਲਿਬੇ ਕਹੁ ਸ਼ਾਹਿ ਨੇ ਹਠ ਕਰਿ ਭਾਖਯੋ ਨਾਂਹਿ।
ਮਨ ਮੈਂ ਅਸ ਨਿਸ਼ਚੈ ਕਰਜੋ, ਕਹਜੋ ਨ ਅਪਰੈ ਪਾਹਿ॥ ੪੩॥

ਬਾਦਸ਼ਾਹ ਨੇ ਫਿਰ ਹੱਠ ਕਰਕੇ ਦੁਬਾਰਾ ਮਿਲਣ ਵਾਸਤੇ ਨਾ ਕਿਹਾ। ਮਨ ਵਿਚ ਐਸਾ ਨਿਸ਼ਚਾ ਕੀਤਾ, ਪਰ ਕਿਸੇ ਦੂਸਰੇ ਪਾਸ ਨਾ ਕਿਹਾ॥੪੩॥

*ਦਸਵੀਂ ਰਾਸ ਦਾ ਤਰਤਾਲੀਵਾਂ ਅਧਿਆਇ ਸਮਾਪਤ ਹੋਇਆ॥੪੩॥*

## ਅਧਿਆਇ ਚੁਤਾਲੀਵਾਂ

### *ਜੈ ਸਿੰਘ ਦੀ ਪਟਰਾਣੀ ਪ੍ਰੀਖਿਆ*

ਦੋਹਰਾ- ਏਕ ਦਿਵਸ ਤੁਰਕੇਸ਼ ਕਹਿ ਜੈ ਪੁਰਿ ਨਾਥ ਕਿ ਸਾਥ।
'ਬਾਲ ਬੈਸ ਸ੍ਰੀ ਹਰਿਕ੍ਰਿਸ਼ਨ ਨਿਮਹਿਂ ਹਿੰਦੂ ਪਦ ਮਾਥ॥ ੧॥

ਇਕ ਦਿਨ ਬਾਦਸ਼ਾਹ ਰਾਜਾ ਜੈ ਸਿੰਘ ਨੂੰ ਕਹਿਣ ਲੱਗਾ, "ਸ੍ਰੀ ਹਰਿਕ੍ਰਿਸ਼ਨ ਜੀ ਦੀ ਹਾਲੇ ਬਾਲ ਉਮਰ ਹੈ, ਪਰ ਸਾਰਾ ਹਿੰਦੋਸਤਾਨ ਉਸ ਦੇ ਚਰਨਾਂ 'ਤੇ ਮੱਥਾ ਟੇਕ ਕੇ ਨਮਸਕਾਰ ਕਰਦਾ ਹੈ॥੧॥

ਚੌਪਈ- ਅਪਰ ਲੋਕ ਜੁਤਿ ਤੁਮ ਭੀ ਕਹਜੋ। ਕਰਾਮਾਤ ਸਾਹਿਬ ਬਡ ਲਹਜੋ।
ਸੁਜਸੁ ਸੁਨਾਵਤਿ ਹੈ ਸਭਿ ਕੋਈ। ਇਕ ਤੇ ਸੁਨਿ ਦੂਸਰ ਸੁਧਿ ਹੋਈ॥੨॥

ਹੋਰ ਲੋਕਾਂ ਸਹਿਤ ਤੁਸੀਂ ਵੀ ਕਿਹਾ ਹੈ ਕਿ ਉਹ ਕਰਾਮਾਤਾਂ ਦੇ ਵੱਡੇ ਸਾਹਿਬ ਪਹਿਚਾਣੇ ਹਨ। ਸਾਰੇ ਹੀ ਉਸ ਦਾ ਸ੍ਰੇਸ਼ਟ ਜੱਸ ਸੁਣਾਉਂਦੇ ਹਨ, ਇਕ ਤੋਂ ਸੁਣ ਕੇ ਦੂਸਰੇ ਨੂੰ ਖ਼ਬਰ ਹੁੰਦੀ ਹੈ॥੨॥

ਕਹਾ ਕਹੀ ਹੈ ਸਭਿਹਿਨਿ ਬੀਚ। ਦੇਖਾ ਦੇਖੀ ਊਚ ਰੁ ਨੀਚ।
ਤੁਮ ਭੀ ਕਬਿ ਪਰਖਜੋ ਕੈ ਨਾਂਹਿ ?। ਪਤਾ ਲੀਨਿ ਕੋ ਇਕ ਬਿਧਿ ਕਾਹਿ ? ॥੩॥

ਕਹੀ ਕਹਾਈ ਗੱਲ ਸਾਰਿਆਂ ਵਿਚ ਚਲ ਰਹੀ ਹੈ ਤੇ ਵੇਖਾ ਵੇਖੀ ਅਮੀਰ ਗ਼ਰੀਬ ਇਸ ਨੂੰ ਮੰਨੀ ਜਾਂਦੇ ਹਨ। ਤੂੰ ਵੀ ਕਦੇ ਪਰਖਿਆ ਹੈ ਕਿ ਨਹੀਂ ? ਕਿਸੇ ਤਰ੍ਹਾਂ ਕਦੀ ਇਕ ਵਿਧੀ ਕਰਕੇ ਪਤਾ ਵੀ ਲਿਆ ਹੈ ?॥੩॥

ਜੇ ਪੂਰਬ ਪਰਖਜੋ ਨਹਿ ਕਬੈ। ਉਚਿਤ ਪਤਾ ਲੈਬੇ ਕਹੁ ਅਬੈ।
ਜਿਮ ਅਜ਼ਮਤ ਕਾਮਲ ਪਹਿਚਾਨਹੁ। ਸਹਿਤ ਨੰਮ੍ਰਿਤਾ ਤੈਸੇ ਠਾਨਹੁ ॥੪॥

ਜੇ ਪਹਿਲਾਂ ਕਦੀ ਪਰੀਖਿਆ ਨਹੀਂ ਲਈ ਹੈ, ਤਾਂ ਉਚਿਤ ਪਤਾ ਹੁਣ ਕਰ ਲਵੋ। ਜਿਵੇਂ ਤੁਸੀਂ ਕਾਮਲ ਅਜ਼ਮਤ ਪਛਾਣ ਲਵੋ, ਉਸ ਤਰ੍ਹਾਂ ਹੀ ਨਿਮਰਤਾ ਧਾਰਨ ਕਰੋ॥੪॥

ਸੁਨਿ ਜੈ ਸਿੰਘ ਬੋਲਜੋ ਕਰ ਜੋਰਿ। 'ਕੁਛ ਦੁਰਬਾਕ ਨ ਕਹਿ ਮੁਝ ਓਰ।
ਅਸ ਪੁਰਖਨਿ ਕੋ ਪਰਖਨਿ ਕਰਨੋ। ਲਘੁ ਸਰਪਨਿ ਸੋਂ ਖੇਲਨਿ ਬਰਨੋਂ॥ ੫ ॥

ਇਹ ਗੱਲ ਸੁਣ ਕੇ ਜੈ ਸਿੰਘ ਹੱਥ ਜੋੜ ਕੇ ਬੋਲਿਆ, "ਮੈਨੂੰ ਕੋਈ ਭੈੜਾ ਬਚਨ ਨਾ ਬੋਲ ਦੇਣ। ਅਜਿਹੇ ਪੁਰਖਾਂ ਨੂੰ ਪਰਖਣਾ ਅਜਿਹਾ ਵਰਣਨ ਕੀਤਾ ਹੈ ਕਿ ਛੋਟੇ ਸੱਪਾਂ ਨਾਲ ਖੇਡਣ ਤੁਲ ਖ਼ਤਰਨਾਕ ਹੈ॥੫॥

ਜਿਨ ਕੇ ਡਸੇ ਨ ਬਨੈ ਉਪਾਇ। ਮਤਿ ਬਿਸਾਲ ਕੋ ਉਬਰਿ ਨ ਪਾਇ।
ਤਊ ਆਪ ਕੇ ਕਹਿਬੇ ਕਰਿ ਕੈ। ਸ਼ਰਧਾ ਦਾਸਨਿ ਸੱਦ੍ਰਿਸ ਧਰਿਕੈ॥ ੬ ॥

ਜਿਨ੍ਹਾਂ ਦੇ ਡਸੇ ਦਾ ਫਿਰ ਕੋਈ ਉਪਾਅ ਨਹੀਂ ਬਣਦਾ, ਵੱਡਾ ਬੁੱਧੀਮਾਨ ਵੀ ਫਿਰ ਆਪਣੇ ਆਪ ਨੂੰ ਬਚਾ ਨਹੀਂ ਸਕਦਾ। ਫਿਰ ਵੀ ਆਪ ਜੀ ਦੇ ਕਹਿਣ 'ਤੇ ਕਰਾਂਗਾ ਤੇ ਸੇਵਕਾਂ ਵਾਂਗ ਸ਼ਰਧਾ ਧਾਰਨ ਕਰਾਂਗਾ॥੬॥

ਰਚੌਂ ਬਿਧੀ ਕੋ ਪੂਜਨਿ ਕਰਿ ਹੌਂ। ਪੁਨ ਮੈਂ ਤੁਮਰੇ ਨਿਕਟਿ ਉਚਰਿਹੌਂ'।
ਕਹਤਿ ਸ਼ਾਹੁ 'ਮਿਲਿਬੇ ਫਲ ਜੋਈ। ਪਰਖਨਿ ਤੇ ਮੈਂ ਪੈਹਹੁਂ ਸੋਈ' ॥ ੭ ॥

ਐਸੀ ਵਿਧੀ ਰਚਾਂਗਾ ਕਿ ਪੂਜਾ ਕਰ ਰਿਹਾ ਹਾਂ, ਫਿਰ ਮੈਂ ਤੁਹਾਡੇ ਪਾਸ ਆ ਕੇ ਕਹਾਂਗਾ।" ਬਾਦਸ਼ਾਹ ਨੇ ਕਿਹਾ, "ਜਿਹੜਾ ਵੀ ਫਲ ਪ੍ਰਾਪਤ ਹੋਵੇਗਾ, ਪਰਖਣ ਤੋਂ ਮੈਂ ਸੋਈ ਪਾਵਾਂਗਾ"॥੭॥

ਇਮ ਕਹਿ ਸੁਨਿ ਕੈ ਜੈਪੁਰਿ ਨਾਥ। ਆਯਹੁ ਸਦਨ ਸੰਦੇਹਨਿ ਸਾਥ।
ਮੋਰ ਗਰੇ ਨਹਿਂ ਪਰਹਿ ਕੁਫੇਰੀ। ਸੁਖ ਚਾਹਤਿ ਦੁਖ ਆਇ ਨ ਘੇਰੀ॥ ੮ ॥

ਇਸ ਤਰ੍ਹਾਂ ਕਹਿ ਸੁਣ ਕੇ ਰਾਜਾ ਜੈ ਸਿੰਘ ਆਪਣੇ ਘਰ ਬੜੇ ਸ਼ੰਕੇ ਵਾਲੇ ਚਿਤ ਨਾਲ ਆਇਆ। ਮੇਰੇ ਗੱਲ ਹੀ ਕੋਈ ਉਲਟੀ ਫਾਹੀ ਨਾ ਪੈ ਜਾਵੇ, ਸੁੱਖ ਚਾਹੁੰਦਾ ਹਾਂ ਕਿਤੇ ਦੁੱਖ ਹੀ ਨਾ ਆ ਕੇ ਘੇਰ ਲਵੇ॥੮॥

ਦੋਹਰਾ- ਭਈ ਜਾਮਨੀ ਜਾਨਿ ਕੈ ਮਿਲੀ ਕਾਮਨੀ ਆਇ।
ਸੁੰਦਰ ਮੰਦਿਰ ਮਹਿਦ ਕੇ ਅੰਦਰ ਸੇਜ ਡਸਾਇ॥ ੯ ॥

ਰਾਤ ਪਈ ਜਾਣ ਕੇ ਪਟਰਾਣੀ ਆ ਕੇ ਮਿਲੀ। ਸੁੰਦਰ ਵੱਡੇ ਮਹਿਲ ਦੇ ਅੰਦਰ ਸੇਜ ਵਿਛਾਈ ਹੋਈ ਸੀ॥੯॥

ਚੌਪਈ- ਨਿਜ ਰਮਨੀ ਸੰਗ ਸਗਲ ਜਨਾਈ। ਕਥਾ ਗੁਰਨਿ ਕੀ ਜਥਾ ਸੁਨਾਈ।
ਤਿਨ ਕੇ ਪਰਖਨਿ ਕੀ ਬਿਧਿ ਕਰਨੀ। ਬਾਲ ਆਰਬਲ ਤਨ ਦੁਤਿ ਧਰਨੀ ॥੧੦ ॥

ਆਪਣੀ ਪਤਨੀ ਨੂੰ ਸਾਰੀ ਗੱਲ ਦੱਸੀ, ਤੇ ਗੁਰੂ ਸਾਹਿਬ ਬਾਰੇ ਜਿਵੇਂ ਕਥਾ ਹੋਈ ਸੀ ਸਾਰੀ ਸੁਣਾਈ। ਉਨ੍ਹਾਂ ਦੇ ਪਰਖਣ ਦੀ ਵਿਧੀ ਕਰਨੀ ਹੈ। ਬਾਲ ਉਮਰ ਹੈ, ਤੇ ਸੁੰਦਰ ਸਰੀਰ ਧਾਰਨ ਕੀਤਾ ਹੈ॥੧੦॥

'ਗੁਰ ਅੰਤਰਿਪੁਰ ਆਨਹਿਂ ਕਾਲੀ। ਪੂਜਹਿਂ ਪਦ ਦਿਖ ਲੇਹੁ ਸੁਖਾਲੀ।
ਮਿਲਹਿ ਸਮੂਹ ਸਗਲ ਰਣਵਾਸ। ਸਭਿ ਕੀ ਪੂਰਹਿਂ ਸਤਿਗੁਰ ਆਸ ॥੧੧ ॥

"ਕਲ ਨੂੰ ਗੁਰੂ ਜੀ ਮਹਿਲਾਂ ਦੇ ਅੰਦਰ ਆਉਣੇ ਹਨ, ਆਸਾਨੀ ਨਾਲ ਦੀਖਿਆ ਲੈ ਕੇ ਚਰਨ ਕੰਵਲਾਂ ਦੀ ਪੂਜਾ ਕਰਾਂਗੇ। ਰਣਵਾਸ ਦੀਆਂ ਸਾਰੀਆਂ ਰਾਣੀਆਂ ਅਤੇ ਦਾਸੀਆਂ ਮਿਲੇ, ਸਤਿਗੁਰੂ ਜੀ ਸਭ ਦੀ ਆਸ ਪੂਰੀ ਕਰਨਗੇ॥੧੧॥

ਜ਼ੇਵਰ ਜਬਰ ਜਵਾਹਰ ਜਰੇ। ਜਗਮਗ ਜ਼ੇਬ ਜਿਨਹੁਂ ਕੀ ਕਰੇ।
ਮੁਕਤਾ ਲਰੀ ਲਰਕਤੀ ਲਾਰ। ਅਲੰਕਾਰ ਸਭਿ ਪਹਿਰਹਿਂ ਨਾਰਿ ॥੧੨ ॥

ਹੀਰੇ ਜਵਾਹਰਾਤ ਜੜੇ ਗਹਿਣੇ, ਜਿਨ੍ਹਾਂ ਦੀ ਸ਼ੋਭਾ ਜਗਮਗ ਜਗਮਗ ਕਰਦੀ ਹੋਵੇ, ਨਾਲ ਮੋਤੀਆਂ ਦੀਆਂ ਲੜੀਆਂ ਲਟਕਦੀਆਂ ਹੋਣ, ਸਾਰੀਆਂ ਇਸਤਰੀਆਂ ਗਹਿਣੇ ਪਹਿਨਣ॥੧੨॥

ਬਰਨ ਬਰਨ ਕੇ ਬਰ ਬਡ ਅੰਬਰ। ਅਨਿਕ ਰੰਗ ਬਾਰਦ ਜਿਮ ਅੰਬਰ।
ਸਦ੍ਰਿਸ਼ ਦਾਮਨੀ ਦਮਕਹਿਂ ਬੀਚ। ਰੰਗ ਮਹਿਲ ਮਹਿਂ ਗੰਧਨਿ ਸੀਚਿ॥ ੧੩॥

ਰੰਗ ਬਰੰਗੇ ਸ੍ਰੇਸ਼ਟ ਕੱਪੜੇ ਪਹਿਨਣ, ਅਨੇਕਾਂ ਰੰਗਾਂ ਦੇ ਜਿਵੇਂ ਅਕਾਸ਼ ਤੇ ਬੱਦਲ ਹੁੰਦੇ ਹਨ ਤੇ ਵਿਚ ਬਿਜਲੀ ਚਮਕਦੀ ਹੈ। ਰਣਵਾਸ ਵਿਚ ਸਾਰੇ ਖ਼ੁਸ਼ਬੂਆਂ ਦਾ ਛਿੜਕਾ ਕਰੋ॥੧੩॥

ਸਭਿ ਬੈਠਹਿਂ ਸ਼ਿੰਗਾਰ ਬਨਾਇ। ਬਸਤ੍ਰ ਬਿਭੂਖਨ ਬਪੁਖ ਸੁਹਾਇ।
ਸਭਿ ਰਾਨੀ ਮਹਿਂ ਮੁੱਖਜ ਮਹਾਨੀ। ਮਮ ਮਨ ਕੀ ਪਜਾਰੀ ਪਟਰਾਨੀ!॥ ੧੪॥

ਸਾਰੀਆਂ ਹਾਰ ਸ਼ਿੰਗਾਰ ਲਾ ਕੇ ਬੈਠ ਜਾਣ, ਬਸਤਰ ਗਹਿਣੇ ਸਰੀਰ 'ਤੇ ਫੱਬਦੇ ਹੋਣ। ਸਭ ਰਾਣੀਆਂ ਵਿਚ ਜਿਹੜੀ ਮਹਾਨ ਮੁਖੀ ਹੈ, ਭਾਵ ਮੇਰੇ ਮਨ ਦੀ ਪਿਆਰੀ ਪਟਰਾਣੀ ਜਿਹੜੀ ਹੈ॥੧੪॥

ਲੇਹੁ ਮੋਟ ਪਟ ਮਲਿਨ ਪੁਰਾਨਾ। ਨਹਿਂ ਸ਼ਿੰਗਾਰ ਸਜਹੁ ਬਿਧਿ ਨਾਨਾ।
ਸਭਿ ਕੇ ਪਾਛੈ ਕੌਨ ਮਝਾਰ। ਬੈਠਿ ਰਹਹੁ ਤਰ ਦ੍ਰਿਸ਼ਟੀ ਧਾਰਿ॥ ੧੫॥

ਤੁਸੀਂ ਮੋਟੇ ਖੱਦਰ ਦੇ ਮੈਲੇ ਪੁਰਾਣੇ ਕਪੜੇ ਪਹਿਨ ਲਵੋ ਤੇ ਕਿਸੇ ਤਰ੍ਹਾਂ ਦਾ ਸ਼ਿੰਗਾਰ ਨਾ ਕਰੋ। ਸਭ ਦੇ ਪਿੱਛੇ ਇਕ ਕੋਨੇ ਵਿਚ ਹੇਠਾਂ ਦ੍ਰਿਸ਼ਟੀ ਕਰਕੇ ਬੈਠੇ ਰਹੋ॥੧੫॥

ਕਰਹੁ ਮਨੋਰਥ ਮਨ ਮਹਿਂ ਐਸੇ। ਜਿਮ ਉਰ ਗੁਰ ਜੋ ਜਾਨਤਿ ਤੈਸੇ।
ਤੌ ਮਮ ਅੰਕ ਬੈਠਿ ਹੈਂ ਆਇ। ਦੇਉਂ ਉਪਾਇਨ ਕੌ ਪੁਰਿ ਪਾਇ॥ ੧੬॥

ਮਨ ਵਿਚ ਇਸ ਤਰ੍ਹਾਂ ਦਾ ਮਨੋਰਥ ਧਾਰਨ ਕਰੋ, ਜਿਵੇਂ ਗੁਰੂ ਜੀ ਉਸ ਤਰ੍ਹਾਂ ਹੀ ਜਾਣ ਲੈਂਦੇ ਹਨ ਕਿ ਜਿਵੇਂ ਕਿਸੇ ਦੇ ਦਿਲ ਵਿਚ ਹੋਵੇ, ਭਾਵ ਜੇ ਗੁਰੂ ਜੀ ਦਿਲ ਦੀਆਂ ਜਾਣਦੇ ਹਨ ਤਾਂ ਮੇਰੀ ਗੋਦ ਵਿਚ ਆ ਕੇ ਬੈਠ ਜਾਣ ਤਾਂ ਮੈਂ ਪੈਰੀਂ ਪੈ ਕੇ ਉਪਹਾਰ ਦੇਵਾਂਗੀ॥੧੬॥

ਭਈ ਭੋਰ ਤੇ ਇਮ ਕ੍ਰਿਤ ਕੀਜਹਿ। ਧਰਿ ਸ਼ਰਧਾ ਸਤਿਗੁਰ ਦਰਸੀਜਹਿ।
ਬਡੇ ਭਾਗ ਅਬਿ ਭਏ ਤਿਹਾਰੇ। ਸਫਲ ਜਨਮ ਹੁਇ ਗੁਰੂ ਨਿਹਾਰੇ॥ ੧੭॥

ਸਵੇਰ ਹੋਣ ਤੇ ਇਸ ਤਰ੍ਹਾਂ ਕਾਰਜ ਕਰੋ, ਸ਼ਰਧਾ ਧਾਰ ਕੇ ਸਤਿਗੁਰੂ ਜੀ ਦੇ ਦਰਸ਼ਨ ਕਰੋ। ਤੇਰੇ ਹੁਣ ਵੱਡੇ ਭਾਗ ਜਾਗ ਪਏ ਹਨ। ਗੁਰੂ ਜੀ ਦੇ ਦਰਸ਼ਨ ਕਰਨ ਨਾਲ ਜਨਮ ਸਫਲ ਹੋ ਜਾਵੇਗਾ'॥੧੭॥

ਮਤਿ ਇਮ ਕਰਿ ਕੈ ਦੰਪਤਿ ਸੋਏ। ਸੁਖ ਸੋ ਉਠੇ ਪ੍ਰਾਤਿ ਜਬਿ ਹੋਏ।
ਰੰਗ ਮਹਲ ਨੀਕੇ ਸੁਧਰਾਯੋ। ਮੁਕਰ ਮੂਰਤਨਿ ਬ੍ਰਿੰਦ ਸੁਹਾਯੋ॥ ੧੮॥

ਇਸ ਤਰ੍ਹਾਂ ਸਲਾਹ ਕਰਕੇ ਪਤੀ-ਪਤਨੀ ਸੌਂ ਗਏ। ਜਦ ਸਵੇਰ ਹੋਈ ਤਾਂ ਜਾਗ ਪਏ। ਰਣਵਾਸ ਨੂੰ ਚੰਗੀ ਤਰ੍ਹਾਂ ਸ਼ਿੰਗਾਰਿਆ ਤੇ ਸ਼ੀਸ਼ਿਆਂ ਵਿਚ ਜੜ੍ਹੀਆਂ ਮੂਰਤਾਂ ਨਾਲ ਸਜਾ ਦਿੱਤਾ॥੧੮॥

ਰੰਗਦਾਰ ਬਰ ਤੁੰਗ ਅਟਾਰੀ। ਭੀਤਨਿ ਚਾਮੀਕਰ ਲਿਪਕਾਰੀ।
ਤਰੁਵਰੁ ਫੂਲ ਫਲਨਿ ਸੋਂ ਲਿਖੇ। ਬ੍ਰਿੰਦ ਬਿਹੰਗਮ ਕਰਿ ਤਿਨ ਬਿਖੇ॥ ੧੯॥

ਰੰਗਦਾਰ ਸ੍ਰੇਸ਼ਟ ਉੱਚੀ ਅਟਾਰੀ ਬਣਾਈ ਗਈ, ਉਸ ਦੇ ਅੰਦਰ ਸੋਨੇ ਦੀ ਝਾਲ ਫਿਰੀ ਸੀ, ਬ੍ਰਿਛਾਂ, ਫਲਾਂ ਅਤੇ ਫੁੱਲਾਂ ਦੀ ਮੀਨਾਕਾਰੀ ਹੋਈ ਸੀ ਤੇ ਉਨ੍ਹਾਂ ਵਿਚ ਬਹੁਤ ਪੰਛੀਆਂ ਦੀਆਂ ਸ਼ਕਲਾਂ ਉਕਰੀਆਂ ਹੋਈਆਂ ਸਨ॥੧੯॥

ਰੁਚਿਰ ਬਚਿੱਤ੍ਰ ਪਵਿੱਤ੍ਰ ਕਰਾਏ। ਸੌਦ੍ਰਿਸ਼ ਅਰਸ਼ ਫਰਸ਼ ਡਸਵਾਏ।
ਜਹਿਂ ਨਾਨਾ ਬਿਧਿ ਤਨੇ ਬਿਤਾਨਾ। ਜ਼ਰੀਦਾਰ ਝਾਲਰ ਝਲਕਾਨਾ॥ ੨੦॥

ਸੁੰਦਰ, ਵਚਿੱਤਰ, ਪਵਿੱਤਰ ਅਕਾਸ਼ ਵਰਗੇ ਗ਼ਲੀਚੇ ਵਿਛਾ ਕੇ ਫ਼ਰਸ਼ ਤਿਆਰ ਕਰਵਾਇਆ, ਭਿੰਨ-ਭਿੰਨ ਪ੍ਰਕਾਰ ਦੇ ਚੰਦੋਏ ਤਾਣੇ ਗਏ ਜਿਨ੍ਹਾਂ ਨੂੰ ਜ਼ਰੀਦਾਰ ਝਾਲਰਾਂ ਲਗੀਆਂ ਹੋਈਆਂ ਸਨ ਤੇ ਝਲਕਾਂ ਮਾਰ ਰਹੀਆਂ ਸਨ॥੨੦॥

ਬਿਚ ਚੰਦਨ ਚੌਕੀ ਰਚਿ ਚਾਰੂ। ਰਚਨਾ ਚਿੱਤ੍ਰ ਰਚੀ ਦਿਸ਼ਿ ਚਾਰੂ।
ਫਰਸ਼ ਮਖ਼ਮਲੀ ਮੋਤਿਨਿ ਲਰੀ। ਲਰਕਤਿ ਰੁਚਿਰ ਬਿਰਾਜਤਿ ਖਰੀ॥ ੨੧॥

ਉਸ ਦੇ ਵਿਚ ਸੁੰਦਰ ਚੰਦਨ ਦੀ ਚੌਕੀ ਬਣਾਈ, ਜਿਸ ਦੇ ਚਾਰੇ ਪਾਸੇ ਚਿਤਰਕਾਰੀ ਦੀ ਰਚਨਾ ਰਚੀ ਸੀ। ਮਖ਼ਮਲੀ ਫ਼ਰਸ਼ ਸੀ ਤੇ ਮੋਤੀਆਂ ਦੀਆਂ ਲੜੀਆਂ ਲਮਕਦੀਆਂ ਹੋਈਆਂ ਖੜੀਆਂ ਸੁੰਦਰ ਬਿਰਾਜ ਰਹੀਆਂ ਸਨ॥੨੧॥

ਝੱਬੇ ਝੂਲਤਿ ਦੁਹਿਦਿਸ਼ਿ ਜ਼ਰੀ। ਬਡ ਉਪਧਾਨੁ ਧਰਯੋ ਮ੍ਰਿਦੁ ਭਰੀ।
ਇੱਤਯਾਦਿਕ ਸੁਠਿ ਰਚਨ ਰਚਾਈ। ਜਿਸ ਦੇਖਤਿ ਮਨ ਰਹਿ ਬਿਰਮਾਈ॥੨੨॥

ਜ਼ਰੀ ਦੇ ਛੱਬੇ ਚਾਰੇ ਪਾਸੇ ਝੂਲ ਰਹੇ ਸਨ। ਵੱਡਾ ਸਿਰਹਾਣਾ ਧਰਿਆ ਸੀ ਜਿਹੜਾ ਬੜੀ ਕੋਮਲ ਰੂਈ ਨਾਲ ਭਰਿਆ ਹੋਇਆ ਸੀ। ਇਤਿਆਦਿਕ ਸੁੰਦਰ ਰਚਨਾ ਬਣਾਈ ਸੀ, ਜਿਸ ਨੂੰ ਵੇਖਕੇ ਚਿੱਤ ਹੈਰਾਨ ਰਹਿ ਜਾਂਦਾ ਸੀ॥੨੨॥

ਬਹੁਤ ਮੋਲ ਕੇ ਦਿਪਤਿ ਜਵਾਹਰ। ਨਿਕਸਾਏ ਸੁ ਕੋਸ਼ ਤੇ ਬਾਹਰ।
ਬਸਤ੍ਰ ਬਿਭੂਖਨ ਬਰਨ ਬਰਨ ਕੇ। ਆਗੈ ਸਤਿਗੁਰ ਹੇਤੁ ਧਰਨਿ ਕੇ॥ ੨੩॥

ਬਹੁਤ ਕੀਮਤੀ ਜਵਾਹਰ ਚਮਕ ਰਹੇ ਸਨ, ਜਿਹੜੇ ਖ਼ਜ਼ਾਨੇ ਵਿਚੋਂ ਬਾਹਰ ਕਢਵਾਏ ਗਏ ਸਨ। ਰੰਗ ਬਰੰਗੇ ਵਸਤਰ ਅਤੇ ਗਹਿਣੇ ਸਤਿਗੁਰੂ ਜੀ ਦੇ ਅੱਗੇ ਧਰਨ ਵਾਸਤੇ ਰੱਖੇ ਹੋਏ ਸਨ॥੨੩॥

ਸਰਬ ਤਜਾਰ ਵਸਤੂ ਕਰਿਵਾਇ। ਘਰ ਲਜਾਵਨਿ ਹਿਤ ਚੌਂਪ ਬਢਾਇ।
ਸੁੰਦਰਤਾ ਸਭਿ ਬਿਧਿ ਸੁਧਰਾਈ। ਜੈਪੁਰਿ ਪਤਿ ਜੈ ਸਿੰਘ ਸਵਾਈ॥ ੨੪॥

ਸਭ ਵਸਤਾਂ ਤਿਆਰ ਕਰਵਾਈਆਂ, ਗੁਰੂ ਜੀ ਨੂੰ ਘਰ ਲਿਆਉਣ ਵਾਸਤੇ ਬਹੁਤ ਚਾਹ ਵਧਾਈ। ਸਭ ਵਿਧੀਆਂ ਨਾਲ ਸੁੰਦਰਤਾ ਨੂੰ ਸੁਧਾਰ ਕੇ ਤਿਆਰ ਕੀਤਾ, ਜੈਪੁਰ ਦੇ ਰਾਜੇ ਜੈ ਸਿੰਘ ਨੇ ਇਹ ਸਭ ਕੁਝ ਕਰਵਾਇਆ॥੨੪॥

ਇਤਿ ਸ਼੍ਰੀ ਸਤਿਗੁਰ ਸਭਿ ਬਿਧਿ ਜਾਨੀ। ਹੇਤੁ ਪਰਖਿਬੇ ਜਸ ਕ੍ਰਿਤ ਠਾਨੀ।
ਅਤਿ ਚਿੰਤਾਤੁਰ ਚਿਤ ਮਹਿਂ ਹੋਏ। ਲੇਤਿ ਅੰਤ ਮਨ ਕੁਮਤਿ ਪਰੋਏ॥ ੨੫॥

ਏਧਰ ਸਤਿਗੁਰੂ ਜੀ ਨੇ ਵੀ ਸਭ ਵਿਧੀਆਂ ਅਨੁਸਾਰ ਜਾਣ ਲਿਆ ਕਿ ਰਾਜੇ ਨੇ ਪਰਖਣ ਵਾਸਤੇ ਇਹ ਵਿਧੀ ਧਾਰਨ ਕੀਤੀ ਹੈ। ਚਿਤ ਵਿਚ ਅਤੀ ਚਿੰਤਾਤੁਰ ਹੋਏ ਕਿ ਜੈ ਸਿੰਘ ਮਨ ਦੀ ਕੁਮੱਤ ਵਿਚ ਪਰੋਤਾ ਸਾਡਾ ਅੰਤ ਲੈਂਦਾ ਹੈ॥੨੫॥

ਹਮ ਜੋ ਚਾਹਤਿ ਵਸਤੁ ਛਪਾਈ। ਸੋ ਚਿਤ ਬਾਂਛਤਿ ਇਹੁ ਬਿਦਤਾਈ।
ਪ੍ਰਭੁ ਕੇ ਸੰਤ ਜੁ ਲਖਹਿਂ ਭਲੀ ਨ। ਤਿਮ ਕਰਿਬੇ ਮਹਿਂ ਇਨ ਮਤਿ ਭੀਨ॥੨੬॥

ਜਿਹੜੀ ਵਸਤੂ ਨੂੰ ਅਸੀਂ ਛੁਪਾਉਣਾ ਚਾਹੁੰਦੇ ਹਾਂ, ਉਹ ਚਿਤ ਵਿਚ ਇਸਨੂੰ ਪ੍ਰਗਟ ਕਰਨਾ ਚਾਹੁੰਦਾ ਹੈ। ਪ੍ਰਭੂ ਦੇ ਭਗਤ ਜਿਸ ਗੱਲ ਨੂੰ ਚੰਗਾ ਨਹੀਂ ਸਮਝਦੇ ਹਨ, ਅਜਿਹਾ ਕਰਨ ਵਾਸਤੇ ਇਹ ਆਪਣੇ ਮਨ ਵਿਚ ਭਿੱਜਾ ਹੋਇਆ ਹੈ॥੨੬॥

ਕੁਛ ਤੇ ਕੁਛ ਕਰਤਾ ਧਰਿ ਚਾਉ। ਸੋ ਜਗ ਮਹਿ ਦਿਖਰਾਇ ਪ੍ਰਭਾਉ।
ਲੋਕਨਿ ਕੇ ਬਸ ਕਰਿਬੇ ਹੇਤੁ। ਅਨਿਕ ਘਾਤ ਰਚਿ ਧਨ ਹਰਿ ਲੇਤਿ॥ ੨੭॥

ਚਾਅ ਕਰਕੇ ਕੁਝ ਤੋਂ ਕੁਝ ਕਰਨ ਵਾਲੇ ਚੇਟਕੀ ਲੋਕ, ਜੱਗ ਵਿਚ ਆਪਣਾ ਪ੍ਰਭਾਵ ਵਿਖਾਉਂਦੇ ਹਨ। ਲੋਕਾਂ ਨੂੰ ਵੱਸ ਕਰਨ ਵਾਸਤੇ ਅਨੇਕਾਂ ਦਾਅ ਲਾ ਕੇ ਧਨ ਖੋਹ ਲੈਂਦੇ ਹਨ॥੨੭॥

ਅਸ ਅਜ਼ਮਤਵਾਨਨਿ ਬਿਰਮਾਏ। ਨਹਿਂ ਪਰਲੋਕ ਗਤੀ ਲਖਿ ਪਾਏ।
ਦੋਨਹੁਂ ਭੂਲਤਿ ਹੈਂ ਪ੍ਰਭੁ ਪੰਥਾ। ਜੋ ਉਪਦੇਸ਼ਕ ਅਰੁ ਲੇ ਸੰਥਾ॥ ੨੮॥

ਐਸੇ ਕਰਾਮਾਤੀਏ ਜੋ ਲੋਕਾਂ ਨੂੰ ਭਰਮਾਉਂਦੇ ਹਨ, ਉਹ ਪਰਲੋਕ ਵਿਚ ਜੋ ਗਤੀ ਹੋਣੀ ਹੈ, ਉਸ ਨੂੰ ਨਹੀਂ ਸਮਝਦੇ। ਦੋਵੇਂ ਪ੍ਰਭੂ ਦੇ ਰਾਹ ਨੂੰ ਭੁਲ ਗਏ ਹਨ, ਜਿਹੜੇ ਉਪਦੇਸ਼ ਕਰਦੇ ਹਨ ਤੇ ਜਿਹੜੇ ਉਪਦੇਸ਼ ਸੁਣਦੇ ਹਨ॥੨੮॥

ਸਤਿਗੁਰ ਕੇ ਘਰਿ ਨਹਿਂ ਇਹ ਨੀਕੀ। ਜਿਸ ਤੇ ਹੁਇ ਕੱਲਜਾਨ ਨ ਜੀ ਕੀ।
ਨਾਟਕ ਚੇਟਕ ਕਰਿ ਦਿਖਲਾਵਨਿ। ਅਨਿਕ ਬਿਧਿਨਿ ਕਰ ਨਰ ਬਿਰਮਾਵਨਿ॥੨੯॥

ਸਤਿਗੁਰੂ ਜੀ ਦੇ ਘਰ ਇਹ ਗੱਲ ਚੰਗੀ ਨਹੀਂ, ਜਿਸ ਨਾਲ ਜੀਅ ਦਾ ਕਲਿਆਣ ਨਹੀਂ ਹੁੰਦਾ। ਨਾਟਕ ਚੇਟਕ ਕਰਕੇ ਵਿਖਾਉਣਾ ਅਨੇਕ ਢੰਗਾਂ ਨਾਲ ਲੋਕਾਂ ਨੂੰ ਭਰਮਾਉਣਾ ਹੈ॥੨੯॥

ਸੋ ਹਮ ਨੇ ਕਰਨੀ ਬਿਧਿ ਨਾਂਹਿ ਨ। ਕਰਾਮਾਤ ਦਿਖਰਾਵਹਿਂ ਕਾਹਿ ਨ।
ਇਕ ਅਵਿਲੋਕਤਿ ਦੂਸਰ ਚਾਹੈ। ਪੁਨ ਕਰਿ ਹਹਿਂ ਕਿਸ ਕਿਸ ਕੇ ਪਾਹੈ॥੩੦॥

ਉਹ ਵਿਧੀ ਅਸੀਂ ਨਹੀਂ ਕਰਨੀ। ਅਸੀਂ ਕਦੀ ਵੀ ਕਰਾਮਾਤ ਨਹੀਂ ਵਿਖਾਵਾਂਗੇ। ਜੇ ਕੋਈ ਵਿਅਕਤੀ ਕਰਾਮਾਤ ਵੇਖ ਲਵੇਗਾ ਤਾਂ ਦੂਸਰਾ ਵੀ ਵੇਖਣਾ ਚਾਹੇਗਾ ਕਿ ਮੈਨੂੰ ਵੀ ਵਿਖਾਓ, ਫਿਰ ਕਿਸ ਕਿਸ ਦੇ ਪਾਸ ਜਾ ਕੇ ਕਰਾਮਾਤ ਵਿਖਾਵਾਂਗਾ॥੩੦॥

ਪ੍ਰਥਮ ਇਸੀ ਕਾਰਨ ਕੋ ਜਾਨੇ। ਨਹਿਂ ਆਵਨਿ ਦਿੱਲੀ ਕਹੁ ਮਾਨੇ।
ਇਸ ਕੋ ਪ੍ਰੇਮ ਜਾਨਿ ਚਲਿ ਆਏ। ਅਬਿ ਕਿਮ ਠਟਹਿਂ ਕੁਮਤਿ ਬਿਚਲਾਏ॥੩੧॥

ਪਹਿਲਾਂ ਏਸੇ ਕਾਰਨ ਨੂੰ ਜਾਣ ਕੇ, ਅਸੀਂ ਦਿੱਲੀ ਆਉਣਾ ਨਹੀਂ ਸੀ ਮੰਨਦੇ। ਇਸ ਦਾ ਪ੍ਰੇਮ ਜਾਣ ਕੇ ਚਲ ਕੇ ਆ ਗਏ। ਹੁਣ ਭੈੜੀ ਮੱਤ ਦਾ ਵਿਗਾੜਿਆ ਹੋਇਆ ਕਿਵੇਂ ਡੋਲ ਗਿਆ ਹੈ॥੩੧॥

ਨਹਿਂ ਦੀਰਘ ਦਰਸੀ ਮਤਿ ਮੰਦ। ਨਹਿਂ ਚਾਹਤਿ ਪਰਲੋਕ ਅਨੰਦ।
ਸੱਤਿਨਾਮ ਸਿਮਰਨਿ ਬਿਸਰਾਏ। ਪ੍ਰਭੁ ਮਾਯਾ ਅਤਿ ਪ੍ਰਬਲ ਭੁਲਾਏ॥ ੩੨॥

ਮਾੜੀ ਮੱਤ ਵਾਲਾ ਦੂਰ ਦਰਸ਼ੀ ਵੀ ਨਹੀਂ ਹੈ, ਆਪਣੇ ਪਰਲੋਕ ਦਾ ਆਨੰਦ ਵੀ ਨਹੀਂ ਚਾਹੁੰਦਾ। ਸਤਿਨਾਮ ਦਾ ਸਿਮਰਨ ਇਸ ਵਿਸਾਰ ਦਿੱਤਾ ਹੈ। ਪ੍ਰਭੂ ਦੀ ਮਾਇਆ ਅਤਿ ਪ੍ਰਬਲ ਹੈ, ਜਿਸ ਨੇ ਸਭ ਕੁਝ ਭੁਲਾ ਦਿੱਤਾ ਹੈ॥੩੨॥

ਸੇਵਾ ਸੰਤਨਿ ਕੀ ਸੁਭ ਕਰਿ ਕੈ। ਪ੍ਰਭੁ ਭਾਣੈ ਮੀਠੋ ਚਿਤ ਧਰਿ ਕੈ।
ਹਉਮੈ ਤਜਿ ਸਿਮਰਨਿ ਹਰਿ ਨਾਮੂ। ਇਮ ਕਰਿ ਮਿਲਹਿ ਨਹੀਂ ਦੁਖ ਧਾਮ॥੩੩॥

ਸੰਤਾਂ ਦੀ ਸੁਭ ਸੇਵਾ ਕਰਕੇ, ਪ੍ਰਭੂ ਦੇ ਭਾਣੇ ਨੂੰ ਚਿਤ ਵਿਚ ਮਿੱਠਾ ਧਾਰਨ ਕਰਕੇ, ਹਉਮੈ ਛੱਡ ਕੇ ਹਰੀ ਦੇ ਨਾਮ ਦਾ ਸਿਮਰਨ ਕਰੇ, ਇਸ ਤਰ੍ਹਾਂ ਕਰਨ ਨਾਲ ਅਸਲੀ ਘਰ ਪਰਲੋਕ ਵਿਖੇ ਦੁਖ ਨਹੀਂ ਪਾਵੇਗਾ॥੩੩॥

ਅੰਮ੍ਰਿਤ ਤਜਿ ਬਿਖ ਗਹਿਬੇ ਦੌਰਹਿਂ। ਰੋਪਿ ਬੰਬੂਰ, ਕਲਪਤਰੁ ਤੋਰਹਿਂ।
ਅਤਿ ਅਮੋਲ ਕਰ ਡਾਰਹਿਂ ਹੀਰਾ। ਫਟਕ ਬਿਹਾਝਹਿਂ ਸੁਭ ਮਤ ਕੀਰਾ॥ ੩੪॥

ਅੰਮ੍ਰਿਤ ਨੂੰ ਛੱਡ ਕੇ ਜ਼ਹਿਰ ਫੜਨ ਦੌੜਦਾ ਹੈ, ਕਿੱਕਰ ਬੀਜ ਕੇ ਕਲਪ ਬ੍ਰਿਛ ਦੇ ਪੱਤਰ ਤੋੜਨਾ ਚਾਹੁੰਦਾ ਹੈ। ਇਸ ਤਰ੍ਹਾਂ ਕਰਕੇ ਕਈ ਅਤਿ ਅਮੋਲਕ ਹੀਰੇ ਨੂੰ ਹੱਥੋਂ ਸੁੱਟ ਦਿੰਦੇ ਹਨ, ਸੁਭ ਮੱਤ ਬਗੈਰ ਮੂਰਖ ਇਸ ਤਰ੍ਹਾਂ ਕਰਦੇ ਹਨ॥੩੪॥

ਇਤਯਾਦਿਕ ਸੋਚਤਿ ਗਨ ਸੋਚਨਿ। ਜਨਮ ਮਰਨ ਕੀ ਸੋਚ ਬਿਮੋਚਨ।
ਨ੍ਰਿਪ ਕੋ ਆਵਨਿ ਸਮੈ ਪਛਾਨਿ। ਇਕ ਘਰ ਪ੍ਰਵਿਸ਼ੇ ਕ੍ਰਿਪਾ ਨਿਧਾਨ॥ ੩੫॥

ਇਤਿਆਦਿਕ ਸੋਚਦੇ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਜਿਹੜੇ ਜਨਮ ਮਰਨ ਨੂੰ ਦੂਰ ਕਰਨ ਵਾਲੇ ਹਨ, ਬਹੁਤ ਕੁਝ ਸੋਚਦੇ ਗਏ। ਰਾਜੇ ਦੇ ਆਉਣ ਦਾ ਸਮਾਂ ਪਛਾਣ ਕੇ ਕਿਰਪਾ ਨਿਧਾਨ ਗੁਰੂ ਜੀ ਇਕ ਘਰ ਵਿਚ ਪ੍ਰਵੇਸ਼ ਕਰ ਗਏ॥੩੫॥

ਸਰਬ ਨਰਨਿ ਕੋ ਤਜਾਗਜੋ ਸੰਗਿ। ਭਏ ਇਕਾਕੀ ਗੁਰ ਇਕ ਰੰਗ।
ਸਿਹਜਾ ਸੁੰਦਰ ਅੰਦਰ ਘਰ ਕੇ। ਮ੍ਰਿਦੁ ਡਸਵਾਇ ਪੌਢਿਬੋ ਕਰਿ ਕੇ॥ ੩੬॥

ਸਾਰੇ ਮਨੁੱਖਾਂ ਦਾ ਸੰਗ ਛੱਡ ਦਿੱਤਾ। ਗੁਰੂ ਜੀ ਇਕ ਰੰਗ ਵਿਚ ਇਕਾਂਤ ਵਿਚ ਹੋ ਗਏ। ਘਰ ਦੇ ਅੰਦਰ ਬੜੀ ਸੁੰਦਰ ਸੇਜ ਵਿਛੀ ਹੋਈ ਸੀ, ਲੇਟਣ ਵਾਸਤੇ ਸੁੰਦਰ ਪਲੰਘ ਡੁਹਾਇਆ ਗਿਆ ਸੀ॥੩੬॥

ਸੂਖਮ ਬਿਸਦ ਬਸਤ੍ਰ ਤਨ ਲੈ ਕੇ। ਸ੍ਰੀ ਸਤਿਗੁਰ ਥਿਰਤਾ ਨਿਜ ਕੈ ਕੈ।
ਗਤਿ ਲੋਕਨ ਕੀ ਕਰਤਿ ਬਿਚਾਰਨਿ। ਬਿਨ ਸੁਧ ਅੰਧੇ ਪਾਵਹਿਂ ਪਾਰ ਨ॥੩੭॥

ਕੋਮਲ ਸਫੈਦ ਰੰਗ ਦਾ ਕਪੜਾ ਆਪਣੇ ਸਰੀਰ ਉੱਤੇ ਲੈ ਕੇ ਸਤਿਗੁਰੂ ਜੀ ਆਪਣੇ ਆਪ ਵਿਚ ਸਥਿਤ ਹੋ ਗਏ। ਲੋਕਾਂ ਦੀ ਗਤੀ 'ਤੇ ਵਿਚਾਰ ਕਰਦੇ ਹਨ, ਸੋਝੀ ਤੋਂ ਬਗੈਰ ਅੰਨ੍ਹੇ ਭਵਜਲ ਨੂੰ ਪਾਰ ਨਹੀਂ ਕਰ ਸਕਣਗੇ॥੩੭॥

ਬਿਸ਼ੈ ਬਿਹਾਰਨਿ ਫਸੇ ਬਿਸਾਲਾ। ਜਾਇ ਨਰਕ ਪਕਰੇ ਜਮ ਜਾਲਾ।
ਅਨਿਕ ਜੋਨਿ ਜਨਮਨਿ ਅਰੁ ਮਰਨੋ। ਮਤਿ ਮੂਰਖ ਨਹਿਂ ਕਰਿਬੇ ਹਰਨੋ॥੩੮॥

ਵਿਸ਼ਾਲ ਵਿਸ਼ੇ ਵਿਹਾਰਾਂ ਵਿਚ ਫਸੇ ਹੋਏ ਹਨ, ਜਮਾਂ ਦੇ ਜਾਲ ਵਿਚ ਫਸ ਕੇ ਨਰਕਾਂ ਵਿਚ ਜਾ ਪੈਣਗੇ। ਅਨੇਕਾਂ ਜੂਨਾਂ ਵਿਚ ਜਨਮ ਲੈਣਗੇ ਤੇ ਮਰਨਗੇ, ਪਰ ਆਪਣੀ ਮੂਰਖ ਮੱਤ ਨੂੰ ਨਹੀਂ ਛੱਡਣਗੇ॥੩੮॥

ਚਾਹਤਿ ਹੈਂ ਅਜ਼ਮਤ ਕਹੁ ਦੇਖਾ। ਅਪਨੋ ਲਖਹਿਂ ਨ ਕਾਜ ਬਿਸ਼ੇਖਾ।
ਸਦਨ ਕਪਾਟ ਅਸੰਜਤਿ ਕਰੇ। ਅੰਤਰ ਸ੍ਰੀ ਹਰਿਕ੍ਰਿਸ਼ਨ ਸੁ ਥਿਰੇ॥ ੩੯॥

ਕਰਾਮਾਤ ਨੂੰ ਵੇਖਣਾ ਚਾਹੁੰਦੇ ਹਨ, ਆਪਣੇ ਵਿਸ਼ੇਸ਼ ਕਾਰਜ ਨੂੰ ਨਹੀਂ ਸਮਝਦੇ ਹਨ। ਘਰ ਦੇ ਦਰਵਾਜ਼ੇ ਬੰਦ ਕਰ ਲਏ, ਜਿਥੇ ਅੰਦਰ ਸ੍ਰੀ ਹਰਿਕ੍ਰਿਸ਼ਨ ਜੀ ਬੈਠੇ ਸਨ॥੩੯॥

ਲੋਕ ਨਿਕਟਿ ਤੇ ਸਕਲ ਹਟਾਏ। ਬੈਠੇ ਦੂਰ ਜਾਇ ਸਮੁਦਾਏ।
ਤਿਨ ਕਪਾਟ ਕੀ ਸਿੰਖਲ ਭੇਰਿ। ਅੰਤਰ ਟਿਕੇ ਰਹੇ ਤਿਸ ਬੇਰ॥ ੪੦॥

ਆਪਣੇ ਪਾਸ ਤੋਂ ਸਭ ਲੋਕਾਂ ਨੂੰ ਹਟਾ ਦਿੱਤਾ। ਸਾਰੇ ਲੋਕ ਦੂਰ ਜਾ ਕੇ ਬੈਠ ਗਏ। ਦਰਵਾਜ਼ਿਆਂ ਦੇ ਕੁੰਡੇ ਬੰਦ ਕਰਕੇ, ਗੁਰੂ ਜੀ ਉਸ ਸਮੇਂ ਅੰਦਰ ਟਿਕੇ ਰਹੇ॥੪੦॥

ਦੋਹਰਾ- ਜੈਪੁਰਿ ਪਤਿ ਹਰਖਤਿ ਸੁ ਚਿਤ ਕਰਿ ਇਕਠੋ ਰਣਵਾਸ।
ਚਹਤਿ ਲਜਾਇਬੋ ਸਤਿਗੁਰੂ ਨੰਮ੍ਰਿ ਹੋਇ ਕਰਿ ਦਾਸ॥ ੪੧॥

ਰਾਜਾ ਜੈ ਸਿੰਘ ਨੇ ਬੜੇ ਪ੍ਰਸੰਨ ਹੋ ਕੇ ਸਾਰੀਆਂ ਰਾਣੀਆਂ ਨੂੰ ਰਣਵਾਸ ਵਿਚ ਇਕੱਠਿਆਂ ਕੀਤਾ ਤੇ ਸਤਿਗੁਰੂ ਜੀ ਨੂੰ ਸਨਿਮਰ ਦਾਸ ਬਣ ਕੇ ਲਿਆਉਣਾ ਚਾਹੁੰਦਾ ਸੀ॥੪੧॥

*ਦਸਵੀਂ ਰਾਸ ਦਾ ਚੁਤਾਲੀਵਾਂ ਅਧਿਆਇ ਸਮਾਪਤ ਹੋਇਆ॥੪੪॥*

❖❖❖

# ਅਧਿਆਇ ਪੰਜਤਾਲੀਵਾਂ

## ਜੈ ਸਿੰਘ ਗੁਰੂ ਜੀ ਨੂੰ ਲੈਣ ਆਇਆ

ਦੋਹਰਾ- ਦਿਵਸ ਦੁਪਹਿਰੋ ਢਰਜੋ ਜਬਿ ਸਕਲ ਤਯਾਰ ਕਰਿਵਾਇ।
ਜੈ ਸਿੰਘ ਛਿਤ ਪਤਿ ਤਜਿ ਸਦਨ ਨਿਕਸਜੋ ਬਹਿਰ ਸੁ ਆਇ॥ ੧॥

ਜਦ ਦਿਨ ਦੀ ਦੁਪਹਿਰ ਢਲ ਗਈ ਤੇ ਸਭ ਤਿਆਰੀ ਕਰਵਾ ਲਈ ਤਾਂ ਰਾਜਾ ਜੈ ਸਿੰਘ ਘਰ ਛੱਡ ਕੇ ਬਾਹਰ ਨਿਕਲਿਆ॥੧॥

ਚੌਪਈ- ਸਿੰਘ ਪੌਰ ਮਹਿਂ ਆਇ ਥਿਰਜੋ ਹੈ। ਮੁਜਰੋ ਨਰ ਪਰਧਾਨ ਕਰਜੋ ਹੈ।
ਤਿਸ ਤਿਸ ਥਲ ਪਰ ਸਕਲ ਹਟਾਏ। ਸਾਦਰ ਸੋ ਕਹਿ ਕਹਿ ਬੈਠਾਏ॥੨॥

ਰਾਜਾ ਜੈ ਸਿੰਘ ਦਰਵਾਜੇ 'ਤੇ ਆ ਕੇ ਖੜਾ ਹੋ ਗਿਆ, ਉਸ ਦੇ ਪ੍ਰਧਾਨ ਸੇਵਕ ਨੇ ਉਸ ਨੂੰ ਨਮਸਕਾਰ ਕੀਤੀ। ਤਿਸ ਤਿਸ ਥਾਵਾਂ ਤੋਂ ਸਾਰੇ ਹਟਾ ਦਿੱਤੇ ਤੇ ਅਦਬ ਨਾਲ ਕਹਿ ਕਹਿ ਬੈਠਾਏ॥੨॥

ਏਕਾਕੀ ਆਗੇ ਚਲਿ ਆਯੋ। ਜਹਿਂ ਸਤਿਗੁਰ ਕੋ ਸਿਵਰ ਕਰਾਯੋ।
ਆਨਿ ਪ੍ਰਵੇਸ਼ਜੋ ਪੌਰ ਮਝਾਰੇ। ਸਭਿ ਆਗੇ ਉਠਿ ਖਰੇ ਨਿਹਾਰੇ॥ ੩॥

ਇਕੱਲਾ ਹੀ ਅੱਗੇ ਚਲ ਕੇ ਆਇਆ, ਜਿਥੇ ਸਤਿਗੁਰੂ ਜੀ ਦਾ ਡੇਰਾ ਕਰਵਾਇਆ ਸੀ। ਉਸ ਦੇ ਦਰਵਾਜ਼ੇ ਵਿਚ ਆ ਪ੍ਰਵੇਸ਼ ਕੀਤਾ, ਅੱਗੋਂ ਸਾਰੇ ਉੱਠ ਕੇ ਖੜੇ ਹੋ ਗਏ॥੩॥

ਜੈਪੁਰਿ ਨਾਥ ਅਚਾਨਕ ਆਵਨਿ। ਲੋਕ ਬਿਲੋਕਤਿ ਭੇ ਬਿਸਮਾਵਨ।
ਜਿਸ ਕੇ ਸਾਥ ਨ ਮਾਨਵ ਭੀਰ। ਸਭਾ ਪ੍ਰਵੇਸ਼ਨਿ ਕੇ ਨਹਿਂ ਚੀਰ॥ ੪॥

ਜੈਪੁਰ ਦਾ ਰਾਜਾ ਅਚਾਨਕ ਆ ਗਿਆ ਸੀ ਤੇ ਲੋਕ ਬੜੇ ਹੈਰਾਨ ਹੋ ਕੇ ਵੇਖ ਰਹੇ ਸਨ, ਜਿਸ ਦੇ ਨਾਲ ਮਨੁੱਖਾਂ ਦੀ ਭੀੜ ਨਹੀਂ ਸੀ ਤੇ ਸਭਾ ਵਿਚ ਪ੍ਰਵੇਸ਼ ਕਰਨ ਦੇ ਕਪੜੇ ਵੀ ਨਹੀਂ ਪਾਏ ਸਨ॥੪॥

ਕਜੋਂ ਆਯੋਂ ਅਬਿ ਗਟੀ ਗਿਨੰਤੇ। ਕਿਧੌਂ ਸ਼ਾਹੁ ਇਹ ਪਠਜੋ ਤੁਰੰਤੇ।
ਇਤ ਉਤ ਦੇਖਤਿ ਦ੍ਰਿਗਨਿ ਚਲਾਇ। ਕਿਸ ਥਲ ਪਿਖੇ ਨ ਗੁਰ ਸੁਖਦਾਇ॥੫॥

ਇਹ ਗਿਣਤੀਆਂ ਗਿਣਦਾ ਹੁਣ ਕਿਉਂ ਆਇਆ ਹੈ ਜਾਂ ਕਿਤੇ ਬਾਦਸ਼ਾਹ ਨੇ ਤਾਂ ਨਹੀਂ ਤੁਰਤ ਭੇਜਿਆ ? ਅੱਖਾਂ ਘੁਮਾ ਕੇ ਏਧਰ ਓਧਰ ਵੇਖਦਾ ਸੀ, ਕਿਸੇ ਥਾਂ ਵੀ ਸੁਖਦਾਈ ਗੁਰੂ ਜੀ ਦਿਖਾਈ ਨਾ ਦਿੱਤੇ॥੫॥

ਸਿੱਖਜਨਿ ਸਾਥ ਨਾਥ ਜੈਪੁਰਿ ਕੇ। ਬੂਝਨਿ ਕਰੇ ਉਤਾਇਲ ਕਰਿਕੇ।
'ਕਹਾਂ ਬਿਰਾਜੇ ਸੁਖਦ ਹਜ਼ੂਰ। ਡੇਰੇ ਬਿਖੈ ਕਿ ਗਮਨੇ ਦੂਰ॥ ੬॥

ਜੈਪੁਰ ਦਾ ਰਾਜਾ ਸਿੱਖਾਂ ਨੂੰ ਬੜੀ ਕਾਹਲੀ ਕਾਹਲੀ ਪੁੱਛਣ ਲੱਗਾ, "ਸੁਖਦਾਤੇ ਹਜ਼ੂਰ ਕਿਥੇ ਬੈਠੇ ਹਨ ? ਡੇਰੇ ਵਿਚ ਹਨ ਕਿ ਕਿਤੇ ਦੂਰ ਗਏ ਹਨ ?॥੬॥

ਨਿਜ ਥਲ ਨਹੀਂ ਦ੍ਰਿਸ਼ਟਿ ਮੁਝ ਆਇਂ। ਤੁਮ ਨਜਾਰੇ ਕਿਮ ਭੇ ਸਮੁਦਾਇ'।
ਸੁਨਿ ਸਿੱਖਜਨਿ ਸਭਿ ਕਹਜੋ ਬੁਝਾਈ। 'ਇਸ ਘਰ ਅੰਤਰ ਪ੍ਰਵਿਸ਼ੇ ਜਾਈ॥੭॥

ਆਪਣੇ ਸਥਾਨ 'ਤੇ ਮੈਨੂੰ ਨਜ਼ਰ ਨਹੀਂ ਆਏ ਹਨ, ਤੁਹਾਡੇ ਸਾਰਿਆਂ ਨਾਲੋਂ ਵੱਖ ਕਿਵੇਂ ਹੋ ਗਏ ਹਨ?" ਇਹ ਸੁਣ ਕੇ ਸਾਰੇ ਸਿੱਖਾਂ ਨੇ ਸਮਝਾ ਕੇ ਕਿਹਾ, "ਇਸ ਘਰ ਦੇ ਅੰਦਰ ਪ੍ਰਵੇਸ਼ ਕਰ ਗਏ ਹਨ॥੭॥

ਏਕਾਕੀ ਹੁਇ ਸਕਲ ਹਟਾਏ। ਕੁਛ ਸਤਿਗੁਰ ਗਤਿ ਲਖੀ ਨ ਜਾਏ'।
ਕਰਿ ਨਿਰਨੈ ਗਮਨਯੋ ਤਿਸ ਘਰ ਕੋ। ਜਾਤਿ ਬਿਚਾਰਤਿ ਸੰਸੈ ਉਰ ਕੋ॥ ੮॥

ਇਕੱਲੇ ਹੋ ਕੇ ਸਭ ਨੂੰ ਹਟਾ ਦਿੱਤਾ ਹੈ, ਸਤਿਗੁਰੂ ਜੀ ਦੀ ਗਤੀ ਸਮਝੀ ਨਹੀਂ ਜਾ ਸਕਦੀ।" ਨਿਰਣਾ ਕਰਕੇ ਉਸ ਘਰ ਵੱਲ ਗਿਆ, ਜਾਂਦਾ ਹੋਇਆ ਆਪਣੇ ਮਨ ਦੇ ਸੰਸੇ ਨੂੰ ਵਿਚਾਰਦਾ ਜਾਂਦਾ ਸੀ॥੮॥

ਕਿਸ ਕਾਰਨ ਤੇ ਇਮ ਗੁਰ ਹੋਏ। ਮੁਖ ਪ੍ਰਸੰਨ ਜਿਨ ਲਖਿ ਸਭਿ ਕੋਏ।
ਮੈਂ ਅਬਿ ਕਰਿ ਕੈ ਸਰਬ ਪ੍ਰਕਾਰ। ਕਰੌਂ ਖੁਸ਼ੀ ਤਿਨ ਰਿਦੈ ਉਦਾਰ॥ ੯॥

ਕਿਸ ਕਾਰਨ ਗੁਰੂ ਜੀ ਇਸ ਤਰ੍ਹਾਂ ਹੋਏ ਹਨ? ਜਿਨ੍ਹਾਂ ਦੇ ਚਿਹਰੇ ਨੂੰ ਸਾਰੇ ਹੀ ਅਤਿ ਪ੍ਰਸੰਨ ਵੇਖਦੇ ਹਨ। ਮੈਂ ਹੁਣ ਸਰਬ ਪ੍ਰਕਾਰ ਕਰਕੇ, ਉਨ੍ਹਾਂ ਨੂੰ ਪ੍ਰਸੰਨ ਕਰਾਂਗਾ, ਜਿਨ੍ਹਾਂ ਦਾ ਹਿਰਦਾ ਬੜਾ ਵਿਸ਼ਾਲ ਹੈ॥੯॥

ਮਮ ਘਰ ਆਇ ਅਨੰਦਤਿ ਰਹੈਂ। ਤੌ ਕੱਲਜਾਨ ਹਮਾਰੀ ਅਹੈ।
ਨਿਕਟਿ ਕਪਾਟਨਿ ਕੇ ਜਬਿ ਗਯੋ। ਹਾਥਨਿ ਸਾਥ ਹਲਾਵਤਿ ਭਯੋ॥ ੧੦॥

ਮੇਰੇ ਘਰ ਆ ਕੇ ਆਨੰਦ ਪ੍ਰਸੰਨ ਰਹਿਣ, ਫਿਰ ਹੀ ਮੇਰਾ ਕਲਿਆਣ ਹੁੰਦਾ ਹੈ। ਜਦ ਦਰਵਾਜ਼ੇ ਦੇ ਪਾਸ ਗਿਆ ਤੇ ਹੱਥ ਨਾਲ ਹਿਲਾਉਣ ਲੱਗਾ॥੧੦॥

ਸਿੰਖਲ ਭਿਰੀ ਜਾਨਿ ਥਿਰ ਰਹਯੋ। ਹੇਤੁ ਹਕਾਰਨਿ ਕੇ ਤਬਿ ਕਹਯੋ।
'ਪ੍ਰਭੁ ਜੀ! ਕਰਹੁ ਕਪਾਟ ਹਟਾਵਨਿ। ਦਾਸ ਜਾਨਿ ਦਿਹੁ ਦਰਸ਼ਨ ਪਾਵਨ॥੧੧॥

ਦਰਵਾਜ਼ੇ ਦਾ ਕੁੰਡਾ ਅੰਦਰੋਂ ਬੰਦ ਹੋਣ ਕਰਕੇ, ਤਦ ਫਿਰ ਬੁਲਾਉਣ ਵਾਸਤੇ ਆਵਾਜ਼ ਮਾਰੀ, 'ਹੇ ਪ੍ਰਭੂ ਜੀ! ਦਰਵਾਜ਼ਾ ਖੋਲ੍ਹੋ, ਦਾਸ ਜਾਣ ਕੇ ਪਵਿੱਤਰ ਦਰਸ਼ਨ ਦੇਵੋ"॥੧੧॥

ਦੁਇ ਤ੍ਰੈ ਬਾਰ ਹਕਾਰਨਿ ਕਰੇ। ਬੋਲੇ ਗੁਰ ਨ, ਮੋਨਤਾ ਧਰੇ।
ਊਚੀ ਚੌਥੇ ਹਾਂਕ ਹਕਾਰੀ। 'ਗੁਰ ਜੀ ਕਰਹੁ ਕਪਾਟ ਉਘਾਰੀ॥ ੧੨॥

ਦੋ ਤਿੰਨ ਵਾਰ ਬੁਲਾਇਆ, ਗੁਰੂ ਜੀ ਬੋਲੇ ਨਹੀਂ, ਜਿਨ੍ਹਾਂ ਮੋਨ ਧਾਰਨ ਕੀਤੀ ਹੋਈ ਸੀ। ਫਿਰ ਚੌਥੀ ਵਾਰ ਬੜੀ ਉੱਚੀ ਆਵਾਜ਼ ਮਾਰੀ, "ਗੁਰੂ ਜੀ! ਅੰਦਰੋਂ ਦਰਵਾਜ਼ਾ ਖੋਲ੍ਹੋ॥੧੨॥

ਜੈਪੁਰਿ ਪਤਿ ਮੈਂ ਦਾਸ ਤੁਮਾਰਾ। ਸ਼ਰਨ ਆਪ ਕੀ ਮਮ ਅਧਾਰਾ॥
ਮੈਂ ਅਲਪੱਗਜ ਭੂਲ ਕੁਛ ਹੋਈ। ਤੁਮ ਸਰਬੱਗਜ ਛਿਮਹੁ ਅਬਿ ਸੋਈ॥ ੧੩॥

ਜੈਪੁਰ ਦਾ ਰਾਜਾ ਮੈਂ ਤੁਹਾਡਾ ਦਾਸ ਹਾਂ, ਆਪ ਜੀ ਦੀ ਸ਼ਰਨ ਹੀ ਮੇਰਾ ਆਧਾਰ ਹੈ। ਮੈਂ ਛੋਟੀ ਬੁੱਧੀ ਵਾਲਾ ਹਾਂ, ਮੈਥੋਂ ਕੁਝ ਭੁੱਲ ਹੋ ਗਈ ਹੈ, ਤੁਸੀਂ ਸਰਬ-ਸਮਰੱਥ ਹੋ, ਮੈਨੂੰ ਮੁਆਫ਼ ਕਰੋ॥੧੩॥

ਆਪ ਕਰਹੁ ਸਮੁਝਾਵਨਿ ਐਸੇ। ਸੁਤ ਸੌਂ ਕਹਤਿ ਪਿਤਾ ਹਿਤ ਜੈਸੇ।
ਜੋ ਹਮ ਤੇ ਕੁਛ ਬਿਗਰਤਿ ਕਾਮੀ। ਦਾਸ ਜਾਨਿ ਕਰਿ ਰੋਕਹੁ, ਸ੍ਵਾਮੀ!'॥੧੪॥

ਆਪ ਮੈਨੂੰ ਇਸ ਤਰ੍ਹਾਂ ਸਮਝਾਵੋ, ਪੁੱਤਰ ਦੇ ਹਿਤ ਵਾਸਤੇ ਜਿਵੇਂ ਪਿਤਾ ਕਹਿੰਦਾ ਹੈ, ਜੇ ਸਾਥੋਂ ਕੋਈ ਕਾਰਜ ਵਿਗੜਦਾ ਹੈ ਤਾਂ ਹੇ ਸਵਾਮੀ! ਦਾਸ ਸਮਝ ਕੇ ਸਾਨੂੰ ਰੋਕ ਦੇਵੋ"॥੧੪॥

ਇੱਤਯਾਦਿਕ ਜਬਿ ਭਾਖੀ ਬਿਨਤੀ। ਸੁਨਿ ਸਤਿਗੁਰ ਤਜਿ ਕਰਿ ਸਭਿ ਗਿਨਤੀ।
ਸਿੰਖਲ ਛੋਰਿ ਕਪਾਟ ਉਘਾਰੇ। ਪੁਨ ਬੈਠੇ ਤਿਸ ਥਲ ਦੁਤਿਵਾਰੇ॥ ੧੫॥

ਇਤਿਆਦਿਕ ਜਦ ਬੇਨਤੀ ਕੀਤੀ ਤਾਂ ਸੁਣ ਕੇ ਸਤਿਗੁਰੂ ਜੀ ਨੇ ਸਭ ਗਿਣਤੀਆਂ ਛੱਡ ਦਿੱਤੀਆਂ। ਕੁੰਡਾ ਖੋਲ੍ਹ ਕੇ ਦਰਵਾਜੇ ਖੋਲ੍ਹੇ ਤੇ ਫਿਰ ਦੂਸਰੀ ਵਾਰ ਉਸ ਸਥਾਨ 'ਤੇ ਜਾ ਬਿਰਾਜੇ॥੧੫॥

ਜੈਪੁਰਿ ਪਤਿ ਪ੍ਰਵੇਸ਼ ਤਬਿ ਭਯੋ। ਅੰਤਰ ਹੋਇ ਦਰਸ ਗੁਰ ਲਯੋ।
ਨੀਚੇ ਕਰੇ ਬਿਲੋਚਨ ਬੈਸੇ। ਊਪਰ ਦ੍ਰਿਸ਼ਟਿ ਕੀਨਿ ਨਹਿਂ ਕੈਸੇ॥ ੧੬॥

ਜੈਪੁਰ ਦਾ ਰਾਜਾ ਫਿਰ ਅੰਦਰ ਗਿਆ ਤੇ ਅੰਦਰ ਜਾ ਕੇ ਗੁਰੂ ਜੀ ਦੇ ਦਰਸ਼ਨ ਕੀਤੇ। ਗੁਰੂ ਜੀ ਅੱਖਾਂ ਨੀਵੀਆਂ ਕਰਕੇ ਬੈਠੇ ਸਨ ਤੇ ਕਿਸੇ ਤਰ੍ਹਾਂ ਵੀ ਨਜ਼ਰ ਉਪਰ ਨਹੀਂ ਚੁੱਕ ਰਹੇ ਸਨ॥੧੬॥

ਨ੍ਰਿਪ ਬੰਦਨ ਕਰਿ ਥਿਤ ਭਾ ਪਾਸ। ਜੋਰਤਿ ਹਾਥ ਭਨਤਿ ਅਰਦਾਸ।
ਤਰੇ ਡਸਾਵਨਿ ਕੁਛ ਨਹਿਂ ਕਰਜੋ। ਬੈਨਿ ਦੀਨ ਹੁਇ ਬਚਨ ਉਚਰਜੋ॥੧੭॥

ਰਾਜਾ ਬੰਦਨਾ ਕਰਕੇ ਪਾਸ ਖੜ੍ਹਾ ਹੋ ਗਿਆ ਤੇ ਹੱਥ ਜੋੜ ਕੇ ਬੇਨਤੀ ਕੀਤੀ। ਥਲੇ ਕੁਝ ਵੀ ਨਹੀਂ ਵਿਛਾਇਆ ਹੈ, ਬੜਾ ਦੀਨ ਬਣ ਕੇ ਬੋਲਿਆ॥੧੭॥

'ਸ੍ਰੀ ਸਤਿਗਰ! ਜਿਮ ਚਿੰਤ ਮਝਾਰੇ? ਕੋ ਕਾਰਨ ਭਾ ਕਰਹੁ ਉਚਾਰੇ?
ਮੇਰੋ ਸਦਨ ਆਪਨੋ ਜਾਨਹੁ। ਸਭਿ ਪਰ ਮੁਖ ਤੇ ਹੁਕਮ ਬਖਾਨਹੁ॥ ੧੮॥

"ਹੇ ਸਤਿਗੁਰੂ ਜੀ! ਕਿਵੇਂ ਚਿੰਤਾ ਵਿਚ ਲੀਨ ਹੋ? ਕੀ ਕਾਰਨ ਹੈ, ਉਹ ਉਚਾਰਨ ਕਰੋ। ਮੇਰਾ ਘਰ ਆਪਣਾ ਜਾਣੋ, ਸਾਰਿਆਂ ਉੱਤੇ ਆਪਣੇ ਮੁੱਖ ਨਾਲ ਹੁਕਮ ਕਰੋ॥੧੮॥

ਅੰਤਹਪੁਰ ਮੈਂ ਦਾਸੀ ਗਨ ਹੈਂ। ਕਰਹਿਂ ਸਰਬ ਸੇਵਾ ਚਹਿਂ ਮਨ ਹੈਂ।
ਸੈਨਾ ਕੋਸ਼ ਦੇਸ਼ ਸਮੁਦਾਇ। ਸਕਲ ਆਪਕੇ ਲਖਹੁਂ ਸਦਾਇ॥ ੧੯॥

ਮਹਿਲਾਂ ਵਿਚ ਬਹੁਤ ਦਾਸੀਆਂ ਹਨ, ਸਾਰੀਆਂ ਮਨ ਲਾ ਕੇ ਸਰਬ ਪ੍ਰਕਾਰ ਸੇਵਾ ਕਰਨਗੀਆਂ। ਸੈਨਾ, ਖ਼ਜ਼ਾਨਾ, ਦੇਸ਼ ਸਭ ਕੁਝ ਹੈ, ਸਾਰੇ ਹੀ ਸਦਾ ਆਪਣੇ ਸਮਝੋ॥੧੯॥

ਸਭਿ ਸਮਾਜ ਜੁਤਿ ਮੈਂ ਹੌਂ ਦਾਸ। ਚਹਹੁ, ਕਹੀਜਹਿ ਸੋ ਮਮ ਪਾਸ।
ਕੋ ਕੁਕਾਜ ਦਿਹੁ ਤਨਕ ਜਨਾਇ। ਸਭਿ ਤਜਿ ਤਿਸ ਕੋ ਕਰੌਂ ਉਪਾਇ॥੨੦॥

ਸਭ ਸਮਾਜ ਸਹਿਤ ਮੈਂ ਆਪ ਜੀ ਦਾ ਦਾਸ ਹਾਂ, ਜੋ ਵਸਤੂ ਚਾਹੀਦੀ ਹੋਵੇ ਮੇਰੇ ਪਾਸ ਕਹੋ। ਜਿਹੜਾ ਕੰਮ ਖੋਟਾ ਹੋਇਆ ਹੋਵੇ, ਰਤਾ ਮਾਤ੍ਰ ਸਾਨੂੰ ਜਾਣੂੰ ਕਰਵਾ ਦੇਵੋ, ਉਸ ਨੂੰ ਸਭ ਤਰ੍ਹਾਂ ਨਾਲ ਛੱਡ ਕੇ ਠੀਕ ਕਰਨ ਦਾ ਉਪਾਅ ਕਰਾਂਗਾ॥੨੦॥

ਸ਼ਾਹੁ ਸੰਗ ਰਾਖਯੋ ਰਸ ਰੰਗ। ਉਤ ਕੀ ਚਿੰਤ ਨ ਕਰਹੁ ਨਿਸ਼ੰਗ।
ਸਭਿ ਕੇ ਕਾਰਜ ਆਪ ਪੁਜਾਵਹੁ। ਅਪਨੋ ਨੀਕੋ ਕਜੋਂ ਨ ਬਨਾਵਹੁ॥ ੨੧॥

ਬਾਦਸ਼ਾਹ ਨਾਲ ਚੰਗਾ ਮੇਲ ਮਿਲਾਪ ਹੋਇਆ ਹੈ। ਉਸ ਪਾਸੇ ਤੋਂ ਸ਼ੰਕਾ ਰਹਿਤ ਹੋ ਕੇ ਕੋਈ ਵੀ ਚਿੰਤਾ ਨਾ ਕਰੋ। ਸਾਰਿਆਂ ਦੇ ਕਾਰਜ ਆਪ ਪੂਰੇ ਕਰਦੇ ਹੋ, ਫਿਰ ਆਪਣਾ ਕਾਰਜ ਕਿਉਂ ਨਹੀਂ ਬਣਾਉਂਦੇ ਹੋ॥੨੧॥

ਹਮਰੇ ਮਹਿਂ ਕਜਾ ਸ਼ਕਤਿ ਗੁਸਾਈਂ! ਜੋ ਰਾਵਰ ਕੇ ਹੁਇਂ ਸਹਾਈ।
ਕੇਵਲ ਦਾਸ ਦੇਨਿ ਬਡਿਆਈ। ਸ੍ਰੀ ਮੁਖ ਤੇ ਕੁਛ ਦਿਹੁ ਫੁਰਮਾਈ॥ ੨੨॥

ਹੇ ਮਾਲਕ! ਮੇਰੇ ਵਿਚ ਕੀ ਸ਼ਕਤੀ ਹੈ, ਜਿਹੜਾ ਮੈਂ ਆਪ ਜੀ ਦੀ ਸਹਾਇਤਾ ਕਰ ਸਕਾਂ। ਕੇਵਲ ਦਾਸ ਜਾਣ ਕੇ ਵਡਿਆਈ ਦਿੱਤੀ ਹੈ, ਹਜ਼ੂਰ ਆਪਣੇ ਮੁਖ ਤੋਂ ਕੁਝ ਫੁਰਮਾਓ॥੨੨॥

ਅਬਿ ਮਿਲਿਬੇ ਕਹੁ ਸ਼ਾਹੁ ਨ ਚਾਹਤਿ। ਤੁਮਰੀ ਮਰਜ਼ੀ ਬਿਖੈ ਉਮਾਹਤਿ।
ਜੇ ਕਰਿ ਮੁਝ ਤੇ ਭਯੋ ਬਿਗਾਰੇ। ਛਿਮਹੁ ਆਪ ਦਿਹੁ ਬੁੱਧਿ ਉਦਾਰੇ॥ ੨੩॥

ਹੁਣ ਬਾਦਸ਼ਾਹ ਮਿਲਣਾ ਨਹੀਂ ਚਾਹੁੰਦਾ। ਤੁਹਾਡੀ ਮਰਜ਼ੀ ਵਿਚ ਹੀ ਪ੍ਰਸੰਨ ਹੈ। ਜੇ ਮੈਥੋਂ ਕੁਝ ਵਿਗਾੜ ਹੋ ਗਿਆ ਹੈ ਤਾਂ ਮੈਨੂੰ ਮੁਆਫ ਕਰੋ। ਆਪ ਜੀ ਦੀ ਵਿਸ਼ਾਲ ਬੁੱਧੀ ਹੈ॥੨੩॥

ਲੈਨਿ ਨ ਦੈਨਿ ਨ ਦਰਸ਼ਨ ਤੁਰਕਾ। ਪੁਜਯੋ ਨੇਮ ਇਹ, ਕੀਨਿ ਜੁ ਧੁਰ ਕਾ।
ਇੱਤਜਾਦਿਕ ਸੁਨਿ ਕੈ ਨ੍ਰਿਪ ਬੈਨ। ਸ੍ਰੀ ਸਤਿਗੁਰੂ ਉਠਾਏ ਨੈਨ॥ ੨੪॥

ਤੁਰਕ ਬਾਦਸ਼ਾਹ ਦੇ ਦਰਸ਼ਨ ਕਰਨ ਬਾਰੇ ਕੋਈ ਲੈਣ ਦੇਣ ਨਹੀ ਹੈ। ਜਿਹੜਾ ਧੁਰ ਦਾ ਨੇਮ ਧਾਰਨ ਕੀਤਾ ਹੈ, ਉਹ ਪੂਰਾ ਹੋਇਆ ਹੈ।'' ਇਤਿਆਦਿਕ ਰਾਜੇ ਦੇ ਬਚਨ ਸੁਣਕੇ, ਸ੍ਰੀ ਸਤਿਗੁਰੂ ਜੀ ਨੇ ਫਿਰ ਅੱਖਾਂ ਉਪਰ ਕੀਤੀਆਂ॥੨੪॥

ਭੂਪਤਿ ਦਿਸ਼ਾ ਦੇਖਿ ਕਰਿ ਕਹਯੋ। 'ਗੁਰ ਸੰਤਨਿ ਜੁ ਛਪਾਵਨਿ ਚਹਯੋ।
ਸੋ ਜਗ ਕੇ ਨਰ ਚਹਿਂ ਬਿਦਤਾਵਨਿ। ਪਰ ਪੂੰਜੀ ਕਹੁ ਕਰਿ ਦਰਸਾਵਨਿ॥੨੫॥

ਰਾਜੇ ਵੱਲ ਵੇਖ ਕੇ ਫਿਰ ਕਿਹਾ, ''ਗੁਰੂ ਸੰਤ ਜੋ ਕੁਝ ਛੁਪਾਉਣਾ ਚਾਹੁੰਦੇ ਹਨ, ਉਸ ਨੂੰ ਜਗਤ ਦੇ ਲੋਕ ਪ੍ਰਗਟ ਰੂਪ ਵਿਚ ਜ਼ਾਹਰ ਕਰਨਾ ਚਾਹੁੰਦੇ ਹਨ ਤੇ ਪਰਾਈ ਪੂੰਜੀ ਨੂੰ ਦਰਸਾਉਂਦੇ ਹਨ॥੨੫॥

ਕੋ ਅਪਨੋ ਧਨ ਦੇਹਿ ਦਿਖਾਈ। ਕਰਿ ਉਪਾਇ ਸਭਿ ਲੇਹਿਂ ਦੁਰਾਈ।
ਪਰ ਧਨ ਕੋ ਦੇਖਨਿ ਕੇ ਕਾਰਨ। ਕਰਹਿਂ ਅਨਿਕ ਬਿਧਿ ਜੋ ਉਪਚਾਰਨਿ॥੨੬॥

ਕੌਣ ਆਪਣਾ ਧਨ ਵਿਖਾਉਣਾ ਚਾਹੁੰਦਾ ਹੈ, ਉਪਾਅ ਕਰਕੇ ਸਾਰੇ ਲੁਕਾ ਲੈਂਦੇ ਹਨ, ਪਰਾਏ ਧਨ ਨੂੰ ਵੇਖਣ ਦੇ ਕਾਰਨ, ਜਿਹੜੇ ਅਨੇਕ ਵਿਧੀਆਂ ਨਾਲ ਯਤਨ ਕਰਦੇ ਹਨ॥੨੬॥

ਧਨੀ ਨ ਆਛੋ ਮਾਨਹਿਂ ਤਾਂਹੀ। ਅਨੁਸਾਰੀ ਹੁਇ ਦੁਖ ਤਿਸ ਨਾਂਹੀ।
ਕਹਯੋ ਗੁਰੂ ਕੋ ਸਮੁਝਯੋ ਰਾਇ। ਤਊ ਠਟੀ ਬਿਧਿ ਕੋ ਚਿਤ ਚਾਇ॥ ੨੭॥

ਉਸ ਨੂੰ ਚੰਗਾ ਧਨੀ ਨਹੀਂ ਮੰਨਦੇ ਹਨ, ਆਗਿਆਕਾਰੀ ਹੋਵੇ, ਭਾਵ ਪਰਾਇਆ ਧਨ ਵੇਖਣ ਦੀ ਚਾਹ ਨਾ ਰੱਖੇ, ਉਸ ਨੂੰ ਫਿਰ ਕੋਈ ਦੁੱਖ ਨਹੀਂ ਵਾਪਰਦਾ।'' ਗੁਰੂ ਜੀ ਦੇ ਕਹੇ ਨੂੰ ਰਾਜਾ ਸਮਝ ਗਿਆ, ਫਿਰ ਵੀ ਘੜੀ ਹੋਈ ਵਿਧੀ ਕਾਰਨ ਚਿਤ ਵਿਚ ਚਾਅ ਸੀ॥੨੭॥

ਹਾਥ ਜੋਰਿ ਕਰਿ ਅਰਜ਼ ਗੁਜ਼ਾਰੀ। 'ਸਭਿ ਅੰਤਹਿਪੁਰ ਜੋ ਮਮ ਨਾਰੀ।
ਰਾਵਰ ਕੇ ਦਰਸ਼ਨ ਕੋ ਬਾਂਛਹਿ। ਸੁਨਿ ਸੁਨਿ ਸੁਜਸੁ ਸਭਿਨਿ ਤੇ ਆਛਹਿ॥੨੮॥

ਰਾਜੇ ਨੇ ਹੱਥ ਜੋੜ ਕੇ ਬੇਨਤੀ ਕੀਤੀ, ''ਮਹਿਲਾਂ ਵਿਚ ਸਾਰੀਆਂ ਜਿਹੜੀਆਂ ਮੇਰੀਆਂ ਇਸਤਰੀਆਂ ਹਨ, ਉਹ ਆਪ ਜੀ ਦੇ ਦਰਸ਼ਨ ਕਰਨਾ ਚਾਹੁੰਦੀਆਂ ਹਨ, ਉਨ੍ਹਾਂ ਨੇ ਸਾਰਿਆਂ ਪਾਸੋਂ ਆਪ ਜੀ ਦਾ ਸ੍ਰੇਸ਼ਟ ਜੱਸ ਸੁਣਿਆ ਹੈ॥੨੮॥

ਬਹੁ ਤਜਾਰੀ ਕਰਿ ਕੈ ਰਣਵਾਸ। ਮੈਂ ਬਿਲੋਕਿ ਆਯੋ ਤੁਮ ਪਾਸ।
ਹੋਹਿ ਅਵੱਗਜਾ ਛਮਾ ਕਰੀਜੈ। ਦਾਸ ਜਾਨਿ ਨਿਜ ਬਿਰਦ ਰਖੀਜੈ॥ ੨੯॥

ਰਣਵਾਸ ਵਿਚ ਉਨ੍ਹਾਂ ਬਹੁਤ ਤਿਆਰੀ ਕੀਤੀ ਹੈ, ਮੈਂ ਵੇਖ ਕੇ ਤੁਹਾਡੇ ਪਾਸ ਆਇਆ ਹਾਂ। ਜੇ ਕੋਈ ਅਵੱਗਿਆ ਹੋ ਗਈ ਹੈ ਤਾਂ ਮੁਆਫ ਕਰੋ, ਦਾਸ ਜਾਣ ਕੇ ਆਪਣਾ ਧਰਮ ਰੱਖੋ॥੨੯॥

ਦਰਸ ਦੇਖਿਬੇ ਚਾਹ ਬਿਸ਼ੇਖਨਿ। ਸਭਿ ਹੀ ਕਰਹਿਂ ਪੰਥ ਕਉ ਦੇਖਨਿ।
ਪੂਰਨ ਪੁਰਖ ਪ੍ਰੇਮ ਕੇ ਬਸਿ ਹੋ। ਅਪਰਨਿ ਕੇਰ ਸ਼ਿਰੋਮਣਿ ਲਸ ਹੋ॥ ੩੦॥

ਦਰਸ਼ਨ ਕਰਨ ਦੀ ਵਿਸ਼ੇਸ਼ ਚਾਹਤ ਹੈ, ਸਾਰੀਆਂ ਹੀ ਆਪ ਜੀ ਦਾ ਰਾਹ ਵੇਖ ਰਹੀਆਂ ਹਨ। ਤੁਸੀਂ ਪੂਰਨ ਪੁਰਖ ਪ੍ਰੇਮ ਦੇ ਵੱਸ ਹੋ ਤੇ ਦੂਸਰਿਆਂ ਵਾਸਤੇ ਸ਼ਿਰੋਮਣੀ ਚਤੁਰ ਹੋ॥੩੦॥

ਚਰਣਾਂਬੁਜ ਕੋ ਪਾਇ ਨਿਕੇਤ। ਮੁਝ ਕੋ ਸਭਿ ਪਰਿਵਾਰ ਸਮੇਤ।
ਕਰਹੁ ਕ੍ਰਿਤਾਰਥ ਦੀਨਾਨਾਥ! ਸਿਰ ਪਰ ਧਰਹੁ ਸਕਰੁਨਾ ਹਾਥ॥ ੩੧॥

ਹੇ ਦੀਨਾ ਨਾਥ! ਆਪਣੇ ਚਰਨ ਕੰਵਲ ਸਾਡੇ ਘਰ ਵਿਚ ਪਾਵੋ ਤੇ ਮੈਨੂੰ ਸਾਰੇ ਪਰਿਵਾਰ ਸਮੇਤ ਕ੍ਰਿਤਾਰਥ ਕਰੋ ਤੇ ਮੇਰੇ ਸਿਰ 'ਤੇ ਮਿਹਰ ਵਾਲਾ ਹੱਥ ਧਰੋ॥੩੧॥

ਅਪਨੋ ਜਾਨਿ ਸੰਭਾਰਨਿ ਕਰੀਅਹਿ। ਬਿਘਨ ਅਨੇਕਨਿ ਕੋ ਪਰਿਹਰੀਅਹਿ।
ਜਥਾ ਪੁੱਤ੍ਰ ਨਿਜ ਪਿਤਾ ਅਗਾਰੀ। ਕਰਹਿ ਅਵੱਗਯਾ ਸੁਮਤਿ ਬਿਸਾਰੀ॥ ੩੨॥

ਆਪਣਾ ਜਾਣ ਕੇ ਸੰਭਾਲ ਲਵੋ ਤੇ ਅਨੇਕਾਂ ਵਿਘਨਾਂ ਨੂੰ ਦੂਰ ਕਰੋ। ਜਿਵੇਂ ਪੁੱਤਰ ਪਿਤਾ ਜੀ ਦੇ ਅੱਗੇ ਸ੍ਰੇਸ਼ਟ ਮੱਤ ਵਿਸਾਰ ਕੇ ਅਵੱਗਿਆ ਕਰ ਦਿੰਦਾ ਹੈ॥੩੨॥

ਤਊ ਪਿਤਾ ਸੁ ਪ੍ਰਸੰਨਤਾ ਠਾਨਹਿ। ਅਵਗੁਨ ਜਾਨਿ ਰਿਦੇ ਨਹਿਂ ਆਨਹਿ।
ਇਸ ਪ੍ਰਕਾਰ ਜੇ ਜਾਨਹੁ ਮੋਹੀ। ਤੋ ਹਮਰੋ ਸਭਿ ਬਿਧਿ ਭਲ ਹੋਹੀ॥ ੩੩॥

ਫਿਰ ਵੀ ਪਿਤਾ ਪ੍ਰਸੰਨਤਾ ਧਾਰ ਲੈਂਦਾ ਹੈ, ਔਗੁਣ ਜਾਣ ਕੇ ਹਿਰਦੇ ਵਿਚ ਨਹੀਂ ਲਿਆਉਂਦਾ, ਇਸ ਪ੍ਰਕਾਰ ਜੇ ਮੇਰੀ ਗਲਤੀ ਜਾਣੋ। ਇਸ ਪ੍ਰਕਾਰ ਜੇ ਮੈਨੂੰ ਜਾਣੋ ਤਾਂ ਸਾਡਾ ਸਾਰੀਆਂ ਵਿਧੀਆਂ ਨਾਲ ਭਲਾ ਹੋਵੇਗਾ॥੩੩॥

ਅਵਗੁਨ ਮਨ ਮਹਿਂ ਕੋ ਨ ਚਿਤਾਰਹੁ। ਪਿਤਾ ਸਮਾਨ ਸਦਾ ਪ੍ਰਤਿਪਾਰਹੁ।
ਅਬਿ ਰਣਵਾਸਹਿ ਪੂਰਹੁ ਆਸਾ। ਮੈਂ ਦੇ ਕਰਿ ਆਯੋ ਭਰਵਾਸਾ॥ ੩੪॥

ਮਨ ਵਿਚ ਕੋਈ ਔਗੁਣ ਨਾ ਚਿਤਾਰੋ ਤੇ ਪਿਤਾ ਸਮਾਨ ਸਦਾ ਪ੍ਰਤਿਪਾਲਣਾ ਕਰੋ। ਹੁਣ ਰਣਵਾਸ ਵਿਚ ਪਹੁੰਚ ਕੇ ਰਾਣੀਆਂ ਦੀ ਆਸ ਪੂਰੀ ਕਰੋ, ਮੈਂ ਉਨ੍ਹਾਂ ਨੂੰ ਭਰਵਾਸਾ ਦੇ ਕੇ ਆਇਆ ਹਾਂ"॥੩੪॥

ਸ੍ਰੀ ਹਰਿਕ੍ਰਿਸ਼ਨ ਸੁਨੇ ਬਚ ਦੀਨ। ਫੇਰਜੋ ਜਾਇ ਨ ਬਾਕ ਪ੍ਰਬੀਨ।
ਜੈਪੁਰਿ ਨਾਥ ਕੀਨਿ ਸੁਨਿ ਬਿਨਤੀ। ਸਰਬ ਪ੍ਰਕਾਰ ਤਜੀ ਗੁਰ ਗਿਨਤੀ॥ ੩੫॥

ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੇ ਜਦ ਦੀਨ ਭਰੇ ਬਚਨ ਸੁਣੇ, ਤਾਂ ਉਨ੍ਹਾਂ ਪਾਸੋਂ ਚਤੁਰ ਵਾਕ ਮੋੜਿਆ ਨਾ ਗਿਆ। ਜੈਪੁਰ ਦੇ ਰਾਜੇ ਦੀ ਬੇਨਤੀ ਸੁਣ ਕੇ ਗੁਰੂ ਜੀ ਨੇ ਸਭ ਪ੍ਰਕਾਰ ਦੀਆਂ ਗਿਣਤੀਆਂ ਛੱਡ ਦਿੱਤੀਆਂ॥੩੫॥

ਹੋਏ ਤਯਾਰ ਚਲਨਿ ਕਹੁ ਸਾਥ। ਭਰਜੋ ਹਰਖ ਹੇਰਤਿ ਨਰ ਨਾਥ।
ਵਹਿਰ ਆਇ ਬੈਠੇ ਗੁਨ ਖਾਨੀ। ਦਾਸਨਿ ਤੇ ਮੰਗਵਾਇਵ ਪਾਨੀ॥ ੩੬॥

ਰਾਜੇ ਦੇ ਨਾਲ ਚਲਣ ਵਾਸਤੇ ਤਿਆਰ ਹੋ ਗਏ। ਰਾਜਾ ਇਹ ਵੇਖ ਕੇ ਬਹੁਤ ਪ੍ਰਸੰਨ ਹੋ ਗਿਆ। ਗੁਰੂ ਜੀ ਆ ਕੇ ਬਾਹਰ ਬੈਠ ਗਏ ਤੇ ਦਾਸਾਂ ਪਾਸੋਂ ਪਾਣੀ ਮੰਗਵਾਇਆ॥੩੬॥

ਕਰ ਅਰੁ ਚਰਨ ਪਖਾਰਨਿ ਕਰੇ। ਬਦਨ ਪਖਾਰਜੋ ਅੰਜੁਲ ਭਰੇ।
ਸਾਥ ਰੁਮਾਲ ਪੋਂਛਿਬੋ ਕੀਨਿ। ਸਿਰ ਚੀਰਾ ਬੰਧਜੋ ਦੁਤਿ ਭੀਨ॥ ੩੭॥

ਹੱਥਾਂ ਅਤੇ ਚਰਨਾਂ ਨੂੰ ਚੰਗੀ ਤਰ੍ਹਾਂ ਧੋ ਕੇ ਸਾਫ਼ ਕੀਤਾ, ਤੇ ਪਾਣੀ ਦੇ ਬੁਕ ਭਰ-ਭਰ ਮੂੰਹ ਧੋਤਾ। ਰੁਮਾਲ ਦੇ ਨਾਲ ਫਿਰ ਚਿਹਰੇ ਨੂੰ ਪੂੰਝਿਆ ਤੇ ਸਿਰ ਉੱਤੇ ਸੁੰਦਰ ਦਸਤਾਰ ਸਜਾਈ॥੩੭॥

ਊਪਰ ਸੁੰਦਰ ਜਿਗਾ ਸੁਧਾਰੀ। ਕੰਚਨ ਮਯ ਹੀਰਨਿ ਮੁਲ ਭਾਰੀ।
ਸ੍ਰੀ ਗੁਰ ਕੇ ਸਿਰ ਪਰ ਸੁਭ ਸਾਜੇ। ਬਰ ਸਰੂਪ ਤੇ ਰਤਨ ਬਿਰਾਜੇ॥ ੩੮॥

ਉਸ ਦੇ ਉਪਰ ਸੁੰਦਰ ਕਲਗੀ ਲਾਈ ਜਿਹੜੀ ਸੋਨੇ ਅਤੇ ਕੀਮਤੀ ਹੀਰਿਆਂ ਨਾਲ ਜੜ੍ਹੀ ਹੋਈ ਸੀ। ਸ੍ਰੀ ਗੁਰੂ ਜੀ ਦੇ ਸਿਰ 'ਤੇ ਬੜੀ ਸੱਜਦੀ ਸੀ। ਸ੍ਰੇਸ਼ਟ ਸਰੂਪ ਤੇ ਰਤਨ ਬਿਰਾਜ ਰਹੇ ਸਨ॥੩੮॥

ਅਤਿ ਸੂਖਮ ਅੰਬਰ ਕੋ ਜਾਮਾ। ਗੋਟਾ ਲਗਯੋ ਦੁਕੂਲ ਭਿਰਾਮਾ।
ਪਨਹੀ ਪਾਇਨਿ ਪਾਇ ਭਲੇਰੀ। ਸੁੰਦਰ ਸਜਤਿ ਸ ਜ਼ਰੀ ਘਨੇਰੀ॥ ੩੯॥

ਅਤਿ ਸੂਖਮ ਕਪੜੇ ਦਾ ਜਾਮਾ ਪਹਿਨਿਆ, ਜਿਸ ਦੇ ਦੋਹਾਂ ਕਿਨਾਰਿਆਂ 'ਤੇ ਸੁੰਦਰ ਗੋਟਾ ਲੱਗਾ ਹੋਇਆ ਸੀ, ਪੈਰਾਂ ਦੇ ਵਿਚ ਚੰਗੀ ਜੁੱਤੀ ਪਹਿਨ ਲਈ, ਜਿਹੜੀ ਜ਼ਰੀ ਸਹਿਤ ਸੁੰਦਰ ਸੱਜ ਰਹੀ ਸੀ॥੩੯॥

ਹਾਥ ਗਹੀ ਫੂਲਨਿ ਕੀ ਛਰੀ। ਬਹੁਤ ਮੋਲ ਕੀ ਸ਼ੋਭਤਿ ਖਰੀ।
ਭਏ ਤਯਾਰ ਚਲਿਬੇ ਕਹੁ ਸਾਥ। ਦੇਖਤਿ ਹਰਖਯੋ ਜੈਪੁਰਿ ਨਾਥ॥ ੪੦॥

ਹੱਥ ਵਿਚ ਫੁੱਲਾਂ ਦੀ ਛੜੀ ਫੜ ਲਈ, ਜਿਹੜੀ ਬਹੁਤ ਕੀਮਤੀ ਸੀ ਤੇ ਖਰੀ ਸ਼ੋਭਦੀ ਸੀ। ਗੁਰੂ ਜੀ ਨਾਲ ਚਲਣ ਵਾਸਤੇ ਤਿਆਰ ਹੋ ਗਏ। ਜੈਪੁਰ ਦਾ ਰਾਜਾ ਵੇਖ ਕੇ ਬਹੁਤ ਪ੍ਰਸੰਨ ਹੋਇਆ॥੪੦॥

ਸਭਿ ਸੇਵਕ ਤਹਿਂ ਬਰਜਨਿ ਕਰੇ। 'ਸਾਥ ਨ ਚਲਹੁ ਰਹਹੁ ਇਤ ਥਿਰੇ'।
ਆਪ ਗ਼ਰੀਬ ਨਿਵਾਜ ਸਿਧਾਰੇ। ਤਿਸ ਮੂਰਤਿ ਪਰ ਕਵਿ ਬਲਿਹਾਰੇ॥ ੪੧॥

ਸਾਰੇ ਸੇਵਕਾਂ ਨੂੰ ਉਨ੍ਹਾਂ ਨੇ ਰੋਕ ਦਿੱਤਾ, "ਮੇਰੇ ਨਾਲ ਨਾ ਚਲੋ, ਏਥੇ ਹੀ ਬੈਠੇ ਰਹੋ।" ਆਪ ਗ਼ਰੀਬ ਨਿਵਾਜ ਚਲੇ ਗਏ। ਗੁਰੂ ਜੀ ਦੀ ਉਸ ਸੂਰਤ ਉੱਤੇ ਕਵੀ ਬਲਿਹਾਰ ਜਾਂਦਾ ਹੈ॥੪੧॥

*ਦਸਵੀਂ ਰਾਸ ਦਾ ਪੰਜਤਾਲੀਵਾਂ ਅਧਿਆਇ ਸਮਾਪਤ ਹੋਇਆ॥੪੫॥*

## ਅਧਿਆਇ ਛਤਾਲੀਵਾਂ

### ਪਟਰਾਣੀ ਪਛਾਣੀ

ਦੋਹਰਾ- ਹੋਇ ਤਯਾਰ ਸ੍ਰੀ ਸਤਿਗੁਰ ਨਿਕਸੇ ਡੇਰਾ ਛੋਰਿ।
ਸੰਗ ਨਰਿੰਦ ਅਨੰਦ ਯੁਤਿ ਚਲਿ ਅੰਤਹਿ ਪੁਰਿ ਓਰ॥ ੧॥

ਤਿਆਰ ਹੋ ਕੇ ਸਤਿਗੁਰੂ ਡੇਰਾ ਛੱਡ ਕੇ ਬਾਹਰ ਨਿਕਲੇ, ਨਾਲ ਅਨੰਦ ਸਹਿਤ ਰਾਜਾ ਸੀ, ਤੇ ਦੋਵੇਂ ਚਲ ਕੇ ਮਹਿਲਾਂ ਵੱਲ ਆ ਗਏ॥੧॥

ਚੌਪਈ- ਸਾਦਰ ਬੋਲਤਿ ਸਤਿਗੁਰ ਸਾਥ। ਨਗਨ ਪੈਰ ਗਮਨਤਿ ਨਰ ਨਾਥ।
ਸਿੰਘ ਪੌਰ ਜਬਿ ਹੂੰ ਚਲਿ ਆਏ। ਹੇਰਤਿ ਉਠੇ ਲੋਕ ਸਮੁਹਾਏ॥ ੨॥

ਰਾਜਾ ਸਤਿਗੁਰੂ ਜੀ ਨਾਲ ਬੜੇ ਅਦਬ ਨਾਲ ਗੱਲਾਂ ਕਰਦਾ ਸੀ ਤੇ ਰਾਜਾ ਨੰਗੇ ਪੈਰੀਂ ਨਾਲ ਚਲ ਰਿਹਾ ਸੀ। ਰਾਜੇ ਦੇ ਦਰਵਾਜ਼ੇ 'ਤੇ ਜਦ ਚਲ ਕੇ ਆ ਗਏ ਤਾਂ ਸਾਰੇ ਲੋਕ ਵੇਖ ਕੇ ਖੜ੍ਹੇ ਹੋ ਗਏ॥੨॥

ਰਾਜੇ ਕੋ ਸਭਿ ਮੁਜਰੋ ਕਰੈਂ। ਗੁਰ ਕੇ ਚਰਨ ਕਮਲ ਸਿਰ ਧਰੈਂ।
ਬੰਦਤਿ ਚਹੁੰ ਦਿਸ਼ਿ ਤੇ ਪ੍ਰਵਿਸ਼ਾਏ। ਅੰਤਰ ਗਏ ਸਦਨ ਸੁਧਰਾਏ॥ ੩॥

ਰਾਜੇ ਨੂੰ ਸਾਰੇ ਨਮਸਕਾਰ ਕਰਦੇ ਸਨ ਤੇ ਗੁਰੂ ਜੀ ਦੇ ਚਰਨ ਕੰਵਲਾਂ 'ਤੇ ਸਿਰ ਧਰਦੇ ਸਨ। ਚਾਰੇ ਪਾਸਿਆਂ ਤੋਂ ਬੰਦਨਾ ਹੁੰਦਿਆਂ ਅੰਦਰ ਪ੍ਰਵੇਸ਼ ਕਰ ਗਏ ਤੇ ਸਜਾਏ ਹੋਏ ਘਰ ਦੇ ਅੰਦਰ ਚਲੇ ਗਏ॥੩॥

ਪਿਖਯੋ ਚੌਕ ਚੌਕੋਨ ਸੁ ਚਾਰੂ। ਚਾਰਹੁੰ ਦਿਸ਼ਿ ਘਰ ਬਨੇ ਉਦਾਰੂ।
ਪੁਨ ਸੋਪਾਨਨਿ ਪਰ ਆਰੂਢੇ। ਮੰਦ ਮੰਦ ਸ੍ਰੀ ਗੁਰ ਗੁਨ ਗੂਢੇ॥ ੪॥

ਸੁੰਦਰ ਚੋਕੋਨਾ ਚੌਕ ਵੇਖਿਆ, ਚਾਰੇ ਪਾਸੇ ਖੁਲ੍ਹੇ ਘਰ ਬਣੇ ਸਨ। ਫਿਰ ਸੋ ਪੌੜੀਆਂ ਚੜ੍ਹੇ, ਹੌਲੀ-ਹੌਲੀ ਸ੍ਰੀ ਗੁਰੂ ਜੀ ਜਿਹੜੇ ਗੁਣਾਂ ਦੇ ਗੂੜ ਹਨ, ਗਏ॥੪॥

ਫੂਲ ਛਰੀ ਕੋ ਚਪਲ ਕਰੰਤੇ। ਕਬਹਿ ਭ੍ਰਮਾਇ ਉਤੰਗ ਉਠੰਤੇ।
ਮੰਦਿਰ ਸੁੰਦਰ ਅੰਦਰ ਗਏ। ਚਿੱਤ੍ਰ ਬਚਿੱਤ੍ਰ ਜਹਾਂ ਬਹੁ ਕਿਏ॥ ੫॥

ਫੁੱਲਾਂ ਦੀ ਛੜੀ ਨੂੰ ਹਿਲਾ ਰਹੇ ਸਨ, ਕਦੇ ਉਸ ਨੂੰ ਭੰਵਾ ਕੇ ਉਪਰ ਚੁਕਦੇ ਸਨ। ਫਿਰ ਸੁੰਦਰ ਘਰ ਦੇ ਅੰਦਰ ਦਾਖ਼ਲ ਹੋ ਗਏ ਜਿਥੇ ਬੜੇ ਵਿਚਿਤਰ ਚਿੱਤਰ ਬਣੇ ਹੋਏ ਸਨ॥੫॥

ਉਪਬਨ ਲਿਖਯੋ ਫੂਲ ਫਲ ਨਾਨਾ। ਕੇਹਰਿ, ਕਰੀ, ਕੁਰੰਗ ਮਹਾਨਾ।
ਕੀਰ, ਕਬੂਤਰ, ਕੋਕਿਲ, ਕੇਕੀ। ਮ੍ਰਿਗ, ਖਗ, ਸੁੰਦਰ ਬਰਨ ਅਨੇਕੀ॥ ੬॥

ਕਈ ਪ੍ਰਕਾਰ ਦੇ ਬਾਗ, ਫੁੱਲ ਅਤੇ ਫਲ ਬਣਾਏ ਸਨ, ਸ਼ੇਰ, ਹਾਥੀ ਅਤੇ ਬਾਰਾਂ ਸਿੰਗਿਆਂ ਦੇ ਮਹਾਨ ਚਿੱਤਰ ਬਣੇ ਸਨ। ਤੋਤੇ, ਕਬੂਤਰ, ਕੋਇਲ, ਮੋਰ, ਹਿਰਨ, ਪੰਛੀ ਅਨੇਕ ਸੁੰਦਰ ਰੰਗਾਂ ਨਾਲ ਬਣਾਏ ਹੋਏ ਸਨ॥੬॥

ਅਧਿਕ ਉਤੰਗ ਸ਼ਿਖਰ ਜਿਨ ਕੇਰੇ। ਚਾਮੀਕਰ ਕੇ ਕਲਸ ਬਡੇਰੇ।
ਮਨਹੁ ਸਰਦ ਰਿਤੁ ਕੋ ਘਨ ਸੋਹੈਂ। ਬਿਸਦ ਬਰਨ ਹੇਰਤਿ ਮਨ ਮੋਹੈਂ॥ ੭॥

ਜਿਨ੍ਹਾਂ ਦੇ ਬਹੁਤ ਉੱਚੇ ਸਿਖਰ ਸਨ, ਸੋਨੇ ਦੇ ਵੱਡੇ-ਵੱਡੇ ਕਲਸ ਬਣੇ ਹੋਏ ਸਨ। ਮਾਨੋਂ ਸਰਦ ਰੁੱਤ ਦੇ ਬਦਲ ਸ਼ੋਭਾ ਪਾ ਰਹੇ ਹੋਣ, ਸਫ਼ੈਦ ਰੰਗ ਵੇਖ ਕੇ ਮਨ ਮੋਹਿਆ ਜਾਂਦਾ ਸੀ॥੭॥

ਅਧਿਕ ਬਿਲੰਦ ਸਦਨ ਇਕ ਮਾਂਹੀ। ਤਨਯੋ ਚੰਦੋਵਾ ਬਹੁ ਦੁਤਿ ਜਾਂਹੀ।
ਜ਼ਰੀਦਾਰ ਝਾਲਰ ਲਰਕੰਤੀ। ਰੇਸ਼ਮ ਕੀ ਡੋਰੈਂ ਜਿਸ ਅੰਤੀ॥ ੮॥

ਘਰ ਦੇ ਵਿਚ ਇਕ ਬਹੁਤ ਉੱਚਾ ਸਥਾਨ ਸੀ, ਜਿਥੇ ਬਹੁਤ ਸੁੰਦਰ ਚੰਦੋਆ ਤਾਣਿਆ ਹੋਇਆ ਸੀ। ਜ਼ਰੀਦਾਰ ਝਾਲਰਾਂ ਲਮਕਦੀਆਂ ਸਨ, ਰੇਸ਼ਮ ਦੀਆਂ ਝਾਲਰਾਂ ਜਿਸ ਦੇ ਸਿਰ ਉੱਤੇ ਸਨ॥੮॥

ਚੌਕੀ ਚੰਦਨ ਕੀ ਤਿਹ ਤਰੇ। ਤਿਸ ਸਨਮੁਖ ਨ੍ਰਿਪ ਨੇ ਗੁਰ ਕਰੇ।
ਰਿਦੇ ਠਟੀ ਬਿਧਿ ਅਜ਼ਮਤ ਹੇਰਨਿ। ਮੁਖ ਤੇ ਬੈਠਨਿ ਹਿਤ ਕਰਿ ਪ੍ਰੇਰਨਿ॥ ੯॥

ਉਸ ਦੇ ਥੱਲੇ ਇਕ ਚੰਦਨ ਦੀ ਚੌਕੀ ਸੀ, ਉਸ ਦੇ ਸਾਹਮਣੇ ਰਾਜੇ ਨੇ ਗੁਰੂ ਜੀ ਨੂੰ ਕੀਤਾ। ਹਿਰਦੇ ਵਿਚ ਗੁਰੂ ਜੀ ਪਾਸੋਂ ਕਰਾਮਾਤ ਵੇਖਣ ਬਾਰੇ ਧਾਰਿਆ ਸੀ, ਮੁਖ ਨਾਲ ਬੈਠਣ ਵਾਸਤੇ ਪ੍ਰੇਰਿਆ॥੯॥

ਤਨ ਸੁਮੱਧਮਾ, ਪੰਕਜ ਨੈਨੀ। ਕੀਰ ਨਾਸਕਾ, ਕੋਕਿਲ ਬੈਨੀ।
ਦੁਤਿ ਕਮਨੀਯ ਸੈਂਕਰੇ ਕਾਮਨਿ। ਬੈਠੀ ਦੇਹ ਧਰੇ ਜਨੁ ਦਾਮਨਿ॥ ੧੦॥

ਜੋਬਨ ਭਰਿਆ ਸਰੀਰ ਸੀ, ਤੇ ਕੰਵਲ ਵਰਗੇ ਨੈਣ ਸਨ, ਤੋਤੇ ਵਰਗੀਆਂ ਨਾਸਾਂ ਸਨ ਤੇ ਕੋਇਲ ਵਰਗੀ ਉਨ੍ਹਾਂ ਦੀ ਆਵਾਜ਼ ਸੀ। ਸੈਂਕੜੇ ਇਸਤਰੀਆਂ ਸ਼ੋਭਾ ਜਿਨ੍ਹਾਂ ਦੀ ਮਨੋਹਰ ਹੈ, ਇਸ ਤਰ੍ਹਾਂ ਬੈਠੀਆਂ ਸਨ, ਮਾਨੋ ਬਿਜਲੀ ਦੇਹ ਧਾਰ ਕੇ ਬੈਠੀ ਹੋਵੇ॥੧੦॥

ਬਰਨ ਬਰਨ ਕੇ ਅੰਬਰ ਬਰ ਹੈਂ। ਤਰੁਨ ਛਬੀਲੀ ਗਨ ਤਨ ਧਰਿ ਹੈਂ।
ਬਸਤ੍ਰ ਬਿਭੂਖਨ ਮੋਲ ਬਡੇਰੇ। ਪਹਿਰੇ ਬੈਠੀ ਨਾਰਿ ਚੁਫੇਰੇ॥ ੧੧॥

ਰੰਗ ਬਰੰਗੇ ਸ੍ਰੇਸ਼ਟ ਕਪੜੇ ਹਨ, ਜਿਵੇਂ ਛਬੀਲੀਆਂ ਮੁਟਿਆਰਾਂ ਨੇ ਤਨ ਧਾਰਨ ਕੀਤਾ ਹੈ। ਕਪੜੇ ਗਹਿਣੇ ਸਭ ਦੇ ਬਹੁਤ ਕੀਮਤੀ ਹਨ। ਅਜਿਹੇ ਵੇਸ ਧਾਰਨ ਕਰਕੇ ਚਾਰ ਚੁਫੇਰੇ ਬੈਠੀਆਂ ਸਨ॥੧੧॥

ਮੁਕਤਾ ਲਰੀ ਸੁ ਹੀਰਨਿ ਜਰੇ। ਚਾਮੀਕਰ ਸੁੰਦਰ ਬਹੁ ਘਰੇ।
ਬਿਨਾ ਪਟੰਬਰ ਤੀਯ ਨ ਕੋਈ। ਬਿਨਾ ਜਰਾਉ ਨ ਭੂਖਨ ਹੋਈ॥ ੧੨॥

ਮੋਤੀਆਂ ਦੀਆਂ ਲੜੀਆਂ ਜਿਹੜੀਆਂ ਹੀਰਿਆਂ ਨਾਲ ਜੜੀਆਂ ਸਨ, ਸੋਨੇ ਦੇ ਸੁੰਦਰ ਗਹਿਣੇ ਘੜੇ ਹਨ। ਰੇਸ਼ਮੀ ਕਪੜਿਆਂ ਤੋਂ ਬਗ਼ੈਰ ਕੋਈ ਵੀ ਇਸਤਰੀ ਨਹੀਂ ਸੀ, ਜੜਾਊ ਗਹਿਣਿਆਂ ਤੋਂ ਬਗ਼ੈਰ ਕਿਸੇ ਨੇ ਗਹਿਣੇ ਨਹੀਂ ਸੀ ਪਾਏ॥੧੨॥

ਬਸਤ੍ਰ ਬਿਭੂਖਨ ਬਿਖੈ ਸਮਾਨ। ਬਨਿ ਬੈਠਜੋ ਰਣਵਾਸ ਮਹਾਨ।
ਸਰਬ ਸ਼ਿਰੋਮਨਿ ਸੁਠ ਪਟਰਾਨੀ। ਮਲਿਨ ਬੇਸ ਕਰ ਇੱਛਾ ਠਾਨੀ॥ ੧੩॥

ਕਪੜੇ ਗਹਿਣੇ ਸਭ ਨੇ ਬਰਾਬਰ ਦੇ ਅਤੇ ਇਕ ਸਮਾਨ ਪਾਏ ਸਨ। ਰਣਵਾਸ ਮਹਾਨ ਬਣਕੇ ਬੈਠ ਗਿਆ। ਸਰਬ ਸ੍ਰੇਸ਼ਟ ਵੱਡੀ ਪਟਰਾਣੀ ਨੇ ਮੈਲੇ ਕਪੜੇ ਧਾਰਨ ਦੀ ਇੱਛਾ ਬਣਾਈ ਹੋਈ ਸੀ॥੧੩॥

ਸਰਬ ਗਜਾਤ ਉਰ ਜੇ ਗੁਰ ਸ੍ਵਾਮੀ। ਸਭਿ ਘਟ ਘਟ ਕੇ ਅੰਤਰਜਾਮੀ।
ਤੋ ਉਛੰਗ ਮਮ ਬੈਠਹਿਂ ਆਈ। ਪਿਖਿ ਅਜ਼ਮਤ ਮੈਂ ਪਰਿਹੋਂ ਪਾਈ॥ ੧੪॥

ਪਟਰਾਣੀ ਨੇ ਆਪਣੇ ਦਿਲ ਵਿਚ ਇਹ ਧਾਰਨ ਕੀਤਾ ਸੀ, ਜੇ ਗੁਰੂ ਸਵਾਮੀ ਨੂੰ ਦਿਲ ਵਿਚ ਸਭ ਕੁਝ ਪਤਾ ਹੈ ਤੇ ਅੰਤਰਜਾਮੀ ਸਭ ਦੇ ਦਿਲਾਂ ਦੀਆਂ ਜਾਣਦੇ ਹਨ ਤਾਂ ਉਹ ਮੇਰੀ ਗੋਦ ਵਿਚ ਆ ਕੇ ਬੈਠ ਜਾਣ, ਮੈਂ ਉਨ੍ਹਾਂ ਦੀ ਕਰਾਮਾਤ ਵੇਖ ਕੇ ਉਨ੍ਹਾਂ ਦੇ ਚਰਨੀਂ ਪੈ ਜਾਵਾਂਗੀ॥੧੪॥

ਕਰੇ ਮਨੋਰਥ ਅਸ ਮਨ ਲੋਨੇ। ਬਿਨ ਆਸਨ ਬੈਠੀ ਵਿਚ ਕੋਨੇ।
ਸ੍ਰੀ ਗੁਰ ਖੇਲਨਿ ਹੇਤੁ ਖਿਲੌਨੇ। ਅਸੁ ਘਰਿਵਾਇ ਰਖੇ ਢਿਗ ਤੋਨੇ॥ ੧੫॥

ਅਜਿਹਾ ਮਨੋਰਥ ਮਨ ਵਿਚ ਧਾਰ ਕੇ, ਕਿਸੇ ਆਸਣ ਤੋਂ ਬਗ਼ੈਰ ਇਕ ਕੋਨੇ ਵਿਚ ਬੈਠੀ ਸੀ। ਗੁਰੂ ਜੀ ਵਾਸਤੇ ਖੇਡਣ ਲਈ ਖਿਡੌਣੇ ਘੋੜੇ ਆਦਿ ਬਣਾ ਕੇ ਉਸ ਨੇ ਆਪਣੇ ਪਾਸ ਰੱਖੇ ਸਨ॥੧੫॥

ਚਾਮੀਕਰ ਕੇ ਪੰਚ ਬਨਾਏ। ਹੀਰਨਿ ਮੁਕਤਾ ਬਿੰਦ ਜਰਾਏ।
ਪੰਚ ਰਜਤ ਕੇ ਸੁੰਦਰ ਘਰੇ। ਜਨੁ ਕੂਦਤਿ ਅਸਵਾਰਨਿ ਤਰੇ॥ ੧੬॥

ਪੰਜ ਘੋੜੇ ਸੋਨੇ ਦੇ ਬਣਾਏ ਸਨ ਤੇ ਉਹ ਹੀਰੇ ਮੋਤੀਆਂ ਨਾਲ ਜੜਵਾਏ ਹੋਏ ਸਨ। ਪੰਜ ਚਾਂਦੀ ਦੇ ਸੁੰਦਰ ਘੋੜੇ ਬਣਾਏ ਸਨ, ਮਾਨੋਂ ਉਹ ਅਸਵਾਰਾਂ ਥੱਲੇ ਕੁਦਦੇ ਸਨ॥੧੬॥

ਪੰਚਮ੍ਰਿੱਤਕਾ ਕੇ ਕਰਿਵਾਏ। ਅਨਿਕ ਭਾਂਤਿ ਕੇ ਰੰਗ ਲਗਾਏ।
ਬਸਤ੍ਰਨਿ ਸਾਥ ਅਛਾਦਨਿ ਕਰੇ। ਮਿਲੇ ਦੇਯ ਹੈਂ ਢਿਗਨਿਜ ਧਰੇ॥ ੧੭॥

ਪੰਜ ਮਿੱਟੀ ਦੇ ਬਣਵਾਏ ਸਨ, ਤੇ ਅਨੇਕ ਪ੍ਰਕਾਰ ਉਨ੍ਹਾਂ ਨੂੰ ਰੰਗ ਲਾਏ ਸਨ। ਉਹ ਕਪੜਿਆਂ ਨਾਲ ਢੱਕੇ ਹੋਏ ਸਨ, ਮਿਲਣ 'ਤੇ ਦੇਵਾਂਗੀ, ਆਪਣੇ ਪਾਸ ਧਰੇ ਹੋਏ ਸਨ॥੧੭॥

ਸ੍ਰੀ ਸਤਿਗੁਰ ਜਬਿ ਕੀਨਿ ਪ੍ਰਵੇਸ਼ੂ। ਸਮੁਖ ਬਿਲੋਚਨ ਕਰੇ ਅਸ਼ੇਸ਼ੂ।
ਇੰਦੀਬਰ ਜਨੁ ਸੁੰਦਰ ਬਨੀ। ਅਰਕ ਬਿਲੋਕੇ ਬਿਕਸੀ ਘਨੀ॥ ੧੮॥

ਜਦ ਸ੍ਰੀ ਸਤਿਗੁਰੂ ਜੀ ਨੇ ਪ੍ਰਵੇਸ਼ ਕੀਤਾ ਤਾਂ ਸਾਰੀਆਂ ਨੇ ਸਾਹਮਣੇ ਵੱਲ ਤਕਿਆ, ਮਾਨੋਂ ਕੰਵਲਾਂ ਦੀ ਸੋਹਣੀ ਬਗੀਚੀ ਬਣੀ ਹੈ। ਜਿਹੜੀ ਸੂਰਜ ਰੂਪੀ ਗੁਰੂ ਜੀ ਨੂੰ ਵੇਖ ਕੇ ਖਿੜ ਗਈ ਹੋਵੇ॥੧੮॥

ਏਕ ਬਾਰ ਸਭਿਹਿਨਿ ਕਰ ਜੋਰੇ। ਕਰੀ ਬੰਦਨਾ ਸਭਿ ਗੁਰ ਓਰੇ।
ਨ੍ਰਿਪ ਆਇਸੁ ਤੇ ਬਾਲ ਕੁਲੀਨ। ਨਿਜ ਨਿਜ ਥਲ ਥਿਤ ਰਹੀ ਉਠੀ ਨ॥੧੯॥

ਇਕ ਵਾਰ ਸਾਰੀਆਂ ਨੇ ਹੱਥ ਜੋੜੇ ਤੇ ਗੁਰੂ ਜੀ ਵੱਲ ਬੰਦਨਾ ਕੀਤੀ। ਰਾਜੇ ਦੀ ਆਗਿਆ ਅਨੁਸਾਰ ਸਾਰੀਆਂ ਕੁਲੀਨ ਇਸਤਰੀਆਂ ਆਪਣੇ ਆਪਣੇ ਥਾਵਾਂ 'ਤੇ ਬੈਠੀਆਂ ਰਹੀਆਂ ਤੇ ਕੋਈ ਵੀ ਉਠੀ ਨਹੀਂ॥੧੯॥

ਨਿੰਮ੍ਰਿ ਹੋਇ ਹੇਰਤਿ ਗੁਰ ਸੂਰਤਿ। ਸੁੰਦਰ ਮ੍ਰਿਦੁਲ ਮਨੋਹਰ ਮੂਰਤਿ।
ਬੈਠੀ ਅਬਲਾ ਸਭਿ ਧਰਿ ਮੋਨ। ਪੂਰਨ ਭਰਜੋ ਭੌਨ ਚਹੁਕੋਨ॥ ੨੦॥

ਸਨਿਮਰ ਹੋ ਕੇ ਗੁਰੂ ਜੀ ਦੀ ਸੂਰਤ ਨੂੰ ਵੇਖਦੀਆਂ ਸਨ, ਜਿਹੜੀ ਬੜੀ ਸੁੰਦਰ, ਕੋਮਲ ਅਤੇ ਮਨੋਹਰ ਮੂਰਤੀ ਵਰਗੀ ਸੀ। ਸਾਰੀਆਂ ਇਸਤਰੀਆਂ ਮੋਨ ਧਾਰ ਕੇ ਬੈਠੀਆਂ ਸਨ, ਸਾਰਾ ਭਵਨ ਚਾਰੇ ਕੋਨਿਆਂ ਤਕ ਭਰਿਆ ਪਿਆ ਸੀ॥੨੦॥

ਇਸਤ੍ਰਿਨਿ ਮਹਿਂ ਗੁਰ ਪ੍ਰਵਿਸ਼ੇ ਜਾਈ। ਫੂਲਛਰੀ ਨਿਜ ਹਾਥ ਉਠਾਈ।
ਨਿਕਟਿ ਤ੍ਰਿਯਾ ਕੇ ਸਿਰ ਪਰ ਹਨੀ। 'ਨਹਿਂ ਪਟਰਾਨੀ' ਮੁਖ ਇਮ ਭਨੀ॥੨੧॥

ਇਸਤਰੀਆਂ ਵਿਚ ਗੁਰੂ ਜੀ ਪ੍ਰਵੇਸ਼ ਕਰ ਗਏ ਤੇ ਆਪਣੇ ਹੱਥ ਵਿਚ ਉਨ੍ਹਾਂ ਫੁਲਛੜੀ ਉਪਰ ਚੁੱਕੀ ਹੋਈ ਸੀ। ਨੇੜੇ ਬੈਠੀ ਇਸਤਰੀ ਦੇ ਮਾਰੀ ਤੇ ਕਿਹਾ 'ਪਟਰਾਣੀ ਨਹੀਂ' ਆਪਣੇ ਮੁਖ ਤੋਂ ਕਿਹਾ॥੨੧॥

ਪੁਨ ਦੂਸਰ ਕੇ ਸੀਸ ਲਗਾਈ। 'ਨਹਿਂ ਇਹ' ਪੁਨ ਤੀਸਰ ਸਿਰ ਲਾਈ।
ਇਸੀ ਰੀਤਿ ਸਭਿ ਕੇ ਸਿਰ ਮਾਰੈਂ। 'ਨਹਿਂ ਪਟਰਾਨੀ' ਮੁਖਹੁਂ ਉਚਾਰੈਂ॥ ੨੨॥

ਫਿਰ ਦੂਸਰੀ ਦੇ ਸਿਰ 'ਤੇ ਮਾਰੀ, "ਇਹ ਵੀ ਨਹੀਂ" ਫਿਰ ਤੀਸਰੀ ਦੇ ਸਿਰ ਤੇ ਮਾਰੀ। ਏਸੇ ਰੀਤੀ ਅਨੁਸਾਰ ਉਹ ਛੜੀ ਸਭ ਦੇ ਸਿਰ 'ਤੇ ਮਾਰੀ ਤੇ ਮੁੱਖ ਤੋਂ ਕਿਹਾ, "ਇਹ ਪਟਰਾਣੀ ਨਹੀਂ"॥੨੨॥

ਸਭਿਨਿ ਉਲੰਘਤਿ ਜਾਤਿ ਅਗਾਰੀ। ਮੁਖ ਤੇ ਕਹੈਂ ਸੀਸ ਪਰ ਮਾਰੀ।
ਅਬਲਾ ਘਨੀ ਸੰਘਨੀ ਬੈਸੀ। ਗਮਨਤਿ ਅੱਗ੍ਰ ਕਰਤਿ ਬਿਧਿ ਤੈਸੀ॥ ੨੩॥

ਸਭ ਨੂੰ ਉਲੰਘਦੇ ਅੱਗੇ ਚਲੇ ਗਏ ਤੇ ਸਿਰ ਉੱਤੇ ਮਾਰ ਕੇ ਮੁਖ ਤੋਂ ਕਹਿੰਦੇ ਸਨ। ਕਈ ਇਸਤਰੀਆਂ ਬਹੁਤ ਜੁੜ ਕੇ ਬੈਠੀਆਂ ਸਨ, ਇਸ ਵਿਧੀ ਨਾਲ ਕਰਦੇ ਅੱਗੇ ਚਲੇ ਗਏ॥੨੩॥

ਫੂਲ ਛਰੀ ਦਾਹਨ ਕਰ ਮਾਂਹੀ। ਤ੍ਰਿਯ ਪਰ ਬਾਮ ਟਿਕਾਵਤਿ ਜਾਹੀਂ।
ਉਲੰਘਿ ਉਲੰਘਿ ਸਗਰੋ ਰਣਵਾਸੇ। 'ਨਹਿਂ ਪਟਰਾਨੀ' ਮੁਖਹੁਂ ਪ੍ਰਕਾਸ਼ੇ॥ ੨੪॥

ਛੜੀ ਸੱਜੇ ਹੱਥ ਵਿਚ ਫੜੀ ਸੀ, ਇਸਤਰੀਆਂ ਦੇ ਖੱਬੇ ਪਾਸੇ ਮਾਰੀ ਜਾਂਦੇ ਸਨ। ਸਾਰਾ ਰਣਵਾਸ ਸਿੰਘ ਕੇ ਮੁੱਖ ਤੋਂ ਬੋਲੇ, "ਇਨ੍ਹਾਂ ਵਿਚ ਕੋਈ ਵੀ ਪਟਰਾਣੀ ਨਹੀਂ ਹੈ" ॥੨੪॥

'ਬਸਤ੍ਰ ਬਿਭੂਖਨ ਆਸਨ ਆਛੇ'। ਕਹਿ ਇਮ ਤਜਾਗ ਚਲੇ ਤ੍ਰਿਯ ਪਾਛੇ।
ਬਿਸਮਹਿ ਜੈ ਪੁਰਿ ਨਾਥ ਬਡੇਰੇ। ਪਾਛੇ ਚਲਜੇ ਜਾਤਿ ਗੁਰ ਹੇਰੇ॥ ੨੫॥

"ਵਸਤਰ, ਗਹਿਣੇ ਅਤੇ ਆਸਣ ਚੰਗੇ ਹਨ", ਇਸ ਤਰ੍ਹਾਂ ਕਹਿ ਕੇ ਛੱਡ ਕੇ ਇਸਤਰੀਆਂ ਦੇ ਪਿੱਛੇ ਚਲੇ ਗਏ। ਜੈਪੁਰ ਦਾ ਰਾਜਾ ਬਹੁਤ ਹੈਰਾਨ ਹੋਇਆ ਜਦ ਉਨ੍ਹਾਂ ਗੁਰੂ ਜੀ ਨੂੰ ਪਿਛਲੇ ਪਾਸੇ ਜਾਂਦਿਆਂ ਵੇਖਿਆ॥੨੫॥

ਸਭਿ ਅਬਲਾ ਮਨ ਮਾਨਿ ਅਚੰਭਾ। ਪ੍ਰਗਟ ਕਰਤਿ ਗੁਰ, ਕੀਨਿ ਜੁ ਦੰਭਾ।
ਪਟਰਾਨੀ ਸਭਿ ਕੇ ਪਸ਼ਚਾਤੀ। ਬੈਠੀ ਮਲਿਨ ਬੇਸ ਹਰਖਾਤੀ॥ ੨੬॥

ਸਾਰੀਆਂ ਇਸਤਰੀਆਂ ਨੇ ਮਨ ਵਿਚ ਬੜੀ ਹੈਰਾਨੀ ਮੰਨੀ। ਜਿਹੜਾ ਉਨ੍ਹਾਂ ਪਖੰਡ ਕੀਤਾ ਸੀ, ਗੁਰੂ ਜੀ ਨੇ ਪ੍ਰਗਟ ਕਰ ਦਿੱਤਾ। ਪਟਰਾਣੀ ਸਾਰੀਆਂ ਦੇ ਪਿੱਛੇ ਬੈਠੀ ਸੀ ਤੇ ਮੈਲੇ ਕਪੜੇ ਪਾ ਕੇ ਪ੍ਰਸੰਨ ਬੈਠੀ ਸੀ॥੨੬॥

ਭੌਨ ਕੋਨ ਮਹਿਂ ਮੌਨ ਮਹਾਨੀ। ਆਸਨ ਹੀਨ, ਆਸ ਗੁਰ ਠਾਨੀ।
ਚਲਤਿ ਚਲਤਿ ਤਿਸ ਨਿਕਟਿ ਪਹੂਚੇ। ਤਊ ਨ ਪਿਖਤਿ ਨੈਨ ਕਰਿ ਊਚੇ॥੨੭॥

ਭਵਨ ਦੇ ਉਸ ਕੋਨੇ ਵਿਚ ਬਿਲਕੁਲ ਚੁੱਪ ਚਾਪ ਭੁੰਜੇ ਬੈਠੀ ਸੀ, ਪਰ ਗੁਰੂ ਜੀ ਦੀ ਆਸ ਧਾਰਨ ਕੀਤੀ ਹੋਈ ਸੀ। ਗੁਰੂ ਜੀ ਚਲਦੇ ਚਲਦੇ ਉਸ ਦੇ ਨੇੜੇ ਪਹੁੰਚੇ, ਫਿਰ ਵੀ ਉਸ ਨੇ ਨੈਣ ਉੱਚੇ ਕਰਕੇ ਨਾ ਵੇਖਿਆ॥੨੭॥

ਉਤਲਾਵਤਿ ਗੁਰ ਤਹਿਂ ਚਲਿ ਗਏ। ਦਾਰ ਮਹੀਪ ਸਮੀਪੀ ਭਏ॥
ਖਰੇ ਹੋਇ ਕਹਿਂ ਸ੍ਰੀ ਮੁਖਬਾਨੀ। 'ਸਭਿਨਿ ਸ਼ਿਰੋਮਣਿ ਤੂੰ ਪਟਰਾਨੀ' ॥ ੨੮॥

ਬੜੀ ਛੇਤੀ ਗੁਰੂ ਜੀ ਉਥੇ ਪਹੁੰਚ ਗਏ ਤੇ ਰਾਜੇ ਦੀ ਪਟਰਾਣੀ ਦੇ ਪਾਸ ਚਲੇ ਗਏ। ਖੜੇ ਹੋ ਕੇ ਗੁਰੂ ਜੀ ਨੇ ਮੁਖ ਤੋਂ ਬਚਨ ਕੀਤੇ, "ਸਾਰਿਆਂ ਦੀ ਸ਼ਿਰੋਮਣੀ ਤੂੰ ਪਟਰਾਣੀ ਹੈਂ" ॥੨੮॥

ਸੁਨਤਿ ਸ਼੍ਰੋਨ ਉਰ ਭਈ ਪ੍ਰਮੋਦ। ਗਹਿ ਪਦ ਪ੍ਰੇਮ ਬਿਠਾਰੇ ਗੋਦ।
ਬਿਸਮਤ ਹੁਇ ਅਜ਼ਮਤ ਬਡ ਜਾਨੀ। 'ਸਤਿਗੁਰ ਧੰਨਾ' ਬਖਾਨੀ ਬਾਨੀ॥੨੯॥

ਕੰਨਾਂ ਨਾਲ ਸੁਣ ਕੇ ਹਿਰਦਾ ਬਹੁਤ ਪ੍ਰਸੰਨ ਹੋ ਗਿਆ, ਚਰਨਾਂ ਨੂੰ ਫੜ ਕੇ ਗੁਰੂ ਜੀ ਨੂੰ ਆਪਣੀ ਗੋਦੀ ਵਿਚ ਬਿਠਾ ਲਿਆ। ਹੈਰਾਨ ਹੋ ਕੇ ਵੱਡੀ ਕਰਾਮਾਤ ਜਾਣੀ ਤੇ ਮੁੱਖ ਤੋਂ ਕਿਹਾ, "ਸਤਿਗੁਰੂ ਜੀ ਤੁਸੀਂ ਧੰਨ ਹੋ" ॥੨੯॥

ਸ੍ਰੀ ਮੁਖ ਕਹਿਂ 'ਤੂੰ ਉੱਤਮ ਤੀਯ। ਇਹਾਂ ਬੈਠਿਬੇ ਉਚਿਤ ਨ ਥੀਯ।
ਸ਼ੁਭ ਆਸਨ ਸ਼ੁਭ ਬਸਤ੍ਰ ਬਿਭੂਖਨ। ਧਰਿਬੇ ਜੋਗ ਸਦੀਵ ਅਦੂਖਨ॥ ੩੦॥

ਸ੍ਰੀ ਗੁਰੂ ਜੀ ਨੇ ਮੁੱਖ ਤੋਂ ਕਿਹਾ, "ਤੂੰ ਬੜੀ ਉੱਤਮ ਇਸਤਰੀ ਹੈਂ। ਤੇਰੇ ਵਾਸਤੇ ਏਥੇ ਬੈਠਣਾ ਉਚਿਤ ਨਹੀਂ ਹੈ। ਹੇ ਦੁਖਾਂ ਤੋਂ ਰਹਿਤ ਤੂੰ ਸਦਾ ਹੀ ਸ਼ੁਭ ਆਸਣ, ਸ਼ੁਭ ਕਪੜੇ ਗਹਿਣੇ ਧਾਰਨ ਯੋਗ ਹੈਂ ॥੩੦॥

ਮਹਾਂਰਾਜ ਕੀ ਤੂੰ ਪਟਰਾਨੀ। ਕਹਾਂ ਕਪਟ ਕਰਿਬੇ ਬਿਧਿ ਠਾਨੀ।
ਉਠਿ ਕਰਿ ਸ਼ੁਭ ਆਸਨ ਥਿਤ ਹੂਜੇ। ਗੁਰ ਸੰਤਨਿ ਸੋਂ ਨਹਿਂ ਛਲ ਪੂਜੇ॥੩੧॥

ਮਹਾਰਾਜ ਦੀ ਤੂੰ ਪਟਰਾਣੀ ਹੈਂ, ਤੂੰ ਏਨਾ ਕਪਟ ਕਰਨ ਦੀ ਵਿਧੀ ਕਿਉਂ ਧਾਰਨ ਕੀਤੀ ਹੈ। ਉੱਠ ਕੇ ਸ਼ੁਭ ਆਸਣ 'ਤੇ ਬੈਠ ਜਾਵੋ, ਗੁਰੂ ਸੰਤਾਂ ਨਾਲ ਅਜਿਹਾ ਛੱਲ ਪੁਗਦਾ ਨਹੀਂ ਹੈ॥੩੧॥

ਇਸ ਕੋ ਫਲ ਤੁਮ ਕੋ ਹੁਇ ਬੁਰੋ। ਸੁਖਦ ਸੰਤਤੀ ਸੋਂ ਨਹਿਂ ਫਰੋ।
ਅਸ ਕਹਿਤਜੋ ਮਹਿਖੀ ਕਰਿ ਜੋਰੇ। ਧਰੀ ਭੇਟ ਖੇਲਨਿ ਗਨ ਘੋਰੇ॥ ੩੨॥

ਇਸ ਦਾ ਤੈਨੂੰ ਬੜਾ ਬੁਰਾ ਫਲ ਮਿਲੇਗਾ, ਸੁਖਦਾਈ ਉਲਾਦ ਨਾਲ ਫਲੇਗੀ ਨਹੀਂ।'' ਇਸ ਤਰ੍ਹਾਂ ਕਹਿ ਕੇ ਪਟਰਾਣੀ ਨੇ ਹੱਥ ਜੋੜੇ ਤੇ ਗੁਰੂ ਜੀ ਦੇ ਖੇਡਣ ਵਾਸਤੇ ਕਈ ਘੋੜੇ ਭੇਟ ਵਜੋਂ ਧਰੇ॥੩੨॥

ਤੁਮ ਨਿਤ ਰੁਚਿ ਕਰ ਇਨ ਸੋਂ ਖੇਲਤਿ। ਚਾਰੁ ਬਿਭੂਖਨ ਹਿਤ ਕਰਿ ਮੇਲਤਿ।
ਪੰਕਤਿ ਕਰਹੁ ਖਰੀ ਇਕਸਾਰ। ਪਰਚਤਿ ਰਹੁ ਹੇਰਤਿ ਬਹੁ ਬਾਰ॥ ੩੩॥

ਤੁਸੀਂ ਨਿਤ ਰੁਚੀ ਕਰਕੇ ਇਨ੍ਹਾਂ ਨਾਲ ਖੇਡਦੇ ਹੋ, ਸੁੰਦਰ ਗਹਿਣੇ ਪਿਆਰ ਨਾਲ ਪਹਿਨਦੇ ਹੋ। ਇਨ੍ਹਾਂ ਦੀ ਇਕਸਾਰ ਪੰਕਤੀਆਂ ਖੜੀਆਂ ਕਰੋ ਤੇ ਇਨ੍ਹਾਂ ਨੂੰ ਬਹੁਤ ਵਾਰ ਵੇਖ ਕੇ ਦਿਲ ਲਾਈ ਰਖੋ॥੩੩॥

ਮੈਂ ਸੁਨਿ ਕੈ ਇਸ ਰੀਤਿ ਸੁਭਾਵ। ਹੇਤੁ ਆਪ ਕੇ ਇਹ ਕਰਿਵਾਵ।
ਸੁਪ੍ਰਸੰਨ ਹੁਇ ਕਰੁਨਾ ਕਰੀਅਹਿ। ਸੁਖਦਾਈ ਮੁਖ ਬਾਕ ਉਚਰੀਅਹਿ॥ ੩੪॥

ਮੈਂ ਤੁਹਾਡਾ ਇਸ ਤਰ੍ਹਾਂ ਦਾ ਸੁਭਾਵ ਸੁਣ ਕੇ, ਆਪ ਜੀ ਦੇ ਵਾਸਤੇ ਇਹ ਤਿਆਰ ਕਰਵਾਏ ਹਨ। ਇਸ ਕਰਕੇ ਪ੍ਰਸੰਨ ਹੋ ਕੇ ਕਿਰਪਾ ਕਰੋ ਤੇ ਮੁੱਖ ਤੋਂ ਸੁਖਦਾਈ ਬਚਨ ਉਚਾਰਨ ਕਰੋ''॥੩੪॥

ਸੁਨਿ ਮਹਿਖੀ ਤੇ ਗੁਰੂ ਨ ਬੋਲੇ। ਜੈਪੁਰਿ ਨਾਥ ਤਬੈ ਉਰ ਹੋਲੇ।
ਸਹਜ ਸੁਭਾਇਕ ਜਿਮ ਇਹ ਕਹੈਂ। ਸੋ ਸਭਿ ਹੋਇ ਨਿਫਲ ਨਹਿਂ ਰਹੈ॥ ੩੫॥

ਪਟਰਾਣੀ ਪਾਸੋਂ ਸੁਣ ਕੇ ਗੁਰੂ ਜੀ ਨਹੀਂ ਬੋਲੇ, ਰਾਜੇ ਜੈ ਸਿੰਘ ਦੇ ਤਦ ਦਿਲ ਵਿਚ ਭੈ ਪੈਦਾ ਹੋਇਆ। ਸਹਿਜ ਸੁਭਾਅ ਜਿਵੇਂ ਇਹ ਕਹਿੰਦੇ ਹਨ, ਉਹ ਸਭ ਪੂਰਾ ਹੋ ਜਾਂਦਾ ਹੈ ਤੇ ਉਨ੍ਹਾਂ ਦੇ ਬੋਲ ਨਿਸ਼ਫਲ ਨਹੀਂ ਜਾਂਦੇ ਹਨ॥੩੫॥

'ਸੰਤਤਿ ਸੁਖਦ ਨ ਹੋਇ ਤਿਹਾਰੇ। ਕੁਛਕ ਕੋਪ ਤੇ ਕੀਨਿ ਉਚਾਰੇ।
ਬਿਨੈ ਭਨੋਂ ਅਬਿ ਬਖਸ਼ਹਿਂ ਮੋਹੀ। ਜਿਸ ਤੇ ਡਰਤਿ, ਭਈ ਗਤਿ ਓਹੀ॥ ੩੬॥

''ਤੇਰੇ ਘਰ ਸੁਖਦਾਈ ਸੰਤਾਨ ਪੈਦਾ ਨਹੀਂ ਹੋਵੇਗੀ, ਕੁਝ ਗੁੱਸੇ ਵਿਚ ਆ ਕੇ ਉਚਾਰਨ ਕੀਤਾ ਹੈ, ਹੁਣ ਮੈਂ ਬੇਨਤੀ ਕਰਦਾ ਹਾਂ ਕਿ ਮੈਨੂੰ ਬਖਸ਼ ਲਵੋ, ਜਿਸ ਤੋਂ ਡਰਦਾ ਸੀ, ਉਹੀ ਹਾਲਤ ਹੋ ਗਈ ਹੈ॥੩੬॥

ਹਾਥ ਜੋਰਿ ਭੂਪਤਿ ਕਹਿ ਤਬੈ। 'ਗੁਰ ਜੀ ਬੈਠਹੁ ਚੌਕੀ ਅਬੈ।
ਹਮ ਮਤਿਮੰਦ ਸਕਹਿਂ ਨਹਿਂ ਜਾਨਿ। ਰਾਵਰਿ ਮਹਿਮਾਂ ਮਹਾਂ ਮਹਾਨ॥ ੩੭॥

ਹੱਥ ਜੋੜ ਕੇ ਫਿਰ ਰਾਜੇ ਨੇ ਕਿਹਾ, ''ਗੁਰੂ ਜੀ ਹੁਣ ਚੌਕੀ ਤੇ ਬੈਠੋ ਅਸੀਂ ਥੋੜੀ ਮੱਤ ਵਾਲੇ ਜਾਣ ਨਹੀਂ ਸਕਦੇ ਹਾਂ, ਆਪ ਜੀ ਦੀ ਮਹਿਮਾਂ ਮਹਾਂ ਮਹਾਨ ਹੈ॥੩੭॥

ਭੂਲ ਪਰੀ ਕਹੁ ਬਖਸ਼ਨਿ ਹਾਰੇ। ਹਮ ਸੇ ਪਤਿਤਨਿ ਕਰਹੁ ਉਧਾਰੇ।
ਅਸ ਕਹਿ ਨ੍ਰਿਪਤ ਉਛੰਗ ਉਚਾਏ। ਚੰਦਨ ਚੌਕੀ ਪਰ ਬੈਠਾਏ॥ ੩੮॥

ਸਾਥੋਂ ਭੁੱਲ ਹੋ ਗਈ ਹੈ, ਤੁਸੀਂ ਬਖਸ਼ਣਹਾਰ ਹੋ, ਸਾਡੇ ਪਾਪੀਆਂ ਦਾ ਵੀ ਉਧਾਰ ਕਰੋ।'' ਇਹ ਕਹਿ ਕੇ ਰਾਜੇ ਨੇ ਗੋਦੀ ਵਿਚ ਚੁੱਕ ਲਿਆ ਤੇ ਚੰਦਨ ਦੀ ਚੌਕੀ 'ਤੇ ਬਿਠਾ ਦਿੱਤੇ॥੩੮॥

ਸਭਿ ਰਣਵਾਸ ਆਇ ਤਹਿਂ ਖਰਜੋ। ਭੀ ਉਦਬਿਗਨ ਹੇਰਿ ਨ੍ਰਿਪ ਡਰਜੋ।
ਸਭਿ ਕਰ ਜੋਰਿ ਅਗਾਰੀ ਖਰੀ। ਭਾਂਤਿ ਭਾਂਤਿ ਬਿਨਤੀ ਮੁਖ ਰਰੀ॥ ੩੯॥

ਸਾਰੀਆਂ ਰਾਣੀਆਂ ਉਥੇ ਆ ਖੜੀਆਂ ਹੋਈਆਂ, ਉਦਾਸ ਹੋਈਆਂ ਵੇਖ ਕੇ ਰਾਜਾ ਡਰ ਗਿਆ। ਸਾਰੀਆਂ ਹੱਥ ਜੋੜ ਕੇ ਅੱਗੇ ਖੜੀਆਂ ਹੋ ਗਈਆਂ, ਤੇ ਮੁਖ ਤੋਂ ਭਾਂਤ-ਭਾਂਤ ਦੀਆਂ ਬੇਨਤੀਆਂ ਕੀਤੀਆਂ ॥੩੯॥

'ਹਮ ਸੇਵਕ ਸਭਿ ਕੇ ਤੁਮ ਸ੍ਵਾਮੀ। ਕ੍ਰਿਪਾਸਿੰਧੁ ਸਭਿ ਅੰਤਰਜਾਮੀ।
ਮਹਿਮਾ ਲਖੀ ਨ ਜਾਇ ਤੁਮਾਰੀ। ਧਰਯੋ ਦੇਹਿ ਗੁਰ ਪਰਉਪਕਾਰੀ' ॥ ੪੦ ॥

"ਅਸੀਂ ਸੇਵਕ ਹਾਂ, ਤੁਸੀਂ ਸਾਰਿਆਂ ਦੇ ਸਵਾਮੀ ਹੋ, ਕਿਰਪਾ ਦੇ ਸਾਗਰ ਤੁਸੀਂ ਅੰਤਰਜਾਮੀ ਹੋ। ਤੁਹਾਡੀ ਮਹਿਮਾ ਜਾਣੀ ਨਹੀਂ ਜਾਂਦੀ। ਹੇ ਗੁਰੂ ਜੀ ! ਤੁਸੀਂ ਆਪ ਪ੍ਰਭੂ ਨੇ ਪਰਉਪਕਾਰੀ ਸਰੀਰ ਧਾਰਨ ਕੀਤਾ ਹੈ' ॥੪੦॥

*ਦਸਵੀਂ ਰਾਸ ਦਾ ਛਤਾਲੀਵਾਂ ਅਧਿਆਇ ਸਮਾਪਤ ਹੋਇਆ ॥੪੬॥*

## *ਅਧਿਆਇ ਸੰਤਾਲੀਵਾਂ*

### *ਰਾਜਾ ਸਿੱਖ ਹੋਇਆ*

ਦੋਹਰਾ- ਸਭਿ ਅਬਲਾ ਕੇ ਸਹਿਤ ਨ੍ਰਿਪ ਡਰਯੋ ਬਾਕ ਸੁਨਿ ਸ੍ਰਾਪ।
ਚਹਤਿ ਪੁਨਹਿ ਕਰਿ ਅਨੰਦ ਕੋ, ਭਯੋ ਬੁਰੋ ਫਲ ਪਾਪ ॥ ੧ ॥

ਸਾਰੀਆਂ ਇਸਤਰੀਆਂ ਦੇ ਨਾਲ ਗੁਰੂ ਜੀ ਦਾ ਸਰਾਪ ਸੁਣ ਕੇ ਰਾਜਾ ਡਰ ਗਿਆ। ਅਨੰਦ ਕਰਨਾ ਚਾਹੁੰਦਾ ਸੀ, ਪਰ ਪਾਪ ਕਰਨ ਦਾ ਬੁਰਾ ਫਲ ਮਿਲਿਆ ॥੧॥

ਚੌਪਈ- ਤ੍ਰਸਤਿ ਭੂਪ ਨੇ ਪਾਗ ਉਤਾਰੀ। ਪਦ ਪੰਕਜ ਪਰ ਧਰੀ ਅਗਾਰੀ।
ਹਾਥ ਜੋਰਿ ਹੁਇ ਦੀਨ ਮਹਾਨਾ। ਗੁਰ ਪ੍ਰਸੰਨ ਹਿਤ ਬਾਕ ਬਖਾਨਾ ॥ ੨ ॥

ਡਰਦੇ ਹੋਏ ਰਾਜੇ ਨੇ ਆਪਣੀ ਪੱਗ ਲਾਹੀ ਤੇ ਗੁਰੂ ਜੀ ਦੇ ਚਰਨਕੰਵਲਾਂ ਦੇ ਅੱਗੇ ਧਰ ਦਿੱਤੀ, ਹੱਥ ਜੋੜ ਕੇ ਮਹਾਨ ਦੀਨ ਹੋਇਆ ਤੇ ਗੁਰੂ ਜੀ ਨੂੰ ਪ੍ਰਸੰਨ ਕਰਨ ਵਾਸਤੇ ਬੋਲਿਆ ॥੨॥

'ਬਡਿਅਨਿ ਕੀ ਇਹ ਬਡ ਬਡਿਆਈ। ਬਖਸ਼ਹਿਂ ਦਾਸ ਭੂਲ ਜੇ ਜਾਈ।
ਏਕ ਬਾਰ ਜੇ ਅਪਨੌ ਕਰਿਹੀਂ। ਨਹਿਂ ਅਵਗੁਨ ਤਿਨ ਕੇਰ ਨਿਹਰਿਹੀਂ ॥ ੩ ॥

"ਵਡਿਆਂ ਦੀ ਇਹ ਵੱਡੀ ਵਡਿਆਈ ਹੈ ਕਿ ਜੇ ਦਾਸ ਭੁੱਲ ਜਾਣ ਤਾਂ ਉਨ੍ਹਾਂ ਨੂੰ ਬਖ਼ਸ਼ ਦਿੰਦੇ ਹਨ। ਇਕ ਵਾਰ ਜਿਨ੍ਹਾਂ ਨੂੰ ਆਪਣਾ ਬਣਾ ਲੈਂਦੇ ਹਨ ਤੇ ਫਿਰ ਉਨ੍ਹਾਂ ਦੇ ਔਗੁਣ ਨਹੀਂ ਵੇਖਦੇ ਹਨ ॥੩॥

ਸਾਗਰ ਨੇ ਬੜਵਾਨਲ ਧਾਰੀ। ਜਲ ਨਾਸਹਿ ਤਜਿ ਨਹੀਂ ਨਿਕਾਰੀ।
ਚੰਦ੍ਰ ਮੌਲ ਨੇ ਚੰਦ੍ਰ ਧਰਯੋ ਸਿਰ। ਸਹਿਤ ਕਲੰਕ, ਨ ਕੀਨਿਸ ਪਰਹਰਿ ॥ ੪ ॥

ਸਾਗਰ ਜੇ ਬੜਵਾਨਲ ਅਗਨੀ ਧਾਰਨ ਕਰਦਾ ਹੈ ਤਾਂ ਉਹ ਜਲ ਦਾ ਸਤਨਾਂ ਸਹਾਰ ਲੈਂਦਾ ਹੈ, ਪਰ ਜਲ ਨੂੰ ਆਪਣੇ ਵਿਚੋਂ ਕੱਢ ਕੇ ਬਾਹਰ ਨਹੀਂ ਮਾਰਦਾ। ਸ਼ਿਵਜੀ ਨੇ ਆਪਣੇ ਮੱਥੇ 'ਤੇ ਕਲੰਕਿਤ ਚੰਦ ਧਾਰਨ ਕੀਤਾ ਹੈ, ਪਰ ਕਲੰਕ ਵਾਲਾ ਹੋਣ ਕਰਕੇ ਵੀ ਸ਼ਿਵਜੀ ਨੇ ਉਸ ਨੂੰ ਦੂਰ ਨਹੀਂ ਕੀਤਾ ਹੈ ॥੪॥

ਤੈਸੇ ਕ੍ਰਿਪਾ ਦ੍ਰਿਸ਼ਟਿ ਅਵਿਲੋਕਹੁ। ਅਵਗੁਨ ਦੇਖਿ ਕੋਪ ਕਹੁ ਰੋਕਹੁ।
ਹਿਤ ਕੀ ਸਿੱਖਜਾ ਦੇਹੁ ਅਗਾਰੀ। ਚਰਣਾਂਮ੍ਰਿਤ ਲੈਬੇ ਇਛ ਧਾਰੀ॥ ੫॥

ਉਸ ਤਰ੍ਹਾਂ ਕਿਰਪਾ ਦ੍ਰਿਸ਼ਟੀ ਨਾਲ ਵੇਖੋ, ਸਾਡੇ ਔਗੁਣ ਵੇਖ ਕੇ ਗ਼ੁੱਸੇ ਵਿਚ ਨਾ ਆਵੋ, ਅੱਗੇ ਵਾਸਤੇ ਸਾਡੇ ਹਿੱਤ ਦੀ ਸਿਖਿਆ ਦੇਵੋ, ਪਾਹੁਲ ਲੈਣ ਲਈ ਅਸੀਂ ਇੱਛਾ ਧਾਰਨ ਕੀਤੀ ਹੈ॥੫॥

ਸਿੱਖਜ ਆਪਨੋ ਕਰਹੁ ਗੁਸਾਂਈ। ਸਫਲ ਹੋਇ ਕਾਯਾਂ ਨਰ ਪਾਈ'।
ਸੁਨਿ ਸਤਿਗੁਰ ਬੋਲੇ ਮਤਿ ਧੀਰ। 'ਭੋ ਜੈ ਸਿੰਘ ਸਵਾਈ ਬੀਰ!॥ ੬॥

ਹੇ ਮਾਲਕ ! ਮੈਨੂੰ ਆਪਣਾ ਸਿੱਖ ਬਣਾ ਲਵੋ, ਮੈਂ ਮਨੁੱਖਾ ਸਰੀਰ ਪਾਇਆ ਹੈ ਇਹ ਸਫਲ ਹੋ ਜਾਵੇ।'' ਇਹ ਸੁਣ ਧੀਰਜਵਾਨ ਗੁਰੂ ਜੀ ਬੋਲੇ, ''ਹੇ ਸੂਰਬੀਰ ਜੈ ਸਿੰਘ ਸਵਾਈ!॥੬॥

ਨਿਸ਼ਚਲ ਨਿਸ਼ਚੈ ਨਿਤ ਚਿਤ ਜਿਨ ਕੇ। ਸ੍ਰੀ ਨਾਨਕ ਸੁਖਦਾਇਕ ਤਿਨਕੇ।
ਅੰਗ ਸੰਗ ਰਹਿਂ ਸਦਾ ਸਹਾਈ। ਹਲਤ ਪਲਤ ਮਹਿਂ ਪ੍ਰਭੁ ਹਿਤ ਦਾਈ॥ ੭॥

ਜਿਨ੍ਹਾਂ ਦੇ ਚਿਤ ਵਿਚ ਨਿਸ਼ਚਾ ਸਦਾ ਨਿਸਚਲ ਹੈ, ਉਨ੍ਹਾਂ ਦੇ ਸ੍ਰੀ ਗੁਰੂ ਨਾਨਕ ਦੇਵ ਜੀ ਸਹਾਇਕ ਬਣਦੇ ਹਨ। ਉਨ੍ਹਾਂ ਦੇ ਉਹ ਸਦਾ ਅੰਗ ਸੰਗ ਰਹਿ ਕੇ ਸਹਾਇਤਾ ਕਰਦੇ ਹਨ। ਲੋਕ ਪਰਲੋਕ ਵਿਚ ਪ੍ਰਭੂ ਹਿਤਦਾਇਕ ਬਣਦਾ ਹੈ॥੭॥

ਸੰਸੈ ਗ੍ਰਸਤ ਜਿਨਹੁਂ ਕੇ ਮਨ ਹੈਂ। ਕਬਹਿ ਅਸ਼ਰਧਾ ਸ਼ਰਧਾ ਜਨ ਹੈ।
ਨਿਜ ਊਚੋ ਲਖਿ ਕਰਹਿਂ ਹੰਕਾਰ। ਜਿਮ ਅਵਨੀ ਥਲ ਤੁੰਗ ਉਦਾਰ॥ ੮॥

ਜਿਨ੍ਹਾਂ ਦੇ ਮਨ ਸੰਸੇ ਵਿਚ ਗ੍ਰੱਸੇ ਜਾਂਦੇ ਹਨ ਭਾਵ ਕਦੇ ਅਸ਼ਰਧਾ ਹੁੰਦੀ ਹੈ ਕਦੇ ਸ਼ਰਧਾ ਪੈਦਾ ਹੋ ਜਾਂਦੀ ਹੈ। ਆਪਣੇ ਆਪ ਨੂੰ ਉੱਚਾ ਸਮਝ ਕੇ ਹੰਕਾਰ ਕਰਦਾ ਹੈ, ਜਿਵੇਂ ਧਰਤੀ ਤੇ ਜਿਹੜੇ ਬਹੁਤ ਉੱਚੇ ਸਥਾਨ ਹੁੰਦੇ ਹਨ॥੮॥

ਪ੍ਰੇਮ ਨੀਰ ਜਹਿਂ ਠਹਿਰਹਿ ਨਾਂਹੀ। ਸੇਵਾ ਕ੍ਰਿਖਿ ਕਿਮ ਤਹਿਂ ਉਪਜਾਹੀ।
ਸ਼੍ਰੇਯ ਫਲਨਿ ਤੇ ਪਈਅਹਿ ਕਹਾਂ। ਤ੍ਰਿਪਤਿ ਅਨੰਦ ਨ ਸੁਪਨੇ ਤਹਾਂ॥ ੯॥

ਉਥੇ ਪ੍ਰੇਮ ਰੂਪ ਜਲ ਠਹਿਰਦਾ ਨਹੀਂ ਹੈ, ਸੇਵਾ ਰੂਪੀ ਖੇਤੀ ਉਥੇ ਕਿਵੇਂ ਪੈਦਾ ਹੋਵੇਗੀ। ਮੁਕਤੀ ਰੂਪ ਫਲ ਉਥੋਂ ਕਿਵੇਂ ਪਾਵਾਂਗੇ। ਤ੍ਰਿਪਤੀ ਦਾ ਅਨੰਦ ਉਥੇ ਸੁਪਨੇ ਵਿਚ ਵੀ ਨਹੀਂ ਮਿਲਦਾ॥੯॥

ਅਪਰ ਕਹਾਂ ਕਹੀਐ ਤੁਝ ਸਾਥ। ਸਮੁਝਿ ਦੇਖਿ ਚਿਤ ਮਹਿਂ, ਨਰ ਨਾਥ!'।
ਸੁਨਿ ਨ੍ਰਿਪ ਕੁਛ ਲਜਾਇ ਦ੍ਰਿਗ ਨੀਚੇ। ਜਲ ਸੋਂ ਭਰੇ ਧਰਾ ਕਹੁ ਸੀਚੇ॥੧੦॥

ਹੋਰ ਤੁਹਾਨੂੰ ਕੀ ਕਹੀਏ, ਹੇ ਰਾਜਨ! ਆਪਣੇ ਚਿਤ ਵਿਚ ਸਮਝ ਕੇ ਵੇਖੋ।'' ਇਹ ਸੁਣ ਕੇ ਰਾਜੇ ਨੇ ਸ਼ਰਮ ਨਾਲ ਆਪਣੇ ਨੈਣ ਨੀਵੇਂ ਕਰ ਲਏ, ਜਿਹੜੇ ਜਲ ਨਾਲ ਭਰੇ ਸਨ ਤੇ ਧਰਤੀ ਨੂੰ ਗਿਲਾ ਕਰ ਰਹੇ ਸਨ॥੧੦॥

'ਸ੍ਰੀ ਸਤਿਗੁਰ ਪ੍ਰੇਰਕ ਸਭਿ ਜਨ ਕੇ। ਅੰਤਰ ਬਸਹੁ ਸੰਗ ਹੁਇ ਮਨ ਕੇ।
ਚਹਹੁ ਨਿਹਾਲ ਕਰਨਿ ਜਿਸ ਜੀ ਕੋ। ਤਿਸਹਿ ਪੰਥ ਦਿਖਰਾਵਹੁ ਨੀਕੋ॥੧੧॥

ਫਿਰ ਜੈ ਸਿੰਘ ਨੇ ਕਿਹਾ, ''ਸ੍ਰੀ ਸਤਿਗੁਰੂ ਜੀ ਸਭ ਲੋਕਾਂ ਦੀ ਪ੍ਰੇਰਨਾ ਹਨ, ਮਨ ਦੇ ਸੰਗ ਹੋ ਕੇ ਮੇਰੇ ਅੰਦਰ ਵੱਸੋ। ਜਿਸ ਜੀਅ ਨੂੰ ਤੁਸੀਂ ਨਿਹਾਲ ਕਰਨਾ ਚਾਹੁੰਦੇ ਹੋ ਉਸ ਨੂੰ ਚੰਗਾ ਪੰਥ ਵਿਖਾਉਂਦੇ ਹੋ॥੧੧॥

ਜਜੋਂ ਕਜੋਂ ਕਰਿ ਕੈ ਦਿਹੁ ਕੱਲਜਾਨ। ਦੋਸ਼ ਨ ਚਿਤਹੁ ਆਪਨੋ ਜਾਨਿ।
ਜਥਾ ਪਿਤਾ ਨਿਜ ਪੁੱਤ੍ਰ ਪਛਾਨ। ਸਭਿ ਬਿਧਿ ਕਰਿ ਚਾਹਤਿ ਕਲਿਆਨ॥੧੨॥

ਜਿਵੇਂ ਕਿਵੇਂ ਕਰ ਕੇ ਕਲਿਆਣ ਕਰੋ ਤੇ ਆਪਣਾ ਜਾਣ ਕੇ ਸੇਵਕ ਦੇ ਦੋਸ਼ ਨਾ ਚਿਤਾਰੋ। ਜਿਵੇਂ ਪਿਤਾ ਆਪਣੇ ਪੁੱਤਰ ਨੂੰ ਪਛਾਣਦਾ ਹੈ ਤੇ ਸਭ ਵਿਧੀਆਂ ਅਨੁਸਾਰ ਕਲਿਆਨ ਚਾਹੁੰਦਾ ਹੈ॥੧੨॥

ਪਾਛਲ ਦੋਸ਼ ਛਿਮਹੁ ਪ੍ਰਭੁ ਮੇਰੇ। ਨੀਕੇ ਬਚਨ ਕਰਹੁ ਤਿਹ ਫੇਰੇ।
ਆਗੇ ਕੋ ਸ਼ੁਭ ਮਾਰਗ ਪਾਵਹੁ। ਚਰਣਾਂਮ੍ਰਿਤ ਦੇ ਚਰਨੀ ਲਾਵਹੁ ॥ ੧੩॥

ਹੇ ਪ੍ਰਭੂ ! ਮੇਰੇ ਪਿਛਲੇ ਦੋਸ਼ ਮੁਆਫ ਕਰ ਦੇਵੋ, ਇਸ ਕਰਕੇ ਫਿਰ ਚੰਗੇ ਬਚਨ ਕਰੋ। ਅੱਗੇ ਨੂੰ ਸ਼ੁਭ ਮਾਰਗ 'ਤੇ ਪਾਵੋ ਤੇ ਆਪਣੇ ਚਰਨਾਂ ਦੀ ਪਾਹੁਲ ਦੇ ਕੇ ਆਪਣੇ ਚਰਨਾਂ ਨਾਲ ਲਾਵੋ" ॥੧੩॥

ਬਿਨੈ ਸੁਨਤਿ ਸ੍ਰੀ ਗੁਰੂ ਉਚਾਰੀ। 'ਸੰਤਤਿ ਹੁਇ ਕੁਲ ਚਲਹਿ ਤੁਮਾਰੀ।
ਤਊ ਬੰਸ ਤਵ ਮਹਿਂ ਅਸ ਹੋਇ। ਕਿਤਿਕ ਪੁਸ਼ਤ ਮਹਿਂ ਲਖੀਅਹਿ ਸੋਇ ॥੧੪॥

ਰਾਜੇ ਦੀ ਬੇਨਤੀ ਸੁਣ ਕੇ ਗੁਰੂ ਜੀ ਨੇ ਕਿਹਾ, "ਤੁਹਾਡੀ ਸੰਤਾਨ ਹੋਵੇਗੀ ਤੇ ਤੁਹਾਡੀ ਕੁਲ ਚਲੇਗੀ, ਫਿਰ ਵੀ ਵੰਸ਼ ਵਿਚ ਐਸਾ ਹੋਵੇਗਾ, ਕਈ ਪੁਸ਼ਤਾਂ ਬਾਅਦ ਉਸ ਨੂੰ ਵੇਖੀਏ॥੧੪॥

ਰਾਜ ਕਰਹਿ ਤੁਵ ਕੁਲ ਮਹਿਂ ਰਾਨੀ। ਮੁੱਖਜ ਹੋਇ ਬਰਤੈ ਰਜਧਾਨੀ।
ਨਿਜ ਮਹਿਖੀ ਮੁਖਿ ਕਰਿ ਸਭਿ ਦਿਸ਼ਿ ਤੇ। ਹਮਰੀ ਅਜ਼ਮਤ ਪਰਖਤਿ ਜਿਸ ਤੇ ॥੧੫॥

ਤੁਹਾਡੀ ਕੁਲ ਵਿਚ ਰਾਣੀ ਰਾਜ ਕਰੇਗੀ, ਮੁੱਖੀ ਹੋ ਕੇ ਉਹ ਰਾਜਧਾਨੀ ਵਰਤੇਗੀ। ਆਪਣੀ ਪਟਰਾਣੀ ਜਿਵੇਂ ਸਭ ਪਾਸਿਆਂ ਤੋਂ ਮੁੱਖੀ ਕਰਕੇ ਜਿਸ ਨਾਲ ਸਾਡੀ ਕਰਾਮਾਤ ਦੀ ਪਰਖ ਕੀਤੀ ਹੈ॥੧੫॥

ਹੋਇ ਤਨਕ ਫਲ ਯਾਂਤੇ ਤੋਹੀ। ਅਪਰ ਸਰਬ ਬਿਧਿ ਕੋ ਸੁਖ ਹੋਹੀ।
ਹਮਰੀ ਸੇਵ ਕਰੀ ਸਭਿ ਭਾਂਤੀ। ਯਾਂਤੇ ਸੁਖ ਲਹਿਂ ਸੀਤਲ ਛਾਤੀ॥ ੧੬॥

ਇਸ ਕਰਕੇ ਥੋੜ੍ਹਾ ਜਿਹਾ ਫਲ ਤੁਹਾਨੂੰ ਜ਼ਰੂਰ ਮਿਲੇਗਾ, ਹੋਰ ਸਾਰੀਆਂ ਵਿਧੀਆਂ ਨਾਲ ਸੁਖ ਹੋਵੇਗਾ। ਸਾਡੀ ਹਰ ਪ੍ਰਕਾਰ ਸੇਵਾ ਕੀਤੀ ਹੈ ਇਸ ਕਰਕੇ ਸੀਤਲ ਛਾਤੀ ਕਰਕੇ ਸਭ ਪ੍ਰਕਾਰ ਦੇ ਸੁਖ ਪ੍ਰਾਪਤ ਕਰੋਗੇ॥੧੬॥

ਬਧਹਿ ਤੇਜ ਹੁਇ ਨਾਮ ਬਡੇਰੋ। ਭੋਗਹੁ ਰਾਜ ਸੁਜਸੁ ਬਹੁਤੇਰੋ।
ਜਹਿਂ ਕਹਿਂ ਸਤਿਗੁਰ ਕਰੈਂ ਸਹਾਇ। ਔਖੀ ਘਰੀ ਨ ਦੇਖਨਿ ਪਾਇਂ ॥ ੧੭॥

ਤੁਹਾਡਾ ਤੇਜ ਵਧੇਗਾ ਤੇ ਨਾਮ ਵੱਡਾ ਹੋਵੇਗਾ, ਬਹੁਤ ਰਾਜ ਅਤੇ ਸ੍ਰੇਸ਼ਟ ਜੱਸ ਭੋਗੋਗੇ। ਹਰ ਘੜੀ ਸਤਿਗੁਰੂ ਜੀ ਤੁਹਾਡੇ ਸਹਾਈ ਹੋਣਗੇ ਤੇ ਔਖੀ ਘੜੀ ਵੇਖਣ ਨਹੀਂ ਪਾਉਗੇ" ॥੧੭॥

ਕ੍ਰਿਪਾ ਸਨੇ ਸੁਨਿ ਬੈਨ ਅਮੋਲੇ। ਹਰਖ ਭਰਜੋ ਨ੍ਰਿਪ ਭਯੋ ਅਡੋਲੇ।
ਤਤਛਿਨ ਪਾਵਨ ਜਲ ਮੰਗਵਾਇ। ਸ੍ਰੀ ਸਤਿਗੁਰ ਕੀ ਆਗਜਾ ਪਾਇ ॥੧੮॥

ਕਿਰਪਾ ਭਰੇ ਅਮੋਲਕ ਬਚਨ ਸੁਣ ਕੇ, ਰਾਜਾ ਪ੍ਰਸੰਨ ਹੋ ਕੇ ਅਡੋਲ ਹੋ ਗਿਆ। ਤੁਰਤ ਪਵਿੱਤਰ ਜਲ ਮੰਗਵਾਇਆ ਤੇ ਸਤਿਗੁਰੂ ਜੀ ਦੀ ਆਗਿਆ ਪਾਈ॥੧੮॥

ਪਾਵਨ ਪੰਕਜ ਪਾਦ ਪਖਾਰੇ। ਰਕਤ ਮ੍ਰਿਦੁਲ ਮੰਜੁਲ ਦੁਤਿਵਾਰੇ।
ਅਧਿਕ ਭਾਵ ਤੇ ਪੀਵਨਿ ਕੀਨਸਿ। ਜੁਗਲ ਬਿਲੋਚਨ ਕੋ ਕਰਿ ਭੀਨਸਿ ॥੧੯॥

ਪਵਿੱਤਰ ਚਰਨ ਕੰਵਲਾਂ ਨੂੰ ਧੋਤਾ ਗਿਆ, ਜਿਹੜੇ ਲਾਲ, ਕੋਮਲ ਅਤੇ ਉਜਲ ਸ਼ੋਭਾ ਪਾ ਰਹੇ ਸਨ। ਬੜੇ ਪ੍ਰੇਮ ਨਾਲ ਉਸ ਪਾਹੁਲ ਨੂੰ ਪੀਤਾ ਤੇ ਦੋਵੇਂ ਨੈਣਾਂ ਉੱਤੇ ਉਸ ਦੇ ਛਿੱਟੇ ਮਾਰੇ॥੧੯॥

ਬਹੁਰੋ ਕਰਜੋ ਚਢਾਵਨਿ ਸੀਸ। ਭਯੋ ਸਿੱਖਜ ਜੈ ਪੁਰੀ ਅਧੀਸ।
ਪੁਨ ਪਾਛੇ ਦੀਨਸਿ ਪਟਰਾਨੀ। ਕਰਜੋ ਪਾਨ ਬਹੁ ਉਰ ਹਰਖਾਨੀ॥ ੨੦॥

ਫਿਰ ਉਸ ਪਵਿੱਤਰ ਜਲ ਨੂੰ ਸਿਰ ਉੱਤੇ ਵੀ ਪਾਇਆ ਤੇ ਜੈਪੁਰ ਦਾ ਰਾਜਾ ਸਿੱਖ ਹੋ ਗਿਆ। ਫਿਰ ਉਹ ਪਾਹੁਲ ਪਟਰਾਣੀ ਨੂੰ ਦਿੱਤਾ, ਉਹ ਜਲ ਪੀ ਕੇ ਬਹੁਤ ਪ੍ਰਸੰਨ ਹੋਈ॥੨੦॥

ਤਿਸ ਪਾਛੇ ਸਗਰੋ ਰਣਵਾਸ। ਚਰਣਾਂਮ੍ਰਿਤ ਲੇ ਹਰਖ ਪ੍ਰਕਾਸ਼।
ਪੁਨ ਰਾਜੇ ਧਰਿ ਭੇਟ ਜਵਾਹਰ। ਜੋਤਿ ਜਗਹਿ ਜਗਮਗ ਜਿਨ ਜ਼ਾਹਰ॥ ੨੧॥

ਇਸ ਤੋਂ ਬਾਅਦ ਸਾਰੀਆਂ ਰਾਣੀਆਂ ਚਰਣਾਮ੍ਰਿਤ ਲੈ ਕੇ ਬਹੁਤ ਪ੍ਰਸੰਨ ਹੋਈਆਂ। ਫਿਰ ਰਾਜੇ ਨੇ ਹੀਰੇ ਜਵਾਹਰਾਤ ਦੀ ਭੇਟਾ ਅਰਪਣ ਕੀਤੀ, ਜਿਨ੍ਹਾਂ ਵਿਚ ਪ੍ਰਗਟ ਰੂਪ ਵਿਚ ਜ਼ਾਹਰਾ ਜੋਤ ਜਗਮਗ ਕਰਦੀ ਸੀ॥੨੧॥

ਬੰਦਿ ਪਦਾਰਬਿੰਦ ਕਰ ਬੰਦੇ। ਕ੍ਰਿਤ ਕ੍ਰਿਤ ਮਾਨਜੋ ਰਿਦੇ ਅਨੰਦੇ।
ਪੁਨ ਪਟਰਾਨੀ ਭੇਟ ਚਢਾਈ। ਚਰਨ ਕਮਲ ਪਰ ਸਿਰ ਕੋ ਛ੍ਵਾਈ॥ ੨੨॥

ਫਿਰ ਚਰਨ ਕੰਵਲਾਂ 'ਤੇ ਬੰਦਨਾ ਕੀਤੀ ਅਤੇ ਕ੍ਰਿਤਾਰਥ ਹੋ ਕੇ ਹਿਰਦੇ ਵਿਚ ਬੜਾ ਅਨੰਦ ਪਾਇਆ। ਫਿਰ ਪਟਰਾਣੀ ਨੇ ਭੇਟਾ ਅਰਪਣ ਕੀਤੀ ਤੇ ਗੁਰੂ ਜੀ ਦੇ ਚਰਨ ਕੰਵਲਾਂ ਨੂੰ ਆਪਣੇ ਸਿਰ ਨਾਲ ਛੁਹਾਇਆ, ਭਾਵ ਚਰਨ ਕੰਵਲਾਂ 'ਤੇ ਸਿਰ ਰੱਖ ਕੇ ਮੱਥਾ ਟੇਕਿਆ॥੨੨॥

ਬਹੁਰ ਭਾਰਜਾ ਸਭਿ ਨ੍ਰਿਪ ਕੇਰੀ। ਧਰੀ ਆਨਿ ਦੀਨਾਰ ਘਨੇਰੀ।
ਰਿਦੇ ਪ੍ਰੇਮ ਕਰਿ ਹੁਇ ਬਲਿਹਾਰੀ। 'ਧੰਨ ਧੰਨ ਗੁਰ ਧੰਨਾ' ਉਚਾਰੀ॥ ੨੩॥

ਫਿਰ ਰਾਜੇ ਦੀਆਂ ਸਾਰੀਆਂ ਪਤਨੀਆਂ ਨੇ, ਬਹੁਤ ਮੋਹਰਾਂ ਗੁਰੂ ਜੀ ਦੇ ਅੱਗੇ ਆ ਧਰੀਆਂ। ਹਿਰਦੇ ਵਿਚ ਪ੍ਰੇਮ ਕਰਕੇ ਬਲਿਹਾਰ ਜਾਂਦੀਆਂ ਸਨ ਤੇ ਕਹਿੰਦੀਆਂ ਸਨ, "ਧੰਨ ਧੰਨ ਗੁਰੂ ਜੀ ਤੁਸੀਂ ਧੰਨ ਹੋ"॥੨੩॥

ਦੁਇ ਘਟਿਕਾ ਬਾਸੁਰ ਜਬਿ ਰਹਜੋ। ਹਿਤ ਭੋਜਨ ਕੇ ਭੂਪਤਿ ਕਹਜੋ।
ਲੇਹਜ ਆਦਿਕ ਚਾਰ ਪ੍ਰਕਾਰਾ। ਕੰਚਨ ਥਾਲ ਪਰੋਸਿ ਅਹਾਰਾ॥ ੨੪॥

ਦੋ ਘੜੀਆਂ ਜਦ ਦਿਨ ਰਹਿ ਗਿਆ ਤੇ ਰਾਜੇ ਨੇ ਭੋਜਨ ਵਾਸਤੇ ਕਿਹਾ। ਚਾਰ ਪ੍ਰਕਾਰ ਦਾ ਭੋਜਨ (ਲੇਹਜ, ਚੋਸਾ, ਭੱਖ ਅਤੇ ਭੋਜ) ਸੋਨੇ ਦੇ ਥਾਲਾਂ ਵਿਚ ਪਰੋਸਿਆ ਗਿਆ॥੨੪॥

ਖਟ ਰਸ ਕੇ ਬਿੰਜਨ ਅਨਵਾਇ। ਨਿਜ ਹਾਥਨਿ ਕਰਿ ਧਰੇ ਬਨਾਇ।
ਕਰਹਿ ਭਾਉ ਸੋਂ ਬਹੁ ਬਿਧਿ ਸੇਵਾ। ਜਜੋਂ ਸੁ ਪ੍ਰਸੰਨ ਹੋਇਂ ਗੁਰਦੇਵਾ॥ ੨੫॥

ਖਟ ਰਸ ਦੇ ਭੋਜਨ ਮੰਗਵਾਏ ਤੇ ਆਪਣੇ ਹੱਥਾਂ ਨਾਲ ਬਣਾ ਸਵਾਰ ਕੇ ਧਰੇ। ਬੜੇ ਪ੍ਰੇਮ ਨਾਲ ਬਹੁਤ ਵਿਧੀਆਂ ਨਾਲ ਸੇਵਾ ਕੀਤੀ, ਜਿਵੇਂ ਵੀ ਗੁਰਦੇਵ ਜੀ ਪ੍ਰਸੰਨ ਹੋਣ॥੨੫॥

ਕਹਿ ਕਹਿ ਸ੍ਵਾਦ ਅਨੇਕ ਪ੍ਰਕਾਰਾ। ਕਰਹਿ ਪਰੋਸਨਿ ਬਿਬਿਧ ਅਹਾਰਾ।
ਸੀਤਲ ਨੀਰ ਸੁਗੰਧ ਝਕੋਰਾ। ਨਿਜ ਕਰ ਭਰਿ ਕਰਿ ਦੇਤਿ ਕਟੋਰਾ॥ ੨੬॥

ਕਹਿ ਕਹਿ ਅਨੇਕ ਪ੍ਰਕਾਰ ਸਵਾਦੀ ਭੋਜਨ ਮੰਗਵਾਏ ਤੇ ਭਿੰਨ-ਭਿੰਨ ਪ੍ਰਕਾਰ ਦੇ ਭੋਜਨ ਪਰੋਸਦੇ ਸਨ। ਸੀਤਲ ਸੁਗੰਧਤ ਜਲ ਦਾ ਕਟੋਰਾ ਆਪਣੇ ਹੱਥ ਨਾਲ ਭਰ ਕੇ ਦਿੱਤਾ॥੨੬॥

ਭੂਪ ਭਾਵਨਾ ਭੂਰ ਭਲੇਰੀ। ਸ੍ਰੀ ਹਰਿਕ੍ਰਿਸ਼ਨ ਸ਼ੁੱਧ ਉਰ ਹੇਰੀ।
ਕਰਜੋ ਅਹਾਰ ਸ੍ਵਾਦ ਜਿਸ ਘਨੋ। ਮਧੁਰ ਸਨਿਗਧ ਸੁਗੰਧਹਿ ਸਨੋ॥ ੨੭॥

ਰਾਜੇ ਦੀ ਪਵਿੱਤਰ ਭਾਵਨਾ ਨੂੰ, ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੇ ਆਪਣੇ ਹਿਰਦੇ ਵਿਚ ਸ਼ੁੱਧ ਵੇਖਿਆ, ਜਿਸ ਨੇ ਬਹੁਤ ਸਵਾਦੀ ਭੋਜਨ ਤਿਆਰ ਕਰਵਾਇਆ ਸੀ ਜਿਹੜਾ ਮਿੱਠਾ, ਖਿੰਦਾ ਤੇ ਸੁਗੰਧੀਆਂ ਸਹਿਤ ਸੀ॥੨੭॥

ਤ੍ਰਿਪਤਿ ਹੋਇ ਗੁਰ ਹਾਥ ਪਖਾਰੇ। ਨਾਗ੍ਰਬੇਲ ਨ੍ਰਿਪ ਕੀਨਿ ਅਗਾਰੇ।
ਇਲਾ ਆਦਿ ਜਿਹ ਸਾਥ ਮਿਲਾਈ। ਲੇ ਕਰਿ ਮੁਖ ਮੈਂ ਪਾਇ ਚਬਾਈ॥੨੮॥

ਗੁਰੂ ਜੀ ਨੇ ਤ੍ਰਿਪਤ ਹੋ ਕੇ ਆਪਣੇ ਹੱਥ ਧੋਤੇ ਤਾਂ ਰਾਜੇ ਨੇ ਅੱਗੇ ਪਾਨ ਦਾ ਬੀੜਾ ਕਰ ਦਿੱਤਾ, ਜਿਸ ਦੇ ਨਾਲ ਇਲਾਚੀਆਂ ਆਦਿ ਮਿਲਾਈਆਂ ਹੋਈਆਂ ਸਨ। ਗੁਰੂ ਜੀ ਨੇ ਮੁਖ ਵਿਚ ਪਾ ਕੇ ਚਬਾਇਆ॥੨੮॥

ਪੁਨ ਸਤਿਗੁਰ ਨੇ ਨ੍ਰਿਪ ਦਸਤਾਰ। ਇਕ ਦਿਸ਼ਿ ਤੇ ਨਿਜ ਕਰ ਮੈਂ ਧਾਰਿ।
ਕੀਨਿ ਬੰਧਾਵਨਿ ਕਰੁਨਾ ਠਾਨਿ। ਕਹਿ ਬਚ ਮਧੁਰ ਕਰਜੋ ਸਵਧਾਨ॥੨੯॥

ਫਿਰ ਸਤਿਗੁਰੂ ਜੀ ਨੇ ਰਾਜੇ ਦੀ ਦਸਤਾਰ, ਇਕ ਪਾਸੇ ਤੋਂ ਆਪਣੇ ਹੱਥ ਵਿਚ ਫੜ ਕੇ ਕਿਰਪਾ ਧਾਰ ਕੇ ਰਾਜੇ ਨੂੰ ਬੰਨ੍ਹਵਾਈ ਤੇ ਮਿੱਠੇ ਬਚਨ ਕਹਿ ਕੇ ਉਸ ਨੂੰ ਸਾਵਧਾਨ ਕੀਤਾ॥੨੯॥

ਅਪਨੀ ਸਿੱਖੀ ਬਖਸ਼ਨਿ ਕਰੀ। ਪੂਰ ਭਾਵਨਾ ਨ੍ਰਿਪ ਕੀ ਕਰੀ।
ਦੀਨਹੁੰ ਸਕਲ ਪ੍ਰਕਾਰ ਦਿਲਾਸਾ। ਹਲਤ ਪਲਤ ਰਖਿ ਗੁਰ ਭਰਵਾਸਾ॥੩੦॥

ਆਪਣੀ ਸਿੱਖੀ ਉਸ ਨੂੰ ਬਖ਼ਸ਼ ਦਿੱਤੀ ਤੇ ਰਾਜੇ ਦੀ ਭਾਵਨਾ ਪੂਰੀ ਕਰ ਦਿੱਤੀ। ਫਿਰ ਸਭ ਪ੍ਰਕਾਰ ਦਿਲਾਸਾ ਦਿੱਤਾ ਤੇ ਕਿਹਾ, ਲੋਕ ਪਰਲੋਕ ਵਿਚ ਗੁਰੂ ਜੀ 'ਤੇ ਭਰੋਸਾ ਰੱਖੋ॥੩੦॥

ਬਿਦਾ ਹੋਇ ਨਿਕਸੇ ਤਜਿ ਮੌਨ। ਦੇਖਤਿ ਸਭਿ ਨਰ ਬੰਦਤਿ ਐਨ।
ਫੂਲ ਛਰੀ ਕਹੁ ਹਾਥ ਮਝਾਰ। ਚੰਚਲ ਕਰਤਿ ਚਲਤਿ ਸੁਖ ਸਾਰ॥੩੧॥

ਫਿਰ ਵਿਦਾ ਹੋਏ ਤੇ ਮੋਨ ਨੂੰ ਛੱਡ ਕੇ ਬਾਹਰ ਨਿਕਲੇ। ਵੇਖ ਕੇ ਸਭ ਮਨੁੱਖਾਂ ਨੇ ਬੰਦਨਾ ਕੀਤੀ। ਫੁਲਛੜੀ ਹੱਥ ਵਿਚ ਫੜੀ ਹੋਈ ਸੀ, ਉਸ ਨੂੰ ਹਿਲਾਉਂਦੇ ਹੋਏ ਗੁਰੂ ਜੀ ਚਲ ਰਹੇ ਸਨ॥੩੧॥

ਆਇ ਆਪਨੇ ਸਿਵਰ ਪ੍ਰਵੇਸ਼ੇ। ਇਮ ਪੂਰੇ ਨ੍ਰਿਪ ਕਾਜ ਅਸ਼ੇਸ਼ੇ।
ਅਪਨਿ ਭਾਰਜਾ ਸੋਂ ਮਿਲਿ ਪਾਛੇ। ਅਜ਼ਮਤ ਕੀ ਬਾਤਨਿ ਕਹਿ ਆਛੇ॥੩੨॥

ਆ ਕੇ ਆਪਣੇ ਡੇਰੇ ਵਿਚ ਪ੍ਰਵੇਸ਼ ਕਰ ਗਏ। ਇਸ ਤਰ੍ਹਾਂ ਰਾਜੇ ਦੇ ਸਾਰੇ ਕਾਰਜ ਮੁਕੰਮਲ ਕੀਤੇ। ਰਾਜੇ ਨੇ ਫਿਰ ਆਪਣੀ ਇਸਤਰੀ ਨਾਲ ਮਿਲ ਕੇ ਕਰਾਮਾਤ ਦੀਆਂ ਗੱਲਾਂ ਕੀਤੀਆਂ॥੩੨॥

'ਸਭਿ ਮਹਿਂ ਬਜਾਪ ਰਹੇ ਸਤਿਗੁਰ ਹੈਂ। ਜਾਨ ਜਾਤਿ ਜੋ ਠਾਨਤਿ ਉਰ ਹੈਂ।
ਛਪੀ ਸਭਿਨਿ ਤੇ ਕੋਨ ਮਝਾਰੀ। ਬੈਠੀ ਮਲਿਨ ਬੇਸ ਕੋ ਧਾਰੀ॥੩੩॥

'ਸਤਿਗੁਰੂ ਜੀ ਸਭ ਵਿਚ ਵਿਆਪ ਰਹੇ ਹਨ, ਜਿਹੜਾ ਵੀ ਕੋਈ ਹਿਰਦੇ ਵਿਚ ਧਾਰਨ ਕਰਦਾ ਹੈ, ਉਸ ਨੂੰ ਪਹਿਲਾਂ ਹੀ ਜਾਣ ਜਾਂਦੇ ਹਨ। ਸਾਰੀਆਂ ਇਸਤਰੀਆਂ ਤੋਂ ਛੁਪ ਕੇ ਤੂੰ ਇਕ ਕੋਨੇ ਵਿਚ ਬੈਠੀ ਸੀ ਤੇ ਮੈਲੇ ਕਪੜੇ ਧਾਰਨ ਕੀਤੇ ਹੋਏ ਸਨ॥੩੩॥

ਮਨ ਕੀ ਠਟੀ ਜਾਨਿ ਕਰਿ ਸੋਈ। ਗਏ ਉਲੰਘਤਿ ਤ੍ਰਿਯ ਸਭਿ ਕੋਈ।
ਤੁਵ ਉਛੰਗ ਮਹਿਂ ਬੈਠੇ ਜਾਈ। 'ਮਹਿਖੀ ਤੂੰ' ਕਹਿ ਸਕਲ ਸੁਨਾਈ॥੩੪॥

ਮਨ ਵਿਚ ਜੋ ਧਾਰਨ ਕੀਤਾ ਸੀ, ਉਸ ਨੂੰ ਜਾਣ ਗਏ ਤੇ ਸਾਰੀਆਂ ਇਸਤਰੀਆਂ ਨੂੰ ਲੰਘ ਕੇ ਤੇਰੀ ਗੋਦੀ ਵਿਚ ਜਾ ਬੈਠੇ। 'ਤੂੰ ਪਟਰਾਣੀ ਹੈਂ' ਇਹ ਕਹਿ ਕੇ ਸਭ ਨੂੰ ਸੁਣਾਇਆ॥੩੪॥

ਧੰਨ ਗੁਰੂ ਸਾਹਿਬ ਅਜ਼ਮਤ ਕੇ। ਸਭਿ ਥਲ ਰਾਖੇ ਦਾਸਨਿ ਪਤਿ ਕੇ'।
ਇਮ ਗੁਰ ਪਾਛੇ ਸਤੁਤਿ ਬਖਾਨੀ। ਭੂਪਤਿ ਮਹਿਖੀ ਅਰੁ ਸਭਿ ਰਾਨੀ॥ ੩੫॥

ਧੰਨ ਗੁਰੂ ਸਾਹਿਬ ਦੀ ਕਰਾਮਾਤ ਹੈ, ਦਾਸਾਂ ਦੀ ਸਭ ਥਾਂ ਪਤ ਰੱਖਣ ਵਾਲੇ ਹਨ।'' ਇਸ ਤਰ੍ਹਾਂ ਗੁਰੂ ਜੀ ਦੇ ਜਾਣ ਤੋਂ ਬਾਅਦ ਉਸਤਤਿ ਕੀਤੀ। ਰਾਜੇ, ਪਟਰਾਣੀ ਅਤੇ ਸਭ ਰਾਣੀਆਂ ਨੇ ਸਲਾਘਾ ਕੀਤੀ॥੩੫॥

ਅਪਨੇ ਸੇਵਕ ਨ੍ਰਿਪਤਿ ਬੁਲਾਏ। ਸਕਲ ਉਪਾਇਨ ਕਰਿ ਇਕਠਾਏ।
ਰੁਚਿਰ ਜਵਾਹਰ ਅਰੁ ਦੀਨਾਰ। ਪਸ਼ਮੰਬਰ ਪਾਟੰਬਰ ਚਾਰੁ॥ ੩੬॥

ਰਾਜੇ ਨੇ ਆਪਣੇ ਸੇਵਕਾਂ ਨੂੰ ਬੁਲਾਇਆ ਤੇ ਸਾਰੇ ਉਪਹਾਰ ਇਕੱਠੇ ਕਰਵਾਏ। ਸੁੰਦਰ ਹੀਰੇ ਜਵਾਹਰਾਤ ਤੇ ਮੋਹਰਾਂ, ਸੁੰਦਰ ਪਸ਼ਮੀਨੇ ਅਤੇ ਰੇਸ਼ਮ ਦੇ ਕਪੜੇ ਵੀ ਇਕੱਠੇ ਕਰਵਾਏ॥੩੬॥

ਗੁਰ ਡੇਰੇ ਮਹਿਂ ਸਕਲ ਪਠਾਏ। ਲੇ ਕੋਸ਼ਪ ਨੇ ਨਿਕਟਿ ਰਖਾਏ।
ਸ੍ਰੀ ਗੁਰ ਡੇਰੇ ਬਿਖੈ ਬਿਰਾਜੇ। ਜਿਨ ਕੇ ਦਰਸ਼ਨ ਸਭਿ ਅਘ ਭਾਜੇ॥ ੩੭॥

ਸਾਰੇ ਉਪਹਾਰ ਗੁਰੂ ਜੀ ਦੇ ਡੇਰੇ ਵਿਚ ਪਹੁੰਚਾ ਦਿੱਤੇ, ਖ਼ਜ਼ਾਨਚੀ ਨੇ ਲੈ ਕੇ ਆਪਣੇ ਪਾਸ ਰੱਖ ਲਏ। ਗੁਰੂ ਜੀ ਆਪਣੇ ਡੇਰੇ ਵਿਚ ਬਿਰਾਜ ਗਏ, ਜਿਨ੍ਹਾਂ ਦੇ ਦਰਸ਼ਨ ਕਰਨ ਨਾਲ ਸਾਰੇ ਪਾਪ ਨੱਸ ਜਾਂਦੇ ਹਨ॥੩੭॥

ਆਵਹਿ ਦਿੱਲੀ ਪੁਰਿ ਕੀ ਸੰਗਤਿ। ਬੰਦਤਿ ਨਾਨਾ ਸੁਖ ਕੋ ਮੰਗਤ।
ਦਿਨ ਪ੍ਰਤਿ ਬਹੁਤ ਉਪਾਇਨ ਆਨਹਿ। ਪਾਵਨ ਪੰਕਜ ਪਾਇਨਿ ਮਾਨਹਿ॥੩੮॥

ਦਿੱਲੀ ਨਗਰ ਦੀ ਬਹੁਤ ਸੰਗਤ ਆਉਂਦੀ ਸੀ। ਕਈ ਪ੍ਰਕਾਰ ਬੰਦਨਾ ਕਰਕੇ ਸੁੱਖ ਮੰਗਦੀ ਸੀ। ਦਿਨ ਪ੍ਰਤੀ ਦਿਨ ਬਹੁਤ ਉਪਹਾਰ ਆਉਂਦੇ ਸਨ ਤੇ ਗੁਰੂ ਜੀ ਦੇ ਪਵਿੱਤਰ ਚਰਨ ਕੰਵਲਾਂ 'ਤੇ ਮੱਥਾ ਟੇਕਦੇ ਸਨ॥੩੮॥

ਇਕ ਸਤਿਗੁਰ ਸਭਿਹਿਨਿ ਕਹੁ ਦਾਤਾ। ਮੋਖ ਲੇਤਿ ਜਿਨ ਮਨ ਪਦ ਰਾਤਾ।
ਸੱਤਜ ਨਾਮ ਦੇ ਪੰਥ ਬਤਾਵਹਿਂ। ਤਜਾਗ ਬਿਕਾਰ ਸਾਚੁ ਸੁਖ ਪਾਵਹਿਂ॥ ੩੯॥

ਇਕ ਸਤਿਗੁਰੂ ਸਭਨਾਂ ਦਾ ਦਾਤਾ ਸੀ। ਜਿਹੜੇ ਉਨ੍ਹਾਂ ਦੇ ਚਰਨਾਂ ਨਾਲ ਰੰਗੇ ਹਨ, ਉਹ ਮੋਖ ਪ੍ਰਾਪਤ ਕਰਦੇ ਸਨ। ਗੁਰੂ ਸਤਿਨਾਮ ਦਾ ਮਾਰਗ ਦੱਸਦੇ ਹਨ, ਵਿਕਾਰ ਛੱਡ ਕੇ ਸੱਚਾ ਸੁਖ ਪਾਉਂਦੇ ਹਨ॥੩੯॥

ਪੁਨ ਸ੍ਰੀ ਸਤਿਗੁਰ ਰਿਦੈ ਬਿਚਾਰੀ। ਕੀਨਸਿ ਕਾਂਯਾਂ ਤਜਾਗਨਿ ਤਜਾਰੀ।
ਹੋਨਹਾਰ ਕੋ ਸਮੋ ਪਛਾਨਿ। ਚਾਹਿਤਿ ਹੋਯਹੁ ਅੰਤਰ ਧਜਾਨ॥ ੪੦॥

ਫਿਰ ਸਤਿਗੁਰੂ ਜੀ ਨੇ ਹਿਰਦੇ ਵਿਚ ਵਿਚਾਰ ਕੀਤੀ ਤੇ ਸਰੀਰ ਛੱਡਣ ਦੀ ਤਿਆਰੀ ਕਰ ਲਈ। ਹੋਣਹਾਰ ਦਾ ਸਮਾਂ ਪਛਾਣ ਕੇ ਅੰਤਰ ਧਿਆਨ ਹੋਣਾ ਚਾਹੁੰਦੇ ਸਨ॥੪੦॥

ਦਸਵੀਂ ਰਾਸ ਦਾ ਸੰਤਾਲੀਵਾਂ ਅਧਿਆਇ ਸਮਾਪਤ ਹੋਇਆ॥੪੭॥

❖❖❖

# ਅਧਿਆਇ ਅਠਤਾਲੀਵਾਂ

## ਸ਼ਹਿਰ ਤੋਂ ਬਾਹਰ ਡੇਰਾ ਲੈ ਜਾਣਾ

ਦੋਹਰਾ- ਰਿਦੇ ਬਿਚਾਰਯੋ ਸਤਿਗੁਰੂ ਨ੍ਰਿਪ ਅਜ਼ਮਤ ਲਖਿ ਲੀਨਿ।
ਕਰਹਿ ਬਿਦਤਿ ਸਭਿਹਿਨਿ ਬਿਖੈ ਸ਼ਾਹੁ ਆਦਿ ਲੇਂ ਚੀਨ॥ ੧ ॥

ਸਤਿਗੁਰੂ ਜੀ ਨੇ ਹਿਰਦੇ ਵਿਚ ਵਿਚਾਰ ਕੀਤੀ ਕਿ ਰਾਜੇ ਨੇ ਕਰਾਮਾਤ ਵੇਖ ਲਈ ਹੈ, ਉਹ ਹੁਣ ਸਾਰਿਆਂ ਵਿਚ ਪ੍ਰਸਿੱਧ ਕਰੇਗਾ ਤੇ ਬਾਦਸ਼ਾਹ ਆਦਿ ਵੀ ਪਛਾਣ ਲੈਣਗੇ॥੧॥

ਚੌਪਈ- ਤੁਰਕੇਸੁਰ ਸੰਗ ਮਿਲਹਿਂ ਨ ਕੈਸੇ। ਨੇਮ ਨਿਬਾਹਨਿ ਕਰਿ ਹੈਂ ਐਸੇ।
ਸੁਨਹਿ ਭੂਪ ਤੇ ਗਹੁ ਬਹੁ ਕਰੈ। ਮਿਲਿਬੇ ਹੇਤੁ ਜਤਨ ਕੋ ਧਰੈ॥ ੨ ॥

ਬਾਦਸ਼ਾਹ ਦੇ ਨਾਲ ਮੈਂ ਕਿਸੇ ਤਰ੍ਹਾਂ ਵੀ ਨਹੀਂ ਮਿਲਾਂਗਾ, ਮੈਂ ਇਸ ਤਰ੍ਹਾਂ ਨੇਮ ਨੂੰ ਨਿਬਾਹਵਾਂਗਾ। ਜੇ ਰਾਜਾ ਸੁਣੇਗਾ ਤਾਂ ਹੱਠ ਬਹੁਤ ਕਰੇਗਾ, ਮਿਲਣ ਵਾਸਤੇ ਉਹ ਬਹੁਤ ਯਤਨ ਕਰੇਗਾ॥੨॥

ਦੁਤੀਏ ਭ੍ਰਾਤਾ ਸ੍ਰਾਪ ਪ੍ਰਕਾਸ਼ਾ। ਜਿਸ ਕੇ ਮੁਖ ਮਹਿਂ ਗੁਰ ਕੋ ਬਾਸਾ।
ਕਹਿਬੋ ਸਾਚ ਬਨਹਿ ਤਿਸ ਕੇਰਾ। ਰਿਦੈ ਨਹੀਂ ਸਤਿਗੁਰ ਕੋ ਡੇਰਾ॥ ੩ ॥

ਦੂਸਰਾ ਭਰਾ ਨੇ ਸਰਾਪ ਦਿੱਤਾ ਹੈ, ਜਿਸ ਦੇ ਮੁਖ ਵਿਚ ਗੁਰੂ ਜੀ ਦਾ ਵਾਸਾ ਹੈ। ਉਸ ਦਾ ਕਿਹਾ ਹੋਇਆ ਸੱਚ ਬਣੇਗਾ, ਬੇਸ਼ਕ ਹਿਰਦੇ ਵਿਚ ਸਤਿਗੁਰੂ ਜੀ ਦਾ ਡੇਰਾ ਨਹੀਂ ਹੈ॥੩॥

ਜਿਸਤੇ ਮਤਸਰ ਰਿਸ ਤੇ ਆਦਿ। ਉਪਜਹਿ ਉਰ ਮਹਿਂ ਠਾਨਹਿਂ ਬਾਦ।
ਪੁਨ ਸ੍ਰੀ ਤੇਗ ਬਹਾਦਰ ਭਾਰੇ। ਗੁਰਿਆਈ ਸੋ ਪਾਇਂ ਉਦਾਰੇ॥ ੪ ॥

ਜਿਸ ਕਰਕੇ ਹੰਕਾਰ, ਗੁੱਸਾ ਆਦਿ ਪੈਦਾ ਹੁੰਦਾ ਹੈ ਤੇ ਹਿਰਦੇ ਵਿਚ ਝਗੜਾ ਧਾਰਨ ਕਰਦਾ ਹੈ। ਫਿਰ ਸ੍ਰੀ ਤੇਗ਼ ਬਹਾਦੁਰ ਜੀ ਮਹਾਨ ਹਨ, ਉਹ ਇਸ ਉੱਤਮ ਗੁਰਿਆਈ ਨੂੰ ਪ੍ਰਾਪਤ ਕਰਨਗੇ॥੪॥

ਸ੍ਰੀ ਹਰਿਗੋਵਿੰਦ ਬਡੇ ਹਮਾਰੇ। 'ਹੋਹਿਂ ਗੁਰੂ ਇਹ' ਬਾਕ ਉਚਾਰੇ।
ਇੱਤਜਾਦਿਕ ਕਾਰਨ ਬਹੁ ਜਾਨਿ। ਚਾਹਤਿ ਚਿਤ ਪ੍ਰਲੋਕ ਕੋ ਜਾਨਿ॥੫॥

ਸ੍ਰੀ ਹਰਿਗੋਬਿੰਦ ਜੀ ਸਾਡੇ ਵਡੇਰੇ ਹਨ, "ਇਹ ਗੁਰੂ ਹੋਣਗੇ", ਇਹ ਉਨ੍ਹਾਂ ਬਚਨ ਕੀਤਾ ਹੈ। ਇਤਿਆਦਿਕ ਬਹੁਤ ਕਾਰਨ ਜਾਣ ਕੇ ਚਿਤ ਵਿਚ ਪਰਲੋਕ ਜਾਣਾ ਚਾਹੁੰਦੇ ਹਨ॥੫॥

ਸੋ ਰਜਨੀ ਕਰਿ ਬਾਸ ਬਿਤਾਈ। ਜਾਮ ਰਹੀ ਤੋ ਉਠੇ ਗੁਸਾਈਂ।
ਸੋਚ ਸ਼ਨਾਨੇ ਭਈ ਪ੍ਰਭਾਤੀ। ਕੀਰਤਨ ਸੁਨਤਿ ਦਾਸ ਢਿਗ ਪਾਂਤੀ॥੬॥

ਉਹ ਰਾਤ ਉਥੇ ਰਹਿ ਕੇ ਬਤੀਤ ਕੀਤੀ। ਜਦ ਪਹਿਰ ਰਾਤ ਰਹਿ ਗਈ ਤਾਂ ਮਾਲਕ ਉੱਠ ਪਏ। ਸੌਚ ਇਸ਼ਨਾਨ ਕਰਨ ਤੋਂ ਬਾਅਦ ਸਵੇਰ ਹੋ ਗਈ, ਕੀਰਤਨ ਸੁਣਨ ਵਾਸਤੇ ਸੇਵਕਾਂ ਦੇ ਪਾਸ ਬੈਠ ਗਏ॥੬॥

ਤਨ ਮਹਿਂ ਤਪ ਤਬਿ ਹੀ ਹੁਇ ਆਵਾ। ਪਰੇ ਪ੍ਰਯੰਕ ਬਦਨ ਅਲਸਾਵਾ।
ਮਾਤਹਿ ਜਾਇ ਬਿਲੋਕਨਿ ਕੀਨੇ। ਅਤਿਸ਼ੈ ਚਿਤ ਚਿੰਤਾ ਮਹਿਂ ਭੀਨੇ॥੭॥

ਸਰੀਰ ਨੂੰ ਤਦ ਹੀ ਬੁਖ਼ਾਰ ਹੋ ਗਿਆ। ਪਲੰਘ 'ਤੇ ਲੇਟ ਕੇ ਸੁਸਤੀ ਦੂਰ ਕੀਤੀ। ਮਾਤਾ ਜੀ ਨੇ ਜਾ ਕੇ ਜਦ ਵੇਖਿਆ ਤਾਂ ਚਿਤ ਵੱਡੀ ਚਿੰਤਾ ਵਿਚ ਭਿੱਜ ਗਿਆ॥੭॥

ਕਹਤਿ ਭਈ 'ਤੁਮ ਦਰਸ਼ਨ ਕਰੇ। ਰੋਗ ਅਨੇਕਨਿ ਕੇ ਪਰਹਰੇ।
ਸ੍ਰੀ ਨਾਨਕ ਗਾਦੀ ਪਰ ਆਪ। ਜਗ ਕੇ ਨਾਸਹੁ ਪਾਪ ਸੰਤਾਪ॥ ੮॥

ਮਾਤਾ ਜੀ ਕਹਿਣ ਲੱਗੇ, "ਤੁਹਾਡੇ ਦਰਸ਼ਨ ਕਰਨ ਨਾਲ, ਅਨੇਕਾਂ ਦੇ ਰੋਗ ਦੂਰ ਹੋ ਜਾਂਦੇ ਹਨ। ਆਪ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੱਦੀ 'ਤੇ ਬੈਠੇ ਹੋ, ਜੱਗ ਦਾ ਪਾਪ ਸੰਤਾਪ ਦੂਰ ਕਰਦੇ ਹੋ॥੮॥

ਸੰਗਤਿ ਕੋਟਿ ਭਰੋਸਾ ਧਰੈ। ਕਸ਼ਟ ਦੁਹੂੰ ਲੋਕਨਿ ਕੇ ਹਰੈਂ।
ਕਹਾਂ ਖੇਲ ਇਹ ਆਪ ਉਪਾਯੋ। ਜਿਸ ਕੋ ਦੇਖੇ ਭਰਮ ਉਪਾਯੋ ॥ ੯॥

ਕਰੋੜਾਂ ਦੀ ਗਿਣਤੀ ਵਿਚ ਸੰਗਤ ਭਰੋਸਾ ਕਰਦੀ ਹੈ, ਤੁਸੀਂ ਦੋਹਾਂ ਲੋਕਾਂ ਦਾ ਕਸ਼ਟ ਦੂਰ ਕਰਦੇ ਹੋ। ਇਹ ਆਪ ਨੇ ਕੀ ਖੇਲ ਰਚਾਇਆ ਹੈ? ਜਿਸ ਨੂੰ ਵੇਖ ਕੇ ਭਰਮ ਪੈਦਾ ਹੁੰਦਾ ਹੈ"॥੯॥

ਇੱਤਜਾਦਿਕ ਭਾਖਹਿ ਕਰਿ ਪ੍ਰੇਮ। ਭਈ ਸਚਿੰਤ ਚਹਿਤ ਸੁਤ ਛੇਮ।
ਸ੍ਰੀ ਹਰਿਕ੍ਰਿਸ਼ਨ ਕਹਜੋ ਤਿਹ ਸਮੈਂ। 'ਤਜਾਰੀ ਕਰਹੁ ਵਹਿਰ ਹਮ ਗਮੈਂ॥੧੦॥

ਇਤਿਆਦਿਕ ਪ੍ਰੇਮ ਨਾਲ ਕਹਿ ਕੇ, ਚਿੰਤਾ ਸਹਿਤ ਹੋ ਗਏ, ਪੁੱਤਰ ਦੀ ਕੁਸ਼ਲਤਾ ਚਾਹੁੰਦੇ ਸਨ। ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੇ ਉਸ ਸਮੇਂ ਕਿਹਾ, "ਤਿਆਰੀ ਕਰੋ ਅਸੀਂ ਬਾਹਰ ਜਾਵਾਂਗੇ॥੧੦॥

ਡੇਰਾ ਅਪਰ ਥਾਨ ਹੀ ਕਰੈਂ। ਇਹਾਂ ਨ ਚਿਤ ਅਨੰਦ ਕੋ ਧਰੈਂ।
ਸੁਨਤਿ ਦਾਸ ਵਾਹਿਨ ਕਰਿ ਤਜਾਰੀ। ਸਜੰਦਨ ਸਿਵਕਾ ਸੁਖ ਅਸਵਾਰੀ॥੧੧॥

ਡੇਰਾ ਕਿਸੇ ਹੋਰ ਥਾਂ 'ਤੇ ਜਾ ਕੇ ਕਰਦੇ ਹਾਂ, ਏਥੇ ਚਿੱਤ ਅਨੰਦ ਨਹੀਂ ਧਾਰਨ ਕਰਦਾ।" ਇਹ ਸੁਣ ਕੇ ਦਾਸਾਂ ਨੇ ਸਵਾਰੀ ਵਾਸਤੇ ਗੱਡੀਆਂ ਤਿਆਰ ਕੀਤੀਆਂ ਜਿਹੜੇ ਰੱਥ, ਪਾਲਕੀਆਂ ਆਦਿ ਆਰਾਮਦਾਇਕ ਸਵਾਰੀਆਂ ਸਨ॥੧੧॥

ਆਨਿ ਦਈ ਸੁਧ 'ਭੇ ਸਭਿ ਤਜਾਰੇ। ਖਰੇ ਪੌਰ ਪਰ ਸਾਜ ਸੁਧਾਰੇ'।
ਤਤਛਿਨ ਸੁਨਿ ਕੈ ਸਤਿਗੁਰ ਪੂਰੇ। ਗਮਨੇ ਚਰਨ ਕਮਲ ਜਿਨ ਰੂਰੇ॥ ੧੨॥

ਫਿਰ ਆ ਕੇ ਗੁਰੂ ਜੀ ਨੂੰ ਖ਼ਬਰ ਦਿੱਤੀ, "ਸਭ ਅਸਵਾਰੀਆਂ ਤਿਆਰ ਹਨ। ਸਾਰੀਆਂ ਗਡੀਆਂ 'ਤੇ ਸਾਜ਼ੋ-ਸਾਮਾਨ ਸੁਧਾਰ ਕੇ ਦਰਵਾਜ਼ੇ 'ਤੇ ਖੜੇ ਕਰ ਦਿੱਤੇ ਹਨ।" ਪੂਰਨ ਸਤਿਗੁਰੂ ਜੀ ਤੁਰੰਤ ਸੁਣ ਕੇ ਚੱਲ ਪਏ, ਜਿਨ੍ਹਾਂ ਦੇ ਚਰਨ ਕੰਵਲ ਬੜੇ ਸੁੰਦਰ ਹਨ॥੧੨॥

ਛਾਦਿ ਬਸਤ੍ਰ ਤੇ ਸਰਬ ਸ਼ਰੀਰਾ। ਨਿਕਸੇ ਪੌਰ, ਸੰਗ ਜਿਨ ਭੀਰਾ।
ਸਿਵਕਾ ਪਰ ਹ੍ਵੈ ਕਰਿ ਅਸਵਾਰ। ਲੇ ਆਇਸੁ ਧਰਿ ਕੰਧ ਕਹਾਰ॥ ੧੩॥

ਸਾਰੇ ਸਰੀਰ ਨੂੰ ਕੱਪੜੇ ਨਾਲ ਢੱਕ ਲਿਆ ਤੇ ਦਰਵਾਜ਼ੇ 'ਤੇ ਪਹੁੰਚ ਗਏ, ਜਿਨ੍ਹਾਂ ਦੇ ਨਾਲ ਬਹੁਤ ਭੀੜ ਸੀ, ਪਾਲਕੀ ਤੇ ਅਸਵਾਰ ਹੋ ਗਏ। ਕਹਾਰਾਂ ਨੇ ਆਗਿਆ ਲੈ ਕੇ ਪਾਲਕੀ ਮੋਢਿਆਂ 'ਤੇ ਚੁੱਕ ਲਈ॥੧੩॥

ਜਹਾਂ ਜੋਗ ਮਾਯਾ ਕੋ ਮੰਦਰ। ਪੂਜਹਿਂ ਲੋਕ ਕਾਲਕਾ ਅੰਦਰ।
ਦੇ ਆਗਜਾ ਤਿਤ ਓਰ ਚਲਾਏ। ਪੀਛੇ ਆਇ ਦਾਸ ਸਮੁਦਾਏ॥ ੧੪॥

ਜਿਥੇ ਯੋਗ ਮਾਇਆ ਦਾ ਮੰਦਰ ਹੈ ਤੇ ਲੋਕ ਉਸ ਮੰਦਰ ਦੇ ਅੰਦਰ ਕਾਲਕਾ ਦੀ ਪੂਜਾ ਕਰਦੇ ਹਨ। ਆਗਿਆ ਦੇ ਕੇ ਉਸ ਪਾਸੇ ਚਲਾਏ, ਪਿਛੇ ਪਿਛੇ ਸਾਰੇ ਸੇਵਕ ਇਕੱਠੇ ਹੋ ਕੇ ਆ ਗਏ॥੧੪॥

*ਨੋਟ :– ਭਾਈ ਵੀਰ ਸਿੰਘ ਜੀ ਅਨੁਸਾਰ ਕਵੀ ਜੀ ਨੇ ਯੋਗ ਮਾਇਆ ਦਾ ਮੰਦਰ ਕਾਲਕਾ ਦਾ ਮੰਦਰ ਸਮਝ ਲਿਆ ਹੈ। ਇਹ ਮੰਦਰ ਬੰਗਲਾ ਸਾਹਿਬ ਤੋਂ ਅੱਠ ਮੀਲ ਦੀ ਦੂਰੀ 'ਤੇ ਕੁਤਬ ਮੀਨਾਰ ਦੀ ਲੱਠ ਦੇ ਨੇੜੇ ਹੈ। ਇਥੇ ਮਠਿਆਈ ਤੇ ਫੁਲ ਆਦਿ ਭੇਟ ਹੁੰਦੇ ਹਨ ਤੇ ਪ੍ਰਿਥਵੀ ਰਾਜ ਦੇ ਕਿਲ੍ਹੇ ਅੰਦਰ ਇਸ ਦਾ ਟਿਕਾਣਾ ਹੈ॥੧੪॥*

ਸਨੇ ਸਨੇ ਚਲਿਵਾਇ ਕਹਾਰ। ਪਹੁੰਚੇ ਦੇਵੀ ਕੇ ਦਰਬਾਰ।
ਤਜਾਗਿ ਪਾਲਕੀ ਅੰਤਰ ਬਰੇ। ਪੌਰ ਕਿਵਾਰ ਅਸੰਜਤਿ ਕਰੇ॥ ੧੫॥

ਹੌਲੀ-ਹੌਲੀ ਕਹਾਰਾਂ ਨੂੰ ਚਲਵਾਇਆ ਤੇ ਦੇਵੀ ਦੇ ਦਰਬਾਰ ਵਿਚ ਪਹੁੰਚ ਗਏ। ਪਾਲਕੀ ਛੱਡ ਕੇ ਅੰਦਰ ਗਏ ਤੇ ਦਰਵਾਜ਼ੇ ਦੇ ਤਖ਼ਤੇ ਬੰਦ ਕਰ ਲਏ॥੧੫॥

ਮਾਨਵ ਰਹਜੋ ਨਹੀਂ ਤਹਿਂ ਕੋਇ। ਬੈਠੇ ਗੁਰੂ ਇਕਾਕੀ ਹੋਇ।
ਡੇਢ ਜਾਮ ਲੌ ਅੰਤਰ ਥਿਰੇ। ਬਾਕ ਬਿਲਾਸ ਕਛੂ ਤਹਿਂ ਕਰੇ॥ ੧੬॥

ਉਥੇ ਕੋਈ ਮਨੁੱਖ ਨਹੀਂ ਸੀ ਰਹਿੰਦਾ, ਗੁਰੂ ਜੀ ਇਕਾਂਤ ਵਿਚ ਬੈਠ ਗਏ। ਡੇਢ ਪਹਿਰ ਤੱਕ ਅੰਦਰ ਰਹੇ, ਉਥੇ ਕੁਝ ਬਚਨ ਕੀਤੇ॥੧੬॥

ਇਤਿ ਜੈ ਸਿੰਘ ਸੁਨੀ ਸਭਿ ਬਾਤੀ। 'ਗੁਰ ਚਢਿ ਗਏ ਵਹਿਰ ਕਿਸ ਭਾਂਤੀ'।
ਨਿਜ ਪਰਧਾਨ ਪਠਜੋ ਸਹਿਸਾਹੀ। ਆਯਹੁ ਭੀਰ ਸੰਗ ਨਰ ਤਾਂਹੀ॥ ੧੭॥

ਏਨੇ ਚਿਰ ਵਿਚ ਰਾਜੇ ਜੈ ਸਿੰਘ ਨੇ ਸਾਰੀ ਗੱਲ ਸੁਣੀ, "ਗੁਰੂ ਜੀ ਚੜ੍ਹ ਕੇ ਕਿਸੇ ਪ੍ਰਕਾਰ ਬਾਹਰ ਗਏ ਹਨ।" ਉਸ ਨੇ ਤੁਰੰਤ ਆਪਣੇ ਪ੍ਰਧਾਨ ਨੂੰ ਭੇਜਿਆ, ਉਹ ਬਹੁਤ ਆਦਮੀਆਂ ਨੂੰ ਆਪਣੇ ਨਾਲ ਲੈ ਕੇ ਆਇਆ॥੧੭॥

ਖਰੇ ਰਹਜੋ ਮੰਦਿਰ ਤੇ ਬਾਹਰ। ਧਰਿ ਪ੍ਰਤੀਖਨਾ ਨਿਕਸਹਿਂ ਜ਼ਾਹਰ।
ਆਏ ਅਪਰ ਲੋਕ ਸਿਖ ਜੇਈ। ਦਰਸ਼ਨ ਹੇਤੁ ਭੀਰ ਕਰਿ ਤੇਈ॥ ੧੮॥

ਉਹ ਸਾਰੇ ਲੋਕ ਮੰਦਰ ਤੋਂ ਬਾਹਰ ਖੜੇ ਰਹੇ। ਉਹ ਪ੍ਰਤੀਖਿਆ ਕਰ ਰਹੇ ਸਨ ਕਿ ਗੁਰੂ ਜੀ ਕਦ ਬਾਹਰ ਨਿਕਲ ਕੇ ਦਰਸ਼ਨ ਦੇਣ। ਹੋਰ ਜਿਹੜੇ ਸਿੱਖ ਸਨ, ਉਹ ਵੀ ਆਏ ਤੇ ਦਰਸ਼ਨਾਂ ਵਾਸਤੇ ਉਥੇ ਵੱਡੀ ਭੀੜ ਲੱਗ ਗਈ॥੧੮॥

ਸਕਲ ਉਡੀਕਤਿ ਦਰਸ਼ਨ ਪਾਵੈਂ। ਸਨੇ ਸਨੇ ਚਲਿ ਨਰ ਬਹੁ ਆਵੈਂ।
ਢਰੇ ਦੁਪਹਿਰੇ ਨਿਕਸੇ ਜਬੈ। ਨਿਕਟਿ ਹੋਇ ਦਰਸੇ ਗੁਰ ਸਬੈ॥ ੧੯॥

ਸਾਰੇ ਉਡੀਕ ਰਹੇ ਸਨ ਕਿ ਦਰਸ਼ਨ ਪਾਈਏ। ਹੌਲੀ ਹੌਲੀ ਬਹੁਤ ਮਨੁੱਖ ਚਲ ਕੇ ਆ ਗਏ। ਢਲੀ ਦੁਪਹਿਰੇ ਜਦ ਗੁਰੂ ਜੀ ਬਾਹਰ ਨਿਕਲੇ ਤਾਂ ਸਾਰਿਆਂ ਨੇ ਨੇੜੇ ਹੋ ਕੇ ਗੁਰੂ ਜੀ ਦੇ ਦਰਸ਼ਨ ਕੀਤੇ॥੧੯॥

ਕਰ ਬੰਦਹਿਂ ਅਭਿਬੰਦਨ ਠਾਨਹਿਂ। ਕੀਰਤਿ ਅਨਿਕ ਪ੍ਰਕਾਰ ਬਖਾਨਹਿਂ।
ਨਿਕਟਿ ਹੋਇ ਨ੍ਰਿਪ ਕੋ ਪਰਧਾਨ। ਕਰੀ ਬੰਦਨਾ ਜੋਰਤਿ ਪਾਨ॥ ੨੦॥

ਹੱਥ ਜੋੜ ਕੇ ਸਾਰੇ ਬੰਦਨਾ ਕਰਦੇ ਸਨ ਤੇ ਅਨੇਕ ਪ੍ਰਕਾਰ ਨਾਲ ਕੀਰਤੀ ਕਰਦੇ ਸਨ। ਰਾਜੇ ਦੇ ਪ੍ਰਧਾਨ ਨੇ ਨੇੜੇ ਹੋ ਕੇ ਹੱਥ ਜੋੜ ਕੇ ਬੰਦਨਾ ਕੀਤੀ॥੨੦॥

ਪੁਨ ਰਾਜੇ ਕੀ ਨਮੋ ਬਖਾਨੀ। 'ਰਾਵਰਿ ਗਮਨ ਸੁਨਜੋਂ ਜਬਿ ਕਾਨੀ।
ਹੁਇ ਸਚਿੰਤ ਮੁਹਿ ਤੁਰਤ ਪਠਾਯੋ। ਉਤਲਾਵਤਿ ਹੀ ਮੈਂ ਚਲਿ ਆਯੋ॥ ੨੧॥

ਫਿਰ ਰਾਜੇ ਵਲੋਂ ਨਮਸਕਾਰ ਕਹੀ, "ਆਪ ਜੀ ਦੇ ਜਾਣ ਬਾਰੇ ਜਦ ਰਾਜੇ ਕੰਨਾਂ ਨਾਲ ਸੁਣਿਆ ਹੈ, ਚਿੰਤਿਤ ਹੋ ਕੇ ਤੁਰੰਤ ਮੈਨੂੰ ਭੇਜਿਆ ਹੈ। ਮੈਂ ਬੜੀ ਕਾਹਲੀ ਨਾਲ ਚਲ ਕੇ ਆਇਆ ਹਾਂ॥੨੧॥

ਨਿਜ ਤਸ਼ਰੀਫ ਕਹਾਂ ਲੇ ਚਾਲੇ। ਇਮ ਸੰਸੈ ਕੀਨਸਿ ਮਹਿਪਾਲੇ'।
ਸੁਨਿ ਕੈ ਸ੍ਰੀ ਹਰਿਕ੍ਰਿਸ਼ਨ ਬਖਾਨਾ। 'ਡੇਰਾ ਕਰਹਿਂ ਵਹਿਰ ਕਿਸ ਥਾਨਾ॥੨੨॥

ਆਪ ਜੀ ਤਸ਼ਰੀਫ ਲੈ ਕੇ ਕਿਥੇ ਚੱਲੇ ਹੋ, ਇਸ ਤਰ੍ਹਾਂ ਹੀ ਰਾਜੇ ਨੇ ਸੰਸਾ ਕੀਤਾ ਹੈ।'' ਇਹ ਸੁਣ ਕੇ ਸ੍ਰੀ ਹਰਿਕ੍ਰਿਸ਼ਨ ਜੀ ਨੇ ਕਿਹਾ, ''ਬਾਹਰ ਕਿਸੇ ਥਾਂ ਡੇਰਾ ਕਰਾਂਗੇ॥੨੨॥

ਨਰ ਸਮੁਦਾਇਨਿ ਕੀ ਤਹਿਂ ਭੀਰ। ਆਵਨ ਜਾਨੋ ਰਹੈ ਵਹੀਰ।
ਕੁਛਕ ਫਰਕ ਪੁਰਿ ਤੇ ਕਰਿ ਜਾਇਂ। ਥਿਰਹਿਂ ਤਹਾਂ ਪਿਖਿ ਸੁੰਦਰ ਥਾਇਂ॥੨੩॥

ਬਹੁਤ ਮਨੁੱਖਾਂ ਦੀ ਉਥੇ ਭੀੜ ਲੱਗੀ ਰਹਿੰਦੀ ਸੀ, ਬਹੁਤ ਲੋਕ ਆ ਜਾ ਰਹੇ ਸਨ। ਨਗਰ ਤੋਂ ਕੁਝ ਫ਼ਰਕ 'ਤੇ ਜਾ ਕੇ, ਇਕ ਸੁੰਦਰ ਸਥਾਨ ਵੇਖ ਕੇ ਡੇਰਾ ਕਰਾਂਗੇ॥੨੩॥

ਬਾਸ ਕਦੀਮੀ ਹਮਰੋ ਹੋਇ। ਐਸੋ ਥਾਨ ਖੋਜ ਹੈਂ ਕੋਇ'।
ਭੇਵ ਨ ਜਾਨਿ ਸਕੇ ਸੁਨਿ ਬਾਨੀ। ਹਾਥ ਜੋਰਿ ਪਰਧਾਨ ਬਖਾਨੀ॥ ੨੪॥

ਜਿਥੇ ਸਾਡਾ ਮੁੱਢ ਕਦੀਮੀ ਵਾਸਾ ਹੋਵੇ, ਕੋਈ ਐਸੇ ਥਾਂ ਦੀ ਖੋਜ ਕਰੋ' ਪ੍ਰਧਾਨ ਸੁਣ ਕੇ ਗੁਰੂ ਜੀ ਦੀ ਬਾਣੀ ਦਾ ਭੇਦ ਨਾ ਜਾਣ ਸਕਿਆ। ਹੱਥ ਜੋੜ ਕੇ ਉਹ ਬੋਲਿਆ॥੨੪॥

'ਮੁਝਕੋ ਨ੍ਰਿਪ ਕੀ ਆਇਸੁ ਅਹੈ। ਚਲੌਂ ਸੰਗ ਜਹਿਂ ਤੁਮ ਚਿਤ ਚਹੈ।
ਕਰਹੁਂ ਬਿਲੋਕਨ ਜਿਸ ਦਿਸ਼ ਮਾਂਹੀ। ਥਿਰਹੁ, ਅਨੰਦ ਰਿਦਾ ਹੁਇ ਜਾਹੀਂ॥੨੫॥

''ਮੈਨੂੰ ਰਾਜੇ ਦੀ ਇਹੀ ਆਗਿਆ ਹੈ, ਜਿੱਥੇ ਵੀ ਤੁਹਾਡਾ ਚਿੱਤ ਚਾਹੇ ਮੈਂ ਤੁਹਾਡੇ ਨਾਲ ਜਾਵਾਂਗਾ, ਜਿਸ ਪਾਸੇ ਵੱਲ ਜਾਣ ਲਈ ਤੁਸੀਂ ਕਹੋਗੇ ਉਥੇ ਹੀ ਜਾ ਕੇ ਠਹਿਰਾਂਗਾ, ਤੇ ਹਿਰਦੇ ਵਿਚ ਅਨੰਦ ਛਾ ਜਾਵੇਗਾ॥੨੫॥

ਤਹਾਂ ਕਰਹੁ ਬਿਸਰਾਮ ਸੁਖਾਰੇ। ਪਹੁੰਚਹਿਂ ਪੁਨ ਸਮਾਜ ਜੇ ਸਾਰੇ'।
ਇਮ ਕਹਿ ਸੁਨਿ ਕਰਿ ਭੇ ਅਸਵਾਰ। ਸ਼ਿਵਕਾ ਲਈ ਉਠਾਇ ਕਹਾਰ॥੨੬॥

ਉਥੇ ਸੁਖ ਸਹਿਤ ਆਰਾਮ ਕਰੋ, ਫਿਰ ਸਾਰਾ ਸਮਾਜ ਉਥੇ ਪਹੁੰਚ ਜਾਵੇਗਾ।'' ਇਸ ਤਰ੍ਹਾਂ ਕਹਿ ਸੁਣ ਕੇ ਅਸਵਾਰ ਹੋ ਗਏ ਤੇ ਕਹਾਰਾਂ ਨੇ ਪਾਲਕੀ ਨੂੰ ਚੁੱਕ ਲਿਆ॥੨੬॥

ਪਾਇਨਿ ਸੰਗ, ਸੰਗ ਪਰਧਾਨ। ਸਤਿਗੁਰ ਢਿਗ ਹੀ ਕਰਹਿ ਪਯਾਨ।
ਹਾਥ ਜੋਰਿ ਬਾਤਨਿ ਬਤਰਾਵਤਿ। ਸੁੰਦਰ ਥਲ ਜਹਿਂ, ਜਾਤਿ ਬਤਾਵਤਿ॥੨੭॥

ਸਤਿਗੁਰੂ ਜੀ ਦੇ ਨੇੜੇ ਨੇੜੇ ਹੋ ਕੇ ਪ੍ਰਧਾਨ ਪੈਦਲ ਹੀ ਤੁਰਿਆ ਜਾ ਰਿਹਾ ਸੀ। ਹੱਥ ਜੋੜ ਕੇ ਗੱਲਾਂ ਦੱਸਦਾ ਜਾਂਦਾ ਸੀ, ਜਿਹੜੇ ਸੁੰਦਰ ਸਥਾਨ ਸਨ, ਉਹ ਸਾਰੇ ਦੱਸਦਾ ਜਾਂਦਾ ਸੀ॥੨੭॥

ਸਨੇ ਸਨੇ ਸ਼ਿਵਕਾ ਮਗ ਚਾਲੇ। 'ਸੁਨਹੁ ਗੁਰੂ ਜੀ ਥਾਨ ਬਿਸਾਲੇ।
ਜੋਗ ਆਪ ਕੇ ਮੈਂ ਮਨ ਜਾਨਾ। ਰਹੇ ਬਿਰਾਜ ਆਪ ਤਿਸ ਥਾਨਾ॥ ੨੮॥

ਹੌਲੀ-ਹੌਲੀ ਪਾਲਕੀ ਚਲੀ ਜਾ ਰਹੀ ਸੀ, ਪ੍ਰਧਾਨ ਨੇ ਕਿਹਾ, ''ਹੇ ਗੁਰੂ ਜੀ! ਵਿਸ਼ਾਲ ਸਥਾਨ ਬਾਰੇ ਸੁਣੋ। ਮੈਂ ਆਪ ਜੀ ਦੇ ਯੋਗ ਮਨ ਵਿਚ ਜਾਣਿਆ ਹੈ, ਉਸ ਥਾਂ ਆਪ ਜੀ ਬਿਰਾਜ ਰਹੋਗੇ॥੨੮॥

ਤਟ ਜਮਨਾਂ ਕੇ ਸੁੰਦਰ ਧਰਾ। ਨ੍ਰਿਪ ਜੈ ਸਿੰਘ ਸੁ ਡੇਰਾ ਕਰਾ।
ਸਕਲ ਤੋਪਖਾਨਾ ਤਹਿਂ ਰਹੈ। ਕਿਤਿਕ ਚਮੂੰ ਭੀ ਥਿਰਤਾ ਗਹੈ॥ ੨੯॥

ਜਮਨਾ ਦੇ ਕਿਨਾਰੇ ਸੁੰਦਰ ਸਥਾਨ ਹੈ, ਰਾਜੇ ਜੈ ਸਿੰਘ ਦੇ ਡੇਰੇ ਨੇ ਉਥੇ ਟਿਕਾਣਾ ਕੀਤਾ ਹੈ। ਸਾਰਾ ਤੋਪਖਾਨਾ ਉਥੇ ਰਹਿੰਦਾ ਹੈ, ਕਾਫ਼ੀ ਫ਼ੌਜ ਵੀ ਉਥੇ ਠਹਿਰੀ ਹੋਈ ਹੈ॥੨੯॥

ਜੇ ਰਾਵਰ ਕੇ ਆਇ ਪਸਿੰਦ। ਕਰਹੁ ਬਿਲੋਕਨਿ ਲਹਹੁ ਅਨੰਦ।
ਪੁਰਿ ਕੀ ਦਿਸ਼ਿ ਦੱਛਣ ਮਹਿਂ ਜਾਨੋ। ਕਰਹੁ ਪ੍ਰਥਮ ਹੀ ਤਹਾਂ ਪਯਾਨੋ ॥੩੦॥

ਜੇ ਆਪ ਜੀ ਨੂੰ ਪਸੰਦ ਆਵੇ ਤਾਂ ਉਸ ਸਥਾਨ ਨੂੰ ਵੇਖੋ ਤੇ ਅਨੰਦ ਲਵੋ। ਨਗਰ ਦੀ ਦਖਣੀ ਦਿਸ਼ਾ ਵਿਚ ਜਾਵੋ, ਪਹਿਲਾਂ ਹੀ ਉਸ ਪਾਸੇ ਵੱਲ ਚਲੋ' ॥੩੦॥

ਸਤਿਗੁਰ ਸੁਨਿ ਕਰਿ ਤਿਸ ਤੇ ਮਾਨੀ। 'ਗਮਨਹੁ ਤਹਾਂ' ਕਹੀ ਮੁਖ ਬਾਨੀ।
ਇਸ ਬਿਧਿ ਕਹਤਿ ਸੁਨਤਿ ਮਗ ਚਾਲੇ। ਹੇਤੁ ਬਿਲੋਕਨਿ ਕੋ ਥਲ ਭਾਲੇ ॥੩੧॥

ਸਤਿਗੁਰੂ ਜੀ ਨੇ ਸੁਣ ਕੇ ਉਸ ਦੀ ਗੱਲ ਮੰਨ ਲਈ, "ਉਧਰ ਚਲੋ" ਉਨ੍ਹਾਂ ਨੇ ਮੁੱਖ ਤੋਂ ਕਿਹਾ। ਇਸ ਤਰ੍ਹਾਂ ਕਹਿੰਦੇ ਸੁਣਦੇ ਰਾਹ ਵਿਚ ਚਲੇ ਜਾ ਰਹੇ ਸਨ, ਸਥਾਨ ਵੇਖਣ ਵਾਸਤੇ ਉਸ ਦੀ ਭਾਲ ਕਰ ਰਹੇ ਸਨ॥੩੧॥

ਬਹੁ ਮਾਨਵ ਸਭਿ ਚਲਤਿ ਪਿਛਾਰੀ। ਆਇ ਤਹਾਂ ਤਥਿ ਧਰਾ ਨਿਹਾਰੀ।
ਤੋਪਾਂ ਬ੍ਰਿੰਦ ਖਰੀ ਨ੍ਰਿਪ ਕੇਰੀ। ਨਿਕਟਿ ਤਿਨਹੁੰ ਕੇ ਚਮੂੰ ਬਡੇਰੀ॥ ੩੨॥

ਬਹੁਤ ਮਨੁੱਖ ਪਿੱਛੇ ਪਿੱਛੇ ਚਲੇ ਆ ਰਹੇ ਸਨ, ਉਥੇ ਪਹੁੰਚ ਕੇ ਫਿਰ ਸਥਾਨ ਨੂੰ ਵੇਖਿਆ। ਉਥੇ ਰਾਜੇ ਦੀਆਂ ਬਹੁਤ ਤੋਪਾਂ ਖੜੀਆਂ ਸਨ। ਉਸ ਦੇ ਨੇੜੇ ਵੱਡੀ ਗਿਣਤੀ ਵਿਚ ਫ਼ੌਜ ਰਹਿੰਦੀ ਸੀ॥੩੨॥

ਤਿਨ ਤੇ ਪਰੇ ਥਾਨ ਸ਼ੁਭ ਹੇਰੇ। ਕਰਜੋ ਬਿਲੋਕਨਿ ਲਾਇਕ ਡੇਰੇ।
ਹਰਖਤਿ ਹੁਇ ਗੁਰ ਬਾਕ ਉਚਾਰਾ। 'ਇਸ ਥਲ ਉਤਰਹਿ ਸਿਵਰ ਹਮਾਰਾ ॥੩੩॥

ਉਸ ਤੋਂ ਪਰ੍ਹਾਂ ਕੁਝ ਸਥਾਨ ਵੇਖੇ ਤੇ ਡੇਰਾ ਲਾਉਣ ਦੇ ਲਾਇਕ ਸਥਾਨ ਨੂੰ ਵੇਖਿਆ। ਪ੍ਰਸੰਨ ਹੋ ਕੇ ਗੁਰੂ ਜੀ ਨੇ ਬਚਨ ਕੀਤਾ, "ਇਸ ਥਾਂ ਸਾਡਾ ਡੇਰਾ ਲਗਾ ਦੇਵੋ" ॥੩੩॥

ਕਹਿ ਸ਼ਿਵਕਾ ਤਿਹ ਠਾਂ ਉਤਰਾਈ। ਖਰੇ ਹੋਇ ਹੇਰੀ ਸਭਿ ਜਾਈ।
ਸ਼ਜਾਮਲ ਜਲ ਪ੍ਰਵਾਹ ਜਹਿਂ ਜਮਨਾ। ਪਾਵਨ ਕਰਨਿ, ਕਲੁਖਨਿ ਦਮਨਾ ॥੩੪॥

ਕਹਿ ਕੇ ਉਸ ਥਾਂ ਪਾਲਕੀ ਉਤਰਵਾਈ ਤੇ ਖੜੇ ਹੋ ਕੇ ਸਾਰੇ ਸਥਾਨ ਨੂੰ ਵੇਖਿਆ, ਜਿਥੇ ਜਮਨਾ ਦਾ ਕਾਲੇ ਰੰਗ ਦੇ ਜਲ ਦਾ ਪ੍ਰਵਾਹ ਚਲ ਰਿਹਾ ਸੀ, ਜਿਹੜਾ ਜਲ ਮਨੁੱਖ ਨੂੰ ਪਵਿੱਤਰ ਕਰਦਾ ਹੈ ਤੇ ਪਾਪਾਂ ਦਾ ਨਾਸ਼ ਕਰਦਾ ਹੈ॥੩੪॥

ਜਿਸ ਕੇ ਤੀਰ ਤੀਰ ਸਭਿ ਜਾਈ। ਖਰੀ ਦੂਰਬਾ ਅਵਨੀ ਛਾਈ।
ਤਹਾਂ ਪ੍ਰਯੰਕ ਡਸਾਵਨਿ ਕੀਨਿ। ਆਸਤਰਨ ਤੇ ਛਾਦਿ ਸੁ ਦੀਨਿ॥ ੩੫॥

ਜਿਸ ਦੇ ਕੰਢੇ-ਕੰਢੇ ਸਾਰੇ ਥਾਂ 'ਤੇ ਖੱਬਲ ਘਾਹ ਧਰਤੀ 'ਤੇ ਛਾਇਆ ਹੋਇਆ ਸੀ। ਉਥੇ ਗੁਰੂ ਜੀ ਨੇ ਆਪਣਾ ਪਲੰਘ ਡੁਹਾ ਲਿਆ ਤੇ ਕਪੜੇ ਵਿਛਾ ਕੇ ਉਸ ਨੂੰ ਢੱਕ ਦਿੱਤਾ॥੩੫॥

ਦਾਸਨਿ ਸਾਥ ਕਹਜੋ ਤਤਕਾਲਾ। 'ਅਪਨੋ ਜੋ ਸਮਾਜ ਹੈ ਜਾਲਾ।
ਲੇ ਆਵਹੁ ਤੁਮ ਸਭਿਹੀ ਜਾਇ। ਸ਼ਮਿਯਾਨਾ ਅਬਿ ਦੇਹੁ ਲਗਾਇ' ॥ ੩੬॥

ਸੇਵਕਾਂ ਨੂੰ ਫਿਰ ਤੁਰਤ ਕਿਹਾ, "ਆਪਣਾ ਜਿਹੜਾ ਸਾਰਾ ਸਾਜ਼ੋ-ਸਾਮਾਨ ਹੈ ਉਹ ਜਾ ਕੇ ਸਾਰਾ ਲੈ ਆਵੋ ਤੇ ਤੰਬੂ-ਸ਼ਾਮਿਆਨੇ ਹੁਣ ਲਾ ਦੇਵੋ" ॥੩੬॥

ਸੁਨਿ ਆਗਜਾ ਦਾਸਨਿ ਤਿਮ ਕਰਜੋ। ਢਿਗ ਪਰਧਾਨ ਹੁਤੋ ਜੋ ਖਰਜੋ।
ਸ੍ਰੀ ਮੁਖ ਤੇ ਫੁਰਮਾਵਨਿ ਕੀਨਾ। 'ਮਹਿਪਾਲਕ ਸੰਗ ਕਹੋ ਪ੍ਰਬੀਨਾ॥ ੩੭॥

ਗੁਰੂ ਜੀ ਦੀ ਆਗਿਆ ਸੁਣ ਕੇ ਦਾਸਾਂ ਨੇ ਉਸ ਤਰ੍ਹਾਂ ਹੀ ਕੀਤਾ। ਪਾਸ ਜਿਹੜਾ ਪ੍ਰਧਾਨ ਖੜਾ ਸੀ, ਉਸ ਨੂੰ ਗੁਰੂ ਜੀ ਨੇ ਮੁਖ ਤੋਂ ਫੁਰਮਾਇਆ, "ਹੇ ਚਤੁਰ ਪੁਰਸ਼ ! ਰਾਜੇ ਨੂੰ ਜਾ ਕੇ ਕਹੋ॥੩੭॥

ਥਲ ਪਸਿੰਦ ਹਮਰੇ ਇਹੁ ਆਵਾ। ਸਰਬ ਸਿਵਰ ਕੋ ਚਹੈਂ ਲਗਾਵਾ।
ਅੰਤਰ ਹੁਤੋ ਥਾਨ ਤੁਮ ਜੈਸਾ। ਇਹੀ ਭੀ ਲਖਹੁ ਆਪਨੋ ਤੈਸਾ॥ ੩੮॥

ਇਹ ਸਥਾਨ ਸਾਡੇ ਪਸੰਦ ਆਇਆ ਹੈ, ਏਥੇ ਸਾਰਾ ਡੇਰਾ ਲਗਾਉਣਾ ਚਾਹੁੰਦੇ ਹਾਂ। ਅੰਦਰ ਜਿਵੇਂ ਤੁਹਾਡੇ ਸਥਾਨ ਸੀ, ਇਸ ਸਥਾਨ ਨੂੰ ਵੀ ਉਸ ਤਰ੍ਹਾਂ ਦਾ ਹੀ ਸਮਝੋ॥੩੮॥

ਹਮ ਦਿਸ਼ਿ ਤੇ ਨਹਿਂ ਕਰਹੁ ਅੰਦੇਸ਼ਾ। ਜਮਨਾ ਤਟ ਰਮਣੀਕ ਵਿਸ਼ੇਸ਼ਾ'।
ਸੁਨਿ ਪਰਧਾਨ ਜਾਨਿ ਕਿਯ ਡੇਰਾ। ਬੰਦਨ ਕਰਿ ਗਮਨਜੋ ਤਿਸ ਬੇਰਾ॥ ੩੯॥

ਸਾਡੇ ਵਲੋਂ ਕਿਸੇ ਪ੍ਰਕਾਰ ਦਾ ਅੰਦੇਸ਼ਾ ਨਾ ਕਰੋ, ਜਮਨਾ ਤਟ ਵਿਸ਼ੇਸ਼ ਤੌਰ 'ਤੇ ਰਮਣੀਕ ਹੈ।" ਡੇਰਾ ਕਰ ਲਿਆ ਹੈ, ਇਹ ਸੁਣ ਕੇ ਪ੍ਰਧਾਨ ਉਸੇ ਸਮੇਂ ਬੰਦਨਾ ਕਰ ਕੇ ਚਲਾ ਗਿਆ॥੩੯॥

ਅਪਰ ਦਾਸ ਵਸਤੁ ਹਿਤ ਲੈਬੇ। ਗਏ ਤੁਰਤ ਮਾਤਾ ਸੁਧਿ ਦੈਬੇ।
ਕਹਜੋ ਜਾਇ 'ਬਾਹਰ ਕਿਯ ਡੇਰਾ। ਆਏ ਲੈਨਿ ਸਮਾਜ ਬਡੇਰਾ'॥ ੪੦॥

ਹੋਰ ਦਾਸ ਸਾਜੋ-ਸਾਮਾਨ ਲੈਣ ਵਾਸਤੇ ਚਲੇ ਗਏ ਤੇ ਤੁਰੰਤ ਜਾ ਕੇ ਮਾਤਾ ਜੀ ਨੂੰ ਖ਼ਬਰ ਦਿੱਤੀ। ਜਾ ਕੇ ਕਿਹਾ, "ਉਨ੍ਹਾਂ ਬਾਹਰ ਡੇਰਾ ਕਰ ਲਿਆ ਹੈ ਤੇ ਸਾਰਾ ਸਾਜੋ-ਸਾਮਾਨ ਲੈਣ ਵਾਸਤੇ ਆਏ ਹਾਂ" ॥੪੦॥

ਮਰਜ਼ੀ ਜਾਨਿ ਪੁੱਤ੍ਰ ਕੀ ਤਬੈ। ਵਸਤੁ ਸੰਭਾਰਨਿ ਕਰਿ ਕਰਿ ਸਬੈ।
ਸਰਬ ਸਿਵਰ ਕੋ ਸੰਗ ਲਵਾਇ। ਮਾਤਾ ਗਈ ਗੁਰੂ ਜਿਸ ਥਾਇਂ॥ ੪੧॥

ਮਾਤਾ ਜੀ ਆਪਣੇ ਪੁੱਤਰ ਦੀ ਮਰਜ਼ੀ ਜਾਣ ਕੇ ਸਾਰੀਆਂ ਵਸਤਾਂ ਨੂੰ ਆਪਣੇ ਹੱਥਾਂ ਨਾਲ ਸੰਭਾਲਣ ਲੱਗੇ। ਸਭ ਤੰਬੂਆਂ ਨਾਲ ਲਦਵਾ ਕੇ, ਮਾਤਾ ਜੀ ਉਥੇ ਪਹੁੰਚ ਗਏ ਜਿਸ ਥਾਂ ਗੁਰੂ ਜੀ ਨੇ ਡੇਰਾ ਲਾਇਆ ਸੀ॥੪੧॥

ਤਪ ਸਮੇਤ ਤਨ ਜਾਇ ਬਿਲੋਕਾ। ਤੂਸ਼ਨਿ ਬੈਠੀ ਹੋਇ ਸਸ਼ੋਕਾ।
ਜਿਤਕ ਸੰਗ ਨਰ ਸਭਿ ਚਲਿ ਆਏ। ਹੇਰਿ ਹੇਰਿ ਨਿਜ ਡੇਰ ਲਗਾਏ॥ ੪੨॥

ਬੁਖ਼ਾਰ ਸਮੇਤ ਗੁਰੂ ਜੀ ਦੇ ਸਰੀਰ ਨੂੰ ਵੇਖਿਆ ਤਾਂ ਸ਼ੋਕ ਸਹਿਤ ਚੁੱਪ ਹੋ ਕੇ ਬੈਠ ਗਏ। ਜਿੰਨੇ ਵੀ ਨਾਲ ਮਨੁੱਖ ਸਨ, ਸਾਰੇ ਚੱਲ ਕੇ ਆ ਗਏ ਤੇ ਵੇਖ-ਵੇਖ ਕੇ ਉਨ੍ਹਾਂ ਆਪਣਾ ਡੇਰਾ ਲਾਇਆ॥੪੨॥

ਤੰਬੂ ਸ਼ਮਿਯਾਨੇ ਗਨ ਤਾਨੇ। ਖਰੀ ਕਨਾਤ ਬਨਾਤ ਮਹਾਨੇ।
ਰੇਸ਼ਮ ਕੀ ਡੋਰੈਂ ਗਨ ਸੁੰਦਰ। ਲਗਜੋ ਪਟੰਬਰ ਚਿੱਤ੍ਰਤਿ ਅੰਦਰ॥ ੪੩॥

ਤੰਬੂ ਸ਼ਾਮਿਆਨੇ ਬਹੁਤ ਤਾਣੇ ਹੋਏ ਸਨ, ਮਹਾਨ ਬਨਾਤ ਦੀਆਂ ਬਣੀਆਂ ਹੋਈਆਂ ਕਨਾਤਾਂ ਖੜੀਆਂ ਸਨ। ਰੇਸ਼ਮ ਦੀਆਂ ਸੁੰਦਰ ਰਸਿਆਂ ਨਾਲ ਬੰਨ੍ਹੀਆਂ ਸਨ, ਜਿਸ ਦੇ ਅੰਦਰ ਰੇਸ਼ਮ ਦੇ ਕਪੜੇ ਤੇ ਚਿਤਰੇ ਹੋਏ ਸੁੰਦਰ ਚਿੱਤਰ ਸਨ॥੪੩॥

*ਦਸਵੀਂ ਰਾਸ ਦਾ ਅਠਤਾਲੀਵਾਂ ਅਧਿਆਇ ਸਮਾਪਤ ਹੋਇਆ॥ ੪੮॥*

❖❖❖

## ਅਧਿਆਇ ਉਣੰਜਵਾਂ

### ਸਰੀਰ ਨੂੰ ਖੇਚਲ

ਦੋਹਰਾ- ਨ੍ਰਿਪ ਜੈ ਸਿੰਘ ਉਠਿ ਭੋਰ ਕੋ ਸ਼ਾਹੁ ਸਮੀਪ ਸਿਧਾਇ।
ਸਾਥ ਅਦਾਇਬ ਦੇਖਿ ਕੈ ਪਹੁੰਚਜੋ ਸੀਸ ਨਿਵਾਇ॥ ੧॥

ਰਾਜਾ ਜੈ ਸਿੰਘ ਸਵੇਰੇ ਉਠ ਕੇ ਬਾਦਸ਼ਾਹ ਦੇ ਪਾਸ ਚਲਾ ਗਿਆ ਅਤੇ ਬੜੇ ਅਦਬ ਨਾਲ ਵੇਖਕੇ ਸਿਰ ਨਿਵਾ ਕੇ ਬਾਦਸ਼ਾਹ ਦੇ ਪਾਸ ਪਹੁੰਚ ਗਿਆ॥੧॥

ਚੌਪਈ- ਨੌਰੰਗ ਦ੍ਰਿਗ ਅਵਲੋਕ ਨਰੇਸ਼ਾ। ਬੂਝੀ ਗੁਰ ਕੀ ਗਾਥ ਵਿਸ਼ੇਸ਼ਾ।
'ਕਿਮ ਸੇਵਾ ਕਰਿ ਕੈ ਪਹਿਚਾਨੇ। ਬੈਸ ਇਆਨੇ ਪਰਮ ਸੁਜਾਨੇ॥ ੨॥

ਨੌਰੰਗੇ ਨੇ ਰਾਜੇ ਨੂੰ ਆਪਣੀਆਂ ਅੱਖਾਂ ਨਾਲ ਵੇਖ ਕੇ ਵਿਸ਼ੇਸ਼ ਤੌਰ ਤੇ ਗੁਰੂ ਜੀ ਦੀ ਗਾਥਾ ਬਾਰੇ ਪੁੱਛਿਆ। ਸੇਵਾ ਕਰਕੇ ਕਿਸ ਤਰ੍ਹਾਂ ਦੇ ਪਹਿਚਾਣੇ ਹਨ, ਉਮਰ ਛੋਟੀ ਹੈ ਤੇ ਪਰਮ ਸਿਆਣੇ ਹਨ॥੨॥

ਕਰਾਮਾਤ ਕੁਛ ਪਰਖਨਿ ਕਰੀ। ਅਹੈ ਕਿ ਨਹਿ ਬਡ ਸ਼ਕਤੀ ਧਰੀ।
ਰਹੈ ਸਮੀਪ ਪਿਖਤਿ ਅਰੁ ਬੋਲਨਿ। ਕੇਤਿਕ ਭਾਰ ਕਰਜੋ ਤੈਂ ਤੋਲਨਿ'॥੩॥

ਕੁਝ ਕਰਾਮਾਤ ਵੀ ਪਰਖੀ ਹੈ? ਵੱਡੀ ਸ਼ਕਤੀ ਧਾਰਨ ਕੀਤੀ ਹੋਈ ਹੈ ਕਿ ਨਹੀਂ? ਨੇੜੇ ਰਹਿ ਕੇ ਵੇਖਿਆਂ ਅਤੇ ਬੋਲਿਆਂ, ਤੂੰ ਉਨ੍ਹਾਂ ਨੂੰ ਪਰਖ ਕੇ ਕਿੰਨਾ ਕੁ ਭਾਰੀ ਭਾਵ ਸ਼ਕਤੀਸ਼ਾਲੀ ਵੇਖਿਆ ਹੈ"॥੩॥

ਸੁਨਿ ਮਹਿਪਾਲਕ ਹਾਥਨਿ ਬੰਦ। ਕਹਜੋ ਕਿ 'ਅਹੈਂ ਅਤੋਲ ਬਿਲੰਦ।
ਕੋ ਸਮਰਥ ਜੋ ਪਰਖਹਿ ਭਾਰ। ਮਹਾਂ ਗੰਭੀਰ ਸਧੀਰ ਉਦਾਰ॥ ੪॥

ਇਹ ਸੁਣ ਕੇ ਰਾਜੇ ਨੇ ਹੱਥ ਜੋੜ ਕੇ ਕਿਹਾ, "ਉਹ ਤੋਲੇ ਨਹੀਂ ਜਾ ਸਕਦੇ, ਬੜੇ ਭਾਰੀ ਅਤੋਲ ਹਨ। ਕੌਣ ਸਮਰੱਥ ਹੈ, ਜਿਹੜਾ ਉਨ੍ਹਾਂ ਦਾ ਭਾਰ ਪਰਖੇ, ਮਹਾਂ ਗੰਭੀਰ, ਧੀਰਜਵਾਨ ਅਤੇ ਫ਼ਰਾਖਦਿਲ ਹਨ॥੪॥

ਪਟਰਾਨੀ ਮੈਂ ਕੋਨ ਬਿਠਾਈ। ਅਪਰ ਭਲੇ ਥਲ ਮੈਂ ਸਮੁਦਾਈ।
ਜੇ ਅੰਤਰਜਾਮੀ ਗੁਰ ਅਹੈਂ। ਮਹਿਖੀ ਅੰਕ ਜਾਇ ਕਰਿ ਬਹੈਂ॥ ੫॥

ਪਟਰਾਣੀ ਨੂੰ ਮੈਂ ਇਕ ਕੋਨੇ ਵਿਚ ਬਿਠਾ ਦਿੱਤਾ, ਹੋਰ ਸਾਰੀਆਂ ਨੂੰ ਚੰਗੇ ਸਥਾਨਾਂ 'ਤੇ ਬਿਠਾ ਦਿੱਤਾ। ਜੇਕਰ ਗੁਰੂ ਜੀ ਅੰਤਰਜਾਮੀ ਹਨ ਤਾਂ ਉਹ ਜਾ ਕੇ ਪਟਰਾਣੀ ਦੀ ਗੋਦ ਵਿਚ ਬੈਠ ਜਾਣ, ਇਸ ਤਰ੍ਹਾਂ ਮੈਂ ਵਿਉਂਤ ਬਣਾਈ॥੫॥

ਇਮ ਚਿਤਵਤਿ ਕਰਿ ਕੈ ਸਭਿ ਤਜਾਰੀ। ਆਇ ਕੀਨਿ ਮੈਂ ਬਿਨੈ ਅਗਾਰੀ।
ਹਮ ਤੇ ਪਤਾ ਚਹੈ ਮਨ ਜਾਨਿ। ਯਾਂਤੇ ਰੁਖ ਫੇਰਨਿ ਕੋ ਠਾਨਿ॥ ੬॥

ਇਸ ਤਰ੍ਹਾਂ ਸੋਚ ਕੇ ਮੈਂ ਸਾਰੀ ਤਿਆਰੀ ਕਰਵਾਈ, ਫਿਰ ਮੈਂ ਆ ਕੇ ਬੇਨਤੀ ਕੀਤੀ। ਉਨ੍ਹਾਂ ਨੇ ਮਨ ਵਿਚ ਜਾਣ ਲਿਆ ਕਿ ਸਾਡੀ ਪਰਖ ਕਰਨਾ ਚਾਹੁੰਦੇ ਹਨ। ਇਸ ਕਰਕੇ ਸਾਡੇ ਪਾਸੋਂ ਮੁਖ ਮੋੜਨ ਦੀ ਗੱਲ ਧਾਰ ਲਈ॥੬॥

ਤਊ ਹੋਇ ਨੰਮ੍ਰੀ ਬਹੁ ਭਾਂਤੀ। ਕਹਿ ਕਹਿ ਕੀਰਤਿ ਕੀ ਗਨਿ ਬਾਤੀ।
ਲੇ ਗਮਨਜੋ ਮੰਦਿਰ ਰਣਵਾਸ। ਜਬਿ ਪਹੁਚੇ ਸਭਿ ਤ੍ਰੀਯਨਿ ਪਾਸ॥੭॥

ਫਿਰ ਵੀ ਜਦ ਬਹੁਤ ਭਾਂਤ ਕਹਿ ਕਹਿ ਉਨ੍ਹਾਂ ਦੀ ਸ਼ਲਾਘਾ ਦੀਆਂ ਗੱਲਾਂ ਕੀਤੀਆਂ ਅਤੇ ਸਨਿਮਰ ਹੋ ਕੇ ਮੈਂ ਉਨ੍ਹਾਂ ਨੂੰ ਲੈ ਕੇ ਮਹਿਲਾਂ ਵਿਚ ਰਣਵਾਸ ਵਿਚ ਲੈ ਗਿਆ। ਜਦ ਸਾਰੀਆਂ ਇਸਤਰੀਆਂ ਪਾਸ ਪਹੁੰਚੇ॥੭॥

ਫੂਲ ਛਰੀ ਸਿਰ ਧਰਿ ਕਹਿ ਬਾਨੀ। ਨਹਿ ਭੂਪਤਿ ਕੀ ਇਹ ਪਟਰਾਨੀ।
ਸਗਰੀ ਨਾਰਿ ਉਲੰਘਤਿ ਗਏ। ਬੈਠੀ ਜਹਾਂ ਮਲਿਨ ਪਟ ਲਿਏ॥ ੮॥

ਫੁਲਛੜੀ ਸਿਰ 'ਤੇ ਧਰ ਕੇ ਕਹਿੰਦੇ ਸਨ ਕਿ "ਇਹ ਰਾਜੇ ਦੀ ਪਟਰਾਣੀ ਨਹੀਂ ਹੈ। ਸਾਰੀਆਂ ਇਸਤਰੀਆਂ ਨੂੰ ਲੰਘ ਗਏ, ਜਿਥੇ ਪਟਰਾਣੀ ਮੈਲੇ ਕਪੜੇ ਪਹਿਨ ਕੇ ਨੀਵੀਂ ਪਾ ਕੇ ਬੈਠੀ ਸੀ॥੮॥

ਧਰੇ ਮਨੋਰਥ ਇਮ ਉਰ ਮਾਂਹੀ। ਮੋ ਬਿਨ ਅੰਕ ਨ ਬੈਠਹਿਂ ਕਾਂਹੀ।
ਸੋ ਮਨ ਜਾਨਿ ਗਏ ਤਿਸ ਪਾਸ। 'ਇਹ ਪਟਰਾਨੀ' ਬਾਕ ਪ੍ਰਕਾਸ਼॥ ੯॥

ਅਤੇ ਜਿਸ ਨੇ ਮਨ ਵਿਚ ਇਹ ਮਨੋਰਥ ਧਾਰਨ ਕੀਤਾ ਸੀ, ਮੇਰੇ ਬਗ਼ੈਰ ਕਿਸੇ ਦੀ ਗੋਦ ਵਿਚ ਨਾ ਬੈਠਣ, ਸੋ ਮਨ ਵਿਚ ਜਾਣ ਕੇ ਪਟਰਾਣੀ ਦੇ ਪਾਸ ਚਲੇ ਗਏ ਤੇ ਕਿਹਾ, "ਇਹ ਰਾਜੇ ਦੀ ਪਟਰਾਣੀ ਹੈ"॥੯॥

ਬੈਠੇ ਜਾਇ ਅੰਕ ਤਤਕਾਲਾ। ਭਈ ਬਿਸਮ ਅਵਿਲੋਕਤਿ ਬਾਲਾ।
ਪਰਖਨਿ ਕੀ ਬਿਧਿ ਸਗਰੀ ਜਾਨੀ। ਕੁਛਕ ਕੋਪ ਤੇ ਗਿਰਾ ਬਖਾਨੀ॥ ੧੦॥

ਤੁਰਤ ਜਾ ਕੇ ਗੋਦੀ ਵਿਚ ਬੈਠ ਗਏ ਤੇ ਉਹ ਬਾਲ ਨੂੰ ਵੇਖ ਕੇ ਬਹੁਤ ਹੈਰਾਨ ਹੋਈ। ਜਦ ਪਰਖਣ ਦੀ ਸਾਰੀ ਵਿਧੀ ਜਾਣ ਲਈ ਤਾਂ ਕੁਝ ਗੁੱਸੇ ਦੇ ਸ਼ਬਦ ਕਹੇ॥੧੦॥

ਸੁਨਿ ਹਮ ਹਾਥ ਜੋਰਿ ਬਖਸ਼ਾਈ। ਇਮ ਅਜ਼ਮਤ ਕਾਮਲ ਪਤਿਆਈ'।
ਸੁਨਿ ਨੌਰੰਗ ਮਨ ਸਾਚੀ ਜਾਨਿ। 'ਭੋ ਜੈ ਸਿੰਘ! ਮੇਲ ਮਮ ਠਾਨਿ॥ ੧੧॥

ਅਸੀਂ ਇਹ ਸੁਣ ਕੇ ਹੱਥ ਜੋੜ ਕੇ ਆਪਣੇ ਆਪ ਨੂੰ ਬਖ਼ਸ਼ਾਇਆ। ਇਸ ਤਰ੍ਹਾਂ ਕਾਮਲ ਕਰਾਮਾਤ ਨੂੰ ਪਰਖਿਆ।" ਇਹ ਸੁਣ ਕੇ ਨੌਰੰਗੇ ਨੇ ਮਨ ਵਿਚ ਸੱਚੀ ਜਾਣੀ ਤੇ ਕਿਹਾ, "ਹੇ ਜੈ ਸਿੰਘ! ਮੈਂ ਵੀ ਉਨ੍ਹਾਂ ਨੂੰ ਮਿਲਣਾ ਚਾਹੁੰਦਾ ਹਾਂ॥੧੧॥

ਜਜੋਂ ਕਜੋਂ ਕਰਿ ਦਰਸ਼ਨ ਕਰਿਵਾਵਹੁ। ਅਜ਼ਮਤ ਤਿਨ ਕੀ ਤਬਹਿ ਦਿਖਾਵਹੁ।
ਨਿਜ ਦਿਸ਼ਿ ਤੇ ਕਹਿ ਕੈ ਬਹੁ ਰੀਤਿ। ਕੀਜਹਿ ਬਿਰਮਾਵਨ ਸ਼ੁਭ ਚੀਤ' ॥੧੨॥

ਜਿਵੇਂ ਕਿਵੇਂ ਕਰਕੇ ਦਰਸ਼ਨ ਕਰਵਾਵੇ, ਕਰਾਮਾਤ ਉਨ੍ਹਾਂ ਦੀ ਤਦ ਹੀ ਵਿਖਾਵੇ, ਆਪਣੀ ਵਲੋਂ ਬਹੁਤ ਰੀਤੀਆਂ ਨਾਲ ਕਹਿ ਕੇ ਉਨ੍ਹਾਂ ਨੂੰ ਸ਼ੁਭਚਿਤ ਕਰਕੇ ਭਰਮਾ ਲਵੇ" ॥੧੨॥

ਤਬਿ ਜੈ ਸਿੰਘ ਕਹਜੋ ਕਰ ਜੋਰਿ। 'ਕਜੋਂ ਨ ਕਰੌਂ ਮੈਂ ਰਾਵਰਿ ਲੋਰ।
ਪੂਰਬ ਬਹੁਤ ਬਾਰ ਮੈਂ ਭਾਖਾ। ਮਿਲਿਨਿ ਤੁਮਾਰੀ ਜਸ ਅਭਿਲਾਖਾ॥ ੧੩॥

ਤਦ ਜੈ ਸਿੰਘ ਨੇ ਹੱਥ ਜੋੜ ਕੇ ਕਿਹਾ, "ਮੈਂ ਆਪ ਜੀ ਵਾਸਤੇ ਕਿਉਂ ਯਤਨ ਨਹੀਂ ਕਰਾਂਗਾ। ਪਹਿਲਾਂ ਵੀ ਮੈਂ ਬਹੁਤ ਵਾਰ ਕਿਹਾ ਹੈ, ਤੁਹਾਡੇ ਮਿਲਣ ਦੀ ਅਭਿਲਾਸ਼ਾ ਬਾਰੇ ਕਿਹਾ ਹੈ॥੧੩॥

ਅਬਿ ਭੀ ਜਤਨ ਕਰੌਂ ਕਹਿ ਬਿਨੈ। ਜਥਾ ਮਿਲਨਿ ਰਾਵਰ ਕੇ ਬਨੈ'।
ਇਮ ਕਹਿ ਸੁਨਿ ਕੇ ਭੂਪਤਿ ਆਯੋ। ਬੈਠਿ ਸਦਨ ਪਰਧਾਨ ਬੁਲਾਯੋ॥ ੧੪॥

ਹੁਣ ਵੀ ਬੇਨਤੀ ਕਰਕੇ ਯਤਨ ਕਰਾਂਗਾ, ਜਿਵੇਂ ਵੀ ਆਪ ਜੀ ਦਾ ਉਨ੍ਹਾਂ ਨਾਲ ਮਿਲਣ ਬਣ ਸਕੇ।" ਇਸ ਤਰ੍ਹਾਂ ਕਹਿ ਸੁਣ ਕੇ ਰਾਜਾ ਆ ਗਿਆ ਤੇ ਆਪਣੇ ਘਰ ਵਿਚ ਬੈਠ ਕੇ ਪਰਧਾਨ ਨੂੰ ਬੁਲਾਇਆ ਤੇ ਕਿਹਾ॥੧੪॥

'ਕਹੁ ਸਤਿਗੁਰ ਕੀ ਬਾਤ ਬੁਝਾਇ। ਜਾਇ ਵਹਿਰ ਕਿਮ ਸਿਵਰ ਲਗਾਇ।
ਮੋ ਪਰ ਕੋਪ ਨਹੀਂ ਹੁਇ ਗਏ। ਢਿਗ ਤੇ ਦੂਰ ਸਿਧਾਰਤਿ ਭਏ' ॥ ੧੫ ॥

"ਸਤਿਗੁਰੂ ਜੀ ਬਾਰੇ ਦੱਸੋ, ਬਾਹਰ ਜਾ ਕੇ ਕਿਵੇਂ ਤੰਬੂ ਲਗਾਏ ਹਨ। ਮੇਰੇ ਉੱਤੇ ਕਿਤੇ ਗ਼ੁੱਸੇ ਤੇ ਨਹੀਂ ਹੋ ਗਏ, ਮੇਰੇ ਪਾਸੋਂ ਬਹੁਤ ਦੂਰ ਚਲੇ ਗਏ ਹਨ" ॥੧੫॥

ਹਾਥ ਜੋਰਿ ਪਰਧਾਨ ਬਖਾਨੇ। 'ਸਦਾ ਪ੍ਰਸੰਨ ਪਰਹਿ ਸੋ ਜਾਨੇ।
ਨਹਿ ਰਿਸ ਕੀ ਕੁਛ ਬਾਤ ਸੁਨਾਈ। ਮੈਂ ਤਿਨ ਸੰਗ ਰਹਜੋ ਅਗਵਾਈ॥ ੧੬ ॥

ਹੱਥ ਜੋੜ ਕੇ ਪ੍ਰਧਾਨ ਨੇ ਕਿਹਾ, "ਸਦਾ ਪ੍ਰਸੰਨ ਚਿਤ ਹੀ ਅਸੀਂ ਜਾਣਿਆ ਹੈ। ਉਨ੍ਹਾਂ ਨੇ ਗ਼ੁੱਸੇ ਦੀ ਕੋਈ ਵੀ ਗੱਲ ਨਹੀਂ ਸੁਣਾਈ ਹੈ। ਮੈਂ ਉਨ੍ਹਾਂ ਦੇ ਨਾਲ ਉਨ੍ਹਾਂ ਦੀ ਅਗਵਾਈ ਕਰਦਾ ਰਿਹਾ ਹਾਂ॥੧੬॥

ਪ੍ਰਥਮ ਗਏ ਦੇਵੀ ਕੇ ਮੰਦਿਰ। ਕੇਤਿਕ ਕਾਲ ਰਹੇ ਥਿਤ ਅੰਦਰ।
ਨਿਕਸੇ ਤੁਮਰੀ ਬਿਨੈ ਸੁਨਾਈ। ਸੇਵਕ ਸੰਗ ਹੁਤੇ ਸਮੁਦਾਈ॥ ੧੭ ॥

ਪਹਿਲਾਂ ਦੇਵੀ ਦੇ ਮੰਦਰ ਗਏ, ਕਾਫ਼ੀ ਸਮਾਂ ਉਸ ਦੇ ਅੰਦਰ ਬੈਠੇ ਰਹੇ। ਜਦ ਬਾਹਰ ਨਿਕਲੇ ਤਾਂ ਤੁਹਾਡੀ ਬੇਨਤੀ ਸੁਣਾਈ, ਸਾਰੇ ਸੇਵਕ ਉਨ੍ਹਾਂ ਦੇ ਨਾਲ ਸਨ॥੧੭॥

*ਨੋਟ : ਭਾਈ ਵੀਰ ਸਿੰਘ ਜੀ ਅਨੁਸਾਰ ਇਕ ਛਾਪੇ ਦੇ ਨੁਸਖੇ ਵਿਚ ਇਕ ਚੌਪਈ ਵਾਧੂ ਮਿਲਦੀ ਹੈ, ਇਸ ਕਰਕੇ ਹੋ ਸਕਦਾ ਹੈ ਇਹ ਦੇਵੀ ਦੇ ਮੰਦਰ ਵਿਚ ਜਾਣ ਦੀਆਂ ਇਹ ਚਾਰ ਤੁਕਾਂ ਕਿਸੇ ਨੇ ਬਾਅਦ ਵਿਚ ਵਾਧੂ ਦਰਜ ਕੀਤੀਆਂ ਹੋਣ। ਇਸ ਤਰ੍ਹਾਂ ਜੋਗ ਮਾਇਆ ਦੇ ਮੰਦਰ ਜਾਣ ਵਾਲੀਆਂ ਸਾਰੀਆਂ ਤੁਕਾਂ ਵਾਧੂ ਹੋ ਸਕਦੀਆਂ ਹਨ।*

ਤੁਮਰੀ ਤੋਪਨਿ ਕੇ ਅਸਥਾਨ। ਪਿਖਿ ਜਮਨਾ ਜਲ ਹਰਖ ਮਹਾਨ।
ਮੁਝ ਸੋਂ ਕਹਜੋ ਭੀਰ ਬਹੁ ਅੰਤਰ। ਆਇ ਜਾਇ ਨਰ ਅਨਿਕ ਨਿਰੰਤਰ॥੧੮॥

ਤੁਹਾਡੇ ਤੋਪਖ਼ਾਨੇ ਦੇ ਅਸਥਾਨ ਦੇ ਨੇੜੇ ਜਮਨਾ ਨਦੀ ਦੇ ਜਲ ਨੂੰ ਵੇਖ ਕੇ ਬਹੁਤ ਪ੍ਰਸੰਨ ਹੋਏ। ਫਿਰ ਮੈਨੂੰ ਕਿਹਾ, "ਸ਼ਹਿਰ ਦੇ ਅੰਦਰ ਬਹੁਤ ਭੀੜ ਹੋ ਜਾਂਦੀ ਹੈ, ਕਿਉਂਕਿ ਅਨੇਕਾਂ ਲੋਕ ਨਿਰੰਤਰ ਆਉਂਦੇ ਜਾਂਦੇ ਰਹਿੰਦੇ ਹਨ॥੧੮॥

ਇਹਾਂ ਰਹਨਿ ਮਹਿ ਹਰਖ ਹਮਾਰੇ। ਮਹਿਪਾਲਕ ਸੋਂ ਦੇਹੁ ਉਚਾਰੇ।
ਨਹੀਂ ਅੰਦੇਸ਼ਾ ਕੀਜਹਿ ਕੈਸੇ। ਜੈਸੇ ਤਹਾਂ ਇਹਾਂ ਹਮ ਤੈਸੇ॥ ੧੯ ॥

ਏਥੇ ਰਹਿਣ ਵਿਚ ਸਾਡੀ ਖ਼ੁਸ਼ੀ ਹੈ, ਰਾਜੇ ਨੂੰ ਇਸ ਬਾਰੇ ਦੱਸ ਦੇਣਾ। ਕਿਸੇ ਗੱਲ ਦਾ ਵੀ ਕੋਈ ਅੰਦੇਸ਼ਾ ਨਾ ਕਰੋ, ਜਿਵੇਂ ਉਥੇ ਸੀ, ਉਸ ਤਰ੍ਹਾਂ ਹੀ ਅਸੀਂ ਏਥੇ ਹਾਂ, ਕੋਈ ਫ਼ਰਕ ਨਹੀਂ ਹੈ॥੧੯॥

ਸੁਨਹੁ ਪਰੰਤੂ ਲਖਜੋ ਨਹਿ ਜਾਈ। ਜਿਨਹੁ ਸਭਿਨਿ ਕੇ ਰੁਜਹਿ ਨਸਾਈ।
ਤਨ ਮਹਿ ਜੁਰ ਤਿਨਿ ਕੇ ਹੁਇ ਆਵਾ। ਅਸ਼ਟ ਜਾਮ ਇਕ ਸਮ ਦਰਸਾਵਾ ॥੨੦॥

ਸੁਣੋ, ਪਰ ਇਹ ਗੱਲ ਸਮਝ ਵਿਚ ਨਹੀਂ ਆਉਂਦੀ, ਜਿਨ੍ਹਾਂ ਨੇ ਸਾਰਿਆਂ ਦੀਆਂ ਬੀਮਾਰੀਆਂ ਦੂਰ ਕੀਤੀਆਂ ਹਨ, ਉਨ੍ਹਾਂ ਦੇ ਸਰੀਰ ਨੂੰ ਬੁਖ਼ਾਰ ਹੋ ਗਿਆ ਹੈ, ਅਠ ਪਹਿਰ ਇਕ ਸਮਾਨ ਬੁਖ਼ਾਰ ਚੜ੍ਹਿਆ ਰਿਹਾ ਹੈ" ॥੨੦॥

ਸੁਨਿ ਸਤਿਗੁਰ ਕੋ ਸਰਬ ਬ੍ਰਿਤਾਂਤ। ਰਾਜੇ ਕਰੀ ਬਿਤਾਵਨਿ ਰਾਤਿ।
ਭਈ ਪ੍ਰਾਤਿ ਤੇ ਸੋਚ ਸ਼ਨਾਨਾ। ਸ੍ਰੀ ਹਰਿਕ੍ਰਿਸ਼ਨ ਸਮੀਪ ਪਯਾਨਾ॥ ੨੧ ॥

ਸਤਿਗੁਰੂ ਜੀ ਦਾ ਸਾਰਾ ਬ੍ਰਿਤਾਂਤ ਸੁਣ ਕੇ, ਰਾਜੇ ਨੇ ਰਾਤ ਬਤੀਤ ਕੀਤੀ। ਸਵੇਰ ਹੋਈ ਤਾਂ ਸੋਚ ਇਸ਼ਨਾਨ ਕੀਤਾ ਤੇ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦੇ ਵੱਲ ਚਲ ਪਿਆ॥੨੧॥

ਬ੍ਰਿੰਦ ਨਰਨਿ ਕੀ ਭੀਰ ਘਨੇਰੀ। ਸੁਭਟਨਿ ਪੰਕਤਿ ਚਲਹਿ ਅਗੇਰੀ।
ਗੁਰ ਕੋ ਸਿਵਰ ਜਬਹਿ ਦ੍ਰਿਸ਼ਟਾਯੋ। ਵਾਹਨ ਤਜਾਗਿ ਚਰਨ ਤੇ ਆਯੋ॥੨੨॥

ਉਸ ਦੇ ਨਾਲ ਬਹੁਤ ਮਨੁੱਖਾਂ ਦੀ ਭੀੜ ਸੀ, ਸੂਰਮਿਆਂ ਦੀਆਂ ਲਾਈਨਾਂ ਅੱਗੇ ਅੱਗੇ ਚਲ ਰਹੀਆਂ ਸਨ। ਗੁਰੂ ਜੀ ਦਾ ਡੇਰਾ ਜਦੋਂ ਦਿਖਾਈ ਦਿੱਤਾ ਤਾਂ ਅਸਵਾਰੀ ਛੱਡ ਕੇ ਪੈਦਲ ਹੀ ਚਲ ਪਿਆ॥੨੨॥

ਪ੍ਰਥਮ ਖਬਰ ਅਪਨੀ ਪਹੁਚਾਈ। ਫਰਸ਼ਾਦਿਕ ਤਜਾਰੀ ਕਰਿਵਾਈ।
ਹਾਥ ਜੋਰ ਕਰਿ ਪੌਰ ਅਗਾਰੀ। ਨਿੰਮ੍ਰਿ ਹੋਇ ਅਭਿਬੰਦਨ ਧਾਰੀ॥ ੨੩॥

ਪਹਿਲਾਂ ਆਪਣੇ ਬਾਰੇ ਖ਼ਬਰ ਪਹੁੰਚਾਈ। ਗੁਰੂ ਜੀ ਨੇ ਗ਼ਲੀਚੇ ਆਦਿ ਵਿਛਵਾ ਕੇ ਫ਼ਰਸ਼ ਆਦਿ ਤਿਆਰ ਕਰਵਾਇਆ। ਰਾਜਾ ਹੱਥ ਜੋੜ ਕੇ ਦਰਵਾਜ਼ੇ ਅੱਗੇ ਗਿਆ ਤੇ ਸਨਿਮਰ ਹੋ ਕੇ ਬੰਦਨਾ ਕੀਤੀ॥੨੩॥

ਅੰਤਰ ਤਬਿ ਪ੍ਰਵੇਸ਼ ਹੁਇ ਗਯੋ। ਗੁਰ ਪ੍ਰਯੰਕ ਪਰ ਹੇਰਤਿ ਭਯੋ।
ਬਸਤ੍ਰ ਅਛਾਦਤਿ ਤਨ ਪਰ ਸਾਰੇ। ਨ੍ਰਿਪ ਪਹੁਚੇ ਤੇ ਬਦਨ ਉਘਾਰੇ॥ ੨੪॥

ਅੰਦਰ ਫਿਰ ਪ੍ਰਵੇਸ਼ ਹੋ ਗਿਆ, ਗੁਰੂ ਜੀ ਨੂੰ ਪਲੰਘ 'ਤੇ ਲੰਮੇ ਪਿਆ ਨੂੰ ਵੇਖਿਆ। ਗੁਰੂ ਜੀ ਨੇ ਆਪਣਾ ਸਾਰਾ ਸਰੀਰ ਕਪੜੇ ਨਾਲ ਢਕਿਆ ਹੋਇਆ ਸੀ। ਰਾਜੇ ਦੇ ਪਹੁੰਚਣ 'ਤੇ ਮੂੰਹ ਤੋਂ ਕਪੜਾ ਲਾਹਿਆ॥੨੪॥

ਨੰਮ੍ਰਿ ਹੋਇ ਕਰਿ ਨਮੋ ਅਗਾਰੀ। ਬੈਠਜੋ ਰਾਵ ਨਰਨਿ ਹਟਕਾਰੀ।
ਔਰ ਪੌਰ ਪਰ ਰੋਕੇ ਰਹੇ। ਦਰਸ਼ਨ ਦੇਖਤਿ ਨ੍ਰਿਪ ਬਚ ਕਹੇ॥ ੨੫॥

ਸਨਿਮਰ ਹੋ ਕੇ ਰਾਜੇ ਨੇ ਨਮਸਕਾਰ ਕੀਤੀ, ਹੋਰ ਮਨੁੱਖਾਂ ਨੂੰ ਰੋਕ ਕੇ ਰਾਜਾ ਬੈਠ ਗਿਆ। ਦੂਸਰੇ ਮਨੁੱਖ ਦਰਵਾਜ਼ੇ 'ਤੇ ਹੀ ਖੜ੍ਹੇ ਰਹੇ। ਦਰਸ਼ਨ ਕਰਕੇ ਰਾਜੇ ਨੇ ਬਚਨ ਕੀਤੇ॥੨੫॥

'ਸ੍ਰੀ ਸਤਿਗੁਰ ਜੀ ਕੈਸੇ ਪਰੇ? ਸਭਾ ਲਗਾਇ ਨ ਬੈਠਨਿ ਕਰੇ'।
ਇਕ ਦੁਇ ਨਿਕਟਿ ਦਾਸ ਜੋ ਅਹੇ। ਪ੍ਰਭੁ ਤੂਸ਼ਨਿ ਤੇ ਤਿਨ ਪੁਨ ਕਹੇ॥੨੬॥

"ਸ੍ਰੀ ਸਤਿਗੁਰੂ ਜੀ ਕਿਵੇਂ ਲੇਟੇ ਹੋਏ ਹੋ, ਸਭਾ ਲਗਾ ਕੇ ਨਹੀਂ ਬੈਠੇ ਹੋ।" ਇਕ ਦੋ ਸੇਵਕ ਜਿਹੜੇ ਪਾਸ ਖੜੇ ਸਨ, ਪ੍ਰਭੂ ਜੀ ਦੇ ਚੁੱਪ ਰਹਿਣ 'ਤੇ ਉਨ੍ਹਾਂ ਕਿਹਾ॥੨੬॥

'ਪ੍ਰਥਮ ਤਾਪ ਤਨ ਮਹਿਂ ਅਧਿਕਾਈ। ਆਜ ਸੀਤਲਾ ਦਈ ਦਿਖਾਈ।
ਥੋਰਾ ਬੋਲਤਿ ਹੈਂ ਮੁਖ ਆਪ। ਚਢਜੋ ਅਧਿਕ ਅਬਿ ਭੀ ਤਨ ਤਾਪ'॥੨੭॥

"ਪਹਿਲਾਂ ਸਰੀਰ 'ਤੇ ਬਹੁਤ ਬੁਖ਼ਾਰ ਹੋ ਗਿਆ ਸੀ, ਅੱਜ ਸੀਤਲਾ ਦਿਖਾਈ ਦਿੱਤੀ ਹੈ, ਆਪ ਮੁੱਖ ਤੋਂ ਬਹੁਤ ਥੋੜ੍ਹਾ ਬੋਲਦੇ ਹਨ, ਹੁਣ ਵੀ ਸਰੀਰ 'ਤੇ ਬਹੁਤ ਬੁਖ਼ਾਰ ਹੈ"॥੨੭॥

ਹਾਥ ਬੰਦਿ ਮਹਿਪਾਲ ਬਖਾਨੇ। 'ਮਹਾਂਰਾਜ ਕੈਸੀ ਕ੍ਰਿਤ ਠਾਨੇ।
ਦਰਸ ਆਪ ਕੇ ਨਾਸਹਿਂ ਰੋਗ। ਭਏ ਨਗਰ ਗਨ ਲੋਗ ਅਰੋਗ॥ ੨੮॥

ਹੱਥ ਜੋੜ ਕੇ ਰਾਜੇ ਨੇ ਕਿਹਾ, "ਮਹਾਰਾਜ ਕੈਸੀ ਕ੍ਰਿਤ ਧਾਰਨ ਕੀਤੀ ਹੈ। ਆਪ ਜੀ ਦੇ ਦਰਸ਼ਨ ਕਰਨ ਨਾਲ ਰੋਗ ਦੂਰ ਹੋ ਜਾਂਦੇ ਹਨ। ਨਗਰ ਦੇ ਬਹੁਤ ਲੋਕ ਰੋਗ ਰਹਿਤ ਹੋ ਗਏ ਹਨ॥੨੮॥

ਕਜਾ ਲੀਲਾ ਦਿਖਰਾਵਨਿ ਲਾਗੇ। ਤੁਮਰੇ ਨਾਮ ਲੇਤਿ ਦੁਖ ਭਾਗੇ।
ਸਰਬ ਸ਼ਕਤਿ ਪੂਰਨ ਸਮਰੱਥ। ਭੰਜਨ ਗੜਨ ਆਪ ਕੇ ਹੱਥ॥ ੨੯॥

ਆਪ ਜੀ ਕੀ ਲੀਲ੍ਹਾ ਵਿਖਾਉਣ ਲੱਗੇ ਹੋ, ਤੁਹਾਡਾ ਨਾਮ ਲੈਣ ਨਾਲ ਦੁੱਖ ਦੂਰ ਹੋ ਜਾਂਦੇ ਹਨ, ਤੁਸੀਂ ਸਰਬ ਸ਼ਕਤੀਮਾਨ ਪੂਰਨ ਸਮਰੱਥ ਹੋ। ਬਣਾਉਣਾ ਢਾਹੁਣਾ ਸਭ ਤੁਹਾਡੇ ਹੱਥ ਵਿਚ ਹੈ॥੨੯॥

ਦਰਸ਼ਨ ਚਹੈਂ ਬ੍ਰਿੰਦ ਨਰ ਨਾਰੀ। ਹਜ਼ਰਤ ਬਿਨਤੀ ਕੀਨਿ ਅਗਾਰੀ।
ਸਾਵਧਾਨ ਬਨਿ ਬੈਠਹੁ ਆਪ। ਹਰਹੁ ਸ਼ਕਤਿ ਤੇ ਤਾਪ ਸੰਤਾਪ॥ ੩੦॥

ਬਹੁਤ ਇਸਤਰੀ ਪੁਰਸ਼ ਤੁਹਾਡੇ ਦਰਸ਼ਨ ਕਰਨਾ ਚਾਹੁੰਦੇ ਹਨ, ਬਾਦਸ਼ਾਹ ਨੇ ਵੀ ਤੁਹਾਡੇ ਅੱਗੇ ਬੇਨਤੀ ਕੀਤੀ ਹੈ। ਆਪ ਸਾਵਧਾਨ ਬਣ ਕੇ ਬੈਠੋ, ਆਪਣੀ ਸ਼ਕਤੀ ਨਾਲ ਤਾਪ ਸੰਤਾਪ ਨੂੰ ਦੂਰ ਕਰੋ॥੩੦॥

ਸ੍ਰੀ ਨਾਨਕ ਪਰਮੇਸ੍ਰੁਰ ਰੂਪ। ਜਿਨ ਕੇ ਗੁਨ ਗਨ ਅਧਿਕ ਅਨੂਪ।
ਤਿਸ ਗਾਦੀ ਕੇ ਮਾਲਿਕ ਆਪ। ਸਭਿ ਬਿਧਿ ਕੇ ਦਾਤਾ ਬਰ ਸ੍ਰਾਪ' ॥ ੩੧॥

ਸ੍ਰੀ ਗੁਰੂ ਨਾਨਕ ਦੇਵ ਜੀ ਪਰਮੇਸ਼ਵਰ ਦਾ ਰੂਪ ਹਨ, ਜਿਨ੍ਹਾਂ ਦੇ ਸਾਰੇ ਗੁਣ ਬਹੁਤ ਅਨੂਪਮ ਹਨ। ਉਸ ਗੱਦੀ ਦੇ ਆਪ ਮਾਲਕ ਹੋ, ਸਭ ਵਿਧੀਆਂ ਦੇ ਦਾਤਾ ਵਰ ਤੇ ਸਰਾਪ ਦਿੰਦੇ ਹੋ' ॥੩੧॥

ਨ੍ਰਿਪ ਤ ਸੁਨਿ ਸ੍ਰੀ ਸਤਿਗੁਰ ਕਹਜੋ। 'ਜਿਸ ਕਿਸ ਜਗ ਸਰੀਰ ਕੋ ਲਹਜੋ।
ਸੁਖ ਦੁਖ ਸੰਗ ਸਦਾ ਹੀ ਰਹੈਂ। ਬੇਦ ਪੁਰਾਨ ਸੰਤ ਸਭਿ ਕਹੈਂ॥ ੩੨॥

ਰਾਜੇ ਤੋਂ ਸੁਣ ਕੇ ਸਤਿਗੁਰੂ ਜੀ ਨੇ ਕਿਹਾ, "ਜਗ ਵਿਚ ਜਿਸ ਕਿਸੇ ਵੀ ਸਰੀਰ ਨੂੰ ਧਾਰਨ ਕੀਤਾ ਹੈ, ਉਸ ਦੇ ਨਾਲ ਸੁੱਖ ਦੁੱਖ ਸਦਾ ਹੀ ਰਹਿੰਦਾ ਹੈ। ਵੇਦ ਪੁਰਾਣ ਸੰਤ ਸਭ ਕਹਿੰਦੇ ਹਨ॥੩੨॥

ਹੋਨਹਾਰ ਨਹਿਂ ਮਿਟਹਿ ਕਦਾਈ। ਜੋ ਸਭਿ ਕੇ ਸਿਰ ਬੀਤਤਿ ਆਈ।
ਰਾਮਚੰਦ੍ਰ ਕੀਨਸਿ ਬਨਬਾਸਾ। ਕ੍ਰਿਸ਼ਨਚੰਦ੍ਰ ਕੋ ਬੰਸ ਬਿਨਾਸ਼ਾ॥ ੩੩॥

ਜੋ ਹੋਣਹਾਰ ਹੈ ਉਹ ਕਦੇ ਮਿਟਦੀ ਨਹੀਂ, ਜੋ ਸਾਰਿਆਂ ਦੇ ਸਰੀਰ 'ਤੇ ਬੀਤਦੀ ਹੈ। ਰਾਮਚੰਦਰ ਨੇ ਜੰਗਲ ਵਿਚ ਵਾਸਾ ਕੀਤਾ ਸੀ ਤੇ ਕ੍ਰਿਸ਼ਨ ਚੰਦਰ ਦਾ ਵੰਸ਼ ਹੀ ਖ਼ਤਮ ਹੋ ਗਿਆ॥੩੩॥

ਚੰਦ ਕਲੰਕਤਿ, ਸਾਗਰ ਖਾਰਾ। ਰੁੱਦ੍ਰ ਹਲਾਹਲ ਕੋ ਗਲ ਧਾਰਾ।
ਕੌਨ ਕੌਨ ਗਿਨੀਅਹਿ ਸਮਰੱਥ। ਸਕਲ ਚਲੇ ਭਾਵੀ ਕੇ ਹੱਥ॥ ੩੪॥

ਚੰਦ ਕਲੰਕਤ ਹੈ ਤੇ ਸਾਗਰ ਦਾ ਪਾਣੀ ਖਾਰਾ ਹੈ। ਸ਼ਿਵਜੀ ਨੇ ਜ਼ਹਿਰ ਨੂੰ ਗਲ ਵਿਚ ਧਾਰਨ ਕੀਤਾ ਹੈ। ਕੌਣ ਕੌਣ ਸਮਰੱਥ ਗਿਣੀਏ, ਸਭ ਕੁਝ ਪ੍ਰਭੂ ਦੇ ਭਾਣੇ ਅਨੁਸਾਰ ਹੁੰਦਾ ਹੈ॥੩੪॥

ਜਿਮ ਪਰਮੇਸ਼ੁਰ ਕ੍ਰਿਤ ਕੋ ਠਾਨੈ। ਰਿਦੇ ਅਨੰਦ ਧਾਰਿ ਸੋ ਮਾਨੈ।
ਇਹ ਸੰਤਨਿ ਕੋ ਮਤ ਹੈ ਸਾਚਾ। ਸ੍ਰੀ ਨਾਨਕ ਬਿਚ ਸਬਦ ਉਬਾਚਾ॥ ੩੫॥

ਜਿਵੇਂ ਪਰਮੇਸ਼ਵਰ ਕ੍ਰਿਤ ਧਾਰਨ ਕਰਦਾ ਹੈ, ਉਸ ਤਰ੍ਹਾਂ ਹੀ ਹਿਰਦੇ ਵਿਚ ਅਨੰਦ ਧਾਰ ਕੇ ਮੰਨਣਾ ਚਾਹੀਦਾ ਹੈ। ਇਹ ਸੰਤਾਂ ਦਾ ਸੱਚਾ ਮੱਤ ਹੈ। ਗੁਰੂ ਨਾਨਕ ਦੇਵ ਜੀ ਨੇ ਇਕ ਸ਼ਬਦ ਵਿਚ ਕਿਹਾ ਹੈ॥੩੫॥

ਜਥਾ ਜੋਗ ਈਸ਼ੁਰ ਸਭਿ ਕਰਤਾ। ਮੂਢ ਅਜਾਨ ਤਰਕ ਤਿਸ ਧਰਤਾ।
ਭੋਗਹਿ ਬਹੁਰ ਗੁਨਾਹੀ ਹੋਇ। ਭਾਣੇ ਕੋ ਨ ਮਾਨਿ ਹੈ ਜੋਇ॥ ੩੬॥

ਈਸ਼ਵਰ ਸਭ ਕੁਝ ਯਥਾਯੋਗ ਕਰਦਾ ਹੈ, ਮੂਰਖ ਅਨਜਾਣ ਉਸ ਉੱਤੇ ਤਰਕ ਕਰਦੇ ਹਨ। ਜਿਹੜੇ ਲੋਕ ਪ੍ਰਭੂ ਦੇ ਭਾਣੇ ਨੂੰ ਨਹੀਂ ਮੰਨਦੇ ਹਨ, ਉਹ ਬਹੁਤ ਗੁਨਾਹੀ ਹੋ ਕੇ ਜ਼ਿੰਦਗੀ ਭੋਗਦੇ ਹਨ॥੩੬॥

ਯਾਂਤੇ ਸੁਨਹੁ ਨਰੇਸ਼ੁਰ! ਧਰੀਏ। ਪ੍ਰਭੁ ਭਾਣੇ ਕੋ ਤਰਕ ਨ ਕਰੀਏ।
ਈਸ਼ੁਰ ਕੀ ਮਰਜ਼ੀ ਮਹਿਂ ਚਾਲੇ। ਹਰਖ ਸਹਤਿ ਮਤਿ ਸੰਤ ਬਿਸਾਲੇ' ॥ ੩੭ ॥

ਇਸ ਕਰਕੇ ਹੇ ਰਾਜਨ! ਸੁਣੋ ਅਤੇ ਧਾਰਨ ਕਰੋ, ਪ੍ਰਭੂ ਦੇ ਭਾਣੇ ਨੂੰ ਕਦੀ ਤਰਕ ਨਾ ਕਰੋ। ਈਸ਼ਵਰ ਦੀ ਮਰਜ਼ੀ ਵਿਚ ਚਲਣਾ ਚਾਹੀਦਾ ਹੈ। ਸੰਤਾਂ ਦਾ ਮੱਤ ਵਿਸ਼ਾਲ ਪ੍ਰਸੰਨਤਾ ਸਹਿਤ ਹੈ'' ॥੩੭॥

ਸੁਨਿ ਭੂਪਤਿ ਗੁਰਬਾਣੀ ਸਾਰ। ਰਿਦੈ ਬਿਚਾਰਤਿ ਤੂਸ਼ਨਿ ਧਾਰਿ।
ਕਹਾਂ ਕਹਨਿ ਸਰਬੱਗਨਿ ਸੰਗ। ਜੋ ਕੁਛ ਕਰਹਿਂ ਸੁ ਅਪਨਿ ਉਮੰਗ ॥ ੩੮ ॥

ਰਾਜਾ ਗੁਰਬਾਣੀ ਦਾ ਸਾਰ ਸੁਣ ਕੇ ਹਿਰਦੇ ਵਿਚ ਵਿਚਾਰ ਕਰਕੇ ਚੁੱਪ ਹੋ ਗਿਆ। ਸਰਬ ਸਮਰੱਥ ਦੇ ਨਾਲ ਕੀ ਕਹਿਣਾ ਬਣਦਾ ਹੈ। ਉਹ ਜੋ ਕੁਝ ਵੀ ਕਰਦੇ ਹਨ, ਆਪਣੀ ਉਮੰਗ ਅਨੁਸਾਰ ਕਰਦੇ ਹਨ ॥੩੮॥

ਬੈਠਯੋ ਰਹਯੋ ਸੁ ਕੇਤਿਕ ਕਾਲ। ਦੇਖਿ ਗੁਰੂ ਤਨ ਚਿੰਤ ਬਿਸਾਲ।
ਹਜ਼ਰਤ ਮੇਲ ਨਹੀਂ ਬਨਿ ਆਵੈ। ਜਬਿ ਲੌ ਬੈਠਿ ਨ ਸਭਾ ਲਗਾਵੈਂ ॥ ੩੯ ॥

ਕਾਫ਼ੀ ਸਮਾਂ ਰਾਜਾ ਉਥੇ ਬੈਠਾ ਰਿਹਾ, ਗੁਰੂ ਜੀ ਦੇ ਸਰੀਰ ਨੂੰ ਵੇਖ ਕੇ ਬਹੁਤ ਫ਼ਿਕਰਮੰਦ ਹੋ ਗਿਆ। ਬਾਦਸ਼ਾਹ ਨਾਲ ਮੇਲ ਨਹੀਂ ਹੋ ਸਕੇਗਾ, ਜਦ ਤਕ ਬੈਠ ਕੇ ਸਭਾ ਨਹੀਂ ਲਾਉਂਦੇ ਹਨ ॥੩੯॥

ਕਰਨਿ ਉਪਾਇ ਅਨੇਕੈ ਭਾਂਤਿ। ਦਾਸਨਿ ਸਾਥ ਕਹੀ ਬਹੁ ਬਾਤ।
ਅੰਤਰ ਮਾਤਾ ਪਰਦੇ ਮਾਂਹਿ। ਮਸਤਕ ਟੇਕਿ ਪਠਯੋ ਨਰਨਾਹਿ ॥ ੪੦ ॥

ਅਨੇਕ ਪ੍ਰਕਾਰ ਦੇ ਉਪਾਅ ਕਰਨ ਬਾਰੇ ਸੇਵਕਾਂ ਨਾਲ ਬਹੁਤ ਗੱਲਾਂ ਕੀਤੀਆਂ। ਅੰਦਰ ਮਾਤਾ ਜੀ ਪਰਦੇ ਵਿਚ ਬੈਠੇ ਸਨ। ਉਨ੍ਹਾਂ ਨੂੰ 'ਮੱਥਾ ਟੇਕਦਾ ਹਾਂ' ਕਹਿ ਕੇ ਭੇਜਿਆ ॥੪੦॥

ਗੁਰ ਆਇਸੁ ਲੇ ਬੰਦਨ ਠਾਨਿ। ਉਠਯੋ ਨਰੇਸ਼ੁਰ ਕਰਨਿ ਪਯਾਨ।
ਵਹਿਰ ਪੌਰ ਪਰ ਬੰਦਨ ਕਰਿ ਕੈ। ਗਮਨਯੋ ਨਿਜ ਵਾਹਨ ਪਰ ਚਰਿਕੈ ॥ ੪੧ ॥

ਗੁਰੂ ਜੀ ਦੀ ਆਗਿਆ ਲੈ ਕੇ ਬੰਦਨਾ ਕੀਤੀ ਤੇ ਰਾਜਾ ਜਾਣ ਵਾਸਤੇ ਉਠ ਪਿਆ। ਬਾਹਰ ਨਿਕਲ ਕੇ ਦਰਵਾਜ਼ੇ 'ਤੇ ਜਾ ਕੇ ਬੰਦਨਾ ਕੀਤੀ ਤੇ ਆਪਣੇ ਰੱਥ ਉੱਤੇ ਚੜ੍ਹ ਕੇ ਚਲਾ ਗਿਆ ॥੪੧॥

ਸਦਨ ਆਪਨੇ ਪਹੁਂਚਯੋ ਆਇ। ਨਾਨਾ ਰਸ ਕੇ ਭੋਜਨ ਖਾਇ।
ਅਵਰੰਗ ਨਿਕਟਿ ਜਾਇ ਸਭਿ ਗਾਈ। 'ਪ੍ਰਥਮ ਦੇਹ ਜ੍ਵਰ ਸੋਂ ਹੁਇ ਆਈ ॥੪੨ ॥

ਆਪਣੇ ਘਰ ਵਿਚ ਆ ਪਹੁੰਚਿਆ ਅਤੇ ਕਈ ਪ੍ਰਕਾਰ ਦੇ ਰਸਦਾਰ ਭੋਜਨ ਖਾਧੇ। ਨੌਰੰਗੇ ਪਾਸ ਜਾ ਕੇ ਉਸ ਸਭ ਕੁਝ ਦੱਸਿਆ। ''ਪਹਿਲਾਂ ਸਰੀਰ ਨੂੰ ਬੁਖ਼ਾਰ ਹੋ ਗਿਆ ਸੀ ॥੪੨॥

ਅਬਹਿ ਸੀਤਲਾ ਦਈ ਦਿਖਾਈ। ਪੌਢਿ ਰਹੇ ਗੁਰ ਪਿਖੇ ਸੁ ਜਾਈ'।
ਸੁਨਤਿ ਸ਼ਾਹੁ ਚਿਤ ਮਹਿਂ ਲਖਿ ਆਪ। ਬਿਦਤਯੋ ਰਾਮਰਾਇ ਕੋ ਸ੍ਰਾਪ ॥ ੪੩ ॥

ਹੁਣ ਸੀਤਲਾ ਦਿਖਾਈ ਦਿੱਤੀ ਹੈ, ਜਾ ਕੇ ਗੁਰੂ ਜੀ ਨੂੰ ਲੰਮੇ ਪਏ ਵੇਖਿਆ ਹੈ।'' ਇਹ ਸੁਣ ਕੇ ਬਾਦਸ਼ਾਹ ਚਿੱਤ ਵਿਚ ਸਮਝ ਗਿਆ, ਰਾਮਰਾਇ ਦਾ ਦਿੱਤਾ ਹੋਇਆ ਸਰਾਪ ਪ੍ਰਗਟ ਹੋਇਆ ਹੈ ॥੪੩॥

ਜੈ ਸਿੰਘ ਸੰਗ ਕਹਯੋ ਤਿਹ ਸਮੈ। 'ਸੁਧਿ ਲਿਹੁ ਨਿਤ, ਦਿਹੁ ਸਭਿ ਪੁਨ ਹਮੈ'।
ਬਹੁਰ ਅਪਰ ਪਰਸੰਗ ਚਲਾਏ। ਸ਼ਾਹੁ ਸਭਾ ਸਭਿ ਹੀ ਬਿਸਮਾਏ ॥ ੪੪ ॥

ਉਸ ਸਮੇਂ ਫਿਰ ਜੈ ਸਿੰਘ ਨੂੰ ਕਿਹਾ, "ਸਦਾ ਖ਼ਬਰ ਲੈਂਦੇ ਰਹੋ, ਤੇ ਫਿਰ ਆ ਕੇ ਸਾਨੂੰ ਦੱਸਦੇ ਰਹੋ।" ਫਿਰ ਹੋਰ ਪ੍ਰਸੰਗ ਚਲਾਏ, ਬਾਦਸ਼ਾਹ ਦੀ ਸਾਰੀ ਸਭਾ ਬਹੁਤ ਹੈਰਾਨ ਹੋਈ॥੪੪॥

*ਦਸਵੀਂ ਰਾਸ ਦਾ ਉਣੰਜਵਾਂ ਅਧਿਆਇ ਸਮਾਪਤ ਹੋਇਆ॥੪੯॥*

# ਅਧਿਆਇ ਪੰਜਾਹਵਾਂ

## ਸੀਤਲਾ ਨਿਕਲੀ

ਦੋਹਰਾ- ਤਿਸ ਦਿਨ ਤੇ ਸ੍ਰੀ ਹਰਿਕ੍ਰਿਸ਼ਨ ਆਇਸੁ ਕੀਨਸਿ ਦਾਸ।
'ਸਿਖ ਸੰਗਤਿ ਢਿਗ ਦੂਰ ਕੇ ਆਇ ਨਹੀਂ ਕੋ ਪਾਸ॥ ੧॥

ਉਸ ਦਿਨ ਤੋਂ ਬਾਅਦ ਗੁਰੂ ਜੀ ਨੇ ਆਪਣੇ ਸੇਵਕਾਂ ਨੂੰ ਆਗਿਆ ਕਰ ਦਿੱਤੀ, "ਨੇੜੇ ਦੂਰ ਦੀ ਕੋਈ ਵੀ ਸਿੱਖ ਸੰਗਤ ਮੇਰੇ ਪਾਸ ਨਾ ਆਵੇ॥੧॥

ਚੌਪਈ- ਜੋ ਜ਼ਰੂਰ ਹੀ ਚਹੀਅਹਿ ਆਇ। ਸੋ ਬੂਝਹਿ ਪੁਨਰਪਿ ਪ੍ਰਵਿਸ਼ਾਇ'।
ਬੰਦੁਬਸਤ ਸਭਿ ਹੀ ਕਰਿ ਦੀਨਿ। ਨਿਕਟਿ ਨਹੀਂ ਕੋ ਪਹੁੰਚਹਿ ਚੀਨ ॥੨॥

ਜਿਹੜਾ ਕੋਈ ਜ਼ਰੂਰ ਹੀ ਆਉਣਾ ਚਾਹੁੰਦਾ ਹੋਵੇ, ਉਹ ਪਹਿਲਾਂ ਪੁੱਛ ਕੇ ਫਿਰ ਅੰਦਰ ਆਵੇ।" ਸਭ ਬੰਦੋਬਸਤ ਕਰ ਦਿੱਤਾ। ਕੋਈ ਵੀ ਸਮਝ ਕੇ ਨੇੜੇ ਨਹੀਂ ਸੀ ਪਹੁੰਚਦਾ॥੨੨॥

ਤਨ ਪਰ ਨਿਕਸੇ ਗਨ ਬਿਸਫੋਟ। ਸਘਨ ਅਧਿਕ ਕੋ ਦੀਰਘ, ਛੋਟ।
ਅਰੁਨ ਬਰਨ ਸਗਰੋ ਹੁਇ ਆਯੋ। ਸੋਜਾ ਕੁਛਕ ਦੇਹਿ ਦ੍ਰਿਸ਼ਟਾਯੋ॥੩॥

ਸਰੀਰ ਉੱਤੇ ਬਹੁਤ ਛਾਲੇ ਨਿਕਲ ਆਏ। ਬਹੁਤ ਸੰਘਣੇ ਨਿਕਲੇ ਸਨ, ਕੋਈ ਵੱਡਾ ਸੀ ਤੇ ਕੋਈ ਛੋਟਾ ਸੀ। ਸਾਰਾ ਸਰੀਰ ਹੀ ਲਾਲ ਹੋ ਗਿਆ ਤੇ ਸਰੀਰ ਉੱਤੇ ਕੁਝ ਸੋਜ ਵੀ ਦਿਖਾਈ ਦਿੱਤੀ॥੩॥

ਦਿਨ ਪ੍ਰਤਿ ਅਧਿਕ ਅਧਿਕ ਹੀ ਭਯੋ। ਭਰਿਬੇ ਬਿਸਫੋਟਨਿ ਹੁਇ ਗਯੋ।
ਜੋ ਸੁਧਿ ਲੈਬੇ ਆਇ ਮਸੰਦ। ਕੈ ਸੰਗਤਿ ਨਰ ਕਿਧੌਂ ਬਿਲੰਦ॥ ੪॥

ਦਿਨ ਪ੍ਰਤਿ ਦਿਨ ਵਧਦੇ ਹੀ ਗਏ ਤੇ ਫਿਰ ਛਾਲੇ ਭਰ ਗਏ। ਜਿਹੜੇ ਮਸੰਦ ਖ਼ਬਰ ਲੈਣ ਆਉਂਦੇ ਸਨ ਜਾਂ ਸੰਗਤ ਦੇ ਕੁਝ ਮਨੁੱਖ ਬਹੁਤ ਦੂਰ ਤੋਂ ਆਉਂਦੇ ਸਨ॥੪॥

ਸਭਿ ਕੋ ਖ਼ਬਰ ਵਹਿਰ ਹੀ ਦੇਤਿ। ਸਤਿਗੁਰ ਪੌਢੇ ਬੀਚ ਨਿਕੇਤ।
ਸ਼ਾਹੁ ਹਮੇਸ਼ ਪਠਹਿ ਉਮਰਾਵ। ਅਰੁ ਆਵਤਿ ਨਿਤ ਜੈ ਸਿੰਘ ਰਾਵ॥੫॥

ਸਾਰਿਆਂ ਨੂੰ ਬਾਹਰ ਹੀ ਖ਼ਬਰ ਦੇ ਦਿੰਦੇ ਸਨ ਕਿ ਸਤਿਗੁਰੂ ਜੀ ਅੰਦਰ ਲੰਮੇ ਪਏ ਹਨ। ਬਾਦਸ਼ਾਹ ਸਦਾ ਆਪਣੇ ਉਮਰਾਵ ਭੇਜਦਾ ਸੀ ਤੇ ਰਾਜਾ ਜੈ ਸਿੰਘ ਨਿੱਤ ਆਉਂਦਾ ਸੀ॥੫॥

ਸਭਿ ਤੇ ਉਦਾਸੀਨ ਬ੍ਰਿਤਿ ਕਰਿਕੈ। ਪੌਢੇ ਰਹੈਂ ਤੂਸ਼ਨੀ ਧਰਿ ਕੈ।
ਜਾਨਜੋ ਸਭਿਨਿ ਪ੍ਰਥਮ ਜਿਮ ਭਯੋ। ਰਾਮ ਰਾਇ ਜੈਸੇ ਬਚ ਕਿਯੋ॥੬॥

ਸਾਰਿਆਂ ਪਾਸੋਂ ਉਦਾਸ ਬ੍ਰਿਤੀ ਕਰਕੇ, ਗੁਰੂ ਜੀ ਚੁੱਪ ਧਾਰ ਕੇ ਪਏ ਰਹਿੰਦੇ ਸਨ। ਸਾਰੇ ਜਾਣਦੇ ਸਨ ਜਿਵੇਂ ਪਹਿਲਾਂ ਹੋਇਆ ਸੀ, ਸ੍ਰੀ ਰਾਮਰਾਇ ਨੇ ਜਿਵੇਂ ਬਚਨ ਕੀਤਾ ਸੀ॥੬॥

ਸੋ ਅਬਿ ਸਾਚ ਹੋਇ, ਨਹਿਂ ਟਰੈ। ਨਾਂਹਿ ਤ ਕਿਮ ਸਤਿਗੁਰ ਇਮ ਪਰੈਂ।
ਜਿਨ ਕੇ ਦਰਸ਼ਨ ਤੇ ਮਿਟਿ ਜਾਇ। ਆਦਿ ਸੀਤਲਾ ਰੁਜ ਸਮੁਦਾਇ॥੭॥

ਉਹ ਹੁਣ ਸੱਚ ਹੋ ਜਾਵੇਗਾ ਤੇ ਟਲੇਗਾ ਨਹੀਂ, ਨਹੀਂ ਤਾਂ ਸਤਿਗੁਰੂ ਜੀ ਕਿਵੇਂ ਇਸ ਤਰ੍ਹਾਂ ਲੰਮੇ ਪੈ ਸਕਦੇ ਹਨ, ਜਿਨ੍ਹਾਂ ਦੇ ਦਰਸ਼ਨ ਕਰਨ ਨਾਲ ਸੀਤਲਾ ਆਦਿ ਸਾਰੇ ਰੋਗ ਮਿਟ ਜਾਂਦੇ ਹਨ॥੭॥

ਸਿਖ ਆਦਿਕ ਪੁਰਿ ਮਹਿਂ ਨਰ ਘਨੇ। ਕਰਿ ਕਰਿ ਦਰਸ ਰੋਗ ਸਭਿ ਹਨੇ।
ਰਿਦੇ ਭਾਵਨਾ ਜੋ ਧਰਿ ਆਏ। ਸਭਿਹਿਨਿ ਕੇ ਰੁਜ ਗੁਰੂ ਗਵਾਏ॥੮॥

ਸਿੱਖ ਆਦਿ ਨਗਰ ਵਿਚ ਬਹੁਤ ਮਨੁੱਖ ਰਹਿੰਦੇ ਸਨ, ਦਰਸ਼ਨ ਕਰ ਕਰ ਸਾਰਿਆਂ ਦੇ ਰੋਗ ਦੂਰ ਹੋਏ ਸਨ। ਹਿਰਦੇ ਵਿਚ ਜਿਹੜਾ ਵੀ ਭਾਵਨਾ ਕਰਕੇ ਆਉਂਦਾ ਸੀ, ਗੁਰੂ ਜੀ ਸਾਰਿਆਂ ਦੇ ਰੋਗ ਦੂਰ ਕਰਦੇ ਸਨ॥੮॥

ਤਿਨ ਕੇ ਤਨ ਕੋ ਕਜਾ ਦੁਖ ਗ੍ਰਾਸੇ। ਕਿਮ ਤਮ ਤੋਮ ਤਰਨਿ ਕੇ ਪਾਸੇ?
ਮਿਲਹਿਂ ਗੁਰੂ ਕੇ ਪੌਰ ਜਿ ਆਵਹਿਂ। ਇਸ ਬਿਧਿ ਆਪਸ ਬਿਖੈ ਸੁਨਾਵਹਿਂ॥੯॥

ਉਨ੍ਹਾਂ ਦੇ ਸਰੀਰਾਂ ਨੂੰ ਕਿਹੜਾ ਦੁੱਖ ਗ੍ਰਸ ਲਵੇ, ਸੂਰਜ ਦੇ ਲਾਗੇ ਗਾੜ੍ਹਾ ਹਨੇਰਾ ਕਿਵੇਂ ਹੋਵੇ? ਜਿਹੜੇ ਵੀ ਗੁਰੂ ਜੀ ਦੇ ਦਰਵਾਜ਼ੇ 'ਤੇ ਆ ਕੇ ਮਿਲਦੇ ਹਨ, ਉਹ ਇਸ ਵਿਧੀ ਨਾਲ ਆਪਸ ਵਿਚ ਸੁਣਾਉਂਦੇ ਸਨ॥੯॥

'ਬੈਸ ਅਲਪ ਗੁਰਤਾ ਅਬਿ ਪਾਈ। ਨਹਿਂ ਆਗੈ ਸੰਤਤਿ ਉਪਜਾਈ।
ਦਾਸ ਨਹੀਂ ਅਸ ਲਾਇਕ ਕੋਈ। ਪੁਨ ਗਾਦੀ ਪਰ ਕੋ ਗੁਰ ਹੋਈ?'॥੧੦॥

"ਛੋਟੀ ਉਮਰ ਹੈ ਤੇ ਗੁਰਤਾ ਪਾਈ ਹੈ, ਅੱਗੇ ਕੋਈ ਸੰਤਾਨ ਵੀ ਪੈਦਾ ਨਹੀਂ ਕੀਤੀ। ਸੇਵਕ ਵੀ ਕੋਈ ਏਨਾ ਲਾਇਕ ਨਹੀਂ ਹੈ, ਫਿਰ ਗੱਦੀ ਉੱਤੇ ਕਿਹੜਾ ਗੁਰੂ ਬਿਰਾਜਮਾਨ ਹੋਵੇਗਾ॥੧੦॥

ਜੇਸ਼ਟ ਪੁੱਤ੍ਰ ਨ ਪਦ ਇਹ ਪਾਇ। ਖਾਰਜ ਕਰਜੋ ਗੁਰੁ ਹਰਿਰਾਇ।
ਭੂਤ ਬਾਰਤਾ ਜਾਨੀ ਪਰੈ। ਜੇ ਸਿਖ ਸੰਗਤ ਪੂਜਾ ਕਰੈ॥ ੧੧॥

ਵੱਡਾ ਪੁੱਤਰ ਵੀ ਇਹ ਪਦਵੀ ਨਹੀਂ ਪਾ ਸਕਦਾ। ਗੁਰੂ ਹਰਿਰਾਇ ਜੀ ਨੇ ਉਸ ਨੂੰ ਖਾਰਜ ਕਰ ਦਿੱਤਾ ਹੈ। ਬੀਤ ਗਈ ਗੱਲ ਜਾਣ ਪੈਂਦੀ ਹੈ ਭਾਵ ਕੀਰਤਪੁਰ ਪਹਾੜੀ ਉੱਤੇ ਜੋ ਗੁਰੂ ਹਰਿਰਾਏ ਜੀ ਨੇ ਸਿੱਖੀ ਰੂਪ ਜਹਾਜ਼ ਦਾ ਕਟ ਜਾਣਾ ਕਿਹਾ ਸੀ। ਜਿਹੜੀ ਸਿੱਖ ਸੰਗਤ ਹੈ ਉਹ ਹੁਣ ਕਿਸ ਦੀ ਪੂਜਾ ਕਰੇਗੀ॥੧੧॥

ਸਭਿ ਮਹਿਂ ਪਰ ਜੈ ਹੈ ਅਸ ਰੋਰਾ। ਕੋ ਅਬਿ ਗੁਰੁ, ਬਾਸ ਕਿਸ ਠੋਰਾ?।
ਅਦਭੁਤ ਗਤਿ ਸ਼੍ਰੀ ਸਤਿਗੁਰ ਕੇਰੀ। ਕੋ ਲਖਿ ਸਕਹਿ ਅਗੰਮ ਘਨੇਰੀ'॥੧੨॥

ਜੋ ਸਿੱਖ ਸੰਗਤ ਪੂਜਾ ਕਰਨ ਵਾਲੀ ਹੈ, ਉਨ੍ਹਾਂ ਸਾਰਿਆਂ ਵਿਚ ਅਜਿਹਾ ਰੌਲਾ ਪੈ ਜਾਵੇਗਾ, ਕੌਣ ਹੁਣ ਗੁਰੂ ਬਣੇਗਾ ਤੇ ਉਸ ਦਾ ਵਾਸਾ ਕਿਸ ਥਾਂ ਹੈ। ਸ੍ਰੀ ਸਤਿਗੁਰੂ ਜੀ ਦੀ ਅਸਚਰਜ ਗਤੀ ਹੈ, ਕੌਣ ਇਸ ਨੂੰ ਸਮਝ ਸਕਦਾ ਹੈ ਜਿਹੜੀ ਬਹੁਤ ਅਗੰਮ ਹੈ"॥੧੨॥

ਦਿੱਲੀ ਪੁਰਿ ਕੀ ਸੰਗਤਿ ਸਾਰੀ। ਮਿਲਿ ਆਪਸ ਮਹਿਂ ਕਰਤਿ ਉਚਾਰੀ।
'ਰਾਮਰਾਇ ਬਿਨ ਸੰਤਤਿ ਰਹੈ। ਇਹ ਗੁਰ ਸ੍ਰਾਪ ਸਾਚ ਹੀ ਲਹੈਂ'॥੧੩॥

ਦਿੱਲੀ ਨਗਰ ਦੀ ਸਾਰੀ ਸੰਗਤ, ਆਪਸ ਵਿਚ ਮਿਲ ਕੇ ਇਸ ਤਰ੍ਹਾਂ ਉਚਾਰਨ ਕਰਦੇ ਸਨ, "ਸ੍ਰੀ ਰਾਮਰਾਇ ਵੀ ਸੰਤਾਨ ਤੋਂ ਬਗੈਰ ਰਹੇਗਾ, ਇਹ ਗੁਰੂ ਜੀ ਦਾ ਸਰਾਪ ਵੀ ਸੱਚਾ ਹੀ ਹੋਵੇਗਾ"॥੧੩॥

ਜਾਇ ਪੌਰ ਪਰ ਨਮੋਂ ਕਰੰਤੇ। ਲੇ ਲੇ ਸੁਧਿ ਨਿਜ ਧਾਮ ਸਿਧੰਤੇ।
ਚੇਤ ਮਾਸ ਪਾਛਿਲਿ ਪਖ ਮਾਂਹੀ। ਗਏ ਪੰਚਮੀ ਕੋ ਗੁਰ ਤਾਂਹੀਂ॥ ੧੪॥

ਦਰਵਾਜ਼ੇ 'ਤੇ ਜਾ ਕੇ ਨਮਸਕਾਰ ਕਰਦੇ ਸਨ ਤੇ ਖ਼ਬਰ ਲੈ ਲੈ ਕੇ ਆਪਣੇ ਘਰਾਂ ਨੂੰ ਚਲੇ ਜਾਂਦੇ ਸਨ। ਚੇਤ ਮਹੀਨੇ ਦੇ ਪਿਛਲੇ ਪੱਖ ਵਿਚ ਪੰਚਮੀਂ ਵਾਲੇ ਦਿਨ ਗੁਰੂ ਜੀ ਉਥੇ ਗਏ॥੧੪॥

ਖਿਦਤ ਸੀਤਲਾ ਦਿਨ ਸ਼ਸ਼ਟੀ ਕੋ। ਛੋਟ ਬਡੀ ਬਿਸਫੋਟ ਭਰੀ ਕੋ।
ਦਿਵਸ ਤ੍ਰੋਦਸੀ ਲੋ ਭਰਿ ਆਈ। ਸੇਵਹਿਂ ਦਾਸ ਨਿਕਟ ਜੇ ਜਾਈ॥ ੧੫॥

ਛੱਟ ਵਾਲੇ ਦਿਨ ਸੀਤਲਾ ਪ੍ਰਗਟ ਹੋਈ, ਛੋਟੇ ਵੱਡੇ ਛਾਲੇ ਨਿਕਲ ਆਏ। ਤ੍ਰੋਦਸੀ ਤਕ ਸਾਰੇ ਛਾਲੇ ਭਰ ਗਏ, ਜਿਹੜੇ ਦਾਸ ਨੇੜੇ ਜਾਂਦੇ ਸਨ, ਉਹ ਸੇਵਾ ਕਰਦੇ ਸਨ॥੧੫॥

ਹੋਤਿ ਅਚੰਭੇ ਗਤਿ ਪਿਖਿ ਮਨ ਕੀ। 'ਹੇ ਗੁਰ! ਕਹਾਂ ਦਿਸ਼ਾ ਕਿਯ ਤਨ ਕੀ।
ਦੁਖ ਸੁਖ ਸਭਿਹਿਨ ਕੋ ਤੁਮ ਹਾਥ। ਸਭਿ ਪ੍ਰਕਾਰ ਸਮਰਥ ਜਗਨਾਥ!' ॥੧੬॥

ਮਨ ਦੀ ਗਤੀ ਵੇਖ ਕੇ ਬਹੁਤ ਹੈਰਾਨ ਹੁੰਦੇ ਸਨ, "ਹੇ ਗੁਰੂ ਜੀ! ਇਹ ਸਰੀਰ ਦੀ ਕੀ ਹਾਲਤ ਬਣਾਈ ਹੈ। ਦੁਖ ਸੁਖ ਸਭ ਤੁਹਾਡੇ ਹੱਥ ਵਿਚ ਹੈ। ਆਪ ਜਗਤ ਦੇ ਮਾਲਕ ਸਭ ਪ੍ਰਕਾਰ ਸਮਰੱਥ ਹੋ" ॥੧੬॥

ਮਾਤ ਜਾਇ ਅਵਲੋਕਨਿ ਕਰੈ। ਲਖਹਿ ਗੁਰੂ ਗਤਿ ਚਿੰਤਾ ਧਰੈ।
ਇਕ ਪੁੱਤ੍ਰਾ ਪੁਨ ਬਾਲਿਕ ਸੋਇ। ਆਗੈ ਸੰਤਤਿ ਭਈ ਨ ਕੋਇ॥ ੧੭॥

ਮਾਤਾ ਜੀ ਜਾ ਕੇ ਵੇਖਦੇ ਸਨ, ਗੁਰੂ ਜੀ ਦੀ ਹਾਲਤ ਵੇਖ ਕੇ ਬਹੁਤ ਚਿੰਤਾ ਧਾਰਨ ਕਰਦੇ ਸਨ। ਇਕ ਪੁੱਤਰ ਹੈ, ਉਹ ਵੀ ਬਾਲਕ ਹੈ, ਅੱਗੇ ਕੋਈ ਸੰਤਾਨ ਵੀ ਨਹੀਂ ਹੋਈ ਹੈ॥੧੭॥

ਦੇਖਿ ਦੇਖਿ ਦੁਖ ਪਾਇ ਬਿਚਾਰੀ। ਅਧਿਕ ਬਿਸੂਰਤਿ ਸੰਸੈ ਧਾਰੀ।
'ਹੇ ਸੁਤ! ਕਜੌਂ ਨ ਬਨਹੁ ਅਹਿਲਾਦੀ। ਤੁਮ ਬੈਠੇ ਸ਼੍ਰੀ ਨਾਨਕ ਗਾਦੀ॥੧੮॥

ਵੇਖ-ਵੇਖ ਕੇ ਮਾਤਾ ਜੀ ਦੁਖ ਪਾਉਂਦੇ ਸਨ, ਬਹੁਤ ਦੁਖੀ ਹੋ ਕੇ ਸੰਸਾ ਧਾਰਨ ਕਰਦੇ ਸਨ। "ਹੇ ਪੁੱਤਰ! ਕਿਉਂ ਪ੍ਰਸੰਨ ਨਹੀਂ ਹੁੰਦੇ ਹੋ, ਤੁਸੀਂ ਗੁਰੂ ਨਾਨਕ ਦੇਵ ਜੀ ਦੀ ਗੱਦੀ 'ਤੇ ਬੈਠੇ ਹੋ॥੧੮॥

ਕਜਾ ਇਹ ਦਸ਼ਾ ਅਰੰਭਨਿ ਕੀਨਿ। ਸਤਿਗੁਰ ਕੋ ਘਰ ਅਨੰਦ ਬਿਹੀਨ।
ਆਪ ਅਲੰਬ ਸੰਗਤਾ ਕੇਰੀ। ਚਹੁੰਦਿਸਿ ਕੀ ਚਲਿ ਆਇ ਘਨੇਰੀ॥ ੧੯॥

ਕੀ ਇਹ ਦਸ਼ਾ ਅਰੰਭ ਕੀਤੀ ਹੈ, ਸਤਿਗੁਰੂ ਜੀ ਦਾ ਘਰ ਅਨੰਦ ਰਹਿਤ ਹੋ ਗਿਆ ਹੈ। ਆਪ ਸੰਗਤਾਂ ਦਾ ਆਸਰਾ ਹੋ। ਚਾਰੇ ਪਾਸਿਆਂ ਤੋਂ ਸੰਗਤ ਚਲ ਕੇ ਆਉਂਦੀ ਹੈ॥੧੯॥

ਸਭਿ ਬਿਧਿ ਕੀ ਜਾਚਤਿ ਹੈਂ ਛੇਮ। ਦੇਤਿ ਆਪ ਜਿਹ ਸ਼ਰਧਾ ਨੇਮ।
ਨਿਜ ਤਨ ਦਿਸ਼ਿ ਕਜੌਂ ਦੇਖਤਿ ਨਾਂਹੀ। ਅਜਹੂੰ ਬਾਲ ਆਰਬਲ ਮਾਂਹੀ॥੨੦॥

ਸਭ ਵਿਧੀਆਂ ਦੀ ਮੁਕਤੀ ਮੰਗਦੇ ਹਨ। ਇਹ ਆਪ ਜੀ ਦਾ ਨੇਮ ਹੈ, ਜਿਸ ਨੂੰ ਸ਼ਰਧਾ ਹੈ ਆਪ ਉਸ ਨੂੰ ਮੁਕਤੀ ਦਿੰਦੇ ਹੋ। ਆਪਣੇ ਸਰੀਰ ਵਲ ਕਿਉਂ ਨਹੀਂ ਵੇਖਦੇ ਹੋ, ਹਾਲੇ ਬਾਲ ਉਮਰ ਹੈ॥੨੦॥

ਪੂਰਬ ਤੇ ਬੈਠਤਿ ਚਲਿ ਆਈ। ਲਾਇਕ ਬਨੇ ਪਾਇ ਗੁਰਿਆਈ।
ਅਸ ਨਹਿਂ ਕਰਹੁ, ਮਿਟਹਿ ਗੁਰ ਗਾਦੀ। ਸੋਢੀ ਸਭਿ ਸ਼ਰੀਕ ਸੋ ਬਾਦੀ॥੨੧॥

ਗੁਰੂ ਤੋਂ ਇਹ ਰੀਤ ਚਲੀ ਆਈ ਹੈ ਕਿ ਜਿਹੜਾ ਇਸ ਦੇ ਯੋਗ ਹੈ ਉਹ ਗੱਦੀ ਪ੍ਰਾਪਤ ਕਰੇਗਾ। ਤੁਸੀਂ ਬਚਪਨ ਵਿਚ ਹੀ ਲਾਇਕ ਹੋ ਕੇ ਗੁਰਿਆਈ ਪਾਈ ਹੈ। ਇਸ ਤਰ੍ਹਾਂ ਨਾ ਕਰੋ ਗੁਰਗੱਦੀ ਖ਼ਤਮ ਹੋ ਜਾਵੇਗੀ। ਸਭ ਸੋਢੀ ਸਰੀਰ ਝਗੜਾਲੂ ਹਨ॥੨੧॥

ਤਿਨ ਕੋ ਤਜਿ ਤੁਮਰੇ ਘਰ ਆਈ। ਕਰਹੁ ਜੋਗਤਾ ਜੀਵਨ ਪਾਈ'।
ਦੇਖਿ ਸ਼ਰੀਰ ਮਾਤ ਇਮ ਕਹੈ। ਭਈ ਦੀਨ ਉਰ ਝੁਰਤਿ ਅਹੈ॥ ੨੨॥

ਉਨ੍ਹਾਂ ਨੂੰ ਛੱਡ ਕੇ ਤੁਹਾਡੇ ਘਰ ਆਈ ਹੈ, ਆਪਣਾ ਜੀਵਨ ਪਾ ਕੇ ਭਾਵ ਜੀਊਂਦੇ ਰਹਿ ਕੇ ਯੋਗਤਾ ਨਾਲ ਗੁਰਿਆਈ ਕਰੋ।'' ਗੁਰੂ ਜੀ ਦੇ ਸਰੀਰ ਵਲ ਵੇਖ ਕੇ ਇਸ ਤਰ੍ਹਾਂ ਕਹਿੰਦੇ ਸਨ, ਬਹੁਤ ਦੀਨ ਹੋ ਕੇ ਤੇ ਹਿਰਦੇ ਵਿਚ ਝੁਰਦੇ ਸਨ॥੨੨॥

ਸੁਨਿ ਕਰਿ ਸ੍ਰੀ ਹਰਿਕ੍ਰਿਸ਼ਨ ਕ੍ਰਿਪਾਲਾ। ਦੇ ਜਨਨੀ ਕੋ ਧੀਰ ਬਿਸਾਲਾ।
'ਰਚੀ ਬਿਧਾਤੇ ਹੋਨੀ ਸੋਇ। ਮਿਟੈ ਨ ਕਰੇ ਉਪਾਇ ਜਿ ਕੋਇ॥ ੨੩॥

ਇਹ ਸੁਣ ਕੇ ਕ੍ਰਿਪਾਲੂ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੇ ਆਪਣੀ ਮਾਤਾ ਜੀ ਨੂੰ ਬਹੁਤ ਧੀਰਜ ਦਿੱਤਾ, ''ਜੋ ਵਿਧਾਤਾ ਨੇ ਰਚਿਆ ਹੈ, ਉਸ ਤਰ੍ਹਾਂ ਹੀ ਹੋਣਾ ਹੈ। ਭਾਵੇਂ ਕੋਈ ਕਿੰਨਾ ਵੀ ਯਤਨ ਕਰ ਲਵੇ, ਜੋ ਹੋਣਾ ਹੈ, ਹੋ ਕੇ ਰਹਿਣਾ ਹੈ॥੨੩॥

ਜੇ ਨਹਿੰ ਹੋਨੀ, ਬਨਹਿ ਸੁ ਨਾਂਹੀ। ਕਰਹਿ ਸ ਜਤਨ ਸਕਲ ਬਲ ਮਾਂਹੀ।
ਸਾਚੀ ਸ੍ਰੀ ਨਾਨਕ ਕੀ ਗਾਦੀ। ਸੰਗਤਿ ਬਿਖੈ ਸਦੀਵ ਅਬਾਦੀ॥ ੨੪॥

ਜੇ ਨਾ ਹੋਣੀ ਹੋਵੇ ਤਾਂ ਉਹ ਬਣਦੀ ਹੀ ਨਹੀਂ ਹੈ, ਚਾਹੇ ਸਾਰੀ ਸ਼ਕਤੀ ਲਾ ਕੇ ਕੋਈ ਯਤਨ ਕਰੇ। ਗੁਰੂ ਨਾਨਕ ਦੇਵ ਜੀ ਦੀ ਗੱਦੀ ਸੱਚੀ ਹੈ। ਸੰਗਤ ਵਿਚ ਇਹ ਸਦਾ ਆਬਾਦ ਰਹੇਗੀ॥੨੪॥

ਅਬਚਲ ਨੀਵ ਅਹੈ ਗੁਰ ਕੇਰੀ। ਰਹੈ ਸਦਾ ਦਿਢ ਸੁਖਦ ਬਡੇਰੀ।
ਤੂੰ ਮਮ ਮਾਤ ਨ ਇਮ ਬਨਿ ਆਵੈ। ਸਮ ਅਪਰਨਿ ਕੇ ਮੋਹ ਉਪਾਵੈਂ॥੨੫॥

ਗੁਰੂ ਜੀ ਦੀ ਨੀਵ ਅਬਚਲ ਹੈ, ਇਹ ਸਦਾ ਵੱਡੀ ਸੁਖਦਾਈ ਦ੍ਰਿੜ੍ਹ ਰਹੇਗੀ। ਤੁਸੀਂ ਮੇਰੇ ਮਾਤਾ ਜੀ ਹੋ, ਤੁਹਾਨੂੰ ਇਸ ਤਰ੍ਹਾਂ ਕਰਨਾ ਨਹੀਂ ਬਣਦਾ। ਹੋਰਨਾਂ ਲੋਕਾਂ ਵਾਂਗ ਤੁਸੀਂ ਮੋਹ ਕਰਦੇ ਹੋ॥੨੫॥

ਪ੍ਰਭੁ ਮਰਜ਼ੀ ਮਹਿਂ ਰਹੁ ਨਿਤ ਰਾਜ਼ੀ। ਜਗ ਰਚਨਾ ਜਾਨਹੁ ਅਸ ਪਾਜ਼ੀ।
ਥਿਰ ਨ ਰਹੈ ਨਿਤ ਬਿਨਸਨਹਾਰੀ। ਇਸ ਮਹਿਂ ਪ੍ਰੀਤਿ ਸੁਮਤਿ ਨਹਿਂ ਧਾਰੀ॥੨੬॥

ਸਦਾ ਹੀ ਪ੍ਰਭੂ ਦੀ ਮਰਜ਼ੀ ਵਿਚ ਰਾਜ਼ੀ ਰਹੋ, ਇਹ ਜਗ ਰਚਨਾ ਸਾਰੀ ਝੂਠੀ ਜਾਣੋ। ਇਹ ਸਥਿਰ ਨਹੀਂ ਹੈ, ਸਦਾ ਹੀ ਨਾਸ਼ ਹੋਣ ਯੋਗ ਹੈ। ਸ੍ਰੇਸ਼ਟ ਬੁੱਧੀ ਵਾਲਾ ਮਨੁੱਖ ਇਸ ਨਾਲ ਪ੍ਰੀਤ ਨਹੀਂ ਪਾਉਂਦਾ॥੨੬॥

ਹਰਿਚੰਦੌਰੀ, ਜਿਮ ਘਨ ਛਾਯਾ। ਸੁਪਨਾ, ਜਿਮ ਬਾਜ਼ੀਗਰ ਮਾਯਾ।
ਇਨਹਿਂ ਸਾਚ ਲਖਿ ਕਰਿ ਦ੍ਰਿਢ ਗਹੈ। ਕਹਾਂ ਸੁ ਪਾਨੀ ਨਿਜ ਕਰ ਲਹੈ॥੨੭॥

ਗੰਧਰਬ ਨਗਰੀ (ਅਕਾਸ਼ ਦੀ ਇਕ ਕਲਪਤ ਨਗਰੀ) ਜਿਵੇਂ ਬਦਲਾਂ ਦੀ ਛਾਂ ਹੈ, ਇਕ ਸੁਪਨਾ ਹੈ ਜਿਵੇਂ ਬਾਜ਼ੀਗਰ ਦੀ ਮਾਇਆ ਹੈ। ਇਨ੍ਹਾਂ ਨੂੰ ਸਚਾ ਜਾਣ ਕੇ ਦ੍ਰਿੜ੍ਹਤਾ ਫੜਦਾ ਹੈ, ਉਹ ਪਾਣੀ ਨੂੰ ਕਿਵੇਂ ਆਪਣੇ ਹੱਥਾਂ ਨਾਲ ਪ੍ਰਾਪਤ ਕਰ ਸਕਦਾ ਹੈ॥੨੭॥

ਬਿਨਸਹਿ ਕੋ ਆਗੈ ਕੋ ਪਾਛੈ। ਇਸ ਮਹਿਂ ਮੂਰਖ ਥਿਰਤਾ ਬਾਂਛੈ।
ਚਲਯੋ ਜਾਤਿ ਜਿਮ ਨਦੀ ਪ੍ਰਵਾਹੂ। ਭਰਯੋ ਰਹਹਿ ਦਿਖਿਯਤਿ ਬਿਧ ਤਾਹੂ॥੨੮॥

ਸਭ ਨੇ ਖ਼ਤਮ ਹੋ ਜਾਣਾ ਹੈ, ਕੋਈ ਪਹਿਲਾਂ ਹੋ ਜਾਵੇਗਾ, ਕੋਈ ਬਾਅਦ ਵਿਚ ਚਲਾ ਜਾਵੇਗਾ। ਮੂਰਖ ਇਸ ਵਿਚ ਸਥਿਰਤਾ ਚਾਹੁੰਦੇ ਹਨ। ਇਹ ਤਾਂ ਇਸ ਤਰ੍ਹਾਂ ਚਲਿਆ ਜਾਂਦਾ ਹੈ, ਜਿਵੇਂ ਨਦੀ ਦਾ ਪ੍ਰਵਾਹ ਹੈ। ਸਦਾ ਭਰਿਆ ਰਹਿਣ ਕਰਕੇ ਉਸ ਤਰ੍ਹਾਂ ਦਿਖਾਈ ਦਿੰਦਾ ਹੈ॥੨੮॥

ਉਪਜਨਿ ਬਿਨਸਨਿ ਕਾਰ ਹਮੇਸ਼। ਸਭਿ ਕੇ ਸੀਸ ਠਟੀ ਜਗਤੇਸ਼।
ਇਮ ਬਿਚਾਰ ਕਰਿ ਧੀਰਜ ਧਾਰਹੁ। ਪ੍ਰਭੁ ਕ੍ਰਿਤ ਸਮੁਝਿ ਸ਼ੋਕ ਨਿਰਵਾਰਹੁ ॥੨੯॥

ਪੈਦਾ ਹੋਣਾ, ਮਰਨਾ ਸਦਾ ਦਾ ਕਾਰਜ ਹੈ, ਜਗਤ ਦੇ ਮਾਲਕ ਨੇ ਸਾਰਿਆਂ ਦੇ ਸਿਰ ਉੱਤੇ ਧਾਰਨ ਕੀਤਾ ਹੈ। ਇਸ ਤਰ੍ਹਾਂ ਵਿਚਾਰ ਕੇ ਧੀਰਜ ਧਾਰੋ, ਪ੍ਰਭੂ ਕ੍ਰਿਤ ਸਮਝ ਦੁੱਖ ਦੂਰ ਕਰੋ" ॥੨੯॥

ਸੁਨਤਿ ਪੁੱਤ੍ਰ ਕੇ ਬਾਕਨਿ ਮਾਤਾ। ਚਖਿ ਜਲਜਾਤਨ ਤੇ ਜਲ ਜਾਤਾ।
ਤੂਸ਼ਨਿ ਭਈ ਨ ਬੋਲੀ ਫੇਰ। ਹੇਰਤਿ ਸੁਤ ਤਨ ਸੋਚ ਬਡੇਰ॥ ੩੦॥

ਪੁੱਤਰ ਦੇ ਇਹ ਬਚਨ ਸੁਣ ਕੇ ਮਾਤਾ ਜੀ ਦੇ ਕੰਵਲ ਨੈਣਾਂ ਵਿਚੋਂ ਪਾਣੀ ਚਲਿਆ ਜਾ ਰਿਹਾ ਹੈ। ਪੁੱਤਰ ਦੇ ਸਰੀਰ ਨੂੰ ਵੇਖ ਕੇ ਵੱਡੀਆਂ ਸੋਚਾਂ ਵਿਚ ਪੈ ਗਈ॥੩੦॥

ਔਰੰਗ ਕੋ ਨਰ ਸੁਧਿ ਕੋ ਆਵੈ। ਬਹੁਰ ਜਾਇ ਅਹਿਵਾਲ ਸੁਨਾਵੈ।
'ਅਧਿਕ ਸੀਤਲਾ ਕੇ ਬਿਸਫੋਟ। ਪਿਲਪਿਲ ਕਰਤਿ ਬਡੇ ਕੋ ਛੋਟ' ॥ ੩੧॥

ਨੌਰੰਗੇ ਦੇ ਮਨੁੱਖ ਖ਼ਬਰ ਲੈਣ ਆਉਂਦੇ ਸਨ, ਫਿਰ ਜਾ ਕੇ ਉਸ ਨੂੰ ਹਾਲ ਸੁਣਾਉਂਦੇ ਸਨ, "ਸੀਤਲਾ ਦੇ ਛਾਲੇ ਵੱਡੀ ਗਿਣਤੀ ਵਿਚ ਹਨ, ਵੱਡੇ ਛੋਟੇ ਸਾਰੇ ਪਿਲਪਿਲ ਕਰਦੇ ਹਨ" ॥੩੧॥

ਸੁਨਤਿ ਸ਼ਾਹੁ ਨਿਸਚੈ ਮਨ ਜਾਨਾ। ਬਿਨਸਹਿ ਤਨ ਜਿਮ ਸ੍ਰਾਪ ਬਖਾਨਾ।
ਕਹਜੋ ਨ ਬਿਰਥਾ ਇਨ ਕੋ ਜਾਤਿ। ਪਰਖਜੋ ਕਈ ਬਾਰ ਸਭਿ ਭਾਂਤਿ॥ ੩੨॥

ਇਹ ਸੁਣ ਕੇ ਬਾਦਸ਼ਾਹ ਨੇ ਨਿਸ਼ਚੇ ਨਾਲ ਜਾਣਿਆ, ਜਿਵੇਂ ਸਰਾਪ ਦਿੱਤਾ ਹੈ, ਉਸ ਤਰ੍ਹਾਂ ਹੀ ਇਨ੍ਹਾਂ ਦਾ ਸਰੀਰ ਖ਼ਤਮ ਹੋ ਜਾਣਾ ਹੈ। ਇਨ੍ਹਾਂ ਦਾ ਕਿਹਾ ਵਿਅਰਥ ਨਹੀਂ ਜਾਂਦਾ। ਕਈ ਵਾਰ ਸਭ ਭਾਂਤ ਪਰਖਿਆ ਹੈ॥੩੨॥

ਅਪਨਿ ਸਭਾ ਮਹਿਂ ਕੇਤਿਕ ਬਾਰਾ। ਗੁਰ ਪ੍ਰਸੰਗ ਕੋ ਬਦਨ ਉਚਾਰਾ।
ਜੈ ਪੁਰਿ ਨਾਥ ਸਾਥ ਬਹੁ ਬਾਰੀ। ਬੂਝਿ ਬਾਰਤਾ ਕਰਤਿ ਉਚਾਰੀ॥ ੩੩॥

ਆਪਣੀ ਸਭਾ ਵਿਚ ਕਈ ਵਾਰ, ਗੁਰੂ ਪ੍ਰਸੰਗ ਨੂੰ ਮੁੱਖ ਨਾਲ ਉਚਾਰਨ ਕੀਤਾ ਹੈ। ਜੈਪੁਰ ਦੇ ਰਾਜੇ ਨਾਲ ਬਹੁਤ ਵਾਰ ਪੁੱਛ ਕੇ ਵਾਰਤਾ ਉਚਾਰਨ ਕੀਤੀ ਹੈ॥੩੩॥

ਬ੍ਰਿੰਦ ਮਸੰਦ ਬਿਲੰਦ ਸਚਿੰਤ। ਮਿਲਿ ਮਿਲਿ ਬਹੁ ਬਿਚਾਰ ਬਿਰਤੰਤ॥
ਗੁਰਤਾ ਗਾਦੀ ਨਹਿਂ ਮਿਟਿ ਜਾਇ। ਹਮ ਅਲੰਬ ਜਿਸ ਕੇ ਸਮੁਦਾਇ॥ ੩੪॥

ਬਹੁਤ ਮਸੰਦ ਵੱਡੀ ਚਿੰਤਾ ਸਹਿਤ ਸਨ, ਮਿਲ ਮਿਲ ਕੇ ਬਹੁਤ ਵਿਚਾਰ ਕਰਦੇ ਸਨ। ਕਿਤੇ ਗੁਰਤਾ ਗੱਦੀ ਹੀ ਨਾ ਖ਼ਤਮ ਹੋ ਜਾਵੇ, ਅਸੀਂ ਸਾਰੇ ਜਿਸ ਦੇ ਆਸਰੇ ਜੀਉਂਦੇ ਹਾਂ॥੩੪॥

ਸੰਗਤਿ ਮਿਲਹਿ ਸੁਨਤਿ ਪਛੁਤਾਵਹਿ। ਹਮ ਕਿਸ ਕੇ ਪੁਨ ਦਰਸ਼ਨ ਪਾਵਹਿਂ।
ਸਕਲ ਕਾਮਨਾ ਸਿੱਖਜਨਿ ਦਾਨੀ। ਜੋ ਜਾਚਹਿ ਸਭਿ ਪੂਰਨਿ ਠਾਨੀ॥ ੩੫॥

ਸੰਗਤ ਮਿਲ ਕੇ ਤੇ ਸੁਣ ਕੇ ਪਛੁਤਾਉਂਦੀ ਸੀ, ਅਸੀਂ ਫਿਰ ਕਿਸ ਦੇ ਦਰਸ਼ਨ ਕਰਾਂਗੇ। ਸਿੱਖਾਂ ਦੀਆਂ ਸਾਰੀਆਂ ਕਾਮਨਾਵਾਂ ਪੂਰੀਆਂ ਕਰਦੇ ਸਨ। ਜੋ ਮੰਗਦੇ ਸਨ, ਸਭ ਆਸਾਂ ਪੂਰੀਆਂ ਹੋ ਜਾਂਦੀਆਂ ਸਨ॥੩੫॥

ਮੰਦ ਭਾਗ ਬਹੁ ਭਏ ਹਮਾਰੇ। ਜਿਸਤੇ ਗੁਰ ਨਹਿਂ ਪਰਹਿਂ ਨਿਹਾਰੇ।
ਜਿਨ ਕੋ ਦਰਸ਼ਨ ਪਾਵਨ ਕਰੈਂ। ਜਨਮ ਅਨੇਕ ਪਾਪ ਪਰਹਰੈਂ॥ ੩੬॥

ਸਾਡੇ ਬੜੇ ਮਾੜੇ ਭਾਗ ਹੋਏ ਹਨ, ਜਿਸ ਕਰਕੇ ਗੁਰੂ ਜੀ ਦਿਖਾਈ ਨਹੀਂ ਦਿੰਦੇ ਹਨ। ਜਿਨ੍ਹਾਂ ਦੇ ਪਵਿੱਤਰ ਦਰਸ਼ਨ ਕਰਕੇ ਅਨੇਕਾਂ ਜਨਮਾਂ ਅਤੇ ਪਾਪਾਂ ਨੂੰ ਦੂਰ ਕਰਦੇ ਹਾਂ॥੩੬॥

ਇੱਤਜਾਦਿਕ ਸਭਿਹਿਨਿ ਮਹਿਂ ਰੋਰਾ। ਪੁਰਿ ਮਹਿਂ ਭਯੋ ਅਨਿਕ ਹੀ ਠੋਰਾ।
ਰਾਮਰਾਇ ਸੁਨਿ ਕੈ ਸੁਧਿ ਸਾਰੀ। ਬੁਰਾ ਭਲਾ ਨਹਿਂ ਕਰਤਿ ਉਚਾਰੀ॥ ੩੭॥

ਇਤਿਆਦਿਕ ਸਾਰਿਆਂ ਵਿਚ ਰੌਲਾ ਪੈ ਗਿਆ। ਨਗਰ ਵਿਚ ਅਨੇਕਾਂ ਥਾਵਾਂ 'ਤੇ ਇਹ ਗੱਲ ਚਲਦੀ ਸੀ। ਸ੍ਰੀ ਰਾਮਰਾਇ ਸਾਰੀ ਖ਼ਬਰ ਜਾਣ ਕੇ, ਬੁਰਾ ਭਲਾ ਉਚਾਰਨ ਨਹੀਂ ਸੀ ਕਰਦਾ॥੩੭॥

ਭ੍ਰਾਤ ਪਰਸਪਰ ਜੇ ਬਚ ਕਹੈ। ਕੋ ਸਮਰੱਥ ਹਟਾਵਨਿ ਚਹੈ।
ਸ੍ਰੀ ਨਾਨਕ ਕੀ ਜੋਤਿ ਅਪਾਰਾ। ਕੋ ਨਹਿਂ ਪਾਇ ਸਕਹਿ ਤਿਹ ਪਾਰਾ॥ ੩੮॥

ਭਰਾਵਾਂ ਆਪਸ ਵਿਚ ਜੋ ਬਚਨ ਕਹੇ ਹਨ, ਕੋਈ ਸਮਰੱਥ ਹੀ ਹਟਾ ਸਕਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜੋਤ ਅਪਾਰ ਹੈ, ਉਸ ਦਾ ਕੋਈ ਵੀ ਪਾਰਾਵਾਰ ਨਹੀਂ ਪਾ ਸਕਦਾ॥੩੮॥

ਸ੍ਰੀ ਹਰਿ ਕ੍ਰਿਸ਼ਨ ਮਹਾਂ ਸਮਰੱਥ। ਸਕਲ ਬਾਰਤਾ ਜਿਨ ਕੇ ਹੱਥ।
ਅੰਗੀਕਾਰ ਤਊ ਬਚ ਕਰਜੋ। ਜੋ ਭ੍ਰਾਤਾ ਕਰਿ ਬੈਰ ਉਚਰਜੋ॥ ੩੯॥

ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਮਹਾਂ ਸਮਰੱਥ ਹਨ, ਸਾਰੀ ਵਾਰਤਾ ਉਨ੍ਹਾਂ ਦੇ ਹੱਥ ਵਿਚ ਹੈ। ਉਨ੍ਹਾਂ ਫਿਰ ਵੀ ਉਸ ਬਚਨ ਨੂੰ ਅੰਗੀਕਾਰ ਕੀਤਾ ਹੈ, ਜਿਹੜਾ ਭਰਾ ਨੇ ਵੈਰ ਕਰਕੇ ਕਿਹਾ ਹੈ॥੩੯॥

ਬਹੁ ਕਾਰਨ ਤਿਸ ਮਹਿਂ ਮਨ ਜਾਨੇ। ਗੁਰ ਸ੍ਰੀ ਤੇਗ ਬਹਾਦਰ ਠਾਨੇ।
ਤਿਨ ਕੇ ਸੁਤ ਹ੍ਵੈ ਪੰਥ ਚਲਾਵਨਿ। ਗਨ ਤੁਰਕਨਿ ਕੀ ਜਰਾਂ ਨਸਾਵਨਿ॥ ੪੦॥

ਬਹੁਤ ਕਾਰਨ ਉਨ੍ਹਾਂ ਨੇ ਮਨ ਵਿਚ ਜਾਣੇ, ਸ੍ਰੀ ਤੇਗ਼ ਬਹਾਦਰ ਜੀ ਨੂੰ ਗੁਰੂ ਬਣਾਉਣਾ ਚਾਹੁੰਦੇ ਹਨ। ਉਨ੍ਹਾਂ ਦੇ ਪੁੱਤਰ ਨੇ ਨਵਾਂ ਪੰਥ ਚਲਾਉਣਾ ਹੈ 'ਤੇ ਸਾਰੇ ਤੁਰਕਾਂ ਦੀਆਂ ਜੜ੍ਹਾਂ ਪੁਟਣੀਆਂ ਹਨ॥੪੦॥

ਬਾਕ ਪਿਤਾਮੇ ਪਿਤ ਸਫਲਾਵੈ। ਹਮ ਤਨ ਤਜਹਿਂ ਸਕਲ ਬਨਿ ਆਵੈ।
ਗੁਰ ਸਰਬੱਗਜ ਬਿਸਾਲ ਉਦਾਰਾ। ਇੱਤਜਾਦਿਕ ਸਭਿ ਰਿਦੈ ਬਿਚਾਰਾ॥੪੧॥

ਪਿਤਾਮੇ ਪਿਤਾ ਜੀ ਦੇ ਬਚਨ ਸਫਲ ਹੋਣਗੇ, ਅਸੀਂ ਸਰੀਰ ਛੱਡੀਏ ਤਾਂ ਸਾਰਾ ਕੁਝ ਬਣ ਜਾਂਦਾ ਹੈ। ਗੁਰੂ ਜੀ ਸਰਬ-ਸਮਰੱਥ ਅਤੇ ਵਿਸ਼ਾਲ ਉੱਤਮ ਹਨ। ਇਤਿਆਦਿਕ ਸਭ ਹਿਰਦੇ ਵਿਚ ਵਿਚਾਰਿਆ ਹੈ॥੪੧॥

ਚਾਹਤਿ ਭੇ ਸਰੀਰ ਕੋ ਤਜਾਗਨਿ। ਦੇ ਕਰਿ ਦਰਸ ਸਿਖ ਅਨੁਰਾਗਨਿ।
ਕਾਰਨ ਕਰਨ ਆਪ ਸਭਿ ਜਾਨੈ। ਨਰ ਅਜਾਨ ਕਜਾ ਤਿਨਹੁਂ ਬਖਾਨੈ॥੪੨॥

ਗੁਰੂ ਜੀ ਸਰੀਰ ਨੂੰ ਛੱਡਣਾ ਚਾਹੁੰਦੇ ਸਨ, ਦਰਸ਼ਨ ਦੇ ਕੇ ਸਿੱਖਾਂ ਨੂੰ ਪ੍ਰੇਮ ਕਰਨਾ ਚਾਹੁੰਦੇ ਸਨ। ਕਰਨ ਕਾਰਨ ਆਪ ਸਭ ਕੁਝ ਜਾਣਦੇ ਸਨ। ਅੰਜਾਣ ਮਨੁੱਖ ਉਨ੍ਹਾਂ ਬਾਰੇ ਕੀ ਕਹਿ ਸਕਦਾ ਸੀ॥੪੨॥

ਦਸਵੀਂ ਰਾਸ ਦਾ ਪੰਜਾਹਵਾਂ ਅਧਿਆਇ ਸਮਾਪਤ ਹੋਇਆ॥੫੦॥

❖❖❖

# ਅਧਿਆਇ ਇਕਵੰਞਵਾਂ

## ਸੰਗਤਾਂ ਨੂੰ ਉਪਦੇਸ਼

ਦੋਹਰਾ- ਚੇਤ ਚਤੁਰਦਸਮੀ ਭਈ ਚਾਹਤਿ ਭੇ ਪਰਲੋਕ।
ਬਜਾਕੁਲ ਤਨ ਕੀ ਦਸ਼ਾ ਬਹੁ ਦੇਖਤਿ ਦਾਸ ਸਸ਼ੋਕ॥ ੧॥

ਚੇਤ ਮਹੀਨੇ ਦੀ ਚੌਦਸ ਆ ਗਈ, ਗੁਰੂ ਜੀ ਪਰਲੋਕ ਜਾਣਾ ਚਾਹੁੰਦੇ ਸਨ। ਸਰੀਰ ਦੀ ਹਾਲਤ ਬਹੁਤ ਵਿਆਕੁਲ ਹੋ ਗਈ। ਸੇਵਕ ਵੇਖ ਵੇਖ ਦੁਖੀ ਹੋ ਰਹੇ ਸਨ॥੧॥

ਚੌਪਈ- ਸੇਵਾ ਹੇਤੁ ਦਾਸ ਜੋ ਨੇਰੇ। ਨੇਤ੍ਰ ਉਘਾਰਿ ਤਿਨਹੁਂ ਦਿਸ਼ਿ ਹੇਰੇ।
ਕਰਜੋ ਹੁਕਮ 'ਹਮ ਚਲਹਿਂ ਪ੍ਰਲੋਕ। ਜੇ ਦਰਸ਼ਨ ਕਾਂਖੀ ਸਭਿ ਲੋਕ॥੨॥

ਸੇਵਾ ਵਾਸਤੇ ਜਿਹੜੇ ਸੇਵਕ ਨੇੜੇ ਸਨ, ਉਨ੍ਹਾਂ ਵੱਲ ਅੱਖਾਂ ਖੋਲ੍ਹ ਕੇ ਵੇਖਿਆ। ਉਨ੍ਹਾਂ ਨੂੰ ਹੁਕਮ ਕੀਤਾ, "ਅਸੀਂ ਪਰਲੋਕ ਚਲੇ ਹਾਂ। ਜੋ ਸਭ ਲੋਕ ਦਰਸ਼ਨ ਚਾਹੁੰਦੇ ਹਨ॥੨॥

ਹੈ ਮਸੰਦ ਗੁਰਬਖਸ਼ ਸਿ ਮਾਲਾ। ਦਿੱਲੀ ਨਗਰ ਬਿਖੈ ਸਭਿ ਕਾਲਾ।
ਤਿਸ ਤੇ ਆਦਿਕ ਅਪਰ ਜਿ ਅਹੈਂ। ਅਰੁ ਸਿਖ ਸੰਗਤਿ ਦਰਸ ਜਿ ਚਹੈਂ॥੩॥

ਜਿਹੜਾ ਗੁਰਬਖਸ਼ ਮੱਲ ਮਸੰਦ ਹੈ, ਜਿਹੜਾ ਸਾਰਾ ਸਮਾਂ ਦਿੱਲੀ ਵਿਚ ਰਹਿੰਦਾ ਹੈ, ਉਸ ਤੋਂ ਉਪਰੰਤ ਹੋਰ ਜਿਹੜੇ ਸਿੱਖ ਹਨ ਅਤੇ ਸਿੱਖ ਸੰਗਤ ਜਿਹੜੀ ਦਰਸ਼ਨ ਕਰਨਾ ਚਾਹੁੰਦੀ ਹੈ॥੩॥

ਤਿਨ ਸਭਿਹਿਨਿ ਕੋ ਆਨਿ ਹਕਾਰਿ। ਪਾਵਹਿਂ ਦਰਸ ਆਨਿ ਦਰਬਾਰ।
ਸੁਨਤਿ ਬਿਲੋਚਨ ਦਾਸਨਿ ਭਰੇ। ਤਤਛਿਨ ਅੱਸ਼੍ਰ ਬੂੰਦ ਗਿਰ ਪਰੇ॥੪॥

ਉਨ੍ਹਾਂ ਸਭ ਨੂੰ ਬੁਲਾ ਲਿਆਵੋ, ਉਹ ਦਰਬਾਰ ਵਿਚ ਆ ਕੇ ਦਰਸ਼ਨ ਕਰ ਲੈਣ।" ਇਹ ਸੁਣ ਕੇ ਸੇਵਕਾਂ ਦੇ ਨੈਣ ਭਰ ਆਏ ਅਤੇ ਹੰਝੂਆਂ ਦੀਆਂ ਬੂੰਦਾਂ ਧਰਤੀ ਉੱਤੇ ਡਿੱਗ ਪਈਆਂ॥੪॥

ਮਾਤਾ ਆਦਿਕ ਸਭਿਨਿ ਸੁਨਾਇ। ਸਮਦਾਇਨਿ ਕੋ ਸ਼ੋਕ ਉਪਾਇ।
ਪੁਨ ਗੁਰਬਖਸ਼ ਹਕਾਰਨਿ ਕਰਜੋ। ਸੁਨਿ ਕਰਿ ਨੇਤ੍ਰਨਿ ਮਹਿਂ ਜਲ ਭਰਜੋ॥੫॥

ਮਾਤਾ ਜੀ ਆਦਿ ਸਭ ਨੂੰ ਸੁਣਾ ਕੇ, ਸਾਰਿਆਂ ਨੇ ਬੜਾ ਦੁੱਖ ਪਾਇਆ। ਫਿਰ ਗੁਰਬਖਸ਼ ਮਸੰਦ ਨੂੰ ਬੁਲਾਇਆ। ਉਸ ਨੇ ਵੀ ਸੁਣ ਕੇ ਨੇਤਰਾਂ ਵਿਚ ਜਲ ਭਰ ਲਿਆ॥੫॥

ਅਪਰ ਸਿੱਖ ਸੰਗਤਿ ਬੁਲਿਵਾਏ। ਦਰਸ਼ਨ ਕੇ ਕਾਰਨ ਚਲਿ ਆਏ।
ਰਿਦੇ ਬਿਸੂਰਤਿ ਮੁਖ ਮੁਰਝਾਏ। ਤੂਸ਼ਨਿ ਠਾਨਿ ਪਹੁਚਿ ਤਿਸ ਥਾਏਂ॥੬॥

ਹੋਰ ਸਿੱਖ ਸੰਗਤ ਨੂੰ ਵੀ ਬੁਲਵਾਇਆ। ਸਾਰੇ ਦਰਸ਼ਨ ਕਰਨ ਵਾਸਤੇ ਚਲ ਕੇ ਆ ਗਏ। ਹਿਰਦੇ ਬਹੁਤ ਦੁਖੀ ਸਨ ਤੇ ਚਿਹਰੇ ਮੁਰਝਾਏ ਹੋਏ ਸਨ। ਉਹ ਚੁੱਪ ਧਾਰ ਕੇ ਉਸ ਥਾਂ ਪਹੁੰਚ ਗਏ॥੬॥

ਜੈ ਸਿੰਘ ਆਦਿ ਅਪਰ ਨਰ ਘਨੇ। ਉਤਲਾਵਤਿ ਚਿਤ ਚਿੰਤਾ ਸਨੇ।
ਸਕਲ ਆਨਿ ਪਹੁਚੇ ਜਬਿ ਪੌਰ। ਭਈ ਭੀਰ ਥਿਰ ਭੇ ਤਿਸ ਠੌਰ॥੭॥

ਰਾਜਾ ਜੈ ਸਿੰਘ ਆਦਿ ਹੋਰ ਬਹੁਤ ਮਨੁੱਖ, ਚਿਤ ਵਿਚ ਚਿੰਤਾ ਸਟੇ ਬੜੇ ਉਤਾਵਲੇ ਸਨ। ਜਦ ਸਾਰੇ ਹੀ ਦਰਵਾਜੇ 'ਤੇ ਆ ਪਹੁੰਚੇ ਤਾਂ ਉਸ ਥਾਂ ਬਹੁਤ ਵੱਡੀ ਭੀੜ ਲੱਗ ਗਈ॥੭॥

ਅੰਤਰ ਸਤਿਗੁਰ ਨਿਕਟਿ ਜਨਾਯਹੁ। 'ਸੁਨਿ ਸੁਧਿ ਜੈ ਪੁਰਿ ਕੋ ਪਤਿ ਆਯਹੁ।
ਬ੍ਰਿੰਦ ਮਸੰਦ ਸੰਗਤਾਂ ਸਾਰੀ। ਆਨ ਖਿਰੀ ਸਭਿ ਪੌਰ ਅਗਾਰੀ' ॥ ੮॥

ਅੰਦਰ ਸਤਿਗੁਰੂ ਜੀ ਪਾਸ ਸੁਣਾਇਆ, ''ਖ਼ਬਰ ਸੁਣ ਕੇ ਜੈਪੁਰ ਦਾ ਰਾਜਾ ਆਇਆ ਹੈ। ਬਹੁਤ ਮਸੰਦ ਤੇ ਸਾਰੀ ਸੰਗਤ ਆ ਕੇ ਦਰਵਾਜ਼ੇ ਅੱਗੇ ਖੜੀ ਹੋ ਗਈ ਹੈ''॥੮॥

ਸੁਨਿ ਕਰਿ ਸ੍ਰੀ ਹਰਿ ਕ੍ਰਿਸ਼ਨ ਉਚਾਰਾ। 'ਫਰਸ਼ ਡਸਾਵਹੁ ਬਿਬਿਧਿ ਪ੍ਰਕਾਰਾ।
ਆਨਿ ਸਭਿਨਿ ਕੋ ਦੇਹੁ ਬਿਠਾਇ। ਦਰਸ਼ਨ ਕਰਹਿੰ ਕਾਮਨਾ ਪਾਇ' ॥ ੯॥

ਇਹ ਸੁਣ ਕੇ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੇ ਬਚਨ ਕੀਤਾ, ''ਕਈ ਪ੍ਰਕਾਰ ਦਾ ਬਹੁਤ ਵੱਡਾ ਫ਼ਰਸ਼ ਵਿਛਾਵੋ। ਸਾਰਿਆਂ ਨੂੰ ਲਿਆ ਕੇ ਬਿਠਾਵੋ, ਦਰਸ਼ਨ ਕਰਕੇ ਉਹ ਆਪਣੀਆਂ ਕਾਮਨਾਵਾਂ ਪਾਉਣ''॥੯॥

ਗਯੋ ਮੇਵੜਾ ਆਇਸੁ ਲੈ ਕੇ। ਅੰਤਰ ਸਕਲ ਹਕਾਰਨਿ ਕੈ ਕੈ।
ਸ੍ਰੀ ਸਤਿਗੁਰ ਤਬਿ ਹ੍ਵੈ ਸਵਧਾਨਾ। ਬੈਠੇ ਦਰਸ਼ਨ ਦੇਨਿ ਸੁਜਾਨਾ॥ ੧੦॥

ਮੇਵੜਾ ਆਗਿਆ ਲੈ ਕੇ ਬਾਹਰ ਚਲੇ ਗਿਆ ਤੇ ਉਸ ਨੇ ਸਭ ਸੰਗਤਾਂ ਨੂੰ ਅੰਦਰ ਬੁਲਾ ਲਿਆ। ਸ੍ਰੀ ਸਤਿਗੁਰੂ ਜੀ ਫਿਰ ਸਾਵਧਾਨ ਹੋ ਕੇ, ਦਰਸ਼ਨ ਦੇਣ ਵਾਸਤੇ ਬੈਠ ਗਏ॥੧੦॥

ਪਿਖਿ ਗੁਰਬਖਸ਼ਹਿ ਜੈ ਪੁਰਿਨਾਥ। ਪ੍ਰਵਿਸ਼ਜੋ ਅੰਤਰ ਗਹਿ ਤਿਸ ਹਾਥ।
ਇਨ ਦੋਇਨ ਤੇ ਪੀਛੈ ਸਾਰੇ। ਆਨਿ ਬਰੇ ਚਿੰਤਾ ਚਿਤ ਧਾਰੇ॥ ੧੧॥

ਗੁਰਬਖ਼ਸ਼ ਨੂੰ ਵੇਖ ਕੇ ਜੈਪੁਰ ਦਾ ਰਾਜਾ, ਉਸ ਦਾ ਹੱਥ ਫੜ ਕੇ ਅੰਦਰ ਪ੍ਰਵੇਸ਼ ਕਰ ਗਿਆ। ਇਨ੍ਹਾਂ ਦੋਹਾਂ ਦੇ ਪਿੱਛੇ ਸਾਰੀਆਂ ਸੰਗਤਾਂ ਚਿੰਤਾ ਧਾਰ ਕੇ ਦਾਖ਼ਲ ਹੋ ਗਈਆਂ॥੧੧॥

ਗੁਰ ਤਨ ਪਿਖਜੋ ਬ੍ਰਿੰਦ ਬਿਸਫੋਟ। ਭਰੇ ਸਰਬ ਦੀਰਘ ਕੇ ਛੋਟ।
ਕਰ ਬੰਦਹਿੰ ਬੰਦਨ ਕੋ ਧਾਰਹਿਂ। ਕੇਚਿਤ ਹੇਰਿ ਹੋਤਿ ਬਲਿਹਾਰੈਂ॥ ੧੨॥

ਗੁਰੂ ਜੀ ਦੇ ਸਰੀਰ ਉੱਤੇ ਬਹੁਤ ਛਾਲੇ ਵੇਖੇ, ਸਾਰੇ ਛਾਲੇ ਭਰੇ ਹੋਏ ਸਨ। ਕੁਝ ਵੱਡੇ ਸਨ, ਕੁਝ ਛੋਟੇ ਸਨ। ਹੱਥ ਜੋੜ ਕੇ ਬੰਦਨਾ ਧਾਰਨ ਕਰਦੇ ਸਨ, ਕਈ ਵੇਖ ਕੇ ਬਲਿਹਾਰ ਜਾਂਦੇ ਸਨ॥੧੨॥

ਜਥਾ ਉਚਿਤ ਬੈਠੇ ਧਰਿ ਮੋਨ। ਕਰਤਿ ਬਿਲੋਕਨ, ਬੋਲਹਿ ਕੌਨ।
ਜੈਪੁਰਿ ਪਤਿ ਕੋ ਰੁਖ ਲਖਿ ਕਰਿਕੈ। ਕਹਿ ਗੁਰਬਖਸ਼ ਨੰਮ੍ਰਿਤਾ ਧਰਿ ਕੈ॥੧੩॥

ਜਿਵੇਂ ਉਚਿਤ ਸੀ, ਸਾਰੇ ਮੋਨ ਧਾਰ ਕੇ ਬੈਠੇ ਸਨ। ਸਭ ਵੇਖਦੇ ਸਨ ਤੇ ਕੋਈ ਵੀ ਬੋਲਦਾ ਨਹੀਂ ਸੀ। ਜੈਪੁਰ ਦੇ ਰਾਜੇ ਦਾ ਰੁਖ ਸਮਝ ਕੇ, ਗੁਰਬਖ਼ਸ਼ ਨੇ ਨਿੰਮ੍ਰਤਾ ਧਾਰ ਕੇ ਕਿਹਾ॥੧੩॥

'ਸ੍ਰੀ ਸਤਿਗੁਰੂ ਆਪ ਸਰਬੱਗਜ। ਕਜਾ ਕਹਿ ਸਕਹਿਂ ਜਿ ਨਰ ਅਲਪੱਗਜ।
ਤਊ ਆਪਨੋ ਹਿਤ ਚਿਤ ਚਹੈਂ। ਸਮਰੱਥਨਿ ਢਿਗ ਬਿਨਤੀ ਕਹੈਂ॥ ੧੪॥

''ਹੇ ਸਤਿਗੁਰੂ ਜੀ! ਤੁਸੀਂ ਸਰਬ ਸਮਰੱਥ ਹੋ, ਅਸੀਂ ਥੋੜ੍ਹੀ ਮੱਤ ਵਾਲੇ ਮਨੁੱਖ ਤੁਹਾਨੂੰ ਕੀ ਕਹਿ ਸਕਦੇ ਹਾਂ। ਫਿਰ ਵੀ ਆਪਣਾ ਹਿਤ ਚਿੱਤ ਵਿਚ ਚਾਹੁੰਦੇ ਹਾਂ। ਸਰਬ ਸਮਰੱਥ ਦੇ ਪਾਸ ਬੇਨਤੀ ਕਰਦੇ ਹਾਂ॥੧੪॥

ਆਗੈ ਭਏ ਸਪਤ ਗੁਰ ਜੋਇ। ਦਾਸ ਕਿਧੌਂ ਲਾਇਕ ਸੁਤ ਕੋਇ।
ਸਭਿ ਬਿਧਿ ਤੇ ਸਮਰਥ ਤਿਸ ਕਰਿਕੈ। ਗੁਰਤਾ ਗਾਦੀ ਪਰ ਬੈਠਰਿਕੈ॥੧੫॥

ਪਹਿਲੇ ਜਿਹੜੇ ਸਭ ਗੁਰੂ ਸਾਹਿਬਾਨ ਹੋਏ ਹਨ, ਉਨ੍ਹਾਂ ਵਿਚੋਂ ਕੁਝ ਸੇਵਕ ਸਨ ਤੇ ਕੁਝ ਲਾਇਕ ਪੁੱਤਰ ਸਨ। ਸਭ ਵਿਧੀਆਂ ਨਾਲ ਉਨ੍ਹਾਂ ਨੂੰ ਸਮਰੱਥ ਕਰਕੇ ਗੁਰਤਾ ਗੱਦੀ 'ਤੇ ਬੈਠਾਉਂਦੇ ਸਨ॥੧੫॥

ਸਕਲ ਸੰਗਤਾਂ ਆਦਿ ਮਸੰਦ। ਕਰ ਗਹਿਵਾਇ ਦਾਸ ਜੇ ਬ੍ਰਿੰਦ।
ਬਹੁਰ ਚਹੈਂ ਪਰਲੋਕ ਪਯਾਨਾ। ਕਰਤਿ ਰਹੇ ਜਨ ਗਨ ਦੁਖਹਾਨਾ॥੧੬॥

ਸਾਰੀਆਂ ਸੰਗਤਾਂ ਅਤੇ ਮਸੰਦ ਆਦਿ ਸਾਰੇ ਸੇਵਕਾਂ ਨੂੰ ਉਨ੍ਹਾਂ ਦੇ ਹੱਥ ਫੜਾਉਂਦੇ ਸਨ। ਬਾਅਦ ਵਿਚ ਉਹ ਪਰਲੋਕ ਜਾਣਾ ਚਾਹੁੰਦੇ ਸਨ ਤੇ ਉਹ ਗੁਰੂ ਸਾਹਿਬਾਨ ਲੋਕਾਂ ਦੇ ਦੁਖ ਦੂਰ ਕਰਦੇ ਰਹੇ ਹਨ॥੧੬॥

ਜੈ ਪੁਰਿ ਨਾਥ ਸਹਿਤ ਇਸ ਬੇਰੀ। ਬਿਨਤੀ ਸੁਨਹੁ ਸੰਗਤਾਂ ਕੇਰੀ।
ਸਭਿ ਦਾਸਨਿ ਪਰ ਕਰੁਨਾ ਕਰੀਏ। ਭੋਗਹੁ ਬਪੁ ਕੋ ਦਰਸ ਦਿਖਰੀਏ॥੧੭॥

ਇਸ ਵਾਰ ਜੈਪੁਰ ਦੇ ਰਾਜੇ ਸਹਿਤ ਸੰਗਤਾਂ ਦੀ ਬੇਨਤੀ ਸੁਣੋ ਤੇ ਸਭ ਦਾਸਾਂ 'ਤੇ ਕਿਰਪਾ ਕਰੋ, ਜੀਵਨ ਭੋਗੋ ਤੇ ਦਰਸ਼ਨ ਦੇਵੋ॥੧੭॥

ਤਰੁਨ ਹੋਇ ਸੰਤਤਿ ਉਪਜਾਵਹੁ। ਬਨਹੁ ਉਚਿਤ ਜਬਿਹੂੰ ਲਖਿ ਪਾਵਹੁ।
ਅਪਨੇ ਥਾਨ ਬਿਠਾਵਨਿ ਕੀਜੈ। ਪੁਨ ਪ੍ਰਲੋਕ ਜਾਨੇ ਮਨ ਦੀਜੈ॥੧੮॥

ਜਵਾਨ ਹੋ ਕੇ ਸੰਤਾਨ ਪੈਦਾ ਕਰੋ, ਜਦ ਉਚਿਤ ਬਣਦਾ ਹੋਵੇ ਸਮਝੋ, ਆਪਣੇ ਸਥਾਨ 'ਤੇ ਕਿਸੇ ਨੂੰ ਬਿਠਾਵੋ, ਫਿਰ ਪਰਲੋਕ ਜਾਣ ਦੀ ਗੱਲ ਮਨ ਵਿਚ ਧਾਰਨ ਕਰੋ॥੧੮॥

ਮ੍ਰਿਤੁ ਸੁਛੰਦ ਤੁਮ ਹੋ ਸਮਰੱਥ। ਤਨ ਧਾਰਨਿ ਤਜਾਗਨਿ ਨਿਜ ਹੱਥ।
ਯਾਂਤੇ ਸਭਿ ਕੋ ਕਹਿਬੋ ਬਨੈ। ਰਚਹੁ ਤਥਾ ਜਿਮ ਬਾਂਛਹੁ ਮਨੈ॥੧੯॥

ਜਨਮ ਅਤੇ ਮੌਤ ਤੋਂ ਤੁਸੀਂ ਆਜ਼ਾਦ ਹੋ ਅਤੇ ਸਭ ਤਰ੍ਹਾਂ ਸਮਰੱਥ ਹੋ। ਤਨ ਛੱਡਣਾ ਅਤੇ ਧਾਰਨਾ ਤੁਹਾਡੇ ਆਪਣੇ ਵੱਸ ਹੈ। ਇਸ ਕਰਕੇ ਸਾਰਿਆਂ ਦਾ ਇਹ ਕਹਿਣਾ ਬਣਦਾ ਹੈ, ਬਾਕੀ ਉਸ ਤਰ੍ਹਾਂ ਕਰੋ ਜਿਵੇਂ ਤੁਹਾਡੇ ਮਨ ਦੀ ਇੱਛਿਆ ਹੈ॥੧੯॥

ਅਪਰਨਿ ਕੀ ਮ੍ਰਿਤੁ ਕਿਮ ਹੁਇ ਜਾਇ। ਜੇ ਅਭਿਲਾਖਹੁ ਸਕਹੁ ਜਿਵਾਇ।
ਇਹ ਕੁਛ ਨਈ ਨਹੀਂ ਹਮ ਕਹੀ। ਗੁਰਘਰ ਮਹਿਂ ਨਿਤ ਹੋਵਤਿ ਰਹੀ॥੨੦॥

ਦੂਸਰਿਆਂ ਦੀ ਮ੍ਰਿਤੂ ਕਿਵੇਂ ਹੋ ਜਾਵੇ ? ਜੇ ਤੁਹਾਡੀ ਅਭਿਲਾਸ਼ਾ ਹੋਵੇ ਤਾਂ ਜੀਉਂਦਾ ਕਰ ਸਕਦੇ ਹੋ। ਇਹ ਨਵੀਂ ਗੱਲ ਅਸੀਂ ਨਹੀਂ ਕਹੀ ਹੈ, ਗੁਰੂ ਘਰ ਵਿਚ ਇਸ ਤਰ੍ਹਾਂ ਨਿੱਤ ਹੁੰਦਾ ਰਿਹਾ ਹੈ॥੨੦॥

ਕੋਨ ਕੋਨ ਹਮ ਕਰੈਂ ਬਤਾਵਨਿ। ਜੇਤਿਕ ਮ੍ਰਿਤਕ ਕੀਨਿ ਜੀਵਾਵਨ।
ਬਿਦਤ ਜਗਤ ਮੈਂ ਛੁਪੀ ਨ ਕੋਇ। ਸਰਬ ਕਲਾ ਸਮਰਥ ਗੁਰ ਹੋਇ॥੨੧॥

ਕਿਸ ਕਿਸ ਬਾਰੇ ਅਸੀਂ ਦਸੀਏ, ਜਿਹੜੇ ਮਰੇ ਹੋਏ ਵੀ ਜੀਵਤ ਕੀਤੇ ਹਨ। ਪ੍ਰਗਟ ਗੱਲ ਜਗਤ ਵਿਚ ਛੁਪਾਈ ਨਹੀਂ ਜਾ ਸਕਦੀ। ਸਾਰੇ ਗੁਰੂ ਸਾਹਿਬਾਨ ਸਰਬ ਕਲਾ ਸਮਰੱਥ ਹੋਏ ਹਨ॥੨੧॥

ਅਨਿਕ ਮ੍ਰਿਤਕ ਜੇ ਦਏ ਜਿਵਾਇ। ਨਿਜ ਜੀਵਨ ਮੈਂ ਸੰਸੈ ਕਾਇ।
ਬਾਲ ਅਵਸਥਾ ਮਹਿਂ ਤੁਮ ਅਹੈਂ। ਅਸਮੰਜਸ ਲਖਿ ਸਭਿ ਹਮ ਕਹੈਂ॥੨੨॥

ਜੇ ਹੋਰਨਾਂ ਮਰਿਆਂ ਹੋਇਆਂ ਨੂੰ ਜੀਵਤ ਕਰ ਦਿੱਤਾ ਹੈ ਤਾਂ ਫਿਰ ਆਪਣੇ ਜੀਵਨ ਵਿਚ ਕਾਹਦਾ ਸੰਸਾ ਹੈ। ਤੁਸੀਂ ਹਾਲੇ ਬਾਲਕ ਅਵੱਸਥਾ ਵਿਚ ਹੋ, ਇਹ ਉਲਟ ਜਾਣ ਕੇ ਅਸੀਂ ਸਾਰੇ ਕਹਿੰਦੇ ਹਾਂ" ॥੨੨॥

ਸੁਨੀ ਬਾਰਤਾ ਸਤਿਗੁਰ ਸਾਰੀ। ਅਪਰ ਸਭਾ ਸਭਿ ਤੂਸ਼ਨਿ ਧਾਰੀ।
ਹਾਥ ਜੋਰਿ ਦੇਖਤਿ ਮੁਖ ਪਦਮ। ਅਜ਼ਮਤ ਲੈ ਬਖਸ਼ਨਿ ਕੋ ਸਦਮ॥ ੨੩॥

ਸਤਿਗੁਰੂ ਜੀ ਨੇ ਸਾਰੀ ਵਾਰਤਾ ਸੁਣੀ, ਹੋਰ ਸਾਰੀ ਸਭਾ ਚੁਪ ਧਾਰ ਕੇ ਬੈਠੀ ਰਹੀ। ਹੱਥ ਜੋੜ ਕੇ ਕੰਵਲ ਰੂਪੀ ਮੁਖੜੇ ਨੂੰ ਵੇਖ ਰਹੇ ਸਨ, ਜਿਹੜੇ ਕਰਾਮਾਤ ਤਕ ਦੀ ਬਖਸ਼ਿਸ਼ ਦਾ ਘਰ ਹਨ॥੨੩॥

ਸੰਗਤਿ ਬਿਨਤੀ ਤੇ ਕਜਾ ਭਨਹਿ। ਸਗਰੇ ਮਨ ਮਹਿਂ ਇਸ ਬਿਧਿ ਗੁਨਹਿਂ।
ਕ੍ਰਿਪਾਨਿਧਾਨ ਬਚਨ ਪੁਨ ਭਨਜੋ। ਮੋਨ ਠਾਨਿ ਸਭਿਹਿਨਿ ਤਬਿ ਸੁਨਜੋ॥੨੪॥

ਸੰਗਤ ਦੀ ਬੇਨਤੀ ਉੱਤੇ ਕੀ ਬੋਲਦੇ ਹਨ, ਸਾਰੇ ਮਨ ਵਿਚ ਇਸ ਤਰ੍ਹਾਂ ਸੁਣਦੇ ਸਨ। ਕ੍ਰਿਪਾ ਨਿਧਾਨ ਗੁਰੂ ਜੀ ਨੇ ਬਚਨ ਕੀਤਾ ਤਾਂ ਮੋਨ ਧਾਰ ਕੇ ਸਾਰਿਆਂ ਨੇ ਫਿਰ ਸੁਣਿਆ॥੨੪॥

'ਜਥਾਜੋਗ ਸੰਗਤਿ ਕਿਯ ਅਰਜ਼ੀ। ਤਊ ਸੁਨਹੁ ਪਰਮੇਸ਼੍ਵਰ ਮਰਜ਼ੀ।
ਹਮਰੇ ਤਨ ਤਜਾਗਨਿ ਬਹੁ ਕਾਰਨ। ਆਛੋ ਨਹੀਂ ਜਿ ਕਰਹਿਂ ਉਚਾਰਨਿ॥੨੫॥

"ਸੰਗਤ ਦੀ ਬੇਨਤੀ ਜਥਾ ਜੋਗ ਹੈ, ਫਿਰ ਵੀ ਪਰਮੇਸ਼ਵਰ ਦੀ ਮਰਜ਼ੀ ਬਾਰੇ ਸੁਣੋ। ਸਾਡਾ ਸਰੀਰ ਛੱਡਣ ਦੇ ਬਹੁਤ ਕਾਰਨ ਹਨ, ਇਹ ਚੰਗਾ ਨਹੀਂ ਅਸੀਂ ਉਚਾਰਨ ਕਰੀਏ॥੨੫॥

ਗੁਰ ਗਾਦੀ ਅਵਚਲ ਜਗ ਮਾਂਹੀ। ਵਧਹਿ ਪ੍ਰਤਾਪ ਮਿਟਹਿ ਕਿਮ ਨਾਂਹੀ।
ਮਨੋਕਾਮਨਾ ਸੰਗਤਿ ਪਾਵਹਿ। ਲੇ ਗੁਰ ਤੇ ਉਪਦੇਸ਼ ਕਮਾਵਹਿ॥ ੨੬॥

ਗੁਰਗੱਦੀ ਜਗਤ ਵਿਚ ਅਚਲ ਹੈ, ਇਸ ਦਾ ਪ੍ਰਤਾਪ ਵੱਧੇਗਾ, ਕਿਸੇ ਤਰ੍ਹਾਂ ਵੀ ਮਿਟੇਗਾ ਨਹੀਂ। ਸੰਗਤ ਮਨੋਕਾਮਨਾ ਪਾਵੇਗੀ। ਗੁਰੂ ਜੀ ਪਾਸੋਂ ਉਪਦੇਸ਼ ਲੈ ਕੇ ਉਸ ਉੱਤੇ ਕਮਾਈ ਕਰੇਗੀ॥੨੬॥

ਗੁਰੂ ਗ੍ਰੰਥ ਸਾਹਿਬ ਸਭਿ ਕੇਰਾ। ਜੋ ਹਮਰੋ ਚਹਿ ਦਰਸ਼ਨ ਹੇਰਾ।
ਸੋ ਸ਼ਰਧਾ ਧਰਿ ਹੇਰਨਿ ਕਰੈ। ਪਾਪਨਿ ਗਨ ਕੋ ਤਤਛਿਨ ਹਰੈ॥ ੨੭॥

ਗੁਰੂ ਗ੍ਰੰਥ ਸਾਹਿਬ ਸਭ ਦਾ ਹੈ। ਜਿਹੜਾ ਸਾਡੇ ਦਰਸ਼ਨ ਕਰਨਾ ਚਾਹੁੰਦਾ ਹੋਵੇ, ਉਹ ਸ਼ਰਧਾ ਧਾਰ ਕੇ ਗੁਰੂ ਗ੍ਰੰਥ ਸਾਹਿਬ ਵੇਖੇ, ਬਹੁਤ ਪਾਪਾਂ ਨੂੰ ਤੁਰਤ ਦੂਰ ਕਰ ਲਵੇਗਾ॥੨੭॥

ਹਮ ਸੋਂ ਬਾਤ ਕਰਨਿ ਕੋ ਚਾਹਹਿ। ਪਠਹਿ ਸੁਨਹਿ ਗੁਰ ਗ੍ਰੰਥ ਉਮਾਹਹਿ।
ਤਿਸ ਮਹਿਂ ਕਹਜੋ ਜੁ ਕਰਹਿ ਕਮਾਵਨਿ। ਚਾਰ ਪਦਾਰਥ ਲੇ ਮਨ ਪਾਵਨ॥੨੮॥

ਸਾਡੇ ਨਾਲ ਗੱਲ ਕਰਨੀ ਚਾਹੇ ਤੇ ਬੜੇ ਉਤਸ਼ਾਹ ਨਾਲ ਗੁਰੂ ਗ੍ਰੰਥ ਸਾਹਿਬ ਪੜ੍ਹੇ ਅਤੇ ਸੁਣੇ। ਉਸ ਵਿਚ ਜੋ ਕੁਝ ਕਿਹਾ ਹੈ ਜੇ ਉਸ ਦੀ ਕਮਾਈ ਕਰੇ ਤਾਂ ਚਾਰ ਪਦਾਰਥ ਪ੍ਰਾਪਤ ਕਰ ਲਵੇਗਾ॥੨੮॥

ਹੋਹਿ ਕਾਮਨਾ ਸਿਖ ਕੈ ਕੋਈ। ਬਿਘਨ ਪਰਹਿ ਕੈ ਸੰਕਟ ਹੋਈ।
ਸ਼ਰਨ ਗ੍ਰੰਥ ਸਾਹਿਬ ਕੀ ਜਾਇ। ਤਤਛਿਨ ਸਤਿਗੁਰ ਬਨਹਿ ਸਹਾਇ॥੨੯॥

ਸਿੱਖ ਦੀ ਕੋਈ ਵੀ ਕਾਮਨਾ ਹੋਵੇ, ਵਿਘਨ ਪਵੇ ਜਾਂ ਸੰਕਟ ਆਵੇ, ਉਹ ਗੁਰੂ ਗ੍ਰੰਥ ਦੀ ਸ਼ਰਨ ਵਿਚ ਜਾਵੇ, ਤੁਰੰਤ ਸਤਿਗੁਰੂ ਜੀ ਸਹਾਈ ਬਣਨਗੇ॥੨੯॥

ਸ਼ਰਧਾਲੂ ਕੋ ਸਭਿ ਕਿਛ ਅਹੈ। ਹੋਹਿ ਅਸ਼ਰਧਕ ਕਿਮਹੁ ਨ ਲਹੈ।
ਤਨ ਸਦੀਵ ਥਿਰ ਹੋਇ ਨ ਕੋਇ। ਰਿਦਾ ਗ੍ਰੰਥ ਗੁਰ ਕੋ ਲਿਹੁ ਜੋਇ॥ ੩੦॥

ਸ਼ਰਧਾਲੂ ਨੂੰ ਸਭ ਕੁਝ ਮਿਲ ਜਾਵੇਗਾ, ਤੇ ਅਸ਼ਰਧਕ ਕੁਝ ਵੀ ਨਹੀਂ ਪਾ ਸਕੇਗਾ। ਕਿਸੇ ਦਾ ਵੀ ਤਨ ਸਦਾ ਨਹੀਂ ਰਹਿਣਾ। ਜਿਹੜਾ ਵੀ ਆਪਣਾ ਹਿਰਦਾ ਗੁਰੂ ਗ੍ਰੰਥ ਸਾਹਿਬ ਵਿਚ ਲਾਉਂਦਾ ਹੈ॥੩੦॥

ਨਿਤ ਦਰਸ਼ਨ ਕਰਿ ਮਸਤਕ ਟੇਕਹੁ। ਹਨਹੁ ਬਿਕਾਰਨਿ ਪਾਇ ਬਿਬੇਕਹੁ'।
ਇਮ ਸੁਨਿ ਕਰਿ ਸਤਿਗੁਰ ਕੀ ਬਾਨੀ। ਸਭਿਨਿ ਬਿਲੋਚਨ ਤੇ ਬਹਿ ਪਾਨੀ॥ ੩੧॥

ਨਿਤ ਦਰਸ਼ਨ ਕਰਕੇ ਮੱਥਾ ਟੇਕੇ, ਉਸ ਦੇ ਵਿਕਾਰਾਂ ਦਾ ਨਾਸ ਹੋਵੇਗਾ ਤੇ ਗਿਆਨ ਪ੍ਰਾਪਤ ਕਰੇਗਾ।'' ਇਸ ਤਰ੍ਹਾਂ ਸਤਿਗੁਰੂ ਦੀ ਬਾਣੀ ਸੁਣਕੇ, ਸਾਰਿਆਂ ਦੇ ਨੈਣਾਂ ਵਿਚੋਂ ਪਾਣੀ ਵਹਿ ਤੁਰਿਆ॥੩੧॥

ਗੁਰ ਜੀਵਨ ਕੀ ਆਸ ਚੁਕਾਈ। ਦੁਰਲਭ ਦਰਸ਼ਨ ਨਹੀ ਪੁਨ ਪਾਈ।
ਪੁਨ ਜੈ ਸਿੰਘ ਕਹਜੋ ਕਰ ਜੋਰੇ। 'ਸ਼ਾਹ ਚਹਹਿ ਤੁਮ ਚਰਨ ਨਿਹੋਰੇ॥ ੩੨॥

ਗੁਰੂ ਜੀ ਦੇ ਜੀਵਨ ਦੀ ਆਸ ਜਾਂਦੀ ਰਹੀ, ਅਜਿਹੇ ਦੁਰਲਭ ਦਰਸ਼ਨ ਫਿਰ ਨਹੀਂ ਪਾਵਾਂਗੇ। ਫਿਰ ਜੈ ਸਿੰਘ ਨੇ ਹੱਥ ਜੋੜ ਕੇ ਕਿਹਾ, ''ਬਾਦਸ਼ਾਹ ਆਪ ਜੀ ਦੇ ਚਰਨਾਂ ਦੇ ਦਰਸ਼ਨ ਕਰਨਾ ਚਾਹੁੰਦਾ ਹੈ॥੩੨॥

ਮਿਲਿਬੇ ਕੀ ਲਾਲਸ ਹੀ ਰਹੀ। ਤਾਂਹਿ ਕਾਮਨਾ ਪੂਰੀ ਨਹੀਂ।
ਮੁਝ ਸੋਂ ਕਹਤਿ ਰਹਜੋ ਬਹੁ ਬਾਰੀ। ਮੈਂ ਰਾਵਰ ਕੀ ਮਰਜ਼ੀ ਧਾਰੀ॥ ੩੩॥

ਉਸ ਦੇ ਮਿਲਣ ਦੀ ਲਾਲਸਾ ਹੀ ਰਹੀ ਹੈ, ਤਾਂ ਵੀ ਕਾਮਨਾ ਪੂਰੀ ਨਹੀਂ ਹੋਈ ਹੈ। ਮੈਨੂੰ ਉਹ ਬਹੁਤ ਵਾਰ ਕਹਿੰਦਾ ਰਿਹਾ ਹੈ, ਜੇਕਰ ਆਪ ਜੀ ਮਰਜ਼ੀ ਧਾਰਨ ਕੀਤੀ ਹੈ॥੩੩॥

ਅਬਿ ਕਜਾ ਹੁਕਮ ਕਹੋਂ ਢਿਗ ਸ਼ਾਹੂ। ਬੂਝਹਿ ਜਬਹਿ ਜਾਇ ਹੋਂ ਪਾਹੂ'।
ਸ੍ਰੀ ਹਰਿ ਕ੍ਰਿਸ਼ਨ ਰਾਵ ਸੋਂ ਕਹਜੋ। 'ਤਿਸ ਢਿਗ ਭ੍ਰਾਤ ਹਮਾਰੋ ਰਹਜੋ॥ ੩੪॥

ਹੁਣ ਮੈਂ ਬਾਦਸ਼ਾਹ ਨੂੰ ਤੁਹਾਡੇ ਵੱਲੋਂ ਕੀ ਹੁਕਮ ਸੁਣਾਵਾਂ। ਜਦ ਮੈਂ ਪਾਸ ਜਾਵਾਂਗਾ ਤਾਂ ਉਹ ਜ਼ਰੂਰ ਪੁੱਛੇਗਾ'' ਸ੍ਰੀ ਹਰਿਕ੍ਰਿਸ਼ਨ ਜੀ ਨੇ ਰਾਜੇ ਨੂੰ ਕਿਹਾ, ''ਉਸ ਪਾਸ ਸਾਡਾ ਭਰਾ ਰਹਿ ਰਿਹਾ ਹੈ॥੩੪॥

ਮਨ ਭਾਵਤਿ ਅਜ਼ਮਤ ਦਿਖਲਾਈ। ਜਿਮ ਭਾਖਜੋ ਤਿਮ ਹੀ ਕਰਿਵਾਈ।
ਸਾਢੇ ਤ੍ਰੈ ਸੈ ਵਾਰ ਬਿਲੰਦ। ਕਰਾਮਾਤ ਹੇਰੀ ਬਿਧਿ ਬ੍ਰਿੰਦ॥ ੩੫॥

ਉਸ ਮਨ ਭਾਉਂਦੀਆਂ ਉਸ ਨੂੰ ਕਰਾਮਾਤਾਂ ਵਿਖਾਈਆਂ ਹਨ। ਜਿਵੇਂ ਵੀ ਬਾਦਸ਼ਾਹ ਨੇ ਕਿਹਾ ਹੈ, ਉਸ ਨੇ ਉਸ ਤਰ੍ਹਾਂ ਹੀ ਕੀਤਾ ਹੈ। ਸਾਢੇ ਤਿੰਨ ਸੌ ਵਾਰ ਉਸ ਕਈ ਵਿਧੀਆਂ ਅਨੁਸਾਰ ਵੱਡੀ ਤੋਂ ਵੱਡੀ ਕਰਾਮਾਤ ਵੇਖੀ ਹੈ॥੩੫॥

ਅਪਰ ਕਹਾਂ ਗੁਰ ਘਰ ਤੇ ਚਾਹਤਿ। ਮਿਲਿਬੇ ਹਿਤ ਜੋ ਬਹੁਤ ਉਮਾਹਤਿ।
ਦੁਤੀ ਬਾਤ ਪਰਲੋਕ ਸਿਧਾਵਨਿ। ਬਿਨ ਸੰਕਟ ਰਹਿ ਆਨੰਦ ਪਾਵਨ॥ ੩੬॥

ਹੋਰ ਉਹ ਗੁਰੂ ਘਰ ਤੋਂ ਕੀ ਚਾਹੁੰਦਾ ਹੈ, ਜਿਹੜਾ ਮਿਲਣ ਵਾਸਤੇ ਬੜੀ ਉਮੰਗ ਰੱਖਦਾ ਹੈ। ਦੂਸਰੀ ਗੱਲ ਹੈ ਕਿ ਅਸੀ ਪਰਲੋਕ ਚੱਲੇ ਹਾਂ। ਬਿਨਾਂ ਸੰਕਟ ਦੇ ਅਨੰਦ ਪਾਉਣਾ ਚਾਹੁੰਦੇ ਹਾਂ॥੩੬॥

ਤਿਸ ਹਿਤ ਸ਼ਬਦ ਪਠਾਵਨਿ ਕਰਜੋ। ਸ੍ਰੀ ਗੁਰ ਨਾਨਕ ਯਥਾ ਉਚਰਜੋ।
ਕਰਹਿ ਕਮਾਵਨਿ ਸ਼ੁਭ ਗਤਿ ਪਾਵੈ। ਬਿਨਾ ਕਮਾਏ ਹਾਥ ਨ ਆਵੈ॥ ੩੭॥

ਉਸ ਵਾਸਤੇ ਅਸੀਂ ਉਸ ਨੂੰ ਸ਼ਬਦ ਭੇਜਿਆ ਹੈ, ਜਿਵੇਂ ਗੁਰੂ ਨਾਨਕ ਦੇਵ ਜੀ ਨੇ ਉਚਾਰਨ ਕੀਤਾ ਹੈ। ਉਸ ਸ਼ਬਦ ਦੀ ਕਮਾਈ ਕਰੇ ਤੇ ਸ਼ੁਭ ਗਤੀ ਪਾਵੇ, ਬਿਨਾਂ ਕਮਾਈ ਦੇ ਕੁਝ ਵੀ ਹੱਥ ਨਹੀਂ ਆਉਣਾ॥੩੭॥

ਹਮ ਸੋਂ ਮਿਲਨਿ ਕਾਜ ਹੈਂ ਦੋਇ। ਪੂਰਬ ਹੀ ਪ੍ਰਾਪਤਿ ਤਿਹ ਸੋਇ।
ਅਪਰ ਤੀਸਰੋ ਕਾਜ ਨ ਕੋਈ। ਜਿਸ ਤੇ ਮੇਲ ਹਮਾਰੋ ਹੋਈ॥ ੩੮॥

ਸਾਨੂੰ ਮਿਲਣ ਦੇ ਦੋ ਹੀ ਕਾਰਨ ਹਨ, ਉਹ ਉਸ ਨੂੰ ਪਹਿਲਾਂ ਹੀ ਪ੍ਰਾਪਤ ਹਨ। ਹੋਰ ਤੀਸਰਾ ਕੋਈ ਕਾਰਨ ਨਹੀ ਹੈ ਜਿਸ ਕਰਕੇ ਸਾਡਾ ਮੇਲ ਹੋਵੇ॥੩੮॥

ਇਹੀ ਬਾਰਤਾ ਕਹੀਅਹਿ ਜਾਇ। ਸਿਮਰਹੁ ਸੱਤਿਨਾਮੁ ਸੁਖ ਪਾਇ।
ਸੰਤਨਿ ਸੰਗ ਨਹੀਂ ਕਰਿ ਅਰਨਾ। ਤਿਨ ਕੋ ਕਹਜੋ ਆਪ ਸਿਰ ਜਰਨਾ ॥੩੯॥

ਇਹੀ ਵਾਰਤਾ ਉਸ ਨੂੰ ਜਾ ਕੇ ਕਹੋ, ਸਤਿਨਾਮ ਦਾ ਸਿਮਰਨ ਕਰਕੇ ਸੁਖ ਪਾਵੇ। ਸੰਤਾਂ ਦੇ ਨਾਲ ਅੜਨਾ ਨਹੀਂ ਚਾਹੀਦਾ। ਉਨ੍ਹਾਂ ਦਾ ਕਿਹਾ ਆਪ ਸਹਾਰਨਾ ਚਾਹੀਦਾ ਹੈ"॥੩੯॥

ਇਮ ਕਹਿ ਮੋਨ ਧਰੀ ਗੁਨ ਖਾਨੀ। ਉਠਜੋ ਭੂਪ ਤਬਿ ਬੰਦਨ ਠਾਨੀ।
ਗਮਨਜੋ ਨੌਰੰਗ ਕੇ ਢਿਗ ਗਯੋ। ਸਰਬ ਬ੍ਰਿਤਾਂਤ ਸੁਨਾਵਤਿ ਭਯੋ॥ ੪੦॥

ਇਸ ਤਰ੍ਹਾਂ ਕਹਿ ਕੇ ਗੁਰੂ ਜੀ ਨੇ ਮੋਨ ਧਾਰਨ ਕਰ ਲਈ। ਫਿਰ ਰਾਜੇ ਨੇ ਉੱਠ ਕੇ ਬੰਦਨਾ ਕੀਤੀ ਤੇ ਚਲਾ ਗਿਆ। ਨੌਰੰਗੇ ਪਾਸ ਪਹੁੰਚ ਕੇ ਸਾਰਾ ਬ੍ਰਿਤਾਂਤ ਉਸ ਨੂੰ ਸੁਣਾ ਦਿੱਤਾ॥੪੦॥

ਤਬਹਿ ਸ਼ਾਹੁ ਬੋਲਜੋ ਨ੍ਰਿਪ ਸਾਥ। 'ਰਾਖਹੁ ਸੁਧਿ ਤੁਮ ਜੈਪੁਰ ਨਾਥ।
ਤਨ ਕੋ ਤਜਹਿਂ ਆਨ ਸੁਧਿ ਦੀਜੈ। ਮੈ ਬਿਨ ਕਹੇ ਦਾਹੁ ਨਹਿਂ ਕੀਜੈ॥ ੪੧॥

ਤਦ ਬਾਦਸ਼ਾਹ ਰਾਜੇ ਨੂੰ ਕਹਿਣ ਲੱਗਾ, "ਹੇ ਜੈਪੁਰ ਦੇ ਰਾਜਾ ! ਤੁਸੀਂ ਪੂਰੀ ਖ਼ਬਰ ਰਖੋ। ਜਦ ਸਰੀਰ ਛੱਡ ਜਾਵੇ ਤਾਂ ਸਾਨੂੰ ਆ ਕੇ ਖ਼ਬਰ ਦੇਵੇ, ਮੇਰੇ ਕਹੇ ਦੇ ਬਗੈਰ ਦਾਹ ਸੰਸਕਾਰ ਨਾ ਕਰੇ॥੪੧॥

ਨਿਸ ਕੈ ਦਿਨ ਹੋਵੈ ਤਿਸ ਕਾਲ। ਤਨ ਤਜਾਹੈਂ ਸੁਧਿ ਦੇਹੁ ਉਤਾਲ'।
ਇਤੋ ਪ੍ਰਸੰਗ ਸ਼ਾਹੁ ਢਿਗ ਭਯੋ। ਜੈ ਸਿੰਘ ਨਿਜ ਘਰ ਕੋ ਚਲਿ ਗਯੋ॥ ੪੨॥

ਉਸ ਸਮੇਂ ਰਾਤ ਹੋਵੇ ਜਾਂ ਦਿਨ ਹੋਵੇ, ਸਰੀਰ ਤਿਆਗਣ ਤੇ ਤੁਰਤ ਖ਼ਬਰ ਦੇਵੋ।" ਇਸ ਤਰ੍ਹਾਂ ਪ੍ਰਸੰਗ ਬਾਦਸ਼ਾਹ ਪਾਸ ਹੋਇਆ, ਫਿਰ ਰਾਜਾ ਆਪਣੇ ਨਿਜ ਘਰ ਨੂੰ ਚਲਾ ਗਿਆ॥੪੨॥

ਸੁਧਿ ਹਿਤ ਅਪਨੇ ਮਨੁਜ ਪਠਾਏ। ਕਹਜੋ ਕਿ 'ਸੁਨਿ ਆਨਹੁ ਉਤਲਾਏ'।
ਇਸ ਪ੍ਰਕਾਰ ਦਿਨ ਭਯੋ ਬ੍ਰਿਤੰਤ। ਸੰਧਜਾ ਸਮੈਂ ਗੁਰੁ ਭਗਵੰਤ॥ ੪੩॥

ਖ਼ਬਰ ਲੈਣ ਵਾਸਤੇ ਰਾਜੇ ਨੇ ਆਪਣੇ ਮਨੁੱਖ ਭੇਜੇ ਅਤੇ ਕਿਹਾ "ਸੁਣ ਕੇ ਤੁਰਤ ਆ ਜਾਵੋ।" ਇਸ ਪ੍ਰਕਾਰ ਦਿਨ ਬਤੀਤ ਹੋ ਗਿਆ। ਗੁਰੂ ਭਗਵਾਨ ਨੂੰ ਸ਼ਾਮ ਦਾ ਸਮਾਂ ਹੋ ਗਿਆ॥੪੩॥

*ਦਸਵੀਂ ਰਾਸ ਦਾ ਇਕਵੰਜਵਾਂ ਅਧਿਆਇ ਸਮਾਪਤ ਹੋਇਆ॥੫੧॥*

❖❖❖

# ਅਧਿਆਇ ਬਵੰਜਵਾਂ

## ਸੰਗਤ ਨੂੰ ਉਪਦੇਸ਼

ਦੋਹਰਾ-ਸੂਰਜ ਅਸਤਜੋ ਪ੍ਰਾਚ ਦਿਸ਼ਿ ਭਾ ਸੰਧਜਾ ਕੋ ਕਾਲ।
ਆਇਂ ਜਾਇਂ ਸਿੱਖ ਪੁਰੀ ਤੇ ਦਰਸਤਿ ਗੁਰੂ ਕ੍ਰਿਪਾਲ॥ ੧॥

ਸੂਰਜ ਪੱਛਮੀ ਦਿਸ਼ਾ ਵਿਚ ਡੁੱਬ ਗਿਆ ਤੇ ਸੰਧਿਆ ਦਾ ਸਮਾਂ ਹੋ ਗਿਆ। ਨਗਰ ਤੋਂ ਸਿੱਖ ਆਉਂਦੇ ਜਾਂਦੇ ਸਨ ਤੇ ਕਿਰਪਾਲੂ ਗੁਰੂ ਜੀ ਦੇ ਦਰਸ਼ਨ ਕਰਦੇ ਸਨ॥੧॥

ਚੌਪਈ- ਬ੍ਰਿੰਦ ਮਸੰਦ ਥਿਰੇ ਸਭਿ ਆਇ। ਜੇ ਗੁਰਬਖਸ਼ ਆਦਿ ਮੁਖਿ ਗਾਇ।
ਅੰਤਰ ਵਹਿਰ ਭੀਰ ਬਹੁ ਹੋਈ। ਧਰੇ ਸ਼ੋਕ ਬੋਲਤਿ ਨਹਿਂ ਕੋਈ॥ ੨॥

ਗੁਰਬਖਸ਼ ਆਦਿ ਜਿਹੜੇ ਮੁਖੀ ਮਸੰਦ ਸਨ, ਸਾਰੇ ਉਥੇ ਆ ਕੇ ਠਹਿਰ ਗਏ। ਅੰਦਰ ਬਾਹਰ ਬਹੁਤ ਭੀੜ ਹੋ ਗਈ। ਸਾਰਿਆਂ ਨੇ ਬੜਾ ਦੁਖ ਧਾਰਨ ਕੀਤਾ ਸੀ ਤੇ ਕੋਈ ਵੀ ਬੋਲਦਾ ਨਹੀਂ ਸੀ॥੨॥

ਦਰਸ਼ਨ ਕਰਿਹਂ ਵਹਿਰ ਥਿਰ ਹੋਇ। ਵਾਹਿਗੁਰੂ ਸਿਮਰਤਿ ਸਭਿ ਕੋਇ।
ਪੁਰਿ ਕੀ ਸੰਗਤਿ ਕੇ ਸਿਖ ਸਜਾਨੇ। ਗੁਰ ਚਰਿੱਤ੍ਰ ਤੇ ਉਰ ਬਿਸਮਾਨੇ॥੩॥

ਬਾਹਰ ਖੜੇ ਹੋ ਕੇ ਦਰਸ਼ਨ ਕਰਦੇ ਸਨ ਤੇ ਸਾਰੇ ਵਾਹਿਗੁਰੂ ਨਾਮ ਦਾ ਸਿਮਰਨ ਕਰ ਰਹੇ ਸਨ। ਨਗਰ ਦੀ ਸੰਗਤ ਦੇ ਜਿਹੜੇ ਸਿਆਣੇ ਸਿੱਖ ਸਨ, ਗੁਰੂ ਜੀ ਦੇ ਚਰਿੱਤਰ 'ਤੇ ਬਹੁਤ ਹੈਰਾਨ ਹੋ ਰਹੇ ਸਨ॥੩॥

ਸਭਿ ਗੁਰਬਖਸ਼ ਸੰਗ ਮਿਲਿ ਕਹਜੋ। 'ਅਬਿ ਮਿਲਿ ਗੁਰ ਦਰਸ਼ਨ ਕੋ ਲਹਜੋ।
ਸਮਾ ਕਹਨਿ ਕੋ ਲਖਿ ਮਨ ਮਾਂਹੀ। ਬੂਝਹੁ ਸਕਲ ਹੋਇ ਕਰਿ ਪਾਹੀ॥੪॥

ਸਾਰਿਆਂ ਨੇ ਗੁਰਬਖਸ਼ ਨਾਲ ਮਿਲ ਕੇ ਕਿਹਾ, "ਹੁਣ ਮਿਲ ਕੇ ਗੁਰੂ ਜੀ ਦੇ ਦਰਸ਼ਨ ਪਾਏ ਹਨ। ਮਨ ਵਿਚ ਕਹਿਣ ਦਾ ਸਮਾਂ ਸਮਝ ਕੇ, ਪਾਸ ਹੋ ਕੇ ਸਭ ਕੁਝ ਪੁੱਛ॥੪॥

ਜਬਿ ਹੁਇ ਜੈ ਹੈਂ ਅੰਤਰ ਧਜਾਨ। ਰਿਦੇ ਬਿਸੂਰਤਿ ਰਹਹੁ ਮਹਾਨ।
ਨਹੀਂ ਸੰਦੇਹ ਹੋਇ ਜਿਸ ਭਾਂਤਿ। ਸੁਨਿਯਹਿ ਗੁਰੂ ਬਾਕ ਬੱਖਜਾਤ॥੫॥

ਜਦ ਅੰਤਰ ਧਿਆਨ ਹੋ ਜਾਣਗੇ ਤਾਂ ਹਿਰਦੇ ਵਿਚ ਮਹਾਨ ਦੁੱਖੀ ਹੋਵਾਂਗੇ। ਜਿਸ ਪ੍ਰਕਾਰ ਹੋਵੇਗਾ ਇਸ ਵਿਚ ਕੋਈ ਸੰਦੇਹ ਨਹੀਂ ਕਿਉਂਕਿ ਗੁਰੂ ਜੀ ਦਾ ਪ੍ਰਗਟ ਬਚਨ ਸੁਣਿਆ ਹੈ॥੫॥

ਜਥਾ ਕਰਨਿ ਅਰਦਾਸ ਅਗਾਰੀ। ਮਿਲਿ ਸਭਿਹੂੰ ਤਿਮ ਭਲੇ ਬਿਚਾਰੀ।
ਤਬਿ ਗੁਰਬਖਸ਼ ਭਲੇ ਸਮੁਝਾਯੋ। ਜਿਮ ਇਸ ਸਮੇ ਕਹਨਿ ਬਨਿ ਆਯੋ॥੬॥

ਗੁਰੂ ਜੀ ਅੱਗੇ ਅਰਦਾਸ ਕਰਨ ਵਾਸਤੇ, ਸਾਰਿਆਂ ਨੇ ਭਲੀ ਪ੍ਰਕਾਰ ਚਿੱਤ ਵਿਚ ਵਿਚਾਰ ਕੀਤੀ। ਤਦ ਗੁਰਬਖਸ਼ ਨੂੰ ਭਲੀ ਪ੍ਰਕਾਰ ਸਮਝਾਇਆ, ਜੋ ਉਸ ਸਮੇਂ ਕਹਿਣਾ ਬਣਦਾ ਸੀ॥੬॥

ਠਹਿਰਜੋ ਮਤ ਜਿਮ ਸਭਿਹਿਨਿ ਕੇਰਾ। ਕਹਿਬੇ ਹਿਤ ਅਗੇਰ ਸੋ ਪ੍ਰੇਰਾ।
ਭਏ ਸੰਗ ਤਿਸ ਕੇ ਸਿਖ ਸਜਾਨੇ। ਗੁਰ ਮ੍ਰਿਜਾਦ ਜੋ ਚਹਤਿ ਮਹਾਨੇ॥੭॥

ਸਾਰਿਆਂ ਨੇ ਜਿਵੇਂ ਮਨ ਵਿਚ ਧਾਰਨ ਕੀਤਾ ਸੀ, ਕਹਿਣ ਵਾਸਤੇ ਪਹਿਲਾਂ ਹੀ ਪ੍ਰੇਰ ਲਿਆ, ਉਸ ਦੇ ਨਾਲ ਸਿਆਣੇ ਸਿੱਖ ਹੋ ਗਏ, ਜਿਹੜੇ ਮਹਾਨ ਗੁਰ ਮਰਯਾਦਾ ਚਾਹੁੰਦੇ ਸਨ॥੭॥

ਆਗੇ ਸਤਿਗੁਰ ਕੀਨਸਿ ਤਯਾਰੇ। ਕੁਸ਼ ਕੇ ਆਸਤਰਨ ਛਿਤ ਡਾਰੇ।
ਦਾਸਨਿ ਸੋਂ ਕਹਿ ਕਹਿ ਕਰਿਵਾਵੈਂ। ਸੁਨਤਿ ਬਿਲੋਚਨ ਜਲ ਦ੍ਰਿਗ ਛਾਵੈ॥੮॥

ਅੱਗੇ ਸਤਿਗੁਰੂ ਜੀ ਨੇ ਤਿਆਰੀ ਕਰ ਲਈ, ਦਭ ਦੇ ਵਿਛਾਉਣੇ ਵਿਛਾ ਦਿੱਤੇ। ਦਾਸਾਂ ਨੂੰ ਕਹਿ ਕਹਿ ਕੇ ਕਰਵਾਉਂਦੇ ਸਨ। ਸੁਣ ਕੇ ਅੱਖਾਂ ਚੋਂ ਜਲ ਵਹਿ ਤੁਰਦਾ ਸੀ॥੮॥

ਘਟਿਕਾ ਚਾਰ ਬਿਤੀਤਨਿ ਕਰੇ। ਤਬਿ ਗੁਰਬਖਸ਼ ਅੱਗ੍ਰ ਹੁਇ ਖਰੇ।
ਸਭਿ ਕੇ ਹਿਤ ਕੀ ਸ਼ੁਭ ਅਰਦਾਸ। ਕਰੀ ਗੁਰੂ ਕੇ ਪਾਸ ਪ੍ਰਕਾਸ਼॥੯॥

ਜਦ ਚਾਰ ਘੜੀਆਂ ਬਿਤੀਤ ਕੀਤੀਆਂ ਤਦ ਗੁਰਬਖਸ਼ ਮਸੰਦ ਅੱਗੇ ਹੋ ਕੇ ਖੜਾ ਹੋ ਗਿਆ। ਸਾਰਿਆਂ ਦੇ ਹਿਤ ਦੀ ਸ਼ੁਭ ਅਰਦਾਸ ਗੁਰੂ ਜੀ ਦੇ ਪਾਸ ਕਹੀ॥੯॥

ਪ੍ਰਥਮ ਲੀਏ ਸਭਿ ਗੁਰ ਕੇ ਨਾਮ। ਜਿਨ ਕੋ ਸੁਜਸੁ ਜਗਤ ਅਭਿਰਾਮ।
'ਸਭਿ ਸੰਗਤਿ ਕੀ ਬਿਨੈ ਸੁਨੀਜੈ। ਬਿਰਦ ਕ੍ਰਿਪਾਲੁ ਕ੍ਰਿਪਾ ਨਿਜ ਕੀਜੈ॥੧੦॥

ਪਹਿਲਾਂ ਸਾਰੇ ਗੁਰੂ ਸਾਹਿਬਾਨ ਦੇ ਨਾਮ ਲਏ, ਜਿਨ੍ਹਾਂ ਦਾ ਜਗਤ ਵਿਚ ਸੁੰਦਰ ਸ੍ਰੇਸ਼ਟ ਜੱਸ ਫੈਲਿਆ ਹੈ ਤੇ ਕਿਹਾ, "ਹੇ ਗੁਰੂ ਜੀ, ਸਾਰੀ ਸੰਗਤ ਦੀ ਬੇਨਤੀ ਸੁਣੋ, ਆਪ ਜੀ ਕ੍ਰਿਪਾਲੂ ਹੋ ਕੇ ਸਾਡੇ 'ਤੇ ਕ੍ਰਿਪਾ ਕਰੋ॥੧੦॥

ਸਪਤਮ ਸਤਿਗੁਰ ਸ਼੍ਰੀ ਹਰਿਰਾਇ। ਸੁਤ ਤਜਿ ਬਡੋ ਨ ਉਚਿਤ ਲਖਾਇ।
ਅਪਨੇ ਬਦਨ ਲਗਾਯਵ ਨਹੀਂ। ਗੁਰਤਾ ਦੇਨੀ ਤੋ ਕਿਤ ਰਹੀ॥੧੧॥

ਸਤਵੇਂ ਸਤਿਗੁਰੂ ਜੀ ਹਰਿਰਾਇ ਜੀ ਹੋਏ ਹਨ, ਵੱਡੇ ਪੁੱਤਰ ਨੂੰ ਉਨ੍ਹਾਂ ਗੁਰਗੱਦੀ ਦੇ ਉਚਿਤ ਨਹੀਂ ਜਾਣਿਆ ਤੇ ਆਪਣੇ ਮੂੰਹ ਨਹੀਂ ਲਾਇਆ ਹੈ, ਗੁਰਤਾ ਦੇਣੀ ਤਾਂ ਕਿਤੇ ਰਹੀ॥੧੧॥

ਤੁਮ ਕੋ ਨਿਜ ਅਸਥਾਨ ਬਿਠਾਏ। ਸਭਿ ਬਿਧਿ ਉਚਿਤ ਜਾਨਿ ਹਰਖਾਏ।
ਕਿਤਿਕ ਮਾਸ ਜਗੁ ਸੰਮਤ ਬੀਤੇ। ਜਬਿ ਕੇ ਜਗਤ ਗੁਰੂ ਤੁਮ ਕੀਤੇ॥੧੨॥

ਤੁਹਾਨੂੰ ਆਪਣੇ ਸਥਾਨ ਉੱਤੇ ਬਿਠਾਇਆ ਹੈ, ਸਭ ਪ੍ਰਕਾਰ ਉਚਿਤ ਜਾਣ ਕੇ ਪ੍ਰਸੰਨ ਹੋਏ ਸਨ। ਕਿੰਨੇ ਸਾਲ ਤੇ ਮਹੀਨੇ ਬੀਤੇ, ਜਦ ਦਾ ਤੁਹਾਨੂੰ ਜਗਤ ਦਾ ਗੁਰੂ ਕੀਤਾ ਹੈ॥੧੨॥

ਤਬਿ ਕੀ ਸੰਗਤ ਸਰਬ ਸਮ੍ਹਾਲੀ। ਸਿੱਖੀ ਰੀਤਿ ਭਲੇ ਪ੍ਰਤਿਪਾਲੀ।
ਚਹਤਿ ਭਏ ਅਬਿ ਅੰਤਰ ਧਯਾਨ। ਨਹੀਂ ਬਿਠਾਯੋ ਕੋ ਨਿਜ ਥਾਨ॥੧੩॥

ਤਦ ਦੀ ਤੁਸੀਂ ਸਾਰੀ ਸੰਗਤ ਸੰਭਾਲੀ ਹੈ, ਸਿੱਖ ਰੀਤੀ ਦੀ ਭਲੀ ਪ੍ਰਕਾਰ ਪਾਲਣਾ ਕੀਤੀ ਹੈ। ਹੁਣ ਤੁਸੀਂ ਅੰਤਰ ਧਿਆਨ ਹੋਣਾ ਚਾਹੁੰਦੇ ਹੋ, ਪਰ ਆਪਣੇ ਸਥਾਨ 'ਤੇ ਕਿਸੇ ਨੂੰ ਨਹੀਂ ਬਿਠਾਇਆ ਹੈ॥੧੩॥

ਅਬਿ ਸਭਿ ਸੰਗਤਿ ਮਿਲੀ ਬਿਸੂਰਤਿ। ਨਹਿੰਨ ਬਿਲੋਕਹਿੰਗੇ ਤੁਮ ਮੂਰਤਿ।
ਰਾਵਰ ਨੇ ਕਿਸ ਕੇ ਲੜ ਲਾਈ। ਰੀਤਿ ਪ੍ਰਥਮ ਗੁਰੂਅਨਿ ਚਲਿ ਆਈ॥੧੪॥

ਹੁਣ ਸਾਰੀ ਸੰਗਤ ਪੀੜਤ ਹੋਈ ਮਿਲੀ ਹੈ, ਤੁਹਾਡੀ ਫਿਰ ਮੂਰਤ ਨਹੀਂ ਵੇਖਾਂਗੇ। ਆਪ ਜੀ ਨੇ ਸੰਗਤ ਨੂੰ ਕਿਸ ਦੇ ਲੜ ਲਾਇਆ ਹੈ। ਪਹਿਲਾਂ ਤੋਂ ਹੀ ਇਹ ਰੀਤੀ ਗੁਰੂ ਸਾਹਿਬਾਨ ਵਲੋਂ ਚਲਦੀ ਆਈ ਹੈ॥੧੪॥

ਕਰਹੁ ਆਪ ਭੀ ਤਿਨਹੁੰ ਸਮਾਨ। ਜਿਸ ਤੇ ਸਿੱਖੀ ਰਹੈ ਜਹਾਨ।
ਜੇ ਨਾ ਕਰਹੁਗੇ ਪੂਰਬ ਰੀਤਿ। ਜਾਨੀ ਪਰਹਿ ਸੁ ਹੁਇ ਬਿਪਰੀਤ॥ ੧੫॥

ਤੁਸੀਂ ਵੀ ਉਨ੍ਹਾਂ ਵਾਂਗ ਕਰੋ, ਜਿਸ ਕਾਰਨ ਸਿੱਖੀ ਜਹਾਨ ਵਿਚ ਰਹੇ। ਜੇ ਪਹਿਲੀ ਰੀਤੀ ਨਹੀਂ ਕਰੋਗੇ ਤਾਂ ਇਹ ਉਲਟੀ ਰੀਤੀ ਜਾਣ ਪਵੇਗੀ॥੧੫॥

ਬਿਚਲ ਜਾਇਗੀ ਸੰਗਤਿ ਸਾਰੀ। ਕੇਚਿਤ ਹੁਇਂ ਮੀਣਨਿ ਅਨੁਸਾਰੀ।
ਧੀਰਮੱਲ ਕੋ ਮਾਨਹਿ ਕੋਈ। ਕੋ ਸਿਖ ਰਾਮਰਾਇ ਕੋ ਹੋਈ॥ ੧੬॥

ਸਾਰੀ ਸੰਗਤ ਵਿਗੜ ਜਾਵੇਗੀ, ਕਈ ਮੀਣਿਆਂ ਦੇ ਅਧੀਨ ਹੋ ਜਾਣਗੇ। ਕੋਈ ਸਿੱਖ ਧੀਰਮਲ ਨੂੰ ਮੰਨੇਗਾ ਤੇ ਕੋਈ ਰਾਮਰਾਇ ਦਾ ਸਿੱਖ ਬਣ ਜਾਵੇਗਾ॥੧੬॥

ਇੱਤਯਾਦਿਕ ਸੋਢੀ ਜੇ ਔਰ। ਲੇ ਬਿਰਮਾਇ ਆਪਨੀ ਠੌਰ।
ਬਿਨ ਗੁਰ ਸੰਗਤਿ ਹ੍ਵੈ ਥਿਰ ਕੋਇ ਨ। ਜਥਾ ਨ੍ਰਿਪਤਿ ਬਿਨ ਸੈਨਾ ਹੋਇ ਨ॥੧੭॥

ਇਤਿਆਦਿਕ ਜਿਹੜੇ ਹੋਰ ਸੋਢੀ ਹਨ, ਉਹ ਆਪਣੇ ਵੱਲ ਭਰਮਾ ਲੈਣਗੇ। ਗੁਰੂ ਜੀ ਤੋਂ ਬਗੈਰ ਕੋਈ ਵੀ ਸੰਗਤ ਸਥਿਰ ਨਹੀਂ ਹੋਵੇਗੀ, ਜਿਵੇਂ ਰਾਜੇ ਤੋਂ ਬਗੈਰ ਸੈਨਾ ਨਹੀਂ ਹੋ ਸਕਦੀ॥੧੭॥

ਰਹੈ ਨ ਜਬਿ ਗਾਦੀ ਕੋ ਮਾਲਿਕ। ਧਨ ਹਿਤ ਅਪਰ ਬਨਹਿਂ ਤਤਕਾਲਿਕ।
ਸ਼ਕਤਿ ਹੀਨ ਜੇ ਹੁਇ ਗੁਰ ਔਰਾ। ਆਪਸ ਬਿਖੈ ਪਾਇਂ ਬਡ ਰੌਰਾ॥ ੧੮॥

ਜਦ ਗੱਦੀ ਦਾ ਮਾਲਕ ਹੀ ਨਹੀਂ ਰਹੇਗਾ ਤਾਂ ਧਨ ਵਾਸਤੇ ਹੋਰ ਤੁਰਤ ਗੁਰੂ ਬਣ ਬੈਠਣਗੇ। ਜੇ ਕੋਈ ਹੋਰ ਸ਼ਕਤੀਹੀਣ ਗੁਰੂ ਹੋਵੇਗਾ ਤਾਂ ਆਪਸ ਵਿਚ ਵੱਡਾ ਰੌਲਾ ਪੈ ਜਾਵੇਗਾ॥੧੮॥

ਸਜਾਨੇ ਸਮਝਹਿਂ ਤਬਿ ਹਟਿ ਜਾਇਂ। ਇਮ ਗੁਰ ਸਿੱਖੀ ਜਗਹਿ ਬਿਲਾਇ।
ਸ਼੍ਰੀ ਨਾਨਕ ਤੇ ਆਦਿਕ ਭਏ। ਜਗ ਮਹਿਂ ਸਿੱਖੀ ਕੋ ਦ੍ਰਿਢ ਕਿਏ॥ ੧੯॥

ਸਿਆਣੇ ਸਮਝ ਕੇ ਹਟ ਜਾਣਗੇ, ਇਸ ਤਰ੍ਹਾਂ ਗੁਰਸਿੱਖੀ ਜਗਤ ਤੋਂ ਦੂਰ ਹੋ ਜਾਵੇਗੀ। ਸ੍ਰੀ ਗੁਰੂ ਨਾਨਕ ਦੇਵ ਜੀ ਆਦਿ ਜਿਹੜੇ ਗੁਰੂ ਸਾਹਿਬਾਨ ਹੋਏ ਹਨ, ਉਨ੍ਹਾਂ ਨੇ ਜਗਤ ਵਿਚ ਸਿੱਖੀ ਨੂੰ ਦ੍ਰਿੜ੍ਹ ਕੀਤਾ ਹੈ॥੧੯॥

ਸੋ ਨਹਿਂ ਬਿਨਸਹਿ ਜਿਮ ਜਗ ਮਾਂਹੀ। ਉਚਿਤ ਕਰਨਿ ਕੇ ਹੋ ਬਿਧਿ ਤਾਂਹੀ।
ਨਾਂਹਿ ਤ ਡੋਲ ਜਾਇਗੀ ਸੰਗਤਿ। ਬੈਠਨਿ ਲਗਹਿਂ ਅਪਰ ਕੀ ਪੰਗਤਿ॥੨੦॥

ਉਹ ਜਿਵੇਂ ਜਗਤ ਤੋਂ ਦੂਰ ਨਾ ਹੋਵੇ, ਉਸ ਵਿਧੀ ਦੇ ਕਰਨ ਯੋਗ ਆਪ ਹੀ ਹੋ, ਨਹੀਂ ਤਾਂ ਸੰਗਤ ਡੋਲ ਜਾਵੇਗੀ ਤੇ ਹੋਰਨਾਂ ਦੀ ਪੰਗਤ ਵਿਚ ਬੈਠਣ ਲੱਗ ਜਾਵੇਗੀ॥੨੦॥

ਜੋ ਗੁਰੁ ਗ੍ਰੰਥ ਆਪ ਨੇ ਭਨਜੋਂ। ਸੋ ਸਗਰੇ ਸਿੱਖਨਿ ਹੂੰ ਸੁਨਜੋਂ।
ਲਿਖਿ ਲੈ ਹੈਂ ਅਬਿ ਸੋਢੀ ਸਾਰੇ। ਬੈਠਹਿਂ ਮਾਨੀ ਗੁਰ ਹੁਇ ਭਾਰੇ॥ ੨੧॥

ਜੋ ਗੁਰੂ ਗ੍ਰੰਥ ਜੀ ਬਾਰੇ ਆਪ ਨੇ ਕਿਹਾ ਹੈ, ਉਹ ਸਾਰੇ ਸਿੱਖਾਂ ਨੇ ਸੁਣਿਆ ਹੈ, ਹੁਣ ਸਾਰੇ ਸੋਢੀ ਉਸ ਨੂੰ ਲਿਖ ਲੈਣਗੇ ਤੇ ਹੰਕਾਰੀ ਵੱਡੇ ਗੁਰੂ ਬਣ ਕੇ ਬੈਠ ਜਾਣਗੇ॥੨੧॥

ਯਾਂਤੇ ਸੰਗਤਿ ਕਿਸ ਲੜ ਲਾਵਹੁ। ਗੁਰਤਾ ਉਚਿਤ ਜਾਂਹਿ ਲਖਿ ਪਾਵਹੁ।
ਪੁਰਿ ਕੀ ਸੰਗਤਿ ਮਿਲਿ ਸਮੁਦਾਈ। ਇਮ ਅਰਦਾਸ ਕਰਤਿ ਅਗੁਵਾਈ ॥੨੨॥

ਇਸ ਕਰਕੇ ਸੰਗਤ ਨੂੰ ਕਿਸੇ ਦੇ ਲੜ ਲਾਵੇ, ਗੁਰਤਾ ਦੇ ਯੋਗ ਜਿਸ ਨੂੰ ਸਮਝਦੇ ਹੋ। ਨਗਰ ਦੀ ਸਾਰੀ ਸੰਗਤ ਮਿਲ ਕੇ ਇਕੱਠੀ ਹੋਈ ਹੈ, ਇਸ ਤਰ੍ਹਾਂ ਆਪ ਜੀ ਦੇ ਅੱਗੇ ਬੇਨਤੀ ਕਰਦੀ ਹੈ''॥੨੨॥

ਸੁਨਿ ਕਰਿ ਸ੍ਰੀ ਹਰਿਕ੍ਰਿਸ਼ਨ ਕ੍ਰਿਪਾਲਾ। ਜਥਾ ਜੋਗ ਜਾਨੀ ਤਿਸ ਕਾਲਾ।
'ਗੁਰੂ ਹੋਇ ਸੋ ਛਪੈ ਨ ਕੈਸੇ। ਬਿਦਤਹਿ ਗਗਨ ਚਢੇ ਰਵਿ ਜੈਸੇ॥ ੨੩॥

ਇਹ ਸੁਣ ਕੇ ਕ੍ਰਿਪਾਲੂ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੇ ਉਸ ਸਮੇਂ ਉਨ੍ਹਾਂ ਦੀ ਬੇਨਤੀ ਨੂੰ ਜਥਾ ਯੋਗ ਸਮਝਿਆ। ਉਨ੍ਹਾਂ ਨੇ ਉਸ ਸਮੇਂ ਮਨ ਵਿਚ ਯਥਾ ਯੋਗ ਜਾਣਿਆ, ''ਜਿਹੜਾ ਗੁਰੂ ਹੋਵੇਗਾ, ਉਹ ਕਿਸ ਤਰ੍ਹਾਂ ਛੁੱਪ ਜਾਵੇਗਾ, ਜਿਵੇਂ ਸੂਰਜ ਅਕਾਸ਼ ਵਿਚ ਚੜ੍ਹ ਕੇ ਸਾਰੇ ਪ੍ਰਗਟ ਹੋ ਜਾਂਦਾ ਹੈ॥੨੩॥

ਤਊ ਰੀਤਿ ਪੂਰਬ ਗੁਰ ਕੇਰੀ। ਹਮ ਕੋ ਕਰੀ ਚਹਿਯ ਇਸ ਬੇਰੀ।
ਇਮ ਬਿਚਾਰ ਕਰਿ ਨਿਰਨੈ ਲਹਜੋ। ਬੋਲੇ 'ਜਥਾਜੋਗ ਤੁਮ ਕਹਜੋ॥ ੨੪॥

ਫਿਰ ਵੀ ਸਾਨੂੰ ਪਹਿਲੇ ਗੁਰੂ ਸਾਹਿਬਾਨ ਵਾਲੀ ਰੀਤੀ ਇਸ ਸਮੇਂ ਕਰਨੀ ਚਾਹੀਦੀ ਹੈ। ਇਸ ਤਰ੍ਹਾਂ ਵਿਚਾਰ ਕੇ ਨਿਰਣਾ ਲਿਆ ਤੇ ਬੋਲੇ, ''ਤੁਸੀਂ ਯਥਾ ਯੋਗ ਠੀਕ ਕਿਹਾ ਹੈ॥੨੪॥

ਪੈਸੇ ਪੰਚ ਨਲੇਰ ਮੰਗਾਵਹੁ। ਸਭਿ ਸੰਗਤਿ ਕੋ ਨਿਕਟਿ ਬਿਠਾਵਹੁ।
ਭਾਰੀ ਗੁਰ ਬਿਦਤਹਿ ਜਗ ਮਾਂਹੀ। ਜਿਸ ਤੇ ਦੰਭੀ ਗੁਰ ਦੂਰ ਜਾਂਹੀ॥ ੨੫॥

ਪੰਜ ਪੈਸੇ ਤੇ ਨਾਰੀਅਲ ਮੰਗਵਾਵੋ ਤੇ ਸਾਰੀ ਸੰਗਤ ਨੂੰ ਪਾਸ ਬਿਠਾਵੋ। ਭਾਰੀ ਗੁਰੂ ਜਗ ਵਿਚ ਪ੍ਰਗਟ ਹੋਵੇਗਾ, ਜਿਸ ਨੂੰ ਵੇਖ ਕੇ ਪਖੰਡੀ ਗੁਰੂ ਲੁਕ ਜਾਣਗੇ॥੨੫॥

ਸਿੱਖ ਹਜ਼ਾਰਹੁੰ, ਲਾਖਹੁੰ, ਕੋਟ। ਉਧਰਹਿੰਗੇ ਜਿਸ ਕੀ ਲੇ ਓਟ।
ਧਰਹਿਂ ਧਰਾ ਸਮ ਧੀਰਜ ਭਾਰੀ। ਸਸਿ ਸੂਰਜ ਸਮ ਪਰਉਪਕਾਰੀ॥ ੨੬॥

ਜਿਸ ਦੀ ਓਟ ਲੈ ਕੇ ਹਜ਼ਾਰਾਂ, ਲੱਖਾਂ, ਕਰੋੜਾਂ ਸਿੱਖਾਂ ਦਾ ਉਧਾਰ ਹੋਵੇਗਾ। ਉਹ ਧਰਤੀ ਵਾਂਗ ਭਾਰੀ ਧੀਰਜ ਧਾਰਨ ਕਰਨਗੇ, ਤੇ ਸੂਰਜ ਚੰਦ ਵਾਂਗ ਵੱਡੇ ਪਰਉਪਕਾਰੀ ਹੋਣਗੇ॥੨੬॥

ਸਿੱਖੀ ਦਿਢ ਐਸੀ ਜਗ ਕਰੈਂ। ਜੇ ਬੇਮੁਖ ਸਭਿ ਪੈਰੀ ਪਰੈਂ।
ਮਹਾਂ ਪ੍ਰਤਾਪ ਸਭਿਨਿ ਪਰ ਛਾਵੈ। ਕੁਛ ਤੇ ਕੁਛ ਕਰਿ ਕੈ ਦਿਖਰਾਵੈਂ' ॥੨੭॥

ਐਸੀ ਸਿੱਖੀ ਜਗਤ ਵਿਚ ਦ੍ਰਿੜ੍ਹ ਕਰਨਗੇ, ਜਿਹੜੇ ਬੇਮੁਖ ਹਨ ਉਹ ਸਾਰੇ ਪੈਰੀਂ ਪੈਣਗੇ। ਉਨ੍ਹਾਂ ਦਾ ਮਹਾਂ ਪ੍ਰਤਾਪ ਸਾਰਿਆਂ 'ਤੇ ਛਾਵੇਗਾ, ਤੇ ਕੁਝ ਤੋਂ ਕੁਝ ਕਰ ਕੇ ਵਿਖਾਉਣਗੇ'' ॥੨੭॥

ਸੁਨਿ ਸ੍ਰੀ ਮੁਖ ਤੇ ਬਚਨ ਸੁਹਾਏ। ਸੁਨਤਿ ਜਿ ਸਗਰੇ ਸੀਸ ਨਿਵਾਏ।
ਧਾਇ ਗਯੋ ਆਨਜੋ ਤਤਕਾਲਾ। ਪੈਸੇ ਪੰਚ ਨਰੇਲ ਬਿਸਾਲਾ॥ ੨੮॥

ਗੁਰੂ ਜੀ ਦੇ ਮੁਖ ਤੋਂ ਅਜਿਹੇ ਸੁਹਾਵਣੇ ਬਚਨ ਸੁਣ ਕੇ, ਸਾਰਿਆਂ ਨੇ ਆਪਣੇ ਸੀਸ ਨਿਵਾਏ। ਇਕ ਸਿੱਖ ਦੌੜ ਕੇ ਗਿਆ ਤੇ ਤੁਰਤ ਪੰਜ ਪੈਸੇ ਤੇ ਨਾਰੀਅਲ ਲੈ ਆਇਆ॥੨੮॥

ਕੰਚਨ ਥਾਰ ਬਿਖੈ ਧਰਿ ਦੀਨਿ। ਚੰਦਨ ਪੁਸ਼ਪ ਧੂਪ ਸੁਭ ਕੀਨਿ।
ਸੰਗਤਿ ਸਗਰੀ ਨਿਕਟਿ ਬੁਲਾਈ। ਜਿਸ ਮਹਿਂ ਸਜਾਨੇ ਸਿਖ ਸਮੁਦਾਈ॥੨੯॥

ਸੋਨੇ ਦੇ ਥਾਲ ਵਿਚ ਉਨ੍ਹਾਂ ਨੂੰ ਧਰ ਦਿੱਤਾ। ਚੰਦਨ, ਫੁੱਲ ਅਤੇ ਧੂਪ ਆਦਿ ਸ਼ੁਭ ਕਾਰਜ ਕੀਤਾ। ਸਾਰੀ ਸੰਗਤ ਨੂੰ ਪਾਸ ਬੁਲਾਇਆ, ਜਿਸ ਵਿਚ ਸਿਆਣੇ ਸਿੱਖ ਇਕੱਠੇ ਹੋਏ॥੨੯॥

ਹਾਥਨਿ ਜੋਰਿ ਨਾਥ ਗੁਰ ਆਗੇ। ਨਮੋ ਕਰਹਿ ਕੋ ਚਰਨੀ ਲਾਗੇ।
ਘ੍ਰਿਤ ਕੀ ਜਰਹਿ ਮਸਾਲ ਅਗਾਰੀ। ਅਪਰ ਸੁਗੰਧਨਿ ਬਹੁ ਮਹਿਕਾਰੀ॥ ੩੦॥

ਮਾਲਕ ਗੁਰੂ ਜੀ ਦੇ ਅੱਗੇ ਕੋਈ ਹੱਥ ਜੋੜ ਕੇ ਨਮਸਕਾਰ ਕਰਦਾ ਸੀ ਤੇ ਕੋਈ ਉਨ੍ਹਾਂ ਦੇ ਚਰਨੀਂ ਲੱਗਦਾ ਸੀ। ਘਿਉ ਦੀ ਅੱਗੇ ਮਸ਼ਾਲ ਜਗ ਰਹੀ ਸੀ ਤੇ ਹੋਰ ਸੁਗੰਧਾਂ ਬਹੁਤ ਮਹਿਕਦੀਆਂ ਸਨ॥੩੦॥

ਸਭਾ ਲਗਾਇ ਜਥੋਚਿਤ ਸਾਰੇ। ਬੈਠੇ ਚਹੁੰਦਿਸ਼ਿ ਗੁਰ ਪਰਵਾਰੇ।
ਧਰੇ ਮੋਨ ਸਭਿ ਹੇਰਨਿ ਕਰੈਂ। ਸਨੈ ਸਨੈ ਗੁਰ ਸਿਮਰਨਿ ਧਰੈਂ॥ ੩੧॥

ਜਿਵੇਂ ਉਚਿਤ ਸੀ ਭਾਵ ਆਪੋ ਆਪਣੇ ਟਿਕਾਣੇ ਸਾਰੇ ਬੈਠ ਗਏ ਤੇ ਚਾਰੇ ਪਾਸੇ ਗੁਰੂ ਜੀ ਦਾ ਪਰਿਵਾਰ ਬੈਠ ਗਿਆ। ਮੋਨ ਧਾਰ ਕੇ ਸਾਰੇ ਵੇਖ ਰਹੇ ਸਨ, ਹੌਲੀ-ਹੌਲੀ ਗੁਰੂ ਜੀ ਦਾ ਸਿਮਰਨ ਕਰਦੇ ਸਨ॥੩੧॥

ਸ੍ਰੀ ਹਰਿਕ੍ਰਿਸ਼ਨ ਦਰਸ ਕਹੁ ਦਾਨ। ਦੀਨਹੁ, ਕੀਨਿ ਜਨਨ ਕਲਜਾਨ।
ਤਜਯੋ ਪ੍ਰਯੰਕ ਤਰੇ ਗੁਰ ਭਏ। ਕੁਸ਼ ਕੋ ਆਸਤਰਨ ਥਿਰ ਥਿਏ॥ ੩੨॥

ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਆਪਣੇ ਦਰਸ਼ਨਾਂ ਦਾ ਦਾਨ ਦੇ ਰਹੇ ਸਨ ਤੇ ਆਪਣੇ ਸੇਵਕਾਂ ਦਾ ਕਲਿਆਣ ਕਰ ਰਹੇ ਸਨ। ਪਲੰਘ ਛੱਡ ਕੇ ਗੁਰੂ ਜੀ ਥੱਲੇ ਆ ਗਏ ਤੇ ਦਭ ਦੇ ਬਿਸਤਰ ਉੱਤੇ ਬੈਠ ਗਏ॥੩੨॥

ਕੰਚਨ ਥਾਰ ਨਿਕਟਿ ਕਰਿਵਾਯੋ। ਦੇਖਿ ਦਾਹਿਨੋ ਹਾਥ ਉਠਾਯੋ।
ਮ੍ਰਿਦੁਲ ਮਨਿੰਦ ਕਮਲ ਕੇ ਜੋਇ। ਪ੍ਰੇਰਨ ਕਰਯੋ ਪਿਖਹਿਂ ਗਨ ਸੋਇ॥ ੩੩॥

ਸੋਨੇ ਦਾ ਥਾਲ ਨੇੜੇ ਕਰਵਾਇਆ ਤੇ ਵੇਖ ਕੇ ਸੱਜੇ ਹੱਥ ਨਾਲ ਉਪਰ ਚੁਕਿਆ, ਜਿਹੜੇ ਹੱਥ ਕੰਵਲ ਦੇ ਫੁੱਲਾਂ ਵਾਂਗ ਕੋਮਲ ਸਨ। ਕੁਝ ਦਾਸਾਂ ਨੂੰ ਵੇਖ ਕੇ ਪ੍ਰੇਰਿਆ॥੩੩॥

ਪੈਸੇ ਪੰਚ ਉਠਾਵਨਿ ਕਰੇ। ਸ੍ਰੀ ਫਲ ਸਾਥ ਹਾਥ ਮਹੁ ਧਰੇ।
ਕੀਨਿ ਮੰਡਲਾਕ੍ਰਿਤ ਤ੍ਰੈ ਬਾਰੀ। ਧਰਯੋ ਸੁ ਧਜਾਨ ਪ੍ਰਕ੍ਰਮਾ ਧਾਰੀ॥ ੩੪॥

ਪੰਜ ਪੈਸੇ ਫਿਰ ਉਪਰ ਚੁਕੇ ਤੇ ਨਾਲ ਹੀ ਨਾਰੀਅਲ ਹੱਥ ਉੱਤੇ ਰਖਿਆ। ਫਿਰ ਹੱਥ ਨੂੰ ਤਿੰਨ ਵਾਰ ਗੋਲਾਕਾਰ ਕੀਤਾ ਤੇ ਧਿਆਨ ਵਿਚ ਪਰਿਕਰਮਾਂ ਕੀਤੀਆਂ॥੩੪॥

ਲੇਪਨ ਕਰੀ ਭੂਮ ਜਹਿਂ ਪਾਵਨ। ਨਿਜ ਕਰ ਤੇ ਤਹਿਂ ਕਰੇ ਟਿਕਾਵਨਿ।
ਹਾਥ ਜੋਰਿ ਪੁਨ ਬੰਦਨ ਠਾਨੀ। ਨੇਤ੍ਰ ਉਘਾਰਿ ਕਹੀ ਮੁਖ ਬਾਨੀ॥ ੩੫॥

ਪਵਿੱਤਰ ਧਰਤੀ ਨੂੰ ਫਿਰ ਲਿਪਾਈ ਕਰਵਾਈ ਤੇ ਆਪਣੇ ਹੱਥਾਂ ਨਾਲ ਉਥੇ ਟਿਕਾ ਦਿੱਤੇ। ਹੱਥ ਜੋੜ ਕੇ ਫਿਰ ਬੰਦਨਾ ਕੀਤੀ, ਨੇਤਰ ਖੋਲ੍ਹ ਕੇ ਫਿਰ ਮੁੱਖ ਤੋਂ ਕਿਹਾ॥੩੫॥

'ਬਾਬਾ ਬਸਹਿ ਜਿ ਗ੍ਰਾਮ ਬਕਾਲੇ। ਬਨਿ ਗੁਰ, ਸੰਗਤਿ ਸਕਲ ਸਮਾਲੇ'।
ਇਮ ਸੁਨਾਇ ਸਭਿਹਿਨਿ ਸੋਂ ਕਹਯੋ। ਸਿੱਖਨਿ ਉਰ ਨਿਸ਼ਚੈ ਤਬਿ ਲਹਯੋ॥ ੩੬॥

''ਜਿਹੜੇ ਮੇਰੇ ਬਾਬਾ ਜੀ ਬਕਾਲੇ ਪਿੰਡ ਵਿਚ ਵਸਦੇ ਹਨ, ਉਹ ਗੁਰੂ ਜੀ ਬਣ ਕੇ ਸਾਰੀ ਸੰਗਤ ਨੂੰ ਸੰਭਾਲਣਗੇ'' ਇਸ ਤਰ੍ਹਾਂ ਸੁਣਾ ਕੇ ਸਾਰਿਆਂ ਨੂੰ ਕਹਿ ਦਿੱਤਾ, ਸਿੱਖਾਂ ਨੇ ਫਿਰ ਹਿਰਦੇ ਵਿਚ ਨਿਸ਼ਚਾ ਧਾਰਨ ਕੀਤਾ॥੩੬॥

ਨਹੀਂ ਨਾਮ ਲੀਨਿਸ ਤਿਸ ਬੇਰਾ। ਤਊ ਲਖਯੋ ਸਭਿ ਗੁਰੂ ਬਡੇਰਾ।
ਬਿਦਤਹਿ ਆਪ ਛਪਯੋ ਨਹਿਂ ਰਹੈ। ਇਮ ਬਿਚਾਰ ਕਰਿ ਕੋਇ ਨ ਕਹੈ॥ ੩੭॥

ਉਸ ਸਮੇਂ ਗੁਰੂ ਜੀ ਦਾ ਨਾਂ ਨਹੀਂ ਲਿਆ, ਫਿਰ ਵੀ ਸਾਰਿਆਂ ਨੇ ਵੱਡੇ ਗੁਰੂ ਜੀ ਬਾਰੇ ਸਮਝ ਲਿਆ। ਆਪੇ ਪ੍ਰਗਟ ਹੋ ਜਾਣਗੇ, ਛੁਪੇ ਨਹੀਂ ਰਹਿਣਗੇ, ਇਸ ਤਰ੍ਹਾਂ ਵਿਚਾਰ ਕੇ ਕਿਸੇ ਵੀ ਨਾ ਕਿਹਾ ॥੩੭॥

ਸਭਿ ਕੀ ਇੱਛਾ ਪੂਰਨ ਕਰੀ। ਗ੍ਰੀਵ ਨਿਵਾਇ ਨੰਮ੍ਰਤਾ ਧਰੀ।
ਨਮੋ ਕਰਹਿਂ ਸਭਿ ਆਦਿ ਮਸੰਦ। ਧਰੇ ਸ਼ੋਕ ਉਰ ਅਧਿਕ ਅਨੰਦ ॥ ੩੮ ॥

ਸਾਰਿਆਂ ਦੀ ਇੱਛਾ ਪੂਰੀ ਕੀਤੀ, ਤੇ ਸਿਰ ਨਿਵਾ ਕੇ ਨਿਮਰਤਾ ਧਾਰਨ ਕੀਤੀ। ਸਾਰੇ ਮਸੰਦਾਂ ਆਦਿ ਨੇ ਨਮਸਕਾਰ ਕੀਤੀ। ਜਿਨ੍ਹਾਂ ਨੇ ਹਿਰਦੇ ਵਿਚ ਸ਼ੋਕ ਧਾਰਨ ਕੀਤਾ ਸੀ, ਉਨ੍ਹਾਂ ਦੇ ਹਿਰਦੇ ਅਨੰਦਮਈ ਹੋ ਗਏ ॥੩੮॥

ਕਰਯੋ ਹੁਕਮ ਸਤਿਗੁਰ ਢਿਗ ਦਾਸ। 'ਅਬਿ ਸੰਗਤਿ ਕੀ ਪੂਰਨ ਆਸ।
ਕਹੋ ਸਭਿਨਿ ਸੋਂ ਪੌਰ ਅਗਾਰੀ। ਥਿਰਹੁ ਕਰਹੁ ਸਤਿਨਾਮ ਉਚਾਰੀ ॥ ੩੯ ॥

ਸਤਿਗੁਰੂ ਜੀ ਨੇ ਫਿਰ ਆਪਣੇ ਦਾਸਾਂ ਨੂੰ ਹੁਕਮ ਕੀਤਾ "ਹੁਣ ਸੰਗਤ ਦੀ ਆਸ ਪੂਰੀ ਹੋ ਗਈ ਹੈ, ਹੁਣ ਸਾਰਿਆਂ ਨੂੰ ਕਹੋ ਦਰਵਾਜ਼ੇ ਦੇ ਬਾਹਰ ਖੜੇ ਹੋ ਕੇ ਸਤਿਨਾਮ ਦਾ ਉਚਾਰਨ ਕਰਨ ॥੩੯॥

ਪਠਹਿਂ ਸੁਨਹਿਂ ਇਕ ਚਿਤ ਗੁਰ ਬਾਨੀ। ਜਾਗ੍ਰਨਿ ਕਰਹਿਂ ਹੋਇ ਸਵਧਾਨੀ।
ਲੇਹੁ ਬੁਲਾਇ ਰਬਾਬੀ ਜੋਇ। ਕਰਹਿਂ ਸਪ੍ਰੇਮ ਕੀਰਤਨ ਸੋਇ ॥ ੪੦ ॥

ਇਕ ਚਿਤ ਹੋ ਕੇ ਗੁਰਬਾਣੀ ਪੜ੍ਹਨ ਅਤੇ ਸੁਣਨ ਤੇ ਸਾਵਧਾਨ ਹੋ ਕੇ ਜਾਗਦੇ ਰਹਿਣ। ਜਿਹੜੇ ਰਬਾਬੀ ਹਨ, ਉਨ੍ਹਾਂ ਨੂੰ ਬੁਲਾ ਲਵੋ ਉਹ ਪ੍ਰੇਮ ਦੇ ਨਾਲ ਕੀਰਤਨ ਕਰਨ ॥੪੦॥

ਬਿਨਾ ਭਜਨ ਕਰਿਬੇ ਸਤਿਨਾਮ। ਨਹਿਂ ਕੋ ਬੋਲਹਿ ਥਿਰਹਿ ਜੁ ਧਾਮ।
ਅਬਿ ਹਮ ਕਰਹਿਂ ਪ੍ਰਲੋਕ ਪਯਾਨਾ। ਬਨਹਿਂ ਇਕਾਂਕੀ ਨਿਜ ਅਸਥਾਨਾ ॥੪੧॥

ਬਿਨਾਂ ਭਜਨ ਸਤਿਨਾਮ ਦਾ ਜਾਪ ਮੂੰਹ ਵਿਚ ਕਰੋ। ਜਿਹੜਾ ਦੇਖੋ ਠਹਿਰੇ, ਉਹ ਕੁਝ ਵੀ ਨਾ ਬੋਲੇ। ਹੁਣ ਅਸੀਂ ਪਰਲੋਕ ਜਾਵਾਂਗੇ ਤੇ ਆਪਣੇ ਅਸਥਾਨ 'ਤੇ ਇਕੱਲੇ ਰਹਾਂਗੇ" ॥੪੧॥

ਸੁਨਿ ਗੁਰ ਹੁਕਮ ਸਭਾ ਸਭਿ ਜੋਇ। ਉਠਿ ਉਠਿ ਹਾਥ ਜੋਰਿ ਕਰਿ ਦੋਇ।
ਨਮੋ ਕਰਹਿਂ ਦਰਸ਼ਨ ਕੋ ਦੇਖਿ। ਜਿਨ ਕੇ ਮਸਤਕ ਭਾਗ ਵਿਸ਼ੇਖ ॥ ੪੨ ॥

ਗੁਰੂ ਜੀ ਦਾ ਹੁਕਮ ਸੁਣ ਕੇ ਸਭਾ ਵਿਚ ਜਿਹੜੇ ਬੈਠੇ ਸਨ ਉਹ ਉਠ ਉਠ ਕੇ ਦੋਵੇਂ ਹੱਥ ਜੋੜਦੇ ਸਨ ਤੇ ਦਰਸ਼ਨ ਕਰਕੇ ਨਮਸਕਾਰ ਕਰਦੇ ਸਨ, ਜਿਨ੍ਹਾਂ ਦੇ ਮੱਥੇ 'ਤੇ ਵੱਡੇ ਭਾਗ ਲਿਖੇ ਸਨ ॥੪੨॥

ਅਪਰ ਕਾਮਨਾ ਜੋ ਜੋ ਧਰੀ। ਪੂਰਨ ਕੀਨਿ ਗੁਰੂ ਤਿਸ ਘਰੀ।
ਅਧਿਕ ਪ੍ਰੇਮ ਜੁਤਿ ਬਿਛੁਰੇ ਗੁਰ ਤੇ। ਸ਼ੋਕ ਬਿਸਾਲ ਦੀਨ ਬਡ ਉਰ ਤੇ ॥੪੩॥

ਹੋਰ ਵੀ ਜਿਹੜੀ ਜਿਹੜੀ ਕਾਮਨਾ ਧਾਰਨ ਕੀਤੀ ਸੀ, ਗੁਰੂ ਜੀ ਨੇ ਉਸ ਸਮੇਂ ਪੂਰੀ ਕਰ ਦਿੱਤੀ। ਸਾਰੇ ਸਿੱਖ ਬਹੁਤ ਪ੍ਰੇਮ ਸਹਿਤ ਗੁਰੂ ਜੀ ਤੋਂ ਵਿਛੜੇ, ਮਹਾਨ ਸ਼ੋਕਵਾਨ ਸਨ ਤੇ ਦਿਲ ਵਿਚ ਵੱਡੇ ਨਿਮਾਣੇ ਹੋਏ ਹੋਏ ਸਨ ॥੪੩॥

ਸਿਖ ਸਮੁਦਾਇ ਪੌਰ ਪਰ ਥਿਰੈਂ। ਸੱਤਿਨਾਮ ਕੋ ਸਿਮਰਨਿ ਕਰੈਂ।
ਲਗੇ ਰਬਾਬੀ ਕਿਰਤਨ ਕਰਿਬੇ। ਜਿਹ ਸੁਨਿਬੇ ਸਭਿ ਕਲਮਲ ਹਰਿਬੇ ॥੪੪॥

ਸਮੂਹ ਸਿੱਖ ਦਰਵਾਜ਼ੇ ਦੇ ਬਾਹਰ ਬੈਠੇ ਤੇ ਮੂੰਹ ਵਿਚ ਸਤਿਨਾਮ ਦਾ ਸਿਮਰਨ ਕਰਦੇ ਸਨ। ਰਬਾਬੀ ਕੀਰਤਨ ਕਰ ਰਹੇ ਸਨ, ਜਿਸ ਨੂੰ ਸੁਣ ਸਭ ਪਾਪ ਦੂਰ ਹੋ ਰਹੇ ਸਨ ॥੪੪॥

*ਦਸਵੀਂ ਰਾਸ ਦਾ ਬਵੰਜਵਾਂ ਅਧਿਆਇ ਸਮਾਪਤ ਹੋਇਆ ॥੫੨॥*

# ਅਧਿਆਇ ਤਰਵੰਞਵਾਂ

## ਸੱਚਖੰਡ ਚਲੇ ਗਏ

ਦੋਹਰਾ-ਇਸ ਕ੍ਰਿਤ ਕੋ ਕਰਤੇ ਗੁਰੂ ਕਹਨਿ ਸੁਨਨਿ ਬਿਸਤਾਰ।
ਬੀਤ ਗਈ ਅਧ ਜਾਮਨੀ ਚਹੈਂ ਪ੍ਰਲੋਕ ਪਧਾਰਿ॥ ੧॥

ਕਹਿਣ ਸੁਣਨ ਦਾ ਵਿਸਥਾਰ ਕਰਦਿਆਂ ਜਦ ਅੱਧੀ ਰਾਤ ਬੀਤ ਗਈ ਤਾਂ ਗੁਰੂ ਜੀ ਨੇ ਪਰਲੋਕ ਜਾਣਾ ਚਾਹਿਆ॥੧॥

ਚੌਪਈ-ਅੰਤ ਸਮਾ ਲਖਿ ਜਨਨੀ ਆਈ। ਦੇਖਤਿ ਪੁੱਤ੍ਰ ਗਾਤ ਮੁਰਝਾਈ।
ਅੱਸ੍ਰ ਬਿਲੋਚਨਿ ਤੇ ਬਹੁ ਡਾਰਹਿ। ਸੰਕਟ ਸ਼ੋਕ ਰਿਦੈ ਬਹੁ ਧਾਰਹਿ॥੨॥

ਅੰਤ ਸਮਾਂ ਜਾਣ ਕੇ ਮਾਤਾ ਜੀ ਆਏ ਤੇ ਪੁੱਤਰ ਨੂੰ ਵੇਖ ਕੇ ਉਦਾਸ ਹੋ ਕੇ ਮੁਰਝਾ ਗਏ। ਨੈਣਾਂ ਵਿਚ ਬਹੁਤ ਅੱਥਰੂ ਡਿੱਗ ਰਹੇ ਸਨ, ਸੰਕਟ ਕਾਰਨ ਹਿਰਦੇ ਵਿਚ ਬਹੁਤ ਸ਼ੋਕ ਧਾਰਨ ਕੀਤਾ ਸੀ॥੨॥

ਸਰਬ ਪ੍ਰਕਾਰ ਗੁਰੂ ਸਮਰੱਥ। ਲਘੁ ਦੀਰਘ ਟੇਕਹਿ ਪਦ ਮੱਥ।
ਅੰਤਰਜਾਮੀ ਸਭਿ ਮਨ ਕੇਰੇ। ਬਡ ਤੇ ਲਘੁ, ਲਘੁ ਕਰਹਿਂ ਬਡੇਰੇ॥੩॥

ਗੁਰੂ ਜੀ ਸਰਬ ਪ੍ਰਕਾਰ ਸਮਰੱਥ ਸਨ, ਛੋਟੇ ਵੱਡੇ ਸਭ ਚਰਨਾਂ 'ਤੇ ਮੱਥਾ ਟੇਕਦੇ ਸਨ। ਅੰਤਰਜਾਮੀ ਸਭ ਦੇ ਮਨਾਂ ਦੀਆਂ ਜਾਣਦੇ ਸਨ। ਵੱਡਿਆਂ ਨੂੰ ਛੋਟੇ ਤੇ ਛੋਟਿਆਂ ਨੂੰ ਵੱਡੇ ਕਰ ਦਿੰਦੇ ਸਨ॥੩॥

ਤਜਾਗਨਿ ਧਰਬੋ ਕਰਨਿ ਸਰੀਰ। ਜਿਨ ਕੇ ਹੈ ਅਧੀਨ ਉਰ ਧੀਰ।
ਮਹਿੰਮਾ ਸੁਤ ਕੀ ਜਾਨਤਿ ਸਾਰੀ। ਗਜਾਤਾ ਦੇਸ਼ ਕਾਲ ਕੀ ਭਾਰੀ॥੪॥

ਸਰੀਰ ਦਾ ਧਾਰਨ ਕਰਨਾ ਜਾਂ ਸਰੀਰ ਦਾ ਛੱਡਣਾ ਜਿਸ ਧੀਰਜਵਾਨ ਹਿਰਦੇ ਵਾਲੇ ਗੁਰੂ ਜੀ ਦੇ ਅਧੀਨ ਹੈ। ਮਾਤਾ ਜੀ ਉਸ ਪੁੱਤਰ ਦੀ ਸਾਰੀ ਮਹਿਮਾ ਜਾਣਦੇ ਹਨ, ਉਨ੍ਹਾਂ ਨੂੰ ਦੇਸ਼ ਕਾਲ ਦਾ ਭਾਰੀ ਗਿਆਨ ਹੈ॥੪॥

ਭੂਤ ਭਵਿੱਖਜਤ ਮਹਿਂ ਗਤਿ ਹੋਇ। ਸਗਰੀ ਜਾਨਤਿ ਹੈ ਮਨ ਸੋਇ।
ਨਿਤ ਸਰਬੱਗ ਸ਼ਕਤਿ ਮਹਿਂ ਭਾਰੀ। ਜਿਨ ਕੀਰਤਿ ਜਗ ਬਹੁ ਬਿਸਤਾਰੀ॥੫॥

ਜੋ ਭੂਤ ਭਵਿੱਖ ਵਿਚ ਗਤੀ ਹੋਣੀ ਹੈ, ਉਹ ਮਨ ਵਿਚ ਸਭ ਕੁਝ ਜਾਣਦੇ ਹਨ। ਸਦਾ ਉਨ੍ਹਾਂ ਪਾਸ ਸਰਬ ਸਮਰੱਥ ਸ਼ਕਤੀ ਹੈ, ਜਿਨ੍ਹਾਂ ਦੀ ਕੀਰਤੀ ਜਗਤ ਵਿਚ ਬਹੁਤ ਫੈਲੀ ਹੈ॥੫॥

ਨਿਕਟਿ ਬੈਠਿ ਮੁਖ ਕਮਲ ਬਿਲੋਕਾ। ਸਦਾ ਪ੍ਰਫੁੱਲਜਤਿ ਕਬਹੁਂ ਨ ਸ਼ੋਕਾ।
ਭਈ ਦੀਨ ਮੁਖ ਬੋਲੀ ਬਾਨੀ। 'ਸੁਨਹੁ ਪੁੱਤ੍ਰ! ਤੁਮ ਗੁਨ ਗਨੀ ਖਾਨੀ॥੬॥

ਮਾਤਾ ਜੀ ਨੇ ਨੇੜੇ ਬੈਠ ਕੇ ਕੰਵਲ ਰੂਪ ਮੁਖੜੇ ਨੂੰ ਵੇਖਿਆ ਜਿਹੜਾ ਸਦਾ ਹੀ ਖਿੜਿਆ ਰਹਿੰਦਾ ਸੀ, ਕਦੀ ਵੀ ਦੁਖੀ ਨਹੀਂ ਸੀ ਹੁੰਦਾ। ਮਾਤਾ ਜੀ ਦੀਨ ਹੋ ਕੇ ਮੁੱਖ ਤੋਂ ਬੋਲੀ, "ਹੇ ਪੁੱਤਰ! ਸੁਣੋ, ਤੁਸੀਂ ਸਾਰੇ ਗੁਣਾਂ ਦੀ ਖਾਣ ਹੋ"॥੬॥

ਕਹੌਂ ਕਹਾਂ ਮੈਂ ਬਾਤ ਬਨਾਈ?। ਆਗੇ ਕਹੀ ਸੁ ਆਪ ਹਟਾਈ।
ਗੁਰਤਾ ਆਦਿਕ ਦੈਬੇ ਕਾਰ। ਕਰੀ ਸਰਬ ਹੀ ਭਲੇ ਸੁਧਾਰਿ॥੭॥

ਨੂੰ ਗੱਲ ਬਣਾ ਕੇ ਕਹਾਂ ? ਪਹਿਲਾਂ ਕਿਹਾ ਸੀ ਤੁਸੀਂ ਰੋਕ ਦਿੱਤਾ ਸੀ। ਗੁਰਤਾ ਆਦਿ ਦੇਣ ਦੀ ਕਾਰ, ਸਾਰੀ ਭਲੀ ਪ੍ਰਕਾਰ ਧਾਰ ਕੇ ਕਰ ਲਈ ਹੈ॥੭॥

ਮੈਂ ਨਿਸ਼ਪੁੱਤ੍ਰਾ ਹ੍ਵੈ ਕਿਮ ਜੀਵੌਂ। ਤੁਮਹਿਂ ਬਿਲੋਕੇ ਆਨੰਦ ਥੀਵੌਂ।
ਪਤਿ ਪਾਛੇ ਕੁਛ ਸ਼ੋਕ ਨ ਕੀਨਿ। ਹਰਖੀ ਪਿਖਿ ਗੁਰਤਾ ਤੁਮ ਲੀਨਿ॥ ੮॥

ਮੈਂ ਪੁੱਤਰ ਰਹਿਤ ਹੋ ਕੇ ਕਿਵੇਂ ਜੀਵਾਂਗੀ, ਤੁਹਾਨੂੰ ਵੇਖ ਕੇ ਆਨੰਦ ਪਾਉਂਦੀ ਸੀ। ਪਤੀ ਦੇਵ ਦੇ ਜਾਣ ਤੋਂ ਬਾਅਦ ਕੁਝ ਦੁੱਖ ਨਹੀਂ ਮਨਾਇਆ। ਇਹ ਵੇਖ ਕੇ ਮੈਂ ਖੁਸ਼ ਹੋ ਗਈ ਕਿ ਤੁਸੀਂ ਗੁਰਤਾ ਲੈ ਲਈ ਹੈ॥੮॥

ਆਪ ਕਰਹੁ ਪਰਲੋਕ ਪਯਾਨਾ। ਮੈਂ ਝੂਰਤਿ ਕਰਿ ਸ਼ੋਕ ਮਹਾਨਾ।
ਬਡੇ ਭਾਗ ਸਤਿਗੁਰ ਘਰ ਆਈ। ਤੁਮ ਜਨਮੇ ਅਤਿ ਭਈ ਬਧਾਈ॥ ੯॥

ਆਪ ਪਰਲੋਕ ਚਲੇ ਜਾਵੋਗੇ, ਮੈਂ ਮਹਾਨ ਦੁਖੀ ਹੋਈ ਝੂਰਦੀ ਰਹਾਂਗੀ। ਵੱਡੇ ਭਾਗਾਂ ਕਰਕੇ ਸਤਿਗੁਰੂ ਜੀ ਦੇ ਘਰ ਆਈ ਸੀ, ਤੁਸੀਂ ਪੈਦਾ ਹੋਏ ਸੀ ਤਾਂ ਬਹੁਤ ਖੁਸ਼ੀਆਂ ਹੋਈਆਂ ਸਨ॥੯॥

ਅਬਿ ਡੂਬੌਂ ਦੁਖ ਸਿੰਧੁ ਮਝਾਰੇ। ਕੋ ਕੇਵਟ ਹੁਇ ਪਾਰ ਉਤਾਰੇ।
ਤੁਮ ਬਿਨ ਦੇਖੇ ਜਿਯੌਂ ਨ ਕੈਸੇ। ਜਲ ਤੇ ਬਿਛੁਰੀ ਮਛਰੀ ਜੈਸੇ'॥ ੧੦॥

ਹੁਣ ਦੁਖਾਂ ਦੇ ਸਾਗਰ ਵਿਚ ਡੁੱਬ ਜਾਵਾਂਗੀ। ਕਿਹੜਾ ਮਲਾਹ ਹੋ ਕੇ ਮੈਨੂੰ ਪਾਰ ਉਤਾਰੇਗਾ। ਤੁਹਾਨੂੰ ਵੇਖਣ ਤੋਂ ਬਗੈਰ ਕਿਵੇਂ ਜੀਵਾਂਗੀ ? ਮੈਂ ਜਲ ਬਗੈਰ ਮੱਛੀ ਵਾਂਗ ਤੜਫਦੀ ਰਹਾਂਗੀ' ॥੧੦॥

ਇੱਤਯਾਦਿਕ ਮਾਤਾ ਬਚ ਕਹੇ। ਜਿਸ ਕੇ ਸੁਨਤਿ ਦਾਸ ਦੁਖ ਲਹੇ।
ਸ੍ਰੀ ਹਰਿ ਕ੍ਰਿਸ਼ਨ ਬਿਲੋਕਿ ਦੁਖਾਰੀ। ਬਹੁ ਪ੍ਰਕਾਰ ਕਰਿ ਧੀਰ ਉਚਾਰੀ॥ ੧੧॥

ਇਤਿਆਦਿਕ ਮਾਤਾ ਜੀ ਨੇ ਬਚਨ ਕਹੇ, ਜਿਨ੍ਹਾਂ ਨੂੰ ਸੁਣ ਕੇ ਦਾਸ ਦੁਖੀ ਹੋ ਗਏ। ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੇ ਜਦ ਦੁਖੀ ਹੋਈ ਮਾਤਾ ਨੂੰ ਵੇਖਿਆ ਤਾਂ ਬਹੁਤ ਪ੍ਰਕਾਰ ਧੀਰਜ ਉਚਾਰਨ ਕੀਤਾ॥੧੧॥

'ਤਨ ਜਾਨਹੁ ਸਭਿ ਬਿਨਸਨ ਹਾਰੇ। ਇਸ ਤੇ ਕਯੋਂ ਅਤਿਸ਼ੈ ਦੁਖ ਧਾਰੇ।
ਰਹੀ ਕਿਤਿਕ ਬਾਕੀ ਬਯ ਤੇਰੀ ?। ਤਨ ਤਜਿ ਪਹੁੰਚਹਿਂ ਸੁਖ ਬਹੁ ਹੇਰੀ॥੧੨॥

'ਇਸ ਸਰੀਰ ਨੂੰ ਨਾਸ਼ਵਾਨ ਜਾਣੋ, ਇਸ ਸਰੀਰ ਕਰਕੇ ਕਿਉਂ ਏਨਾਂ ਦੁੱਖ ਧਾਰਨ ਕਰਦੇ ਹੋ। ਹੁਣ ਤੁਹਾਡੀ ਕਿੰਨੀ ਕੁ ਉਮਰ ਬਾਕੀ ਰਹਿ ਗਈ ਹੈ, ਸਰੀਰ ਛੱਡ ਕੇ ਪਹੁੰਚੋ ਤੇ ਬਹੁਤ ਸੁੱਖ ਵੇਖੋ॥੧੨॥

ਜਨਮ ਮਰਨ ਦੁਖ ਲੇਸ਼ ਨ ਜਹਾਂ। ਮਮ ਪਿਤ ਨਿਕਟਿ ਪਹੁਚਹਿਂ ਤਹਾਂ।
ਇਮ ਕਹਿ ਮਾਯਾ ਮੋਹ ਮਿਟਾਯਹੁ। ਜਨਨੀ ਮਨ ਮਹਿਂ ਗਯਾਨ ਉਪਾਯਹੁ॥੧੩॥

ਜਿਥੇ ਜਨਮ ਮਰਨ ਦਾ ਲੇਸ ਭਰ ਵੀ ਦੁੱਖ ਨਹੀਂ ਹੈ, ਮੇਰੇ ਪਿਤਾ ਜੀ ਪਾਸ ਪਹੁੰਚ ਜਾਵੋ।'' ਗੁਰੂ ਜੀ ਨੇ ਇਸ ਤਰ੍ਹਾਂ ਕਹਿ ਕੇ ਆਪਣੇ ਮਾਤਾ ਜੀ ਦੇ ਮਾਇਆ ਦੇ ਮੋਹ ਨੂੰ ਦੂਰ ਕਰ ਦਿੱਤਾ ਤੇ ਉਨ੍ਹਾਂ ਦੇ ਮਨ ਵਿਚ ਬ੍ਰਹਮ ਗਿਆਨ ਪ੍ਰਗਟ ਕਰ ਦਿੱਤਾ॥੧੩॥

ਭਈ ਮਗਨ ਕੁਛ ਆਇ ਨ ਬਾਨੀ। ਲਖਿ ਸੁਤ ਮਹਿਮਾ ਮਹਾਂ ਮਹਾਨੀ।
ਅਰਧ ਰਾਤਿ ਊਪਰ ਇਕ ਘਰੀ। ਚਢਨਿ ਹੇਤੁ ਗੁਰ ਤਯਾਰੀ ਕਰੀ॥ ੧੪॥

ਮਾਤਾ ਜੀ ਉਸੇ ਵੇਲੇ ਮਗਨ ਹੋ ਗਏ ਤੇ ਉਹ ਹੋਰ ਕੁਝ ਨਾ ਬੋਲ ਸਕੇ ਜਦ ਉਨ੍ਹਾਂ ਆਪਣੇ ਪੁੱਤਰ ਦੀ ਮਹਾਨ ਮਹਿਮਾ ਨੂੰ ਵੇਖਿਆ। ਅੱਧੀ ਰਾਤ ਤੋਂ ਜਦ ਇਕ ਘੜੀ ਉਪਰ ਹੋ ਗਈ ਤਾਂ ਗੁਰੂ ਜੀ ਨੇ ਚੜ੍ਹਾਈ ਕਰਨ ਦੀ ਤਿਆਰੀ ਕੀਤੀ॥੧੪॥

ਕਿਤਿਕ ਦਾਸ ਢਿਗ ਮਾਤ ਨਿਹਾਰਹਿਂ। ਤੂਸ਼ਨਿ ਹੋਇ ਸਥਿਰਤਾ ਧਾਰਹਿਂ।
ਬੋਲਤਿ ਕੋਮਲ ਬਾਕ ਸੁਹਾਏ। ਸ੍ਰੀ ਮੁਖ ਪਰ ਕਰ ਸੋਂ ਪਟ ਪਾਏ॥ ੧੫॥

ਕਈ ਸੇਵਕ ਅਤੇ ਮਾਤਾ ਜੀ ਨੂੰ ਆਪਣੇ ਪਾਸ ਵੇਖ ਰਹੇ ਸਨ ਤੇ ਚੁਪ ਹੋਏ ਸਥਿਰਤਾ ਧਾਰਨ ਕਰਦੇ ਸਨ। ਕੋਮਲ ਸੁਹਾਵਣੇ ਬਚਨ ਬੋਲਦੇ ਸਨ। ਫਿਰ ਗੁਰੂ ਜੀ ਨੇ ਆਪਣੇ ਮੁਖ 'ਤੇ ਕਪੜਾ ਤਾਣ ਲਿਆ॥੧੫॥

ਲਿਯੋ ਅਛਾਦਿ, ਛਿਨਕ ਮਹਿਂ ਪਯਾਨੇ। ਸ੍ਰੀ ਹਰਿਕ੍ਰਿਸ਼ਨ ਸੁ ਕ੍ਰਿਸ਼ਨ ਸਮਾਨੇ।
ਬ੍ਰਹਮਾਦਿਕ ਨਾਰਦ ਮੁਨਿ ਸਾਥ। ਸਕਲ ਦੇਵ ਯੁਤਿ ਦੇਵਨ ਨਾਥ॥ ੧੬॥

ਮੂੰਹ ਢੱਕ ਕੇ ਇਕ ਛਿਣ ਵਿਚ ਚਲੇ ਗਏ, ਸ੍ਰੀ ਹਰਿਕ੍ਰਿਸ਼ਨ ਜੀ ਜਿਹੜੇ ਕ੍ਰਿਸ਼ਨ ਸਮਾਨ ਸਨ। ਬ੍ਰਹਮਾ ਆਦਿ ਨਾਰਦ ਮੁਨੀ ਨਾਲ ਸਨ, ਸਾਰੇ ਦੇਵਤਿਆਂ ਸਹਿਤ ਇੰਦਰ ਵੀ ਮੌਜੂਦ ਸੀ॥੧੬॥

ਗੁਰ ਆਗਵਨ ਜਾਨਿ ਸਭਿ ਆਏ। ਬਾਦਤਿ ਦੁੰਦਿਭ ਆਦਿ ਬਜਾਏ।
ਪੁਸ਼ਪਨਿ ਮਾਲ ਬਿਸਾਲ ਅਨੰਦਤਿ। ਧੂਪ ਧੁਖਾਵਤਿ ਗੁਰ ਕੋ ਬੰਦਤਿ॥ ੧੭॥

ਗੁਰੂ ਜੀ ਦਾ ਆਉਣਾ ਜਾਣ ਕੇ ਸਭ ਆਏ, ਨਗਾਰੇ ਆਦਿ ਵਾਜੇ ਵਜਾਏ ਗਏ। ਬਹੁਤ ਪ੍ਰਸੰਨ ਹੋ ਕੇ ਫੁੱਲਾਂ ਦੇ ਹਾਰ ਪਾਉਂਦੇ ਸਨ। ਧੂਫ ਧੁਖਾ ਕੇ ਗੁਰੂ ਜੀ ਨੂੰ ਬੰਦਨਾ ਕਰਦੇ ਸਨ॥੧੭॥

ਅਨਿਕ ਪ੍ਰਕਾਰਨ ਕੇ ਉਤਸਾਹੂ॥ ਰਚਹਿਂ ਦੇਵ ਮਿਲਿ ਆਪਸ ਮਾਂਹੂ।
ਚਢਿ ਬਿਬਾਨ ਪਰ ਗੁਰੂ ਪਯਾਨੇ। ਮਣੀਅਨਿ ਮੁਕਤਾ ਗਨ ਲਰਕਾਨੇ॥ ੧੮॥

ਅਨੇਕ ਪ੍ਰਕਾਰ ਦੇ ਉਤਸ਼ਾਹ ਦੇਵਤੇ ਆਪਸ ਵਿਚ ਮਿਲਕੇ ਰਚਦੇ ਸਨ। ਗੁਰੂ ਜੀ ਬਿਬਾਣ 'ਤੇ ਚੜ੍ਹ ਕੇ ਚਲੇ ਗਏ ਜਿਸ ਨੂੰ ਬਹੁਤ ਮੋਤੀਆਂ ਦੀਆਂ ਲੜੀਆਂ ਲੱਗੀਆਂ ਸਨ॥੧੮॥

ਦੇਵਬਧੂ ਨਾਚਤਿ ਅਗਵਾਈ। ਚਲੇ ਜਾਤਿ ਹੈ ਅਨਿਕ ਬਧਾਈ।
ਕਿੰਨਰ ਗੰਧ੍ਰਬ ਮਿਲਿ ਸਮੁਦਾਯਾ। ਸਭਿਹਿਨਿ ਮਹਿਂ ਅਨੰਦ ਬਡ ਛਾਯਾ॥੧੯॥

ਦੇਵਤਿਆਂ ਦੀਆਂ ਪਤਨੀਆਂ ਅੱਗੇ ਅੱਗੇ ਨੱਚਦੀਆਂ ਜਾਂਦੀਆਂ ਸਨ। ਅਨੇਕ ਪ੍ਰਕਾਰ ਦੀਆਂ ਵਧਾਈਆਂ ਲੈਂਦੇ ਚਲੇ ਜਾ ਰਹੇ ਸਨ। ਕਿੰਨਰ ਗੰਧ੍ਰਵ ਸਾਰੇ ਮਿਲ ਕੇ ਇਕੱਠੇ ਹੋਏ ਸਨ। ਸਾਰਿਆਂ ਵਿਚ ਵੱਡਾ ਆਨੰਦ ਛਾਇਆ ਹੋਇਆ ਸੀ॥੧੯॥

ਪਹੁਚੇ ਪ੍ਰਭੁ ਬੈਕੁੰਠ ਸਥਾਨ। ਅਤਿ ਅਨੰਦ ਮਹਿਂ ਗੁਰ ਭਗਵਾਨ।
ਸੁਰ ਸਭਿ ਨਿਜ ਨਿਜ ਥਾਨ ਸਿਧਾਏ। ਕੀਰਤਿ ਕਰਤਿ ਗੁਰਨਿ ਕੀ ਜਾਏ॥੨੦॥

ਪ੍ਰਭੂ ਜੀ ਆਪਣੇ ਬੈਕੁੰਠ ਵਾਲੇ ਸਥਾਨ 'ਤੇ ਪਹੁੰਚ ਗਏ, ਗੁਰੂ ਭਗਵਾਨ ਜੀ ਅਤਿ ਅਨੰਦ ਵਿਚ ਸਨ। ਸਾਰੇ ਦੇਵਤੇ ਆਪਣੇ ਆਪਣੇ ਸਥਾਨਾਂ ਨੂੰ ਚਲੇ ਗਏ, ਉਹ ਗੁਰੂ ਜੀ ਦੀ ਕੀਰਤੀ ਕਰਦੇ ਜਾਂਦੇ ਸਨ॥੨੦॥

ਜਬਿ ਤਨ ਤਜਾਗਜੋ ਜਨਨੀ ਜਾਨਾ। ਦਾਸਨਿ ਸੋਂ ਤਬਿ ਬਾਕ ਬਖਾਨਾ।
'ਦੇਖਹੁ ਸਤਿਗੁਰ ਕੀ ਅਬਿ ਦੇਹਿ। ਪ੍ਰਾਨ ਨਹੀਂ ਜਾਨੇ ਮਨ ਏਹ'॥ ੨੧॥

ਜਦ ਮਾਤਾ ਜੀ ਨੇ ਇਹ ਜਾਣਿਆ ਕਿ ਗੁਰੂ ਜੀ ਸਰੀਰ ਛੱਡ ਗਏ ਹਨ ਤਾਂ ਉਨ੍ਹਾਂ ਨੇ ਸੇਵਕਾਂ ਨੂੰ ਕਿਹਾ, "ਹੁਣ ਸਤਿਗੁਰੂ ਜੀ ਦੇ ਸਰੀਰ ਨੂੰ ਵੇਖੋ, ਪ੍ਰਾਣ ਨਹੀਂ ਰਹੇ ਹਨ, ਮੈਂ ਮਨ ਵਿਚ ਜਾਣ ਲਿਆ ਹੈ"॥੨੧॥

ਤਬਿ ਉਘਾਰਿ ਮੁਖ ਦਾਸ ਨਿਹਾਰਾ। ਜਥਾ ਪ੍ਰਫੁੱਲਿਤ ਕਮਲ ਉਦਾਰਾ।
ਮ੍ਰਿਤਕ ਚਿੰਨ੍ਹ ਇਕ ਪ੍ਰਾਣ ਨ ਆਵਤਿ। ਅਪਰ ਪ੍ਰਭਾ ਤਿਮ ਹੀ ਦ੍ਰਿਸ਼ਟਾਵਤਿ॥੨੨॥

ਤਦ ਸੇਵਕਾਂ ਨੇ ਕਪੜਾ ਹਟਾ ਕੇ ਵੇਖਿਆ, ਜਿਵੇਂ ਕੰਵਲ ਦਾ ਵੱਡਾ ਫੁੱਲ ਖਿੜਿਆ ਹੋਵੇ। ਮ੍ਰਿਤੂ ਦੀ ਇਕੋ ਨਿਸ਼ਾਨੀ ਸੀ ਕਿ ਸਾਹ ਨਹੀਂ ਆ ਰਿਹਾ ਸੀ, ਹੋਰ ਸਰੀਰ ਪਹਿਲਾਂ ਵਾਂਗ ਸੁੰਦਰ ਦਿਖਾਈ ਦੇ ਰਿਹਾ ਸੀ॥੨੨॥

ਬਹੁਰੋ ਬਦਨ ਅਛਾਦਨਿ ਕਰਜੋ। ਸਭਿ ਕੇ ਦ੍ਰਿਗ ਪੂਰਨ ਜਲ ਢਰਜੋ।
ਰੁਦਿਤਿ ਭਏ ਜਬਿ ਅੰਤਰ ਸਾਰੇ। ਵਹਿਰ ਪੌਰ ਪਰ ਸੁਨੀ ਪੁਕਾਰੇ॥ ੨੩॥

ਫਿਰ ਚਿਹਰੇ ਨੂੰ ਢੱਕ ਦਿੱਤਾ, ਸਾਰਿਆਂ ਦੇ ਨੈਣਾਂ ਵਿਚ ਜਲ ਵਹਿ ਤੁਰਿਆ। ਜਦ ਅੰਦਰ ਸਾਰੇ ਰੋ ਰਹੇ ਸਨ ਤਾਂ ਬਾਹਰ ਜਿਹੜੇ ਦਰਵਾਜ਼ੇ 'ਤੇ ਸਿੱਖ ਖੜੇ ਸਨ, ਉਨ੍ਹਾਂ ਵੀ ਆਵਾਜ਼ ਸੁਣ ਲਈ॥੨੩॥

ਜਾਨਜੋ ਸਭਿਨਿ ਸਮਾਵਤਿ ਭਏ। ਅਪਨਿ ਪੁਰੀ ਕੋ ਪ੍ਰਾਪਤ ਥਿਏ।
ਸਿਮਰਤਿ ਸੱਤਿਨਾਮ ਸਹਿ ਸ਼ੋਕਾ। ਹੁਤੇ ਪੌਰ ਪਰ ਜੇਤਿਕ ਲੋਕਾ॥ ੨੪॥

ਸਾਰੇ ਜਾਣ ਗਏ ਕਿ ਗੁਰੂ ਜੀ ਸਮਾ ਗਏ ਹਨ ਤੇ ਆਪਣੀ ਪੁਰੀ ਵਿਚ ਪਹੁੰਚ ਗਏ ਹਨ। ਜਿੰਨੇ ਵੀ ਲੋਕ ਦਰਵਾਜ਼ੇ ਦੇ ਬਾਹਰ ਖੜੇ ਸਨ, ਸ਼ੋਕ ਸਹਿਤ ਸਤਿਨਾਮ ਦਾ ਸਿਮਰਨ ਕਰ ਰਹੇ ਸਨ॥੨੪॥

ਸੁਨਿ ਜੈ ਸਿੰਘ ਕੋ ਦੂਤ ਸਿਧਾਰਜੋ। ਜਾਇ ਪਾਸ ਤਿਸ ਭੇਵ ਉਚਾਰਜੋ।
ਨ੍ਰਿਪ ਸੁਨਿ ਸ਼ੋਕ ਬਿਸਾਲ ਉਪਾਯੋ। ਸਿਮਰਿ ਸਿਮਰਿ ਗੁਰ ਗੁਨ ਪਛੁਤਾਯੋ॥੨੫॥

ਜੈ ਸਿੰਘ ਦਾ ਦੂਤ ਸੁਣ ਕੇ ਚਲਾ ਗਿਆ, ਉਸ ਦੇ ਪਾਸ ਜਾ ਕੇ ਉਸ ਸਾਰਾ ਭੇਦ ਦਿੱਤਾ। ਰਾਜੇ ਨੇ ਸੁਣ ਕੇ ਬਹੁਤ ਦੁੱਖ ਅਨੁਭਵ ਕੀਤਾ। ਗੁਰੂ ਜੀ ਦੇ ਗੁਣ ਯਾਦ ਕਰ ਕਰ ਬਹੁਤ ਪਛੁਤਾਇਆ॥੨੫॥

ਸ਼ਾਹੁ ਨਿਕਟਿ ਸੁਧਿ ਤਬਿ ਪਹੁਚਾਈ। 'ਜਾਮ ਜਾਮਨੀ ਤੀਨ ਬਿਤਾਈ'।
ਸੁਨਿ ਕੈ ਸੁਧਿ ਤਗੀਦ ਪੁਨ ਕਰੀ। 'ਮੈਂ ਆਵੌਂ ਚਲਿ ਕਰਿ ਜਿਸ ਘਰੀ॥੨੬॥

ਉਸੇ ਵੇਲੇ ਬਾਦਸ਼ਾਹ ਦੇ ਪਾਸ ਖ਼ਬਰ ਪਹੁੰਚਾਈ, "ਤਿੰਨ ਪਹਿਰ ਰਾਤ ਬਤੀਤ ਹੋਣ 'ਤੇ ਸਮਾ ਗਏ ਹਨ।" ਬਾਦਸ਼ਾਹ ਨੇ ਸੁਣ ਕੇ ਫਿਰ ਤਾਕੀਦ ਕੀਤੀ, "ਮੈਂ ਜਿਸ ਵੇਲੇ ਚਲ ਕੇ ਆਵਾਂਗਾ॥੨੬॥

ਤਬਿ ਕਰਨੋ ਸਸਕਾਰ ਸਰੀਰ। ਬਾਲ ਗੁਰੂ ਹਰਿਕ੍ਰਿਸ਼ਨ ਸਧੀਰ'।
ਨ੍ਰਿਪ ਕੋ ਆਨਿ ਸਕਲ ਸਮੁਝਾਈ। 'ਸ਼ਾਹ ਆਪ ਸੋਂ ਇਮ ਫੁਰਮਾਈ'॥੨੭॥

ਤਦ ਸਰੀਰ ਦਾ ਸਸਕਾਰ ਕਰਨਾ, ਬਾਲ ਗੁਰੂ ਹਰਿਕ੍ਰਿਸ਼ਨ ਜੀ ਸ੍ਰੇਸ਼ਟ ਧੀਰਜ ਵਾਲੇ ਸਨ।" ਰਾਜੇ ਨੂੰ ਆ ਕੇ ਸਾਰੀ ਗੱਲ ਸਮਝਾ ਦਿੱਤੀ, "ਬਾਦਸ਼ਾਹ ਨੇ ਆਪ ਜੀ ਨੂੰ ਇਸ ਤਰ੍ਹਾਂ ਫੁਰਮਾਇਆ ਹੈ"॥੨੭॥

ਸੁਨਿ ਜੈ ਸਿੰਘ ਗਯੋ ਤਤਕਾਲ। ਅੰਮ੍ਰਿਤ ਵੇਲਾ ਹੁਤੋ ਬਿਸਾਲ।
ਜਾਇ ਪੌਰ ਪਰ ਬੈਠਜੋ ਸੋਇ। ਆਇ ਅਪਰ ਬੈਠਹਿਂ ਸਭਿ ਕੋਇ॥ ੨੮॥

ਸੁਣ ਕੇ ਜੈ ਸਿੰਘ ਤੁਰਤ ਚਲਾ ਗਿਆ। ਉਸ ਵੇਲੇ ਵੱਡਾ ਅੰਮ੍ਰਿਤ ਵੇਲਾ ਸੀ। ਉਹ ਵੀ ਜਾ ਕੇ ਦਰਵਾਜ਼ੇ ਦੇ ਬਾਹਰ ਬੈਠ ਗਿਆ। ਹੋਰ ਵੀ ਸਾਰੇ ਆ ਕੇ ਬੈਠਦੇ ਜਾਂਦੇ ਸਨ॥੨੮॥

ਭਈ ਪ੍ਰਭਾਤਿ ਸੁਨਜੋਂ ਪੁਰਿ ਸਾਰੇ। ਸਿਖ ਸੰਗਤਿ ਭਾ ਮੇਲ ਉਦਾਰੇ।
ਚੰਦਨ ਲੇ ਲੇ ਪਹੁੰਚੇ ਕੋਇ। ਤਿਲ ਅਰੁ ਘ੍ਰਿੱਤ ਘਨੋ ਲੇ ਸੋਇ॥ ੨੯॥

ਜਦ ਸਵੇਰ ਹੋਈ ਤਾਂ ਸਾਰੇ ਨਗਰ ਨੇ ਸੁਣ ਲਿਆ। ਸਿੱਖ ਸੰਗਤ ਦਾ ਵੱਡਾ ਮੇਲ ਹੋਇਆ। ਕਈ ਚੰਦਨ ਲੈ ਲੈ ਪਹੁੰਚਦੇ ਸਨ ਅਤੇ ਤਿਲ ਤੇ ਘਿਉ ਵੀ ਬਹੁਤ ਲੈ ਲੈ ਕੇ ਆ ਗਏ॥੨੯॥

ਅਨਿਕ ਸੁਗੰਧਨਿ ਲਜਾਵਨਿ ਕਰੈਂ। ਸ਼ੋਕ ਬਿਸਾਲ ਸਿੱਖਜ ਬਹੁ ਧਰੈਂ।
ਭਈ ਭੀਰ ਨਰ ਮਿਲੇ ਹਜ਼ਾਰੋਂ। ਸੁਨਿ ਸੁਧਿ ਚਲੇ ਆਇ ਦੁਖ ਧਾਰੋ॥ ੩੦॥

ਅਨੇਕ ਸੁਗੰਧੀਆਂ ਲਿਆ ਰਹੇ ਸਨ। ਸਿੱਖ ਵਿਸ਼ਾਲ ਸ਼ੋਕ ਧਾਰਨ ਕਰਦੇ ਸਨ। ਬਹੁਤ ਭੀੜ ਹੋ ਗਈ ਤੇ ਹਜ਼ਾਰਾਂ ਮਨੁੱਖ ਆ ਕੇ ਮਿਲੇ, ਖ਼ਬਰ ਸੁਣ ਕੇ ਦੁੱਖ ਧਾਰ ਕੇ ਚਲੇ ਆਏ॥੩੦॥

ਬੈਠਹਿਂ ਸਿਮਰਹਿਂ ਗੁਰ ਗੁਨ ਘਨੇ। 'ਕਸ਼ਟ ਅਨਿਕ ਦਰਸ਼ਨ ਤੇ ਹਨੇ।
ਜਬਿ ਕੇ ਪੁਰਿ ਮਹਿਂ ਭਏ ਪ੍ਰਵੇਸ਼। ਤਬਿ ਤੇ ਨਾਸ਼ੇ ਰੋਗ ਅਸ਼ੇਸ਼' ॥ ੩੧॥

ਬੈਠੇ ਗੁਰੂ ਜੀ ਦੇ ਮਹਾਨ ਗੁਣਾਂ ਨੂੰ ਯਾਦ ਕਰਦੇ ਹਨ, "ਅਨੇਕਾਂ ਕਸ਼ਟ ਉਨ੍ਹਾਂ ਦੇ ਦਰਸ਼ਨ ਕਰਨ ਨਾਲ ਹੀ ਦੂਰ ਹੋ ਜਾਂਦੇ ਸਨ। ਜਦ ਦਾ ਨਗਰ ਵਿਚ ਪ੍ਰਵੇਸ਼ ਕੀਤਾ ਹੈ, ਤਦ ਹੀ ਸਾਰੇ ਰੋਗ ਖ਼ਤਮ ਹੋ ਗਏ ਹਨ"॥੩੧॥

ਜੈਪੁਰਿਨਾਥ ਆਦਿ ਸਭਿ ਕਹੈਂ। 'ਸਰਬ ਕਲਾ ਸਮਰਥ ਪ੍ਰਭੁ ਲਹੈਂ'।
ਕੇਚਿਤ ਰਾਮਰਾਇ ਕੋ ਨਿੰਦਹਿਂ। 'ਮਤਸਰ ਧਰਤਾ ਬਹੁ' ਉਰ ਬਿੰਦਹਿਂ॥ ੩੨॥

ਜੈਪੁਰ ਦਾ ਰਾਜਾ ਆਦਿ ਸਭ ਕਹਿੰਦੇ ਸਨ, "ਪ੍ਰਭੂ ਜੀ ਸਰਬਕਲਾ ਸਮਰੱਥ ਸਨ। ਕਈ ਰਾਮਰਾਇ ਦੀ ਨਿੰਦਿਆ ਕਰਦੇ ਸਨ "ਦਿਲ ਵਿਚ ਬੜਾ ਹੰਕਾਰ ਧਾਰਨ ਕਰਦਾ ਹੈ"॥੩੨॥

'ਸ਼ਾਹੁ ਨਿਕਟਿ ਕਹਿ ਪ੍ਰਥਮ ਹਕਾਰੇ। ਪੁਰਿ ਪ੍ਰਵਿਸ਼ੇ ਪਿਖਿ ਸ੍ਰਾਪ ਉਚਾਰੇ।
ਇਨਹੁਂ ਨ ਚਹਜੋ ਸ਼ਾਹੁ ਸੋਂ ਮੇਲਾ। ਦਰਸ਼ਨ ਦੀਨਿ ਨ ਲੀਨਿ ਸੁਹੇਲਾ॥ ੩੩॥

"ਪਹਿਲਾਂ ਬਾਦਸ਼ਾਹ ਨੂੰ ਕਹਿ ਕੇ ਇਨ੍ਹਾਂ ਨੂੰ ਬੁਲਾਇਆ ਹੈ, ਜਦ ਨਗਰ ਵਿਚ ਪ੍ਰਵੇਸ਼ ਕੀਤਾ ਤਾਂ ਜੱਸ ਵੇਖ ਕੇ ਸਰਾਪ ਦੇ ਦਿੱਤਾ। ਇਨ੍ਹਾਂ ਨੇ ਬਾਦਸ਼ਾਹ ਨਾਲ ਮਿਲਣਾ ਨਹੀਂ ਚਾਹਿਆ ਹੈ, ਦਰਸ਼ਨ ਦੇਣੇ ਜਾਂ ਲੈਣੇ ਨਹੀਂ ਮੰਨੇ ਹਨ॥੩੩॥

ਕਹੇ ਪਿਤਾ ਕੇ ਮਹਿਂ ਇਹ ਰਹੇ। ਦੇਨੀ ਕਰਾਮਾਤ ਨਹਿਂ ਚਹੇ।
ਧੰਨ ਗੁਰੂ ਹਰਿਕ੍ਰਿਸ਼ਨ ਮਹਾਨੇ। ਧੀਰ ਗੰਭੀਰ ਅਭੀਰ ਸੁਜਾਨੇ॥ ੩੪॥

ਪਿਤਾ ਜੀ ਦੇ ਕਹਿਣ 'ਤੇ ਇਸ ਤਰ੍ਹਾਂ ਰਹੇ ਹਨ, ਕੋਈ ਕਰਾਮਾਤ ਵਿਖਾਉਣੀ ਨਹੀਂ ਚਾਹੁੰਦੇ ਸਨ। ਧੰਨ ਗੁਰੂ ਹਰਿਕ੍ਰਿਸ਼ਨ ਜੀ ਮਹਾਨ ਸਨ। ਵੱਡੇ ਧੀਰਜਵਾਨ, ਗੰਭੀਰ, ਬਹਾਦਰ ਅਤੇ ਚਤੁਰ ਸਨ॥੩੪॥

ਨਿਜ ਪ੍ਰਣ ਤੇ ਨਹਿ ਚਲੇ ਗੁਸਾਈਂ। ਨਹਿਂ ਮਿਲਿਬੇ ਕੀ ਲਖੀ ਬਡਾਈ।
ਧਨ ਪੂਜਾ ਕੀ ਚਾਹ ਨ ਕੋਈ। ਸਦਾ ਸਹਾਇਕ ਦਾਸਨਿ ਹੋਈ' ॥ ੩੫॥

ਪ੍ਰਭੂ ਜੀ ਆਪਣੇ ਪ੍ਰਣ ਤੋਂ ਨਹੀਂ ਹਟੇ ਹਨ, ਬਾਦਸ਼ਾਹ ਨੂੰ ਨਾ ਮਿਲਣ ਵਿਚ ਹੀ ਆਪਣੀ ਵਡਿਆਈ ਸਮਝੀ ਹੈ। ਧਨ ਪੂਜਾ ਦੀ ਕੋਈ ਚਾਹ ਨਹੀਂ ਹੈ, ਸਦਾ ਆਪਣੇ ਸੇਵਕਾਂ ਦੇ ਸਹਾਇਕ ਹੁੰਦੇ ਸਨ"॥੩੫॥

ਇੱਤਜਾਦਿਕ ਗੁਨ ਬਰਨਨ ਕਰੈਂ। ਸ਼ੀਲ ਸਰੂਪ ਮ੍ਰਿਦੁਲ ਸੁਭ ਧਰੈਂ।
ਭਈ ਪੌਰ ਆਗੇ ਬਹੁ ਭੀਰ। ਤਜਹਿਂ ਬਿਲੋਚਨ ਤੇ ਸਿਖ ਨੀਰ॥ ੩੬॥

ਇਤਿਆਦਿਕ ਗੁਣ ਵਰਣਨ ਕਰਦੇ ਸਨ, ਸੀਲ ਅਤੇ ਕੋਮਲ ਸ਼ੁਭ ਸਰੂਪ ਧਾਰਨ ਕੀਤਾ ਸੀ। ਦਰਵਾਜ਼ੇ ਉੱਤੇ ਬਹੁਤ ਭੀੜ ਲੱਗ ਗਈ, ਸਿੱਖ ਅੱਖਾਂ ਵਿਚੋਂ ਪਾਣੀ ਵਹਾ ਰਹੇ ਸਨ॥੩੬॥

ਅੰਤਰ ਦਾਸੀ ਦਾਸ ਘਨੇਰੇ। ਰੋਦਤਿ ਉਪਜਜੋ ਸ਼ੋਕ ਬਡੇਰੇ।
ਸੁਤ ਕੇ ਸਿਮਰਿ ਸਿਮਰਿ ਗੁਨ ਭਾਰੀ। ਦੁਖੀ ਹੋਤਿ ਅਤਿਸ਼ੈ ਮਹਿਤਾਰੀ॥ ੩੭॥

ਅੰਦਰ ਦਾਸੀਆਂ ਦਾਸ ਬਹੁਤ ਬੈਠੇ ਸਨ, ਵੱਡੇ ਦੁਖੀ ਹੋ ਕੇ ਰੋ ਰਹੇ ਸਨ। ਮਾਤਾ ਜੀ ਵੀ ਪੁੱਤਰ ਦੇ ਗੁਣ ਯਾਦ ਕਰ ਕਰ ਕੇ ਬਹੁਤ ਦੁਖੀ ਹੋ ਰਹੇ ਸਨ॥੩੭॥

ਤਯਾਰੀ ਕਰਨਿ ਲਗੇ ਸਸਕਾਰਨਿ। ਨਿਕਟਿ ਸਥਲ ਸ਼ੁਭ ਕਰਯੋ ਨਿਹਾਰਨਿ।
ਸਕਲ ਸਮਿੱਗ੍ਰੀ ਲੇ ਪਹੁਚਾਈ। ਸ਼ਾਹੁ ਪ੍ਰਤੀਖਤਿ ਜੈਪੁਰਿ ਰਾਈ॥ ੩੮॥

ਫਿਰ ਸਸਕਾਰ ਦੀ ਤਿਆਰੀ ਕਰਨ ਲੱਗੇ, ਡੇਰੇ ਦੇ ਨੇੜੇ ਹੀ ਸ਼ੁਭ ਸਥਾਨ ਵੇਖ ਲਿਆ। ਸਾਰੀ ਸਮੱਗਰੀ ਲੈ ਕੇ ਉਥੇ ਪਹੁੰਚਾ ਦਿੱਤੀ। ਰਾਜਾ ਜੈ ਸਿੰਘ ਬਾਦਸ਼ਾਹ ਦੀ ਇੰਤਜ਼ਾਰ ਕਰ ਰਿਹਾ ਸੀ॥੩੮॥

ਇਤਨੇ ਮਹਿ ਇਕ ਨਰ ਤਹਿ ਆਯੋ। ਨ੍ਰਿਪ ਸੋਂ ਸਕਲ ਬ੍ਰਿਤੰਤ ਸੁਨਾਯੋ।
ਆਵਤਿ ਸ਼ਾਹੁ ਦੇਰ ਨਹਿ ਕੋਈ। ਅਸਵਾਰੀ ਢਿਗ ਪਹੁੰਚਨਿ ਹੋਈ॥ ੩੯॥

ਏਨੇ ਸਮੇਂ ਦੌਰਾਨ ਉਥੇ ਇਕ ਮਨੁੱਖ ਆਇਆ, ਰਾਜੇ ਨੂੰ ਉਸ ਸਾਰਾ ਬ੍ਰਿਤਾਂਤ ਸੁਣਾਇਆ। ਬਾਦਸ਼ਾਹ ਆ ਰਿਹਾ ਹੈ, ਕੋਈ ਦੇਰ ਨਹੀਂ ਹੈ, ਅਸਵਾਰੀ ਨੇੜੇ ਹੀ ਪਹੁੰਚਣ ਵਾਲੀ ਹੈ॥੩੯॥

*ਦਸਵੀਂ ਰਾਸ ਦਾ ਤਰਵੰਜਵਾਂ ਅਧਿਆਇ ਸਮਾਪਤ ਹੋਇਆ॥੫੩॥*

# ਅਧਿਆਇ ਚਰਵੰਞਵਾਂ

*ਸਰੀਰ ਦਾ ਸਸਕਾਰ*

ਦੋਹਰਾ-ਸ਼ਾਹੁ ਸ਼ਨਾਨ ਪ੍ਰਭਾਤਿ ਕਰਿ ਪੋਸ਼ਿਸ਼ ਪਹਿਰਿ ਨਵੀਨ।
ਪਿਖਨਿ ਚਲਯੋ ਚਿਤਵੰਤ ਚਿਤ 'ਦਰਸੋਂ ਗੁਰੂ ਪ੍ਰਬੀਨ॥ ੧॥

ਬਾਦਸ਼ਾਹ ਨੇ ਸਵੇਰੇ ਹੀ ਇਸ਼ਨਾਨ ਕਰਕੇ ਨਵੀਂ ਪੋਸ਼ਾਕ ਪਹਿਨੀ। ਚਿੱਤ ਵਿਚ ਸੋਚ ਕੇ ਵੇਖਣ ਵਾਸਤੇ ਚਲਿਆ, ''ਪ੍ਰਬੀਨ ਗੁਰੂ ਜੀ ਦੇ ਦਰਸ਼ਨ ਕਰਾਂਗਾ॥੧॥

ਚੌਪਈ- ਜਿਯਤਿ ਮੇਲ ਨਹਿ ਮੋ ਸੰਗ ਕਰਯੋ। ਕਹਿ ਬਹੁ ਰਹਯੋ ਅਧਿਕ ਹਠ ਧਰਯੋ।
ਅਬਿ ਸਰੂਪ ਮੈਂ ਦੇਖੋਂ ਜਾਈ। ਅਜ਼ਮਤ ਹੈ ਕਿ ਨਹੀਂ ਬਿਧਿ ਕਾਈ ॥੨॥

ਜੀਉਂਦੇ ਨੇ ਮੇਰੇ ਨਾਲ ਮੇਲ ਨਹੀਂ ਕੀਤਾ, ਮੈਂ ਬਹੁਤ ਕਹਿ ਰਿਹਾ ਪਰ ਉਨ੍ਹਾਂ ਨੇ ਵੱਡਾ ਹੱਠ ਧਾਰਨ ਕੀਤਾ। ਹੁਣ ਮੈਂ ਉਨ੍ਹਾਂ ਦਾ ਸਰੂਪ ਜਾ ਕੇ ਵੇਖਾਂਗਾ, ਕਰਾਮਾਤ ਹੈ ਕਿ ਕਰਾਮਾਤ ਤੋਂ ਬਗ਼ੈਰ ਹੀ ਹਨ ਇਹ ਹੁਣ ਚੰਗੀ ਤਰ੍ਹਾਂ ਵੇਖ ਲਵਾਂਗਾ'' ॥੨॥

ਏਵ ਬਿਚਾਰਤਿ ਤੂਰਨ ਆਯੋ। ਭੀਰ ਸੈਂਕਰੇ ਨਰ ਕੀ ਲ੍ਯਾਯੋ।
ਹੇਰਨਿ ਹੇਤੁ ਹਜ਼ਾਰਹੁ ਆਵੈਂ। ਸ਼ਾਹੁ ਪਿਛਾਰੀ ਚਲਿ ਉਤਲਾਵੈਂ॥ ੩॥

ਇਹ ਵਿਚਾਰ ਕੇ ਤੁਰਤ ਆਇਆ ਤੇ ਸੈਂਕੜੇ ਮਨੁੱਖਾਂ ਦੀ ਭੀੜ ਨਾਲ ਲੈ ਕੇ ਆਇਆ। ਦਰਸ਼ਨ ਕਰਨ ਵਾਸਤੇ ਹਜ਼ਾਰਾਂ ਹੀ ਆਉਂਦੇ ਸਨ, ਬਾਦਸ਼ਾਹ ਦੇ ਪਿੱਛੇ ਬੜੇ ਉਤਾਵਲੇ ਹੋ ਕੇ ਚਲੇ ਆ ਰਹੇ ਸਨ॥੩॥

ਆਇ ਪੋਰ ਪਰ ਉਤਰਯੋ ਤਬਿਹੂੰ। ਦੇਖਤਿ ਉਠੇ ਆਦਿ ਨ੍ਰਿਪ ਸਭਿਹੂੰ।
ਨੰਮ੍ਰਿ ਹੋਇ ਸਨਮਾਨ ਕਰੰਤੇ। ਭਈ ਭੀਰ ਬਹੁ ਕੋ ਹਟਕੰਤੇ॥ ੪॥

ਤਦ ਦਰਵਾਜ਼ੇ ਦੇ ਬਾਹਰ ਆ ਕੇ ਉਤਾਰਾ ਕਰ ਲਿਆ। ਸਾਰੇ ਰਾਜੇ ਆਦਿ ਵੇਖ ਕੇ ਉੱਠ ਪਏ। ਸ਼ਨਿਮਰ ਹੋ ਕੇ ਸਨਮਾਨ ਕਰਦੇ ਸਨ, ਬਹੁਤ ਭੀੜ ਹੋ ਗਈ ਤੇ ਕਈਆਂ ਨੂੰ ਰੋਕਦੇ ਸਨ॥੪॥

ਜੈ ਸਿੰਘ ਸੰਗ ਬੂਝਿ ਬਿਰਤੰਤਾ। ਅੰਤਰ ਬਰਜੋ ਪਿਖਨਿ ਉਮਕੰਤਾ।
ਰਿਦੇ ਮਨੋਰਥ ਕੋ ਇਮ ਕਰਜੋ। ਨਹਿੰ ਮਿਲਿਬੇ ਕੋ ਹਠ ਬਹੁ ਧਰਜੋ॥ ੫॥

ਬਾਦਸ਼ਾਹ ਨੇ ਜੈ ਸਿੰਘ ਪਾਸੋਂ ਸਾਰਾ ਬਿਰਤਾਂਤ ਪੁੱਛਿਆ, ਦੇਖਣਾ ਚਾਹੁੰਦਾ ਹੋਇਆ ਅੰਦਰ ਦਾਖ਼ਲ ਹੋ ਗਿਆ। ਹਿਰਦੇ ਵਿਚ ਇਸ ਤਰ੍ਹਾਂ ਮਨੋਰਥ ਕੀਤਾ, ਨਾ ਮਿਲਣ ਲਈ ਬਹੁਤ ਹੱਠ ਧਾਰਨ ਕੀਤਾ ਸੀ॥੫॥

ਸਿੱਖਜਾ ਦੀਨਸਿ ਬਡੇ ਹਮਾਰੇ। ਸੋ ਹਮ ਨੇਮ ਨਿਬਾਹਜੋ ਸਾਰੇ।
ਜੀਵਤਿ ਜਾਵਤ ਤਾਵਤ ਰਹਜੋ। ਅਬਿ ਸੋ ਮਿਟੈ ਦਰਸ ਕੋ ਲਹਜੋ॥ ੬॥

ਸਾਡੇ ਵੱਡਿਆਂ ਨੇ ਸਿੱਖਿਆ ਦਿੱਤੀ ਹੈ, ਇਸ ਕਰਕੇ ਅਸੀਂ ਆਪਣੇ ਸਾਰੇ ਨੇਮ ਨਿਭਾਵਾਂਗੇ। ਜਦ ਤਕ ਜੀਉਂਦਾ ਰਿਹਾ ਤਦ ਤਕ ਹੱਠ ਰਖਿਆ, ਹੁਣ ਉਹ ਹੱਠ ਖ਼ਤਮ ਹੋ ਜਾਵੇਗਾ ਜਦ ਅਸੀਂ ਦਰਸ਼ਨ ਕਰ ਲਵਾਂਗੇ॥੬॥

ਕਿਸ ਉਪਾਇ ਤੇ ਨੇਮ ਨ ਰਹੈ। ਪਿਤਾ ਸੀਖ ਕੋ ਜਿਸ ਬਿਧਿ ਕਹੈ।
ਕਜਾ ਅਜ਼ਮਤ ਕੋ ਕਰਹਿੰ ਦਿਖਾਵਨਿ। ਦੇਖਿ ਲੇਉਂ ਮੈਂ ਦਰਸ਼ਨ ਪਾਵਨ॥ ੭॥

ਕਿਸੇ ਵੀ ਉਪਾਅ 'ਤੇ ਹੁਣ ਨੇਮ ਨਹੀਂ ਰਹੇਗਾ, ਪਿਤਾ ਜੀ ਨੇ ਜਿਸ ਵਿਧੀ ਨਾਲ ਸਿਖਿਆ ਦਿੱਤੀ ਸੀ। ਹੁਣ ਕਿਹੜੀ ਕਰਾਮਾਤ ਵਿਖਾਉਣਗੇ, ਮੈਂ ਪਵਿੱਤਰ ਦਰਸ਼ਨ ਕਰ ਲਵਾਂਗਾ॥੭॥

ਇਮ ਚਿਤਵਤਿ ਸਭਿ ਲੋਕ ਹਟਾਏ। ਏਕਲ ਪ੍ਰਵਿਸ਼ਜੋ ਅੰਤਰ ਜਾਏ।
ਮਾਤ ਆਦਿ ਦਾਸੀ ਗਨ ਦਾਸ। ਤਤਛਿਨ ਪ੍ਰਵਿਸ਼ੇ ਅਪਰ ਅਵਾਸ॥ ੮॥

ਇਸ ਤਰ੍ਹਾਂ ਸੋਚਦਿਆਂ ਸਭ ਲੋਕਾਂ ਨੂੰ ਹਟਾਇਆ ਤੇ ਇਕੱਲਾ ਅੰਦਰ ਪ੍ਰਵੇਸ਼ ਕਰ ਗਿਆ। ਉਥੇ ਮਾਤਾ ਜੀ ਆਦਿ ਦਾਸ ਦਾਸੀਆਂ ਮੌਜੂਦ ਸਨ, ਤੁਰਤ ਘਰ ਵਿਚ ਦਾਖ਼ਲ ਹੋ ਗਿਆ॥੮॥

ਖਰੋ ਰਹਜੋ ਇਕ ਸੇਵਕ ਤੀਰ। ਤੂਸ਼ਨਿ ਤਜਤਿ ਬਿਲੋਚਨ ਨੀਰ।
ਨਹੀਂ ਹਟਾਇ ਸਕਹਿ ਤਬਿ ਕੋਇ। ਤੁਰਕੇਸ਼ੁਰ ਦਿੱਲੀਪਤਿ ਜੋਇ॥ ੯॥

ਇਕ ਸੇਵਕ ਪਾਸ ਖੜਾ ਰਿਹਾ। ਉਹ ਚੁਪ ਚਾਪ ਅੱਖਾਂ ਵਿਚੋਂ ਪਾਣੀ ਵਹਾ ਰਿਹਾ ਸੀ। ਉਸ ਸਮੇਂ ਕੋਈ ਵੀ ਉਸ ਨੂੰ ਹਟਾ ਨਹੀਂ ਸੀ ਸਕਦਾ, ਜਿਹੜਾ ਕਿ ਦਿੱਲੀ ਦਾ ਬਾਦਸ਼ਾਹ ਸੀ॥੯॥

ਜਨਨੀ ਮਨ ਮਹਿੰ ਕੁਛਕ ਬਿਚਾਰੈ। ਨਹਿੰ ਸਮਰੱਥ ਭਈ ਹਟਕਾਰੈ।
ਤਤਛਿਨ ਆਇ ਬਿਲੋਕਨਿ ਕਰੇ। ਬਸਤ੍ਰ ਅਛਾਦਤਿ ਤਨ ਪਰ ਪਰੇ॥ ੧੦॥

ਮਾਤਾ ਜੀ ਨੇ ਮਨ ਵਿਚ ਕੁਝ ਵਿਚਾਰ ਕੀਤੀ, ਪਰ ਉਹ ਰੋਕਣ ਦੇ ਸਮਰੱਥ ਨਹੀਂ ਸਨ। ਬਾਦਸ਼ਾਹ ਤੁਰਤ ਆ ਕੇ ਵੇਖਣ ਲੱਗਾ। ਤਨ ਦੇ ਉੱਤੇ ਚਾਦਰਾਂ ਪਈਆਂ ਸਨ, ਜਿਸ ਨਾਲ ਸਰੀਰ ਢੱਕਿਆ ਹੋਇਆ ਸੀ॥੧੦॥

ਠਾਂਢੋ ਭਯੋ ਜਾਇ ਢਿਗ ਸ਼ਾਹੂ। ਪਿਖੋਂ ਬਦਨ ਇਮ ਠਟਿ ਮਨ ਮਾਂਹੂ।
ਕਹਜੋ ਦਾਸ ਸੋਂ ਨਿਕਟਿ ਜਿ ਠਾਂਢੋ। 'ਬਸਤ੍ਰ ਟਾਰਿ ਇਨ ਕੋ ਮੁਖ ਕਾਢੋ॥੧੧॥

ਬਾਦਸ਼ਾਹ ਪਾਸ ਜਾ ਕੇ ਖੜਾ ਹੋ ਗਿਆ। ਮੁਖੜਾ ਵੇਖਾਂਗਾ, ਇਸ ਤਰ੍ਹਾਂ ਮਨ ਵਿਚ ਹੱਠ ਕੀਤਾ। ਨੌਕਰਾਂ ਨੂੰ ਕਿਹਾ ਜੋ ਪਾਸ ਖੜੇ ਸਨ, ''ਕਪੜੇ ਹਟਾ ਕੇ ਇਨ੍ਹਾਂ ਦਾ ਮੁਖੜਾ ਨੰਗਾ ਕਰੋ॥੧੧॥

ਮੁਝ ਕੋ ਦਰਸ਼ਨ ਦੇਹੁ ਕਰਾਈ। ਆਯਹੁ ਇਸ ਕਾਰਨ ਉਤਲਾਈ।
ਸੁਨਿ ਸੇਵਕ ਅਵਰੰਗ ਢਿਗ ਹ੍ਵੈ ਕੈ। ਬਸਤ੍ਰ ਗਹਯੋ ਕਰ, ਬੰਦਨ ਕੈ ਕੈ ॥੧੨॥

ਮੈਨੂੰ ਇਨ੍ਹਾਂ ਦੇ ਦਰਸ਼ਨ ਕਰਵਾ ਦੇਵੇ, ਇਸ ਕਾਰਨ ਮੈਂ ਬੜਾ ਉਤਾਵਲਾ ਹੋ ਕੇ ਆਇਆ ਹਾਂ।'' ਇਹ ਸੁਣ ਕੇ ਸੇਵਕ ਨੌਰੰਗੇ ਦੇ ਪਾਸ ਹੋ ਕੇ, ਬੰਦਨਾ ਕਰਕੇ ਹੱਥ ਨਾਲ ਬਸਤਰ ਨੂੰ ਫੜਿਆ॥੧੨॥

ਜਬਿ ਊਚੇ ਕਰਿ ਲਗਯੋ ਦਿਖਾਵਨਿ। ਕਿਸਤੇ ਕਰਯੋ ਨ ਜਾਇ ਹਟਾਵਨਿ।
ਜਬਿ ਨੌਰੰਗ ਤਿਤ ਦ੍ਰਿਸ਼ਟ ਲਗਾਈ। ਧਰਾ ਦਰਜ ਦੀਰਘ ਲਖਿ ਪਾਈ ॥੧੩॥

ਜਦ ਬਸਤਰ ਉੱਚਾ ਕਰਕੇ ਵਿਖਾਉਣ ਲੱਗਾ, ਤਾਂ ਕਿਸੇ ਪਾਸੋਂ ਹਟਾਇਆ ਨਹੀਂ ਸੀ ਜਾ ਸਕਦਾ। ਜਦ ਨੌਰੰਗੇ ਨੇ ਹੇਠਾਂ ਵੇਖਿਆ ਤਾਂ ਇਕ ਵੱਡਾ ਦਰਾੜ ਦਿਖਾਈ ਦਿੱਤਾ॥੧੩॥

ਸਤਿਗੁਰ ਦੇਹ ਨਹੀਂ ਦ੍ਰਿਸ਼ਟਾਵੈ। ਬੀਚ ਦਰਜ ਮਹਿਂ ਦ੍ਰਿਸ਼ਟਿ ਚਲਾਵੈ।
ਤਹਾਂ ਭਯਾਨਕ ਅਤਿ ਕੁਛ ਦੇਖਾ। ਦੇਖਤਿ ਉਪਜਯੋ ਕੰਪ ਵਿਸ਼ੇਖਾ॥ ੧੪॥

ਸਤਿਗੁਰੂ ਜੀ ਦੀ ਦੇਹ ਦਿਖਾਈ ਨਹੀਂ ਸੀ ਦਿੰਦੀ, ਤੇ ਵੱਡੇ ਦਰਾੜ ਵਿਚ ਦ੍ਰਿਸ਼ਟੀ ਚਲੀ ਜਾਂਦੀ ਸੀ। ਉਥੇ ਅਤੀ ਭਿਆਨਕ ਕੁਝ ਵੇਖਿਆ ਤੇ ਵੇਖਦਿਆਂ ਹੀ ਵੱਡੀ ਕੰਬਣੀ ਛਿੜ ਗਈ॥੧੪॥

ਦੰਤ ਗਏ ਮਿਲਿ ਕਹਯੋ ਨ ਜਾਈ। ਭਯੋ ਸਥੰਭ ਅਚਲ ਕੀ ਨਜਾਈ।
ਜੜੀ ਭੂਤ ਐਸੇ ਹੁਇ ਗਯੋ। ਇੰਦ੍ਰੈ ਗਨ ਸਰੀਰ ਥਿਰ ਭਯੋ॥ ੧੫॥

ਦੰਦ ਜੁੜ ਗਏ ਤੇ ਕੁਝ ਵੀ ਕਿਹਾ ਨਹੀਂ ਸੀ ਜਾਂਦਾ ਤੇ ਥੰਮ੍ਹੇ ਵਾਂਗ ਅਹਿਲ ਹੋ ਗਿਆ। ਜੜ੍ਹ ਭੂਤ ਇਸ ਤਰ੍ਹਾਂ ਹੋ ਗਿਆ ਕਿ ਸਾਰੇ ਇੰਦਰੇ ਤੇ ਸਰੀਰ ਪੱਥਰਾ ਗਏ॥੧੫॥

ਆਇ ਘੁਮੇਰੀ ਗਿਰਿਬੇ ਚਾਹੀ। ਬਿਹਬਲ ਹੋਤਿ ਜਾਤਿ ਸੁਧਿ ਨਾਂਹੀ।
ਬਿਖਰੇ ਜਾਹਿਂ ਅੰਗ ਬਰਿਆਈ। ਅਧਿਕ ਤ੍ਰਾਸ ਤੇ ਥਿਰਯੋ ਨ ਜਾਈ॥ ੧੬॥

ਚੱਕਰ ਆ ਕੇ ਡਿਗਣਾ ਚਾਹੁੰਦਾ ਸੀ, ਬਹੁਤ ਵਿਆਕੁਲ ਹੋ ਗਿਆ ਤੇ ਸੋਝੀ ਜਾਂਦੀ ਰਹੀ। ਮਲੋਮਲੀ ਅੰਗ ਬਿਖਰਦੇ ਜਾਂਦੇ ਸਨ। ਬਹੁਤ ਡਰ ਪੈਦਾ ਹੋਣ ਕਰਕੇ ਖੜਾ ਨਹੀਂ ਸੀ ਹੋਇਆ ਜਾਂਦਾ॥੧੬॥

ਬਾਂਹੁ ਏਕ ਹੀ ਬਾਰ ਪਸਾਰੀ। ਨਿਕਟਿ ਦਾਸ ਗੁਰ, ਤਿਸ ਪਰ ਡਾਰੀ।
ਪਰਯੋ ਭਾਰ ਛੁਟਯੋ ਪਟ ਕਰ ਤੇ। ਹੋਇ ਸ਼ਾਹੁ ਦਿਸ਼ ਗਿਰਤਿ ਸੰਭਰਤੇ॥੧੭॥

ਬਾਂਹ ਇਕ ਹੀ ਵਾਰ ਪਸਾਰੀ, ਲਾਗੇ ਗੁਰੂ ਜੀ ਦਾ ਦਾਸ ਖੜਾ ਸੀ ਉਸ ਉਤੇ ਰੱਖ ਦਿੱਤੀ। ਜਦ ਸੇਵਕ ਉੱਤੇ ਭਾਰ ਪਿਆ ਤਾਂ ਹੱਥਾਂ ਵਿਚੋਂ ਕੱਪੜਾ ਡਿੱਗ ਪਿਆ ਤੇ ਉਹ ਡਿੱਗਦਾ ਸੰਭਲਦਾ ਬਾਦਸ਼ਾਹ ਵੱਲ ਹੋਇਆ॥੧੭॥

ਛਾਦਯੋ ਸਤਿਗੁਰ ਕੋ ਤਨ ਜਬੈ। ਭੈ ਬਿਨ ਹੋਤਿ ਭਯੋ ਕੁਛ ਤਬੈ।
ਸੁਧਿ ਪ੍ਰਾਪਤਿ ਤੂਰਨ ਤਬਿ ਚਾਲਾ। ਨਿਕਸਯੋ ਵਹਿਰ ਜਹਾਂ ਨਰ ਜਾਲਾ॥੧੮॥

ਜਦ ਬਸਤਰ ਡਿੱਗਣ ਕਾਰਨ ਸਤਿਗੁਰੂ ਜੀ ਦਾ ਸਰੀਰ ਫਿਰ ਢੱਕਿਆ ਗਿਆ ਤਾਂ ਬਾਦਸ਼ਾਹ ਉਸੇ ਵੇਲੇ ਕੁਝ ਭੈ-ਰਹਿਤ ਹੋ ਗਿਆ। ਜਦ ਸੋਝੀ ਆਈ ਤਾਂ ਤੁਰਤ ਚਲ ਪਿਆ ਤੇ ਬਾਹਰ ਨਿਕਲ ਆਇਆ ਜਿੱਥੇ ਬਹੁਤ ਮਨੁੱਖਾਂ ਦੀ ਭੀੜ ਖੜੀ ਸੀ॥੧੮॥

ਜੈਸਿੰਘ ਮਿਲਯੋ ਅਗਾਊ ਹੋਇ। ਦੇਖਤਿ ਮੁਖ ਕੋ ਬਿਸਮਯੋ ਸੋਇ।
ਅਧਿਕ ਅਧੀਰਜ ਦ੍ਰਿਗ ਜਲ ਚਾਲਾ। ਬੋਲਯੋ ਜਾਇ ਨਹੀਂ ਤਿਸ ਕਾਲਾ॥੧੯॥

ਜੈ ਸਿੰਘ ਅੱਗੇ ਹੋ ਕੇ ਮਿਲਿਆ। ਬਾਦਸ਼ਾਹ ਦੇ ਮੁੱਖ ਨੂੰ ਵੇਖ ਕੇ ਉਹ ਬਹੁਤ ਹੈਰਾਨ ਹੋਇਆ, ਵੱਡਾ ਧੀਰਜ-ਰਹਿਤ ਹੋ ਗਿਆ ਸੀ ਤੇ ਅੱਖਾਂ ਵਿਚ ਜਲ ਚਲ ਪਿਆ। ਉਸ ਸਮੇਂ ਉਸ ਪਾਸੋਂ ਬੋਲਿਆ ਵੀ ਨਹੀਂ ਸੀ ਜਾਂਦਾ॥੧੯॥

ਪਿਖਤੇ ਕਹਾਂ ਨਹਿ ਜਾਇ ਬਤਾਯਹੁ। ਡਰਤਿ ਰਿਦਾ ਬਿਹਬਲ ਦ੍ਰਿਸ਼ਟਾਯਹੁ।
ਪੁਨ ਉਮਰਾਵ ਅਪਰ ਚਲਿ ਆਏ। ਤਿਨ ਕੰਧੇ ਪਰ ਹਾਥ ਟਿਕਾਏ॥ ੨੦॥

ਵੇਖਿਆ ਕਿ ਕੁਝ ਵੀ ਦੱਸਿਆ ਨਹੀਂ ਜਾਂਦਾ ਹੈ, ਹਿਰਦਾ ਡਰਿਆ ਹੋਇਆ ਹੈ ਤੇ ਬੜਾ ਵਿਆਕੁਲ ਵਿਖਾਈ ਦਿੱਤਾ। ਫਿਰ ਹੋਰ ਉਮਰਾਵ ਚਲ ਕੇ ਆ ਗਏ, ਉਨ੍ਹਾਂ ਦੇ ਮੋਢਿਆਂ 'ਤੇ ਹੱਥ ਰਖਿਆ॥੨੦॥

ਕਰੀ ਹਕਾਰਨਿ ਸੁਖ ਅਸਵਾਰੀ। ਗਮਨਤੇ ਦੁਰਗ ਦਿਸ਼ਾ ਡਰ ਧਾਰੀ।
ਨਹਿਂ ਕਿਸਹੂੰ ਸੋਂ ਕਛੂ ਜਨਾਈ। ਆਵਤਿ ਲਾਜ ਨ ਜਾਇ ਬਤਾਈ॥ ੨੧॥

ਸੁਖ ਵਾਲੀ ਅਸਵਾਰੀ ਉਸੇ ਵੇਲੇ ਬੁਲਾਈ ਤੇ ਡਰ ਧਾਰ ਕੇ ਕਿਲ੍ਹੇ ਵਾਲੇ ਪਾਸੇ ਚਲ ਪਿਆ। ਕਿਸੇ ਨੂੰ ਵੀ ਕੁਝ ਨਾ ਦੱਸਿਆ। ਸ਼ਰਮ ਆਉਂਦੀ ਸੀ, ਕੁਝ ਦੱਸਿਆ ਨਹੀਂ ਸੀ ਜਾਂਦਾ॥੨੧॥

ਜਿਮ ਸੰਘਰ ਮਹਿਂ ਖੜਗ ਚਲੰਤੇ। ਸ਼੍ਰੋਣਤ ਨਿਕਸਤਿ ਅੰਗ ਕਟੰਤੇ।
ਕਾਤੁਰ ਤ੍ਰਾਸ ਪਾਇ ਕਰਿ ਭਾਜੈ। ਨਹਿਂ ਨਿਜ ਦਸ਼ਾ ਕਹਤਿ ਜਿਮ ਲਾਜੈ॥੨੨॥

ਜਿਵੇਂ ਮੈਦਾਨਿ ਜੰਗ ਵਿਚ ਤਲਵਾਰ ਚਲਦੀ ਹੈ ਤੇ ਅੰਗ ਕੱਟੇ ਜਾਣ 'ਤੇ ਖ਼ੂਨ ਨਿਕਲਦਾ ਹੈ, ਉਸ ਤਰ੍ਹਾਂ ਡਰਦਾ ਹੋਇਆ ਭੱਜਿਆ ਜਾ ਰਿਹਾ ਸੀ। ਆਪਣੀ ਨਿੱਜੀ ਦਿਸ਼ਾ ਵੀ ਦੱਸੀ ਨਹੀਂ ਜਾਂਦੀ ਕਿਉਂਕਿ ਸ਼ਰਮ ਆਉਂਦੀ ਸੀ॥੨੨॥

ਜਿਸ ਪ੍ਰਕਾਰ ਕਹਕਹ ਦੀਵਾਰ। ਦਿਖਹਿ ਜੁ ਕਰੀ ਨ ਜਾਇ ਉਚਾਰਿ।
ਤਿਮ ਤੂਸ਼ਨਿ ਹੁਇ ਬਹੁ ਪਛੁਤਾਵਾ। ਭੈ ਤੇ ਅਤਿ ਸੰਕਟ ਕੋ ਪਾਵਾ॥ ੨੩॥

ਜਿਸ ਪ੍ਰਕਾਰ ਕਹਕਹ ਦੀ ਦੀਵਾਰ ਹੈ, ਮੁਸਲਮਾਨਾਂ ਨੇ ਮੰਨਿਆ ਹੈ ਕਿ ਕੋਹ ਕਾਫ ਪਹਾੜ ਤੇ ਇਕ ਕੰਧ ਹੈ, ਉਸ ਦੇ ਪਾਰ ਜੋ ਤੱਕੇ ਉਹ ਹੱਸੀ ਜਾਂਦਾ ਹੈ, ਪਰ ਦੱਸ ਕੁਝ ਨਹੀਂ ਸਕਦਾ। ਉਸ ਤਰ੍ਹਾਂ ਚੁਪ ਰਹਿ ਕੇ ਬਹੁਤ ਪਛੁਤਾਇਆ, ਭੈ ਕਾਰਨ ਬਹੁਤ ਦੁੱਖ ਪਾਇਆ॥੨੩॥

ਨਹਿਂ ਕਿਸ ਆਗੇ ਕਬਹੁਂ ਉਚਾਰੀ। ਕਹੈ ਕਹਾਂ, ਨਹਿ ਬੁੱਧਿ ਮਝਾਰੀ।
ਤਿਸ ਪੀਛੇ ਜੈਸਿੰਘ ਤੇ ਆਦਿ। ਕਰਨਿ ਲਗੇ ਸਭਿ ਜਿਮ ਮਿਰਜਾਦ॥ ੨੪॥

ਕਿਸੇ ਅੱਗੇ ਕਦੀ ਵੀ ਉਚਾਰਨ ਨਾ ਕੀਤਾ, ਕਿਵੇਂ ਕਹਿੰਦਾ, ਬੁਧੀ ਵਿਚ ਹੀ ਕੁਝ ਨਹੀਂ ਸੀ ਸਮਝਿਆ। ਉਸ ਤੋਂ ਬਾਅਦ ਰਾਜਾ ਜੈ ਸਿੰਘ ਆਦਿ ਮਰਯਾਦਾ ਅਨੁਸਾਰ ਕਾਰਜ ਕਰਨ ਲੱਗੇ॥੨੪॥

ਰੋਦਤਿ ਮਾਤਾ ਸਕਲ ਬਤਾਵੈ। ਦੌਰਤਿ ਦਾਸ ਸਕਲ ਸੋ ਲਜਾਵੈ।
ਮਿਲਿ ਸਭਿਹੂੰ ਕਰਿਵਾਇ ਸ਼ਨਾਨ। ਸੀਂਚਿ ਸੁਗੰਧੈਂ ਬ੍ਰਿੰਦ ਮਹਾਨ॥ ੨੫॥

ਰੋਂਦੇ ਹੋਏ ਮਾਤਾ ਜੀ ਸਭ ਗੱਲਾਂ ਦੱਸ ਰਹੇ ਸਨ ਤੇ ਸੇਵਕ ਦੌੜ ਕੇ ਸਭ ਚੀਜ਼ਾਂ ਲਿਆਉਂਦੇ ਸਨ। ਸਾਰਿਆਂ ਮਿਲ ਕੇ ਗੁਰੂ ਜੀ ਨੂੰ ਇਸ਼ਨਾਨ ਕਰਵਾਇਆ, ਜਲ ਵਿਚ ਬਹੁਤ ਮਹਾਨ ਸੁਗੰਧੀਆਂ ਪਾਈਆਂ ਗਈਆਂ॥੨੫॥

ਬਸਤ੍ਰ ਨਵੀਨ ਰੁਚਿਰ ਪਹਿਰਾਏ। ਕਹਿ ਕਰਿ ਭਲੋ ਬਿਵਾਨ ਬਨਾਏ।
ਤਿਸ ਪਰ ਸਤਿਗੁਰ ਕੋ ਪੌਢਾਯਹੁ। ਚਹੁੰ ਦਿਸ਼ਿ ਫੂਲ ਮਾਲ ਲਰਕਾਯਹੁ॥੨੬॥

ਬਹੁਤ ਸੁੰਦਰ ਨਵੇਂ ਬਸਤਰ ਪਵਾਏ ਤੇ ਕਹਿ ਕੇ ਭਲਾ ਬਿਬਾਣ ਬਣਵਾਇਆ ਗਿਆ। ਉਸ ਉੱਤੇ ਸਤਿਗੁਰੂ ਜੀ ਨੂੰ ਚੜ੍ਹਾਇਆ ਤੇ ਚਾਰੇ ਪਾਸੇ ਫੁੱਲਾਂ ਦੇ ਹਾਰ ਲਟਕਾ ਦਿੱਤੇ॥੨੬॥

ਧੂਪ ਧੁਖਾਵਤਿ ਅਨਿਕ ਪ੍ਰਕਾਰੇ। ਕੰਧ ਉਠਾਇ ਮਸੰਦ ਸਿਧਾਰੇ।
ਸ਼ਬਦ ਰਬਾਬੀ ਗਾਵਤਿ ਜਾਤਿ। ਸਿਮਰਤਿ ਸੱਤਿਨਾਮ ਸੁਖਦਾਤ॥ ੨੭॥

ਅਨੇਕ ਪ੍ਰਕਾਰ ਧੂਫ ਧੁਖਾਏ ਤੇ ਮਸੰਦ ਬਿਬਾਣ ਨੂੰ ਮੋਢਿਆਂ 'ਤੇ ਚੁੱਕ ਕੇ ਚਲ ਪਏ। ਰਬਾਬੀ ਸ਼ਬਦ ਗਾਉਂਦੇ ਜਾਂਦੇ ਸਨ ਤੇ ਸੁਖਾਂ ਦੇ ਦਾਤੇ ਸਤਿਨਾਮ ਦਾ ਸਿਮਰਨ ਕਰਦੇ ਜਾਂਦੇ ਸਨ॥੨੭॥

ਕ੍ਰਿਸ਼ਨ ਕੁਇਰ ਜਨਨੀ ਮਨ ਗਜਾਨ। ਤਊ ਸ਼ੋਕ ਉਪਜੰਤਿ ਮਹਾਨ।
ਗੁਨ ਸਪੂਤ ਕੇ ਸਿਮਰਿ ਬਿਸਾਲੇ। ਅਤਿ ਸਨੇਹ ਤੇ ਦ੍ਰਿਗ ਜਲ ਚਾਲੇ॥ ੨੮॥

ਮਾਤਾ ਜੀ ਕ੍ਰਿਸ਼ਨ ਕੌਰ ਦੇ ਮਨ ਵਿਚ ਬ੍ਰਹਮ ਗਿਆਨ ਵਸਦਾ ਸੀ, ਫਿਰ ਵੀ ਉਸ ਨੇ ਬਹੁਤ ਦੁਖ ਮਨਾਇਆ। ਪੁੱਤਰ ਦੇ ਵਿਸ਼ਾਲ ਗੁਣ ਯਾਦ ਕਰਕੇ, ਅਤਿ ਸਨੇਹ ਨਾਲ ਅੱਖਾਂ ਵਿਚੋਂ ਜਲ ਚਲਦਾ ਸੀ॥੨੮॥

ਦਾਸੀ ਦਾਸ ਪ੍ਰਕਾਸ਼ਹਿਂ ਸ਼ੋਕ। ਰੁਦਤਿ ਬਿਲੋਕਤਿ ਸੰਗਤਿ ਲੋਕ।
ਜਿਸ ਥਲ ਕੋ ਤਿਲੋਖਰੀ ਨਾਮ। ਨਿਕਟਿ ਵਹੈ ਜਮਨਾ ਅਭਿਰਾਮ॥ ੨੯॥

ਦਾਸੀਆਂ ਦਾਸ ਵੀ ਬੜੇ ਦੁਖੀ ਸਨ, ਰੋਂਦੇ ਹੋਏ ਸੰਗਤ ਦੇ ਲੋਕਾਂ ਨੂੰ ਵੇਖਦੇ ਸਨ। ਜਿਸ ਸਥਾਨ ਨੂੰ ਤਿਲੋਖਰੀ ਕਹਿੰਦੇ ਹਨ ਤੇ ਨੇੜੇ ਸੁੰਦਰ ਜਮਨਾ ਵਹਿ ਰਹੀ ਹੈ॥੨੯॥

ਤਹਿਂ ਚੰਦਨ ਕੇ ਭਾਰ ਗਿਰਾਏ। ਤਿਲ ਘ੍ਰਿਤ ਆਦਿ ਲਜਾਇ ਸਮੁਦਾਏ।
ਸ਼ੋਕ ਬਿਸਾਲ ਸਮੇਤ ਬਿਵਾਨ। ਕਰਜੋ ਉਤਾਰਨਿ ਸੋ ਤਿਸ ਥਾਨ॥ ੩੦॥

ਉਥੇ ਚੰਦਨ ਦੀਆਂ ਲਕੜਾਂ ਸੁਟੀਆਂ ਗਈਆਂ, ਤਿਲ ਘਿਉ ਆਦਿ ਸਮੱਗਰੀ ਵੀ ਲਿਆਏ। ਬੜੇ ਦੁੱਖ ਦੇ ਸਹਿਤ ਬਿਬਾਣ ਲਿਆਏ ਤੇ ਉਸ ਨੂੰ ਉਸ ਸਥਾਨ 'ਤੇ ਉਤਾਰ ਦਿੱਤਾ॥੩੦॥

ਆਦਿ ਮਸੰਦ ਚਿਖਾ ਰਚਿ ਕਰਿ ਕੈ। ਸੰਦਲ ਬ੍ਰਿੰਦ ਭਲੀ ਬਿਧਿ ਧਰਿ ਕੈ।
ਪੁਨ ਊਪਰ ਸਤਿਗੁਰ ਪੌਢਾਏ। ਜੌਂ ਤਿਲ ਘ੍ਰਿੱਤ ਪਾਇ ਸਮੁਦਾਏ॥ ੩੧॥

ਮਸੰਦ ਆਦਿ ਸਿੱਖਾਂ ਨੇ ਚਿਖਾ ਚਿਣੀ ਤੇ ਉਸ ਉੱਤੇ ਭਲੀ ਵਿਧੀ ਅਨੁਸਾਰ ਸੰਦਲ ਦੀ ਲਕੜੀ ਧਰੀ। ਉਸ ਦੇ ਉੱਤੇ ਸਤਿਗੁਰੂ ਜੀ ਨੂੰ ਲਿਟਾ ਦਿੱਤਾ ਤੇ ਤਿਲ ਘਿਉ ਸਾਰੀ ਸਮੱਗਰੀ ਉੱਤੇ ਪਾ ਦਿੱਤੀ॥੩੧॥

ਲਾਂਬੂ ਤਬਿ ਲਗਾਇ ਤਤਕਾਲਾ। ਪੁਨਰਪਿ ਕੀਨਸਿ ਕ੍ਰਿਆਕਪਾਲਾ।
ਮਸਤਕ ਟੇਕਿ ਸਕਲ ਤਿਸ ਥਾਨ। ਗਮਨੇ ਜਮਨਾ ਕਰਨਿ ਸ਼ਨਾਨ॥ ੩੨॥

ਫਿਰ ਤੁਰਤ ਲਾਂਬੂ ਲਾ ਦਿੱਤਾ, ਫਿਰ ਬਾਅਦ ਵਿਚ ਕਪਾਲ ਕ੍ਰਿਆ ਕੀਤੀ। ਉਸ ਥਾਂ ਮੱਥਾ ਟੇਕ ਕੇ ਸਾਰੇ ਜਮਨਾ ਨਦੀ ਵਿਚ ਇਸ਼ਨਾਨ ਕਰਨ ਚਲੇ ਗਏ॥੩੨॥

ਗੁਰ ਕੀਰਤਿ ਕੋ ਕਰਤਿ ਉਚਾਰਿ। ਬਾਰਿ ਬਾਰਿ ਸਿਮਰਤਿ ਸੁਖਕਾਰ।
ਸਭਿ ਮੱਜਨ ਕਰਿ ਕੈ ਚਲਿ ਆਏ। ਜਹਾਂ ਬਸਨਿ ਕੋ ਥਾਨ ਸੁਹਾਏ॥ ੩੩॥

ਗੁਰੂ ਕੀਰਤੀ ਦਾ ਉਚਾਰਣ ਕਰਦੇ ਸਨ ਤੇ ਸੁਖਦਾਤੇ ਗੁਰੂ ਜੀ ਨੂੰ ਬਾਰ-ਬਾਰ ਯਾਦ ਕਰਦੇ ਸਨ। ਸਾਰੇ ਇਸ਼ਨਾਨ ਕਰਕੇ ਵਾਪਸ ਆ ਗਏ ਤੇ ਆਪਣੇ-ਆਪਣੇ ਰਹਿਣ ਵਾਲੇ ਸਥਾਨਾਂ ਤੇ ਚਲੇ ਗਏ॥੩੩॥

ਪੁਰਿ ਤੇ ਨਰ ਹਜ਼ਾਰ ਹੀ ਆਵੈਂ। ਬੈਠਹਿਂ ਗੁਰੂ ਪ੍ਰਸੰਗ ਚਲਾਵੈਂ।
'ਬਾਲਿਕ ਬਯ ਤੇ ਬਡੇ ਨ ਹੋਏ'। ਅਧਿਕ ਅਚੰਭਾ ਸਭਿਹਿਨਿ ਜੋਏ॥ ੩੪॥

ਨਗਰ ਤੋਂ ਹਜ਼ਾਰਾਂ ਹੀ ਲੋਕ ਆਏ ਸਨ, ਉਹ ਬੈਠ ਕੇ ਗੁਰੂ ਜੀ ਦਾ ਪ੍ਰਸੰਗ ਚਲਾਉਂਦੇ ਸਨ, "ਬਾਲ ਉਮਰ ਸੀ, ਹਾਲੇ ਵੱਡੇ ਨਹੀਂ ਸੀ ਹੋਏ" ਵੱਡਾ ਅਚੰਭਾ ਸਭ ਨੇ ਵੇਖਿਆ ਹੈ॥੩੪॥

ਕ੍ਰਿਸ਼ਨ ਕੁਇਰ ਗੁਰ ਜਨਨੀ ਪਾਸ। ਕਰਹਿਂ ਪ੍ਰੇਮ ਕੇ ਬਾਕ ਪ੍ਰਕਾਸ਼।
'ਮੰਦ ਭਾਗ ਸੰਗਤਿ ਕੇ ਜਾਨੇ। ਜਿਨ ਸਮੀਪ ਤੇ ਗੁਰੂ ਸਿਧਾਨੇ'॥ ੩੫॥

ਗੁਰੂ ਜੀ ਦੇ ਮਾਤਾ ਜੀ ਕ੍ਰਿਸ਼ਨ ਕੌਰ ਪਾਸ ਸਾਰੇ ਹੀ ਪ੍ਰੇਮ ਦੇ ਸ਼ਬਦ ਕਹਿੰਦੇ ਸਨ, "ਮਾੜੇ ਭਾਗ ਸੰਗਤ ਦੇ ਜਾਣੋ, ਜਿ, ਪਾਸੋਂ ਗੁਰੂ ਜੀ ਚਲੇ ਗਏ ਹਨ" ॥੩੫॥

ਬੂਝਤਿ ਗੁਰਨਿ ਬਾਰਤਾ ਸਾਰੀ। ਕ੍ਰਿਸ਼ਨ ਕੁਇਰ ਤਿਨ ਪਾਸ ਉਚਾਰੀ।
'ਇਨ ਕੇ ਪਿਤ ਕੀਰਤਪੁਰਿ ਬਾਸੇ। 'ਮੈਂ ਸੇਵਾ ਠਾਨੀ ਕਰਿ ਆਸੇ॥ ੩੬॥

ਗੁਰੂ ਜੀ ਬਾਰੇ ਸਾਰੀ ਵਾਰਤਾ ਪੁੱਛਦੇ ਸਨ, ਕ੍ਰਿਸ਼ਨ ਕੌਰ ਨੇ ਉਨ੍ਹਾਂ ਪਾਸ ਸਾਰੀ ਵਾਰਤਾ ਉਚਾਰਨ ਕੀਤੀ, "ਇਨ੍ਹਾਂ ਦੇ ਪਿਤਾ ਜੀ ਕੀਰਤਪੁਰ ਵੱਸਦੇ ਸਨ, ਮੈਂ ਆਸ ਕਰਕੇ ਉਨ੍ਹਾਂ ਦੀ ਸੇਵਾ ਕੀਤੀ॥੩੬॥

ਭਏ ਪ੍ਰਸੰਨ ਮੋਹਿ ਵਰ ਦੀਨਿ। ਤਬਿ ਤੇ ਮੈਂ ਗ੍ਰਭ ਧਾਰਨਿ ਕੀਨ।
ਸ੍ਰਾਵਣ ਵਦੀ ਦਰੋਸ ਦਸਮੀ ਕੋ। ਹੁਤੋ ਨਛੱਤ੍ਰ ਪੁਨਰਬਸ ਨੀਕੋ॥ ੩੭॥

ਪ੍ਰਸੰਨ ਹੋ ਕੇ ਉਨ੍ਹਾਂ ਮੈਨੂੰ ਵਰ ਦਿੱਤਾ, ਤਦ ਤੋਂ ਮੈਂ ਗਰਭ ਧਾਰਨ ਕਰ ਲਿਆ। ਸਾਵਣ ਵਦੀ ਦੁਆਦਸ਼ੀ ਨੂੰ ਸੱਤਵਾਂ ਸੁੰਦਰ ਨਛੱਤਰ ਸੀ॥੩੭॥

ਸੰਮਤ ਸੱਤ੍ਰਾਂ ਸੈ ਅਰੁ ਤੇਰਾਂ। ਸਸਿ ਸੁਤਵਾਰ ਹੁਤੋ ਤਿਸ ਬੇਰਾ।
ਸਾਢੇ ਸਪਤ ਘਰੀ ਦਿਨ ਚਰ੍ਹਜੋ। ਤਬਿ ਮੁਝ ਤੇ ਇਨ ਜਨਮ ਸੁ ਧਰਜੋ॥੩੮॥

ਸੰਮਤ ਸਤਾਰਾਂ ਸੌ ਤੇਰਾਂ ਨੂੰ ਬੁਧਵਾਰ ਦਾ ਉਸ ਸਮੇਂ ਦਿਨ ਸੀ, ਸਾਢੇ ਸਤ ਘੜੀ ਦਿਨ ਚੜ੍ਹਿਆ ਸੀ, ਤਦ ਮੈਥੋਂ ਇਨ੍ਹਾਂ ਜਨਮ ਧਾਰਨ ਕੀਤਾ॥੩੮॥

ਪ੍ਰਤਿਪਾਲਾ ਪੁਨ ਕਰਿਬੇ ਲਾਗੀ। ਸਭਿ ਤੇ ਜਾਨਿ ਆਪ ਬਡਭਾਗੀ।
ਜਿਮ ਜਿਮ ਦੇਹ ਬ੍ਰਿਧਤਿ ਮੁਖ ਸੁੰਦਰ। ਧੀਰਜ ਖਿਮਾ ਆਦਿ ਗੁਨ ਮੰਦਰ॥੩੯॥

ਫਿਰ ਮੈਂ ਇਨ੍ਹਾਂ ਦੀ ਪ੍ਰਤਿਪਾਲਣਾ ਕਰਨ ਲੱਗੀ ਤੇ ਆਪਣੇ ਆਪ ਨੂੰ ਸਭ ਨਾਲੋਂ ਵਡਭਾਗੀ ਜਾਣਿਆ। ਜਿਵੇਂ ਸਰੀਰ ਵਧਦਾ ਗਿਆ, ਮੁਖ ਸੁੰਦਰ ਹੁੰਦਾ ਗਿਆ, ਧੀਰਜ ਖਿਮਾ ਆਦਿ ਗੁਣਾਂ ਦੇ ਘਰ ਸਨ॥੩੯॥

ਤਿਮ ਤਿਮ ਪਿਤ ਸਤਿਗੁਰ ਇਨ ਕੇਰੇ। ਕ੍ਰਿਪਾ ਠਾਨਿਤੇ ਰਹੇ ਬਡੇਰੇ।
ਜਬਿ ਤੇ ਰਾਮਰਾਇ ਚਲਿ ਆਯਹੁ। ਨਿਜ ਕਰਤੂਤ ਇਹਾਂ ਬਿਦਤਾਯਹੁ॥੪੦॥

ਤਿਵੇਂ ਤਿਵੇਂ ਇਨ੍ਹਾਂ ਦੇ ਪਿਤਾ ਜੀ ਸਤਿਗੁਰੂ ਜੀ, ਇਨ੍ਹਾਂ ਉੱਤੇ ਵੱਡੀ ਕਿਰਪਾ ਧਾਰਦੇ ਰਹੇ। ਜਦ ਤੋਂ ਰਾਮਰਾਇ ਇਥੇ ਚਲ ਕੇ ਆਇਆ ਤੇ ਆਪਣੀ ਕਰਤੂਤ ਇਥੇ ਪ੍ਰਗਟ ਕੀਤੀ॥੪੦॥

ਖਿਮਾ ਨ ਧੀਰਜ, ਅਜਰ ਨ ਜਰਨ। ਬਡੇ ਗੁਰਨਿ ਬਚ ਬਿੱਪ੍ਰ ਕਰਨਿ।
ਸਕਲ ਬਾਤ ਸੁਨਿ ਰਿਦੈ ਬਿਚਾਰੀ। ਬਡ ਸੁਤ ਨਹਿਂ ਗਾਦੀ ਅਧਿਕਾਰੀ॥੪੧॥

ਉਸ ਵਿਚ ਨਾ ਖਿਮਾ ਹੈ, ਨਾ ਧੀਰਜ ਤੇ ਜਰੇ ਜਾਣ ਵਾਲੇ ਨੂੰ ਜਰਦਾ ਨਹੀਂ ਹੈ। ਵੱਡੇ ਗੁਰੂ ਸਾਹਿਬ ਜੀ ਦੇ ਬਚਨ ਹੀ ਉਲਟਾ ਦਿੱਤੇ। ਮੇਰੇ ਪਤੀ ਗੁਰੂ ਜੀ ਨੇ ਸਾਰੀ ਗੱਲ ਸੁਣ ਕੇ ਹਿਰਦੇ ਵਿਚ ਵਿਚਾਰੀ ਤੇ ਵੱਡੇ ਪੁੱਤਰ ਨੂੰ ਗੱਦੀ ਦਾ ਅਧਿਕਾਰੀ ਨਾ ਜਾਣਿਆ॥੪੧॥

ਪੁਨ ਮਮ ਸੁਤ ਪਰ ਕ੍ਰਿਪਾ ਵਿਸ਼ੇਸ਼। ਜਾਨਜੋਂ ਧਾਰਹਿ ਭਾਰ ਅਸ਼ੇਸ਼।
ਅੰਤ ਸਮਾ ਜਬਿ ਅਪਨਿ ਨਿਹਾਰਾ। ਇਨ ਕੋ ਅਪਨੇ ਥਾਨ ਬਿਠਾਰਾ॥੪੨॥

ਫਿਰ ਮੇਰੇ ਪੁੱਤਰ 'ਤੇ ਵਿਸ਼ੇਸ਼ ਕਿਰਪਾ ਸੀ, ਇਹ ਸਮਝ ਗਏ ਕਿ ਵੱਡਾ ਭਾਰ ਚੁੱਕ ਲਵੇਗਾ। ਜਦ ਆਪਣਾ ਅੰਤਮ ਸਮਾਂ ਆਇਆ ਵੇਖਿਆ, ਤਾਂ ਇਨ੍ਹਾਂ ਨੂੰ ਆਪਣੇ ਥਾਂ ਗੱਦੀ 'ਤੇ ਬਿਠਾ ਦਿੱਤਾ॥੪੨॥

ਪੰਚ ਬਰਖ ਦੁਇ ਮਾਸ ਬਿਤਏ। ਦਿਨ ਉਨਤੀਸ ਬੈਸ ਕੇ ਭਏ।
ਸਮਾ ਬਿਚਾਰਨਿ ਕਰਿਕੈ ਨੀਕਾ। ਮਮ ਸੁਤ ਕਹੁ ਦੀਨਹੁ ਸ਼ੁਭ ਟੀਕਾ॥੪੩॥

ਪੰਜ ਸਾਲ ਦੋ ਮਹੀਨੇ ਅਤੇ ਉਨੱਤੀ ਦਿਨ ਦੀ ਜਦ ਉਮਰ ਹੋਈ ਤਾਂ ਚੰਗਾ ਸਮਾਂ ਵਿਚਾਰ ਕੇ ਮੇਰੇ ਪੁੱਤਰ ਨੂੰ ਸ਼ੁਭ ਗੱਦੀ ਦਾ ਤਿਲਕ ਲਾ ਦਿੱਤਾ॥੪੩॥

ਆਪ ਗੁਰੂ ਬੈਕੁੰਠ ਸਿਧਾਏ। ਸ੍ਰੀ ਹਰਿਕ੍ਰਿਸ਼ਨ ਜੋਤਿ ਸਭਿ ਪਾਏ।
ਜਗਤ ਬਿਖੈ ਕਛੁ ਨਾਂਹਿ ਨ ਛਾਨੀ। ਜੇ ਸਿਖ ਗਯਾਨੀ ਸਭਿਹਿਨਿ ਜਾਨੀ॥੪੪॥

ਆਪ ਗੁਰੂ ਜੀ ਬੈਕੁੰਠ ਚਲੇ ਗਏ। ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੇ ਉਨ੍ਹਾਂ ਦੀ ਜੋਤੀ ਪਾ ਲਈ ਤੇ ਜਗਤ ਵਿਚ ਕੁਝ ਵੀ ਗੁਪਤ ਨਾ ਰਖਿਆ। ਜਿਹੜੇ ਸਿੱਖ ਗਿਆਨੀ ਹਨ, ਉਹ ਸਭ ਜਾਣਦੇ ਹਨ॥੪੪॥

ਰਾਮਰਾਇ ਮਤਸਰ ਕੋ ਧਾਰਿ। ਦੂਤੀ ਸ਼ਾਹੁ ਸਮੀਪ ਉਚਾਰਿ।
ਜਯੋਂ ਕਯੋਂ ਕਹਿ ਇਹਠਾਂ ਬੁਲਿਵਾਏ। ਸਗਰੀ ਸੰਗਤਿ ਮਿਲੀ ਮਨਾਏ॥੪੫॥

ਰਾਮਰਾਇ ਨੇ ਵੱਡਾ ਹੰਕਾਰ ਧਾਰਨ ਕੀਤਾ ਸੀ ਤੇ ਬਾਦਸ਼ਾਹ ਦੇ ਪਾਸ ਚੁਗਲੀ ਲਾ ਕੇ, ਜਿਵੇਂ ਕਿਵੇਂ ਕਰਕੇ ਇਸ ਥਾਂ ਬੁਲਾਇਆ, ਸਾਰੀ ਸੰਗਤ ਮਿਲ ਕੇ ਇਨ੍ਹਾਂ ਨੂੰ ਮੰਨਣ ਲੱਗੀ॥੪੫॥

ਦੇਖਿ ਪ੍ਰਭਾਉ ਸ੍ਰਾਪ ਤਬਿ ਕਹਜੋ। ਸਮ ਚਿਤ ਮਮ ਸੁਤ ਸੋ ਸਭਿ ਸਹਜੋ।
ਦੋਇ ਬਰਖ ਅਰੁ ਪੰਚ ਮਹੀਨੇ। ਦਿਨ ਉਨੀਸ ਗੁਰਤਾ ਪਦ ਲੀਨੇ॥੪੬॥

ਇਨ੍ਹਾਂ ਦਾ ਵੱਡਾ ਪ੍ਰਭਾਵ ਵੇਖ ਕੇ ਫਿਰ ਸਰਾਪ ਕਹਿ ਦਿੱਤਾ। ਸਮਚਿਤ ਮੇਰੇ ਪੁੱਤਰ ਨੇ ਸਭ ਕੁਝ ਬਰਦਾਸ਼ਤ ਕੀਤਾ। ਦੋ ਸਾਲ ਅਤੇ ਪੰਜ ਮਹੀਨੇ ਅਤੇ ਉੱਨੀ ਦਿਨ ਗੁਰਤਾ ਦੀ ਜ਼ਿੰਮੇਵਾਰੀ ਨਿਭਾਈ॥੪੬॥

ਅਬਿ ਮੋਕਹੁ ਦੁਖ ਦੈ ਕਰਿ ਗਏ। ਨਿਸਬਾਸੁਰ ਸਿਮਰੋਂ ਸੁਖ ਛਏ।
ਇਮ ਕਹਿ ਕ੍ਰਿਸ਼ਨ ਕੁਇਰ ਗੁਰ ਮਾਤਾ। ਰੁਦਿਤਿ ਬਿਲੋਚਨ ਤੇ ਜਲ ਜਾਤਾ॥੪੭॥

ਹੁਣ ਮੈਨੂੰ ਦੁਖ ਦੇ ਕੇ ਚਲੇ ਗਏ ਹਨ, ਦਿਨ ਰਾਤ ਸਿਮਰਨ ਨਾਲ ਸੁਖ ਪ੍ਰਾਪਤ ਹੁੰਦਾ ਹੈ।" ਇਸ ਤਰ੍ਹਾਂ ਕਹਿ ਕੇ ਗੁਰੂ ਜੀ ਦੀ ਮਾਤਾ ਕ੍ਰਿਸ਼ਨ ਕੋਰ ਰੋ ਪਏ ਤੇ ਨੈਣਾਂ ਵਿਚੋਂ ਜਲ ਵਹਿਣ ਲੱਗ ਗਿਆ॥੪੭॥

ਸੁਨਿ ਸੰਗਤਿ ਬਹੁ ਬਯਾਕੁਲ ਹੋਈ। ਧੀਰ ਬੰਧਾਇ ਬੰਧਿ ਕਰ ਦੋਈ।
'ਹੇ ਮਾਤਾ! ਸਭਿ ਬਿਧਿ ਸਮਰੱਥ। ਤਨ ਤਯਾਗਨਿ ਰਾਖਨਿ ਜਿਨ ਹੱਥ॥੪੮॥

ਇਹ ਸੁਣ ਕੇ ਸੰਗਤ ਬਹੁਤ ਵਿਆਕੁਲ ਹੋਈ, ਦੋਵੇਂ ਹੱਥ ਜੋੜ ਕੇ ਧੀਰਜ ਬੰਧਾਇਆ, "ਹੇ ਮਾਤਾ ਜੀ! ਉਹ ਸਭ ਵਿਧੀਆਂ ਨਾਲ ਸਮਰੱਥ ਸਨ। ਸਰੀਰ ਤਿਆਗਣਾ ਜਿਨ੍ਹਾਂ ਆਪਣੇ ਹੱਥ ਵਿਚ ਰਖਿਆ ਸੀ॥੪੮॥

ਕਛੁ ਨ ਕਹਿਬੋ ਤਿਨ ਕੋ ਬਨੈ। ਗੁਰ ਸਰਬੱਗ ਸੁ ਅਜ਼ਮਤ ਸਨੈ।
ਕਹਾਂ ਸ਼ੋਕ ਤਿਨ ਕੋ ਅਬਿ ਕਰੀਅਹਿ। ਪਰਮ ਧਾਮ ਨਿਜ ਗਏ ਬਿਚਰੀਅਹਿ॥੪੯॥

ਉਨ੍ਹਾਂ ਨੂੰ ਕੁਝ ਵੀ ਕਹਿਣਾ ਨਹੀਂ ਬਣਦਾ। ਗੁਰੂ ਜੀ ਸਰਬ ਸਮਰੱਥ ਕੁਲ ਕਰਾਮਾਤ ਸਹਿਤ ਸਨ। ਉਨ੍ਹਾਂ ਬਾਰੇ ਹੁਣ ਦੁੱਖ ਕਿਉਂ ਮੰਨਾਈਏ, ਜਿਹੜੇ ਪਰਮ ਧਾਮ ਆਪਣੀ ਮਰਜ਼ੀ ਨਾਲ ਗਏ ਹਨ॥੪੯॥

ਰਾਮਰਾਇ ਕੇ ਸੀਸ ਕਲੰਕ। ਦੇ ਕਰਿ ਤਜਾਗਜੇ ਦੇਹਿ ਨਿਸ਼ੰਕ।
ਮਸਤਕ ਟੇਕਨਿ ਹਮਰੋ ਬਨੈ। ਬੈਠਿ ਬੈਠਿ ਗੁਰ ਕੇ ਗੁਨ ਭਨੈਂ॥ ੫੦॥

ਰਾਮਰਾਇ ਦੇ ਸਿਰ 'ਤੇ ਕਲੰਕ ਦੇ ਕੇ ਨਿਸ਼ੰਕ ਹੋ ਕੇ ਦੇਹ ਨੂੰ ਤਿਆਗਿਆ ਹੈ। ਸਾਡਾ ਹੁਣ ਮੱਥਾ ਟੇਕਣਾ ਬਣਦਾ ਹੈ। ਬੈਠ ਬੈਠ ਕੇ ਗੁਰੂ ਜੀ ਦੇ ਗੁਣ ਕਹੀਏ॥੫੦॥

ਸਦਾ ਸਹਾਇਕ ਜਹਿਂ ਕਹਿਂ ਹੋਇਂ। ਸਿਮਰੇ ਹਾਜ਼ਰ ਸਭਿ ਦਿਨ ਸੋਇ।
ਇਮ ਕਹਿ ਧੀਰਜ ਦੇ ਸਭਿ ਗਏ। ਪੁਰਿ ਕੀ ਸੰਗਤਿ ਜੋ ਸਿਖ ਆਏ॥ ੫੧॥

ਉਹ ਜਿਥੇ ਕਿਥੇ ਸਦਾ ਸਹਾਇਕ ਹੋਣਗੇ ਤੇ ਯਾਦ ਕਰਨ ਨਾਲ ਸਭ ਦਿਨ ਹਾਜ਼ਰ ਹੋਣਗੇ।' ਇਹ ਕਹਿ ਕੇ ਨਗਰ ਦੀ ਸੰਗਤ ਦੇ ਜਿਹੜੇ ਸਿੱਖ ਆਏ ਸਨ, ਸਾਰੇ ਧੀਰਜ ਦੇ ਕੇ ਚਲੇ ਗਏ॥੫੧॥

*ਦਸਵੀਂ ਰਾਸ ਦਾ ਚਰਵੰਜਵਾਂ ਅਧਿਆਇ ਸਮਾਪਤ ਹੋਇਆ॥੫੪॥*

## ਅਧਿਆਇ ਪਚਵੰਜਵਾਂ

### ਸੰਗਤਿ ਵਿਚ ਵਿਚਾਰ

ਦੋਹਰਾ- ਸੰਮਤ ਸੱਤ੍ਰਾਂ ਸੈ ਬਿਤੇ ਪੁਨ ਊਪਰ ਇਕ ਬੀਸ।
ਚੇਤ ਸੁਦੀ ਚੌਦਸ਼ ਹੁਤੀ ਵਾਰ ਨੰਦ ਰਜਨੀਸ਼॥ ੧॥

ਜਦ ਸੰਮਤ ੧੭੨੧ ਬੀਤਿਆ ਤੇ ਚੇਤ ਸੁਦੀ ਚੌਦਸ ਹੋਈ ਤੇ ਬੁਧਵਾਰ ਦਿਨ ਆਇਆ॥੧॥

ਚੌਪਈ- ਸ੍ਰੀ ਹਰਿਕ੍ਰਿਸ਼ਨ ਬਾਲ ਬਚ ਧਾਰੇ। ਬਹੁ ਕਾਰਨ ਕੋ ਰਿਦੇ ਬਿਚਾਰੇ।
ਪਰਮ ਧਾਮ ਬੈਕੁੰਠ ਪਧਾਰੇ। ਜੋ ਸਤਿਸੰਗਤਿ ਕੋ ਬਹੁ ਪਜਾਰੇ॥ ੨॥

ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੇ ਬਾਲ ਉਮਰ ਧਾਰਨ ਕੀਤੀ ਹੋਈ ਸੀ। ਕਈ ਕਾਰਨਾਂ ਕਰਕੇ ਉਨ੍ਹਾਂ ਆਪਣੇ ਹਿਰਦੇ ਵਿਚ ਵਿਚਾਰ ਕੀਤੀ ਤੇ ਪਰਮ ਧਾਮ ਬੈਕੁੰਠ ਵਿਚ ਚਲੇ ਗਏ, ਜਿਹੜੇ ਸਤਿਸੰਗਤ ਨੂੰ ਬਹੁਤ ਪਿਆਰੇ ਸਨ॥੨॥

ਤੀਨ ਦਿਵਸ ਪੁਨ ਬੀਤੇ ਜਬਿਹੂੰ। ਮਿਲੇ ਮਸੰਦ ਆਦਿ ਸਿਖ ਸਭਿਹੂੰ।
ਪੁਸ਼ਪ ਬੀਨਿਬੇ ਕਾਰਨ ਗਏ। ਸ਼ੋਕਾਕੁਲ ਗੁਰ ਸਿਮਰਤਿ ਭਏ॥ ੩॥

ਉਸ ਤੋਂ ਬਾਅਦ ਜਦ ਤਿੰਨ ਦਿਨ ਬੀਤ ਗਏ ਤੇ ਸਾਰੇ ਮਸੰਦ ਆਦਿ ਮਿਲ ਕੇ ਇਕੱਠੇ ਹੋਏ ਤਾਂ ਗੁਰੂ ਹਰਿਕ੍ਰਿਸ਼ਨ ਜੀ ਦੇ ਫੁੱਲ ਚੁਗਣ ਵਾਸਤੇ ਗਏ। ਬੜੇ ਦੁਖੀ ਹੋ ਕੇ ਗੁਰੂ ਜੀ ਨੂੰ ਯਾਦ ਕਰ ਰਹੇ ਸਨ॥੩॥

ਦੇਖਿ ਰਹੇ ਕੁਛ ਹਾਥ ਨ ਆਏ। ਭਸਮ ਸਕੇਲਤਿ ਸਭਿ ਬਿਸਮਾਏ।
ਤਰਨਿ ਤਨੂਜਾ ਨੀਰ ਮਝਾਰੀ। ਸਕਲ ਮੇਲ ਕਰਿ ਬੰਦਨ ਧਾਰੀ॥ ੪॥

ਬੜੀ ਚੰਗੀ ਤਰ੍ਹਾਂ ਫੋਲ ਕੇ ਫੁੱਲ ਲਭਦੇ ਰਹੇ, ਪਰ ਕੁਝ ਵੀ ਹੱਥ ਨਾ ਆਇਆ। ਸਾਰੀ ਰਾਖ ਨੂੰ ਫਰੋਲ ਕੇ ਹੈਰਾਨ ਰਹਿ ਗਏ। ਫਿਰ ਸਾਰੀ ਰਾਖ ਇਕੱਠੀ ਕਰਕੇ ਦਰਿਆ ਜਮਨਾ ਦੇ ਪਾਣੀ ਵਿਚ ਵਿਹਾ ਕੇ ਬੰਦਨਾ ਕੀਤੀ॥੪॥

ਸਭਿ ਸੰਗਤਿ ਪੁਨ ਮਾਤਾ ਪਾਸ। ਬੈਠਤਿ ਬੋਲਤਿ ਸ਼ੋਕ ਪ੍ਰਕਾਸ਼।
ਇਕ ਦੁਇ ਬਾਰੀ ਜੈ ਪੁਰਿ ਨਾਥ। ਬੈਠਜੋ ਆਇ ਬੰਦਿ ਕਰਿ ਹਾਥ॥ ੫॥

ਸਾਰੀ ਸੰਗਤ ਫਿਰ ਮਾਤਾ ਜੀ ਪਾਸ ਬੈਠ ਗਈ ਤੇ ਨਾਲ ਬੋਲ ਕੇ ਸ਼ੋਕ ਦਾ ਪ੍ਰਗਟਾਵਾ ਕਰਦੇ ਸਨ। ਇਕ ਦੋ ਵਾਰੀ ਰਾਜਾ ਜੈ ਸਿੰਘ ਹੱਥ ਜੋੜ ਕੇ ਆ ਕੇ ਬੈਠਾ॥੫॥

ਕ੍ਰਿਸ਼ਨ ਕੁਇਰ ਕਹੁ ਬੰਦਨਿ ਕੀਨਿ। ਕਹਿ ਬਹੁ ਰੀਤਿ ਧੀਰ ਉਰ ਦੀਨਿ।
'ਗੁਰ ਸਭਿਹਿਨਿ ਕੇ ਅਤਿਸ਼ੈ ਪਜਾਰੇ। ਦਰਸ਼ਨ ਦੇਤਿ ਅਨਿਕ ਦੁਖ ਟਾਰੇ॥੬॥

ਮਾਤਾ ਕ੍ਰਿਸ਼ਨ ਕੌਰ ਨੂੰ ਉਸ ਬੰਦਨਾ ਕੀਤੀ ਤੇ ਫਿਰ ਦਿਲ ਵਿਚ ਦੀਨ ਬਣਕੇ ਤੇ ਬਹੁਤ ਧੀਰਜ ਧਾਰਨ ਕਰਕੇ ਬੋਲਿਆ, ''ਗੁਰੂ ਜੀ ਸਾਰਿਆਂ ਦੇ ਬਹੁਤ ਪਿਆਰੇ ਸਨ, ਦਰਸ਼ਨ ਦੇ ਕੇ ਅਨੇਕਾਂ ਦੇ ਦੁਖ ਦੂਰ ਕਰ ਦਿੰਦੇ ਸਨ॥੬॥

ਪੁਰਿ ਮਹਿਂ ਘਰ ਘਰ ਕੀਰਤਿ ਹੋਈ। ਹਿੰਦੂ ਯਮਨ ਨਿਵੈਂ ਜਿਨ ਦੋਈ।
ਮੇਟਨਿ ਸ੍ਰਾਪ ਭ੍ਰਾਤ ਕੌ ਕਹਜੋ। ਹੁਤੇ ਸਮਰਥ ਤਊ ਤਨ ਸਹਜੋ॥ ੭॥

ਨਗਰ ਵਿਚ ਘਰ ਘਰ ਉਨ੍ਹਾਂ ਦੀ ਕੀਰਤੀ ਹੋਈ, ਜਿਨ੍ਹਾਂ ਅੱਗੇ ਹਿੰਦੂ ਮੁਸਲਮਾਨ ਦੋਵੇਂ ਨਿਉਂਦੇ ਸਨ। ਭਰਾ ਦੇ ਸਰਾਪ ਨੂੰ ਦੂਰ ਕਰਨ ਵਾਸਤੇ ਕਿਹਾ, ਪਰ ਸਮਰੱਥ ਹੁੰਦਿਆਂ ਵੀ ਆਪਣੇ ਸਰੀਰ 'ਤੇ ਬਰਦਾਸ਼ਤ ਕੀਤਾ॥੭॥

ਮਿਲਿਨਿ ਸ਼ਾਹੁ ਸੋਂ ਭਨਜੋਂ ਘਨੇਰੇ। ਰਾਖੀ ਧੀਰ ਅਭੀਰ ਬਡੇਰੇ।
ਧੰਨ ਗੁਰੂ ਹਰਿਕ੍ਰਿਸ਼ਨ ਸੁਜਾਨ। ਅਜਰ ਜਰਨ ਮਹਿਂ ਕੋ ਨ ਸਮਾਨ॥ ੮॥

ਬਾਦਸ਼ਾਹ ਨਾਲ ਮਿਲਣ ਵਾਸਤੇ ਬਹੁਤ ਕਿਹਾ, ਪਰ ਧੀਰਜ ਰਖਿਆ, ਵੱਡੇ ਦਲੇਰ ਸਨ। ਚਤੁਰ ਗੁਰੂ ਹਰਿਕ੍ਰਿਸ਼ਨ ਜੀ ਧੰਨ ਹਨ, ਨਾ ਜਰੇ ਜਾਣ ਵਾਲੇ ਨੂੰ ਜਰਨ ਵਿਚ ਉਨ੍ਹਾਂ ਵਰਗਾ ਕੋਈ ਨਹੀਂ ਹੈ॥੮॥

ਗੁਰ ਸਿੱਖੀ ਹਿਤ ਅਜ਼ਮਤ ਕੀਨਿ। ਅਪਰ ਹੇਤੁ ਕਰਿ ਕਜੋਂਹੁ ਨ ਦੀਨਿ।
ਬਲ ਇਤਨੋ ਜਿਮ ਚਹੈਂ ਸੁ ਕਰੈਂ। ਤਊ ਨ ਆਇਸੁ ਪ੍ਰਭੁ ਪਰਹਰੈਂ॥ ੯॥

ਗੁਰ ਸਿੱਖੀ ਰੱਖਣ ਵਾਸਤੇ ਕਰਾਮਾਤ ਕੀਤੀ, ਹੋਰ ਕਿਸੇ ਕੰਮ ਵਾਸਤੇ ਕਿਵੇਂ ਵੀ ਨਹੀਂ ਕੀਤੀ। ਸ਼ਕਤੀ ਏਨੀ ਸੀ ਕਿ ਜਿਵੇਂ ਚਾਹੁਣ ਉਸ ਤਰ੍ਹਾਂ ਹੀ ਕਰ ਸਕਦੇ ਸਨ, ਪਰ ਫਿਰ ਵੀ ਪ੍ਰਭੂ ਦੀ ਆਗਿਆ ਨੂੰ ਦੂਰ ਨਹੀਂ ਕੀਤਾ॥੯॥

ਤਿਨ ਹਿਤ ਕਹਾਂ ਸ਼ੋਕ ਬਨਿ ਆਵੈ। ਸੁਤੇ ਧਰਨਿ ਤਨ, ਆਇ, ਸੁ ਜਾਵੈਂ।
ਕਾਰਨ ਕਰਿਬੇ ਬਿਖੈ ਸੁਛੰਦ। ਸਦਾ ਗਜਾਨ ਮੈਂ ਸਚਿਦਾਨੰਦ॥ ੧੦॥

ਉਨ੍ਹਾਂ ਵਾਸਤੇ ਦੁਖ ਮਨਾਉਣਾ ਕਿੱਥੇ ਬਣਦਾ ਹੈ, ਉਹ ਤਾਂ ਸੁਭਾਵਕ ਹੀ ਸਰੀਰ ਧਾਰ ਕੇ ਆਉਂਦੇ ਤੇ ਜਾਂਦੇ ਹਨ। ਕਾਰਨ ਕਰਨ ਵਾਸਤੇ ਉਹ ਸੁਤੰਤਰ ਸਨ ਤੇ ਸਦਾ ਗਿਆਨ ਵਿਚ ਸਚਿਦਾਨੰਦ ਸਨ॥੧੦॥

ਹੋਹਿਂ ਪ੍ਰਸੰਨ ਦੇਹਿਂ ਕੱਲਜਾਨ। ਜਨਮ ਮਰਨ ਕੇ ਬੰਧਨ ਹਾਨਿ।
ਪਤਿ ਸੁਤ ਕੇ ਗੁਨ ਸਿਮਰਤਿ ਰਹੀਅਹਿ। ਤਨ ਕੇ ਅੰਤ ਮਿਲਨਿ ਕੋ ਚਹੀਅਹਿ॥੧੧॥

ਪ੍ਰਸੰਨ ਹੋ ਕੇ ਕਲਿਆਣ ਕਰਦੇ ਸਨ ਤੇ ਜਨਮ ਮਰਨ ਦੇ ਬੰਧਨ ਦੂਰ ਕਰਦੇ ਸਨ। ਤੁਸੀਂ ਪਤੀ ਪੁੱਤਰ ਦੇ ਗੁਣ ਯਾਦ ਕਰਦੇ ਰਹੋ ਤੇ ਤਨ ਦਾ ਅੰਤ ਹੋਣ ਦੀ ਚਾਹਤ ਰੱਖੋ॥੧੧॥

ਸਕਲ ਸੰਗਤਾਂ ਅਹੈਂ ਤੁਮਾਰੀ। ਸੇਵਾ ਕਰਹਿਂ ਅਨੇਕ ਪ੍ਰਕਾਰੀ।
ਜਹਿਂ ਸੁਖ ਦੇਖਹੁ ਤਿਹਠਾਂ ਰਹੀਅਹਿ। ਕੁਛ ਕਾਰਜ ਹੁਇ ਮੋਕਹੁ ਕਹੀਅਹਿ॥੧੨॥

ਸਾਰੀਆਂ ਸੰਗਤਾਂ ਤੁਹਾਡੀਆਂ ਆਪਣੀਆਂ ਹਨ, ਉਹ ਤੁਹਾਡੀ ਅਨੇਕ ਪ੍ਰਕਾਰ ਸੇਵਾ ਕਰਨਗੀਆਂ। ਜਿਥੇ ਸੁਖ ਵੇਖੋ ਉਥੇ ਰਹੋ, ਕੋਈ ਕੰਮ ਹੋਵੇ ਤਾਂ ਮੈਨੂੰ ਕਹੋ ॥੧੨॥

ਤੁਮਰੇ ਨੰਦਨ ਕੋ ਮੈਂ ਦਾਸ। ਤਿਮ ਅਪਨੋ ਜਾਨਹੁ ਨਿਰਜਾਸ।
ਕਰ ਜੋਰੇ ਸੇਵਾ ਮਹਿਂ ਖਰੋ। ਨਿਜ ਲਖਿ ਆਗਜਾ ਮੋ ਪਰ ਕਰੋ' ॥ ੧੩ ॥

ਤੁਹਾਡੇ ਪੁੱਤਰ ਦਾ ਮੈਂ ਸੇਵਕ ਹਾਂ, ਉਸ ਤਰ੍ਹਾਂ ਹੀ ਨਿਰਨੇ ਕਰਕੇ ਭਾਵ ਪੱਕਾ ਆਪਣਾ ਦਾਸ ਜਾਣੋ। ਹੱਥ ਜੋੜ ਕੇ ਮੈਂ ਸੇਵਾ ਵਿਚ ਖੜਾ ਹਾਂ, ਆਪਣਾ ਜਾਣ ਕੇ ਮੈਨੂੰ ਆਗਿਆ ਕਰੋ' ॥੧੩॥

ਕ੍ਰਿਸ਼ਨ ਕੁਇਰ ਗੁਰ ਮਾਤਾ ਤਬੈ। ਮਹਿਪਾਲਕ ਤੇ ਸੁਨਿ ਕਰਿ ਸਬੈ।
ਕੁਛ ਧੀਰਜ ਧਰਿ ਗਿਰਾ ਉਚਾਰੀ। 'ਉਰ ਸ਼ਰਧਕ ਗੁਰ ਸੇਵਕ ਭਾਰੀ ॥ ੧੪ ॥

ਗੁਰੂ ਜੀ ਦੀ ਮਾਤਾ ਕ੍ਰਿਸ਼ਨ ਕੌਰ ਜੀ ਤਦ ਰਾਜੇ ਪਾਸੋਂ ਸਭ ਕੁਝ ਸੁਣ ਕੇ ਕੁਝ ਧੀਰਜ ਧਾਰ ਕੇ ਬੋਲੇ, "ਦਿਲ ਵਿਚ ਸ਼ਰਧਾ ਰਖਣ ਵਾਲੇ ਗੁਰੂ ਜੀ ਦੇ ਭਾਰੀ ਸੇਵਕ ਹਨ ॥੧੪॥

ਤੋਹਿ ਪ੍ਰੇਮ ਕਰਿ ਇਤ ਗੁਰ ਆਏ। ਪੁਰਿ ਮਹਿਂ ਸਿਖ ਸੰਗਤਿ ਸਮੁਦਾਏ।
ਸਭਿਹਿਨਿ ਭਾਉ ਕਰਜੋ ਬਹੁਤੇਰਾ। ਬਡੇ ਗੁਰਨਿ ਸਮਸਰ ਸਭਿ ਹੇਰਾ ॥ ੧੫ ॥

ਤੁਹਾਡੇ ਪ੍ਰੇਮ ਕਰਕੇ ਗੁਰੂ ਜੀ ਏਧਰ ਆਏ ਸਨ, ਨਗਰ ਵਿਚ ਬਹੁਤ ਸਿੱਖ ਸੰਗਤ ਸੀ, ਸਾਰਿਆਂ ਨੇ ਬਹੁਤ ਪ੍ਰੇਮ ਕਰਕੇ, ਵੱਡੇ ਗੁਰੂ ਜੀ ਦੇ ਬਰਾਬਰ ਸਮਝਿਆ ॥੧੫॥

ਅਬਿ ਮਮ ਰਹਿਨਿ ਬਨਹਿ ਨਹਿਂ ਈਹਾਂ। ਕੀਰਤਪੁਰਿ ਪਹੁੰਚਨਿ ਕੀ ਪ੍ਰੀਹਾ।
ਕੇਤਿਕ ਦਿਵਸ ਬਾਸ ਇਸ ਥਾਨ। ਪੁਨ ਅਭਿਲਾਖੋਂ ਕਰਨਿ ਪਯਾਨ ॥ ੧੬ ॥

ਹੁਣ ਮੇਰਾ ਏਥੇ ਰਹਿਣਾ ਨਹੀਂ ਬਣਦਾ, ਕੀਰਤਪੁਰ ਪਹੁੰਚਣ ਦੀ ਇੱਛਾ ਹੈ। ਕੁਝ ਦਿਨ ਹੋਰ ਏਥੇ ਰਹਿ ਕੇ, ਫਿਰ ਚਲਣ ਦੀ ਅਭਿਲਾਸ਼ਾ ਕਰਾਂਗੀ' ॥੧੬॥

ਸੁਨਿ ਕਰਿ ਕਹਤਿ ਭਯੋ ਨਰਰਾਈ। 'ਸਰਬ ਗੁਰਨਿ ਤੇ ਜਿਮ ਚਲਿ ਆਈ।
ਨਿਜ ਗਾਦੀ ਪਰ ਪ੍ਰਥਮ ਬਿਠਾਏ। ਬਹੁਰ ਬਿਕੁੰਠ ਬਸਨਿ ਪਧਰਾਏ ॥ ੧੭ ॥

ਇਹ ਸੁਣ ਕੇ ਰਾਜੇ ਨੇ ਕਿਹਾ, "ਸਾਰੇ ਗੁਰੂ ਸਾਹਿਬਾਂ ਵਲੋਂ ਜਿਵੇਂ ਚਲਦੀ ਆਈ ਹੈ, ਉਹ ਗੱਦੀ ਉੱਤੇ ਪਹਿਲਾਂ ਅਗਲੇ ਗੁਰੂ ਨੂੰ ਬਿਠਾ ਲੈਂਦੇ ਸਨ, ਫਿਰ ਬੈਕੁੰਠ ਵਿਚ ਰਹਿਣ ਵਾਸਤੇ ਜਾਂਦੇ ਸਨ ॥੧੭॥

ਸੋ ਗਤਿ ਇਨ ਤੇ ਕਿਮ ਬਨਿਆਈ। ਕਿਸ ਕੋ ਦੀਨਿ ਜਗਤਿ ਗੁਰਿਆਈ ?
ਅਬਿ ਜਿਸਕੋ ਦੀਜਹਿ ਉਪਹਾਰ। ਸਰਬ ਸਮਾਜ ਆਦਿ ਦਸਤਾਰ' ॥ ੧੮ ॥

ਉਹ ਗਤੀ ਇਨ੍ਹਾਂ ਪਾਸੋਂ ਕਿਸੇ ਤਰ੍ਹਾਂ ਵੀ ਬਣੀ ਨਹੀਂ ਹੈ, ਹੁਣ ਜਗਤ ਦੀ ਗੁਰਿਆਈ ਕਿਸ ਨੂੰ ਦੇਣੀ ਹੈ ? ਹੁਣ ਕਿਸ ਨੂੰ ਭੇਟ ਦੇਣੀ ਹੈ ਤੇ ਸਾਰਾ ਸਮਾਜ ਅਤੇ ਸਾਜ਼ੋ-ਸਾਮਾਨ ਅਤੇ ਦਸਤਾਰ ਕਿਸ ਨੂੰ ਦੇਈਏ' ॥੧੮॥

ਥਿਰ ਗੁਰਬਖਸ਼ ਮਸੰਦ ਅਗਾਊ। ਤਿਹ ਸੋਂ ਇਮ ਬੂਝਜੋ ਜਬਿ ਰਾਊ।
ਤਬਿ ਸਗਰੋ ਬਿਰਤਾਂਤ ਬਖਾਨਾ। 'ਸਭਿ ਸੰਗਤਿ ਢਿਗ ਕ੍ਰਿਪਾਨਿਧਾਨਾ ॥ ੧੯ ॥

ਗੁਰਬਖਸ਼ ਮਸੰਦ ਅੱਗੇ ਬੈਠਾ ਸੀ, ਉਸ ਪਾਸੋਂ ਜਦ ਰਾਜੇ ਨੇ ਇਸ ਤਰ੍ਹਾਂ ਪੁੱਛਿਆ ਤਦ ਉਸ ਨੇ ਸਾਰਾ ਬਿਰਤਾਂਤ ਵਰਣਨ ਕੀਤਾ। ਕਿਰਪਾ ਨਿਧਾਨ ਗੁਰੂ ਜੀ ਨੇ ਸਾਰੀ ਸੰਗਤ ਵਿਚ ਕਿਹਾ ਹੈ ॥੧੯॥

ਢੇ ਚਹਿਤ ਪ੍ਰਲੋਕ ਪਧਾਰੇ। ਤਬਿ ਸਿੱਖਨਿ ਮਿਲਿ ਬਾਕ ਉਚਾਰੇ।
ਆਪ ਸਮਾਵਨਿ ਲਗੇ ਸੁਛੰਦ। ਕੋ ਬੈਠਹਿ ਅਬਿ ਗੁਰ ਮਸਨੰਦ ? ॥ ੨੦ ॥

ਲੰਮੇ ਪਏ ਸਨ ਤੇ ਪ੍ਰਲੋਕ ਜਾਣਾ ਚਾਹੁੰਦੇ ਸਨ, ਤਦ ਸਿੱਖਾਂ ਨੇ ਮਿਲਕੇ ਬਚਨ ਕੀਤੇ ਕਿ ਆਪ ਸੁਤੰਤਰ ਹੋ ਕੇ ਸਮਾਉਣ ਜੀ ਹੋ, ਹੁਣ ਗੁਰੂ ਜੀ ਦੀ ਪਦਵੀ 'ਤੇ ਕੌਣ ਬੈਠੇਗਾ ? ॥੨੦॥

ਕਿਸ ਆਗੈ ਹਮ ਮਸਤਕ ਟੇਕਹਿਂ। ਕੋ ਉਪਦੇਸ਼ਹਿ ਦਾਸ ਬਿਬੇਕਹਿ।
ਪੂਰਬ ਰੀਤਿ ਗੁਰਨਿ ਕੀ ਜੋਈ। ਕਿਮ ਕੀਨਸਿ ? ਕੈ ਮਿਟਿਹੈ ਸੋਈ ? ॥ ੨੧ ॥

ਕਿਸ ਦੇ ਅੱਗੇ ਅਸੀਂ ਮੱਥਾ ਟੇਕੀਏ, ਕੌਣ ਸੇਵਕਾਂ ਨੂੰ ਗਿਆਨ ਦਾ ਉਪਦੇਸ਼ ਦੇਵੇਗਾ। ਗੁਰੂ ਸਾਹਿਬਾਨ ਜੀ ਦੀ ਪੁਰਾਣੀ ਰੀਤੀ ਹੈ, ਕਿਵੇਂ ਕੀਤੀ ਹੈ ? ਕੀ ਉਹ ਖ਼ਤਮ ਹੋ ਜਾਵੇਗੀ ? ॥੨੧॥

ਇੱਤਯਾਦਿਕ ਸੁਨਿ ਉਠਿ ਕਰਿ ਬੈਠੇ। ਚਹੁੰਦਿਸ਼ਿ ਦੇਖੈਂ ਸਿੱਖ ਇਕੈਠੇ।
ਗੁਰੂ ਗ੍ਰਿੰਥ ਹੈ ਪ੍ਰਥਮ ਬਖਾਨਾ। ਸੱਤਿਨਾਮ ਮਹਿਮਾ ਮਹਿਯਾਨਾ॥ ੨੨ ॥

ਇਤਿਆਦਿਕ ਸੁਣ ਕੇ ਉੱਠ ਕੇ ਬੈਠ ਗਏ, ਚਾਰੇ ਪਾਸੇ ਵੇਖਿਆ ਕਿ ਸਿੱਖ ਇਕੱਠੇ ਹੋਏ ਹਨ। ਪਹਿਲਾਂ ਗੁਰੂ ਗ੍ਰੰਥ ਸਾਹਿਬ ਬਾਰੇ ਕਿਹਾ ਤੇ ਸਤਿਨਾਮ ਦੀ ਮਹਾਨ ਮਹਿਮਾ ਕਹੀ॥੨੨॥

ਪੈਸੇ ਪੰਚ ਨਲੇਰ ਮੰਗਾਏ। ਗਹਿ ਕਰ ਧਰਿ ਕਰਿ ਸੀਸ ਨਿਵਾਏ।
ਬੋਲੇ ਸਭਿਨਿ ਸੁਨਾਇ ਬਿਸਾਲੇ। ਬਾਸਹਿ ਬਾਬਾ ਬੀਚ ਬਕਾਲੇ॥ ੨੩ ॥

ਫਿਰ ਪੰਜ ਪੈਸੇ ਤੇ ਨਾਰੀਅਲ ਮੰਗਵਾਇਆ ਤੇ ਫੜ ਕੇ ਥਾਲ ਵਿਚ ਧਰ ਕੇ ਸੀਸ ਨਿਵਾਇਆ। ਫਿਰ ਸਾਰਿਆਂ ਨੂੰ ਸੁਣਾ ਉੱਚੀ ਦਿੱਤੀ ਬੋਲੇ। ਬਾਬਾ ਜੀ ਬਕਾਲੇ ਪਿੰਡ ਵਿਚ ਵੱਸਦੇ ਹਨ॥੨੩॥

ਨਾਮ ਉਚਾਰਨਿ ਕਰਜੋ ਨ ਕਿਸ ਕੋ। ਸੁਨਤਿ ਰਹੇ ਦੇਖਤਿ ਮੁਖ ਦਿਸ਼ ਕੋ।
ਪੁਨ ਪੌਢੇ ਸ੍ਰੀ ਗੁਰੂ ਕ੍ਰਿਪਾਲਾ। ਤ੍ਰਿਨ ਸਮ ਤਨ ਤਜਾਗਜੋ ਤਤਕਾਲਾ॥ ੨੪ ॥

ਕਿਸੇ ਦਾ ਵੀ ਨਾਮ ਉਚਾਰਨ ਨਹੀਂ ਕੀਤਾ। ਸੁਣ ਕੇ ਉਨ੍ਹਾਂ ਦੇ ਮੁੱਖ ਵੱਲ ਵੇਖਦੇ ਰਹੇ। ਫਿਰ ਕ੍ਰਿਪਾਲੂ ਗੁਰੂ ਜੀ ਲੇਟ ਗਏ ਤੇ ਇਕ ਤੀਲੇ ਵਾਂਗ ਤੁਰਤ ਤਨ ਨੂੰ ਤਿਆਗ ਕੇ ਚਲੇ ਗਏ॥੨੪॥

ਗ੍ਰਾਮ ਬਕਾਲਾ ਨਿਰਨੈ ਹੋਵਾ। ਕੋ ਗੁਰ ਥਪਜੋ, ਨ ਸੰਸੈ ਖੋਵਾ।
ਨਹਿਂ ਕਿਸ ਹੂੰ ਤੇ ਜਾਨਜੋ ਗਯੋ। ਪੁਨ ਗੁਰ ਬੂਝਿ ਨ ਉੱਤਰ ਲਯੋ॥ ੨੫ ॥

ਗ੍ਰਾਮ ਬਕਾਲਾ ਨਿਰਨੈ ਹੋਇਆ। ਜੋ ਕਿਸ ਨੂੰ ਗੁਰੂ ਥਾਪਿਆ ਇਹ ਨਿਰਨਾ ਨਾ ਹੋਇਆ ਤੇ ਨਾ ਹੀ ਕਿਸੇ ਪਾਸੋਂ ਜਾਣਿਆ ਗਿਆ, ਫਿਰ ਗੁਰੂ ਜੀ ਪਾਸੋਂ ਪੁੱਛ ਕੇ ਉੱਤਰ ਵੀ ਨਾ ਲਿਆ॥੨੫॥

ਤਊ ਸੁਨਹੁ ਹੇ ਪ੍ਰਿਥਵੀ ਨਾਥ! ਬਨਜੋ ਜੁ ਗੁਰ ਹੁਇ ਅਜ਼ਮਤ ਸਾਥ।
ਸੂਰਜ ਸਮ ਨਹਿਂ ਛਪਹਿ ਕਦਾਈ। ਸਿਖ ਸੰਗਤ ਲੇ ਖੋਜਿ ਗੁਸਾਈਂ॥ ੨੬ ॥

ਫਿਰ ਵੀ ਰਾਜਾ ਜੀ ਸੁਣੋ, "ਜੋ ਗੁਰੂ ਬਣੇਗਾ ਉਹ ਭਾਰੀ ਅਜ਼ਮਤ ਵਾਲਾ ਹੋਵੇਗਾ। ਸੂਰਜ ਵਾਂਗ ਉਹ ਛੁਪਿਆ ਨਹੀਂ ਰਹੇਗਾ, ਸਿੱਖ ਸੰਗਤਾਂ ਆਪਣੇ ਮਾਲਕ ਨੂੰ ਲੱਭ ਲੈਣਗੀਆਂ॥੨੬॥

ਬਹੁ ਨਿਕੇਤਹੈਂ ਤਹਿਂ ਸੋਢੀਨ। ਬਾਸੈ ਸਤਿਗੁਰ ਬੰਸ ਪ੍ਰਬੀਨ।
ਗੁਰਤਾ ਕਹੁ ਕਾਰਜ ਜਬਿ ਪਰੈ। ਆਪਾ ਬਿਦਤ ਆਪ ਹੀ ਕਰੈਂ॥ ੨੭ ॥

ਉਥੇ ਸੋਢੀਆਂ ਦੇ ਬਹੁਤ ਘਰ ਹਨ, ਸਤਿਗੁਰੂ ਜੀ ਦੀ ਵੱਡੀ ਵੰਸ਼ ਉਥੇ ਵੱਸਦੀ ਹੈ। ਗੁਰਤਾ ਦਾ ਜਦ ਕਾਰਜ ਪਵੇਗਾ, ਆਪਣੇ ਆਪ ਨੂੰ ਆਪ ਹੀ ਪ੍ਰਗਟ ਕਰਨਗੇ ॥੨੭॥

*ਨੋਟ :- ਕਵੀ ਜੀ ਇਸ ਗੱਲ ਤੋਂ ਭੁਲਦੇ ਹਨ ਕਿ ਪਿੰਡ ਬਕਾਲੇ ਕੇਵਲ ਗੁਰੂ ਤੇਗ ਬਹਾਦਰ ਜੀ ਹੀ ਰਹਿੰਦੇ ਸਨ, ਉਥੇ ਸੋਢੀਆਂ ਦਾ ਹੋਰ ਕੋਈ ਘਰ ਨਹੀ ਸੀ ਅਤੇ ਗੁਰੂ ਹਰਿਕ੍ਰਿਸ਼ਨ ਜੀ ਦਾ ਕੋਈ ਐਸਾ ਸੰਬੰਧੀ ਵੀ ਨਹੀਂ ਸੀ ਰਹਿੰਦਾ ਜੋ ਰਿਸ਼ਤੇ ਵਿਚ ਉਨ੍ਹਾਂ ਦਾ ਬਾਬਾ ਲੱਗਦਾ ਹੋਵੇ, ਇਕ ਗੁਰੂ ਤੇਗ ਬਹਾਦਰ ਜੀ ਹੀ ਉਨ੍ਹਾਂ ਦੇ ਬਾਬਾ ਜੀ ਸਨ, ਰਿਸ਼ਤੇ ਵਿਚ ਵੱਡੇ ਲੱਗਦੇ ਹੋਣ ਕਰਕੇ ਉਨ੍ਹਾਂ ਨੇ ਅਦਬ ਨਾਲ ਬਾਬਾ ਬਕਾਲੇ ਕਿਹਾ ਹੈ।*

**ਰਾਮਰਾਇ ਉਰ ਮਤਸਰ ਧਾਰੀ। ਇਹ ਨ ਰਹਯੋ ਗੁਰਤਾ ਅਧਿਕਾਰੀ।**
**ਸਤਿਗੁਰ ਪਿਤ ਨੇ ਕਾਰਜ ਕਰਯੋ। ਸਭਿ ਸੰਗਤਿ ਮਹਿਂ ਬਿਦਤਿ ਉਚਰਯੋ ॥੨੮॥**

ਰਾਮਰਾਇ ਨੇ ਹਿਰਦੇ ਵਿਚ ਹੰਕਾਰ ਧਾਰਨ ਕੀਤਾ ਹੈ, ਉਹ ਗੁਰਤਾ ਅਧਿਕਾਰੀ ਨਹੀਂ ਰਹੇ ਸਨ। ਸਤਿਗੁਰੂ ਪਿਤਾ ਜੀ ਨੇ ਜੋ ਕਾਰਜ ਕੀਤਾ ਹੈ, ਸਭ ਸੰਗਤ ਵਿਚ ਪ੍ਰਗਟ ਰੂਪ ਵਿਚ ਉਚਾਰਨ ਕੀਤਾ ਹੈ॥੨੮॥

**ਬੈਰ ਭਾਵ ਕੋ ਇਹ ਫਲ ਹੋਵਾ। ਗੁਰਤਾ ਪਦ ਨਿਜ ਘਰ ਤੇ ਖੋਵਾ।**
**ਸ੍ਰੀ ਗੁਰਦਿੱਤੇ ਸੁਤ ਹਰਿਰਾਇ। ਸਭਿ ਸੁਤ ਤਜਿ ਗੁਰਤਖਤ ਬਿਠਾਇ ॥ ੨੯ ॥**

ਵੈਰ ਭਾਵਨਾ ਦਾ ਇਹ ਫਲ ਹੋਇਆ ਹੈ ਕਿ ਗੁਰਤਾ ਪਦਵੀ ਆਪਣੇ ਘਰ ਤੋਂ ਗਵਾ ਲਈ ਹੈ। ਸ੍ਰੀ ਗੁਰਦਿੱਤਾ ਜੀ ਦੇ ਪੁੱਤਰ ਹਰਿਰਾਇ ਜੀ ਸਨ। ਗੁਰੂ ਹਰਿਗੋਬਿੰਦ ਸਾਹਿਬ ਨੇ ਸਭ ਪੁੱਤਰਾਂ ਨੂੰ ਛੱਡ ਕੇ ਉਨ੍ਹਾਂ ਨੂੰ ਤਖਤ ਉੱਤੇ ਬਿਠਾਇਆ ਸੀ॥੨੯॥

**ਤਿਨਹੂੰ ਅਪਨੇ ਸਦਨ ਟਿਕਾਈ। ਰਾਮਰਾਇ ਕਰਿ ਬਾਦ ਗਵਾਈ।**
**ਸੋਢੀ ਅਬਿ ਸ਼ਰੀਕ ਗੁਰ ਹੋਇ। ਤਿਸ ਮਾਨਹਿ ਸਿਖ ਜੇ ਸਭਿ ਕੋਇ ॥ ੩੦ ॥**

ਗੁਰਗੱਦੀ ਨੂੰ ਫਿਰ ਆਪਣੇ ਘਰ ਵਿਚ ਹੀ ਰੱਖਿਆ। ਰਾਮਰਾਇ ਨੇ ਝਗੜਾ ਕਰਕੇ ਗਵਾ ਲਈ। ਸੋਢੀ ਹੁਣ ਗੁਰੂ ਜੀ ਦੇ ਸ਼ਰੀਕ ਬਣ ਗਏ। ਗੁਰੂ ਜੀ ਨੂੰ ਸਾਰੇ ਸਿੱਖ ਮੰਨਦੇ ਸਨ॥੩੦॥

**ਕਹਾ ਅਬਿ ਹਾਥ ਆਇ ਹੈ ਤਾਂਕੇ। ਦੇਖਿ ਅਨੁਜ ਕੋ ਮਤਸਰ ਜਾਂਕੇ।**
**ਨਹਿਂ ਸਜਾਨਨਿ ਕੀ ਹੈ ਇਹ ਰੀਤਿ। ਜਿਨ ਜਿਨ ਸੁਨੀ ਸੁ ਭਨੀ ਅਨੀਤ ॥ ੩੧ ॥**

ਉਸ ਦੇ ਹੁਣ ਹੱਥ ਵਿਚ ਕੀ ਆਵੇਗਾ। ਉਨ੍ਹਾਂ ਜਦ ਆਪਣੇ ਪੁੱਤਰ ਦੇ ਹੰਕਾਰ ਨੂੰ ਵੇਖਿਆ ਕਿ ਇਸ ਨੇ ਸਿਆਣੀ ਰੀਤੀ ਨਹੀਂ ਕੀਤੀ। ਜਿਸ ਜਿਸ ਵੀ ਸੁਣਿਆ ਉਸ ਨੇ ਕਿਹਾ ਕਿ ਇਸ ਨੇ ਚੰਗੀ ਨੀਤੀ ਨਹੀਂ ਕੀਤੀ ਹੈ॥੩੧॥

**ਪ੍ਰਥਮ ਪਿਤਾ ਕੇ ਸਾਥ ਬਿਗਾਰੀ। ਪੁਨ ਸੁਤ ਹਤਿ ਮਾਤਹਿ ਦੁਖਕਾਰੀ'।**
**ਸੁਨਿ ਮਸੰਦ ਤੇ ਜੈ ਸਿੰਘ ਰਾਊ। ਕਹਯੋ 'ਬਿਮਾਤਨਿ ਭ੍ਰਾਤ ਸੁਭਾਊ ॥ ੩੨ ॥**

ਪਹਿਲਾਂ ਆਪਣੇ ਪਿਤਾ ਜੀ ਨਾਲ ਵਿਗਾੜ ਲਈ, ਫਿਰ ਉਨ੍ਹਾਂ ਦੇ ਪੁੱਤਰ ਨੂੰ ਮਾਰ ਕੇ ਮਾਤਾ ਜੀ ਨੂੰ ਦੁਖੀ ਕੀਤਾ। ਰਾਜਾ ਜੈ ਸਿੰਘ ਨੇ ਮਾਂ ਪਾਸੋਂ ਸੁਣ ਕੇ ਕਿਹਾ, "ਮਤ੍ਰੇਏ ਭਰਾਵਾਂ ਦਾ ਇਹ ਸੁਭਾਵ ਹੁੰਦਾ ਹੈ॥੩੨॥

**ਅਜ਼ਮਤ ਮਹਿਂ ਸਮਰਥ ਬਲਵੰਤੇ। ਪਿਤ ਗਾਦੀ ਪਰ ਥਿਰਨਿ ਚਹੰਤੇ।**
**ਹੋਨਹਾਰ ਗਤਿ ਮਿਟਹਿ ਨ ਕੈਸੇ'। ਕਰਯੋ ਪਰਸਪਰ ਬੋਲਨਿ ਐਸੇ ॥ ੩੩ ॥**

ਅਜ਼ਮਤ ਵਿਚ ਵੱਡਾ ਸ਼ਕਤੀਸ਼ਾਲੀ ਅਤੇ ਸਮਰੱਥ ਹੈ, ਪਿਤਾ ਜੀ ਦੀ ਗੱਦੀ ਉੱਤੇ ਬੈਠਣਾ ਚਾਹੁੰਦਾ ਹੈ, ਪਰ ਹੋਣਹਾਰ ਦੀ ਗਤੀ ਕਿਵੇਂ ਮਿਟ ਸਕਦੀ ਹੈ।" ਆਪਸ ਵਿਚ ਇਸ ਤਰ੍ਹਾਂ ਗੱਲਬਾਤ ਕਰ ਰਹੇ ਸਨ॥੩੩॥

**ਨ੍ਰਿਪ ਕਰ ਜੋਰਿ ਮਾਤ ਸੋਂ ਭਾਖਾ। 'ਖੁਸ਼ੀ ਕਰਹੁ ਮੁਝ ਚਲਨਿ ਭਿਲਾਖਾ।**
**ਅਭਿਬੰਦਨ ਕਰਿ ਉਠਯੋ ਪ੍ਰਬੀਨਾ। ਪਿਖਿ ਮਾਤਾ ਤਬਿ ਆਸ਼ਿਖ ਦੀਨਾ ॥ ੩੪ ॥**

ਰਾਜਾ ਫਿਰ ਹੱਥ ਜੋੜ ਕੇ ਮਾਤਾ ਜੀ ਨੂੰ ਕਹਿਣ ਲੱਗਾ, "ਖ਼ੁਸ਼ੀ ਖ਼ੁਸ਼ੀ ਰਹੋ, ਮੈਨੂੰ ਹੁਣ ਜਾਣ ਦੀ ਅਭਿਲਾਸ਼ਾ ਹੈ।" ਬੰਦਨਾ ਕਰਕੇ ਚਤੁਰ ਰਾਜਾ ਉਠ ਬੈਠਾ। ਮਾਤਾ ਜੀ ਨੇ ਵੇਖ ਕੇ ਅਸੀਸ ਦਿੱਤੀ॥੩੪॥

'ਸ੍ਰੀ ਸਤਿਗੁਰ ਆਵਹਿ ਤੁਮ ਚੀਤ। ਸ੍ਰੀ ਹਰਿਕ੍ਰਿਸ਼ਨ ਸਹਾਇਕ ਨੀਤ।
ਸ਼ਾਹੁ ਸਭਾ ਮਹਿਂ ਪਤਿ ਰਹਿ ਆਵੈ। ਮਨੋਕਾਮਨਾ ਗੁਰ ਤੇ ਪਾਵੈਂ' ॥ ੩੫॥

"ਸ੍ਰੀ ਸਤਿਗੁਰੂ ਜੀ ਤੁਹਾਡੇ ਚਿਤ ਵਿਚ ਆਉਣ, ਸ੍ਰੀ ਹਰਿਕ੍ਰਿਸ਼ਨ ਜੀ ਸਦਾ ਤੁਹਾਡੇ ਸਹਾਇਕ ਬਣਨ। ਬਾਦਸ਼ਾਹ ਦੀ ਸਭਾ ਵਿਚ ਤੁਹਾਡੀ ਪੱਤ ਰਹੇ ਤੇ ਸਾਰੀਆਂ ਮਨੋਂ ਕਾਮਨਾਵਾਂ ਗੁਰੂ ਜੀ ਤੋਂ ਪਾਵੇਂ" ॥੩੫॥

ਬਿਦਾ ਹੋਇ ਗਮਨਜੋ ਮਹਿਪਾਲਾ। ਲੇ ਜਨਨੀ ਤਬਿ ਸ੍ਵਾਸ ਬਿਸਾਲਾ।
ਸੁਤ ਕੋ ਸਿਮਰਨਿ ਕਰਿ ਕੁਛ ਰੋਈ। ਗਯਾਨ ਪਾਇ ਪੁਨ ਧੀਰਜ ਹੋਈ॥ ੩੬॥

ਵਿਦਾ ਹੋ ਕੇ ਰਾਜਾ ਚਲਾ ਗਿਆ। ਮਾਤਾ ਜੀ ਨੇ ਫਿਰ ਲੰਮਾ ਸਾਹ ਲਿਆ। ਪੁੱਤਰ ਨੂੰ ਯਾਦ ਕਰਕੇ ਕੁਝ ਰੋਏ, ਗਿਆਨ ਪਾ ਕੇ ਫਿਰ ਧੀਰਜ ਧਾਰਨ ਕੀਤਾ॥੩੬॥

ਕੇਤਿਕ ਬਾਸੁਰ ਬਾਸਾ ਕੀਨਿ। ਸਭਿ ਸੰਗਤਿ ਪਿਖਿ ਭਾਉ ਪ੍ਰਬੀਨ।
ਸੇਵਾ ਠਾਨਹਿਂ ਸਰਬ ਪ੍ਰਕਾਰ। ਆਇ ਕਰਹਿਂ ਤਿਮ ਹੀ ਦਰਬਾਰ॥ ੩੭॥

ਕਈ ਦਿਨ ਫਿਰ ਉਥੇ ਵਾਸਾ ਕੀਤਾ। ਸਾਰੀ ਸੰਗਤ ਵੇਖ ਕੇ ਬਹੁਤ ਪ੍ਰੇਮ ਕਰਦੀ ਸੀ ਤੇ ਸਰਬ ਪ੍ਰਕਾਰ ਸੇਵਾ ਕਰਦੀ ਸੀ ਤੇ ਆ ਕੇ ਉਸ ਤਰ੍ਹਾਂ ਹੀ ਦਰਬਾਰ ਲਗਾਉਂਦੀ ਸੀ॥੩੭॥

ਦਸਵੀਂ ਰਾਸ ਦਾ ਪਚਵੰਞਵਾਂ ਅਧਿਆਇ ਸਮਾਪਤ ਹੋਇਆ॥੫੫॥

## ਅਧਿਆਇ ਛਪਵੰਞਵਾਂ

### ਮਸੰਦਾਂ ਦਾ ਜ਼ੋਰ, ਗੁਰੂ ਜੀ ਦੀ ਭਾਲ

ਦੋਹਰਾ- ਕੇਤਿਕ ਦਿਨ ਬੀਤੇ ਜਬੈ ਦੇਸ਼ ਬਿਦੇਸ਼ ਅਸ਼ੇਸ਼।
ਆਇ ਸੰਗਤਾਂ ਚਹੁੰਦਿਸ਼ਨਿ ਲੇ ਉਪਹਾਰ ਵਿਸ਼ੇਸ਼॥ ੧॥

ਜਦ ਕਈ ਦਿਨ ਬੀਤ ਗਏ ਤਾਂ ਦੇਸ਼ਾਂ ਵਿਦੇਸ਼ਾਂ ਵਿਚ ਚਾਰੇ ਪਾਸਿਆਂ ਤੋਂ ਬਹੁਤ ਸੰਗਤਾਂ ਵਿਸ਼ੇਸ਼ ਉਪਹਾਰ ਲੈ ਕੇ ਆਈਆਂ॥੧॥

ਚੌਪਈ- ਸਤਿਗੁਰ ਕੋ ਦਿੱਲੀ ਮਹਿਂ ਜਾਨਹਿਂ। ਸ੍ਰਮ ਬਡ ਧਾਰਿ ਆਇਬੋ ਠਾਨਹਿਂ।
ਅਧਿਕ ਥਕਤਿ ਹੁਇ ਪਹੁੰਚੈਂ ਜਬੈ। 'ਗੁਰ ਬਿਕੁੰਠ ਗੇ' ਸੁਨਿ ਸੁਨਿ ਸਬੈ॥੨॥

ਸਤਿਗੁਰੂ ਜੀ ਨੂੰ ਉਹ ਦਿੱਲੀ ਵਿਚ ਜਾਣਦੇ ਸਨ, ਬਹੁਤ ਮਿਹਨਤ ਕਰਕੇ ਆਉਂਦੇ ਸਨ। ਜਦ ਬਹੁਤ ਥੱਕੇ ਹੋਏ ਦਿੱਲੀ ਪਹੁੰਚੇ ਤਾਂ ਸਾਰੇ ਇਹ ਸੁਣ ਸੁਣ ਕੇ ਕਿ ਗੁਰੂ ਜੀ ਬੈਕੁੰਠ ਚਲੇ ਗਏ ਹਨ॥੨॥

ਦੀਰਘ ਸ੍ਵਾਸ ਲੇਤਿ ਰੁਦਨੰਤੇ। 'ਭਾਗ ਬਿਹੀਨ ਨ ਗੁਰ ਦਰਸੰਤੇ।
ਅਧਿਕ ਮੋਲ ਹਮ ਖਰਚਨ ਕੀਨਿ। ਵਸਤੁ ਅਜਾਇਬ ਤਹਿਂ ਤੇ ਲੀਨਿ॥੩॥

ਬੜੇ ਲੰਮੇ ਸਾਹ ਲੈ ਕੇ ਰੋਂਦੇ ਸਨ, "ਸਾਡੇ ਮਾੜੇ ਭਾਗ ਹਨ ਕਿ ਗੁਰੂ ਜੀ ਦੇ ਦਰਸ਼ਨ ਨਹੀ ਹੋਏ ਹਨ। ਅਸੀ ਬਹੁਤ ਪੈਸੇ ਖ਼ਰਚ ਕੇ ਅਜੀਬ ਵਸਤਾਂ ਗੁਰੂ ਜੀ ਵਾਸਤੇ ਲਈਆਂ ਹਨ॥੩॥

ਅਰਪਹਿਂ ਗੁਰ ਪ੍ਰਸੰਨਤਾ ਲੈਹੈਂ। ਭਈ ਨਿਫਲ ਅਬਿ ਕਿਸ ਕੋ ਦੈਹੈਂ।
ਰਿਦੇ ਬਿਸੂਰਤਿ ਦੁਖਿ ਸਿਖ ਸਾਰੇ। 'ਆਇ ਦੂਰ ਨਹਿਂ ਗੁਰੂ ਨਿਹਾਰੇ॥ ੪॥

ਅਸੀਂ ਸੋਚਿਆ ਸੀ, ਜਦ ਗੁਰੂ ਜੀ ਨੂੰ ਅਰਪਣ ਕਰਾਂਗੇ, ਤਾਂ ਉਨ੍ਹਾਂ ਦੀ ਪ੍ਰਸੰਨਤਾ ਲਵਾਂਗੇ। ਸਾਡਾ ਸਾਰਾ ਕਾਰਜ ਕੀਤਾ ਹੁਣ ਨਿਸਫਲ ਹੋਇਆ ਹੈ, ਹੁਣ ਇਹ ਕਿਸ ਨੂੰ ਭੇਟ ਕਰੀਏ ?॥੪॥

ਕਿਸ ਤੇ ਮਨੋ ਕਾਮਨਾ ਪਾਵੈਂ। ਕਿਸ ਆਗੈ ਹਮ ਸੀਸ ਨਿਵਾਵੈਂ।
ਸਕਲ ਸ਼ਰੀਕ ਜਿ ਸੋਢੀ ਅਹੈਂ। ਗੁਰ ਘਰ ਕੇ ਦ੍ਰੋਹੀ ਨਿਤ ਰਹੈਂ॥ ੫॥

ਕਿਸ ਪਾਸੋਂ ਆਪਣੀਆਂ ਮਨੋਂ ਕਾਮਨਾਵਾਂ ਪਾਈਏ ਤੇ ਕਿਸ ਅੱਗੇ ਅਸੀਂ ਆਪਣਾ ਸਿਰ ਨਿਵਾਈਏ ? ਸਾਰੇ ਸੋਢੀ ਜਿਹੜੇ ਸ਼ਰੀਕ ਹਨ ਉਹ ਗੁਰੂ ਘਰ ਦੇ ਸਦਾ ਧ੍ਰੋਹੀ ਰਹੇ ਹਨ॥੫॥

ਪ੍ਰਥਮੇ ਪ੍ਰਿਥਇ ਬੈਰ ਕਮਾਯੋ। ਚਿਤਵਤਿ ਬੁਰਾ ਪ੍ਰਲੋਕ ਸਿਧਾਯੋ।
ਧੀਰਮੱਲ ਤੇ ਆਦਿਕ ਔਰ। ਗੁਰ ਬਨਿ ਰਹੇ ਆਪਨੀ ਠੌਰ॥ ੬॥

ਪਹਿਲਾਂ ਪ੍ਰਿਥੀਏ ਨੇ ਵੈਰ ਕਮਾਇਆ ਸੀ, ਬੁਰਾ ਸੋਚਦਾ ਹੀ ਪ੍ਰਲੋਕ ਚਲਾ ਗਿਆ ਸੀ। ਧੀਰਮਲ ਆਦਿ ਜਿਹੜੇ ਹੋਰ ਹਨ, ਉਹ ਆਪਣੀ ਥਾਂ ਗੁਰੂ ਬਣ ਕੇ ਬੈਠੇ ਹਨ॥੬॥

ਗੁਰੂ ਬੰਸ ਮਹਿਂ ਇਕ ਇਹ ਜਨਮੇ। ਸਹਸ ਗੁਨੇ ਘਟ, ਨਹਿਂ ਗੁਨ ਮਨ ਮੈਂ।
ਗੁਰ ਸਮ ਅਜ਼ਮਤ ਤੇ ਕਿਤ ਪਈਯਤਿ। ਚਹੈਂ ਮਨੌਤ ਇਹੀ ਇਕ ਲਈਯਤ॥੭॥

ਗੁਰੂ ਵੰਸ਼ ਵਿਚ ਇਕ ਜਨਮ ਲੈਣ ਮਾਤ੍ਰ ਹੀ ਇਨ੍ਹਾਂ ਦਾ ਸੰਬੰਧ ਹੈ। (ਧੀਰਮਲ ਆਦਿ ਤੋਂ ਭਾਵ ਹੈ) ਸ੍ਰੀ ਗੁਰੂ ਜੀ ਨਾਲੋਂ ਹਜ਼ਾਰਾਂ ਗੁਣਾਂ ਘਟ ਹਨ ਤੇ ਮਨ ਵਿਚ ਕੋਈ ਗੁਣ ਨਹੀਂ ਹੈ। ਗੁਰੂ ਜੀ ਵਰਗੀ ਕਰਾਮਾਤ ਇਹ ਕਿਥੋਂ ਪਾ ਸਕਦੇ ਹਨ। ਇਨ੍ਹਾਂ ਦਾ ਕੇਵਲ ਇਕ ਹੀ ਮਨੋਰਥ ਹੈ ਤੇ ਉਹ ਚਾਹੁੰਦੇ ਹਨ ਕਿ ਮਨੌਤਾਂ ਸਿੱਖਾਂ ਪਾਸੋਂ ਪ੍ਰਾਪਤ ਕਰੀਏ॥੭॥

ਰਾਮਰਾਇ ਗੁਰ ਕੋ ਸੁਤ ਜੇਠਾ। ਨਹਿਂ ਗੁਰਤਾ ਗਾਦੀ ਪਰ ਬੈਠਾ।
ਸ੍ਰੀ ਹਰਿਰਾਇ ਆਪ ਫੁਰਮਾਏ। ਹਮਰੋ ਸਿਖ ਤਿਸ ਨਿਕਟਿ ਨ ਜਾਏ॥ ੮॥

ਸ੍ਰੀ ਰਾਮਰਾਇ ਗੁਰੂ ਜੀ ਦਾ ਵੱਡਾ ਪੁੱਤਰ ਹੈ, ਉਹ ਗੁਰਤਾ ਗੱਦੀ 'ਤੇ ਨਹੀਂ ਬੈਠਾ ਹੈ। ਸ੍ਰੀ ਗੁਰੂ ਹਰਿਰਾਇ ਜੀ ਨੇ ਆਪ ਫੁਰਮਾਇਆ ਹੈ ਕਿ ਸਾਡਾ ਕੋਈ ਵੀ ਸਿੱਖ ਇਸ ਦੇ ਪਾਸ ਨਾ ਜਾਵੇ॥੮॥

ਕਰੀ ਜੁ ਬਾਤ, ਅਹੈ ਬਖ੍ਯਾਤੀ। ਤਿਸ ਢਿਗ ਨਹਿਂ ਪਹੁੰਚਹਿਂ ਕਿਸ ਭਾਂਤੀ।
ਗੁਰ ਸਿੱਖੀ ਤੇ ਹੋਇ ਜਿ ਖਾਰਜ। ਮਿਲਹਿ ਜਾਇ ਸੋ ਬਨੈ ਅਨਾਰਜ॥ ੯॥

ਉਨ੍ਹਾਂ ਜਿਹੜੀ ਗੱਲ ਕਹੀ ਹੈ, ਉਹ ਸਾਰੇ ਪ੍ਰਗਟ ਹੈ, ਕਿਸੇ ਪ੍ਰਕਾਰ ਵੀ ਉਸ ਦੇ ਪਾਸ ਨਹੀਂ ਪਹੁੰਚਾਂਗੇ। ਜਿਹੜਾ ਗੁਰਸਿੱਖੀ ਤੋਂ ਖ਼ਾਰਜ ਹੀ ਹੋ ਚੁੱਕਾ ਹੈ, ਜੇ ਉਸ ਨੂੰ ਮਿਲਣ ਜਾਵਾਂਗੇ ਤਾਂ ਬਹੁਤ ਬੁਰਾ ਕਾਰਜ ਹੋਵੇਗਾ॥੯॥

ਗੁਰ ਕੋ ਵਾਕ ਉਲੰਘਹਿ ਜੋਇ। ਕਿਮ ਸਿੱਖੀ ਤਿਸ ਕੇ ਥਿਰ ਹੋਇ'।
ਇਤਜਾਦਿਕ ਬੋਲਹਿਂ ਸਿਖ ਸਜਾਨੇ। ਸੂਖਮ ਕਰਹਿਂ ਬਿਚਾਰ ਮਹਾਨੇ॥ ੧੦॥

ਗੁਰੂ ਜੀ ਦੇ ਵਾਕ ਦੀ ਜੋ ਉਲੰਘਣਾ ਕਰਦਾ ਹੈ, ਉਹ ਸਿੱਖੀ ਵਿਚ ਕਿਵੇਂ ਪੱਕਾ ਹੋਵੇਗਾ।" ਇਤਿਆਦਿਕ ਸਿਆਣੇ ਸਿੱਖ ਇਸ ਤਰ੍ਹਾਂ ਬੋਲੇ ਤੇ ਉਨ੍ਹਾਂ ਨੇ ਮਹਾਨ ਸੂਖਮ ਵਿਚਾਰ ਪੇਸ਼ ਕੀਤੇ॥੧੦॥

ਏ ਅਕੋਰਨਿ ਕੋ ਫਿਰ ਜਾਏਂ। ਦਿੱਲੀ ਮਹਿਂ ਕਿਸ ਨਹਿਂ ਅਰਪਾਏਂ।
ਕੇਤਿਕ ਅਪਨੇ ਸਦਨ ਸਿਧਾਰੇ। ਸਤਿਗੁਰ ਕੌਨ, ਨ ਨਿਰਨੈ ਧਾਰੇ॥ ੧੧ ॥

ਉਪਹਾਰਾਂ ਨੂੰ ਫਿਰ ਵਾਪਸ ਲੈ ਕੇ ਜਾਂਦੇ ਹਾਂ, ਦਿੱਲੀ ਵਿਚ ਕਿਸੇ ਨੂੰ ਅਰਪਣ ਨਹੀਂ ਕਰਾਂਗੇ। ਕਈ ਆਪਣੇ ਘਰ ਚਲ ਗਏ। ਸਤਿਗੁਰੂ ਜੀ ਕੌਣ ਹਨ, ਇਹ ਨਿਰਣਾ ਨਹੀਂ ਸੀ ਧਾਰਨ ਕਰਦੇ॥੧੧॥

ਕੇਚਿਤ ਸੁਨਹਿਂ ਬਕਾਲੇ ਮਾਂਹਿ। ਖੋਜਨਿ ਹੇਤੁ ਤਹਾਂ ਚਲਿ ਜਾਹਿਂ।
ਸਭਿ ਸੋਢੀਨਿ ਬਿਖੈ ਬਿਦਤਾਈ। ਸ੍ਰੀ ਹਰਿਕ੍ਰਿਸ਼ਨ ਗਿਰਾ ਇਮ ਗਾਈ॥ ੧੨ ॥

ਕਈ ਸੁਣਦੇ ਸਨ ਕਿ ਗੁਰੂ ਜੀ ਬਕਾਲੇ ਪਿੰਡ ਵਿਚ ਹਨ, ਖੋਜਣ ਵਾਸਤੇ ਉਥੇ ਚਲੇ ਚਲੀਏ। ਫਿਰ ਸਾਰੇ ਸੋਢੀਆਂ ਵਿਚ ਪ੍ਰਗਟ ਹੋ ਗਿਆ ਕਿ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੇ ਇਸ ਤਰ੍ਹਾਂ ਬਚਨ ਕੀਤੇ ਹਨ॥੧੨॥

ਗੁਰੂ ਬਕਾਲੇ ਮਹਿਂ ਬਿਦਤਾਵੈਂ। ਸੰਗਤਿ ਚਲੀ ਹਜ਼ਾਰੋਂ ਆਵੈ।
ਲਘੁ ਦੀਰਘ ਸੋਢੀ ਜਹਿਂ ਕਹਾਂ। ਕੀਨਸਿ ਬਾਸ ਜਾਇ ਕਰਿ ਤਹਾਂ॥ ੧੩ ॥

ਗੁਰੂ ਬਕਾਲੇ ਪਿੰਡ ਵਿਚ ਪ੍ਰਗਟ ਹਨ, ਉਥੇ ਹਜ਼ਾਰਾਂ ਸੰਗਤਾਂ ਚਲ ਕੇ ਆ ਰਹੀਆਂ ਹਨ। ਜਿੱਥੇ ਕਿਥੇ ਵੀ ਛੋਟੇ ਵੱਡੇ ਸੋਢੀ ਰਹਿੰਦੇ ਸਨ, ਉਨ੍ਹਾਂ ਨੇ ਜਾ ਕੇ ਬਕਾਲੇ ਪਿੰਡ ਵਿਚ ਵਾਸਾ ਕਰ ਲਿਆ॥੧੩॥

ਦਰਬ ਲੋਭ ਤੇ ਉਰ ਬਿਰਮਾਏ। ਗੁਰ ਬਨਿ ਜਾਇਂ ਬਕਾਲੇ ਆਏ।
ਹਰਖ ਕਰਤਿ ਬਹੁ ਬਾਤ ਬਨਾਵੈਂ। ਬ੍ਰਿੰਦ ਮਸੰਦਨਿ ਕੋ ਅਪਨਾਵੈਂ॥ ੧੪ ॥

ਧਨ ਦੇ ਲੋਭ ਨਾਲ ਉਹ ਹਿਰਦੇ ਵਿਚ ਭਰਮਾਏ ਹੋਏ ਸਨ। ਗੁਰੂ ਬਣ ਕੇ ਬਕਾਲੇ ਪਿੰਡ ਵਿਚ ਆ ਗਏ। ਪ੍ਰਸੰਨ ਹੋ ਕੇ ਬਹੁਤ ਗੱਲਾਂ ਬਣਾਉਂਦੇ ਸਨ ਤੇ ਬਹੁਤ ਮਸੰਦਾਂ ਨੂੰ ਅਪਨਾ ਆਪਣੇ ਪੱਖੀ ਬਣਾਉਂਦੇ ਸਨ॥੧੪॥

ਅਧਿਕ ਮੋਲ ਕੀ ਪੋਸ਼ਿਸ਼ ਦੇਤਿ। ਜਜੋਂ ਕਜੋਂ ਕਰਿ ਬੁਲਵਾਇ ਨਿਕੇਤ।
ਦਰਬ ਦੇਨਿ ਕੋ ਕਹੈਂ ਬਿਸਾਲਾ। ਬਨਹਿਂ ਦੀਨ ਤਿਨ ਅੱਗ੍ਰ ਕੁਢਾਲਾ॥ ੧੫ ॥

ਮਸੰਦਾਂ ਨੂੰ ਬਹੁਤ ਕੀਮਤੀ ਪੁਸ਼ਾਕਾਂ ਦਿੰਦੇ ਸਨ ਤੇ ਜਿਵੇਂ ਕਿਵੇਂ ਕਰਕੇ ਆਪਣੇ ਘਰ ਬੁਲਾਉਂਦੇ ਸਨ ਤੇ ਬਹੁਤ ਧਨ ਦੇਣ ਬਾਰੇ ਕਹਿੰਦੇ ਸਨ। ਭੈੜੇ ਚਾਲਿਆਂ ਵਾਲੇ ਉਨ੍ਹਾਂ ਦੇ ਅੱਗੇ ਬਹੁਤ ਨਿਮਾਣੇ ਬਣ ਜਾਂਦੇ ਸਨ॥੧੫॥

'ਮਮ ਮਹਿਮਾ ਕਹੁ ਸੰਗਤਿ ਮਾਂਹਿ। ਇਹ ਗੁਰ ਅਹੈ ਅਪਰ ਕੋ ਨਾਂਹਿ।
ਜਜੋਂ ਕਜੋਂ ਕਰਿ ਇਤ ਕੋ ਲੇ ਆਵਹੁ। ਚਢਹਿ ਜੁ ਧਨ ਆਧੋ ਤੁਮ ਪਾਵਹੁ॥੧੬॥

ਮਸੰਦਾਂ ਨੂੰ ਕਹਿੰਦੇ ਸਨ, "ਸੰਗਤ ਵਿਚ ਮੇਰੀ ਮਹਿਮਾ ਕਹੋ, ਇਹੋ ਹੀ ਗੁਰੂ ਜੀ ਹਨ, ਹੋਰ ਕੋਈ ਨਹੀਂ। ਜਿਵੇਂ ਕਿਵੇਂ ਕਰਕੇ ਸਾਡੇ ਪਾਸ ਲੈ ਆਵੋ। ਜੋ ਧਨ ਚੜ੍ਹੇਗਾ, ਉਸ ਵਿਚੋਂ ਅੱਧਾ ਤੁਸੀਂ ਲੈ ਲਵੋ॥੧੬॥

ਜੇ ਇਤਨੇ ਮਹਿਂ ਰਾਜ਼ੀ ਨਾਂਹਿਨ। ਸਭਿ ਤੁਮ ਲੇਹੁ ਹਮੈਂ ਕੁਛ ਚਾਹ ਨ।
ਜੇ ਨਿਜ ਕਰ ਤੇ ਦੇਵਨਿ ਕਰੇ। ਸੋ ਹਮ ਬਰਤਹਿਂਗੇ ਨਿਜ ਘਰੇਂ॥ ੧੭ ॥

ਜੇ ਏਨੇ ਵਿਚ ਵੀ ਤੁਸੀਂ ਰਾਜ਼ੀ ਨਹੀਂ ਹੋ, ਤਾਂ ਸਾਰਾ ਧਨ ਤੁਸੀਂ ਲੈ ਲੈਣਾ, ਸਾਨੂੰ ਧਨ ਦੀ ਕੋਈ ਚਾਹਤ ਨਹੀਂ ਹੈ। ਜੇ ਆਪਣੇ ਹੱਥਾਂ ਨਾਲ ਦੇਵੋਗੇ ਤਾਂ ਉਹ ਆਪਣੇ ਘਰ ਵਿਚ ਵਰਤਾਂਗੇ'॥੧੭॥

ਬਨਹਿਂ ਮਸੰਦਨਿ ਕੇਰ ਅਧੀਨ। ਕਹਿ ਇੱਤਜਾਦਿ ਬਾਕ ਹੁਇ ਦੀਨ।
ਕਰਹਿਂ ਜਤਨ ਗਨ ਕੋ ਇਸ ਰੀਤਿ। ਬਨਨਿ ਗੁਰੂ ਹਰਖਤਿ ਚਹਿਂ ਚੀਤ॥੧੮॥

ਮਸੰਦਾਂ ਦੇ ਅਧੀਨ ਬਣ ਗਏ। ਇਤਿਆਦਿਕ ਗੱਲਾਂ ਕਹਿ ਕੇ ਬਹੁਤ ਨਿਮਾਣੇ ਹੋ ਗਏ। ਇਸ ਰੀਤੀ ਨਾਲ ਲੋਕਾਂ ਨੂੰ ਖਿੱਚਣ ਦਾ ਯਤਨ ਕਰਦੇ ਸਨ। ਗੁਰੂ ਬਣਨ ਵਾਸਤੇ ਚਿੱਤ ਵਿਚ ਬਹੁਤ ਪ੍ਰਸੰਨ ਹੁੰਦੇ ਸਨ॥੧੮॥

ਖਰਚਹਿਂ ਦਰਬ ਜੁ ਪੂਰਬ ਘਰ ਕੋ। ਦੇਤਿ ਆਦਿ ਪਟ ਵਸਤੂ ਬਰਕੋ।
ਦੀਨ ਭਏ ਸੋਢੀ ਇਮ ਜਬੈ। ਗਰਬੇ ਬਹੁ ਮਸੰਦ ਗਨ ਤਬੈ॥ ੧੯॥

ਪਹਿਲਾਂ ਜਿਹੜਾ ਧਨ ਘਰ ਵਿਚ ਜੋੜ ਰਖਿਆ ਸੀ, ਉਸਨੂੰ ਖਰਚਦੇ ਸਨ ਤੇ ਵਧੀਆ ਵਸਤਰ ਅਤੇ ਸ੍ਰੇਸ਼ਟ ਵਸਤੂ ਦਿੰਦੇ ਸਨ। ਜਦ ਸਾਰੇ ਸੋਢੀ ਇਸ ਤਰ੍ਹਾਂ ਦੀਨ ਹੋ ਗਏ ਤਾਂ ਸਾਰੇ ਮਸੰਦ ਬਹੁਤ ਘੁਮੰਡੀ ਹੋ ਗਏ॥੧੯॥

ਨਿਸ਼ਚੈ ਕਰਿ ਜਾਨੀ ਇਮ੍ ਗਾਥਾ। 'ਗੁਰੂ ਬਨਾਵਨਿ ਹਮਰੇ ਹਾਥਾ।
ਗੁਰ ਕੇ ਸੁਤ ਪੋਤੇ ਬਹੁ ਨਾਤੀ। ਜੋ ਅਨੁਸਾਰ ਰਹਹਿਂ ਸਭਿ ਭਾਂਤੀ॥ ੨੦॥

ਨਿਸ਼ਚੈ ਕਰਕੇ ਇਸ ਤਰ੍ਹਾਂ ਗਾਥਾ ਜਾਣੀ, "ਗੁਰੂ ਬਣਾਉਣਾ ਸਾਡੇ ਹੱਥ ਹੈ। ਗੁਰੂ ਜੀ ਦੇ ਪੁੱਤਰ, ਪੋਤੇ, ਦੋਹਤੇ ਜਿਹੜੇ ਹਰ ਪ੍ਰਕਾਰ ਸਾਡੀ ਆਗਿਆ ਵਿਚ ਰਹਿਣਗੇ॥੨੦॥

ਤਿਸ ਢਿਗ ਸੰਗਤਿ ਕੋ ਲੇ ਜੈ ਹੈਂ। ਦਰਬ ਅਕੋਰਨਿ ਕੋ ਅਰਪੈ ਹੈਂ।
ਜਿਸ ਕੋ ਨਹਿਂ ਦੇਖਹਿਂ ਅਨੁਸਾਰੀ। ਤਿਸ ਤੇ ਕਰਹਿਂ ਹਟਾਵਨਿ ਸਾਰੀ॥੨੧॥

ਉਨ੍ਹਾਂ ਪਾਸ ਸੰਗਤ ਨੂੰ ਲੈ ਕੇ ਜਾਵਾਂਗੇ ਤੇ ਸੰਗਤ ਧਨ ਅਤੇ ਉਪਹਾਰ ਅਰਪਣ ਕਰੇਗੀ। ਜਿਸ ਅਖੌਤੀ ਗੁਰੂ ਨੂੰ ਆਪਣੀ ਆਗਿਆ ਅਨੁਸਾਰ ਨਹੀਂ ਸਮਝਾਂਗੇ, ਉਸ ਪਾਸ ਸਾਰੀ ਸੰਗਤ ਨੂੰ ਜਾਣ ਤੋਂ ਰੋਕ ਦੇਵਾਂਗੇ॥੨੧॥

ਬੈਠਜੋ ਰਹੈ ਕਛੂ ਨਹਿਂ ਸਰੈ। ਸਭਿ ਸੋਢੀ ਹਮ ਤੇ ਤਬਿ ਡਰੈਂ।
ਜਿਸ ਹਮ ਚਾਹੈਂ ਗੁਰੂ ਬਨਾਵੈਂ। ਬਨੇ ਗੁਰੂ ਕੋ ਤੁਰਤ ਹਟਾਵੈਂ॥ ੨੨॥

ਉਹ ਫਿਰ ਬੈਠਾ ਰਹੇਗਾ ਤੇ ਉਸ ਪਾਸੋਂ ਕੁਝ ਨਹੀਂ ਸਰੇਗਾ। ਤਦ ਸਾਰੇ ਸੋਢੀ ਸਾਥੋਂ ਡਰਨਗੇ, ਜਿਸ ਨੂੰ ਚਾਹਾਂਗੇ ਗੁਰੂ ਬਣਾਵਾਂਗੇ ਤੇ ਜਿਹੜਾ ਗੁਰੂ ਬਣੇਗਾ ਉਸ ਨੂੰ ਤੁਰਤ ਗੁਰੂ-ਪਦ ਤੋਂ ਹਟਾ ਦੇਵਾਂਗੇ"॥੨੨॥

ਮਿਲਹਿਂ ਮਸੰਦ ਪਰਸਪਰ ਕਹੈਂ। 'ਤੋ ਇਸ ਬਿਧਿ ਹਮ ਆਛੀ ਅਹੈ।
ਕਰਹਿਂ ਨਮੂਨਾ ਸੋਢੀ ਕੋਇ। ਬੈਠਜੋ ਰਹੈ ਅਪਨਿ ਘਰ ਸੋਇ॥ ੨੩॥

ਮਸੰਦ ਮਿਲ ਕੇ ਆਪਸ ਵਿਚ ਕਹਿੰਦੇ ਸਨ, "ਇਸ ਵਿਧੀ ਨਾਲ ਸਾਡੇ ਵਾਸਤੇ ਚੰਗਾ ਹੈ। ਕਿਸੇ ਵੀ ਸੋਢੀ ਨੂੰ ਨਮੂਨੇ ਮਾਤ੍ਰ ਗੁਰੂ ਬਣਾ ਦੇਈਏ ਜੋ ਆਪਣੇ ਘਰ ਬੈਠਾ ਰਹੇ॥੨੩॥

ਲੇਨਿ ਦੇਨਿ ਸਭਿ ਹਮਰੇ ਹਾਥ। ਸੰਚਹੁ ਧਨ, ਭੁਗਤਹੁ ਸੁਖ ਸਾਥ'।
ਇਮ ਨਿਰਭੈ ਹੁਇ ਬਿਚਰਨਿ ਲਾਗੇ। ਜਿਸ ਕੋ ਪਿਖਹਿਂ ਦੀਨ ਨਿਜ ਆਗੇ॥੨੪॥

ਲੈਣ ਦੇਣ ਸਾਰਾ ਸਾਡੇ ਹੱਥ ਵਿਚ ਰਹੇ, ਧੰਨ ਇਕੱਠਾ ਕਰੋ ਤੇ ਸੁਖ ਨਾਲ ਆਪਣੀ ਜ਼ਿੰਦਗੀ ਭੋਗੋ।" ਮਸੰਦ ਇਸ ਤਰ੍ਹਾਂ ਨਿਰਭੈਅ ਹੋ ਕੇ ਵਿਚਰਨ ਲੱਗੇ। ਜਿਸ ਨੂੰ ਆਪਣੇ ਅੱਗੇ ਨਿਮਾਣਾ ਹੋਇਆ ਸਮਝਦੇ ਸਨ॥੨੪॥

ਤਿਸ ਕੇ ਨਿਕਟਿ ਜਾਹਿਂ ਲੇ ਸੰਗਤਿ। ਮਹਿਮਾ ਕਹੈਂ ਬੈਠਿ ਵਿਚ ਪੰਗਤਿ।
'ਅਬਿ ਇਸ ਕੇ ਢਿਗ ਹੈ ਗੁਰਿਆਈ। ਪੁਰਹੁ ਕਾਮਨਾ ਲਗਿ ਕਰਿ ਪਾਈ'॥੨੫॥

ਉਸ ਦੇ ਪਾਸ ਸੰਗਤ ਲੈ ਕੇ ਜਾਂਦੇ ਸਨ ਤੇ ਪੰਗਤ ਵਿਚ ਬੈਠ ਕੇ ਮਹਿਮਾ ਕਰਦੇ ਸਨ, "ਹੁਣ ਇਨ੍ਹਾਂ ਦੇ ਪਾਸ ਗੁਰਿਆਈ ਹੈ। ਇਨ੍ਹਾਂ ਦੀ ਚਰਨੀ ਲੱਗ ਕੇ ਆਪਣੀ ਕਾਮਨਾ ਪੂਰੀ ਕਰੋ"॥੨੫॥

ਅਨਿਕ ਰੀਤਿ ਕੇ ਕਰਿ ਉਪਦੇਸ਼। ਲੇ ਸਿੱਖਨਿ ਤੇ ਦਰਬ ਵਿਸ਼ੇਸ਼।
ਇਸ ਪ੍ਰਕਾਰ ਰੌਰਾ ਪਰਿ ਗਇਊ। ਸਭਿ ਬਿਵਹਾਰ ਬਿਪਰਜੈ ਭਇਊ॥ ੨੬॥

ਅਨੇਕ ਰੀਤੀਆਂ ਦੇ ਉਪਦੇਸ਼ ਕਰਕੇ, ਸਿੱਖਾਂ ਪਾਸੋਂ ਬਹੁਤ ਧਨ ਲੈਂਦੇ ਸਨ। ਇਸ ਪ੍ਰਕਾਰ ਰੌਲਾ ਪੈ ਗਿਆ। ਸਾਰਾ ਕਾਰ ਵਿਹਾਰ ਹੀ ਉਲਟਾ ਹੋ ਗਿਆ॥੨੬॥

ਕਿਸ ਕਾਰਨ ਤੇ ਜਿਮ ਭੂਪਾਲਾ। ਛਪਿ ਕਰਿ ਬੈਠਹਿ ਬਨੈ ਨਿਰਾਲਾ।
ਪ੍ਰਜਾ ਬਿਖੈ ਸਭਿ ਦੇਸ਼ਨਿ ਠੌਰਾ। ਉਚਿਤ ਅਨੁਚਿਤ ਪਰਹਿ ਬਡ ਰੌਰਾ॥ ੨੭॥

ਕਿਸੇ ਕਾਰਨ ਜਿਵੇਂ ਰਾਜਾ ਛੁਪ ਕੇ ਬੈਠ ਜਾਵੇ ਤੇ ਵਖਰਾ ਹੋ ਜਾਵੇ ਤਾਂ ਪਰਜਾ ਵਿਚ ਸਾਰੇ ਦੇਸ਼ਾਂ ਤੇ ਹਰ ਥਾਂ, ਉਚਿਤ, ਅਨੁਚਿਤ ਦਾ ਫਿਰ ਰੌਲਾ ਪੈ ਜਾਂਦਾ ਹੈ॥੨੭॥

ਜਥਾ ਪੁਰੰਦਰ ਅੰਦਰ ਤੋਇ। ਕਮਲ ਨਾਲਕਾ ਮਹਿ ਥਿਰ ਹੋਇ।
ਛਪ ਕਰਿ ਰਹਯੋ ਨ ਜਾਨਯੋ ਕਾਹੂੰ। ਪਰਯੋ ਰੌਰ ਸਭਿ ਦੇਵਨ ਮਾਹੂੰ॥ ੨੮॥

ਜਿਵੇਂ ਇੰਦਰ ਜਲ ਅੰਦਰ ਜਾ ਕੇ ਕੰਵਲ ਦੀ ਨਲੀ ਵਿਚ ਛੁਪ ਗਿਆ ਸੀ ਤੇ ਉਹ ਛੁਪਿਆ ਰਿਹਾ, ਕਿਸੇ ਨੂੰ ਪਤਾ ਨਾ ਲੱਗਾ ਤਾਂ ਦੇਵਤਿਆਂ ਵਿਚ ਵੱਡਾ ਰੌਲਾ ਪੈ ਗਿਆ॥੨੮॥

ਤਿਮ ਸਤਿਗੁਰ ਕੇ ਘਰ ਮੈਂ ਹੋਵਾ। ਨਹਿਂ ਕਯੋਹੂੰ ਨਿਰਨੇ ਕਰਿ ਜੋਵਾ।
ਸਿਖ ਸੰਗਤਿ ਸਭਿ ਭੂਲੀ ਫਿਰੈ। ਗੁਰੂ ਨ ਜਾਨਹਿਂ, ਸੰਸੈ ਧਰੈ॥ ੨੯॥

ਉਸ ਤਰ੍ਹਾਂ ਸਤਿਗੁਰੂ ਜੀ ਦੇ ਘਰ ਵਿਚ ਹੋਇਆ, ਕਿਸੇ ਤਰ੍ਹਾਂ ਵੀ ਕਿਸੇ ਨੇ ਨਿਰਣਾ ਕਰਕੇ ਨਾ ਵੇਖਿਆ। ਸਿੱਖ ਸੰਗਤ ਸਭ ਭੁਲੀ ਫਿਰਦੀ ਸੀ, ਗੁਰੂ ਨੂੰ ਜਾਣਦੀ ਨਹੀਂ ਸੀ ਤੇ ਸ਼ੰਕੇ ਧਾਰਨ ਕਰਦੀ ਸੀ॥੨੯॥

ਬੀਚ ਬਕਾਲੇ ਮੰਜੀ ਲਾਇ। ਗੁਰ ਬਾਈਸ ਭਏ ਮੁਦ ਪਾਇ।
ਆਪ ਆਪ ਕੇ ਬਡੇ ਕਹਾਵੈਂ। ਸੰਗ ਸ਼ਰੀਕਨਿ ਦ੍ਰੋਹ ਕਮਾਵੈਂ॥ ੩੦॥

ਬਕਾਲੇ ਪਿੰਡ ਵਿਚ ਬਾਈ ਗੁਰੂ ਮੰਜੀਆਂ ਡਾਹ ਕੇ ਬੜੇ ਪ੍ਰਸੰਨ ਹੋ ਕੇ ਬੈਠ ਗਏ। ਸਾਰੇ ਆਪਣੇ ਆਪ ਨੂੰ ਵੱਡਾ ਕਹਾਉਂਦੇ ਸਨ ਤੇ ਸ਼ਰੀਕਾਂ ਨਾਲ ਧਰੋਹ ਕਮਾਉਂਦੇ ਸਨ॥੩੦॥

ਨਿੰਦਾ ਕਰਹਿਂ 'ਕਹਾਂ ਸੇ ਜਾਨੈ?'। 'ਕਹਾਂ ਸ਼ਕਤਿ ਅਪਰਨਿ ਮਹਿਂ ਠਾਨੈ।
'ਮੈਂ ਗੁਰ ਬਨਯੋ ਪਾਇ ਗੁਰਿਆਈ। ਅਪਰ ਲੋਭ ਹਿਤ ਕਹਿਂ ਪੁਜਵਾਈ' ॥੩੧॥

ਨਿੰਦਿਆ ਕਰਦੇ ਸਨ ਕਿ "ਉਹ ਕੀ ਜਾਣਦਾ ਹੈ?" ਕਹਿੰਦੇ ਸਨ, "ਦੂਸਰਿਆਂ ਵਿਚ ਕਿਥੇ ਸ਼ਕਤੀ ਹੈ।" 'ਮੈਂ ਗੁਰਿਆਈ ਪਾ ਕੇ ਗੁਰੂ ਬਣਿਆ ਹਾਂ, ਦੂਸਰੇ ਲੋਭ ਵਾਸਤੇ ਬੈਠੇ ਹਨ'॥੩੧॥

ਧੀਰਮੱਲ ਤੇ ਆਦਿਕ ਬ੍ਰਿੰਦ। ਨਿਜ ਘਰ ਤਜਾਗੇ ਰਿਦੇ ਅਨੰਦ।
ਬਸੇ ਆਇ ਕਰਿ ਬੀਚ ਬਕਾਲੇ। ਬਿਸਤਾਰਹਿਂ ਪਾਖੰਡ ਬਿਸਾਲੇ॥ ੩੨॥

ਧੀਰ ਮੱਲ ਆਦਿ ਬਹੁਤ ਸੋਢੀਆਂ ਨੇ ਹਿਰਦੇ ਵਿਚ ਅਨੰਦ ਧਾਰ ਕੇ ਆਪਣਾ ਘਰ ਛੱਡ ਦਿੱਤਾ ਤੇ ਆ ਕੇ ਬਕਾਲੇ ਪਿੰਡ ਵਿਚ ਵੱਸ ਗਏ ਤੇ ਵੱਡਾ ਪਖੰਡ ਫੈਲਾ ਰਹੇ ਸਨ॥੩੨॥

ਧਨ ਕੀ ਬਿਭੌ ਜਿਤਿਕ ਜਿਸ ਪਾਹੀ। ਸੰਗਤਿ ਕੋ ਨਿਕਾਸਿ ਦਿਖਰਾਹੀਂ।
ਭੋਰੇ ਸਿੱਖ ਦੇਖਿ ਬਿਰਮਾਵੈਂ। ਆਨਿ ਦਰਬ ਕੋ ਭੇਟ ਚਢਾਵੈਂ॥ ੩੩॥

ਧਨ ਦੀ ਵਿਭੂਤੀ ਜਿੰਨੀ ਵੀ ਕਿਸੇ ਪਾਸ ਸੀ, ਉਹ ਕੱਢ ਕੇ ਸੰਗਤ ਨੂੰ ਵਿਖਾਉਂਦੇ ਸਨ। ਭੋਲੇ ਸਿੱਖ ਵੇਖ ਕੇ ਭਰਮ ਜਾਂਦੇ ਸਨ ਤੇ ਆ ਕੇ ਧਨ ਚੜ੍ਹਾ ਦਿੰਦੇ ਸਨ॥੩੩॥

ਤਿਨ ਕੋ ਬਹੁ ਬਿਧਿ ਦੇਤਿ ਦਿਲਾਸਾ। 'ਪੂਰਨ ਕਰਹਿਂ ਸਕਲ ਤੁਮ ਆਸਾ।
ਮੋ ਬਿਨ ਗੁਰ ਸੋਢੀ ਨਹਿਂ ਕੋਊ। ਕਬਹਿ ਨ ਮਿਲਹੁ ਕਹਹਿ ਕਿਮ ਸੋਊ' ॥੩੪॥

ਉਨ੍ਹਾਂ ਨੂੰ ਬਹੁਤ ਵਿਧੀਆਂ ਅਨੁਸਾਰ ਦਿਲਾਸਾ ਦਿੰਦੇ ਸਨ, "ਤੁਹਾਡੀ ਸਾਰੀ ਆਸ ਪੂਰੀ ਕਰਾਂਗੇ। ਮੇਰੇ ਬਗ਼ੈਰ ਕੋਈ ਵੀ ਸੋਢੀ ਗੁਰੂ ਨਹੀਂ ਹੈ, ਹੋਰਨਾਂ ਨੂੰ ਕਦੀ ਨਾ ਮਿਲੋ, ਉਹ ਬੇਸ਼ਕ ਕਿਸੇ ਤਰ੍ਹਾਂ ਵੀ ਕਹਿਣ" ॥੩੪॥

ਇਮ ਧਨ ਲੋਭ ਦੇਖਿ ਸਿਖ ਸਜਾਨੇ। ਕਰਾਮਾਤ ਛੂਛੈ ਪਹਿਚਾਨੇ।
ਹਟਕ ਰਹੇ, ਨਹਿਂ ਮਿਲਿਬੋ ਠਾਨਹਿਂ। ਗੁਰ ਕੇ ਗੁਨ ਜਾਨੈ ਤਉ ਮਾਨਹਿਂ॥੩੫॥

ਇਸ ਤਰ੍ਹਾਂ ਸਿਆਣੇ ਸਿੱਖ ਧਨ ਦਾ ਲੋਭ ਵੇਖ ਕੇ, ਕਰਾਮਾਤ ਤੋਂ ਸਖਣੇ ਪਛਾਣਦੇ ਸਨ। ਹੱਟ ਗਏ ਤੇ ਦੁਬਾਰਾ ਮਿਲਣਾ ਨਹੀਂ ਸੀ ਚਾਹੁੰਦੇ, ਗੁਰੂ ਜੀ ਦੇ ਗੁਣ ਜਾਣਾਂਗੇ, ਫਿਰ ਹੀ ਮੰਨਾਂਗੇ॥੩੫॥

ਕਹੌਂ ਪ੍ਰਸੰਗ ਕਹਾਂ ਲਗਿ ਔਰਾ। ਸਿੱਖ ਸੰਗਤਿ ਮਹਿਂ ਜੇਤਿਕ ਰੌਰਾ।
ਸ੍ਰੀ ਗੁਰ ਤੇਗ ਬਹਾਦਰ ਚੰਦ। ਸਦਾ ਲੇਤਿ ਰਸ ਗਜਾਨਾਨੰਦ॥ ੩੬॥

ਹੋਰ ਪ੍ਰਸੰਗ ਮੈਂ ਕਿਥੋਂ ਤਕ ਕਹਾਂ, ਜਿੰਨਾ ਸਿੱਖ ਸੰਗਤ ਵਿਚ ਰੌਲਾ ਪੈ ਗਿਆ। ਚੰਦ ਰੂਪ ਸ੍ਰੀ ਗੁਰੂ ਤੇਗ਼ ਬਹਾਦਰ ਜੀ ਸਦਾ ਹੀ ਗਿਆਨ ਦੇ ਰਸ ਦਾ ਆਨੰਦ ਲੈਂਦੇ ਸਨ॥੩੬॥

ਨਹੀਂ ਅਪਨਪੌ ਕਰਹਿਂ ਲਖਾਈ। ਘਰ ਅੰਤਰ ਥਿਰ ਰਹਹਿਂ ਗੁਸਾਈਂ।
ਮਾਤ ਨਾਨਕੀ ਸਭਿ ਮਨ ਜਾਨੀ। ਸਿਮਰਤਿ ਭਰਤਾ ਕੀ ਬਰ ਬਾਨੀ॥ ੩੭॥

ਉਹ ਆਪਣੇ ਆਪ ਨੂੰ ਪ੍ਰਗਟ ਨਹੀਂ ਕਰਦੇ ਸਨ ਤੇ ਪ੍ਰਭੂ ਜੀ ਸਦਾ ਘਰ ਦੇ ਅੰਦਰ ਸਥਿਤ ਰਹਿੰਦੇ ਸਨ। ਮਾਤਾ ਨਾਨਕੀ ਜੀ ਨੇ ਸਾਰੀ ਗੱਲ ਮਨ ਵਿਚ ਜਾਣ ਲਈ। ਆਪਣੇ ਪਤੀ ਜੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਸ੍ਰੇਸ਼ਟ ਬਚਨਾਂ ਨੂੰ ਯਾਦ ਕਰਦੇ ਸਨ॥੩੭॥

ਸੋ ਅਬਿ ਸਮਾ ਪਹੂਚਯੋ ਆਈ। ਮਮ ਸੁਤ ਕੋ ਹੁਇ ਹੈ ਗੁਰਿਆਈ।
ਘਰ ਅੰਤਰ ਬੈਠਹਿ ਨਿਤ ਹੇਰਹਿ। ਬਿਦਤਨਿ ਹੇਤੁ ਪੁੱਤ੍ਰ ਕੋ ਪ੍ਰੇਰਹਿ॥ ੩੮॥

ਇਸ ਕਰਕੇ ਹੁਣ ਸਮਾਂ ਆ ਪਹੁੰਚਿਆ ਹੈ, ਮੇਰੇ ਪੁੱਤਰ ਨੂੰ ਹੁਣ ਗੁਰਿਆਈ ਮਿਲੇਗੀ। ਘਰ ਅੰਦਰ ਬੈਠੇ ਨੂੰ ਸਦਾ ਵੇਖਦੇ ਸਨ। ਪ੍ਰਗਟ ਹੋਣ ਵਾਸਤੇ ਪੁੱਤਰ ਨੂੰ ਪ੍ਰੇਰਦੇ ਸਨ॥੩੮॥

ਅਪਰ ਸੋਢੀਅਨਿ ਕੀ ਪਿਖਿ ਗਾਥਾ। ਕਹਿ ਬਹੁ ਬਾਰ ਆਤਮਜ ਸਾਥਾ।
'ਗਾਦੀ ਕੇ ਮਾਲਿਕ ਤੁਮ ਬਨਹੁ। ਰੌਰਾ ਪਰਯੋ ਸਰਬ ਕੋ ਹਨਹੁਂ' ॥ ੩੯॥

ਹੋਰ ਸੋਢੀਆਂ ਦੀ ਗਾਥਾ ਵੇਖ ਕੇ, ਬਹੁਤ ਵਾਰ ਆਪਣੇ ਪੁੱਤਰ ਨੂੰ ਕਿਹਾ, "ਗੱਦੀ ਦੇ ਮਾਲਕ ਤੁਸੀਂ ਬਣੋ, ਰੌਲਾ ਪਿਆ ਹੈ, ਸਾਰਿਆਂ ਨੂੰ ਭਜਾਓ" ॥੩੯॥

ਸੁਨਿ ਸ੍ਰੀ ਤੇਗ ਬਹਾਦਰ ਸ੍ਰੌਨ। ਇਕ ਰਸ ਥਿਰੇ ਧਰੇ ਮੁਖ ਮੌਨ।
ਆਗੇ ਕਥਾ ਕਹੌਂ ਇਨ ਕੇਰੀ। ਜਿਮ ਬਿਦਤਹਿਂ ਪਿਖਿ ਪ੍ਰੀਤਿ ਘਨੇਰੀ॥ ੪੦॥

ਸ੍ਰੀ ਤੇਗ਼ ਬਹਾਦਰ ਜੀ ਆਪਣੇ ਕੰਨ ਨਾਲ ਸੁਣ ਕੇ ਵੀ ਇਕ ਰਸ ਸਥਿਤ ਰਹੇ। ਅੱਗੇ ਹੁਣ ਗੁਰੂ ਤੇਗ਼ ਬਹਾਦਰ ਜੀ ਦੀ ਸਾਰੀ ਕਥਾ ਸੁਣਾਵਾਂਗਾ, ਜਿਵੇਂ ਵੱਡੀ ਪ੍ਰੀਤ ਵੇਖ ਕੇ ਪ੍ਰਗਟ ਹੋਏ॥੪੦॥

ਮ ਰਾਸਿ ਅਬਿ ਪੂਰਨ ਕੀਨਿ। ਸਤਿਗੁਰ ਚਰਨ ਕਮਲ ਚਿਤ ਦੀਨਿ।
ਵਿ ਸੰਤੋਖ ਸਿੰਘ ਦ੍ਵੈ ਕਰ ਜੋਰਿ। ਬਾਰੰਬਾਰ ਨਿਹੋਰਿ ਨਿਹੋਰਿ॥ ੪੧॥

ਸਵੀ ਰਾਸ ਹੁਣ ਪੂਰੀ ਹੋਈ ਹੈ, ਮੈਂ ਸਤਿਗੁਰੂ ਜੀ ਦੇ ਚਰਨ ਕੰਵਲਾਂ ਵਿਚ ਚਿਤ ਲਾਇਆ ਹੈ। ਕਵੀ ਸੰਤੋਖ ਸਿੰਘ ਦੋ ਹੱਥ ਜੋੜ ਕੇ ਬਾਰ ਬਾਰ ਨਮਸਕਾਰ ਕਰਦਾ ਹੈ॥੪੧॥

*ਦਸਵੀਂ ਰਾਸ ਦਾ ਛਪਵੰਜਵਾਂ ਅਧਿਆਇ ਸਮਾਪਤ ਹੋਇਆ॥੫੬॥*

*ਸ੍ਰੀ ਗੁਰ ਇਤਿਹਾਸ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਸਮਾਪਤ ਹੋਇਆ॥*

*ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ ਜਿਲਦ ਸਤਵੀਂ ਸਮਾਪਤ ਹੋਈ॥*

❖❖❖